☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਬਾਰਵਾਂ ਭਾਗ







http://nehklankharshabad.com/

## ਤਤਕਰਾ





| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੩ ਚੇਤ ੨੦੧੯ ਬਿਕ੍ਰਮੀ | ਅਰਜਣ ਸਿੰਘ ਦੇ ਗ੍ਰਿਹਿ | ਬਲੌਚ ਪੁਰਾ | ਕਰਨਾਲ | ੦੧ |
| ੨੩ ਚੇਤ ੨੦੧੯ ਬਿਕ੍ਰਮੀ | ਠਾਕਰ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ਕਰਨਾਲ | ੧੦ |
| ੨੪ ਚੇਤ ੨੦੧੯ ਬਿਕ੍ਰਮੀ | ਭਾਨ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ਕਰਨਾਲ | ੧੫ |
| ੨੪ ਚੇਤ ੨੦੧੯ ਬਿਕ੍ਰਮੀ | ਜਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੧੯ |
| ੨੫ ਚੇਤ ੨੦੧੯ ਬਿਕ੍ਰਮੀ | ਨਛੱਤਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੨੫ |
| ੨੫ ਚੇਤ ੨੦੧੯ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੩੦ |
| ੨੫ ਚੇਤ ੨੦੧੯ ਬਿਕ੍ਰਮੀ | ਕਰਨੈਲ ਸਿੰਘ ਦੇ ਗ੍ਰਿਹਿ | ਸ਼ਾਹਵਾਲਾ | ਫਿਰੋਜ਼ਪੁਰ | ੩੩ |
| ੨੫ ਚੇਤ ੨੦੧੯ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾਂ | ਫਿਰੋਜ਼ਪੁਰ | ੩੯ |
| ੨੬ ਚੇਤ ੨੦੧੯ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਮਨਾਵਾਂ | ਫਿਰੋਜ਼ਪੁਰ | ੪੭ |
| ੨੬ ਚੇਤ ੨੦੧੯ ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਿਹਿ | ਤਲਵੰਡੀ ਜਲੇ ਖਾਂ | ਫਿਰੋਜ਼ਪੁਰ | ੪੮ |
| ੨੬ ਚੇਤ ੨੦੧੯ ਬਿਕ੍ਰਮੀ | ਰਾਮ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ ਛਾਉਣੀ | ਫਿਰੋਜ਼ਪੁਰ | ੪੯ |
| ੨੭ ਚੇਤ ੨੦੧੯ ਬਿਕ੍ਰਮੀ | ਸਲੱਖਣ ਸਿੰਘ ਦੇ ਗ੍ਰਿਹਿ | ਰੁਕਨਾ ਮੁੰਗਲਾ | ਫਿਰੋਜ਼ਪੁਰ | ੫੮ |
| ੨੬ ਚੇਤ ੨੦੧੯ ਬਿਕ੍ਰਮੀ | ਸੁਰਜਣ ਸਿੰਘ ਦੇ ਗ੍ਰਿਹਿ | ਰੁਕਨਾ ਮੁੰਗਲਾ | ਫਿਰੋਜ਼ਪੁਰ | ੫੯ |
| ੧ ਵਿਸਾਖ ੨੦੧੯ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੨ |
| ੨ ਵਿਸਾਖ ੨੦੧੯ ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੭੮ |
| ੩ ਵਿਸਾਖ ੨੦੧੯ ਬਿਕ੍ਰਮੀ | ਹਰਨਾਮ ਕੌਰ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੮੮ |
| ੩ ਵਿਸਾਖ ੨੦੧੯ ਬਿਕ੍ਰਮੀ | ਪਸ਼ੌਰਾ ਸਿੰਘ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੯੦ |
| ੩ ਵਿਸਾਖ ੨੦੧੯ ਬਿਕ੍ਰਮੀ | ਮਨਜੀਤ ਸਿੰਘ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੯੫ |
| ੩ ਵਿਸਾਖ ੨੦੧੯ ਬਿਕ੍ਰਮੀ | | ਪੰਡੋਰੀ ਵੜੈਚ | ਅੰਮ੍ਰਿਤਸਰ | ੧੦੦ |
| ੪ ਵਿਸਾਖ ੨੦੧੯ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਦਬੁਰਜੀ | ਅੰਮ੍ਰਿਤਸਰ | ੧੦੮ |






1
੧੨

| | | | |
|---|---|---|---|
| ੪ ਵਿਸਾਖ ੨੦੧੯ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੧੩ |
| ੪ ਵਿਸਾਖ ੨੦੧੯ ਬਿਕ੍ਰਮੀ ਬੂਆ ਸਿੰਘ ਦੇ ਗ੍ਰਹਿ | ਬਲਪੁਰੀਆ | ਅੰਮ੍ਰਿਤਸਰ | ੧੧੩ |
| ੧ ਜੇਠ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੮ |
| ੯ ਜੇਠ ੨੦੧੯ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ਗੁਰਦਾਸਪੁਰ | ੧੩੨ |
| ੯ ਜੇਠ ੨੦੧੯ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੧੩੪ |
| ੧੦ ਜੇਠ ੨੦੧੯ ਬਿਕ੍ਰਮੀ ਪਰਕਾਸ਼ ਚੰਦ ਦੇ ਗ੍ਰਹਿ | ਜੰਮੂ | ਜੰਮੂ | ੧੪੦ |
| ੧੦ ਜੇਠ ੨੦੧੯ ਬਿਕ੍ਰਮੀ ਸਦਰੋ ਦੇਵੀ ਦੇ ਗ੍ਰਹਿ | ਦੁਮਾਣਾ | ਜੰਮੂ | ੧੪੨ |
| ੧੦ ਜੇਠ ੨੦੧੯ ਬਿਕ੍ਰਮੀ ਕਰਮ ਦੇਈ ਦੇ ਗ੍ਰਹਿ | ਕਰੰਘੀਲ | ਜੰਮੂ | ੧੪੪ |
| ੧੦ ਜੇਠ ੨੦੧੯ ਬਿਕ੍ਰਮੀ ਤੇਜ ਭਾਨ ਦੇ ਗ੍ਰਹਿ | ਸ਼ੇਖ਼ਸਰ | ਜੰਮੂ | ੧੪੫ |
| ੧੧ ਜੇਠ ੨੦੧੯ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਹਿ | ਸ਼ੇਖ਼ਸਰ | ਜੰਮੂ | ੧੪੮ |
| ੧੧ ਜੇਠ ੨੦੧੯ ਬਿਕ੍ਰਮੀ ਫਰੰਗੀ ਰਾਮ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੧੫੦ |
| ੧੧ ਜੇਠ ੨੦੧੯ ਬਿਕ੍ਰਮੀ ਗਿਆਨ ਚੰਦ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੧੫੨ |
| ੧੧ ਜੇਠ ੨੦੧੯ ਬਿਕ੍ਰਮੀ ਸਾਂਤੀ ਦੇਵੀ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੧੫੨ |
| ੧੧ ਜੇਠ ੨੦੧੯ ਬਿਕ੍ਰਮੀ ਸਾਹਣੀ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੧੫੩ |
| ੧੧ ਜੇਠ ੨੦੧੯ ਬਿਕ੍ਰਮੀ ਗੂੜਾ ਰਾਮ ਦੇ ਗ੍ਰਹਿ | ਤੂਤਾਂ ਵਾਲੀ | ਜੰਮੂ | ੧੫੪ |
| ੧੨ ਜੇਠ ੨੦੧੯ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਹਿ | ਸ਼ੇਖ਼ਸਰ | ਜੰਮੂ | ੧੫੭ |
| ੧੨ ਜੇਠ ੨੦੧੯ ਬਿਕ੍ਰਮੀ ਤੇਜ ਭਾਨ ਦੇ ਗ੍ਰਹਿ | ਸ਼ੇਖ਼ਸਰ | ਜੰਮੂ | ੧੫੮ |
| ੧੨ ਜੇਠ ੨੦੧੯ ਬਿਕ੍ਰਮੀ ਰਾਮ ਚੰਦ ਦੇ ਗ੍ਰਹਿ ਦੇਵਾ | ਸ਼ੇਖ਼ਸਰ | ਜੰਮੂ | ੧੫੮ |
| ੧੨ ਜੇਠ ੨੦੧੯ ਬਿਕ੍ਰਮੀ ਪਿਪਲ ਥੱਲੇ | ਮਲੂਕਾਂ ਵਾਲੀ | ਜੰਮੂ | ੧੬੧ |
| ੧੨ ਜੇਠ ੨੦੧੯ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਹਿ | ਸਰਦਾਰੀ | ਜੰਮੂ | ੧੬੧ |
| ੧੩ ਜੇਠ ੨੦੧੯ ਬਿਕ੍ਰਮੀ ਕੱਥਾ ਸਿੰਘ ਦੇ ਗ੍ਰਹਿ | ਮੋਇਲ | ਜੰਮੂ | ੧੬੪ |
| ੧੩ ਜੇਠ ੨੦੧੯ ਬਿਕ੍ਰਮੀ ਸੋਭਾ ਸਿੰਘ ਦੇ ਗ੍ਰਹਿ | ਮੋਇਲ | ਜੰਮੂ | ੧੬੮ |

2
੧੨
2
੧੨




| | | | |
|---|---|---|---|
| ੧੩ ਜੇਠ ੨੦੧੯ ਬਿਕ੍ਰਮੀ ਦੇਵਾ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੭੦ |
| ੧੪ ਜੇਠ ੨੦੧੯ ਬਿਕ੍ਰਮੀ ਰੁੜ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੭੩ |
| ੧੪ ਜੇਠ ੨੦੧੯ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੭੪ |
| ੧੪ ਜੇਠ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੭੭ |
| ੧੪ ਜੇਠ ੨੦੧੯ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੮੦ |
| ੧੫ ਜੇਠ ੨੦੧੯ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੮੧ |
| ੧੫ ਜੇਠ ੨੦੧੯ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੮੨ |
| ੧੫ ਜੇਠ ੨੦੧੯ ਬਿਕ੍ਰਮੀ ਵਕੀਲ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੮੮ |
| ੧੫ ਜੇਠ ੨੦੧੯ ਬਿਕ੍ਰਮੀ ਅੰਗਰੇਜ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੯੧ |
| ੧੫ ਜੇਠ ੨੦੧੯ ਬਿਕ੍ਰਮੀ ਮੇਲਾ ਰਾਮ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੯੩ |
| ੧੫ ਜੇਠ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੧੯੬ |
| ੧੬ ਜੇਠ ੨੦੧੯ ਬਿਕ੍ਰਮੀ ਕੁਲਵੰਤ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੨੦੦ |
| ੧੬ ਜੇਠ ੨੦੧੯ ਬਿਕ੍ਰਮੀ ਜਗਤ ਸਿੰਘ ਬੇਲਾ ਸਿੰਘ | ਪਿੰਗਾਲੀ | ਜੰਮੂ | ੨੦੨ |
| ੧੬ ਜੇਠ ੨੦੧੯ ਬਿਕ੍ਰਮੀ ਅਮਰਨਾਥ ਦੇ ਗ੍ਰਿਹਿ | ਪਿੰਗਾਲੀ | ਜੰਮੂ | ੨੦੬ |
| ੧੬ ਜੇਠ ੨੦੧੯ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੨੦੮ |
| ੧੬ ਜੇਠ ੨੦੧੯ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ | ਪਿੰਗਾਲੀ | ਜੰਮੂ | ੨੦੭ |
| ੧੬ ਜੇਠ ੨੦੧੯ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹਿ | ਖੈਰੇ ਵਾਲੀ | ਜੰਮੂ | ੨੦੮ |
| ੧੭ ਜੇਠ ੨੦੧੯ ਬਿਕ੍ਰਮੀ ਦੌਲਤ ਸਿੰਘ ਦੇ ਗ੍ਰਿਹਿ | ਨਵਾਂ ਚੱਕ | ਜੰਮੂ | ੨੧੬ |
| ੧੭ ਜੇਠ ੨੦੧੯ ਬਿਕ੍ਰਮੀ | ਸੀਂਗਰੀ | ਜੰਮੂ | ੨੧੭ |
| ੧੭ ਜੇਠ ੨੦੧੯ ਬਿਕ੍ਰਮੀ ਪੂਰਨ ਚੰਦ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੨੧੮ |
| ੧੭ ਜੇਠ ੨੦੧੯ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੨੨੧ |
| ੧੮ ਜੇਠ ੨੦੧੯ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹਿ | ਝੰਡੇ | ਜੰਮੂ | ੨੩੧ |




| | | | | |
|---|---|---|---|---|
| ੧੮ ਜੇਠ ੨੦੧੯ ਬਿਕ੍ਰਮੀ | ਰਸਾਲ ਸਿੰਘ, ਸਾਹਿਬ ਸਿੰਘ | ਮਨਾਵਰ | ਜੰਮੂ | ੨੩੬ |
| ੧੯ ਜੇਠ ੨੦੧੯ ਬਿਕ੍ਰਮੀ | ਲਛਮੀ ਦੇਵੀ ਦੇ ਗ੍ਰਹਿ | ਨਗਿਆਲ | ਜੰਮੂ | ੨੪੪ |
| ੧੯ ਜੇਠ ੨੦੧੯ ਬਿਕ੍ਰਮੀ | ਪ੍ਰਕਾਸ਼ੋ ਦੇ ਗ੍ਰਹਿ | ਨਗਿਆਲ | ਜੰਮੂ | ੨੪੬ |
| ੧੯ ਜੇਠ ੨੦੧੯ ਬਿਕ੍ਰਮੀ | ਗੁਰਦਿਤ ਸਿੰਘ, ਸੰਸਾਰ ਸਿੰਘ | ਛੰਬ | ਜੰਮੂ | ੨੪੮ |
| ੧੯ ਜੇਠ ੨੦੧੯ ਬਿਕ੍ਰਮੀ | ਮਾਈ ਸ਼ਾਹਣੀ ਦੇਵੀ ਦੇ ਗ੍ਰਹਿ | ਛੰਬ | ਜੰਮੂ | ੨੫੨ |
| ੧੯ ਜੇਠ ੨੦੧੯ ਬਿਕ੍ਰਮੀ | ਬੀਬੀ ਰਾਮ ਕੌਰ ਦੇ ਗ੍ਰਹਿ | ਛੰਬ | ਜੰਮੂ | ੨੫੩ |
| ੨੦ ਜੇਠ ੨੦੧੯ ਬਿਕ੍ਰਮੀ | ਡੁੰਮਣ ਸਿੰਘ ਦੇ ਗ੍ਰਹਿ | ਛੰਬ | ਜੰਮੂ | ੨੬੩ |
| ੨੦ ਜੇਠ ੨੦੧੯ ਬਿਕ੍ਰਮੀ | ਪ੍ਰਤਾਪ ਸਿੰਘ ਦੇ ਗ੍ਰਹਿ | ਦੜ | ਜੰਮੂ | ੨੬੬ |
| ੨੦ ਜੇਠ ੨੦੧੯ ਬਿਕ੍ਰਮੀ | ਬਾਜ ਸਿੰਘ ਦੇ ਗ੍ਰਹਿ | ਮੱਟੂ | ਜੰਮੂ | ੨੭੦ |
| ੨੧ ਜੇਠ ੨੦੧੯ ਬਿਕ੍ਰਮੀ | ਝੰਡੂ ਰਾਮ ਦੇ ਗ੍ਰਹਿ | ਜੋੜੀਆਂ | ਜੰਮੂ | ੨੭੮ |
| ੨੧ ਜੇਠ ੨੦੧੯ ਬਿਕ੍ਰਮੀ | ਭੁੱਲਾ ਰਾਮ, ਸ਼ਿਵ ਸਿੰਘ | ਜੋੜੀਆਂ | ਜੰਮੂ | ੨੭੮ |
| ੨੧ ਜੇਠ ੨੦੧੯ ਬਿਕ੍ਰਮੀ | ਚੇਲਾ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੨੮੨ |
| ੨੨ ਜੇਠ ੨੦੧੯ ਬਿਕ੍ਰਮੀ | ਜੋਗਿੰਦਰ ਸਿੰਘ ਦੇ ਗ੍ਰਹਿ | ਸੀੜ | ਜੰਮੂ | ੨੯੪ |
| ੨੨ ਜੇਠ ੨੦੧੯ ਬਿਕ੍ਰਮੀ | ਸਰਦਾਰ ਸਿੰਘ ਦੇ ਗ੍ਰਹਿ | ਸੀੜ | ਜੰਮੂ | ੨੯੯ |
| ੨੩ ਜੇਠ ੨੦੧੯ ਬਿਕ੍ਰਮੀ | ਮਾਇਆ ਦੇਵੀ ਦੇ ਗ੍ਰਹਿ | ਸੀੜ | ਜੰਮੂ | ੩੦੪ |
| ੨੩ ਜੇਠ ੨੦੧੯ ਬਿਕ੍ਰਮੀ | ਦੌਲਤ ਰਾਮ ਦੇ ਗ੍ਰਹਿ | ਸੀੜ | ਜੰਮੂ | ੩੦੬ |
| ੨੩ ਜੇਠ ੨੦੧੯ ਬਿਕ੍ਰਮੀ | ਦੇਵੀ ਸਿੰਘ ਦੇ ਗ੍ਰਹਿ | ਮਘੋਵਾਲੀ | ਜੰਮੂ | ੩੦੭ |
| ੨੩ ਜੇਠ ੨੦੧੯ ਬਿਕ੍ਰਮੀ | ਦੌਲਤ ਰਾਮ ਦੇ ਗ੍ਰਹਿ | ਕੋਟਲੀ ਰਾਈਆ | ਜੰਮੂ | ੩੧੩ |
| ੨੩ ਜੇਠ ੨੦੧੯ ਬਿਕ੍ਰਮੀ | ਪ੍ਰਕਾਸ਼ ਚੰਦ ਦੇ ਗ੍ਰਹਿ | ਮਘੋਵਾਲੀ | ਜੰਮੂ | ੩੧੮ |
| ੨੪ ਜੇਠ ੨੦੧੯ ਬਿਕ੍ਰਮੀ | ਠਾਕਰ ਦਾਸ ਦੇ ਗ੍ਰਹਿ | ਮਘੋਵਾਲੀ | ਜੰਮੂ | ੩੨੫ |
| ੨੪ ਜੇਠ ੨੦੧੯ ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਹਿ | ਦੀਵਾਨ ਗੜ੍ਹ | ਜੰਮੂ | ੩੨੭ |
| ੨੪ ਜੇਠ ੨੦੧੯ ਬਿਕ੍ਰਮੀ | ਪਿਆਰਾ ਸਿੰਘ ਦੇ ਗ੍ਰਹਿ | ਦੀਵਾਨ ਗੜ੍ਹ | ਜੰਮੂ | ੩੩੧ |


4 ੧੨




| | | | |
|---|---|---|---|
| ੨੪ ਜੇਠ ੨੦੧੯ ਬਿਕ੍ਰਮੀ | ਜੰਮੂ | | ੩੩੩ |
| ੨੯ ਜੇਠ ੨੦੧੯ ਬਿਕ੍ਰਮੀ ਨਰਾਇਣ ਸਿੰਘ ਦੇ ਗ੍ਰਿਹਿ | ਕੰਗ | ਅੰਮ੍ਰਿਤਸਰ | ੩੩੫ |
| ੩੧ ਜੇਠ ੨੦੧੯ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੪੫ |
| ੧ ਹਾੜ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੪੮ |
| ੧੭ ਹਾੜ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੫੬ |
| ੧੮ ਹਾੜ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੯੮ |
| ੧੮ ਹਾੜ ੨੦੧੯ ਬਿਕ੍ਰਮੀ ਚਰਨ ਸਿੰਘ (ਬੇਨੰਤੀ) | ਜੇਠੂਵਾਲ | ਅੰਮ੍ਰਿਤਸਰ | ੪੦੬ |
| ੧੮ ਹਾੜ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੦੯ |
| ੧੯ ਹਾੜ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੪੨੭ |
| ੨੩ ਹਾੜ ੨੦੧੯ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ | ਕੋਟਲੀ ਥਾਨ ਸਿੰਘ | ਜਲੰਧਰ | ੪੩੪ |
| ੨੪ ਹਾੜ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹਿ | ਧਨੌਰੀ | ਅੰਬਾਲਾ | ੪੪੨ |
| ੨੫ ਹਾੜ ੨੦੧੯ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ | ਧਿਆਨ ਪੁਰ | ਅੰਬਾਲਾ | ੪੫੨ |
| ੨੫ ਹਾੜ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ | ਚੈੜੀਆਂ | ਅੰਬਾਲਾ | ੪੫੭ |
| ੨੫ ਹਾੜ ੨੦੧੯ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ | ਰੰਗੀਲ ਪੁਰ | ਅੰਬਾਲਾ | ੪੬੨ |
| ੨੬ ਹਾੜ ੨੦੧੯ ਬਿਕ੍ਰਮੀ ਸੁਰਜੀਤਮ ਸਿੰਘ ਦੇ ਗ੍ਰਿਹਿ | ਰਾਜੋਮਾਜਰਾ | ਅੰਬਾਲਾ | ੪੬੬ |
| ੨੬ ਹਾੜ ੨੦੧੯ ਬਿਕ੍ਰਮੀ ਭਜਨ ਸਿੰਘ ਦੇ ਗ੍ਰਿਹਿ | ਸ਼ੇਖ਼ ਪੁਰ | ਅੰਬਾਲਾ | ੪੬੯ |
| ੨੬ ਹਾੜ ੨੦੧੯ ਬਿਕ੍ਰਮੀ ਮੇਹਰ ਸਿੰਘ ਦੇ ਗ੍ਰਿਹਿ | ਸ਼ੇਖ਼ ਪੁਰ | ਅੰਬਾਲਾ | ੪੭੩ |
| ੨੬ ਹਾੜ ੨੦੧੯ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹਿ | ਖਰੜ | ਅੰਬਾਲਾ | ੪੭੭ |
| ੨੭ ਹਾੜ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਚੰਡੀਗੜ੍ਹ | | ੪੮੩ |
| ੨੭ ਹਾੜ ੨੦੧੯ ਬਿਕ੍ਰਮੀ ਨੱਥਾ ਸਿੰਘ ਦੇ ਗ੍ਰਿਹਿ | ਬਡਹੇੜੀ | ਅੰਬਾਲਾ | ੪੮੯ |
| ੨੮ ਹਾੜ ੨੦੧੯ ਬਿਕ੍ਰਮੀ ਵੀਰ ਸਿੰਘ ਦੇ ਗ੍ਰਿਹਿ | ਬਠਲਾਣਾ | ਅੰਬਾਲਾ | ੪੯੩ |
| ੨੮ ਹਾੜ ੨੦੧੯ ਬਿਕ੍ਰਮੀ ਜੇਠਾ ਸਿੰਘ ਦੇ ਗ੍ਰਿਹਿ | ਬਠਲਾਣਾ | ਅੰਬਾਲਾ | ੫੦੪ |





5
੧੨




| | | | |
|---|---|---|---|
| ੨੮ ਹਾੜ ੨੦੧੯ ਬਿਕ੍ਰਮੀ ਰਾਮ ਸਿੰਘ, ਗੁਰਦੇਵ ਸਿੰਘ | ਮਾਣਕਪੁਰ ਕੱਲਰ | ਅੰਬਾਲਾ | ੫੦੬ |
| ੨੯ ਹਾੜ ੨੦੧੯ ਬਿਕ੍ਰਮੀ ਸੰਤੋਖ ਸਿੰਘ ਦੇ ਗ੍ਰਿਹਿ | ਸੋਡੀਆ | | ੫੧੬ |
| ੩੦ ਹਾੜ ੨੦੧੯ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਿਹਿ | ਕੰਗ | ਜਲੰਧਰ | ੫੨੩ |
| ੩੦ ਹਾੜ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਿਹਿ | ਦੋਸਾਂਝ ਖੁਰਦ | ਜਲੰਧਰ | ੫੨੮ |
| ੩੧ ਹਾੜ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੫੩੩ |
| ੩੧ ਹਾੜ ੨੦੧੯ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੫੩੬ |
| ੧ ਸਾਵਣ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੪੫ |
| ੧ ਭਾਦਰੋਂ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੫੫੨ |
| ੧੦ ਭਾਦਰੋਂ ੨੦੧੯ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ | ਪਧਰੀ | ਫਿਰੋਜ਼ਪੁਰ | ੫੭੮ |
| ੧੦ ਭਾਦਰੋਂ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫਿਰੋਜ਼ਪੁਰ | ੫੮੯ |
| ੧੧ ਭਾਦਰੋਂ ੨੦੧੯ ਬਿਕ੍ਰਮੀ ਬਾਗੀਚਾ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫਿਰੋਜ਼ਪੁਰ | ੫੯੭ |
| ੧੧ ਭਾਦਰੋਂ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਮੁੰਡੀ ਜੁਮਾਲ | ਫਿਰੋਜ਼ਪੁਰ | ੬੦੨ |
| ੧੧ ਭਾਦਰੋਂ ੨੦੧੯ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹਿ | ਤਲਵੰਡੀ | ਫਿਰੋਜ਼ਪੁਰ | ੬੦੩ |
| ੧੧ ਭਾਦਰੋਂ ੨੦੧੯ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ | ਰੱਜੀ ਵਾਲਾ | ਫਿਰੋਜ਼ਪੁਰ | ੬੦੬ |
| ੧੨ ਭਾਦਰੋਂ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਂਵਾ | ਫਿਰੋਜ਼ਪੁਰ | ੬੧੩ |
| ੧੨ ਭਾਦਰੋਂ ੨੦੧੯ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜ਼ਪੁਰ | ੬੧੯ |
| ੧੩ ਭਾਦਰੋਂ ੨੦੧੯ ਬਿਕ੍ਰਮੀ ਜ਼ੋਰਾ ਸਿੰਘ ਦੇ ਗ੍ਰਿਹਿ | ਸਦਾ ਸਿੰਘ ਵਾਲਾ | ਫਿਰੋਜ਼ਪੁਰ | ੬੨੯ |
| ੧੩ ਭਾਦਰੋਂ ੨੦੧੯ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹਿ | ਡਗਰੂ | ਫਿਰੋਜ਼ਪੁਰ | ੬੩੨ |
| ੧੩ ਭਾਦਰੋਂ ੨੦੧੯ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ | ਡਗਰੂ | ਫਿਰੋਜ਼ਪੁਰ | ੬੩੬ |
| ੧੩ ਭਾਦਰੋਂ ੨੦੧੯ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਿਹਿ | ਨਿਧਾਂ ਵਾਲੀ | ਫਿਰੋਜ਼ਪੁਰ | ੬੩੮ |
| ੧੪ ਭਾਦਰੋਂ ੨੦੧੯ ਬਿਕ੍ਰਮੀ ਅਰਜਣ ਸਿੰਘ ਦੇ ਗ੍ਰਿਹਿ | ਬਸਤੀ ਖ਼ਲੀਲ | ਫਿਰੋਜ਼ਪੁਰ | ੬੫੨ |
| ੧੪ ਭਾਦਰੋਂ ੨੦੧੯ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ | ਫਿਰੋਜ਼ਪੁਰ ਛਾਉਣੀ | ੬੫੮ |





6
੧੨

| | | | |
|---|---|---|---|
| ੧੫ ਭਾਦਰੋਂ ੨੦੧੯ ਬਿਕ੍ਰਮੀ | ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ ਫਿਰੋਜ਼ਪੁਰ ਛਾਉਣੀ | ੬੭੪ |
| ੧੫ ਭਾਦਰੋਂ ੨੦੧੯ ਬਿਕ੍ਰਮੀ | ਗੁਰਚਰਨ ਕੌਰ ਦੇ ਗ੍ਰਿਹਿ | ਗਵਾਲ ਟੋਲੀ ਫਿਰੋਜ਼ਪੁਰ ਛਾਉਣੀ | ੬੭੮ |
| ੧੫ ਭਾਦਰੋਂ ੨੦੧੯ ਬਿਕ੍ਰਮੀ | ਸੁਲੱਖਣ ਸਿੰਘ ਦੇ ਗ੍ਰਿਹਿ | ਰੁਕਨਾ ਮੁੰਗਲਾ ਫਿਰੋਜ਼ਪੁਰ | ੬੮੩ |
| ੧੫ ਭਾਦਰੋਂ ੨੦੧੯ ਬਿਕ੍ਰਮੀ | ਕਿਰਪਾਲ ਸਿੰਘ ਦੇ ਗ੍ਰਿਹਿ | ਗੋਲੇਵਾਲਾ ਫਿਰੋਜ਼ਪੁਰ | ੬੮੮ |
| ੧੬ ਭਾਦਰੋਂ ੨੦੧੯ ਬਿਕ੍ਰਮੀ | ਗੁਰਦੇਵ ਕੌਰ ਦੇ ਗ੍ਰਿਹਿ | ਗੋਲੇਵਾਲਾ ਫਿਰੋਜ਼ਪੁਰ | ੬੯੫ |
| ੧੬ ਭਾਦਰੋਂ ੨੦੧੯ ਬਿਕ੍ਰਮੀ | ਕਰਮ ਸਿੰਘ ਦੇ ਗ੍ਰਿਹਿ | ਪਿਪਲੀ ਫਿਰੋਜ਼ਪੁਰ | ੭੦੨ |
| ੧੭ ਭਾਦਰੋਂ ੨੦੧੯ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਸਾਦਿਕ ਫਿਰੋਜ਼ਪੁਰ | ੭੧੫ |
| ੧੭ ਭਾਦਰੋਂ ੨੦੧੯ ਬਿਕ੍ਰਮੀ | ਬੂੜ ਸਿੰਘ ਦੇ ਗ੍ਰਿਹਿ | ਨਾਥੇਵਾਲ ਫਿਰੋਜ਼ਪੁਰ | ੭੨੪ |
| ੧੮ ਭਾਦਰੋਂ ੨੦੧੯ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਨਾਥੇਵਾਲ ਫਿਰੋਜ਼ਪੁਰ | ੭੩੪ |
| ੧੮ ਭਾਦਰੋਂ ੨੦੧੯ ਬਿਕ੍ਰਮੀ | ਸੁਦਾਗਰ ਸਿੰਘ ਦੇ ਗ੍ਰਿਹਿ | ਨਾਥੇਵਾਲ ਫਿਰੋਜ਼ਪੁਰ | ੭੪੧ |
| ੧੯ ਭਾਦਰੋਂ ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਨਾਥੇਵਾਲ ਫਿਰੋਜ਼ਪੁਰ | ੭੪੩ |
| ੧੯ ਭਾਦਰੋਂ ੨੦੧੯ ਬਿਕ੍ਰਮੀ | ਜਗੀਰ ਸਿੰਘ ਦੇ ਗ੍ਰਿਹਿ | ਮਾੜੀ ਮੁਸਤਫਾਫਿਰੋਜ਼ਪੁਰ | ੭੪੬ |
| ੧੯ ਭਾਦਰੋਂ ੨੦੧੯ ਬਿਕ੍ਰਮੀ | ਨਾਜਰ ਸਿੰਘ, ਭਾਗ ਸਿੰਘ | ਮਾੜੀ ਮੁਸਤਫਾਫਿਰੋਜ਼ਪੁਰ | ੭੫੩ |
| ੨੦ ਭਾਦਰੋਂ ੨੦੧੯ ਬਿਕ੍ਰਮੀ | ਨਛੱਤਰ ਸਿੰਘ ਦੇ ਗ੍ਰਿਹਿ | ਪੰਜ ਗਰਾਈ ਫਿਰੋਜ਼ਪੁਰ | ੭੬੪ |
| ੨੦ ਭਾਦਰੋਂ ੨੦੧੯ ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਿਹਿ | ਪੰਜ ਗਰਾਈ ਫਿਰੋਜ਼ਪੁਰ | ੭੭੪ |
| ੨੦ ਭਾਦਰੋਂ ੨੦੧੯ ਬਿਕ੍ਰਮੀ | ਭਾਨ ਸਿੰਘ ਦੇ ਗ੍ਰਿਹਿ | ਪੰਜ ਗਰਾਈ ਫਿਰੋਜ਼ਪੁਰ | ੭੮੦ |
| ੨੦ ਭਾਦਰੋਂ ੨੦੧੯ ਬਿਕ੍ਰਮੀ | ਗੁਲਜਾਰ ਸਿੰਘ ਦੇ ਗ੍ਰਿਹਿ | ਸਾਹੋ ਫਿਰੋਜ਼ਪੁਰ | ੭੮੪ |
| ੨੧ ਭਾਦਰੋਂ ੨੦੧੯ ਬਿਕ੍ਰਮੀ | ਬੁੱਗਰ ਸਿੰਘ ਦੇ ਗ੍ਰਿਹਿ | ਬਰਗਾੜੀ | ੭੯੪ |
| ੨੧ ਭਾਦਰੋਂ ੨੦੧੯ ਬਿਕ੍ਰਮੀ | | ਬਰਗਾੜੀ | ੮੦੧ |
| ੨੧ ਭਾਦਰੋਂ ੨੦੧੯ ਬਿਕ੍ਰਮੀ | ਬਿਕਰ ਸਿੰਘ ਦੇ ਗ੍ਰਿਹਿ | ਜੈਤੋ ਬਠਿੰਡਾ | ੮੦੨ |
| ੨੧ ਭਾਦਰੋਂ ੨੦੧੯ ਬਿਕ੍ਰਮੀ | ਹਰਚੰਦ ਸਿੰਘ ਦੇ ਗ੍ਰਿਹਿ | ਹਰਿਰਾਏ ਪੁਰ ਬਠਿੰਡਾ | ੮੧੧ |
| ੨੧ ਭਾਦਰੋਂ ੨੦੧੯ ਬਿਕ੍ਰਮੀ | ਜਗੀਰ ਦਾਸ ਦੇ ਗ੍ਰਿਹਿ | ਖਿਆਲੀ ਵਾਲਾ ਬਠਿੰਡਾ | ੮੧੬ |




| | | | |
|---|---|---|---|
| ੨੨ ਭਾਦਰੋਂ ੨੦੧੯ ਬਿਕ੍ਰਮੀ ਆਸ ਕੌਰ ਦੇ ਗ੍ਰਿਹ | ਖਿਆਲੀ ਵਾਲਾ | ਬਠਿੰਡਾ | ੮੨੭ |
| ੨੨ ਭਾਦਰੋਂ ੨੦੧੯ ਬਿਕ੍ਰਮੀ ਬਖਤੌਰ ਸਿੰਘ ਦੇ ਗ੍ਰਿਹ | ਖਿਆਲੀ ਵਾਲਾ | ਬਠਿੰਡਾ | ੮੩੭ |
| ੨੨ ਭਾਦਰੋਂ ੨੦੧੯ ਬਿਕ੍ਰਮੀ ਮੁਕੰਦ ਸਿੰਘ ਦੇ ਗ੍ਰਿਹ | ਮਰਾਜ | ਬਠਿੰਡਾ | ੮੩੭ |
| ੨੩ ਭਾਦਰੋਂ ੨੦੧੯ ਬਿਕ੍ਰਮੀ ਬਧਾਵਾ ਸਿੰਘ ਦੇ ਗ੍ਰਿਹ | ਮਰਾਜ | ਬਠਿੰਡਾ | ੮੪੮ |
| ੨੩ ਭਾਦਰੋਂ ੨੦੧੯ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹ | ਭਦੌੜ | ਬਠਿੰਡਾ | ੮੫੩ |
| ੨੩ ਭਾਦਰੋਂ ੨੦੧੯ ਬਿਕ੍ਰਮੀ ਸੁਖ਼ਰਾਮ ਦੇ ਗ੍ਰਿਹ | ਚੱਕਰ | ਲੁਧਿਆਣਾ | ੮੬੫ |
| ੨੪ ਭਾਦਰੋਂ ੨੦੧੯ ਬਿਕ੍ਰਮੀ ਸੰਤ ਦਰਬਾਰੀ ਨਾਲ | ਲੋਪੋ | ਲੁਧਿਆਣਾ | ੮੭੪ |
| ੨੪ ਭਾਦਰੋਂ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ | ਬਧਨੀ | ਫਿਰੋਜ਼ਪੁਰ | ੮੭੮ |
| ੨੪ ਭਾਦਰੋਂ ੨੦੧੯ ਬਿਕ੍ਰਮੀ ਦਿਆਲ ਸਿੰਘ ਦੇ ਗ੍ਰਿਹ | ਰਾਮੂੰ ਵਾਲਾ | ਫਿਰੋਜ਼ਪੁਰ | ੮੮੦ |
| ੨੫ ਭਾਦਰੋਂ ੨੦੧੯ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ | ਨਵਾਂ ਰਾਮੂੰਵਾਲਾ | ਫਿਰੋਜ਼ਪੁਰ | ੮੮੨ |
| ੨੫ ਭਾਦਰੋਂ ੨੦੧੯ ਬਿਕ੍ਰਮੀ ਕਰਤਾਰ ਸਿੰਘ,ਬੀਬੀ ਮਹਿੰਦਰ ਕੌਰ | ਚੜਿਕ | ਫਿਰੋਜ਼ਪੁਰ | ੮੮੪ |
| ੨੫ ਭਾਦਰੋਂ ੨੦੧੯ ਬਿਕ੍ਰਮੀ ਜਰਨੈਲ ਸਿੰਘ, ਨਛੱਤਰ ਸਿੰਘ | ਸ਼ਾਹ ਵਾਲਾ | ਫਿਰੋਜ਼ਪੁਰ | ੮੯੧ |
| ੨੬ ਭਾਦਰੋਂ ੨੦੧੯ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ | ਨੌਰੰਗਾਬਾਦ | ਅੰਮ੍ਰਿਤਸਰ | ੮੯੭ |
| ੧ ਅੱਸੂ ੨੦੧੯ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੦੪ |
| ੫ ਅੱਸੂ ੨੦੧੯ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਿਹ | ਹਰੀਪੁਰ | ਜਲੰਧਰ | ੯੧੪ |
| ੬ ਅੱਸੂ ੨੦੧੯ ਬਿਕ੍ਰਮੀ ਹਰਦਿਆਲ ਸਿੰਘ ਦੇ ਗ੍ਰਿਹ | ਜਲੰਧਰ | ਜਲੰਧਰ | ੯੧੯ |
| ੬ ਅੱਸੂ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਿਹ | ਜਲੰਧਰ | ਜਲੰਧਰ | ੯੨੫ |
| ੬ ਅੱਸੂ ੨੦੧੯ ਬਿਕ੍ਰਮੀ ਸਰਦੂਲ ਸਿੰਘ ਦੇ ਗ੍ਰਿਹ | ਜਲੰਧਰ ਛਾਉਣੀ | | ੯੨੭ |
| ੭ ਅੱਸੂ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ | ਢੱਡੇ ਕਲਾਂ | | ੯੩੮ |
| ੭ ਅੱਸੂ ੨੦੧੯ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹ | ਹਰਦੋ ਫਰਾਲਾ | ਜਲੰਧਰ | ੯੪੩ |
| ੮ ਅੱਸੂ ੨੦੧੯ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਿਹ | ਹਰਦੋ ਫਰਾਲਾ | ਜਲੰਧਰ | ੯੪੯ |
| ੮ ਅੱਸੂ ੨੦੧੯ ਬਿਕ੍ਰਮੀ ਸਾਧੂ ਸਿੰਘ, ਪ੍ਰੀਤਮ ਸਿੰਘ | ਫਗਵਾੜਾ | ਜਲੰਧਰ | ੯੫੧ |




8 ੧੨




| | | | |
|---|---|---|---|
| ੮ ਅੱਸੂ ੨੦੧੯ ਬਿਕ੍ਰਮੀ ਸੰਸਾਰ ਸਿੰਘ ਦੇ ਗ੍ਰਹਿ | ਡਵਿੜਾ ਰਿਹਾਣਾ | ਜਲੰਧਰ | ੯੫੫ |
| ੮ ਅੱਸੂ ੨੦੧੯ ਬਿਕ੍ਰਮੀ ਜੀਤ ਸਿੰਘ ਦੇ ਗ੍ਰਹਿ | ਡਵਿੜਾ ਰਿਹਾਣਾ | ਜਲੰਧਰ | ੯੫੯ |
| ੯ ਅੱਸੂ ੨੦੧੯ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਹਿ | ਡੱਲੇਵਾਲ | ਜਲੰਧਰ | ੯੬੨ |
| ੯ ਅੱਸੂ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਹਿ | ਡੱਲੇਵਾਲ | ਜਲੰਧਰ | ੯੬੬ |
| ੧੦ ਅੱਸੂ ੨੦੧੯ ਬਿਕ੍ਰਮੀ ਹਜੂਰਾ ਸਿੰਘ ਦੇ ਗ੍ਰਹਿ | ਗੁਰਾਇਆ | ਜਲੰਧਰ | ੯੭੩ |
| ੧ ਅੱਸੂ ੨੦੧੯ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਹਿ | ਲੁਧਿਆਣਾ | ਲੁਧਿਆਣਾ | ੯੭੭ |
| ੧੧ ਅੱਸੂ ੨੦੧੯ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਹਿ | ਢਹਿ ਪਈ | ਲੁਧਿਆਣਾ | ੯੮੭ |
| ੧੧ ਅੱਸੂ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਹਿ | ਪੇਖੋਵਾਲ | ਲੁਧਿਆਣਾ | ੯੯੨ |
| ੧੨ ਅੱਸੂ ੨੦੧੯ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਹਿ | ਪੇਖੋਵਾਲ | ਲੁਧਿਆਣਾ | ੧੦੦੦ |
| ੧੨ ਅੱਸੂ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ | ਪੇਖੋਵਾਲ | ਲੁਧਿਆਣਾ | ੧੦੦੫ |
| ੧੨ ਅੱਸੂ ੨੦੧੯ ਬਿਕ੍ਰਮੀ ਾਜਰ ਸਿੰਘ ਦੇ ਗ੍ਰਹਿ | ਪੇਖੋਵਾਲ | ਲੁਧਿਆਣਾ | ੧੦੦੬ |
| ੧੨ ਅੱਸੂ ੨੦੧੯ ਬਿਕ੍ਰਮੀ ਸਵਰਨ ਸਿੰਘ ਦੇ ਨਾਲ | ਜੜਤੌਲੀ | ਲੁਧਿਆਣਾ | ੧੦੧੩ |
| ੧੨ ਅੱਸੂ ੨੦੧੯ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਹਿ | ਡੇਹਲੋਂ | ਲੁਧਿਆਣਾ | ੧੦੧੫ |
| ੧੩ ਅੱਸੂ ੨੦੧੯ ਬਿਕ੍ਰਮੀ ਪਰਕਾਸ਼ ਸਿੰਘ ਦੇ ਗ੍ਰਹਿ | ਚੀਮਾਂ ਕਲਾਂ | ਲੁਧਿਆਣਾ | ੧੦੨੫ |
| ੧੪ ਅੱਸੂ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਹਿ | ਦੋਸਾਂਝ ਕਲਾਂ | | ੧੦੨੯ |
| ੧੪ ਅੱਸੂ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਹਿ | ਨਵਾ ਪਿੰਡ | | ੧੦੩੮ |
| ੧੪ ਅੱਸੂ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੦੪੬ |
| ੧੪ ਅੱਸੂ ੨੦੧੯ ਬਿਕ੍ਰਮੀ ਤੇਜ ਕੌਰ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੦੪੯ |
| ੧੪ ਅੱਸੂ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ | ਰੁੜਕਾ ਕਲਾਂ | ਜਲੰਧਰ | ੧੦੫੦ |
| ੧੫ ਅੱਸੂ ੨੦੧੯ ਬਿਕ੍ਰਮੀ ਪਿੰਡ | ਸਮਰਾ | | ੧੦੫੭ |
| ੧੫ ਅੱਸੂ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਜੰਡਿਆਲਾ | | ੧੦੬੬ |
| ੧੫ ਅੱਸੂ ੨੦੧੯ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਹਿ | ਪਬਮ | | ੧੦੭੩ |




| | | |
|---|---|---|
| ੧੬ ਅੱਸੂ ੨੦੧੯ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ | ਚੀਮਾਂ ਕਲਾਂ ਜਲੰਧਰ | ੧੦੭੭ |
| ੧੬ ਅੱਸੂ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਗਾਂਧਰਾਂ ਜਲੰਧਰ | ੧੦੮੨ |
| ੧੭ ਅੱਸੂ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਹੇਰ ਜਲੰਧਰ | ੧੦੯੨ |
| ੧੮ ਅੱਸੂ ੨੦੧੯ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹਿ | ਬੋਪਾ ਰਾਏ ਜਲੰਧਰ | ੧੧੦੧ |
| ੧੮ ਅੱਸੂ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹਿ | ਲਲੀਆਂ ਕਲਾਂ ਜਲੰਧਰ | ੧੧੦੮ |
| ੧੯ ਅੱਸੂ ੨੦੧੯ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ | ਅਹਿਮਦ ਪੁਰ ਜਲੰਧਰ | ੧੧੨੧ |
| ੧੯ ਅੱਸੂ ੨੦੧੯ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਅਹਿਮਦ ਪੁਰ ਜਲੰਧਰ | ੧੧੨੬ |
| ੧੯ ਅੱਸੂ ੨੦੧੯ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹਿ | ਝੰਗੀ ਚੱਕ ਜਲੰਧਰ | ੧੧੨੯ |


10
੧੨



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ❋ ੨੩ ਚੇਤ ੨੦੧੯ ਬਿਕਰਮੀ ਅਰਜਣ ਸਿੰਘ ਦੇ ਗ੍ਰਿਹਿ ਬਲੋਚ ਪੁਰਾ ਜ਼ਿਲਾ ਕਰਨਾਲ ❋

ਸਚਖੰਡ ਨਿਵਾਸੀ ਸਾਜਣ ਸਾਜ, ਦਰਗਹਿ ਸਾਚੀ ਧਾਮ ਸੁਹਾਇੰਦਾ । ਨਿਰਗੁਣ ਨਿਰੰਕਾਰਾ ਜਾਣੇ ਆਪਣਾ ਕਾਜ, ਪੁਰਖ ਅਕਾਲ ਖੇਲ ਕਰਾਇੰਦਾ । ਭੂਪਤ ਭੂਪ ਰਾਜਨ ਰਾਜ, ਸ਼ਾਹ ਸੁਲਤਾਨ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲਾ ਇਕ ਸੁਹਾਇੰਦਾ । ਸਚਖੰਡ ਦੁਆਰਾ ਭੂਪਨ ਭੂਪ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਰੇਖ ਰੰਗ ਨਾ ਕੋਇ ਰੂਪ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਆਪਣਾ ਦੇਵੇ ਆਪ ਸਬੂਤ, ਦੂਸਰ ਦੇਵੇ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਈਆ । ਸਚਖੰਡ ਦੁਆਰੇ ਏਕੰਕਾਰਾ, ਅਕਲ ਕਲ ਆਪਣੀ ਖੇਲ ਕਰਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਹੋ ਉਜਿਆਰਾ, ਅਜੂਨੀ ਰਹਿਤ ਡਗਮਗਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰਾ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਆਦਿ ਜੁਗਾਦੀ ਜਾਣੇ ਕਾਰਾ, ਕਰਤਾ ਪੁਰਖ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਸਣ ਲਾਇੰਦਾ । ਸਚਖੰਡ ਦੁਆਰਾ ਸਾਚਾ ਆਸਣ, ਸਤਿ ਸਤਿਵਾਦੀ ਆਪ ਲਗਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ਣ, ਪ੍ਰਭ ਸੱਜਣ ਸੱਚਾ ਮਾਹੀਆ । ਦਾਤਾ ਦਾਨੀ ਸ਼ਾਹੋ ਸ਼ਾਬਾਸ਼ਣ, ਸ਼ਹਿਨਸ਼ਾਹ ਵਡੀ ਵਡਿਆਈਆ । ਸਾਚੇ ਮੰਡਲ ਪਾਵੇ ਰਾਸਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲਾ ਇਕ ਇਕੱਲਾ, ਪੁਰਖ ਅਗੰਮਾ ਆਪ ਸੁਹਾਈਆ । ਪੁਰਖ ਅਗੰਮ ਅਗੰਮ ਅਥਾਹ, ਆਪਣੀ ਧਾਰਾ ਆਪ ਚਲਾਇੰਦਾ । ਸਚਖੰਡ ਦੁਆਰੇ ਬੈਠ ਸੱਚਾ ਸ਼ਹਿਨਸ਼ਾਹ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਖੇਵਟ ਖੇਟਾ ਰੂਪ ਵਟਾਇੰਦਾ । ਥਿਰ ਘਰ ਨਿਵਾਸੀ ਦੇਵੇ ਸਚ ਸਲਾਹ, ਸ਼ਬਦੀ ਸ਼ਬਦ ਸ਼ਬਦ ਅਲਾਇੰਦਾ । ਆਪੇ ਜਾਣੇ ਆਪਣਾ ਰਾਹ, ਮਾਰਗ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਧਾਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ

ਸਾਚਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਈਆ । ਪੁਰਖ ਅਬਿਨਾਸ਼ੀ ਲੇਖਾ ਜਾਣੇ ਨਾਰ ਕੰਤ, ਨਰ ਨਰਾਇਣ ਵਡੀ ਵਡਿਆਈਆ । ਸ਼ਬਦੀ ਸ਼ਬਦ ਬਣਾਏ ਬਣਤ, ਪਿਤਾ ਪੂਤ ਵੇਸ ਵਟਾਈਆ । ਆਪਣੀ ਮਹਿਮਾ ਜਾਣੇ ਬੇਅੰਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਪਰਦਾ ਆਪ ਉਠਾਈਆ । ਸਚਖੰਡ ਨਿਵਾਸੀ ਪਰਦਾ ਚੁੱਕ, ਦਰਗਹਿ ਸਾਚੀ ਖੇਲ ਕਰਾਇੰਦਾ । ਨਿਰਗੁਣ ਨਿਰਵੈਰ ਆਪੇ ਉਠ, ਅਸੁਤੇ ਪ੍ਰਕਾਸ਼ ਆਪ ਕਰਾਇੰਦਾ । ਆਪਣਾ ਨਾਉਂ ਰੱਖ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਇੰਦਾ । ਆਪ ਪਰਗਟਾਏ ਸਾਚਾ ਸੁਤ, ਸ਼ਬਦੀ ਸ਼ਬਦ ਨਾਉਂ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਹਾਏ ਰੁੱਤ, ਫੁੱਲ ਫਲਵਾੜੀ ਆਪ ਮਹਿਕਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਕਰਾਏ ਹਿੱਤ, ਪੰਚਮ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਧਾਰਾ ਆਪ ਚਲਾਇੰਦਾ । ਸਚਖੰਡ ਨਿਵਾਸੀ ਸਾਚੀ ਧਾਰ, ਏਕੰਕਾਰ ਆਪ ਚਲਾਈਆ । ਤ੍ਰੈ ਤ੍ਰੈ ਮੇਲਾ ਅਗੰਮ ਅਪਾਰ, ਪੰਚਮ ਨਾਤਾ ਜੋੜ ਜੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸ਼ਬਦੀ ਸ਼ਬਦ ਸ਼ਬਦ ਹੁਕਮ ਸੁਣਾਈਆ । ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਈਆ । ਗ੍ਰਿਹ ਗ੍ਰਿਹ ਅੰਦਰ ਹੋ ਉਜਿਆਰ, ਦੀਆ ਬਾਤੀ ਆਪ ਟਿਕਾਈਆ । ਧੁਰ ਫ਼ਰਮਾਣਾ ਨਾਦ ਧੁੰਨ ਜੈਕਾਰ, ਅਨਹਦ ਰਾਗੀ ਰਾਗ ਅਲਾਈਆ । ਅੰਮ੍ਰਿਤ ਸਰੋਵਰ ਠੰਡਾ ਠਾਰ, ਦਰ ਦਰ ਆਪਣਾ ਬੰਕ ਸੁਹਾਈਆ । ਬੋਧ ਅਗਾਧਾ ਇਕ ਜੈਕਾਰ, ਪਾਰਬ੍ਰਹਮ ਬ੍ਰਹਮਵੇਤਾ ਕਰੇ ਪੜ੍ਹਾਈਆ । ਏਕਾ ਅੱਖਰ ਵੇਦ ਚਾਰ, ਨਿਸ਼ਅੱਖਰ ਰੂਪ ਸਮਾਈਆ । ਨਿਰਗੁਣ ਸਰਗੁਣ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖੇ ਚਾਈਂ ਚਾਈਂਆ । ਵੰਡੇ ਵੰਡ ਅਪਰ ਅਪਾਰ, ਵੰਡਣਹਾਰਾ ਇਕ ਅਖਵਾਈਆ । ਬ੍ਰਹਿਮੰਡ ਖੰਡ ਕਰ ਤਿਆਰ, ਲੋਆਂ ਪੁਰੀਆਂ ਆਪਣੀ ਰਚਨ ਰਚਾਈਆ । ਰਵ ਸਸ ਕਰ ਉਜਿਆਰ, ਮੰਡਲ ਮੰਡਪ ਸੋਭਾ ਪਾਈਆ । ਜ਼ਿਮੀਂ ਅਸਮਾਨਾਂ ਦੇ ਸਹਾਰ, ਜਲ ਥਲ ਮਹੀਅਲ ਡੇਰਾ ਲਾਈਆ । ਨਿਰਗੁਣ ਸਰਗੁਣ ਦਏ ਅਧਾਰ, ਪੰਜ ਤਤ ਕਰੇ ਕੁੜਮਾਈਆ । ਮਨ ਮਤ ਬੁਧ ਕਰ ਪਸਾਰ, ਗ੍ਰਿਹ ਬੰਕ ਆਪ ਵਡਿਆਈਆ । ਆਤਮ ਪਰਮਾਤਮ ਖੇਲ ਨਿਆਰ, ਬ੍ਰਹਮ ਪਾਰਬ੍ਰਹਮ ਏਕਾ ਘਰ ਵਸਾਈਆ । ਸਾਚੀ ਸੇਜਾ ਕਰ ਤਿਆਰ, ਤਖ਼ਤ ਨਿਵਾਸੀ ਏਕਾ ਤਖ਼ਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਵੰਡ ਆਪਣੇ ਹੱਥ ਰਖਾਈਆ । ਸਾਚੀ ਵੰਡ ਹਰਿ ਨਿਰੰਕਾਰਾ, ਇਕ ਇਕੱਲਾ ਆਪ ਬਣਾਇੰਦਾ । ਖਾਣੀ ਬਾਣੀ ਖੋਲ੍ਹ ਕਿਵਾੜਾ, ਭੇਵ ਅਭੇਦਾ ਆਪ ਜਣਾਇੰਦਾ । ਸ਼ਾਸਤਰ ਸਿਮਰਤ ਬਣ ਲਿਖਾਰਾ, ਬੋਧ ਗਿਆਨ ਆਪ ਦ੍ਰਿੜਾਇੰਦਾ । ਗੀਤਾ ਗਿਆਨ ਦੇ ਆਧਾਰਾ, ਅੰਜੀਲ ਕੁਰਾਨਾ ਰੰਗ ਰੰਗਾਇੰਦਾ । ਮੁਕਾਮੇ ਹੱਕ ਹੱਕ ਨਗਾਰਾ, ਨੌਬਤ ਆਪਣੇ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪਣੇ ਹੱਥ ਰਖਾਇੰਦਾ । ਸਾਚੀ ਵੰਡ ਲੋਕਮਾਤ, ਸੋ ਪੁਰਖ ਨਿਰੰਜਣ ਆਪ ਕਰਾਈਆ । ਜੁਗ ਚੌਕੜੀ ਦੇਵੇ ਦਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਈਆ । ਪੰਜ ਤਤ ਕਾਇਆ ਜੋੜ ਨਾਤ, ਆਤਮ ਪਰਮਾਤਮ ਲਏ ਮਿਲਾਈਆ । ਗੁਰ ਅਵਤਾਰ ਬਣ ਬਣ ਸੱਜਣ ਸਾਕ, ਨਿਰਗੁਣ ਸਰਗੁਣ ਵੇਸ ਵਟਾਈਆ । ਬੰਦ ਕਿਵਾੜਾ ਖੋਲ੍ਹ ਤਾਕ, ਆਪਣਾ ਪਰਦਾ ਦਏ ਚੁਕਾਈਆ । ਸ਼ਬਦ ਅਗੰਮੀ ਏਕਾ ਗਾਥ, ਰਸਨਾ ਜਿਹਵਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਵੰਡਣ ਆਪ ਵੰਡਾਈਆ । ਸਾਚੀ ਵੰਡ ਵੰਡਣਹਾਰਾ, ਸਚਖੰਡ ਸਾਚੇ ਡੇਰਾ ਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਜੁਗ ਚੌਕੜੀ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਦਏ ਹੁਲਾਰਾ, ਆਤਮ ਪਰਮਾਤਮ ਖੇਲ ਕਰਾਇੰਦਾ । ਈਸ਼ ਜੀਵ ਦੇ ਸਹਾਰਾ, ਜਗਦੀਸ਼ ਰੰਗ ਚੜ੍ਹਾਇੰਦਾ । ਰਾਗ ਰਾਗਨੀ ਬੋਲ ਜੈਕਾਰਾ, ਜੈ ਜੈ ਆਪਣੇ ਨਾਉਂ ਕਰਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਨਿਤ ਨਵਿਤ ਵੇਸ ਵਟਾਇੰਦਾ । ਅਲੱਖ ਅਗੰਮ ਅਗੋਚਰ ਬੇਪਰਵਾਹ ਪਰਵਰਦਿਗਾਰਾ, ਬੇਐਬ ਆਪਣਾ ਨਾਉਂ ਧਰਾਇੰਦਾ । ਹੱਕ ਹਕ਼ੀਕ਼ਤ ਬੋਲ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਕਰਨੀ ਕਰਨੀ ਕਰਤਾ ਕਰੇ ਨਿਰੰਕਾਰ, ਨਿਰਗੁਣ ਆਪਣਾ ਖੇਲ ਕਰਾਈਆ । ਵੰਡੇ ਵੰਡ ਅਪਰ ਅਪਾਰ, ਲੇਖਾ ਲਿਖ ਲਿਖ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਹੱਥ ਰੱਖੇ ਕਰਤਾਰ, ਦੂਸਰ ਓਟ ਨਾ ਕੋਇ ਤਕਾਈਆ । ਬਣ ਰਖਵਾਹੀ ਸੇਵਾ ਕਰੇ ਅਗੰਮ ਅਪਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਧੁਰ ਫ਼ਰਮਾਣਾ, ਏਕੰਕਾਰ ਏਕਾ ਵਾਰ ਜਣਾਇੰਦਾ । ਸ਼ਬਦੀ ਸੁਤ ਸੁਤ ਬਲਵਾਨਾ, ਬਲਧਾਰੀ ਆਪ ਪਰਗਟਾਇੰਦਾ । ਬ੍ਰਹਮ ਬ੍ਰਹਿਮਾਦ ਇਕ ਤਰਾਨਾ, ਤੁਰਯਾ ਰਾਗ ਆਪ ਅਲਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣਾ ਰੂਪ ਵਟਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨਾ, ਲੱਖ ਚੁਰਾਸੀ ਬੂਝ ਬੁਝਾਇੰਦਾ । ਜੁਗ ਚੌਕੜੀ ਕਰੇ ਖੇਲ ਮਹਾਨਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਧਾਰ ਆਪ ਚਲਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਈਆ । ਪੰਜ ਤਤ ਕਰ ਤਿਆਰ, ਤਤਵ ਆਪਣਾ ਭੇਵ ਚੁਕਾਈਆ । ਆਤਮ ਪਰਮਾਤਮ ਦੇ ਆਧਾਰ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਨਾਦ ਧੁਨ ਧੁਨ ਜੈਕਾਰ, ਧੁਨ ਆਤਮਕ ਕਰੇ ਸ਼ਨਵਾਈਆ । ਨਿਰਮਲ ਦੀਆ ਏਕਾ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਘਰ ਮੰਦਰ ਖੋਲ੍ਹ ਕਿਵਾੜ, ਗ੍ਰਹਿ ਬੰਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਖੇਲੇ ਖੇਲ ਬੇਪਰਵਾਹੀਆ । ਪੰਜ ਤਤ ਗੁਰ ਅਵਤਾਰ, ਤਨ ਕਾਇਆ ਆਪ ਵਡਿਆਇੰਦਾ । ਅੰਦਰ ਵੜ ਆਪ ਨਿਰੰਕਾਰ, ਨਿਰਗੁਣ ਆਪਣੀ ਖੇਲ ਕਰਾਇੰਦਾ । ਹੁਕਮੀ ਹੁਕਮ ਸਤਿ ਵਰਤਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖੇ ਵੇਖਣਹਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਹੋ ਤਿਆਰ, ਹੁਕਮੇ ਬੰਧਨ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਖ਼ਤ ਨਿਵਾਸੀ ਸੱਚਾ ਸ਼ਾਹ, ਧੁਰ ਫ਼ਰਮਾਣਾ ਇਕ ਜਣਾਇੰਦਾ । ਧੁਰ ਫ਼ਰਮਾਣਾ ਗ਼ਰੀਬ ਨਿਵਾਜ਼, ਆਦਿ ਅੰਤ ਇਕ ਜਣਾਈਆ । ਸਤਿਜੁਗ ਸਾਚਾ ਸਾਜਣ ਸਾਜ, ਨਿਰਗੁਣ ਸਰਗੁਣ ਵੇਖ ਵਖਾਈਆ । ਸੀਸ ਜਗਦੀਸ਼ ਸੁਹਾਏ ਤਾਜ, ਪੰਚਮ ਆਪਣਾ ਰਾਹ ਵਖਾਈਆ । ਦੋ ਜਹਾਨ ਚਲਾਏ ਜਹਾਜ਼, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਦੇਵੇ ਦਾਜ, ਨਾਮ ਵਸਤ ਅਮੋਲਕ ਝੋਲੀ ਪਾਈਆ । ਘਰ ਘਰ ਆਪਣਾ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਈਆ । ਦਿਵਸ ਰੈਣ ਸ਼ਬਦ ਅਗੰਮੀ ਮਾਰੇ ਅਵਾਜ਼, ਤੰਦ ਸਿਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਕਰਾਈਆ । ਸਾਚੀ ਵੰਡ ਹਰਿ ਕਰਤਾਰ, ਆਦਿ ਅੰਤ ਆਪ ਕਰਾਇੰਦਾ । ਲੇਖਾ

ਜਾਣੇ ਜੁਗ ਚਾਰ, ਜੁਗ ਚੌਕੜੀ ਬੰਧਨ ਪਾਇੰਦਾ । ਨੌਂ ਨੌਂ ਖੋਲ੍ਹ ਕਿਵਾੜ, ਨੌਂ ਰਸ ਰਸ ਵਖਾਇੰਦਾ । ਚਾਰ ਕੁੰਟ ਹੋ ਉਜਿਆਰ, ਚੌਥੇ ਪਦ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਪਣਾ ਭੇਵ ਚਾਰ ਜੁਗ, ਪ੍ਰਭ ਆਪਣੇ ਹੱਥ ਰਖਾਈਆ । ਗੁਰ ਅਵਤਾਰਾਂ ਸੰਦੇਸ਼ਾ ਦੇਂਦਾ ਰਿਹਾ ਲੁਕ ਲੁਕ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਅੰਤਮ ਆਪਣੀ ਗੋਦੀ ਲਏ ਚੁੱਕ, ਲੋਕਮਾਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਏਕੰਕਾਰਾ, ਸਚਖੰਡ ਦੁਆਰੇ ਆਸਣ ਲਾਇੰਦਾ । ਗੁਰ ਅਵਤਾਰ ਮੰਗਣ ਦਰ ਭਿਖਾਰਾ, ਖ਼ਾਲੀ ਝੋਲੀ ਸਰਬ ਵਖਾਇੰਦਾ । ਦੇਵਣਹਾਰਾ ਵਡ ਦਾਤਾਰਾ, ਦਾਨੀ ਆਪਣਾ ਨਾਉਂ ਧਰਾਇੰਦਾ । ਏਕਾ ਵਸਤ ਦੇਵੇ ਹਰਿ ਥਾਰਾ, ਅਤੋਟ ਅਤੁਟ ਰਖਾਇੰਦਾ । ਗੁਰ ਅਵਤਾਰ ਦੇ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਹਰਿ ਕਾ ਨਾਉਂ ਵਣਜ ਵਪਾਰਾ, ਲੋਕਮਾਤ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਇੰਦਾ । ਸਾਚੀ ਸੇਵਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਜਣਾਈਆ । ਗੁਰ ਅਵਤਾਰਾਂ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਈਆ । ਨਿਉਂ ਨਿਉਂ ਸੀਸ ਜਗਦੀਸ਼ ਸਰਬ ਝੁਕਾਣ, ਦੋਏ ਜੋੜ ਜੋੜ ਸ਼ਰਨਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਹੁਕਮਰਾਨ, ਸਚ ਤੇਰੀ ਸ਼ਹਿਨਸ਼ਾਹੀਆ । ਤੂੰ ਵਸੇਂ ਸਚਖੰਡ ਸੱਚੇ ਮਕਾਨ, ਸਾਚੇ ਤਖ਼ਤ ਆਸਣ ਲਾਈਆ । ਹਉਂ ਬਾਲਕ ਬਾਲ ਅਵਾਣ, ਲੋਕਮਾਤ ਤੇਰੀ ਸੇਵ ਕਮਾਈਆ । ਤੂੰ ਵੇਖਣਾ ਮਾਰ ਧਿਆਨ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਗੁਰ ਅਵਤਾਰਾਂ ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਜੁਗ ਜੁਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਨਿਰਗੁਣ ਸਰਗੁਣ ਵੇਖੇ ਲੁਕ ਲੁਕ, ਆਪਣਾ ਪਰਦਾ ਨਾ ਆਪ ਚੁਕਾਇੰਦਾ । ਭਗਤ ਭਗਵੰਤ ਗੁਰਮੁਖ ਵਿਰਲੇ ਆਪਣੀ ਗੋਦੀ ਲਏ ਚੁੱਕ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਕਰ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਇੰਦਾ । ਸੰਤ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਗੁਰਮੁਖ ਅੰਤਰ ਆਪੇ ਉਠ, ਆਪਣਾ ਦਰਸ ਕਰਾਇੰਦਾ । ਗੁਰਸਿਖਾਂ ਉਪਰ ਹਰਿ ਜੂ ਤੁਠ, ਭੇਵ ਅਭੇਦ ਚੁਕਾਇੰਦਾ । ਪਾਵੇ ਸਾਰ ਕਾਇਆ ਕੋਟ, ਕਿਲਾ ਬੰਕ ਆਪ ਕਰਾਇੰਦਾ । ਤਨ ਨਗਾਰੇ ਲੱਗੇ ਚੋਟ, ਨਾਮ ਡੰਕਾ ਇਕ ਵਜਾਇੰਦਾ । ਗੁਰ ਸ਼ਬਦ ਰਖਾਏ ਸਾਚੀ ਓਟ, ਗੁਰ ਅਵਤਾਰ ਰਾਹ ਚਲਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪਰਵਰਦਿਗਾਰ, ਏਕਾ ਆਪਣਾ ਆਪ ਰਖਾਈਆ । ਹੱਕ ਹਕ਼ੀਕਤ ਪਾਵੇ ਸਾਰ, ਲਾਸ਼ਰੀਕ ਬੇਐਬ ਨਾਉਂ ਖ਼ੁਦਾਈਆ । ਮੁਕਾਮੇ ਹੱਕ ਹੋ ਤਿਆਰ, ਸਚ ਸਿੰਘਾਸਣ ਸੋਭਾ ਪਾਈਆ । ਉਚੀ ਕੂਕ ਕੂਕ ਪੁਕਾਰ, ਕਲਮਾ ਨਬੀ ਕਰੇ ਪੜ੍ਹਾਈਆ । ਆਇਤ ਸ਼ਰਾਇਤ ਇਕ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਵੰਡ ਵੰਡਾਈਆ । ਜੁਗ ਜੁਗ ਵੰਡ ਅਲੱਖ ਅਥਾਹ, ਅਗੋਚਰ ਆਪਣੀ ਕਾਰ ਕਰਾਇੰਦਾ । ਗੁਰ ਅਵਤਾਰਾਂ ਦੇ ਸਲਾਹ, ਏਕਾ ਦੂਆ ਤੀਜਾ ਬੰਧਨ ਪਾਇੰਦਾ । ਚੌਥੇ ਰੰਗ ਲਏ ਰੰਗਾ, ਪੰਚਮ ਆਪਣਾ ਭੇਵ ਚੁਕਾਇੰਦਾ ।

ਛੇਵੇਂ ਘਰ ਮੇਲਾ ਸਹਿਜ ਸੁਭਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਅੱਠਾਂ ਤਤਾਂ ਜੋੜ ਜੁੜਾ, ਨੌਂ ਦਰ ਆਪਣਾ ਰਾਹ ਵਖਾਇੰਦਾ । ਲੱਖ ਚੁਰਾਸੀ ਭਰਮ ਭੁਲਾ, ਅਨਭਵ ਆਪਣਾ ਖੇਲ ਕਰਾਇੰਦਾ । ਏਕਾ ਨਾਇਆਂ ਜੋੜ ਜੁੜਾ, ਦਸ ਦਸ ਵੇਖੇ ਸਾਚਾ ਥਾਂ, ਦਹਿ ਦਿਸ਼ਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸ਼ ਸਤਿਗੁਰ ਪੂਰਾ ਆਪ ਜਣਾਈਆ । ਸਚਖੰਡ ਨਿਵਾਸੀ ਨਰ ਨਰੇਸ਼, ਨਿਰਗੁਣ ਆਪਣੀ ਧਾਰ ਚਲਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪੇ ਵੇਖ, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਸ਼ੰਕਰ ਆਪਣਾ ਹੁਕਮ ਮਨਾਈਆ । ਪੀਰ ਪੈਗ਼ੰਬਰ ਔਲੀਏ ਵੇਖੇ ਸ਼ੇਖ਼, ਮੁਲਾਂ ਏਕਾ ਸਬਕ ਕਰੇ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਘਟ ਘਟ ਅੰਦਰ ਕਰਨਹਾਰਾ ਹੇਤ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਧਾਰੇ ਭੇਖ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੁਗ ਚੌਕੜੀ ਲਹਿਣਾ ਰਿਹਾ ਵੇਖ, ਸਚਖੰਡ ਨਿਵਾਸੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਜੁਗ ਚੌਕੜੀ ਆਪ ਕਰਾਇੰਦਾ । ਚਾਰ ਜੁਗ ਦਾ ਜਗਤ ਵਿਹਾਰਾ, ਆਪਣੇ ਲੇਖੇ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਹੁਕਮੀ ਹੁਕਮ ਸਤਿ ਵਰਤਾਰਾ, ਤੇਈ ਅਵਤਾਰਾਂ ਆਪ ਜਣਾਇੰਦਾ । ਈਸਾ ਮੂਸਾ ਸੰਗ ਮੁਹੰਮਦ ਕਰੇ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਏਕਾ ਜੋਤੀ ਦਸ ਅਵਤਾਰਾ, ਗੁਰ ਗੁਰ ਏਕਾ ਬੂਝ ਬੁਝਾਇੰਦਾ । ਭਗਤ ਭਗਵੰਤ ਦੇ ਸਹਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਵੇਖੋ ਕਰੋ ਵਿਚਾਰਾ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਮਸਜਿਦ ਮੰਦਰ ਮੱਠ ਸ਼ਿਵਦੁਆਲਾ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਹੱਕ ਹਕੀਕਤ ਨਾ ਕਰੇ ਕੋਇ ਪਿਆਰਾ, ਜਗਤ ਸ਼ਰਅ ਸ਼ੈਤਾਨ ਨਾਲ ਲੜਾਇੰਦਾ । ਨਾਮ ਸਤਿ ਨਾ ਕੋਇ ਵਣਜਾਰਾ, ਮਨ ਮਤ ਸਰਬ ਕੁਰਲਾਇੰਦਾ । ਰਾਧਾ ਕ੍ਰਿਸ਼ਨ ਨਾ ਕੋਇ ਆਧਾਰਾ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਸੀਤਾ ਰਾਮ ਨਾ ਕੋਇ ਪਿਆਰਾ, ਕਲਜੁਗ ਨਟੂਆ ਘਰ ਘਰ ਸਵਾਂਗ ਵਰਤਾਇੰਦਾ । ਹਰਿ ਕਾ ਨਾਉਂ ਨਾ ਕਿਸੇ ਵਿਚਾਰਾ, ਪੰਡਤ ਪਾਂਧਾ ਭਰਮ ਭੁਲਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਗਲ ਵਿਚ ਪਾਈ ਤਸਬੀ ਮਾਲਾ, ਤਾਲਬ ਤੁਲਬਾ ਨਾ ਕੋਇ ਪੜ੍ਹਾਇੰਦਾ । ਕਰੇ ਖੇਲ ਆਪ ਨਿਰੰਕਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਸਚ ਸੰਦੇਸ਼ਾ ਦੇਵਣਹਾਰਾ, ਧੁਰ ਫ਼ਰਮਾਣਾ ਇਕ ਜਣਾਇੰਦਾ । ਉਠੋ ਵੇਖੋ ਕਰੋ ਧਿਆਨ, ਆਪੋ ਆਪਣੀ ਪਾਓ ਸਾਰਾ, ਸਾਰੰਗ ਧਰ ਭਗਵਾਨ, ਬੀਠਲਾ ਇਕ ਸਮਝਾਇੰਦਾ । ਕਲਜੁਗ ਆਈ ਅੰਤਮ ਵਾਰਾ, ਹਰਿ ਜੂ ਪਾਂਧੀ ਪੰਧ ਮੁਕਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਲਿਖ ਲਿਖ ਆਪਣਾ ਲੇਖ ਜਣਾਇੰਦਾ । ਈਸਾ ਬਣਿਆ ਦਰ ਭਿਖਾਰਾ, ਪਰਵਰਦਿਗਾਰ ਓਟ ਤਕਾਇੰਦਾ । ਮੁਹੰਮਦ ਚੌਦਾਂ ਤਬਕ ਮਾਰੇ ਨਾਅਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਨਾਤਾ ਤੁਟੇ ਚਾਰ ਯਾਰਾ, ਚੌਥਾ ਜੁਗ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਅੰਤਮ ਵਾਰ, ਹਰਿ ਸਤਿਗੁਰ ਆਪ ਜਣਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਵਖਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਸਰਗੁਣ ਕਰੇ ਕੁੜਮਾਈਆ । ਸ਼ਬਦੀ ਸ਼ਬਦ ਡੰਕ ਅਪਾਰ, ਦੋ ਜਹਾਨਾਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਈਆ । ਸਚ

ਸੰਦੇਸ਼ਾ ਪੁਰਖ ਅਬਿਨਾਸ਼, ਆਪਣਾ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖੀ ਰਾਸ, ਵੇਲਾ ਅੰਤਮ ਅੰਤ ਆਇੰਦਾ । ਸਚ ਵਸਤ ਨਾ ਕਿਸੇ ਪਾਸ, ਖ਼ਾਲੀ ਹੱਥ ਸਰਬ ਫਿਰਾਇੰਦਾ । ਆਤਮ ਜੋਤ ਨਾ ਕੋਇ ਪ੍ਰਕਾਸ਼, ਜਗਤ ਅੰਧੇਰਾ ਏਕਾ ਛਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਖਾਏ ਨਾ ਕੋਇ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਪਾਰਬ੍ਰਹਮ ਅੱਗੇ ਦੋਏ ਜੋੜ ਟੇਕਣ ਮਾਥ, ਨੇਤਰ ਨੈਣ ਨੈਣ ਸਰਬ ਨਿਵਾਇੰਦਾ । ਤੂੰ ਸਾਹਿਬ ਪੁਰਖ ਸਮਰਾਥ, ਤੇਰਾ ਅੰਤ ਕੋਇ ਨਾ ਪਾਇੰਦਾ । ਹਉਂ ਗਾ ਗਾ ਗਏ ਗਾਥ, ਬਣ ਸੇਵਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਲੋਕਮਾਤ ਰਚਿਆ ਇਕ ਸਵੰਬਰ, ਆਪਣੀ ਅਚਰਜ ਖੇਲ ਕਰਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਚੌਦਾਂ ਤਬਕ ਚੌਦਾਂ ਲੋਕ ਮੇਟੇ ਅਡੰਬਰ, ਰਵ ਸਸ ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਰਹੇ ਵਹਾਈਆ । ਲੱਖ ਚੁਰਾਸੀ ਮਨ ਵਾਸਨਾ ਫੜੇ ਬੰਦਰ, ਕਲਜੁਗ ਜੂਹ ਅੰਦਰ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਨਚਾਏ ਬਣ ਕਲੰਦਰ, ਕਲ ਆਪਣੀ ਆਪ ਧਰਾਈਆ । ਲੇਖਾ ਚੁੱਕੇ ਸ਼ਿਵਦੁਆਲਾ ਮੱਠ ਮਸੀਤ ਮੰਦਰ, ਪੁਰਖ ਅਕਾਲ ਏਕਾ ਇਸ਼ਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ, ਏਕਾ ਹੁਕਮ ਜਣਾਈਆ । ਏਕਾ ਹੁਕਮ ਏਕੰਕਾਰਾ, ਅਕਲ ਕਲ ਧਾਰੀ ਆਪ ਜਣਾਇੰਦਾ । ਗੁਰ ਅਵਤਾਰ ਕਰੋ ਵਿਚਾਰਾ, ਹਰਿ ਵਿਚਾਰ ਵਿਚ ਕਦੇ ਨਾ ਆਇੰਦਾ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਸਰਬ ਵਹਾਇੰਦਾ । ਚਾਰੋਂ ਕੁੰਟ ਅੰਧ ਅੰਧਿਆਰਾ, ਚੌਦਸ ਚੰਦ ਨਾ ਕੋਇ ਚੜ੍ਹਾਇੰਦਾ । ਕਲਮਾ ਨਬੀ ਨਾ ਕੋਇ ਪਿਆਰਾ, ਕਾਇਆ ਕਾਅਬਾ ਨਾ ਕੋਇ ਸੁਹਾਇੰਦਾ । ਆਬ ਹਯਾਤ ਨਾ ਠੰਡਾ ਠਾਰਾ, ਭਰ ਪਿਆਲਾ ਨਾ ਕੋਇ ਪਿਆਇੰਦਾ । ਨਾਤਾ ਛੁਟਿਆ ਚਾਰ ਯਾਰਾ, ਯਾਰੀ ਯਾਰ ਨਾ ਕੋਇ ਰਖਾਇੰਦਾ । ਸਦੀ ਚੌਧਵੀਂ ਆਈ ਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਰਖਾਇੰਦਾ । ਹੁਕਮੇ ਅੰਦਰ ਨੇਤਨ ਨੇਤ, ਏਕਾ ਖੇਲ ਕਰਾਈਆ । ਸਚਖੰਡ ਦੁਆਰਾ ਪਹਿਲੀ ਚੇਤ, ਇਕ ਨੌਂ ਕਰੀ ਕੁੜਮਾਈਆ । ਇਕ ਇਕ ਦਿਨ ਕਰ ਕਰ ਹੇਤ, ਤੇਈ ਅਵਤਾਰਾਂ ਰਿਹਾ ਸਮਝਾਈਆ । ਤੇਈ ਅਵਤਾਰ ਲਹਿਣਾ ਚੁਕਿਆ ਤੇਈ ਚੇਤ, ਬਾਕੀ ਕੋਇ ਰਹਿਣ ਨਾ ਪਾਈਆ । ਅੱਗੇ ਲਹਿਣਾ ਦੇਣਾ ਵੇਖੇ ਪੀਰ ਪੈਗ਼ੰਬਰ ਮੁਲਾਂ ਸ਼ੇਖ਼, ਰੁੱਤ ਰੁਤੜੀ ਆਪ ਸੁਹਾਈਆ । ਨਿਰਗੁਣ ਸਰਗੁਣ ਖੇਲਣ ਆਇਆ ਖੇਡ, ਆਪਣੀ ਖੇਡ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਈਸਾ ਮੂਸਾ, ਇਲਾਹੀ ਨੂਰ ਆਪ ਜਣਾਇੰਦਾ । ਕਲਜੁਗ ਵੇਖੇ ਕਾਲਾ ਸੂਸਾ, ਤਨ ਬਸਤਰ ਫੋਲ ਫੁਲਾਇੰਦਾ । ਹੱਕ ਹਕ਼ੀਕ਼ਤ ਸਚ ਹਦੀਸਾ, ਹਦੂਦ ਅਰਬਾਂ ਵੰਡ ਵੰਡਾਇੰਦਾ । ਅੰਤਮ ਲਹਿਣਾ ਚੁੱਕੇ ਉਨੀਸਾ, ਏਕਾ ਨਾਇਆ ਬੰਧਨ ਪਾਇੰਦਾ । ਸਭ ਦਾ ਖ਼ਾਲੀ ਹੋਏ ਖ਼ੀਸਾ, ਦਰ ਦਰਵੇਸ਼ ਆਪ ਬਣਾਇੰਦਾ । ਚੌਥੇ ਜੁਗ ਆਪਣੀ ਕਰਨੀ ਵੇਖਣਾ ਸ਼ੀਸ਼ਾ, ਦੂਸਰ ਮੁਖ ਨਾ ਕੋਇ ਡਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਆਪ ਮੁਕਾਇੰਦਾ । ਸਭ ਦਾ ਲਹਿਣਾ ਚੁੱਕੇ ਵਿਚ ਜਹਾਨ, ਲੇਖਾ ਜਾਣੇ ਧੁਰਦਰਗਾਹੀਆ । ਹੱਕ ਹਕ਼ੀਕ਼ਤ ਸਚ ਕਲਾਮ, ਕਲਮਾ ਨਬੀ ਆਪ ਪੜ੍ਹਾਈਆ । ਪੰਚਮ ਜੇਠ ਅੰਤਮ ਇਕੋ ਵਾਰ ਮਨਜ਼ੂਰ ਕਰੇ ਸਲਾਮ, ਸਲਾਮਾ

ਅਲੈਕਮ ਫੇਰ ਨਾ ਕੋਇ ਬੁਲਾਈਆ । ਈਸਾ ਮੂਸਾ ਮੁਹੰਮਦ ਦੇ ਕੇ ਜਾਣਾ ਪੈਗ਼ਾਮ, ਅੰਤ ਪੈਗ਼ੰਬਰ ਕਰ ਪੜ੍ਹਾਈਆ । ਪਰਵਰਦਿਗਾਰ ਆਇਆ ਹਜਾਮ, ਸਭ ਦੀਆਂ ਲਬਾਂ ਦਏ ਕਟਾਈਆ । ਕਲਜੁਗ ਅੰਤ ਕਰੇ ਪਹਿਚਾਨ, ਸਦੀ ਚੌਧਵੀਂ ਭੁੱਲ ਨਾ ਜਾਈਆ । ਜਿਸ ਦੇ ਉਤੇ ਰੱਖਦੇ ਰਹੇ ਈਮਾਨ, ਸੋ ਲੋਕਮਾਤ ਫੇਰਾ ਪਾਈਆ । ਜਿਸ ਦੇ ਬਰਦੇ ਰਹੇ ਗੁਲਾਮ, ਬਣ ਸੇਵਕ ਸੇਵ ਕਮਾਈਆ । ਸੋ ਪਰਗਟ ਹੋਇਆ ਇਕ ਅਮਾਮ, ਵਡ ਵੱਡਾ ਸ਼ਹਿਨਸ਼ਾਹੀਆ । ਦਰ ਜਾ ਕੇ ਕਰ ਸਲਾਮ, ਨਿਉਂ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮਿਟਾਈਆ । ਲੇਖਾ ਮੁੱਕੇ ਮੁਹੰਮਦ ਯਾਰ, ਯਾਰੀ ਯਾਰ ਨਾ ਕੋਇ ਨਿਭਾਇੰਦਾ । ਸਦੀ ਚੌਧਵੀਂ ਹੋਏ ਖ਼ੁਵਾਰ, ਚੌਦਾਂ ਤਬਕ ਡੇਰਾ ਢਾਹਿੰਦਾ । ਏਕਾ ਹੱਕ ਬੋਲ ਜੈਕਾਰ, ਸ਼ਰਅ ਸ਼ਰੀਅਤ ਇਕ ਵਖਾਇੰਦਾ । ਕਾਇਆ ਕਾਅਬਾ ਖੋਲ੍ਹ ਕਿਵਾੜ, ਨੂਰ ਨੁਰਾਨਾ ਡਗਮਗਾਇੰਦਾ । ਸਾਚਾ ਹੁਜਰਾ ਕਰ ਤਿਆਰ, ਹਜ਼ਰਤ ਆਪਣਾ ਰੂਪ ਦਰਸਾਇੰਦਾ । ਲੇਖਾ ਸਭ ਦਾ ਦਏ ਨਿਵਾਰ, ਅਭੁਲ ਭੁੱਲ ਕਦੇ ਨਾ ਜਾਇੰਦਾ । ਮੁਹੰਮਦ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਕਰ ਕਿਰਪਾ ਪਰਵਰਦਿਗਾਰ, ਬੇਨਕ਼ਾਬ ਤੇਰਾ ਪਰਦਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ ਅੰਤਮ ਲੇਖਾ ਲੇਖੇ ਲਾਇੰਦਾ । ਅੰਤਮ ਲੇਖਾ ਅੰਤ ਕਲ, ਕਲਧਾਰੀ ਆਪ ਲਗਾਈਆ । ਜੁਗ ਚੌਕੜੀ ਕਰਦਾ ਆਇਆ ਵਲ ਛਲ, ਆਪਣਾ ਭੇਵ ਨਾ ਕਿਸੇ ਜਣਾਈਆ । ਸਰਗੁਣ ਅੰਦਰ ਨਿਰਗੁਣ ਰਲ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਅੰਤ ਅੰਤ ਕਰਾਇੰਦਾ । ਲਹਿਣਾ ਦੇਣਾ ਵਿਚ ਸੰਸਾਰਾ, ਗੁਰ ਅਵਤਾਰਾਂ ਆਪ ਚੁਕਾਇੰਦਾ । ਕਲਜੁਗ ਮੇਟੇ ਅੰਧ ਅੰਧਿਆਰਾ, ਕੂੜੀ ਕਿਰਿਆ ਡੇਰਾ ਢਾਹਿੰਦਾ । ਪੰਜ ਸ਼ੈਤਾਨ ਨਾ ਹੋਏ ਹਲਕਾਰਾ, ਦਰ ਦਰ ਫੇਰਾ ਕੋਇ ਨਾ ਪਾਇੰਦਾ । ਆਸਾ ਤ੍ਰਿਸ਼ਨਾ ਨਾ ਕੋਇ ਭੰਡਾਰਾ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਵਰਨ ਬਰਨ ਨਾ ਹੋਏ ਖ਼ਵਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਜਣਾਇੰਦਾ । ਏਕਾ ਮੰਦਰ ਵਖਾਏ ਸਚ ਦੁਆਰਾ, ਹਰਿ ਸਰਨ ਸਰਨਾਈ ਆਪ ਸਮਝਾਇੰਦਾ । ਸ੍ਰਿਸ਼ਟ ਸਬਾਈ ਇਕ ਜੈਕਾਰਾ, ਏਕਾ ਨਾਮ ਆਪ ਪੜ੍ਹਾਇੰਦਾ । ਏਕਾ ਇਸ਼ਟ ਗੁਰਦੇਵ ਕਰੇ ਨਿਮਸਕਾਰਾ, ਏਕਾ ਸਜਦਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਅੰਤਮ ਵਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਪਿਛਲਾ ਲਹਿਣਾ ਚੁੱਕੇ ਵਿਚ ਸੰਸਾਰ, ਲੋਕਮਾਤ ਰਹਿਣ ਨਾ ਪਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਏਕਾ ਆਈਆ । ਭਗਤ ਭਗਵੰਤ ਲਏ ਉਠਾਲ, ਸਾਚੇ ਮੰਦਰ ਲਏ ਬਹਾਈਆ । ਸੰਤ ਸੁਹੇਲੇ ਵੇਖੇ ਲਾਲ, ਲਾਲ ਅਨਮੁਲੜੇ ਆਪਣੀ ਗੋਦ ਉਠਾਈਆ । ਗੁਰਮੁਖਾਂ ਬਣੇ ਆਪ ਦਲਾਲ, ਦੋ ਜਹਾਨਾਂ ਸੇਵ ਕਮਾਈਆ । ਗੁਰਸਿਖਾਂ ਨਾਤਾ ਤੋੜ ਕਾਲ ਮਹਾਕਾਲ, ਏਕਾ ਨਾਮ ਬੰਧਨ ਪਾਈਆ । ਮਾਰਗ ਦੱਸ ਇਕ ਸੁਖਾਲ, ਲੱਖ ਚੁਰਾਸੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਧੁਰ ਫ਼ਰਮਾਣਾ ਆਪ ਵਰਤਾਈਆ । ਧੁਰ ਫ਼ਰਮਾਣਾ ਅੰਤਮ ਕਲ, ਹਰਿ ਕਰਤਾ ਆਪ ਵਰਤਾਇੰਦਾ । ਸਚ ਸਿੰਘਾਸਣ ਏਕਾ ਮੱਲ, ਲੋਕਮਾਤ ਖੇਲ ਕਰਾਇੰਦਾ । ਸ਼ਬਦੀ ਜੋਤੀ ਆਪੇ ਰਲ, ਗੋਬਿੰਦ ਮਹੱਲ ਸੁਹਾਇੰਦਾ । ਸੰਬਲ

ਡੇਰਾ ਧਾਮ ਅਬਚਲ, ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਰੂਪ ਸਮਾਇੰਦਾ । ਸਚ ਸੰਦੇਸ਼ਾ ਏਕਾ ਘੱਲ, ਗੁਰ ਅਵਤਾਰ ਲੇਖਾ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਵਿਚ ਜਹਾਨ, ਹਰਿ ਜੂ ਹਰਿ ਹਰਿ ਆਪ ਲਗਾਈਆ । ਸਚਖੰਡ ਦਾ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਨੌਂ ਖੰਡ ਪ੍ਰਿਥਮੀ ਮੰਨੇ ਆਣ, ਰਾਜ ਰਾਜਾਨ ਕੋਇ ਰਹਿਣ ਨਾ ਪਾਈਆ । ਤਖ਼ਤ ਨਿਵਾਸੀ ਇਕ ਭਗਵਾਨ, ਸਾਚੇ ਤਖ਼ਤ ਸੋਭਾ ਪਾਈਆ । ਹੁਕਮੀ ਹੁਕਮ ਕਰੇ ਹੁਕਮਰਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਮੰਨੇ ਆਣ, ਅੰਡਜ ਜੇਰਜ ਉਤਭੁਜ ਸੇਤਜ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਚੁੱਕੇ ਕਾਣ, ਅੰਤ ਲੇਖਾ ਦਏ ਚੁਕਾਈਆ । ਸਾਚੇ ਗੁਰਮੁਖ ਕਰ ਪਰਧਾਨ, ਘਰ ਘਰ ਏਕਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦੋ ਜਹਾਨਾਂ ਕਰੇ ਆਪ ਸਫ਼ਾਈਆ । ਕਰੇ ਸਫ਼ਾਈ ਸਿਫ਼ਤ ਸਲਾਹ, ਦੂਜਾ ਸੰਗ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਇਕ ਮਲਾਹ, ਜੁਗ ਜੁਗ ਬੇੜਾ ਮਾਤ ਚਲਾਇੰਦਾ । ਸਤਿਜੁਗ ਤਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਪੰਧ ਮੁਕਾਇੰਦਾ । ਚਾਰ ਵਰਨਾਂ ਡੇਰਾ ਢਾਹ, ਏਕਾ ਬ੍ਰਹਮ ਵਖਾਇੰਦਾ । ਗ਼ਰੀਬ ਨਿਮਾਣੇ ਆਪ ਉਠਾ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਊਚ ਨੀਚ ਬਹਾਏ ਏਕਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਏਕਾ ਅੰਮ੍ਰਿਤ ਆਤਮ ਜਾਮ ਦਏ ਪਿਆ, ਅਠਸਠ ਤੀਰਥ ਨਹਾਵਣ ਕੋਇ ਨਾ ਜਾਇੰਦਾ । ਗ੍ਰਿਹ ਮੰਦਰ ਅੰਦਰ ਸ਼ਬਦ ਅਨਾਦੀ ਦਏ ਸੁਣਾ, ਛੱਤੀ ਰਾਗ ਭੇਵ ਚੁਕਾਇੰਦਾ । ਘਟ ਮੰਦਰ ਦੀਪਕ ਜੋਤੀ ਦਏ ਜਗਾ, ਹਵਨ ਦੀਪ ਨਾ ਕੋਇ ਕਰਾਇੰਦਾ । ਸਚ ਮਹੱਲਾ ਦਏ ਵਸਾ, ਕਾਇਆ ਖੇੜਾ ਡੇਰਾ ਲਾਇੰਦਾ । ਉਚ ਅਟੱਲਾ ਸੋਭਾ ਪਾ, ਸੁਹਬਤ ਆਪਣੀ ਆਪ ਸਮਝਾਇੰਦਾ । ਦੋ ਜਹਾਨਾਂ ਨੌਬਤ ਦਏ ਵਜਾ, ਨਾਮ ਡੰਕਾ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਬਦਲਾ, ਸੁਰਪਤ ਇੰਦ ਰਹਿਣ ਨਾ ਪਾਇੰਦਾ । ਰਵ ਸਸ ਕਿਰਨ ਕਿਰਨ ਜੋਤੀ ਜੋਤ ਲਏ ਮਿਲਾ, ਜੋਤੀ ਜਾਤਾ ਜੋਤ ਪਰਗਟਾਇੰਦਾ । ਗੁਰਸਿਖ ਸਾਚੇ ਲਏ ਵਡਿਆ, ਵਡ ਵੱਡਾ ਦਇਆ ਕਮਾਇੰਦਾ । ਬ੍ਰਹਮਾ ਪਾਰਬ੍ਰਹਮ ਆਪਣੇ ਵਿਚ ਮਿਲਾ, ਲੇਖਾ ਲੇਖੇ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਭ ਦਾ ਲੇਖਾ ਆਪ ਚੁਕਾਇੰਦਾ । ਸਭ ਦਾ ਲੇਖਾ ਆਪ ਚੁਕੌਣਾ, ਦੂਸਰ ਸੰਗ ਨਾ ਕੋਇ ਰਖਾਈਆ । ਨਾਮ ਖੰਡਾਂ ਵਿਚ ਬ੍ਰਹਿਮੰਡਾਂ ਆਪ ਚਮਕੌਣਾ, ਨੇਤਰ ਪਰਚੰਡ ਆਪ ਪਰਗਟਾਈਆ । ਗੋਬਿੰਦ ਸੰਗ ਆਪ ਨਿਭੌਣਾ, ਪ੍ਰਿਥਮੀ ਆਕਾਸ਼ ਫੇਰਾ ਪੌਣਾ, ਗਗਨ ਮੰਡਲ ਚਰਨਾਂ ਹੇਠ ਦਬੌਣਾ, ਬ੍ਰਹਮ ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਢੋਲਾ ਸਭ ਨੇ ਗੌਣਾ, ਸ਼ਬਦ ਵਿਚੋਲਾ ਗੁਰ ਅਖਵੌਣਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਰੌਲਾ ਪੌਣਾ, ਸੱਤਾਂ ਦੀਪਾਂ ਧੀਰ ਨਾ ਕੋਇ ਧਰੌਣਾ, ਭਰਮੇ ਭੁੱਲੀ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਿਹਕਲੰਕਾ ਨਾਉਂ ਰਖੌਣਾ, ਸੰਬਲ ਆਪਣਾ ਡੇਰਾ ਲਾਈਆ । ਗੁਰਮੁਖ ਵਿਰਲਾ ਆਪ ਜਗੌਣਾ, ਆਤਮ ਅੰਤਰ ਬੂਝ ਬੁਝੌਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਸ਼ਬਦ ਅਨਾਦੀ ਨਾਦ ਵਜੌਣਾ, ਬ੍ਰਹਮ ਬ੍ਰਹਿਮਾਦੀ ਭੇਵ ਖੁਲੌਣਾ, ਅਨਭਵ ਆਪਣਾ ਰੂਪ ਦਰਸਾਈਆ । ਸਾਚੇ ਤਖ਼ਤ ਡੇਰਾ ਲੌਣਾ, ਸ਼ਾਹ ਪਾਤਸ਼ਾਹ ਨਾਉਂ ਧਰੌਣਾ, ਸ਼ਹਿਨਸ਼ਾਹੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੁਰ ਫ਼ਰਮਾਣਾ, ਧੁਰ ਦਾ ਰਾਣਾ ਧੁਰ ਦੀ ਧਾਰ ਵਿਚ ਸੰਸਾਰ ਵਡ ਸੰਸਾਰੀ ਆਪ ਵਰਤਾਈਆ ।

ਜਨਮ ਜਨਮ ਦਾ ਚੁੱਕੇ ਫ਼ਰਕ, ਫ਼ਿਕਰਾ ਏਕਾ ਹਰਿ ਜਣਾਈਆ । ਨਾਤਾ ਤੁਟੇ ਅਠਾਰਾਂ ਦਸ ਅਠਾਈ ਨਰਕ, ਕਲਜੁਗ ਅੰਤ ਰਹਿਣ ਨਾ ਪਾਈਆ । ਮਾਣਸ ਵਿਚੋਂ ਮਾਣਸ ਆਇਆ ਪਰਤ, ਪ੍ਰਤੀਨਿਧ ਦਏ ਵਡਿਆਈਆ । ਲੱਖ ਚੁਰਾਸੀ ਵਿਚੋਂ ਕੱਢਿਆ ਅਰਕ, ਗੁਰਸਿਖ ਏਕਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਮਿਟਾਈਆ । ਪੂਰਬ ਲਹਿਣਾ ਕੁੰਡਲੀ ਬਾਰਾਂ ਰਾਸੀ, ਹਰਿ ਜੂ ਹਰਿ ਹਰਿ ਵੇਖ ਵਖਾਇੰਦਾ । ਪਿਛਲੇ ਜਨਮ ਜਨਮ ਉਦਾਸੀ, ਮਨ ਕਾ ਮੋਹ ਨਾ ਕੋਇ ਚੁਕਾਇੰਦਾ । ਮਰੇ ਮਰੇ ਮਰ ਜੰਮੇ ਰਾਏ ਧਰਮ ਦਏ ਫ਼ਾਸੀ, ਜਮ ਫ਼ਾਸ ਨਾ ਕੋਇ ਕਟਾਇੰਦਾ । ਦੇਵਤ ਸੁਰ ਮੁਨ ਜਨ ਕਰਨ ਹਾਸੀ, ਮਾਨੁਖ ਮਾਣਸ ਆਪਣਾ ਆਪ ਨਾ ਕੋਇ ਬਦਲਾਇੰਦਾ । ਵੇਲੇ ਅੰਤ ਸਤਿਗੁਰ ਪੂਰਾ ਮਿਲੇ ਕਿਸੇ ਨਾ ਸਾਥੀ, ਖ਼ਾਲੀ ਹੱਥ ਸਰਬ ਫਿਰਾਇੰਦਾ । ਚਿਤਰ ਗੁਪਤ ਲਹਿਣਾ ਦੇਣਾ ਵਖਾਏ ਬਾਕੀ, ਲਿਖ ਲਿਖ ਲੇਖ ਅੱਗੇ ਟਿਕਾਇੰਦਾ । ਰਾਏ ਧਰਮ ਖੋਲ੍ਹ ਤਾਕੀ, ਕੁੰਭੀ ਰਾਹ ਇਕ ਜਣਾਇੰਦਾ । ਬਿਨ ਸਤਿਗੁਰ ਪੂਰੇ ਵੇਲੇ ਅੰਤ ਕੋਈ ਨਾ ਚਾੜ੍ਹੇ ਫੜ ਕੇ ਘਾਟੀ, ਪਾਰ ਕਿਨਾਰਾ ਨਾ ਕੋਇ ਕਰਾਇੰਦਾ । ਕੋਟਨ ਵਾਰ ਕਾਇਆ ਚੋਲੀ ਲੋਕਮਾਤ ਪਾਟੀ, ਚੋਲਾ ਚੋਲੇ ਨਾਲ ਬਦਲਾਇੰਦਾ । ਜੋ ਜਨ ਸਤਿਗੁਰ ਸੁਣੇ ਸਾਚੀ ਸਾਖ਼ੀ, ਸਾਖ਼ਯਾਤ ਦਰਸ਼ਨ ਪਾਇੰਦਾ । ਤਿਸ ਮਿਟੇ ਅੰਧੇਰੀ ਰਾਤੀ, ਨੇਤਰ ਨੈਣ ਚੰਦ ਚਮਕਾਇੰਦਾ । ਡੂੰਘੀ ਨਰਕ ਨਾ ਸੁੱਟੇ ਕੋਈ ਖਾਤੀ, ਹਰਿ ਜੂ ਆਪਣਾ ਖ਼ਾਤਾ ਆਪ ਰਖਾਇੰਦਾ । ਵੇਲਾ ਅੰਤਮ ਪੁੱਛੇ ਵਾਤੀ, ਜਮ ਨੇੜ ਕੋਇ ਨਾ ਆਇੰਦਾ । ਜੋ ਜਨ ਸਤਿਗੁਰ ਵਿਕੇ ਸਾਚੀ ਹਾਟੀ, ਕਰਤਾ ਕੀਮਤ ਆਪੇ ਪਾਇੰਦਾ । ਪੂਰਬ ਜਨਮ ਦੀ ਕੁੰਡਲੀ ਪਾਟੀ, ਰਾਸੀ ਆਪਣੇ ਹੱਥ ਰਖਾਇੰਦਾ । ਸੋ ਗੁਰਸਿਖ ਗੁਰਸਿਖਾਂ ਦਾ ਬਣ ਜਾਏ ਸਾਥੀ, ਨਰਕ ਵਿਚ ਕਦੇ ਨਾ ਜਾਇੰਦਾ । ਰਾਏ ਧਰਮ ਨਾ ਰਹੇ ਆਕੀ, ਗੁਰਸਿਖ ਚਰਨਾਂ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁੰਭੀ ਨਰਕ ਪਾਰ ਕਰਾਇੰਦਾ । ਕੁੰਭੀ ਨਰਕ ਜਾਏ ਛੁਟ, ਗੇੜਾ ਗੇੜ ਨਾ ਕੋਇ ਰਖਾਈਆ । ਜਿਸ ਜਨ ਸਤਿਗੁਰ ਪੂਰਾ ਜਾਏ ਤੁਠ, ਤਿਸ ਰਾਏ ਧਰਮ ਨਾ ਦਏ ਸਜ਼ਾਈਆ । ਏਕਾ ਅੰਮ੍ਰਿਤ ਪਿਆਏ ਸਾਚਾ ਘੁਟ, ਨਿਝਰ ਝਿਰਨਾ ਆਪ ਝਿਰਾਈਆ । ਗੁਰਸਿਖ ਅੰਤਮ ਏਥੋਂ ਜਾਣਾ ਉਠ, ਸਚਖੰਡ ਮਿਲੇ ਵਡਿਆਈਆ । ਆਪ ਉਠਾਏ ਆਹਲਣਿਉਂ ਡਿੱਗੇ ਬੋਟ, ਸਮਰਥ ਪੁਰਖ ਦਇਆ ਕਮਾਈਆ । ਕਰ ਕਿਰਪਾ ਜੁਗ ਜਨਮ ਦੀ ਕੱਢੇ ਵਾਸਨਾ ਖੋਟ, ਆਤਮ ਪਰਮਾਤਮ ਲਏ ਮਿਲਾਈਆ । ਮੇਲ ਮਿਲਾਵਾ ਨਿਰਮਲ ਜੋਤ, ਮਿਲਿਆ ਮੇਲ ਵਿਛੜ ਨਾ ਜਾਈਆ । ਗੁਰਸਿਖਾਂ ਕਲਜੁਗ ਅੰਤ ਸਤਿਗੁਰ ਪੂਰੇ ਇਕੋ ਕੀਤੀ ਛੋਟ, ਬਿਨ ਪੂਜਾ ਪਾਠ, ਬਿਨ ਪੜ੍ਹਿਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਮਰਨ ਮਰਨ ਜਨਮ ਫੰਦਨ ਫੰਦ ਦਏ ਕਟਾਈਆ ।

## ✳ ੨੩ ਚੇਤ ੨੦੧੯ ਬਿਕਰਮੀ ਠਾਕਰ ਸਿੰਘ ਦੇ ਗ੍ਰਿਹ ਨਾਨਕ ਪੁਰਾ ਜ਼ਿਲਾ ਕਰਨਾਲ ✳

ਜੁਗ ਭਾਵੀ ਵਡ ਬਲਵਾਨ, ਹਰਿ ਭਾਣੇ ਆਪ ਰਖਾਇੰਦਾ । ਵੇਖਣਹਾਰਾ ਨੌਜਵਾਨ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਸਚਖੰਡ ਨਿਵਾਸੀ ਹੋ ਪਰਧਾਨ, ਸਾਚੀ ਕਾਰੇ ਆਪੇ ਲਾਇੰਦਾ । ਤਖ਼ਤ ਨਿਵਾਸੀ ਦੇ ਦੇ ਦਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਇੰਦਾ । ਖੇਲੇ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੇਰਜ ਅੰਡ ਕਰ ਪਹਿਚਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਵੀ ਆਪਣੀ ਸੇਵ ਰਖਾਇੰਦਾ । ਜਗਤ ਭਾਵੀ ਬਾਲੀ ਬਾਲ, ਹਰਿ ਜੂ ਆਪਣੀ ਖੇਲ ਕਰਾਇੰਦਾ । ਸਤਿ ਪੁਰਖ ਨਿਰੰਜਣ ਅਵੱਲੜੀ ਚਾਲ, ਜੁਗ ਕਰਤਾ ਆਪ ਕਰਾਇੰਦਾ । ਜੁਗਾ ਜੁਗੰਤਰ ਵੇਖਣਹਾਰਾ ਜੀਵ ਜਹਾਨ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕਰ ਪਰਵਾਨ, ਸਤਿ ਪਰਵਾਨਾ ਇਕ ਫੜਾਇੰਦਾ । ਨਾਮ ਨਿਧਾਨਾ ਗੁਣ ਨਿਧਾਨ, ਗੁਣਵੰਤਾ ਆਪ ਜਣਾਇੰਦਾ । ਗ੍ਰਿਹਿ ਮੰਦਰ ਅੰਦਰ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਗੁਰ ਗੁਰ ਰੂਪ ਹਰਿ ਭਗਵਾਨ, ਨਰ ਹਰਿ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਾਵੀ ਇਕ ਰਖਾਇੰਦਾ । ਸਾਚੀ ਭਾਵੀ ਧੁਰ ਫ਼ਰਮਾਣਾ, ਹਰਿ ਹਰਿ ਆਪ ਰਖਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਬ੍ਰਹਮ ਬ੍ਰਹਿਮਾਦੀ ਆਪ ਕਰਾਇੰਦਾ । ਨਿਰਗੁਣ ਸਰਗੁਣ ਵੇਖੇ ਮਾਰ ਧਿਆਨਾ, ਨਰ ਹਰਿ ਆਪਣਾ ਰੂਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਨਾਦ ਅਨਾਦੀ ਧੁਰ ਤਰਾਨਾ, ਅਨਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਾਵੀ ਆਪਣਾ ਹੁਕਮ ਜਣਾਇੰਦਾ । ਸਾਚਾ ਹੁਕਮ ਹਰਿ ਹਰਿ ਨਰਾਇਣ, ਏਕਾ ਏਕ ਜਣਾਈਆ । ਗੁਰ ਅਵਤਾਰ ਰਸਨਾ ਜਿਹਵਾ ਸਾਰੇ ਕਹਿਣ, ਜਸ ਵੇਦ ਪੁਰਾਨ ਸਾਲਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਅਕਾਲ ਮੂਰਤ ਅਜੂਨੀ ਰਹਿਤ ਦਿਸੇ ਨਾ ਕਿਸੇ ਨੈਣ, ਲੋਚਣ ਖੋਲ੍ਹਣ ਕੋਇ ਨਾ ਪਾਈਆ । ਲੱਖ ਚੁਰਾਸੀ ਸਾਕ ਸੱਜਣ ਸੈਣ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਵੀ ਭਾਣੇ ਵਿਚ ਰਖਾਈਆ । ਹਰਿ ਭਾਣਾ ਏਕਾ ਵਾਰ, ਆਦਿ ਪੁਰਖ ਪੁਰਖ ਸਮਝਾਇਆ । ਨਿਰਗੁਣ ਨਿਰਗੁਣ ਕਰ ਪਸਾਰ, ਨਿਰਗੁਣ ਸਾਚੀ ਸੇਵਾ ਲਾਇਆ । ਸ਼ਬਦੀ ਸ਼ਬਦ ਸ਼ਬਦ ਦੁਲਾਰ, ਸੁਤ ਦੁਲਾਰਾ ਏਕਾ ਜਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਗੁਰ ਚੇਲਾ ਰੂਪ ਵਟਾਇਆ । ਮੇਲ ਮਿਲਾਏ ਅਗੰਮ ਅਪਾਰ, ਅਲੱਖ ਅਗੋਚਰ ਰਾਹ ਚਲਾਇਆ । ਵਸਤ ਅਮੋਲਕ ਭਰ ਭੰਡਾਰ, ਤ੍ਰੈਗੁਣ ਆਪਣੀ ਵੰਡ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਮਹਿਮਾ ਅਕੱਥ, ਕਥਨੀ ਕਥ ਨਾ ਕੋਇ ਅਲਾਇੰਦਾ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਆਪਣਾ ਦੱਸ, ਕਲਜੁਗ ਏਕਾ ਪਰਦਾ ਲਾਹਿੰਦਾ । ਨੌਂ ਖੰਡ ਪ੍ਰਿਥਮੀ ਸਤ ਦੀਪ ਨੱਸ ਨੱਸ, ਚੌਦਾਂ ਲੋਕ ਚਰਨਾਂ ਹੇਠ ਦਬਾਇੰਦਾ । ਚੌਦਾਂ ਤਬਕ ਖੇਲ ਤਮਾਸ਼, ਪੁਰਖ ਅਬਿਨਾਸ਼ ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣਾ ਆਪ ਕਰਾਇੰਦਾ । ਰਵ ਸਸ ਸਸ ਪ੍ਰਕਾਸ਼ਾ, ਧਰਤ ਧਵਲ ਵੇਖੇ ਤਮਾਸ਼ਾ, ਜਲ ਥਲ ਆਪਣੀ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਭਾਣਾ ਆਪ ਸਮਝਾਇੰਦਾ । ਸਾਚਾ ਭਾਣਾ ਸ੍ਰੀ ਭਗਵਾਨ, ਏਕਾ ਏਕ ਰਖਾਈਆ । ਜੁਗ ਚੌਕੜੀ ਮਿਟੇ ਨਿਸ਼ਾਨ, ਥਿਰ ਕੋਇ
ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਉਚੀ ਕੂਕ ਕੂਕ ਸੁਣਾਈਆ । ਅੰਤ ਨਾ ਪਾਏ ਕੋਇ ਸ੍ਰੀ ਭਗਵਾਨ, ਬੇਅੰਤ
ਕਹੇ ਲੋਕਾਈਆ । ਤਖ਼ਤ ਨਿਵਾਸੀ ਨੌਜਵਾਨ, ਸਾਚਾ ਤਖ਼ਤ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ
ਖੇਲ ਕਰਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣਾ ਆਸਣ ਲਾਇੰਦਾ ।
ਨਿਰਗੁਣ ਸਰਗੁਣ ਦਏ ਆਧਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਤਤਵ ਤਤ ਕਰੇ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਲਾਹ, ਨਿਰਗੁਣ ਸਰਗੁਣ ਦਇਆ ਕਮਾਈਆ । ਨਵ ਨੌਂ ਪਾਰ ਕਰਾ, ਸਾਚੀ
ਨੱਯਾ ਦਏ ਚੜ੍ਹਾਈਆ । ਡੂੰਘੀ ਕੰਦਰ ਫੇਰਾ ਪਾ, ਟੇਡੀ ਬੰਕ ਪੰਧ ਮੁਕਾਈਆ । ਨਾਦ ਅਨਾਦੀ ਇਕ ਸੁਣਾ, ਧੁਨ ਆਤਮਕ ਕਰੇ ਸ਼ਨਵਾਈਆ ।
ਸਰ ਸਰੋਵਰ ਲਏ ਨੁਹਾ, ਦੁਰਮਤ ਮੈਲ ਦਏ ਧੁਵਾਈਆ । ਕਾਗੋਂ ਹੰਸ ਲਏ ਉਡਾ, ਹੰਸ ਕਾਗ ਰੂਪ ਵਟਾਈਆ । ਬਜ਼ਰ ਕਪਾਟੀ ਕੁੰਡਾ ਦੇਵੇ
ਲਾਹ, ਦੂਈ ਦਵੈਤੀ ਦਏ ਮਿਟਾਈਆ । ਸਾਚੀ ਹਾਟੀ ਦਏ ਖੁਲ੍ਹਾ, ਨਾਮ ਭੰਡਾਰਾ ਇਕ ਵਰਤਾਈਆ । ਆਤਮ ਝੋਲੀ ਦਏ ਭਰਾ, ਪਰਮਾਤਮ
ਦਇਆ ਕਮਾਈਆ । ਬ੍ਰਹਮ ਖ਼ੁਸ਼ੀ ਲਏ ਮਨਾ, ਪਾਰਬ੍ਰਹਮ ਵੇਖੇ ਚਾਈਂ ਚਾਈਂਆ । ਜੀਵ ਢਹਿ ਪਏ ਸਰਨਾ, ਈਸ਼ ਆਪਣੀ ਗੋਦ ਬਹਾਈਆ ।
ਜਗਦੀਸ਼ ਖੇਲ ਰਿਹਾ ਕਰਾ, ਭੇਵ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਪ ਹੰਢਾ, ਭਾਵੀ
੧੧ ਭਾਣੇ ਵਿਚ ਰਖਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਲਏ ਖਪਾ, ਜੋ ਘੜਿਆ ਭੰਨ ਵਖਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ੧੧
੧੨ ਸੇਵਾ ਲਾ, ਜਗ ਪਾਂਧੀ ਦਏ ਵਡਿਆਈਆ । ਕੋਟਨ ਕੋਟ ਵੇਦ ਸ਼ਾਸਤਰ ਸਿਮਰਤ ਲਏ ਬਣਾ, ਅੱਖਰ ਅੱਖਰ ਕਰ ਪੜ੍ਹਾਈਆ । ਕੋਟਨ ਕੋਟ ੧੨
ਪੀਰ ਪੈਗ਼ੰਬਰ ਹਜ਼ਰਤ ਹਰਿ ਜੂ ਲਏ ਤਰਾ, ਧਰਨੀ ਧਰਤ ਧਵਲ ਸੁਹਾਈਆ । ਕੋਟਨ ਕੋਟ ਅੰਜੀਲ ਕੁਰਾਨ ਤੀਸ ਬਤੀਸਾ ਢੋਲਾ ਗਾ, ਜਗਤ
ਹਦੀਸ ਦਏ ਸੁਣਾਈਆ । ਅੰਤਮ ਸਭ ਦਾ ਲੇਖਾ ਦਏ ਮੁਕਾ, ਲੇਖਾ ਕੋਇ ਰਹਿਣ ਨਾ ਪਾਈਆ । ਜੁਗਾ ਜੁਗੰਤਰ ਵੇਸ ਵਟਾ, ਨਿਰਗੁਣ ਸਰਗੁਣ
ਵੇਖੇ ਥਾਉਂ ਥਾਈਂਆ । ਧੁਰ ਫ਼ਰਮਾਣਾ ਹੁਕਮ ਜਣਾ, ਧੁਰ ਦੀ ਕਾਰ ਆਪ ਕਰਾਈਆ । ਸਾਚਾ ਭਾਣਾ ਆਪ ਚਲਾ, ਆਪੇ ਭਾਣੇ ਰਿਹਾ ਸਮਾਈਆ ।
ਭਾਵੀ ਨੇਤਰ ਨੈਣਾਂ ਨੀਰ ਰਹੀ ਵਹਾ, ਉਚੀ ਕੂਕ ਕੂਕ ਸੁਣਾਈਆ । ਚਾਰੋਂ ਕੁੰਟ ਕੋਈ ਨਾ ਪਕੜੇ ਬਾਂਹ, ਸਗਲਾ ਸੰਗ ਨਾ ਕੋਇ ਰਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ ।
ਵਸਣਹਾਰਾ ਸਚਖੰਡ ਮਹੱਲਾ, ਕਲਜੁਗ ਅੰਤਮ ਵੇਸ ਵਟਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਏਕਾ ਬੰਧਨ ਨਾਮ ਰਖਾਇੰਦਾ । ਸਤਿਜੁਗ
ਤ੍ਰੇਤਾ ਦੁਆਪਰ ਕਰਦਾ ਰਿਹਾ ਵਲ ਛਲਾ, ਅਛਲ ਛਲ ਆਪਣਾ ਵੇਸ ਵਟਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਨੂਰ ਨੁਰਾਨਾ ਡਗਮਗਾਇੰਦਾ ।
ਆਪਣਾ ਭਾਣਾ ਆਪੇ ਮੰਨਾ, ਸਦ ਭਾਣੇ ਵਿਚ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਇੰਦਾ ।
ਕਲਜੁਗ ਅੰਤਮ ਬਲ ਰੱਖ, ਰੱਖਕ ਹੋਏ ਆਪ ਸਹਾਈਆ । ਨਿਰਗੁਣ ਨੂਰ ਕਰ ਪ੍ਰਤੱਖ, ਦੋ ਜਹਾਨ ਕਰੇ ਰੁਸ਼ਨਾਈਆ । ਸ਼ਾਸਤਰ ਸਿਮਰਤ

ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਗੌਂਦੀ ਆਈ ਜਸ, ਸੋ ਸਾਹਿਬ ਫੇਰਾ ਪਾਈਆ । ਤ੍ਰੈਗੁਣ ਮਾਇਆ ਵਿਚ ਨਾ ਜਾਏ ਫਸ, ਪੰਜ ਤਤ ਨਾ ਡੇਰਾ ਲਾਈਆ । ਏਕਾ ਨੂਰ ਕਰ ਪ੍ਰਕਾਸ਼, ਸ਼ਬਦ ਅਨਾਦੀ ਨਾਦ ਵਜਾਈਆ । ਭੂਪਤ ਭੂਪ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੀ ਖੇਲ ਕਰਾਈਆ । ਜਨ ਭਗਤਾਂ ਪੂਰੀ ਕਰੇ ਆਸ, ਸਿਰ ਆਪਣਾ ਹੱਥ ਟਿਕਾਈਆ । ਸੰਤਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਗੁਰਮੁਖ ਮੰਦਰ ਪਾਵੇ ਰਾਸ, ਘਰ ਗੋਪੀ ਕਾਹਨ ਨਚਾਈਆ । ਗੁਰਸਿਖ ਜਨਮ ਜਨਮ ਦੀ ਬੁਝਾਏ ਪਿਆਸ, ਜਗਤ ਤ੍ਰਿਸ਼ਨਾ ਦਏ ਗਵਾਈਆ । ਆਪੇ ਵੇਖੇ ਖੇਲ ਤਮਾਸ਼, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭਾਵੀ ਭਾਣੇ ਹੱਥ ਰਖਾਈਆ । ਭਾਵੀ ਭਾਣਾ ਨਾਰ ਕੰਤ, ਕੰਤ ਕੰਤੂਹਲ ਖੇਲ ਕਰਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਹਰਿ ਹਰਿ ਬੂਝ ਬੁਝਾਇੰਦਾ । ਲੱਖ ਚੁਰਾਸੀ ਮਾਇਆ ਬੇਅੰਤ, ਦੂਈ ਪਰਦਾ ਨਾ ਕੋਇ ਉਠਾਇੰਦਾ । ਨਵ ਨੌਂ ਹੋਏ ਗੜ੍ਹ ਹੰਗਤ, ਹੰਗਤਾ ਗੜ੍ਹ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਗੁਰ ਅਵਤਾਰ ਪੀਰ ਪੈਗੰਬਰ ਭਾਣੇ ਵਿਚ ਆਪ ਰਖਾਇੰਦਾ । ਸਾਚਾ ਭਾਣਾ ਹਰਿ ਨਿਰੰਕਾਰ, ਨਿਰਗੁਣ ਨਿਰਾਕਾਰ ਆਪ ਜਣਾਈਆ । ਜੁਗਾ ਜੁਗੰਤਰ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਨਾਉਂ ਪਰਗਟਾਈਆ । ਬੋਧ ਅਗਾਧ ਬੋਲ ਜੈਕਾਰ, ਖਾਣੀ ਬਾਣੀ ਰਾਗ ਅਲਾਈਆ । ਕਲਮ ਸ਼ਾਹੀ ਬਣ ਲਿਖਾਰ, ਕਾਗਦ ਦਏ ਇਕ ਵਡਿਆਈਆ । ਆਪਣਾ ਭੇਵ ਰੱਖੇ ਨਿਆਰ, ਅਭੇਦ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭਾਣਾ ਭਾਵੀ ਆਪਣਾ ਖੇਲ ਕਰਾਈਆ । ਭਾਵੀ ਕਹੇ ਮੇਰਾ ਵਰ, ਲੱਖ ਚੁਰਾਸੀ ਮੈਂ ਹੰਢਾਇਆ । ਭਾਣਾ ਕਹੇ ਮੇਰਾ ਡਰ, ਭੈ ਵਿਚ ਜਗਤ ਰਖਾਇਆ । ਦੋਹਾਂ ਵਿਚੋਲਾ ਆਪੇ ਬਣ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਦਏ ਮੁਕਾਇਆ । ਕਲਜੁਗ ਅੰਤਮ ਸੱਦੇ ਦਰ, ਦਰ ਆਪਣੇ ਲਏ ਬਹਾਇਆ । ਇਕ ਦੂਜੇ ਦਾ ਫੜਿਆ ਲੜ, ਫੜਿਆ ਲੜ ਛੁੱਟ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਮਨਾਇਆ । ਭਾਵੀ ਭਾਣੇ ਸੁਣ ਲੈ ਕੰਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਚਲਾਇੰਦਾ । ਕਲਜੁਗ ਅੰਤਮ ਖੇਲ ਕਰੇ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਖਾਇੰਦਾ । ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਇੰਦਾ । ਸਚ ਸੰਦੇਸ਼ਾ ਏਕੰਕਾਰ, ਏਕਾ ਵਾਰ ਜਣਾਈਆ । ਭਾਣੇ ਰਹਿਣਾ ਖ਼ਬਰਦਾਰ, ਹਰਿ ਭਗਵਨ ਰਿਹਾ ਉਠਾਈਆ । ਭਾਵੀ ਕਰੇ ਨਾ ਕੋਇ ਪਿਆਰ, ਜਗਤ ਪ੍ਰੀਤੀ ਰਿਹਾ ਗਵਾਈਆ । ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਦੂਜਾ ਕੋਇ ਰਹਿਣ ਨਾ ਪਾਈਆ । ਗੁਰਮੁਖ ਸੱਜਣ ਲਏ ਉਠਾਲ, ਗੁਰ ਗੁਰ ਆਪਣੀ ਬੂਝ ਬੁਝਾਈਆ । ਕਿਰਪਾ ਕਰ ਦੀਨ ਦਿਆਲ, ਦੀਨਨ ਆਪਣੀ ਗੋਦ ਸੁਹਾਈਆ । ਨਾਤਾ ਤੋੜੇ ਕਾਲ ਮਹਾਕਾਲ, ਗੁਰਮੁਖ ਲਾਲ ਆਪ ਜਗਾਈਆ । ਇਕ ਵਖਾਏ ਸੱਚੀ ਧਰਮਸਾਲ, ਸਤਿਗੁਰ ਚਰਨ ਸੱਚੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਜਣਾਈਆ । ਭਾਵੀ ਭਾਣੇ ਸੁਣ ਲੈ ਮੀਤ, ਮਿੱਤਰ ਪਿਆਰਾ ਹਰਿ ਜਣਾਇੰਦਾ ।

ਕਲਜੁਗ ਅੰਤ ਚਲਾਏ ਸਾਚੀ ਰੀਤ, ਹਰਿ ਜੂ ਆਪਣਾ ਖੇਲ ਕਰਾਇੰਦਾ । ਗੁਰਮੁਖ ਕਰੇ ਪਤਤ ਪੁਨੀਤ, ਪਤਤ ਪਾਵਣ ਦਇਆ ਕਮਾਇੰਦਾ । ਆਤਮ ਪਰਮਾਤਮ ਸੋਹੰ ਢੋਲਾ ਸ਼ਬਦ ਵਿਚੋਲਾ ਸੁਣਾਏ ਸਾਚਾ ਗੀਤ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਗੁਰਸਿਖ ਸਾਚਾ ਵੱਡਾ ਵਡ, ਹਰਿ ਸਤਿਗੁਰ ਆਪ ਵਡਿਆਈਆ । ਲੱਖ ਚੁਰਾਸੀ ਵਿਚੋਂ ਕੱਢ, ਆਪਣਾ ਬੰਧਨ ਪਾਈਆ । ਏਕਾ ਜਾਮ ਪਿਆਏ ਮਦਿ, ਅੰਮ੍ਰਿਤ ਰਸ ਵਖਾਈਆ । ਸ਼ਬਦ ਅਗੰਮੀ ਵੱਜੇ ਨਦ, ਅਨਹਦ ਰਾਗ ਅਲਾਈਆ । ਜੋਤ ਨਿਰੰਜਣ ਕਰ ਪਰਕਾਸ਼, ਅੰਧ ਅੰਧੇਰ ਦਏ ਗਵਾਈਆ । ਭਾਵੀ ਭਾਣਾ ਨਾ ਕਰੇ ਵਿਨਾਸ਼, ਜਿਸ ਸਿਰ ਆਪਣਾ ਹੱਥ ਟਿਕਾਈਆ । ਅੰਤਮ ਖੜੇ ਆਪਣੇ ਪਾਸ, ਸਚਖੰਡ ਸਾਚੇ ਵੱਜੇ ਵਧਾਈਆ । ਗੁਰਸਿਖ ਕਦੇ ਨਾ ਹੋਏ ਉਦਾਸ, ਜਿਸ ਸਤਿਗੁਰ ਮਿਲਿਆ ਸ਼ਬਦ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਮਾਣ ਵਡਿਆਈ ਲੋਕਮਾਤ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਗੁਰਸਿਖਾਂ ਦੇਵੇ ਇਕੋ ਦਾਤ, ਨਾਮ ਅਮੋਲਕ ਝੋਲੀ ਪਾਇੰਦਾ । ਗੁਰਸਿਖ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਚੰਦ ਚੜ੍ਹਾਇੰਦਾ । ਸਾਚੇ ਸੰਤਾਂ ਪੁਛੇ ਆਪੇ ਵਾਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਭਗਤ ਭਗਵੰਤ ਦੇਵੇ ਸਾਥ, ਸਗਲਾ ਸੰਗ ਆਪ ਹੋ ਆਇੰਦਾ । ਏਕਾ ਅੱਖਰ ਪੂਜਾ ਪਾਠ, ਰਸਨਾ ਜਿਹਵਾ ਆਪ ਪੜ੍ਹਾਇੰਦਾ । ਆਤਮ ਪਰਮਾਤਮ ਸੱਚਾ ਸਾਕ, ਸੱਜਣ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖਾਂ ਦੇਵੇ ਸਾਚਾ ਵਰ, ਭਾਵੀ ਭਾਣਾ ਨੇੜ ਕੋਇ ਨਾ ਆਇੰਦਾ । ਭਾਵੀ ਭਾਣਾ ਹੋਏ ਦੂਰ, ਨੇੜ ਕਦੇ ਨਾ ਆਈਆ । ਜਿਸ ਸਾਹਿਬ ਸਤਿਗੁਰ ਹਾਜ਼ਰ ਹਜ਼ੂਰ, ਹਰਿ ਕੇ ਪੌੜੇ ਲਏ ਚੜ੍ਹਾਈਆ । ਜਨਮ ਜਨਮ ਦੀ ਸੇਵਾ ਕਰੇ ਮਨਜ਼ੂਰ, ਉਜਰਤ ਸਭ ਦੀ ਲੇਖੇ ਪਾਈਆ । ਸਰਬ ਕਲਾ ਆਪੇ ਭਰਪੂਰ, ਹਰ ਘਟ ਆਪੇ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਤਾਰੇ ਆਪ ਪ੍ਰਭ, ਕਲਜੁਗ ਅੰਤਮ ਵੇਸ ਵਟਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਮੇਲ ਕਰਾਇੰਦਾ । ਪੰਚ ਵਿਕਾਰਾ ਦੇਵੇ ਬਧ, ਨਾਮ ਖੰਡਾ ਇਕ ਖੜਕਾਇੰਦਾ । ਨੌਂ ਦੁਆਰੇ ਪਾਰ ਹੱਦ, ਦਸਵੇਂ ਆਪਣੀ ਬੂਝ ਬੁਝਾਇੰਦਾ । ਵਿਸ਼ਨੂੰ ਵੇਖੇ ਵਿਸ਼ਵ ਯਦ, ਵਾਸਤਕ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਅੰਤਮ ਆਪ, ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਮੇਟੇ ਪਾਪ, ਜਿਸ ਜਨ ਆਪਣਾ ਦਰਸ ਦਿਖਾਈਆ । ਕਰਮ ਕਰਮ ਦਾ ਮਿਟੇ ਰੋਗ ਸੰਤਾਪ, ਸੰਸਾ ਕੋਇ ਰਹਿਣ ਨਾ ਪਾਈਆ । ਗੁਰਸਿਖ ਉਠਾਏ ਜਿਉਂ ਬਾਲਕ ਬਾਪ, ਪਿਤਾ ਪੂਤ ਖ਼ੁਸ਼ੀ ਮਨਾਈਆ । ਏਕਾ ਦੇਵੇ ਸਾਚੀ ਦਾਤ, ਚਰਨ ਪ੍ਰੀਤੀ ਇਕ ਜਣਾਈਆ । ਆਤਮ ਪਰਮਾਤਮ ਸੱਚੀ ਜ਼ਾਤ, ਚਾਰ ਵਰਨ ਨੈਣ ਸ਼ਰਮਾਈਆ । ਸੋਹੰ ਢੋਲਾ ਸਾਚੀ ਗਾਥ, ਆਦਿ ਅੰਤ ਇਕ ਰਖਾਈਆ । ਕੋਟਨ ਕੋਟ ਨਾਉਂ ਜਗਤ ਸਬੰਧੀ ਬਣਨ ਸਾਕ, ਸੱਜਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਪਾਰਾ, ਹਰਿ ਜੂ ਆਪਣੀ ਖੇਲ ਕਰਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਡੰਕਾ ਵਿਚ ਸੰਸਾਰਾ, ਵਡ ਸੰਸਾਰੀ ਆਪ

ਵਜਾਇੰਦਾ । ਨਵ ਨੌਂ ਕਰੇ ਖ਼ਬਰਦਾਰਾ, ਸਤਿ ਸਤਿਵਾਦੀ ਦਇਆ ਕਮਾਇੰਦਾ । ਕੂੜੀ ਕਿਰਿਆ ਮਿਟੇ ਪਸਾਰਾ, ਜੂਠ ਝੂਠ ਰਹਿਣ ਨਾ ਪਾਇੰਦਾ । ਸਚ ਸੁਚ ਕਰੇ ਵਰਤਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਖੋਲ੍ਹੇ ਇਕ ਦੁਆਰਾ, ਇਸ਼ਟ ਗੁਰਦੇਵ ਏਕਾ ਨਜ਼ਰੀ ਆਇੰਦਾ । ਏਕਾ ਚਰਨ ਇਕ ਨਿਮਸਕਾਰਾ, ਦੂਸਰ ਸੀਸ ਨਾ ਕੋਇ ਝੁਕਾਇੰਦਾ । ਏਕਾ ਅੰਮ੍ਰਿਤ ਠੰਡਾ ਠਾਰਾ, ਸਰੋਵਰ ਇਕ ਇਕ ਭਰਾਇੰਦਾ । ਏਕਾ ਨੂਰ ਇਲਾਹੀ ਪਰਵਰਦਿਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਰੱਖੇ ਭਾਣਾ, ਭਾਣਾ ਹੁਕਮੇ ਵਿਚ ਰਖਾਈਆ । ਹੁਕਮ ਅੰਦਰ ਰਾਜਾ ਰਾਣਾ, ਹੁਕਮੇ ਅੰਦਰ ਤਖ਼ਤੇ ਤਖ਼ਤ ਸੱਚੀ ਸ਼ਹਿਨਸ਼ਾਹੀਆ । ਹੁਕਮੇ ਅੰਦਰ ਆਵਣ ਜਾਣਾ, ਨਿਰਗੁਣ ਸਰਗੁਣ ਵੇਸ ਵਟਾਈਆ । ਹੁਕਮੇ ਅੰਦਰ ਗਾਵੇ ਗਾਣਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਹੁਕਮੇ ਅੰਦਰ ਦੇਵੇ ਧੁਰ ਫ਼ਰਮਾਣਾ, ਬੋਧ ਅਗਾਧ ਕਰੇ ਜਣਾਈਆ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਹੁਕਮੇ ਅੰਦਰ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਹੁਕਮੇ ਅੰਦਰ ਤੇਈ ਅਵਤਾਰਾ, ਭਗਤ ਅਠਾਰਾਂ ਸੇਵ ਕਮਾਇੰਦਾ । ਹੁਕਮੇ ਅੰਦਰ ਈਸਾ ਮੂਸਾ ਕੱਟ ਕੇ ਗਏ ਵਗਾਰਾ, ਹੁਕਮੇ ਅੰਦਰ ਨਾਨਕ ਗੋਬਿੰਦ ਏਕਾ ਢੋਲਾ ਗਾਇੰਦਾ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਹੋਇਆ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਆਪਣੇ ਹੁਕਮੇ ਅੰਦਰ ਆਪੇ ਵਸੇ ਆਪ ਕਰਤਾਰਾ, ਦੂਜਾ ਹੁਕਮ ਨਾ ਕੋਇ ਸੁਣਾਇੰਦਾ । ਕਲਜੁਗ ਅੰਤ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਗੁਰ ਪੀਰਾਂ ਇਛਿਆ ਪੂਰ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੰਗਦੇ ਰਹੇ ਬਣ ਭਿਖਾਰਾ, ਖ਼ਾਲੀ ਝੋਲੀ ਸਰਬ ਵਖਾਇੰਦਾ । ਅੰਤਮ ਆਏ ਮਹਾਬਲੀ ਬਲਕਾਰਾ, ਬਲ ਆਪਣਾ ਆਪ ਧਰਾਇੰਦਾ । ਚਾਰ ਜੁਗ ਦਾ ਲਹਿਣਾ ਦੇਣਾ ਚਾਰ ਖਾਣੀ ਚਾਰ ਬਾਣੀ ਦਏ ਨਵਾਰਾ, ਚਾਰ ਵੇਦ ਪੰਧ ਮੁਕਾਇੰਦਾ । ਚਾਰੋਂ ਕੁੰਟ ਏਕਾ ਨਾਅਰਾ, ਚੌਥੇ ਘਰ ਲੱਗੇ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਣਾ ਆਪਣਾ ਆਪ ਮਿਟਾਇੰਦਾ । ਆਪਣੇ ਭਾਣੇ ਆਪੇ ਤੋੜ, ਆਪਣਾ ਖੇਲ ਕਰਾਈਆ । ਆਪਣੇ ਹੁਕਮੇ ਆਪੇ ਜੋੜ, ਗੁਰਸਿਖ ਸ਼ਬਦੀ ਮੇਲ ਮਿਲਾਈਆ । ਕਲਜੁਗ ਅੰਤਮ ਵੇਖ ਅੰਧੇਰਾ ਘੋਰ, ਹਰਿ ਘੋਰੀ ਫੇਰਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਸੰਗ ਲਏ ਜੋੜ, ਜੋੜਨਹਾਰਾ ਦਿਸ ਨਾ ਆਈਆ । ਅੰਤ ਕੰਤ ਭਗਵੰਤ ਨਿਰਗੁਣ ਸਰਗੁਣ ਜਾਏ ਬੌਹੜ, ਰੂਪ ਅਨੂਪ ਵਟਾਈਆ । ਲੱਖ ਚੁਰਾਸੀ ਵੇਖੇ ਪਰਖੇ ਰੀਠਾ ਮਿੱਠਾ ਕੌੜ, ਘਰ ਘਰ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਇਕੋ ਵਰ, ਭਾਵੀ ਅੰਤ ਨੇੜ ਨਾ ਆਈਆ । ਭਾਵੀ ਅੰਤ ਆਏ ਨਾ ਨੇੜੇ, ਜਿਸ ਜਨ ਹਰਿ ਹਰਿ ਦਇਆ ਕਮਾਇੰਦਾ । ਆਪ ਵਸੇ ਗੁਰਸਿਖ ਖੇੜੇ, ਗੁਰਸਿਖ ਖੇੜਾ ਆਪਣਾ ਘਰ ਬਣਾਇੰਦਾ । ਪਰਮ ਪੁਰਖ ਦਾਸੀ ਦਾਸਾ ਬਣ ਬਣ ਬੰਨ੍ਹੇ ਬੇੜੇ, ਬੇੜਾ ਲੋਕਮਾਤ ਚਲਾਇੰਦਾ । ਆਵਣ ਜਾਵਣ ਲੱਖ ਚੁਰਾਸੀ ਕੱਟੇ ਗੇੜੇ, ਗੇੜਾ ਆਪਣੇ ਹੱਥ ਰਖਾਇੰਦਾ । ਹੱਕੋ ਹੱਕ ਕਰੇ ਨਬੇੜੇ, ਪਰਦਾ ਉਹਲਾ ਨਾ ਕੋਇ ਜਣਾਇੰਦਾ । ਵਸਣਹਾਰਾ ਨੇਰਨ ਨੇੜੇ, ਦੂਰ ਦੁਰਾਡਾ ਪੰਧ ਮੁਕਾਇੰਦਾ । ਚਾਰੋਂ ਕੁੰਟ ਸਤਿ ਸਰੂਪੀ ਸ਼ਬਦ ਅਗੰਮੀ ਪਾਏ ਘੇਰੇ, ਹਰਿ ਕਾ ਘੇਰਾ ਨਾ ਕੋਇ ਤੁੜਾਇੰਦਾ । ਅੱਠੇ ਪਹਿਰ ਦਿਵਸ ਰਹਿਣ ਗੁਰਸਿਖ ਤੇਰੇ ਵਸੇ ਡੇਰੇ, ਆਪਣਾ ਡੇਰਾ ਨਾ ਕੋਇ ਬਣਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਆਪਣੀ ਗੋਦ ਰਖਾਇੰਦਾ । ਗੁਰਸਿਖ ਆਪਣੀ ਗੋਦੀ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਆਵਣ ਜਾਵਣ ਜਾਏ ਮੁੱਕ, ਗੇੜਾ ਗੇੜ ਨਾ ਕੋਇ ਭੁਆਈਆ । ਰੁੱਤ ਬਸੰਤੀ ਸੁਹਾਏ ਅਬਿਨਾਸ਼ੀ ਅਚੁੱਤ, ਆਪਣੀ ਦਇਆ ਆਪ ਕਮਾਈਆ । ਸਚਖੰਡ ਨਿਵਾਸੀ ਸਤਿ ਪੁਰਖ ਨਿਰੰਜਣ ਆਪੇ ਤੁਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ, ਏਕਾ ਬੰਧਨ ਨਾਮ ਰਖਾਈਆ । ਏਕਾ ਬੰਧਨ ਦੇਵੇ ਪਾ, ਆਤਮ ਪਰਮਾਤਮ ਖੇਲ ਕਰਾਇੰਦਾ । ਪਰਮਾਨੰਦਨ ਦਏ ਵਖਾ, ਨਿਜ਼ਾਨੰਦ ਰਸ ਚੁਆਇੰਦਾ । ਮਸਤਕ ਟਿੱਕਾ ਚੰਦਨ ਦਏ ਲਗਾ, ਜੋਤ ਲਲਾਟੀ ਡਗਮਗਾਇੰਦਾ । ਬ੍ਰਹਿਮੰਡਨ ਖੰਡਨ ਪਾਰ ਕਰਾ, ਜੇਰਜ ਅੰਡਨ ਡੇਰਾ ਢਾਹਿੰਦਾ । ਨਾਮ ਮਰਦੰਗਨ ਇਕ ਵਜਾ, ਭੈ ਭਿਆਨਕ ਨਾ ਕੋਇ ਵਖਾਇੰਦਾ । ਸਾਚਾ ਸੰਗਨ ਬੇਪਰਵਾਹ, ਸਗਲਾ ਸੰਗ ਆਪ ਨਿਭਾਇੰਦਾ । ਗੁਰਸਿਖ ਰੰਗਣ ਆਪ ਚੜ੍ਹਾ, ਰੰਗ ਰੰਗੀਲਾ ਇਕ ਰੰਗਾਇੰਦਾ । ਅੰਤ ਭਾਵੀ ਦਏ ਮਿਟਾ, ਭਾਣਾ ਆਪਣੇ ਹੱਥ ਰਖਾਇੰਦਾ । ਸਵੱਛ ਸਰੂਪੀ ਦਰਸ ਕਰਾ, ਗੁਰਸਿਖ ਆਪਣੀ ਬੂਝ ਬੁਝਾਇੰਦਾ । ਸ਼ਬਦ ਬਬਾਣੇ ਲਏ ਚੜ੍ਹਾ, ਦਰਗਹਿ ਸਾਚੀ ਆਪ ਬਹਾਇੰਦਾ । ਸਚਖੰਡ ਦੁਆਰਾ ਦਏ ਸੁਹਾ, ਘਰ ਸਾਚਾ ਆਪ ਵਡਿਆਇੰਦਾ । ਗੁਰਸਿਖ ਜੋਤੀ ਜੋਤ ਮਿਲਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਪਣੇ ਵਿਚ ਲਏ ਸਮਾ, ਆਪਣਾ ਕੀਤਾ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਾਣਾ ਭਾਵੀ ਆਪਣੇ ਹੁਕਮੇ ਖੇਲ ਕਰਾਇੰਦਾ ।



✳ ੨੪ ਚੇਤ ੨੦੧੯ ਬਿਕਰਮੀ ਭਾਨ ਸਿੰਘ ਨਾਨਕ ਪੁਰਾ ਜ਼ਿਲਾ ਕਰਨਾਲ ✳

ਸਤਿ ਸਤਿਵਾਦੀ ਸਾਚਾ ਨਾਮ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹੰ ਬ੍ਰਹਮ ਖੇਲ ਮਹਾਨ, ਆਤਮ ਅੰਤਰ ਪਰਦਾ ਲਾਹਿੰਦਾ । ਨਿਰਗੁਣ ਸਰਗੁਣ ਸਚ ਨਿਸ਼ਾਨ, ਦਰਗਹਿ ਸਾਚੀ ਧਾਮ ਵਖਾਇੰਦਾ । ਬਿਨ ਅੱਖਰ ਦੇਵੇ ਗਿਆਨ, ਅਖ਼ਸ਼ਰ ਰੂਪ ਨਾ ਕੋਇ ਵਟਾਇੰਦਾ । ਬਿਨ ਨੇਤਰ ਦੇਵੇ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਬਿਨ ਮੰਗਿਆਂ ਦੇਵੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਬਿਨ ਬੋਲਿਆਂ ਜਾਣੇ ਰਾਮ, ਰਾਮ ਆਪਣਾ ਨਾਉਂ ਧਰਾਇੰਦਾ । ਬਿਨ ਦੀਪਕ ਮਿਟੇ ਅੰਧੇਰੀ ਸ਼ਾਮ, ਜੋਤੀ ਨੂਰ ਡਗਮਗਾਇੰਦਾ । ਬਿਨ ਕਾਸਦ ਦੇਵੇ ਪੈਗ਼ਾਮ, ਸਚ ਸੰਦੇਸ਼ਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਇੰਦਾ । ਸਾਚਾ ਨਾਮ ਆਦਿ ਅੰਤ, ਹਰਿ ਜੂ ਏਕਾ ਏਕ ਜਣਾਈਆ । ਕੋਟਨ ਕੋਟ ਨਾਉਂ ਮਹਿਮਾ ਕਰਨ ਅਗਣਤ, ਅੱਖਰ ਅੱਖਰ ਨਾਲ ਮਿਲਾਈਆ । ਹਰਿ ਕਾ ਭੇਵ ਜਾਣੇ ਗੁਰਮੁਖ ਵਿਰਲਾ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਏਕਾ ਨਾਮ ਏਕਾ ਮੰਤ, ਮੰਤਰ ਇਕੋ ਨਾਮ ਦ੍ਰਿੜਾਈਆ । ਏਕਾ ਨਾਰ ਏਕਾ ਕੰਤ, ਪੁਰਖ ਅਬਿਨਾਸ਼ੀ ਇਕ ਅਖਵਾਈਆ । ਏਕਾ ਧਾਮ ਸੋਭਾਵੰਤ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਏਕਾ ਬੋਧ ਗਿਆਨ ਹੋਏ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਨਾਮ ਵਖਾਈਆ । ਏਕੋ ਨਾਮ ਹਰਿ ਹਰਿ ਨਾਦ, ਅਨਾਦੀ ਨਾਦ ਵਜਾਇੰਦਾ ।

ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੇਲ ਕਰਾਇੰਦਾ । ਆਪ ਪਰਗਟਾਏ ਆਦਿ ਜੁਗਾਦਿ, ਜੁਗ ਜੁਗ ਵੇਸ ਕਰਾਇੰਦਾ । ਭੇਵ ਖੁਲ੍ਹਾਏ ਸੰਤਨ ਸਾਧ, ਸਾਚੀ ਸਾਧਨਾ ਆਪ ਕਰਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਗੁਰਮੁਖ ਸੱਜਣ ਆਪੇ ਲਾਧ, ਗੁਰ ਗੁਰ ਆਪਣਾ ਨਾਉਂ ਦ੍ਰਿੜਾਇੰਦਾ । ਜਗਤ ਅੰਧੇਰੇ ਵਿਚੋਂ ਕਾਢ, ਸਾਚੇ ਮਾਰਗ ਆਪੇ ਲਾਇੰਦਾ । ਆਤਮ ਸੇਜਾ ਕਰੇ ਲਾਡ, ਸੁਹੰਜਣੀ ਸੇਜ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕੋ ਨਾਮ ਵਖਾਇੰਦਾ । ਇਕੋ ਨਾਮ ਹਰਿ ਹਰਿ ਜਾਪ, ਰਸਨਾ ਜਿਹਵਾ ਕਹਿਣ ਨਾ ਸਕੇ ਰਾਈਆ । ਜੁਗਾ ਜੁਗੰਤ ਵਡ ਪਰਤਾਪ, ਗੁਰ ਅਵਤਾਰ ਰਹੇ ਜਸ ਗਾਈਆ । ਕੋਟਨ ਕੋਟ ਮੇਟੇ ਸੰਤਾਪ, ਸੰਸਾ ਰੋਗ ਰਹਿਣ ਨਾ ਪਾਈਆ । ਮੇਲ ਮਿਲਾਏ ਕਮਲਾਪਾਤ, ਘਰ ਮੇਲਾ ਸੱਚੇ ਮਾਹੀਆ । ਹਰਿ ਕਾ ਨਾਉਂ ਰੂਪ ਰੰਗ ਰੇਖ ਨਾ ਕੋਈ ਪਾਤ, ਜ਼ਾਤ ਅਜ਼ਾਤੀ ਆਪਣੀ ਧਾਰ ਰਖਾਈਆ । ਆਤਮ ਪਰਮਾਤਮ ਬੰਧਾਏ ਨਾਤ, ਸਾਚਾ ਨਾਤਾ ਜੋੜ ਜੁੜਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਸੁਣਾਏ ਗਾਥ, ਆਤਮ ਪਰਮਾਤਮ ਕਰੇ ਪੜ੍ਹਾਈਆ । ਈਸ਼ ਜੀਵ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਲੇਖਾ ਜਾਣੇ ਅਨਾਥੀ ਨਾਥ, ਨਾਥ ਅਨਾਥੀ ਵਡ ਵਡਿਆਈਆ । ਹਰਿ ਕਾ ਨਾਉਂ ਸਦਾ ਸਮਰਾਥ, ਸਮਰਥ ਪੁਰਖ ਆਪ ਪਰਗਟਾਈਆ । ਸਾਚੇ ਭਗਤਾਂ ਦੇਵੇ ਆਪਣੀ ਵਥ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਉਪਜਾਈਆ । ਏਕਾ ਨਾਉਂ ਆਤਮ ਪਰਮਾਤਮ ਨਿਰਗੁਣ ਸਰਗੁਣ ਧਾਰ, ਹੰ ਬ੍ਰਹਮ ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਗੁਰ ਗੁਰ ਲੈ ਅਵਤਾਰ, ਸ਼ਬਦੀ ਸ਼ਬਦ ਢੋਲਾ ਗਾਏ ਸੱਚਾ ਮਾਹੀਆ । ਪੁਰਖ ਪੁਰਖੋਤਮ ਏਕਾ ਤਾਰ, ਏਕਾ ਗੀਤ ਇਕ ਸੰਗੀਤ ਰਾਗ ਰੰਗ ਇਕ ਰਖਾਈਆ । ਸਚਖੰਡ ਨਿਵਾਸੀ ਵਸਣਹਾਰਾ ਧਾਮ ਨਿਆਰ, ਏਕੰਕਾਰ ਸਤਿ ਤਰਾਨਾ ਬੋਲ ਜੈਕਾਰ, ਜੈ ਜੈਕਾਰ ਆਪਣੇ ਨਾਉਂ ਸੁਣਾਈਆ । ਥਿਰ ਘਰ ਖੇਲ ਅਗੰਮ ਅਪਾਰ, ਤੰਦੀ ਤੰਦ ਨਾ ਕੋਇ ਸਤਾਰ, ਰਾਗੀ ਰਾਗ ਲਏ ਉਚਾਰ, ਢੋਲਕ ਛੈਣਾ ਸਾਜ ਨਾ ਕੋਇ ਵਜਾਈਆ । ਪੰਜ ਤਤ ਨਾ ਕੋਇ ਆਧਾਰ, ਮਨਮਤ ਬੁਧ ਨਾ ਕੋਇ ਵਿਚਾਰ, ਰਸਨਾ ਜਿਹਵਾ ਨਾ ਕੋਇ ਸ਼ਿੰਗਾਰ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਹਰਿ ਕਾ ਨਾਉਂ ਦੱਸੇ ਸਚ ਦਰਬਾਰ, ਵਰਨ ਬਰਨ ਨਾ ਕੋਇ ਆਧਾਰ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਇਕੋ ਨਾਮ ਪਰਗਟਾਈਆ । ਆਦਿ ਅੰਤ ਇਕੋ ਨਾਮ, ਹਰਿ ਹਰਿ ਆਪ ਪਰਗਟਾਇੰਦਾ । ਜੁਗਾ ਜੁਗੰਤਰ ਜਨ ਭਗਤਾਂ ਦੇਵੇ ਸਾਚਾ ਜਾਮ, ਅੰਮਿਉਂ ਰਸ ਆਪਣਾ ਨਾਮ ਪਿਆਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਦੇਵੇ ਸਤਿ ਪੈਗ਼ਾਮ, ਆਪਣੀ ਸਿਖਿਆ ਸਚ ਸਮਝਾਇੰਦਾ । ਨਿਹਕਰਮੀ ਕਰੇ ਕਰਾਏ ਸਾਚਾ ਕਾਮ, ਕਰਮ ਕਾਂਡ ਵੰਡ ਨਾ ਕੋਇ ਵੰਡਾਇੰਦਾ । ਸਰਗੁਣ ਨਿਰਗੁਣ ਦੇਵਣਹਾਰਾ ਦਾਨ, ਸਾਚਾ ਦਾਨ ਵਸਤ ਅਮੋਲਕ ਆਪ ਵਰਤਾਇੰਦਾ । ਜਗਤ ਨੇਤਰ ਨੈਣ ਦਿਸੇ ਨਾ ਕੋਇ ਨਿਸ਼ਾਨ, ਹਰਿ ਕਾ ਨਾਮ ਨਜ਼ਰ ਕਿਸੇ ਨਾ ਆਇੰਦਾ । ਜਗਤ ਜਿਹਵਾ ਬੱਤੀ ਦੰਦ ਜੀਵ ਜੰਤ ਸਾਰੇ ਗਾਣ, ਅੱਖਰ ਅੱਖਰ ਜੋੜ ਜੁੜਾਇੰਦਾ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਏਕਾ ਦੇਵੇ ਸਾਚਾ ਦਾਨ, ਆਤਮ ਅੰਤਰ ਨਾਮ ਨਿਧਾਨਾ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਏਕਾ ਹੱਟ ਰਖਾਇੰਦਾ । ਸਾਚਾ ਨਾਉਂ ਕਾਇਆ ਹੱਟ, ਡੂੰਘੀ ਕੰਦਰ ਆਪ ਰਖਾਈਆ ।

ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਸਨਾ ਜਿਹਵਾ ਮਣਕਾ ਮਣਕਾ ਮਾਲਾ ਰਹੇ ਰਟ, ਜਗਤ ਜੀਵਣ ਜੁਗਤ ਹੱਥ ਕਿਸੇ ਨਾ ਆਈਆ । ਨੌਂ ਨੌਂ ਚਾਰ ਚਾਰ ਚਾਰ ਕੁੰਟ ਰਹੇ ਨੱਠ, ਬਣ ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਫਿਰ ਫਿਰ ਥੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਨਜ਼ਰ ਕੋਇ ਨਾ ਪਾਈਆ । ਚਾਰ ਦੀਵਾਰੀ ਜਗਤ ਖੇੜਾ ਮੰਦਰ ਮਸਜਿਦ ਸ਼ਿਵਦੁਆਲਾ ਮੱਠ, ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਸਤਿ ਸਰੂਪੀ ਨਜ਼ਰ ਕਿਸੇ ਨਾ ਆਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਕਰ ਕੇ ਬੈਠੇ ਹਠ, ਧੂਣੀ ਤਾ ਤਾ ਅਗਨ ਤਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਨਾਉਂ ਸਾਚੇ ਮੰਦਰ ਬੈਠਾ ਰੱਖ, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਰ ਕਿਰਪਾ ਜਿਸ ਦੇਵੇ ਦੱਸ, ਸੋ ਜਨ ਖੋਜਣ ਬਨ ਕਦੇ ਨਾ ਜਾਈਆ । ਗ੍ਰਿਹਿ ਮੰਦਰ ਅੰਦਰ ਹੋਏ ਪ੍ਰਕਾਸ਼, ਪ੍ਰਕਾਸ਼ਵਾਨ ਆਪਣਾ ਨੂਰ ਧਰਾਈਆ । ਸੋ ਪੁਰਖ ਨਿਰੰਜਣ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਹੰ ਬ੍ਰਹਮ ਰੱਖੇ ਪਾਸ, ਆਤਮ ਪਰਮਾਤਮ ਹੋਏ ਨਾ ਕਦੇ ਨਿਰਾਸ, ਨਿਰਇਛਤ ਆਪਣਾ ਭੇਵ ਆਪ ਖੁਲ੍ਹਾਈਆ । ਸਾਚਾ ਰਾਮ ਸਾਚਾ ਨਾਮ ਸਾਚਾ ਕਾਮ ਸਾਚਾ ਸ਼ਾਮ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪਣੀ ਤਾਰ ਸਿਤਾਰ ਸਾਚੀ ਬੰਸਰੀ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਵਰਤਾਈਆ । ਏਕਾ ਨਾਮ ਸ੍ਰੀ ਭਗਵੰਤ, ਆਦਿ ਜੁਗਾਦਿ ਆਪ ਵਰਤਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਮਹਿਮਾ ਗਾਇਣ ਅਗਣਤ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਪੀਰ ਪੈਗ਼ੰਬਰ ਸਾਰੇ ਕਹਿਣ ਹਰਿ ਬੇਅੰਤ, ਬੇਐਬ ਪਰਵਰਦਿਗਾਰ ਹੱਥ ਕਿਸੇ ਨਾ ਆਇੰਦਾ । ਨਿਰਗੁਣ ਸਰਗੁਣ ਸਰਗੁਣ

੧੭

ਨਿਰਗੁਣ ਕਰ ਕਰ ਗਿਆਨਤ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਤੇਰਾ ਨਾਉਂ ਕੋਇ ਨਾ ਜਾਣੇ ਆਦਿ ਅੰਤ, ਬੇਅੰਤ ਤੇਰਾ ਭੇਵ ਕੋਇ ਨਾ ਪਾਇੰਦਾ । ਤੇਰੀ ਮਹਿਮਾ ਗਾ ਗਾ ਥੱਕੇ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ, ਸਤਿ ਕਹਿ ਕਹਿ ਸਰਬ ਸੀਸ ਝੁਕਾਇੰਦਾ । ਜੋਤੀ ਜੋਤ

੧੨

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦੇਵਣਹਾਰਾ ਵਰ, ਨਾਮ ਨਾਮਾ ਆਪ ਵਰਤਾਇੰਦਾ । ਨਾਮ ਨਾਮਾ ਵਸਤ ਅਮੋਲਕ, ਅਮੁਲ ਆਪ ਵਰਤਾਈਆ । ਗੁਰਮੁਖਾਂ ਰੱਖੇ ਕਾਇਆ ਗੋਲਕ, ਘਰ ਘਰ ਵਿਚ ਦਏ ਵਖਾਈਆ । ਅਨਹਦ ਨਾਦ ਅਨਾਦੀ ਵੱਜੇ ਢੋਲਕ, ਵਜਾਵਣਹਾਰਾ ਨਜ਼ਰ ਨਾ ਆਈਆ । ਨਾਦ ਸੁਣਾਏ ਬਿਨ ਰਸਨਾ ਜਿਹਵਾ ਅਣਬੋਲਤ, ਅਣਬੋਲਤ ਕਰੇ ਪੜ੍ਹਾਈਆ । ਏਕਾ ਨਾਮ ਵਖਾਏ ਅਡੋਲਤ, ਅਡੋਲ ਅਡੁੱਲ ਕਦੇ ਨਾ ਜਾਈਆ । ਸਚ ਦੁਆਰਾ ਸਾਚਾ ਖੋਜਤ, ਹਰਿ ਜੂ ਸਾਚਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਨਾਉਂ ਸਮਝਾਈਆ । ਆਦਿ ਅੰਤ ਏਕਾ ਨਾਮ, ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਨਿਰਗੁਣ ਕਹੇ ਸਤਿਨਾਮ, ਨਾਮ ਸਤਿ ਸਰਗੁਣ ਰੂਪ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਭਗਵਾਨ, ਭਗਵਨ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਆਪਣਾ ਨਾਮ ਆਪ ਪਰਗਟਾਇੰਦਾ । ਅੰਤਮ ਆਪਣਾ ਨਾਉਂ ਕਰ ਪਰਗਟ, ਪਰਮ ਪੁਰਖ ਖੇਲ ਖਲਾਈਆ । ਨਾਨਕ ਨਿਰਗੁਣ ਗਿਆ ਰਟ, ਰਸਨਾ ਜਿਹਵਾ ਸੋਹੰ ਢੋਲਾ ਗਾਈਆ । ਗੋਬਿੰਦ ਗੁਰ ਕਹੇ ਪੁਰਖ ਸਮਰਥ, ਪਿਤਾ ਪੂਤ ਵੇਸ ਵਟਾਈਆ । ਤੀਰ ਕਮਾਨ ਮੇਰਾ ਭੱਥਾ, ਸਾਚਾ ਚਿਲਾ ਸੋਹੰ ਨਾਉਂ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਜਸ,

ਆਤਮ ਪਰਮਾਤਮ ਏਕਾ ਘਰ ਵੱਜੇ ਵਧਾਈਆ । ਜੁਗ ਚੌਕੜੀ ਵੇਖਿਆ ਹੱਸ ਹੱਸ, ਕੋਟਨ ਕੋਟ ਨਾਉਂ ਧਰਾਈਆ । ਕਲਜੁਗ ਅੰਤਮ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਾਮ ਅਗੰਮੀ ਡੋਰੀ ਪਾਏ ਨੱਥ, ਨਜ਼ਰ ਕਿਸੇ ਨਾ ਆਈਆ । ਸਚ ਦੁਆਰੇ ਇਕ ਇਕੱਠ, ਸਚਖੰਡ ਨਿਵਾਸੀ ਆਪ ਕਰਾਈਆ । ਸਤਿਜੁਗ ਸਾਚਾ ਮਾਰਗ ਦੱਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਸੋਹੰ ਜਪਣਾ ਸਾਚਾ ਜਾਪ, ਜਾਪ ਆਪਣਾ ਨਾਉਂ ਵਖਾਈਆ । ਆਤਮ ਪਰਮਾਤਮ ਬਣਾਏ ਵਡ ਪਰਤਾਪ, ਵਡ ਪਰਤਾਪੀ ਹੋਏ ਸਹਾਈਆ । ਗੁਰਮੁਖ ਜਾਣੇ ਆਪਣਾ ਆਪ, ਹਰਿ ਜੂ ਆਪਾ ਬੂਝ ਬੁਝਾਈਆ । ਨਾਤਾ ਤੁਟੇ ਤ੍ਰੈਗੁਣ ਤਾਪ, ਅਗਨੀ ਤਤ ਨਾ ਕੋਇ ਜਲਾਈਆ । ਜਨਮ ਜਨਮ ਦਾ ਮਿਟੇ ਪਾਪ, ਕਰਮ ਕਰਮ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਜਿਉਂ ਪੂਤ ਮਾਈ ਬਾਪ, ਪੁਰਖ ਅਕਾਲ ਆਪਣੀ ਗੋਦ ਸੁਹਾਈਆ । ਈਸ਼ ਜੀਵ ਸੱਜਣ ਸਾਕ, ਸਗਲਾ ਸੰਗ ਆਪ ਰਖਾਈਆ । ਪਾਰਬ੍ਰਹਮ ਖੋਲ੍ਹੇ ਤਾਕ, ਨੂਰੀ ਜਲਵਾ ਦਏ ਦਰਸਾਈਆ । ਆਤਮ ਸੇਜਾ ਸਾਚੇ ਮੰਦਰ ਸੁਰਤੀ ਸ਼ਬਦ ਬੋਲੇ ਇਕ ਵਾਕ, ਸੋਹੰ ਢੋਲਾ ਸੱਚਾ ਗਾਈਆ । ਗੁਰਮੁਖ ਉਤਰੇ ਆਪਣੇ ਘਾਟ ਮੰਜਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਏਕਾ ਨਾਮ ਵਖਾਈਆ ।



ਏਕਾ ਨਾਉਂ ਹਰਿ ਕਾ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਏਕਾ ਧਾਮ ਸਚ ਪਲੰਘ, ਸਚ ਸਿੰਘਾਸਣ ਇਕ ਸੁਹਾਇੰਦਾ । ਏਕਾ ਨਾਉਂ ਇਕ ਮਰਦੰਗ, ਹਰਿ ਮਰਦੰਗਾ ਆਪ ਵਜਾਇੰਦਾ । ਏਕਾ ਸੂਰਬੀਰ ਸਰਬੰਗ, ਬਲਧਾਰੀ ਆਪਣਾ ਬਲ ਰਖਾਇੰਦਾ । ਏਕਾ ਘਟ ਘਟ ਅੰਦਰ ਜਾਏ ਲੰਘ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਏਕਾ ਕਰੇ ਖੰਡ ਖੰਡ, ਖੰਡਾ ਖੜਗ ਨਾਮ ਉਠਾਇੰਦਾ । ਏਕਾ ਵਸਣਹਾਰਾ ਵਿਚ ਬ੍ਰਹਿਮੰਡ, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਇੰਦਾ । ਏਕਾ ਗਾਵਣਹਾਰਾ ਛੰਦ, ਗੀਤ ਗੋਬਿੰਦ ਇਕ ਅਲਾਇੰਦਾ । ਏਕਾ ਜੁਗ ਚੌਕੜੀ ਮੇਟਣਹਾਰਾ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਏਕਾ ਜਨ ਭਗਤਾਂ ਦੇਵੇ ਸੱਚਾ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਏਕਾ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਦਇਆ ਕਮਾਇੰਦਾ । ਏਕਾ ਕਲਜੁਗ ਅੰਤਮ ਮੇਟੇ ਭੇਖ ਪਖੰਡ, ਕੂੜੀ ਕਿਰਿਆ ਧੱਕਾ ਲਾਇੰਦਾ । ਏਕਾ ਲੱਖ ਚੁਰਾਸੀ ਵੇਖੇ ਨਾਰ ਦੁਹਾਗਣ ਰੰਡ, ਨਵ ਨੌਂ ਆਪਣਾ ਫੇਰਾ ਪਾਇੰਦਾ । ਏਕਾ ਲਹਿਣਾ ਦੇਣਾ ਜਾਣੇ ਸੂਰਜ ਚੰਦ, ਆਦਿ ਜੁਗਾਦਿ ਜੁਗ ਜੁਗ ਆਪਣੇ ਹੁਕਮ ਫਿਰਾਇੰਦਾ । ਏਕਾ ਲੱਖ ਚੁਰਾਸੀ ਤੋੜਣਹਾਰਾ ਫੰਦ, ਫੰਦੀ ਆਪਣੀ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤਮ ਦੇਵੇ ਸੱਚਾ ਵਰ, ਆਪਣਾ ਨਾਉਂ ਆਪ ਸਮਝਾਇੰਦਾ । ਸਾਚਾ ਨਾਉਂ ਹੰ ਬ੍ਰਹਮ, ਸੋ ਪੁਰਖ ਨਿਰੰਜਣ ਆਪ ਜਣਾਈਆ । ਸੋ ਪੁਰਖ ਨਿਰੰਜਣ ਨਾ ਮਰੇ ਨਾ ਪਏ ਜੰਮ, ਹੰ ਬ੍ਰਹਮ ਜੀਵ ਜੰਤ ਆਪਣਾ ਖੇਲ ਵਖਾਈਆ । ਆਤਮ ਪਰਮਾਤਮ ਪਵਣ ਸਵਾਸੀ ਇਕੋ ਦਮ, ਏਕਾ ਰਸਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਕਰੇ ਸਚ ਪੜ੍ਹਾਈਆ ।

## ✳ ੨੪ ਚੇਤ ੨੦੧੯ ਬਿਕਰਮੀ ਜਰਨੈਲ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✳

ਨਵ ਨੌਂ ਚਾਰ ਖੇਲ ਮਹਾਨ, ਸੋ ਪੁਰਖ ਨਿਰੰਜਣ ਆਪਣਾ ਖੇਲ ਕਰਾਈਆ । ਤਖ਼ਤ ਨਿਵਾਸੀ ਵਡ ਮਿਹਰਵਾਨ, ਧੁਰ ਫ਼ਰਮਾਣਾ ਹੁਕਮ ਵਰਤਾਈਆ । ਬੋਧ ਅਗਾਧਾ ਇਕ ਗਿਆਨ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਸ਼ਬਦੀ ਸ਼ਬਦ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਖਾਈਆ । ਨਿਰਗੁਣ ਸਰਗੁਣ ਕਰ ਨਿਸ਼ਾਨ, ਰੂਪ ਅਨੂਪ ਆਪ ਵਟਾਈਆ । ਸਚ ਸੰਦੇਸ਼ਾ ਧੁਰ ਫ਼ਰਮਾਣ, ਸਤਿ ਸਤਿਵਾਦੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਖੇਲ ਕਰਾਈਆ । ਨਵ ਨੌਂ ਚਾਰ ਖੇਲ ਪੁਰਖ ਸਮਰਥ, ਸਤਿ ਸਤਿਵਾਦੀ ਆਪ ਕਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਸਾਚਾ ਮਾਰਗ ਦੱਸ, ਸਾਚਾ ਰਾਹ ਆਪ ਵਖਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਘਟ ਘਟ ਅੰਤਰ ਆਪੇ ਵਸ, ਨਿਰਗੁਣ ਨੂਰ ਨੂਰ ਡਗਮਗਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਕਰ ਕਰ ਵਸ, ਹੁਕਮੇ ਹੁਕਮ ਆਪ ਚਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਜਣਾਇੰਦਾ । ਸਾਚੀ ਖੇਲ ਹਰਿ ਨਿਰੰਕਾਰ, ਆਦਿ ਜੁਗਾਦਿ ਕਰਾਈਆ । ਧੁਰ ਫ਼ਰਮਾਣਾ ਬੋਲ ਜੈਕਾਰ, ਜੈ ਜੈਕਾਰ ਆਪੇ ਗਾਈਆ । ਨਿਰਗੁਣ ਸਰਗੁਣ ਦਏ ਆਧਾਰ, ਲੱਖ ਚੁਰਾਸੀ ਬੰਧਨ ਪਾਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਆਪ ਵਰਤਾਈਆ । ਨਾਉਂ ਨਿਰੰਕਾਰਾ ਕਰ ਉਜਿਆਰ, ਸਾਚਾ ਸੋਹਲਾ ਢੋਲਾ ਆਪੇ ਗਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਰੂਪ ਵਟਾਈਆ । ਮਹੱਲ ਅਟੱਲ ਉਚ ਮਨਾਰ, ਦਰ ਘਰ ਸਾਚਾ ਆਪ ਵਖਾਈਆ । ਬੋਧ ਅਗਾਧੀ ਸ਼ਬਦ ਧੁਨਕਾਰ, ਅਗੰਮੀ ਨਾਦ ਆਪ ਵਜਾਈਆ । ਵੇਖੇ ਵਿਗਸੇ ਵੇਖਣਹਾਰ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਸ਼ਾਹੋ ਭੂਪ ਰਾਜਨ ਰਾਜ, ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਈਆ । ਸਾਚੀ ਧਾਰਾ ਕਰਤਾ ਪੁਰਖ, ਕਰ ਕਰਨੀ ਆਪ ਚਲਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਕਰੇ ਪਰਖ, ਵਡ ਪਾਰਖੂ ਵੇਸ ਵਟਾਇੰਦਾ । ਦੀਨ ਦਿਆਲ ਠਾਕਰ ਸੁਆਮੀ ਬੋਧ ਅਗਾਧਾ ਸ਼ਬਦ ਅਨਾਦਾ ਆਪ ਬੁਝਾਏ ਆਪਣੀ ਹਰਸ, ਆਸਾ ਤ੍ਰਿਸ਼ਨਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰ ਕਰਤਾਰ, ਅਚਰਜ ਆਪਣਾ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਤ੍ਰੈ ਤ੍ਰੈ ਏਕਾ ਗੰਢ ਪੁਵਾਈਆ । ਪੰਚਮ ਪੰਚਮ ਕਰ ਪਿਆਰ, ਨਾਤਾ ਬਿਧਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਦੇ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਪਾਵੇ ਸਾਰ, ਪਰਮ ਪੁਰਖ ਵਡੀ ਵਡਿਆਈਆ । ਨਾਮ ਨਿਧਾਨਾ ਇਕ ਜੈਕਾਰ, ਬਿਨ ਰਸਨਾ ਜਿਹਵਾ ਗਾਈਆ । ਮਰਦ ਮਰਦਾਨਾ ਸਾਚੇ ਤਖ਼ਤ ਬਹੇ ਸੱਚੀ ਸਰਕਾਰ, ਧੁਰ ਫ਼ਰਮਾਣਾ ਇਕ ਜਣਾਈਆ । ਆਪਣੀ ਸੇਵਾ ਕਰੇ ਬਣ ਬਣ ਸੇਵਾਦਾਰ, ਗੁਰ ਗੁਰ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਸਾਚਾ ਖੇਲ ਪੁਰਖ ਅਕਾਲਾ, ਅਕਲ ਕਲ ਆਪ ਕਰਾਇੰਦਾ ।

ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਦਰਗਹਿ ਸਾਚੀ ਸੋਭਾ ਪਾਇੰਦਾ । ਨਿਰਗੁਣ ਸਰਗੁਣ ਕਰੇ ਖੇਲ ਨਿਰਾਲਾ, ਨਿਰਾਕਾਰ ਨਿਰਵੈਰ ਅਜੂਨੀ ਰਹਿਤ ਦਿਸ ਕਿਸੇ ਨਾ ਆਇੰਦਾ । ਗੁਰ ਅਵਤਾਰ ਨਾਮ ਅਪਾਰ ਇਕ ਵਖਾਏ ਸਾਚੀ ਮਾਲਾ, ਮਣਕਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਹਰਿ ਹਰਿ ਮੀਤਾ, ਏਕਾ ਏਕ ਚਲਾਈਆ । ਬੋਧ ਅਗਾਧੀ ਨਾਮ ਅਨਡੀਠਾ, ਲੋਕਮਾਤ ਮਾਤ ਪਰਗਟਾਈਆ । ਖਾਣੀ ਬਾਣੀ ਚਲਾਏ ਰੀਤਾ, ਨੀਤੀਵਾਨ ਵਡ ਵਡਿਆਈਆ । ਵਸਣਹਾਰਾ ਧਾਮ ਅਨਡੀਠਾ, ਲੋਕਮਾਤ ਵੇਖ ਵਖਾਈਆ । ਗੁਰ ਅਵਤਾਰ ਅੰਮ੍ਰਿਤ ਧਾਰਾ ਦੇਵੇ ਠਾਂਡਾ ਸੀਤਾ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਨਿਰੰਕਾਰ, ਆਦਿ ਪੁਰਖ ਆਪ ਲਗਾਇੰਦਾ । ਲੱਖ ਚੁਰਾਸੀ ਕਰ ਤਿਆਰ, ਖਾਣੀ ਬਾਣੀ ਆਪਣਾ ਹੁਕਮ ਵਰਤਾਇੰਦਾ । ਸੇਵਾ ਲਾ ਗੁਰ ਅਵਤਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਕਾਇਆ ਤਤ ਦੇ ਆਧਾਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਧੁਰ ਦੀ ਬਾਣੀ ਧੁਰ ਦੀ ਧਾਰ, ਸ਼ਬਦ ਅਨਾਦੀ ਬੋਲ ਜੈਕਾਰ, ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਦੀਆ ਬਾਤੀ ਕਮਲਾਪਾਤੀ ਖੋਲ੍ਹ ਤਾਕੀ ਸਾਚੀ ਹਾਟੀ ਕਰ ਉਜਿਆਰ, ਅੰਧ ਅੰਧੇਰਾ ਆਪ ਗਵਾਇੰਦਾ । ਬਣ ਸਾਕੀ ਲੇਖਾ ਜਣਾਏ ਖ਼ਾਕਨ ਖ਼ਾਕੀ, ਪਾਕਨ ਪਾਕੀ ਸਾਚਾ ਜਾਮ, ਅੰਮ੍ਰਿਤ ਰਸ ਆਪ ਚਖਾਇੰਦਾ । ਸਰਬ ਗੁਣਵੰਤਾ ਪੂਰਨ ਭਗਵੰਤਾ ਕਰੇ ਖੇਲ ਬੇਅੰਤ ਬੇਅੰਤਾ ਇਕ ਪਰਗਟਾਏ ਆਪਣਾ ਨਾਮ, ਨਾਮ ਅਨਾਮੀ ਆਪ ਵਡਿਆਇੰਦਾ । ਦਾਤਾ ਦਾਨੀ ਸ੍ਰੀ ਭਗਵਾਨ ਲੇਖਾ ਜਾਣੇ ਦੋ ਜਹਾਨ, ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਏਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਏਕੰਕਾਰ, ਆਪਣਾ ਆਪ ਆਪ ਜਣਾਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਬੰਧਨ ਪਾਈਆ । ਪੰਚਮ ਤਤ ਤਤ ਅਖਾੜ, ਪੰਚਮ ਖੇਲ ਕਰੇ ਅਪਾਰ, ਪੰਚਮ ਨਾਦ ਸ਼ਬਦ ਧੁਨਕਾਰ, ਪੰਚਮ ਸੁਹਾਏ ਮਹੱਲ ਅਟੱਲ ਮਨਾਰ, ਪੰਚਾਂ ਮੇਲੇ ਏਕਾ ਵਾਰ, ਸਾਚਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਪੁਰਖ ਅਬਿਨਾਸ਼, ਇਕ ਇਕੱਲਾ ਆਪ ਚਲਾਈਆ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਵਸਣਹਾਰਾ ਸਚਖੰਡ ਮਹੱਲਾ, ਦਰਗਹਿ ਸਾਚੀ ਬੈਠਾ ਆਸਣ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਸ੍ਰੀ ਭਗਵੰਤ ਫੜਾਏ ਪੱਲਾ, ਨਾਮ ਡੋਰੀ ਇਕ ਵਖਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਕਰੇ ਖੇਲ ਅਛਲ ਅਛੱਲਾ, ਜੁਗ ਕਰਤਾ ਵੇਸ ਅਨੇਕਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਹੁਕਮੀ ਹੁਕਮ ਕਰ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਧੁਰ ਫ਼ਰਮਾਣਾ ਹਰਿ ਸੰਦੇਸ਼ਾ, ਸਤਿ ਸਤਿਵਾਦੀ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਨਰ ਨਰੇਸ਼ਾ, ਆਪਣਾ ਹੁਕਮ ਵਰਤਾਇੰਦਾ । ਵਸਣਹਾਰਾ ਸਾਚੇ ਦੇਸਾ, ਦੇਸ ਦਸੰਤਰ ਖੇਲ ਕਰਾਇੰਦਾ । ਨਿਰਗੁਣ ਸਰਗੁਣ ਕਰ ਕਰ ਵੇਸਾ, ਗੁਰ ਗੁਰ ਰੂਪ ਵਟਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਜਾਣੇ ਪੇਸ਼ਾ, ਭੇਵ ਅਭੇਦਾ ਅਛਲ ਅਛੇਦਾ ਆਪਣਾ ਪਰਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਵਰਤਾਇੰਦਾ । ਧੁਰ ਫ਼ਰਮਾਣਾ ਏਕਾ ਵਾਰ, ਏਕਾ ਏਕ ਜਣਾਈਆ ।

ਜੁਗ ਚੌਕੜੀ ਵਿਚ ਸੰਸਾਰ, ਇਕ ਇਕ ਵੇਖ ਵਖਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਹੁਕਮੇ ਅੰਦਰ ਭਗਤ ਭਗਵੰਤ ਕਰਨ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਈਆ । ਹੁਕਮੇ ਅੰਦਰ ਸੰਤ ਸਾਜਣ ਮੰਗਣ ਬਣ ਭਿਖ਼ਾਰ, ਖ਼ਾਲੀ ਝੋਲੀ ਸਰਬ ਵਖਾਈਆ । ਹੁਕਮੇ ਅੰਦਰ ਗੁਰਮੁਖ ਕਰੇ ਦਰਸ ਦੀਦਾਰ, ਜਗਤ ਤ੍ਰਿਸ਼ਨਾ ਹਰਸ ਮਿਟਾਈਆ । ਹੁਕਮੇ ਅੰਦਰ ਗੁਰਸਿਖ ਖੋਲ੍ਹੇ ਬੰਦ ਕਿਵਾੜ, ਬੰਦ ਤਾਕੀ ਆਪੇ ਲਾਹੀਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰ, ਨੂਰ ਨੂਰ ਨੂਰ ਪਰਗਟਾਈਆ । ਹੁਕਮੇ ਅੰਦਰ ਵੇਦ ਚਾਰ, ਹੁਕਮੇ ਅੰਦਰ ਸ਼ਾਸਤਰ ਸਿਮਰਤ ਕਰੇ ਪਿਆਰ, ਹੁਕਮੇ ਅੰਦਰ ਆਪਣਾ ਭੇਵ ਆਪ ਖੁਲ੍ਹਾਈਆ । ਹੁਕਮੇ ਅੰਦਰ ਗੁਰ ਅਵਤਾਰ, ਹੁਕਮੇ ਅੰਦਰ ਪੀਰ ਪੈਗ਼ੰਬਰ ਕੱਢਣ ਵਗਾਰ, ਬਣ ਵਗਾਰੀ ਫੇਰਾ ਪਾਈਆ । ਹੁਕਮੇ ਅੰਦਰ ਅੰਜੀਲ ਕੁਰਾਨ, ਹੁਕਮੇ ਅੰਦਰ ਬੋਧ ਗਿਆਨ, ਹੁਕਮੇ ਅੰਦਰ ਨਾਮ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਜਣਾਈਆ । ਹੁਕਮੇ ਅੰਦਰ ਗੋਬਿੰਦ ਮੇਲਾ ਵਿਚ ਜਹਾਨ, ਕਰੇ ਖੇਲ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਸਾਚਾ ਖੇਲ ਅਪਰ ਅਪਾਰਾ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਜੁਗ ਚੌਕੜੀ ਕਰ ਪਸਾਰਾ, ਨਿਤ ਨਵਿਤ ਵੇਖ ਵਖਾਇੰਦਾ । ਗੁਰੂ ਅਵਤਾਰ ਭਗਤ ਭਗਵੰਤ ਦੇਂਦਾ ਰਿਹਾ ਸਹਾਰਾ, ਸਮਰਥ ਪੁਰਖ ਚਰਨ ਧਿਆਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕੋਟਨ ਰੂਪ ਅਨੂਪ ਵਟਾਇੰਦਾ । ਜੁਗ ਜੁਗ ਖੇਲ ਪੁਰਖ ਅਗੰਮ , ਅਗੰਮੜਾ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਬੰਨ੍ਹ, ਲੋਕਮਾਤ ਪਾਰ ਕਰਾਇੰਦਾ । ਗੁਰ ਅਵਤਾਰ ਬਣ ਬਣ ਜਨਨੀ ਜਨ, ਗੋਦੀ ਗੋਦ ਸੁਹਾਇੰਦਾ । ਲੇਖਾ ਜਾਣ ਪੰਜ ਤਤ ਤਨ, ਤਨ ਮੰਦਰ ਡੇਰਾ ਲਾਇੰਦਾ । ਵਸਤ ਅਮੋਲਕ ਏਕਾ ਧਨ, ਨਾਮ ਨਿਧਾਨਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਜਣਾਇੰਦਾ । ਸਾਚੀ ਸੇਵਾ ਚਾਰ ਜੁਗ, ਜੁਗ ਕਰਤਾ ਆਪ ਜਣਾਈਆ । ਕਰਦਾ ਰਿਹਾ ਖੇਲ ਲੁਕ ਲੁਕ, ਜ਼ਾਹਰ ਜ਼ਹੂਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਗੋਦੀ ਚੁੱਕ, ਬਿਨ ਡਿਠਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਬੰਧਨ ਪਾਈਆ । ਜੁਗ ਚੌਕੜੀ ਗਏ ਬੀਤ, ਹਰਿ ਸਤਿਗੁਰ ਆਪ ਬਿਤਾਈਆ । ਆਪ ਬੈਠਾ ਰਿਹਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੁਗ ਜੁਗ ਚਲੌਂਦਾ ਰਿਹਾ ਰੀਤ, ਪੀਰ ਪੈਗ਼ੰਬਰ ਗੁਰ ਅਵਤਾਰ ਮਾਤ ਪਰਗਟਾਈਆ । ਲੱਖ ਚੁਰਾਸੀ ਪਰਖਦਾ ਰਿਹਾ ਨੀਤ, ਨੀਤੀਵਾਨ ਆਪ ਹੋ ਜਾਈਆ । ਭਗਤਾਂ ਦੱਸਦਾ ਰਿਹਾ ਸਚ ਪ੍ਰੀਤ, ਪ੍ਰੇਮ ਫੰਦਨ ਏਕਾ ਪਾਈਆ । ਠਗੌਰੀ ਕਰਦਾ ਰਿਹਾ ਮੰਦਰ ਮੱਠ ਸ਼ਿਵਦੁਆਲਾ ਮਸੀਤ, ਚਾਰ ਦੀਵਾਰ ਬੰਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਰੀਤੀ ਆਪ ਚਲਾਈਆ । ਜਗਤ ਰੀਤੀ ਵਿਚ ਸੰਸਾਰ, ਜੁਗ ਕਰਤਾ ਆਪ ਚਲਾਇੰਦਾ । ਕੋਟਨ ਕੋਟ ਨਾਉਂ ਕਰ ਉਜਿਆਰ, ਰਸਨਾ ਜਿਹਵਾ ਜਗਤ ਸੁਣਾਇੰਦਾ । ਕੋਟਨ ਕੋਟ ਇਸ਼ਟ ਅਪਾਰ, ਅਪਰੰਪਰ ਭੇਵ ਰਖਾਇੰਦਾ । ਕੋਟਨ ਕੋਟ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਪਣਾ ਭੇਵ ਰੱਖੇ ਹੱਥ, ਭੇਵ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਦੇਵੇ ਮੱਥ, ਮਥਣਹਾਰਾ ਇਕ ਅਖਵਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ

ਬਾਣੀ ਸੁਣੌਂਦਾ ਰਿਹਾ ਗਾਥ, ਆਪਣਾ ਅੱਖਰ ਕਰ ਪੜ੍ਹਾਈਆ । ਨਿਰਗੁਣ ਸਰਗੁਣ ਨਿਤ ਨਵਿਤ ਕਰ ਕਰ ਹਿੱਤ ਦੇਂਦਾ ਰਿਹਾ ਸਾਥ, ਲੋਕਮਾਤ ਸੰਗ ਨਿਭਾਈਆ । ਜੁਗ ਚੌਕੜੀ ਵੰਡਣ ਵੰਡਦਾ ਰਿਹਾ ਜ਼ਾਤ ਪਾਤ, ਵਰਨ ਗੋਤ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖਦਾ ਰਿਹਾ ਕਲਮ ਦਵਾਤ, ਲਿਖ ਲਿਖ ਲੇਖਾ ਜਗਤ ਧਰਾਈਆ । ਪੁਰਖ ਅਬਿਨਾਸ਼ੀ ਦੂਰ ਦੁਰਾਡਾ ਤਖ਼ਤ ਨਿਵਾਸੀ ਵੇਂਹਦਾ ਰਿਹਾ ਮਾਰ ਝਾਤ, ਆਪਣੀ ਝਾਕੀ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਆਦਿ ਜੁਗਾਦਿ, ਹਰਿ ਕਰਤਾ ਆਪ ਚਲਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਵੱਜੇ ਨਾਦ, ਤੁਰਯਾ ਰਾਗ ਆਪ ਅਲਾਇੰਦਾ । ਆਪੇ ਹੋਏ ਰਹੇ ਵਿਸਮਾਦ, ਬਿਸਮਿਲ ਆਪਣੀ ਧਾਰ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਲੱਖ ਚੁਰਾਸੀ ਵੇਖਣਹਾਰਾ ਖੇਲ ਤਮਾਸ਼, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪਾਰ ਕਰਾਇੰਦਾ । ਜੁਗ ਚੌਕੜੀ ਜਾਏ ਲੰਘ, ਥਿਰ ਕੋਇ ਰਹਿਣ ਨਾ ਪਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚਖੰਡ ਸੁੱਤਾ ਰਹੇ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਨਾਉਂ ਨਿਰੰਕਾਰਾ ਵੱਜਦਾ ਰਹੇ ਮਰਦੰਗ, ਆਦਿ ਜੁਗਾਦਿ ਕਰੇ ਸ਼ਨਵਾਈਆ । ਗ੍ਰਹਿ ਮੰਦਰ ਅੰਦਰ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਗੀਤ ਸੁਹਾਗੀ ਸਾਚਾ ਛੰਦ, ਜੁਗ ਜੁਗ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੨੨ ਕਰ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸੇਵਾ ਲਾਈਆ । ਸਾਚੀ ਸੇਵਾ ਡੂੰਘਾ ਖਾਤ, ਭੇਵ ਕੋਇ ਨਾ ਪਾਇੰਦਾ । ਦੋ ਜਹਾਨਾਂ ੨੨
੧੨ ਵੇਖਣ ਮਾਰ ਝਾਤ, ਹਰਿ ਕਾ ਅੰਤ ਨਜ਼ਰ ਕਿਸੇ ਨਾ ਆਇੰਦਾ । ਬਣ ਭਿਖਾਰੀ ਮੰਗਦੇ ਰਹੇ ਦਾਤ, ਦਾਤਾ ਦਾਨੀ ਝੋਲੀ ਆਪ ਭਰਾਇੰਦਾ । ਹੁਕਮੇ ੧੨
ਅੰਦਰ ਗਾ ਗਾ ਗਏ ਗਾਥ, ਆਪਣਾ ਰਾਗ ਨਾ ਕੋਇ ਸੁਣਾਇੰਦਾ । ਨਿਉਂ ਨਿਉਂ ਟੇਕਦੇ ਗਏ ਮਾਥ, ਸਯਦਾ ਸੀਸ ਸਰਬ ਝੁਕਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖ ਕੇ ਗਏ ਆਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਨਵ ਨੌਂ ਚਾਰ ਰੱਖੀ ਆਸ, ਗੁਰ ਅਵਤਾਰ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਤੇਰੇ ਮਿਲਣ ਦੀ ਇਕ ਪਿਆਸ, ਦੂਜੀ ਤ੍ਰਿਸ਼ਨਾ ਨਾ ਕੋਇ ਰਖਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਭੇਵ ਕੋਇ ਨਾ ਪਾਈਆ । ਬਣ ਬਰਦੇ ਤੇਰੇ ਦਾਸ, ਤੇਰੀ ਸੇਵਾ ਮਾਤ ਕਮਾਈਆ । ਅੰਤਮ ਇਕੋ ਇਕ ਅਰਦਾਸ, ਦੋਏ ਜੋੜ ਪਏ ਸਰਨਾਈਆ । ਅਸੀਂ ਪਰਗਟੇ ਤੇਰੀ ਸ਼ਾਖ਼, ਪਤ ਡਾਲ੍ਹੀ ਮਾਤ ਮਹਿਕਾਈਆ । ਤੂੰ ਅੰਤਮ ਬਣਨਾ ਰਾਖ, ਰਾਖੀ ਤੇਰੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਰਿਹਾ ਸਮਝਾਈਆ । ਆਦਿ ਪੁਰਖ ਏਕਾ ਬਾਤ, ਬਿਨ ਅੱਖਰ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਣਾ ਯਾਦ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਦਿਵਸ ਰੈਣ ਗੌਣੀ ਗਾਥ, ਸਾਚਾ ਹੁਕਮ ਆਪ ਵਰਤਾਇੰਦਾ । ਕਰੇ ਖੇਲ ਬੌਹ ਬਿਧ ਭਾਂਤ, ਅਨਭਵ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਏਕੰਕਾਰ, ਏਕਾ ਏਕ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਭ ਮੰਗਦੇ ਰਹਿਣ ਬਣ ਭਿਖਾਰ, ਭਿਖਕ

ਆਪਣੀ ਦਇਆ ਆਪ ਕਮਾਈਆ । ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਕੰਦਰ ਜੰਗਲ ਜੂਹ ਫਿਰਦੇ ਰਹਿਣ ਉਜਾੜ ਪਹਾੜ, ਦਰ ਦਰ ਫੇਰਾ ਪਾਈਆ । ਅੰਦਰ ਵੜ ਵੜ ਕੱਢਦੇ ਰਹਿਣ ਹਾੜ, ਮਸਤਕ ਟਿੱਕਾ ਧੂੜੀ ਲਾ ਲਾ ਛਾਹੀਆ । ਨਿਉਂ ਨਿਉਂ ਕਰਦੇ ਰਹਿਣ ਨਿਮਸਕਾਰ, ਨੇਤਰ ਨੈਣ ਨੈਣ ਸ਼ਰਮਾਈਆ । ਉਚੀ ਕੂਕ ਕੂਕ ਕਰਦੇ ਰਹਿਣ ਪੁਕਾਰ, ਪ੍ਰਭ ਮਿਲੇ ਸੱਚਾ ਮਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰਮੁਖ ਵਿਰਲੇ ਲਏ ਉਭਾਰ, ਅੱਠ ਦਸ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਆਪ ਰਖਾਈਆ । ਨਵ ਨੌਂ ਚਾਰ ਸਾਚਾ ਗੇੜਾ, ਹਰਿ ਹਰਿ ਆਪ ਚਲਾਇੰਦਾ । ਖਾਣੀ ਬਾਣੀ ਵੇਦ ਪੁਰਾਨੀ ਰੱਖੇ ਝੇੜਾ, ਵਰਨ ਬਰਨ ਵੰਡ ਵੰਡਾਇੰਦਾ । ਅੰਤਮ ਕਰੇ ਹੱਕ ਨਬੇੜਾ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਹਰਿ ਕਾ ਹੁਕਮ ਮੇਟੇ ਕਿਹੜਾ, ਮੇਟਣਹਾਰ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਸ੍ਰੀ ਭਗਵਾਨ, ਕਲਜੁਗ ਅੰਤ ਜਣਾਈਆ । ਗੁਰ ਅਵਤਾਰ ਆਪਣਾ ਦਿਓ ਸਰਬ ਬਿਆਨ, ਨਾਮ ਬਿਆਨਾ ਇਕ ਰਖਾਈਆ । ਜਿਸ ਦਾ ਰੱਖਦੇ ਆਏ ਧਿਆਨ, ਨਿਜ ਆਤਮ ਧਿਆਨ ਲਗਾਈਆ । ਜਿਸ ਨੂੰ ਮੰਨਦੇ ਆਏ ਭਗਵਾਨ, ਨਿਰਗੁਣ ਸਚਖੰਡ ਵਸੇ ਸਾਚਾ ਮਾਹੀਆ । ਜਿਸ ਦੇ ਉਤੇ ਰੱਖਦੇ ਆਏ ਈਮਾਨ, ਕਲਮਾ ਕਾਇਨਾਤ ਪੜ੍ਹਾਈਆ । ਜਿਸ ਨੂੰ ਸਯਦਾ ਸੀਸ ਕਰਦੇ ਰਹੇ ਸਲਾਮ, ਸਹੀ ਸਲਾਮਤ ਫੇਰਾ ਪਾਈਆ । ਜਿਸ ਨੂੰ ਮੰਨਦੇ ਰਹੇ ਵਡ ਅਮਾਮ, ਸੋ ਪਰਵਰਦਿਗਾਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਹਰਿ ਭਗਵੰਤ, ਆਪਣਾ ਆਪ ਜਣਾਇੰਦਾ । ਕਲਜੁਗ ਵੇਲਾ ਆਏ ਅੰਤ, ਨਿਰਗੁਣ ਵੇਸ ਵਟਾਇੰਦਾ । ਲੱਖ ਚੁਰਾਸੀ ਵੇਖੇ ਜੀਵ ਜੰਤ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਸੁਰਤੀ ਸ਼ਬਦੀ ਮੇਲਾ ਨਾਰੀ ਕੰਤ, ਕਰ ਕਿਰਪਾ ਆਪ ਕਰਾਇੰਦਾ । ਦੀਨ ਦਿਆਲ ਠਾਕਰ ਸਵਾਮੀ ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਵੇਖ ਵਖਾਇੰਦਾ । ਏਕਾ ਨਾਮ ਜਣਾਏ ਸਾਚਾ ਮੰਤ, ਮੰਤਰ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਤਿਗੁਰ ਆਪ ਜਣਾਈਆ । ਗੁਰ ਅਵਤਾਰਾਂ ਪੰਧ ਮੁਕੌਣਾ, ਪੀਰ ਪੈਗ਼ੰਬਰ ਲਹਿਣਾ ਝੋਲੀ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਖੇਲ ਆਪ ਰਚੌਣਾ, ਰਚ ਰਚ ਵੇਖੇ ਸੱਚਾ ਮਾਹੀਆ । ਸਾਚਾ ਮਾਰਗ ਆਪੇ ਲੌਣਾ, ਭੇਵ ਕੋਇ ਨਾ ਪਾਈਆ । ਜਨ ਭਗਤਾਂ ਨਾਮ ਆਪੇ ਗੌਣਾ, ਭਗਵਨ ਭਗਤ ਮੁਖ ਸਾਲਾਹੀਆ । ਦਰ ਦਰ ਘਰ ਘਰ ਫੇਰਾ ਪੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰਾਹ ਆਪ ਚਲਾਈਆ । ਕਲਜੁਗ ਅੰਤਮ ਸੱਚਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਗੁਰ ਪੀਰ ਅਵਤਾਰ ਨਾਲ ਰਖਾਏ ਗਵਾਹ, ਬਿਆਨ ਕਲਮਬੰਦ ਕਰਾਇੰਦਾ । ਅੰਤਮ ਕੋਈ ਨਾ ਕਰੇ ਨਾ, ਲੇਖਾ ਸਭ ਦਾ ਆਪਣੇ ਹੱਥ ਰਖਾਇੰਦਾ । ਵੇਖ ਵਖਾਏ ਥਾਉਂ ਥਾਂ, ਥਾਨ ਥਨੰਤਰ ਡੇਰਾ ਲਾਇੰਦਾ । ਕਰੇ ਖੇਲ ਬੇਪਰਵਾਹ, ਭੇਵ ਅਭੇਦ ਆਪ ਖੁਲ੍ਹਾਇੰਦਾ । ਗੁਰਮੁਖ ਸਾਚੇ ਲਏ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਜਨਮ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਆਪ ਧੁਵਾਇੰਦਾ । ਆਪਣੀ ਗੋਦੀ ਲਏ ਬਹਾ, ਸਿਰ ਆਪਣਾ ਹੱਥ ਰਖਾਇੰਦਾ । ਬੋਧ ਅਗਾਧੀ

ਸ਼ਬਦ ਜਣਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਰਖਾਇੰਦਾ । ਸਾਚੀ ਰੀਤੀ ਚਲਾਏ ਜਗ, ਜਗ ਜੀਵਣ ਦਾਤਾ ਦਇਆ ਕਮਾਈਆ । ਪਰਗਟ ਹੋ ਸੂਰਾ ਸਰਬੱਗ, ਬਲ ਆਪਣਾ ਆਪ ਰਖਾਈਆ । ਇਕ ਬਣਾਏ ਸਾਚੀ ਯਦ, ਵਿਸ਼ਵ ਆਪਣਾ ਰੂਪ ਵਖਾਈਆ । ਕਲ ਕਲੇਸ਼ ਪਾਰ ਕਿਨਾਰਾ ਹੱਦ, ਹਦੂਦ ਅਰਬਾ ਆਪਣਾ ਆਪ ਵਖਾਈਆ । ਇਕ ਵਜਾਏ ਅਗੰਮੀ ਨੱਦ, ਅਨਹਦ ਰਾਗੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤ ਕੰਤ ਭਗਵੰਤ ਏਕਾ ਘਰ ਵਸਾਈਆ । ਵਸੇ ਘਰ ਸ੍ਰੀ ਭਗਵਾਨ, ਨਿਰਗੁਣ ਨਿਰਗੁਣ ਰੂਪ ਵਟਾਇੰਦਾ । ਲੋਕਮਾਤ ਹੋ ਪਰਧਾਨ, ਦੋ ਜਹਾਨਾਂ ਵੇਖ ਵਖਾਇੰਦਾ । ਗੁਰ ਅਵਤਾਰਾਂ ਲਏ ਬਿਆਨ, ਪਰਚਾ ਆਪਣੇ ਹੱਥ ਰਖਾਇੰਦਾ । ਭਗਤ ਭਗਵੰਤ ਸਚ ਨਿਸ਼ਾਨ, ਲੋਕਮਾਤ ਝੁਲਾਇੰਦਾ । ਭਗਤਾਂ ਪਿਛੇ ਆਪਣਾ ਆਪ ਤਜਿਆ ਵਿਚ ਜਹਾਨ, ਨਿਰਗੁਣ ਹੋ ਕੇ ਸਰਗੁਣ ਅੰਦਰ ਡੇਰਾ ਲਾਇੰਦਾ । ਜੀਵ ਜੰਤ ਨਾ ਸਕੇ ਕੋਇ ਪਹਿਚਾਨ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਸਾਚਾ ਨਾਉਂ ਇਕ ਵਖਾਣ, ਜੋਗ ਅਭਿਆਸ ਪੰਧ ਮੁਕਾਇੰਦਾ । ਤੀਰਥ ਤੱਟ ਨਾ ਕੋਇ ਅਸ਼ਨਾਨ, ਅਠਸਠ ਰਾਹ ਨਾ ਕੋਇ ਤਕਾਇੰਦਾ । ਕਿਰਪਾਨਿਧ ਕਿਰਪਾ ਕਰੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਧੁਰ ਦੀ ਬਾਣੀ ਧੁਰ ਫ਼ਰਮਾਣ, ਧੁਰ ਸੰਦੇਸ਼ਾ ਇਕ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਹਰਿ ਜੂ ਕੀ ਖੇਲ ਵਰਤਾਇੰਦਾ । ਭਗਤ ਸੁਣਨ ਲਾ ਲਾ ਕਾਨ, ਕਵਣ ਨਾਮ ਹਰਿ ਦ੍ਰਿੜਾਇੰਦਾ । ਗੁਰ ਅਵਤਾਰ ਖ਼ੁਸ਼ੀ ਮਨਾਣ, ਪੁਰਖ ਅਬਿਨਾਸ਼ੀ ਆਪਣਾ ਖੇਲ ਕਰਾਇੰਦਾ । ਏਕਾ ਨਾਉਂ ਦੱਸ ਵਿਚ ਜਹਾਨ, ਦੋ ਜਹਾਨਾਂ ਰਾਹ ਵਖਾਇੰਦਾ । ਆਤਮ ਪਰਮਾਤਮ ਦੇਵੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਬ੍ਰਹਮ ਪਾਰਬ੍ਰਹਮ ਕਰੇ ਕਲਿਆਣ, ਸਿਰ ਆਪਣਾ ਹੱਥ ਟਿਕਾਇੰਦਾ । ਈਸ਼ ਜੀਵ ਦੇਵੇ ਦਾਨ, ਜਗਦੀਸ਼ ਝੋਲੀ ਪਾਇੰਦਾ । ਸੁਰਤੀ ਸ਼ਬਦੀ ਮੇਲਾ ਗੋਪੀ ਕਾਹਨ, ਘਰ ਮੰਡਲ ਰਾਸ ਰਚਾਇੰਦਾ । ਆਤਮ ਸੇਜਾ ਕਰ ਪਰਵਾਨ, ਸੇਜ ਸੁਹੰਜਣੀ ਸੋਭਾ ਪਾਇੰਦਾ । ਸਤਿਗੁਰ ਰੂਪ ਸਦਾ ਬਲਵਾਨ, ਬਿਰਧ ਬਾਲ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਏਕਾ ਘਰ, ਗ੍ਰਿਹ ਮੰਦਰ ਆਪ ਕਰਾਈਆ । ਗੁਰਮੁਖ ਮੇਲਾ ਨਾਰੀ ਨਰ, ਨਰ ਨਰਾਇਣ ਵੇਖ ਵਖਾਈਆ । ਸੰਤ ਸੁਹੇਲੇ ਆਪੇ ਫੜ, ਆਪਣਾ ਬੰਧਨ ਪਾਈਆ । ਗੁਰਮੁਖ ਸੇਜਾ ਆਪੇ ਚੜ੍ਹ, ਆਪਣੀ ਖ਼ੁਸ਼ੀ ਮਨਾਈਆ । ਨਾ ਕੋਇ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਬੈਠੇ ਰਹਿਣ ਦਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਰਹੇ ਡਰ, ਸੀਸ ਸਕੇ ਨਾ ਕੋਇ ਉਠਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ ਕਲਜੁਗ ਅੰਤਮ ਵੇਸ ਕਰ, ਨਿਹਕਲੰਕਾ ਨਾਉਂ ਰਖਾਈਆ । ਭਗਤ ਭਗਵਾਨ ਦੇਵੇ ਸਾਚਾ ਵਰ, ਬਿਨ ਮੰਗਿਆਂ ਝੋਲੀ ਪਾਈਆ । ਨਿਰਭੌ ਚੁਕਾਏ ਜਗਤ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਜਗਤ ਜੁਗ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਂਹਦਾ ਰਿਹਾ ਲੁਕ ਲੁਕ, ਆਪਣਾ ਮੁਖ ਨਾ ਕਿਸੇ ਵਖਾਇੰਦਾ । ਕਲਜੁਗ ਅੰਤਮ ਨਰ ਨਰੇਸ਼ ਸ਼ੇਰ ਹੋ ਕੇ ਰਿਹਾ ਬੁੱਕ, ਏਕਾ ਭਬਕ

ਨਾਮ ਲਗਾਇੰਦਾ । ਨਿਰਗੁਣ ਧਾਰੋਂ ਨਿਰਗੁਣ ਪਿਆ ਉਠ, ਮਾਤ ਪਿਤ ਨਾ ਕੋਇ ਬਣਾਇੰਦਾ । ਆਪੇ ਚੜ੍ਹ ਕੇ ਬੈਠਾ ਸਾਚੀ ਚੋਟ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਬਣਾਏ ਕਿਲਾ ਕੋਟ, ਸੰਬਲ ਆਪਣਾ ਡੇਰਾ ਲਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਏਕ ਜਣਾਇੰਦਾ । ਸਾਚਾ ਮਾਰਗ ਚਾਰ ਵਰਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਨੇਤਰ ਖੁਲ੍ਹੇ ਹਰਨ ਫਰਨ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਸਤਿਗੁਰ ਪੂਰਾ ਤਾਰਨਹਾਰਾ ਗੁਰਸਿਖ ਤਰਨੀ ਤਰਨ, ਜਗਤ ਕਿਨਾਰਾ ਪਾਰ ਕਰਾਈਆ । ਸਚਖੰਡ ਦੁਆਰੇ ਸਾਚੇ ਵੜਨ, ਬਹਿ ਬਹਿ ਆਪਣੀ ਖ਼ੁਸ਼ੀ ਮਨਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਖਰ ਏਕੋ ਪੜ੍ਹਨ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ, ਵੇਖਣ ਚਾਈਂ ਚਾਈਂਆ । ਜੋਤ ਲਲਾਟੀ ਮਸਤਕ ਟਿੱਕਾ ਕੌਸਤਕ ਮਣੀਆਂ ਆਪੇ ਜੜਨ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਨਾਉਂ ਇਕ ਸਮਝਾਈਆ । ਸਾਚਾ ਨਾਉਂ ਆਤਮ ਪਰਮਾਤਮ, ਪਰਮ ਪੁਰਖ ਆਪ ਜਣਾਇੰਦਾ । ਲੇਖਾ ਜਾਣੇ ਜ਼ਾਹਰ ਬਾਤਨ, ਗੁਪਤ ਆਪਣਾ ਰੰਗ ਰੰਗਾਇੰਦਾ । ਭੇਵ ਖੁਲ੍ਹਾਏ ਪ੍ਰਿਥਮੀ ਆਕਾਸ਼ਨ, ਗਗਨ ਪਾਤਾਲਾਂ ਡੇਰਾ ਲਾਇੰਦਾ । ਲਹਿਣਾ ਦੇਣਾ ਜਾਣੇ ਪਵਣ ਸਵਾਸਣ, ਪਵਣ ਪਵਣਾਂ ਵਿਚ ਸਮਾਇੰਦਾ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਬਣਿਆ ਦਾਸੀ ਦਾਸਨ, ਬਣ ਸੇਵਕ ਸੇਵ ਕਮਾਇੰਦਾ । ਗੁਰਮੁਖਾਂ ਪੂਰੀ ਕਰੇ ਆਸਣ, ਆਪਣੀ ਆਸਾ ਆਪੇ ਪੂਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲਾ ਪੁਰਖ ਅਬਿਨਾਸ਼ਣ, ਜਨਮ ਮਰਨ ਮਰਨ ਜਨਮ ਵਿਚ ਕਦੇ ਨਾ ਆਇੰਦਾ ।



✳ ੨੫ ਚੇਤ ੨੦੧੯ ਬਿਕਰਮੀ ਨਛੱਤਰ ਸਿੰਘ ਦੇ ਗ੍ਰਿਹ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✳

ਆਪਣੀ ਕਰਨੀ ਰਿਹਾ ਕਰ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਰੂਪ ਨਿਰਗੁਣ ਧਰ, ਨਿਰਗੁਣ ਨਿਰਾਕਾਰ ਖੇਲ ਕਰਾਈਆ । ਜੋਤੀ ਨੂਰ ਜੋਤ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਦੋ ਜਹਾਨਾਂ ਪਾਵੇ ਸਾਰ, ਸਾਹਿਬ ਸੁਲਤਾਨ ਬੇਪਰਵਾਹੀਆ । ਜੁਗ ਚੌਕੜੀ ਲਹਿਣਾ ਦਏ ਉਤਾਰ, ਦੇਣਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਕਰਨ ਵਿਚਾਰ, ਹਰਿ ਵਿਚਾਰ ਵਿਚ ਕਿਸੇ ਨਾ ਆਈਆ । ਭਗਤ ਮੰਗਣ ਦਰ ਦਵਾਰ, ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਅੰਤ ਨਾ ਪਾਰਾਵਾਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਐਸੀ ਕਰਨੀ ਕਰੇ ਕਰਤਾਰ, ਭੇਵ ਕੋਇ ਨਾ ਪਾਇੰਦਾ । ਵੇਦ ਸ਼ਾਸਤਰ ਗਏ ਹਾਰ, ਹਰਿ ਕਾ ਪੰਧ ਨਾ ਕੋਇ ਮੁਕਾਇੰਦਾ । ਲਿਖ ਲਿਖ ਥੱਕ ਗਏ ਲਿਖਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਅੰਤ ਪਾ ਪਾ ਥੱਕੇ ਗੁਰ ਅਵਤਾਰ, ਬੇਅੰਤ ਭੇਵ ਨਾ ਕੋਇ ਜਣਾਇੰਦਾ । ਭਗਤ ਚੜ੍ਹ ਚੜ੍ਹ ਥੱਕੇ ਮਹੱਲ ਮਨਾਰ, ਕਿਨਾਰਾ ਪਾਰ ਨਾ ਕੋਇ ਕਰਾਇੰਦਾ । ਸੰਤ ਲਾ ਲਾ ਧੂੜੀ ਛਾਰ, ਖ਼ਾਕੀ ਖ਼ਾਕ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਕਵਣ ਕਰਨੀ

ਕਰੇ ਹਰਿ, ਭੇਵ ਕਿਸੇ ਨਾ ਆਈਆ । ਜੁਗਾ ਜੁਗੰਤਰ ਖੇਲ ਕਰ, ਜੁਗ ਕਰਤਾ ਵੇਖ ਵਖਾਈਆ । ਲੱਖ ਚੁਰਾਸੀ ਅੰਦਰ ਵੜ, ਘਟ ਘਟ ਡੇਰਾ ਲਾਈਆ । ਭਗਤ ਭਗਵੰਤ ਆਪੇ ਫੜ, ਜੁਗ ਜੁਗ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਫੜਾਏ ਲੜ, ਪੱਲੂ ਏਕਾ ਨਾਮ ਵਖਾਈਆ । ਸਚ ਨੁਹਾਏ ਸਾਚੇ ਸਰ, ਸਰੋਵਰ ਏਕਾ ਇਕ ਪਰਗਟਾਈਆ । ਨਿਰਭੌ ਚੁਕਾਏ ਭੈ ਡਰ, ਭੈ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਸ੍ਰੀ ਭਗਵੰਤ, ਆਦਿ ਜੁਗਾਦਿ ਕਰਾਇੰਦਾ । ਤ੍ਰੈਗੁਣ ਮਾਇਆ ਪਾ ਬੇਅੰਤ, ਲੱਖ ਚੁਰਾਸੀ ਆਪ ਭੁਲਾਇੰਦਾ । ਭੇਵ ਅਭੇਦਾ ਜੀਵ ਜੰਤ, ਜੀਵਣ ਦਾਤਾ ਪਰਦਾ ਨਾ ਕਿਸੇ ਉਠਾਇੰਦਾ । ਲੇਖਾ ਜਾਣ ਆਦਿ ਅੰਤ, ਮਧ ਆਪਣਾ ਹੁਕਮ ਵਰਤਾਇੰਦਾ । ਸੇਵਕ ਸੇਵਾ ਕੋਟਨ ਸਾਧ ਸੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਅਬਿਨਾਸ਼, ਏਕਾ ਏਕ ਕਰਾਈਆ । ਜੁਗ ਚੌਕੜੀ ਪਾ ਪਾ ਰਾਸ, ਨਿਰਗੁਣ ਸਰਗੁਣ ਵੇਖ ਵਖਾਈਆ । ਦੀਆ ਬਾਤੀ ਕਰ ਪਰਕਾਸ਼, ਕਮਲਾਪਾਤੀ ਦਏ ਵਡਿਆਈਆ । ਆਪ ਆਪਣਾ ਖੋਲ੍ਹੇ ਤਾਕ, ਸਾਚਾ ਮੰਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਸਾਚਾ ਖੇਲ ਨਾ ਕੋਈ ਸਕੇ ਸੋਚ, ਸੋਚਿਆਂ ਸੋਚ ਵਿਚ ਕਦੇ ਨਾ ਆਈਆ । ਭਗਤ ਭਗਵਾਨ ਦਰਸ਼ਨ ਰਹੇ ਲੋਚ, ਤਰਲੋਚਣ ਦਏ ਗਵਾਹੀਆ । ਕਬੀਰਾ ਚੜ੍ਹ ਕੇ ਵੇਖੇ ਕਿਲ੍ਹਾ ਕੋਟ, ਮਹੱਲ ਅਟੱਲ ਬੈਠਾ ਸੱਚਾ ਮਾਹੀਆ । ਰਵਦਾਸ ਲਗਾਏ ਇਕ ਚੋਟ, ਤਨ ਨਗਾਰਾ ਨਾਦ ਵਜਾਈਆ । ਹਰਿ ਕਾ ਰੂਪ ਨਿਰਮਲ ਜੋਤ, ਬਿਮਲ ਆਪਣੀ ਖੇਲ ਵਖਾਈਆ । ਭਗਤ ਭਗਵੰਤ ਓਤ ਪੋਤ, ਪਿਤਾ ਪੂਤ ਵੇਖ ਵਖਾਈਆ । ਤਾਣਾ ਪੇਟਾ ਏਕਾ ਸੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਐਸੀ ਕਰਨੀ ਕਰੇ ਕਰਤਾ ਪੁਰਖ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਨਾ ਕੋਈ ਸੋਗ ਨਾ ਕੋਈ ਹਰਖ਼, ਹਰਖ਼ ਸੋਗ ਨਾ ਕੋਇ ਵਖਾਇੰਦਾ । ਜਨ ਭਗਤਾਂ ਉਪਰ ਕਰ ਕਰ ਤਰਸ, ਮਿਹਰ ਨਜ਼ਰ ਇਕ ਰਖਾਇੰਦਾ । ਅੰਮ੍ਰਿਤ ਮੇਘ ਏਕਾ ਬਰਸ, ਅਗਨੀ ਤਤ ਤਤ ਬੁਝਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਮਾਣਸ ਜਨਮ ਤੇਰਾ ਕੱਢਦਾ ਰਿਹਾ ਅਰਕ, ਗੇੜਾ ਗੇੜੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਜਗਤ ਭੱਠੀ ਆਪ ਬਣਾਇੰਦਾ । ਜਗਤ ਭੱਠੀ ਬਣਾਏ ਬਣ ਭਠਿਆਲਾ, ਭੇਵ ਅਭੇਦ ਆਪਣੇ ਹੱਥ ਰਖਾਈਆ । ਜੁਗ ਜੁਗ ਖੇਲ ਕਰਦਾ ਰਿਹਾ ਨਿਰਾਲਾ, ਨਿਰਗੁਣ ਸਰਗੁਣ ਵੇਖ ਵਖਾਈਆ । ਭਗਤਾਂ ਤੋੜ ਜਗਤ ਜੰਜਾਲਾ, ਜੀਵਣ ਜੁਗਤ ਇਕ ਸਮਝਾਈਆ । ਏਕਾ ਮਾਰਗ ਨਾਮ ਸੁਖਾਲਾ, ਸੁਖਆਸਣ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਜੁਗ ਜੁਗ ਜਾਣੇ ਜਗਤ ਤਪੱਸਿਆ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਭਗਤੀ ਅੰਦਰ ਭਗਤ ਫਸਿਆ, ਫਸ ਫਸ ਜਗਤ ਚੋਟਾਂ ਖਾਇੰਦਾ । ਪੁਰਖ ਅਬਿਨਾਸ਼ੀ ਦੂਰ ਦੁਰਾਡਾ ਫਿਰੇ ਨੱਸਿਆ, ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਐਸੀ ਕਰਨੀ ਕਰੇ ਜਗ, ਜੁਗਤ ਆਪਣੇ ਹੱਥ ਰਖਾਈਆ । ਪਰਗਟ ਹੋ ਸੂਰਾ ਸਰਬੱਗ, ਹਰ ਘਟ ਵੇਖੇ ਥਾਈਂ ਥਾਈਆ । ਨਵ ਨੌਂ ਬੁਝਾਏ ਅੱਗ, ਤਤਵ ਤਤ ਦਏ ਮਿਟਾਈਆ । ਕਲਜੁਗ ਅੰਤ ਹੋ ਪਰਗਟ, ਪਰਮ ਪੁਰਖ

੨੯
੧੨

ਵੇਸ ਵਟਾਈਆ । ਭਗਤ ਅਠਾਰਾਂ ਚਰਨਾਂ ਹੇਠਾਂ ਰੱਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਆਪਣਾ ਖੇਲ ਆਪ ਵਰਤਾਈਆ । ਭਗਤ ਦੁਆਰੇ ਭਗਤ ਹੱਸਣ, ਘਰ ਸਾਚੇ ਵੱਜੇ ਵਧਾਈਆ । ਇਕ ਦੂਜੇ ਨੂੰ ਸਾਰੇ ਦੱਸਣ, ਰਸਨਾ ਰਸਨਾ
ਨਾਲ ਮਿਲਾਈਆ । ਕਰੇ ਖੇਲ ਪੁਰਖ ਸਮਰਥਨ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਆਇਆ ਮਥਨ, ਨਵ ਨੌਂ ਰਿੜਕਣਾ
ਪਾਈਆ । ਚਾਰ ਜੁਗ ਇਕ ਇਕ ਕਰ ਕੇ ਲਾਏ ਆਪਣੇ ਪੱਤਣ, ਆਪਣੇ ਬੇੜੇ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਕਰੇ ਕਰਨੀ ਕਰਨੇਹਾਰਾ, ਭੇਵ ਕੋਇ ਨਾ ਪਾਇੰਦਾ । ਜੁਗ ਚਾਰ ਜੋ ਬਣਿਆ ਰਿਹਾ ਵਰਤਾਰਾ,
ਦਾਤਾ ਦਾਨੀ ਆਪਣਾ ਨਾਉਂ ਧਰਾਇੰਦਾ । ਦੇਂਦਾ ਰਿਹਾ ਸਰਬ ਸਹਾਰਾ, ਸਰਬ ਰਖ਼ਸ਼ਕ ਸੇਵਾ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ
ਰਿਹਾ ਲਾਰਾ, ਆਪਣਾ ਅੰਤ ਨਾ ਕਿਸੇ ਜਣਾਇੰਦਾ । ਛਿੰਨ ਮਾਤਰ ਦੇ ਦੇ ਗਿਆ ਇਸ਼ਾਰਾ, ਰਮਜ਼ ਰਮਜ਼ ਨਾਲ ਮਿਲਾਇੰਦਾ । ਵੇਦ ਵਿਆਸਾ
ਬਣ ਲਿਖਾਰਾ, ਈਸਾ ਮੂਸਾ ਮੰਗ ਦੁਆਰਾ, ਨਾਨਕ ਗੋਬਿੰਦ ਬਣ ਵਣਜਾਰਾ, ਜਗਤ ਜੀਵਣ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਐਸੀ ਕਰਨੀ ਕਰੇ ਕਵਣ, ਭੇਵ ਕਿਸੇ ਨਾ ਆਈਆ । ਹੁਕਮੇ ਅੰਦਰ ਉਣੰਜਾ
ਪਵਣ, ਪਵਣ ਪਵਣਾਂ ਵਿਚ ਸਮਾਈਆ । ਲੇਖਾ ਜਾਣੇ ਅਵਣ ਗਵਣ ਤ੍ਰੈ, ਭਵਣ ਧਨੀ ਆਪਣਾ ਰੂਪ ਵਟਾਈਆ । ਭੇਖਾ ਧਾਰੀ ਕਰੇ ਭੇਖ ਬਲ
ਬਵਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਿਰਤ ਇਕ ਰਖਾਈਆ । ਕਰਨੀ ਕਿਰਤ ਕਰਨੇ ਯੋਗ, ਏਕਾ ਏਕ

੨੭
ਹਰਿ ਅਖਵਾਇੰਦਾ । ਨਿਰਗੁਣ ਸਰਗੁਣ ਸਚ ਸੰਜੋਗ, ਸਚ ਸੰਜੋਗੀ ਮੇਲ ਮਿਲਾਇੰਦਾ । ਇਕ ਦੁਆਰ ਦਰਸ ਅਮੋਘ, ਸਵਛ ਸਰੂਪੀ ਰੂਪ ਧਰਾਇੰਦਾ ।
ਲੇਖਾ ਜਾਣੇ ਚੌਦਾਂ ਲੋਕ ਪਰਲੋਕ ਆਪਣਾ ਹੁਕਮ ਵਰਤਾਇੰਦਾ । ਨਾਮ ਅਗੰਮੀ ਸਤਿ ਸਲੋਕ, ਸਤਿ ਸਤਿਵਾਦੀ ਆਪ ਜਣਾਇੰਦਾ । ਵਸਣਹਾਰਾ

੧੨
ਸਾਚੇ ਕੋਟ, ਸਚਖੰਡ ਸਾਚੇ ਡੇਰਾ ਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੁਰਖ ਅਕਾਲ ਤੇਰੀ ਰੱਖ ਕੇ ਗਏ ਓਟ, ਨੇਤਰ ਨੈਣ ਸਰਬ ਉਠਾਇੰਦਾ ।
ਕਲਜੁਗ ਅੰਤ ਪਰਗਟ ਕਰੇ ਨਿਰਮਲ ਜੋਤ, ਜੋਤੀ ਜਾਤਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ
ਕਰਨੀ ਆਪ ਕਰਾਇੰਦਾ । ਕਲਜੁਗ ਅੰਤਮ ਕਰੇ ਕਰਨੀ, ਕਰਤਾ ਪੁਰਖ ਵਡੀ ਵਡਿਆਈਆ । ਭਾਗ ਲਗਾਏ ਉਪਰ ਧਰਨੀ, ਧਰਤ ਧਵਲ
ਆਪ ਸੁਹਾਈਆ । ਨਾਤਾ ਤੋੜੇ ਵਰਨੀ ਬਰਨੀ, ਵਰਨ ਬਰਨ ਕੋਇ ਰਹਿਣ ਨਾ ਪਾਈਆ । ਗੁਰਮੁਖ ਲਾਏ ਸਾਚੇ ਸਰਨੀ, ਸਰਨਗਤ ਇਕ ਸਮਝਾਈਆ ।
ਨੇਤਰ ਖੁਲ੍ਹੇ ਹਰਨੀ ਫਰਨੀ, ਭਗਤ ਭਗਵੰਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ
ਕਰਾਈਆ । ਐਸੀ ਕਰਨੀ ਕਲਜੁਗ ਅੰਤ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਚਾਰ ਜੁਗ ਦਾ ਪਿਛਲਾ ਮੰਤ, ਮੰਤਰ ਮੂਲ ਲੇਖੇ ਪਾਇੰਦਾ ।
ਸਤਿ ਸਤਿਵਾਦੀ ਮਹਿਮਾ ਅਗਣਤ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਆਤਮ ਪਰਮਾਤਮ ਮੇਲਾ ਨਾਰੀ ਕੰਤ, ਕੰਤ ਕੰਤੂਹਲ ਖ਼ੁਸ਼ੀ ਕਰਾਇੰਦਾ ।
ਗੁਰਮੁਖ ਗੁਰ ਗੁਰ ਵੇਖੇ ਸਾਚੇ ਸੰਤ, ਸਤਿਗੁਰ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ
ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਕਰੇ ਸੰਸਾਰ, ਜਗ ਸਾਗਰ ਵੇਖ ਵਖਾਈਆ । ਜਨਮ ਕਰਮ ਦੇ ਵਿਛੜੇ ਮੇਲੇ ਯਾਰ, ਜੁਗ

ਚੌਕੜੀ ਪੰਧ ਮੁਕਾਈਆ । ਲੱਖ ਚੁਰਾਸੀ ਵਿਚੋਂ ਲਏ ਉਠਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਘਰ ਵਿਚ ਮੇਲਾ ਸਾਚੀ ਧਰਮਸਾਲ, ਗ੍ਰਿਹਿ ਮੰਦਰ ਦਏ ਸੁਹਾਈਆ । ਅੰਮ੍ਰਿਤ ਪਿਆਏ ਸੱਚਾ ਜਾਮ, ਰਸ ਨਿਝਰ ਇਕ ਵਖਾਈਆ । ਬਿਨ ਢੋਲਕ ਛੈਣੇ ਵੱਜੇ ਤਾਲ, ਤਾਲ ਤਲਵਾੜਾ ਆਪ ਰਖਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਦਏ ਵਡਿਆਈਆ । ਆਪਣੀ ਕਰਨੀ ਕਰੇ ਸੰਭਾਲ, ਦਿਵਸ ਰੈਣ ਸੇਵ ਕਮਾਈਆ । ਗੁਰਮੁਖ ਵੇਖੇ ਸੱਜਣ ਲਾਲ, ਲਾਲਣ ਆਪਣੇ ਰੰਗ ਰੰਗਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਕਰੇ ਬਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਮਿਹਰ ਨਜ਼ਰ ਪਾਏ ਆਪ, ਆਪਣੀ ਦਇਆ ਆਪ ਕਮਾਇੰਦਾ । ਆਤਮ ਪਰਮਾਤਮ ਉਪਜੇ ਜਾਪ, ਜਗਤ ਵਿਚੋਲਾ ਨਜ਼ਰ ਕੋਇ ਨਾ ਆਇੰਦਾ । ਜੁਗ ਚੌਕੜੀ ਜਿਸ ਦਾ ਕਰਦੇ ਗਏ ਪੂਜਾ ਪਾਠ, ਸੋ ਪੁਰਖ ਨਿਰੰਜਣ ਗੁਰਮੁਖ ਸਾਚੇ ਵੇਖ ਵਖਾਇੰਦਾ । ਜਿਸ ਦੀ ਵਰਨ ਬਰਨ ਗੌਂਦੇ ਰਹੇ ਗਾਥ, ਰਸਨਾ ਜਿਹਵਾ ਰੰਗ ਰੰਗਾਇੰਦਾ । ਸੋ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਜਿਸ ਦੀ ਧੂੜੀ ਮੰਗਦੇ ਤੀਰਥ ਅਠਸਾਠ, ਸੋ ਧੂੜੀ ਮਸਤਕ ਟਿੱਕਾ ਗੁਰਸਿਖਾਂ ਆਪ ਲਗਾਇੰਦਾ । ਜਿਸ ਨੂੰ ਗੌਂਦੇ ਗਏ ਤ੍ਰਲੋਕੀ ਨਾਥ, ਸੋ ਅਨਾਥ ਅਨਾਥਾਂ ਵੇਖ ਵਖਾਇੰਦਾ । ਜਿਸ ਨੂੰ ਮਨੌਂਦਾ ਗਿਆ ਰਾਮ ਬੇਟਾ ਦਸਰਾਥ, ਸੋ ਰਾਮ ਰਮੱਯਾ ਆਪਣਾ ਫੇਰਾ ਪਾਇੰਦਾ । ਜਿਸ ਦਾ ਨਾਨਕ ਗੋਬਿੰਦ ਮੰਗਦੇ ਗਏ ਸਾਥ, ਸੋ ਪੁਰਖ ਅਕਾਲ ਵੇਸ ਵਟਾਇੰਦਾ । ਜੋ ਆਦਿ ਜੁਗਾਦਿ ਸਤਿਜੁਗ ਤਰੇਤਾ ਦੁਆਪਰ ਭਗਤਾਂ ਦੇਂਦਾ ਰਿਹਾ ਦਾਤ, ਦਾਨੀ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤ, ਸਾਚਾ ਚੰਦ ਇਕ ਚੜ੍ਹਾਇੰਦਾ । ਲੇਖਾ ਜਾਣੇ ਗੁਰ ਅਵਤਾਰ ਪੀਰ ਪੈਗ਼ੰਬਰ ਡੂੰਘਾ ਖਾਤ, ਆਪਣਾ ਖਾਤਾ ਨਾ ਕਿਸੇ ਵਖਾਇੰਦਾ । ਤੋੜੇ ਨਾਤਾ ਵਰਨ ਬਰਨ ਜ਼ਾਤ ਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਐਸੀ ਕਰਨੀ ਆਪ ਕਰਾਇੰਦਾ । ਐਸੀ ਕਰਨੀ ਕਵਣ ਕਰੇ ਤੁਧ ਬਿਨ, ਭਗਤ ਭਗਵਾਨ ਰਹੇ ਵਡਿਆਈਆ । ਰੂਪ ਰੇਖ ਨਾ ਦਿਸੇ ਚਿੰਨ, ਚਿਤਰਕਾਰ ਤੇਰਾ ਚਿੱਤਰ ਸਕੇ ਨਾ ਕੋਇ ਵਖਾਈਆ । ਆਦਿ ਜੁਗਾਦਿ ਕਰੇ ਖੇਲ ਭਿੰਨ ਭਿੰਨ, ਬੇਅੰਤ ਤੇਰੀ ਵਡਿਆਈਆ । ਲੇਖਾ ਦੇਵੇਂ ਗਿਣ ਗਿਣ, ਲੁਕਿਆ ਕੋਇ ਰਹਿਣ ਨਾ ਪਾਈਆ । ਕਰੇਂ ਵਸੇਰਾ ਬਿਨ ਛੱਪਰ ਛੰਨ, ਸਾਚੀ ਛੱਪਰੀ ਭਗਤਾਂ ਆਪ ਬਣਾਈਆ । ਨਾਮਾ ਕਹੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਕਵਣ ਬਿਧ ਮਾਧਵ ਜਾਏ ਮੰਨ, ਗੋਸਾਈਂ ਆਪਣੀ ਦਇਆ ਕਮਾਈਆ । ਬੇੜਾ ਮਾਤ ਦੇਵੇ ਬੰਨ੍ਹ, ਚੱਪੂ ਏਕਾ ਨਾਮ ਲਗਾਈਆ । ਰਵਦਾਸ ਕਹੇ ਤੇਰਾ ਸੱਚਾ ਧੰਨ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਤੁਧ ਬਿਨ ਐਸੀ ਕਵਣ ਕਰੇ ਕਾਰ, ਕਰਤੇ ਭੇਵ ਕਿਸੇ ਨਾ ਆਇਆ । ਨਵ ਨੌਂ ਚਾਰ ਤੇਰਾ ਮੰਗਦੇ ਰਹੇ ਦੀਦਾਰ, ਡੂੰਘੀ ਕੰਦਰ ਅੰਦਰ ਡੇਰਾ ਲਗਾਇਆ । ਅਠਸਠ ਤੀਰਥ ਹੋਏ ਖ਼ਵਾਰ, ਉਚੇ ਟਿੱਲੇ ਪਰਬਤ ਫੇਰਾ ਪਾਇਆ । ਪੰਜ ਤਤ ਕਾਇਆ ਦੁਖੜਾ ਸਹਿੰਦੇ ਰਹੇ ਸੰਸਾਰ, ਰਾਜ ਰਾਜਾਨ ਦੇਣ ਸਜ਼ਾਇਆ । ਤੇਰੇ ਹੁਕਮੇ ਅੰਦਰ ਬਣ ਬਰਦੇ ਸੇਵਾ ਕਰਦੇ ਰਹੇ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਹਰਿ, ਦਰ ਤੇਰੇ ਤੇਰਾ ਅੰਤ ਕਿਸੇ ਨਾ ਪਾਇਆ । ਅੰਤ ਨਾ ਜਾਣੇ ਕੋਇ ਮੀਤ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਆਦਿ ਜੁਗਾਦੀ ਆਪਣਾ ਗੀਤ,

ਗੁਰ ਅਵਤਾਰ ਆਪ ਪੜ੍ਹਾਇੰਦਾ । ਭਗਤ ਭਗਵੰਤ ਸਾਚੀ ਰੀਤ, ਸੰਤ ਸਾਜਣ ਰਾਹ ਵਖਾਇੰਦਾ । ਗੁਰਮੁਖ ਰੱਖੇ ਸਦਾ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਗੁਰਸਿਖ ਕਾਇਆ ਮੰਦਰ ਦੇਹੁਰਾ ਵੇਖੇ ਮਸੀਤ, ਸਾਚਾ ਗੁਰੁਦੁਆਰ ਆਪ ਪਰਗਟਾਇੰਦਾ । ਕਲਜੁਗ ਅੰਤਮ ਖੇਲ ਕਰੇ ਅਨਡੀਠ, ਨਿਰਗੁਣ ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਲਹਿਣਾ ਦੇਣਾ ਜਾਣੇ ਹਸਤ ਕੀਟ, ਲੱਖ ਚੁਰਾਸੀ ਵੇਖ ਵਖਾਇੰਦਾ । ਸਤਿ ਚਲਾਏ ਸਤਿਜੁਗ ਰੀਤ, ਸਤਿ ਸਤਿਵਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪੇ ਕਰ ਵਖਾਇੰਦਾ । ਕਰਨੀ ਕਰੇ ਇਕ ਇਕੱਲਾ, ਵੱਡਾ ਵਡ ਵਡਿਆਈਆ । ਜਨ ਭਗਤ ਫੜਾਏ ਆਪਣਾ ਪੱਲਾ, ਪੱਲੂ ਨਜ਼ਰ ਕਿਸੇ ਨਾ ਆਈਆ । ਸਚ ਸੰਦੇਸ਼ ਏਕਾ ਘੱਲਾ, ਸ਼ਬਦੀ ਸ਼ਬਦ ਨਾਦ ਵਜਾਈਆ । ਜੋਤੀ ਜੋਤ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਸਚਖੰਡ ਨਿਵਾਸੀ ਸਚ ਬਣਾਏ ਇਕ ਮਹੱਲਾ, ਮਹਿਫ਼ਲ ਆਪਣੀ ਲਏ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਕਰਦਾ ਰਿਹਾ ਵਲ ਛਲਾ, ਕਲਜੁਗ ਅੰਤਮ ਆਪਣੀ ਕਰਨੀ ਆਪੇ ਕਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਈਆ । ਆਪਣੀ ਕਰਨੀ ਸਚ ਸਿੰਘਾਸਣ, ਸੋਭਾਵੰਤ ਆਪ ਬਣਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼ਨ, ਆਕਾਸ਼ ਆਕਾਸ਼ਾਂ ਡੇਰਾ ਢਾਹਿੰਦਾ । ਨਿਰਗੁਣ ਵੇਸ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਆਪ ਵਟਾਇੰਦਾ । ਭਗਤ ਭਗਵੰਤ ਦਾਸੀ ਦਾਸਨ, ਬਣ ਸੇਵਕ ਸੇਵ ਕਮਾਇੰਦਾ । ਨਾਮੇ ਮੰਗ ਪੂਰੀ ਆਸਣ, ਸਾਤਾ ਦੂਆ ਜੋੜ ਜੁੜਾਇੰਦਾ । ਬਹੱਤਰ ਨੂਰ ਨੂਰ ਪਰਕਾਸ਼ਣ, ਨਾੜ ਬਹੱਤਰ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪੁਰਖ ਸਮਰਾਥ, ਆਪਣੀ ਆਪ ਕਰਾਈਆ । ਸੱਤਰ ਬਹੱਤਰ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਚੁਹੱਤਰ ਸਿਖਾਂ ਲਿਖਾਏ ਗਾਥ, ਗੁਰੂ ਦਸ ਮੰਗ ਮੰਗਾਈਆ । ਮਿਲੇ ਵਡਿਆਈ ਪਹਿਲੀ ਵਿਸਾਖ, ਗੁਰੂ ਗੋਬਿੰਦ ਦਏ ਗਵਾਹੀਆ । ਸਿੰਘ ਰੂਪ ਸਿੰਘ ਲਏ ਰਾਖ, ਰੱਖਕ ਬਣ ਸਹਾਈਆ । ਸਤਾਰਾਂ ਸੌ ਪੈਂਠ ਬਿਕਰਮੀ ਨਦੇੜ ਰੱਖੀ ਆਸ, ਆਸਾ ਇਕੋ ਓਟ ਤਕਾਈਆ । ਪੁਰਖ ਅਕਾਲ ਹੋਏ ਪਰਕਾਸ਼, ਪਰਕਾਸ਼ ਮੇਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੁਹੱਤਰ ਕਰੇ ਨਾਮ ਰੁਸ਼ਨਾਈਆ । ਅੱਠ ਤਤ ਜਗਤ ਪਸਾਰ, ਨੌਂ ਖੰਡ ਪ੍ਰਿਥਮੀ ਰਚਨ ਰਚਾਈਆ । ਪ੍ਰੇਮ ਪਿਆਰ ਸੁਬਰ ਅਪਰ ਅਪਾਰ, ਵਟਣਾ ਵਟ ਵਟ ਚੜ੍ਹਾਈਆ । ਨੀਲੀ ਧਾਰੋਂ ਆਇਆ ਬਾਹਰ, ਗੋਬਿੰਦ ਸੱਚਾ ਮਾਹੀਆ । ਹਰਿ ਸੰਗਤ ਕਰੇ ਸਤਿ ਪਿਆਰ, ਗੁਰਸਿਖ ਨੈਣ ਵਖਾਈਆ । ਕਰੇ ਖੇਲ ਅਗੰਮ ਅਪਾਰ, ਕੋਈ ਲਿਖਤ ਨਾ ਦਏ ਗਵਾਹੀਆ । ਚਾਰ ਜੁਗ ਜਿਸ ਦਾ ਮੰਗਦੇ ਰਹੇ ਦੀਦਾਰ, ਜਗਤ ਜੁਗਤ ਧੂਣੀਆਂ ਤਾਈਆ । ਸੋ ਪਾਂਧੀ ਬਣਿਆ ਆਪ ਕਰਤਾਰ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਗੁਰਸਿਖਾਂ ਕਹੇ ਮੈਨੂੰ ਸਾਂਝੀ ਰੱਖ ਲਓ ਵਿਚ ਸੰਸਾਰ, ਮੈਂ ਬਣ ਸੇਵਕ ਸੇਵਾ ਲਵਾਂ ਕਮਾਈਆ । ਨੌਂ ਖੰਡ ਪ੍ਰਿਥਮੀ ਆਂਧੀ ਹੋਇਆ ਅੰਧ ਅੰਧਿਆਰ, ਬਿਨ ਗੁਰਸਿਖ ਚੰਦ ਨਾ ਕੋਇ ਚੜ੍ਹਾਈਆ । ਨੀਲੇ ਵਾਲਾ ਇਕੋ ਅਸਵਾਰ, ਨੀਲੀ ਧਾਰ ਪਾਰ ਕਰਾਈਆ । ਬੂਝ ਸਿੰਘ ਅੰਦਰ ਬਾਹਰ ਗੁਪਤ ਜ਼ਾਹਰ ਕੁੰਡਾ ਖੋਲ੍ਹ ਕਿਵਾੜ, ਨਿਤ ਨਿਤ ਆਪਣਾ ਦਰਸ ਕਰਾਈਆ । ਜੇ ਕਹੋ ਮਿਲਿਆ ਸਾਂਝਾ ਯਾਰ, ਹਰਿ ਸੰਗਤ ਸੰਗ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਅੱਠ ਨੌਂ ਨੌਂ ਅੱਠ ਲੱਖ ਚੁਰਾਸੀ ਬੰਧਨ ਪਾਈਆ । ਅੱਠ ਤਤ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ, ਆਪਣਾ ਖੇਲ ਕਰਾਇੰਦਾ । ਨੌਂ ਦਰ ਨੌਂ ਖੰਡ ਪ੍ਰਿਥਮੀ ਜਗਤ ਵਾਸਨਾ ਰਹੀ ਕੁੱਦ, ਨਵ ਖੰਡ ਆਪਣੀ ਖੇਲ ਕਰਾਇੰਦਾ । ਗੁਰ ਕਰਨੀ ਗੁਰ ਕਰਤਾ ਗੁਰਮੁਖ ਲਏ ਬੁਝ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਤੀਂ ਸੁਤਿਆਂ ਸੁਰਤੀ ਸ਼ਬਦ ਮਿਲਾਇੰਦਾ ।

## ✳ ੨੫ ਚੇਤ ੨੦੧੯ ਬਿਕਰਮੀ ਕਰਤਾਰ ਸਿੰਘ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✳

ਸਤਿ ਪੁਰਖ ਨਿਰੰਜਣ ਨੱਯਾ ਸਾਚੀ ਨੌਕਾ, ਨੱਯਾ ਆਪਣੀ ਆਪ ਚਲਾਈਆ । ਜਨ ਭਗਤਾਂ ਦੇਵੇ ਸਾਚਾ ਮੌਕਾ, ਖੇਲ ਆਪਣੇ ਹੱਥ ਰਖਾਈਆ । ਨਵ ਨੌਂ ਚਾਰ ਜੋ ਕਰਦਾ ਆਇਆ ਧੋਖਾ, ਨਿਰਗੁਣ ਆਪਣਾ ਰੂਪ ਛੁਪਾਈਆ । ਜਿਸ ਦਾ ਮਾਰਗ ਸਾਰੇ ਕਹਿੰਦੇ ਗਏ ਔਖਾ, ਕੋਇ ਜੀਵ ਚੜ੍ਹਨ ਨਾ ਪਾਈਆ । ਬਿਨ ਨਾਨਕ ਕਬੀਰ ਕੋਇ ਨਾ ਪਹੁੰਚਾ, ਦੂਰ ਦੁਰਾਡੇ ਬੈਠੇ ਡੇਰਾ ਲਾਈਆ । ਕਲਜੁਗ ਅੰਤਮ ਮਾਰਗ ਲਾਏ ਏਕਾ ਸੌਖਾ, ਰਹਿਬਰ ਬਣੇ ਬੇਪਰਵਾਹੀਆ । ਸਾਤੇ ਨਾਲ ਮਿਲਾਇਆ ਚੌਕਾ, ਸਤਿ ਸਤਿਵਾਦੀ ਚਾਰ ਜੁਗ ਵੇਖੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਸਾਤਾ ਚੌਕਾ ਸਤਿ ਸਤਿ ਧਾਰ, ਚਾਰ ਜੁਗ ਆਸ ਰਖਾਇੰਦਾ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਚਾਰ ਵੇਦ ਸਰਬ ਜਸ ਗਾਇੰਦਾ । ਸਤਿ ਸਤਿਵਾਦੀ ਏਕੰਕਾਰ, ਚਾਰ ਜੁਗ ਵੰਡ ਵੰਡਾਇੰਦਾ । ਸਤਿ ਸਤਿਵਾਦੀ ਅਗੰਮ ਅਪਾਰ, ਚਾਰ ਵਰਨ ਵੇਸ ਵਟਾਇੰਦਾ । ਸਤਿ ਪੁਰਖ ਨਿਰੰਜਣ ਨਿਰਗੁਣ ਨੂਰ ਜੋਤ ਉਜਿਆਰ, ਚਾਰੇ ਖਾਣੀ ਬੋਧ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸਤਿ ਸਤਿਵਾਦੀ ਸਤਿ ਸਤਿ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਚਾਰ ਜੁਗ ਚਾਰ ਵਰਨ ਚਾਰ ਕੁੰਟ ਏਕਾ ਮਤ, ਚਾਰੇ ਦਿਸ਼ਾਂ ਦਏ ਸਮਝਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਵਖਾਈਆ । ਪਰਗਟ ਹੋ ਅਲੱਖਣਾ ਅਲੱਖ, ਅਲੱਖ ਏਕਾ ਏਕ ਜਗਾਈਆ । ਗੁਰਮੁਖ ਗੁਰਸਿਖ ਕਰ ਕਰ ਵੱਖ, ਵੱਖਰ ਆਪਣੀ ਵੰਡ ਵੰਡਾਈਆ । ਹਿਰਦੇ ਅੰਤਰ ਆਪੇ ਵਸ, ਕਾਇਆ ਖੇੜਾ ਦਏ ਸੁਹਾਈਆ । ਸਾਚਾ ਮਾਰਗ ਏਕਾ ਦੱਸ, ਸਾਚੇ ਪੌੜੇ ਦਏ ਚੜ੍ਹਾਈਆ । ਜੁਗ ਚੌਕੜੀ ਪੂਰੀ ਕਰੇ ਆਸ, ਸਾਤਾ ਚੌਕਾ ਬੰਧਨ ਪਾਈਆ । ਗੁਰ ਅਵਤਾਰ ਵੇਖਣ ਖੇਲ ਤਮਾਸ਼, ਹਰਿ ਜੂ ਆਪਣਾ ਸਵਾਂਗ ਵਰਤਾਈਆ । ਕਵਣ ਬਿਧ ਵਸੇ ਭਗਤਾਂ ਪਾਸ, ਗੁਰਮੁਖ ਸਾਚੇ ਲਏ ਮਿਲਾਈਆ । ਜਨਮ ਜਨਮ ਦੀ ਬੁਝਾਏ ਲੱਗੀ ਪਿਆਸ, ਆਸਾ ਤ੍ਰਿਸ਼ਨਾ ਦਏ ਗਵਾਈਆ । ਲੱਖ ਚੁਰਾਸੀ ਕਰੇ ਬੰਦ ਖ਼ਲਾਸ, ਬੰਦੀਖਾਨਾ ਆਪਣਾ ਨਾਉਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਤਾ ਚੌਕਾ ਨਾਨਕ ਗੋਬਿੰਦ ਧਾਰ, ਧਰਨੀ ਧਰਤ ਧਵਲ ਵਡਿਆਈਆ । ਬਵੰਜਾ ਅੱਖਰ ਕਰਨ ਪੁਕਾਰ, ਪੈਂਤੀਸ ਅੱਖਰ ਬੈਠਾ ਮੁਖ ਛੁਪਾਈਆ । ਅਲਫ਼ ਯੇ ਨਾ ਪਾਈ ਸਾਰ, ਹਮਜ਼ਾ ਰਮਜ਼ ਨਾ ਕੋਇ ਲਗਾਈਆ । ਚੌਦਾਂ ਵਿਦਿਆ ਹੋਣ ਖ਼ੁਵਾਰ, ਚੌਦਾਂ ਤਬਕ ਰਹੇ ਸ਼ਰਮਾਈਆ । ਕਲਮਾ

ਪੜ੍ਹ ਪੜ੍ਹ ਨਬੀ ਗਏ ਹਾਰ, ਰਸੂਲ ਬੇਅਸੂਲ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਤਾ ਚੌਕਾ ਆਪਣੀ ਵੰਡ ਵੰਡਾਈਆ । ਸਾਤਾ ਚੌਕਾ ਚਾਰ ਜੁਗ, ਜੁਗ ਕਰਤਾ ਖੇਲ ਕਰਾਇੰਦਾ । ਅੰਤਮ ਔਧ ਗਈ ਪੁਗ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਵ ਨੌਂ ਜੋ ਰਿਹਾ ਲੁੱਕ, ਅੰਤਮ ਪਰਦਾ ਆਪ ਚੁਕਾਇੰਦਾ । ਆਪਣੇ ਮੰਦਰ ਆਪੇ ਉਠ, ਪਰਕਾਸ਼ ਪਰਕਾਸ਼ ਆਪ ਵਖਾਇੰਦਾ । ਦੀਨ ਦਿਆਲ ਸਵਾਮੀ ਤੁਠ, ਅਤੁਟ ਦਾਤ ਵਰਤਾਇੰਦਾ । ਵੇਖਣਹਾਰਾ ਚੌਦਾਂ ਲੋਕ, ਤ੍ਰੈਭਵਨ ਧਨੀ ਆਪਣਾ ਖੇਲ ਕਰਾਇੰਦਾ । ਸਤਿ ਸਤਿਵਾਦੀ ਗੁਰਸਿਖ ਆਪਣੀ ਗੋਦੀ ਚੁੱਕ ਚੁੱਕ, ਗੁਰ ਗੁਰ ਨੈਣ ਖੁਲ੍ਹਾਇੰਦਾ । ਉਜਲ ਕਰੇ ਆਪਣਾ ਮੁਖ, ਮੁਖ ਗੁਰਮੁਖਾਂ ਆਪ ਸਾਲਾਹਿੰਦਾ । ਜਨਮ ਕਰਮ ਦਾ ਮੇਟੇ ਦੁੱਖ, ਦੁਖੀਆਂ ਦਰਦ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਤਾ ਚੌਕਾ ਜੋੜ ਜੁੜਾਇੰਦਾ । ਸਾਤਾ ਚੌਕਾ ਜੋੜੇ ਜੋੜਾ, ਜੋੜੀ ਆਪਣੀ ਆਪ ਬਣਾਈਆ । ਪੁਰਖ ਅਗੰਮੀ ਚੜ੍ਹੇ ਸਾਚੇ ਘੋੜਾ, ਪਵਣ ਘੋੜਾ ਨਜ਼ਰ ਕਿਸੇ ਨਾ ਆਈਆ । ਬ੍ਰਹਿਮੰਡ ਖੰਡ ਫਿਰੇ ਦੌੜਾ, ਗਗਨ ਪਾਤਾਲ ਚਰਨਾਂ ਹੇਠ ਰਖਾਈਆ । ਸੱਸੇ ਉਪਰ ਏਕਾ ਹੌੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਵੇਂ ਰਾਹ ਚਲਾਈਆ । ਹੰ ਬ੍ਰਹਮ ਆਪੇ ਬੌਹੜਾ, ਈਸ਼ ਜੀਵ ਕਰੇ ਕੁੜਮਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਏਕਾ ਚੌਕਾ ਚੌਥੇ ਪਦ ਲਾਏ ਪੌੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪਣੇ ਹੱਥ ਰਖਾਈਆ । ਸਾਚਾ ਬੰਧਨ ਚਾਰ ਸੱਤ, ਸਤਿ ਸਤਿਵਾਦੀ ਆਪ ਰਖਾਇੰਦਾ । ਭਗਤ ਭਗਵੰਤ ਇਕੋ ਮੱਤ, ਦੂਸਰ ਅੱਖਰ ਨਾ ਕੋਇ ਪੜ੍ਹਾਇੰਦਾ । ਆਦਿ ਜੁਗਾਦੀ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਏਕਾ ਬੂੰਦ ਰਕਤ ਵੇਖੇ ਰੱਤ, ਰੱਤੀ ਰੱਤ ਰੰਗ ਰੰਗਾਇੰਦਾ । ਏਕਾ ਜਾਣੇ ਮਿੱਤ ਗਤ, ਗਤ ਮਿੱਤ ਆਪਣੀ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤ ਚਾਰ ਵੰਡ ਵੰਡਾਇੰਦਾ । ਸੱਤ ਚਾਰ ਵੰਡੇ ਵੰਡ, ਵੰਡਣਹਾਰਾ ਆਪ ਅਖਵਾਇੰਦਾ । ਵੇਖਣਹਾਰਾ ਕੋਟ ਬ੍ਰਹਿਮੰਡ, ਅਛਲ ਅਛੱਲ ਵੇਸ ਵਟਾਇੰਦਾ । ਲੋਆਂ ਪੁਰੀਆਂ ਆਏ ਨੱਠ, ਲੋਕਮਾਤ ਫੇਰਾ ਪਾਇੰਦਾ । ਗੀਤ ਸੁਹਾਗੀ ਸੋਹਲਾ ਛੰਦ, ਗੋਬਿੰਦ ਆਪਣਾ ਨਾਉਂ ਪਰਗਟਾਇੰਦਾ । ਆਤਮ ਪਰਮਾਤਮ ਸਚ ਅਨੰਦ, ਅਨੰਦ ਮੰਗਲ ਆਪੇ ਗਾਇੰਦਾ । ਜਨਮ ਜੁਗ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ, ਦੀਨਨ ਆਪਣੀ ਦਇਆ ਕਮਾਇੰਦਾ । ਸਤਿ ਸਤਿਵਾਦੀ ਚੌਥੇ ਪਦ ਵਖਾਏ ਇਕ ਧਰਮਸਾਲ, ਧਰਮ ਦੁਆਰਾ ਇਕ ਬਣਾਇੰਦਾ । ਊਚ ਨੀਚ ਰਾਉ ਰੰਕ ਰਾਜ ਰਾਜਾਨ ਦਏ ਬਹਾਲ, ਸ਼ਾਹ ਪਾਤਸ਼ਾਹ ਨਾ ਕੋਇ ਵਡਿਆਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਮਾਇਆ ਮਮਤਾ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਕਰੇ ਖੇਲ ਪੁਰਖ ਅਕਾਲ, ਅਕਲ ਕਲ ਆਪਣੀ ਧਾਰ ਵਖਾਇੰਦਾ । ਸੰਤ ਸੁਹੇਲੇ ਆਪੇ ਭਾਲ, ਗੁਰ ਚੇਲੇ ਰੰਗ ਚੜ੍ਹਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਫੇਰਾ ਪਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤ ਡਾਲੀ ਵੇਖ ਵਖਾਇੰਦਾ । ਪਤ ਡਾਲੀ ਵੇਖੇ ਫੁੱਲ, ਪੰਖੜੀ ਆਪਣੀ ਆਪ ਖਿਲਾਈਆ । ਆਦਿ ਜੁਗਾਦੀ ਆਪੇ ਜਾਣੇ ਆਪਣੀ ਕੁਲ, ਕੁਲਵੰਤਾ ਬੇਪਰਵਾਹੀਆ । ਸਰਗੁਣ ਹੋ ਹੋ ਜਾਏ ਭੁੱਲ, ਨਿਰਗੁਣ ਭੁੱਲ ਕਦੇ ਨਾ ਜਾਈਆ । ਜੁਗਾ ਜੁਗੰਤਰ ਪਾਏ ਮੁਲ, ਕਰਤਾ ਕੀਮਤ ਆਪ ਚੁਕਾਈਆ । ਗੁਰਮੁਖ ਬੂਟਾ ਨਾ ਜਾਏ ਹੁਲ, ਹਰੀ ਸਿੰਚ ਕਿਆਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਤਾ ਚੌਕਾ ਏਕਾ ਘਰ ਬਹਾਈਆ । ਏਕਾ ਘਰ ਇਕ ਦਰਵਾਜ਼ਾ, ਏਕਾ ਮੰਦਰ ਸੋਭਾ ਪਾਇੰਦਾ । ਏਕਾ ਸਾਹਿਬ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਇਕ ਵਜਾਏ ਅਨਹਦ ਵਾਜਾ, ਰਾਗੀ ਆਪਣਾ ਰਾਗ ਅਲਾਇੰਦਾ । ਏਕਾ ਜੁਗ ਜੁਗ ਰਚੇ ਕਾਜਾ, ਕਰਤਾ ਪੁਰਖ ਆਪਣੀ ਕਾਰ ਕਰਾਇੰਦਾ । ਏਕਾ ਭਗਤਾਂ ਮਾਰੇ ਵਾਜਾ, ਸ਼ਬਦ ਅਗੰਮੀ ਨਾਦ ਸੁਣਾਇੰਦਾ । ਏਕਾ ਨੌਂ ਖੰਡ ਪ੍ਰਿਥਮੀ ਫਿਰੇ ਭਾਜਾ, ਔਂਦਾ ਜਾਂਦਾ ਦਿਸ ਕਿਸੇ ਨਾ ਆਇੰਦਾ । ਏਕਾ ਦੋ ਜਹਾਨਾਂ ਬਣੇ ਰਾਜਾ, ਹੁਕਮੀ ਹੁਕਮ ਇਕ ਸੁਣਾਇੰਦਾ । ਏਕਾ ਗੁਰਮੁਖਾਂ ਰੱਖਣਹਾਰਾ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਪਰਗਟ ਹੋਏ ਅੰਤਮ ਦੇਸ ਮਾਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਆਪਣਾ ਖੇਲ ਕਰਾਇੰਦਾ । ਨਵ ਨੌਂ ਸੱਤ ਚਾਰ, ਚਾਰ ਜੁਗ ਵਡੀ ਵਡਿਆਈਆ । ਪੁਰਖ ਪੁਰਖੋਤਮ ਕਰੇ ਪਿਆਰ, ਪਰਮ ਪੁਰਖ ਬੇਪਰਵਾਹੀਆ । ਗੁਰਮੁਖ ਸਤਿ ਸਤਿਵੰਤੀ ਵੇਖੇ ਨਾਰ, ਸਤਿਗੁਰ ਬਣ ਬਣ ਸੱਜਣ ਮਾਹੀਆ । ਦੋ ਜਹਾਨਾਂ ਲੇਖੇ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਭੇਵ ਸਕੇ ਨਾ ਕੋਇ ਛੁਪਾਈਆ । ਨੇਤਰ ਖੋਲ੍ਹੇ ਗੁਰ ਅਵਤਾਰ ਅੰਦਰ ਬੋਲੇ, ਏਕੰਕਾਰ, ਸਾਚੇ ਸੋਹਲੇ ਕਰੇ ਜੈਕਾਰ, ਜੈ ਜੈਕਾਰ ਆਪਣਾ ਨਾਉਂ ਵਖਾਈਆ । ਪੀਰ ਪੈਗ਼ੰਬਰ ਗਾਇਣ ਢੋਲੇ, ਪੁਰਖ ਅਬਿਨਾਸ਼ੀ ਵਸੇ ਪਰਦੇ ਉਹਲੇ, ਮੁਖ ਨਕਾਬ ਆਪਣਾ ਪਰਦਾ ਰਿਹਾ ਉਠਾਈਆ । ਸ੍ਰਿਸ਼ਟ ਸਬਾਈ ਆਪੇ ਮੌਲੇ, ਕਰੇ ਖੇਲ ਉਪਰ ਧੌਲੇ, ਧਰਨੀ ਧਰਤ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਤ ਚਾਰ ਦਏ ਵਡਿਆਈਆ । ਸੱਤ ਚਾਰ ਵਡੀ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਸੱਤਰ ਬਹੱਤਰ ਹੋਈ ਕੁੜਮਾਈ, ਕੁੜਮ ਕੁੜਮੇਟਾ ਫੇਰਾ ਪਾਇੰਦਾ । ਆਪੇ ਧੀ ਆਪੇ ਜਵਾਈ, ਸੌਹਰਾ ਪੇਈਏ ਆਪਣਾ ਰੰਗ ਰੰਗਾਇੰਦਾ । ਆਪੇ ਡੋਲੀ ਰਿਹਾ ਉਠਾਈ, ਬਣ ਕਹਾਰ ਸੇਵ ਕਮਾਇੰਦਾ । ਆਪੇ ਸਗਨ ਰਿਹਾ ਮਨਾਈ, ਸਗਲਾ ਸੰਗ ਆਪ ਹੋ ਜਾਇੰਦਾ । ਆਪੇ ਬਣੇ ਸੱਚਾ ਮਾਹੀ, ਆਪੇ ਨਾਰ ਬਣ ਬਣ ਵੇਸ ਵਟਾਇੰਦਾ । ਆਪੇ ਸਚ ਸੁਹੰਜਣੀ ਸੇਜਾ ਰਿਹਾ ਹੰਢਾਈ, ਤਖ਼ਤ ਨਿਵਾਸੀ ਸਚਖੰਡ ਦੁਆਰੇ ਸੋਭਾ ਪਾਇੰਦਾ । ਆਪੇ ਨਿਰਗੁਣ ਸਰਗੁਣ ਪਕੜੇ ਬਾਹੀਂ, ਫੜ ਬਾਹੋਂ ਗਲੇ ਲਗਾਇੰਦਾ । ਆਪੇ ਦੇਵੇ ਠੰਡੀ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਮੇਲ ਮਿਲਾਏ ਚਾਈਂ ਚਾਈਂ, ਗੋਬਿੰਦ ਆਪਣਾ ਵੇਲਾ ਅੰਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਤਾ ਚੌਕਾ ਨਾਮ ਨੌਕਾ ਨੱਯਾ ਏਕਾ ਇਕ ਚੜ੍ਹਾਇੰਦਾ । ਏਕਾ ਨੱਯਾ ਪੁਰਖ ਨਾਰ, ਪੁਰਖ ਅਬਿਨਾਸ਼ੀ ਆਪ ਚੜ੍ਹਾਈਆ । ਬਿਰਧ ਬਾਲਾਂ ਦਏ ਮਾਣ, ਨਿਮਾਣਿਆਂ ਗਲੇ ਲਗਾਈਆ । ਗੋਬਿੰਦ ਦੇਵੇ ਇਕ ਫ਼ਰਮਾਣ, ਸਚ ਫ਼ਰਮਾਣਾ ਇਕ ਸੁਣਾਈਆ । ਹੁਕਮ ਵਰਤੇ ਦੋ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਅਚਰਜ ਖੇਲ ਆਪ ਕਰਾਈਆ । ਅਚਰਜ ਖੇਲ ਕਰੇ ਅਸਚਰਜ, ਭੇਵ ਕੋਇ ਨਾ ਪਾਇੰਦਾ । ਚਾਰ ਜੁਗ ਗੁਰ ਅਵਤਾਰਾਂ ਰਿਹਾ ਵਰਜ, ਹੁਕਮੇ ਅੰਦਰ ਸਰਬ ਭੁਵਾਇੰਦਾ । ਭਗਤਾਂ ਦੇਂਦਾ ਰਿਹਾ ਮੂਲ ਕਰਜ਼, ਮਕਰੂਜ਼ ਆਪਣਾ ਨਾਉਂ ਵਖਾਇੰਦਾ । ਕਲਜੁਗ ਅੰਤਮ ਪੂਰਾ ਕਰੇ ਫ਼ਰਜ਼, ਵੇਸ ਅਵੱਲੜਾ ਆਪ ਵਟਾਇੰਦਾ । ਨਵ ਨੌਂ ਚਾਰ ਗੁਰਮੁਖਾਂ ਪੂਰੀ ਕਰੇ ਗ਼ਰਜ਼, ਆਪਣੀ ਗ਼ਰਜ਼ ਨਾਲ ਮਿਲਾਇੰਦਾ । ਆਪਣੀ ਕਾਇਆ ਕਰ ਕੇ ਹਰਜ਼, ਗੁਰਮੁਖ ਕਾਇਆ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੱਤ ਚਾਰ ਭੇਵ ਚੁਕਾਇੰਦਾ । ਚਾਰ ਸੱਤ ਨਾਰ ਕੰਤ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਚਾੜ੍ਹੇ ਰੰਗ ਇਕ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਉਂ ਮਣੀਆ ਮੰਤ, ਮਨ ਮਣਕਾ ਦਏ ਭੁਆਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਗੁਰਸਿਖ ਮੇਲਾ ਸਤਿਗੁਰ ਬੇਅੰਤ, ਬੇਅੰਤ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਜੀਵ ਜੰਤ, ਬਿਨ ਗੁਰਸਿਖ ਲੇਖ ਕਿਸੇ ਨਾ ਮਾਤ ਪਰਗਟਾਈਆ ।

### ✳ ੨੫ ਚੇਤ ੨੦੧੯ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫ਼ਿਰੋਜ਼ ਪੁਰ ✳

ਬ੍ਰਹਿਮੰਡ ਖੰਡ ਜੈ ਜੈਕਾਰ, ਜੈ ਜੈਕਾਰ ਸਰਬ ਕਰਾਇੰਦਾ । ਸੂਰਜ ਚੰਦ ਜੈ ਜੈਕਾਰ, ਜੈ ਜੈਕਾਰ ਮੰਡਲ ਮੰਡਪ ਸੋਭਾ ਪਾਇੰਦਾ । ਦੋ ਜਹਾਨਾਂ ਜੈ ਜੈਕਾਰ, ਲੋਆਂ ਪੁਰੀਆਂ ਜੈ ਜੈਕਾਰ ਨਾਅਰਾ ਲਾਇੰਦਾ । ਪ੍ਰਿਥਮੀ ਆਕਾਸ਼ ਜੈ ਜੈਕਾਰ, ਜਲ ਥਲ ਮਹੀਅਲ ਜੈ ਜੈਕਾਰ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜੈ ਜੈਕਾਰ, ਕਰੋੜ ਤਤੀਸਾ ਸੁਰਪਤ ਇੰਦ ਜੈ ਜੈਕਾਰ ਨਾਮ ਧਿਆਇੰਦਾ । ਲੱਖ ਚੁਰਾਸੀ ਜੈ ਜੈਕਾਰ, ਚਾਰ ਖਾਣੀ ਜੈ ਜੈਕਾਰ ਗੀਤ ਅਲਾਇੰਦਾ । ਚਾਰ ਬਾਣੀ ਜੈ ਜੈਕਾਰ, ਚੌਥੇ ਪਦ ਜੈ ਜੈਕਾਰ ਸਾਲਾਹਿੰਦਾ । ਭਗਤ ਭਗਵੰਤ ਜੈ ਜੈਕਾਰ, ਜੈ ਜੈਕਾਰ ਸੰਤਾਂ ਸੰਗ ਨਿਭਾਇੰਦਾ । ਗੁਰਮੁਖ ਗੁਰ ਗੁਰ ਜੈ ਜੈਕਾਰ, ਜੈ ਜੈਕਾਰ ਗੁਰਸਿਖ ਰਾਗ ਅਲਾਇੰਦਾ । ਨਿਰਗੁਣ ਸਰਗੁਣ ਜੈ ਜੈਕਾਰ, ਜੈ ਜੈਕਾਰ ਪੰਚਮ ਭੇਵ ਚੁਕਾਇੰਦਾ । ਤਤਵ ਤਤ ਜੈ ਜੈਕਾਰ, ਜੈ ਜੈਕਾਰ ਆਤਮ ਪਰਮਾਤਮ ਰੰਗ ਰੰਗਾਇੰਦਾ । ਈਸ਼ ਜੀਵ ਜੈ ਜੈਕਾਰ, ਜੈ ਜੈਕਾਰ ਬ੍ਰਹਮ ਪਾਰਬ੍ਰਹਮ ਸੁਣਾਇੰਦਾ । ਗੁਰ ਅਵਤਾਰ ਜੈ ਜੈਕਾਰ, ਜੈ ਜੈਕਾਰ ਸ਼ਬਦੀ ਨਾਦ ਵਜਾਇੰਦਾ । ਸਚਖੰਡ ਦੁਆਰੇ ਜੈ ਜੈਕਾਰ, ਜੈ ਜੈਕਾਰ ਥਿਰ ਘਰ ਆਪਣਾ ਨਾਦ ਸੁਣਾਇੰਦਾ । ਸੁਨ ਅਗੰਮ ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਸਾਲਾਹਿੰਦਾ । ਜੈ ਜੈਕਾਰ ਏਕੰਕਾਰਾ, ਆਦਿ ਅੰਤ ਇਕ ਕਰਾਈਆ । ਜੈ ਜੈਕਾਰ ਬ੍ਰਹਮ ਪਸਾਰਾ, ਪਾਰਬ੍ਰਹਮ ਵੰਡ ਵੰਡਾਈਆ । ਜੈ ਜੈਕਾਰ ਦੋ ਜਹਾਨਾਂ ਨਾਅਰਾ, ਨਿਰਗੁਣ ਨਿਰਵੈਰ ਆਪ ਸੁਣਾਈਆ । ਜੈ ਜੈਕਾਰ ਕਰੇ ਕਰਾਏ ਜੁਗ ਚਾਰਾ, ਚੌਕੜੀ ਆਪਣਾ ਬੰਧਨ ਪਾਈਆ । ਜੈ ਜੈਕਾਰ ਨਾਮ ਸਤਿ ਵਣਜਾਰਾ, ਸਤਿ ਸਤਿਵਾਦੀ ਖੇਲ ਕਰਾਈਆ । ਜੈ ਜੈਕਾਰ ਬ੍ਰਹਮ ਬ੍ਰਹਿਮਾਦੀ ਹੋ ਉਜਿਆਰਾ, ਰੂਪ ਅਨੂਪ ਆਪ ਵਟਾਈਆ । ਜੈ ਜੈਕਾਰ ਕਾਇਆ ਮੰਦਰ ਅੰਦਰ ਖੋਲ੍ਹ ਕਿਵਾੜਾ, ਘਰ ਘਰ ਵਿਚ ਰਾਗ ਅਲਾਈਆ । ਜੈ ਜੈਕਾਰ ਠਾਂਡੇ ਦਰਬਾਰਾ, ਬੰਕ ਦੁਆਰੇ ਦਏ ਵਡਿਆਈਆ । ਜੈ ਜੈਕਾਰ ਅਲੱਖ ਅਗੋਚਰ ਅਗੰਮ ਅਪਾਰਾ, ਬੇਅੰਤ ਬੇਪਰਵਾਹੀਆ । ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਅਰਾ ਆਪ ਸੁਣਾਈਆ । ਜੈ ਜੈਕਾਰਾ ਜੈ ਜੈ ਵੰਤ, ਜੈ ਜੈ ਆਪਣਾ ਨਾਮ ਜਣਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਖੇਲ ਵਖਾਇੰਦਾ । ਨਿਰਗੁਣ ਨਿਰਵੈਰ ਬਣਾਏ ਬਣਤ, ਨਿਰਾਕਾਰ ਵੇਖ ਵਖਾਇੰਦਾ । ਜੈ ਜੈਕਾਰ ਸਾਜਣ ਸੰਤ, ਸਤਿ ਸਤਿਵਾਦੀ ਬੂਝ ਬੁਝਾਇੰਦਾ । ਨਾਮ ਜਣਾਏ ਮਣੀਆਂ ਮੰਤ, ਮਨ ਮਮਤਾ ਮਾਂਹੇ ਸਮਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜੈ ਜੈਕਾਰ ਪੂਰਨ ਭਗਵੰਤ, ਭਗਵਨ ਆਪਣਾ ਰੰਗ ਰੰਗਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਜੈ ਜੈਕਾਰ ਕਮਲਾਪਾਤੀ, ਕਵਲ ਨੈਣ ਵਡੀ ਵਡਿਆਈਆ । ਜੈ ਜੈਕਾਰ ਪੁਰਖ ਅਬਿਨਾਸ਼ੀ, ਅਬਗਤ ਆਪਣੀ ਖੇਲ ਵਖਾਈਆ । ਜੈ ਜੈਕਾਰ ਸਰਬ ਸੁਖ ਦਾਤੀ, ਸੁਖ ਸਹਿਜ ਸਹਿਜ ਵਡਿਆਈਆ । ਜੈ ਜੈਕਾਰ ਦਿਵਸ ਰੈਣ ਪਰਭਾਤੀ, ਘੜੀ ਪਲ ਨਾ ਵੰਡ ਵੰਡਾਈਆ । ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਦ੍ਰਿੜਾਈਆ । ਜੈ ਜੈਕਾਰ ਸੂਰਬੀਰ ਹਰਿ ਜੋਧ, ਜੋਬਨ ਏਕਾ ਏਕ ਰਖਾਇੰਦਾ । ਆਦਿ ਜੁਗਾਦੀ ਅਗਾਧ ਬੋਧ, ਭੇਵ ਅਭੇਦਾ ਆਪ ਜਣਾਇੰਦਾ । ਲੱਖ ਚੁਰਾਸੀ ਸੋਧਨ ਸੋਧ, ਸੋਹਲਾ ਢੋਲਾ ਏਕਾ ਗਾਇੰਦਾ । ਨਾਤਾ ਤੋੜੇ ਲੋਭ ਮੋਹ ਹੰਕਾਰ ਕਰੋਧ, ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਾਲਾਹਿੰਦਾ । ਜੈ ਜੈਕਾਰ ਸਾਖਯਾਤ, ਹਰਿ ਜੂ ਹਰਿ ਹਰਿ ਖੇਲ ਕਰਾਈਆ । ਜੈ ਜੈਕਾਰ ਕਾਇਨਾਤ, ਕਲਮਾ ਨਬੀ ਇਕ ਪੜ੍ਹਾਈਆ । ਜੈ ਜੈਕਾਰ ਪਾਰਜਾਤ, ਪੁਰਖ ਅਬਿਨਾਸ਼ੀ ਰੰਗ ਵਖਾਈਆ । ਜੈ ਜੈਕਾਰ ਖੋਲ੍ਹੇ ਤਾਕ, ਬੰਦ ਕਿਵਾੜੀ ਦਏ ਤੁੜਾਈਆ । ਜੈ ਜੈਕਾਰ ਚੜ੍ਹਾਏ ਘਾਟ, ਸਾਚੇ ਸੰਤਨ ਮੇਲ ਮਿਲਾਈਆ । ਜੈ ਜੈਕਾਰ ਮਿਟਾਏ ਵਾਟ, ਅਗਲਾ ਲੇਖਾ ਨਾ ਕੋਇ ਰਖਾਈਆ । ਜੈ ਜੈਕਾਰ ਰਖਾਏ ਸਾਥ, ਸਗਲਾ ਸੰਗ ਆਪ ਹੋ ਜਾਈਆ । ਜੈ ਜੈਕਾਰ ਜੋੜ ਜੁੜਾਏ ਸਾਚਾ ਨਾਤ, ਚਰਨ ਕਵਲ ਸੱਚੀ ਸਰਨਾਈਆ । ਜੈ ਜੈਕਾਰ ਮਿਟਾਏ ਜ਼ਾਤ ਪਾਤ, ਵਰਨ ਗੋਤ ਨਾ ਕੋਏ ਰਖਾਈਆ । ਜੈ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਰਾਗ ਸੁਣਾਈਆ । ਜੈ ਜੈਕਾਰ ਏਕਾ ਢੋਲਾ, ਏਕੰਕਾਰ ਆਪੇ ਗਾਇੰਦਾ । ਜੈ ਜੈਕਾਰ ਏਕਾ ਬੋਲਾ, ਦੋ ਜਹਾਨਾਂ ਆਪ ਸੁਣਾਇੰਦਾ । ਜੈ ਜੈਕਾਰ ਏਕਾ ਸੋਹਲਾ, ਰਾਗੀ ਰਾਗ ਆਪ ਅਲਾਇੰਦਾ । ਜੈ ਜੈਕਾਰ ਏਕਾ ਤੋਲਾ, ਲੱਖ ਚੁਰਾਸੀ ਤੋਲ ਤੁਲਾਇੰਦਾ । ਜੈ ਜੈਕਾਰ ਏਕਾ ਮੌਲਾ, ਘਟ ਘਟ ਆਪਣਾ ਰੂਪ ਵਖਾਇੰਦਾ । ਜੈ ਜੈਕਾਰ ਬਦਲੇ ਕਾਇਆ ਚੋਲਾ, ਚੋਲੀ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਦ ਆਪ ਵਜਾਇੰਦਾ । ਜੈ ਜੈਕਾਰ ਸਾਚਾ ਨਾਦ, ਅਨਾਦੀ ਆਪ ਵਜਾਈਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵਡੀ ਵਡਿਆਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਬੰਧਨ ਪਾਈਆ । ਪਕੜ ਉਠਾਏ ਸੰਤ ਸਾਧ, ਸਾਚੀ ਸਿਖਿਆ ਇਕ ਸਮਝਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੀਵ ਜੰਤ ਸਭ ਕਰਦੇ ਗਏ ਯਾਦ, ਗੁਰ ਅਵਤਾਰ ਯਾਦਦਾਸਤ ਇਕ ਬਣਾਈਆ । ਜੈ ਜੈਕਾਰ ਕਰ ਰਹੇ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਆਪੇ ਗਾਈਆ । ਜੈ ਜੈਕਾਰ ਜੈ ਦੇਵ, ਗੁਰ ਇਸ਼ਟ ਵਡੀ ਵਡਿਆਈਆ । ਨਿਰਗੁਣ ਸਰਗੁਣ ਲੱਗੇ ਨੇਹੋਂ, ਪ੍ਰੀਤੀਵਾਨ ਪ੍ਰੀਤੀ ਇਕ ਸਮਝਾਈਆ । ਗੁਰ ਕਾ ਅੰਮ੍ਰਿਤ ਮਿੱਠਾ ਰਸ ਮੇਹੋਂ, ਮੇਘ ਮੇਘਲਾ ਆਪ ਬਰਸਾਈਆ । ਅਲੱਖ ਨਿਰੰਜਣ ਬੇਪਰਵਾਹ ਅਭੇਓ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਅਲਾਈਆ । ਸਚ ਸੰਦੇਸ਼ਾ ਅਨਕ ਬਾਰ, ਅਨਕ ਕਲਧਾਰੀ ਆਪ ਜਣਾਇੰਦਾ । ਨਰ ਨਰੇਸ਼ਾ ਏਕੰਕਾਰ, ਹੁਕਮੀ ਹੁਕਮ ਆਪ ਵਰਤਾਇੰਦਾ । ਧੁਰ ਦਾ ਲੇਖਾ ਧੁਰ ਦਰਬਾਰ, ਧੁਰ ਦਰਬਾਰ ਆਪ ਪੜ੍ਹਾਇੰਦਾ । ਵਿਸ਼ਨ ਮਹੇਸ਼ ਬ੍ਰਹਮ ਗਣੇਸ਼ ਸੇਵਾਦਾਰ, ਆਦੇਸ ਸਰਬ ਸੀਸ ਝੁਕਾਇੰਦਾ ।

ਨਰ ਨਰੇਸ਼ ਬਣ ਸੱਚੀ ਸਰਕਾਰ, ਬਾਸ਼ਕ ਸੇਜ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਇੰਦਾ । ਖੇਲ ਅਵੱਲਾ ਹਰਿ ਕਰਤਾਰ, ਆਦਿ ਜੁਗਾਦਿ ਕਰਾਈਆ । ਜਗਤ ਮਹੱਲਾ ਕਰ ਤਿਆਰ, ਲੱਖ ਚੁਰਾਸੀ ਡੇਰਾ ਲਾਈਆ । ਜਲ ਥਲ ਮਹੀਅਲ ਪਾਵੇ ਸਾਰ, ਧਰਤ ਧਵਲ ਦਏ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕੋਟਨ ਕੋਟ ਨਾਉਂ ਰੱਖ ਵਿਚ ਸੰਸਾਰ, ਰਸਨਾ ਜਿਹਵਾ ਜੋੜ ਜੁੜਾਈਆ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਹਰਿ ਕਾ ਅੰਤ ਨਾ ਪਾਰਾਵਾਰ, ਦੋ ਜਹਾਨ ਆਪਣੇ ਚਰਨਾਂ ਹੇਠ ਰਖਾਈਆ । ਆਦਿ ਅੰਤ ਖੇਲ ਕਰੇ ਅਪਾਰ, ਖੇਲਣਹਾਰਾ ਇਕ ਹੋ ਜਾਈਆ । ਅੰਤਮ ਨਿਰਗੁਣ ਨੂਰ ਜੋਤ ਕਰੇ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਈਆ । ਆਪਣਾ ਵੇਸ ਆਪੇ ਧਾਰ, ਆਦਿ ਅੰਤ ਖੇਲ ਕਰਾਇੰਦਾ । ਕਲਜੁਗ ਅੰਤਮ ਨਿਰਾਕਾਰ, ਨਿਰਵੈਰ ਵੇਸ ਵਟਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਾਚਾ ਨੈਣ ਇਕ ਉਠਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਪ੍ਰਿਥਮੀ ਆਕਾਸ਼ ਗਗਨ ਮੰਡਲ ਵੇਖੇ ਏਕਾ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਅੰਤਮ ਕਲ, ਹਰਿ ਕਰਤਾ ਆਪ ਕਰਾਈਆ । ਸਚ ਸਿੰਘਾਸਣ ਬੈਠਾ ਮਲ, ਸੋਭਾਵੰਤ ਬੇਪਰਵਾਹੀਆ । ਸਚ ਸੰਦੇਸ਼ਾ ਰਿਹਾ ਘਲ, ਕਰੇ ਸਚ ਪੜ੍ਹਾਈਆ । ਵਸਣਹਾਰਾ ਜਲ ਥਲ, ਰੂਪ ਅਨੂਪ ਆਪ ਦਰਸਾਈਆ । ਜੋਤੀ ਸ਼ਬਦੀ ਗਿਆ ਰਲ, ਦਿਸ ਕਿਸੇ ਨਾ ਆਈਆ । ਚੜ੍ਹ ਕੇ ਬੈਠਾ ਮਹੱਲ ਅਟੱਲ, ਉਚ ਮਨਾਰਾ ਸੋਭਾ ਪਾਈਆ । ਬਿਨ ਤੇਲ ਬਾਤੀ ਦੀਪਕ ਗਿਆ ਬਲ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਚਾਰ ਜੁਗ ਦਾ ਵੇਖ ਵਿਹਾਰ, ਪੂਰਬ ਲੇਖਾ ਸਭ ਦੀ ਝੋਲੀ ਪਾਇੰਦਾ । ਪਰਗਟ ਹੋ ਆਪ ਨਿਰੰਕਾਰ, ਪਰਵਰਦਿਗਾਰ ਵੇਸ ਵਟਾਇੰਦਾ । ਚਾਰ ਵਰਨ ਇਕ ਆਧਾਰ, ਏਕਾ ਬੂਝ ਬੁਝਾਇੰਦਾ । ਚਾਰੇ ਬਾਣੀ ਇਕ ਜੈਕਾਰ, ਚਾਰੇ ਖਾਣੀ ਆਪ ਸਮਝਾਇੰਦਾ । ਚਾਰੇ ਕੁੰਟ ਕਰ ਵਿਚਾਰ, ਦਹਿ ਦਿਸ਼ਾ ਵੇਖ ਵਖਾਇੰਦਾ । ਚੌਥੇ ਜੁਗ ਪਾਵੇ ਸਾਰ, ਚੌਥਾ ਪਦ ਇਕ ਵਡਿਆਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਅਨਾਦੀ ਨਾਦ ਆਪ ਵਜਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਅਗਲਾ ਲੇਖਾ ਸ੍ਰੀ ਭਗਵਾਨ, ਆਪਣੇ ਹੱਥ ਰਖਾਈਆ । ਜੈ ਜੈਕਾਰ ਦੋ ਜਹਾਨ, ਜੀਵਣ ਜੁਗਤ ਦਏ ਸਮਝਾਈਆ । ਏਥੇ ਓਥੇ ਦੇਵੇ ਮਾਣ, ਸਦਾ ਸੁਹੇਲਾ ਹੋਏ ਸਹਾਈਆ । ਚਾਰ ਵਰਨ ਢੋਲਾ ਏਕਾ ਗਾਣ, ਘਰ ਵੱਜਦੀ ਰਹੇ ਵਧਾਈਆ । ਚਾਰੇ ਬਾਣੀ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਈਆ । ਚਾਰੇ ਖਾਣੀ ਦੇ ਗਿਆਨ, ਗੁਰ ਗਿਆਨ ਇਕ ਦ੍ਰਿੜਾਈਆ । ਸਚਖੰਡ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਲੋਕਮਾਤ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਲੋਕ ਚੌਦਾਂ ਮਾਰ ਧਿਆਨ, ਚੌਦਾਂ ਤਬਕ ਦਏ ਸਮਝਾਈਆ । ਆਦਿ ਜੁਗਾਦੀ ਇਕ ਨਿਗਹਬਾਨ, ਦੂਜਾ ਨੂਰ ਨਾ ਕੋਇ ਦਰਸਾਈਆ । ਕਲਜੁਗ ਅੰਤਮ ਪਰਗਟ ਹੋਇਆ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਟਾਈਆ । ਸ੍ਰਿਸ਼ਟ ਸਬਾਈ ਦੇਵੇ ਦਾਨ, ਦਾਤਾ ਦਾਨੀ ਆਪ ਅਖਵਾਈਆ । ਅੰਤ ਕੰਤ ਕਰੇ ਕਲਿਆਣ, ਕਾਲ ਗਰਾਸ

ਨਾ ਕੋਇ ਕਰਾਈਆ । ਜੋ ਜਨ ਗਾਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਬ੍ਰਹਮ ਬ੍ਰਹਿਮੰਡ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਜੈਕਾਰਾ ਸਰਬ ਸਹਾਰਾ, ਨਾਮ ਆਪਣੇ ਜੈ ਕਰਾਈਆ ।

ਜੈ ਜੈਕਾਰ ਵਿਸ਼ਨੂੰ ਭਗਵਾਨ, ਵਿਸ਼ਵ ਆਪਣਾ ਖੇਲ ਕਰਾਇੰਦਾ । ਸਤਿ ਸਤਿਵਾਦੀ ਹੋ ਪਰਧਾਨ, ਨਾਮ ਪਰਧਾਨਗੀ ਇਕ ਰਖਾਇੰਦਾ । ਨੌਂ ਚਾਰ ਚੁਕਾਏ ਆਣ, ਆਪਣੀ ਆਣ ਏਕਾ ਪਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੇ ਰੂਪ ਵਖਾਇੰਦਾ । ਦਰ ਦਰਵੇਸ਼ ਬਹਿ ਬਹਿ ਮੰਗਣ ਸਾਰੇ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਕਰਾਇੰਦਾ । ਜੈ ਜੈਕਾਰ ਹਰਿ ਮਿਹਰਵਾਨ, ਏਕਾ ਏਕ ਜਣਾਈਆ । ਕਲਜੁਗ ਉਠੇ ਬਾਲ ਅਵਾਣ, ਬਾਲੀ ਬੁੱਧ ਰਖਾਈਆ । ਪੁਰਖ ਅਬਿਨਾਸ਼ੀ ਦੇ ਦਾਨ, ਖਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਕਰਾਈਆ । ਦੇ ਦਾਨ ਮੇਰੇ ਭਗਵੰਤ, ਤੇਰੇ ਹੱਥ ਮੇਰੀ ਵਡਿਆਈਆ । ਕਲਜੁਗ ਵੇਲਾ ਆਇਆ ਅੰਤ, ਲੋਕਮਾਤ ਰਹਿਣ ਨਾ ਪਾਈਆ । ਦੁਖੀ ਹੋਏ ਤੇਰੇ ਸੰਤ, ਧਰਤ ਧਵਲ ਰਹੀ ਕੁਰਲਾਈਆ । ਲੋਕਮਾਤ ਮਾਇਆ ਬੇਅੰਤ, ਆਪਣਾ ਬਲ ਰਹੀ ਜਣਾਈਆ । ਨੌਂ ਖੰਡ ਪ੍ਰਿਥਮੀ ਗੜ੍ਹ ਬਣੀ ਹਉਮੇ ਹੰਗਤ, ਹੰ ਬ੍ਰਹਮ ਨਾ ਕੋਈ ਸਹਾਈਆ । ਨਾ ਕੋਈ ਬਣਾਏ ਸਾਚੀ ਸੰਗਤ, ਚਾਰ ਵਰਨ ਪਈ ਲੜਾਈਆ । ਭੇਵ ਨਾ ਪਾਏ ਕੋਈ ਪੰਡਤ, ਮੁਲਾਂ ਸ਼ੇਖ਼ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦਏ ਵਰਤਾਈਆ । ਸਤਿਜੁਗ ਸਾਚਾ ਕਰੇ ਧਿਆਨ, ਪ੍ਰਭ ਚਰਨ ਧਿਆਨ ਲਗਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਰ ਏਕਾ ਝੋਲੀ ਪਾਇੰਦਾ । ਸਾਚਾ ਦੇ ਸਤਿ ਗਿਆਨ, ਵਸਤ ਮਹਾਨ ਇਕ ਵਰਤਾਇੰਦਾ । ਜੈ ਜੈਕਾਰ ਕਰੇ ਜਹਾਨ, ਤੇਰਾ ਢੋਲਾ ਏਕਾ ਗਾਇੰਦਾ । ਦੂਜਾ ਰਹੇ ਨਾ ਕੋਇ ਨਿਸ਼ਾਨ, ਨਿਸ਼ਾਨਾ ਸਭ ਦਾ ਅੰਤ ਮਿਟਾਇੰਦਾ । ਤਖ਼ਤ ਨਿਵਾਸੀ ਬਹਿ ਰਾਜ ਰਾਜਾਨ, ਸਾਚਾ ਤਖ਼ਤ ਆਪ ਸੁਹਾਇੰਦਾ । ਹੁਕਮੀ ਹੁਕਮ ਕਰੇ ਸਚ ਫ਼ਰਮਾਣ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੈ ਜੈਕਾਰ ਵਿਸ਼ਨੂੰ ਭਗਵਾਨ, ਭਗਵਾਨ ਢੋਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਜੈ ਜੈਕਾਰ ਦੇ ਗੀਤ, ਤੇਰੇ ਅੱਗੇ ਮੰਗ ਮੰਗਾਈਆ । ਸਤਿਜੁਗ ਚਲੇ ਸਾਚੀ ਰੀਤ, ਤੇਰਾ ਰਾਹ ਦਏ ਵਖਾਈਆ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਫੇਰਾ ਕੋਇ ਨਾ ਪਾਈਆ । ਘਰ ਘਰ ਮਿਲੇ ਬ੍ਰਹਮ ਮਤ, ਜਗਤ ਗਿਆਨ ਨਾ ਕੋਇ ਵਡਿਆਈਆ । ਸਾਚਾ ਮਾਰਗ ਆਪਣਾ ਦੱਸ, ਬਣ ਰਹਿਬਰ ਮੇਰੇ ਮਾਹੀਆ । ਤੇਰਾ ਨਾਉਂ ਕਰਾਂ ਪਰਕਾਸ਼, ਜੈ ਜੈਕਾਰ ਕਰੇ ਲੋਕਾਈਆ । ਤੇਰੇ ਭਗਤਾਂ ਬਣਾਂ ਦਾਸ, ਬਣ ਦਾਸੀ ਸੇਵ ਕਮਾਈਆ । ਤੂੰ ਮੇਰੀ ਪੂਰੀ ਕਰਨੀ ਆਸ, ਮੈਂ ਇਕੋ ਇਛਿਆ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੈ ਜੈਕਾਰ ਤੇਰੇ ਨਾਮ ਵਡਿਆਈਆ । ਸਾਚੀ ਇਛਿਆ ਪੂਰੀ ਕਰ, ਕਰਨਹਾਰ ਮੇਰੇ ਗੁਸਾਈਆ । ਆ ਕੇ ਡਿੱਗਾ ਤੇਰੇ ਦਰ, ਇਕ ਤੇਰੀ ਓਟ ਤਕਾਈਆ । ਕਲਜੁਗ ਅੰਤਮ ਦੇ ਦੇ ਵਰ, ਫੜ ਮੇਰੀਆਂ ਦੋਵੇਂ ਬਾਹੀਂਆ । ਕੂੜੀ ਕਿਰਿਆ ਮਿਟੇ ਡਰ, ਸਚ ਸੁੱਚ ਵੱਜਣ ਵਧਾਈਆ ।


੩੬
੧੨

ਏਕਾ ਮਾਣ ਨਾਰੀ ਨਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਸਾਹਿਬ ਸੱਚੇ ਮਾਹੀਆ । ਦੇ ਦੇ ਵਰ ਮੇਰੇ ਭਗਵੰਤ, ਸਤਿਜੁਗ ਝੋਲੀ ਅੱਗੇ ਡਾਹਿੰਦਾ । ਤੂੰ ਆਦਿ ਜੁਗਾਦਿ ਬਣਾਏਂ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਮੈਂ ਤੇਰਾ ਗਾਵਾਂ ਮੰਤ, ਮੰਤਰ ਇਕੋ ਨਾਮ ਦ੍ਰਿੜਾਇੰਦਾ । ਲੇਖਾ ਜਾਣਾਂ ਜੀਵ ਜੰਤ, ਜੰਤ ਜੀਵ ਤੇਰਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਭਾਇੰਦਾ । ਤੁਧ ਬਿਨ ਅਵਰ ਨਾ ਕੋਇ ਦੀਸੇ, ਨੇਤਰ ਨੈਣ ਨਜ਼ਰ ਕੋਇ ਨਾ ਆਈਆ । ਤੂੰ ਸ਼ਾਹ ਪਾਤਸ਼ਾਹ ਜਗਤ ਜਗਦੀਸ਼ੇ, ਜਗਦੀਸ਼ਰ ਤੇਰੀ ਵਡ ਵਡਿਆਈਆ । ਮੈਂ ਮੰਨਾਂ ਤੇਰੀ ਹਦੀਸੇ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਬੀਸ ਬੀਸੇ, ਏਕ ਏਕੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਵੱਜੇ ਵਧਾਈਆ । ਵੱਜੇ ਵਧਾਈ ਤੇਰੇ ਨਾਉਂ, ਹਉਂ ਸਿਫ਼ਤੀ ਸਿਫ਼ਤ ਸਾਲਾਹਿੰਦਾ । ਤੂੰ ਠਾਕਰ ਸਵਾਮੀ ਪਿਤਾ ਮਾਉਂ, ਹਉਂ ਬਾਲਕ ਰੂਪ ਧਰਾਇੰਦਾ । ਤੂੰ ਵਸੇਂ ਹਰ ਘਟ ਥਾਉਂ, ਮੈਂ ਤੇਰੀ ਓਟ ਰਖਾਇੰਦਾ । ਤੂੰ ਕਰਦਾ ਸਚ ਨਿਆਉਂ, ਸਾਚੇ ਤਖ਼ਤ ਸੋਭਾ ਪਾਇੰਦਾ । ਤੂੰ ਆਦਿ ਅੰਤ ਪਕੜੇਂ ਬਾਹੋਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਇਕ ਤੇਰੀ ਆਸ ਰਖਾਇੰਦਾ । ਇਕੋ ਰੱਖੀ ਤੇਰੀ ਆਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਤਿੰਨ ਜੁਗ ਦੀ ਬੁਝੇ ਪਿਆਸ, ਅੰਮ੍ਰਿਤ ਮੇਘ ਇਕ ਬਰਸਾਨਾ । ਮੇਰੇ ਵਸਣਾ ਸਦਾ ਸਾਥ, ਸਗਲਾ ਸੰਗ ਨਿਭਾਨਾ । ਮੈਂ ਗਾਵਾਂ ਤੇਰੀ ਗਾਥ, ਨਿਰਗੁਣ ਸਰਗੁਣ ਇਕ ਤਰਾਨਾ । ਤੂੰ ਲਹਿਣਾ ਚੁਕੌਣਾ ਮਸਤਕ ਮਾਥ, ਪਾਰਬ੍ਰਹਮ ਸ੍ਰੀ ਭਗਵਾਨਾ । ਤੂੰ ਹੋਏਂ ਸਹਾਈ ਅਨਾਥਾਂ ਨਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਦਾਨਾ । ਏਕਾ ਦਾਨ ਦੇ ਦੇ ਦਾਤ, ਤੇਰੇ ਅੱਗੇ ਮੇਰੀ ਅਰਜ਼ੋਈਆ । ਤੂੰ ਪੁਛ ਮੇਰੀ ਵਾਤ, ਮੈਂ ਤੇਰੀ ਓਟ ਤਕਾਈਆ । ਚਾਰ ਕੁੰਟ ਅੰਧੇਰੀ ਰਾਤ, ਤੇਰੇ ਬਿਨ ਨਾ ਕੋਇ ਬਦਲਾਈਆ । ਤਿੰਨ ਜੁਗ ਨਾ ਖੋਲ੍ਹਿਆ ਤਾਕ, ਆਪਣੇ ਅੰਦਰ ਬੰਦ ਰਖਾਈਆ । ਲੱਖ ਚੁਰਾਸੀ ਨਾਲੋਂ ਤੋੜ ਸਾਕ, ਨਾਤਾ ਏਕਾ ਘਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਚਲਾਂ ਸਦਾ ਰਜਾਈਆ । ਤੇਰੀ ਰਜ਼ਾ ਮੈਨੂੰ ਮਨਜ਼ੂਰ, ਮਿਹਰਵਾਨ ਮਿਹਰਵਾਨ ਮਿਹਰਵਾਨਾ । ਤੂੰ ਆਪਣਾ ਨਾਮ ਦੇ ਜ਼ਰੂਰ, ਰਾਗੀ ਨਾਦੀ ਬ੍ਰਹਿਮਾਦੀ ਸੁਣੇ ਤੇਰਾ ਤਰਾਨਾ । ਤੂੰ ਪ੍ਰਗਟ ਹਾਜ਼ਰ ਹਜ਼ੂਰ, ਦਰ ਦੇਣਾ ਦਰਸ ਮਹਾਨਾ । ਨੌਂ ਖੰਡ ਪ੍ਰਿਥਮੀ ਤਪੇ ਵਾਂਗ ਤੰਦੂਰ, ਅੰਮ੍ਰਿਤ ਮੇਘ ਇਕ ਬਰਸਾਨਾ । ਨਾਤਾ ਤੋੜ ਕੂੜੋ ਕੂੜ, ਕੂੜੀ ਕਿਰਿਆ ਮੇਟ ਮਿਟਾਨਾ । ਤੇਰੇ ਭਗਤ ਮੰਗਣ ਤੇਰੀ ਧੂੜ, ਤੇਰਾ ਰਾਹ ਤਕਾਨਾ । ਤੂੰ ਬਖ਼ਸ਼ੀਂ ਸਰਬ ਕਸੂਰ, ਰਹਿਮਤ ਕਰ ਕਿਰਪਾ ਸ੍ਰੀ ਭਗਵਾਨਾ । ਸ੍ਰੀ ਭਗਵਾਨ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਈਆ । ਅੰਤ ਚਲੇ ਨਾ ਕੋਈ ਕਿਸੇ ਵਸ, ਸਤਿਜੁਗ ਤੇਰੀ ਧੀਰ ਧਰਾਈਆ । ਕਲਜੁਗ ਕੂੜਾ ਜਾਣਾ ਨੱਸ, ਆਪਣਾ ਭਾਰ ਉਠਾਈਆ । ਪੁਰਖ ਅਬਿਨਾਸ਼ੀ ਗੁਰਮੁਖਾਂ ਅੰਦਰ ਜਾਣਾ ਵਸ, ਤੇਰਾ ਸੰਗ ਨਿਭਾਈਆ । ਪ੍ਰੇਮ ਪਿਆਰ ਅੰਦਰ ਜਾਏ ਫਸ, ਸਾਚੀ ਡੋਰੀ ਤੰਦ ਬੰਧਾਈਆ । ਕੂੜੀ ਕਿਰਿਆ ਦੇਵੇ ਝਸ, ਉਪਰ ਆਪਣਾ ਭਾਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਇਕ ਧੀਰ ਧਰਾਈਆ । ਧੀਰਜ ਦੇਵੇ ਸਚ ਭਰਵਾਸਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸਤਿਜੁਗ ਤੇਰੇ ਅੰਦਰ ਸਤਿ ਸਤਿ ਵਾਸਾ, ਸਤਿ ਸਤਿਵਾਦੀ ਆਪ ਕਰਾਇੰਦਾ ।


੩੭ ੧੨

ਗੁਰਮੁਖ ਦੇਣਾ ਤੇਰਾ ਸਾਥਾ, ਸਗਲਾ ਸੰਗ ਨਿਭਾਇੰਦਾ । ਚਾਰ ਜੁਗ ਚਾਰ ਵਰਨ ਜਣਾਏ ਇਕੋ ਗਾਥਾ, ਏਕਾ ਅੱਖਰ ਆਪ ਪੜ੍ਹਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਧਾਰ ਚਲਾਇੰਦਾ । ਪੂਰਾ ਕਰੇ ਭਵਿਖਤ ਵਾਕਾ, ਗੁਰ ਅਵਤਾਰ ਭੇਵ ਚੁਕਾਇੰਦਾ । ਅੱਗੇ ਚਲਾਏ ਆਪਣਾ ਸਾਕਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਪ੍ਰਕਾਸ਼ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸੰਗ ਵਖਾਇੰਦਾ । ਸਤਿਜੁਗ ਸਾਚੇ ਤੇਰਾ ਸੰਗ, ਸਗਲਾ ਆਪ ਨਿਭਾਈਆ । ਨੌਂ ਨੌਂ ਵੱਜੇ ਇਕ ਮਰਦੰਗ, ਮਰਦ ਮਰਦਾਨਾ ਆਪ ਵਜਾਈਆ । ਦੋ ਜਹਾਨਾਂ ਬੈਠਾ ਲੰਘ, ਸਚ ਸਿੰਘਾਸਣ ਆਸਣ ਲਾਈਆ । ਸ੍ਰਿਸ਼ਟ ਸਬਾਈ ਸੁਣਾਏ ਛੰਦ, ਗੀਤ ਗੋਬਿੰਦ ਆਪ ਅਲਾਈਆ । ਹਰਿਜਨ ਦੇਵੇ ਇਕ ਅਨੰਦ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਲੇਖੇ ਲਾਏ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸੰਗ ਵਖਾਈਆ । ਤੇਰਾ ਸੰਗ ਸੋਹੰ ਸੋ, ਹੰ ਬ੍ਰਹਮ ਆਪ ਬਣਾਇੰਦਾ । ਆਦਿ ਅੰਤ ਆਪੇ ਹੋ, ਆਪਣੀ ਖੇਲ ਕਰਾਇੰਦਾ । ਆਦਿ ਜੁਗਾਦੀ ਬੀਜ ਬੋ, ਲੱਖ ਚੁਰਾਸੀ ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਅੰਤ ਪਤ ਡਾਲੀ ਆਪੇ ਲਏ ਖੋ, ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਇਕ ਵਖਾਇੰਦਾ । ਸਗਲਾ ਸੰਗ ਸਤਿ ਸਰੂਪ, ਸਤਿ ਸਤਿਵਾਦੀ ਆਪ ਜਣਾਈਆ । ਆਤਮ ਪਰਮਾਤਮ ਦੱਸੇ ਆਪਣੀ ਕੂਟ, ਏਕਾ ਮੰਦਰ ਵੱਜੇ ਵਧਾਈਆ । ਇਕ ਸੁਲਤਾਨ ਇਕ ਭੂਪ, ਏਕਾ ਸ਼ਾਹੋ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਰਖਾਈਆ । ਸਾਚਾ ਸੰਗ ਸੋਹੰ ਨਾਦ, ਅਨਾਦੀ ਆਪ ਵਜਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੱਖੇ ਸਾਥ, ਸਗਲਾ ਸੰਗ ਆਪ ਹੋ ਆਇੰਦਾ । ਵਿਸ਼ਨੂੰ ਸੇਵਾ ਕਰੇ ਛਿਨ ਛਿਨ ਦਾਸ, ਸੇਵਕ ਆਪਣਾ ਨਾਉਂ ਧਰਾਇੰਦਾ । ਭਗਵਨ ਜੋਤ ਕਰੇ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਜੈ ਜੈਕਾਰ ਕਰੇ ਪ੍ਰਿਥਮੀ ਆਕਾਸ਼, ਰਵ ਸਸ ਏਕਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਗਲਾ ਸੰਗ ਆਪ ਨਿਭਾਇੰਦਾ । ਸਤਿਜੁਗ ਉਠ ਕਰੇ ਨਿਮਸ਼ਕਾਰ, ਤੇਰੀ ਵਾਹ ਵਾਹ ਵਡੀ ਵਡਿਆਈਆ । ਤੇਰੇ ਨਾਉਂ ਜੈ ਜੈਕਾਰ, ਜੈ ਜੈਕਾਰ ਜਗਤ ਸ਼ਨਵਾਈਆ । ਮਾਰਗ ਲਾਇਆ ਅਪਰ ਅਪਾਰ, ਬੇਅੰਤ ਵਡੀ ਵਡਿਆਈਆ । ਜੀਉਂਦਿਆਂ ਗੁਰਮੁਖ ਵਸੇ ਨਾਲ, ਮਰਿਆਂ ਜੂਨੀ ਜੂਨੀ ਨਾ ਕੋਈ ਭੁਆਈਆ । ਲੇਖਾ ਲਿਖ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਕਰਾਈਆ । ਛੱਤੀ ਜੁਗ ਦਾ ਦਏ ਅਧਾਰ, ਗੁਰ ਅਵਤਾਰਾਂ ਝੋਲੀ ਪਾਈਆ । ਬਹੱਤਰ ਜਨ ਕਰ ਪਿਆਰ, ਜਨ ਜਨਣੀ ਬਣਿਆ ਪਿਤਾ ਮਾਈਆ । ਸੱਤਰ ਵੇਖੇ ਸਾਚੇ ਲਾੜ, ਗੁਰਸਿਖ ਸਾਚੇ ਘੋੜ ਚੜ੍ਹਾਈਆ । ਚੁਹੱਤਰਾਂ ਆਈ ਆਪਣੀ ਵਾਰ, ਸੱਤ ਚਾਰ ਵੱਜੇ ਵਧਾਈਆ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣਾ ਪਰਦਾ ਲਾਹੀਆ । ਗੋਬਿੰਦ ਗੁਰ ਗੁਰ ਹੋ ਤਿਆਰ, ਤ੍ਰੈਗੁਣ ਮੀਤਾ ਠਾਂਡਾ ਸੀਤਾ ਸਚ ਸਤਿ ਫੇਰਾ ਪਾਈਆ । ਸਤਿਜੁਗ ਸਾਚੀ ਰੀਤਾ ਚਲੇ ਵਿਚ ਸੰਸਾਰ, ਸਾਤਾ ਚੌਕਾ ਨੌਕਾ ਨਈਆ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਸਾਚਾ ਦਾਨ, ਜੈ ਜੈਕਾਰ ਏਕਾ ਰਾਗ ਅਲਾਈਆ ।

## ✳ ੨੫ ਚੇਤ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਦੇ ਘਰ ਪਿੰਡ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ✳

ਸਚਖੰਡ ਨਿਵਾਸੀ ਸ੍ਰੀ ਭਗਵਾਨਾ, ਸਤਿ ਸਤਿ ਆਪਣੀ ਧਾਰ ਚਲਾਇੰਦਾ । ਨਿਰਗੁਣ ਨੂਰ ਜੋਤ ਮਹਾਨਾ, ਪਰਕਾਸ਼ ਪਰਕਾਸ਼ ਆਪ ਧਰਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸ਼ਹਿਨਸ਼ਾਹ ਆਪਣੀ ਖੇਲ ਕਰਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨਾ, ਰਹਿਮਤ ਆਪਣੀ ਆਪ ਕਰਾਇੰਦਾ । ਪਰਵਰਦਿਗਾਰ ਨੂਰ ਨੁਰਾਨਾ, ਜਲਵਾ ਨੂਰ ਆਪ ਧਰਾਇੰਦਾ । ਅਜੂਨੀ ਰਹਿਤ ਖੇਲ ਮਹਾਨਾ, ਮਾਤ ਪਿਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰ, ਆਦਿ ਅੰਤ ਇਕ ਕਰਾਈਆ । ਸਚਖੰਡ ਨਿਵਾਸੀ ਹੋ ਤਿਆਰ, ਦਰਗਹਿ ਸਾਚੀ ਧਾਮ ਸੁਹਾਈਆ । ਧੁਰ ਫ਼ਰਮਾਣਾ ਏਕਾ ਵਾਰ, ਏਕੰਕਾਰਾ ਆਪ ਜਣਾਈਆ । ਅਗੰਮ ਅਗੰਮੜੀ ਕਰੇ ਕਾਰ, ਕਰਤਾ ਪੁਰਖ ਭੇਵ ਨਾ ਆਈਆ । ਆਪਣੀ ਇਛਿਆ ਕਰ ਵਿਚਾਰ, ਆਸਾ ਏਕਾ ਏਕ ਪਰਗਟਾਈਆ । ਸਾਚੀ ਭਿਛਿਆ ਦੇਵਣਹਾਰ, ਵਸਤ ਅਮੋਲਕ ਆਪ ਵਰਤਾਈਆ । ਨਿਰਗੁਣ ਨਿਰਗੁਣ ਨਿਰਗੁਣ ਕਰ ਪਿਆਰ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਮਹੱਲ ਅਟੱਲ ਉਚ ਮਨਾਰ, ਨਿਹਚਲ ਧਾਮ ਆਪ ਸੁਹਾਈਆ । ਵੇਖੇ ਵਿਗਸੇ ਵੇਖਣਹਾਰ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਆਪ ਵਸਾਈਆ । ਸਚ ਮਹੱਲਾ ਸ੍ਰੀ ਭਗਵੰਤ, ਸਚਖੰਡ ਦੁਆਰਾ ਆਪ ਵਸਾਇੰਦਾ । ਆਪੇ ਮਹਿਮਾ ਜਾਣ ਅਗਣਤ, ਲੇਖਾ ਲੇਖ ਨਾ ਕੋਇ ਜਣਾਇੰਦਾ । ਵੇਸ ਵਟਾਏ ਨਾਰ ਕੰਤ, ਨਿਰਗੁਣ ਰੂਪ ਅਨੂਪ ਰਖਾਇੰਦਾ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰ ਸ੍ਰੀ ਭਗਵਾਨ, ਇਕ ਇਕੱਲਾ ਆਪ ਸੁਹਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਸੋ ਪੁਰਖ ਨਿਰੰਜਣ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਈਆ । ਹਰਿ ਪੁਰਖ ਨਿਰੰਜਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਰਖਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਖੇਲ ਮਹਾਨ, ਖੇਲਣਹਾਰਾ ਨਜ਼ਰ ਨਾ ਆਈਆ । ਸ੍ਰੀ ਭਗਵਾਨ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਵਸੇ ਸਚ ਮਕਾਨ, ਸਚ ਦੁਆਰਾ ਇਕ ਸੁਹਾਈਆ । ਛੱਪਰ ਛੰਨ ਨਾ ਕੋਇ ਨਿਸ਼ਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਇਕ ਇਕੱਲਾ ਵਡ ਮਿਹਰਵਾਨ, ਆਪਣੀ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਈਆ । ਸਚਖੰਡ ਦੁਆਰਾ ਏਕਾ ਏਕ, ਏਕੰਕਾਰਾ ਆਪ ਸੁਹਾਇੰਦਾ । ਨਿਰਗੁਣ ਨਿਰਵੈਰ ਆਪੇ ਵੇਖ, ਪੇਖਤ ਪੇਖਤ ਆਪਣੀ ਖ਼ੁਸ਼ੀ ਮਨਾਇੰਦਾ । ਆਪੇ ਵਸੇ ਸਾਚੇ ਦੇਸ, ਦੂਜਾ ਦਰ ਨਾ ਕੋਇ ਵਡਿਆਇੰਦਾ । ਨਰ ਨਿਰੰਕਾਰਾ ਬਣ ਨਰੇਸ਼, ਨਿਰਗੁਣ ਆਪਣਾ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਨਿਰਗੁਣ ਧਾਰ, ਨਿਰੰਕਾਰ ਆਪ ਕਰਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨਿਰਮਲ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸਾਚਾ ਸਾਥੀ ਪਰਵਰਦਿਗਾਰ, ਸਗਲਾ ਸੰਗ ਆਪ ਹੋ ਜਾਈਆ । ਪੁਰਖ ਅਬਿਨਾਸ਼ੀ


੩੯ ੧੨

ਹੋ ਤਿਆਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਦੁਆਰਾ ਸਾਚਾ ਘਰ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ । ਪੁਰਖ ਅਕਾਲ ਅੰਦਰ ਵੜ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਗੁਣ ਨਿਰਗੁਣ ਘਾੜਨ ਘੜ, ਘੜ ਘੜ ਆਪੇ ਵੇਖ ਵਖਾਇੰਦਾ । ਕਰਨੀ ਕਿਰਤ ਕਰਤਾ ਪੁਰਖ ਆਪੇ ਕਰ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਨਾ ਜਨਮੇ ਨਾ ਜਾਏ ਮਰ, ਅਜੂਨੀ ਰਹਿਤ ਵੇਸ ਅਨੇਕ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਘਾੜਨ ਘੜ, ਹਰਿ ਘੜ ਘੜ ਖ਼ੁਸ਼ੀ ਮਨਾਈਆ । ਨਾ ਕੋਈ ਦਿਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਇਕ ਇਕੱਲਾ ਅੰਦਰ ਵੜ, ਹਰਿ ਜੂ ਆਪਣਾ ਆਸਣ ਲਾਈਆ । ਨਾ ਕੋਈ ਦੂਸਰ ਮੀਤ ਮੁਰਾਰ, ਲਾਸ਼ਰੀਕ ਇਕ ਅਖਵਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਆਪਣੀ ਇਛਿਆ ਬੋਲ ਜੈਕਾਰ, ਜੈ ਜੈਕਾਰ ਇਕ ਸੁਣਾਈਆ । ਆਪਣਾ ਨਾਉਂ ਰੱਖ ਨਿਰੰਕਾਰ, ਨਿਰਗੁਣ ਆਪਣਾ ਨਾਮ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵੇਖੇ ਚਾਈਂ ਚਾਈਂਆ । ਸਚਖੰਡ ਦੁਆਰੇ ਚਾਓ ਘਨੇਰਾ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਆਪੇ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਨਾ ਕੋਇ ਜਣਾਇੰਦਾ । ਆਪ ਸੁਹਾਏ ਸਾਚਾ ਖੇੜਾ, ਬੰਕ ਦੁਆਰੀ ਸੋਭਾ ਪਾਇੰਦਾ । ਆਪਣਾ ਨਾਉਂ ਰੱਖੇ ਮੇਰਾ ਤੇਰਾ, ਤੇਰਾ ਮੇਰਾ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਪਰਗਟਾਇੰਦਾ । ਸਚਖੰਡ ਦੁਆਰੇ ਆਪੇ ਪਰਗਟ, ਹਰਿ ਜੂ ਆਪਣੀ ਧਾਰ ਚਲਾਇੰਦਾ । ਏਕੰਕਾਰਾ ਖੋਲ੍ਹ ਹੱਟ, ਬਣ ਵਣਜਾਰਾ ਸੇਵ ਕਮਾਇੰਦਾ । ਨਿਰਮਲ ਨੂਰ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਇੰਦਾ । ਸਚਖੰਡ ਦੁਆਰਾ ਊਚੋ ਊਚ, ਅਗੰਮ ਅਥਾਹ ਆਪ ਬਣਾਈਆ । ਨਾ ਕੋਈ ਵੰਡ ਚਾਰ ਕੂਟ, ਦਹਿ ਦਿਸ਼ਾ ਨਾ ਕੋਇ ਰਖਾਈਆ । ਨਾ ਕੋਈ ਪਿਤਾ ਨਾ ਕੋਈ ਪੂਤ, ਨਾ ਕੋਇ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪਣਾ ਖੇਲ ਖਲਾਈਆ । ਸਚਖੰਡ ਦੁਆਰਾ ਕਰ ਤਿਆਰ, ਹਰਿ ਜੂ ਆਪਣਾ ਖੇਲ ਕਰਾਇੰਦਾ । ਆਪਣਾ ਬਲ ਆਪੇ ਧਾਰ, ਬਲ ਆਪਣਾ ਵੇਖ ਵਖਾਇੰਦਾ । ਆਪਣੀ ਦਿਸ਼ਾ ਪਾਵੇ ਸਾਰ, ਦੂਜਾ ਹਿੱਸਾ ਨਾ ਕੋਇ ਵੰਡਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਸਾਚੀ ਇਛਿਆ ਆਪੇ ਰੱਖ, ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਪਰਤੱਖ ਨੂਰ ਵਖਾਈਆ । ਸਚਖੰਡ ਦੁਆਰੇ ਬੋਲ ਅਲੱਖ, ਏਕਾ ਨਾਅਰਾ ਲਾਈਆ । ਆਪੇ ਵਿਚੋਂ ਕਰ ਕੇ ਆਪਾ ਵੱਖ, ਆਪ ਆਪਣੀ ਬਣਤ ਬਣਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਚਲਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਸਚਖੰਡ ਦੁਆਰੇ ਆਪੇ ਵਸ, ਸਾਚਾ ਘਾੜਨ ਲਏ ਘੜਾਈਆ । ਪੂਰੀ ਕਰੇ ਆਪਣੀ ਆਸ, ਆਸਾ ਆਸਾ ਵਿਚ ਮਿਲਾਈਆ । ਆਪੇ ਖੇਲੇ ਖੇਲ ਤਮਾਸ਼, ਖੇਲਣਹਾਰਾ ਆਪ ਹੋ ਜਾਈਆ । ਆਪੇ ਵਸੇ ਆਪਣੇ ਪਾਸ, ਸਾਚਾ ਸੰਗ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ,

ਆਪਣੀ ਇਛਿਆ ਆਪ ਧਰਾਈਆ । ਆਪਣੀ ਇਛਿਆ ਏਕੰਕਾਰ, ਆਦਿ ਪੁਰਖ ਆਪ ਜਣਾਇੰਦਾ । ਸਚਖੰਡ ਦੁਆਰੇ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਜੋਤੀ ਜਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਹੁਕਮੀ ਹੁਕਮ ਦੇਵੇ ਏਕਾ ਵਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਭੂਪਤ ਭੂਪ ਕਰ ਤਿਆਰ, ਰਾਜ ਰਾਜਾਨ ਵੇਸ ਵਟਾਇੰਦਾ । ਘਰ ਮੰਦਰ ਸੋਹੇ ਬੰਕ ਦੁਆਰ, ਅੰਦਰ ਆਪਣਾ ਆਸਣ ਲਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਸਾਚੀ ਖ਼ੁਸ਼ੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਜਣਾਇੰਦਾ । ਸਾਚੀ ਇਛਿਆ ਸ੍ਰੀ ਭਗਵਾਨ, ਆਪਣੀ ਆਪ ਪਰਗਟਾਈਆ । ਇਕ ਇਕੱਲਾ ਬੈਠਾ ਵਿਚ ਮਕਾਨ, ਕੰਮ ਕਿਸੇ ਨਾ ਆਈਆ । ਨਿਰਗੁਣ ਨੂਰ ਨਾ ਕੋਈ ਨਿਸ਼ਾਨ, ਰੂਪ ਰੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਤਾ ਆਪ ਪਕਾਈਆ । ਆਪਣੇ ਨਾਲ ਕਰੇ ਸਲਾਹ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਨਿਰਗੁਣ ਨਿਰਗੁਣ ਲਏ ਮਿਲਾ, ਮੇਲ ਮਿਲਾਵਾ ਆਪ ਬਣਾਇੰਦਾ । ਪੂਤ ਸਪੂਤਾ ਲਏ ਜਾ, ਜਨਨੀ ਜਨ ਆਪ ਅਖਵਾਇੰਦਾ । ਦਾਈ ਦਾਇਆ ਬੇਪਰਵਾਹ, ਦਿਸ ਕਿਸੇ ਨਾ ਆਇੰਦਾ । ਘਰ ਵਿਚ ਘਰ ਲਏ ਬਣਾ, ਥਿਰ ਘਰ ਆਪਣੀ ਬਣਤ ਬਣਾਇੰਦਾ । ਛੋਟਾ ਬਾਲਾ ਵਿਚ ਵਸਾ, ਸ਼ਬਦੀ ਨਾਉਂ ਧਰਾਇੰਦਾ । ਸੀਸ ਆਪਣਾ ਹੱਥ ਟਿਕਾ, ਸਮਰਥ ਦਇਆ ਕਮਾਇੰਦਾ । ਮਹਿਮਾ ਅਕੱਥ ਆਪ ਪੜ੍ਹਾ, ਅੱਖਰ ਵੱਖਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਸਮਝਾਇੰਦਾ । ਸਾਚੀ ਇਛਿਆ ਸ਼ਬਦੀ ਧਾਰ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਘਰ ਘਰ ਵਿਚ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਕਰ ਪਸਾਰ, ਪਸਰ ਪਸਾਰੀ ਵੇਖ ਵਖਾਈਆ । ਧੁਰ ਫ਼ਰਮਾਣਾ ਏਕਾ ਵਾਰ, ਹਰਿ ਹੁਕਮੀ ਹੁਕਮ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਤ੍ਰੈ ਮੇਲਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪੇ ਲਏ ਜਣਾਈਆ । ਸਾਚੀ ਇਛਿਆ ਸ਼ਬਦੀ ਸੁਤ, ਪਿਤਾ ਪੂਤ ਆਪ ਜਣਾਇੰਦਾ । ਸਚਖੰਡ ਦੁਆਰੇ ਸੋਹੇ ਰੁੱਤ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਬਾਲ ਨਿਧਾਨੇ ਜਾਣਾ ਉਠ, ਸਾਚੀ ਸਿਖਿਆ ਹਰਿ ਸਮਝਾਇੰਦਾ । ਪੁਰਖ ਅਬਿਨਾਸ਼ੀ ਰਿਹਾ ਤੁਠ, ਦੀਨਨ ਆਪਣੀ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਹਾਏ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਬਹਿ ਬਹਿ ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਤਖ਼ਤ ਨਿਵਾਸੀ ਆਪ ਜਣਾਈਆ । ਤ੍ਰੈਗੁਣ ਮੇਲਾ ਮੇਲ ਮਿਲਾਨਾ, ਪੰਚਮ ਪੰਚ ਕਰੇ ਕੁੜਮਾਈਆ । ਬ੍ਰਹਿਮੰਡ ਖੰਡ ਪੁਰੀ ਲੋਆਂ ਆਕਾਸ਼ ਬਣਾਨਾ, ਆਕਾਸ਼ ਆਕਾਸ਼ਾਂ ਨਾਲ ਮਿਲਾਈਆ । ਜਲ ਥਲ ਮਹੀਅਲ ਖੇਲ ਮਹਾਨਾ, ਧਰਨੀ ਧਰਤ ਧਵਲ ਵਡਿਆਈਆ । ਇਕ ਇਕੱਲਾ ਦੇਵੇ ਦਾਨਾ, ਸਾਚੀ ਇਛਿਆ ਪੂਰ ਕਰਾਈਆ । ਵਿਸ਼ਨੂੰ ਦੇਵੇ ਵਿਸ਼ਵ ਗਿਆਨਾ, ਏਕਾ ਬੂਝ ਰਖਾਈਆ । ਬ੍ਰਹਮੇ ਬ੍ਰਹਮ ਇਕ ਵਖਾਨਾ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਖੇਲ ਹੋਏ ਮਹਾਨਾ, ਖ਼ਾਲਕ ਖ਼ਲਕ ਦਏ ਸਮਝਾਈਆ । ਤਿੰਨਾਂ ਵਿਚੋਲਾ ਸ਼ਬਦੀ ਸੁਤ ਅਖਵਾਨਾ, ਬੰਧਨ ਏਕਾ ਡੋਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਲਏ ਸਮਝਾਈਆ । ਸਾਚੀ ਇਛਿਆ ਸ੍ਰੀ

ਭਗਵਾਨ, ਆਪਣੀ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਹੁਕਮੀ ਹੁਕਮ ਆਪ ਸੁਣਾਇੰਦਾ । ਨਿਰਗੁਣ ਸਰਗੁਣ ਕਰ ਪਰਧਾਨ, ਜਗਤ ਪਰਧਾਨਗੀ ਆਪ ਬਣਾਇੰਦਾ । ਲੱਖ ਚੁਰਾਸੀ ਘਾੜਨ ਘੜ ਵਿਚ ਜਹਾਨ, ਦੋ ਜਹਾਨਾਂ ਵਾਲੀ ਖੇਲ ਕਰਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਨ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਘਰ ਵਿਚ ਘਰ ਸਚ ਮਕਾਨ, ਬੇਮੁਕਾਮ ਆਪ ਬਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਵਸਤ ਅਮੋਲਕ ਇਕ ਵਖਾਇੰਦਾ । ਸ਼ਬਦ ਅਨਾਦ ਸਚੀ ਧੁਨਕਾਨ, ਧੁਰ ਦਰਬਾਰੀ ਆਪ ਸੁਣਾਇੰਦਾ । ਆਤਮ ਜੋਤੀ ਨੂਰ ਮਹਾਨ, ਬ੍ਰਹਮ ਪਾਰਬ੍ਰਹਮ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਸ਼ਬਦੀ ਝੋਲੀ ਪਾਇੰਦਾ । ਸ਼ਬਦੀ ਸੁਤ ਉਠ ਬਲਵਾਨ, ਹਰਿ ਸਾਚੇ ਆਦਿ ਜਗਾਇਆ । ਲੱਖ ਚੁਰਾਸੀ ਇਕ ਨਿਸ਼ਾਨ, ਲੋਕਮਾਤ ਵਖਾਇਆ । ਬੋਧ ਅਗਾਧਾ ਦੇ ਗਿਆਨ, ਬ੍ਰਹਮਾ ਵੇਤਾ ਆਪ ਪੜ੍ਹਾਇਆ । ਚਾਰੇ ਵੇਦਾਂ ਦੇਵੇ ਮਾਣ, ਵਿਦਤ ਆਪਣਾ ਖੇਲ ਕਰਾਇਆ । ਵੰਡੇ ਵੰਡ ਸ੍ਰੀ ਭਗਵਾਨ, ਚਾਰੋਂ ਕੁੰਟ ਵੇਖ ਵਖਾਇਆ । ਉਤਰ ਪੂਰਬ ਪੱਛਮ ਦੱਖਣ ਰਵ ਸਸ ਸੂਰਜ ਚੰਨ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਵੇ ਦਾਨ, ਦੀਨਨ ਆਪਣੀ ਦਇਆ ਕਮਾਇਆ । ਚਾਰੇ ਖਾਣੀ ਖੋਲ੍ਹ ਦੁਕਾਨ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਵਰਤਾਇਆ । ਚਾਰੇ ਬਾਣੀ ਮਾਰੇ ਬਾਣ, ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਇਆ । ਚਾਰ ਵਰਨ ਖੇਲ ਮਹਾਨ, ਜੁਗ ਚੌਕੜੀ ਵੰਡ ਵੰਡਾਇਆ । ਚਾਰ ਯਾਰੀ ਮੇਲੇ ਆਣ, ਮੇਲ ਮਿਲਾਵਾ ਸਹਿਜ ਸੁਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਸ਼ਬਦੀ ਸੁਤ ਦਏ ਸਮਝਾਇਆ । ਸਾਚੀ ਇਛਿਆ ਝੋਲੀ ਪਾ, ਭਿਛਿਆ ਆਪਣਾ ਨਾਮ ਰਖਾਈਆ । ਲੱਖ ਚੁਰਾਸੀ ਘਾੜਨ ਲਏ ਘੜਾ, ਘੜ ਭਾਂਡੇ ਵੇਖ ਵਖਾਈਆ । ਨਿਰਗੁਣ ਸਰਗੁਣ ਬਣ ਮਲਾਹ, ਲੋਕਮਾਤ ਬੇੜਾ ਆਪ ਚਲਾਈਆ । ਸ਼ਬਦ ਅਗੰਮੀ ਦੇ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸਾਚਾ ਗੀਤ, ਹਰਿ ਗੋਪਾਲ ਆਪ ਸੁਣਾਇੰਦਾ । ਜੁਗ ਚੌਕੜੀ ਚਲੇ ਰੀਤ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਪਰਮ ਪੁਰਖ ਸਮਰਥ ਸਵਾਮੀ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਘਰ ਘਰ ਮੰਦਰ ਅੰਦਰ ਵੜ ਵੜ ਲੱਖ ਚੁਰਾਸੀ ਪਰਖੇ ਨੀਤ, ਸਚ ਸਿੰਘਾਸਣ ਸੋਭਾ ਪਾਇੰਦਾ । ਲੇਖਾ ਜਾਣੇ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਸਮਝਾਇੰਦਾ । ਸਾਚੀ ਧਾਰ ਪੁਰਖ ਅਕਾਲ, ਆਦਿ ਆਦਿ ਜਣਾਈਆ । ਨਿਰਗੁਣ ਸਰਗੁਣ ਬਣੇ ਦਲਾਲ, ਜਗਤ ਦਲਾਲੀ ਇਕ ਵਖਾਈਆ । ਪਰਮ ਪੁਰਖ ਪਤਿਪਰਮੇਸ਼ਵਰ ਹੋ ਦਿਆਲ, ਦੀਨਨ ਆਪਣਾ ਭੇਵ ਖੁਲ੍ਹਾਈਆ । ਸੇਵਾ ਲਾਏ ਕਾਲ ਮਹਾਕਾਲ, ਸਾਚੀ ਸੇਵਾ ਇਕ ਸਮਝਾਈਆ । ਨਵ ਨੌਂ ਬਣਾਏ ਸੱਚੀ ਧਰਮਸਾਲ, ਸਤ ਸਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਸਾਚਾ ਮਾਰਗ ਜਾਏ ਲੱਗ, ਸਚਖੰਡ ਨਿਵਾਸੀ ਆਪ ਜਣਾਇੰਦਾ । ਕਰੇ ਖੇਲ ਸੂਰਾ ਸਰਬੱਗ, ਦੂਸਰ ਸੰਗ ਨਾ ਕੋਇ ਰਖਾਇੰਦਾ । ਲੱਖ ਚੁਰਸੀ ਤ੍ਰੈਗੁਣ ਬੰਨ੍ਹੇ ਤਗ, ਤੰਦਨ ਤੰਦ ਨਾ ਕੋਇ ਤੁੜਾਇੰਦਾ । ਨੌਂ ਖੰਡ ਪ੍ਰਿਥਮੀ ਖੇਲੇ ਖੇਲ ਜੀਵਣ ਜਗ, ਜੁਗਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਏਕਾ ਗੁਣ ਸਮਝਾਇੰਦਾ । ਸ਼ਬਦ ਦੁਲਾਰੇ

ਸੁਣਿਆ ਕੰਨ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਹੁਕਮ ਲਵਾਂ ਮੰਨ, ਦੋਏ ਜੋੜ ਪਿਆ ਸਰਨਾਈਆ । ਤੇਰੀ ਵਡਿਆਈ ਤੇਰਾ ਨਾਉਂ ਮੇਰਾ ਧਨ, ਵਸਤ ਅਮੋਲਕ ਇਕ ਰਖਾਈਆ । ਮੈਂ ਬਾਲਕ ਤੂੰ ਜਨਨੀ ਜਨ, ਤੂੰ ਪਿਤਾ ਮੇਰੀ ਮਾਈਆ । ਤੂੰ ਆਦਿ ਬੇੜਾ ਦਿਤਾ ਬੰਨ੍ਹ, ਮੈਂ ਜੁਗ ਜੁਗ ਸੇਵ ਕਮਾਈਆ । ਸੇਵਾ ਲਾਵਾਂ ਸੂਰਜ ਚੰਨ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਮੇਰੇ ਸਾਹਿਬ ਸੱਚੇ ਗੁਸਾਈਆ । ਸ਼ਬਦੀ ਸੁਤ ਚੜ੍ਹਿਆ ਚਾਅ, ਥਿਰ ਘਰ ਆਪਣੀ ਖ਼ੁਸ਼ੀ ਮਨਾਇੰਦਾ । ਜੁਗ ਚੌਕੜੀ ਸੇਵਾ ਲਵਾਂ ਕਮਾ, ਸਾਚੀ ਸੇਵਾ ਝੋਲੀ ਪਾਇੰਦਾ । ਨਿਰਗੁਣ ਸਰਗੁਣ ਬਣਾਂ ਮਲਾਹ, ਲੋਕਮਾਤ ਫੇਰਾ ਪਾਇੰਦਾ । ਨਿਤ ਨਵਿਤ ਦੇਵਾਂ ਸਚ ਸਲਾਹ, ਸਿਫ਼ਤ ਸਲਾਹ ਤੇਰਾ ਨਾਉਂ ਵਖਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡਣ ਵੰਡਾਂ ਥਾਉਂ ਥਾਂ, ਥਾਨ ਥਨੰਤਰ ਆਪਣਾ ਭੇਵ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਅਨਾਦੀ ਨਾਦ ਦਿਆਂ ਵਜਾ, ਲੋਆਂ ਪੁਰੀਆਂ ਰਾਗ ਅਲਾਇੰਦਾ । ਜ਼ਿਮੀ ਅਸਮਾਨਾਂ ਵੇਖਾਂ ਆ, ਧਰਤ ਧਵਲ ਡੇਰਾ ਲਾਇੰਦਾ । ਪੰਜ ਤਤ ਹੰਡਾਵਾਂ ਜਗਤ ਮਕਾਂ, ਸਚ ਮਕਾਨ ਇਕ ਵਖਾਇੰਦਾ । ਨਿਰਗੁਣ ਸਰਗੁਣ ਰੂਪ ਧਰਾ, ਧਰਨੀ ਧਰਤ ਧਵਲ ਵਡਿਆਇੰਦਾ । ਆਤਮ ਪਰਮਾਤਮ ਮੇਲ ਮਿਲਾ, ਗੁਰ ਗੁਰ ਆਪਣਾ ਨਾਉਂ ਰਖਾਇੰਦਾ । ਦੋ ਜਹਾਨਾਂ ਦੇਵੇ ਸਚ ਸਲਾਹ, ਸਲਾਹਗੀਰ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਮਿਲਾਇੰਦਾ । ਤੁਧ ਬਿਨ ਅਵਰ ਨਾ ਕੋਈ ਓਟ, ਸੁਤ ਦੁਲਾਰਾ ਰਿਹਾ ਸੁਣਾਈਆ । ਤੂੰ ਪੁਰਖ ਅਕਾਲ ਨਿਰਮਲ ਜੋਤ, ਸਚਖੰਡ ਵਸੇਂ ਸਾਚੇ ਮਾਹੀਆ । ਸਚ ਦੁਆਰਾ ਕਿਲਾ ਕੋਟ, ਬੰਕ ਗੜ੍ਹ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮੇਰੀ ਸੇਵਾ ਲੇਖੇ ਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਤਿ ਸਤਿਵਾਦੀ ਦਇਆ ਕਮਾਇੰਦਾ । ਆਦਿ ਆਦਿ ਦਿਤਾ ਦਾਨ, ਅੰਤ ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਬਾਲ ਨਿਧਾਨ, ਸਾਚੀ ਸਿਖਿਆ ਹਰਿ ਸਮਝਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਤੇਰਾ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਗੁਰ ਅਵਤਾਰ ਦੇ ਦੇ ਦਾਨ, ਲੋਕਮਾਤ ਆਪ ਵਡਿਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਨ, ਕਲਜੁਗ ਆਪਣਾ ਵੇਸ ਵਟਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਸੇਵਾ ਲਗਾਏ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੁਗ ਜੁਗ ਸਚ ਸੰਦੇਸ਼ਾ ਦੇਵੇ ਆਣ, ਸ਼ਾਸਤਰ ਸਿਮਰਤ ਵੇਦ ਪੁਰਾਨ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ, ਜੀਵ ਆਤਮ ਆਤਮ ਗਿਆਨ ਅਠਾਰਾਂ ਧਿਆਏ ਅੱਠ ਦੱਸ ਭੇਵ ਚੁਕਾਇੰਦਾ । ਮੁਕਾਮੇ ਹੱਕ ਸਚ ਈਮਾਨ, ਇਸਮ ਆਜ਼ਮ ਰੂਪ ਧਰਾਇੰਦਾ । ਪਰਵਰਦਿਗਾਰ ਹੋ ਮਿਹਰਵਾਨ, ਰਹਿਮਤ ਆਪਣੀ ਆਪ ਕਮਾਇੰਦਾ । ਪੀਰ ਪੈਗ਼ੰਬਰ ਦੇਵੇ ਦਾਨ, ਹਜ਼ਰਤ ਆਪਣੀ ਖੇਲ ਕਰਾਇੰਦਾ । ਨਬੀ ਰਸੂਲਾਂ ਰੱਖੇ ਆਣ, ਧੁਰ ਫ਼ਰਮਾਣਾ ਹੁਕਮ ਵਰਤਾਇੰਦਾ । ਸਾਚਾ ਕਲਮਾ ਇਕ ਕਲਾਮ, ਨੂਰ ਇਲਾਹੀ ਆਪ ਜਣਾਇੰਦਾ । ਨਿਰਗੁਣ ਰੂਪ ਸਚ ਅਮਾਮ, ਨਜ਼ਰ ਕਿਸੇ ਨਾ ਆਇੰਦਾ । ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਸਚ ਸੰਦੇਸ਼ਾ ਇਕ ਸੁਣਾਇੰਦਾ । ਲੇਖਾ ਲਿਖ ਲਿਖ ਅੰਜੀਲ ਕੁਰਾਨ, ਕਾਇਆ ਕੁਰਾ ਖੋਜ ਖੁਜਾਇੰਦਾ । ਸਤਿ ਸਤਿਵਾਦੀ ਸਾਚਾ ਨਾਮ, ਨਾਮ ਸਤਿ ਸਤਿ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਨਕ ਗੋਬਿੰਦ ਇਕ

ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਕੋਟਨ ਕੋਟ ਜੁਗ ਕਰੇ ਖੇਲ ਮਹਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਣੀ ਬਾਣੀ ਕਰ ਪਰਧਾਨ, ਏਕਾ ਆਪਣਾ ਨਾਉਂ ਵਡਿਆਇੰਦਾ । ਸਾਚੇ ਸੁਤ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਤੇਰੀ ਸੇਵਾ ਲਾਈ ਆਦਿ, ਅੰਤ ਭੁੱਲ ਕਦੇ ਨਾ ਜਾਈਆ । ਪੁਰਖ ਅਬਿਨਾਸ਼ੀ ਸੁਣੇ ਫ਼ਰਯਾਦ, ਨਿਰਗੁਣ ਆਪਣਾ ਵੇਸ ਵਟਾਈਆ । ਘਰ ਘਰ ਵੇਖੇ ਤੇਰਾ ਨਾਦ, ਨਾਦ ਧੁਨ ਜਗਤ ਸ਼ਨਵਾਈਆ । ਭੇਵ ਚੁਕਾਏ ਬ੍ਰਹਮ ਬ੍ਰਹਿਮਾਦ, ਬ੍ਰਹਮ ਖੋਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਆਪਣਾ ਲੇਖਾ ਦੱਸੇ ਆਪ ਨਿਰੰਕਾਰ, ਆਦਿ ਪੁਰਖ ਸਮਝਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਥਿਰ ਕੋਇ ਰਹਿਣ ਨਾ ਪਾਇਆ । ਅੰਤਮ ਚੌਕੜ ਵੇਖੇ ਆਪ ਕਰਤਾਰ, ਕਰਤਾ ਪੁਰਖ ਖੇਲ ਕਰਾਇਆ । ਧੁਰ ਦਾ ਹੁਕਮ ਏਕਾ ਵਾਰ, ਸਚ ਸੰਦੇਸ਼ਾ ਦਏ ਸੁਣਾਇਆ । ਪਰਗਟ ਕਰੇ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਇਆ । ਮੇਲ ਮਿਲਾਵਾ ਈਸਾ ਮੂਸਾ ਮੁਹੰਮਦ ਯਾਰ, ਅੱਲਾ ਰਾਣੀ ਪੱਲੂ ਆਪ ਫੜਾਇਆ । ਨਿਰਗੁਣ ਜੋਤੀ ਗੁਰ ਗੁਰ ਧਾਰ, ਇਕ ਦਸ ਵੰਡ ਵੰਡਾਇਆ । ਨਾਨਕ ਗੋਬਿੰਦ ਪੈਜ ਸੁਆਰ, ਦੋ ਜਹਾਨਾਂ ਖੇਲ ਵਖਾਇਆ । ਸਚ ਸੰਦੇਸ਼ਾ ਏਕਾ ਵਾਰ, ਨਰ ਨਰੇਸ਼ਾ ਦਏ ਸਮਝਾਇਆ । ਆਵੇ ਜਾਵੇ ਅਗੰਮ ਅਪਾਰ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਲਿਖ ਲਿਖ ਲੇਖਾ ਸਰਬ ਵਿਚਾਰ, ਸਚ ਸੰਦੇਸ਼ਾ ਗਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ ਜਣਾਇਆ । ਸਾਚਾ ਭੇਵ ਦੇਵੇ ਖੋਲ੍ਹ, ਹਰਿ ਵੱਡਾ ਵਡ ਵਡਿਆਈਆ । ਆਦਿ ਕਰਿਆ ਸਾਚਾ ਕੌਲ, ਅੰਤ ਦਏ ਨਿਭਾਈਆ । ਪਰਗਟ ਹੋਏ ਉਪਰ ਧੌਲ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰੌਣਾ, ਸ਼ਬਦੀ ਸੁਤ ਸੁਤ ਜਣਾਇਆ । ਜੋਤੀ ਜਾਮਾ ਵੇਸ ਵਟੌਣਾ, ਨੂਰੋ ਨੂਰ ਡਗਮਗਾਇਆ । ਸਚਖੰਡ ਦੁਆਰਾ ਲੋਕਮਾਤ ਵਸੌਣਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਇਆ । ਸਾਚਾ ਪਰਦਾ ਦੇਵੇ ਚੁੱਕ, ਹਰਿ ਜੂ ਆਪਣੀ ਦਇਆ ਕਮਾਈਆ । ਜੁਗ ਚੌਕੜੀ ਪੈਂਡਾ ਜਾਏ ਮੁੱਕ, ਪਾਂਧੀ ਕੋਇ ਰਹਿਣ ਨਾ ਪਾਈਆ । ਕਲਜੁਗ ਹੋਏ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਚ ਸੁਚ ਜਾਏ ਛੁਪ, ਕੂੜੀ ਕਿਰਿਆ ਮਿਲੇ ਵਡਿਆਈਆ । ਨਾ ਕੋਈ ਮਾਤ ਪਿਤ ਦਿਸੇ ਪੁੱਤ, ਭੈਣ ਭਾਈ ਸਾਕ ਸੱਜਣ ਸੈਣ ਨਾ ਕੋਇ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਾਵਣ ਰੁੱਠ, ਲੋਕਮਾਤ ਸਕੇ ਨਾ ਕੋਇ ਮਨਾਈਆ । ਸਾਧਾਂ ਸੰਤਾਂ ਕਾਇਆ ਭਾਂਡੇ ਖ਼ਾਲੀ ਹੋਵਣ ਠੁੱਠ, ਨਾਮ ਵਸਤ ਨਾ ਕੋਇ ਰਖਾਈਆ । ਨੌਂ ਖੰਡ ਪ੍ਰਿਥਮੀ ਪਏ ਲੁੱਟ, ਚੋਰ ਯਾਰ ਘੇਰਾ ਪਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁੱਤ, ਕਾਇਆ ਮੰਦਰ ਅੰਦਰ ਵੱਜੇ ਨਾ ਕੋਇ ਵਧਾਈਆ । ਫੁੱਲ ਫਲਵਾੜੀ ਨਾ ਮੌਲੇ ਰੁੱਤ, ਰੁੱਤ ਬਸੰਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹਰਿ ਜੂ ਦੱਸੇ, ਆਪਣੀ ਖ਼ੁਸ਼ੀ ਮਨਾਇੰਦਾ । ਸਚਖੰਡ ਦੁਆਰੇ ਬਹਿ ਬਹਿ ਹੱਸੇ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਮਾਇਆ ਅੰਤਰ ਫਸੇ, ਫਾਂਦੀ ਫੰਦ ਨਾ ਕੋਇ ਕਟਾਇੰਦਾ । ਘਰ ਘਰ ਨਾਗਣੀ

ਵੜ ਵੜ ਡੱਸੇ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਕਲਜੁਗ ਚਾਰੋਂ ਕੁੰਟ ਉਠ ਉਠ ਨੱਠੇ, ਆਪਣਾ ਬਲ ਧਰਾਇੰਦਾ । ਮਾਣ ਗਵਾਏ ਤੀਰਥ ਅਠਸਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੁਰਮਤ ਮੈਲ ਨਾ ਕੋਇ ਧੁਵਾਇੰਦਾ । ਘਰ ਘਰ ਦਰ ਦਰ ਕੂੜ ਕੁੜਿਆਰਾ ਸੱਥਰ ਘੱਤੇ, ਜਗਤ ਸਫ਼ਾ ਨਾ ਕੋਇ ਉਠਾਇੰਦਾ । ਹਰਿ ਕਾ ਨਾਮ ਨਾ ਬੀਜੇ ਕੋਇ ਵੱਤੇ, ਬਣ ਕਿਰਸਾਣਾ ਹੱਲ ਨਾ ਕੋਇ ਚਲਾਇੰਦਾ । ਲਾੜੀ ਮੌਤ ਚਾਰ ਕੁੰਟ ਨੱਚੇ, ਘੁੰਗਟ ਮੁਖ ਨਾ ਕੋਇ ਵਖਾਇੰਦਾ । ਰਾਏ ਧਰਮ ਕੋਲੋਂ ਕੋਈ ਨਾ ਬਚੇ, ਅੱਗੇ ਹੋ ਨਾ ਕੋਇ ਛੁਡਾਇੰਦਾ । ਚਿੱਤਰ ਗੁਪਤ ਵਖਾਏ ਸਫ਼ੇ, ਲਿਖ ਲਿਖ ਲੇਖਾ ਅੱਗੇ ਧਰਾਇੰਦਾ । ਮੰਦਰ ਮਸਜਿਦ ਗੁਰੂਦੁਆਰ ਸ਼ਿਵਦੁਆਲੇ ਮੱਠ ਜਗਤ ਮਾਇਆ ਖਾਦੇ ਗੱਫ਼ੇ, ਅੰਮ੍ਰਿਤ ਨਾਮ ਹੱਥ ਕਿਸੇ ਨਾ ਆਇੰਦਾ । ਰਸਨਾ ਕਹਿਣ ਪੁਰਖ ਅਕਾਲ ਦੇ ਅਸੀਂ ਸਕੇ, ਅੰਦਰੋਂ ਮੇਲ ਨਾ ਕੋਇ ਮਿਲਾਇੰਦਾ । ਧੀਆਂ ਭੈਣਾਂ ਸਾਰੇ ਤੱਕੇ, ਨੇਤਰ ਨੈਣ ਗਿਆਨ ਨਾ ਕੋਇ ਖੁਲ੍ਹਾਇੰਦਾ । ਚੌਦਾਂ ਤਬਕ ਕੋਈ ਨਾ ਮੇਟੇ ਫੱਟੇ, ਸ਼ਰਅ ਸ਼ਰੀਅਤ ਸਚ ਨਾ ਕੋਇ ਸਮਝਾਇੰਦਾ । ਚੌਦਾਂ ਲੋਕ ਲਾਹਾ ਕੋਈ ਨਾ ਖੱਟੇ, ਚੌਦਾਂ ਵਿਦਿਆ ਮਾਣ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਦੱਸੇ ਭਗਵੰਤ, ਆਪਣੀ ਦਇਆ ਕਮਾਈਆ । ਕਲਜੁਗ ਵੇਲਾ ਆਏ ਅੰਤ, ਨਰ ਨਰਾਇਣ ਹੋਏ ਸਹਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਜਗਤ ਸਾਧ ਸੰਤ ਨਾਲ ਮਿਲਾਈਆ । ਆਪ ਬਣਾਏ ਸਾਚੀ ਬਣਤ, ਘਾੜਨ ਘੜੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਲੇਖਾ ਦਏ ਮੁਕਾਈਆ । ਜੁਗ ਚੌਕੜੀ ਲੇਖਾ ਅੰਤ ਮੁਕੌਣਾ, ਹਰਿ ਜੂ ਹਰਿ ਹਰਿ ਆਖ ਸੁਣਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਦੇਣਾ ਝੋਲੀ ਪੌਣਾ, ਬਾਕੀ ਕੋਇ ਨਜ਼ਰ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪੰਧ ਮੁਕੌਣਾ, ਬਣ ਪਾਂਧੀ ਰਾਹ ਨਾ ਕੋਇ ਚਲਾਇੰਦਾ । ਨਾਨਕ ਗੋਬਿੰਦ ਲੇਖਾ ਲਿਖਿਆ ਪੂਰ ਕਰੌਣਾ, ਵੇਦ ਵਿਆਸ ਧਿਆਨ ਲਗਾਇੰਦਾ । ਈਸਾ ਮੂਸਾ ਨੇਤਰ ਨੈਣ ਵਖੌਣਾ, ਮੁਹੰਮਦ ਏਕਾ ਓਟ ਤਕਾਇੰਦਾ । ਨਿਹਕਲੰਕ ਜਾਮਾ ਪੌਣਾ, ਨਾਮ ਡੰਕਾ ਇਕ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕੌਣਾ, ਜਗਦੀਸ਼ ਆਪਣੀ ਖੇਲ ਕਰਾਇੰਦਾ । ਚਾਰ ਵਰਨ ਆਪ ਉਠੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਅੰਗ ਲਗਾਇੰਦਾ । ਸਾਚਾ ਮੰਤਰ ਨਾਮ ਦ੍ਰਿੜੌਣਾ, ਹੰ ਬ੍ਰਹਮ ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਸ਼ਬਦੀ ਤੇਰਾ ਢੋਲਾ ਗੌਣਾ, ਸਾਚਾ ਸੋਹਲਾ ਆਪ ਸੁਣਾਇੰਦਾ । ਗੋਬਿੰਦ ਖੇੜਾ ਇਕ ਵਸੌਣਾ, ਸੰਬਲ ਆਪਣਾ ਆਸਣ ਲਾਇੰਦਾ । ਗੁਰਮੁਖਾਂ ਬੇੜਾ ਬੰਨ੍ਹ ਚਲੌਣਾ, ਏਕਾ ਚੱਪੂ ਨਾਮ ਜਣਾਇੰਦਾ । ਕਲਜਗ ਕੂੜਾ ਮੋਹ ਤੁੜੌਣਾ, ਸਚ ਸੁਚ ਨਾਤਾ ਆਪ ਬੰਧਾਇੰਦਾ । ਕਲ ਕਲਕੀ ਅਵਤਾਰ ਅਖਵੌਣਾ, ਕਲ ਆਪਣੀ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਵਰਤੇ ਕਲ, ਕਲ ਕਲਕੀ ਭੇਵ ਨਾ ਆਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਬੇਪਰਵਾਹੀਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕੰਕਾਰਾ ਏਕਾ ਮੱਲ, ਦੋ ਜਹਾਨਾਂ ਫੇਰਾ ਪਾਈਆ । ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਸਰਗੁਣ ਦੇਵੇ ਘਲ, ਚਾਰ ਵਰਨ ਕਰੇ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸਾਚਾ ਦੀਪਕ ਜਾਏ ਬਲ, ਏਕਾ ਗਿਆਨ ਨੂਰ ਰੁਸ਼ਨਾਈਆ । ਧਾਮ ਵਖਾਏ ਇਕ ਅਬਚਲ, ਸਾਚੀ ਨਗਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਅੰਤਮ ਮੇਲ ਮਿਲਾਈਆ । ਕਲਜੁਗ ਅੰਤਮ ਮਿਲਣਾ ਮਾਤ, ਮਾਤ ਪਿਤ ਖੇਲ ਕਰਾਇੰਦਾ । ਸਤਿ ਸਵਾਮੀ ਦੇਵੇ ਦਾਤ, ਨੇਹਕਾਮੀ ਝੋਲੀ ਆਪ ਭਰਾਇੰਦਾ । ਅੰਤਰਜਾਮੀ ਪੁਛੇ ਵਾਤ, ਸਿਰ ਆਪਣਾ ਹੱਥ ਟਿਕਾਇੰਦਾ । ਦੋ ਜਹਾਨਾਂ ਵੇਖੇ ਡੂੰਘਾ ਖਾਤ, ਖਾਤਾ ਆਪਣੇ ਚਰਨਾਂ ਹੇਠ ਰਖਾਇੰਦਾ । ਚਾਰ ਜੁਗ ਦੀ ਜਾਣੇ ਗਾਥ, ਬੋਧ ਅਗਾਧ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਤਮ ਆਪਣਾ ਨਾਉਂ ਧਰਾਇੰਦਾ । ਨਿਹਕਲੰਕ ਰੱਖੇ ਨਾਉਂ, ਨਰ ਨਿਰੰਕਾਰ ਵਡੀ ਵਡਿਆਈਆ । ਵਸਣਹਾਰਾ ਹਰ ਘਟ ਥਾਉਂ, ਲੱਖ ਚੁਰਾਸੀ ਰਿਹਾ ਸਮਾਈਆ । ਗੁਰਮੁਖ ਪਕੜੇ ਆਪੇ ਬਾਹੋਂ, ਗੁਰਸਿਖ ਸਾਚੇ ਲਏ ਮਿਲਾਈਆ । ਕਰੇ ਕਰਾਏ ਸਚ ਨਿਆਉਂ, ਤਖ਼ਤ ਨਿਵਾਸੀ ਸੱਚਾ ਮਾਹੀਆ । ਸਦਾ ਸੁਹੇਲਾ ਇਕ ਇਕੇਲਾ ਸਮਰਥ ਪੁਰਖ ਦੇਵੇ ਠੰਡੀ ਛਾਉਂ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਮਿਲਾਵਾ ਚਾਈਂ ਚਾਈਂਆ । ਸ਼ਬਦੀ ਜੋਤੀ ਏਕਾ ਮੇਲਾ, ਮਿਲ ਮਿਲ ਖ਼ੁਸ਼ੀ ਮਨਾਇੰਦਾ । ਗੋਬਿੰਦ ਢੋਲਾ ਗੁਰ ਗੁਰ ਚੇਲਾ, ਗੁਰ ਚੇਲਾ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਸਾਚੀ ਸਖੀ ਮਿਲ ਮਿਲ ਮੰਗਲ ਗਾਇੰਦਾ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਖਾਇੰਦਾ । ਕਰੇ ਖੇਲ ਇਕ ਇਕੇਲਾ, ਆਦਿ ਅੰਤ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੁਆਰਾ ਇਕ ਵਖਾਇੰਦਾ । ਸ਼ਬਦ ਦੁਆਰਾ ਏਕਾ ਏਕ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਪੁਰਖ ਅਕਾਲ ਸਾਚੀ ਟੇਕ, ਦੂਸਰ ਹੋਰ ਨਾ ਕੋਇ ਸਹਾਈਆ । ਨਿਰਗੁਣ ਸਰਗੁਣ ਲਏ ਵੇਖ, ਬਣੇ ਵਿਚੋਲਾ ਸੱਚਾ ਮਾਹੀਆ । ਨਾ ਕੋਈ ਰੂਪ ਰੰਗ ਨਾ ਰੇਖ, ਜੋਤੀ ਜਾਤਾ ਡਗਮਗਾਈਆ । ਕਰਿਆ ਆਪ ਅਵੱਲੜਾ ਵੇਸ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸਾਚਾ ਹਰਿ, ਕਲਜੁਗ ਆਪਣੀ ਖੇਲ ਕਰਾਈਆ । ਕਲਜੁਗ ਅੰਤਮ ਖੇਲ ਕਰਨਾ, ਕਰਨਹਾਰ ਕਰਤਾਰਾ । ਲੱਖ ਚੁਰਾਸੀ ਆਪੇ ਵਰਨਾ, ਚਾਰ ਵਰਨਾਂ ਇਕ ਆਧਾਰਾ । ਅੱਖਰ ਵੱਖਰ ਢੋਲਾ ਏਕਾ ਪੜ੍ਹਨਾ, ਸੋਹੰ ਸ਼ਬਦ ਨਾਮ ਜੈਕਾਰਾ । ਸਚਖੰਡ ਦੁਆਰੇ ਗੁਰਮੁਖ ਚੜ੍ਹਨਾ, ਗੁਰ ਕਿਰਪਾ ਉਤਰੇ ਪਾਰਾ । ਨਾਤਾ ਤੁਟੇ ਜੰਮਣ ਮਰਨਾ, ਮਰਨ ਜਨਮ ਨਾ ਹੋਏ ਵਿਚ ਸੰਸਾਰਾ । ਨੇਤਰ ਖੁਲ੍ਹੇ ਹਰਨਾ ਫਰਨਾ, ਨਜ਼ਰੀ ਆਏ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਸੁਣਾਏ ਇਕ ਜੈਕਾਰਾ । ਇਕ ਜੈਕਾਰਾ ਜੈ ਜੈ ਜੈਕਾਰ, ਦੋ ਜਹਾਨਾਂ ਦਏ ਜਣਾਈਆ । ਪੁਰਖ ਅਕਾਲ ਹੋ ਤਿਆਰ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਨਵ ਨੌਂ ਸੱਚੀ ਧਰਮਸਾਲ, ਧਰਮ ਦੁਆਰਾ ਦਏ ਵਖਾਈਆ । ਨਾਤਾ ਤੋੜ ਸ਼ਾਹ ਕੰਗਾਲ, ਬਖ਼ਸ਼ੇ ਚਰਨ ਸਰਨ ਸਰਨਾਈਆ । ਗੁਰਸਿਖਾਂ ਕਰੇ ਆਪ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਆਪ ਉਠਾਏ ਆਪਣੇ ਲਾਲ, ਕਰਤਾ ਕੀਮਤ ਆਪੇ ਪਾਈਆ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਦਲਾਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਜੋਤੀ ਮੇਲਾ ਵਿਚ ਜਹਾਨ, ਪੰਜ ਤਤ ਤਤ ਨਾ ਕੋਇ ਵਡਿਆਈਆ ।

✳ ੨੯ ਚੇਤ ੨੦੧੯ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹਿ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ✳

ਜਨਮ ਮਰਨ ਦਏ ਸੁਆਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਰਾਏ ਧਰਮ ਨਾ ਕਰੇ ਖ਼ੁਵਾਰ, ਜਗਤ ਖ਼ੁਵਾਰੀ ਆਪ ਚੁਕਾਇੰਦਾ । ਮਾਣਸ ਜਨਮ ਨਾ ਆਏ ਹਾਰ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਏਥੇ ਓਥੇ ਦਏ ਸਹਾਰ, ਦੋ ਜਹਾਨਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਜਨਮ ਮਰਨ ਦੁੱਖ ਦੇਵੇ ਕੱਟ, ਲੱਖ ਚੁਰਾਸੀ ਫੰਦ ਕਟਾਈਆ । ਏਕਾ ਦੇਵੇ ਨਾਮ ਸਤਿ, ਸਤਿ ਸਤਿ ਕਰੇ ਪੜ੍ਹਾਈਆ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ ਬੇਪਰਵਾਹੀਆ । ਲੇਖਾ ਜਾਣੇ ਪੰਜ ਤਤ, ਤਤਵ ਆਪਣੇ ਰੰਗ ਰੰਗਾਈਆ । ਚਰਨ ਕਵਲ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਈਆ । ਆਦਿ ਅੰਤ ਪੁਛੇ ਵਾਤ, ਅਭੁਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਲੇਖਾ ਆਪਣੇ ਹੱਥ ਰਖਾਈਆ । ਜਨਮ ਮਰਨ ਦੁੱਖ ਜਾਏ ਲੱਥ, ਗੇੜਾ ਗੇੜ ਨਾ ਕੋਇ ਭੁਆਈਆ । ਜਿਸ ਜਨ ਦੇਵੇ ਨਾਮ ਵਥ, ਵਸਤ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਸਾਚੀ ਗਾਥ, ਸੋਹੰ ਅੱਖਰ ਇਕ ਪੜ੍ਹਾਈਆ । ਕਿਰਪਾ ਕਰੇ ਪੁਰਖ ਸਮਰਾਥ, ਸਮਰਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਝੇੜਾ ਦਏ ਚੁਕਾਈਆ । ਜਨਮ ਮਰਨ ਹੋਏ ਦੂਰ, ਪੰਜ ਤਤ ਬੰਧਨ ਨਾ ਕੋਇ ਰਖਾਈਆ । ਏਕਾ ਦੇਵੇ ਸਤਿ ਸਰੂਰ, ਸਤਿ ਸਤਿਵਾਦੀ ਦਇਆ ਕਮਾਈਆ । ਅੰਤਮ ਮੇਲਾ ਜੋਤੀ ਨੂਰ, ਨੂਰ ਨੂਰ ਵਿਚ ਮਿਲਾਈਆ । ਜਨਮ ਜਨਮ ਦੇ ਬਖ਼ਸ਼ੇ ਕਸੂਰ, ਮਿਹਰਵਾਨ ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਮਰਨ ਭੌ ਚੁਕਾਈਆ । ਜਨਮ ਮਰਨ ਭੌ ਦੇਵੇ ਲਾਹ, ਲਹਿਣਾ ਆਪਣੇ ਹੱਥ ਰਖਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਏਕਾ ਨਾਉਂ ਦੇਵੇ ਸਲਾਹ, ਦੂਜੀ ਸਿਖਿਆ ਨਾ ਕੋਇ ਸਮਝਾਇੰਦਾ । ਅੰਤ ਪਕੜਨਹਾਰਾ ਬਾਂਹ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਦੋ ਜਹਾਨਾਂ ਸਿਰ ਰੱਖੇ ਠੰਡੀ ਛਾਂ, ਛਹਿਬਰ ਆਪਣੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਪਾਰ ਕਰਾਇੰਦਾ । ਆਵਣ ਜਾਵਣ ਪੈਂਡਾ ਜਾਏ ਮੁੱਕ, ਜੂਨੀ ਜੂਨ ਨਾ ਕੋਇ ਭੁਆਈਆ । ਸਤਿਗੁਰ ਪੂਰਾ ਦੀਨ ਦਿਆਲ ਆਪਣੀ ਗੋਦੀ ਲਏ ਚੁੱਕ, ਗੁਰਮੁਖ ਦੇਵੇ ਮਾਣ ਵਡਿਆਈਆ । ਚਰਨ ਕਵਲ ਏਕਾ ਓਟ, ਏਕਾ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਮੇਲਾ ਗੁਰ ਗੁਰ ਚੇਲਾ, ਹਰਿ ਹਰਿ ਖੇਲ ਕਰਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਸਗਲਾ ਸੰਗ ਆਪ ਹੋ ਆਇੰਦਾ । ਆਤਮ ਪਰਮਾਤਮ ਚਾੜ੍ਹੇ ਤੇਲਾ, ਬ੍ਰਹਮ ਪਾਰਬ੍ਰਹਮ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਘਰ ਘਰ ਆਪਣਾ ਆਪ ਵਖਾਇੰਦਾ ।

## ❊ ੨੬ ਚੇਤ ੨੦੧੯ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਹਿ ਤਲਵੰਡੀ ਜਲੇ ਖਾਂ ਜ਼ਿਲਾ ਫ਼ਿਰੋਜ਼ਪੁਰ ❊

ਸਤਿ ਪੁਰਖ ਨਿਰੰਜਣ ਏਕ, ਏਕੰਕਾਰਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਨਰ ਨਰੇਸ਼, ਨਰ ਨਰਾਇਣ ਹੁਕਮ ਵਰਤਾਇੰਦਾ । ਨਿਰਗੁਣ ਧਰ ਧਰ ਸਰਗੁਣ ਵੇਸ, ਸੰਸਾਰ ਸਾਗਰ ਖੇਲ ਵਖਾਇੰਦਾ । ਗੁਰਮੁਖ ਵਿਰਲੇ ਦੇਵੇ ਭੇਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਤਮ ਪਰਮਾਤਮ ਕਰੇ ਹੇਤ, ਨਿਤ ਨਵਿਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੰਕਾਰ ਆਪਣਾ ਨਾਉਂ ਰਖਾਇੰਦਾ । ਏਕੰਕਾਰਾ ਇਕੋ ਇਕ, ਦੂਜਾ ਸੰਗ ਨਾ ਕੋਇ ਰਖਾਈਆ । ਆਦਿ ਜੁਗਾਦੀ ਪਾਏ ਭਿਖ, ਵਸਤ ਅਮੋਲਕ ਆਪ ਵਰਤਾਈਆ । ਸਾਚਾ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਵੰਡਣਹਾਰਾ ਸਾਚਾ ਹਿੱਸ, ਸਾਚੀ ਵੰਡਣ ਆਪਣੇ ਹੱਥ ਰਖਾਈਆ । ਗੁਰਮੁਖ ਵਿਰਲੇ ਪਏ ਦਿਸ, ਦੂਸਰ ਨਜ਼ਰ ਕਿਸੇ ਨਾ ਆਈਆ । ਦੇਵੇ ਵਡਿਆਈ ਸਾਚੇ ਸਿਖ, ਗੁਰਮੁਖ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਖੇਲ ਕਰਾਈਆ । ਏਕੰਕਾਰ ਏਕਮ ਏਕ, ਇਕ ਇਕੱਲਾ ਖੇਲ ਕਰਾਇੰਦਾ । ਵਸਣਹਾਰਾ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਲੱਖ ਚੁਰਾਸੀ ਆਪੇ ਵੇਖ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਇਕ ਹੋ ਆਇੰਦਾ । ਇਕ ਇਕੱਲਾ ਏਕੰਕਾਰ, ਏਕਾ ਰੂਪ ਧਰਾਈਆ । ਇਕ ਇਕੱਲਾ ਕਰ ਪਸਾਰ, ਏਕਾ ਵੇਖੇ ਚਾਈਂ ਚਾਈਂਆ । ਦੋ ਜਹਾਨਾਂ ਦਏ ਆਧਾਰ, ਨਾਮ ਵਣਜ ਇਕ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋ ਉਜਿਆਰ, ਰੂਪ ਅਨੂਪ ਆਪ ਵਟਾਈਆ । ਗੁਰਮੁਖ ਸੱਜਣ ਵੇਖੇ ਵਾਰੋ ਵਾਰ, ਜੁਗ ਚੌਕੜੀ ਪੰਧ ਮੁਕਾਈਆ । ਬਿਸਮਿਲ ਦੇਵੇ ਆਪ ਹੁਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪਣਾ ਰੰਗ ਵਖਾਈਆ । ਇਕ ਇਕੱਲਾ ਵਾਰ ਅਨੇਕ, ਅਨਕ ਕਲ ਖੇਲ ਕਰਾਇੰਦਾ । ਜੁਗਾ ਜੁਗੰਤਰ ਸਾਚੀ ਟੇਕ, ਟੇਕ ਰਘੁਨਾਥ ਇਕ ਰਖਾਇੰਦਾ । ਨੇਤਰ ਲੋਚਣ ਆਪੇ ਪੇਖ, ਹਰਿਜਨ ਆਪਣਾ ਮੇਲ ਮਿਲਾਇੰਦਾ । ਆਪੇ ਖੋਲ੍ਹਣਹਾਰਾ ਭੇਤ, ਅਨਭਵ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਏਕੰਕਾਰਾ ਦੀਨਾ ਨਿਧ, ਦੀਨਨ ਦਇਆ ਕਮਾਈਆ । ਹਰਿਜਨ ਕਾਰਜ ਕਰੇ ਸਿਧ, ਆਪਣੀ ਦਇਆ ਕਮਾਈਆ । ਜਨਮ ਕਰਮ ਦੀ ਜਗਤ ਬਿਧ, ਬਿਧ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿਜਨ ਹਰਿ ਹਰਿ ਵੇਖ ਵਖਾਇੰਦਾ । ਦੇਵਣਹਾਰਾ ਨਾਮ ਭੰਡਾਰਾ, ਅਤੋਟ ਅਤੁਟ ਆਪ ਵਰਤਾਇੰਦਾ । ਸਾਚੀ ਵਸਤ ਵਸਤ ਹਰਿ ਥਾਰਾ, ਨਿਰਗੁਣ ਏਕਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦਇਆ ਕਮਾਏ ਠਾਕਰ ਸਵਾਮੀ, ਗਹਿਰ ਗੰਭੀਰ ਵਡੀ ਵਡਿਆਈਆ । ਸਰਬ ਜੀਆਂ ਘਟ ਅੰਤਰਜਾਮੀ, ਘਟ ਘਟ ਆਪਣਾ ਆਸਣ ਲਾਈਆ । ਬੋਧ ਅਗਾਧ ਅਗੰਮੀ ਬਾਣੀ, ਸ਼ਬਦੀ ਨਾਦ ਸੁਣਾਈਆ । ਅੰਮ੍ਰਿਤ ਸਰੋਵਰ ਠੰਡਾ ਪਾਣੀ, ਨਿਜ ਘਰ ਝਿਰਨਾ ਦਏ ਝਿਰਾਈਆ । ਆਤਮ ਜੋਤੀ ਨੂਰ ਨੁਰਾਨੀ, ਅੰਧ ਅੰਧੇਰਾ ਦਏ ਮਿਟਾਈਆ । ਗੁਰਮੁਖ ਦੇਵੇ ਇਕ ਨਿਸ਼ਾਨੀ, ਜਗ ਜੀਵਣ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ



੪੮
੧੨

ਉਠਾਈਆ । ਮਿਹਰਵਾਨ ਪਾਏ ਭਿਖ, ਵਸਤ ਅਮੋਲਕ ਆਪ ਵਰਤਾਇੰਦਾ । ਕਰਮ ਨੇਹਕਰਮ ਆਪੇ ਲਿਖ, ਜਨਮ ਜਰਮ ਲੇਖੇ ਲਾਇੰਦਾ । ਏਥੇ ਓਥੇ ਇਕ ਇਕੱਲਾ ਪਏ ਦਿਸ, ਘਰ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਸਤੂ ਜਗਤ ਝੋਲੀ ਆਪ ਭਰਾਇੰਦਾ । ਜਗਤ ਵਸਤ ਵਸਤ ਅਨਮੁਲ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਭਾਗ ਲਗਾਏ ਸਾਚੀ ਕੁਲ, ਲੋਕਮਾਤ ਮਾਤ ਵਡਿਆਈਆ । ਫੁੱਲ ਫਲਵਾੜੀ ਪਏ ਫੁੱਲ, ਹਰਿਆਵਲ ਏਕਾ ਘਰ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਵਸਤ ਦਾਤ ਅਤੁਲ, ਪਿਤਾ ਪੂਤ ਮਾਤ ਹਿੱਤ ਬੰਸ ਸਰਬੰਸ ਅੰਸ ਰੂਪ ਵਟਾਈਆ ।

## ✳ ੨੬ ਚੇਤ ੨੦੧੯ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ ਛੌਣੀ ✳

ਸੋ ਪੁਰਖ ਨਿਰੰਜਣ ਖੇਲ ਕਰੌਣਾ, ਹਰਿ ਬੇਅੰਤ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵੇਸ ਵਟੌਣਾ, ਇਕ ਇਕੱਲਾ ਭੇਵ ਨਾ ਰਾਈਆ । ਏਕੰਕਾਰਾ ਨਾਉਂ ਧਰੌਣਾ, ਅਲੱਖ ਅਗੋਚਰ ਅਗੰਮ ਅਥਾਹ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਨੂਰ ਪਰਗਟੌਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਖੇਲ ਕਰੌਣਾ, ਭੇਵ ਅਭੇਦ ਆਪ ਖੁਲ੍ਹਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲੌਣਾ, ਸਤਿ ਸਤਿਵਾਦੀ ਆਪਣੇ ਹੱਥ ਰਖਾਈਆ । ਪਾਰਬ੍ਰਹਮ ਪ੍ਰਭ ਹੁਕਮ ਵਰਤੌਣਾ, ਧੁਰ ਫ਼ਰਮਾਣਾ ਆਪ ਸੁਣਾਈਆ । ਸਚਖੰਡ ਦੁਆਰਾ ਇਕ ਸੁਹੌਣਾ, ਸਾਚੇ ਬੰਕ ਸੋਭਾ ਪਾਈਆ । ਤਖ਼ਤ ਨਿਵਾਸੀ ਸਾਚਾ ਤਖ਼ਤ ਆਪ ਵਡਿਔਣਾ, ਪਾਵਾ ਚੂਲ ਨਾ ਕੋਇ ਬਣਾਈਆ । ਸ਼ਾਹੋ ਭੂਪ ਹਰਿ ਆਸਣ ਲੌਣਾ, ਰਾਜ ਰਾਜਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਕਰੌਣਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਨੂਰ ਆਪ ਪਰਗਟੌਣਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਚਖੰਡ ਦੁਆਰਾ ਆਪ ਸੁਹੌਣਾ, ਸਚ ਸਿੰਘਾਸਣ ਆਸਣ ਲਾਇੰਦਾ । ਆਪਣੀ ਇਛਿਆ ਪੂਰ ਕਰੌਣਾ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਨਿਰੰਕਾਰ, ਦਿਸ ਕਿਸੇ ਨਾ ਆਈਆ । ਵਸਣਹਾਰਾ ਸਚਖੰਡ ਦੁਆਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਘਰ ਵਿਚ ਘਰ ਕਰ ਤਿਆਰ, ਥਿਰ ਘਰ ਘਾੜਨ ਲਏ ਘੜਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਸ੍ਰੀ ਭਗਵੰਤ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਕੰਤੂਹਲ ਵੇਸ ਵਟਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਸਚਖੰਡ ਦੁਆਰੇ ਸੋਭਾਵੰਤ, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਧਾਰ ਬਣਾਏ ਬਣਤ, ਸ਼ਬਦੀ ਸੁਤ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਰੱਖ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਰਾਕਾਰ ਨਿਰਵੈਰ ਹੋ ਪਰਤੱਖ, ਰੂਪ ਅਨੂਪ ਆਪ ਵਖਾਇੰਦਾ । ਸਾਚੇ ਮੰਦਰ ਆਪੇ ਵਸ,


੪੯
੧੨

ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਕਰੇ ਕਰਤਾਰ, ਕਰਤਾ ਪੁਰਖ ਵਡੀ ਵਡਿਆਈਆ । ਜੋਤੀ ਜਾਤਾ ਬੇਪਰਵਾਹ ਪਰਵਰਦਿਗਾਰ, ਨੂਰ ਨੁਰਾਨਾ ਸ਼ਹਿਨਸ਼ਾਹੀਆ । ਮੁਕਾਮੇ ਹੱਕ ਕਰ ਪਸਾਰ, ਨੂਰੀ ਜਲਵਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਆਦਿ ਅੰਤ ਹਰਿ ਜੂ ਆਪੇ ਆਪ ਚੁਕਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਆਦਿ ਅਨਾਦੀ ਏਕਾ ਮੰਤ, ਮੰਤਰ ਨਾਮ ਆਪ ਦ੍ਰਿੜਾਇੰਦਾ । ਲੱਖ ਚੁਰਾਸੀ ਬਣਾਏ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਹਰਿ ਜਣੌਣਾ, ਨਿਸ਼ਅੱਖਰ ਕਰੇ ਪੜ੍ਹਾਈਆ । ਪੁਰਖ ਅਬਿਨਾਸ਼ੀ ਹੁਕਮ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦੀ ਸੁਤ ਸੇਵਾ ਲੌਣਾ, ਸਾਚੀ ਸੇਵਾ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠੌਣਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਸੁਰਪਤ ਇੰਦ ਕਰੋੜ ਤਤੀਸ ਆਪ ਜਗੌਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੂਰਜ ਚੰਨ ਦਰ ਬਹੌਣਾ, ਹੁਕਮੀ ਹੁਕਮ ਹੁਕਮ ਵਰਤਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪੌਣਾ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਮੰਡਲ ਮੰਡਪ ਆਪ ਸੁਹੌਣਾ, ਤਖ਼ਤ ਨਿਵਾਸੀ ਸੋਭਾ ਪਾਈਆ । ਜ਼ਿਮੀਂ ਅਸਮਾਨਾਂ ਵੇਖ ਵਖੌਣਾ, ਦੋ ਜਹਾਨਾਂ ਰੰਗ ਰੰਗਾਈਆ । ਚੌਦਾਂ ਤਬਕ ਨੈਣ ਉਠੌਣਾ, ਚੌਦਾਂ ਲੋਕ ਚਰਨਾਂ ਹੇਠ ਰਖਾਈਆ । ਅਵਣ ਗਵਣ ਵੇਖ ਵਖੌਣਾ, ਤ੍ਰੈ ਭਵਨ ਆਪਣਾ ਭੇਵ ਚੁਕਾਈਆ । ਨਿਰਗੁਣ ਸਰਗੁਣ ਰਾਹ ਵਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਜਣਾਏ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਨਿਰਗੁਣ ਸਰਗੁਣ ਜਾਣੇ ਧਾਰ, ਵਡ ਦਾਤਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਆਪ ਸੁਣਾਈਆ । ਸਚ ਸੰਦੇਸ਼ਾ ਇਕ ਸੁਣੌਣਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਨਾਲ ਮਿਲੌਣਾ, ਨਜ਼ਰ ਕਿਸੇ ਨਾ ਆਇੰਦਾ । ਏਕੰਕਾਰ ਪੱਲੂ ਆਪ ਫੜੌਣਾ, ਏਕਾ ਆਪਣੀ ਗੰਢ ਬੰਧਾਇੰਦਾ । ਆਦਿ ਨਿਰੰਜਣ ਦੀਪਕ ਇਕ ਜਗੌਣਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਹੁਕਮ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸ੍ਰੀ ਭਗਵਾਨ ਧੁਰ ਫ਼ਰਮਾਣਾ ਇਕ ਜਣੌਣਾ, ਬੋਧ ਅਗਾਧੀ ਆਪੇ ਗਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲੌਣਾ, ਆਪਣਾ ਪਰਦਾ ਆਪੇ ਲਾਹਿੰਦਾ । ਬ੍ਰਹਮ ਲੇਖਾ ਆਪ ਚੁਕੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਾਚਾ ਰਾਹ ਵਿਚ ਸੰਸਾਰ, ਵਡ ਸੰਸਾਰੀ ਆਪ ਚਲਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਵੇਖ ਵਖਾਈਆ । ਜੁਗ ਚੌਕੜੀ ਦਏ ਅਧਾਰ, ਏਕਾ ਬੰਧਨ ਨਾਮ ਪਾਈਆ । ਸੇਵਾ ਲਾ ਗੁਰ ਅਵਤਾਰ, ਗੁਰ ਗੁਰ ਬੂਝ ਬੁਝਾਈਆ । ਨਾਦ ਸ਼ਬਦ ਧੁਨ ਧੁਨਕਾਰ, ਅਨਾਦੀ ਅਨਹਦ ਆਪ ਵਜਾਈਆ । ਅੰਮ੍ਰਿਤ ਸਰੋਵਰ ਠੰਡਾ ਠਾਰ, ਗ੍ਰਹਿ ਝਿਰਨਾ ਆਪ ਝਿਰਾਈਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਵੇਖੇ ਚਾਈਂ ਚਾਈਆ । ਬ੍ਰਹਮ ਪਾਰਬ੍ਰਹਮ ਦਏ ਆਧਾਰ, ਘਰ ਮੇਲਾ ਸਹਿਜ

ਸੁਭਾਈਆ । ਆਤਮ ਪਰਮਾਤਮ ਇਕ ਪਿਆਰ, ਏਕਾ ਸੇਜ ਸੁਹਾਈਆ । ਈਸ਼ ਜੀਵ ਦਏ ਆਧਾਰ, ਜਗਦੀਸ਼ ਵਡੀ ਵਡਿਆਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਆਪਣਾ ਲੇਖਾ ਆਪ ਚੁਕੌਣਾ, ਦੂਸਰ ਸੰਗ ਨਾ ਕੋਇ
ਰਖਾਇੰਦਾ । ਵਿਸ਼ਨੂੰ ਪਰਦਾ ਆਪੇ ਲੌਹੁਣਾ, ਵਿਸ਼ਵ ਧਾਰ ਵੇਖ ਵਖਾਇੰਦਾ । ਬ੍ਰਹਮੇ ਬ੍ਰਹਮ ਭੇਵ ਖੁਲੌਣਾ, ਅਭੇਦ ਆਪਣੀ ਦਇਆ ਕਮਾਇੰਦਾ ।
ਸ਼ੰਕਰ ਸੀਸ ਜਗਦੀਸ਼ ਝੁਕੌਣਾ, ਨਿਉਂ ਨਿਉਂ ਏਕਾ ਅਲਖ ਜਗਾਇੰਦਾ । ਪੁਰਖ ਅਬਿਨਾਸ਼ੀ ਹੁਕਮ ਵਰਤੌਣਾ, ਆਪ ਆਪਣਾ ਹੁਕਮ ਸਮਝਾਇੰਦਾ ।
ਚਾਰ ਵੇਦਾਂ ਭੇਵ ਖੁਲ੍ਹੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਅਗੰਮ
ਅਪਾਰ, ਏਕਾ ਏਕ ਜਣਾਈਆ । ਸੋ ਪੁਰਖ ਨਿਰੰਜਣ ਹੋਇਆ ਖ਼ਬਰਦਾਰ, ਹਰਿ ਪੁਰਖ ਨਿਰੰਜਣ ਦਏ ਸਾਲਾਹੀਆ । ਏਕੰਕਾਰਾ ਹੋਇਆ ਬੇਦਾਰ,
ਗ਼ਫ਼ਲਤ ਰੂਪ ਨਾ ਕੋਇ ਵਖਾਈਆ । ਆਦਿ ਨਿਰੰਜਣ ਨੂਰ ਉਜਿਆਰ, ਜਲਵਾ ਨੂਰ ਇਕ ਦਰਸਾਈਆ । ਅਬਿਨਾਸ਼ੀ ਕਰਤਾ ਪਰਵਰਦਿਗਾਰ,
ਮੁਕਾਮੇ ਹੱਕ ਡੇਰਾ ਲਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਈਆ । ਪਾਰਬ੍ਰਹਮ ਧੁਰ ਫ਼ਰਮਾਣ ਹੋ ਮਿਹਰਵਾਨ, ਬ੍ਰਹਮ
ਬ੍ਰਹਮ ਕਰੇ ਪੜ੍ਹਾਈਆ । ਜੁਗ ਚੌਕੜੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਧਰਤ
ਧਵਲ ਗੋਦ ਸੁਹਾਈਆ । ਨਾਮ ਨਿਧਾਨਾ ਧੁਰ ਫ਼ਰਮਾਣ, ਅੱਖਰ ਵੱਖਰ ਕਰੇ ਪੜ੍ਹਾਈਆ । ਲੇਖਾ ਜਾਣ ਸ਼ਾਸਤਰ ਸਿਮਰਤ ਵੇਦ ਪੁਰਾਨ, ਪੁਰਾਨ
ਪੁਰਾਨੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਅਗੰਮ,
੫੧ ਆਦਿ ਅੰਤ ਜਣਾਇੰਦਾ । ਕਰਤਾ ਪੁਰਖ ਜਾਣੇ ਆਪਣਾ ਕੰਮ, ਕਰਨੀ ਕਰਤਾ ਕਿਰਤ ਕਮਾਇੰਦਾ । ਆਦਿ ਜੁਗਾਦਿ ਬੇੜਾ ਬੰਨ੍ਹ, ਦੋ ਜਹਾਨ ੫੧
੧੨ ਖੇਲ ਕਰਾਇੰਦਾ । ਕਰ ਪ੍ਰਕਾਸ਼ ਸੂਰਜ ਚੰਨ, ਦਿਵਸ ਰੈਣ ਵੰਡ ਵੰਡਾਇੰਦਾ । ਲੱਖ ਚੁਰਾਸੀ ਜਨਨੀ ਜਨ, ਦਾਈ ਦਾਇਆ ਸੇਵ ਕਮਾਇੰਦਾ । ੧੨
ਲੇਖਾ ਜਾਣੇ ਪੰਜ ਤਤ ਤਨ, ਤ੍ਰੈਗੁਣ ਮਾਇਆ ਬੰਧਨ ਪਾਇੰਦਾ । ਆਪੇ ਘੜੇ ਆਪੇ ਲਏ ਭੰਨ, ਭੇਵ ਅਭੇਦ ਆਪ ਛੁਪਾਇੰਦਾ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਹਰਿ ਸਮਝੌਣਾ, ਭੁੱਲ ਕੋਇ ਨਾ ਜਾਈਆ । ਨਿਰਗੁਣ
ਜੋਤੀ ਨੂਰ ਧਰੌਣਾ, ਨੂਰ ਨੁਰਾਨਾ ਡਗਮਗਾਈਆ । ਜੁਗ ਚੌਕੜੀ ਪੰਧ ਮੁਕੌਣਾ, ਨਵ ਨੌਂ ਚਾਰ ਰਹਿਣ ਨਾ ਪਾਈਆ । ਸਚ ਸੰਦੇਸ਼ਾ ਇਕ ਸੁਣੌਣਾ,
ਧੁਰ ਫ਼ਰਮਾਣਾ ਆਪ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਅੰਤਮ ਚੌਕੜ ਪੰਧ ਮੁਕੌਣਾ, ਨਾ ਕੋਈ ਮੇਟੇ
ਮੇਟ ਮਿਟਾਈਆ । ਤੇਈ ਅਵਤਾਰਾਂ ਆਪ ਉਠੌਣਾ, ਇਕ ਇਕ ਨਾਲ ਮਿਲਾਈਆ । ਈਸਾ ਮੂਸਾ ਸੰਗ ਮੁਹੰਮਦ ਨਬੀ ਰਸੂਲ ਆਪਣਾ ਬੰਧਨ ਪੌਣਾ,
ਸਾਚੀ ਡੋਰ ਹੱਥ ਰਖਾਈਆ । ਨਾਨਕ ਗੋਬਿੰਦ ਜੋਤੀ ਧਾਰ ਵਖੌਣਾ, ਦਸ ਦਸ ਦਇਆ ਕਮਾਈਆ । ਸਚ ਦਵਾਰ ਆਪ ਸੁਹੌਣਾ, ਸਚਖੰਡ ਵਾਸੀ
ਆਪਣੀ ਦਇਆ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਆਪਣੀ ਝੋਲੀ ਪੌਣਾ, ਸਾਚੀ ਝੋਲੀ ਇਕ ਵਖਾਈਆ ।
ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਹਰਿ ਵੇਖ ਵਖੌਣਾ, ਜੇਰਜ ਅੰਡਜ ਉਤਭੁਜ ਸੇਤਜ ਪਰਦਾ ਲਾਹੀਆ । ਸ਼ਬਦੀ ਨਾਦ ਡੰਕ ਵਜੌਣਾ, ਬ੍ਰਹਮ
ਬ੍ਰਹਿਮਾਦ ਆਪ ਸੁਣੌਣਾ, ਪੁਰੀਆਂ ਲੋਆਂ ਆਪ ਹਿਲਾਈਆ । ਨਾਮ ਭੰਡਾਰ ਇਕ ਵਰਤੌਣਾ, ਦੋ ਜਹਾਨਾਂ ਆਪ ਵਖੌਣਾ, ਚੌਦਾਂ ਤਬਕ ਫੇਰਾ ਪੌਣਾ,

ਚੌਦਾਂ ਲੋਕ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਸੁਣਾਈਆ । ਸਚ ਸੰਦੇਸ਼ਾ ਅੰਤਮ ਵਾਰ, ਆਦਿ ਪੁਰਖ ਜਣਾਇੰਦਾ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਮਾਤ ਪਿਤ ਨਾ ਕੋਇ ਪਿਆਰ, ਸਾਕ ਸੱਜਣ ਸੈਣ ਨਾ ਕੋਇ ਜਣਾਇੰਦਾ । ਮਹੱਲ ਅਟੱਲ ਉਚ ਨਾ ਕੋਇ ਮਨਾਰ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਰੂਪ ਰੰਗ ਰੇਖ ਨਾ ਕੋਇ ਵਿਚ ਸੰਸਾਰ, ਵਰਨ ਬਰਨ ਜ਼ਾਤ ਨਾ ਵੰਡ ਵੰਡਾਇੰਦਾ । ਕਿਲਾ ਕੋਟ ਨਾ ਕੋਈ ਮਨਾਰ, ਜਗਤ ਆਸਣ ਸੇਜ ਨਾ ਕੋਇ ਹੰਢਾਇੰਦਾ । ਸ਼ਸਤਰ ਬਸਤਰ ਨਾ ਕੋਈ ਕਟਾਰ, ਤੇਜ਼ ਧਾਰ ਤਲਵਾਰ ਨਾ ਕੋਇ ਬਣਾਇੰਦਾ । ਅਸਵ ਘੋੜਾ ਨਾ ਕੋਇ ਅਸਵਾਰ, ਸੋਲਾਂ ਕਲੀਆਂ ਆਸਣ ਨਾ ਕੋਇ ਵਿਛਾਇੰਦਾ । ਸਰਗੁਣ ਰੂਪ ਨਾ ਕੋਇ ਆਧਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਰਖਾਇੰਦਾ । ਗੁਰ ਪੀਰ ਨਾ ਕੋਇ ਅਵਤਾਰ, ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਮੁਸਾਇਕ ਰੂਪ ਨਾ ਕੋਇ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਚਾਰ ਜੁਗ ਗਏ ਹਾਰ, ਹਰਿ ਕਾ ਅੰਤ ਕਿਸੇ ਨਾ ਆਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਨਿਉਂ ਨਿਉਂ ਸਜਦਾ ਸੀਸ ਸਰਬ ਝੁਕਾਇੰਦਾ । ਭਿਖਕ ਬਣ ਬਣ ਮੰਗਦੇ ਗਏ ਭਿਖਾਰ, ਪ੍ਰਭ ਅੱਗੇ ਸਰਬ ਝੋਲੀ ਡਾਹਿੰਦਾ । ਕਲਜੁਗ ਅੰਤਮ ਆਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਆਪ ਸੁਣਾਇੰਦਾ । ਸਚ ਸੰਦੇਸ਼ਾ ਏਕੰਕਾਰ, ਅਕਲ ਕਲਾ ਜਣਾਈਆ । ਸਚਖੰਡ ਨਿਵਾਸੀ ਹੋ ਤਿਆਰ, ਕਰੇ ਖੇਲ ਬੇਪਰਵਾਹੀਆ । ਨੂਰੀ ਜਲਵਾ ਨੂਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਵੇਖੇ ਵਿਗਸੇ ਪਾਵੇ ਸਾਰ, ਘਟ ਘਟ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਦੇ ਗਏ ਦੀਦਾਰ, ਦੋਏ ਜੋੜ ਜੋੜ ਸ਼ਰਨਾਈਆ । ਪੁਰਖ ਪੁਰਖੋਤਮ ਕਰ ਨਿਮਸਕਾਰ, ਸਜਦਾ ਸੀਸ ਝੁਕਾਈਆ । ਵਾਹ ਵਾ ਤੇਰੀ ਕੁਦਰਤ ਪਰਵਰਦਿਗਾਰ, ਬੇਅੰਤ ਤੇਰੀ ਵਡਿਆਈਆ । ਤੇਰਾ ਅੰਤ ਨਾ ਪਾਰਾਵਾਰ, ਕਥਨੀ ਕਹਿ ਨਾ ਸਕੇ ਰਾਈਆ । ਲਿਖ ਲਿਖ ਲੇਖਕ ਲੇਖ ਗਏ ਹਾਰ, ਕਾਤਬ ਆਪਣਾ ਬਲ ਧਰਾਈਆ । ਮੁਖ਼ਾਤਬ ਹੋ ਕੇ ਕਰੇ ਨਾ ਕੋਈ ਗੁਫ਼ਤਾਰ, ਨਿਉਂ ਨਿਉਂ ਸੀਸ ਸਰਬ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਈਆ । ਏਕਾ ਹੁਕਮ ਅੰਤਮ ਵਾਰ, ਹਰਿ ਜੂ ਹਰਿ ਹਰਿ ਆਪ ਵਰਤਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਸਿਖਿਆ ਇਕ ਸਮਝਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਇਕ ਅਲਾਇੰਦਾ । ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਮਕਰੂਜ਼ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਸ੍ਰੀ ਭਗਵਾਨਾ, ਆਦਿ ਆਦਿ ਜਣਾਈਆ । ਅੰਤਮ ਪਰਗਟ ਹੋ ਵਾਲੀ ਦੋ ਜਹਾਨਾਂ, ਦੋਏ ਦੋਏ ਆਪਣੀ ਧਾਰ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਏਕਾ ਦੇਵੇ ਧੁਰ ਫ਼ਰਮਾਣਾ, ਸਚ ਸੰਦੇਸ਼ਾ ਆਪ ਅਲਾਈਆ । ਵੇਖ ਵਖਾਏ ਤਖ਼ਤ ਨਿਵਾਸੀ ਰਾਜਾ ਰਾਣਾ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਦਰਬਾਰ, ਧੁਰ ਦਰਬਾਰੀ ਆਪ ਵਰਤਾਇੰਦਾ । ਲੋਕਮਾਤ ਖੇਲ ਅਪਾਰ, ਖ਼ਾਲਕ ਖ਼ਲਕ ਆਪ ਕਰਾਇੰਦਾ । ਸਚਖੰਡ ਦਾ ਸਚ ਵਿਹਾਰ, ਧਰਤ ਧਵਲ ਉਪਰ

ਕਰਾਇੰਦਾ । ਨਵ ਨੌਂ ਲਹਿਣਾ ਦੇਣਾ ਕਰੇ ਪਾਰ, ਚਾਰ ਚਾਰ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇੰਦਾ । ਸਾਚੀ ਧਾਰਾ ਏਕਾ ਵਾਰ, ਹਰਿ ਏਕਾ ਏਕ ਚਲਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨੂੰ ਢਹਿ ਢਹਿ ਪਏ ਦੁਆਰ, ਮੰਗੇ ਚਰਨ ਸਰਨ ਸਰਨਾਈਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ਼ੰਕਰ ਕਰੇ ਹਾਹਾਕਾਰ, ਬਾਸ਼ਕ ਤਸ਼ਕਾ ਗਲੋਂ ਲਾਹੀਆ । ਤ੍ਰੈਗੁਣ ਮਾਇਆ ਕਰੇ ਗਿਰਿਆਜ਼ਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਪੰਜ ਤਤ ਡਿਗਾ ਮੂੰਹ ਦੇ ਭਾਰ, ਬਲ ਆਪਣਾ ਨਾ ਕੋਇ ਧਰਾਈਆ । ਨੇਤਰ ਵੇਖਣ ਤੇਈ ਅਵਤਾਰ, ਹਰਿ ਜੂ ਕੀ ਖੇਲ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਕਰਿਆ ਪਾਰ, ਕਲਜੁਗ ਅੰਤਮ ਫੇਰਾ ਪਾਈਆ । ਈਸਾ ਮੂਸਾ ਕਹੇ ਮੇਰਾ ਪਰਵਰਦਿਗਾਰ, ਮੇਰੇ ਪਿਛੇ ਹੋਏ ਸਹਾਈਆ । ਮੁਹੰਮਦ ਧਾਹਾਂ ਰਿਹਾ ਮਾਰ, ਅੱਧ ਵਿਚ ਬੈਠਾ ਰਿਹਾ ਕੁਰਲਾਈਆ । ਬੌਹੜੀ ਬੌਹੜੀ ਨਾਤਾ ਤੁਟਾ ਚਾਰ ਯਾਰ, ਸਗਲਾ ਸੰਗ ਨਾ ਕੋਇ ਵਖਾਈਆ । ਅੱਲਾ ਰਾਣੀ ਦਿਸੇ ਨਾ ਨਾਰ ਮੁਟਿਆਰ, ਆਪਣਾ ਮੁਖ ਗਈ ਛੁਪਾਈਆ । ਚਾਰੋਂ ਕੁੰਟ ਧੂਆਂਧਾਰ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਗਿਰਿਆਜ਼ਾਰ, ਧੀਰਜ ਧੀਰ ਨਾ ਕੋਇ ਰਖਾਈਆ । ਕਲਮਾ ਕਾਇਨਾਤ ਨਾ ਕੋਇ ਪਿਆਰ, ਨਬੀ ਰਸੂਲ ਦੇਵੇ ਨਾ ਕੋਇ ਗਵਾਹੀਆ । ਹੁਕਮ ਦੇਵੇ ਪਰਵਰਦਿਗਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵਡ ਅਮਾਮ ਸੱਚਾ ਸਿਕਦਾਰ, ਹਜ਼ਰਤ ਆਪਣਾ ਫੇਰਾ ਪਾਈਆ । ਕਰੇ ਖੇਲ ਅਗੰਮ ਅਪਾਰ, ਬੇਅੰਤ ਬੇਅੰਤ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸਚ ਸੰਦੇਸ਼ਾ ਸਚਖੰਡ, ਸਤਿ ਸਤਿਵਾਦੀ ਆਪ ਜਣਾਇੰਦਾ । ਨਿਰਗੁਣ ਨਾਨਕ ਸਰਗੁਣ ਕਰ ਕੇ ਗਿਆ ਵੰਡ, ਧੁਰ ਫ਼ਰਮਾਣਾ ਇਕ ਸਮਝਾਇੰਦਾ । ਗੋਬਿੰਦ ਗੀਤ ਸੁਹਾਗੀ ਗਾਇਆ ਛੰਦ, ਪੁਰਖ ਅਕਾਲ ਇਕ ਮਨਾਇੰਦਾ । ਅੰਤਮ ਤੋੜੇ ਬੰਦੀ ਬੰਦ, ਕਲ ਕਲਕੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ, ਆਪ ਸੁਣਾਏ ਹਰਿ ਨਿਰੰਕਾਰ, ਦੂਜਾ ਸੰਗ ਨਾ ਕੋਇ ਰਖਾਇੰਦਾ । ਦੂਜਾ ਸੰਗ ਨਾ ਕੋਈ ਸਾਥ, ਸਗਲਾ ਸੰਗ ਆਪ ਹੋ ਜਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਪੁਰਖ ਵੱਡ ਵਡਿਆਈਆ । ਜੁਗ ਚੌਕੜੀ ਚਲੌਂਦਾ ਰਿਹਾ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਦੱਸ, ਲੋਕਮਾਤ ਮਾਤ ਸਮਝਾਈਆ । ਕਾਇਆ ਮੰਦਰ ਅੰਦਰ ਆਪੇ ਵਸ, ਪੰਜ ਤਤ ਦਏ ਵਡਿਆਈਆ । ਏਕਾ ਨੂਰ ਜੋਤ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਏਕਾ ਸ਼ਬਦ ਨਾਦ ਧਰਵਾਸ, ਧੁਰ ਫ਼ਰਮਾਣਾ ਆਪ ਸੁਣਾਈਆ । ਸਾਰੇ ਰੱਖਦੇ ਗਏ ਆਸ, ਏਕਾ ਓਟ ਤਕਾਈਆ । ਕਲਜੁਗ ਅੰਤਮ ਆਵੇ ਪੁਰਖ ਅਬਿਨਾਸ਼, ਨਿਰਗੁਣ ਆਪਣਾ ਰੂਪ ਵਟਾਈਆ । ਲੱਖ ਚੁਰਾਸੀ ਵੇਖੇ ਖੇਲ ਤਮਾਸ਼, ਖੇਲਣਹਾਰਾ ਆਪ ਹੋ ਜਾਈਆ । ਘਰ ਘਰ ਮੰਦਰ ਅੰਦਰ ਡੂੰਘੀ ਕੰਦਰ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਆਪ ਨਚਾਈਆ । ਭਗਤ ਭਗਵੰਤ ਪੂਰੀ ਕਰੇ ਆਸ, ਆਸਾ ਆਸਾ ਨਾਲ ਮਿਲਾਈਆ । ਸਾਚੇ ਸੰਤਾਂ ਵਸੇਂ ਪਾਸ, ਸਤਿਗੁਰ ਆਪਣਾ ਨਾਉਂ ਧਰਾਈਆ । ਗੁਰਮੁਖਾਂ ਕਰੇ ਬੰਦ ਖ਼ੁਲਾਸ, ਲੱਖ ਚੁਰਾਸੀ ਦਏ ਕਟਾਈਆ । ਗੁਰਸਿਖਾਂ ਨਜ਼ਰੀ ਆਏ ਸਾਖਯਾਤ, ਸਵਛ ਸਰੂਪੀ ਰੂਪ ਧਰਾਈਆ । ਕਰੇ ਖੇਲ ਕਮਲਾਪਾਤ, ਕਵਲ ਨੈਣ ਵਡੀ ਵਡਿਆਈਆ । ਕਲਜੁਗ ਮੇਟੇ ਅੰਧੇਰੀ ਰਾਤ, ਧੂਆਂਧਾਰ ਰਹਿਣ ਨਾ ਪਾਈਆ । ਮਨਮਤ ਨਾ ਰਹੇ

੫੩
੧੨

ਨਾਰ ਕਮਜ਼ਾਤ, ਸਾਚੀ ਸਿਖਿਆ ਦਏ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨਾਂ ਦੇਵੇ ਸਾਥ, ਬਰਨ ਅਠਾਰਾਂ ਗੰਢ ਪੁਆਈਆ । ਸਰ ਸਰੋਵਰ ਅਠਸਠ ਵਖਾਏ ਤੀਰਥ ਤਾਟ, ਤੱਟ ਕਿਨਾਰਾ ਇਕ ਪਰਗਟਾਈਆ । ਲਹਿਣਾ ਦੇਣਾ ਜਾਣੇ ਮੰਦਰ ਮਸਜਦ ਮਾਠ, ਸ਼ਿਵਦੁਆਲੇ ਆਪੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਸੁਨੇਹੁੜਾ ਇਕ ਘਲਾਈਆ । ਸਚ ਸੁਨੇਹੁੜਾ ਦੇਵੇ ਘੱਲ, ਪਰਦਾ ਕੋਇ ਰਹਿਣ ਨਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੋ ਕਰਦਾ ਰਿਹਾ ਵਲ ਛਲ, ਲੁਕ ਲੁਕ ਆਪਣਾ ਹੁਕਮ ਸੁਣਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਸਚਖੰਡ ਨਿਵਾਸੀ ਫੇਰਾ ਪਾਈਆ । ਪਾਵੇ ਸਾਰ ਜਲ ਥਲ, ਮਹੀਅਲ ਆਪਣਾ ਰੂਪ ਵਖਾਈਆ । ਨਿਰਗੁਣ ਦੀਪਕ ਜੋਤੀ ਜਾਏ ਬਲ, ਜਗਤ ਅਗਿਆਨ ਅੰਧੇਰ ਦਏ ਮਿਟਾਈਆ । ਲੱਖ ਚੁਰਾਸੀ ਦੂਈ ਦਵੈਤੀ ਮੇਟੇ ਸਲ, ਦੁਰਮਤ ਮੈਲ ਧੁਵਾਈਆ । ਘਰ ਘਰ ਅੰਦਰ ਬਣ ਕਿਰਸਾਣਾ ਚਲਾਏ ਹੱਲ, ਸਾਚਾ ਬੀਜ ਨਾਮ ਬਜਾਈਆ । ਸਤਿਜੁਗ ਲਾਏ ਸਾਚਾ ਫਲ, ਫੁੱਲ ਫੁੱਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸੁਣ ਭਗਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਬਾਲੀ ਬੁੱਧ ਨਾਦਾਨ, ਤੇਰਾ ਭੇਵ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਗਾਇਆ ਗਾਣ, ਲੋਕਮਾਤ ਸੇਵ ਕਮਾਈਆ । ਤੇਰਾ ਦੱਸ ਕੇ ਆਏ ਸਚ ਨਿਸ਼ਾਨ, ਜੀਵ ਜੰਤ ਸਮਝਾਈਆ । ਸਚਖੰਡ ਵਸੇ ਸ੍ਰੀ ਭਗਵਾਨ, ਸਾਚੇ ਤਖ਼ਤ ਸੋਭਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਕਰ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਧੁਰਦਰਗਾਹੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਕਾਇਆ ਕਾਅਬਾ ਕਰ ਪਰਵਾਨ, ਸਾਚਾ ਹੁਜਰਾ ਦਏ ਸੁਹਾਈਆ । ਸਤਿ ਸਤਿਵਾਦੀ ਇਕ ਈਮਾਨ, ਸ਼ਰਅ ਹਦੀਸ ਇਕ ਪੜ੍ਹਾਈਆ । ਬਿਸਮਿਲ ਰੂਪ ਅੰਜੀਲ ਕੁਰਾਨ, ਕਰਨੀ ਕਰਤਾ ਆਪ ਕਰਾਈਆ । ਮੁਕਾਮੇ ਹੱਕ ਹੋ ਪਰਧਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਆਪ ਸਮਝਾਈਆ । ਦੇਵਣਹਾਰ ਸਚ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਸਦੀ ਚੌਧਵੀਂ ਅੰਤਮ ਇਕੋ ਵਾਰ ਸਭ ਨੂੰ ਕਰੇ ਸਲਾਮ, ਸਲਾਮਾਂਲੈਕਮ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸਮਝਾਈਆ । ਸਚ ਸੁਨੇਹੁੜਾ ਸ਼ਬਦੀ ਧੁਨ, ਹਰਿ ਅਨਾਦੀ ਨਾਦ ਵਜਾਇੰਦਾ । ਬਿਨ ਕੰਨਾਂ ਗੁਰ ਅਵਤਾਰ ਲੈਣ ਸੁਣ, ਬਿਨ ਰਸਨਾ ਜਿਹਵਾ ਗਾਇੰਦਾ । ਨੇਤਰ ਪੇਖ ਲੱਖ ਚੁਰਾਸੀ ਕਰੇ ਛਾਣ ਪੁਣ, ਘਟ ਘਟ ਆਪਣਾ ਫੇਰਾ ਪਾਇੰਦਾ । ਨਵ ਨੌਂ ਵੇਖੇ ਗੁਣ ਅਵਗੁਣ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰਮੁਖ ਸੱਜਣ ਲਏ ਚੁਣ, ਆਪ ਆਪਣੀ ਵੰਡ ਵੰਡਾਇੰਦਾ । ਖੋਲ੍ਹਣਹਾਰ ਸਮਾਧੀ ਸੁੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਵਰਤੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਰਾਜ ਰਾਜਾਨ ਕਰੇ ਖ਼ੁਵਾਰ, ਸ਼ਾਹ ਪਾਤਸ਼ਾਹ ਸੀਸ ਤਾਜ ਨਾ ਕੋਇ ਟਿਕਾਈਆ । ਵਰਨ ਬਰਨ ਆਏ ਹਾਰ, ਜ਼ਾਤ ਪਾਤ ਨਾ ਕੋਇ ਰਖਾਈਆ । ਨੌਂ ਖੰਡ ਪ੍ਰਿਥਮੀ ਦੇਵੇ ਇਕ ਆਧਾਰ, ਸੱਤ ਦੀਪ ਵਡੀ ਵਡਿਆਈਆ । ਏਕਾ ਨਾਮ ਬੋਲ ਜੈਕਾਰ, ਜੈ ਜੈਕਾਰ ਦਏ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ,

ਪੁਰਖ ਅਕਾਲ ਇਕ ਅਖਵਾਈਆ । ਘਟ ਘਟ ਅੰਤਰ ਕਰ ਪਸਾਰ, ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਅਲਾਈਆ । ਧੁਰ ਫ਼ਰਮਾਣਾ ਏਕਾ ਏਕ, ਏਕੰਕਾਰਾ ਆਪ ਸੁਣਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਸਾਚੀ ਟੇਕ, ਸ੍ਰਿਸ਼ਟ ਸਬਾਈ ਆਪ ਜਣਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਰਨਹਾਰਾ ਬੁੱਧ ਬਬੇਕ, ਵਵੇਕੀ ਆਪਣਾ ਰਾਹ ਵਖਾਇੰਦਾ । ਭਗਤ ਭਗਵੰਤ ਕਰੇ ਹੇਤ, ਨਿਤ ਨਵਿਤ ਮੇਲ ਮਿਲਾਇੰਦਾ । ਸਾਚੇ ਸੰਤਾਂ ਆਪੇ ਵੇਖ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਲਹਿਣਾ ਆਪ ਮੁਕਾਇੰਦਾ । ਕਲਜੁਗ ਲਹਿਣਾ ਝੋਲੀ ਪਾ, ਪਿਛਲਾ ਮੂਲ ਚੁਕਾਈਆ । ਨਵ ਨੌਂ ਚਾਰ ਪੰਧ ਮੁਕਾ, ਆਪਣਾ ਖੇਲ ਦਏ ਵਖਾਈਆ । ਚਾਰ ਜੁਗ ਦੀ ਵੰਡ ਵੰਡਾ, ਚਾਰ ਯਾਰੀ ਅੰਤ ਕਰਾਈਆ । ਕਰੇ ਖੇਲ ਬੇਪਰਵਾਹ, ਦਿਸ ਕਿਸੇ ਨਾ ਆਈਆ । ਨਿਰਗੁਣ ਨੂਰ ਜੋਤੀ ਵੇਸ ਵਟਾ, ਨਿਹਕਲੰਕਾ ਨਾਉਂ ਰਖਾਈਆ । ਗੋਬਿੰਦ ਮੇਲਾ ਸਹਿਜ ਸੁਭਾ, ਮੇਲ ਮਿਲਾਵਾ ਸਾਚੇ ਥਾਈਂਆ । ਸੰਬਲ ਡੇਰਾ ਏਕਾ ਲਾ, ਬੰਕ ਦੁਆਰਾ ਦਏ ਵਡਿਆਈਆ । ਖੜਗ ਖੰਡਾ ਇਕ ਚਮਕਾ, ਬ੍ਰਹਿਮੰਡਾਂ ਰਿਹਾ ਡਰਾਈਆ । ਨਵ ਨਵ ਖੰਡਾਂ ਵੰਡਾਂ ਆਪੇ ਪਾ, ਜਨ ਭਗਤਾਂ ਵੰਡ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਵਿਚੋਂ ਲਏ ਜਗਾ, ਨੇਤਰ ਨੈਣ ਇਕ ਖੁਲ੍ਹਾਈਆ । ਆਤਮ ਦਰਸੀ ਦਰਸ ਦਏ ਕਰਾ, ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜਾਤਾ ਪੁਰਖ ਬਿਧਾਤਾ, ਆਪਣਾ ਖੇਲ ਕਰਾਇੰਦਾ । ਜਨ ਭਗਤਾਂ ਬੰਨ੍ਹੇ ਸਾਚਾ ਨਾਤਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲਹਿਣਾ ਦੇਣ ਚੁਕਾਏ ਜ਼ਾਤਾਂ ਪਾਤਾਂ, ਵਰਨ ਗੋਤ ਨਾ ਕੋਇ ਰਖਾਇੰਦਾ । ਦਰਸ ਦਖਾਏ ਇਕ ਇਕਾਂਤਾ, ਨੂਰੋ ਨੂਰ ਡਗਮਗਾਇੰਦਾ । ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਨਿਝਰ ਝਿਰਨਾ ਆਪ ਝਿਰਾਇੰਦਾ । ਬੋਧ ਅਗਾਧ ਸੁਣਾਏ ਗਾਥਾ, ਅਨਹਦ ਨਾਦੀ ਨਾਦ ਵਜਾਇੰਦਾ । ਅੰਦਰ ਬਾਹਰ ਦੇਵੇ ਸਾਥਾ, ਗੁਪਤ ਜ਼ਾਹਰ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਜਗਾਇੰਦਾ । ਸਾਚੇ ਭਗਤਾਂ ਹਰਿ ਜੂ ਮੀਤਾ, ਮਿੱਤਰ ਪਿਆਰਾ ਆਪ ਅਖਵਾਇੰਦਾ । ਜੁਗ ਚੌਕੜੀ ਜਾਣੇ ਰੀਤਾ, ਸਾਚਾ ਮਾਰਗ ਆਪ ਚਲਾਇੰਦਾ । ਲੇਖਾ ਜਾਣੇ ਮੰਦਰ ਮਸੀਤਾ, ਸ਼ਿਵਦੁਆਲੇ ਮੱਠ ਬੰਧਨ ਪਾਇੰਦਾ । ਬੈਠਾ ਰਹੇ ਇਕ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੇਖਾ ਜਾਣੇ ਹਸਤ ਕੀਟਾ, ਕੀਟ ਹਸਤ ਆਪ ਸਮਾਇੰਦਾ । ਜਨ ਭਗਤਾਂ ਦੇਵੇ ਨਾਮ ਅਨਡੀਠਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਮਿੱਠਾ ਕਰੇ ਕੌੜਾ ਰੀਠਾ, ਜਿਸ ਜਨ ਆਪਣੇ ਅੰਗ ਲਗਾਇੰਦਾ । ਗੁਰਮੁਖ ਗੁਰ ਗੁਰ ਠਾਂਡਾ ਸੀਤਾ, ਘਰ ਆਪਣੇ ਆਪ ਬਹਾਇੰਦਾ । ਚਰਨ ਕਵਲ ਬੰਧਾਏ ਪ੍ਰੀਤਾ, ਸਾਚੀ ਰੀਤੀ ਮਾਤ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੁਰਮੁਖ ਮੇਲਾ ਏਕਾ ਘਰ, ਘਰ ਸਾਚੇ ਵੱਜੀ ਵਧਾਈਆ । ਜਗਤ ਭੈ ਚੁਕੇ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਆਤਮ ਨੁਹਾਏ ਸਾਚੇ ਸਰ, ਦੁਰਮਤ ਮੈਲ ਆਪ ਧੁਵਾਈਆ । ਬਜ਼ਰ ਕਪਾਟੀ ਤੋੜ ਗੜ੍ਹ, ਦੂਈ ਦਵੈਤੀ ਦਏ ਮਿਟਾਈਆ । ਨਿਰਮਲ ਨੂਰ ਆਪੇ ਕਰ, ਅੰਧ ਅੰਧੇਰ ਦਏ ਗਵਾਈਆ । ਆਤਮ ਸੇਜਾ ਆਪੇ ਚੜ੍ਹ, ਕਰੇ ਖੇਲ ਬੇਪਰਵਾਹੀਆ । ਸੁਰਤੀ ਸ਼ਬਦੀ ਲਏ ਫੜ,

ਡੋਰੀ ਨਜ਼ਰ ਕਿਸੇ ਨਾ ਆਈਆ । ਆਪ ਬੰਨ੍ਹਾਏ ਆਪਣੇ ਲੜ, ਨਾਰੀ ਕੰਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਈਆ । ਕਲਜੁਗ ਅੰਤਮ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਲੱਖ ਚੁਰਾਸੀ ਕਰੇ ਪਾਰ ਕਿਨਾਰਾ, ਨੌਂ ਖੰਡ ਪ੍ਰਿਥਮੀ ਆਪਣੇ ਘਾਟ ਰਖਾਇੰਦਾ । ਰਾਏ ਧਰਮ ਦਏ ਲਲਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਕਾਲ ਬੋਲੇ ਇਕ ਜੈਕਾਰਾ, ਚਾਰੋਂ ਕੁੰਟ ਰਾਗ ਅਲਾਇੰਦਾ । ਚਿਤਰ ਗੁਪਤ ਬਣ ਲਿਖਾਰਾ, ਲੇਖਾ ਸਭ ਦਾ ਆਪ ਵਖਾਇੰਦਾ । ਮਹਾਕਾਲ ਵਰਤੇ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤੇਈ ਅਵਤਾਰ ਇਕੋ ਬੋਲ ਜੈਕਾਰਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਕਰਾਇੰਦਾ । ਹੁਕਮੇ ਅੰਦਰ ਗੁਰ ਅਵਤਾਰ, ਗੁਰ ਗੁਰ ਸੇਵ ਕਮਾਈਆ । ਹੁਕਮੇ ਅੰਦਰ ਸ਼ਬਦ ਜੈਕਾਰ, ਧੁਨ ਅਨਾਦ ਨਾਦ ਸ਼ਨਵਾਈਆ । ਹੁਕਮੇ ਅੰਦਰ ਵੇਦ ਚਾਰ, ਸ਼ਾਸਤਰ ਸਿਮਰਤ ਹੁਕਮੇ ਵਿਚ ਪਰਗਟਾਈਆ । ਹੁਕਮੇ ਅੰਦਰ ਜੁਗ ਚਾਰ, ਜੁਗ ਜੁਗ ਆਪਣਾ ਵੇਸ ਧਰਾਈਆ । ਹੁਕਮੇ ਅੰਦਰ ਪੀਰ ਪੈਗ਼ੰਬਰ ਦਏ ਆਧਾਰ, ਹੁਕਮੇ ਅੰਦਰ ਧਰਤ ਧਵਲ ਭੁਵਾਈਆ । ਹੁਕਮੇ ਅੰਦਰ ਕਰੇ ਪਾਰ ਕਿਨਾਰ, ਥਿਰ ਕੋਇ ਰਹਿਣ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਹੁਕਮੇ ਅੰਦਰ ਘੱਲਦਾ ਰਿਹਾ ਗੁਰ ਅਵਤਾਰ, ਸਾਚੀ ਸੇਵਾ ਸੇਵ ਸਮਝਾਈਆ । ਕਲਜੁਗ ਅੰਤਮ ਪ੍ਰਗਟ ਹੋ ਆਪ ਨਿਰੰਕਾਰ, ਬਲ ਆਪਣਾ ਆਪ ਰਖਾਈਆ । ਪਿਛਲਾ ਲਹਿਣਾ ਸਭ ਦਾ ਦਏ ਨਵਾਰ, ਬਾਕੀ ਕੋਇ ਨਜ਼ਰ ਨਾ ਆਈਆ । ਨੌਂ ਖੰਡ ਪ੍ਰਿਥਮੀ ਬੰਨ੍ਹੇ ਏਕਾ ਧਾਰ, ਬ੍ਰਹਿਮੰਡ ਖੰਡ ਕਰੇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਾਰ ਕਿਨਾਰ, ਆਸਣ ਸਿੰਘਾਸਣ ਦੇਣ ਤਜਾਈਆ । ਸੁਰਪਤ ਲਹਿਣਾ ਦੇਣਾ ਝੋਲੀ ਦੇਵੇ ਡਾਰ, ਇੰਦ ਇੰਦਰਾਸਣ ਨਾ ਕੋਇ ਸੁਹਾਈਆ । ਗੁਰਮੁਖ ਸਾਚੇ ਲਏ ਉਠਾਲ, ਆਪ ਬਣਾਏ ਆਪਣੇ ਲਾਲ, ਲਾਲਣ ਆਪਣਾ ਰੰਗ ਰੰਗਾਈਆ । ਸਵਾਮੀ ਠਾਕਰ ਹੋਏ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਤ੍ਰੈਗੁਣ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪ ਵਖਾਏ ਸੱਚੀ ਧਰਮਸਾਲ, ਧੁਰ ਦਰਬਾਰਾ ਇਕ ਸੁਹਾਈਆ । ਏਥੇ ਓਥੇ ਚਲੇ ਨਾਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਅਗਲਾ ਲੇਖਾ ਰੱਖੇ ਹੱਥ, ਦੂਸਰ ਅਵਰ ਨਾ ਕੋਇ ਵਡਿਆਇੰਦਾ । ਆਪਣੀ ਮਹਿਮਾ ਗਾਏ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਨਵ ਨੌਂ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਆਤਮ ਪਰਮਾਤਮ ਮਾਰਗ ਦੱਸ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਘਟ ਘਟ ਅੰਤਰ ਆਪੇ ਵਸ, ਆਪਣਾ ਭੇਵ ਖੁਲ੍ਹਾਇੰਦਾ । ਸ਼ਬਦੀ ਤੀਰ ਨਿਰਾਲਾ ਮਾਰੇ ਕਸ, ਅਣਯਾਲਾ ਆਪ ਚਲਾਇੰਦਾ । ਜਨ ਭਗਤਾਂ ਗਾਵੇ ਆਪੇ ਜਸ, ਜਸ ਭਗਤਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਪਰਗਟ ਹੋ ਇਕ ਇਕੱਲਾ, ਅਕਲ ਕਲ ਆਪਣੀ ਧਾਰ ਰਖਾਈਆ । ਸਚ ਸੰਦੇਸ਼ ਏਕਾ ਘੱਲਾ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਫੜਾਏ ਪੱਲਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਚਾਰ ਵਰਨ, ਹਰਿ ਸਤਿਗੁਰ ਆਪ ਜਣਾਇੰਦਾ । ਖੋਲ੍ਹਣਹਾਰਾ ਨੇਤਰ ਹਰਨ ਫਰਨ, ਭੇਵ ਅਭੇਦ ਆਪ ਸਮਝਾਇੰਦਾ । ਨਾਤਾ ਤੋੜ

ਮਰਨ ਡਰਨ, ਜੀਵਣ ਮੁਕਤ ਆਪ ਕਰਾਇੰਦਾ । ਕਰਤਾ ਪੁਰਖ ਕਰਨੀ ਕਰਨ, ਮੰਗਣ ਕਿਸੇ ਦਰ ਨਾ ਜਾਇੰਦਾ । ਨਿਰਭੌ ਚੁਕਾਏ ਭੈ ਡਰਨ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਸਿਖ ਸਾਚੇ ਸਰਨੀ ਪੜਨ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਸਚਖੰਡ ਦੁਆਰੇ ਸਾਚੇ ਵੜਨ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਅੰਤਮ ਜੋਤੀ ਜੋਤ ਰਲਣ, ਜੋਤੀ ਜੋਤ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਚਲੇ ਜਗ, ਜਗ ਜੀਵਣ ਦਾਤਾ ਆਪ ਚਲਾਈਆ । ਕਰੇ ਖੇਲ ਸੂਰਾ ਸਰਬੱਗ, ਬਲ ਆਪਣਾ ਆਪ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਲੱਭ, ਜੁਗ ਜਨਮ ਵਿਛੜੇ ਲਏ ਮਿਲਾਈਆ । ਅੰਮ੍ਰਿਤ ਜਾਮ ਪਿਆਏ ਮਧ, ਰਸਨਾ ਰਸ ਦਏ ਤਜਾਈਆ । ਨੌਂ ਦੁਆਰੇ ਕਰੇ ਪਾਰ ਹੱਦ, ਘਰ ਦਸਵਾਂ ਇਕ ਵਖਾਈਆ । ਅਨਹਦ ਵੱਜੇ ਸਾਚਾ ਨਦ, ਅਨਰਾਗੀ ਰਾਗ ਅਲਾਈਆ । ਡੂੰਘੀ ਭਵਰੀ ਆਪੇ ਕੱਢ, ਟੇਢੀ ਬੰਕ ਡੇਰਾ ਢਾਹੀਆ । ਆਪਣੀ ਸੇਜਾ ਆਪੇ ਸੱਦ, ਆਪੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਦੇਵੇ ਵੱਡਾ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਆਤਮ ਅੰਤਰ ਇਕ ਪਹਿਚਾਨ, ਬਿਨ ਨੇਤਰ ਆਪ ਵਖਾਇੰਦਾ । ਬਿਨ ਰਸਨਾ ਸੁਣਾਏ ਗਾਨ, ਬਿਨ ਤੰਦੀ ਤੰਦ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਗ਼ਰੀਬ ਨਿਵਾਜ਼ਾ, ਏਕਾ ਘਰ ਕਰਾਈਆ । ਗ੍ਰਿਹ ਮੰਦਰ ਖੁਲ੍ਹਾਏ ਆਪ ਦਰਵਾਜ਼ਾ, ਦਰਦੀ ਆਪਣਾ ਦਰਦ ਵੰਡਾਈਆ । ਘਰ ਨਜ਼ਰੀ ਆਏ ਰਾਜਨ ਰਾਜਾ, ਸ਼ਾਹੋ ਭੂਪ ਸਾਚੇ ਤਖ਼ਤ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਫੜ, ਗੁਰ ਗੁਰ ਏਕਾ ਬੂਝ ਬੁਝਾਈਆ । ਏਕਾ ਗੁਰ ਇਕ ਨਿਸ਼ਾਨ, ਏਕਾ ਘਰ ਵਖਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਆਸਣ ਲਾਇੰਦਾ । ਏਕਾ ਸ਼ਾਹ ਇਕ ਸੁਲਤਾਨ, ਏਕਾ ਹੁਕਮ ਮਨਾਇੰਦਾ । ਏਕਾ ਵੇਖੇ ਦੋ ਜਹਾਨ, ਜੁਗ ਜੁਗ ਏਕਾ ਵੇਸ ਵਟਾਇੰਦਾ । ਏਕਾ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਏਕਾ ਗੁਰ ਅਵਤਾਰ ਆਪ ਪਰਗਟਾਇੰਦਾ । ਏਕਾ ਖਾਣੀ ਬਾਣੀ ਕਰੇ ਪਰਧਾਨ, ਏਕਾ ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਇੰਦਾ । ਏਕਾ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਏਕਾ ਅੰਤਮ ਪੰਧ ਮੁਕਾਏ ਆਣ, ਬਣ ਪਾਂਧੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰੇ ਖਾਤੇ ਪਾਇੰਦਾ । ਕਲਜੁਗ ਲਹਿਣਾ ਡੂੰਘਾ ਸਾਗਰ, ਖਾਤਾ ਨਜ਼ਰ ਕਿਸੇ ਨਾ ਆਈਆ । ਕਲਜੁਗ ਜੀਵ ਭਰਮੇ ਭੁੱਲੇ ਕਾਇਆ ਗਾਗਰ, ਗ੍ਰਿਹ ਮੰਦਰ ਖੋਜ ਨਾ ਕੋਇ ਖੁਜਾਈਆ । ਨੌਂ ਖੰਡ ਪ੍ਰਿਥਮੀ ਸਾਚਾ ਬਣਿਆ ਨਾ ਕੋਇ ਸੌਦਾਗਰ, ਜਗਤ ਵਣਜਾਰਾ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਉਠਾਏ ਹਰਿ ਜੂ ਆਪ, ਦੀਨ ਦਿਆਲ ਦਇਆ ਕਮਾਇੰਦਾ । ਕੋਟਨ ਕੋਟ ਜਨਮ ਉਤਾਰੇ ਪਾਪ, ਪਤਤ ਪੁਨੀਤ ਆਪ ਕਰਾਇੰਦਾ । ਮੇਟ ਮਿਟਾਏ ਤ੍ਰੈਗੁਣ ਤਾਪ, ਤੀਨੋਂ ਤਾਪ ਨੇੜ ਨਾ ਆਇੰਦਾ । ਆਤਮ ਪਰਮਾਤਮ ਸਾਚਾ ਜਾਪ, ਸੋਹੰ ਅੱਖਰ ਆਪ ਪੜ੍ਹਾਇੰਦਾ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜੋ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਿਆਇੰਦਾ । ਕਾਇਆ ਮੰਦਰ ਅੰਦਰ ਮਿਟੇ ਅੰਧੇਰੀ ਰਾਤ, ਦਿਵਸ


੫੭
੧੨

ਰੈਣ ਸਾਚਾ ਨੂਰੀ ਚੰਦ ਚੜ੍ਹਾਇੰਦਾ । ਨਾਮ ਅਨਮੁਲੀ ਦੇਵੇ ਦਾਤ, ਠੱਗ ਚੋਰ ਯਾਰ ਕਦੇ ਲੁੱਟ ਕੋਇ ਨਾ ਜਾਇੰਦਾ । ਆਪ ਉਤਾਰੇ ਆਪਣੇ ਘਾਟ, ਘਾਟਾ ਪਿਛਲਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਵਰ, ਆਪ ਆਪਣਾ ਬੰਧਨ ਪਾਇੰਦਾ । ਬੰਧਨ ਪਾਏ ਨਾਮ ਡੋਰ, ਸੋਹੰ ਤੰਦੀ ਤੰਦ ਬੰਧਾਈਆ । ਬੰਧ ਵਖਾਏ ਪੰਜ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਇ ਹਲਕਾਈਆ । ਆਸਾ ਤ੍ਰਿਸ਼ਨਾ ਹਉਮੇ ਹੰਗਤਾ ਦੇਵੇ ਹੋੜ, ਸੱਸੇ ਉਪਰ ਹੋੜਾ ਲਾਈਆ । ਆਤਮ ਪਰਮਾਤਮ ਦੇਵੇ ਜੋੜ, ਹੰ ਬ੍ਰਹਮ ਆਪ ਸਮਝਾਈਆ । ਸਤਿ ਸਤਿਵਾਦੀ ਪੁਰਖ ਅਬਿਨਾਸ਼ੀ ਆਦਿ ਜੁਗਾਦੀ ਚੜ੍ਹਿਆ ਰਹੇ ਅਗੰਮੀ ਘੋੜ, ਦੋ ਜਹਾਨਾਂ ਫੇਰਾ ਪਾਈਆ । ਗੁਰਮੁਖ ਸਾਚੇ ਜਾਏ ਬੌਹੜ, ਨਜ਼ਰ ਕਿਸੇ ਨਾ ਆਈਆ । ਪੂਰਬ ਜਨਮ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਸਚਖੰਡ ਦੁਆਰੇ ਵਖਾਏ ਏਕਾ ਪੌੜ, ਚੌਥੇ ਡੰਡੇ ਆਪ ਚੜ੍ਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਬਿਨ ਗੁਰਮੁਖਾਂ ਹਰਿ ਜੂ ਕੰਮ ਕਿਸੇ ਨਾ ਆਈਆ । ਭਗਤਾਂ ਪਿਛੇ ਰਿਹਾ ਦੌੜ, ਬਣ ਕੇ ਪਾਂਧੀ ਜਗਤ ਰਾਹੀਆ । ਸਾਚੇ ਸੰਤਾਂ ਵੇਖੇ ਕਰ ਕੇ ਗ਼ੌਰ, ਆਪਣਾ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਗੁਰ ਚੇਲਾ ਖੇਲ ਕਰਾਈਆ । ਪਰਗਟ ਹੋ ਅਗੰਮ ਅਪਾਰ, ਅਗੰਮੜੀ ਕਾਰ ਕਰਾਈਆ । ਅਲੱਖ ਨਿਰੰਜਣ ਬੋਲ ਅਲੱਖ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਗੁਰਮੁਖਾਂ ਤੋੜ ਗੜ੍ਹ ਹੰਕਾਰ, ਕੂੜੀ ਕਿਰਿਆ ਦਏ ਮਿਟਾਈਆ । ਘਰ ਵਿਚ ਘਰ ਮੰਦਰ ਦਏ ਵਖਾਲ, ਬਾਹਰ ਲੱਭਣ ਕੋਇ ਨਾ ਜਾਈਆ । ਘਟ ਤੀਰਥ ਦਏ ਨੁਹਾਲ, ਅਠਸਠ ਫੇਰਾ ਕੋਇ ਨਾ ਪਾਈਆ । ਗ੍ਰਿਹ ਦੀਪਕ ਜੋਤੀ ਦੇਵੇ ਬਾਲ, ਤੇਲ ਬਾਤੀ ਨਾ ਕੋਇ ਮਿਲਾਈਆ । ਆਪੇ ਪੁਛੇ ਆ ਕੇ ਹਾਲ, ਮੁਰੀਦ ਮੁਰਸ਼ਦ ਵੇਖੇ ਚਾਈਂ ਚਾਈਂਆ । ਨਾਤਾ ਤੋੜ ਕਾਲ ਮਹਾਕਾਲ, ਦੀਨ ਦਿਆਲ ਆਪਣੀ ਗੋਦ ਬਹਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਦਰਗਹਿ ਸਾਚੀ ਆਪ ਬਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਪਣਾ ਦਰਸ ਦਿਖਾਈਆ ।

## ✳ ੨੭ ਚੇਤ ੨੦੧੯ ਬਿਕ੍ਰਮੀ ਸੁਲੱਖਣ ਸਿੰਘ ਦੇ ਗ੍ਰਿਹ ਰੁਕਨਾ ਮੁੰਗਲਾ ਜ਼ਿਲਾ ਫ਼ਿਰੋਜ਼ਪੁਰ ✳

ਅਨਮੰਗੀ ਮੰਗ ਅਨਮੁਲੜੀ ਦਾਤ, ਅਨਡਿਠੜੀ ਆਪ ਵਰਤਾਈਆ । ਦੁੱਖ ਦਲਿਦਰ ਮੇਟ ਅੰਧੇਰੀ ਰਾਤ, ਰੁਤੜੀ ਰੁੱਤ ਆਪ ਸੁਹਾਈਆ । ਰੋਗ ਸੋਗ ਚਿੰਤਾ ਦੁੱਖ ਜਾਏ ਵਿਨਾਸ, ਹਰਿ ਅਬਿਨਾਸ਼ੀ ਦਇਆ ਕਮਾਈਆ । ਸਤਿ ਵਸਤ ਹੋਏ ਪ੍ਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਦਲਿਦਰ ਦਏ ਕਟਾਈਆ ।

## ✳ ੨੭ ਚੇਤ ੨੦੧੯ ਬਿਕ੍ਰਮੀ ਸੁਰਜਣ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ ✳

ਹਰਿ ਕਿਰਪਾ ਗੁਰ ਜਾਣਿਆਂ, ਗੁਰ ਕਿਰਪਾ ਮੇਲਾ ਨਿਰੰਕਾਰ । ਗੁਰ ਕਿਰਪਾ ਹਰਿ ਪਛਾਣਿਆਂ, ਹਰਿ ਕਿਰਪਾ ਗੁਰਮੁਖ ਵਡਿਆਈ ਵਿਚ ਸੰਸਾਰ । ਆਦਿ ਜੁਗਾਦੀ ਕਰੇ ਖੇਲ ਮਹਾਨਿਆਂ, ਬੇਅੰਤ ਪਰਵਰਦਿਗਾਰ । ਦੋ ਜਹਾਨਾਂ ਵੇਖੇ ਰਾਜਨ ਰਾਣਿਆਂ, ਸ਼ਾਹ ਸੁਲਤਾਨਾਂ ਪਾਵਣਹਾਰਾ ਸਾਰ । ਬੇੜਾ ਚਲਾਏ ਬਿਨ ਵੰਝ ਮੁਹਾਣਿਆਂ, ਆਪ ਆਪਣੀ ਕਿਰਪਾ ਧਾਰ । ਸਤਿਜੁਗ ਤ੍ਰੇਤਾ ਦੁਆਪਰ ਆਪੇ ਮਾਣਿਆਂ, ਕਲਜੁਗ ਅੰਤਮ ਖੇਲ ਕਰੇ ਅਪਾਰ । ਨਿਰਗੁਣ ਨਿਰਗੁਣ ਪਹਿਰੇ ਬਾਣਿਆਂ, ਸਰਗੁਣ ਨਾਮ ਸ਼ਬਦ ਧੁਨਕਾਰ । ਬ੍ਰਹਿਮੰਡ ਖੰਡ ਵੇਖ ਵਖਾਣਿਆਂ, ਉਤਭੁਜ ਸੇਤਜ ਖੋਲ੍ਹ ਕਿਵਾੜ । ਜੇਰਜ ਅੰਡ ਭੇਵ ਚੁਕਾਨਿਆਂ, ਨਵ ਨੌਂ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰੇ ਆਪ ਨਿਰੰਕਾਰ । ਹਰਿ ਕਿਰਪਾ ਗੁਰ ਮੇਲਿਆ, ਗੁਰ ਕਿਰਪਾ ਮੇਲਾ ਪੁਰਖ ਅਬਿਨਾਸ਼ । ਖੇਲੇ ਖੇਲ ਗੁਰੂ ਗੁਰ ਚੇਲਿਆ, ਦੋ ਜਹਾਨਾਂ ਪਾਵੇ ਰਾਸ । ਵਸਣਹਾਰਾ ਧਾਮ ਨਵੇਲਿਆ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਪ੍ਰਕਾਸ਼ । ਨਿਰਗੁਣ ਜੋਤ ਪੁਰਖ ਅਕਾਲਾ, ਗੁਰ ਗੁਰ ਦੇਵੇ ਮਾਣ ਵਡਿਆਈਆ । ਗੁਰ ਗੁਰ ਰੂਪ ਸੁਤ ਦੁਲਾਰਾ ਬਾਲਾ, ਬਾਲਾ ਆਪਣੀ ਗੋਦ ਬਹਾਈਆ । ਸਚਖੰਡ ਨਿਵਾਸੀ ਚਲੇ ਅਵੱਲੜੀ ਚਾਲਾ, ਭੇਵ ਅਭੇਦ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਕਰਿਆ ਖੇਲ ਨਿਰਾਲਾ, ਪੰਜ ਤਤ ਆਪਣਾ ਬੰਧਨ ਪਾਈਆ । ਕਲਜੁਗ ਅੰਤਮ ਨਿਰਗੁਣ ਨੂਰ ਕਰ ਉਜਾਲਾ, ਜੋਤੀ ਜਾਤਾ ਵੇਸ ਵਟਾਈਆ । ਪਰਗਟ ਹੋ ਹਰਿ ਗੋਪਾਲਾ, ਗੁਰ ਗੁਰ ਆਪਣਾ ਨਾਉਂ ਵਡਿਆਈਆ । ਨਵ ਨੌਂ ਵੇਖੇ ਸਾਚੀ ਧਰਮਸਾਲਾ, ਗ੍ਰਿਹਿ ਬੰਕ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣੀ ਬੂਝ ਬੁਝਾਈਆ । ਸਾਚੀ ਬੂਝ ਸਾਚੇ ਘਰ, ਹਰਿ ਸਾਚਾ ਸਚ ਜਣਾਇੰਦਾ । ਗੁਰ ਗੁਰ ਦੇਵੇ ਆਪਣੀ ਸੂਝ, ਨਾਮ ਨਿਧਾਨਾ ਝੋਲੀ ਪਾਇੰਦਾ । ਭੇਵ ਖੁਲ੍ਹਾਵਣਹਾਰਾ ਗੂਝ, ਦੂਈ ਦਵੈਤੀ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਮੰਤਰ ਨਾਮ ਆਪ ਦ੍ਰਿੜਾਇੰਦਾ । ਗੁਰ ਮੰਤਰ ਨਾਮ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਗੁਰ ਅਵਤਾਰਾਂ ਦੇ ਸਹਾਰ, ਲੋਕਮਾਤ ਵੇਖ ਵਖਾਈਆ । ਕਲਮ ਦਵਾਤ ਦੇ ਆਧਾਰ, ਲੇਖਾ ਜਾਣੇ ਕਲਮ ਛਾਹੀਆ । ਜੁਗ ਚੌਕੜੀ ਪਾਵੇ ਸਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਘਲਦਾ ਰਿਹਾ ਅਵਤਾਰ, ਗੁਰ ਸ਼ਬਦੀ ਡੰਕ ਵਜਾਈਆ । ਸਚ ਸੰਦੇਸ਼ਾ ਦੇਵਣਹਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸਾਚੀ ਸੇਵਾ ਲਾਈਆ । ਸਾਚੀ ਸੇਵਾ ਗੁਰ ਗੁਰ ਘਾਲ, ਲੱਖ ਚੁਰਾਸੀ ਆਪ ਕਮਾਇੰਦਾ । ਜੁਗ ਚੌਕੜੀ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਸਾਚਾ ਅੱਖਰ ਇਕ ਸਖਾਲ, ਨਾਮ ਨਾਮਾ ਆਪ ਪਰਗਟਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਜੁਗ ਜੁਗ ਭੇਵ ਅਵੱਲੜਾ, ਗੁਰ ਗੁਰ ਆਪ ਜਣਾਇੰਦਾ । ਗੁਰ ਅਵਤਾਰ ਫੜਾਏ ਪਲੜਾ, ਪੱਲੂ ਆਪਣੀ ਗੰਢ ਬੰਧਾਇੰਦਾ । ਆਪ ਵਸਣਹਾਰਾ ਨਿਹਚਲ ਧਾਮ ਅਟੱਲੜਾ, ਉਚ ਮਹੱਲੇ ਡੇਰਾ ਲਾਇੰਦਾ । ਸਚ ਸੰਦੇਸ਼ ਏਕਾ ਘੱਲੜਾ, ਨਾਉਂ ਨਿਰੰਕਾਰਾ ਆਪ ਸਮਝਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਜਪਾਇੰਦਾ । ਜੁਗ ਜੁਗ ਸੇਵਾ ਲੋਕਮਾਤ, ਮਾਤਰ ਭੂਮੀ ਆਪ ਲਗਾਈਆ । ਨਿਰਗੁਣ ਸਰਗੁਣ ਦੇ ਦੇ ਦਾਤ, ਗੁਰ ਸ਼ਬਦ ਕਰੇ ਕੁੜਮਾਈਆ । ਭਗਤ ਭਗਵੰਤ ਬੰਨ੍ਹੇ ਨਾਤ, ਸਾਚਾ ਨਾਤਾ ਜੋੜ ਜੁੜਾਈਆ । ਸੰਤ ਸੁਹੇਲਾ ਸੁਣਾਏ ਆਪਣੀ ਗਾਥ, ਅੱਖਰ ਵੱਖਰ ਕਰ ਪੜ੍ਹਾਈਆ । ਜੁਗ ਚੌਕੜੀ ਦੇ ਦੇ ਸਾਥ, ਪੰਜ ਤਤ ਆਪਣਾ ਰੰਗ ਰੰਗਾਈਆ । ਕਲਜੁਗ ਅੰਤਮ ਵੇਖੇ ਆਪ, ਪਾਰਬ੍ਰਹਮ ਵਡੀ ਵਡਿਆਈਆ । ਦੋ ਜਹਾਨਾਂ ਸਾਚਾ ਜਾਪ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਨਾਉਂ ਸਮਝਾਈਆ । ਗੁਰ ਗੁਰ ਨਾਉਂ ਸ਼ਬਦੀ ਧਾਰ, ਹਰਿ ਹਰਿ ਜੋਤੀ ਰੂਪ ਧਰਾਇੰਦਾ । ਦੋਹਾਂ ਵਿਚੋਲਾ ਏਕੰਕਾਰ, ਆਪਣਾ ਖੇਲ ਆਪ ਕਰਾਇੰਦਾ । ਨਿਰਗੁਣ ਆਤਮ ਨਿਰਗੁਣ ਪਰਮਾਤਮ ਫੜ ਫੜ ਮੇਲੇ ਵਿਚ ਸੰਸਾਰ, ਮੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਰਗੁਣ ਸ਼ਬਦ ਨਿਰਗੁਣ ਜੋਤ, ਜੋਤੀ ਜਾਤਾ ਆਪ ਅਖਵਾਇੰਦਾ । ਨਿਰਗੁਣ ਵਸੇ ਸਚਖੰਡ ਦੁਆਰੇ ਸਾਚੇ ਕੋਟ, ਛੱਪਰ ਛੰਨ ਨਾ ਕੋਇ ਬਣਾਇੰਦਾ । ਨਿਰਗੁਣ ਸ਼ਬਦ ਨਿਰਗੁਣ ਨੂਰ ਰੱਖੇ ਓਟ, ਓਟ ਇਕੋ ਆਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਭੇਵ ਖੁਲ੍ਹਾਇੰਦਾ । ਗੁਰ ਗੁਰ ਹਰਿ ਜੂ ਖੋਲ੍ਹੇ ਭੇਵ, ਅਭੇਦ ਆਪ ਜਣਾਈਆ । ਨਿਰਗੁਣ ਨਿਰੰਕਾਰ ਆਪਣਾ ਨਾਉਂ ਆਪੇ ਬੋਲ, ਆਤਮ ਪਰਮਾਤਮ ਕਰੇ ਪੜ੍ਹਾਈਆ । ਘਰ ਵਿਚ ਘਰ ਤਾਕੀ ਦੇਵੇ ਖੋਲ੍ਹ, ਮੰਦਰ ਅੰਦਰ ਡੇਰਾ ਲਾਈਆ । ਉਲਟਾ ਕਰੇ ਨਾਭੀ ਕੌਲ, ਕਵਲ ਨਾਭੀ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਗੁਰ ਸਤਿਗੁਰ ਮੀਤਾ ਸਾਚੇ ਸਿਖ, ਸਾਚੀ ਸਿਖਿਆ ਆਪ ਜਣਾਇੰਦਾ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਲਹਿਣਾ ਆਪਣੀ ਝੋਲੀ ਪਾਇੰਦਾ । ਦੋ ਜਹਾਨ ਵੰਡਾਏ ਸਾਚਾ ਹਿੱਸ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਕਰ ਕਿਰਪਾ ਦਰਸ਼ਨ ਦੇਵੇ ਜਿਸ, ਤਿਸ ਆਪਣੇ ਰੰਗ ਰੰਗਾਇੰਦਾ । ਘਰ ਘਰ ਸਵਛ ਸਰੂਪੀ ਪਏ ਦਿਸ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਨਾਉਂ ਪਰਗਟਾਇੰਦਾ । ਗੁਰ ਗੁਰ ਨਾਉਂ ਸ਼ਬਦ ਮਰਦੰਗ, ਵਡ ਮਰਦਾਨਾ ਆਪ ਵਜਾਈਆ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਸਤਿਗੁਰ ਗੁਰ ਖੇਲ ਕਰਾਈਆ । ਗੁਰਮੁਖਾਂ ਦੇਵੇ ਇਕ ਅਨੰਦ, ਅਨੰਦ ਆਤਮ ਇਕ ਰਸਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹੇ ਝੂਠੀ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਪਰਦਾ ਲਾਹੀਆ । ਗੁਰਮੁਖ ਪਰਦਾ ਜਾਏ ਲੱਥ, ਜਿਸ ਜਨ ਹਰਿ ਹਰਿ ਦਇਆ ਕਮਾਇੰਦਾ । ਘਰ ਵਿਚ ਮਿਲੇ ਆਪ ਸਮਰਥ, ਦੋ ਜਹਾਨਾਂ ਪੰਧ ਮੁਕਾਇੰਦਾ । ਬੋਧ ਅਗਾਧ ਸੁਣਾਏ ਗਾਥ, ਅਨਹਦ ਨਾਦੀ ਨਾਦ ਵਜਾਇੰਦਾ । ਘਟ ਮੰਦਰ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਏਕਾ ਅੱਖਰ ਪੂਜਾ ਪਾਠ, ਜਗਤ ਵੱਖਰ ਆਪ ਪੜ੍ਹਾਇੰਦਾ । ਸਤਿ ਸਤਿਵਾਦੀ ਸਾਚੀ ਦਾਤ, ਸੋਹੰ ਝੋਲੀ ਆਪ ਭਰਾਇੰਦਾ । ਰਸਨਾ ਜਿਹਵਾ ਇਕੋ ਜਾਪ, ਆਤਮ ਪਰਮਾਤਮ ਜੋੜ ਜੁੜਾਇੰਦਾ । ਅੰਤ ਉਤਾਰੇ ਆਪਣੇ ਘਾਟ, ਮੰਜਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਦਇਆ ਕਮਾਇੰਦਾ । ਗੁਰ ਸਤਿਗੁਰ ਸਵਾਮੀ ਏਕਾ ਠਾਕਰ, ਆਦਿ ਜੁਗਾਦਿ ਵਡੀ ਵਡਿਆਈਆ । ਕਲਜੁਗ

ਅੰਤਮ ਹੋ ਉਜਾਗਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਦੋ ਜਹਾਨਾਂ ਬਣ ਸੌਦਾਗਰ, ਲੱਖ ਚੁਰਾਸੀ ਵਣਜ ਦਏ ਕਰਾਈਆ । ਗੁਰਮੁਖ ਵਿਰਲੇ ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣਾ ਦਰਸ ਵਖਾਈਆ । ਏਥੇ ਓਥੇ ਦੋ ਜਹਾਨ ਜ਼ਿਮੀਂ ਅਸਮਾਨ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਈਆ । ਸਤਿਗੁਰ ਦਾਤਾ ਸਦਾ ਸਵਾਮੀ, ਸਾਹਿਬ ਸੁਲਤਾਨ ਵਡੀ ਵਡਿਆਈਆ । ਕਲਜੁਗ ਅੰਤਮ ਪਰਗਟ ਨਿਹਕਲੰਕ ਨੇਹਕਾਮੀ, ਕਰਮ ਕਾਂਡ ਨਾ ਕੋਇ ਰਖਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਆਪਣਾ ਆਸਣ ਲਾਈਆ । ਗੁਰਮੁਖ ਵਿਰਲੇ ਸੁਣਾਏ ਆਪਣੀ ਬਾਣੀ, ਦੂਸਰ ਨੇੜ ਕੋਇ ਨਾ ਆਈਆ । ਭਗਤ ਭਗਵਾਨ ਇਕ ਦੂਜੇ ਦੀ ਗਾਇਣ ਅਕੱਥ ਕਹਾਣੀ, ਲਿਖਣ ਪੜ੍ਹਨ ਵਿਚ ਨਾ ਆਈਆ । ਸਚਖੰਡ ਦੀ ਸਚ ਨਿਸ਼ਾਨੀ, ਗੁਰਸਿਖ ਲੋਕਮਾਤ ਪਰਗਟਾਈਆ । ਆਪੇ ਹੋਏ ਜਾਣ ਜਾਣੀ, ਬੁਝਣਹਾਰਾ ਬੂਝ ਬੁਝਾਈਆ । ਏਕਾ ਦੇਵੇ ਪਦ ਨਿਰਬਾਣੀ, ਚੌਥੇ ਪਦ ਆਪ ਸਮਾਈਆ । ਲੇਖਾ ਚੁਕਾਏ ਆਵਣ ਜਾਣੀ, ਆਵਣ ਜਾਣ ਰਹਿਣ ਨਾ ਪਾਈਆ । ਲੱਖ ਚੁਰਾਸੀ ਫੰਦ ਕਟਾਣੀ, ਰਾਏ ਧਰਮ ਨਾ ਦਏ ਸਜ਼ਾਈਆ । ਆਤਮ ਪਰਮਾਤਮ ਮੇਲਾ ਸਾਚੇ ਹਾਣੀ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਦਾ ਸਦਾ ਸਦਾ ਸਹਾਈਆ । ਸਤਿਗੁਰ ਸਹਾਈ ਸਦਾ ਸਦ, ਜੁਗ ਜੁਗ ਵੇਸ ਵਟਾਇੰਦਾ । ਭਗਤ ਭਗਵੰਤ ਆਪੇ ਲੱਭ, ਆਪ ਆਪਣਾ ਬੰਧਨ ਪਾਇੰਦਾ । ਪੰਚ ਵਿਕਾਰਾ ਦੇਵੇ ਦੱਬ, ਮਾਇਆ ਮਮਤਾ ਮੋਹ ਮਿਟਾਇੰਦਾ । ਅੰਮ੍ਰਿਤ ਰਸ ਵਖਾਏ ਕਵਲ ਨਭ, ਨਿਝਰ ਝਿਰਨਾ ਆਪ ਝਿਰਾਇੰਦਾ । ਜਗਤ ਵਾਸਨਾ ਪਾਰ ਹੱਦ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਲੱਖ ਚੁਰਾਸੀ ਵਿਚੋਂ ਕਰੇ ਅੱਡ, ਆਪਣੇ ਮੰਦਰ ਆਪ ਬਹਾਇੰਦਾ । ਅੰਦਰ ਵੜ ਵੜ ਡੂੰਘੀ ਕੰਦਰ ਸੁਣਾਏ ਸੁਹਾਗੀ ਛੰਦ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਏਕਾ ਬੰਧਨ ਨਾਮ ਰਖਾਇੰਦਾ । ਜਨ ਭਗਤਾਂ ਪਿਛੇ ਕੱਟੇ ਹਰਿ ਜੂ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਨੇਤਰ ਹੋਇਆ ਅੰਧ, ਆਤਮ ਗਿਆਨ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਭ ਨੂੰ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਮਾਤ ਬਦਲਾਇੰਦਾ । ਗੁਰਮੁਖ ਵਿਰਲੇ ਖ਼ੁਸ਼ੀ ਕਰੇ ਬੰਦ ਬੰਦ, ਜਿਸ ਜਨ ਆਪਣਾ ਦਰਸ ਦਖਾਇੰਦਾ । ਕਰੇ ਪ੍ਰਕਾਸ਼ ਬਿਨ ਸੂਰਜ ਚੰਦ, ਜੋਤੀ ਜਾਤਾ ਡਗਮਗਾਇੰਦਾ । ਦਿਵਸ ਰੈਣ ਅੱਠੇ ਪਹਿਰ ਇਕ ਅਨੰਦ, ਜਗਤ ਸੋਗ ਨੇੜ ਨਾ ਆਇੰਦਾ । ਕਿਰਪਾਨਿਧ ਠਾਕਰ ਸਵਾਮੀ ਸਾਹਿਬ ਦਿਆਲ ਪਾਏ ਠੰਡ, ਅਗਨੀ ਤਤ ਨਾ ਕੋਇ ਤਪਾਇੰਦਾ । ਨਾਤਾ ਤੁਟੇ ਨਾਰ ਦੁਹਾਗਣ ਜੀਵ ਰੰਡ, ਹਰਿ ਜੂ ਕੰਤ ਕੰਤੂਹਲ ਗੁਰਮੁਖ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੇ ਅੰਗ ਲਗਾਇੰਦਾ । ਸਤਿਗੁਰ ਮੀਤਾ ਠਾਂਡਾ ਸੀਤਾ, ਸਾਂਤਕ ਸਤਿ ਸਤਿ ਕਰਾਈਆ । ਜੁਗ ਜੁਗ ਚਲੇ ਅਵੱਲੜੀ ਰੀਤਾ, ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਚਰਨ ਕਵਲ ਵਖਾਏ ਇਕ ਪ੍ਰੀਤਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸੋਹੰ ਨਾਮ ਦੇਵੇ ਅਨਡੀਠਾ, ਅਨਡਿਠੜੀ ਕਾਰ ਕਰਾਈਆ । ਅੱਠੇ ਪਹਿਰ ਗੁਰਮੁਖਾਂ ਵਸੇ ਚੀਤਾ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਘਰ ਘਰ ਵਿਚ ਠਾਕਰ ਦੁਆਰਾ ਮੰਦਰ ਸ਼ਿਵਦੁਆਲਾ ਗੁਰਦੁਆਰ ਮਸੀਤਾ, ਜਿਸ ਘਰ ਵਸੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਇਕ

ਅਖਵਾਈਆ । ਸਤਿਗੁਰ ਪੂਰਾ ਏਕੰਕਾਰ, ਦੂਜਾ ਅਵਰ ਨਾ ਕੋਇ ਜਣਾਇੰਦਾ । ਜੁਗ ਚੌਕੜੀ ਗੁਰ ਅਵਤਾਰ ਸੇਵਾਦਾਰ, ਸਾਚੀ ਸੇਵਾ ਆਪ ਲਗਾਇੰਦਾ । ਅੰਤਮ ਦੋਏ ਦੋਏ ਜੋੜ ਕਰ ਕਰ ਗਏ ਨਿਮਸਕਾਰ, ਸਜਦਾ ਸੀਸ ਸਰਬ ਝੁਕਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਏਕਾ ਓਟ ਰੱਖ ਕੇ ਗਏ ਸੰਸਾਰ, ਨਿਰਗੁਣ ਨਿਰਗੁਣ ਆਸ ਸਰਬ ਰਖਾਇੰਦਾ । ਕਲ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨਵ ਨੌਂ ਚਾਰ ਪੰਧ ਮੁਕਾਇੰਦਾ । ਗੁਰਮੁਖ ਸੱਜਣ ਲਏ ਉਠਾਲ, ਲੱਖ ਚੁਰਾਸੀ ਫੋਲ ਫੁਲਾਇੰਦਾ । ਨਾਤਾ ਤੋੜੇ ਸ਼ਾਹ ਕੰਗਾਲ, ਊਚ ਨੀਚ ਰਾਉ ਰੰਕ ਜ਼ਾਤ ਪਾਤ ਵਰਨ ਗੋਤ ਨਾ ਕੋਇ ਰਖਾਇੰਦਾ । ਗ਼ਰੀਬ ਨਿਮਾਣਿਆਂ ਉਪਰ ਹੋਏ ਦਿਆਲ, ਸ਼ਾਹ ਸੁਲਤਾਨਾਂ ਕਰੇ ਕੰਗਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਏਕਾ ਗੁਣ ਆਪ ਰਖਾਇੰਦਾ । ਏਕਾ ਗੁਣ ਪੁਰਖ ਅਗੰਮ, ਭੇਵ ਕੋਇ ਨਾ ਪਾਈਆ । ਜੁਗ ਚੌਕੜੀ ਬੇੜਾ ਬੰਨ੍ਹ, ਲੋਕਮਾਤ ਆਪ ਚਲਾਈਆ । ਕਲਜੁਗ ਅੰਤਮ ਕਰੇ ਖੇਲ ਸ੍ਰੀ ਭਗਵਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਨ ਭਗਤਾਂ ਬਣੇ ਜਨਨੀ ਜਨ, ਜਨ ਜਣੇਂਦੀ ਏਕਾ ਮਾਈਆ । ਏਕਾ ਰਾਗ ਸੁਣਾਏ ਕੰਨ, ਬਿਨ ਤੰਦੀ ਤੰਦ ਸਤਾਰ ਵਜਾਈਆ । ਕਰੇ ਪ੍ਰਕਾਸ਼ ਜੀਵ ਅੰਨ੍ਹ, ਅੰਧ ਅੰਧੇਰ ਦਏ ਮਿਟਾਈਆ । ਪੰਚ ਵਿਕਾਰਾ ਦੇਵੇ ਡੰਨ, ਨਾਮ ਖੰਡਾ ਇਕ ਚਮਕਾਈਆ । ਭਾਂਡਾ ਭਰਮ ਭੌ ਦੇਵੇ ਭੰਨ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲੇ ਥਾਉਂ ਥਾਈਂਆ ।



## ✳ ੧ ਵਸਾਖ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✳

ਸਾਚੇ ਤਖ਼ਤ ਬੈਠ ਸੁਲਤਾਨ, ਤਖ਼ਤ ਨਿਵਾਸੀ ਦਇਆ ਕਮਾਇੰਦਾ । ਸਤਿ ਪੁਰਖ ਨਿਰੰਜਣ ਹੋ ਮਿਹਰਵਾਨ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨ, ਏਕੰਕਾਰਾ ਬਲ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਅਬਿਨਾਸ਼ੀ ਕਰਤਾ ਖੇਲ ਕਰਾਇੰਦਾ । ਸ੍ਰੀ ਭਗਵਾਨ ਸਚਖੰਡ ਸੁਹਾਏ ਸਚ ਮਕਾਨ, ਪਾਰਬ੍ਰਹਮ ਪ੍ਰਭ ਰੂਪ ਅਨੂਪ ਧਰਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਪਰਧਾਨ, ਭੇਵ ਅਭੇਦ ਆਪ ਖੁਲ੍ਹਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸੀਸ ਜਗਦੀਸ਼ ਤਾਜ ਸੁਹਾਇੰਦਾ । ਮਹੱਲ ਅਟੱਲ ਉਚ ਮਨਾਰ ਬਣ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਵੱਡ ਮਰਦਾਨ, ਵਡ ਮਰਦਾਨਗੀ ਆਪ ਕਮਾਇੰਦਾ । ਆਦਿ ਅੰਤ ਸ੍ਰੀ ਭਗਵੰਤ ਨਿਰਗੁਣ ਨਿਰਵੈਰ ਪੁਰਖ ਅਕਾਲ ਕਰੇ ਪਹਿਚਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਥਿਰ ਘਰ ਦੁਆਰਾ ਖੋਲ੍ਹ ਕਿਵਾੜਾ ਆਪੇ ਵੇਖੇ ਹਰਿ ਜੂ ਆਣ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਸੁਹਾਇੰਦਾ । ਸਚ ਸਿੰਘਾਸਣ ਸੋਭਾਵੰਤ, ਸਤਿ ਸਤਿਵਾਦੀ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਭੇਵ ਕੋਇ ਨਾ ਪਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਕਰਤਾ ਵਡ ਵਡਿਆਈਆ । ਨਾਤਾ ਜਾਣੇ ਨਾਰ ਕੰਤ, ਨਰ ਨਰਾਇਣ ਬੇਪਰਵਾਹੀਆ । ਨਾਮ ਨਿਧਾਨਾ ਸੁਣਾਏ ਮੰਤ, ਮੰਤਰ ਆਪਣਾ ਨਾਮ ਦ੍ਰਿੜਾਈਆ । ਆਦਿ ਜੁਗਾਦੀ

ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸਚਖੰਡ ਦੁਆਰੇ ਸੋਭਾਵੰਤ, ਥਿਰ ਘਰ ਆਪਣੀ ਖ਼ੁਸ਼ੀ ਮਨਾਈਆ । ਨਿਰਮਲ ਜੋਤ ਇਕ ਇਕੰਤ, ਬਿਮਲ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਦਏ ਵਡਿਆਈਆ । ਸਚ ਸਿੰਘਾਸਣ ਸ਼ਾਹੋ ਭੂਪ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਏਕੰਕਾਰਾ ਸਤਿ ਸਰੂਪ, ਅਨਭਵ ਆਪਣੀ ਧਾਰ ਚਲਾਇੰਦਾ । ਆਦਿ ਨਿਰੰਜਣ ਵਸਣਹਾਰਾ ਆਪਣੀ ਕੂਟ, ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਅਬਿਨਾਸ਼ੀ ਕਰਤਾ ਆਪਣਾ ਦੇਵੇ ਆਪ ਸਬੂਤ, ਦੂਸਰ ਓਟ ਨਾ ਕੋਇ ਰਖਾਇੰਦਾ । ਏਕੰਕਾਰਾ ਮੁਕਾਮੇ ਹੱਕ ਵਸੇ ਆਪ ਮਹਿਬੂਬ, ਨੂਰ ਨੁਰਾਨਾ ਡਗਮਗਾਇੰਦਾ । ਪਾਰਬ੍ਰਹਮ ਪ੍ਰਭ ਨਾਰੀ ਕੰਤ ਬਣ ਬਣ ਪੂਤ, ਪੂਤ ਸਪੂਤਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਵਡਿਆਇੰਦਾ । ਸਚ ਸਿੰਘਾਸਣ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਵਡਿਆਈਆ । ਆਪਣੇ ਵਿਚੋਂ ਆਪੇ ਕੱਢ, ਆਪਣਾ ਪ੍ਰਕਾਸ਼ ਆਪ ਧਰਾਈਆ । ਆਪੇ ਜਾਣੇ ਆਪਣੀ ਹੱਦ, ਪਾਰ ਕਿਨਾਰ ਨਾ ਕੋਇ ਰਖਾਈਆ । ਆਪੇ ਭੂਪ ਰਾਜ ਰਾਜਾਨ ਆਪੇ ਦਰ ਦਰਵੇਸ਼ ਬਣ ਬਣ ਲਏ ਸੱਦ, ਸਚ ਸੰਦੇਸ਼ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹੀਆ । ਸਾਚੇ ਤਖ਼ਤ ਬਹੇ ਸ਼ਹਿਨਸ਼ਾਹ, ਦਿਸ ਕਿਸੇ ਨਾ ਆਇੰਦਾ । ਸਚਖੰਡ ਦੁਆਰੇ ਚਲਾਏ ਆਪਣਾ ਰਾਹ, ਰਹਿਬਰ ਆਪਣਾ ਹੁਕਮ ਵਰਤਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਧੁਰ ਦੀ ਕਾਰ ਆਪ ਕਰਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਖੇਵਟ ਖੇਟਾ ਰੂਪ ਵਟਾਇੰਦਾ । ਥਿਰ ਘਰ ਮੇਲਾ ਸਹਿਜ ਸੁਭਾ, ਸਚਖੰਡ ਆਪਣਾ ਪਰਦਾ ਲਾਹਿੰਦਾ । ਏਕਾ ਜੋਤੀ ਨੂਰ ਧਰਾ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਸ੍ਰੀ ਭਗਵਾਨ, ਆਦਿ ਪੁਰਖ ਆਪ ਕਰਾਈਆ । ਸਚਖੰਡ ਦੁਆਰੇ ਬੈਠ ਸਚ ਸੁਲਤਾਨ, ਧੁਰ ਫ਼ਰਮਾਣਾ ਹੁਕਮ ਜਣਾਈਆ । ਆਦਿ ਜੁਗਾਦਿ ਹੋ ਪਰਧਾਨ, ਜੁਗ ਜੁਗ ਆਪਣਾ ਵੇਸ ਵਟਾਈਆ । ਇਕ ਇਕੱਲਾ ਦੇਵਣਹਾਰਾ ਦਾਨ, ਦੋਏ ਦੋਏ ਝੋਲੀ ਆਪ ਭਰਾਈਆ । ਆਪਣੀ ਇਛਿਆ ਕਰ ਪਰਵਾਨ, ਸਾਚੀ ਭਿਛਿਆ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਵਰਤਾਇਆ, ਭੇਵ ਕੋਇ ਨਾ ਪਾਇੰਦਾ । ਆਦਿ ਪੁਰਖ ਆਦਿ ਆਪਣੀ ਧਾਰ ਚਲਾਇਆ, ਲੇਖਾ ਲੇਖ ਨਾ ਕੋਇ ਗਣਾਇੰਦਾ । ਥਿਰ ਘਰ ਦੁਆਰਾ ਆਪ ਖੁਲ੍ਹਾਇਆ, ਸਾਚਾ ਘਾੜਨ ਆਪ ਘੜਾਇੰਦਾ । ਨਿਰਗੁਣ ਆਪਣਾ ਨਾਉਂ ਧਰਾਇਆ, ਨਿਰਗੁਣ ਨਿਰਗੁਣ ਸੇਜ ਹੰਢਾਇੰਦਾ । ਅੰਦਰ ਬਾਹਰ ਡੇਰਾ ਲਾਇਆ, ਗੁਪਤ ਜ਼ਾਹਰ ਰੰਗ ਵਟਾਇੰਦਾ । ਜਨਨੀ ਜਨ ਆਪ ਅਖਵਾਇਆ, ਬਣ ਦਾਈ ਦਾਇਆ ਸੇਵ ਕਮਾਇੰਦਾ । ਜੋਤੀ ਨੂਰ ਡਗਮਗਾਇਆ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਚਖੰਡ ਦੁਆਰੇ ਖੇਲ ਸਮਝਾਇਆ, ਥਿਰ ਘਰ ਆਪਣਾ ਪਰਦਾ ਪਾਇੰਦਾ । ਸੁਤ ਦੁਲਾਰਾ ਏਕਾ ਜਾਇਆ, ਸ਼ਬਦੀ ਨਾਉਂ ਰਖਾਇੰਦਾ । ਸਾਚੀ ਸੇਵਾ ਇਕ ਸਮਝਾਇਆ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਰੰਗ ਰੰਗਾਇਆ, ਰਜੋ ਤਮੋ ਸਤੋ ਏਕਾ ਗੰਢ ਰਖਾਇੰਦਾ । ਪੰਚਮ ਜੋੜਾ ਆਪ ਜੁੜਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੂਪ ਵਟਾਇੰਦਾ । ਆਕਾਸ਼ ਪ੍ਰਕਾਸ਼ ਗਗਨ ਮੰਡਲ ਪੁਰੀ ਲੋਅ ਸੁਹਾਇਆ, ਜਲ

੬੩
੧੨

ਬਲ ਮਹੀਅਲ ਖੇਲ ਕਰਾਇੰਦਾ । ਧਰਨੀ ਧਰਤ ਧਵਲ ਦਏ ਵਡਿਆਇਆ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਲੱਖ ਚੁਰਾਸੀ ਘਾੜਨ ਆਪ ਘੜਾਇਆ, ਘੜ ਘੜ ਆਪੇ ਵੇਖ ਵਖਾਇੰਦਾ । ਸ਼ਬਦ ਅਨਾਦੀ ਨਾਦ ਸੁਣਾਇਆ, ਅਨਰਾਗੀ ਰਾਗ ਅਲਾਇੰਦਾ । ਵਿਸ਼ਵ ਭੰਡਾਰ ਆਪ ਵਰਤਾਇਆ, ਵਿਸ਼ਨੂੰ ਝੋਲੀ ਆਪ ਭਰਾਇੰਦਾ । ਪਾਰਬ੍ਰਹਮ ਬ੍ਰਹਮ ਵੰਡ ਵੰਡਾਇਆ, ਬ੍ਰਹਮਾ ਵੇਤਾ ਸੇਵ ਕਮਾਇੰਦਾ । ਧੁਆਂਧਾਰ ਸੁੰਨ ਅਗੰਮ ਪਰਦਾ ਲਾਹਿਆ, ਭੋਲਾ ਨਾਥ ਸ਼ੰਕਰ ਸ਼ਰਅ ਨਾ ਕੋਇ ਪੜ੍ਹਾਇੰਦਾ । ਨਾਮ ਖੰਡਾ ਸਚ ਤਰਸੂਲ ਹੱਥ ਫੜਾਇਆ, ਜੋ ਘੜਿਆ ਭੰਨ ਵਖਾਇੰਦਾ । ਸਾਂਗੋ ਪਾਂਗ ਆਪ ਹੰਢਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਆਦਿ ਪੁਰਖ ਜਣਾਈਆ । ਨਿਰਗੁਣ ਸਰਗੁਣ ਖੇਲ ਮਹਾਨਾ, ਕਰੇ ਕਰਾਏ ਬੇਪਰਵਾਹੀਆ । ਜੁਗ ਚੌਕੜੀ ਵੰਡ ਵੰਡਾਨਾ, ਬੰਧਨ ਆਪਣਾ ਆਪੇ ਪਾਈਆ । ਏਕਾ ਅੱਖਰ ਦੇਵੇ ਦਾਨਾ, ਨਿਸ਼ਅੱਖਰ ਕਰੇ ਪੜ੍ਹਾਈਆ । ਚਾਰੇ ਵੇਦ ਅਗੰਮੀ ਗਾਨਾ, ਬ੍ਰਹਮਾ ਮੁਖੜਾ ਮੁਖ ਸਲਾਹੀਆ । ਚਾਰੇ ਜੁਗ ਜੁਗ ਨਿਸ਼ਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਚਾਰੇ ਬਾਣੀ ਗੁਣ ਨਿਧਾਨਾ, ਪਰਾ ਪਸੰਤੀ ਮਧਮ ਬੈਖ਼ਰੀ ਆਪ ਸੁਣਾਈਆ । ਚਾਰੇ ਵਰਨ ਕਰ ਪਰਧਾਨਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਰੰਗਾਈਆ । ਚਾਰੋਂ ਕੁੰਟ ਖੇਲ ਮਹਾਨਾ, ਉਤਰ ਪੂਰਬ ਪੱਛਮ ਦੱਖਣ ਆਪ ਕਰਾਈਆ । ਜੁਗ ਚੌਕੜੀ ਕਰੇ ਕਰਾਏ ਖੇਲ ਸ੍ਰੀ ਭਗਵਾਨਾ, ਭੇਵ ਕੋਇ ਨਾ ਪਾਈਆ । ਨਿਰਗੁਣ ਸਰਗੁਣ ਦੇਵੇ ਦਾਨਾ, ਵਸਤ ਅਮੋਲਕ ਆਪ ਵਖਾਈਆ । ਪੰਜ ਤਤ ਕਾਇਆ ਪਹਿਰੇ ਬਾਨਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਖੇਲ ਮਹਾਨਾ, ਬ੍ਰਹਮ ਪਾਰਬ੍ਰਹਮ
੬੪ ਮਿਲਾਈਆ । ਈਸ਼ ਜੀਵ ਦਏ ਗਿਆਨਾ, ਆਪ ਆਪਣੀ ਬੂਝ ਬੁਝਾਈਆ । ਗੁਰ ਗੁਰ ਰੂਪ ਹੋ ਮਿਹਰਵਾਨਾ, ਨਿਰਗੁਣ ਸਰਗੁਣ ਦਏ ਸਮਝਾਈਆ । ੬੪
੧੨ ਧੁਰ ਦੀ ਖੇਲ ਖੇਲ ਮਹਾਨਾ, ਆਦਿ ਅੰਤ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ੧੨
ਚਲਾਈਆ । ਤਖ਼ਤ ਨਿਵਾਸੀ ਸਾਚਾ ਰਾਜਾ, ਹਰਿ ਜੂ ਆਪਣੀ ਖੇਲ ਕਰਾਇੰਦਾ । ਆਦਿ ਪੁਰਖ ਆਦਿ ਰਚਿਆ ਕਾਜਾ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਗ਼ਰੀਬ ਨਿਵਾਜ਼ਾ, ਨਿਵਣ ਸੋ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਲੋਕਮਾਤ ਫਿਰੇ ਭਾਜਾ, ਭੇਵ ਕੋਇ ਨਾ ਪਾਇੰਦਾ । ਨਾਮ ਅਨਮੁਲੜੀ ਵਸਤ ਦੇਵੇ ਦਾਜਾ, ਜੁਗ ਜੁਗ ਆਪ ਵਰਤਾਇੰਦਾ । ਜਨ ਭਗਤਾਂ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੇ ਸੰਤਾਂ ਅੰਦਰ ਵਜਾਏ ਅਨਹਦ ਵਾਜਾ, ਤੰਦੀ ਤਾਰ ਨਾ ਕੋਇ ਹਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਹਰਿ ਕਰਤਾਰ, ਆਪਣਾ ਆਪ ਜਣਾਈਆ । ਜੁਗ ਚੌਕੜੀ ਕਰ ਤਿਆਰ, ਵੰਡਣ ਵੰਡ ਮਾਤ ਵੰਡਾਈਆ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਨਾਲ ਰਲਾਈਆ । ਲੱਖ ਚੁਰਾਸੀ ਨਾਮ ਅਧਾਰ, ਸਿਖਿਆ ਸਾਖਯਾਤ ਪੜ੍ਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਜੈਕਾਰ, ਨਾਮ ਨਿਧਾਨਾ ਦਏ ਸੁਣਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਚਲਾਏ ਰਥ ਵਿਚ ਸੰਸਾਰ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਸਮਝਾਈਆ । ਸਚ ਸੰਦੇਸ਼ਾ ਏਕਾ ਵਾਰ, ਹਰਿ ਜੂ ਹਰਿ ਹਰਿ ਹਰਿ ਆਪ ਸੁਣਾਇਆ । ਸ਼ਬਦ ਸੁਤ ਰਹਿਣਾ ਖ਼ਬਰਦਾਰ, ਜੁਗਾ ਜੁਗੰਤਰ ਖੇਲ ਕਰਾਇਆ । ਲੱਖ ਚੁਰਾਸੀ

ਤੇਰਾ ਆਧਾਰ, ਖ਼ਾਲੀ ਕੋਇ ਰਹਿਣ ਨਾ ਪਾਇਆ । ਘਟ ਘਟ ਨੂਰ ਤੇਰਾ ਉਜਿਆਰ, ਜੋਤ ਨਿਰੰਜਣ ਡਗਮਗਾਇਆ । ਘਰ ਘਰ ਅੰਮ੍ਰਿਤ ਠੰਡਾ ਠਾਰ, ਬੂੰਦ ਸਵਾਂਤੀ ਕਵਲ ਭਰਾਇਆ । ਘਰ ਘਰ ਨਾਦ ਸ਼ਬਦ ਧੁਨਕਾਰ, ਧੁਨ ਆਤਮਕ ਰਾਗ ਅਲਾਇਆ । ਘਰ ਘਰ ਮੰਦਰ ਖੋਲ੍ਹ ਕਿਵਾੜ, ਨਿਰਮਲ ਦੀਵਾ ਬਾਤੀ ਇਕ ਟਿਕਾਇਆ । ਘਰ ਘਰ ਆਤਮ ਪਰਮਾਤਮ ਕਰੇ ਪਿਆਰ, ਪ੍ਰੇਮ ਸੇਜਾ ਇਕ ਸੁਹਾਇਆ । ਘਰ ਘਰ ਬ੍ਰਹਮ ਪਾਰਬ੍ਰਹਮ ਦਏ ਆਧਾਰ, ਆਪ ਆਪਣਾ ਮੇਲ ਮਿਲਾਇਆ । ਘਰ ਘਰ ਈਸ਼ ਜੀਵ ਸੁਣੇ ਪੁਕਾਰ, ਨੇਰਨ ਨੇਰ ਡੇਰਾ ਲਾਇਆ । ਘਰ ਘਰ ਮੇਲਾ ਕੰਤ ਭਤਾਰ, ਘਰ ਘਰ ਸੁਹੰਜਣੀ ਰੁੱਤ ਵਖਾਇਆ । ਘਰ ਘਰ ਸਖੀਆਂ ਮੰਗਲਾਚਾਰ, ਘਰ ਘਰ ਗੀਤ ਗੋਬਿੰਦ ਅਲਾਇਆ । ਘਰ ਘਰ ਮੇਲਾ ਗੁਰ ਅਵਤਾਰ, ਗੁਰ ਸ਼ਬਦੀ ਆਪ ਕਰਾਇਆ । ਘਰ ਘਰ ਪੀਰ ਪੈਗ਼ੰਬਰ ਦਏ ਆਧਾਰ, ਦਸਤਗੀਰ ਆਪਣਾ ਦਸਤ ਮਿਲਾਇਆ । ਘਰ ਘਰ ਮੁਕਾਮੇ ਹੱਕ ਹੋਏ ਉਜਿਆਰ, ਨੂਰ ਨੁਰਾਨਾ ਡਗਮਗਾਇਆ । ਘਰ ਘਰ ਮੇਲਾ ਸਾਂਝੇ ਯਾਰ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇਆ । ਘਰ ਘਰ ਠਾਕਰ ਮੰਦਰ ਦਿਸੇ ਗੁਰੂਦੁਆਰ, ਮਸਜਿਦ ਵੰਡ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਸਾਚਾ ਸੁਤ ਸਾਚੀ ਸੇਵਾ ਲਾਇਆ । ਬਾਲ ਨਿਧਾਨਾ ਸ਼ਬਦੀ ਸੁਤ, ਸਾਚੀ ਸੇਵ ਕਮਾਈਆ । ਕਰ ਨਿਮਸਕਾਰ ਅਬਿਨਾਸ਼ੀ ਅਚੁੱਤ, ਢਹਿ ਪਿਆ ਸਰਨਾਈਆ । ਜੁਗ ਚੌਕੜੀ ਸੁਹਾਵਾਂ ਤੇਰੀ ਰੁੱਤ, ਰੁੱਤ ਰੁਤੜੀ ਮਾਤ ਮਹਿਕਾਈਆ । ਗੁਰ ਅਵਤਾਰ ਰੂਪ ਕਹਾਵਾਂ ਪੰਜ ਤਤ ਕਾਇਆ ਬੁੱਤ, ਨੂਰ ਨੂਰ ਨਾਲ ਮਿਲਾਈਆ । ਸਚ ਦਵਾਰਿਉਂ ਆਪੇ ਉਠ, ਆਪਣਾ ਨਾਦ ਵਜਾਈਆ । ਬ੍ਰਹਮ ਉਤੇ ਪਾਰਬ੍ਰਹਮ ਜਾਏ ਤੁਠ, ਭੇਵ ਅਭੇਦ ਖੁਲ੍ਹਾਈਆ । ਏਕਾ ਨੂਰ ਜਗਾਏ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਭਾਗ ਲਗਾਏ ਕਾਇਆ ਕੋਟ, ਨਗਰ ਖੇੜਾ ਇਕ ਵਸਾਈਆ । ਸ਼ਬਦ ਅਗੰਮੀ ਲੱਗੇ ਚੋਟ, ਤਨ ਨਗਾਰਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਮੰਗ ਰਖਾਈ ਆਸ, ਸ਼ਬਦੀ ਸੁਤ ਝੋਲੀ ਡਾਹਿੰਦਾ । ਤੇਰਾ ਨੂਰ ਮੇਰਾ ਪ੍ਰਕਾਸ਼, ਜੋਤੀ ਜੋਤ ਡਗਮਗਾਇੰਦਾ । ਮੈਂ ਤੇਰਾ ਸੇਵਕ ਦਾਸ, ਜੁਗ ਜੁਗ ਤੇਰੀ ਸੇਵ ਕਮਾਇੰਦਾ । ਮੈਂ ਲੱਖ ਚੁਰਾਸੀ ਅੰਦਰ ਪਾਵਾਂ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਇੰਦਾ । ਮੈਂ ਲੇਖਾ ਜਾਣਾ ਦਸ ਦਸ ਮਾਸ, ਮਾਤ ਗਰਭ ਵੇਖ ਵਖਾਇੰਦਾ । ਆਦਿ ਅੰਤ ਨਾ ਹੋਵਾਂ ਨਾਸ, ਇਕ ਤੇਰੀ ਓਟ ਤਕਾਇੰਦਾ । ਲੇਖਾ ਜਾਣਾ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣੇ ਹੁਕਮ ਰਖਾਇੰਦਾ । ਸਦ ਵਸਾਂ ਤੇਰੇ ਪਾਸ, ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਤੇਰਾ ਨਾਉਂ ਮੇਰੀ ਯਾਦ, ਕਥਾ ਕਥ ਇਕ ਅਲਾਇੰਦਾ । ਗੁਰ ਅਵਤਾਰਾਂ ਸੁਣਾਵਾਂ ਨਾਦ, ਪੀਰ ਪੈਗ਼ੰਬਰ ਕਲਮਾ ਆਪ ਪੜ੍ਹਾਇੰਦਾ । ਤੇਰਾ ਖੋਲ੍ਹਾਂ ਭੇਵ ਬੋਧ ਅਗਾਧ, ਅਗੰਮ ਅਗੰਮੜੀ ਖੇਲ ਕਰਾਇੰਦਾ । ਸਾਚੇ ਭਗਤਾਂ ਕਰਾਂ ਲਾਡ, ਆਪ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਦਰ ਤੇਰੇ ਸੀਸ ਜਾਏ ਝੁੱਕ, ਮੇਰੇ ਸਾਹਿਬ ਸੱਚੇ ਸੁਲਤਾਨਾ । ਤੂੰ ਸਚਖੰਡ ਦੁਆਰੇ ਰਿਹਾ ਲੁਕ, ਨਿਰਗੁਣ ਤੇਰਾ ਨੂਰ ਮਹਾਨਾ । ਮੈਂ ਲੋਕਮਾਤ ਲੱਖ ਚੁਰਾਸੀ ਅੰਦਰ ਪਵਾਂ ਬੁੱਕ, ਏਕਾ ਗਾਵਾਂ ਤੇਰਾ ਤਰਾਨਾ । ਆਦਿ ਜੁਗਾਦਿ ਜੁਗਾ ਜੁਗੰਤਰ ਰੱਖਾਂ ਤੇਰੀ ਓਟ, ਤੇਰੇ ਚਰਨਾਂ ਸੀਸ ਝੁਕਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ


੬੫
੧੨

ਦੇਣਾ ਸਾਚਾ ਵਰ, ਤੁਧ ਬਿਨ ਫਿਰਾਂ ਮਾਤ ਨਥਾਵਾਂ । ਪੁਰਖ ਅਬਿਨਾਸ਼ੀ ਹੋ ਦਿਆਲ, ਸੁਤ ਸ਼ਬਦ ਦਏ ਵਡਿਆਈਆ । ਉਠ ਦੁਲਾਰੇ ਮੇਰੇ ਲਾਲ, ਸਿਰ ਤੇਰੇ ਹੱਥ ਟਿਕਾਈਆ । ਤੇਰੇ ਸੰਗ ਰਖਾਵਾਂ ਮਹਾਕਾਲ, ਕਾਲ ਤੇਰੇ ਚਰਨਾਂ ਹੇਠ ਦਬਾਈਆ । ਦੋ ਜਹਾਨ ਤੇਰੀ ਧਰਮਸਾਲ, ਚੌਦਾਂ ਲੋਕ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸ੍ਰੀ ਭਗਵਾਨ, ਆਦਿ ਪੁਰਖ ਸਮਝਾਇੰਦਾ । ਜੁਗ ਚੌਕੜੀ ਝੁੱਲੇ ਤੇਰਾ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਮੰਨਣ ਆਣ, ਹੁਕਮੀ ਹੁਕਮ ਸਰਬ ਰਖਾਇੰਦਾ । ਪੀਰ ਪੈਗ਼ੰਬਰ ਸੀਸ ਝੁਕਾਇਣ ਆਣ, ਸਯਦਾ ਜਗਦੀਸ਼ ਸਰਬ ਵਖਾਇੰਦਾ । ਮੇਰਾ ਤੇਰਾ ਇਕ ਫ਼ਰਮਾਣ, ਧਰਮ ਦੁਆਰੇ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਾਂ ਆਣ, ਤੇਰਾ ਸੰਗ ਨਿਭਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰ ਪਰਵਾਨ, ਸਤਿ ਪਰਵਾਨਾ ਹੱਥ ਫੜਾਇੰਦਾ । ਅੰਤਮ ਚੌਕੜ ਖੇਲ ਕਰਾਂ ਮਹਾਨ, ਲੋਕਮਾਤ ਵੰਡ ਵੰਡਾਇੰਦਾ । ਸ਼ਬਦੀ ਤੇਰਾ ਨਾਉਂ ਬਲਵਾਨ, ਬਲਧਾਰੀ ਆਪ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤਤ ਖੋਲ੍ਹ ਦੁਕਾਨ, ਗੁਰ ਅਵਤਾਰ ਵੰਡ ਵੰਡਾਇੰਦਾ । ਤੇਈ ਅਵਤਾਰਾਂ ਦੇਵੇ ਦਾਨ, ਭਗਤ ਅਠਾਰਾਂ ਨਾਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਸ਼ਰਅ ਸ਼ਰੀਅਤ ਆਪ ਜਣਾਇੰਦਾ । ਚਾਰ ਯਾਰੀ ਇਕ ਇਸਲਾਮ, ਇਸਮ ਆਜ਼ਮ ਆਪ ਸਮਝਾਇੰਦਾ । ਏਕਾ ਜੋਤੀ ਦਸ ਦਸ ਧਾਮ, ਧਾਮ ਅਵੱਲੜਾ ਆਪ ਵਖਾਇੰਦਾ । ਪੰਚਮ ਪੰਚ ਕਰ ਪਰਵਾਨ, ਨਿਉਂ ਨਿਉਂ ਸੀਸ ਝੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਆਣ, ਨਜ਼ਰ ਕਿਸੇ ਨਾ ਆਇੰਦਾ । ਰਸਨਾ ਜਿਹਵਾ ਸਾਰੇ ਗਾਣ, ਸ਼ਾਸਤਰ ਸਿਮਰਤ ਵੇਦ ਪੁਰਾਨ ਆਪ ਪੜ੍ਹਾਇੰਦਾ । ਦੇਵਣਹਾਰਾ ਗੀਤਾ ਗਿਆਨ, ਅੱਠ ਦਸ ਭੇਵ ਚੁਕਾਇੰਦਾ । ਲੇਖਾ ਜਾਣ ਅੰਜੀਲ ਕੁਰਾਨ, ਅਜ਼ਮਤ ਆਪਣੀ ਆਪਣੇ ਵਿਚ ਛੁਪਾਇੰਦਾ । ਖਾਣੀ ਬਾਣੀ ਇਕ ਨਿਸ਼ਾਨ, ਸਤਿ ਨਿਸ਼ਾਨਾ ਇਕ ਲਗਾਇੰਦਾ । ਤੇਰਾ ਨਾਉਂ ਕਰ ਪਰਧਾਨ, ਜਗਤ ਪਰਧਾਨਗੀ ਆਪ ਕਰਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਅਲਾਇੰਦਾ । ਕਲਜੁਗ ਖੇਲ ਕਰੇ ਮਹਾਨ, ਭੇਵ ਕੋਇ ਨਾ ਪਾਇੰਦਾ । ਛੋਟਾ ਬਾਲਾ ਕਰੇ ਨੌਜਵਾਨ, ਨੱਯਾ ਆਪਣੇ ਨਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਧਾਰ ਸਮਝਾਇੰਦਾ । ਨਵ ਨੌਂ ਚਾਰ ਚਲੇ ਧਾਰ, ਹਰਿ ਧਾਰੀ ਆਪ ਚਲਾਈਆ । ਖੇਲੇ ਖੇਲ ਵਿਚ ਸੰਸਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਕਾਰ ਕਮਾਈਆ । ਸ਼ਬਦੀ ਤੇਰਾ ਨਾਦ ਇਕ ਜੈਕਾਰ, ਦੋ ਜਹਾਨਾਂ ਦਏ ਸੁਣਾਈਆ । ਲੇਖਾ ਚੁਕਾਏ ਪੰਜ ਤਤ ਗੁਫ਼ਤਾਰ, ਗੁਫ਼ਤ ਸ਼ਨੀਦ ਰੂਪ ਵਖਾਈਆ । ਅਹਿਬਾਬ ਰਬਾਬ ਵਜਾਏ ਸਤਾਰ, ਬਿਨ ਤੰਦੀ ਤੰਦ ਹਿਲਾਈਆ । ਗ਼ਫ਼ਲਤ ਵਿਚ ਨਾ ਆਏ ਪਰਵਰਦਿਗਾਰ, ਕੀਤਾ ਕੌਲ ਭੁੱਲ ਨਾ ਜਾਈਆ । ਛੋਟੇ ਸੁਤ ਤੈਨੂੰ ਫੇਰ ਕਰਾਂ ਤਿਆਰ, ਬਾਲ ਬਾਲਾ ਨਾਉਂ ਰਖਾਈਆ । ਤੇਰੀ ਦੇਵਾਂ ਪੈਜ ਸੁਆਰ, ਲੋਕਮਾਤ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਆਪ ਸਮਝਾਈਆ । ਸ਼ਬਦ ਸੁਤ ਤੇਰਾ ਸਾਚਾ ਸੰਗ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਸਰਗੁਣ ਵਜਾਏ ਮਰਦੰਗ, ਮਰਦੰਗਾ ਦਿਸ ਕਿਸੇ ਨਾ ਆਇੰਦਾ । ਗ੍ਰਿਹ ਮੰਦਰ ਅੰਦਰ ਆਪੇ ਲੰਘ, ਸੇਜ ਸੁਹੰਜਣੀ ਆਪ ਸੁਹਾਇੰਦਾ । ਅੱਠੇ ਪਹਿਰ ਇਕ ਅਨੰਦ, ਦਿਵਸ


੬੬
੧੨

੬੭
੧੨

ਰੈਣ ਨਾ ਵੰਡ ਵੰਡਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਅੰਧੇਰਾ ਨੂਰ ਨਾ ਕੋਇ ਰਖਾਇੰਦਾ । ਨਾ ਕੋਈ ਗੀਤ ਨਾ ਕੋਈ ਛੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਨਾ ਕੋਈ ਮਾਰਗ ਨਾ ਕੋਈ ਪੰਧ, ਨਾ ਕੋਈ ਸੇਵਕ ਸੇਵ ਕਮਾਇੰਦਾ । ਕਰੇ ਖੇਲ ਸੂਰਾ ਸਰਬੰਗ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਵੇਸ ਵਿਚ ਵਰਭੰਡ, ਬ੍ਰਹਿਮੰਡ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤਮ ਭੇਵ ਚੁਕਾਇੰਦਾ । ਤੇਰਾ ਅੰਤਮ ਭੇਵ ਹਰਿ ਨਿਰੰਕਾਰ, ਏਕਾ ਏਕ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਅਪਾਰ, ਗੁਰ ਅਵਤਾਰ ਸੇਵ ਕਮਾਈਆ । ਪੀਰ ਪੈਗ਼ੰਬਰ ਬਣ ਭਿਖਾਰ, ਦਰ ਦਰ ਬੈਠਣ ਅਲੱਖ ਜਗਾਈਆ । ਕਲਜੁਗ ਅੰਤਮ ਪਾਵੇ ਸਾਰ, ਤੇਰੇ ਸਿਰ ਹੱਥ ਟਿਕਾਈਆ । ਏਕਾ ਜੋਤੀ ਦਸ ਅਵਤਾਰ, ਗੋਬਿੰਦ ਬਾਲਾ ਨਾਉਂ ਧਰਾਈਆ । ਕਲਗੀ ਤੋੜਾ ਸੀਸ ਦਸਤਾਰ, ਜਗਦੀਸ਼ ਆਪ ਸੁਹਾਈਆ । ਰਾਮਾ ਕ੍ਰਿਸ਼ਨਾ ਰੂਪ ਅਪਾਰ, ਈਸਾ ਮੂਸਾ ਨੂਰ ਰੁਸ਼ਨਾਈਆ । ਲੇਖਾ ਜਾਣ ਮੁਹੰਮਦ ਚਾਰ ਯਾਰ, ਅੱਲਾ ਰਾਣੀ ਪਰਦਾ ਲਾਹੀਆ । ਚਾਰ ਵਰਨਾਂ ਇਕ ਪਿਆਰ, ਪੰਚਮ ਮੀਤਾ ਖੇਲ ਕਰਾਈਆ । ਨੌਂ ਖੰਡ ਪ੍ਰਿਥਮੀ ਬੋਲ ਜੈਕਾਰ, ਵਾਹ ਵਾ ਗੁਰੂ ਇਕ ਮਨਾਈਆ । ਫ਼ਤਹਿ ਡੰਕਾ ਵਿਚ ਸੰਸਾਰ, ਰਾਉ ਰੰਕਾਂ ਗਿਆ ਸਮਝਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਇਕ ਅਖਵਾਈਆ । ਸਾਚੇ ਅਸਵ ਹੋਏ ਅਸਵਾਰ, ਸੋਲਾਂ ਕਲੀਆਂ ਆਸਣ ਪਾਈਆ । ਪਵਣ ਪਵਣਾਂ ਵਸੇ ਬਾਹਰ, ਉਣੰਜਾ ਪਵਣ ਨੈਣ ਸ਼ਰਮਾਈਆ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਇਕ ਮਾਣ ਵਡਿਆਈਆ । ਦੇਵੇ ਵਡਿਆਈ ਹਰਿ ਜੂ ਮਾਣ, ਸਿਰ ਆਪਣਾ ਹੱਥ ਰਖਾਇੰਦਾ । ਸਤਿ ਸਤਿਵਾਦੀ ਧੁਰ ਫ਼ਰਮਾਣ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਦਾਤਾ ਦਾਨੀ ਵਡ ਮਿਹਰਵਾਨ, ਦੂਜੇ ਦਰ ਨਾ ਮੰਗਣ ਜਾਇੰਦਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਧਾਨ, ਲੱਖ ਚੁਰਾਸੀ ਸੇਵ ਲਗਾਇੰਦਾ । ਅੰਤਮ ਸਭ ਦਾ ਲੇਖਾ ਚੁਕਾਏ ਆਣ, ਥਿਰ ਕੋਇ ਰਹਿਣ ਨਾ ਪਾਇੰਦਾ । ਗੋਬਿੰਦ ਬਖ਼ਸ਼ੇ ਇਕ ਧਿਆਨ, ਚਰਨ ਸਰਨ ਹਰਿ ਸਮਝਾਇੰਦਾ । ਪੁਰਖ ਅਕਾਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਾਚੇ ਤਖ਼ਤ ਸੋਹੇ ਸ੍ਰੀ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਹੁਕਮੀ ਹੁਕਮ ਹੁਕਮਰਾਨ, ਹੁਕਮੇ ਅੰਦਰ ਸਰਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਹਰਿ ਜੂ ਆਪ ਜਣਾਇੰਦਾ । ਗੋਬਿੰਦ ਵੇਖ ਹਰਿ ਪਸਾਰਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਪੁਰਖ ਅਕਾਲ ਤੇਰਾ ਅਖਾੜਾ, ਵਾਹਵਾ ਵੱਜਦੀ ਰਹੇ ਵਧਾਈਆ । ਤੂੰ ਸਾਹਿਬ ਸਤਿਗੁਰ ਏਕੰਕਾਰਾ, ਅਕਲ ਕਲ ਤੇਰੀ ਸ਼ਹਿਨਸ਼ਾਹੀਆ । ਮੁਕਾਮੇ ਹੱਕ ਵਸੇਂ ਪਰਵਰਦਿਗਾਰਾ, ਮਿਹਬਾਨ ਬੀਦੋ ਤੇਰੀ ਵਡ ਵਡਿਆਈਆ । ਬੀ ਖ਼ੈਰ ਯਾ ਅੱਲਾ ਇਲਾਹੀ ਤੇਰਾ ਨਾਅਰਾ, ਨਰ ਨਰਾਇਣ ਤੇਰਾ ਜਸ ਗਾਈਆ । ਚਤੁਰਭੁਜ ਤੇਰਾ ਖੇਲ ਨਿਆਰਾ, ਦਿਸ ਕਿਸੇ ਨਾ ਆਈਆ । ਧੰਨ ਭਾਗ ਸੁਤ ਦੁਲਾਰਾ ਕੀਤਾ ਪਿਆਰਾ, ਪ੍ਰੇਮ ਪ੍ਰੇਮ ਨਾਲ ਵੰਡਾਈਆ । ਤੇਰੇ ਦਰ ਹੋਇਆ ਵਣਜਾਰਾ, ਸਾਚਾ ਵਣਜ ਮੰਗ ਮੰਗਾਈਆ । ਤੂੰ ਸਾਹਿਬ ਠਾਕਰ ਹਮਾਰਾ, ਹਉਂ ਸੇਵਕ ਖ਼ਾਕ ਰਮਾਈਆ । ਤੂੰ ਵਸੇਂ ਸਚਖੰਡ ਦੁਆਰਾ, ਮੈਂ ਲੋਕਮਾਤ ਤੇਰਾ ਰਾਗ ਅਲਾਈਆ । ਕਰਾਂ ਖੇਲ ਅਗੰਮ ਅਪਾਰਾ, ਮੰਨਾਂ ਤੇਰਾ ਹੁਕਮ ਮੇਰੇ ਮਾਹੀਆ । ਪੁਰਖ ਅਬਿਨਾਸ਼ੀ ਦਏ ਸਹਾਰਾ, ਏਕਾ ਓਟ ਜਣਾਈਆ ।

ਅੰਮ੍ਰਿਤ ਦੇਵੇ ਸਤਿ ਭੰਡਾਰਾ, ਸਾਚੀ ਭਿਛਿਆ ਝੋਲੀ ਪਾਈਆ । ਪੰਚਮ ਰੰਗ ਰੰਗੇ ਨਿਆਰਾ, ਨਿਰਗੁਣ ਸਰਗੁਣ ਰੰਗ ਚੜ੍ਹਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪੇ ਵਸੇ ਸਭ ਤੋਂ ਨਿਆਰਾ, ਦਿਸ ਕਿਸੇ ਨਾ ਆਈਆ । ਪੰਚਮ ਪੰਚ ਬੋਲ ਜੈਕਾਰਾ, ਫ਼ਤਹਿ ਡੰਕਾ ਇਕ ਸੁਣਾਈਆ । ਏਕਾ ਸ਼ਬਦ ਬੋਲ ਜੈਕਾਰਾ, ਨਿਉਂ ਨਿਉਂ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਜਲਵਾ ਆਪ ਵਖਾਈਆ । ਗੋਬਿੰਦ ਜਲਵਾ ਜੋਤੀ ਜਾਤਾ ਹਰਿ ਜੂ ਹਰਿ ਹਰਿ ਆਪ ਵਖਾਇੰਦਾ । ਇਕੋ ਪੀਆ ਇਕੋ ਵਿਧਾਤਾ, ਇਕੋ ਘਰ ਸੁਹਾਇੰਦਾ । ਇਕੋ ਵਰਨ ਇਕੋ ਜ਼ਾਤਾ, ਇਕੋ ਬ੍ਰਹਮ ਪਰਗਟਾਇੰਦਾ । ਇਕੋ ਨਾਮ ਇਕੋ ਗਾਥਾ, ਇਕੋ ਸ਼ਬਦ ਸੁਣਾਇੰਦਾ । ਇਕੋ ਅੰਮ੍ਰਿਤ ਇਕੋ ਬਾਟਾ, ਇਕੋ ਪਿਆਲਾ ਭਰ ਜਾਮ ਪਿਆਇੰਦਾ । ਇਕੋ ਸਤਿਗੁਰ ਵਸੇ ਸਾਥਾ, ਹਰਿ ਜੂ ਵਿਛੜ ਕਦੇ ਨਾ ਜਾਇੰਦਾ । ਇਕੋ ਦੀਨਾ ਨਾਥ ਵੇਖੇ ਅਨਾਥਾ, ਨਿਰਧਨ ਆਪਣੇ ਗਲੇ ਲਗਾਇੰਦਾ । ਇਕੋ ਪੂਜਾ ਇਕੋ ਪਾਠਾ, ਇਕੋ ਰਾਮ ਰੂਪ ਸਮਾਇੰਦਾ । ਇਕੋ ਸੇਜਾ ਇਕੋ ਖਾਟਾ, ਏਕਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਭੇਵ ਚੁਕਾਇੰਦਾ । ਗੁਰ ਗੋਬਿੰਦ ਭੇਵ ਚੁਕਾਇਆ, ਪੁਰਖ ਅਕਾਲ ਦਇਆ ਕਮਾਈਆ । ਘਟ ਘਟ ਅੰਤਰ ਨਜ਼ਰੀ ਆਇਆ, ਨਿਰਗੁਣ ਸਰਗੁਣ ਰਿਹਾ ਸਮਾਈਆ । ਸਾਚਾ ਮੰਦਰ ਇਕ ਵਖਾਇਆ, ਘਰ ਘਰ ਵਿਚ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਦਿਤਾ ਖੋਲ੍ਹ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਤੇਰਾ ਮੇਰਾ ਏਕਾ ਤੋਲ, ਸਾਚਾ ਕੰਡਾ ਇਕ ਵਖਾਇੰਦਾ । ਆਦਿ ਜੁਗਾਦਿ ਰਹਾਂ ਅਡੋਲ, ਲੋਕਮਾਤ ਨਾ ਕੋਇ ਡੁਲਾਇੰਦਾ । ਗੋਬਿੰਦ ਵਸਾਂ ਤੇਰੇ ਕੋਲ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਲਾਹਿੰਦਾ । ਗੋਬਿੰਦ ਪਰਦਾ ਗਿਆ ਲੱਥ, ਹਰਿ ਜੂ ਹਰਿ ਹਰਿ ਦਇਆ ਕਮਾਈਆ । ਏਕਾ ਨੂਰ ਪੁਰਖ ਸਮਰਥ, ਘਟ ਘਟ ਨਜ਼ਰੀ ਆਈਆ । ਚਾਰ ਵਰਨਾਂ ਮਾਰਗ ਦੱਸ, ਏਕਾ ਗੁਣ ਗਿਆ ਸਮਝਾਈਆ । ਪੰਚਮ ਅੰਤਰ ਆਪੇ ਵਸ, ਆਪਣਾ ਰੰਗ ਚੜ੍ਹਾਈਆ । ਅੰਮ੍ਰਿਤ ਜਾਮ ਪਿਆਲਾ ਦੇ ਦੇ ਰਸ, ਰਸ ਰਸੀਆ ਸੁਖ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਹਰਿ ਸੱਜਣ ਸੁਹੇਲਾ, ਸ਼ਬਦੀ ਸੁਤ ਜਣਾਇੰਦਾ । ਨਿਰਗੁਣ ਨਿਰਗੁਣ ਕਰ ਕਰ ਮੇਲਾ, ਸਰਗੁਣ ਸਰਗੁਣ ਪੰਧ ਮੁਕਾਇੰਦਾ । ਗੋਬਿੰਦ ਕਹੇ ਆਪੇ ਗੁਰ ਆਪੇ ਚੇਲਾ, ਦੂਸਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸ੍ਰੀ ਭਗਵਾਨ, ਆਪਣਾ ਆਪ ਜਣਾਈਆ । ਗੋਬਿੰਦ ਸੁਣਨਾ ਕਰ ਧਿਆਨ, ਧੁਰ ਦਰਬਾਰੀ ਆਪ ਉਠਾਈਆ । ਆਪੇ ਗੁਰ ਆਪੇ ਚੇਲਾ ਕਰੇ ਖੇਲ ਦੋ ਜਹਾਨ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਦਏ ਚੁਕਾਈਆ । ਚੇਲਾ ਗੁਰ ਤੇਰਾ ਨਾਦ, ਹਰਿ ਜੂ ਖ਼ੁਸ਼ੀ ਮਨਾਇੰਦਾ । ਗੋਬਿੰਦ ਵੇਖ ਖੇਲ ਬ੍ਰਹਿਮਾਦ, ਬ੍ਰਹਿਮਾਂਡ ਰੰਗ ਰੰਗਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਵੇਖ ਵਖਾਇੰਦਾ । ਜੁਗ ਚੌਕੜੀ ਦੇ ਦੇ ਦਾਦ, ਗੁਰ ਅਵਤਾਰ ਮਾਤ ਪਰਗਟਾਇੰਦਾ । ਨਾਉਂ ਧਰ ਧਰ ਸੰਤ ਸਾਧ, ਆਪਣਾ ਭੇਵ ਖੁਲ੍ਹਾਇੰਦਾ । ਗੁਰਮੁਖਾਂ ਅੰਦਰ ਵੜ ਵੜ ਮਾਰੇ ਵਾਜ, ਆਪਣਾ ਰਾਗ ਸੁਣਾਇੰਦਾ । ਗੁਰਸਿਖ ਜੁਗ ਜੁਗ ਸੱਚੇ ਲਾਧ, ਆਪਣਾ ਬੰਧਨ ਪਾਇੰਦਾ । ਜੁਗ ਚੌਕੜੀ

ਵੇਖ ਤਮਾਸ਼, ਕਲਜੁਗ ਸਭ ਦਾ ਮੂਲ ਚੁਕਾਇੰਦਾ । ਕੀਤਾ ਕੌਲ ਰੱਖਣਾ ਯਾਦ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਵਡਿਆਇੰਦਾ । ਸ਼ਬਦੀ ਗੁਰ ਮੰਗੇ ਮੰਗ, ਨਿਰਗੁਣ ਅੱਗੇ ਝੋਲੀ ਡਾਹੀਆ । ਕਵਣ ਵੇਲਾ ਚਾੜ੍ਹੇਂ ਰੰਗ, ਮੇਰੇ ਸਾਹਿਬ ਸੱਚੇ ਗੁਸਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਏਂ ਲੰਘ, ਬਣ ਪਾਂਧੀ ਪੰਧ ਮੁਕਾਈਆ । ਗੁਰ ਚੇਲਾ ਗਾਏਂ ਛੰਦ, ਨਿਰਗੁਣ ਆਪਣਾ ਰੂਪ ਵਟਾਈਆ । ਮੇਰੀ ਟੁੱਟੀ ਦੇਣੀ ਗੰਢ, ਆਪਣੀ ਗੰਢ ਪੁਆਈਆ । ਮੈਂ ਵੇਖਾਂ ਇਕ ਅਨੰਦ, ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਤੇਰੇ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਸਾਹਿਬ ਸੁਲਤਾਨ, ਹਰਿ ਜੂ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਹੋਵਾਂ ਪਰਧਾਨ, ਭੇਵ ਅਭੇਦ ਖੁਲ੍ਹਾਇੰਦਾ । ਜਿਸ ਦੀ ਗੁਰ ਅਵਤਾਰ ਮੰਨਦੇ ਗਏ ਆਣ, ਸੋ ਆਪਣਾ ਪਰਦਾ ਲਾਹਿੰਦਾ । ਜਿਸ ਨੂੰ ਨਿਰਗੁਣ ਰੂਪ ਕਹਿੰਦੇ ਗਏ ਭਗਵਾਨ, ਨਜ਼ਰ ਕਿਸੇ ਨਾ ਆਇੰਦਾ । ਜਿਸ ਨੂੰ ਮੰਨਦੇ ਸਚਖੰਡ ਵਸੇ ਮਕਾਨ, ਨੇਤਰ ਨੈਣ ਨਾ ਕੋਇ ਵਖਾਇੰਦਾ । ਕਰਾਂ ਖੇਲ ਅੰਤ ਮਹਾਨ, ਵੇਸ ਅਵੇਸ ਵਟਾਇੰਦਾ । ਲੋਕਮਾਤ ਹੋਵਾਂ ਮਿਹਰਵਾਨ, ਦੋ ਜਹਾਨਾਂ ਡੰਕ ਵਜਾਇੰਦਾ । ਆਪਣਾ ਨਾਉਂ ਰੱਖ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਭੇਵ ਚੁਕਾਇੰਦਾ । ਆਤਮ ਪਰਮਾਤਮ ਇਕ ਗਿਆਨ, ਨਿਸ਼ਅੱਖਰ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਦੇਵੇ ਲਾਹ, ਪਾਰਬ੍ਰਹਮ ਵਡੀ ਵਡਿਆਈਆ । ਗੋਬਿੰਦ ਦੇਵੇ ਸਚ ਸਲਾਹ, ਸਲਾਹਗੀਰ ਬੇਪਰਵਾਹੀਆ । ਕਲਜੁਗ ਅੰਤਮ ਜਾਏ ਆ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਪਰਗਟ ਹੋਏ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਖੇਲ ਕਰਾਈਆ । ਨਿਹਕਲੰਕ ਨਾਉਂ ਲਏ ਰਖਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਨਾ ਕੋਈ ਭੈਣ ਨਾ ਭਰਾ, ਪੁੱਤਰ ਧੀ ਨਾ ਕੋਇ ਜਵਾਈਆ । ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਲਵੇ ਡੇਰਾ ਲਾ, ਚਾਰ ਦੀਵਾਰ ਬੰਦ ਨਾ ਕੋਇ ਕਰਾਈਆ । ਆਪਣੀ ਜੋਤ ਨੂਰ ਕਰੇ ਰੁਸ਼ਨਾ, ਨੂਰੋ ਨੂਰ ਡਗਮਗਾਈਆ । ਸੁਤ ਦੁਲਾਰੇ ਪੱਲਾ ਤੇਰੇ ਹੱਥ ਦਏ ਫੜਾ, ਨਾ ਕੋਈ ਤੋੜੇ ਤੋੜ ਤੁੜਾਈਆ । ਸਾਚੇ ਘੋੜੇ ਦਏ ਚੜ੍ਹਾ, ਅਸਵ ਆਪਣਾ ਇਕ ਵਖਾਈਆ । ਮਹਾਬਲੀ ਆਪਣਾ ਨਾਉਂ ਲਏ ਧਰਾ, ਬਲ ਆਪਣਾ ਲਏ ਜਣਾਈਆ । ਸੰਮਤ ਸੰਮਤੀ ਵੇਖ ਵਖਾ, ਥਿਤ ਵਾਰ ਨਾ ਵੰਡ ਵੰਡਾਈਆ । ਅੰਤਮ ਚਾਰ ਜੁਗ ਨੌਂ ਸੌ ਚੁਰਾਨਵੇਂ ਚੌਕੜੀ ਲਹਿਣਾ ਦੇਣਾ ਦਏ ਮੁਕਾ, ਬਾਕੀ ਕੋਇ ਨਜ਼ਰ ਨਾ ਆਈਆ । ਗੁਰ ਅਵਤਾਰਾਂ ਲਏ ਉਠਾ, ਸਤਿਜੁਗ ਤ੍ਰੇਤਾ ਦੁਆਪਰ ਪਿਛਲਾ ਲਹਿਣਾ ਪੁਛੇ ਚਾਈਂ ਚਾਈਆ । ਭਗਤ ਅਠਾਰਾਂ ਲਏ ਜਗਾ, ਆਲਸ ਨਿੰਦਰਾ ਰਹੇ ਨਾ ਰਾਈਆ । ਈਸਾ ਮੂਸਾ ਮੁਹੰਮਦ ਲਏ ਸਮਝਾ, ਸਮਝ ਸਮਝ ਨਾਲ ਮਿਲਾਈਆ । ਗੁਰੂ ਦਸ ਲਏ ਮਿਲਾ, ਮਿਲ ਮਿਲ ਆਪਣੀ ਖੇਲ ਵਖਾਈਆ । ਚਾਰ ਯਾਰੀ ਪੰਧ ਦਏ ਮੁਕਾ, ਪੰਚਮ ਨਾਤਾ ਤੋੜ ਤੁੜਾਈਆ । ਤ੍ਰੈਗੁਣ ਡੇਰਾ ਦੇਵੇ ਢਾਹ, ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕਾਈਆ । ਲੋਕਮਾਤ ਸਚਖੰਡ ਦੁਆਰਾ ਦਏ ਬਣਾ, ਜਿਸ ਦੁਆਰੇ ਚਰਨ ਛੁਹਾਈਆ । ਸਾਚੇ ਭਗਤ ਲਏ ਪਰਗਟਾ, ਭਗਵਨ ਆਪਣੀ ਬੂਝ ਬੁਝਾਈਆ । ਨਿਰਮਲ ਜੋਤੀ ਦਏ ਜਗਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਦਏ ਪਿਆ, ਨਿਝਰ ਝਿਰਨਾ ਇਕ ਝਿਰਾਈਆ । ਇਕ ਇਕਾਂਤੀ ਦਰਸ ਦਏ ਕਰਾ, ਬਹੁ ਭਾਂਤੀ ਵੇਸ ਵਟਾਈਆ । ਉਤਮ ਜ਼ਾਤੀ ਦਏ ਬਣਾ, ਊਚ ਨੀਚ ਨਾ ਕੋਇ


੬੯
੧੨

ਵਖਾਈਆ । ਸਾਚੀ ਗਾਥੀ ਦਏ ਸੁਣਾ, ਚਾਰ ਵਰਨਾਂ ਕਰੇ ਪੜ੍ਹਾਈਆ । ਮਨ ਹਾਥੀ ਦੇਵੇ ਢਾਹ, ਮੂੰਹ ਦੇ ਭਾਰ ਸੁਟਾਈਆ । ਬੁੱਧੀ ਬਬੇਕ ਦਏ ਕਰਾ, ਵਵੇਕ ਆਪਣਾ ਆਪ ਸਮਝਾਈਆ । ਮਤ ਮਤਵਾਲੀ ਰਾਹੇ ਦੇਵੇ ਪਾ, ਸਾਚਾ ਮਾਰਗ ਇਕ ਰਖਾਈਆ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਦਏ ਹਲਾ, ਸਚ ਹਲੂਣਾ ਏਕਾ ਲਾਈਆ । ਉਠ ਕੇ ਔਣਾ ਵਾਹੋ ਦਾਹ, ਸਚ ਦੁਆਰੇ ਆਪ ਬੁਲਾਈਆ । ਦਰ ਆਇਆ ਸਚ ਸੰਦੇਸ਼ਾ ਦਏ ਸੁਣਾ, ਥਿਰ ਕੋਇ ਰਹਿਣ ਨਾ ਪਾਈਆ । ਉਠੋ ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖੋ ਥਾਉਂ ਥਾਂ, ਨੈਤਰ ਨੈਣ ਨੈਣ ਖੁਲ੍ਹਾਈਆ । ਆਪੋ ਆਪਣੇ ਪਕੜੋ ਬਾਂਹ, ਜਿਸ ਜਿਸ ਦਾ ਹੋਣਾ ਮਾਤ ਸਹਾਈਆ । ਪਹਿਲੀ ਚੇਤ ਸਾਰੇ ਕਰ ਗਏ ਨਾ, ਪ੍ਰਭ ਅੱਗੇ ਸੀਸ ਝੁਕਾਈਆ । ਮੁਹੰਮਦ ਕਹੇ ਮੈਨੂੰ ਤੇਰੇ ਚਰਨਾਂ ਮਿਲੇ ਅਜੇ ਨਾ ਥਾਂ, ਦੂਰ ਦੁਰਾਡਾ ਰਾਹ ਤਕਾਈਆ । ਵਰਨ ਬਰਨ ਸਾਡੇ ਬਖ਼ਸ਼ ਗ਼ੁਨਾਹ, ਜ਼ਾਤ ਪਾਤ ਨਾ ਕੋਇ ਸਫ਼ਾਈਆ । ਜੁਗ ਜੁਗ ਰੀਤੀ ਗਏ ਚਲਾ, ਜਗਤ ਨਾਉਂ ਵਡਿਆਈਆ । ਤੇਰੀ ਕੀਤੀ ਅੰਤ ਨਾ ਸਕੇ ਪਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਸਮਝਾਈਆ । ਸਾਚਾ ਲੇਖਾ ਸ੍ਰੀ ਭਗਵੰਤ, ਆਪਣਾ ਆਪ ਜਣਾਇੰਦਾ । ਕਲਜੁਗ ਵੇਲਾ ਆਵੇ ਅੰਤ, ਅੰਤ ਆਪਣੇ ਹੱਥ ਰਖਾਇੰਦਾ । ਲੇਖਾ ਚੁਕਾਏ ਸਰਬ ਸੰਤ, ਸੰਤ ਸਤਿਗੁਰ ਆਪਣੀ ਖੇਲ ਕਰਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਬਚਿਆ ਕੋਇ ਰਹਿਣ ਨਾ ਪਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਆਸਣ ਲਾਇੰਦਾ । ਨੌਂ ਖੰਡ ਪ੍ਰਿਥਮੀ ਗੜ੍ਹ ਬਣਾਏ ਹਉਮੇ ਹੰਗਤ, ਮਾਇਆ ਮਮਤਾ ਨਾਲ ਮਿਲਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਸ਼ਾਸਤਰ ਸਿਮਰਤ ਵੇਦ ਨਾ ਕੋਇ ਸਮਝਾਇੰਦਾ । ਨਿਰਗੁਣ ਰੂਪ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਏਕਾ ਨੂਰ ਜੇਰਜ ਅੰਡਤ, ਉਤਭੁਜ ਸੇਤਜ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪੁਰਖ ਅਬਿਨਾਸ਼ਾ, ਆਪਣਾ ਆਪ ਵਰਤਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼ਾ, ਪੁਰੀਆਂ ਲੋਆਂ ਨਾਚ ਨਚਾਈਆ । ਜਨ ਭਗਤਾਂ ਕਰੇ ਪੂਰੀ ਆਸਾ, ਨਿਰਾਸਾ ਕੋਇ ਨਜ਼ਰ ਨਾ ਆਈਆ । ਕਲਜੁਗ ਅੰਤਮ ਬਣ ਕੇ ਦਾਸੀ ਦਾਸਾ, ਨਿਰਗੁਣ ਆਪਣੀ ਸੇਵ ਕਮਾਈਆ । ਸ਼ਾਹ ਪਾਤਸ਼ਾਹ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਸਭ ਦਾ ਆਪ ਮੁਕਾਈਆ । ਸਭ ਦਾ ਲਹਿਣਾ ਗਿਆ ਮੁੱਕ, ਹਰਿ ਜੂ ਹਰਿ ਹਰਿ ਆਪ ਮੁਕਾਇੰਦਾ । ਅਗਲਾ ਬੇੜਾ ਲਿਆ ਚੁੱਕ, ਆਪਣੇ ਕੰਧ ਰਖਾਇੰਦਾ । ਪੁਰਖ ਅਬਿਨਾਸ਼ੀ ਏਕਾ ਉਠ, ਦੋ ਜਹਾਨ ਵੇਖ ਵਖਾਇੰਦਾ । ਭਗਤਾਂ ਉਪਰ ਆਪੇ ਤੁਠ, ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਨਾ ਵੰਡ ਵੰਡਾਇੰਦਾ । ਆਤਮ ਪਰਮਾਤਮ ਬਣਾਏ ਸਾਚਾ ਸੁਤ, ਜਨ ਜਨਨੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਸਾਲਾਹਿੰਦਾ । ਭਗਤ ਸਲਾਹੇ ਹਰਿ ਜੂ ਆਪ, ਦੂਸਰ ਭੇਵ ਕੋਇ ਨਾ ਰਾਇਆ । ਆਪੇ ਜਾਣੇ ਵਡ ਪਰਤਾਪ, ਆਪੇ ਪਾਵਣਹਾਰਾ ਮਾਇਆ । ਕਲਜੁਗ ਅੰਤਮ ਬਣ ਬਣ ਸੱਜਣ ਸਾਕ, ਗੁਰਸਿਖ ਸਾਚੇ ਮੇਲ ਮਿਲਾਇਆ । ਪਹਿਲੋਂ ਕਿਰਪਨ ਖੋਲ੍ਹੇ ਆਪਣਾ ਤਾਕ, ਮੰਦਰ ਅੰਦਰ ਡੇਰਾ ਲਾਇਆ । ਫੇਰ ਸੁਣਾਏ ਸਾਚਾ ਜਾਪ, ਹੰ ਬ੍ਰਹਮ ਦਏ ਸਮਝਾਇਆ । ਸੋ ਪੁਰਖ ਨਿਰੰਜਣ ਕਮਲਾਪਾਤ, ਨਾਰੀ ਨਰ ਨਰਾਇਣ ਹੰਢਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਸਾਚਾ ਖੇਲ ਭਗਤਨ ਮੀਤਾ, ਕਲਜੁਗ ਅੰਤ ਆਪ ਕਰਾਈਆ ।
ਪਾਰਬ੍ਰਹਮ ਦੀ ਕੋਈ ਨਾ ਜਾਣੇ ਰੀਤਾ, ਵੇਦ ਪੁਰਾਨ ਸ਼ਾਸਤਰ ਸਿਮਰਤ ਰਹੇ ਜਸ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਅਨਡੀਠਾ,
ਅੰਤ ਕਿਸੇ ਨਾ ਆਈਆ । ਕਲਜੁਗ ਅੰਤ ਸਾਚੇ ਭਗਤ ਕਰੇ ਪ੍ਰੀਤਾ, ਪ੍ਰੀਤੀ ਆਪਣੇ ਨਾਲ ਲਗਾਈਆ । ਸਤਿਜੁਗ ਚਲਾਏ ਸਾਚੀ ਰੀਤਾ, ਰੀਤੀਵਾਨ
ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪਣੇ ਹੱਥ ਰਖਾਈਆ । ਆਪਣੇ ਹੱਥ ਰੱਖ ਜ਼ੋਰ,
ਹਰਿ ਜੂ ਆਪਣਾ ਹੁਕਮ ਵਰਤਾਇੰਦਾ । ਦੂਜਾ ਰਹਿਣਾ ਨਾ ਕੋਇ ਹੋਰ, ਇਸ਼ਟ ਦੇਵ ਨਾ ਕੋਇ ਮਨਾਇੰਦਾ । ਲੱਖ ਚੁਰਾਸੀ ਪਕੜੇ ਡੋਰ, ਆਤਮ
ਪਰਮਾਤਮ ਬੰਧਨ ਪਾਇੰਦਾ । ਕਰੇ ਪਰਕਾਸ਼ ਅੰਧੇਰਾ ਘੋਰ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਪੰਚ ਵਿਕਾਰ ਨਾ ਪਾਵੇ ਸ਼ੋਰ, ਕਾਮ ਕਰੋਧ ਲੋਭ
ਮੋਹ ਹੰਕਾਰ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਵਡਿਆਇੰਦਾ । ਸਾਚੇ ਭਗਤ ਅੰਤਮ
ਵਾਰ, ਕਲਜੁਗ ਆਪ ਪਰਗਟਾਈਆ । ਛੱਤੀ ਜੁਗ ਦਾ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਨਿਭਾਈਆ । ਲੋਕਮਾਤ ਖੇਲ ਅਪਾਰ, ਪਾਰਬ੍ਰਹਮ
ਆਪ ਵਖਾਈਆ । ਸਚਖੰਡ ਦਾ ਸਚ ਮਨਾਰ, ਲੋਕਮਾਤ ਲਏ ਪ੍ਰਗਟਾਈਆ । ਬਹੱਤਰ ਭਗਤਾਂ ਦੇ ਆਧਾਰ, ਸਾਢੇ ਤਿੰਨ ਤਿੰਨ ਹੱਥ ਵੰਡ ਵੰਡਾਈਆ ।
ਲੇਖਾ ਲਿਖ ਰਵਦਾਸ ਚੁਮਾਰ, ਜੀਵ ਜਗਤ ਗਿਆ ਸਮਝਾਈਆ । ਸੱਤਰਾਂ ਦੇਵੇ ਏਕਾ ਦਾਨ, ਸਤਿ ਵਸਤ ਝੋਲੀ ਪਾਈਆ । ਸਚਖੰਡ ਮਿਲੇ ਸਚ
ਮਕਾਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾਤਾ ਤੁਟੇ ਜ਼ਿਮੀਂ ਅਸਮਾਨ, ਅੱਧਵਿਚਕਾਰ ਨਾ ਕੋਇ ਅਟਕਾਈਆ । ਸੱਤਰ ਬਹੱਤਰ ਕਰ ਪਰਵਾਨ,
੭੧ ਧੁਰ ਪਰਵਾਨਾ ਹੱਥ ਫੜਾਈਆ । ਏਥੇ ਓਥੇ ਨਿਗਹਬਾਨ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਪਹਿਲੀ ਚੇਤਰ ਖੇਲ ਮਹਾਨ, ਚੇਤਨ ਆਪਣੀ ੭੧
੧੨ ਧਾਰ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣੀ ਪਏ ਸਭ ਨੂੰ ਆਣ, ਨਾ ਕੋਈ ਸਕੇ ਸੀਸ ਉਠਾਈਆ । ਗੁਰ ਚੇਲਾ ਆਪ ਹੋਏ ਪਰਧਾਨ, ੧੨
ਜੋਤ ਸ਼ਬਦ ਰੂਪ ਵਟਾਈਆ । ਪਿਤਾ ਪੂਤ ਨੌਜਵਾਨ, ਨਾ ਮਰੇ ਨਾ ਜਾਈਆ । ਉਠੋ ਸਾਰੇ ਕਰੋ ਧਿਆਨ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ ।
ਚੁਹੱਤਰਾਂ ਪਾਵਾਂ ਆਪਣੀ ਆਣ, ਨਾ ਕੋਈ ਮੇਟੇ ਮੇਟ ਮਿਟਾਈਆ । ਪਹਿਲੀ ਵਸਾਖ਼ ਦਿਵਸ ਮਹਾਨ, ਸਚਖੰਡ ਨਿਵਾਸੀ ਸਚਖੰਡ ਦੁਆਰੇ ਖੇਲ ਰਚਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਏਕਾ ਵੰਡ ਸਮਝਾਈਆ । ਚੁਹੱਤਰਾਂ ਵੰਡ ਵੰਡੇ ਨਿਰੰਕਾਰ, ਹਰਿ ਜੂ ਭੇਵ ਖੁਲ੍ਹਾਇੰਦਾ ।
ਆਦਿ ਰਚਨਾ ਰਚੀ ਜਿਸ ਅਪਾਰ, ਸੋ ਅੰਤ ਵੇਖ ਵਖਾਇੰਦਾ । ਵਿਸ਼ਨੂੰ ਹੋਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਹੁਕਮ ਸੁਣਾਇੰਦਾ । ਦੂਜਾ ਬ੍ਰਹਮਾ
ਕਰ ਤਿਆਰ, ਤੇਰਾ ਸੰਗ ਨਿਭਾਇੰਦਾ । ਤੀਜਾ ਸ਼ੰਕਰ ਕਰ ਵਿਚਾਰ, ਸੰਸਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਰਜੋ ਤਮੋ ਸਤੋ ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਉਠ ਬਲ ਧਾਰ, ਹਰਿ ਸੱਚਾ ਆਪ ਜਣਾਈਆ ।
ਨਿਰਗੁਣ ਸਰਗੁਣ ਤੇਰਾ ਕਰੇ ਪਸਾਰ, ਤੇਈ ਅਵਤਾਰ ਵੰਡ ਵੰਡਾਈਆ । ਭਗਤ ਅਠਾਰਾਂ ਹੋਣਾ ਖ਼ਬਰਦਾਰ, ਨੇਤਰ ਨੈਣ ਨੈਣ ਖੁਲ੍ਹਾਈਆ । ਗੁਰ
ਦੱਸ ਕਰੋ ਵਿਚਾਰ, ਹਰਿ ਜੂ ਹੁਕਮੀ ਹੁਕਮ ਜਣਾਈਆ । ਈਸਾ ਮੂਸਾ ਮੁਹੰਮਦ ਹੋ ਬੇਦਾਰ, ਚਾਰ ਯਾਰ ਨਾਲ ਜਗਾਈਆ । ਪੰਚਮ ਏਕਾ ਏਕ
ਵਿਹਾਰ, ਪਰਮ ਪੁਰਖ ਦਏ ਸਮਝਾਈਆ । ਪੰਚਮ ਬੋਲਿਆ ਅੰਤ ਜੈਕਾਰ, ਸਚਖੰਡ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨ, ਦਰ ਬੈਠੇ ਸੀਸ ਝੁਕਾਈਆ । ਤ੍ਰੈਗੁਣ ਮਾਇਆ ਕਹੇ ਮੈਂ ਬਾਲ ਨਾਦਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਪੰਜ ਤਤ ਕਹਿਣ ਸਾਡਾ ਨਾ ਕੋਇ ਨਿਸ਼ਾਨ, ਬਿਨ ਤੇਰੇ ਨਾ ਕੋਇ ਝੁਲਾਈਆ । ਤੇਈ ਅਵਤਾਰ ਕਹਿਣ ਤੇਰਾ ਮੰਨਿਆਂ ਧੁਰ ਫ਼ਰਮਾਣ, ਨਾ ਕੋਈ ਮੇਟੇ ਮੇਟ ਮਿਟਾਈਆ । ਭਗਤ ਅਠਾਰਾਂ ਕਹਿਣ ਅਸੀਂ ਮੰਨੀਏਂ ਆਣ, ਚਰਨ ਕਵਲ ਕਵਲ ਚਰਨ ਇਕ ਸਰਨਾਈਆ । ਈਸਾ ਮੂਸਾ ਮੁਹੰਮਦ ਕਹੇ ਤੇਰਾ ਸੁਣ ਪੈਗ਼ਾਮ, ਦਰ ਤੇਰੇ ਸਯਦਾ ਸੀਸ ਝੁਕਾਈਆ । ਚਾਰ ਯਾਰ ਕਹਿਣ ਹੋਏ ਗ਼ੁਲਾਮ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਗੁਰ ਦਸ ਕਹਿਣ ਤੇਰਾ ਨਾਉਂ ਸਤਿਨਾਮ, ਸਤਿ ਸਤਿ ਤੇਰੀ ਵਡਿਆਈਆ । ਪੰਚਮ ਪੰਚ ਨੈਣ ਸ਼ਰਮਾਣ, ਨਾ ਕੋਈ ਸਕੇ ਨੈਣ ਉਠਾਈਆ । ਪੰਚਮ ਢੋਲੇ ਸਾਚੇ ਗਾਣ, ਵਾਹ ਵਾ ਵੱਜਦੀ ਰਹੇ ਵਧਾਈਆ । ਚੁਹੱਤਰ ਮੰਨਣ ਤੇਰੀ ਆਣ, ਅੱਗੇ ਸੀਸ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚ ਸੰਦੇਸ਼, ਧੁਰ ਦਰਬਾਰੀ ਆਪ ਸੁਣਾਇੰਦਾ । ਉਠੋ ਸਾਰੇ ਲਓ ਵੇਖ, ਹਰਿ ਜੂ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਸੁੰਞਾ ਖੇਤ, ਰਾਖਾ ਕੋਇ ਨਜ਼ਰ ਨਾ ਆਇੰਦਾ । ਲੋਕਮਾਤ ਦਾ ਛੱਡੋ ਹੇਤ, ਹਰਿ ਜੂ ਡੋਰੀ ਆਪਣੇ ਹੱਥ ਰਖਾਇੰਦਾ । ਜਿਸ ਨੂੰ ਕਹਿੰਦੇ ਆਏ ਅਭੇਤ, ਸੋ ਆਪਣਾ ਭੇਵ ਖੁਲ੍ਹਾਇੰਦਾ । ਜਿਸ ਦੇ ਪਿਛੇ ਸੀਸ ਪਾਈ ਰੇਤ, ਸੋ ਅਗਨੀ ਤਤ ਬੁਝਾਇੰਦਾ । ਜਿਸ ਨੇ ਹੁਕਮ ਸੁਣਾਇਆ ਪਹਿਲੀ ਚੇਤ, ਸੋ ਆਪਣਾ ਹੁਕਮ ਮਨਾਇੰਦਾ । ਚਾਰ ਜੁਗ ਖੇਡਾਂ ਆਏ ਖੇਡ, ਅੰਤਮ ਹਰਿ ਜੂ ਸਭ ਦੀ ਖੇਡ ਢਾਹਿੰਦਾ । ਆਪਣੀ ਗੋਦੀ ਲਏ ਲਪੇਟ, ਬਾਹਰ ਨਾ ਕਿਸੇ ਕਢਾਇੰਦਾ । ਚੁਹੱਤਰਾਂ ਆਪੇ ਲਿਆ ਵੇਖ, ਨਿਰਗੁਣ ਨਿਰਗੁਣ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਵੰਡਾਇੰਦਾ । ਸਾਚੀ ਵੰਡ ਅਗੰਮ ਅਪਾਰ, ਸਚਖੰਡ ਦੁਆਰੇ ਆਪ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਿਸ ਦਾ ਅੰਤ ਨਾ ਆਇਆ ਪਾਰਾਵਾਰ, ਬੇਅੰਤ ਕਹਿ ਕਹਿ ਗਏ ਗਾਈਆ । ਸੋ ਸਭ ਦਾ ਲੇਖਾ ਰਿਹਾ ਨਿਵਾਰ, ਲੇਖੇ ਆਪਣੇ ਵਿਚ ਪਾਈਆ । ਵੀਹ ਸੌ ਵੀਹ ਬਿਕਰਮੀ ਕੋਈ ਅੱਗੇ ਦਿਸੇ ਨਾ ਗੁਰ ਅਵਤਾਰ, ਪੁਰਖ ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਚੁਹੱਤਰ ਬਣਨ ਸੇਵਾਦਾਰ, ਦਰਗਹਿ ਸਾਚੀ ਸੇਵ ਕਮਾਈਆ । ਤੇਰਾ ਟੁੱਟ ਨਾ ਜਾਏ ਪਿਆਰ, ਅਤੁਟ ਤੇਰੀ ਸ਼ਹਿਨਸ਼ਾਹੀਆ । ਪੈਂਡਾ ਮੁੱਕ ਨਾ ਜਾਏ ਸੰਸਾਰ, ਬਣ ਪਾਂਧੀ ਨਾ ਕੋਇ ਮੁਕਾਈਆ । ਸਿਖਿਆ ਦੇ ਦੇ ਆਏ ਹਾਰ, ਤੇਰਾ ਭੇਵ ਕੋਇ ਨਾ ਪਾਈਆ । ਵੇਦ ਚਾਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੁਰਾਨ ਅਠਾਰਾਂ ਰੋਵਣ ਜ਼ਾਰੋ ਜ਼ਾਰ, ਵੇਦ ਵਿਆਸ ਰਿਹਾ ਸਮਝਾਈਆ । ਗੀਤਾ ਗਿਆਨ ਦਏ ਆਧਾਰ, ਭਗਤ ਭਗਵਾਨ ਕਰੇ ਪੜ੍ਹਾਈਆ । ਅੰਜੀਲ ਕੁਰਾਨ ਇਲਾਹੀ ਕਲਾਮ, ਕਲਮਾ ਨਬੀ ਰਸੂਲ ਸੁਣਾਈਆ । ਜਬਰਾਈਲ ਇਸਰਾਈਲ ਮੇਕਾਈਲ ਅਸਰਾਫ਼ੀਲ ਦੇ ਦੇ ਥੱਕੇ ਪੈਗ਼ਾਮ, ਪੈਗ਼ਾਮ ਆਪਣਾ ਭੇਵ ਜਣਾਈਆ । ਨਾਨਕ ਨਿਰਗੁਣ ਬੋਲ ਸਤਿਨਾਮ, ਸਤਿ ਸਤਿ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਅੰਤਮ ਭਾਣਾ, ਹਰਿ ਜੂ ਆਪ ਮਨਾਇੰਦਾ । ਚੁਹੱਤਰਾਂ ਦੇਵੇ ਚਰਨ ਧਿਆਨਾ, ਚਰਨ ਕਵਲ ਇਕ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਤੇਈ ਅਵਤਾਰ ਅਠਾਰਾਂ ਭਗਤ ਈਸਾ ਮੂਸਾ ਮੁਹੰਮਦ ਚਾਰ ਯਾਰ ਦਸ ਗੁਰ ਪੰਚਮ ਗਾਇਣ ਇਕੋ

ਗਾਣਾ, ਹਰਿ ਜੂ ਹਰਿ ਹਰਿ ਆਪ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨਾ, ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਹੋਏ ਪਰਧਾਨਾ, ਲੱਖ ਚੁਰਾਸੀ ਆਸਣ ਲਾਇੰਦਾ । ਆਓ ਰਲ ਮਿਲ ਸਾਰੇ ਪੁਰਖ ਅਬਿਨਾਸ਼ੀ ਬੰਨੀਏ ਗਾਨਾ, ਚਾਰ ਵਰਨ ਏਕਾ ਬ੍ਰਹਮ ਸਾਚਾ ਧਰਮ ਸਮਝਾਇੰਦਾ । ਸ਼ਬਦ ਅਗੰਮੀ ਤੀਰ ਨਿਸ਼ਾਨਾ, ਆਪ ਚਲਾਏ ਵਡ ਬਲਵਾਨਾ, ਬ੍ਰਹਿਮੰਡਾਂ ਖੰਡਾਂ ਪਾਰ ਕਰਾਇੰਦਾ । ਭਗਤਾਂ ਦੇਵੇ ਇਕੋ ਮਾਣਾ, ਆਤਮ ਅੰਤਰ ਸੱਚਾ ਗਾਣਾ, ਸੋਹੰ ਸੋ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਕਰਾਇੰਦਾ । ਵੀਹ ਸੌ ਉਨੀ ਭਗਤ ਵਿਸਾਖੀ, ਹਰਿ ਜੂ ਸਚਖੰਡ ਧਾਰ ਚਲਾਈਆ । ਚਾਰ ਜੁਗ ਜਿਨ੍ਹਾਂ ਦੀ ਕਰਦਾ ਆਇਆ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ ਪੜ੍ਹੌਂਦਾ ਆਇਆ ਆਪਣੀ ਸਾਖ਼ੀ, ਭੇਵ ਅਭੇਦ ਖੁਲ੍ਹਾਈਆ । ਆਬੇ ਹਯਾਤ ਅੰਮ੍ਰਿਤ ਰਸ ਸਾਚੀ ਮਧ ਪਿਐਂਦਾ ਆਇਆ ਬਣ ਬਣ ਸਾਕੀ, ਸਾਕਾ ਆਪਣਾ ਦਏ ਸੁਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤਨ ਹੰਢਾਇਆ ਖ਼ਾਕੀ, ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਧਰਾਈਆ । ਕਲਜੁਗ ਅੰਤਮ ਕਰੇ ਆਪ ਚਲਾਕੀ, ਭੇਵ ਕੋਇ ਨਾ ਪਾਈਆ । ਕਰੇ ਖੇਲ ਪੁਰਖ ਅਬਿਨਾਸ਼ੀ, ਆਪਣੀ ਧਾਰ ਆਪ ਚਲਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼ੀ, ਗਗਨ ਮੰਡਲ ਫੇਰਾ ਪਾਈਆ । ਬਹੱਤਰਾਂ ਭਗਤਾਂ ਪੂਰੀ ਕਰੇ ਆਸੀ, ਨਾਤ ਬਹੱਤਰ ਕਰ ਰੁਸ਼ਨਾਈਆ । ਸੱਤਰਾਂ ਕਰੀ ਸੱਚੀ ਸ਼ਾਦੀ, ਹਰਿ ਜੂ ਆਪਣੇ ਅੰਗ ਲਗਾਈਆ । ਚੁਹੱਤਰਾਂ ਬਣਿਆ ਮਾਤ ਪਿਤ ਆਦਿ ਜੁਗਾਦੀ, ਜੁਗ ਜੁਗ ਆਪਣਾ ਲਹਿਣਾ ਦਏ ਸਮਝਾਈਆ । ਨਿਰਗੁਣ ਸਰਗੁਣ ਸਦਾ ਰਿਹਾ ਵਿਸਮਾਦੀ, ਬਿਸਮਿਲ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੩ ਕਿਰਪਾ ਕਰ, ਸਚਖੰਡ ਦੁਆਰੇ ਸਾਚੀ ਸਿੱਖੀ ਆਪ ਬਣਾਈਆ । ਸਾਚੀ ਸਿੱਖੀ ਗੁਰ ਅਵਤਾਰ, ਹਰਿ ਜੂ ਆਪਣੀ ਆਪ ਬਣਾਇੰਦਾ । ਵਰਨ ੭੩

੧੨ ਗੋਤ ਨਾ ਕੋਇ ਆਧਾਰ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਊਚ ਨੀਚ ਨਾ ਕੋਇ ਵਿਚਾਰ, ਰਾਓ ਰੰਕ ਨਾ ਕੋਇ ਅਖਵਾਇੰਦਾ । ਕਾਮ ਕਰੋਧ ੧੨

ਲੋਭ ਮੋਹ ਨਾ ਕੋਇ ਹੰਕਾਰ, ਆਸਾ ਤ੍ਰਿਸਨਾ ਨਾ ਕੋਇ ਵਧਾਇੰਦਾ । ਹਉਮੇ ਹੰਗਤਾ ਗੜ੍ਹ ਨਾ ਕੋਇ ਉਸਾਰ, ਜੂਠ ਝੂਠ ਡੇਰਾ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਖੰਡ ਦੁਆਰੇ ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖੀ ਸਚਖੰਡ, ਹਰਿ ਅਬਿਨਾਸ਼ੀ ਆਪ ਬਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਵੰਡਦਾ ਰਿਹਾ ਵੰਡ, ਅੰਤਮ ਏਕਾ ਰੂਪ ਸਮਾਈਆ । ਚਰਨ ਕਵਲ ਦੁਆਰੇ ਬਹਾ ਸੁਣਾਵੇ ਛੰਦ, ਏਕਾ ਢੋਲਾ ਆਪੇ ਗਾਈਆ । ਗੁਰਮੁਖ ਗੁਰ ਗੁਰ ਇਕ ਅਨੰਦ, ਦੂਜਾ ਭੇਵ ਨਾ ਲਾਗੇ ਰਾਈਆ । ਜੁਗ ਚੌਕੜੀ ਢੱਠੀ ਕੰਧ, ਸ਼ਰਅ ਪਰਦਾ ਕੋਇ ਨਾ ਪਾਈਆ । ਇਕੋ ਗੀਤ ਇਕੋ ਛੰਦ, ਇਕੋ ਗੋਬਿੰਦ ਰਿਹਾ ਗਾਈਆ । ਇਕੋ ਸੇਜ ਇਕ ਪਲੰਘ, ਏਕਾ ਸੁੱਤਾ ਸਾਚਾ ਮਾਹੀਆ । ਇਕੋ ਰੂਪ ਇਕੋ ਰੰਗ, ਇਕੋ ਰੇਖ ਰਿਹਾ ਸਮਝਾਈਆ । ਇਕੋ ਕਰਵਟ ਇਕੋ ਕੰਡ, ਇਕੋ ਮੁਖੜਾ ਰਿਹਾ ਦਿਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਏਕਾ ਘਰ ਬਹਾਈਆ । ਇਕੋ ਘਰ ਇਕੋ ਮੰਦਰ, ਇਕੋ ਸੋਭਾ ਪਾਇੰਦਾ । ਇਕੋ ਦੁਆਰਾ ਇਕੋ ਅੰਦਰ, ਏਕਾ ਨਜ਼ਰੀ ਆਇੰਦਾ । ਇਕੋ ਖੇੜਾ ਇਕੋ ਨਗਰ, ਏਕਾ ਸੋਭਾ ਪਾਇੰਦਾ । ਇਕੋ ਆਸਾ ਇਕੋ ਸਧਰ, ਇਕੋ ਪੂਰ ਕਰਾਇੰਦਾ । ਇਕੋ ਓਟ ਇਕੋ ਚਾਦਰ, ਇਕੋ ਪਰਦਾ ਪਾਇੰਦਾ । ਇਕੋ ਹਜ਼ੂਰ ਇਕੋ ਹਾਜ਼ਰ, ਏਕਾ ਹਜ਼ਰਤ ਖੇਲ ਕਰਾਇੰਦਾ । ਇਕੋ ਦੇਵੇ ਸਦਾ ਆਦਰ,

ਫੜ ਫੜ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਸਿਖ ਆਪ ਬਣਾਇੰਦਾ । ਸਾਚੇ ਸਿਖ ਗਏ ਬਣ, ਸਚਖੰਡ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਲਏ ਜਣ, ਆਪੇ ਬਣਿਆ ਜਣੇਂਦੀ ਮਾਈਆ । ਗੁਰੂ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸਾਰੇ ਕਹਿਣ ਧੰਨ ਧੰਨ, ਧੰਨ ਤੇਰੀ ਵਡਿਆਈਆ । ਪਹਿਲੀ ਵਸਾਖ ਤੇਰਾ ਹੁਕਮ ਲਈਏ ਮੰਨ, ਪੰਦਰਾਂ ਕੱਤਕ ਬੀਸ ਬੀਸ ਤੇਰੇ ਚਰਨ ਸੀਸ ਝੁਕਾਈਆ । ਤੇਰਾ ਸੰਦੇਸ਼ਾ ਸੁਣਿਆ ਬਿਨ ਕੰਨ, ਤੇਰਾ ਵੱਜਿਆ ਨਾਦ ਇਲਾਹੀਆ । ਤੇਰੇ ਹੁਕਮੇ ਅੰਦਰ ਸ਼ਰਅ ਸ਼ਰੀਅਤ ਆਏ ਬੰਨ੍ਹ, ਵੰਡਣ ਲੋਕਮਾਤ ਵੰਡਾਈਆ । ਤੂੰ ਅੰਤਮ ਆਪਣੀ ਹੱਥੀਂ ਦੇਵੇਂ ਭੰਨ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਏਕਾ ਮੰਗ ਦੇ ਦਾਤਾਰ, ਸਤਿ ਸਤਿ ਸਤਿ ਸਤਿ ਸੀਸ ਝੁਕਾਇਆ । ਨਿਰਗੁਣ ਰੂਪ ਤੇਰਾ ਅਪਾਰ, ਨਿਰਗੁਣ ਰੂਪ ਪਰਗਟਾਇਆ । ਨਾਤਾ ਛੱਡ ਕੇ ਆਏ ਵਿਚ ਸੰਸਾਰ, ਪੰਜ ਤਤ ਚੋਲਾ ਜਗਤ ਹੰਢਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰ, ਬੇਅੰਤ ਤੇਰੀ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਟਿਕਾਇਆ । ਪੁਰਖ ਅਬਿਨਾਸ਼ੀ ਸਦਾ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਆਓ ਸਾਰੇ ਰਲ ਮਿਲ ਗਾਓ ਸ੍ਰੀ ਭਗਵਾਨਾ, ਸਚਖੰਡ ਵੱਜੇ ਵਧਾਈਆ । ਕਲਜੁਗ ਮਿਟੇ ਅੰਤ ਨਿਸ਼ਾਨਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਹੋਏ ਪਰਧਾਨਾ, ਭਗਤ ਭਗਵਾਨ ਲਏ ਜਗਾਈਆ । ਬਹੱਤਰਾਂ ਦੇਵੇ ਇਕੋ ਮਾਣਾ, ਏਕਾ ਰੰਗ ਰੰਗਾਈਆ । ਸੱਤਰਾਂ ਆਪ ਕਰੇ ਪਛਾਣਾ, ਭੇਵ ਅਭੇਦਾ ਆਪ ਖੁਲ੍ਹਾਈਆ । ਸੱਤਰ ਬਹੱਤਰ ਸਰਗੁਣ ਹੋਏ ਪਰਧਾਨਾ, ਨਿਰਗੁਣ ਚੁਹੱਤਰ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਏਕੋ ਅੰਤ ਸੁਣਾਈਆ । ਸਚ ਸੰਦੇਸ਼ਾ ਏਕੰਕਾਰਾ, ਅੰਤ ਅੰਤ ਜਣਾਇੰਦਾ । ਦੂਜੀ ਵਾਰ ਕਰੋ ਵਿਚਾਰਾ, ਵਿਚਾਰ ਵਿਚਾਰ ਨਾਲ ਮਿਲਾਇੰਦਾ । ਇਕ ਇਕ ਨੂੰ ਦਿਓ ਸਹਾਰਾ, ਇਕ ਇਕ ਨਾਲ ਬੰਧਨ ਪਾਇੰਦਾ । ਅੰਤਮ ਲੇਖ ਲਿਖਾਏ ਹਰਿ ਜੂ ਬਣ ਲਿਖਾਰਾ, ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਇਕ ਸਿਖ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਦੋ ਜਹਾਨਾਂ ਵਾਲੀ, ਸਚਖੰਡ ਦੁਆਰੇ ਆਪ ਜਣਾਈਆ । ਸਾਰੇ ਅੰਤ ਰਹੇ ਨਾ ਖ਼ਾਲੀ, ਇਕ ਇਕ ਨਾਲ ਗੰਢ ਪੁਆਈਆ । ਕਲਜੁਗ ਅੰਤਮ ਚਲੇ ਚਾਲੀ, ਚਾਲ ਨਿਰਾਲੀ ਹਰਿ ਰਖਾਈਆ । ਪਰਗਟ ਹੋ ਜੋਤ ਅਕਾਲੀ, ਅਕਲ ਕਲ ਰੂਪ ਵਟਾਈਆ । ਇਕ ਇਕ ਟਾਹਣ ਇਕ ਇਕ ਡਾਲ੍ਹੀ, ਇਕ ਇਕ ਪਤ ਇਕ ਇਕ ਪੰਖੜੀ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਸਾਰੇ ਕਹਿਣ ਦੀਨ ਦਿਆਲ, ਤੇਰਾ ਮੰਨੀਏ ਧੁਰ ਫ਼ਰਮਾਣਾ । ਤੂੰ ਵਸਣਾ ਸਾਡੇ ਨਾਲ, ਤੇਰਾ ਖੇਲ ਦੋ ਜਹਾਨਾਂ । ਤੇਰੇ ਗੁਰਮੁਖ ਲਈਏ ਭਾਲ, ਸੇਵਾ ਕਰ ਮਾਤ ਮਹਾਨਾ । ਤੂੰ ਸਾਨੂੰ ਚੁਹੱਤਰਾਂ ਦਿਤਾ ਦਾਨ, ਅਸੀਂ ਚੁਹੱਤਰਾਂ ਬਨ੍ਹੀਏਂ ਗਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਬਲਵਾਨਾ । ਚੁਹੱਤਰਾਂ ਗਾਨਾ ਲੈਣਾ ਬੰਨ੍ਹ, ਹਰਿ ਜੂ ਹਰਿ ਹਰਿ ਆਪ ਜਣਾਈਆ । ਨਿਰਗੁਣ ਸਰਗੁਣ ਚੜ੍ਹਾਏ ਚੰਨ, ਲੋਕਮਾਤ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਗਏ ਮੰਨ, ਵਿਸ਼ਨ

ਬ੍ਰਹਮਾ ਸੀਸ ਝੁਕਾਈਆ । ਬਿਨ ਤੇਰੇ ਗੁਰਮੁਖਾਂ ਕਿਸੇ ਹੱਥ ਗਾਨਾਂ ਨਾ ਦੇਈਏ ਬੰਨ੍ਹ, ਨੌਂ ਖੰਡ ਪ੍ਰਿਥਮੀ ਸੁੰਞੀ ਦਿਸੇ ਲੋਕਾਈਆ । ਜਿਸ ਦੁਆਰੇ ਤੂੰ ਸਾਹਿਬ ਗਿਉਂ ਮੰਨ, ਤਿਸ ਦੁਆਰੇ ਹਉਂ ਬਾਲਕ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਚੁਹੱਤਰ ਰੱਖੇ ਨਿਰਗੁਣ ਧਾਰ, ਆਪਣਾ ਖੇਲ ਸਮਝਾਇਆ । ਚੁਹੱਤਰ ਕਰੇ ਮਾਤ ਉਜਿਆਰ, ਪੰਜ ਤਤ ਦਏ ਵਡਿਆਇਆ । ਸਾਚੇ ਗੁਰਮੁਖ ਕਰ ਪਿਆਰ, ਸਤਿਗੁਰ ਗੋਦੀ ਆਪ ਬਹਾਇਆ । ਪਹਿਲੀ ਜੇਠ ਦਏ ਆਧਾਰ, ਜੇਠਾ ਪੁੱਤ ਹੋਏ ਸਹਾਇਆ । ਸਾਇਆ ਹੇਠ ਰੱਖੇ ਆਪ ਨਿਰੰਕਾਰ, ਸਿਰ ਆਪਣਾ ਹੱਥ ਟਿਕਾਇਆ । ਕਾਗਦ ਕਲਮ ਨਾ ਲਿਖੇ ਕੋਈ ਵਾਰ, ਸਮੁੰਦ ਸਾਗਰ ਮਸ ਰਹੀ ਕੁਰਲਾਇਆ । ਬਨਾਸਪਤ ਰੋਵੇ ਜ਼ਾਰੋ ਜ਼ਾਰ, ਤੇਰਾ ਅੰਤ ਕਿਸੇ ਨਾ ਪਾਇਆ । ਬਿਨ ਭਗਤਾਂ ਦੇਵੇਂ ਨਾ ਕਿਸੇ ਦੀਦਾਰ, ਦਰਦੀ ਦਰਦ ਨਾ ਕੋਇ ਵੰਡਾਇਆ । ਕਲਜੁਗ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਰਿਹਾ ਅਲਾਇਆ । ਤਿੰਨ ਤਿੰਨ ਪੰਜ ਅਪਾਰ, ਹਰਿ ਜੂ ਆਪਣੀ ਖੇਲ ਕਰਾਈਆ । ਤੇਈ ਦੇ ਇਕ ਆਧਾਰ, ਅਠਾਰਾਂ ਏਕਾ ਗੰਢ ਪੁਆਈਆ । ਦਸ ਦੇ ਇਕ ਸਹਾਰ, ਸਤਿਗੁਰ ਸਾਖਯਾਤ ਦਰਸ ਦਿਖਾਈਆ । ਤਿੰਨ ਚਾਰ ਖੋਲ੍ਹ ਕਿਵਾੜ, ਆਪਣਾ ਭੇਵ ਜਣਾਈਆ । ਪੰਚਮ ਬੋਲਿਆ ਅੰਤ ਜੈਕਾਰ, ਸਚਖੰਡ ਵੱਜੀ ਵਧਾਈਆ । ਚੁਹੱਤਰਾਂ ਕਿਹਾ ਅੰਤਮ ਵਾਰ, ਸੰਮਤ ਅਠਾਰਾਂ ਖ਼ੁਸ਼ੀ ਮਨਾਈਆ । ਸਚਖੰਡ ਦੁਆਰੇ ਬੋਲ ਜੈਕਾਰ, ਬਲ ਬਾਵਨ ਦਿਤਾ ਸਮਝਾਈਆ । ਸਤਿਜੁਗ ਦਾ ਕੌਲ ਇਕਰਾਰ, ਕਲਜੁਗ ਅੰਤਮ ਪੂਰ ਕਰਾਈਆ । ਢਾਈ ਕਰਮ ਦਾ ਮਾਤ ਆਧਾਰ, ਦੋਏ ਦੋਏ ਆਪਣੀ ਵੰਡ ਵੰਡਾਈਆ । ਇਤਲ ਵਿਤਲ ਸਿਤਲ ਤੇਰੀ ਖੇਲ ਅਪਾਰ, ਤਿੰਨ ਜੁਗ ਤੇਰੀ ਆਸ ਤਕਾਈਆ । ਵੇਦ ਵਿਆਸਾ ਬਣ ਲਿਖਾਰ, ਤੇਰਾ ਲੇਖ ਗਿਆ ਸਮਝਾਈਆ । ਈਸਾ ਮੂਸਾ ਕਰ ਪੁਕਾਰ, ਪਰਵਰਦਿਗਾਰ ਓਟ ਤਕਾਈਆ । ਮੁਹੰਮਦ ਕਹੇ ਮੇਰਾ ਸਾਂਝਾ ਯਾਰ, ਹਜ਼ਰਤ ਆਪਣਾ ਰੂਪ ਵਟਾਈਆ । ਨਾਨਕ ਨਿਰਗੁਣ ਕਹੇ ਮਹਾਬਲੀ ਆਵੇ ਆਪਣੀ ਵਾਰ, ਭੇਵ ਕੋਇ ਨਾ ਪਾਈਆ । ਗੋਬਿੰਦ ਕਹੇ ਕਲ ਕਲਕੀ ਲੈ ਅਵਤਾਰ, ਸੰਬਲ ਨਗਰੀ ਡੇਰਾ ਲਾਈਆ । ਕਰੇ ਖੇਲ ਅਪਰ ਅਪਾਰ, ਭੇਵ ਅਭੇਦ ਆਪਣੇ ਹੱਥ ਰਖਾਈਆ । ਸਿੰਘ ਗੁਰਦਿਆਲ ਬੋਲ ਜੈਕਾਰ, ਪੁਰਖ ਅਬਿਨਾਸ਼ੀ ਅੱਗੇ ਵਾਸਤਾ ਪਾਈਆ । ਨਾਮਾ ਰੋ ਰੋ ਕਹਿ ਗਿਆ ਪੁਕਾਰ, ਛੱਪਰੀ ਜਗਤ ਵੰਡ ਵੰਡਾਈਆ । ਧੰਨਾ ਲੱਸੀ ਗਿਆ ਪਿਆਲ, ਅੰਤਮ ਇਕੋ ਓਟ ਰਖਾਈਆ । ਕਵਣ ਵੇਲਾ ਤਾਰੇਂ ਜੱਟ ਗਵਾਰ, ਬਿਨ ਪੜ੍ਹਿਆਂ ਗਿਆਨ ਦਿਵਾਈਆ । ਚੌਦਾਂ ਵਿਦਿਆ ਕਰੇਂ ਖ਼ੁਵਾਰ, ਏਕਾ ਨਾਮ ਦਏਂ ਵਡਿਆਈਆ । ਚੌਦਾਂ ਲੋਕ ਦਏਂ ਹੁਲਾਰ, ਨਾਮ ਹੁਲਾਰਾ ਏਕਾ ਲਾਈਆ । ਚੌਦਾਂ ਤਬਕ ਮਾਰੇਂ ਮਾਰ, ਖੜਗ ਖੰਡਾ ਇਕ ਚਮਕਾਈਆ । ਲਹਿਣਾ ਦੇਣਾ ਗੁਰ ਅਵਤਾਰਾਂ ਦਏਂ ਉਤਾਰ, ਏਕਾ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਜ਼ਾਤ ਪਾਤ ਰਹੇ ਨਾ ਵਿਚ ਸੰਸਾਰ, ਏਕਾ ਇਸ਼ਟ ਆਤਮ ਪਰਮਾਤਮ ਦਏਂ ਵਖਾਈਆ । ਦ੍ਰਿਸ਼ਟ ਖੋਲ੍ਹੇਂ ਆਪ ਨਿਰੰਕਾਰ, ਜਿਉਂ ਰਾਮਾ ਵਸ਼ਿਸ਼ਟ ਸਮਝਾਈਆ । ਕੂੜ ਕੁੜਿਆਰਾ ਤੋੜੇਂ ਗੜ੍ਹ ਹੰਕਾਰ, ਰਾਵਣ ਡੇਰਾ ਅੰਤਮ ਢਾਹੀਆ । ਲੇਖਾ ਜਾਣੇ ਕਾਹਨਾ ਕੰਸਾ ਦਏਂ ਅਧਾਰ, ਗੋਵਰਧਨ ਧਾਰੀ ਮੁਕੰਦ ਮਨੋਹਰ ਲਖ਼ਮੀ ਨਰਾਇਣ ਚਤੁਰਭੁਜ ਆਪਣਾ ਖੇਲ ਕਰਾਈਆ । ਅਸ਼ਟਭੁਜ ਆਦਿ ਭਵਾਨੀ, ਨਿਰਗੁਣ ਨੂਰ ਜੋਤ ਨਿਸ਼ਾਨੀ, ਸਚ ਘਰ ਦੀ ਵਡ ਮਹਾਰਾਣੀ, ਆਪਣਾ ਜੋਬਨ ਵੇਖ ਵਖਾਈਆ । ਗੁਰ ਅਵਤਾਰਾਂ ਦੇ ਦੇ ਬਾਣੀ, ਅੱਖਰ ਵੱਖਰ ਸੁਣਾਏਂ


੭੫ ੧੨

੭੬
੧੨

ਕਹਾਣੀ, ਪਦ ਨਿਰਬਾਣ ਆਪ ਜਣਾਈਆ । ਅੰਤਮ ਸਭ ਦੀ ਮੇਟ ਨਿਸ਼ਾਨੀ, ਆਪੇ ਹੋਏਂ ਦੋ ਜਹਾਨਾਂ ਵਾਲੀ, ਦੂਜਾ ਕੋਇ ਨਜ਼ਰ ਨਾ ਆਈਆ । ਕਲਜੁਗ ਮੇਟੇਂ ਰੈਣ ਅੰਧੇਰੀ ਕਾਲੀ, ਨੌਂ ਖੰਡ ਪ੍ਰਿਥਮੀ ਵਖਾਏਂ ਸੱਚੀ ਧਰਮਸਾਲੀ, ਮੰਦਰ ਮਸਜਿਦ ਮੱਠ, ਸ਼ਿਵਦੁਆਲਾ ਏਕਾ ਘਰ ਵਖਾਈਆ । ਲਹਿਣਾ ਚੁੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਘਰ ਘਰ ਲਹਿਰ ਵਹਾਈਆ । ਸੂਰਜ ਚੰਨ ਜਲ ਪਾਣੀ ਅੰਮ੍ਰਿਤ ਆਪੇ ਝੱਟ, ਘਟ ਘਟ ਆਪਣਾ ਖੇਲ ਵਖਾਈਆ । ਮਨ ਕਾ ਮਣਕਾ ਆਪੇ ਰਟ, ਰਸਨਾ ਜਿਹਵਾ ਪਵਣ ਸਵਾਸ ਸਵਾਸ ਸਵਾਸਾਂ ਨਾਲ ਮਿਲਾਈਆ । ਸੁਰਤੀ ਸ਼ਬਦੀ ਏਕਾ ਰਥ ਆਪੇ ਚੜ੍ਹਾਏ ਪੁਰਖ ਸਮਰਥ, ਸਤਿਜੁਗ ਮਹਿਮਾ ਜਾਣੇ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਬਲ ਬਾਵਨ ਮਾਰਗ ਦੇਣਾ ਦੱਸ, ਚੁਹੱਤਰਾਂ ਤੇਰੇ ਹੋਇਆ ਵਸ, ਸਿੰਘ ਗੁਰਦਿਆਲ ਰਿਹਾ ਸਮਝਾਈਆ । ਸੱਤਰਾਂ ਜਗਤ ਮਨਜੀਤਾ ਆਇਆ ਨੱਸ, ਦਰ ਘਰ ਸਾਚੇ ਵੱਜੀ ਵਧਾਈਆ । ਬਹੱਤਰਾਂ ਸਿੰਘ ਜਗਦੀਸ਼ਾ ਰਿਹਾ ਹੱਸ, ਘਰ ਸਾਚੇ ਖ਼ੁਸ਼ੀ ਮਨਾਈਆ । ਸਿੰਘ ਸਵਰਨ ਲਿਆ ਇਕੋ ਰਸ, ਧਰੂ ਦੁਆਰਾ ਪਦਵੀ ਪਾਈਆ । ਸਿੰਘ ਪਾਲ ਸਭ ਨੂੰ ਮਾਰਗ ਰਿਹਾ ਦੱਸ, ਸੱਤਰਵਾਂ ਸੱਤਰਾਂ ਨਾਲ ਰਿਹਾ ਸਮਾਈਆ । ਈਸਾ ਮੂਸਾ ਮੁਹੰਮਦ ਉਨੰਤਰ ਅਠਾਠ ਸਤਾਠ ਖੇਲ ਤਮਾਸ਼, ਚਾਰ ਯਾਰੀ ਛਿਆਠ ਪੈਂਠ ਚੌਂਠ ਤਰੇਠ ਗੰਢ ਪੁਆਈਆ । ਦਸ ਗੁਰ ਦੇ ਦੇ ਸਾਥ, ਬਵੰਜਾ ਆਪਣਾ ਅੰਕ ਜਣਾਈਆ । ਅਠਾਰਾਂ ਭਗਤ ਖੇਲ ਤਮਾਸ਼, ਤਿੰਨ ਪੰਜ ਪੈਂਤੀਸ ਬੰਧਨ ਪਾਈਆ । ਤੇਈ ਅਵਤਾਰ ਕਰ ਪਰਕਾਸ਼, ਬਾਰਾਂ ਅੰਕ ਨਾਲ ਸਮਝਾਈਆ । ਪੰਜ ਤਤ ਖੇਲ ਤਮਾਸ਼, ਸਤਵੇਂ ਆਪਣੀ ਗੰਢ ਪੁਆਈਆ । ਤ੍ਰੈਗੁਣ ਪਾਏ ਸਾਚੀ ਰਾਸ, ਚੌਕਾ ਆਪਣੇ ਅੰਗ ਲਗਾਈਆ । ਤੀਆ ਦੂਆ ਏਕਾ ਸ਼ੰਕਰ ਬ੍ਰਹਮਾ ਵਿਸ਼ਨ ਕਰੇ ਪਰਕਾਸ਼, ਪਰਕਾਸ਼ਵਾਨ ਆਪ ਹੋ ਜਾਈਆ । ਚੁਹੱਤਰ ਸਚਖੰਡ ਦੁਆਰੇ ਕਰੇ ਦਾਸ, ਨਾ ਕੋਈ ਸਕੇ ਸਿਰ ਉਠਾਈਆ । ਪੀਰ ਪੈਗ਼ੰਬਰ ਗੁਰੂ ਅਵਤਾਰ ਭਗਤ ਸਾਰੇ ਮਿਲ ਕੇ ਕਰਨ ਇਕ ਅਰਦਾਸ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਕੀਤੀ ਹੋਏ ਰਾਸ, ਸਾਡੀ ਚਲੇ ਨਾ ਕੋਇ ਚਤੁਰਾਈਆ । ਤੇਰੇ ਹੁਕਮੇ ਅੰਦਰ ਬਣ ਕੇ ਗਏ ਦਾਸੀ ਦਾਸ, ਲੋਕਮਾਤ ਸੇਵ ਕਮਾਈਆ । ਅੰਤ ਆਏ ਤੇਰੇ ਪਾਸ, ਬੈਠੇ ਚਰਨ ਧਿਆਨ ਲਗਾਈਆ । ਜਿਉਂ ਭਾਵੇਂ ਤਿਉਂ ਲੈਣਾ ਰਾਖ, ਤੁਧ ਬਿਨ ਓਟ ਨਾ ਕੋਇ ਤਕਾਈਆ । ਰਲ ਮਿਲ ਤੇਰਾ ਲੱਭਿਆ ਸੱਚਾ ਸਾਥ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸੇਵ ਕਮਾਈਆ । ਕਲਜੁਗ ਅੰਤਮ ਤੇਰਾ ਇਕ ਪ੍ਰਕਾਸ਼, ਦੋ ਜਹਾਨ ਕਰੇ ਰੁਸ਼ਨਾਈਆ । ਜਨ ਭਗਤਾਂ ਦਰਸ਼ਨ ਦੇਵੇ ਸਾਖ਼ਯਾਤ, ਘਰ ਘਰ ਆਪਣਾ ਰੂਪ ਪਰਗਟਾਈਆ । ਹਰਿ ਸੰਗਤ ਬੱਧਾ ਆਪਣਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਨੇੜ ਨਾ ਆਏ ਮਨਮਤ ਨਾਰ ਕਮਜ਼ਾਤ, ਕੁਲੱਖਣੀ ਦਰ ਰਹਿਣ ਨਾ ਪਾਈਆ । ਜਨ ਭਗਤਾਂ ਬਣੇ ਭਗਤ ਸਾਕ, ਪੁਰਖ ਅਕਾਲ ਵਿਚੋਲਾ ਇਕ ਅਖਵਾਈਆ । ਸਚਖੰਡ ਦੁਆਰਾ ਖੋਲ੍ਹ ਹਾਟ, ਬਣ ਹੱਟਵਾਣਾ ਵਣਜ ਕਰਾਈਆ । ਇਕੋ ਨਾਮ ਦੇਵੇ ਦਾਤ, ਇਕੋ ਵਾਰ ਝੋਲੀ ਪਾਈਆ । ਨਾ ਕੋਈ ਪੁਛੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਘਰ ਘਰ ਵਿਚ ਚੰਦ ਚੜ੍ਹਾਈਆ । ਗੁਰਮੁਖ ਸੇਜਾ ਆਤਮ ਵੇਖ ਖਾਟ, ਸਚ ਸਿੰਘਾਸਣ ਦਏ ਸੁਹਾਈਆ । ਸੁਰਤ ਸਵਾਣੀ ਪੁਛੇ ਵਾਤ, ਸ਼ਬਦ ਹਾਣੀ ਦਏ ਮਿਲਾਈਆ । ਘਰ ਵਿਚ ਮੇਲਾ ਕਮਲਾਪਾਤ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੁਹੱਤਰਾਂ ਦੇਵੇ ਇਕ ਸਰਨਾਈਆ । ਇਕ ਸਰਨਾਈ ਸਰਨ ਗਤ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਇਕੋ ਨਾਮ ਇਕੋ ਤਤ,

ਪੰਜ ਤਤ ਇਕ ਸਮਝਾਇੰਦਾ । ਇਕੋ ਮਾਰਗ ਇਕੋ ਰਥ, ਰਥ ਰਥਵਾਹੀ ਇਕੋ ਨਜ਼ਰੀ ਆਇੰਦਾ । ਏਕਾ ਯਾਰ ਏਕਾ ਸੱਥਰ ਬੈਠਾ ਘੱਤ, ਸੱਥਰ ਯਾਰ ਇਕ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਸਿਖੀ ਆਪੇ ਰੱਖੇ ਖੰਡਿਉਂ ਤਿਖੀ, ਵਾਲੋਂ ਨਿੱਕੀ ਨਜ਼ਰ ਕੋਇ ਨਾ ਪਾਇੰਦਾ । ਜਿਸ ਸਿਖੀ ਨੂੰ ਗੋਬਿੰਦ ਗਾਇਆ, ਸੋ ਪੁਰਖ ਅਕਾਲ ਬਣਾਈਆ । ਸਚਖੰਡ ਦੁਆਰਾ ਇਕ ਸੁਹਾਇਆ, ਸਤਿਗੁਰ ਪੂਰੇ ਸੱਚੇ ਮਾਹੀਆ । ਆਪਣਾ ਮਾਰਗ ਆਪੇ ਲਾਇਆ, ਆਪੇ ਵੇਖੇ ਚਾਈਂ ਚਾਈਂਆ । ਜਿਸ ਦੁਵਾਰਿਉਂ ਵੰਡ ਕਰਾਇਆ, ਪਹਿਲੋਂ ਓਥੇ ਡੇਰਾ ਢਾਹੀਆ । ਜਿਸ ਦੁਵਾਰਿਉਂ ਗੁਰ ਪੀਰ ਅਵਤਾਰ ਘਲਾਇਆ, ਓਸ ਦੁਆਰੇ ਲਏ ਬਹਾਈਆ । ਜਿਸ ਦੁਵਾਰਿਉਂ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਢੋਲਾ ਗਾਇਆ, ਤਿਸ ਦੁਆਰੇ ਖਾਤੇ ਪਾਈਆ । ਜਿਸ ਮੰਦਰ ਅੰਦਰ ਪਰਦਾ ਉਹਲਾ ਰਿਹਾ ਰਖਾਇਆ, ਤਿਸ ਪਰਦਾ ਦਏ ਚੁਕਾਈਆ । ਜੁਗ ਜੁਗ ਵਿਚੋਲਾ ਸ਼ਬਦ ਬਣਾਇਆ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿੱਖੀ ਆਪ ਸਮਝਾਈਆ । ਵਾਲੋਂ ਨਿੱਕੀ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖ ਵਖਾਇੰਦਾ । ਮੁਨੀ ਰਿਖੀ ਨਾ ਪਾਵੇ ਕੋਈ ਸਾਰ, ਪੰਡਤ ਪਾਂਧਾ ਮੁਲਾਂ ਸ਼ੇਖ਼ ਗਰੰਥੀ ਪੰਥੀ ਨੈਣ ਨਾ ਕੋਇ ਵਖਾਇੰਦਾ । ਲੋਕਮਾਤ ਨਾ ਦਿਸੇ ਕੋਈ ਰੇਖ, ਸਚਖੰਡ ਰੇਖਾ ਆਪ ਬਣਾਇੰਦਾ । ਹਰਿ ਕਾ ਰੂਪ ਮੁਛ ਦਾੜ੍ਹੀ ਨਾ ਕੋਇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਆਤਮ ਬ੍ਰਹਮ ਹਰ ਘਟ ਰਿਹਾ ਵੇਖ, ਪਾਰਬ੍ਰਹਮ ਫੇਰਾ ਪਾਇੰਦਾ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਚਲਾਇੰਦਾ । ਖੰਡਿਉਂ ਤਿੱਖੀ ਹਰਿ ਜੂ ਧਾਰ, ਸਚਖੰਡ ਨਿਵਾਸੀ ਆਪ ਜਣਾਈਆ । ਬਿਨ ਗੁਰੂ ਅਵਤਾਰ ਕੋਈ ਨਾ ਉਤਰੇ ਪਾਰ, ਪਾਰ ਕਿਨਾਰਾ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਘਰ ਸਾਚੇ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਝੋਲੀ ਪਾਈਆ । ਸਾਚੀ ਵਸਤ ਸਾਚਾ ਦਾਨ, ਹਰਿ ਜੂ ਹਰਿ ਹਰਿ ਆਪ ਵਰਤਾਇੰਦਾ । ਨਾਨਕ ਨਿਰਗੁਣ ਕਰ ਪਰਧਾਨ, ਸਭ ਦੀ ਝੋਲੀ ਆਪ ਭਰਾਇੰਦਾ । ਗੋਬਿੰਦ ਸੂਰਾ ਬਣ ਬਲਵਾਨ, ਆਪਣਾ ਖੇਲ ਕਰਾਇੰਦਾ । ਕਲਜੁਗ ਮੇਟੇ ਝੂਠ ਨਿਸ਼ਾਨ, ਕੂੜੀ ਕਿਰਿਆ ਮੋਹ ਤੁੜਾਇੰਦਾ । ਸਾਚੇ ਭਗਤ ਕਰੇ ਪਰਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜਿਸ ਜਨ ਦੇਵੇ ਸੋਹੰ ਦਾਨ, ਸੋ ਜਨ ਜਨਮ ਮਰਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਅਗੰਮ ਅਪਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹੰ ਬ੍ਰਹਮ ਦੇ ਅਧਾਰ, ਪਾਰਬ੍ਰਹਮ ਲਏ ਮਿਲਾਈਆ । ਸੋਹੰ ਸ਼ਬਦ ਜੈ ਜੈਕਾਰ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਸੋਹੰ ਰੂਪ ਤੇਈ ਅਵਤਾਰ, ਗੁਰ ਗੁਰ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਸੋਹੰ ਖੇਲ ਖਲਾਈਆ । ਸੋਹੰ ਧਾਰ ਵਿਚ ਸੰਸਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਚੁਹੱਤਰ ਨਿਰਗੁਣ ਕਰ ਪਰਵਾਨ, ਚੁਹੱਤਰ ਸਰਗੁਣ ਰੰਗ ਰੰਗਾਇੰਦਾ । ਪਹਿਲੀ ਜੇਠ ਕਰੇ ਪਿਆਰ, ਪ੍ਰੀਤਮ ਪਿਆਰਾ ਦਇਆ ਕਮਾਇੰਦਾ । ਨਾਰੀ ਪੁਰਸ਼ ਦੇ ਅਧਾਰ, ਬਿਰਧ ਬਾਲਾਂ ਆਪ ਤਰਾਇੰਦਾ । ਸ਼ਾਹ ਕੰਗਾਲਾਂ ਕਰੇ ਪਾਰ, ਜੋ ਜਨ ਸਰਨਾਈ ਆਇੰਦਾ । ਬਣੇ ਦਲਾਲ ਆਪ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਅਨਭਵ ਆਪਣੀ ਧਾਰ ਰਖਾਇੰਦਾ । ਦੂਖ ਵਿਨਾਸੀ ਮਿਟਾਏ ਦੁੱਖ, ਦੁਖੀਆਂ ਦੁੱਖ ਮਿਟਾਇੰਦਾ । ਘਰ ਉਪਜਾਏ ਸਾਚਾ ਸੁਖ, ਭੁੱਖਿਆਂ ਭੁੱਖ ਗਵਾਇੰਦਾ । ਦੂਰ ਕਰਾਏ ਨਾ ਮਾਣਸ ਨਾ ਮਨੁੱਖ, ਮੋਹ ਮਮਤਾ ਆਪ ਚੁਕਾਇੰਦਾ । ਅੰਦਰ ਵੜ ਨਾ ਬਹੇ ਕੋਈ ਲੁਕ, ਲੁਕਿਆਂ ਬਾਹਰ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖ ਘਰ ਘਰ ਵਿਚ ਸੁਖ ਵਖਾਇੰਦਾ ।

### ✳ ੨ ਵਸਾਖ ੨੦੧੯ ਬਿਕਰਮੀ ਗੁਰਨਾਮ ਸਿੰਘ ਦੇ ਗ੍ਰਹਿ ਵੇਰਕਾ ਜ਼ਿਲਾ ਅੰਮ੍ਰਿਤਸਰ ✳

ਸਚਖੰਡ ਦੁਆਰਾ ਆਪ ਸੁਹਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਤਖ਼ਤ ਨਿਵਾਸੀ ਏਕਾ ਤਖ਼ਤ ਵਡਿਆ, ਸ਼ਾਹੋ ਭੂਪ ਆਸਣ ਲਾਇੰਦਾ । ਰਾਜਨ ਰਾਜ ਆਪ ਅਖਵਾ, ਸੀਸ ਜਗਦੀਸ਼ ਤਾਜ ਸੁਹਾਇੰਦਾ । ਨਿਰਗੁਣ ਨੂਰ ਜੋਤੀ ਡਗਮਗਾ, ਜਲਵਾ ਨੂਰ ਆਪ ਧਰਾਇੰਦਾ । ਕਰੇ ਖੇਲ ਅਗੰਮ ਅਥਾਹ, ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਨਿਰਗੁਣ ਕਰੇ ਸਲਾਹ, ਦੂਸਰ ਸੰਗ ਨਾ ਕੋਇ ਰਖਾਇੰਦਾ । ਧੁਰ ਫ਼ਰਮਾਣਾ ਹੁਕਮ ਜਣਾ, ਹੁਕਮੀ ਹੁਕਮ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਦੁਆਰਾ ਹਰਿ ਨਿਰੰਕਾਰ, ਏਕਾ ਏਕ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰ, ਹੁਕਮੀ ਹੁਕਮ ਆਪ ਮਨਾਈਆ । ਨਿਰਗੁਣ ਸਰਗੁਣ ਦੇ ਆਧਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਜੁਗ ਚੌਕੜੀ ਵੇਖ ਵਿਚਾਰ, ਦੋ ਜਹਾਨ ਦਏ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਆਪ ਅਖਾੜ, ਗਗਨ ਮੰਡਲ ਸੋਭਾ ਪਾਈਆ । ਲਹਿਣਾ ਦੇਣਾ ਜਾਣੇ ਰਵ ਸਸ ਸੂਰਜ ਚੰਨ ਸਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚਾ ਸੋਭਾਵੰਤ, ਸ੍ਰੀ ਭਗਵਾਨ ਆਪ ਸੁਹਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਜੁਗਾ ਜੁਗੰਤਰ ਸਾਚਾ ਮੰਤ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਨਿਰਗੁਣ ਨਿਰਾਕਾਰ ਨਿਰਵੈਰ ਬਣਾਏ ਬਣਤ, ਅਜੂਨੀ ਰਹਿਤ ਖੇਲ ਕਰਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲੇਖ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਇੰਦਾ । ਸਚਖੰਡ ਦੁਆਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਏਕੰਕਾਰਾ ਬੇਪਰਵਾਹੀਆ । ਜੋਤੀ ਨੂਰ ਆਦਿ ਨਿਰੰਜਣਾ, ਅਬਿਨਾਸ਼ੀ ਕਰਤਾ ਖੇਲ ਕਰਾਈਆ । ਸ੍ਰੀ ਭਗਵਾਨ ਸਾਚਾ ਸੱਜਣਾ, ਪਾਰਬ੍ਰਹਮ ਪ੍ਰਭ ਸੰਗ ਨਿਭਾਈਆ । ਨਾਦ ਅਨਾਦੀ ਨਾਦ ਏਕਾ ਵੱਜਣਾ, ਨਿਰਗੁਣ ਨਿਰੰਕਾਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਦੁਆਰੇ ਦੇਵੇ ਮਾਣ, ਹਰਿ ਵੱਡਾ ਵਡ ਵਡਿਆਈਆ । ਕਿਰਪਾ ਕਰ ਸ੍ਰੀ ਭਗਵਾਨ, ਸਚ ਮਹੱਲਾ ਦਏ ਸੁਹਾਈਆ । ਦੀਆ ਬਾਤੀ ਇਕ ਮਹਾਨ, ਕਮਲਾਪਾਤੀ ਆਪ ਜਗਾਈਆ । ਚਾਰ ਦੀਵਾਰੀ ਨਾ ਕੋਇ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਬਣਤ ਬਣਾਈਆ । ਸਚਖੰਡ ਦੁਆਰਾ ਏਕਾ ਏਕ, ਏਕੰਕਾਰਾ ਆਪ ਸੁਹਾਇੰਦਾ । ਆਪਣੇ ਨੇਤਰ ਆਪੇ ਪੇਖ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਆਪੇ ਜਾਣੇ ਆਪਣਾ ਭੇਤ ਅਭੇਤ, ਭੇਵ

ਅਭੇਦ ਨਾ ਕੋਇ ਖੁਲ੍ਹਾਇੰਦਾ । ਨਿਰਗੁਣ ਨਿਰਗੁਣ ਕਰੇ ਹੇਤ, ਸਚਖੰਡ ਦੁਆਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਸਚ ਮਹੱਲਾ, ਹਰਿ ਸਾਚਾ ਸਚ ਸੁਹਾਈਆ । ਵਸਣਹਾਰਾ ਇਕ ਇਕੱਲਾ, ਅਕਲ ਕਲ ਬੇਪਰਵਾਹੀਆ । ਜੋਤੀ ਸ਼ਬਦ ਆਪੇ ਰਲਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਪਣੇ ਪਰਕਾਸ਼ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਵਸੇ ਨਰ, ਨਰ ਨਰਾਇਣ ਵਡੀ ਵਡਿਆਈਆ । ਨਰ ਨਰਾਇਣ ਇਕੋ ਦਾਤਾ, ਇਕ ਇਕੱਲਾ ਖੇਲ ਕਰਾਇੰਦਾ । ਆਦਿ ਜੁਗਾਦੀ ਖੇਲ ਤਮਾਸ਼ਾ, ਨਿਰਗੁਣ ਨਿਰਵੈਰ ਆਪ ਵਖਾਇੰਦਾ । ਥਿਰ ਘਰ ਸਾਚੇ ਕਰ ਪਰਕਾਸ਼ਾ, ਨੂਰੋ ਨੂਰ ਨੂਰ ਧਰਾਇੰਦਾ । ਸ਼ਬਦੀ ਸ਼ਬਦ ਦੇ ਦਿਲਾਸਾ, ਸਚ ਭਰਵਾਸਾ ਇਕ ਸਮਝਾਇੰਦਾ । ਸਾਚੇ ਮੰਡਲ ਪਾਵੇ ਰਾਸਾ, ਨਿਰਗੁਣ ਨੂਰ ਨੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰ, ਆਦਿ ਪੁਰਖ ਆਪ ਕਰਾਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਇਕ ਵਰਤਾਈਆ । ਸਾਚੀ ਸਿਖਿਆ ਏਕੰਕਾਰ, ਅਕਲ ਕਲ ਕਰੇ ਪੜ੍ਹਾਈਆ । ਮੁਨੀ ਰਿਖੀ ਨਾ ਪਾਵੇ ਸਾਰ, ਮੁਕਾਮੇ ਹੱਕ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਕ ਹਕ਼ੀਕਤ ਆਪਣੇ ਵਿਚ ਛੁਪਾਈਆ । ਮੁਕਾਮੇ ਹੱਕ ਹੱਕ ਨਜ਼ਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਨੂਰੀ ਜਲਵਾ ਨੂਰ ਉਜਿਆਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਨਾਦ ਧੁੰਨ ਬੋਲ ਜੈਕਾਰਾ, ਆਪ ਆਪਣਾ ਨਾਉਂ ਪਰਗਟਾਇੰਦਾ । ਸ਼ਬਦੀ ਸ਼ਬਦ ਸੁਤ ਦੁਲਾਰਾ, ਪਿਤਾ ਪੂਤ ਵੇਸ ਵਟਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਸਾਚਾ ਮੰਦਰ ਆਪ ਵਡਿਆਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਸਾਰਾ, ਰਵ ਸਸ ਸੂਰਜ ਚੰਨ ਕਿਰਨ ਕਿਰਨ ਚਮਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰਾ, ਤ੍ਰੈਗੁਣ ਆਪਣਾ ਬੰਧਨ ਪਾਇੰਦਾ । ਪੰਚਮ ਵੇਖ ਸਚ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਕਰਾਇੰਦਾ । ਲੱਖ ਚੁਰਾਸੀ ਘਾੜਨ ਘੜੇ ਬਣ ਠਠਿਆਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਮਨ ਮਤ ਬੁਧ ਦੇ ਆਧਾਰਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਈਸ਼ ਜੀਵ ਖੇਲ ਨਿਆਰਾ, ਜਗਦੀਸ਼ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਸਚਖੰਡ ਨਿਵਾਸੀ ਆਪ ਸੁਣਾਇੰਦਾ । ਸਚਖੰਡ ਨਿਵਾਸੀ ਧੁਰ ਫ਼ਰਮਾਣਾ ਹਰਿ ਜੂ ਹਰਿ ਹਰਿ ਆਪ ਜਣਾਈਆ । ਲੱਖ ਚੁਰਾਸੀ ਕਰ ਪਰਧਾਨਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਜੁਗ ਚੌਕੜੀ ਹੋ ਪਰਧਾਨਾ, ਨਿਰਗੁਣ ਸਰਗੁਣ ਦਏ ਵਡਿਆਈਆ । ਪੰਜ ਤਤ ਤਤ ਨਿਸ਼ਾਨਾ, ਬ੍ਰਹਮ ਮਤ ਮਤ ਕੁੜਮਾਈਆ । ਸ਼ਬਦ ਅਗੰਮੀ ਏਕਾ ਗਾਨਾ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਸਰੋਵਰ ਕਰ ਪਰਵਾਨਾ, ਨਿਝਰ ਝਿਰਨਾ ਆਪ ਝਿਰਾਈਆ । ਨਿਰਮਲ ਦੀਆ ਜੋਤ ਮਹਾਨਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਘਰ ਵਿਚ ਘਰ ਖੇਲ ਕਰੇ ਸ੍ਰੀ ਭਗਵਾਨਾ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦੇਵੇ ਮਾਣ ਵਡਿਆਈਆ । ਨਿਰਗੁਣ ਸਰਗੁਣ ਸਾਚਾ ਨਾਤਾ, ਲੋਕਮਾਤ ਜੋੜ ਜੁੜਾਇੰਦਾ । ਨਾਮ ਨਿਧਾਨ ਅਗੰਮੀ



੭੯
੧੨

ਗਾਥਾ, ਸਚ ਸੰਦੇਸ਼ਾ ਆਪ ਸੁਣਾਇੰਦਾ । ਪੰਜ ਤਤ ਚਲਾਏ ਹਰਿ ਜੂ ਰਾਥਾ, ਬਣ ਰਖਵਾਹੀ ਸੇਵ ਕਮਾਇੰਦਾ । ਸਾਚਾ ਮੰਤਰ ਪੂਜਾ ਪਾਠਾ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪ ਵੰਡਾਇੰਦਾ । ਸਾਚੀ ਵੰਡਣ ਵੰਡ ਸੰਸਾਰ, ਹਰਿ ਜੂ ਹਰਿ ਹਰਿ ਆਪ ਕਰਾਈਆ । ਲੇਖਾ ਜਾਣੇ ਵੇਦ ਚਾਰ, ਚਾਰ ਜੁਗ ਕਰੇ ਕੁੜਮਾਈਆ । ਚਾਰੇ ਖਾਣੀ ਕਰ ਪਿਆਰ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਵਰਨ ਦੇ ਆਧਾਰ, ਚਾਰ ਯਾਰੀ ਬੰਧਨ ਪਾਈਆ । ਨਵ ਨੌਂ ਖੋਲ੍ਹ ਦੁਆਰ, ਕਰੇ ਖੇਲ ਬੇਪਰਵਾਹੀਆ । ਸੇਵਾ ਲਾ ਗੁਰ ਅਵਤਾਰ, ਗੁਰ ਸ਼ਬਦੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਬੰਧਨ ਪਾਈਆ । ਜੁਗ ਚੌਕੜੀ ਬੰਧਨ ਪਾਏ ਹਰਿ, ਹਰਿ ਭੇਵ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਨੂਰ ਆਪੇ ਧਰ ਧਰ, ਧਰਨੀ ਧਰਤ ਧਵਲ ਸੁਹਾਇੰਦਾ । ਨਿਰਭੌ ਚੁਕਾਏ ਭੈ ਡਰ ਡਰ, ਅਜੂਨੀ ਰਹਿਤ ਨਜ਼ਰ ਕਿਸੇ ਨਾ ਆਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ ਆਪੇ ਪੜ੍ਹ ਪੜ੍ਹ, ਆਪਣੀ ਮਹਿਮਾ ਆਪੇ ਗਾਇੰਦਾ । ਅੰਜੀਲ ਕੁਰਾਨਾ ਆਪੇ ਧਰ ਧਰ, ਧਰ ਧਰਨੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸਾਚਾ ਗੀਤ, ਸਤਿਗੁਰ ਪੂਰਾ ਆਪ ਸੁਣਾਈਆ । ਵਸਣਹਾਰਾ ਧਾਮ ਅਨਡੀਠ, ਸਚਖੰਡ ਵਸੇ ਸੱਚਾ ਮਾਹੀਆ । ਜੁਗ ਚੌਕੜੀ ਚਲਾਏ ਆਪਣੀ ਰੀਤ, ਭੇਵ ਕੋਇ ਨਾ ਪਾਈਆ । ਪੰਜ ਤਤ ਕਾਇਆ ਕਰੇ ਠਾਂਡੀ ਸੀਤ, ਜਿਸ ਜਨ ਆਪਣੀ ਬੂਝ ਬੁਝਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਬੰਧਨ ਨਾ ਕੋਇ ਰਖਾਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਆਪਣੀ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਵਰਤਾਈਆ । ਜੁਗ ਚੌਕੜੀ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਗੁਰ ਅਵਤਾਰ ਫੜਾਏ ਪੱਲਾ, ਨਾਮ ਨਾਮਾ ਬੰਧਨ ਪਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਨਜ਼ਰ ਕਿਸੇ ਨਾ ਆਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੱਖ ਚੁਰਾਸੀ ਅੰਦਰ ਨਿਰਗੁਣ ਨੂਰ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਇੰਦਾ । ਸਚ ਸੁਨੇਹੜਾ ਹਰਿ ਨਿਰੰਕਾਰ, ਆਦਿ ਆਦਿ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਿਆ ਖ਼ਬਰਦਾਰ, ਤ੍ਰੈਗੁਣ ਨਿੰਦਰਾ ਰਹੇ ਨਾ ਰਾਈਆ । ਪੰਜ ਤਤ ਕਰੇ ਬੇਦਾਰ, ਆਲਸ ਹੋਰ ਨਾ ਕੋਇ ਪਾਈਆ । ਚਾਰ ਵੇਦ ਦੇ ਆਧਾਰ, ਚਾਰ ਜੁਗ ਕਰੇ ਪੜ੍ਹਾਈਆ । ਚਾਰੇ ਖਾਣੀ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਈਆ । ਸਾਚਾ ਹੁਕਮ ਦੇਵੇ ਏਕਾ ਵਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਲੋਕਮਾਤ ਖੇਲ ਕਰਾਈਆ । ਸ਼ਬਦੀ ਸ਼ਬਦ ਬੋਲ ਜੈਕਾਰ, ਜੈ ਜੈ ਏਕਾ ਨਾਮ ਕਰਾਈਆ । ਲੇਖਾ ਜਾਣੇ ਗੁਰ ਅਵਤਾਰ, ਗੁਰ ਗੁਰ ਆਪਣਾ ਰੂਪ ਵਖਾਈਆ । ਕਾਇਆ ਕਾਅਬਾ ਖੋਲ੍ਹ ਕਿਵਾੜ, ਸਚ ਮਹਿਰਾਬੇ ਡੇਰਾ ਲਾਈਆ । ਪੀਰ ਪੈਗ਼ੰਬਰ ਦੇ ਆਧਾਰ, ਦਸਤਗੀਰ ਆਪਣਾ ਦਸਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਗੇੜਾ ਆਪ ਦਵਾਈਆ । ਜੁਗ ਚੌਕੜੀ ਗੇੜੇ ਅੰਦਰ ਰੱਖ, ਹਰਿ ਜੂ ਹੁਕਮੇ ਹੁਕਮ ਭੁਵਾਇੰਦਾ । ਨਿਰਗੁਣ ਸਰਗੁਣ ਹੋ ਪਰਤੱਖ, ਗੁਰ ਗੁਰ ਵੇਸ ਵਟਾਇੰਦਾ । ਨਾਉਂ ਨਿਧਾਨਾ ਬੋਲ ਅਲੱਖ, ਅਲੱਖ ਅਲੱਖਣਾ ਪਰਦਾ ਲਾਹਿੰਦਾ । ਜੀਵ ਜੰਤ ਮਾਰਗ ਦੱਸ, ਭਗਤ

੮੧
੧੨

ਭਗਵੰਤ ਆਪ ਉਠਾਇੰਦਾ । ਸਾਚੇ ਸੰਤਾਂ ਦੇਵੇ ਅੰਮ੍ਰਿਤ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਗੁਰਮੁਖਾਂ ਹਿਰਦੇ ਅੰਦਰ ਵਸ, ਆਪ ਆਪਣਾ ਪਰਦਾ ਲਾਹਿੰਦਾ । ਗੁਰਸਿਖਾਂ ਮੇਟੇ ਰੈਣ ਅੰਧੇਰੀ ਮਸ, ਸਾਚਾ ਚੰਦ ਇਕ ਚਮਕਾਇੰਦਾ । ਤ੍ਰੈਗੁਣ ਵਿਚ ਨਾ ਜਾਏ ਫਸ, ਪੰਚਮ ਮੋਹ ਨਾ ਕੋਇ ਰਖਾਇੰਦਾ । ਜੁਗ ਜੁਗ ਪੂਰੀ ਕਰੇ ਆਸ, ਆਸਾਵੰਤ ਆਪ ਹੋ ਜਾਇੰਦਾ । ਲੇਖਾ ਜਾਣੇ ਜੰਗਲ ਜੂਹ ਉਜਾੜ ਪਰਭਾਸ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਫੋਲਣਹਾਰਾ ਆਪ ਕੈਲਾਸ਼, ਡੂੰਘੇ ਸਾਗਰ ਡੇਰਾ ਲਾਇੰਦਾ । ਲੱਖ ਚੁਰਾਸੀ ਅੰਦਰ ਰੱਖੇ ਵਾਸ, ਅਨਭਵ ਆਪਣੀ ਧਾਰ ਚਲਾਇੰਦਾ । ਦੋ ਜਹਾਨਾਂ ਪਾਵੇ ਰਾਸ, ਗੁਰ ਅਵਤਾਰ ਪੀਰ ਪੈਗ਼ੰਬਰ ਗੋਪੀ ਕਾਹਨ ਨਚਾਇੰਦਾ । ਲੇਖਾ ਜਾਣੇ ਦਸ ਦਸ ਮਾਸ, ਮਾਤ ਗਰਭ ਫੇਰਾ ਪਾਇੰਦਾ । ਆਦਿ ਜੁਗਾਦਿ ਨਾ ਜਾਏ ਵਿਨਾਸ, ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਪਰਦਾ ਲਾਹੇ ਪ੍ਰਿਥਮੀ ਅਕਾਸ਼, ਗਗਨ ਗਗਨਾਂ ਉਪਰ ਡੇਰਾ ਲਾਇੰਦਾ । ਲੇਖਾ ਜਾਣੇ ਪਵਣ ਸਵਾਸ, ਉਣੰਜਾ ਪਵਣ ਆਪ ਝੁਲਾਇੰਦਾ । ਜੁਗ ਚੌਕੜੀ ਆਪਣੀ ਪਤ ਆਪੇ ਰਾਖ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸੁਹਾਏ ਸਾਚਾ ਘਰ, ਲੋਕਮਾਤ ਵੇਖ ਵਖਾਇੰਦਾ । ਲੋਕਮਾਤ ਵੇਖਣਹਾਰਾ, ਨਿਰਗੁਣ ਆਪਣਾ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪਾਰ ਕਿਨਾਰਾ, ਜੁਗ ਚੌਕੜੀ ਪੰਧ ਮੁਕਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਵੇਸ ਅਨੇਕਾ ਆਪ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰਾ, ਲੇਖਾ ਜਾਣੇ ਕਲਮ ਸ਼ਾਹੀਆ । ਗੀਤਾ ਗਿਆਨ ਦੇ ਆਧਾਰਾ, ਅੱਠ ਦਸ ਵਣਜ ਕਰਾਈਆ । ਅੰਜੀਲ ਕੁਰਾਨ ਬੋਲ ਨਾਅਰਾ, ਬਿਸਮਿਲ ਆਪਣਾ ਰੂਪ ਵਖਾਈਆ । ਈਸਾ ਮੂਸਾ ਮੁਹੰਮਦ ਦੇ ਸਹਾਰਾ, ਸਜਦਾ ਸੀਸ ਜਗਦੀਸ਼ ਝੁਕਾਈਆ । ਕਲਮਾ ਹੱਕ ਪਰਵਰਦਿਗਾਰਾ, ਲਾ ਹੱਕ ਕਰੇ ਪੜ੍ਹਾਈਆ । ਕਰੇ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਈਆ । ਸਚਖੰਡ ਨਿਵਾਸੀ ਹੋ ਤਿਆਰਾ, ਨਿਰਗੁਣ ਆਪਣੀ ਧਾਰ ਚਲਾਈਆ । ਨਾਨਕ ਸਰਗੁਣ ਦੇ ਆਧਾਰਾ, ਪੰਚਮ ਤਤ ਤਤ ਵਡਿਆਈਆ । ਸਤਿਨਾਮ ਬੋਲ ਜੈਕਾਰਾ, ਜੈ ਜੈਕਾਰ ਸਰਬ ਲੋਕਾਈਆ । ਏਕਾ ਜੋਤ ਦਸ ਅਵਤਾਰਾ, ਫ਼ਤਹਿ ਡੰਕਾ ਗੁਰ ਵਜਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਖੇਲ ਵਾਰੋ ਵਾਰਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਧੁਰ ਫ਼ਰਮਾਣਾ ਧੁਰਦਰਗਾਹੀ ਸਾਚਾ ਰਾਣਾ ਏਕਾ ਏਕ ਜਣਾਈਆ । ਏਕਾ ਏਕ ਸਚ ਸੰਦੇਸ਼ਾ, ਸਤਿ ਸਤਿਵਾਦੀ ਆਪ ਜਣਾਇੰਦਾ । ਪੁਰਖ ਅਕਾਲ ਰਹੇ ਹਮੇਸ਼ਾ, ਜਨਮ ਮਰਨ ਵਿਚ ਨਾ ਆਇੰਦਾ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਹੁਕਮੀ ਹੁਕਮ ਆਪ ਫਿਰਾਇੰਦਾ । ਗੁਰ ਅਵਤਾਰ ਧਰ ਧਰ ਭੇਸਾ, ਜੁਗ ਚੌਕੜੀ ਪੰਧ ਮੁਕਾਇੰਦਾ । ਅੰਤਮ ਆਪਣੇ ਹੱਥ ਰੱਖੇ ਲੇਖਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਪੰਧ ਮੁਕਾਇੰਦਾ । ਨਵ ਨੌਂ ਚਾਰ ਮੁੱਕੇ ਪੰਧ, ਹਰਿ ਪਾਂਧੀ ਆਪ ਮੁਕਾਈਆ । ਜੁਗ ਚੌਕੜੀ ਕੋਟਨ ਕੋਟ ਗਾਏ ਛੰਦ, ਰਸਨਾ ਜਿਹਵਾ ਨਾਲ ਮਿਲਾਈਆ । ਭੇਵ ਅਭੇਦ ਜਣਾਏ ਬੱਤੀ ਦੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੇ ਹੱਥ ਰੱਖੇ ਵਡਿਆਈਆ । ਨਵ ਨੌਂ ਚਾਰ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਆਈ ਅੰਤਮ ਵਾਰਾ, ਨੌਂ ਖੰਡ ਪ੍ਰਿਥਮੀ ਅੰਧੇਰਾ ਛਾਈਆ । ਪੁਰਖ ਅਬਿਨਾਸ਼ੀ ਏਕਾ ਹੁਕਮ ਕਰੇ ਵਰਤਾਰਾ, ਧੁਰ ਸੰਦੇਸ਼ਾ ਆਪ ਸੁਣਾਈਆ । ਨੈਣ ਖੁਲ੍ਹਾਏ ਤੇਈ ਅਵਤਾਰਾ, ਭਗਤ

ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਖੋਲ੍ਹੇ ਕਿਵਾੜਾ, ਬੰਦ ਤਾਕੀ ਨਾ ਕੋਇ ਰਖਾਈਆ । ਨਾਨਕ ਗੋਬਿੰਦ ਦੇ ਹੁਲਾਰਾ, ਸਚ ਸੰਦੇਸ਼ਾ ਇਕ ਸੁਣਾਈਆ । ਤ੍ਰੈਗੁਣ ਮਾਇਆ ਪਾਰ ਕਿਨਾਰਾ, ਪੰਜ ਤਤ ਡੇਰਾ ਦੇਵੇ ਢਾਹੀਆ । ਵਰਨ ਬਰਨ ਨਾ ਰਹੇ ਅਖਾੜਾ, ਜੂਠ ਝੂਠ ਨਾ ਨਾਚ ਨਚਾਈਆ । ਵਿਭਚਾਰ ਕੋਇ ਨਾ ਰਹੇ ਨਾਰਾ, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਨਿਰਮਲ ਜੋਤ ਕਰ ਉਜਿਆਰਾ, ਦੋ ਜਹਾਨ ਕਰੇ ਰੁਸ਼ਨਾਈਆ । ਵਿਸ਼ਨੂੰ ਦੋਏ ਜੋੜ ਕਰੇ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਬ੍ਰਹਮਾ ਨੇਤਰ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਸ਼ੰਕਰ ਬਾਸ਼ਕ ਤਸ਼ਕਾ ਗਲੋਂ ਲਾਹੇ ਹਾਰਾ, ਹੱਥ ਤ੍ਰਿਸੂਲ ਸੁਟਾਈਆ । ਇੰਦਰ ਮੰਗੇ ਚਰਨ ਧੂੜੀ ਛਾਰਾ, ਕਰੋੜ ਤਤੀਸਾ ਨਾਲ ਮਿਲਾਈਆ । ਤੇਈ ਅਵਤਾਰ ਕਰਨ ਵਿਚਾਰਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਈਸਾ ਮੂਸਾ ਮੁਹੰਮਦ ਬੋਲੇ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਨਾਨਕ ਗੋਬਿੰਦ ਫ਼ਤਿਹ ਡੰਕ ਇਕ ਨਗਾਰਾ, ਏਕਾ ਵਾਰ ਗਿਆ ਵਜਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਮਹਾਬਲੀ ਨਾਉਂ ਧਰਾਈਆ । ਸੰਬਲ ਵਸੇ ਧਾਮ ਨਿਆਰਾ, ਭੇਵ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਵੇਖੇ ਆਪ ਮਨਾਰਾ, ਰਵਦਾਸ ਚੁਮਾਰਾ ਦਏ ਗਵਾਹੀਆ । ਨਵ ਨੌਂ ਚਾਰ ਕਰੇ ਪਾਰ ਕਿਨਾਰਾ, ਮੰਝਧਾਰਾ ਫੇਰਾ ਪਾਈਆ । ਵੇਖਣਹਾਰਾ ਡੂੰਘੇ ਸਾਗਰ ਵਡੀ ਗਾਰਾ, ਆਪ ਆਪਣਾ ਪਰਦਾ ਲਾਹੀਆ । ਮੁਹੰਮਦ ਕਹੇ ਮੇਰਾ ਪਰਵਰਦਿਗਾਰਾ, ਹਜ਼ਰਤ ਆਵੇ ਚਾਈਂ ਚਾਈਂਆ । ਈਸਾ ਕਹੇ ਦੇਵੇ ਅੰਤ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਵੇਦ ਵਿਆਸ ਬਣ ਲਿਖਾਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਗਿਆ ਸਮਝਾਈਆ । ਪੁਰਖ ਅਬਿਨਾਸ਼ੀ ਅੰਤ ਨਾ ਪਾਰਾਵਾਰਾ, ਹਰਿ ਕਾ ਅੰਤ ਨਾ ਕੋਇ ਲਿਖਾਈਆ ।
੮੨ ਲਿਖ ਲਿਖ ਥੱਕੇ ਜੀਵ ਸੰਸਾਰਾ, ਕਾਤਬ ਆਪਣਾ ਬਲ ਨਾ ਕੋਇ ਰਖਾਈਆ । ਸਮੁੰਦ ਸਾਗਰ ਮਸ ਬਣ ਬਣ ਰੋਵੇ ਜ਼ਾਰੋ ਜ਼ਾਰਾ, ਬਨਾਸਪਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਵ ਨੌਂ ਲੇਖਾ ਦਏ ਮੁਕਾਈਆ । ਨਵ ੮੨
੧੨ ੧੨
ਨੌਂ ਲੇਖਾ ਹੋਏ ਪਾਰ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਈਆ । ਸਚਖੰਡ ਦਾ ਸਚ ਦੁਆਰ, ਧਰਤ ਧਵਲ ਉਪਰ ਆਪ ਸੁਹਾਈਆ । ਛੱਤੀ ਜੁਗ ਦਾ ਕਰਜ਼ ਉਤਾਰ, ਚਾਰੇ ਕੁੰਟਾਂ ਦਏ ਵਖਾਈਆ । ਲਹਿਣਾ ਮੁਕਾਏ ਤੇਈ ਅਵਤਾਰ, ਬਾਕੀ ਕੋਇ ਨਜ਼ਰ ਨਾ ਆਈਆ । ਈਸਾ ਮੂਸਾ ਮੁਹੰਮਦ ਰੱਖੇ ਨਾ ਕੋਇ ਉਧਾਰ, ਲਹਿਣਾ ਸਭ ਦੀ ਝੋਲੀ ਪਾਈਆ । ਮੇਲ ਮਿਲਾਏ ਗੁਰ ਗੁਰ ਧਾਰ, ਇਕ ਦਸ ਵਡੀ ਵਡਿਆਈਆ । ਆਪਣਾ ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰ, ਸਾਚਾ ਡੰਕਾ ਨਾਮ ਵਜਾਈਆ । ਰਾਉ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਆਸਣ ਲਾਈਆ । ਸਾਚਾ ਆਸਣ ਗਿਆ ਲੱਗ, ਨਜ਼ਰ ਕਿਸੇ ਨਾ ਆਇੰਦਾ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਦੀਪਕ ਗਿਆ ਜਗ, ਦੋ ਜਹਾਨ ਅੰਧੇਰ ਮਿਟਾਇੰਦਾ । ਗੁਰਮੁਖ ਸੱਜਣ ਆਪੇ ਲੱਭ, ਸੰਤ ਸੁਹੇਲੇ ਆਪ ਮਿਲਾਇੰਦਾ । ਅੰਮ੍ਰਿਤ ਚਵਾਏ ਕਵਲ ਨਭ, ਨਾਭੀ ਮੁਖੜਾ ਆਪ ਭੁਵਾਇੰਦਾ । ਪੰਚ ਵਿਕਾਰਾ ਦੇਵੇ ਦੱਬ, ਕਾਮ ਕਰੋਧ ਲੋਭ ਮੋਹ ਹੰਕਾਰ ਆਪ ਗਵਾਇੰਦਾ । ਅਨਹਦ ਸ਼ਬਦ ਵਜਾਏ ਨਦ, ਧੁਨ ਆਤਮਕ ਆਪ ਸੁਣਾਇੰਦਾ । ਨੌਂ ਦੁਆਰੇ ਪਾਰ ਹੱਦ, ਡੂੰਘੀ ਭਵਰੀ ਆਪ ਲੰਘਾਇੰਦਾ । ਹਰਿਜਨ ਬਣਾਏ ਆਪਣੀ ਯਦ, ਵਿਸ਼ਵ

ਆਪਣਾ ਖੇਲ ਵਖਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕਰ ਅੱਡ, ਆਤਮ ਪਰਮਾਤਮ ਜੋੜ ਜੁੜਾਇੰਦਾ । ਲੇਖਾ ਜਾਣੇ ਤਿੰਨ ਸੌ ਸਠ ਹਾਡੀ ਹੱਡ, ਬਹੱਤਰ ਨਾੜੀ ਗੰਢ ਪੁਵਾਇੰਦਾ । ਧਾਮ ਰਖਾਏ ਏਕਾ ਪਦ, ਚੌਥੇ ਪਦ ਆਪ ਬਹਾਇੰਦਾ । ਨਿਰਗੁਣ ਸਰਗੁਣ ਲਡਾਏ ਲਡ, ਪ੍ਰੇਮ ਰੀਤੀ ਆਪ ਵਖਾਇੰਦਾ । ਨਾਮ ਪਿਆਏ ਸਾਚੀ ਮਦਿ, ਅੱਠੇ ਪਹਿਰ ਖ਼ੁਮਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਸਚਖੰਡ ਸਾਚਾ ਸੋਭਨੀਕ, ਸਤਿ ਸਤਿਵਾਦੀ ਆਪ ਸੁਹਾਈਆ । ਇਕ ਇਕੱਲਾ ਲਾਸ਼ਰੀਕ, ਆਪਣਾ ਆਸਣ ਲਾਈਆ । ਕਲਜੁਗ ਅੰਤਮ ਮੇਟੇ ਅੰਧੇਰਾ ਤਾਰੀਕ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਕਰੇ ਖੇਲ ਅਗੰਮ ਅਨਡੀਠ, ਬੇਅੰਤ ਬੇਪਰਵਾਹੀਆ । ਗੁਰਮੁਖ ਮਿੱਠੇ ਕਰੇ ਕੌੜੇ ਰੀਠ, ਵਿਖ ਅੰਮ੍ਰਿਤ ਰੂਪ ਬਣਾਈਆ । ਦਰਸ ਦਖਾਏ ਇਕ ਅਤੀਤ, ਤ੍ਰੈਭਵਣ ਧਨੀ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਲਹਿਣਾ ਦੇਣਾ ਮੁਕਾਏ ਮੰਦਰ ਮਸਜਿਦ ਮੱਠ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੇ ਜਗ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਬੰਨ੍ਹੇ ਤਗ, ਦਿਸ ਕਿਸੇ ਨਾ ਆਇੰਦਾ । ਘਟ ਘਟ ਅੰਦਰ ਕਰੇ ਹੱਜ, ਬਣ ਹਾਜੀ ਫੇਰਾ ਪਾਇੰਦਾ । ਮੁਰਸ਼ਦ ਮੁਰੀਦ ਆਪੇ ਲਏ ਲੱਭ, ਆਪਣਾ ਪਰਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਇੰਦਾ । ਸਾਚਾ ਮਾਰਗ ਅੰਤਮ ਕਲ, ਹਰਿ ਜੂ ਹਰਿ ਹਰਿ ਆਪ ਲਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਵਲ ਛਲ, ਰੂਪ ਅਨੂਪ ਧਰਾਈਆ । ਗੁਰ ਅਵਤਾਰ ਮਾਤ ਘਲ,
੮੩ ਸਾਚੀ ਸੇਵਾ ਇਕ ਸਮਝਾਈਆ । ਸਚ ਸਿੰਘਾਸਣ ਆਪੇ ਮਲ, ਸਚਖੰਡ ਆਪਣੀ ਖੇਲ ਰਚਾਈਆ । ਕਲਜੁਗ ਅੰਤਮ ਆਇਆ ਚਲ, ਨਿਰਗੁਣ ੮੩
੧੨ ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਵੇਖੇ ਪਤ ਡਾਲ੍ਹੀ ਫਲ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੨
ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸਚ ਸੰਦੇਸ਼ਾ ਅੰਤਮ ਵਾਰ, ਹਰਿ ਜੂ ਹਰਿ ਹਰਿ ਆਪ ਸੁਣਾਇਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਆਪਣਾ ਰਾਹ ਚਲਾਇਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਆਧਾਰ, ਪੂਜਸ ਪੂਜ ਨਾ ਕੋਇ ਪੁਜਾਇਆ । ਤ੍ਰੈ ਪੰਜ ਨਾਤਾ ਤੁਟਾ ਸਗਲਾ ਯਾਰ, ਮਿੱਤਰ ਮੀਤ ਨਾ ਕੋਇ ਅਖਵਾਇਆ । ਤੇਈ ਅਵਤਾਰ ਮੁੱਕਾ ਉਧਾਰ, ਲੋਕਮਾਤ ਰਹੇ ਨਾ ਰਾਇਆ । ਈਸਾ ਮੂਸਾ ਅੰਤ ਦੀਦਾਰ, ਦੀਦ ਈਦ ਆਪ ਚੰਦ ਚੜ੍ਹਾਇਆ । ਮੁਹੰਮਦ ਲਹਿਣਾ ਚੁਕੇ ਚਾਰ ਯਾਰ, ਯਾਰੀ ਸੰਗ ਨਾ ਕੋਇ ਰਖਾਇਆ । ਜੋਤੀ ਮੇਲਾ ਗੁਰ ਗੁਰ ਧਾਰ, ਦਸ ਦਸ ਆਪਣੇ ਵਿਚ ਮਿਲਾਇਆ । ਪੰਚਮ ਪੰਚ ਪੰਚ ਜੈਕਾਰ, ਜੈ ਜੈ ਏਕਾ ਨਾਦ ਸੁਣਾਇਆ । ਨੌਂ ਖੰਡ ਪ੍ਰਿਥਮੀ ਏਕਾ ਧਾਰ, ਧੁਰ ਦਰਬਾਰੀ ਆਪ ਬਣਾਇਆ । ਚਾਰ ਵਰਨਾਂ ਕਰ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਵਖਾਇਆ । ਊਚ ਨੀਚ ਨਾ ਕੋਇ ਵਿਚਾਰ, ਜ਼ਾਤ ਪਾਤ ਨਾ ਵੰਡ ਵੰਡਾਇਆ । ਆਤਮ ਪਰਮਾਤਮ ਦੇ ਆਧਾਰ, ਬ੍ਰਹਮ ਪਾਰਬ੍ਰਹਮ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇਆ । ਸਤਿਜੁਗ ਸਾਚਾ ਚਲੇ ਰਾਹ, ਨਿਰਗੁਣ ਦਾਤਾ ਆਪ ਚਲਾਈਆ । ਸ਼ਬਦੀ ਗੁਰ ਇਕ ਮਲਾਹ, ਲੱਖ ਚੁਰਾਸੀ ਬੇੜਾ ਲਏ ਤਰਾਈਆ । ਪੰਜ ਤਤ ਦੇਵੇ ਨਾ ਕੋਇ ਸਲਾਹ, ਤ੍ਰੈਗੁਣ ਨਾ ਦੇਵੇ ਕੋਈ ਗਵਾਹੀਆ । ਇਕ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰਾ

ਆਪ ਸਮਝਾਈਆ । ਹੰ ਬ੍ਰਹਮ ਲੱਖ ਚੁਰਾਸੀ ਬਣਤ ਲਿਆ ਬਣਾ, ਸੋ ਪੁਰਖ ਨਿਰੰਜਣ ਘਾੜਨ ਆਪ ਘੜਾਈਆ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਨਾਮ ਗਏ ਧਿਆ, ਰਸਨਾ ਜਿਹਵਾ ਹਰਿ ਗੁਣ ਗਾਈਆ । ਗੋਬਿੰਦ ਕਹਿ ਕੇ ਗਿਆ ਮੇਰਾ ਮਿਹਰਵਾਂ, ਮਿਹਰਵਾਨ ਵਡੀ ਵਡਿਆਈਆ । ਗੁਰ ਚੇਲਾ ਹੋ ਵਸੇ ਥਾਂ ਥਾਂ, ਚੇਲਾ ਗੁਰ ਆਪਣਾ ਰੂਪ ਵਟਾਈਆ । ਅੰਤਮ ਮੇਲਾ ਮੇਲੇ ਸਹਿਜ ਸੁਭਾ, ਭੇਵ ਕੋਇ ਨਾ ਪਾਈਆ । ਨਿਹਕਲੰਕ ਨਾਉਂ ਲਏ ਰਖਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਸਾਚਾ ਮੰਦਰ ਦਏ ਸੁਹਾ, ਹਰਿ ਮੰਦਰ ਹਰਿ ਜੂ ਡੇਰਾ ਲਾਈਆ । ਗੁਰਮੁਖ ਵਿਰਲੇ ਲਏ ਜਗਾ, ਨੇਤਰ ਨੈਣ ਇਕ ਖੁਲ੍ਹਾਈਆ । ਨਾਮ ਖੰਡਾ ਲਏ ਚਮਕਾ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਸਾਢੇ ਤਿੰਨ ਹੱਥ ਅੰਦਰ ਦਏ ਟਿਕਾ, ਬਾਡੀ ਬਣਤ ਨਾ ਕੋਇ ਬਣਾਈਆ । ਹੁਕਮ ਦੇਵੇ ਆਪ ਸ਼ਹਿਨਸ਼ਾਹ, ਸਾਚੇ ਤਖ਼ਤ ਵਸੇ ਸੱਚਾ ਮਾਹੀਆ । ਕਲਜੁਗ ਕੂੜੀ ਸਫ਼ਾ ਦਏ ਉਠਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਭ ਦਾ ਲੇਖਾ ਦਏ ਮੁਕਾ, ਗੁਰ ਅਵਤਾਰ ਆਪ ਜਗਾਈਆ । ਈਸਾ ਮੂਸਾ ਝੋਲੀ ਦਏ ਭਰਾ, ਕਾਲਾ ਸੂਸਾ ਖੇਲ ਵਖਾਈਆ । ਮੁਹੰਮਦ ਚੌਦਾਂ ਤਬਕਾਂ ਦਏ ਫਿਰਾ, ਹੁਕਮੀ ਹੁਕਮ ਹੁਕਮ ਸੁਣਾਈਆ । ਚੌਦਾਂ ਵਿਦਿਆ ਵੇਖੇ ਥਾਉਂ ਥਾਂ, ਥਾਨ ਥਨੰਤਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਰੂਪ ਅਨੂਪ ਸਤਿ ਸਰੂਪ ਆਪਣੀ ਖੇਲ ਕਰਾਈਆ । ਆਪਣਾ ਖੇਲ ਕਰੇ ਸਮਰਥ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਦੇਵੇ ਮਥ, ਨਾਮ ਨਿਧਾਨਾ ਇਕ ਰਖਾਇੰਦਾ । ਭਗਤ ਭਗਵੰਤ ਲਏ ਰੱਖ, ਬਹੱਤਰ ਏਕਾ ਅੰਕ ਬਣਾਇੰਦਾ । ਸੱਤਰਾਂ ਦੇਵੇ ਏਕਾ ਮਤ, ਬ੍ਰਹਮ ਮਤ ਇਕ ਦ੍ਰਿੜਾਇੰਦਾ । ਚੁਹੱਤਰਾਂ ਚਰਨਾਂ ਹੇਠਾਂ ਰੱਖ, ਸਚਖੰਡ ਆਪਣਾ ਦਰ ਸੁਹਾਇੰਦਾ । ਉਚੀ ਕੂਕ ਬੋਲ ਅਲੱਖ, ਏਕਾ ਨਾਅਰਾ ਆਪ ਸੁਣਾਇੰਦਾ । ਸੋ ਪੁਰਖ ਨਿਰੰਜਣ ਹੋ ਪਰਤੱਖ, ਹੰ ਬ੍ਰਹਮ ਮੇਲ ਮਿਲਾਇੰਦਾ । ਆਪਣੇ ਖਾਤੇ ਲਏ ਘੱਤ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਆਪਣੀ ਗੋਦ ਰਖਾਇੰਦਾ । ਜੁਗ ਚੌਕੜੀ ਗਾ ਗਾ ਗਏ ਜਸ, ਗੁਰ ਗੁਰਬਾਣੀ ਨਾਦ ਵਜਾਇੰਦਾ । ਅੰਤਮ ਆਪ ਹੋ ਪਰਗਟ, ਪਰਗਟ ਆਪਣਾ ਖੇਲ ਜਣਾਇੰਦਾ । ਕਰੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਇੰਦਾ । ਗੁਰਮੁਖ ਵਿਰਲੇ ਮਾਰਗ ਦੱਸ, ਆਪਣਾ ਪਰਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕ ਸੁਹਾਇੰਦਾ । ਸੋਹੇ ਸਿੰਘਾਸਣ ਪੁਰਖ ਅਬਿਨਾਸ਼ਾ, ਨਜ਼ਰ ਕਿਸੇ ਨਾ ਆਈਆ । ਦੋ ਜਹਾਨ ਵੇਖੇ ਤਮਾਸ਼ਾ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਗੁਰਮੁਖਾਂ ਅੰਦਰ ਪਾਵੇ ਆਪਣੀ ਰਾਸਾ, ਸਾਚੇ ਮੰਦਰ ਖ਼ੁਸ਼ੀ ਮਨਾਈਆ । ਆਤਮ ਸੇਜਾ ਭੋਗ ਬਲਾਸਾ, ਭਸਮੜ ਆਪਣਾ ਰੰਗ ਰੰਗਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਜਨ ਭਗਤਾਂ ਲੱਖ ਚੁਰਾਸੀ ਕੱਟੇ ਜਮ ਕੀ ਫ਼ਾਸਾ, ਰਾਏ ਧਰਮ ਨੇੜ ਨਾ ਆਈਆ । ਸੋਹੰ ਸ਼ਬਦ ਸਚ ਧਰਵਾਸਾ, ਨਾਨਕ ਗੋਬਿੰਦ ਗਿਆ ਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਖੋਲ੍ਹਿਆ ਆਪ ਖ਼ੁਲਾਸਾ, ਨਿਰਭੈ ਆਪਣੀ ਧਾਰ ਚਲਾਈਆ । ਨਾਤਾ ਤੋੜੇ ਦਸ ਦਸ ਮਾਸਾ, ਜੋ ਜਨ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਨਾਮ ਦ੍ਰਿੜਾਈਆ । ਸਾਚਾ ਮੰਤਰ ਦ੍ਰਿੜਾ ਏਕ, ਹਰਿ ਜੂ ਹਰਿ ਹਰਿ ਆਪ

ਸੁਣਾਇੰਦਾ । ਆਤਮ ਪਰਮਾਤਮ ਕਰੇ ਬੁੱਧ ਬਬੇਕ, ਵਵੇਕੀ ਆਪਣੀ ਖੇਲ ਵਖਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚਮ ਤਤ ਨਾ ਕੋਇ ਭਰਮਾਇੰਦਾ । ਸਤਿਗੁਰ ਸਾਹਿਬ ਦਿਆਲ ਨੇਤਰ ਲੈਣਾ ਪੇਖ, ਘਰ ਘਰ ਵਿਚ ਡੇਰਾ ਲਾਇੰਦਾ । ਹਰਿ ਕਾ ਰੂਪ ਮੁਛ ਦਾੜ੍ਹੀ ਨਾ ਦਿਸੇ ਕੇਸ, ਸੀਸ ਜਗਦੀਸ਼ ਨਾ ਕੋਇ ਮੁੰਡਾਇੰਦਾ । ਨਿਰਮਲ ਜੋਤ ਆਦਿ ਜੁਗਾਦਿ ਰਹੇ ਹਮੇਸ਼, ਨੂਰ ਨੁਰਾਨਾ ਨੂਰ ਧਰਾਇੰਦਾ । ਕਲਜੁਗ ਅੰਤ ਮੇਟੇ ਕਲੇਸ਼, ਕਲ ਆਪਣੀ ਆਪ ਵਖਾਇੰਦਾ । ਸੋਹਵਣਹਾਰਾ ਬਾਸ਼ਕ ਸੇਜ, ਸਾਂਗੋ ਪਾਂਗ ਆਪ ਤਜਾਇੰਦਾ । ਸ਼ਬਦ ਅਗੰਮੀ ਸੁਨੇਹੜਾ ਭੇਜ, ਗੁਰਸਿਖ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਲਹਿਣਾ ਝੋਲੀ ਪਾਇੰਦਾ । ਨਵ ਨੌਂ ਚਾਰ ਦੇਵੇ ਲਹਿਣਾ, ਲਹਿਣੇਦਾਰ ਆਪ ਅਖਵਾਇਆ । ਗੁਰ ਅਵਤਾਰਾਂ ਵਖਾਏ ਨੈਣਾਂ, ਪੀਰ ਪੈਗੰਬਰ ਨਾਲ ਮਿਲਾਇਆ । ਵਰਨ ਬਰਨ ਅੰਤ ਨਾ ਰਹਿਣਾ, ਪੁਰਖ ਅਬਿਨਾਸ਼ੀ ਦਏ ਮਿਟਾਇਆ । ਸੋਹੰ ਸ਼ਬਦ ਸਭ ਨੇ ਕਹਿਣਾ, ਬੀਸ ਬੀਸਾ ਦਏ ਸਲਾਹਿਆ । ਹਰਿ ਕਾ ਭਾਣਾ ਸਹਿਣਾ ਪੈਣਾ, ਨਾ ਕੋਈ ਮੇਟੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗੰਬਰ ਆਪਣੇ ਹੁਕਮੇ ਵਿਚ ਰਖਾਇਆ । ਹੁਕਮੇ ਅੰਦਰ ਹਰਿ ਕਰਤਾਰ, ਆਪਣਾ ਹੁਕਮ ਜਣਾਈਆ । ਏਕਾ ਨਾਇਆਂ ਕਰ ਵਿਚਾਰ, ਭੇਵ ਅਭੇਦ ਖੁਲ੍ਹਾਈਆ । ਸੱਤ ਚਾਰ ਦੇ ਆਧਾਰ, ਚੁਹੱਤਰ ਅੰਕ ਆਪ ਬਣਾਈਆ । ਸਾਰੇ ਬੋਲੋ ਜੈ ਜੈਕਾਰ, ਸਚਖੰਡ ਵੱਜੇ ਵਧਾਈਆ । ਲੱਖ ਚੁਰਾਸੀ ਹਰਿ ਪਸਾਰ, ਆਤਮ ਪਰਮਾਤਮ ਗੰਢ ਪੁਵਾਈਆ । ਏਕਾ ਸ਼ਬਦ ਏਕਾ ਧਾਰ, ਏਕਾ ਧੁਨ ਨਾਦ ਵਜਾਈਆ । ਏਕਾ ਮੰਦਰ ਇਕ ਦੁਆਰ, ਗੁਰੂ ਘਰ ਇਕ ਸਮਝਾਈਆ । ਏਕਾ ਪੁਰਖ ਏਕਾ ਨਾਰ, ਪਿਤਾ ਪੂਤ ਇਕ ਹੋ ਜਾਈਆ । ਏਕਾ ਸੱਜਣ ਮੀਤ ਮੁਰਾਰ, ਸਗਲਾ ਸੰਗ ਇਕ ਨਿਭਾਈਆ । ਏਕਾ ਜੁਗ ਚੌਕੜੀ ਕਰੇ ਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਹੁਕਮ ਵਰਤਾਈਆ । ਨਿਹਕਲੰਕਾ ਲੈ ਅਵਤਾਰ, ਨਾਮ ਡੰਕਾ ਇਕ ਸੁਣਾਈਆ । ਗੁਰਮੁਖ ਜਨ ਕਾ ਕਰ ਤਿਆਰ, ਆਪਣਾ ਲਹਿਣਾ ਦੇਵੇ ਚਾਈਂ ਚਾਈਂਆ । ਜੂਠਾ ਝੂਠਾ ਸ਼ੰਕਾ ਮੇਟ ਸੰਸਾਰ, ਸੰਸਾ ਰੋਗ ਦਏ ਗਵਾਈਆ । ਬਾਲ ਅਵਾਣਿਆਂ ਖੋਲ੍ਹੇ ਆਪ ਕਿਵਾੜ, ਰਾਤੀ ਸੁਤਿਆਂ ਦਰਸ ਕਰਾਈਆ । ਕਰੇ ਪਰਕਾਸ਼ ਨਾੜ ਨਾੜ, ਅੰਧ ਅੰਧੇਰਾ ਦਏ ਗਵਾਈਆ । ਸ਼ਬਦ ਘੋੜੇ ਆਪੇ ਚਾੜ੍ਹ, ਸਾਚਾ ਅਸਵ ਲਏ ਦੌੜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗੁਰਸਿਖ ਤੇਰੇ ਚਰਨਾਂ ਹੇਠ ਲਤਾੜ, ਆਪ ਆਪਣੀ ਉਂਗਲੀ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰਨ ਨਿਮਸਕਾਰ, ਜਿਸ ਮਾਰਗ ਗੁਰਸਿਖ ਜਾਈਆ । ਜਿਸ ਜਨ ਮਿਲਿਆ ਪਾਰਬ੍ਰਹਮ ਆਪ ਨਿਰੰਕਾਰ, ਦੂਜੇ ਦਰ ਨਾ ਮੰਗਣ ਜਾਈਆ । ਖਾਣੀ ਬਾਣੀ ਵੇਦ ਪੁਰਾਨ ਅੰਜੀਲ ਕੁਰਾਨ ਸ਼ਾਸਤਰ ਸਿਮਰਤ ਉਚੀ ਕੂਕ ਕੂਕ ਕਰਨ ਪੁਕਾਰ, ਭਗਤ ਭਗਵੰਤ ਰਹੇ ਜਸ ਗਾਈਆ । ਜਿਸ ਜਨ ਮਿਲੇ ਠਾਕਰ ਸਵਾਮੀ ਨਿਰਗੁਣ ਦਾਤਾ ਆਪ ਨਿਰੰਕਾਰ, ਤਿਸ ਪੂਜਾ ਪਾਠ ਨਾ ਕੋਇ ਕਰਾਈਆ । ਸੋਵਤ ਜਾਗਤ ਦੇਵੇ ਆਪ ਦੀਦਾਰ, ਨਿਕਟ ਨਿਕਟੀ ਹੋ ਕੇ ਵਖਾਈਆ । ਕਲਜੁਗ ਅੰਤਮ ਨੌਂ ਖੰਡ ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਤ੍ਰੈਗੁਣ ਮਾਇਆ ਪਰਦਾ ਰਹੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਭ ਦਾ ਲੇਖਾ ਰਿਹਾ ਮੁਕਾਈਆ । ਸਭ ਦਾ ਲੇਖਾ ਜਾਏ ਮੁੱਕ, ਮੁਕਾਵਣਹਾਰਾ ਆਪ ਨਿਰੰਕਾਰ । ਜੂਠਾ ਝੂਠਾ ਬੂਟਾ ਜਾਏ ਸੁੱਕ, ਅੰਤ ਰਹੇ ਨਾ ਵਿਚ ਸੰਸਾਰ । ਸਿੰਘ ਸ਼ੇਰ ਪੁਰਖ ਅਬਿਨਾਸ਼ੀ


੮੫
੧੨

ਪਿਆ ਬੁੱਕ, ਦੋ ਜਹਾਨਾਂ ਮਾਰੇ ਭੁਬਕਾਰ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਉਠ, ਦੋਏ ਜੋੜ ਕਰਨ ਨਿਮਸਕਾਰ । ਠਾਕਰ ਸਵਾਮੀ ਜਾਣਾ ਤੁਠ, ਦਰ ਤੇਰੇ ਬਣੇ ਭਿਖਾਰ, ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਨਾਤਾ ਗਿਆ ਛੁਟ, ਨਾ ਕੋਈ ਸੱਜਣ ਮੀਤ ਮੁਰਾਰ । ਗੋਬਿੰਦ ਕਹੇ ਮੈਂ ਅੰਮ੍ਰਿਤ ਦੇ ਕੇ ਆਇਆ ਸਾਚਾ ਘੁੱਟ, ਪੰਜ ਪਿਆਰੇ ਕਰ ਤਿਆਰ । ਕਲਜੁਗ ਅੰਤਮ ਘਰ ਘਰ ਪਈ ਫੁੱਟ, ਏਕਾ ਭੁੱਲਿਆ ਹਰਿ ਅਕਾਲ । ਅੰਤਮ ਸਭ ਦਾ ਖਾਤਾ ਜਾਣਾ ਲੁੱਟ, ਬਚਿਆ ਰਹੇ ਨਾ ਕੋਈ ਸ਼ਾਹ ਕੰਗਾਲ । ਨਿਰਗੁਣ ਨਿਰਾਕਾਰ ਜੋਧਾ ਸੂਰਬੀਰ ਬਲਵਾਨ ਪੁਰਖ ਅਬਿਨਾਸ਼ੀ ਏਕਾ ਪਏ ਉਠ, ਆਪ ਆਪਣਾ ਬਲ ਧਾਰ । ਨੌਂ ਖੰਡ ਪ੍ਰਿਥਮੀ ਵੇਖੇ ਕਿਲਾ ਕੋਟ, ਚਾਰ ਜੁਗ ਦੀ ਢਾਹ ਚਾਰ ਦੀਵਾਰ । ਤੀਰ ਨਿਰਾਲਾ ਅਣਯਾਲਾ ਜਾਏ ਛੁੱਟ, ਦੋ ਜਹਾਨਾਂ ਮਾਰੇ ਮਾਰ । ਕੂੜੀ ਕਿਰਿਆ ਕੱਢੇ ਕੁੱਟ, ਮਾਇਆ ਮਮਤਾ ਕਰ ਖ਼ੁਵਾਰ । ਗੁਰਮੁਖ ਬਣਾਏ ਆਪਣੇ ਸਾਚੇ ਸੁਤ, ਆਪਣੇ ਸੁਤ ਨੀਹਾਂ ਹੇਠ ਸੁਆਲ । ਮੇਲ ਮਿਲਾਏ ਅਬਿਨਾਸ਼ੀ ਅਚੁਤ, ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਬਣਾਏ ਸਾਚੇ ਲਾਲ । ਲਾਲ ਲਾਲਣ ਚਾੜ੍ਹੇ ਰੰਗ, ਰੰਗ ਰੰਗੀਲਾ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ ਸੂਰਾ ਸਰਬੰਗ, ਸੂਰਬੀਰ ਦਇਆ ਕਮਾਇੰਦਾ । ਕਾਇਆ ਮੰਦਰ ਡੂੰਘੀ ਕੰਦਰ ਸੁਖਮਨ ਟੇਢੀ ਬੰਕ ਆਪੇ ਲੰਘ, ਈੜਾ ਪਿੰਗਲ ਡੇਰਾ ਢਾਹਿੰਦਾ । ਅਨਹਦ ਨਾਦੀ ਨਾਦ ਵਜਾਏ ਮਰਦੰਗ, ਛੱਤੀ ਰਾਗ ਭੇਵ ਚੁਕਾਇੰਦਾ । ਅੰਮ੍ਰਿਤ ਸਰੋਵਰ ਆਪ ਨੁਹਾਏ ਪਾਏ ਠੰਡ, ਅਠਸਠ ਤੀਰਥ ਗੁਰਮੁਖ ਨੁਹਾਵਣ ਕੋਇ ਨਾ ਜਾਇੰਦਾ । ਆਤਮ ਸੇਜਾ ਇਕ ਪਲੰਘ, ਸਚ ਸਿੰਘਾਸਣ ਇਕ ਵਡਿਆਇੰਦਾ । ਸੁਰਤੀ ਸ਼ਬਦੀ ਇਕ ਅਨੰਦ, ਅਨੰਦ ਕਾਰਜ ਆਪ ਕਰਾਇੰਦਾ । ਆਤਮ ਪਰਮਾਤਮ ਪਾਏ ਗੰਢ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਦਿਵਸ ਰੈਣ ਪਰਮਾਨੰਦ, ਨਿਜਾਨੰਦ ਰਸ ਚਖਾਇੰਦਾ । ਕਰ ਪਰਕਾਸ਼ ਅੰਧੇਰੇ ਅੰਧ, ਨਿਰਮਲ ਜੋਤ ਜੋਤ ਜਗਾਇੰਦਾ । ਜਨਮ ਜਨਮ ਦਾ ਮੇਟੇ ਪੰਧ, ਲੱਖ ਚੁਰਾਸੀ ਗੇੜ ਕਟਾਇੰਦਾ । ਆਪੇ ਚੁੱਕੇ ਆਪਣੀ ਕੰਡ, ਗੁਰਮੁਖ ਆਪਣੇ ਕੰਧ ਉਠਾਇੰਦਾ । ਦੋ ਜਹਾਨ ਮੁਕਾ ਪੰਧ, ਸਚਖੰਡ ਦੁਆਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਦਿਵਸ ਰਾਤੀ, ਰੁੱਤ ਰੁਤੜੀ ਆਪ ਸੁਹਾਇੰਦਾ । ਅੱਠੇ ਪਹਿਰ ਰੱਖੇ ਪਰਭਾਤੀ, ਪ੍ਰਭ ਆਪਣਾ ਖੇਲ ਵਖਾਇੰਦਾ । ਨਾਤਾ ਤੋੜੇ ਜ਼ਾਤ ਪਾਤੀ, ਵਰਨ ਗੋਤ ਨਾ ਕੋਇ ਜਣਾਇੰਦਾ । ਨਿਰਮਲ ਆਪ ਜਗਾਏ ਸਾਚੀ ਬਾਤੀ, ਕਾਇਆ ਮੰਦਰ ਆਪ ਟਿਕਾਇੰਦਾ । ਆਪੇ ਸੋਏ ਸਾਚੀ ਖਾਟੀ, ਆਪਣੀ ਕਰਵਟ ਆਪ ਬਦਲਾਇੰਦਾ । ਦੇਵੇ ਦਰਸ ਬਹੁ ਬਿਧ ਭਾਂਤੀ, ਰੂਪ ਅਨੂਪ ਆਪ ਵਖਾਇੰਦਾ । ਗੁਰਮੁਖ ਲਾਏ ਆਪਣੀ ਛਾਤੀ, ਸੀਨਾ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖਾਂ ਮਾਰੇ ਇਕੋ ਤੀਰ ਕਾਤੀ, ਮਨਮਤ ਤੀਰ ਚਲਾਇੰਦਾ । ਵੇਲੇ ਅੰਤ ਨਾ ਦੇਵੇ ਕੋਇ ਨਿਜਾਤੀ, ਗੁਰ ਅਵਤਾਰ ਪੱਲੂ ਸਰਬ ਛੁਡਾਇੰਦਾ । ਲੱਖ ਚੁਰਾਸੀ ਆਵਣ ਜਾਵਣ ਗੇੜੇ ਫਾਸੀ, ਰਾਏ ਧਰਮ ਹੁਕਮ ਵਰਤਾਇੰਦਾ । ਚਿਤਰ ਗੁਪਤ ਕਰੇ ਹਾਸੀ, ਲਿਖ ਲਿਖ ਲੇਖਾ ਸਰਬ ਵਖਾਇੰਦਾ । ਲਾੜੀ ਮੌਤ ਕਰੇ ਦਾਸੀ, ਦਾਸਾਂ ਦਾਸੀ ਆਪ ਬਣਾਇੰਦਾ । ਗੁਰਸਿਖ ਕੋਈ ਨਾ ਦੇਵੇ ਬਾਕੀ, ਜਿਸ ਸਤਿਗੁਰ ਆਪਣੀ ਦਇਆ ਕਮਾਇੰਦਾ । ਕਰ ਕਿਰਪਾ ਖੋਲ੍ਹੇ ਕਾਇਆ ਤਾਕੀ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਚੌਦਾਂ ਲੋਕ ਵਖਾਏ ਏਕਾ ਹਾਟੀ, ਚੌਦਾਂ


੯੬
੧੨

ਤਬਕ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਵੱਡਾ ਲੋਕਮਾਤ, ਸਤਿ ਸਤਿਗੁਰ ਇਕ ਸਮਝਾਈਆ । ਨਾਮ ਨਿਧਾਨਾ ਦੇਵੇ ਦਾਤ, ਠਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਚਰਨ ਬੰਧਾਏ ਏਕਾ ਨਾਤ, ਨਾਤਾ ਬਿਧਾਤਾ ਨਾ ਕੋਇ ਤੁੜਾਈਆ । ਲੇਖਾ ਜਾਣੇ ਪਿਤ ਮਾਤ, ਪੂਤ ਸਪੂਤਾ ਗੋਦ ਸੁਹਾਈਆ । ਕਲਜੁਗ ਅੰਤਮ ਪੁੱਛੇ ਵਾਤ, ਗੁਰ ਗੋਬਿੰਦ ਗਿਆ ਲਿਖਾਈਆ । ਪੁਰਖ ਅਕਾਲ ਰੱਖੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਦਇਆ ਆਪ ਕਮਾਈਆ । ਆਪਣੀ ਬਾਣੀ ਗਾਏ ਗਾਥ, ਚਾਰ ਵਰਨ ਕਰੇ ਪੜ੍ਹਾਈਆ । ਆਤਮ ਪਰਮਾਤਮ ਪੂਜਾ ਪਾਠ, ਅੱਖਰ ਵੱਖਰ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਲੇਖਾ ਮੁਕੇ ਚਾਰ ਜੁਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੇਤਰ ਨੈਣਾਂ ਨੀਰ ਵਹਾਈਆ । ਅੰਤਮ ਔਧ ਸਭ ਦੀ ਗਈ ਪੁਗ, ਥਿਰ ਕੋਇ ਨਜ਼ਰ ਨਾ ਆਈਆ । ਤੁਧ ਬਿਨ ਦੇਵੇ ਨਾ ਕੋਇ ਸੁੱਧ, ਨਾ ਚਲੇ ਕੋਇ ਚਤੁਰਾਈਆ । ਸਤਿਜੁਗ ਕਹੇ ਮੈਂ ਬੈਠਾ ਲੁੱਕ, ਤਿੰਨ ਜੁਗ ਨਾ ਲਈ ਅੰਗੜਾਈਆ । ਕਰ ਕਿਰਪਾ ਪ੍ਰਭ ਝੋਲੀ ਚੁੱਕ, ਮੇਰੀ ਆਸਾ ਪੂਰ ਕਰਾਈਆ । ਬਿਨ ਤੇਰੀ ਕਿਰਪਾ ਮੇਰਾ ਬੂਟਾ ਰਿਹਾ ਸੁੱਕ, ਗੁਰਮੁਖ ਹਰੇ ਨਾ ਕੋਇ ਕਰਾਈਆ । ਮੈਂ ਸੀਸ ਝੁਕਾਵਾਂ ਝੁਕ ਝੁਕ, ਦੋਏ ਜੋੜ ਪੜਾਂ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਤੇਰੀ ਕਿਰਪਾ ਜਾਵਾਂ ਉਠ, ਆਪਣਾ ਬਲ ਧਰਾਈਆ । ਕਰ ਕਿਰਪਾ ਦੇ ਦਾਨ, ਮੇਰੇ ਸਾਹਿਬ ਸੱਚੇ ਸੁਲਤਾਨਾ । ਮੈਂ ਛੋਟਾ ਬਾਲ ਅੰਜਾਣ, ਤੂੰ ਸ਼ਹਿਨਸ਼ਾਹ ਵਡ ਬਲਵਾਨਾ । ਤੂੰ ਵਾਲੀ ਦੋ ਜਹਾਨ, ਮੈਂ ਵੇਖਾਂ ਤੇਰਾ ਨਿਸ਼ਾਨਾ । ਤੂੰ ਦੇਣਾ ਧੁਰ ਫ਼ਰਮਾਣ, ਮੈਂ ਗਾਵਾਂ ਤੇਰਾ ਗਾਣਾ । ਤੇਰੇ ਭਗਤਾਂ ਮੇਲਾਂ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਤਿਗੁਰ ਹੋ ਮਿਹਰਵਾਨਾ । ਪੁਰਖ ਅਬਿਨਾਸ਼ੀ ਅਗੰਮ ਅਥਾਹ, ਅਗੰਮੜੀ ਕਾਰ ਆਪ ਸਮਝਾਇੰਦਾ । ਤੇਰਾ ਮਾਰਗ ਦਿਤਾ ਲਾ, ਸਤਿਜੁਗ ਰਾਹ ਚਲਾਇੰਦਾ । ਏਕਾ ਨਾਉਂ ਲਿਆ ਪਰਗਟਾ, ਸੋਹੰ ਤੇਰੀ ਝੋਲੀ ਪਾਇੰਦਾ । ਆਤਮ ਪਰਮਾਤਮ ਨਾਤਾ ਦਿਤਾ ਜੁੜਾ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਬਹੱਤਰ ਭਗਤ ਲਏ ਉਠਾ, ਆਪ ਆਪਣਾ ਪਰਦਾ ਲਾਹਿੰਦਾ । ਸੱਤਰਾਂ ਸਤਿ ਸਤਿਵਾਦੀ ਦਰ ਦਿਤਾ ਵਖਾ, ਨੇਤਰ ਨੈਣ ਨੈਣ ਜਣਾਇੰਦਾ । ਲੋਕਮਾਤ ਤੇਰਾ ਨਿਸ਼ਾਨਾ ਦਿਤਾ ਬਣਾ, ਛੱਤੀ ਛੱਤੀ ਵੰਡ ਵੰਡਾਇੰਦਾ । ਸਾਢੇ ਤਿੰਨ ਹੱਥ ਆਸਣ ਦਿਤਾ ਲਾ, ਰਵਦਾਸ ਚੁਮਾਰਾ ਸੇਵ ਕਮਾਇੰਦਾ । ਅੱਗਾ ਪਿੱਛਾ ਆਪੇ ਵੇਖੇ ਵੇਖੇ ਥਾਉਂ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਨੌਂ ਖੰਡ ਪ੍ਰਿਥਮੀ ਏਕਾ ਮੰਤਰ ਦਿਤਾ ਪੜ੍ਹਾ, ਵਿਸ਼ਨ ਬ੍ਰਹਮਾ ਸ਼ਿਵ ਸਰਬ ਜਸ ਗਾਇੰਦਾ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਆਪਣੀ ਗੋਦੀ ਲਏ ਬਹਾ, ਸੀਸ ਸੀਸ ਨਾ ਕੋਇ ਉਠਾਇੰਦਾ । ਅੱਗੇ ਆਪਣਾ ਮਾਰਗ ਦਿਤਾ ਲਾ, ਸਾਚਾ ਰਾਹ ਇਕ ਚਲਾਇੰਦਾ । ਸੋਹੰ ਗੌਣਾ ਸਭ ਨੇ ਨਾਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਅਲਾਇੰਦਾ । ਨਜ਼ਰੀ ਆਏ ਹਰ ਘਟ ਥਾਂ, ਸਤਿਜੁਗ ਤੇਰਾ ਸੰਗ ਨਿਭਾਇੰਦਾ । ਬੀਸ ਬੀਸਾ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸੁਣਿਆ ਮਾਤ, ਘਰ ਘਰ ਵੱਜੀ ਵਧਾਈਆ । ਪਾਰਬ੍ਰਹਮ ਪ੍ਰਭ ਦੇਵੇ ਦਾਤ, ਦੂਜਾ

ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟ ਸਬਾਈ ਸਾਚੀ ਗਾਥ, ਏਕਾ ਏਕ ਜਣਾਈਆ । ਨਵ ਨੌਂ ਚਲਾਏ ਆਪਣਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਸਰਬ ਕਲਾ ਆਪੇ ਸਮਰਥ, ਪੁਰਖ ਅਕਾਲ ਵਡੀ ਵਡਿਆਈਆ । ਸਤਿਜੁਗ ਸਾਚਾ ਮਾਰਗ ਦੱਸ, ਸਾਚੇ ਪੰਧ ਆਪ ਚਲਾਈਆ । ਜਨ ਭਗਤਾਂ ਅੰਤਰ ਆਪੇ ਵਸ, ਜਗਤ ਬਸੰਤਰ ਦਏ ਬੁਝਾਈਆ । ਏਕਾ ਮੰਤਰ ਗੌਣਾ ਹੱਸ ਹੱਸ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਗੁਰਸਿਖ ਤੇਰਾ ਏਥੇ ਓਥੇ ਦੋ ਜਹਾਨ ਹੋਵੇ ਜਸ, ਜਸ ਹਰਿ ਜੂ ਆਪੇ ਗਾਈਆ । ਕਲਜੁਗ ਅੰਤਮ ਤ੍ਰੈਗੁਣ ਵਿਚ ਨਾ ਜਾਣਾ ਫਸ, ਸਤਿਗੁਰ ਪੂਰਾ ਫਾਸੀ ਆਪ ਕਟਾਈਆ । ਸਚਖੰਡ ਦੁਆਰੇ ਜਾਣਾ ਵਸ, ਜਿਥੇ ਵਸੇ ਸਤਿਗੁਰ ਸੱਚਾ ਮਾਹੀਆ । ਜਨਮ ਜਨਮ ਦੀ ਪੂਰੀ ਹੋਈ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਕਰ ਕਿਰਪਾ ਕੀਤੀ ਬੰਦ ਖ਼ਲਾਸ, ਬੰਦੀਛੋੜ ਫੇਰਾ ਪਾਈਆ । ਗੁਰਨਾਮ ਹਰਿ ਕਾ ਦਾਸ, ਹਰਿ ਕੀ ਸੇਵਾ ਹਰਿ ਮੰਦਰ ਬਿਨ ਰਸਨਾ ਜਿਹਵਾ ਗਾਈਆ । ਬਿਨ ਰਸਨਾ ਜਿਹਵਾ ਹਰਿ ਕਾ ਗੀਤ, ਗੁਰਮੁਖ ਵਿਰਲਾ ਗਾਇੰਦਾ । ਲੱਖ ਚੁਰਾਸੀ ਫਿਰ ਫਿਰ ਥੱਕੀ ਮੰਦਰ ਮਸੀਤ, ਕਾਇਆ ਮੰਦਰ ਨਾ ਕੋਇ ਖੁਲ੍ਹਾਇੰਦਾ । ਹਰਿ ਕਾ ਸ਼ਬਦ ਸਾਚਾ ਸਤਿਗੁਰ ਮਿਲਿਆ ਨਾ ਇਕ ਅਨਡੀਠ, ਨਿਜ ਨੇਤਰ ਦਰਸ ਕੋਇ ਨਾ ਪਾਇੰਦਾ । ਰਸਨਾ ਜਿਹਵਾ ਗਾ ਗਾ ਥੱਕੀ ਗੀਤ, ਅਜੱਪਾ ਜਾਪ ਨਾ ਕੋਇ ਕਰਾਇੰਦਾ । ਜਿਸ ਜਨ ਸਤਿਗੁਰ ਪੂਰਾ ਕਰੇ ਆਪ ਪ੍ਰੀਤ, ਸਚ ਪ੍ਰੀਤੀ ਆਪ ਨਿਭਾਇੰਦਾ । ਸਤਿਜੁਗ ਚਲਾਈ ਸਾਚੀ ਰੀਤ, ਨਿਰਗੁਣ ਸਰਗੁਣ ਆਪ ਉਠਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇੰਦਾ । ਗੁਰਸਿਖ ਤੇਰੇ ਢੋਲੇ ਗਾਏ ਹਰਿ ਜੂ ਗੀਤ, ਆਪਣਾ ਗੀਤ ਨਾ ਕੋਇ ਵਡਿਆਇੰਦਾ । ਅੱਠੇ ਪਹਿਰ ਦਿਵਸ ਰੈਣ ਵਸੇ ਤੇਰੇ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਇੰਦਾ । ਆਪ ਬੈਠਾ ਰਹੇ ਅਤੀਤ, ਗੁਰਮੁਖ ਅਤੀਤ ਆਪ ਕਰਾਇੰਦਾ । ਕਲਜੁਗ ਜੀਵ ਮਾਇਆ ਰੁਲੇ ਵਿਸ਼ਟਾ ਕੀਟ, ਜੂਨੀ ਜੂਨ ਆਪ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਉਠਾਇੰਦਾ । ਗੁਰਮੁਖ ਵਿਰਲਾ ਜਾਏ ਉਠ, ਜਿਸ ਸਤਿਗੁਰ ਆਪ ਉਠਾਈਆ । ਦੇਵੇ ਦਰਸ ਨਾਮ ਭੰਡਾਰ ਅਤੁਟ, ਨਿਖੁਟ ਕਦੇ ਨਾ ਜਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਵਖਾਈਆ । ਕਾਇਆ ਮੌਲੇ ਸੋਹੇ ਧਰਤ ਬਸੰਤੀ ਰੁੱਤ, ਪਤ ਡਾਲੀ ਆਪ ਮਹਿਕਾਈਆ । ਪਾਰਬ੍ਰਹਮ ਦੇ ਸਾਚੇ ਪੁੱਤ, ਗੁਰਮੁਖ ਗੁਰਸਿਖ ਨਾਉਂ ਧਰਾਈਆ । ਅੰਤਮ ਗੋਦੀ ਲਏ ਚੁੱਕ, ਸ਼ਬਦ ਬਬਾਣੇ ਆਪ ਟਿਕਾਈਆ । ਲੋਕਮਾਤ ਚੋਂ ਸਾਚੇ ਬੂਟੇ ਪੁੱਟ, ਸਚਖੰਡ ਦੁਆਰੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਨਿਸ਼ਾਨ, ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਧਾਰ ਆਪ ਚਲਾਈਆ ।

### ✳ ੩ ਵਸਾਖ ੨੦੧੯ ਬਿਕਰਮੀ ਹਰਨਾਮ ਕੌਰ ਵੇਰਕਾ ਜ਼ਿਲਾ ਅੰਮ੍ਰਿਤਸਰ ✳

ਸਤਿ ਦੁਆਰਾ ਪਦ ਨਿਰਬਾਣੀ, ਨਿਰਬਾਣ ਪਦ ਸੁਹਾਈਆ । ਨਿਤ ਨਵਿਤ ਤੇਰੀ ਬਾਣੀ, ਹਰਿ ਜੂ ਤੇਰਾ ਨਾਮ ਸਮਝਾਈਆ । ਜੁਗ ਚੌਕੜੀ ਅਕੱਥ ਕਹਾਣੀ, ਕਥਨੀ ਕਥਾ ਸਿਫ਼ਤ ਸਾਲਾਹੀਆ । ਲੋਕਮਾਤ ਸਤਿ ਨਿਸ਼ਾਨੀ, ਸਤਿ ਪੁਰਖ ਨਿਰੰਜਣ ਇਕ ਰਖਾਈਆ । ਪੰਜ ਤਤ ਕਾਇਆ

ਅੰਤਰ ਜਾਣ ਜਾਣੀ, ਜਾਨਣਹਾਰ ਖੇਲ ਕਰਾਈਆ । ਕਲਜੁਗ ਅੰਤਮ ਕਰ ਮਿਹਰਵਾਨੀ, ਮਿਹਰਵਾਨ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਸਚਖੰਡ ਦੁਆਰਾ ਖੋਲ੍ਹ ਦੁਕਾਨੀ, ਦਰ ਦਰਵਾਜ਼ਾ ਇਕ ਵਖਾਈਆ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨੀ, ਸਚ ਸਿੰਘਾਸਣ ਸੋਭਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਮਾਣੀ, ਚਰਨ ਕਵਲ ਸੱਚੀ ਸਰਨਾਈਆ । ਲੇਖਾ ਚੁਕਾ ਚਾਰ ਖਾਣੀ, ਚਾਰ ਜੁਗ ਪੰਧ ਮੁਕਾਈਆ । ਹੁਕਮ ਮੰਨਣਾ ਇਕ ਭਗਵਾਨੀ, ਸ੍ਰੀ ਭਗਵਾਨ ਆਪ ਸਮਝਾਈਆ । ਮੇਲ ਮਿਲਾਵਾ ਨੂਰ ਨੁਰਾਨੀ, ਜੋਤੀ ਨੂਰ ਨੂਰ ਸਮਾਈਆ । ਲੇਖਾ ਜਾਣੇ ਆਵਣ ਜਾਣੀ, ਆਵਤ ਜਾਵਤ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਦੀ ਸਾਚੀ ਗਾਥਾ, ਸਤਿ ਸਤਿਵਾਦੀ ਆਪ ਜਣਾਇੰਦਾ । ਨਿਰਗੁਣ ਨਿਰਗੁਣ ਚਲਾਏ ਰਾਥਾ, ਰਥ ਰਥਵਾਹੀ ਦਿਸ ਨਾ ਆਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਹੁਕਮ ਵਰਤਾਇੰਦਾ । ਪਰਗਟ ਹੋ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣਾ ਭੇਵ ਚੁਕਾਇੰਦਾ । ਚਾਰ ਜੁਗ ਚੌਕੜੀ ਕਰ ਕਰ ਦਾਸੀ ਦਾਸਾ, ਸੇਵਕ ਸੇਵਾ ਰੂਪ ਜਣਾਇੰਦਾ । ਇਕੋ ਮੰਤਰ ਦੇ ਭਰਵਾਸਾ, ਹਰਿ ਨਾਮੋ ਨਾਮ ਦ੍ਰਿੜਾਇੰਦਾ । ਸਰਨ ਸਰਨਾਈ ਸਚ ਭਰਵਾਸਾ, ਸਤਿ ਸਤਿਵਾਦੀ ਆਪ ਰਖਾਇੰਦਾ । ਅੰਤਮ ਕਰੇ ਪੂਰੀ ਆਸਾ, ਤ੍ਰਿਸ਼ਨਾ ਤ੍ਰਿਖਾ ਸਰਬ ਬੁਝਾਇੰਦਾ । ਪਰਗਟ ਹੋ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਧਾਰ ਰਖਾਇੰਦਾ । ਵੇਖਣਹਾਰਾ ਖੇਲ ਤਮਾਸ਼ਾ, ਦੋ ਜਹਾਨਾਂ ਵੇਖ ਵਖਾਇੰਦਾ । ਸਾਚੇ ਮੰਦਰ ਪਾਵੇ ਰਾਸਾ, ਸਚਖੰਡ ਸਾਚਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਚਲਾਇੰਦਾ । ਧੁਰ ਦੀ ਧਾਰ ਧੁਰ ਦਰਬਾਰਾ, ਹਰਿ ਸਾਚਾ ਸਚ ਚਲਾਈਆ । ਆਦਿ ਪੁਰਖ ਹਰਿ ਕਰ ਪਸਾਰਾ, ਅੰਤ ਆਪੇ ਵੇਖ ਵਖਾਈਆ । ਲੇਖਾ ਜਾਣ ਗੁਰ ਅਵਤਾਰਾ, ਪੂਰਬ ਲਹਿਣਾ ਰਿਹਾ ਸਮਝਾਈਆ । ਉਠੋ ਵੇਖੋ ਨੈਣ ਨਜ਼ਾਰਾ, ਨਜ਼ਰ ਨਜ਼ਰ ਨਾਲ ਮਿਲਾਈਆ । ਪਰਗਟ ਹੋਏ ਪਰਵਰਦਿਗਾਰਾ, ਪਾਰਬ੍ਰਹਮ ਵਡੀ ਵਡਿਆਈਆ । ਜਿਸ ਦੀਆਂ ਗੌਂਦੇ ਆਏ ਵਾਰਾਂ, ਖਾਣੀ ਬਾਣੀ ਨਾਲ ਸਾਲਾਹੀਆ । ਜਿਸ ਦੀ ਸਿਫ਼ਤ ਕਰ ਕਰ ਬਣੇ ਲਿਖਾਰਾ, ਲਿਖ ਲਿਖ ਲੇਖ ਮਾਤ ਧਰਾਈਆ । ਜਿਸ ਨੇ ਅੰਤਮ ਕੀਆ ਪਾਰ ਕਿਨਾਰਾ, ਬਚਿਆ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਹੋ ਨਿਆਰਾ, ਸਚਖੰਡ ਬੈਠਾ ਆਸਣ ਲਾਈਆ । ਲੇਖਾ ਜਾਣ ਗੁਰ ਅਵਤਾਰਾ, ਪੂਰਬ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਸਚਖੰਡ ਦਾ ਸਚ ਵਿਹਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਜੁਗ ਚੌਕੜੀ ਕਿਸੇ ਨਾ ਪਾਈ ਸਾਰ, ਗੁਰ ਅਵਤਾਰ ਸੀਸ ਝੁਕਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜਿਸ ਜਨ ਦੇਵੇ ਆਪ ਦੀਦਾਰ, ਦਰਸੀ ਆਪਣਾ ਤਰਸ ਕਮਾਇੰਦਾ । ਸੋ ਜਨ ਬੋਲੇ ਮਾਤ ਗੁਫ਼ਤਾਰ, ਅੱਖਰ ਵੱਖਰ ਆਪ ਪੜ੍ਹਾਇੰਦਾ । ਅੰਤਮ ਪੰਜ ਤਤ ਕਾਇਆ ਚੋਲਾ ਗਏ ਹਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਜੁਗਾ ਜੁਗੰਤਰ ਵੇਖਣਹਾਰ, ਸਚਖੰਡ ਦੁਆਰੇ ਆਸਣ ਲਾਇੰਦਾ । ਕਲਜੁਗ ਅੰਤਮ ਖੋਲ੍ਹ ਕਿਵਾੜ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹ ਸਾਚੀ ਧਾਮ ਵਡਿਆਇੰਦਾ । ਦਰਗਹਿ ਸਾਚੀ ਸਚ ਸਿੰਘਾਸਣ, ਹਰਿ ਸਾਚਾ ਆਪੇ ਲਾਈਆ । ਚਾਰ ਜੁਗ ਕਰ ਕਰ ਦਾਸੀ

ਦਾਸਨ, ਸੇਵਕ ਸੇਵਾ ਇਕ ਸਮਝਾਈਆ । ਕਲਜੁਗ ਅੰਤਮ ਕਰੇ ਖੇਲ ਖੇਲ ਤਮਾਸ਼ਨ, ਪਾਰਬ੍ਰਹਮ ਵਡੀ ਵਡਿਆਈਆ । ਜਨ ਭਗਤਾਂ ਕਰੇ ਪੂਰੀ ਆਸਣ, ਆਸਾ ਆਪਣੀ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਧਾਮ ਸੁਹਾਈਆ । ਦਰਗਹਿ ਸਾਚੀ ਸਚ ਸੁਲਤਾਨਾ, ਏਕਾ ਆਸਣ ਲਾਇੰਦਾ । ਤੇਈ ਅਠਾਰਾਂ ਦਸ ਤ੍ਰੈ ਦੇ ਗਿਆਨਾ, ਚਾਰ ਚਾਰ ਆਪ ਸਮਝਾਇੰਦਾ । ਪੰਚਮ ਪੰਚ ਕਰ ਪਰਧਾਨਾ, ਨਾਦੀ ਨਾਦ ਨਾਦ ਵਜਾਇੰਦਾ । ਨਰ ਨਰੇਸ਼ ਇਕ ਸੁਣਾਏ ਗਾਨਾ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਖੇਲ ਕਰਾਇੰਦਾ । ਦਰਗਹਿ ਸਾਚੀ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਨਿਮਸਕਾਰਾ, ਦਰ ਬੈਠੇ ਸੀਸ ਝੁਕਾਈਆ । ਅੰਤਮ ਹੋਇਆ ਪਾਰ ਕਿਨਾਰਾ, ਲੋਕਮਾਤ ਬੰਧਨ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਏਕਾ ਮਿਲੇ ਤੇਰਾ ਦੁਆਰਾ, ਦੂਜੀ ਓਟ ਨਾ ਕੋਇ ਤਕਾਈਆ । ਦਿਵਸ ਰੈਣ ਦਰਸ ਦੀਦਾਰਾ, ਦੀਦ ਦੀਦ ਨਾਲ ਮਿਲਾਈਆ । ਚਰਨ ਸਰਨ ਧੂੜੀ ਖ਼ਾਕ ਮਿਲੇ ਛਾਰਾ, ਮਸਤਕ ਟਿੱਕਾ ਏਕਾ ਲਾਈਆ । ਤੇਰੇ ਨਾਮ ਵੱਜਦੀ ਰਹੇ ਸਤਾਰਾ, ਦੂਸਰ ਰਾਗ ਨਾ ਕੋਇ ਅਲਾਈਆ । ਏਕਾ ਅਲਫ਼ ਤੇਰਾ ਨਿਆਰਾ, ਆਰਫ਼ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਹਿ ਸਾਚੀ ਬੈਠੇ ਸੀਸ ਝੁਕਾਈਆ । ਦਰਗਹਿ ਸਾਚੀ ਝੁਕਿਆ ਸੀਸ, ਸਿਰ ਨਜ਼ਰ ਕੋਇ ਨਾ ਆਇੰਦਾ । ਕਿਰਪਾ ਕਰੇ ਆਪ ਜਗਦੀਸ਼, ਜਗਦੀਸ਼ਰ ਖੇਲ ਕਰਾਇੰਦਾ । ਦੇਵਣਹਾਰਾ ਆਪ ਅਸੀਸ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਪੀਸਣ ਲਿਆ ਪੀਸ, ਮਾਤ ਚੱਕੀ ਇਕ ਵਖਾਇੰਦਾ । ਅੰਤਮ ਸਭ ਨੂੰ ਦੇਵੇ ਇਕ ਹਦੀਸ, ਸ਼ਰਅ ਸ਼ਰੀਅਤ ਇਕ ਜਣਾਇੰਦਾ । ਪੁਰਖ ਅਬਿਨਾਸ਼ੀ ਆਪ ਜਣਾਏ ਆਪਣੀ ਪ੍ਰੀਤ, ਦੂਜੀ ਓਟ ਨਾ ਕੋਇ ਰਖਾਇੰਦਾ । ਸਤਿਜੁਗ ਚਲਾਏ ਸਾਚੀ ਰੀਤ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਸਾਰੇ ਗਾਓ ਸੋਹੰ ਗੀਤ, ਗੀਤ ਅਤੀਤ ਆਪ ਕਰਾਇੰਦਾ । ਲੋਕਮਾਤ ਨਾਤਾ ਤੁਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਚਾਰ ਦੀਵਾਰ ਵੰਡ ਨਾ ਕੋਇ ਵੰਡਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਆਪਣਾ ਆਸਣ ਲਾਇੰਦਾ । ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤ, ਅੰਮ੍ਰਿਤ ਰਸ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਏਕਾ ਨਾਮ ਪੜ੍ਹਾਇੰਦਾ ।

### ❋ ੩ ਵਸਾਖ ੨੦੧੯ ਬਿਕਰਮੀ ਪਸ਼ੌਰਾ ਸਿੰਘ ਦੇ ਗ੍ਰਿਹ ਵੇਰਕਾ ਜ਼ਿਲਾ ਅੰਮ੍ਰਿਤਸਰ ❋

ਦਰ ਦਰਵੇਸ਼ ਬਣ ਭਿਖਾਰ, ਦਰਗਹਿ ਸਾਚੀ ਸੀਸ ਝੁਕਾਈਆ । ਚੁਹੱਤਰ ਦੋਏ ਜੋੜ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੁਲਤਾਨ ਪਰਵਰਦਿਗਾਰ, ਬੇਐਬ ਨੂਰ ਖ਼ੁਦਾਈਆ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਆਸਣ ਲਾਈਆ । ਨੂਰੀ ਜਲਵਾ ਨੂਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਸਚ ਸਿੰਘਾਸਣ ਕਰ ਪਿਆਰ, ਸਾਚੇ ਤਖ਼ਤ ਸੋਭਾ ਪਾਈਆ । ਸਚ ਸੰਦੇਸ਼ਾ ਏਕਾ ਵਾਰ, ਧੁਰ ਫ਼ਰਮਾਣਾ

ਮੰਨਿਆਂ ਹੁਕਮ ਰਜਾਈਆ । ਤੇਰਾ ਢੋਲਾ ਗਾਈਏ ਵਾਰ, ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਜੁਗ ਚੌਕੜੀ ਉਤਰੀ ਪਾਰ, ਲੋਕਮਾਤ ਰਹਿਣ ਨਾ ਪਾਈਆ । ਲੱਖ ਚੁਰਾਸੀ ਨਾਤਾ ਤੁਟਾ ਸਗਲਾ ਯਾਰ, ਸਗਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਜਗਾਇਣ ਅਲੱਖ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਹੋ ਪਰਤੱਖ, ਸਤਿ ਸਤਿਵਾਦੀ ਆਪ ਜਣਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਵਿਚੋਂ ਚੁਹੱਤਰ ਕੀਤੇ ਵੱਖ, ਆਪ ਆਪਣਾ ਬੰਧਨ ਪਾਈਆ । ਸਚਖੰਡ ਦੁਆਰੇ ਜਾਣਾ ਵਸ, ਦੂਸਰ ਦਰ ਨਾ ਕੋਇ ਖੁਲ੍ਹਾਈਆ । ਏਕਾ ਨੂਰ ਜੋਤ ਪ੍ਰਕਾਸ਼, ਦੀਆ ਬਾਤੀ ਨਾ ਕੋਇ ਜਗਾਈਆ । ਕਲਜੁਗ ਅੰਤਮ ਪੂਰੀ ਕਰਾਂ ਸਭ ਦੀ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਨਾਤਾ ਛੁੱਟਾ ਪ੍ਰਿਥਮੀ ਆਕਾਸ਼, ਗਗਨ ਮੰਡਲ ਪੰਧ ਮੁਕਾਈਆ । ਏਕਾ ਬਖ਼ਸ਼ੇ ਸਚਖੰਡ ਦੁਆਰੇ ਸਚ ਨਿਵਾਸ, ਚਰਨ ਸਰਨ ਸੱਚੀ ਸਰਨਾਈਆ । ਏਕਾ ਨਾਉਂ ਇਕ ਸਵਾਸ, ਬਿਨ ਪਵਣਾਂ ਪਵਣ ਚਲਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਏਕਾ ਮੰਡਲ ਪਾਵੇ ਰਾਸ, ਗੋਪੀ ਕਾਹਨ ਇਕ ਨਚਾਈਆ । ਏਕਾ ਕਰੇ ਬੰਦ ਖ਼ੁਲਾਸ, ਜੁਗ ਚੌਕੜੀ ਬੰਧਨ ਆਪ ਕਟਾਈਆ । ਏਕਾ ਦੇਵੇ ਸਚ ਨਿਵਾਸ, ਦਰਗਹਿ ਸਾਚੀ ਭੂਮਕਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰ ਦਵਾਰ ਮੰਗਣ ਦਾਨ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਇਕ ਤੇਰੀ ਓਟ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਖਾਣੀ ਬਾਣੀ ਗਾ ਗਾ ਆਏ ਤੇਰਾ ਗਾਨ, ਰਸਨਾ ਜਿਹਵਾ ਕਰ ਪੜ੍ਹਾਈਆ ।
੬੧ ਲੇਖਾ ਲਿਖ ਲਿਖ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੬੧
ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਇਕੋ ਮੰਗ, ਸੱਤ ਚਾਰ ਖੇਲ ਰਖਾਇੰਦਾ । ਠਾਕਰ ਸਵਾਮੀ ਸੂਰਾ ਸਰਬੰਗ, ਆਪਣਾ ਹੁਕਮ ਆਪ ਵਰਤਾਇੰਦਾ ।
੧੨ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਵਜਾਏ ਮਰਦੰਗ, ਨਾਮ ਮਰਦੰਗਾ ਹੱਥ ਉਠਾਇੰਦਾ । ਦੋ ਜਹਾਨਾਂ ਚੌਦਾਂ ਲੋਕ ਤ੍ਰੈਭਵਣ ਧਨੀ ਆਪੇ ਵੇਖੇ ਲੰਘ, ਚੌਦਾਂ ਤਬਕ ਫੇਰਾ ਪਾਇੰਦਾ । ਲੱਖ ਚੁਰਾਸੀ ਵੇਖਣਹਾਰਾ ਜੀਵ ਜੰਤ ਸਾਧ ਸੰਤ ਭੁੱਖ ਨੰਗ, ਗ੍ਰਿਹਿ ਗ੍ਰਿਹਿ ਮੰਦਰ ਆਪਣਾ ਡੰਕ ਵਜਾਇੰਦਾ । ਪਾਵੇ ਸਾਰ ਕੋਟਨ ਕੋਟ ਬ੍ਰਹਿਮੰਡ ਰਵ ਸਸ ਸੂਰਜ ਚੰਨ, ਹੁਕਮੀ ਹੁਕਮ ਆਪ ਭੁਵਾਇੰਦਾ । ਕਲਜੁਗ ਅੰਤਮ ਲੇਖਾ ਜਾਣੇ ਪ੍ਰਿਥਮੀ ਨੌਂ ਖੰਡ, ਸੱਤਾਂ ਦੀਪਾਂ ਆਪਣਾ ਹੁਕਮ ਵਰਤਾਇੰਦਾ । ਗੁਰਮੁਖ ਸਾਚੇ ਸੱਜਣ ਸੁਹੇਲੇ ਸਤਿ ਸਤਿਵਾਦੀ ਆਪ ਚੜ੍ਹਾਏ ਸਾਚੇ ਚੰਦ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਏਕਾ ਦੇਵੇ ਆਤਮ ਅਨੰਦ, ਪਰਮਾਨੰਦ ਵਿਚ ਵਖਾਇੰਦਾ । ਸਚਖੰਡ ਦੁਆਰੇ ਹਰਿ ਨਿਰੰਕਾਰੇ ਇਕ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਆਪੇ ਗਾਇੰਦਾ । ਨਿਰਗੁਣ ਸਰਗੁਣ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਵੰਡੀ ਵੰਡ, ਈਸ਼ ਜੀਵ ਜਗਦੀਸ਼ ਝੋਲੀ ਆਪ ਭਰਾਇੰਦਾ । ਕਰੇ ਖੇਲ ਸੂਰਾ ਸਰਬੰਗ, ਸਚਖੰਡ ਦੁਆਰੇ ਵੰਡੀ ਵੰਡ, ਦਰਗਹਿ ਸਾਚੀ ਸਾਚਾ ਥਾਨ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਜਣਾਈਆ । ਕਲਜੁਗ ਆਈ ਅੰਤਮ ਵਾਰ, ਲੋਕਮਾਤ ਲਹਿਣਾ ਰਿਹਾ ਮੁਕਾਈਆ । ਚਾਰ ਵਰਨ ਚੌਥੇ ਜੁਗ ਹੋਏ ਖ਼ਵਾਰ, ਸ਼ੱਤਰੀ ਬ੍ਰਹਿਮਣ ੧੨

ਸ਼ੂਦਰ ਵੈਸ਼ ਦੇਣ ਦੁਹਾਈਆ । ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਕਰਨ ਪੁਕਾਰ, ਗ਼ਰੀਬ ਨਿਮਾਣੇ ਕੂਕ ਕੂਕ ਸੁਣਾਈਆ । ਤੀਰਥ ਤੱਟ ਨਾ ਕੋਇ ਪਾਵੇ ਸਾਰ, ਮੰਦਰ ਮਸਜਿਦ ਮੱਠ ਨਾ ਕੋਇ ਆਧਾਰ, ਆਤਮ ਤਾਕੀ ਬੰਦ ਕਿਵਾੜਾ ਨਾ ਕੋਇ ਖੁਲ੍ਹਾਈਆ । ਸਾਚਾ ਸਾਥਾ ਏਕੰਕਾਰ, ਆਦਿ ਜੁਗਾਦੀ ਕਰੇ ਖੇਲ ਅਪਾਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰੇ ਪਾਰ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਸਰਗੁਣ ਪਰਦਾ ਦਏ ਉਠਾਈਆ । ਸਚਖੰਡ ਦਾ ਸਚ ਜੈਕਾਰ, ਜੈ ਜੈਕਾਰ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਕਰੋੜ ਤਤੀਸਾ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਭਿਖਾਰ, ਦਰ ਬੈਠੇ ਮੰਗ ਮੰਗਾਈਆ । ਵਾਹ ਵਾ ਕੁਦਰਤ ਤੇਰੀ ਯਾਰ, ਕਾਦਰ ਕਰਤੇ ਭੇਵ ਕੋਇ ਨਾ ਪਾਈਆ । ਤੇਰੀ ਰਹਿਮਤ ਅਪਰ ਅਪਾਰ, ਰਹੀਮ ਰਹਿਮਾਨ ਤੇਰੀ ਵਡਿਆਈਆ । ਦਰ ਮੰਗਣ ਏਕਾ ਵਾਰ, ਇਕ ਇਕੱਲਾ ਪੁਰਖ ਅਬਿਨਾਸ਼ੀ ਦੇਵੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਚ ਭੰਡਾਰਾ ਦੇਵਣਹਾਰਾ ਏਕੰਕਾਰਾ ਗੁਰ ਅਵਤਾਰਾਂ ਬਣ ਵਰਤਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਏਕਾ ਏਕ, ਸੋ ਪੁਰਖ ਨਿਰੰਜਣ ਆਪੇ ਪਾਈਆ । ਸਤਿਜੁਗ ਸਾਚੀ ਰੱਖਣੀ ਟੇਕ, ਪੁਰਖ ਅਬਿਨਾਸ਼ੀ ਸੀਸ ਝੁਕਾਈਆ । ਕਲਜੁਗ ਅੰਤਮ ਮਿਟੇ ਰੇਖ, ਰੂਪ ਰੰਗ ਨਜ਼ਰ ਕੋਇ ਨਾ ਆਈਆ । ਚਾਰ ਵਰਨ ਕਰੇ ਇਕ ਆਦੇਸ਼, ਅਠਾਰਾਂ ਬਰਨ ਇਕ ਪੜ੍ਹਾਈਆ । ਦੋ ਜਹਾਨਾਂ ਸਚ ਨਰੇਸ਼, ਨਰ ਨਿਰੰਕਾਰਾ ਬਲ ਧਰਾਈਆ । ਘਟ ਘਟ ਅੰਦਰ ਰਿਹਾ ਵੇਖ, ਆਤਮ ਸੇਜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ
੬੨ ਤੇਰੀ ਅੰਤਮ ਵਰ, ਸਾਚੀ ਭਿਖਿਆ ਭਿਖਕ ਝੋਲੀ ਆਪ ਭਰਾਈਆ । ਭਿਖਕ ਭਿਖਿਆ ਦੇਵੇ ਵਸਤ, ਅਮੋਲਕ ਆਪ ਵਰਤਾਇੰਦਾ । ਲੇਖਾ ਜਾਣੇ ੬੨
੧੨ ਕੀਟ ਹਸਤ, ਰਾਉ ਰੰਕ ਖੇਲ ਕਰਾਇੰਦਾ । ਲਹਿਣਾ ਦੇਣਾ ਚੁਕਾਏ ਦਸਤ ਬਦਸਤ, ਦਸਤਗੀਰ ਫੇਰਾ ਪਾਇੰਦਾ । ਵੇਖ ਵਖਾਏ ਉਦੇ ਅਸਤ, ੧੨
ਉਤਰ ਪੂਰਬ ਪੱਛਮ ਦੱਖਣ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਹਰਿ ਭੰਡਾਰ, ਸਤਿ ਸਤਿਵਾਦੀ ਆਪ ਵਰਤਾਈਆ । ਸਚਖੰਡ ਦੁਆਰੇ ਹੋ ਤਿਆਰ, ਸਚ ਸਿੰਘਾਸਣ ਆਸਣ ਲਾਈਆ । ਨਿਰਮਲ ਜੋਤੀ ਕਰ ਉਜਿਆਰ, ਸਾਚੀ ਚੋਟੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਆਪ ਵਖਾਈਆ । ਸਾਚੀ ਭਿਛਿਆ ਏਕਾ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਚੁਹੱਤਰਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਨਵ ਨੌਂ ਚਾਰ ਦਾ ਅੰਤਮ ਛੰਦ, ਸੋਹੰ ਢੋਲਾ ਆਪੇ ਗਾਇੰਦਾ । ਆਤਮ ਪਰਮਾਤਮ ਟੁੱਟੀ ਲਏ ਗੰਢ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਪੰਚ ਵਿਕਾਰਾ ਖੰਡ ਖੰਡ, ਖੰਡਾ ਖੜਗ ਇਕ ਖੜਕਾਇੰਦਾ । ਨਾਤਾ ਤੁਟਾ ਜੇਰਜ ਅੰਡ, ਉਤਭੁਜ ਸੇਤਜ ਨਾ ਫੇਰ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਸਾਚੀ ਵਸਤ ਆਪਣਾ ਨਾਉਂ, ਨਰ ਨਿਰੰਕਾਰਾ ਆਪ ਵਰਤਾਇੰਦਾ । ਜੁਗਾ ਜੁਗੰਤਰ ਪੰਜ ਤਤ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਸੁਰਤੀ ਸ਼ਬਦੀ ਪਕੜਨਹਾਰਾ ਬਾਹੋਂ, ਸਾਚਾ ਬੰਧਨ ਏਕਾ ਪਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਆਪ ਵਖਾਇੰਦਾ । ਆਦਿ ਜੁਗਾਦੀ ਪਿਤਾ ਮਾਉਂ,

ਗੁਰ ਅਵਤਾਰ ਪੂਤ ਸਪੂਤੇ ਗੋਦ ਬਹਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਉਂ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਆਪ ਮੁਕਾਇੰਦਾ । ਸਾਚਾ ਲਹਿਣਾ ਵਿਚ ਸੰਸਾਰ, ਸਤਿਗੁਰ ਸਾਚਾ ਆਪ ਮੁਕਾਈਆ । ਚਾਰ ਵਰਨਾਂ ਦਏ ਪਿਆਰ, ਵਰਨ ਗੋਤ ਨਾ ਕੋਇ ਰਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਮੰਦਰ ਦੇਵੇ ਵਾੜ, ਕਾਇਆ ਬੰਕ ਬੰਕ ਵਡਿਆਈਆ । ਮੇਟ ਮਿਟਾਏ ਅਗਨੀ ਹਾੜ, ਤਤਵ ਤਤ ਨਾ ਕੋਇ ਜਲਾਈਆ । ਕਰੇ ਪਰਕਾਸ਼ ਬਹੱਤਰ ਨਾੜ, ਜੋਤੀ ਜੋਤ ਜੋਤ ਰੁਸ਼ਨਾਈਆ । ਕਰ ਕਿਰਪਾ ਲਾਏ ਪਾਰ, ਕਿਰਪਨ ਆਪੇ ਹੋਏ ਸਹਾਈਆ । ਏਥੇ ਓਥੇ ਦੋ ਜਹਾਨਾਂ ਦਰਸ ਦਏ ਵਖਾਲ, ਸਵਛ ਸਰੂਪੀ ਰੂਪ ਵਟਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਰਾਜ ਰਾਜਾਨਾਂ ਬੰਧਨ ਪਾਈਆ । ਅੰਤਮ ਆਪਣਾ ਹੱਲ ਕਰੇ ਸਵਾਲ, ਬਣ ਸਵਾਲੀ ਮੰਗਣ ਦਰ ਕਿਤੇ ਨਾ ਜਾਈਆ । ਚਰਨਾਂ ਹੇਠ ਰਖਾਏ ਕਾਲ ਮਹਾਕਾਲ, ਹੁਕਮੀ ਹੁਕਮ ਆਪ ਭੁਵਾਈਆ । ਜੁਗ ਚੌਕੜੀ ਕਰੇ ਬਹਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਮਨਾਈਆ । ਗੁਰਮੁਖਾਂ ਵੇਖੇ ਕੀਤੀ ਘਾਲ, ਕੀਤੀ ਘਾਲ ਲੇਖੇ ਪਾਈਆ । ਸ਼ਬਦ ਸਰੂਪੀ ਬਣ ਦਲਾਲ, ਗੁਰ ਗੁਰ ਵੇਸ ਵਟਾਈਆ । ਅੰਦਰ ਬਾਹਰ ਸੁਰਤ ਲਏ ਸੰਭਾਲ, ਗੁਪਤ ਜ਼ਾਹਰ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਖਾਈਆ । ਸਾਚੀ ਵਸਤ ਏਕੰਕਾਰ, ਅਕਲ ਕਲ ਆਪਣੀ ਆਪ ਵਰਤਾਇੰਦਾ । ਜੁਗ ਚੌਕੜੀ ਸਚ ਭੰਡਾਰ, ਵਿਸ਼ਨ ਬ੍ਰਹਮਾ ਸ਼ਿਵ ਆਪ ਵਰਤਾਇੰਦਾ । ਤੇਈ ਅਵਤਾਰਾਂ ਦੇ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਅਠਾਰਾਂ ਖੋਲ੍ਹ ਕਿਵਾੜ, ਆਤਮ ਪਰਮਾਤਮ ਮੇਲ ਮਿਲਾਇੰਦਾ । ਲੇਖਾ ਜਾਣੇ ਨਾਨਕ ਗੋਬਿੰਦ ਧਾਰ, ਜੋਤੀ ਜੋਤ ਡਗਮਗਾਇੰਦਾ । ਆਦਿ ਜੁਗਾਦੀ ਇਕ ਅਵਤਾਰ, ਗੁਰ ਗੁਰ ਆਪਣਾ ਨਾਉਂ ਰਖਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰ, ਬੋਧ ਅਗਾਧੀ ਢੋਲਾ ਗਾਇੰਦਾ । ਦੋ ਜਹਾਨਾਂ ਪਾਵੇ ਸਾਰ, ਤ੍ਰੈਭਵਣ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੇ ਤਖ਼ਤ ਬੈਠਾ ਚੜ੍ਹ, ਉਚ ਮਹੱਲੇ ਸੋਭਾ ਪਾਇੰਦਾ । ਉਚ ਮਹੱਲਾ ਸਚ ਮਨਾਰਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਏਕਾ ਵਸੇ ਏਕੰਕਾਰਾ, ਦੂਜਾ ਸੰਗ ਨਾ ਕੋਇ ਰਖਾਈਆ । ਜੁਗਾ ਜੁਗੰਤਰ ਲੈ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਨਿਰਗੁਣ ਸਰਗੁਣ ਕਰੇ ਪਿਆਰਾ, ਸਰਗੁਣ ਨਿਰਗੁਣ ਜੋੜ ਜੁੜਾਈਆ । ਨਾਮ ਨਿਧਾਨਾ ਬੋਲ ਜੈਕਾਰਾ, ਅੱਖਰ ਵੱਖਰ ਕਰੇ ਪੜ੍ਹਾਈਆ । ਕਾਗਦ ਕਲਮ ਲਿਖਣਹਾਰਾ, ਲਿਖ ਲਿਖ ਲੇਖ ਜਗਤ ਸਮਝਾਈਆ । ਆਪੇ ਵਸੇ ਸਭ ਤੋਂ ਨਿਆਰਾ, ਦਿਸ ਕਿਸੇ ਨਾ ਆਈਆ । ਕਲਜੁਗ ਅੰਤਮ ਖੇਲ ਕਰੇ ਅਪਾਰਾ, ਭੇਵ ਅਭੇਦ ਖੁਲ੍ਹਾਈਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਮਹਾਬਲੀ ਰੂਪ ਅਨੂਪ ਆਪ ਪਰਗਟਾਈਆ । ਨਾਮ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਈਆ । ਜੇਰਜ ਅੰਡਾਂ ਦਏ ਹੁਲਾਰਾ, ਉਤਭੁਜ ਸੇਤਜ ਨਾਲ ਭੁਆਈਆ । ਲੱਖ ਚੁਰਾਸੀ ਉਤਰੇ ਪਾਰ ਕਿਨਾਰਾ, ਮੰਝਧਾਰਾ ਆਪ ਰੁੜ੍ਹਾਈਆ । ਕਲਜੁਗ ਮਿਟੇ ਕੂੜ ਕੁੜਿਆਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਵਰਤੇ ਸਚ ਵਰਤਾਰਾ, ਗੁਰਮੁਖ ਸਾਚੇ ਨਾਲ ਮਿਲਾਈਆ । ਭਗਤਨ ਮੇਲਾ ਭਗਤ ਦੁਆਰਾ, ਸ੍ਰੀ ਭਗਵਾਨ ਆਪ ਕਰਾਈਆ । ਸੰਤਨ ਦੇਵੇ ਇਕ ਆਧਾਰਾ, ਚਰਨ ਕਵਲ ਸੱਚੀ ਸਰਨਾਈਆ । ਗੁਰਸਿਖਾਂ ਕਰੇ ਸਚ ਪਿਆਰਾ, ਸਮਰਥ ਪੁਰਖ ਬੇਪਰਵਾਹੀਆ । ਜੀਂਵਦਿਆਂ ਕਰੇ ਪਾਰ ਕਿਨਾਰਾ, ਮਰਿਆਂ ਜਮ ਨੇੜ ਕਦੇ

ਨਾ ਆਈਆ। ਚਿਤਰ ਗੁਪਤ ਨਾ ਬਣੇ ਲਿਖਾਰਾ, ਰਾਏ ਧਰਮ ਨਾ ਦਏ ਸਜ਼ਾਈਆ। ਲਾੜੀ ਮੌਤ ਨਾ ਕਰੇ ਸ਼ਿੰਗਾਰਾ, ਗੁਰਸਿਖ ਪਰਨਾਵਣ ਕਦੇ ਨਾ ਆਈਆ। ਪੁਰਖ ਅਬਿਨਾਸ਼ੀ ਅਗੰਮ ਅਗੋਚਰ ਅਲੱਖ ਅਥਾਹ ਬੇਪਰਵਾਹ ਮੀਤ ਮੁਰਾਰਾ, ਮਿੱਤਰ ਪਿਆਰਾ ਆਪਣੀ ਸੇਵ ਕਮਾਈਆ। ਅੰਤਮ ਦੇਵੇ ਇਕ ਹੁਲਾਰਾ, ਲੋਆਂ ਪੁਰੀਆਂ ਕਰੇ ਪਾਰ ਕਿਨਾਰਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ। ਦੇਵੇ ਵਸਤ ਨਾਮ ਹਰਿ ਥਾਰਾ, ਥਿਰ ਘਰ ਬੋਲੇ ਨਾਮ ਜੈਕਾਰਾ, ਸਚਖੰਡ ਵਸੇ ਆਪ ਨਿਰੰਕਾਰਾ, ਨਿਰਗੁਣ ਜੋਤੀ ਜੋਤ ਰੁਸ਼ਨਾਈਆ। ਕਾਗਦ ਕਲਮ ਨਾ ਲਿਖਣਹਾਰਾ, ਬੇਅੰਤ ਬੇਐਬ ਪਰਵਰਦਿਗਾਰਾ, ਪਾਰਬ੍ਰਹਮ ਵਡੀ ਵਡਿਆਈਆ। ਸਤਿ ਸਤਿਵਾਦੀ ਸਤਿ ਵਰਤਾਏ ਇਕ ਭੰਡਾਰਾ, ਜੁਗ ਚੌਕੜੀ ਆਪਣੇ ਹੱਥ ਵਖਾਈਆ। ਦੋ ਜਹਾਨ ਕਰਨ ਜੈ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਰਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰੇ ਸਾਚੀ ਵਸਤ ਆਪ ਵਰਤਾਈਆ। ਸਾਚੀ ਵਸਤ ਵਸਤ ਅਮੋਲਕ ਅਨਮੁਲ ਆਪ ਵਰਤਾਇੰਦਾ। ਰੱਖਣਹਾਰਾ ਕਾਇਆ ਗੋਲਕ ਸਾਚੇ ਮੰਦਰ ਆਪ ਸੁਹਾਇੰਦਾ। ਆਦਿ ਜੁਗਾਦਿ ਜੁਗਾ ਜੁਗੰਤਰ ਗਾਥਾ ਗਾਏ ਹਰਿ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ। ਜੁਗਾ ਜੁਗੰਤਰ ਸਦਾ ਅਡੋਲਤ, ਅਡੁਲ ਆਪਣੀ ਖੇਲ ਕਰਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਆਪ ਵਰਤਾਇੰਦਾ। ਨਾਮ ਨਿਧਾਨਾ ਡੂੰਘਾ ਸਾਗਰ, ਦਿਸ ਕਿਸੇ ਨਾ ਆਇੰਦਾ। ਆਪ ਰਖਾਏ ਕਾਇਆ ਗਾਗਰ, ਗਹਿਰ ਗੰਭੀਰ ਭੇਵ ਨਾ ਪਾਇੰਦਾ। ਜਿਸ ਜਨ ਦੇਵੇ ਆਪੇ ਆਦਰ, ਬਣ ਦਰਦੀ ਦਰਦ ਵੰਡਾਇੰਦਾ। ਆਪਣੇ ਘਰ ਕਰੇ ਸੌਦਾਗਰ, ਸਚ ਵਣਜਾਰਾ ਆਪ ਬਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਖਾਇੰਦਾ। ਆਪਣਾ ਨਾਉਂ ਵਖਾਏ ਆਪ, ਆਪਣੇ ਹੱਥ ਰੱਖੇ ਵਡਿਆਈਆ। ਕਲਜੁਗ ਅੰਤਮ ਮੇਟੇ ਪਾਪ, ਪਤਤ ਪਾਪੀ ਲਏ ਤਰਾਈਆ। ਨਾਤਾ ਤੋੜੇ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਕੋਇ ਤਪਾਈਆ। ਆਤਮ ਪਰਮਾਤਮ ਸੱਚਾ ਜਾਪ, ਸੋਹੰ ਸ਼ਬਦ ਕਰੇ ਪੜ੍ਹਾਈਆ। ਨਾਤਾ ਤੁਟੇ ਪੂਜਾ ਪਾਠ, ਜਿਸ ਜਨ ਅਪਣਾ ਰੰਗ ਰੰਗਾਈਆ। ਲੇਖਾ ਚੁੱਕੇ ਤੀਰਥ ਅਠਸਾਠ, ਜਮਨਾ ਸੁਰਸਤੀ ਗੰਗਾ ਗੋਦਾਵਰੀ ਨਹਾਵਣ ਕੋਇ ਨਾ ਜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨੁਹਾਏ ਆਪਣੇ ਘਾਟ, ਘਾਟਾ ਕੋਇ ਰਹਿਣ ਨਾ ਪਾਈਆ। ਸਾਚਾ ਘਾਟ ਸਤਿਗੁਰ ਚਰਨ, ਦੂਸਰ ਤੱਟ ਨਾ ਕੋਇ ਰਖਾਇੰਦਾ। ਖੋਲ੍ਹਣਹਾਰਾ ਹਰਨ ਫਰਨ, ਨਿਜ ਨੇਤਰ ਆਪ ਖੁਲ੍ਹਾਇੰਦਾ। ਨਾਤਾ ਤੋੜੇ ਮਰਨ ਡਰਨ, ਜਨਮ ਮਰਨ ਭੇਵ ਚੁਕਾਇੰਦਾ। ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਰਖਾਇੰਦਾ। ਪੁਰਖ ਅਕਾਲ ਏਕੋ ਸਰਨ, ਏਕਾ ਨੂਰ ਨਜ਼ਰੀ ਆਇੰਦਾ। ਕਰਤਾ ਪੁਰਖ ਕਰੇ ਕਰਨੀ ਕਰਨ, ਕਰਨਹਾਰ ਆਪ ਹੋ ਜਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਸਾਚਾ ਧਾਮ ਸੁਹਾਇੰਦਾ। ਦਰਗਹਿ ਸਾਚੀ ਧਾਮ ਅਵੱਲਾ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ। ਨਰ ਹਰਿ ਨਰਾਇਣ ਬੈਠਾ ਇਕ ਇਕੱਲਾ, ਸਚ ਸਿੰਘਾਸਣ ਸੋਭਾ ਪਾਇੰਦਾ। ਗੁਰ ਅਵਤਾਰ ਪੀਰ ਪੈਗੰਬਰ ਫੜਾਇਆ ਪੱਲਾ, ਪੱਲੂ ਆਪਣਾ ਨਾਉਂ ਰਖਾਇੰਦਾ। ਸਚ ਸੰਦੇਸ਼ ਨਰ ਨਰੇਸ਼ ਬੋਧ ਅਗਾਧੀ ਏਕਾ ਘੱਲਾ, ਅੱਖਰ ਵੱਖਰ ਨਾਮ ਪੜ੍ਹਾਇੰਦਾ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਆਪੇ ਫਲਾ, ਪਤ ਡਾਲੀ ਆਪ ਮਹਿਕਾਇੰਦਾ। ਕਲਜੁਗ ਅੰਤਮ ਆਪੇ ਹੋਏ ਝੱਲਾ, ਸ੍ਰਿਸ਼ਟ ਸਬਾਈ ਏਕਾ ਝਲਕ ਵਖਾਇੰਦਾ।

ਲੇਖਾ ਚੁੱਕੇ ਰਾਣੀ ਅੱਲਾ, ਬਿਸਮਿਲ ਰੂਪ ਨਾ ਕੋਇ ਧਰਾਇੰਦਾ । ਚਾਰ ਯਾਰੀ ਮਾਰੇ ਹੱਲਾ, ਚੌਦਾਂ ਤਬਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰਤਾ ਪੁਰਖ, ਕੁਦਰਤ ਕਾਦਰ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਜਣਾਈਆ । ਗ਼ਰੀਬ ਨਿਮਾਣਿਆਂ ਉਪਰ ਕਰ ਕਰ ਤਰਸ, ਆਪ ਆਪਣਾ ਮੇਲ ਮਿਲਾਈਆ । ਅੰਮ੍ਰਿਤ ਮੇਘ ਏਕਾ ਬਰਸ, ਅਗਨੀ ਤਤ ਆਪ ਬੁਝਾਈਆ । ਰਾਤੀਂ ਸੁਤਿਆਂ ਦੇਵੇ ਦਰਸ, ਜਾਗਦਿਆਂ ਆਪਣਾ ਨੂਰ ਵਖਾਈਆ । ਲੇਖਾ ਤੋੜ ਅਰਸ਼ ਫਰਸ਼, ਕਾਇਆ ਕੁਰੇ ਦਏ ਵਡਿਆਈਆ । ਜਨਮ ਜਨਮ ਦੀ ਮੇਟੇ ਹਰਸ, ਗੁਰਮੁਖ ਹਵਸ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਨਗਾਰਾ ਏਕੰਕਾਰਾ ਨੌਬਤ ਆਪਣੇ ਨਾਮ ਵਜਾਈਆ । ਨੌਬਤ ਨਾਮ ਵੱਜੇ ਡੰਕਾ, ਰਹੀਮ ਰਹਿਮਾਨ ਆਪ ਵਜਾਇੰਦਾ । ਆਪ ਉਠਾਏ ਰਾਉ ਰੰਕਾ, ਰੱਯਤ ਹਰਿ ਜੂ ਭੇਵ ਚੁਕਾਇੰਦਾ । ਇਕ ਸੁਹਾਏ ਸਾਚਾ ਬੰਕਾ, ਸੰਬਲ ਆਪਣਾ ਡੇਰਾ ਲਾਇੰਦਾ । ਗੁਰਸਿਖਾਂ ਭੁਵਾਏ ਮਨ ਕਾ ਮਣਕਾ, ਮਨ ਵਾਸਨਾ ਮੋਹ ਮਿਟਾਇੰਦਾ । ਏਕਾ ਨੂਰ ਜੋਤੀ ਤਨਕਾ, ਤ੍ਰੈਗੁਣ ਮਾਇਆ ਪੰਧ ਮੁਕਾਇੰਦਾ । ਆਪ ਉਠਾਏ ਭੰਬੀਰੀ ਛਿਲਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਆਪਣੀ ਦਇਆ ਕਮਾਇੰਦਾ । ਨਰ ਹਰਿ ਨਰਾਇਣ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਗੁਰਮੁਖ ਸੱਜਣ ਵੇਖੇ ਲਾਲ, ਲਾਲ ਅਨਮੁਲੜੇ ਆਪ ਉਠਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਅੱਠੇ ਪਹਿਰ ਵੱਜਦੀ ਰਹੇ ਨਾਮ ਵਧਾਈਆ । ਨੇੜ ਨਾ ਆਏ ਕਾਲ ਮਹਾਕਾਲ, ਜੀਵਣ ਜੁਗਤ ਆਪ ਜਣਾਈਆ । ਸਾਹਿਬ ਸੁਲਤਾਨ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਜਨਮ ਜਨਮ ਦੀ ਵੇਖੇ ਘਾਲ, ਕੀਤੀ ਘਾਲ ਝੋਲੀ ਪਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਬਣ ਬਣ ਸੱਚਾ ਮਾਹੀਆ । ਜੁਗ ਜੁਗ ਚਲੇ ਅਵੱਲੜੀ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵੰਤ ਆਪੇ ਭਾਲ, ਮਿਲ ਮਿਲ ਆਪਣਾ ਬੰਧਨ ਪਾਈਆ । ਏਥੇ ਓਥੇ ਦੋ ਜਹਾਨਾਂ ਚਲੇ ਨਾਲ ਨਾਲ, ਸਚਖੰਡ ਨਿਵਾਸੀ ਵਿਛੜ ਕਦੇ ਨਾ ਜਾਈਆ । ਸਤਿ ਸਰੂਪੀ ਸ਼ਾਹੋ ਭੂਪੀ ਸ਼ਬਦੀ ਸ਼ਬਦ ਬਣ ਦਲਾਲ, ਸਾਚਾ ਵਣਜ ਦਏ ਕਰਾਈਆ । ਲੇਖਾ ਜਾਣੇ ਹੱਕ ਹਲਾਲ, ਹਕੀਕਤ ਵੇਖੇ ਚਾਈਂ ਚਾਈਂਆ । ਗੁਰਸਿਖ ਆਪ ਉਠਾਏ ਆਪਣੇ ਲਾਲ, ਛੋਟੇ ਬਾਲੇ ਗੋਦ ਬਹਾਈਆ । ਏਕਾ ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ਾਨਾ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਝੁਲਾਏ ਸਤਿ ਨਿਸ਼ਾਨ, ਲੋਕਮਾਤ ਦੇਵੇ ਦਾਨ, ਨੌਂ ਖੰਡ ਪ੍ਰਿਥਮੀ ਏਕਾ ਏਕ ਆਪਣਾ ਨਾਉਂ ਵੰਡ ਵੰਡਾਈਆ ।

### ❊੩ ਵਸਾਖ ੨੦੧੯ ਬਿਕਰਮੀ ਮਨਜੀਤ ਸਿੰਘ ਦੇ ਗ੍ਰਿਹਿ ਵੇਰਕਾ ਜ਼ਿਲਾ ਅੰਮ੍ਰਿਤਸਰ ❊

ਨਿਰਗੁਣ ਸਰਗੁਣ ਸਤਿ ਸਹਾਰਾ, ਨਿਰਾਕਾਰ ਆਕਾਰ ਬਣਾਇੰਦਾ । ਤਤਵ ਤਤ ਦੇ ਆਧਾਰਾ, ਨਰ ਨਰਾਇਣ ਖੇਲ ਕਰਾਇੰਦਾ । ਪੁਰਖ ਅਬਿਨਾਸ਼ੀ ਬਣ ਵਣਜਾਰਾ, ਸਾਚਾ ਵਣਜ ਕਰਾਇੰਦਾ । ਸ਼ਬਦ ਅਗੰਮੀ ਖੋਲ੍ਹ ਭੰਡਾਰਾ, ਬਣ ਵਰਤਾਰਾ ਆਪ ਵਰਤਾਇੰਦਾ । ਸਚ ਮਹੱਲੇ ਦੇਵਣਹਾਰਾ,

ਏਕੰਕਾਰਾ ਆਪ ਅਖਵਾਇੰਦਾ । ਕਰੇ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰਾ, ਨਿਰਵੈਰ ਵੇਖ ਵਖਾਇੰਦਾ । ਮੇਲ ਮਿਲਾਏ ਧੁਰ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਨਾਰੀ ਕੰਤ ਬਣ ਪਿਆਰਾ, ਪੀਆ ਪ੍ਰੀਤਮ ਵੇਸ ਵਟਾਇੰਦਾ । ਜਨਨੀ ਜਨ ਸੁਤ ਦੁਲਾਰਾ, ਪੂਤ ਸਪੂਤਾ ਆਪ ਪਰਗਟਾਇੰਦਾ । ਵਸਤ ਅਮੋਲਕ ਦੇਵੇ ਥਾਰਾ, ਥਿਰ ਘਰ ਵਾਸੀ ਆਪਣੀ ਦਇਆ ਕਮਾਇੰਦਾ । ਘਾੜਤ ਘੜੇ ਬਣ ਠਠਿਆਰਾ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਖੇਲ ਵਖਾਇੰਦਾ । ਅਨਭਵ ਖੇਲ ਕਰੇ ਕਰਤਾਰ, ਨੇਤਰ ਨਜ਼ਰ ਕਿਸੇ ਨਾ ਆਈਆ । ਆਪਣੀ ਇਛਿਆ ਆਪੇ ਧਾਰ, ਰੂਪ ਅਨੂਪ ਆਪ ਪਰਗਟਾਈਆ । ਵਿਸ਼ਨ ਵਿਸ਼ਵ ਦੇ ਆਧਾਰ, ਰੂਪ ਰੰਗ ਰੰਗ ਰੂਪ ਵਿਚ ਸਮਾਈਆ । ਚਰਨ ਕਵਲ ਅੰਮ੍ਰਿਤ ਠੰਡਾ ਠਾਰ, ਰਗੜ ਰਗੜ ਨਾਲ ਮਿਲਾਈਆ । ਜੋਤੀ ਜੋਤ ਜੋਤ ਪਸਾਰ, ਬਿਮਲ ਆਪਣਾ ਰੂਪ ਵਖਾਈਆ । ਕਵਲੀ ਕਵਲ ਖੇਲ ਨਿਆਰ, ਨਿਰਾਕਾਰ ਆਪ ਕਰਾਈਆ । ਅੰਦਰ ਵੜ ਹੋਏ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਹਰਿ ਕਰਤਾਰਾ, ਅਬਿਨਾਸ਼ੀ ਕਰਤਾ ਆਪ ਖੁਲ੍ਹਾਇੰਦਾ । ਵਿਸ਼ਨੂੰ ਵਿਸ਼ਵ ਕਰ ਪਸਾਰਾ, ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ । ਬ੍ਰਹਮ ਦੇ ਇਕ ਆਧਾਰਾ, ਅੰਸ ਬੰਸ ਆਪ ਸੁਹਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਰਬਾਰੀ ਵੇਸ ਵਟਾਇੰਦਾ । ਵੇਖਣਹਾਰਾ ਸੁੰਨ ਅਗੰਮ ਧੂਆਂਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੁਨ ਅਗੰਮ ਦੇਵੇ ਸਾਥ, ਏਕਾ ਸੰਗ ਨਿਭਾਈਆ । ਆਪੇ ਇਛਿਆ ਭੋਲਾ ਨਾਥ, ਭੋਲੇ ਭਾਉ ਲਏ ਪਰਗਟਾਈਆ । ਤਿੰਨਾਂ ਵਿਚੋਲਾ ਬਣ ਰਘੁਨਾਥ, ਰਘੁਪਤ ਆਪਣੀ ਸੇਵ ਕਮਾਈਆ । ਨਿਰਗੁਣ ਹੋ ਕੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਨਾਮ ਨਿਧਾਨਾ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਰੂਪ ਵਖਾਏ ਇਕ ਇਕਾਂਤ, ਅਕਲ ਕਲਾ ਵਡ ਵਡਿਆਈਆ । ਸਾਚੀ ਭਿਛਿਆ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਵ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਸੰਦੇਸ਼ਾ ਏਕੰਕਾਰ, ਏਕਾ ਵਾਰ ਜਣਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਖੇਲ ਕਰਾਇੰਦਾ । ਸ਼ੰਕਰ ਤੇਰੀ ਸ਼ਰਅ ਧਾਰ, ਸ਼ਰੀਅਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸ਼ਾ, ਪੁਰਖ ਅਕਾਲ ਸੁਣਾਈਆ । ਸਚਖੰਡ ਦੁਆਰੇ ਕਰੇ ਵੇਸਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਦਿ ਜੁਗਾਦਿ ਰਹੇ ਹਮੇਸ਼ਾ, ਨਾ ਮਰੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਦਸਾਇਆ ਏਕਾ ਪੇਸ਼ਾ, ਲੱਖ ਚੁਰਾਸੀ ਘਾੜਨ ਲੈਣਾ ਘੜਾਈਆ । ਪਾਰਬ੍ਰਹਮ ਪ੍ਰਭ ਸਚ ਸੰਦੇਸ਼ਾ, ਸਤਿ ਸਤਿਵਾਦੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਆਪ ਵਰਤਾਈਆ । ਵਿਸ਼ਨੂੰ ਸੁਣਿਆ ਹਰਿ ਫ਼ਰਮਾਣਾ, ਨੇਤਰ ਨੈਣ ਨੈਣ ਉਠਾਇੰਦਾ । ਬ੍ਰਹਮਾ ਵੇਖੇ ਮਾਰ ਧਿਆਨਾ, ਚਾਰੋਂ ਕੁੰਟ ਵੇਖ ਵਖਾਇੰਦਾ । ਸ਼ੰਕਰ ਕਰੇ ਚਰਨ ਧਿਆਨਾ, ਨੇਤਰ ਨੈਣ ਨਾ ਕੋਇ ਦਸਾਇੰਦਾ । ਸ਼ਬਦ ਅਗੰਮੀ ਇਕ ਤਰਾਨਾ, ਸਚਖੰਡ ਨਿਵਾਸੀ ਆਪੇ ਗਾਇੰਦਾ । ਵਸਤ ਅਮੋਲਕ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪੁਰਖ ਅਗੰਮ, ਅਲੱਖ ਅਗੋਚਰ ਆਪ

ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬੇੜਾ ਬੰਨ੍ਹ, ਸਾਚਾ ਮਾਰਗ ਦਏ ਲਗਾਈਆ । ਤਿੰਨਾਂ ਦੇਵੇ ਆਪਣਾ ਧੰਨ, ਤ੍ਰੈਗੁਣ ਮਾਇਆ ਝੋਲੀ ਪਾਈਆ । ਸਤੋ ਰਜੋ ਤਮੋ ਬਣਿਆ ਆਪੇ ਜਨਨੀ ਜਨ, ਜਨ ਜਣੇਂਦੀ ਹੋਇਆ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰਜੋ ਤਮੋ ਬੱਧਾ ਨਾਤਾ, ਸਤੋ ਸਤਿ ਸਤਿ ਦ੍ਰਿੜਾਇੰਦਾ । ਆਪੇ ਜਾਣੇ ਆਪਣਾ ਡੂੰਘਾ ਖਾਤਾ, ਨਜ਼ਰ ਕਿਸੇ ਨਾ ਆਇੰਦਾ । ਤ੍ਰੈ ਤ੍ਰੈ ਚਲਾਏ ਰਾਥਾ, ਰਥ ਰਥਵਾਹੀ ਸੇਵ ਕਮਾਇੰਦਾ । ਨਾਦ ਅਨਾਦੀ ਏਕਾ ਗਾਥਾ, ਬੋਧ ਅਗਾਧੀ ਆਪ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਦੇਵਣਹਾਰਾ ਦਾਤਾ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਵਰਤਾਇੰਦਾ । ਤ੍ਰੈ ਤ੍ਰੈ ਮੇਲਾ ਅਗੰਮ ਅਪਾਰਾ, ਅਲੱਖ ਅਲੱਖਣਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਨਿਮਸਕਾਰਾ, ਦਰ ਬੈਠੇ ਸੀਸ ਝੁਕਾਈਆ । ਹਉਂ ਬਾਲ ਬਾਲ ਨਾਦਾਨ, ਨਾ ਚਲੇ ਕੋਇ ਚਤੁਰਾਈਆ । ਤ੍ਰੈਗੁਣ ਮਿਲਿਆ ਤੇਰਾ ਦਾਨ, ਵਸਤ ਆਪਣੀ ਝੋਲੀ ਪਾਈਆ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਸਾਡੀ ਆਸਾ ਪੂਰ ਕਰਾਈਆ । ਅੰਤਮ ਦੇਣਾ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਸਮਝਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਵੰਡਣ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿੰਨ ਤਿੰਨ ਪੰਜ ਜੋੜ ਜੁੜਾਈਆ । ਤ੍ਰੈਗੁਣ ਮਾਇਆ ਪੰਜ ਤਤ, ਹਰਿ ਜੂ ਹਰਿ ਹਰਿ ਝੋਲੀ ਪਾਇੰਦਾ । ਆਪ ਉਪਜਾਏ ਆਪਣੀ ਰੱਤ, ਰੱਤੀ ਰੱਤ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਏਕਾ ਸਤਿ, ਸਤਿ ਸਤਿਵਾਦੀ ਆਪਣੇ ਹੱਥ ਰਖਾਇੰਦਾ । ਵਿਸ਼ਨੂੰ ਮਾਰਗ ਦੇਵੇ ਦੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਬ੍ਰਹਮੇ ਦੇਵੇ ਬ੍ਰਹਮ ਰਸ, ਸਾਚੀ ਵੰਡਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਆਦਿ ਪੁਰਖ ਜਣਾਈਆ । ਪੰਜ ਤਤ ਮੇਲਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਕਰਾਈਆ । ਲੱਖ ਚੁਰਾਸੀ ਹੋਏ ਪਰਧਾਨ, ਘੜ ਭਾਂਡੇ ਵੇਖ ਵਖਾਈਆ । ਵਿਸ਼ਨੂੰ ਸੇਵਾ ਕਰੇ ਬਣ ਬਲਵਾਨ, ਘਰ ਘਰ ਆਪਣਾ ਰਿਜ਼ਕ ਪੁਚਾਈਆ । ਬ੍ਰਹਮਾ ਬ੍ਰਹਮ ਕਰੇ ਨਿਸ਼ਾਨ, ਆਪਣੀ ਵੰਡ ਵੰਡਾਈਆ । ਸ਼ੰਕਰ ਅੰਤਮ ਲੇਖਾ ਚੁਕਾਏ ਆਣ, ਬਚਿਆ ਕੋਇ ਰਹਿਣ ਨਾ ਪਾਈਆ । ਪੰਜ ਤਤ ਬਣੇ ਮਕਾਨ, ਪੰਜ ਦੱਸ ਵੰਡ ਵੰਡਾਈਆ । ਪੰਜੀ ਆਪੇ ਵੇਖੇ ਆਣ, ਕਿਰਤੀ ਪਰਕਿਰਤੀ ਬੰਧਨ ਪਾਈਆ । ਹੱਡ ਮਾਸ ਨਾੜੀ ਬੂੰਦ ਰਕਤ ਕਰ ਪਰਧਾਨ, ਸਾਚਾ ਮੇਲਾ ਆਪ ਮਿਲਾਈਆ । ਪੰਚਮ ਪੰਚ ਇਕ ਨਿਸ਼ਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਆਸਾ ਤ੍ਰਿਸ਼ਨਾ ਵਡ ਬਲਵਾਨ, ਮਾਇਆ ਮਮਤਾ ਝੋਲੀ ਪਾਈਆ । ਹਉਮੇ ਹੰਗਤਾ ਇਕ ਨਿਸ਼ਾਨ, ਬੰਕ ਦੁਆਰੇ ਦਏ ਵਸਾਈਆ । ਜੂਠ ਝੂਠ ਕਰ ਪਰਧਾਨ, ਘਰ ਘਰ ਆਪਣਾ ਖੇਲ ਕਰਾਈਆ । ਨੌਂ ਦੁਆਰੇ ਖੋਲ੍ਹ ਦੁਕਾਨ, ਜਗਤ ਵਾਸਨਾ ਵਿਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਾੜਨ ਲਏ ਘੜਾਈਆ । ਸਾਚਾ ਘਾੜਨ ਹਰਿ ਜੂ ਘੜ, ਪੰਜ ਤਤ ਕਾਇਆ ਖੇਲ ਕਰਾਇੰਦਾ । ਆਪ ਉਪਾਏ ਘਰ ਵਿਚ ਘਰ, ਬਾਡੀ ਹੋਰ ਨਾ ਕੋਇ ਲਗਾਇੰਦਾ । ਸਚ ਮਹੱਲੇ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇੰਦਾ । ਉਚੇ ਟਿੱਲੇ ਆਪੇ ਚੜ੍ਹ, ਸਚ ਮਨਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਇੰਦਾ । ਆਪਣੀ ਵੰਡ ਨਿਰਗੁਣ ਧਾਰ, ਸਰਗੁਣ ਬੂਝ ਬੁਝਾਈਆ । ਆਪਣੀ ਇਛਿਆ ਕਰ

ਤਿਆਰ, ਸਾਚੀ ਸਿਖਿਆ ਇਕ ਰਖਾਈਆ । ਮਨ ਮਤ ਬੁਧ ਦੇ ਆਧਾਰ, ਆਪ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਤ ਏਕਾ ਗੁਣ ਜਣਾਈਆ । ਮਤ ਮਤਵਾਲੀ ਆਪਣਾ ਗੁਣ, ਗੁਣਵੰਤਾ ਆਪ ਜਣਾਇੰਦਾ । ਬੁੱਧ ਬਬੇਕੀ ਛਾਣ ਪੁਣ, ਗੁਣ ਅਵਗੁਣ ਆਪ ਸਮਝਾਇੰਦਾ । ਮਨ ਮਨੂਆ ਹਰਿ ਜੂ ਆਪੇ ਚੁਣ, ਜਗਤ ਦੁਆਰੇ ਤਖ਼ਤ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜਗਤ ਨਿਵਾਸੀ ਮਨੂਆ ਰਾਜ, ਮਨ ਮਮਤਾ ਨਾਲ ਰਲਾਈਆ । ਘਟ ਘਟ ਅੰਦਰ ਬਣਾਏ ਸਮਾਜ, ਪੰਚ ਵਿਕਾਰਾ ਨਾਲ ਰਲਾਈਆ । ਆਸਾ ਤ੍ਰਿਸ਼ਨਾ ਮਾਰੇ ਵਾਜ, ਹਉਮੇ ਹੰਗਤਾ ਲਏ ਉਠਾਈਆ । ਕੂੜੀ ਕਿਰਿਆ ਕਰੇ ਨਾਚ, ਨਟੂਆ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਵਾਸਨਾ ਜਗਤ ਬੰਧਨ ਪਾਈਆ । ਮਨ ਵਾਸਨਾ ਜਗਤ ਅਖਾੜਾ, ਨਵ ਨੌਂ ਖੇਲ ਕਰਾਇੰਦਾ । ਨਵ ਨੌਂ ਖੋਲ੍ਹ ਦੁਆਰਾ, ਦਰ ਦਵਾਰੀ ਭੇਵ ਛੁਪਾਇੰਦਾ । ਮੰਦਰ ਅੰਦਰ ਡੂੰਘੀ ਗਾਰਾ, ਕਾਇਆ ਭਵਰੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਆਪਣਾ ਵੇਸ ਆਪੇ ਕਰ, ਸਰਗੁਣ ਨਿਰਗੁਣ ਦਏ ਵਡਿਆਈਆ । ਸੁਰਤੀ ਸੁਰਤ ਆਪੇ ਧਰ, ਮੂਰਤ ਅਕਾਲ ਵੇਖ ਵਖਾਈਆ । ਨਾ ਪੁਰਖ ਨਾ ਨਾਰੀ ਨਰ, ਨਿਰਵੈਰ ਆਪਣਾ ਖੇਲ ਕਰਾਈਆ । ਏਕਾ ਜੋਤੀ ਨੂਰ ਵਰ, ਵਰ ਦਾਤਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਬੰਕ ਦਏ ਵਡਿਆਈਆ । ਕਾਇਆ ਬੰਕ ਡੂੰਘਾ ਸਾਗਰ, ਹਰਿ ਹਰਿ ਜੂ ਆਪ ਬਣਾਇੰਦਾ । ਮਨ ਵਾਸਨਾ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਸਬਰ ਸਬੂਰੀ ਦੇਵੇ ਸਾਬਰ, ਬੁੱਧ ਬਬੇਕੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਵੇਸ ਵਟਾਇੰਦਾ । ਘਰ ਘਰ ਵਿਚ ਵੇਸ ਅਪਾਰਾ, ਹਰਿ ਹਰਿ ਹਰਿ ਆਪ ਕਰਾਇੰਦਾ । ਲੇਖਾ ਜਾਣੇ ਨੌਂ ਦੁਆਰਾ, ਨਵ ਨੌਂ ਆਪਣਾ ਪੰਧ ਮੁਕਾਇੰਦਾ । ਕੌਸਤਕ ਮਣੀਆ ਮਸਤਕ ਟਿੱਕਾ ਜੋਤੀ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਆਪ ਜਗਾਇੰਦਾ । ਕਵਰੀ ਭਵਰੀ ਭੇਵ ਨਿਆਰਾ, ਭੇਵ ਆਪ ਖੁਲ੍ਹਾਇੰਦਾ । ਇਕ ਵਖਾਏ ਡੂੰਘੀ ਗਾਰਾ, ਸੁਖਮਨ ਟੇਢੀ ਬੰਕ ਬਣਾਇੰਦਾ । ਈੜਾ ਪਿੰਗਲ ਚੋਬਦਾਰਾ, ਸਾਚੀ ਸੇਵਾ ਸੇਵਕ ਆਪ ਸਮਝਾਇੰਦਾ । ਅੱਠੇ ਪਹਿਰ ਕਰੇ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਨੌਂ ਅਠਾਰਾਂ ਖੇਲ ਅਪਾਰਾ, ਆਪ ਆਪਣਾ ਰੰਗ ਰੰਗਾਇੰਦਾ । ਲੇਖਾ ਜਾਣੇ ਆਰ ਪਾਰ ਕਿਨਾਰਾ, ਦਿਸ ਕਿਸੇ ਨਾ ਆਇੰਦਾ । ਕੋਟਨ ਕੋਟ ਜੀਵ ਜੰਤ ਵੜ ਵੜ ਥੱਕਾ ਵਿਚ ਸੰਸਾਰਾ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰਾ, ਆਪ ਆਪਣਾ ਨਾਉਂ ਦ੍ਰਿੜਾਇੰਦਾ । ਨਿਰਗੁਣ ਰੂਪ ਹੋ ਉਜਿਆਰਾ, ਗੁਰ ਗੁਰ ਆਪਣਾ ਸੰਗ ਨਿਭਾਇੰਦਾ । ਸਤਿਗੁਰ ਬਣ ਮੀਤ ਮੁਰਾਰਾ, ਆਪਣਾ ਪੱਲੂ ਆਪ ਫੜਾਇੰਦਾ । ਅੱਗੇ ਪਿਛੇ ਦੇ ਸਹਾਰਾ, ਪੰਚ ਵਿਕਾਰਾ ਆਪੇ ਢਾਹਿੰਦਾ । ਮਨੂਆ ਮਨ ਤੋੜ ਹੰਕਾਰਾ, ਸਾਂਤਕ ਸਤਿ ਸਤਿ ਕਰਾਇੰਦਾ । ਦਹਿ ਦਿਸ਼ਾ ਨਾ ਲਾਏ ਉਡਾਰਾ, ਚਾਰ ਕੁੰਟ ਨਾ ਫੇਰਾ ਪਾਇੰਦਾ । ਕਰੇ ਖੇਲ ਆਪ ਕਰਤਾਰਾ, ਗੁਰ ਗੁਰ ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਤਿਗੁਰ ਪੂਰਾ ਹਰਿ ਹਰਿ ਮੀਤ, ਆਪਣੀ ਦਇਆ ਕਮਾਈਆ । ਨਾਮ ਸੁਣਾਏ ਸਾਚਾ ਗੀਤ, ਗੀਤ

ਗੋਬਿੰਦ ਆਪ ਅਲਾਈਆ । ਆਪ ਚਲਾਈ ਭਗਤਾਂ ਰੀਤ, ਭਗਤਨ ਦੇਵੇ ਮਾਣ ਵਡਿਆਈਆ । ਜਗਤ ਵਾਸਨਾ ਕਰੇ ਠੰਡੀ ਸੀਤ, ਅਗਨੀ ਤਤ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖਮਨ ਟੇਢੀ ਬੰਕ ਡੂੰਘੀ ਗਾਰ ਆਪੇ ਪਾਰ ਕਰਾਈਆ । ਆਪੇ ਕਰੇ ਪਾਰ ਕਿਨਾਰਾ, ਗੁਰਮੁਖਾਂ ਪੱਲੂ ਆਪ ਫੜਾਇੰਦਾ । ਈੜਾ ਪਿੰਗਲ ਕਰਨ ਨਿਮਸਕਾਰਾ, ਜਿਸ ਦੁਆਰੇ ਸਤਿਗੁਰ ਜਾਇੰਦਾ । ਅੱਗੇ ਸ਼ਬਦ ਨਾਦ ਅਨਹਦ ਸੱਚੀ ਧੁਨਕਾਰਾ, ਧੁੰਨ ਆਤਮਕ ਰਾਗ ਸੁਣਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਰਤੀ ਸ਼ਬਦੀ ਇਕ ਪਿਆਰਾ, ਪ੍ਰੀਤਮ ਪਿਆਰਾ ਆਪ ਕਰਾਇੰਦਾ । ਕਾਗੋਂ ਹੰਸ ਉਡਾ ਉਡਾਰਾ, ਹੰਸ ਕਾਗ ਰੂਪ ਵਟਾਇੰਦਾ । ਕਰੇ ਖੇਲ ਅਪਰ ਅਪਾਰਾ, ਏਕਾ ਆਪਣਾ ਬੰਧਨ ਪਾਇੰਦਾ । ਬਜ਼ਰ ਕਪਾਟੀ ਪਾਰ ਕਿਨਾਰਾ, ਸਾਚੀ ਹਾਟੀ ਇਕ ਵਖਾਇੰਦਾ । ਆਤਮ ਸੇਜਾ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਵਖਾਇੰਦਾ । ਸਚ ਸਿੰਘਾਸਣ ਹਰਿ ਜੂ ਬੈਠਾ ਬਣ ਭਤਾਰਾ, ਕੰਤ ਕੰਤੂਹਲ ਵੇਸ ਵਟਾਇੰਦਾ । ਗੁਰਮੁਖ ਸੁਰਤੀ ਪਰਨਾਏ ਨਾਰਾ, ਨਾਰੀ ਨਰ ਏਕਾ ਰੰਗ ਹੋ ਜਾਇੰਦਾ । ਦਸਮ ਦੁਆਰੀ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਪੰਜ ਤਤ ਨਾ ਕੋਇ ਆਕਾਰਾ, ਤ੍ਰੈਗੁਣ ਰੂਪ ਨਾ ਕੋਇ ਰਖਾਇੰਦਾ । ਆਪਣੀ ਇਛਿਆ ਕਰ ਵਰਤਾਰਾ, ਦਸਮ ਦੁਆਰੀ ਪਾਰ ਕਰਾਇੰਦਾ । ਸੁਨ ਅਗੰਮ ਖੇਲ ਨਿਆਰਾ, ਅਲੱਖ ਅਗੋਚਰ ਆਪ ਕਰਾਇੰਦਾ । ਸੁਨ ਅਗੰਮ ਚਰਨਾਂ ਹੇਠ ਲਤਾੜਾ, ਆਪਣਾ ਪੰਧ ਆਪ ਮੁਕਾਇੰਦਾ । ਥਿਰ ਘਰ ਸਾਚੇ ਬੋਲ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਸ਼ਬਦੀ ਸ਼ਬਦ ਸ਼ਬਦ ਵਣਜਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਪੇ ਕਰੇ ਆਪਣਾ ਸਤਿ ਵਰਤਾਰਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਚਰਨ ਛੁਹਾਏ ਸਚਖੰਡ ਦਵਾਰਾ, ਥਿਰ ਘਰ ਆਪਣੇ ਹੇਠ ਰਖਾਇੰਦਾ । ਨਿਰਮਲ ਦੀਆ ਇਕ ਉਜਿਆਰਾ, ਆਦਿ ਜੁਗਾਦਿ ਡਗਮਗਾਇੰਦਾ । ਸ਼ਬਦ ਨਾਦ ਨਾ ਕੋਇ ਧੁਨਕਾਰਾ, ਰਾਗੀ ਰਾਗ ਨਾ ਕੋਇ ਸੁਣਾਇੰਦਾ । ਅੰਮ੍ਰਿਤ ਜਲ ਨਾ ਕੋਇ ਠੰਡਾ ਠਾਰਾ, ਰਸੀਆ ਰਸ ਨਾ ਕੋਇ ਵਖਾਇੰਦਾ । ਗੁਰ ਅਵਤਾਰ ਨਾ ਗਾਏ ਕੋਈ ਵਾਰਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਪੀਰ ਪੈਗ਼ੰਬਰ ਮਾਰੇ ਨਾ ਕੋਈ ਨਾਅਰਾ, ਜਲਵਾ ਨੂਰ ਏਕਾ ਡਗਮਗਾਇੰਦਾ । ਆਦਿ ਜੁਗਾਦੀ ਹੋ ਉਜਿਆਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਗੁਰ ਗੁਰ ਰੂਪ ਕਰ ਪਸਾਰਾ, ਸਤਿਗੁਰ ਆਪਣੀ ਧਾਰ ਚਲਾਇੰਦਾ । ਭਗਤਾਂ ਕਰਾਏ ਨਾਮ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਨੌਂ ਦੁਆਰੇ ਕਰੇ ਖ਼ੁਵਾਰਾ, ਦਸਵੇਂ ਆਪਣਾ ਮੇਲ ਮਿਲਾਇੰਦਾ । ਸੁਖਮਨ ਦੇਵੇ ਆਪ ਇਸ਼ਾਰਾ, ਸੁਰਤੀ ਸ਼ਬਦ ਘੋੜ ਚੜ੍ਹਾਇੰਦਾ । ਆਪੇ ਵੇਖੇ ਬਣ ਅਸਵਾਰਾ, ਸ਼ਾਹਸਵਾਰਾ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਨੇਤਰ ਪੇਖ ਗਾ ਗਾ ਗਏ ਵਾਰਾ, ਜਗਤ ਲੇਖ ਜਗਤ ਸਮਝਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਮੰਜ਼ਲ ਚੜ੍ਹ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸਾਚੇ ਆਪੇ ਫੜ, ਸਚ ਦੁਆਰੇ ਆਪ ਬਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਲਗਾਏ ਆਪਣੇ ਲੜ, ਤਿਸ ਨਿਰਮਲ ਜੋਤ ਮਿਲਾਇੰਦਾ ।


੯੯
੧੨

### ❋ ੩ ਵਸਾਖ ੨੦੧੯ ਬਿਕਰਮੀ ਪਿੰਡ ਪੰਡੋਰੀ ਵੜੈਚ ਜ਼ਿਲਾ ਅੰਮ੍ਰਿਤਸਰ ❋

ਸੋ ਪੁਰਖ ਨਿਰੰਜਣ ਅਗੰਮ ਅਥਾਹ, ਸਤਿ ਸਤਿਵਾਦੀ ਆਪਣੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਭੇਵ ਅਭੇਦ ਆਪਣੇ ਵਿਚ ਛੁਪਾਇੰਦਾ । ਏਕੰਕਾਰਾ ਸਿਫ਼ਤ ਸਲਾਹ, ਸਿਫ਼ਤ ਵਿਚ ਕਦੇ ਨਾ ਆਇੰਦਾ । ਆਦਿ ਨਿਰੰਜਣ ਨੂਰ ਰੁਸ਼ਨਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਵਸੇ ਸਾਚੇ ਥਾਂ, ਮਹੱਲ ਅਟੱਲ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਝੁਲਾਏ ਸਚ ਨਿਸ਼ਾਂ, ਦਰਗਹਿ ਸਾਚੀ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਵਸਣਹਾਰਾ ਸਚ ਮਕਾਂ, ਸਚਖੰਡ ਦੁਆਰਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸਚ ਮਹੱਲਾ, ਸਤਿ ਸਤਿਵਾਦੀ ਆਪ ਕਰਾਈਆ । ਨਿਰਗੁਣ ਨਿਰਵੈਰ ਇਕ ਇਕੱਲਾ, ਪੁਰਖ ਅਕਾਲ ਆਸਣ ਲਾਈਆ । ਜੋਤੀ ਧਾਰ ਆਪੇ ਰਲਾ, ਨੂਰ ਨੂਰ ਨੂਰ ਸਮਾਈਆ । ਸਚ ਦੁਆਰੇ ਆਪੇ ਖਲਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਬੇਅੰਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਵੇਸ ਵਟਾਏ ਜੁਗਾ ਜੁਗੰਤ, ਜੁਗ ਕਰਤਾ ਨਾਉਂ ਰਖਾਇੰਦਾ । ਆਪ ਜਣਾਏ ਆਪਣਾ ਮੰਤ, ਮੰਤਰ ਆਪਣਾ ਨਾਉਂ ਦ੍ਰਿੜਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਕੰਤੂਹਲ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਇੰਦਾ । ਆਪਣੀ ਧਾਰ ਸ੍ਰੀ ਭਗਵਾਨ, ਆਦਿ ਪੁਰਖ ਆਪ ਪਰਗਟਾਈਆ । ਸਚਖੰਡ ਵਸ ਸੱਚੇ ਮਕਾਨ, ਸਚ ਸਿੰਘਾਸਣ ਸੋਭਾ ਪਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਭੂਪਤ ਭੂਪ ਵਡ ਵਡਿਆਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਮਹੱਲ ਅਟੱਲ ਉਚ ਮਕਾਨ, ਸਚ ਦੁਆਰੇ ਸੋਭਾ ਪਾਈਆ । ਹੁਕਮੀ ਹੁਕਮ ਹੁਕਮਰਾਨ, ਧੁਰ ਫ਼ਰਮਾਣਾ ਆਪ ਸੁਣਾਈਆ । ਲੇਖਾ ਜਾਣੇ ਦੋ ਜਹਾਨ, ਅਭੁਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਮੁਕਾਮੇ ਹੱਕ ਡੇਰਾ ਲਾਈਆ । ਮੁਕਾਮੇ ਹੱਕ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਕਰੇ ਖੇਲ ਅਗੰਮ ਅਪਾਰ, ਅਗੋਚਰ ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਧਾਮ ਨਿਆਰ, ਦਰਗਹਿ ਸਾਚੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਹਰਿ ਜੂ ਹਰਿ, ਆਦਿ ਜੁਗਾਦਿ ਆਪ ਵਡਿਆਈਆ । ਨਿਰਗੁਣ ਰੂਪ ਅੰਦਰ ਵੜ, ਸਚ ਸਿੰਘਾਸਣ ਆਸਣ ਲਾਈਆ । ਸਚ ਮਹੱਲੇ ਆਪੇ ਖੜ੍ਹ, ਸਵਛ ਸਰੂਪ ਰੂਪ ਅਨੂਪ ਵਟਾਈਆ । ਆਪਣਾ ਅੱਖਰ ਆਪੇ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਦੁਆਰਾ ਏਕਾ ਘਰ, ਹਰਿ ਜੂ ਹਰਿ ਹਰਿ ਆਪ ਵਸਾਇੰਦਾ । ਲੇਖਾ ਜਾਣੇ ਨਰਾਇਣ ਨਰ, ਦੂਸਰ ਸੰਗ ਨਾ ਕੋਇ ਰਖਾਇੰਦਾ । ਬਣ ਬਾਡੀ ਘਾੜਤ ਲਏ ਘੜ, ਘੜਨ ਭੰਨਣਹਾਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਬੰਕ ਬਣਾਇੰਦਾ । ਬੰਕ ਦੁਆਰਾ ਸਚਖੰਡ, ਸਤਿ ਸਤਿਵਾਦੀ ਆਪ ਬਣਾਈਆ । ਆਪੇ ਜਾਣੇ ਆਪਣੀ ਵੰਡ, ਵੰਡਣਹਾਰਾ ਦਿਸ ਨਾ ਆਈਆ ।

ਇਕ ਇਕੱਲਾ ਵਸੇ ਸਚ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਪਾਰ ਕਿਨਾਰਾ ਕੋਇ ਨਾ ਜਾਣੇ ਪੰਧ, ਪਾਂਧੀ ਬਣ ਪੰਧ ਨਾ ਕੋਇ ਮੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਗਾਏ ਏਕਾ ਛੰਦ, ਸੋਹਲਾ ਢੋਲਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚੇ ਸੋਭਾਵੰਤ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖ ਨਾ ਕੋਇ ਮੁਕਾਇੰਦਾ । ਰੂਪ ਵਟਾਏ ਨਾਰੀ ਕੰਤ, ਸਾਚੀ ਸੇਜ ਆਪ ਹੰਢਾਇੰਦਾ । ਜਨਨੀ ਜਨ ਬਣਾਏ ਬਣਤ, ਦਾਈ ਦਾਇਆ ਸੇਵ ਕਮਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸਾਚੇ ਦਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਦਰ ਦਰਵਾਜਾ ਏਕੰਕਾਰ, ਹਰਿ ਜੂ ਆਪਣਾ ਆਪ ਖੁਲ੍ਹਾਈਆ । ਦੂਸਰ ਕੋਇ ਨਾ ਪਾਵੇ ਸਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਦਿਸ਼ਾ ਕੁੰਟ ਨਾ ਕੋਇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਮਾਣ ਵਡਿਆਈਆ । ਸਚਖੰਡ ਦੇਵੇ ਆਪੇ ਮਾਣ, ਆਪਣੀ ਦਇਆ ਕਮਾਇੰਦਾ । ਆਪੇ ਵੇਖੇ ਮਾਰ ਧਿਆਨ, ਬਿਨ ਨੇਤਰ ਨੈਣ ਉਠਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਸਾਚੇ ਤਖ਼ਤ ਬੈਠ ਰਾਜਾਨ, ਹੁਕਮੀ ਹੁਕਮ ਆਪ ਵਰਤਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਹੰ ਬ੍ਰਹਮ ਕਰ ਪਰਵਾਨ, ਸ਼ਬਦੀ ਸੁਤ ਏਕਾ ਜਾਇੰਦਾ । ਘਰ ਵਿਚ ਘਰ ਖੋਲ੍ਹ ਦੁਕਾਨ, ਸਾਚਾ ਬੰਕ ਆਪ ਸੁਹਾਇੰਦਾ । ਥਿਰ ਘਰ ਦੇਵਣਹਾਰਾ ਮਾਣ, ਸਚਖੰਡ ਨਿਵਾਸੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਨਿਰਗੁਣ ਧਾਰ, ਜੋਤੀ ਸ਼ਬਦ ਕਰ ਉਜਿਆਰ, ਸੋਹੰ ਆਪਣਾ ਰੂਪ ਪਰਗਟਾਇੰਦਾ । ਹੰ ਰੂਪ ਸ਼ਬਦ ਨਾਤਾ, ਸੋ ਪੁਰਖ ਨਿਰੰਜਣ ਆਪ ਜੁੜਾਈਆ । ਸਚਖੰਡ ਨਿਵਾਸੀ ਸਚਖੰਡ ਦੁਆਰੇ ਬਹਿ ਬਹਿ ਗਾਏ ਆਪਣੀ ਗਾਥਾ, ਲੇਖਾ ਲਿਖਣ ਵਿਚ ਨਾ ਆਈਆ । ਆਪਣੀ ਇਛਿਆ ਰਚ ਰਚ ਵੇਖੇ ਪੁਰਖ ਸਮਰਾਥਾ, ਸਮਰਥ ਪੁਰਖ ਬੇਪਰਵਾਹੀਆ । ਆਦਿ ਜੁਗਾਦਿ ਦੇਵੇ ਸਗਲਾ ਸਾਥਾ, ਸਗਲਾ ਸੰਗ ਆਪ ਹੋ ਜਾਈਆ । ਆਪੇ ਸੋਇਆ ਆਪਣੀ ਖਾਟਾ, ਸੇਜ ਸੁਹੰਜਣੀ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਧਾਰ ਰੂਪ ਪਰਗਟਾਈਆ । ਜੋਤੀ ਧਾਰ ਸਚਖੰਡ, ਪਰਕਾਸ਼ ਪਰਕਾਸ਼ ਵਿਚ ਰਖਾਇੰਦਾ । ਪੁਰਖ ਅਬਿਨਾਸ਼ੀ ਵੰਡੇ ਵੰਡ, ਵੰਡਣਹਾਰਾ ਦਿਸ ਨਾ ਆਇੰਦਾ । ਥਿਰ ਘਰ ਚੜ੍ਹਾਏ ਆਪਣਾ ਚੰਦ, ਸੂਰਜ ਚੰਦ ਨਾਲ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਆਪ ਬਹਾਇੰਦਾ । ਸੁਤ ਦੁਲਾਰਾ ਛੋਟਾ ਬਾਲ, ਹਰਿ ਸ਼ਬਦੀ ਆਪ ਪਰਗਟਾਈਆ । ਕਰੇ ਖੇਲ ਦੀਨ ਦਿਆਲ, ਦਇਆਨਿਧ ਵਡ ਵਡਿਆਈਆ । ਥਿਰ ਘਰ ਬਣਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਪਰਗਟਾਈਆ । ਸਾਚਾ ਦੀਪਕ ਜੋਤੀ ਬਾਲ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਸ਼ਬਦੀ ਖੇਲ ਖਲਾਈਆ । ਜੋਤੀ ਜਾਤਾ ਪੁਰਖ ਬਿਧਾਤਾ, ਏਕਾ ਆਪਣੀ ਕਾਰ ਕਮਾਇੰਦਾ । ਸਚਖੰਡ ਨਿਵਾਸੀ ਵੇਖੇ ਖੇਲ ਤਮਾਸ਼ਾ, ਵੇਖਣਹਾਰਾ ਆਪਣੀ ਖੇਲ ਖਲਾਇੰਦਾ । ਥਿਰ ਘਰ ਕਰੇ ਆਪੇ ਵਾਸਾ, ਸ਼ਬਦੀ ਸ਼ਬਦ ਰੰਗ ਚੜ੍ਹਾਇੰਦਾ । ਦੇਵਣਹਾਰਾ ਸਾਚੀ ਦਾਤਾ, ਵਸਤ ਅਮੋਲਕ ਆਪ ਵਰਤਾਇੰਦਾ । ਆਪੇ ਪਿਤਾ

ਆਪੇ ਮਾਤਾ, ਪੂਤ ਸਪੂਤਾ ਗੋਦ ਸੁਹਾਇੰਦਾ । ਆਪ ਸੁਣਾਏ ਆਪਣੀ ਗਾਥਾ, ਬੋਧ ਅਗਾਧ ਆਪ ਪੜ੍ਹਾਇੰਦਾ । ਆਪ ਚਲਾਏ ਆਪਣਾ ਰਾਥਾ, ਬਣ ਰਖਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ ਰਚ ਨਿਰੰਕਾਰ, ਸਚਖੰਡ ਦੁਆਰੇ ਸੋਭਾ ਪਾਈਆ । ਦਾਈ ਦਾਇਆ ਬਣ ਅਪਰ ਅਪਾਰ, ਜਨਨੀ ਜਨ ਵੇਖੇ ਚਾਈਂ ਚਾਈਂਆ । ਪੂਤ ਸਪੂਤਾ ਕਰ ਤਿਆਰ, ਸੁਤ ਦੁਲਾਰੇ ਦਏ ਵਡਿਆਈਆ । ਨਾਮ ਨਿਧਾਨਾ ਏਕਾ ਵਾਰ, ਸਚ ਨਿਸ਼ਾਨਾ ਦਏ ਵਖਾਈਆ । ਸਾਚੇ ਮੰਦਰ ਖੋਲ੍ਹ ਕਿਵਾੜ, ਥਿਰ ਘਰ ਸਾਚੇ ਆਪ ਬਹਾਈਆ । ਉਚੀ ਬੋਲ ਬੋਲ ਜੈਕਾਰ, ਬਿਨ ਰਸਨਾ ਜਿਹਵਾ ਗਾਈਆ । ਮੇਰਾ ਤੇਰਾ ਇਕ ਵਿਹਾਰ, ਦੂਜੀ ਧਾਰ ਨਾ ਕੋਇ ਰਖਾਈਆ । ਪਿਤਾ ਪੂਤ ਸਤਿ ਵਰਤਾਰ, ਸਤਿ ਸਤਿਵਾਦੀ ਸਾਚੀ ਕਾਰ ਕਰਾਈਆ । ਨਿਰਗੁਣ ਨਿਰਗੁਣ ਖੇਲ ਅਪਾਰ, ਨਿਰਗੁਣ ਨਿਰਗੁਣ ਵੇਖੇ ਚਾਈਂ ਚਾਈਆ । ਜੋਤੀ ਸ਼ਬਦੀ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਏਕਾ ਮੰਦਰ ਇਕ ਦੁਆਰ, ਏਕਾ ਘਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਈਆ । ਆਦਿ ਪੁਰਖ ਖੇਲ ਅਪਾਰਾ, ਭੇਵ ਕੋਇ ਨਾ ਪਾਇੰਦਾ । ਸ਼ਬਦੀ ਸੁਤ ਸੁਤ ਦੁਲਾਰਾ, ਥਿਰ ਘਰ ਸਾਚੇ ਆਪ ਬਹਾਇੰਦਾ । ਪੁਰਖ ਅਗੰਮ ਬਣ ਵਣਜਾਰਾ, ਵਸਤ ਅਗੰਮੜੀ ਆਪ ਵਰਤਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਮਾਣ ਆਪ ਦਿਵਾਇੰਦਾ । ਸ਼ਬਦ ਦੁਲਾਰਾ ਥਿਰ ਘਰ ਸਾਚੇ ਗਿਆ ਵਸ, ਹਰਿ ਸਤਿਗੁਰ ਆਪ ਵਸਾਈਆ । ਏਕਾ ਮਾਰਗ ਦਿਤਾ ਦੱਸ, ਰਹਿਬਰ ਬਣੇ ਬੇਪਰਵਾਹੀਆ । ਆਦਿ ਜੁਗਾਦਿ ਤੇਰੀ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਰਖਾਈਆ । ਨਿਰਗੁਣ ਜੋਤ ਨਿਰਗੁਣ ਪਰਕਾਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਸੇਵਕ ਨਿਰਗੁਣ ਦਾਸ, ਨਿਰਗੁਣ ਸਾਚੀ ਸੇਵ ਕਮਾਈਆ । ਪੁਰਖ ਅਕਾਲ ਦੀਨ ਦਿਆਲ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਥਿਰ ਘਰ ਪਾਏ ਆਪਣੀ ਰਾਸ, ਮੰਡਲ ਮੰਡਪ ਆਪ ਸੁਹਾਈਆ । ਨੇਤਰ ਵੇਖੇ ਖੇਲ ਤਮਾਸ਼, ਬੰਸ ਸਰਬੰਸ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਮਾਣ ਰਖਾਈਆ । ਸ਼ਬਦੀ ਸੁਤ ਸੁਣ ਸੰਦੇਸ਼ਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਸ਼ਾਹ ਪਾਤਸ਼ਾਹ ਤੂੰ ਸਚ ਨਰੇਸ਼ਾ, ਤਖ਼ਤ ਨਿਵਾਸੀ ਸਚਖੰਡ ਦੁਆਰੇ ਸੋਭਾ ਪਾਇੰਦਾ । ਨਿਤ ਨਵਿਤ ਆਦਿ ਜੁਗਾਦਿ ਦਰਸ਼ਨ ਤੇਰਾ ਪੇਖਾ, ਦੂਸਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਝੋਲੀ ਅੱਡੇ ਛੋਟਾ ਬਾਲਾ, ਪ੍ਰਭ ਅੱਗੇ ਸੀਸ ਝੁਕਾਈਆ । ਸਚਖੰਡ ਵਸੇਂ ਧਾਮ ਨਿਰਾਲਾ, ਪੁਰਖ ਅਕਾਲਾ ਤੇਰਾ ਅੰਤ ਕੋਇ ਨਾ ਪਾਈਆ । ਥਿਰ ਘਰ ਮਿਲੀ ਸੱਚੀ ਧਰਮਸਾਲਾ, ਜਿਸ ਦੁਆਰੇ ਦਏਂ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣੇ ਨਾਲ ਮਿਲਾਈਆ । ਕਵਣ ਵੇਲਾ ਮੇਲੇਂ ਮੇਲ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਅੰਤ ਬਣੇਂ ਸੱਜਣ ਸੁਹੇਲ, ਸਗਲਾ ਸੰਗ ਨਿਭਾਇੰਦਾ । ਤੇਰਾ ਵਿਛੋੜਾ ਨਾ ਝੱਲਾਂ ਕੋਇ ਵੇਲ, ਬਿਨ ਤੁਧ ਮੇਰਾ ਸੰਗ ਨਾ ਕੋਇ ਨਿਭਾਇੰਦਾ । ਕਰਨਾ ਖੇਲ ਗੁਰੂ ਗੁਰ ਚੇਲ, ਚੇਲਾ ਗੁਰ ਤੇਰੀ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,

ਦਰ ਤੇਰੇ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਦਿ ਪੁਰਖ ਦਇਆ ਕਮਾਈਆ । ਸੁਤ ਦੁਲਾਰੇ ਵਡ ਬਲਵਾਨ, ਤੇਰਾ ਬਲ ਦਏ ਪਰਗਟਾਈਆ । ਨਿਰਗੁਣ ਝੁਲਾਏ ਤੇਰਾ ਸਚ ਨਿਸ਼ਾਨ, ਸਤਿ ਸਤਿਵਾਦੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਿਠਾਏ ਆਣ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਜ ਤਤ ਖੇਲ ਕਰੇ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਈਆ । ਸਚ ਸੰਦੇਸ਼ਾ ਏਕਾ ਵਾਰ, ਏਕੰਕਾਰ ਆਪ ਜਣਾਇੰਦਾ । ਸ਼ਬਦ ਦੁਲਾਰੇ ਹੋ ਤਿਆਰ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਮਹੱਲ ਉਸਾਰ, ਰਵ ਸਸ ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਸੁਣਾਈਆ । ਸਤਿ ਸਤਿਵਾਦੀ ਦੇਵੇ ਦਾਨ, ਅਨਡਿਠੜੀ ਵਸਤ ਆਪ ਵਰਤਾਈਆ । ਸ਼ਬਦੀ ਸ਼ਬਦ ਖੇਲ ਮਹਾਨ, ਹਰਿ ਸ਼ਬਦ ਆਪ ਪਰਗਟਾਈਆ । ਤ੍ਰੈਗੁਣ ਦੇਵੇ ਦਾਨ, ਪੰਜ ਤਤ ਲਏ ਪਰਗਟਾਈਆ । ਲੱਖ ਚੁਰਾਸੀ ਕਰੇ ਪਰਧਾਨ, ਘਟ ਘਟ ਤੇਰਾ ਆਸਣ ਲਾਈਆ । ਖੇਲੇ ਖੇਲ ਦੋ ਜਹਾਨ, ਦੋਏ ਦੋਏ ਆਪਣਾ ਰੂਪ ਪਰਗਟਾਈਆ । ਨਿਰਗੁਣ ਸਰਗੁਣ ਦੇਵੇ ਮਾਣ, ਸਾਖਯਾਤ ਰੂਪ ਧਰਾਈਆ । ਸਚ ਸੰਦੇਸ਼ਾ ਧੁਰ ਫ਼ਰਮਾਣ, ਬੋਧ ਅਗਾਧ ਕਰੇ ਪੜ੍ਹਾਈਆ । ਤੇਰਾ ਲੇਖਾ ਜ਼ਿਮੀ ਅਸਮਾਨ, ਗਗਨ ਮੰਡਲ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਸਮਝਾਈਆ । ਸੁਤ ਦੁਲਾਰੇ ਸੁਣ ਰੇ ਮੀਤ, ਹਰਿ ਸਤਿਗੁਰ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗਾਏ ਗੀਤ, ਗੀਤ ਗੋਬਿੰਦ ਆਪ ਅਲਾਇੰਦਾ । ਨਿਰਗੁਣ ਸਰਗੁਣ ਚਲਾਏ ਰੀਤ, ਰੀਤੀਵਾਨ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਸ੍ਰੀ ਭਗਵਾਨ ਆਪ ਜਣਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵ ਕਮਾਨਾ, ਸਾਚੀ ਸੇਵਾ ਇਕ ਲਗਾਈਆ । ਜੁਗ ਚੌਕੜੀ ਵੰਡ ਵੰਡਾਨਾ, ਵੰਡਣ ਆਪਣੇ ਹੱਥ ਰਖਾਈਆ । ਵੇਦ ਸ਼ਾਸਤਰ ਸਿਮਰਤ ਗਾਏ ਗਾਣਾ, ਗੁਰ ਅਵਤਾਰ ਕਰੇ ਪੜ੍ਹਾਈਆ । ਭਗਤ ਭਗਵੰਤ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਈਆ । ਸਾਚੇ ਸੰਤਾਂ ਵਖਾਏ ਤੇਰਾ ਨਿਸ਼ਾਨਾ, ਨਾਮ ਨਿਸ਼ਾਨਾ ਇਕ ਝੁਲਾਈਆ । ਗੁਰਮੁਖਾਂ ਵਖਾਏ ਪਦ ਨਿਰਬਾਣਾ, ਪਰਮ ਪੁਰਖ ਬੇਪਰਵਾਹੀਆ । ਗੁਰਸਿਖਾਂ ਤੋੜੇ ਮਾਣ ਅਭਿਮਾਨਾ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਪਰਗਟ ਹੋਏ ਵਿਚ ਜਹਾਨਾਂ, ਨਿਰਗੁਣ ਸਰਗੁਣ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਈਆ । ਸਾਚੇ ਸੁਤ ਨੇਤਰ ਖੋਲ੍ਹ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਜੁਗ ਚੌਕੜੀ ਤੋਲਣਾ ਤੋਲ, ਚਾਰ ਚਾਰ ਵੰਡ ਵੰਡਾਇੰਦਾ । ਚਾਰੇ ਖਾਣੀ ਜਾਣਾ ਮੌਲ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਰੰਗ ਰੰਗਾਇੰਦਾ । ਚਾਰੇ ਬਾਣੀ ਬੋਲਣਾ ਬੋਲ, ਪਰਾ ਪਸੰਤੀ ਮਧਮ ਬੈਖ਼ਰੀ ਤੇਰਾ ਰਾਗ ਅਲਾਇੰਦਾ । ਚਾਰ ਵਰਨ ਲੇਖਾ ਲੌਣਾ ਉਪਰ ਧੌਲ, ਧਰਨੀ ਧਰਤ ਧਵਲ ਸੁਹਾਇੰਦਾ । ਚਾਰੋਂ ਕੁੰਟ ਕਰਨਾ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਚਾਰ ਯਾਰੀ ਜਾਣਾ ਮੌਲ, ਮੌਲਾ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸ੍ਰੀ ਭਗਵੰਤ, ਆਦਿ ਆਦਿ ਜਣਾਈਆ । ਤੇਰਾ ਲੇਖਾ ਜੁਗਾ ਜੁਗੰਤ, ਜੁਗ ਜੁਗ ਆਪ ਸਮਝਾਈਆ । ਲੱਖ

ਚੁਰਾਸੀ ਬਣਾਏ ਬਣਤ, ਘੜ ਭਾਂਡੇ ਸੋਭਾ ਪਾਈਆ । ਤੇਰੀ ਮਹਿਮਾ ਜਣਾਏ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਤੇਰੀ ਸੇਵਾ ਲਾਏ ਸਾਧ ਸੰਤ, ਭਗਤ ਭਗਵੰਤ ਆਪ ਉਠਾਈਆ । ਤੇਰਾ ਨਾਉਂ ਪਰਗਟਾਏ ਮੰਤ, ਅੱਖਰ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਸੁਤ ਦੁਲਾਰਾ ਕਰ ਪਰਵਾਨ, ਪ੍ਰਭ ਅੱਗੇ ਸੀਸ ਝੁਕਾਇੰਦਾ । ਜੁਗ ਚੌਕੜੀ ਸੇਵਾ ਕਰਾਂ ਮਹਾਨ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਗੁਰ ਅਵਤਾਰਾਂ ਸਚ ਸੰਦੇਸ਼ਾ ਧੁਰ ਫ਼ਰਮਾਣ, ਅੱਖਰ ਵੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਖੇਲ ਮਹਾਨ, ਬ੍ਰਹਮ ਪਾਰਬ੍ਰਹਮ ਵਡਿਆਇੰਦਾ । ਈਸ਼ ਜੀਵ ਦੇ ਗਿਆਨ, ਜਗਤ ਗਿਆਨਾ ਆਪ ਕਰਾਇੰਦਾ । ਸਤਿਜੁਗ ਸਾਚਾ ਵੇਖਾਂ ਆਣ, ਰੂਪ ਅਨੂਪ ਆਪ ਧਰਾਇੰਦਾ । ਜੀਵਾਂ ਜੰਤਾਂ ਦੇ ਦੇ ਮਾਣ, ਜੀਵਣ ਜੁਗਤ ਜਗਤ ਸਮਝਾਇੰਦਾ । ਆਤਮ ਸਰੋਵਰ ਪੀਣ ਖਾਣ, ਅੰਮ੍ਰਿਤ ਰਸ ਇਕ ਵਖਾਇੰਦਾ । ਸਾਚਾ ਨਾਦ ਅਗੰਮੀ ਧੁਨਕਾਨ, ਧੁਨ ਆਤਮਕ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਸੇਵ ਕਮਾਇੰਦਾ । ਜੁਗ ਚੌਕੜੀ ਸੇਵਾ ਕਰ, ਹਰਿ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਹਰ, ਥਿਰ ਕੋਇ ਰਹਿਣ ਨਾ ਪਾਈਆ । ਨਵ ਨੌਂ ਚਾਰ ਵੇਖਾਂ ਘਰ ਘਰ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸਤਿ ਸਤਿਵਾਦੀ ਸੱਤਾਂ ਦੀਪਾਂ ਅੰਦਰ ਵੜ, ਪਰਦਾ ਪਰਦਾ ਦਏ ਉਠਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਾਉਂ ਨਿਰੰਕਾਰਾ ਨਿਸ਼ਅੱਖਰ ਆਪੇ ਪੜ੍ਹ, ਜਗਤ ਵਿਦਿਆ ਕਰੇ ਪੜ੍ਹਾਈਆ । ਏਕਾ ਚੌਕਾ ਲਾਏ ਲੜ, ਚੌਦਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਸਚ ਕਮਾਈਆ । ਸਾਚੀ ਸੇਵਾ ਲੋਕਮਾਤ, ਬਣ ਸੇਵਕ ਸੇਵ ਕਮਾਇੰਦਾ । ਜੁਗ ਜੁਗ ਸੁਣਾਏ ਸਾਚੀ ਗਾਥ, ਸਾਚੀ ਗਾਥਾ ਆਪ ਅਲਾਇੰਦਾ । ਕਰ ਖੇਲ ਪੁਰਖ ਸਮਰਾਥ, ਸਮਰਥ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਹੋ ਪਰਗਟ, ਗੁਰ ਅਵਤਾਰ ਨਾਉਂ ਰਖਾਇੰਦਾ । ਵਸਣਹਾਰਾ ਘਟ ਘਟ, ਨਜ਼ਰ ਕਿਸੇ ਨਾ ਆਇੰਦਾ । ਨਿਤ ਨਵਿਤ ਮਾਰਗ ਦੱਸ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਏਹ ਸਮਝਾਇੰਦਾ । ਸੁਤ ਦੁਲਾਰੇ ਰੱਖਣਾ ਯਾਦ, ਸ੍ਰੀ ਭਗਵਾਨ ਆਪ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੁਣਦਾ ਰਹੇ ਫਰਯਾਦ, ਨਿਤ ਨਵਿਤ ਮੇਲ ਮਿਲਾਈਆ । ਕਲਜੁਗ ਅੰਤਮ ਆਪਣਾ ਖੇਲ ਕਰੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੇ ਸੰਸਾਰ, ਸੰਸਾ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਆਦਿ ਆਦਿ ਕੀਤਾ ਖ਼ਬਰਦਾਰ, ਬੇਖ਼ਬਰ ਆਪ ਜਗਾਈਆ । ਸਚਖੰਡ ਦੁਆਰੇ ਨਾ ਬਣੇ ਕੋਈ ਲਿਖਾਰ, ਬਿਨ ਲਿਖਿਆਂ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸਚ ਸੰਦੇਸ਼ਾ ਏਕੰਕਾਰਾ, ਏਕਾ ਏਕ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖੇ ਵਾਰੋ ਵਾਰਾ, ਵੇਸ ਅਨੇਕ ਵਟਾਇੰਦਾ । ਗੁਰ ਅਵਤਾਰ ਦੇ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਪੀਰ ਪੈਗ਼ੰਬਰ ਕਰ ਪਿਆਰਾ, ਕਲਮਾ ਨਬੀ ਆਪ ਪੜ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੇ ਸਹਾਰਾ, ਖਾਣੀ ਬਾਣੀ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਵਡਿਆਇੰਦਾ । ਸਾਚੇ

੧੦੫
੧੨

ਸੁਤ ਕਰ ਧਿਆਨ, ਸਚਖੰਡ ਨਿਵਾਸੀ ਆਪ ਸੁਣਾਈਆ । ਕਲਜੁਗ ਅੰਤਮ ਹੋਏ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਪੁਰਖ ਅਬਿਨਾਸ਼ੀ ਹੋਏ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਦੇ ਗਏ ਨਿਸ਼ਾਨ, ਅੰਤ ਨਿਸ਼ਾਨਾ ਦਏ ਵਖਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣੇ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਈਆ । ਸਚ ਸੰਦੇਸ਼ਾ ਲੈਣਾ ਜਾਣ, ਨਿਸ਼ਅੱਖਰ ਆਪ ਪੜ੍ਹਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਖੇਲ ਵਰਤਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮੇਟ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਇੰਦਾ । ਗੁਰ ਅਵਤਾਰਾਂ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਪਰਗਟ ਹੋਏ ਵਿਚ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਇੰਦਾ । ਨਾਉਂ ਰਖਾਏ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਧੁਰ ਫ਼ਰਮਾਣਾ ਦੇਵੇ ਆਣ, ਸਚ ਸੰਦੇਸ਼ਾ ਇਕ ਜਣਾਇੰਦਾ । ਸ੍ਰਿਸ਼ਟ ਸਬਾਈ ਦਏ ਗਿਆਨ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਖੋਲ੍ਹੇ ਭੇਵ ਆਪ ਕਰਤਾਰਾ, ਹਰਿ ਜੂ ਹਰਿ ਹਰਿ ਦਇਆ ਕਮਾਈਆ । ਕਲਜੁਗ ਆਏ ਅੰਤਮ ਵਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਨਵ ਨੌਂ ਹੋਏ ਹਾਹਾਕਾਰਾ, ਚਾਰ ਚਾਰ ਕਰੇ ਲੜਾਈਆ । ਨਾ ਕੋਈ ਦੇਵੇ ਜਗਤ ਸਹਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਤ੍ਰੈ ਪੰਜ ਮਾਰੇ ਲਲਕਾਰਾ, ਪੰਚਮ ਆਪਣਾ ਜ਼ੋਰ ਵਧਾਈਆ । ਨਾਤਾ ਤੁਟੇ ਤੇਈ ਅਵਤਾਰਾ, ਸਗਲਾ ਸੰਗ ਨਾ ਕੋਇ ਰਖਾਈਆ । ਭਗਤ ਅਠਾਰਾਂ ਨਾ ਕੋਇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਆਪਣਾ ਪਰਦਾ ਦੇਵੇ ਲਾਹ, ਸ੍ਰੀ ਭਗਵਾਨ ਖੇਲ ਕਰਾਈਆ । ਈਸਾ ਮੂਸਾ ਮੁਹੰਮਦ ਬਣੇ ਨਾ ਕੋਇ ਮਲਾਹ, ਨੱਯਾ ਨਾਮ ਨਾ ਕੋਇ ਚੜ੍ਹਾਈਆ । ਚਾਰ ਯਾਰੀ ਨਾ ਕੋਇ ਸਲਾਹ, ਸਲਾਹਗੀਰ ਕੋਇ ਰਹਿਣ ਨਾ ਪਾਈਆ । ਚਾਰੋਂ ਕੁੰਟ ਅੰਧੇਰਾ ਜਾਏ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾਨਕ ਨਿਰਗੁਣ ਕਲਜੁਗ ਜੀਵ ਦੇਣ ਭੁਲਾ, ਨਾਮ ਸਤਿ ਢੋਲਾ ਕੋਇ ਨਾ ਗਾਈਆ । ਗੋਬਿੰਦ ਸਿਖਿਆ ਦੇਣ ਰੁਲਾ, ਗੁਰਸਿਖ ਸਿਖ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਜਾਮ ਨਾ ਦੇਵੇ ਕੋਈ ਪਿਲਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਚਾਰੋਂ ਕੁੰਟ ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ ਵਿਭਚਾਰ ਜਾਏ ਛਾ, ਸਤਿ ਸਤਿ ਨਜ਼ਰ ਕਿਤੇ ਨਾ ਆਈਆ । ਕਰੇ ਖੇਲ ਬੇਪਰਵਾਹ, ਆਪਣਾ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਹਰਿ ਕਰਤਾਰਾ, ਏਕਾ ਏਕ ਏਕ ਜਣਾਇੰਦਾ । ਅੰਤਮ ਪਰਗਟ ਹੋਏ ਆਪ ਨਿਰੰਕਾਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਲਿਖ ਲਿਖ ਲੇਖ ਸਰਬ ਸਮਝਾਇੰਦਾ । ਈਸਾ ਕੂਕ ਕੂਕ ਕਰੇ ਪੁਕਾਰਾ, ਪਰਵਰਦਿਗਾਰ ਓਟ ਤਕਾਇੰਦਾ । ਮੁਹੰਮਦ ਕਹੇ ਸਾਂਝਾ ਯਾਰਾ, ਹਜ਼ਰਤ ਅੰਤਮ ਫੇਰਾ ਪਾਇੰਦਾ । ਨਾਨਕ ਨਿਰਗੁਣ ਸਰਗੁਣ ਕਹੇ ਮਹਾਬਲੀ ਉਤਰੇ ਅਵਤਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਗੁਰ ਗੋਬਿੰਦ ਬੋਲੇ ਇਕ ਲਲਕਾਰਾ, ਚਾਰ ਵਰਨ ਆਪ ਸਮਝਾਇੰਦਾ । ਕਲ ਕਲਕੀ ਖੇਲ ਕਰੇ ਨਿਆਰਾ, ਸੰਬਲ ਆਪਣਾ ਆਸਣ ਲਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਇੰਦਾ । ਵੰਡ ਵੰਡਾਂ ਵੰਡੇ ਵਿਚ ਸੰਸਾਰਾ, ਵੰਡਣਹਾਰਾ ਦਿਸ ਨਾ ਆਇੰਦਾ । ਕਲਜੁਗ ਮੇਟੇ ਧੁੰਦੂਕਾਰਾ,

ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨਾਂ ਕਰੇ ਪਿਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਊਚ ਨੀਚ ਨਾ ਕੋਇ ਰਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ੁਵਾਰਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਬੁਲਾਏ ਸਤਿ ਜੈਕਾਰਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਲੱਖ ਚੁਰਾਸੀ ਆਤਮ ਪਰਮਾਤਮ ਘਟ ਘਟ ਵੇਖੇ ਲੱਗਾ ਅਖਾੜਾ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਇੰਦਾ । ਆਤਮਕ ਧੁਨ ਅਨਹਦ ਨਾਦ ਵਜਾਏ ਸੱਚੀ ਧੁਨਕਾਰਾ, ਧੁਨ ਰਾਗ ਆਪ ਅਲਾਇੰਦਾ । ਅੰਮ੍ਰਿਤ ਆਤਮ ਸਰ ਸਰੋਵਰ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਦੀਵਾ ਬਾਤੀ ਕਮਲਾਪਾਤੀ ਜੋਤ ਨਿਰੰਜਣ ਕਰੇ ਉਜਿਆਰਾ, ਬੰਦ ਕਿਵਾੜੀ ਤਾਕੀ ਆਪੇ ਕੁੰਡਾ ਲਾਹਿੰਦਾ । ਕਰੇ ਖੇਲ ਅਗੰਮ ਅਪਾਰਾ, ਕਲਜੁਗ ਅੰਤਮ ਹੋਏ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਜਣਾਇਆ, ਆਪਣੀ ਦਇਆ ਕਮਾਈਆ । ਸੁਤ ਦੁਲਾਰਾ ਸਤਿ ਸਮਝਾਇਆ, ਸਾਚੀ ਸਿਖਿਆ ਇਕ ਰਖਾਈਆ । ਨਵ ਨੌਂ ਬੇੜਾ ਪਾਰ ਕਰਾਇਆ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਭੇਵ ਅਭੇਦ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖ ਰਿਹਾ ਜਣਾਈਆ । ਸਾਚਾ ਲੇਖਾ ਲੈਣਾ ਜਾਣ, ਪਿਤਾ ਪੂਤ ਖੇਲ ਕਰਾਇੰਦਾ । ਨਿਰਗੁਣ ਸਰਗੁਣ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਕਲਜੁਗ ਅੰਤਮ ਪਰਗਟ ਹੋਏ ਵਾਲੀ ਦੋ ਜਹਾਨ, ਦੋਏ ਦੋਏ ਰੂਪ ਵਖਾਇੰਦਾ । ਸਾਢੇ ਤਿੰਨ ਹੱਥ ਵੇਖੇ ਸਚ ਮਕਾਨ, ਸੰਬਲ ਆਪਣਾ ਆਸਣ ਲਾਇੰਦਾ । ਸਤਿਗੁਰ ਪੂਰਾ ਗੁਰ ਗੋਬਿੰਦ ਸੂਰਾ ਨੌਜਵਾਨ, ਜਨਮ ਮਰਨ ਵਿਚ ਨਾ
੧੦੬ ਆਇੰਦਾ । ਨਾਮ ਖੰਡਾ ਤੇਜ਼ ਕਿਰਪਾਨ, ਕਾਇਆ ਗਾਤਰੇ ਰੱਖੇ ਵਿਚ ਮਿਆਨ, ਲੋਹਾਰ ਤਰਖਾਣ ਘਾੜਤ ਘੜਤ ਨਾ ਕੋਇ ਰਖਾਇੰਦਾ । ਬਹੱਤਰ ਨਾੜੀ ਕਰੇ ਪਰਵਾਨ, ਤਿੰਨ ਸੌ ਸੱਠ ਹਾਡੀ ਦੇਵੇ ਦਾਨ, ਮਨ ਮਨੂਆ ਤੋੜੇ ਅਭਿਮਾਨ, ਸਾਚਾ ਨਾਮ ਝੁਲਾਏ ਨਿਸ਼ਾਨ, ਸਤਿ ਸਤਿਵਾਦੀ ਖੇਲ ਕਰਾਇੰਦਾ । ੧੦੬
੧੨ ੧੨
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਆਪਣਾ ਭੇਵ ਜਣਾਇੰਦਾ । ਅੰਤਮ ਖੇਲ ਹਰਿ ਜੂ ਭੇਵ, ਅਭੇਦ ਆਪ ਖੁਲ੍ਹਾਈਆ । ਲਹਿਣਾ ਚੁੱਕੇ ਚਾਰ ਵੇਦ, ਸ਼ਾਸਤਰ ਸਿਮਰਤ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇ ਅੰਦਰ ਗਏ ਖੇਡ, ਜਗਤ ਖਡਾਰੀ ਆਪ ਖਡਾਈਆ । ਅੰਤਮ ਸਾਚੀ ਸੇਜਾ ਗਏ ਲੇਟ, ਪੁਰਖ ਅਬਿਨਾਸ਼ੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਭਗਵੰਤ ਆਪਣੀ ਖੇਲ ਵਰਤਾਈਆ । ਸ਼ਬਦੀ ਸੁਤ ਤੇਰਾ ਮਾਰਗ ਏਕਾ ਲੌਣਾ, ਇਸ਼ਟ ਏਕਾ ਆਪ ਦਰਸਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਏਕਾ ਅੱਖਰ ਆਪ ਪੜ੍ਹੌਣਾ, ਚੌਦਾਂ ਵਿਦਿਆ ਮਾਣ ਗਵਾਇੰਦਾ । ਚੌਦਾਂ ਤਬਕਾਂ ਫੇਰਾ ਪੌਣਾ, ਚੌਦਾਂ ਲੋਕ ਪੰਧ ਮੁਕਾਇੰਦਾ । ਅਵਣ ਗਵਣ ਫੇਰਾ ਪੌਣਾ, ਤ੍ਰੈਭਵਣ ਧਨੀ ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪੱਤਤ ਪਾਪੀ ਆਪ ਆਪ ਤਰਾਇੰਦਾ । ਲੱਖ ਚੁਰਾਸੀ ਪਰਖੇ ਨੀਤਾ, ਲੇਖਾ ਜਾਣੇ ਹਸਤ ਕੀਟਾ, ਊਚਾਂ ਨੀਚਾਂ ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪਣੇ ਹੁਕਮ ਚਲਾਇੰਦਾ । ਕਲਜੁਗ ਅੰਤਮ ਵੇਲਾ ਬੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਆਪ ਸਮਝਾਇੰਦਾ । ਸ਼ਬਦੀ ਸ਼ਬਦ ਵੇਲਾ ਅੰਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਏਕਾ ਪਰਗਟ ਹੋਏ ਮੰਤ, ਮੰਤਰ ਹਰਿ ਹਰਿ

ਨਾਮ ਦ੍ਰਿੜਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਹਰਿ ਸਤਿਗੁਰ ਬੂਝ ਬੁਝਾਈਆ । ਲੱਖ ਚੁਰਾਸੀ ਮਾਇਆ ਪਾਏ ਬੇਅੰਤ, ਪਰਦਾ ਸਕੇ ਨਾ ਕੋਇ ਉਠਾਈਆ । ਨਵ ਨੌਂ ਗੜ੍ਹ ਬਣੇ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਦਰਸਾਈਆ । ਜੀਵ ਜੰਤ ਹੋਏ ਨੰਗਤ, ਨਾਮ ਦੋਸ਼ਾਲਾ ਉਪਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਦੇਵੇ ਵਡਿਆਈ ਵੱਡਾ ਵਡ, ਸਿਰ ਆਪਣਾ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਮਾਤ ਸੱਦ, ਸਾਚੀ ਸਿਖਿਆ ਸਿਖ ਸਮਝਾਇੰਦਾ । ਅੰਤਮ ਆਪਣਾ ਭਾਰ ਗਏ ਲਦ, ਪੰਜ ਤਤ ਕਾਇਆ ਚੋਲਾ ਥਿਰ ਰਹਿਣ ਨਾ ਪਾਇੰਦਾ । ਹੁਕਮੇ ਅੰਦਰ ਵੰਡ ਕੇ ਗਏ ਹੱਦ, ਹਦੂਦ ਅਰਬਾ ਆਪਣੇ ਹੱਥ ਰਖਾਇੰਦਾ । ਸਚ ਸੰਦੇਸ਼ਾ ਨਿਰਗੁਣ ਕਹਿ ਗਏ ਨਦ, ਰਾਗੀ ਰਾਗ ਰਾਗ ਅਲਾਇੰਦਾ । ਅੰਤਮ ਪਾਰਬ੍ਰਹਮ ਪਰਮੇਸ਼ਵਰ ਸਵਾਮੀ ਚਰਨ ਕਵਲ ਦੁਆਰੇ ਲਏ ਸੱਦ, ਸਾਚਾ ਹੁਕਮ ਆਪ ਵਰਤਾਇੰਦਾ । ਆਪਣਾ ਆਪਣਾ ਨਾਉਂ ਲੋਕਮਾਤ ਪਿਛੇ ਗਏ ਛੱਡ, ਜੀਵ ਜੰਤ ਸਰਬ ਗਾਇੰਦਾ । ਨਾਨਕ ਗੋਬਿੰਦ ਕਹਿ ਕੇ ਗਏ ਪੁਰਖ ਸਮਰਥ, ਪੁਰਖ ਅਕਾਲ ਏਕਾ ਗੁਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਅੰਤਮ ਲਹਿਣਾ ਦੇਣਾ ਚੁਕਾਏ ਤੇਈ ਅਵਤਾਰਾ, ਭਗਤ ਅਠਾਰਾਂ ਆਪਣੇ ਖਾਤੇ ਪਾਈਆ । ਵੇਖ ਵਖਾਏ ਏਕਾ ਜੋਤੀ ਦਸ ਅਵਤਾਰਾ, ਦਹਿ ਦਿਸ਼ਾ ਨੂਰ ਰੁਸ਼ਨਾਈਆ । ਪੁਰਖ ਅਕਾਲ ਬੋਲ ਜੈਕਾਰਾ, ਗੋਬਿੰਦ ਗੁਰ ਗਿਆ ਸਮਝਾਈਆ । ਅੰਤਮ ਆਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਸਾਚਾ ਮਾਰਗ ਚਲਾਏ ਵਿਚ ਸੰਸਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਮ ਵਣਜ ਕਰਾਏ ਇਕ ਵਪਾਰਾ, ਬ੍ਰਹਿਮੰਡ ਖੰਡ ਆਪਣਾ ਹੱਟ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਸੋਹੰ ਬੋਲਣ ਸ਼ਬਦ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਸਤਿਜੁਗ ਦੱਸੇ ਇਕ ਦੁਆਰਾ, ਸਤਿ ਸਤਿਵਾਦੀ ਏਕਾ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰਾ, ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਈਸ਼ ਜੀਵ ਇਕ ਅਖਾੜਾ, ਘਰ ਘਰ ਵਿਚ ਨਾਚ ਨਚਾਈਆ । ਮੇਟੇ ਅਗਨੀ ਤਤੀ ਹਾੜਾ, ਅੰਮ੍ਰਿਤ ਮੇਘ ਇਕ ਬਰਸਾਈਆ । ਲੇਖਾ ਜਾਣੇ ਪੁਰਖ ਨਾਰਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਲਹਿਣਾ ਚੁੱਕੇ ਚਾਰ ਯਾਰਾ, ਚਾਰ ਯਾਰੀ ਪੰਧ ਮੁਕਾਈਆ । ਮੁਹੰਮਦ ਲੇਖਾ ਮੁੱਕੇ ਅੰਤਮ ਵਾਰਾ, ਸਦੀ ਚੌਧਵੀਂ ਦਏ ਦੁਹਾਈਆ । ਅੱਲਾ ਰਾਣੀ ਰੋਵੇ ਨੇਤਰ ਜ਼ਾਰੋ ਜ਼ਾਰਾ, ਨੈਣਾਂ ਨੀਰ ਰਹੀ ਵਹਾਈਆ । ਈਸਾ ਮੂਸਾ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਗੋਬਿੰਦ ਬੋਲੇ ਸਚ ਜੈਕਾਰਾ, ਫ਼ਤਹਿ ਡੰਕਾ ਇਕ ਵਜਾਈਆ । ਨੌਂ ਖੰਡ ਪ੍ਰਿਥਮੀ ਬਣੇ ਸਚੀ ਸਰਕਾਰਾ, ਪੁਰਖ ਅਕਾਲ ਆਪ ਬਣਾਈਆ । ਬੀਸ ਬੀਸਾ ਪਰਗਟ ਹੋਏ ਅਗੰਮ ਅਪਾਰਾ, ਜਗਤ ਜਗਦੀਸ਼ਾ ਏਕਾ ਛਤਰ ਸੀਸ ਝੁਲਾਈਆ । ਸ਼ਬਦੀ ਸੁਤ ਤੇਰਾ ਪਿਆਰਾ, ਅੰਤਮ ਆਪਣੇ ਨਾਲ ਕਰਾਈਆ । ਏਥੇ ਓਥੇ ਦੋ ਜਹਾਨ ਖੇਲ ਨਿਆਰਾ, ਨਿਰਗੁਣ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹੁਕਮੀ ਹੁਕਮ ਹੁਕਮ ਵਰਤਾਈਆ । ਹੁਕਮੇ ਅੰਦਰ ਹੁਕਮ ਸਮਾਇਆ, ਬਚਿਆ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੂਪ ਵਟਾਇਆ, ਰੇਖ ਸਭ ਦੀ ਦਏ ਗਵਾਈਆ । ਨਰ ਨਰੇਸ਼ ਸਚ ਸੰਦੇਸ਼ ਇਕ ਸੁਣਾਇਆ, ਸੋਹੰ ਢੋਲਾ ਏਕਾ ਗਾਈਆ । ਵਿਸ਼ਨ ਬ੍ਰਹਮਾ ਮਹੇਸ਼ ਆਪ ਜਗਾਇਆ, ਸ਼ੰਕਰ ਏਕਾ ਹੁਕਮ ਵਰਤਾਈਆ ।

ਬਾਸ਼ਕ ਤਸ਼ਕਾ ਸਾਂਗੋ ਪਾਂਗ ਸੇਜ ਆਪ ਤਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣੀ ਸੇਵਾ ਆਪੇ ਲਾਇਆ । ਹੁਕਮੇ ਅੰਦਰ ਸੇਵਾ ਲੱਗ, ਹਰਿ ਸਾਚੀ ਸੇਵ ਕਮਾਈਆ । ਹੁਕਮੇ ਅੰਦਰ ਸੂਰਾ ਸਰਬੱਗ, ਸੂਰਬੀਰ ਫਿਰੇ ਚਾਈਂ ਚਾਈਆ । ਹੁਕਮੇ ਅੰਦਰ ਵੇਖਣਹਾਰਾ ਸਾਰਾ ਜਗ, ਜਗਤ ਜੁਗਤ ਆਪ ਬਣਾਈਆ । ਹੁਕਮੇ ਅੰਦਰ ਆਪੇ ਗਿਆ ਬੱਝ, ਤੋੜਨਹਾਰਾ ਆਪ ਹੋ ਜਾਈਆ । ਸ਼ਬਦ ਦੁਲਾਰੇ ਮਾਰਗ ਦੱਸ, ਸਾਚਾ ਰਾਹ ਵਖਾਈਆ । ਪੁਰਖ ਅਬਿਨਾਸ਼ੀ ਮੇਲਾ ਹੱਸ ਹੱਸ, ਸਚਖੰਡ ਵੱਜੇ ਵਧਾਈਆ । ਲੋਕਮਾਤ ਭਗਤਾਂ ਅੰਦਰ ਗਿਆ ਵਸ, ਭਗਤ ਦੁਆਰਾ ਇਕ ਸੁਹਾਈਆ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਪੁਰਖ ਅਕਾਲ ਅਬਿਨਾਸ਼ੀ ਕਰਤਾ ਆਇਆ ਨੱਸ, ਬਣ ਪਾਂਧੀ ਪੰਧ ਮੁਕਾਈਆ । ਗੁਰਮੁਖ ਪ੍ਰੇਮ ਪਿਆਰ ਅੰਦਰ ਗਿਆ ਫਸ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਸ਼ਬਦ ਸਰੂਪੀ ਗੁਰਸਿਖਾਂ ਗਾਏ ਜਸ, ਜਸ ਆਪਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਮੇਲਾ ਗੁਰੂ ਗੁਰ ਚੇਲਾ, ਗੁਰ ਚੇਲਾ ਨਿਰਗੁਣ ਨਿਰਗੁਣ ਆਪ ਅਖਵਾਈਆ । ਆਪੇ ਚੇਲਾ ਆਪੇ ਗੁਰ, ਗੁਰ ਕਰਤਾ ਆਪ ਅਖਵਾਇੰਦਾ । ਆਪੇ ਲੇਖਾ ਜਾਣੇ ਧੁਰ, ਧੁਰਦਰਗਾਹੀ ਵੇਖ ਵਖਾਇੰਦਾ । ਆਪੇ ਸ਼ਬਦ ਨਾਦ ਸੁਰ, ਤਾਲ ਤਲਵਾੜਾ ਆਪ ਵਜਾਇੰਦਾ । ਆਪੇ ਸੁਰਤੀ ਸ਼ਬਦੀ ਜਾਏ ਜੁੜ, ਆਪੇ ਮਿਲ ਮਿਲ ਖ਼ੁਸ਼ੀ ਮਨਾਇੰਦਾ । ਆਪੇ ਸੱਸੇ ਉਪਰ ਲਾਇਆ ਹੋੜ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਆਪੇ ਹੰ ਬ੍ਰਹਮ ਵੇਖੇ ਦੌੜ, ਆਤਮ ਪਰਮਾਤਮ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਪੁਰਖ ਨਿਰੰਜਣ ਸਾਚੀ ਧਾਰ ਆਪ ਚਲਾਇੰਦਾ ।



ਲੜਕਾ ਤੇਰਾ ਰਾਮ ਗੜ੍ਹ, ਪੱਛਮ ਦਿਸ਼ਾ ਡੇਰਾ ਲਾਈਆ । ਮੰਦਰ ਅੰਦਰ ਬੈਠਾ ਵੜ, ਪੰਡਤ ਸੰਗ ਰਖਾਈਆ । ਦਿਵਸ ਦਿਵਸ ਰਹੇ ਡਰ, ਬਾਹਰ ਨਿਕਲ ਨਾ ਮੁਖ ਵਖਾਈਆ । ਤੁਸਾਂ ਜਾਣਾ ਆਪਣੇ ਘਰ, ਬੱਚਾ ਆਪੇ ਮੁੜ ਘਰ ਫੇਰਾ ਪਾਈਆ । ਸਤਿਗੁਰ ਪੂਰਾ ਸ਼ਬਦ ਸਰੂਪੀ ਲਏ ਫੜ, ਮਨ ਮਨੂਆ ਦਏ ਭੁਆਈਆ । ਡੂੰਘੀ ਕੰਦਰ ਜਾਏ ਵੜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਕਦੀਰ ਕਰ ਤਦਬੀਰ, ਦੇਵੇ ਮਾਤ ਬਦਲਾਈਆ ।

### ✳ ੪ ਵਸਾਖ ੨੦੧੯ ਬਿਕਰਮੀ ਸਵਰਨ ਸਿੰਘ ਦੇ ਗ੍ਰਿਹ ਪਿੰਡ ਦਬੁਰਜੀ ਜ਼ਿਲਾ ਅੰਮ੍ਰਿਤਸਰ ✳

ਪੁਰਖ ਅਕਾਲ ਸੱਚਾ ਸ਼ਹਿਨਸ਼ਾਹ, ਨਿਰਗੁਣ ਜੁਗ ਜੁਗ ਖੇਲ ਕਰਾਇੰਦਾ । ਸਾਚੇ ਤਖ਼ਤ ਬੈਠ ਬੇਪਰਵਾਹ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਲੱਖ ਚੁਰਾਸੀ ਘਾੜਨ ਘੜਤ ਲਏ ਘੜਾ, ਘਟ ਘਟ ਅੰਤਰ ਆਪਣਾ ਆਸਣ ਲਾਇੰਦਾ । ਚਾਰ ਖਾਣੀ ਵੰਡ ਵੰਡਾ, ਵੇਦ ਸ਼ਾਸਤਰ ਸਿਮਰਤ ਪੁਰਾਨ ਸਿਫ਼ਤ ਸਾਲਾਹ ਆਪ ਜਣਾਇੰਦਾ । ਜੁਗ ਚੌਕੜੀ ਵੰਡ

ਵੰਡਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਨਵ ਨੌਂ ਧਾਰਾ ਆਪ ਚਲਾ, ਦੋ ਜਹਾਨਾਂ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸ਼ਾਹ ਪਾਤਸ਼ਾਹ ਰਾਜ ਰਾਜਾਨ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਤਖ਼ਤ ਨਿਵਾਸੀ ਵਡ ਮਿਹਰਵਾਨ, ਸਚਖੰਡ ਵਸੇ ਸਾਚਾ ਮਾਹੀਆ । ਆਦਿ ਜੁਗਾਦੀ ਧੁਰ ਫ਼ਰਮਾਣ, ਸਚ ਸੰਦੇਸ਼ਾ ਨਾਮ ਸੁਣਾਈਆ । ਗੁਰ ਅਵਤਾਰ ਦੇ ਦੇ ਦਾਨ, ਪੀਰ ਪੈਗ਼ੰਬਰ ਭੇਵ ਖੁਲ੍ਹਾਈਆ । ਭਗਤ ਭਗਵੰਤ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਸੰਤਨ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੁਗ ਜੁਗ ਲੇਖਾ ਜੀਵ ਜਹਾਨ, ਜੁਗ ਕਰਤਾ ਆਪ ਚੁਕਾਈਆ । ਸਤਿਜੁਗ ਤ੍ਰੇਤਾ ਖੋਲ੍ਹ ਦੁਕਾਨ, ਦੁਆਪਰ ਆਪਣਾ ਹੱਟ ਚਲਾਈਆ । ਕਲਜੁਗ ਖੇਲ ਸ੍ਰੀ ਭਗਵਾਨ, ਨਿਰਗੁਣ ਸਰਗੁਣ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ਼ਾਹੋ ਭੂਪ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਵਸਣਹਾਰੇ ਚਾਰੇ ਕੂਟ, ਦਹਿ ਦਿਸ਼ਾ ਫੇਲ ਫੁਲਾਇੰਦਾ । ਲੱਖ ਚੁਰਾਸੀ ਤਾਣਾ ਪੇਟਾ ਜਾਣੇ ਸੂਤ, ਆਪਣਾ ਬੰਧਨ ਨਾਮ ਰਖਾਇੰਦਾ । ਸ਼ਬਦ ਦੁਲਾਰਾ ਸਾਚਾ ਦੂਤ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾਂ ਆਪ ਫਿਰਾਇੰਦਾ । ਕਲਜੁਗ ਕੂੜੀ ਕਿਰਿਆ ਵੇਖੇ ਜੂਠ ਝੂਠ, ਨੌਂ ਖੰਡ ਪ੍ਰਿਥਮੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਹਰਿ ਨਿਰੰਕਾਰਾ, ਜੁਗ ਜੁਗ ਲੋਕਮਾਤ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਹੁਲਾਰਾ, ਸਾਚਾ ਮਾਰਗ ਏਕਾ ਲਾਈਆ । ਕਲਜੁਗ ਮੰਗੀ ਮੰਗ, ਬਣ ਭਿਖਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਵਿਛੋੜਾ ਝੱਲਿਆ ਨਾ ਜਾਏ ਪਰਵਰਦਿਗਾਰਾ, ਬੇਐਬ ਬੇਪਰਵਾਹੀਆ । ਤੇਰਾ ਨੂਰ ਮੁਕਾਮੇ ਹੱਕ ਨਜ਼ਾਰਾ, ਨਜ਼ਰ ਕਿਸੇ ਨਾ ਆਈਆ । ਤੂੰ ਵਸਣਹਾਰਾ ਠਾਂਡੇ ਦਰਬਾਰਾ, ਤੇਰੇ ਚਰਨ ਸੱਚੀ ਸਰਨਾਈਆ । ਲੋਕਮਾਤ ਤ੍ਰੈਗੁਣ ਅੱਗ ਤਪੇ ਅੰਗਿਆਰਾ, ਪੰਜ ਤਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ ਵਰਤਾਇੰਦਾ । ਸਤਿਜੁਗ ਚਲਾਏ ਆਪਣੇ ਭਾਣਾ, ਕਲਜੁਗ ਅੰਤਮ ਮੇਟ ਮਿਟਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਜੂਠ ਝੂਠ ਕੂੜੀ ਕਿਰਿਆ ਪੰਧ ਮੁਕਾਨਾ, ਬਣ ਪਾਂਧੀ ਫੇਰਾ ਪਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਏਕਾ ਰੰਗ ਰੰਗਾਨਾ, ਰੰਗ ਰੰਗੀਲਾ ਖੇਲ ਕਰਾਇੰਦਾ । ਲੱਖ ਚੁਰਾਸੀ ਆਤਮ ਸਵਾਮੀ ਏਕਾ ਏਕ ਨਾਉਂ ਜਪਾਣਾ, ਰਸਨਾ ਜਪਤ ਜਪਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਵੇਖ ਵਖਾਇੰਦਾ । ਕਲਜੁਗ ਕੂੜੀ ਕਿਰਿਆ ਡੰਕ, ਨੌਂ ਖੰਡ ਕਰੇ ਸ਼ਨਵਾਈਆ । ਨੇਤਰ ਰੋਵੇ ਰਾਓ ਰੰਕ, ਧੀਰਜ ਧੀਰ ਨਾ ਕੋਇ ਧਰਾਈਆ । ਵੇਲਾ ਆਇਆ ਅੰਤਮ ਅੰਤ, ਗੋਬਿੰਦ ਵੇਖੇ ਚਾਈਂ ਚਾਈਂਆ । ਆਪ ਬਣਾਵਣਹਾਰਾ ਆਪਣੀ ਬਣਤ, ਸਾਚੀ ਸਾਜਣ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਠ ਝੂਠ ਦਏ ਮਿਟਾਈਆ । ਜੂਠ ਝੂਠ ਮੇਟੇ ਪਖੰਡ, ਹਰਿ ਜੂ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਆਇਆ ਕੰਢ, ਕੰਢੀ ਪਾਰ ਆਪ ਕਰਾਇੰਦਾ । ਰਾਜ ਰਾਜਾਨਾਂ ਦੇਵੇ ਦੰਡ, ਨਾਮ ਖੰਡਾ ਇਕ ਚਮਕਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਇਕ ਅਨੰਦ, ਅਨੰਦ

ਅਨੰਦ ਵਿਚ ਵਖਾਇੰਦਾ । ਸਚ ਸੁਚ ਚੜ੍ਹਾਏ ਸਾਚਾ ਚੰਦ, ਸਤਿ ਸਤਿਵਾਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਨਾਤਾ ਤੋੜ ਤੁੜਾਇੰਦਾ । ਕੂੜਾ ਨਾਤਾ ਜਾਏ ਤੁੱਟ, ਲੋਕਮਾਤ ਰਹਿਣ ਨਾ ਪਾਈਆ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਜੀਵ ਜੰਤ ਜਗਤ ਬੰਧਨ ਕੋਲੋਂ ਜਾਇਣ ਛੁੱਟ, ਸਤਿਗੁਰ ਪੂਰਾ ਆਪ ਛੁਡਾਈਆ । ਕੋਈ ਨਾ ਰੱਖੇ ਕਿਸੇ ਓਟ, ਸੀਸ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਦਏ ਸਮਝਾਈਆ । ਵੇਲਾ ਅੰਤਮ ਰਿਹਾ ਆ, ਹਰਿ ਜੂ ਆਪਣਾ ਪੰਧ ਮੁਕਾਇੰਦਾ । ਜੂਠ ਝੂਠ ਦਏ ਮਿਟਾ, ਸਚ ਸੁਚ ਆਪ ਵਰਤਾਇੰਦਾ । ਕੂੜਾ ਰਾਜਾ ਕੋਈ ਦਿਸੇ ਨਾ, ਰੱਯਤ ਆਪਣੇ ਰੰਗ ਰੰਗਾਇੰਦਾ । ਗੁਰਮੁਖ ਸਾਚੇ ਲਏ ਪਰਗਟਾ, ਸਾਚੇ ਮਾਰਗ ਆਪੇ ਲਾਇੰਦਾ । ਸਤਿ ਸਤਿਵਾਦੀ ਸਤਿ ਵਿਧਾਨ ਲਏ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ ਰਖਾਇੰਦਾ । ਸਤਿ ਵਿਧਾਨ ਬਣੇ ਜਗ, ਜਗ ਜੀਵਣ ਦਾਤਾ ਆਪ ਬਣਾਈਆ । ਸ੍ਰਿਸ਼ਟ ਸਬਾਈ ਬੁਝੇ ਅੱਗ, ਤਤੀ ਵਾ ਨਾ ਲਾਗੇ ਰਾਈਆ । ਮੂਰਖ ਮੁਗਧ ਅਵਾਣ ਕਰੇ ਅੱਡ, ਆਪ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਖਪਾਈਆ । ਕੂੜੀ ਕਿਰਿਆ ਬੀਸ ਬੀਸ, ਹਰਿ ਬੀਸਾ ਆਪ ਮਿਟਾਇੰਦਾ । ਅੱਗੇ ਚਲੇ ਸਚ ਹਦੀਸ, ਸਚ ਹਦੀਸਾ ਆਪ ਚਲਾਇੰਦਾ । ਛਤਰ ਝੁੱਲੇ ਏਕਾ ਸੀਸ, ਨੌਂ ਖੰਡ ਪ੍ਰਿਥਮੀ ਏਕਾ ਰਾਹ ਵਖਾਇੰਦਾ । ਕਲਜੁਗ ਅੰਤਮ ਪੀਸਣ ਲਿਆ ਪੀਸ, ਕੂੜੀ ਚੱਕੀ ਪੰਧ ਮੁਕਾਇੰਦਾ । ਸ਼ਾਹ ਸੁਲਤਾਨਾ ਕਰੇ ਖ਼ਾਲੀ ਖ਼ੀਸ, ਦਰ ਦਰ ਭਿਖਿਆ ਆਪ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭੇਖ ਪਖੰਡ ਲੋਕਮਾਤ ਮਟਾਇੰਦਾ । ਭੇਖ ਪਖੰਡ ਮਿਟੇ ਜੋਰੂ ਜ਼ੋਰ, ਜ਼ਰ ਲੋਕਮਾਤ ਰਹਿਣ ਨਾ ਪਾਈਆ । ਆਪਣੇ ਹੱਥ ਪਕੜੇ ਡੋਰ, ਦੂਜਾ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਨਾ ਕੋਈ ਲੁੱਟੇ ਠੱਗ ਚੋਰ, ਯਾਰੀ ਯਾਰ ਨਾ ਕੋਇ ਕਮਾਈਆ । ਗ਼ਰੀਬ ਨਿਮਾਣਿਆਂ ਪੁਰਖ ਅਬਿਨਾਸ਼ੀ ਨਿਰਗੁਣ ਦਾਤਾ ਦਰ ਦਰ ਘਰ ਘਰ ਆਪੇ ਜਾਏ ਬੌਹੁੜ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਧਰ, ਬੀਸ ਬੀਸਾ ਪਿਛਲੀ ਕਰੇ ਸਰਬ ਸਫ਼ਾਈਆ । ਆਦਿ ਪੁਰਖ ਹਰਿ ਖੇਲ ਰਚਾਇਆ, ਭੇਵ ਕੋਇ ਨਾ ਪਾਇੰਦਾ । ਸ਼ਬਦੀ ਸੁਤ ਇਕ ਉਪਜਾਇਆ, ਬ੍ਰਹਿਮੰਡ ਖੰਡ ਵੰਡ ਵੰਡਾਇੰਦਾ । ਰਵ ਸਸ ਨੂਰ ਨੂਰ ਚਮਕਾਇਆ, ਮੰਡਲ ਮੰਡਪ ਆਪ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੋਦ ਉਠਾਇਆ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਰੰਗ ਰੰਗਾਇਆ, ਪੰਚਮ ਆਪਣਾ ਪਰਦਾ ਲਾਹਿੰਦਾ । ਲੱਖ ਚੁਰਾਸੀ ਘਾੜਨ ਆਪ ਘੜਾਇਆ, ਘੜ ਘੜ ਭਾਂਡੇ ਵੇਖ ਵਖਾਇੰਦਾ । ਸ਼ਬਦੀ ਨਾਦ ਬ੍ਰਹਮਾ ਵੇਤਾ ਇਕ ਪੜ੍ਹਾਇਆ, ਅੱਖਰ ਵੱਖਰ ਆਪ ਜਣਾਇੰਦਾ । ਚਾਰੇ ਵੇਦਾਂ ਰਾਗ ਅਲਾਇਆ, ਚਾਰੇ ਜੁਗ ਵੰਡ ਵੰਡਾਇੰਦਾ । ਚਾਰੇ ਖਾਣੀ ਖੇਲ ਕਰਾਇਆ, ਉਤਭੁਜ ਸੇਤਜ ਜੇਰਜ ਅੰਡਜ ਆਪਣਾ ਬੰਧਨ ਪਾਇੰਦਾ । ਚਾਰੇ ਬਾਣੀ ਬੋਲ ਸੁਣਾਇਆ, ਪਰਾ ਪਸੰਤੀ ਮਧਮ ਬੈਖ਼ਰੀ ਆਪੇ ਗਾਇੰਦਾ । ਲੱਖ ਚੁਰਾਸੀ ਖੇਲ ਰਚਾਇਆ, ਆਪ ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਵੇਸ ਵਟਾਇਆ, ਜੋਤੀ ਜਾਤਾ ਡਗਮਗਾਇੰਦਾ । ਆਤਮ ਪਰਮਾਤਮ ਮੇਲ ਮਿਲਾਇਆ, ਘਰ ਘਰ ਵਿਚ ਵੇਸ ਵਟਾਇੰਦਾ । ਬ੍ਰਹਮ ਪਾਰਬ੍ਰਹਮ ਲਏ ਉਪਜਾਇਆ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਈਸ਼ ਜੀਵ ਕਰੇ ਕੁੜਮਾਇਆ,

ਘਰ ਸਾਚਾ ਸਗਨ ਮਨਾਇੰਦਾ । ਨਿਰਮਲ ਦੀਆ ਬਾਤੀ ਇਕ ਜਗਾਇਆ, ਨੂਰ ਨੁਰਾਨਾ ਡਗਮਗਾਇੰਦਾ । ਅਨਹਦ ਨਾਦੀ ਨਾਦ ਵਜਾਇਆ, ਰਾਗੀ ਆਪਣਾ ਰਾਗ ਸੁਣਾਇੰਦਾ । ਸਰ ਸਰੋਵਰ ਇਕ ਭਰਾਇਆ, ਗ੍ਰਹਿ ਅੰਮ੍ਰਿਤ ਆਪ ਰਖਾਇੰਦਾ । ਆਪਣੀ ਵੰਡ ਆਪ ਵੰਡਾਇਆ, ਕਰਨੀ ਕਰਤਾ ਆਪ ਕਰਾਇੰਦਾ । ਗੁਰ ਗੁਰ ਰੂਪ ਮਾਤ ਧਰਾਇਆ, ਸ਼ਬਦੀ ਸ਼ਬਦ ਹੁਕਮ ਸੁਣਾਇੰਦਾ । ਸੰਤ ਕੁਮਾਰਾ ਬਰਾਹ ਆਪਣਾ ਖੇਲ ਕਰਾਇਆ, ਯਗੈ ਪੁਰਸ਼ ਨਾਦ ਵਜਾਇੰਦਾ । ਹਾਵ ਗ਼ਰੀਵ ਵੇਖ ਵਖਾਇਆ, ਨਰ ਨਰਾਇਣ ਹੁਕਮ ਵਰਤਾਇੰਦਾ । ਕਪਲ ਮੁਨ ਜੋਤ ਜਗਾਇਆ, ਦਤਾ ਤ੍ਰੈ ਆਪ ਸਮਝਾਇੰਦਾ । ਰਿਖਪ ਆਪਣਾ ਮਾਰਗ ਲਾਇਆ, ਪਿਰਥੁ ਏਕਾ ਸੇਵ ਲਗਾਇੰਦਾ । ਮਤਸ ਜਲ ਥਲ ਵਿਚ ਸਮਾਇਆ, ਕਛਪ ਮਿੰਦਰਾ ਪਿੱਠ ਉਠਾਇੰਦਾ । ਧਨੰਤਰ ਏਕਾ ਮੰਤਰ ਪੜ੍ਹਾਇਆ, ਮੋਹਣੀ ਆਪਣਾ ਰੂਪ ਵਟਾਇੰਦਾ । ਹੰਸਾ ਸੋਹੰ ਸਾਚੀ ਚੋਗ ਚੁਗਾਇਆ, ਮਾਣਕ ਮੋਤੀ ਆਪ ਵਖਾਇੰਦਾ । ਨਰ ਸਿੰਘ ਆਪਣਾ ਖੇਲ ਕਰਾਇਆ, ਆਪ ਆਪਣੀ ਦਇਆ ਕਮਾਇੰਦਾ । ਬਾਵਣ ਬਲ ਵੰਡ ਵੰਡਾਇਆ, ਧਰਤ ਧਵਲ ਵੇਖ ਵਖਾਇੰਦਾ । ਨਰ ਨਰਾਇਣ ਫੇਰਾ ਪਾਇਆ, ਬਾਲਕ ਧਰੂ ਰਾਹ ਚਲਾਇੰਦਾ । ਹਰੀ ਹਰਿ ਆਪਣੇ ਅੰਗ ਲਗਾਇਆ, ਗਜ ਬੇੜਾ ਪਾਰ ਕਰਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇਆ । ਸਿਮਰਤ ਸ਼ਾਸਤਰ ਆਪ ਲਿਖਾਇੰਦਾ । ਏਕਾ ਪਰਸ ਰਾਮ ਮਿਲਾਇਆ, ਰਾਮ ਆਪਣਾ ਰੂਪ ਵਖਾਇੰਦਾ । ਵੇਦ ਵਿਆਸਾ ਜਸ ਹਰਿ ਹਰਿ ਗਾਇਆ, ਪੁਰਾਨ ਅਠਾਰਾਂ ਭੇਵ ਚੁਕਾਇੰਦਾ । ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਗਣਾਇਆ, ਬਾਰਾਂ ਅੱਖਰ ਅੰਕ ਬਣਾਇੰਦਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਨਾਮ ਧਰਾਇਆ, ਕਾਹਨਾ ਕ੍ਰਿਸ਼ਨਾ ਭੇਵ ਅਭੇਦ ਖੁਲ੍ਹਾਇੰਦਾ । ਸਾਚੀ ਸਖੀਆਂ ਮਿਲ ਮਿਲ ਮੰਗਲ ਗਾਇਆ, ਮੰਡਲ ਰਾਸ ਆਪ ਰਚਾਇੰਦਾ । ਭਗਤ ਭਗਵਾਨ ਆਪ ਸਮਝਾਇਆ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਨੂਰੀ ਜਲਵਾ ਨੂਰ ਧਰਾਇਆ, ਨੂਰ ਨੁਰਾਨਾ ਡਗਮਗਾਇੰਦਾ । ਮੂਸਾ ਕੋਹਤੂਰ ਸਮਝਾਇਆ, ਈਸਾ ਆਪਣਾ ਜ਼ਹੂਰ ਬਣਾਇੰਦਾ । ਪਰਵਰਦਿਗਾਰ ਖੇਲ ਕਰਾਇਆ, ਬੇਐਬ ਨਜ਼ਰ ਕਿਸੇ ਨਾ ਆਇੰਦਾ । ਹੱਕ ਹਕ਼ੀਕ਼ਤ ਦਏ ਪੜ੍ਹਾਇਆ, ਲਾਸ਼ਰੀਕ ਕਲਮਾ ਨਬੀ ਆਪ ਸੁਣਾਇੰਦਾ । ਮੁਹੰਮਦ ਢੋਲਾ ਏਕਾ ਗਾਇਆ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਅੰਜੀਲ ਕੁਰਾਨਾ ਮਾਰਗ ਲਾਇਆ, ਸ਼ਾਹ ਸੁਲਤਾਨਾ ਖੇਲ ਕਰਾਇੰਦਾ । ਸਚਖੰਡ ਆਪਣਾ ਮਤਾ ਪਕਾਇਆ, ਨਿਰਗੁਣ ਨੂਰ ਨੂਰ ਪਰਗਟਾਇੰਦਾ । ਪੰਜ ਤਤ ਚੋਲਾ ਆਪ ਹੰਢਾਇਆ, ਨਾਨਕ ਨਾਮ ਰਖਾਇੰਦਾ । ਸਤਿਗੁਰ ਪੁਰਖ ਅਕਾਲ ਦੀਨ ਦਿਆਲ ਆਪਣੀ ਦਇਆ ਕਮਾਇਆ, ਨਿਰਗੁਣ ਨਾਨਕ ਆਪਣੇ ਦਰ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਨਾਨਕ ਨਿਰਗੁਣ ਸਚ ਦੁਆਰ, ਸਚਖੰਡ ਸਾਚੇ ਸੋਭਾ ਪਾਈਆ । ਦਰਸ਼ਨ ਕਰ ਏਕੰਕਾਰ, ਅਕਲ ਕਲ ਕਰੇ ਵਡਿਆਈਆ । ਤੇਰਾ ਮੇਰਾ ਇਕ ਆਧਾਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਕਰ ਕਿਰਪਾ ਦੇ ਵਸਤ ਅਪਾਰ, ਸਾਚੀ ਮੰਗ ਮੰਗਾਈਆ । ਬਿਨ ਤੇਰੇ ਨਾਮੇ ਸ੍ਰਿਸ਼ਟ ਸਬਾਈ ਹੋਈ ਛਾਰ, ਕਲਜੁਗ ਕੂੜ ਅੰਧੇਰਾ ਗਿਆ ਛਾਈਆ । ਪੁਰਖ ਅਬਿਨਾਸ਼ੀ ਵਡ ਦਾਤਾਰ, ਦੀਨਨ ਆਪਣੀ ਦਇਆ ਕਮਾਈਆ । ਸਤਿਨਾਮ ਵਣਜ ਵਪਾਰ, ਸਾਚਾ ਹੱਟ ਆਪ ਖੁਲ੍ਹਾਈਆ । ਵਰਨ ਬਰਨ ਕਰੇ ਪਾਰ ਕਿਨਾਰ, ਊਚ ਨੀਚ ਜ਼ਾਤ ਪਾਤ ਨਾ ਕੋਇ ਰਖਾਈਆ । ਏਕਾ ਜੋਤੀ ਦਸ ਅਵਤਾਰ, ਪੁਰਖ ਅਕਾਲ ਵੇਖ ਵਖਾਈਆ । ਪੂਤ ਸਪੂਤਾ ਕਰ ਤਿਆਰ, ਗੁਰ ਗੋਬਿੰਦ ਨਾਉਂ ਧਰਾਈਆ । ਨਾਮ ਖੰਡਾ ਤੇਜ਼ ਕਟਾਰ,

ਤਨ ਗਾਤਰੇ ਆਪ ਲਟਕਾਈਆ । ਅੰਮ੍ਰਿਤ ਆਤਮ ਠੰਡਾ ਠਾਰ, ਸਚ ਸਰੋਵਰ ਇਕ ਵਖਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਕਰੇ ਖੇਲ ਅਗੰਮ ਅਪਾਰ, ਪੁਰਖ ਅਕਾਲ ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਹੁਕਮੀ ਹੁਕਮ ਕਰੇ ਵਰਤਾਰ, ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਨਿਉਂ ਨਿਉਂ ਸੀਸ ਕਰਨ ਨਿਮਸਕਾਰ, ਸਜਦਾ ਏਕਾ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਲੋਕਮਾਤ ਮਾਰਗ ਆਪ ਚਲਾਈਆ । ਲੋਕਮਾਤ ਮਾਰਗ ਦੱਸ, ਹਰਿ ਜੂ ਆਪਣੀ ਖੇਲ ਕਰਾਇੰਦਾ । ਭਗਤਾਂ ਅੰਤਰ ਆਪੇ ਵਸ, ਆਪਣਾ ਪਰਦਾ ਲਾਹਿੰਦਾ । ਜਿਸ ਜਨ ਮੇਲਾ ਮੇਲੇ ਸਚ ਘਰ ਹੱਸ, ਤਿਸ ਮਤ ਕੋਇ ਨਜ਼ਰ ਨਾ ਆਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਵਰਨ ਗੋਤ ਗੁਰਮੁਖ ਚਰਨਾਂ ਹੇਠਾਂ ਦੇਵੇ ਝਸ, ਸਚ ਪੁਰਖ ਅਕਾਲ ਹਰ ਘਟ ਰਵਿਆ ਨਜ਼ਰੀ ਆਇੰਦਾ । ਕਲਜੁਗ ਅੰਤਮ ਕਰੇ ਖੇਲ ਆਪ ਸਮਰਥ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵੇਸ ਸਰਬ ਮਿਟਾਇੰਦਾ । ਜਗਤ ਵੇਸ ਹਰਿ ਮਿਟੌਣਾ, ਕਲਜੁਗ ਅੰਤ ਕਰੇ ਸਫ਼ਾਈਆ । ਤੇਈ ਅਵਤਾਰ ਆਪਣੇ ਦਰ ਬਹੌਣਾ, ਭਗਤ ਅਠਾਰਾਂ ਦਏ ਸਰਨ ਸਰਨਾਈਆ । ਈਸਾ ਮੂਸਾ ਮੁਹੰਮਦ ਸੰਗ ਯਾਰ ਬਰਦਾ ਆਪ ਕਰੌਣਾ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਏਕਾ ਜੋਤੀ ਦਸ ਦਸ ਧਾਰ ਜੋਤੀ ਜੋਤ ਜੋਤ ਸਮੌਣਾ, ਨੂਰ ਨੂਰ ਵਿਚ ਰਖਾਈਆ । ਸ੍ਰਿਸ਼ਟ ਸਬਾਈ ਨੌਂ ਖੰਡ ਲੱਖ ਚੁਰਾਸੀ ਏਕਾ ਇਸ਼ਟ ਹਰਿ ਵਖੌਣਾ, ਗੁਰ ਅਵਤਾਰ ਇਕ ਸਮਝਾਈਆ । ਮੰਦਰ ਮਸਜਿਦ ਮੱਠ ਸ਼ਿਵਦੁਆਲਾ ਏਕਾ ਨਜ਼ਰੀ ਔਣਾ, ਘਟ ਘਟ ਕਰੇ ਆਪ ਰੁਸ਼ਨਾਈਆ । ਰਸਨਾ ਜਿਹਵਾ ਗਾਣਾ ਏਕਾ ਗੌਣਾ, ਪਾਰਬ੍ਰਹਮ ਪ੍ਰਭ ਸਿਫ਼ਤ ਸਾਲਾਹੀਆ । ਜਿਸ ਨੇ ਆਦਿ ਜੁਗਾਦਿ ਜੁਗ ਜੁਗ ਆਪਣਾ ਰਾਹ ਵਖੌਣਾ, ਸੋ ਅੰਤਮ ਵੇਖੇ ਚਾਈਂ ਚਾਈਂਆ । ਸਭ ਦਾ ਲੇਖਾ ਆਪ ਮੁਕੌਣਾ, ਪੁਰਖ ਅਬਿਨਾਸ਼ੀ ਆਪਣਾ ਹੁਕਮ ਆਪ ਰਿਹਾ ਵਰਤਾਈਆ । ਸਤਿ ਸਤਿਵਾਦੀ ਮਾਰਗ ਲੌਣਾ, ਵਰਨ ਬਰਨ ਅਠਾਰਾਂ ਚਾਰ ਵੰਡ ਨਾ ਕੋਇ ਵੰਡਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭਾਈ ਭੈਣ ਬਣੌਣਾ, ਸਾਕ ਸੱਜਣ ਸੈਣ ਏਕਾ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਵੇਸ ਮਾਤ ਧਰ, ਬਣ ਬਣ ਰਹਿਬਰ ਰਾਹ ਵਖਾਈਆ । ਜਮ ਕੀ ਫਾਸੀ ਲੱਥੇ ਫਾਹ, ਜਮ ਨੇੜ ਅੰਤ ਨਾ ਆਈਆ । ਰਾਏ ਧਰਮ ਨਾ ਦਏ ਸਜ਼ਾ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਲਏ ਪਰਨਾ, ਸਾਚਾ ਸਗਨ ਨਾ ਕੋਇ ਮਨਾਈਆ । ਸਤਿਗੁਰ ਸ਼ਬਦੀ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਆਵਣ ਜਾਵਣ ਪੰਧ ਦਏ ਮੁਕਾ, ਮਾਤ ਗਰਭ ਅਗਨ ਨਾ ਕੋਇ ਤਪਾਈਆ । ਉਜਲ ਮੁਖ ਦਏ ਕਰਾ, ਜੋ ਮੰਗੇ ਹਰਿ ਸਰਨਾਈਆ । ਜੜ੍ਹ ਬੂਟਾ ਦੇਵੇ ਲਾ, ਕਿਰਪਾਨਿਧ ਦਇਆ ਕਮਾਈਆ । ਏਥੇ ਓਥੇ ਦੋ ਜਹਾਨਾਂ ਅੰਮ੍ਰਿਤ ਰਸ ਦਏ ਖੁਵਾ, ਤ੍ਰਿਸ਼ਨਾ ਤ੍ਰਿਖਾ ਭੁੱਖ ਗਵਾਈਆ । ਗੁਰਮੁਖਾਂ ਦੇਵੇ ਸੱਚਾ ਥਾਂ, ਚਰਨ ਕਵਲ ਸੱਚੀ ਸਰਨਾਈਆ । ਸਦਾ ਸੁਹੇਲਾ ਰੱਖੇ ਠੰਡੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਆਪ ਉਡਾਈਆ । ਜਿਸ ਜਨ ਸਤਿਗੁਰ ਪੂਰਾ ਪਕੜੇ ਬਾਂਹ, ਅੱਧਵਿਚਕਾਰ ਨਾ ਕੋਇ ਅਟਕਾਈਆ । ਹੋਵੇ ਸੁਖ ਪੁੱਤ ਮਾਂ, ਘਰ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ ।

## ✳ ੪ ਵਸਾਖ ੨੦੧੯ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਕਾਦਰਾਬਾਦ ✳

ਹਰਿ ਹਰਿ ਨਾਉਂ ਗੁਰ ਗੁਰ ਧਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਭਗਤ ਭਗਵੰਤ ਹੋ ਤਿਆਰ, ਨਿਰਾਕਾਰ ਖੇਲ ਕਰਾਇੰਦਾ । ਸੰਤ ਸਾਜਣ ਪਾਵੇ ਸਾਰ, ਹਰਿ ਸਤਿਗੁਰ ਵੇਸ ਵਟਾਇੰਦਾ । ਗੁਰਮੁਖ ਸੱਜਣ ਆਪੇ ਭਾਲ, ਗੋਝ ਗਿਆਨ ਜਣਾਇੰਦਾ । ਗੁਰਸਿਖਾਂ ਦੇਵੇ ਏਕਾ ਦਾਨ, ਨਾਮ ਭੰਡਾਰਾ ਝੋਲੀ ਪਾਇੰਦਾ । ਆਤਮ ਅੰਤਰ ਇਕ ਅਸ਼ਨਾਨ, ਸਚ ਸਰੋਵਰ ਆਪ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਸਾਲਾਹਿੰਦਾ । ਸਤਿਗੁਰ ਮੀਤ ਗੁਰ ਗੁਰ ਰੀਤ, ਹਰਿ ਹਰਿ ਜੁਗ ਜੁਗ ਆਪ ਚਲਾਈਆ । ਜਨ ਭਗਤਾਂ ਬਖ਼ਸ਼ੇ ਸਚ ਪ੍ਰੀਤ, ਪ੍ਰੀਤੀਵਾਨ ਇਕ ਅਖਵਾਈਆ । ਸੰਤ ਰਖਾਏ ਆਪ ਅਤੀਤ, ਤ੍ਰੈਗੁਣ ਫੰਦਨ ਦਏ ਤੁੜਾਈਆ । ਗੁਰਮੁਖਾਂ ਦੇਵੇ ਨਾਮ ਅਨਡੀਠ, ਡੂੰਘੀ ਕਵਰੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਸਦ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਆਪ ਜਣਾਈਆ । ਸਾਚੀ ਬਖ਼ਸ਼ੀਸ਼ ਨਾਮ ਨਿਧਾਨ, ਨਿਰਗੁਣ ਦਾਤਾ ਆਪ ਰਖਾਇੰਦਾ । ਕਲਜੁਗ ਅੰਤਮ ਕਰ ਪਰਵਾਨ, ਗੁਰਮੁਖ ਆਪਣੇ ਅੰਗ ਲਗਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਸਚ ਦੁਆਰੇ ਆਪ ਝੁਲਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭੇਵ ਕੋਇ ਨਾ ਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲ ਆਪਣਾ ਆਪ ਰਖਾਇੰਦਾ । ਸੰਮਤ ਸੰਮਤੀ ਵੇਖੇ ਮਾਰ ਧਿਆਨ, ਨੇਤਰ ਨੈਣ ਇਕ ਖੁਲ੍ਹਾਇੰਦਾ । ਗੁਰਸਿਖ ਦੇਵੇ ਆਪੇ ਮਾਣ, ਆਪਣਾ ਮਾਣ ਗੁਰਸਿਖ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਰਿ ਖੇਲ ਗੁਰ ਗੁਰ ਮੇਲ ਗੁਰਮੁਖ ਰੰਗ ਰੰਗਾਇੰਦਾ ।



## ✳ ੪ ਵਸਾਖ ੨੦੧੯ ਬਿਕਰਮੀ ਬੂਆ ਸਿੰਘ ਪਿੰਡ ਬੱਲ ਪੁਰੀਆਂ ✳

ਸਚਖੰਡ ਨਿਵਾਸੀ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਭੂਪਤ ਭੂਪ ਬਣ ਰਾਜ ਰਾਜਾਨ, ਸੀਸ ਜਗਦੀਸ਼ ਤਾਜ ਸੁਹਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਾਮ ਨਿਧਾਨਾ ਦੇਵੇ ਦਾਨ, ਇਛਿਆ ਭਿਛਿਆ ਝੋਲੀ ਪਾਇੰਦਾ । ਆਦਿ ਜੁਗਾਦੀ ਵਡ ਮਿਹਰਵਾਨ, ਭੇਵ ਅਭੇਦ ਆਪ ਖੁਲ੍ਹਾਇੰਦਾ । ਦੀਵਾ ਬਾਤੀ ਕਮਲਾਪਾਤੀ ਇਕ ਮਹਾਨ, ਦਰਗਹ ਸਾਚੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਹਰਿ ਨਿਰੰਕਾਰ, ਏਕੰਕਾਰਾ ਆਪ ਜਣਾਈਆ । ਸਚਖੰਡ ਦੁਆਰੇ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਸਚ ਸੰਦੇਸ਼ਾ ਏਕਾ ਵਾਰ, ਧੁਰ ਦੀ ਬਾਣੀ ਬਾਣ ਲਗਾਈਆ । ਵਿਸ਼ਨੂੰ ਕਰੇ ਖ਼ਬਰਦਾਰ, ਆਲਸ ਨਿੰਦਰਾ ਦਏ ਗਵਾਈਆ । ਬ੍ਰਹਮੇ ਨੇਤਰ ਨੈਣ ਉਘਾੜ, ਲੋਚਣ ਹਰਿ ਜੂ ਆਪ ਖੁਲ੍ਹਾਈਆ । ਸ਼ੰਕਰ ਬਾਸ਼ਕ ਤਸ਼ਕਾ ਵੇਖ ਹਾਰ, ਕੰਠਮਾਲ ਰਿਹਾ ਸਮਝਾਈਆ । ਤ੍ਰੈਗੁਣ ਮਾਇਆ ਹੋਣਾ ਖ਼ਬਰਦਾਰ, ਨਿਰਭੌ ਭੈ ਆਪਣਾ ਰਿਹਾ ਜਣਾਈਆ । ਪੰਜ ਤਤ ਤੇਰਾ ਇਕ ਅਖਾੜ, ਲੱਖ ਚੁਰਾਸੀ ਵੇਖ ਵਖਾਈਆ । ਲੇਖਾ ਜਾਣ ਗੁਰ ਗੁਰ ਧਾਰ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਭੇਵ ਖੁਲ੍ਹਾਏ ਹਰਿ ਅਵਤਾਰ, ਰੂਪ ਅਨੂਪ

ਆਪ ਜਣਾਈਆ । ਸਚ ਸੰਦੇਸ਼ਾ ਦੇਵਣਹਾਰ, ਨਰ ਨਰੇਸ਼ਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਵਸੇ ਸਾਚਾ ਮਾਹੀਆ । ਸਾਚੇ ਤਖ਼ਤ ਹਰਿ ਜੂ ਚੜ੍ਹ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਗੁਣ ਨੂਰ ਆਪੇ ਧਰ, ਪੁਰਖ ਅਕਾਲ ਡਗਮਗਾਇੰਦਾ । ਆਪਣੀ ਆਸਾ ਆਪੇ ਵਰ, ਨਾਰ ਕੰਤ ਖੇਲ ਕਰਾਇੰਦਾ । ਕਲਜੁਗ ਅੰਤਮ ਭੇਵ ਅਪਰ, ਅਪਰੰਪਰ ਆਪ ਜਣਾਇੰਦਾ । ਪੀਰ ਪੈਗ਼ੰਬਰ ਲਏ ਫੜ, ਦਸਤਗੀਰ ਆਪ ਜਣਾਇੰਦਾ । ਸ਼ਰਅ ਸ਼ਰੀਅਤ ਵੇਖੇ ਖੜ, ਲਾਸ਼ਰੀਕ ਹੁਕਮ ਵਰਤਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰੇ ਸਾਚਾ ਖੇਲ ਕਰਾਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਨਿਰਗੁਣ ਨੂਰ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਏਕੰਕਾਰਾ ਫੜਾਏ ਪੱਲਾ, ਆਪਣੀ ਗੰਢ ਆਪ ਪੁਵਾਈਆ । ਆਦਿ ਨਿਰੰਜਣ ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਆਸਣ ਲਾਈਆ । ਸ੍ਰੀ ਭਗਵਾਨ ਕਰਨਹਾਰਾ ਵਲ ਛਲਾ, ਅਛਲ ਛਲ ਆਪਣੀ ਕਾਰ ਕਰਾਈਆ । ਪਾਰਬ੍ਰਹਮ ਬ੍ਰਹਮ ਫੜਾਏ ਆਪਣਾ ਪੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸਮਝਾਈਆ । ਸਚ ਸੰਦੇਸ਼ਾ ਸਾਜਣ ਸਾਜ, ਸਤਿ ਸਤਿਵਾਦੀ ਆਪ ਜਣਾਇੰਦਾ । ਧੁਰਦਰਗਾਹੀ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਵੇਖ ਵਖਾਇੰਦਾ । ਦੋ ਜਹਾਨ ਸ੍ਰੀ ਭਗਵਾਨ ਆਪ ਸੁਵਾਰੇ ਆਪਣਾ ਕਾਜ, ਦੂਸਰ ਓਟ ਨਾ ਕੋਇ ਰਖਾਇੰਦਾ । ਗੁਰ ਅਵਤਾਰਾਂ ਦੇ ਦੇ ਦਾਜ, ਨਾਮ ਨਿਧਾਨਾ ਆਪ ਵਰਤਾਇੰਦਾ । ਚਾਰ ਜੁਗ ਦਾ ਸਚ ਸਮਾਜ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਵਰਨ ਚਾਰ ਖੇਲ ਤਮਾਸ਼, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾਚ ਨਚਾਇੰਦਾ । ਚਾਰੇ ਜੁਗ ਵੇਖਣਹਾਰਾ ਸ਼ਬਦ ਅਗੰਮੀ ਮਾਰੇ ਵਾਜ, ਜੁਗਾ ਜੁਗੰਤਰ ਆਪ ਸੁਣਾਇੰਦਾ । ਗੁਰ ਗੁਰ ਧਾਰ ਸੁਣਾਏ ਨਾਦ, ਅਨਹਦ ਨਾਦੀ ਨਾਦ ਵਜਾਇੰਦਾ । ਭੇਵ ਖੁਲ੍ਹਾਏ ਸਾਚੇ ਸਾਧ, ਸੰਤਨ ਆਪਣਾ ਮੇਲ ਮਿਲਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲੌਂਦਾ ਆਇਆ ਸਤਿ ਜਹਾਜ਼, ਨਿਰਗੁਣ ਸਰਗੁਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਸਚ ਦੁਆਰੇ ਹੁਕਮ ਵਰਤਾਇੰਦਾ । ਸਚ ਦੁਆਰੇ ਸਚ ਵਰਤਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਲੇਖਾ ਜਾਣੇ ਨਵ ਨੌਂ ਚਾਰ ਚਾਰ ਧਾਰਾ, ਚਾਰ ਕੁੰਟ ਫੇਰਾ ਪਾਈਆ । ਸ਼ਬਦ ਅਗੰਮੀ ਦੋ ਜਹਾਨ ਜੈਕਾਰਾ, ਜੈ ਜੈ ਏਕਾ ਰਾਗ ਅਲਾਈਆ । ਘਰ ਘਰ ਮੰਦਰ ਕਰ ਪਸਾਰਾ, ਘਰ ਘਰ ਵਿਚ ਆਸਣ ਲਾਈਆ । ਲੱਖ ਚੁਰਾਸੀ ਦੇਵਣਹਾਰਾ ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਦੋਏ ਜੋੜ ਕਰੇ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਆਦਿ ਜੁਗਾਦੀ ਇਕ ਸਿਕਦਾਰਾ, ਹੁਕਮੀ ਹੁਕਮ ਸਰਬ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਸੁਣਾਈਆ । ਸਚ ਸੰਦੇਸ਼ਾ ਵਿਸ਼ਨ ਬ੍ਰਹਮਾ ਸ਼ਿਵ ਧਾਰ, ਰਜੋ ਤਮੋ ਸਤੋ ਆਪ ਜਗਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਲ੍ਹ ਕਿਵਾੜ, ਬੰਕ ਦਵਾਰੀ ਬੰਕ ਵਖਾਇੰਦਾ । ਲੇਖਾ ਜਾਣੇ ਤੇਈ ਅਵਤਾਰ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਈਸ ਮੂਸਾ ਪਾਵੇ ਸਾਰ, ਸੰਗ ਮੁਹੰਮਦ ਹੁਕਮ ਵਰਤਾਇੰਦਾ ।

ਚਾਰ ਯਾਰੀ ਮਾਰੇ ਮਾਰ, ਨਵ ਨੌਂ ਆਪਣਾ ਹੁਕਮ ਸੁਣਾਇੰਦਾ । ਨਾਨਕ ਨਿਰਗੁਣ ਇਕ ਸਤਾਰ, ਨਾਮ ਸਤਿ ਸਤਿ ਵਜਾਇੰਦਾ । ਗੋਬਿੰਦ ਫ਼ਤਹਿ ਡੰਕ ਜੈਕਾਰ, ਦੋ ਜਹਾਨਾਂ ਆਪ ਸੁਣਾਇੰਦਾ । ਬ੍ਰਹਮਾ ਲਿਖ ਲਿਖ ਥੱਕਾ ਵੇਦ ਚਾਰ, ਹਰਿ ਕਾ ਅੰਤ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਗਏ ਹਾਰ, ਬੇਅੰਤ ਭੇਵ ਕੋਇ ਨਾ ਪਾਇੰਦਾ । ਵੇਦ ਵਿਆਸਾ ਬਣ ਲਿਖਾਰ, ਜੀਵ ਜੰਤ ਜੰਤ ਸਮਝਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ, ਕਲਜੁਗ ਏਕਾ ਅੰਕ ਜਣਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਮਾਤ ਪਿਤ ਨਾ ਕੋਇ ਬਣਾਇੰਦਾ । ਮੁਹੰਮਦ ਦੋਏ ਜੋੜ ਕਰੇ ਨਿਮਸਕਾਰ, ਸਜਦਾ ਸੀਸ ਜਗਦੀਸ਼ ਝੁਕਾਇੰਦਾ । ਈਸਾ ਦਰ ਬਣੇ ਭਿਖਾਰ, ਖ਼ਾਲੀ ਝੋਲੀ ਆਪ ਵਖਾਇੰਦਾ । ਮੇਰੀ ਭਿਛਿਆ ਰੱਖ ਪਰਵਰਦਿਗਾਰ, ਇਕੋ ਤੇਰੀ ਓਟ ਤਕਾਇੰਦਾ । ਮੁਹੰਮਦ ਰੋਵੇ ਜ਼ਾਰੋ ਜ਼ਾਰ, ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਇੰਦਾ । ਕਲਜੁਗ ਅੰਤਮ ਬਣ ਬਣ ਸੇਵਾਦਾਰ, ਤੇਰੀ ਸਾਚੀ ਸੇਵ ਕਮਾਇੰਦਾ । ਤੇਰੇ ਹੁਕਮੇ ਅੰਦਰ ਕਰ ਪਸਾਰ, ਉਮਤ ਨਬੀ ਵੇਖ ਵਖਾਇੰਦਾ । ਚੌਦਾਂ ਵਿਦਿਆ ਖੇਲ ਅਪਾਰ, ਏਕਾ ਅਲਫ਼ ਨੂਰ ਧਰਾਇੰਦਾ । ਸਾਬਤ ਸੂਰਤ ਆਪ ਕਰਤਾਰ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਚੌਦਾਂ ਤਬਕਾਂ ਦੇ ਆਧਾਰ, ਚੌਦਾਂ ਲੋਕ ਨਾਲ ਰਲਾਇੰਦਾ । ਤ੍ਰੈਭਵਨ ਧਨੀ ਤੇਰਾ ਅੰਤ ਨਾ ਪਾਰਾਵਾਰ, ਤ੍ਰੈਗੁਣ ਤੇਰਾ ਖੇਲ ਨਾ ਕੋਇ ਜਣਾਇੰਦਾ । ਲੇਖਾ ਜਾਣੇ ਪੀਰ ਪੈਗ਼ੰਬਰ ਦਸਤਗੀਰ ਉਠਾਏ ਚਾਰ ਯਾਰ, ਯਾਰੀ ਯਾਰਾਂ ਨਾਲ ਰਖਾਇੰਦਾ । ਏਕਾ ਜੋਤੀ ਦਸ ਅਵਤਾਰ, ਨਿਰਗੁਣ ਨਾਨਕ ਸੋਹਲਾ ਗਾਇੰਦਾ । ਮਹਾਬਲੀ ਉਤਰੇ ਆਪਣੀ ਵਾਰ, ਨਿਹਕਲੰਕ ਨਾਉਂ ਰਖਾਇੰਦਾ । ਗੋਬਿੰਦ ਕਹੇ ਪਿਤਾ ਪੂਤ ਕਰੇ ਪਿਆਰ, ਪੁਰਖ ਅਕਾਲ ਨਾਤਾ ਜੋੜ ਜੁੜਾਇੰਦਾ । ਕਲ ਕਲਕੀ ਲੈ ਅਵਤਾਰ, ਸੰਬਲ ਨਗਰੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਕਾਰ ਕਮਾਇੰਦਾ । ਨਿਰਗੁਣ ਨਿਰਗੁਣ ਦਏ ਸੁਣਾ, ਸਰਗੁਣ ਸਰਗੁਣ ਆਪ ਸਮਝਾਇੰਦਾ । ਚਾਰ ਜੁਗ ਦਾ ਲੇਖਾ ਰਹਿਣਾ ਨਾ, ਲੋਕਮਾਤ ਨਿਸ਼ਾਨ ਮਿਟਾਇੰਦਾ । ਚਾਰ ਵਰਨਾਂ ਡੇਰਾ ਦੇਵੇ ਢਾਹ, ਬਰਨ ਅਠਾਰਾਂ ਨਾ ਵੰਡ ਵੰਡਾਇੰਦਾ । ਚਾਰੇ ਕੁੰਟ ਏਕਾ ਨਾਮ ਦਏ ਜਪਾ, ਰਸਨਾ ਜਿਹਵਾ ਆਪ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਲੇਖਾ ਜਾਣੇ ਸਹਿਜ ਸੁਭਾ, ਲੇਖਾ ਆਪਣੇ ਹੱਥ ਰਖਾਇੰਦਾ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਬਣ ਬਣ ਗਏ ਗਵਾਹ, ਹੁਕਮ ਅਦਾਲਤ ਇਕ ਜਣਾਇੰਦਾ । ਪਰਗਟ ਹੋਵੇ ਅੰਤ ਬੇਪਰਵਾਹ, ਪਰਵਾਹ ਨਾ ਕੋਇ ਰਖਾਇੰਦਾ । ਗੁਰਮੁਖ ਸਾਚੇ ਲਏ ਜਗਾ, ਜਾਗਰਤ ਜੋਤ ਇਕ ਰਖਾਇੰਦਾ । ਅੰਮ੍ਰਿਤ ਆਤਮ ਜਾਮ ਦਏ ਪਿਆ, ਕਾਇਆ ਬਾਟਾ ਆਪ ਵਖਾਇੰਦਾ । ਅਨਹਦ ਨਾਦੀ ਨਾਦ ਦਏ ਸੁਣਾ, ਛੱਤੀ ਰਾਗ ਭੇਵ ਨਾ ਆਇੰਦਾ । ਸਤਿਜੁਗ ਸਾਚਾ ਮਾਰਗ ਦਏ ਲਾ, ਹੁਕਮੀ ਹੁਕਮ ਆਪ ਵਰਤਾਇੰਦਾ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਤਖ਼ਤੋਂ ਦੇਵੇ ਲਾਹ, ਸੀਸ ਤਾਜ ਨਾ ਕੋਇ ਟਿਕਾਇੰਦਾ । ਦੋ ਜਹਾਨਾਂ ਬਣੇ ਮਲਾਹ, ਬਣ ਖੇਵਟ ਖੇਟਾ ਬੇੜਾ ਪਾਰ ਕਰਾਇੰਦਾ । ਰਹਿਬਰ ਬਣੇ ਆਪ ਖ਼ੁਦਾ, ਰਹਿਮਤ ਰਹੀਮ ਰਹਿਮਾਨ ਆਪ ਕਰਾਇੰਦਾ । ਕਰੇ ਖੇਲ ਬੇਪਰਵਾਹ, ਸਹੀ ਸਲਾਮਤ ਫੇਰਾ ਪਾਇੰਦਾ । ਨੌਬਤ ਵੱਜੇ ਥਾਂ ਥਾਂ, ਨਾਮ ਡੰਕਾ ਹੱਥ ਉਠਾਇੰਦਾ । ਭਗਤ ਭਗਵੰਤ ਲਏ ਮਿਲਾ, ਮੇਲ ਮਿਲਾਵਾ ਆਪ ਮਿਲਾਇੰਦਾ । ਸੰਤ ਸਾਜਣ ਰੰਗ ਰੰਗਾ, ਰੰਗ ਰੰਗੀਲਾ ਇਕ ਵਖਾਇੰਦਾ । ਗੁਰਮੁਖ ਸੱਜਣ ਚਰਨ ਕਵਲ ਲਏ ਬਹਾ, ਸਰਨ ਸਰਨਾਈ ਇਕ ਰਖਾਇੰਦਾ । ਗੁਰਸਿਖ ਢੂੰਡੇ ਥਾਉਂ ਥਾਂ,

ਲੱਖ ਚੁਰਾਸੀ ਅੰਦਰ ਵੜ ਵੜ ਸੁਰਤੀ ਸ਼ਬਦੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਪੰਜ ਲੇਖਾ ਆਪ ਚੁਕਾਇੰਦਾ । ਲੇਖਾ ਚੁੱਕੇ ਤ੍ਰੈ ਪੰਜ, ਪੰਚਮ ਆਪਣਾ ਰਾਗ ਅਲਾਈਆ । ਤੇਈ ਅਵਤਾਰ ਕਰਨ ਨਾ ਰੰਜ, ਸਾਚੀ ਸਿਖਿਆ ਦਏ ਸਮਝਾਈਆ । ਈਸਾ ਮੂਸਾ ਮੁਹੰਮਦ ਲਾਏ ਕੋਇ ਨਾ ਪਜ, ਹੁਕਮੀ ਹੁਕਮ ਹੁਕਮ ਭੁਵਾਈਆ । ਨਾਨਕ ਗੋਬਿੰਦ ਸਚਖੰਡ ਦੁਆਰੇ ਬਹੇ ਸਜ, ਹਰਿ ਸਾਜਣ ਆਪ ਬਹਾਈਆ । ਕਲਜੁਗ ਕੂੜਾ ਠੂਠਾ ਜਾਏ ਭੱਜ, ਕਿਰਿਆ ਕੋਇ ਨਜ਼ਰ ਨਾ ਆਈਆ । ਚਾਰ ਵਰਨ ਏਕਾ ਨਾਮ ਡੋਰੀ ਜਾਏ ਬੱਝ, ਊਚ ਨੀਚ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲਜੁਗ ਅੰਤਮ ਰੱਖੇ ਲਜ, ਸਿਰ ਆਪਣਾ ਹੱਥ ਟਿਕਾਈਆ । ਗ਼ਰੀਬ ਨਿਮਾਣਿਆਂ ਪਰਦਾ ਦੇਵੇ ਕੱਜ, ਨਾਮ ਦੋਸ਼ਾਲਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲਹਿਣਾ ਅੰਤ ਮੁਕਾਈਆ । ਚਾਰ ਜੁਗ ਦਾ ਮੁਕੇ ਲਹਿਣਾ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਜਨ ਭਗਤਾਂ ਵਖਾਏ ਨੇਤਰ ਨੈਣਾਂ, ਨੇਤਰ ਨੈਣ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਭਾਣਾ ਸਹਿਣਾ ਪੈਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲੱਖ ਚੁਰਾਸੀ ਲਾੜੀ ਮੌਤ ਖਾਏ ਡੈਣਾ, ਰਾਏ ਧਰਮ ਹੁਕਮ ਵਰਤਾਇੰਦਾ । ਗੁਰਮੁਖ ਵਿਰਲੇ ਸਤਿਗੁਰ ਸਰਨਾਈ ਬਹਿਣਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਤਮ ਪਰਮਾਤਮ ਮੰਨੇ ਕਹਿਣਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲਾਏ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਸਤਿ ਸਤਿਵਾਦੀ ਚਲਾਏ ਸਚ ਵਿਹਾਰ, ਏਕਾ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਹੋਏ ਜੈ ਜੈਕਾਰ, ਸੋਹੰ ਢੋਲਾ ਇਕ ਸੁਣਾਈਆ । ਬਣੇ ਤੋਲਾ ਆਪ ਕਰਤਾਰ, ਲੱਖ ਚੁਰਾਸੀ ਤੋਲ ਤੁਲਾਈਆ । ਮੌਲਾ ਰੂਪ ਅਗੰਮ ਅਪਾਰ, ਬਿਸਮਿਲ ਆਪਣਾ ਖੇਲ ਵਖਾਈਆ । ਰਾਤੀ ਰੁਤੀ ਥਿਤੀ ਕੋਇ ਨਾ ਜਾਣੇ ਵਾਰ, ਘੜੀ ਪਲ ਨਾ ਕੋਇ ਜਣਾਈਆ । ਰਾਗੀ ਨਾਦੀ ਕਰੇ ਖ਼ੁਵਾਰ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਈਆ । ਏਕਾ ਹੁਕਮ ਸੱਚੀ ਸਰਕਾਰ, ਸਚਖੰਡ ਨਿਵਾਸੀ ਆਪ ਸੁਣਾਈਆ । ਸਤਿਜੁਗ ਲੱਗੇ ਵਿਚ ਸੰਸਾਰ, ਬੀਸ ਬੀਸਾ ਰੁੱਤ ਸੁਹਾਈਆ । ਮਾਇਆ ਰਾਣੀ ਖ਼ਾਲੀ ਸ਼ੀਸਾ ਨਰ ਨਾਰ, ਨਰ ਨਰਾਇਣ ਦਏ ਸਜ਼ਾਈਆ । ਗੁਰਮੁਖ ਵਿਰਲੇ ਲਏ ਉਭਾਰ, ਆਤਮ ਅੰਤਰ ਬੂਝ ਬੁਝਾਈਆ । ਲਹਿਣਾ ਚੁੱਕੇ ਤੇਈ ਅਵਤਾਰ, ਭਗਤ ਅਠਾਰਾਂ ਆਪਣੇ ਵਿਚ ਛੁਪਾਈਆ । ਈਸਾ ਮੂਸਾ ਮੁਹੰਮਦ ਲੇਖਾ ਜਾਣ ਚਾਰ ਯਾਰ, ਅੰਤਮ ਚਰਨਾਂ ਹੇਠ ਰਖਾਈਆ । ਏਕਾ ਜੋਤੀ ਦਸ ਅਵਤਾਰ, ਜੋਤੀ ਜੋਤ ਜੋਤ ਸਮਾਈਆ । ਨਿਹਕਲੰਕ ਲੈ ਅਵਤਾਰ, ਨਾਮ ਡੰਕਾ ਇਕ ਵਜਾਈਆ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਆਪ ਕਰਾਈਆ । ਭਗਤ ਭਗਵੰਤ ਕਰ ਤਿਆਰ, ਆਦਿ ਅੰਤ ਦਏ ਜਣਾਈਆ । ਸਾਤਾ ਦੂਆ ਕਰ ਸ਼ਿੰਗਾਰ, ਬਹੱਤਰ ਆਪਣੇ ਰੰਗ ਰੰਗਾਈਆ । ਸੱਤਰਾਂ ਦੇਵੇ ਇਕ ਆਧਾਰ, ਚਰਨ ਕਵਲ ਸੱਚੀ ਸਰਨਾਈਆ । ਚੁਹੱਤਰਾਂ ਲਹਿਣਾ ਦੇਣਾ ਕਰਜ਼ਾ ਦਏ ਉਤਾਰ, ਬਾਕੀ ਕੋਇ ਨਜ਼ਰ ਨਾ ਆਈਆ । ਪਰਗਟ ਹੋ ਆਪ ਕਰਤਾਰ, ਨਿਹਕਲੰਕਾ ਨਾਉਂ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਂਝਾ ਯਾਰ, ਵਰਨ ਗੋਤ ਵੰਡ ਨਾ ਕੋਇ ਰਖਾਈਆ । ਸਤਿਗੁਰ ਪਾਸ ਸਾਚੀ ਅੱਖ, ਗੁਰ ਨੇਤਰ ਆਪ ਖੁਲ੍ਹਾਇੰਦਾ । ਪੰਚ ਵਿਕਾਰਾ ਕਰ ਵੱਖ, ਆਪਣਾ ਘਰ ਸਮਝਾਇੰਦਾ । ਸ਼ਬਦ ਨਾਦ ਬੋਲ ਅਲੱਖ, ਸਚ

ਜੈਕਾਰਾ ਲਾਇੰਦਾ । ਨੂਰ ਨੁਰਾਨਾ ਆਪੇ ਦੱਸ, ਅਗਿਆਨ ਅੰਧੇਰ ਮਿਟਾਇੰਦਾ । ਸਤਿ ਸਰੂਪੀ ਦੇਵੇ ਦਰਸ ਹੋ ਪਰਤੱਖ, ਪਰਮ ਪੁਰਖ ਰੰਗ ਰੰਗਾਇੰਦਾ । ਹਰਿਜਨ ਕਰੇ ਪੂਰੀ ਆਸ, ਜੋ ਜਨ ਚਰਨ ਧਿਆਨ ਲਗਾਇੰਦਾ । ਸਾਚੇ ਨੇਤਰ ਵਖਾਏ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਵੇਖਿਆਂ ਹਰ ਘਟ ਆਪਣੀ ਖੇਲ ਕਰਾਇੰਦਾ । ਗੁਰ ਬਾਣੀ ਹਰਿ ਕਾ ਜਸ, ਗੁਰ ਗੁਰ ਹੁਕਮੀ ਹੁਕਮ ਗਾਈਆ । ਨਿਰਗੁਣ ਸਰਗੁਣ ਅੰਦਰ ਵਸ, ਆਪਣਾ ਭੇਵ ਆਪ ਖੁਲ੍ਹਾਈਆ । ਪੁਰਖ ਅਕਾਲ ਨਾਨਕ ਕਰੇ ਪੂਰੀ ਆਸ, ਆਪ ਆਪਣਾ ਭੇਵ ਖੁਲ੍ਹਾਈਆ । ਸਾਚੇ ਮੰਡਲ ਸਾਚੀ ਰਾਸ, ਜੋਤੀ ਜਾਤਾ ਦਏ ਵਖਾਈਆ । ਲਹਿਣਾ ਤੋੜ ਪ੍ਰਿਥਮੀ ਆਕਾਸ਼, ਗਗਨ ਮੰਡਲ ਉਪਰ ਡੇਰਾ ਲਾਈਆ । ਸਚਖੰਡ ਦੁਆਰੇ ਕਰ ਕਰ ਵਾਸ, ਸਚ ਸਿੰਘਾਸਣ ਸੋਭਾ ਪਾਈਆ । ਧੁਰ ਫ਼ਰਮਾਣਾ ਦੇਵੇ ਧੁਰ ਧਰਵਾਸ, ਧੁਰ ਦਰਬਾਰੀ ਆਪ ਜਣਾਈਆ । ਆਤਮ ਪਰਮਾਤਮ ਘਟ ਘਟ ਵਾਸ, ਵਰਨ ਗੋਤ ਨਾ ਕੋਇ ਰਖਾਈਆ । ਪੰਜ ਤਤ ਚੋਲਾ ਕਾਇਆ ਗੁਰ ਅਵਤਾਰਾਂ ਹੋਵੇ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਹਰਿ ਕਾ ਸ਼ਬਦ ਸਦਾ ਪਰਕਾਸ਼, ਨਾ ਮਰੇ ਨਾ ਜਾਈਆ । ਜੁਗ ਚੌਕੜੀ ਗੌਂਦੇ ਰਹੇ ਰਸਨ ਸਵਾਸ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਬਾਣੀ ਭੇਵ ਖੁਲ੍ਹਾਈਆ । ਹਰਿ ਕਾ ਨਾਉਂ ਗੁਰ ਗੁਰ ਬਾਣੀ, ਹਰਿ ਸਤਿਗੁਰ ਆਪ ਜਣਾਇੰਦਾ । ਸਤਿਗੁਰ ਮਹਿਮਾ ਅਕੱਥ ਕਹਾਣੀ, ਲਿਖ ਲਿਖ ਲੇਖ ਬਣਾਇੰਦਾ । ਗੁਰ ਗੁਰ ਰੂਪ ਖੇਲ ਮਹਾਨੀ, ਬਿਨ ਸਤਿਗੁਰ ਬਾਣੀ ਨਾਉਂ ਨਾ ਕੋਇ ਅਲਾਇੰਦਾ । ਬਿਨ ਬਾਣੀ ਸਤਿਗੁਰ ਕੋਇ ਨਾ ਹੋਏ ਜਾਣ ਜਾਣੀ, ਗੁਰ ਗੁਰ ਨਿਸ਼ਾਨਾ ਨਜ਼ਰ ਕੋਇ ਨਾ ਆਇੰਦਾ । ਦੋਹਾਂ ਵਿਚੋਲਾ ਸ਼ਾਹ ਸੁਲਤਾਨੀ, ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦੇਵੇ ਸਾਚਾ ਵਰ, ਗੋਬਿੰਦ ਏਕਾ ਬੂਝ ਬੁਝਾਇੰਦਾ । ਨਾਨਕ ਗੋਬਿੰਦ ਪਰਦਾ ਖੋਲ੍ਹ, ਹਰਿ ਜੂ ਹਰਿ ਹਰਿ ਆਪ ਬੁਝਾਈਆ । ਸਤਿਗੁਰ ਸਾਜਣ ਬੋਲੇ ਬੋਲ, ਅੱਖਰ ਵੱਖਰ ਆਪੇ ਗਾਈਆ । ਹਰਿ ਕਾ ਨਾਉਂ ਤੋਲੇ ਤੋਲ, ਤੋਲਣਹਾਰਾ ਆਪ ਹੋ ਜਾਈਆ । ਸ਼ਬਦੀ ਗੁਰ ਘਟ ਘਟ ਜਾਏ ਮੌਲ, ਗੁਰੂ ਗ੍ਰੰਥ ਦਏ ਗਵਾਹੀਆ । ਬਾਣੀ ਗੁਰ ਗੁਰ ਬਾਣੀ ਆਦਿ ਜੁਗਾਦੀ ਇਕ ਦੂਜੇ ਦੇ ਵਸਣ ਕੋਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਸਮਝਾਈਆ । ਗੁਰ ਸ਼ਬਦ ਸਾਚਾ ਗੁਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਾਨਕ ਨਿਰਗੁਣ ਗਿਆ ਜੁੜ, ਨਿਰਵੈਰ ਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਆਪੇ ਬੌਹੁੜ, ਭੇਵ ਅਭੇਦ ਆਪ ਜਣਾਇੰਦਾ । ਨਾਤਾ ਤੋੜੇ ਮਿੱਠਾ ਕੌੜ, ਰਸ ਅਨਡਿਠਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਬਾਣੀ ਆਪ ਪਰਗਟਾਇੰਦਾ । ਗੁਰ ਬਾਣੀ ਸਤਿਗੁਰ ਰਾਗ, ਰਸਨਾ ਜਿਹਵਾ ਆਪੇ ਗਾਈਆ । ਬਾਣੀ ਮੇਲਾ ਸ਼ਬਦ ਸੁਹਾਗ, ਗੁਰ ਗੁਰ ਕੰਤ ਹੰਢਾਈਆ । ਦੋਹਾਂ ਵਿਚੋਲਾ ਬਣੇ ਆਪ, ਨਿਰੰਤਰ ਆਪਣੀ ਧਾਰ ਵਖਾਈਆ । ਆਤਮ ਪਰਮਾਤਮ ਸਚਾ ਜਾਪ, ਜੀਵਣ ਜੁਗਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਕਾ ਸ਼ਬਦ ਏਕਾ ਗੁਰ ਵਡਿਆਈਆ । ਏਕਾ ਗੁਰ ਇਕ ਅਵਤਾਰਾ, ਏਕਾ ਬੂਝ ਬੁਝਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਮਹਿਮਾ ਅਕੱਥ ਬੋਲੇ ਜੈਕਾਰਾ, ਜੈ ਜੈ ਆਪਣੇ ਨਾਉਂ ਕਰਾਇੰਦਾ । ਚਲਾਏ ਰਥ ਵਿਚ

ਸੰਸਾਰਾ, ਬੋਧ ਗਿਆਨ ਆਪ ਦ੍ਰਿੜਾਇੰਦਾ । ਸਮਰਥ ਪੁਰਖ ਕਰੇ ਖੇਲ ਅਪਾਰਾ, ਨਾਨਕ ਗੋਬਿੰਦ ਸਾਚਾ ਫ਼ਿਰਕਾ ਇਕ ਸਮਝਾਇੰਦਾ । ਸਾਚਾ ਫ਼ਿਰਕਾ ਬਿਨ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਸਤਿਗੁਰ ਪੂਰਾ ਮੇਟੇ ਅੰਧੇਰੀ ਰਾਤ, ਆਤਮ ਚੰਦ ਇਕ ਚੜ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣਾਇਆ ਸਾਕ, ਆਪਣਾ ਬੰਧਨ ਪਾਈਆ । ਪੰਚਮ ਮੀਤਾ ਬੋਲ ਵਾਕ, ਸੀਸ ਆਪਣਾ ਰਿਹਾ ਝੁਕਾਈਆ । ਗੁਰ ਚੇਲਾ ਵਸੇ ਪਾਸ, ਚੇਲਾ ਗੁਰ ਰੂਪ ਵਟਾਈਆ । ਹਰਿ ਕਾ ਨਾਉਂ ਨਾ ਜਾਏ ਵਿਨਾਸ, ਗੁਰ ਸ਼ਬਦ ਆਦਿ ਜੁਗਾਦਿ ਸਮਾਈਆ । ਗੁਰੂ ਗ੍ਰੰਥ ਗੁਰ ਬੂਝੇ ਕਰ ਕਿਆਸ, ਖ਼ਿਆਨਤ ਨੇੜ ਕਦੇ ਨਾ ਆਈਆ । ਅੰਤ ਉਤਾਰੇ ਆਪਣੇ ਘਾਟ, ਮੰਜਧਾਰ ਨਾ ਕੋਇ ਰੁੜ੍ਹਾਈਆ । ਪੰਜ ਤਤ ਚੋਲਾ ਦੇਵੇ ਕੋਇ ਨਾ ਸਾਥ, ਨਾਨਕ ਗੋਬਿੰਦ ਸ਼ਬਦ ਸਰੂਪ ਸ਼ਬਦੀ ਗੁਰ ਇਕ ਅਖਵਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਬੇਪਰਵਾਹੀਆ । ਕੂੜੀ ਕਿਰਿਆ ਕਰੇ ਵਿਨਾਸ, ਫ਼ਤਹਿ ਡੰਕਾ ਇਕ ਵਜਾਈਆ । ਪੁਰਖ ਅਕਾਲ ਲੱਖ ਚੁਰਾਸੀ ਗਾਏ ਸਵਾਸ ਸਵਾਸ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੁਰ ਸ਼ਬਦ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਘਟ ਘਟ ਵਸੇ ਪਾਸ, ਗੁਰ ਬਾਣੀ ਗੁਰ ਸ਼ਬਦ ਕਹਾਣੀ, ਕਹਿ ਕਹਿ ਗੁਰ ਗੁਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦੀ ਸਾਚੀ ਰਾਣੀ, ਸਚਖੰਡ ਦੀ ਸਚ ਸਵਾਣੀ, ਲੋਕਮਾਤ ਭਗਤ ਭਗਵੰਤ ਸਾਚੇ ਸੰਤ ਗੁਰਮੁਖ ਗੁਰਸਿਖ ਗੁਰ ਗੁਰ ਸ਼ਬਦ ਆਪ ਪਰਨਾਈਆ ।

### ✳ ਪਹਿਲੀ ਜੇਠ ੨੦੧੯ ਬਿਕਰਮੀ ਜੇਠੂਵਾਲ ਦਰਬਾਰ ਵਿਚ ✳

ਸਚਖੰਡ ਦੁਆਰੇ ਸਚ ਦਰਬਾਰਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਨਿਰਗੁਣ ਧਾਰਾ ਨੂਰ ਡਗਮਗਾਇੰਦਾ । ਏਕੰਕਾਰਾ ਖੇਲ ਨਿਆਰਾ, ਭੇਵ ਅਭੇਦ ਨਾ ਕੋਇ ਪਾਇੰਦਾ । ਜੋਤ ਨਿਰੰਜਣ ਕਰ ਪਸਾਰਾ, ਆਦਿ ਨਿਰੰਜਣ ਖੇਲ ਕਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ੍ਰੀ ਭਗਵਾਨ ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਧਾਰ ਆਪ ਚਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਨਿਰਵੈਰ ਨਿਰਾਕਾਰ ਪੁਰਖ ਅਕਾਲ ਅਜੂਨੀ ਰਹਿਤ ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਵਡ ਬਲਕਾਰਾ, ਰਾਜਨ ਰਾਜਾਨ ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰੇ ਆਪੇ ਖੜ, ਸਾਚਾ ਬੰਕ ਆਪ ਵਡਿਆਇੰਦਾ । ਸਾਚਾ ਬੰਕ ਹਰਿ ਹਰਿ ਭੂਪ, ਏਕੰਕਾਰਾ ਆਪ ਸੁਹਾਈਆ । ਨਿਰਗੁਣ ਨੂਰ ਜਗਾ ਜੋਤ, ਜੋਤੀ ਜਾਤਾ ਡਗਮਗਾਈਆ । ਵਸਣਹਾਰਾ ਸਾਚੇ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਦਿ ਜੁਗਾਦੀ ਏਕਾ ਕੰਤ, ਸ੍ਰੀ ਭਗਵਾਨ ਸੋਭਾ ਪਾਇੰਦਾ । ਆਪ ਬਣਾਏ ਆਪਣੀ ਬਣਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਨੂਰ ਪਰਗਟਾਇੰਦਾ । ਬੋਧ ਅਗਾਧਾ ਏਕਾ ਮੰਤ, ਅੱਖਰ ਵੱਖਰ ਆਪ ਚਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਨਿਰਗੁਣ ਬੈਠਾ ਆਸਣ ਲਾਈਆ । ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰਾ ਰਾਜਨ ਰਾਜ, ਨਿਰਗੁਣ ਨਰ ਹਰਿ ਆਪ ਸੁਹਾਇੰਦਾ । ਕਰੇ ਖੇਲ ਗ਼ਰੀਬ ਨਿਵਾਜ਼, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਗੰਮੀ ਇਕ ਆਵਾਜ਼, ਮਹੱਲ ਅਟੱਲ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸਚ ਸਿੰਘਾਸਣ, ਸਤਿ ਸਤਿਵਾਦੀ ਆਪ ਸੁਹਾਈਆ । ਕਰੇ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਨਿਰਗੁਣ ਜੋਤ ਪਾਏ ਰਾਸਨ, ਬੇਅੰਤ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣਾ ਖੇਲ ਤਮਾਸ਼ਣ, ਬੇਐਬ ਪਰਵਰਦਿਗਾਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਧਾਰ ਚਲਾਈਆ । ਸਚਖੰਡ ਸੋਹੇ ਸਾਚਾ ਬੰਕ, ਸਤਿ ਸਤਿਵਾਦੀ ਆਪ ਸੁਹਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਨੂਰ ਨੁਰਾਨਾ ਡਗਮਗਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਨਾਰ ਆਪ ਅਖਵਾਇੰਦਾ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਬਣਾਇੰਦਾ । ਸਚਖੰਡ ਦੁਆਰਾ ਉਚ ਮਹੱਲਾ, ਸੋ ਪੁਰਖ ਨਿਰੰਜਣ ਆਪ ਬਣਾਈਆ । ਵਸਣਹਾਰਾ ਇਕ ਇਕੱਲਾ, ਏਕੰਕਾਰ ਆਪਣਾ ਬਲ ਰਖਾਈਆ । ਆਦਿ ਜੁਗਾਦੀ ਅਛਲ ਅਛੱਲਾ, ਵਲ ਛਲ ਆਪਣੀ ਧਾਰ ਚਲਾਈਆ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਨਰ ਨਰੇਸ਼ ਆਪੇ ਫੜੇ ਆਪਣਾ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚ ਸਿੰਘਾਸਣ ਸਾਚਾ ਦਏ ਵਡਿਆਈਆ । ਸਚ ਵਡਿਆਈ ਪੁਰਖ ਅਗੰਮ, ਅਗੰਮੜਾ ਆਪ ਕਰਾਇੰਦਾ । ਆਦਿ ਜੁਗਾਦੀ ਆਪੇ ਜੰਮ, ਮਾਤ ਪਿਤ ਨਾ ਕੋਇ ਰਖਾਇੰਦਾ । ਸਦਾ ਸੁਹੇਲਾ ਕਰੇ ਕੰਮ, ਕਰਤਾ ਆਪਣੀ ਕਰਨੀ ਆਪ ਕਮਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਸਚਖੰਡ ਦੁਆਰੇ ਆਪ ਚਲਾਇੰਦਾ । ਆਪੇ ਜਨਨੀ ਆਪੇ ਜਨ, ਜਨ ਜਣੇਂਦੀ ਮਾਈ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਉਪਾਇੰਦਾ । ਸਚ ਦੁਆਰਾ ਏਕਾ ਏਕ, ਏਕੰਕਾਰਾ ਆਪ ਪਰਗਟਾਈਆ । ਆਪੇ ਰੱਖੇ ਆਪਣੀ ਟੇਕ, ਦੂਸਰ ਓਟ ਨਾ ਕੋਇ ਤਕਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਆਦਿ ਜੁਗਾਦੀ ਰਹੇ ਬਬੇਕ, ਵਵੇਕੀ ਆਪਣੀ ਧਾਰ ਪਰਗਟਾਈਆ । ਆਪਣਾ ਨੂਰ ਆਪੇ ਵੇਖ, ਪੇਖ ਆਪਣੀ ਖ਼ੁਸ਼ੀ ਮਨਾਈਆ । ਵਸਣਹਾਰਾ ਸਚਖੰਡ ਦੁਆਰੇ ਸਾਚੇ ਦੇਸ, ਦਰਗਹਿ ਸਾਚੀ ਧਾਮ ਸੁਹਾਈਆ । ਬੇਐਬ ਖ਼ੁਦਾਈ ਇਕ ਆਦੇਸ, ਮੁਕਾਮੇ ਹੱਕ ਹੱਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚਾ ਤਖ਼ਤ ਆਪ ਸੁਹਾਈਆ । ਸਾਚਾ ਤਖ਼ਤ ਸੱਚਾ ਸ਼ਹਿਨਸ਼ਾਹ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਨਿਰਗੁਣ ਨਿਰਵੈਰ ਬਣ ਮਲਾਹ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਸਤਿ ਸਤਿ ਸਤਿਵਾਦੀ ਚਲਾਏ ਏਕਾ ਰਾਹ, ਏਕੰਕਾਰਾ ਆਪ ਪਰਗਟਾਇੰਦਾ ।

ਕਰੇ ਖੇਲ ਬੇਪਰਵਾਹ, ਆਦਿ ਨਿਰੰਜਣ ਨੂਰੋ ਨੂਰ ਨੂਰ ਧਰਾਇੰਦਾ । ਮਹੱਲ ਅਟੱਲ ਡੇਰਾ ਲਾ, ਅਬਿਨਾਸ਼ੀ ਕਰਤਾ ਖ਼ੁਸ਼ੀ ਮਨਾਇੰਦਾ । ਚਾਰ ਕੁੰਟ ਨੈਣ ਉਠਾ, ਬਿਨ ਨੇਤਰ ਵੇਖ ਵਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਏ ਉਠਾ, ਪੁਰਖ ਅਕਾਲ ਅਨਭਵ ਆਪਣੀ ਖੇਲ ਕਰਾਇੰਦਾ । ਰਾਜ ਰਾਜਾਨ ਭੂਪਤ ਭੂਪ ਆਪ ਅਖਵਾ, ਸੀਸ ਜਗਦੀਸ਼ ਤਾਜ ਟਿਕਾਇੰਦਾ । ਧੁਰ ਫ਼ਰਮਾਣਾ ਹੁਕਮ ਪਰਗਟਾ, ਸਚ ਸੰਦੇਸ਼ਾ ਨਰ ਨਰੇਸ਼ਾ ਸਚਖੰਡ ਦੁਆਰੇ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਹਰਿ ਕਾ ਭੇਵ ਆਦਿ ਜੁਗਾਦਿ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਇਕ ਇਕੱਲਾ ਅਛਲ ਅਛੇਦ, ਵਲ ਛਲ ਆਪਣੀ ਖੇਲ ਕਰਾਈਆ । ਰੂਪ ਰੰਗ ਨਾ ਕੋਇ ਰੇਖ, ਅਸੁਤੇ ਪਰਕਾਸ਼ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ ਪਰਦਾ ਚੁੱਕ ਕਰਤਾਰ, ਕਰਤਾ ਆਪਣਾ ਭੇਵ ਜਣਾਇੰਦਾ । ਆਦਿ ਆਦਿ ਖੇਲ ਕਰ ਅਪਾਰ, ਅਪਰੰਪਰ ਆਪਣਾ ਰਾਹ ਵਖਾਇੰਦਾ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰ, ਨਿਰਗੁਣ ਨਿਰਗੁਣ ਆਪ ਟਿਕਾਇੰਦਾ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਕੰਤ ਕੰਤੂਹਲ ਸਾਚੀ ਸੇਜ ਹੰਢਾਇੰਦਾ । ਨਿਰਗੁਣ ਦਾਈ ਦਾਇਆ ਅਗੰਮ ਅਪਾਰ, ਨਿਰਗੁਣ ਜਨਨੀ ਜਨ ਆਪ ਅਖਵਾਇੰਦਾ । ਨਿਰਗੁਣ ਸੁਤ ਦੁਲਾਰਾ ਕਰ ਤਿਆਰ, ਪੂਤ ਸਪੂਤਾ ਗੋਦ ਬਹਾਇੰਦਾ । ਨਿਰਗੁਣ ਖੋਲ੍ਹਣਹਾਰ ਕਿਵਾੜ, ਆਪਣਾ ਪਰਦਾ ਆਪ ਚੁਕਾਇੰਦਾ । ਸਚਖੰਡ ਅੰਦਰ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ । ਥਿਰ ਘਰ ਦੁਆਰਾ ਕਰ ਤਿਆਰ, ਸ਼ਬਦੀ ਸੁਤ ਆਪ ਬਹਾਇੰਦਾ । ਕਰੇ ਖੇਲ ਅਪਰ ਅਪਾਰ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਆਦਿ ਜੁਗਾਦੀ ਏਕੰਕਾਰ, ਅਕਲ ਕਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਪਰਦਾ ਆਪੇ ਲਾਹਿੰਦਾ । ਆਪਣਾ ਪਰਦਾ ਦੇਵੇ ਲਾਹ, ਪਾਰਬ੍ਰਹਮ ਵਡੀ ਵਡਿਆਈਆ । ਆਦਿ ਰਚਨ ਜੋ ਲਈ ਰਚਾ, ਅੰਤ ਲੇਖਾ ਦਏ ਮੁਕਾਈਆ । ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਥਿਰ ਘਰ ਵੇਖੇ ਬੇਪਰਵਾਹ, ਪਰਦਾਨਸ਼ੀ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਏਕੰਕਾਰ, ਅਕਲ ਕਲਧਾਰੀ ਆਪ ਜਣਾਇੰਦਾ । ਸ਼ਬਦੀ ਸ਼ਬਦ ਵਡ ਬਲਕਾਰ, ਜੋਧਾ ਸੂਰਬੀਰ ਆਪ ਪਰਗਟਾਇੰਦਾ । ਸੁਤ ਦੁਲਾਰੇ ਦੇ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਵਸਤ ਭਰ ਭੰਡਾਰ, ਸਤਿ ਭੰਡਾਰਾ ਆਪ ਵਖਾਇੰਦਾ । ਹੁਕਮੀ ਹੁਕਮ ਸੱਚੀ ਸਰਕਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਜਨਨੀ ਜਨ ਖੇਲ ਅਪਾਰ, ਵਿਸ਼ਨ ਬ੍ਰਹਮਾ ਸ਼ਿਵ ਗੋਦ ਸੁਹਾਇੰਦਾ । ਤ੍ਰੈਗੁਣ ਦਾਤ ਦੇਵੇ ਦਾਤਾਰ, ਪੰਚਮ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸਿਖ ਸਮਾਇੰਦਾ । ਸਾਚੀ ਸੇਵਾ ਸ਼ਬਦ ਸੁਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਬੇਅੰਤ ਵਡ ਵਡਿਆਈਆ । ਸਚਖੰਡ ਦੁਆਰੇ ਸੁਹਾਈ ਰੁੱਤ, ਫੁੱਲ ਫਲਵਾੜੀ ਆਪ ਮਹਿਕਾਈਆ । ਆਪਣੀ ਇਛਿਆ ਆਪੇ ਉਠ, ਸਾਚੀ ਭਿਛਿਆ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ

ਫ਼ਰਮਾਣਾ ਹੁਕਮ ਸੁਣਾਈਆ । ਧੁਰ ਫ਼ਰਮਾਣਾ ਸਾਚੀ ਧਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਪੁਰਖ ਅਕਾਲ ਖੇਲ ਕੀਆ ਅਪਾਰ, ਭੇਵ ਅਭੇਦ ਆਪ ਜਣਾਇੰਦਾ । ਲੱਖ ਚੁਰਾਸੀ ਕਰ ਤਿਆਰ, ਨਵ ਨੌਂ ਆਪਣੀ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਕਰ ਖ਼ਬਰਦਾਰ, ਹੁਕਮੀ ਹੁਕਮ ਆਪ ਵਰਤਾਇੰਦਾ । ਰਵ ਸਸ ਦੇ ਆਧਾਰ, ਮੰਡਲ ਮੰਡਪ ਆਪ ਸੁਹਾਇੰਦਾ । ਬ੍ਰਹਿਮੰਡ ਖੰਡ ਕਰ ਪਸਾਰ, ਲੋਆਂ ਪੁਰੀਆਂ ਬੰਧਨ ਪਾਇੰਦਾ । ਜੁਗ ਚੌਕੜੀ ਦੇ ਆਧਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਨਾਤਾ ਬਿਧਾਤਾ ਇਕ ਰਖਾਇੰਦਾ । ਗੁਰ ਅਵਤਾਰ ਦੇ ਆਧਾਰ, ਜੋਤੀ ਜਾਤਾ ਨੂਰ ਧਰਾਇੰਦਾ । ਸ਼ਬਦ ਅਨਾਦੀ ਇਕ ਧੁਨਕਾਰ, ਘਟ ਘਟ ਮੰਦਰ ਆਪ ਸੁਣਾਇੰਦਾ । ਭਗਤ ਭਗਵੰਤ ਕਰ ਪਸਾਰ, ਨੂਰ ਨੁਰਾਨਾ ਨੂਰ ਵਖਾਇੰਦਾ । ਪੀਰ ਪੈਗ਼ੰਬਰ ਸਾਂਝਾ ਯਾਰ, ਮੁਕਾਮੇ ਹੱਕ ਹੱਕ ਜਲਵਾ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਆਪਣਾ ਭੇਵ ਖੋਲ੍ਹੇ ਨਿਰੰਕਾਰ, ਪਰਦਾ ਕੋਇ ਰਹਿਣ ਨਾ ਪਾਈਆ । ਕਰੇ ਖੇਲ ਜੁਗ ਚੌਕੜੀ ਚਾਰ, ਨਵ ਨੌਂ ਆਪਣਾ ਬੰਧਨ ਪਾਈਆ । ਸਤਿਜੁਗ ਤਰੇਤਾ ਦੁਆਪਰ ਕਰ ਖ਼ੁਵਾਰ, ਕਲਜੁਗ ਅੰਤਮ ਵੇਖ ਵਖਾਈਆ । ਚਾਰੇ ਵੇਦਾਂ ਦਏ ਅਧਾਰ, ਚਾਰ ਵਰਨ ਮਾਣ ਵਡਿਆਈਆ । ਚਾਰ ਕੁੰਟ ਨੂਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰ ਆਪਣਾ ਖੇਲ ਜਣਾਇੰਦਾ । ਨਿਰਗੁਣ ਨਿਰਵੈਰ ਵੇਸ ਧਰ, ਅਜੂਨੀ ਰਹਿਤ ਰੂਪ ਵਟਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦੀ ਮਹਿਮਾ ਗਏ ਕਰ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਧਿਆਨ ਗਏ ਧਰ, ਸੋ ਆਪਣਾ ਪਰਦਾ ਲਾਹਿੰਦਾ । ਅੰਜੀਲ ਕੁਰਾਨ ਗੀਤਾ ਗਿਆਨ ਜਿਸ ਦਾ ਅੱਖਰ ਵੱਖਰ ਗਏ ਪੜ੍ਹ, ਸੋ ਚੌਦਾਂ ਵਿਦਿਆ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਖੁਲ੍ਹਾਇੰਦਾ । ਪਰਦਾ ਖੋਲ੍ਹੇ ਸ੍ਰੀ ਭਗਵਾਨ, ਭੇਵ ਕੋਇ ਨਾ ਪਾਈਆ । ਜੁਗ ਚੌਕੜੀ ਜੁਗ ਜੁਗ ਖੇਲ ਮਹਾਨ, ਨਿਰਗੁਣ ਸਰਗੁਣ ਆਪ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਹੋ ਪਰਧਾਨ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਡੰਕ ਵਜਾਈਆ । ਅੰਤ ਰਿਹਾ ਨਾ ਕੋਇ ਨਿਸ਼ਾਨ, ਖ਼ਾਕੀ ਖ਼ਾਕ ਗਏ ਸਮਾਈਆ । ਨਿਰਗੁਣ ਕਰ ਕਰ ਸਰਬ ਧਿਆਨ, ਸਰਗੁਣ ਬੈਠੇ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਮੰਨ ਮੰਨ ਆਣ, ਕਲਜੁਗ ਨੈਣ ਨੈਣ ਸ਼ਰਮਾਈਆ । ਇਕ ਇਕੱਲਾ ਨੌਜਵਾਨ, ਸਚਖੰਡ ਨਿਵਾਸੀ ਬੇਪਰਵਾਹੀਆ । ਆਦਿ ਜੁਗਾਦੀ ਖੇਲ ਮਹਾਨ, ਅੰਤ ਕਹਿ ਕਹਿ ਗਏ ਸਰਬ ਸੁਣਾਈਆ । ਲੇਖਾ ਜਾਣੇ ਦੋ ਜਹਾਨ, ਜ਼ਿਮੀ ਅਸਮਾਨ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਨਿਰੰਕਾਰਾ, ਦੂਸਰ ਅਵਰ ਨਾ ਕੋਇ ਅਖਵਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਆਦਿ ਅੰਤ ਮਧ ਓਟ ਰੱਖ ਕੇ ਗਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਇੰਦਾ । ਸਭ ਦੀ ਆਸਾ ਪੂਰਨ ਕਰ, ਪਾਰਬ੍ਰਹਮ ਪ੍ਰਭ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦਿਤਾ ਵਰ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਚਮ ਘਾੜਨ ਲਿਆ ਘੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਤੇਈ ਅਵਤਾਰ ਬੰਧਾਏ ਲੜ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਭਗਤ

ਅਠਾਰਾਂ ਲਾਈ ਜੜ੍ਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਈਸਾ ਮੂਸਾ ਨੂਰ ਧਰ, ਸੰਗ ਮੁਹੰਮਦ ਜਲਵਾ ਇਕ ਰੁਸ਼ਨਾਈਆ । ਚਾਰ ਯਾਰੀ ਬਾਹੋਂ ਫੜ, ਕਲਮਾ ਨਬੀ ਆਪ ਪੜ੍ਹਾਈਆ । ਨਾਨਕ ਨਿਰਗੁਣ ਘਾੜਨ ਘੜ, ਜੋਤੀ ਜੋਤ ਜੋਤ ਰੁਸ਼ਨਾਈਆ । ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਇਕ ਵਖਾਈਆ । ਏਕਾ ਜੋਤੀ ਵਰ ਦਸ, ਦਹਿ ਦਿਸ਼ਾ ਵੇਖ ਵਖਾਈਆ । ਪੰਚਮ ਮੇਲਾ ਨਿਰਗੁਣ ਕਰ, ਕਰ ਕਿਰਪਾ ਖ਼ੁਸ਼ੀ ਮਨਾਈਆ । ਅੰਤਮ ਲਾਏ ਜੜ੍ਹ, ਦੋ ਜਹਾਨਾਂ ਫੇਰਾ ਪਾਈਆ । ਪੰਚ ਪਰਧਾਨ ਆਪੇ ਕਰ, ਦਰਗਹਿ ਸਾਚੀ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਹਰਿ ਨਿਰੰਕਾਰਾ, ਕਲਜੁਗ ਅੰਤ ਅੰਤ ਜਣਾਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਧਰਨੀ ਧਰਤ ਧਵਲ ਦੇ ਸਹਾਰਾ, ਜੁਗ ਜੁਗ ਲਹਿਣਾ ਮੂਲ ਚੁਕਾਇੰਦਾ । ਬਲ ਬਾਵਨ ਨਾਲ ਕਰਿਆ ਉਧਾਰਾ, ਅੰਤਮ ਲੇਖਾ ਲੇਖੇ ਲਾਇੰਦਾ । ਛੱਤੀ ਜੁਗ ਦਾ ਪਾਰ ਕਿਨਾਰਾ, ਨਾਨਕ ਮੇਲਾ ਮੇਲ ਮਿਲਾਇੰਦਾ । ਗੋਬਿੰਦ ਸੁਣੇ ਕੂਕ ਪੁਕਾਰਾ, ਪਿਤਾ ਪੁਰਖ ਅਕਾਲ ਦਇਆ ਕਮਾਇੰਦਾ । ਨੀਹਾਂ ਹੇਠਾਂ ਦਿਤਾ ਸਹਾਰਾ, ਜਗ ਜੀਵਣ ਦਾਤਾ ਵੇਖ ਵਖਾਇੰਦਾ । ਨਾਮੇ ਤੇਰੀ ਸੁਣ ਪੁਕਾਰਾ, ਛੱਪਰ ਛੰਨ ਆਪ ਸੁਹਾਇੰਦਾ । ਧੰਨੇ ਮੇਲਾ ਜਟ ਗਵਾਰਾ, ਸੀਸ ਜਗਦੀਸ਼ ਤਾਜ ਸੁਹਾਇੰਦਾ । ਗੋਬਿੰਦ ਕਹੇ ਕੂਕ ਪੁਕਾਰਾ, ਉਚੀ ਨਾਅਰਾ ਏਕਾ ਲਾਇੰਦਾ । ਨਾਨਕ ਨਿਰਗੁਣ ਕਹੇ ਮਹਾਬਲੀ ਉਤਰੇ ਅਵਤਾਰਾ, ਨਿਹਕਲੰਕ ਨਾਉਂ ਰਖਾਇੰਦਾ । ਗੋਬਿੰਦ ਦੋਏ ਜੋੜ ਕਰੇ ਨਿਮਸਕਾਰਾ, ਸੰਬਲ ਨਗਰੀ ਰਾਹ ਤਕਾਇੰਦਾ । ਸ਼ਬਦ ਖੰਡਾ ਵੇਖੇ ਦੋ ਧਾਰਾ, ਲੋਹਾਰ ਤਰਖਾਣ ਨਾ ਕੋਇ ਘੜਾਇੰਦਾ । ਕਲਗ਼ੀ ਤੋੜਾ ਸੀਸ ਦਸਤਾਰਾ, ਦੋਏ ਜਹਾਨ ਸੀਸ ਝੁਕਾਇੰਦਾ । ਅੰਤਮ ਖੇਲ ਕਰੇ ਅਪਾਰਾ, ਨਜ਼ਰ ਕਿਸੇ ਨਾ ਆਇੰਦਾ । ਵੇਦ ਵਿਆਸਾ ਬਣ ਲਿਖਾਰਾ, ਲਿਖ ਲਿਖ ਲੇਖਾ ਸਰਬ ਜਣਾਇੰਦਾ । ਨਿਹਕਲੰਕ ਚਵੀਆਂ ਅਵਤਾਰਾ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਸਾਖਯਾਤ ਪਰਗਟ ਹੋਏ ਵਿਚ ਸੰਸਾਰਾ, ਬੇਅੰਤ ਬੇਪਰਵਾਹ ਆਪਣੀ ਧਾਰ ਚਲਾਇੰਦਾ । ਸਚਖੰਡ ਬਣਾਏ ਇਕ ਦੁਆਰਾ, ਸਚਖੰਡ ਨਿਵਾਸੀ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪੰਧ ਮੁਕਾਇੰਦਾ । ਜੁਗ ਚੌਕੜੀ ਖੇਲੇ ਖੇਲ, ਖੇਲਣਹਾਰ ਨਜ਼ਰ ਨਾ ਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੱਜਣ ਸੁਹੇਲ, ਸਤਿਗੁਰ ਦਾਤਾ ਵਡ ਵਡਿਆਈਆ । ਸਦ ਵਸਣਹਾਰਾ ਧਾਮ ਨਵੇਲ, ਸਚਖੰਡ ਸਾਚੇ ਸੋਭਾ ਪਾਈਆ । ਲਹਿਣਾ ਦੇਣਾ ਚੁਕਾਏ ਗੁਰੂ ਗੁਰ ਚੇਲ, ਗੁਰ ਚੇਲਾ ਰੂਪ ਵਟਾਈਆ । ਭਗਤ ਭਗਵੰਤ ਲਏ ਮੇਲ, ਜਗਤ ਵਿਛੋੜਾ ਪੰਧ ਮੁਕਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣੇ ਸੱਜਣ ਸੁਹੇਲ, ਸਗਲਾ ਸੰਗ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਆਪ ਵਰਤਾਈਆ । ਹੁਕਮੇ ਅੰਦਰ ਆਦਿ ਜੁਗਾਦਿ, ਹਰਿ ਕਰਤਾ ਖੇਲ ਕਰਾਇੰਦਾ । ਹੁਕਮੇ ਅੰਦਰ ਸ਼ਬਦ ਨਾਦ, ਥਿਰ ਘਰ ਸਾਚੇ ਆਪ ਵਜਾਇੰਦਾ । ਹੁਕਮੇ ਅੰਦਰ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਆਪ ਪਰਗਟਾਇੰਦਾ । ਹੁਕਮੇ ਅੰਦਰ ਬੋਧ ਅਗਾਧ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਹੁਕਮੇ ਅੰਦਰ ਪਰਗਟਾਏ ਸੰਤ ਸਾਧ, ਹੁਕਮੇ ਅੰਦਰ ਭਗਤ ਭਗਵੰਤ ਖੇਲ ਕਰਾਇੰਦਾ । ਹੁਕਮੇ ਅੰਦਰ ਵੇਸ ਵਟਾਏ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪ ਅਖਵਾਇੰਦਾ । ਹੁਕਮੇ ਅੰਦਰ ਰੱਖੇ

੧੨੨
੧੨

ਯਾਦ, ਅਭੁਲ ਭੁੱਲ ਕਦੇ ਨਾ ਜਾਇੰਦਾ । ਹੁਕਮੇ ਅੰਦਰ ਖੇਲ ਕਰੇ ਵਾਹਦ, ਲਾਸ਼ਰੀਕ ਆਪਣਾ ਨਾਉਂ ਪਰਗਟਾਇੰਦਾ । ਹੁਕਮੇ ਅੰਦਰ ਖ਼ਾਕੀ
ਖ਼ਾਕ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਹੁਕਮੇ ਅੰਦਰ ਪਾਕੀ ਪਾਕ, ਪਤਤ ਪੁਨੀਤ ਵੇਸ ਧਰਾਇੰਦਾ । ਹੁਕਮੇ ਅੰਦਰ ਬੰਧਨ ਸਾਕ, ਬੰਧਪ
ਆਪਣੀ ਗੰਢ ਪੁਵਾਇੰਦਾ । ਹੁਕਮੇ ਅੰਦਰ ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਕਰਾਏ ਪਾਰ ਘਾਟ, ਕਿਨਾਰਾ ਆਪਣਾ ਨਾ ਕਿਸੇ ਜਣਾਇੰਦਾ । ਹੁਕਮੇ
ਅੰਦਰ ਦੋ ਜਹਾਨਾਂ ਵੇਖੇ ਵਾਟ, ਚੌਦਾਂ ਲੋਕਾਂ ਚਰਨਾਂ ਹੇਠ ਰਖਾਇੰਦਾ । ਹੁਕਮੇ ਅੰਦਰ ਸੁਣਾਏ ਸਾਚੀ ਗਾਥ, ਚੌਦਾਂ ਤਬਕ ਆਪ ਪੜ੍ਹਾਇੰਦਾ ।
ਹੁਕਮੇ ਅੰਦਰ ਦਿਵਸ ਰਾਤ, ਸੂਰਜ ਚੰਨ ਸੇਵ ਕਮਾਇੰਦਾ । ਹੁਕਮੇ ਅੰਦਰ ਪਿਤਾ ਮਾਤ, ਪੂਤ ਸਪੂਤਾ ਵੇਖ ਵਖਾਇੰਦਾ । ਹੁਕਮੇ ਅੰਦਰ ਦੇਵੇ
ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਹੁਕਮੇ ਅੰਦਰ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਹੁਕਮੇ ਅੰਦਰ ਕਰੇ ਖੇਲ ਪੁਰਖ ਸਮਰਾਥ,
ਸਮਰਥ ਆਪਣੀ ਖੇਲ ਵਖਾਇੰਦਾ । ਹੁਕਮੇ ਅੰਦਰ ਕੋਟਨ ਕੋਟ ਤਰਲੋਕੀ ਨਾਥ, ਹੁਕਮੇ ਅੰਦਰ ਕੋਟਨ ਰਾਮ ਪਰਗਟਾਇੰਦਾ । ਹੁਕਮੇ ਅੰਦਰ ਭਰੇ
ਆਪਣੇ ਖਾਤ, ਖ਼ਾਲੀ ਹੁਕਮੇ ਅੰਦਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪਣੇ ਹੱਥ ਰਖਾਇੰਦਾ ।
ਸਾਚਾ ਹੁਕਮ ਆਪਣੇ ਹੱਥ, ਸੋ ਪੁਰਖ ਨਿਰੰਜਣ ਆਪ ਰਖਾਈਆ । ਆਦਿ ਜੁਗਾਦਿ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ
ਮਾਰਗ ਦੱਸ, ਲੋਕਮਾਤ ਸੇਵ ਲਗਾਈਆ । ਸਰਗੁਣ ਅੰਦਰ ਨਿਰਗੁਣ ਵਸ, ਆਪਣੀ ਬੂਝ ਬੁਝਾਈਆ । ਸ਼ਬਦ ਅਗੰਮੀ ਤੀਰ ਨਿਰਾਲਾ ਮਾਰੇ
ਕਸ, ਅਣਯਾਲਾ ਆਪ ਚਲਾਈਆ । ਅੰਦਰ ਵੜ ਵੜ ਗਾਏ ਜਸ, ਦਿਸ ਕਿਸੇ ਨਾ ਆਈਆ । ਤ੍ਰੈਗੁਣ ਅੰਦਰ ਨਾ ਜਾਏ ਫਸ, ਪੰਜ ਤਤ
ਨਾ ਕੋਇ ਵਖਾਈਆ । ਲੇਖਾ ਜਾਣੇ ਅੰਧੇਰੀ ਰੈਣ ਮਸ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹੁਕਮੇ ਅੰਦਰ ਉਪਜਾਏ ਸਚਖੰਡ ਦੁਆਰਾ, ਥਿਰ
ਘਰ ਆਪਣੀ ਖੇਲ ਕਰਾਇੰਦਾ । ਹੁਕਮੇ ਅੰਦਰ ਬਣ ਵਣਜਾਰਾ, ਸਾਚਾ ਹੱਟ ਆਪ ਚਲਾਇੰਦਾ । ਹੁਕਮੇ ਅੰਦਰ ਸਚ ਭੰਡਾਰਾ, ਦਾਤਾ ਦਾਨੀ
ਆਪ ਵਰਤਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰ ਪਸਾਰਾ, ਲੱਖ ਚੁਰਾਸੀ ਬੰਧਨ ਪਾਇੰਦਾ । ਹੁਕਮੇ ਅੰਦਰ ਆਵੇ ਜਾਵੇ ਵਾਰੋ ਵਾਰਾ,
ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਆਪ ਅਖਵਾਇੰਦਾ । ਹੁਕਮੇ ਅੰਦਰ
ਤਖ਼ਤ ਤਾਜ, ਸਚਖੰਡ ਆਪ ਪਰਗਟਾਈਆ । ਹੁਕਮੇ ਅੰਦਰ ਸਾਚਾ ਰਾਜ, ਧੁਰਦਰਗਾਹੀ ਆਪ ਕਮਾਈਆ । ਹੁਕਮੇ ਅੰਦਰ ਰਚ ਰਚ ਕਾਜ,
ਦੋ ਜਹਾਨਾਂ ਵੇਖ ਵਖਾਈਆ । ਹੁਕਮੇ ਅੰਦਰ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਹੁਕਮੇ ਅੰਦਰ ਕਮਲਾਪਾਤ, ਆਪਣੀ ਖੇਲ ਆਪ
ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਹਰਿ ਨਿਰੰਕਾਰ, ਕਲਜੁਗ
ਅੰਤ ਅੰਤ ਜਣਾਇੰਦਾ । ਕਰੇ ਖੇਲ ਅਗੰਮ ਅਪਾਰ, ਲੇਖਾ ਲਿਖਤ ਨਾ ਕੋਇ ਸਮਝਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗਏ
ਹਾਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਚੌਦਾਂ ਵਿਦਿਆ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਨੀਰ ਪਰਗਟਾਇੰਦਾ । ਕਾਗਦ ਕਲਮ ਕਰੇ
ਪੁਕਾਰ, ਬੇਅੰਤ ਤੇਰਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ

ਹੁਕਮ ਸਚ ਸੰਦੇਸ਼ਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਸ਼ਾਹ ਪਾਤਸ਼ਾਹ ਨਰ ਨਰੇਸ਼ਾ, ਨਰ ਨਿਰੰਕਾਰ ਵਡ ਵਡਿਆਈਆ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ਾ, ਭੋਲਾ ਨਾਥ ਦਏ ਜਗਾਈਆ । ਤ੍ਰੈਗੁਣ ਤੇਰਾ ਜਾਣੇ ਲੇਖਾ, ਪੰਜ ਤਤ ਭੇਵ ਚੁਕਾਈਆ । ਤੇਈ ਅਵਤਾਰ ਆਪਣੇ ਨੇਤਰ ਪੇਖਾ, ਨਿਜ ਨੇਤਰ ਆਪ ਖੁਲ੍ਹਾਈਆ । ਭਗਤ ਅਠਾਰਾਂ ਇਕ ਸੰਦੇਸ਼ਾ, ਸਤਿ ਸਤਿਵਾਦੀ ਆਪ ਸੁਣਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰੀ ਜਾਣੇ ਲੇਖਾ, ਅਲੱਖ ਅਗੋਚਰ ਅਗੰਮ ਵਡ ਵਡਿਆਈਆ । ਨਾਨਕ ਗੋਬਿੰਦ ਵੇਖੇ ਸਾਚਾ ਖੇਤਾ, ਫੁੱਲ ਫੁਲਵਾੜੀ ਏਕਾ ਲਾਈਆ । ਪੰਚਮ ਬਣਿਆ ਏਕਾ ਮੀਤਾ, ਮਿੱਤਰ ਪਿਆਰਾ ਬੇਪਰਵਾਹੀਆ । ਕਲਜੁਗ ਅੰਤਮ ਮੇਟੇ ਰੀਤਾ, ਸਤਿਜੁਗ ਸਾਚੀ ਧਾਰ ਚਲਾਈਆ । ਨਾਤਾ ਤੋੜੇ ਮੰਦਰ ਮਸੀਤਾ, ਸ਼ਿਵਦੁਆਲਾ ਮੱਠ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਠਾਂਡਾ ਸੀਤਾ, ਸਤਿ ਸਤਿਵਾਦੀ ਰਾਹ ਪਰਗਟਾਈਆ । ਨਵ ਨੌਂ ਤੇਰਾ ਵੇਲਾ ਬੀਤਾ, ਜੁਗ ਚੌਕੜੀ ਪੰਧ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸਮਝਾਈਆ । ਸਚ ਸੁਨੇਹੁੜਾ ਏਕੰਕਾਰ, ਕਲਜੁਗ ਅੰਤ ਅੰਤ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਤਖ਼ਤ ਨਿਵਾਸੀ ਹੋ ਤਿਆਰ, ਸਾਚੇ ਤਖ਼ਤ ਆਸਣ ਲਾਇੰਦਾ । ਲੋਕਮਾਤ ਦਏ ਆਧਾਰ, ਧਰਤ ਧਵਲ ਵੰਡ ਵੰਡਾਇੰਦਾ । ਸਾਢੇ ਤਿੰਨ ਹੱਥ ਮੰਦਰ ਕਰ ਤਿਆਰ, ਉਚ ਅਟੱਲਾ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਪ੍ਰਿਥਮੀ ਆਕਾਸ਼ ਆਪ ਕਰਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਏਕਾ ਨਾਇਆ ਦੇ ਆਧਾਰ,
੧੨੪ ਬੀਸ ਬੀਸਾ ਵਡ ਵਡਿਆਇੰਦਾ । ਸੱਤਰ ਬਹੱਤਰ ਕਰ ਪਿਆਰ, ਸਤਿ ਸਤਿਵਾਦੀ ਰੰਗ ਚੜ੍ਹਾਇੰਦਾ । ਚੁਹੱਤਰਾਂ ਵੇਖੇ ਵੇਖਣਹਾਰ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਿਆ ਖ਼ਬਰਦਾਰ, ਤ੍ਰੈ ਤ੍ਰੈ ਮੇਲਾ ਆਪ ਮਿਲਾਇੰਦਾ । ਪੰਚਮ ਪੰਚ ਦਏ ਆਧਾਰ, ਤੇਈ ਅਠਾਰਾਂ ਜੋੜ ਜੁੜਾਇੰਦਾ । ਤਿੰਨ ਚਾਰ ਕਰ ਪਿਆਰ, ਦਸ ਦਸ ਬੰਧਨ ਪਾਇੰਦਾ । ਪੰਚ ਵਖਾਏ ਇਕ ਘਰ ਬਾਰ, ਚੁਹੱਤਰ ਅੰਕ ਜੋੜ ਜੁੜਾਇੰਦਾ । ਸਚਖੰਡ ਦੁਆਰੇ ਸਾਰੇ ਮਿਲ ਕੇ ਗਾਓ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈਕਾਰ, ਜੈ ਜੈਕਾਰ ਆਪ ਕਰਾਇੰਦਾ । ਜ਼ਾਤ ਪਾਤ ਵਰਨ ਗੋਤ ਬਰਨ ਨਾਤਾ ਤੁਟੇ ਵਿਚ ਸੰਸਾਰ, ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਆਧਾਰ, ਹਰ ਘਟ ਏਕਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਪਹਿਲੀ ਵਸਾਖ ਆਪ ਜਣਾਇੰਦਾ । ਪਹਿਲੀ ਵਸਾਖ ਹਰਿ ਜਣਾਇਆ, ਭੁੱਲ ਰਹੇ ਨਾ ਰਾਈਆ । ਚੁਹੱਤਰਾਂ ਲੇਖਾ ਇਕ ਵਖਾਇਆ, ਲਿਖਿਆ ਲੇਖ ਨਾ ਕੋਇ ਮਿਟਾਈਆ । ਗੁਰ ਅਵਤਾਰ ਪੀਰ ਕਰੋ ਸਲਾਹਿਆ, ਭਗਤਾਂ ਨਾਲ ਮਿਲਾਈਆ । ਤ੍ਰੈਗੁਣ ਡੇਰਾ ਦੇਵੇ ਢਾਹਿਆ, ਪੰਜ ਤਤ ਕਰੇ ਸਫ਼ਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਣ ਦਏ ਗਵਾਇਆ, ਪਾਰਬ੍ਰਹਮ ਵਡ ਵਡਿਆਈਆ । ਆਦਿ ਜਿਸ ਨੇ ਨੂਰ ਧਰਾਇਆ, ਸੋ ਨੂਰ ਵੇਖੇ ਸੱਚਾ ਮਾਹੀਆ । ਲੋਕਮਾਤ ਸਚਖੰਡ ਦੁਆਰ ਇਕ ਬਣਾਇਆ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਏਕਾ ਹੁਕਮ ਸੁਣਾਈਆ । ਏਕਾ ਹੁਕਮ ਅੰਤਮ ਵਾਰ, ਗੁਰ ਅਵਤਾਰਾਂ ਹਰਿ ਜਣਾਇੰਦਾ । ਉਠੋ ਵੇਖੋ ਵਿਚ ਸੰਸਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾਤਾ ਤੁਟਾ ਤੇਈ ਅਵਤਾਰ, ਘਰ

ਘਰ ਸਗਨ ਨਾ ਕੋਇ ਮਨਾਇੰਦਾ । ਕਲਮਾ ਨਬੀ ਨਾ ਕੋਇ ਆਧਾਰ, ਧੀਰਜ ਧੀਰ ਨਾ ਕੋਇ ਵਖਾਇੰਦਾ । ਸਜਦਾ ਸੀਸ ਨਾ ਕੋਇ ਨਿਮਸਕਾਰ, ਕਾਇਆ ਕਾਅਬਾ ਨਾ ਕੋਇ ਸੁਹਾਇੰਦਾ । ਨਾਨਕ ਗੋਬਿੰਦ ਨਾ ਕੋਇ ਪਿਆਰ, ਪੰਚਮ ਮੇਲਾ ਨਾ ਕੋਇ ਮਿਲਾਇੰਦਾ । ਅਨਹਦ ਨਾਦ ਨਾ ਕੋਇ ਧੁਨਕਾਰ, ਸ਼ਬਦੀ ਸ਼ਬਦ ਨਾ ਕੋਇ ਸੁਣਾਇੰਦਾ । ਪੁਰਖ ਅਕਾਲ ਨਾ ਕੋਇ ਵਣਜਾਰ, ਸਾਚਾ ਹੱਟ ਨਾ ਕੋਇ ਖੁਲ੍ਹਾਇੰਦਾ । ਨੌਂ ਖੰਡ ਪ੍ਰਿਥਮੀ ਆਈ ਹਾਰ, ਸੱਤ ਦੀਪ ਸਾਚੀ ਵੰਡ ਨਾ ਕੋਇ ਵੰਡਾਇੰਦਾ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਇੰਦਾ । ਗੁਰ ਅਵਤਾਰ ਕਰੋ ਵਿਚਾਰ, ਸਾਚੀ ਸਿਖਿਆ ਨਾ ਕੋਇ ਸਮਝਾਇੰਦਾ । ਵਰਨ ਬਰਨ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਤ੍ਰੈਗੁਣ ਮਾਇਆ ਰਹੀ ਲਲਕਾਰ, ਪੰਚ ਵਿਕਾਰਾ ਆਪਣਾ ਬਲ ਧਰਾਇੰਦਾ । ਗੁਰ ਕੀ ਸਿਖਿਆ ਗਈ ਹਾਰ, ਸਤਿਗੁਰ ਇਸ਼ਟ ਨਜ਼ਰ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਆਤਮ ਪਰਮਾਤਮ ਗੰਢ ਨਾ ਕੋਇ ਪੁਵਾਇੰਦਾ । ਬ੍ਰਹਮ ਮੇਲਾ ਨਾ ਕੋਇ ਪਾਰਬ੍ਰਹਮ ਦੁਆਰ, ਪ੍ਰਕਾਸ਼ ਪ੍ਰਕਾਸ਼ ਨਾ ਕੋਇ ਰਖਾਇੰਦਾ । ਜੀਵ ਈਸ਼ ਨਾ ਕੋਇ ਪਿਆਰ, ਸੁਰਤੀ ਸ਼ਬਦ ਨਾ ਕੋਇ ਜੁੜਾਇੰਦਾ । ਕਲਮਾ ਨਬੀ ਨਾ ਕੋਇ ਜੈਕਾਰ, ਸਾਚੀ ਸਦਾ ਨਾ ਕੋਇ ਲਗਾਇੰਦਾ । ਮੁਕਾਮੇ ਹੱਕ ਨਾ ਕੋਇ ਵਿਹਾਰ, ਹੱਕ ਹਕ਼ੀਕ਼ਤ ਨਾ ਕੋਇ ਫੋਲ ਵਖਾਇੰਦਾ । ਲਾਸ਼ਰੀਕ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨਾ ਕਿਸੇ ਵਖਾਇੰਦਾ । ਚਾਰ ਕੁੰਟ ਧੁਆਂਧਾਰ, ਕਲਜੁਗ ਅੰਤ ਅੰਧੇਰਾ ਛਾਇੰਦਾ । ਸਾਚਾ ਮੀਆਂ ਹੋਇਆ ਖ਼ਬਰਦਾਰ, ਅੱਲਾ ਰਾਣੀ ਬੀਵੀ ਵੇਖ ਵਖਾਇੰਦਾ । ਨਿਰਗੁਣ ਨਾਨਕ ਵੇਖੇ ਖੋਲ੍ਹ ਕਿਵਾੜ, ਬੰਕ ਦਵਾਰੀ ਪਰਦਾ ਲਾਹਿੰਦਾ । ਗੋਬਿੰਦ ਹੋਇਆ ਸ਼ਾਹ ਸਵਾਰ, ਸ਼ਸਤਰ ਬਸਤਰ ਤਨ ਸਜਾਇੰਦਾ । ਲੋਆਂ ਪੁਰੀਆਂ ਚਰਨਾਂ ਹੇਠਾਂ ਰਿਹਾ ਲਤਾੜ, ਬ੍ਰਹਿਮੰਡ ਖੰਡ ਪੰਧ ਮੁਕਾਇੰਦਾ । ਪੁਰਖ ਅਬਿਨਾਸ਼ੀ ਵੇਖੇ ਇਕ ਦੁਆਰ, ਇਕ ਇਕੱਲਾ ਸੋਭਾ ਪਾਇੰਦਾ । ਨਿਉਂ ਨਿਉਂ ਸੀਸ ਕਰੇ ਨਿਮਸਕਾਰ, ਨਿਉਂ ਨਿਉਂ ਸਜਦਾ ਆਪ ਜਣਾਇੰਦਾ । ਵਾਹਵਾ ਤੇਰੀ ਕੁਦਰਤ ਮੇਰੇ ਯਾਰ, ਤੂੰ ਕਾਦਰ ਕੁਦਰਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮਰਾਂ ਭਗਵਾਨ, ਕਲਜੁਗ ਅੰਤ ਆਪ ਜਣਾਈਆ । ਉਠੋ ਸਾਰੇ ਕਰੋ ਧਿਆਨ, ਵੇਲਾ ਗਿਆ ਹੱਥ ਨਾ ਆਈਆ । ਚੁਹੱਤਰਾਂ ਮਿਲੇ ਇਕ ਮਕਾਨ, ਦੂਜਾ ਦਰ ਨਾ ਕੋਇ ਵਖਾਈਆ । ਮੁਹੰਮਦ ਲੇਖਾ ਚੁਕਾ ਚੌਦਾਂ ਤਬਕ ਜ਼ਿਮੀ ਅਸਮਾਨ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਨਾਨਕ ਗੋਬਿੰਦ ਖੇਲ ਮਹਾਨ, ਜੋਤੀ ਜੋਤ ਜੋਤ ਸਮਾਈਆ । ਤੇਈ ਅਵਤਾਰ ਇਕ ਧਿਆਨ, ਇਸ਼ਟ ਗੁਰਦੇਵ ਏਕਾ ਨਜ਼ਰੀ ਆਈਆ । ਅਠਾਰਾਂ ਭਗਤ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਤੋੜੇ ਮਾਣ, ਪੰਜ ਤਤ ਡੇਰਾ ਆਪੇ ਢਾਹੀਆ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਚਰਨ ਧਿਆਨ, ਕਵਲ ਕਵਲ ਸੱਚੀ ਸਰਨਾਈਆ । ਪਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਆਪਣੀ ਗੋਦ ਬਹਾਈਆ । ਚੁਹੱਤਰਾਂ ਆਪਣੀ ਗੋਦੀ ਚੁੱਕ, ਹਰਿ ਜੂ ਚੁੱਕ ਚੁੱਕ ਖ਼ੁਸ਼ੀ ਮਨਾਇੰਦਾ । ਅੰਤਮ ਪੈਂਡਾ ਸਭ ਦਾ ਗਿਆ ਮੁੱਕ, ਗੁਰ ਅਵਤਾਰ ਪੀਰ ਪੈਗ਼ੰਬਰ ਮਾਣ ਨਾ ਕੋਇ ਰਖਾਇੰਦਾ । ਸਭ ਦੀ ਸਫ਼ਾ ਗਈ ਉਠ, ਸੱਥਰ ਹੋਰ ਨਾ ਕੋਇ ਵਿਛਾਇੰਦਾ । ਚਰਨਾਮਿਤ ਪੀਓ ਘੁੱਟ, ਅੰਮ੍ਰਿਤ ਜਾਮ ਇਕ ਵਖਾਇੰਦਾ । ਪੁਰਖ ਅਬਿਨਾਸ਼ੀ ਦੇ ਸਾਰੇ ਸੁਤ, ਪਿਤਾ ਇਕੋ ਨਜ਼ਰੀ ਆਇੰਦਾ । ਪੰਜ ਤਤ ਕਾਇਆ ਦਿਤਾ

ਬੁੱਤ, ਅੰਤਮ ਜੋਤੀ ਮੇਲ ਮਿਲਾਇੰਦਾ । ਜਿਸ ਦੀ ਰੱਖ ਕੇ ਗਏ ਓਟ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਇਕ ਪਰਗਟਾਏ ਨਿਰਮਲ ਜੋਤ, ਤਤਵ ਤਤ ਨਾ ਕੋਇ ਰਖਾਇੰਦਾ । ਜਨ ਭਗਤਾਂ ਉਤੇ ਹੋਏ ਆਪ ਮੋਹਤ, ਮੁਹੱਬਤ ਆਪਣੀ ਆਪੇ ਪਾਇੰਦਾ । ਮੇਲ ਮਿਲਾਏ ਕਾਇਆ ਕਿਲਾ ਕੋਟ, ਦੂਜੇ ਦਰ ਨਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਅੰਤਮ ਖੇਲ ਕਰਾਇੰਦਾ । ਕਲਜੁਗ ਅੰਤਮ ਖੇਲ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਆਪਣਾ ਡੰਕ ਵਜਾਈਆ । ਚਰਨ ਕਵਲ ਬਹਾਏ ਗੁਰ ਅਵਤਾਰ, ਪੀਰ ਪੈਗੰਬਰ ਸਜਦਾ ਸੀਸ ਝੁਕਾਈਆ । ਏਕਾ ਕਲਮਾ ਨਬੀ ਰਸੂਲ ਰਹੇ ਉਚਾਰ, ਇਕ ਪੜ੍ਹਾਏ ਕਲਾਮ ਇਲਾਹੀਆ । ਏਕਾ ਬੋਲ ਸਤਿ ਜੈਕਾਰ, ਫ਼ਤਹਿ ਡੰਕਾ ਰਹੇ ਵਜਾਈਆ । ਏਕਾ ਚਤੁਰਭੁਜ ਖੇਲ ਅਪਾਰ, ਆਦਿ ਸ਼ਕਤ ਇਕ ਰੁਸ਼ਨਾਈਆ । ਏਕਾ ਵਸਣਹਾਰਾ ਸਚਖੰਡ ਸੱਚੇ ਦਰਬਾਰ, ਤਖ਼ਤ ਨਿਵਾਸੀ ਇਕ ਅਖਵਾਈਆ । ਏਕਾ ਵਰਤੇ ਵਰਤਾਵੇ ਵਰਤਣਹਾਰ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸ਼ਾ ਏਕਾ ਵਾਰ ਸੁਣਾਈਆ । ਸਚ ਸੁਨੇਹੁੜਾ ਸ਼ਬਦੀ ਧਾਰ, ਧੁਰਦਰਗਾਹੀ ਆਪ ਸੁਣਾਇੰਦਾ । ਪਹਿਲੀ ਜੇਠ ਕਰੋ ਵਿਚਾਰ, ਹਰਿ ਜੂ ਹਰਿ ਹਰਿ ਭੇਵ ਖੁਲ੍ਹਾਇੰਦਾ । ਚੁਹੱਤਰਾਂ ਕਰੇ ਇਕ ਪਿਆਰ, ਸਚ ਪਿਆਰ ਆਪ ਬਨ੍ਹਾਇੰਦਾ । ਇਕ ਇਕ ਨਾਲ ਵਿਹਾਰ, ਇਕ ਇਕ ਸਭ ਦੀ ਝੋਲੀ ਪਾਇੰਦਾ । ਲੱਖ ਚੁਰਾਸੀ ਵਿਚੋਂ ਕਰਨਾ ਬਾਹਰ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਅੰਤਮ ਮਾਤ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਚੁਹੱਤਰਾਂ ਦਿਤੀ ਇਕੋ ਦਾਤ, ਇਕ ਇਕ ਵੰਡ ਵੰਡਾਈਆ । ਇਕ ਇਕ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸੱਤਰ ਬਹੱਤਰ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਈਆ । ਨਿਰਗੁਣ ਖੇਲ ਅਪਰ ਅਪਾਰਾ, ਪਾਰਬ੍ਰਹਮ ਪ੍ਰਭ ਆਪ ਕਰਾਇੰਦਾ । ਚੁਹੱਤਰ ਬਣਾਏ ਦਰ ਵਣਜਾਰਾ, ਵਣਜ ਏਕਾ ਹੱਟ ਕਰਾਇੰਦਾ । ਚਾਰ ਜੁਗ ਲਹਿਣਾ ਦੇਣਾ ਕਰਜ਼ ਉਤਾਰਾ, ਬਾਕੀ ਕੋਇ ਰਹਿਣ ਨਾ ਪਾਇੰਦਾ । ਸੁਣਨਹਾਰ ਸਰਬ ਪੁਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਸਚਖੰਡ ਦੁਆਰੇ ਆਪ ਸੁਣਾਇੰਦਾ । ਸਚ ਸੰਦੇਸ਼ਾ ਲਿਆ ਸੁਣ, ਗੁਰ ਅਵਤਾਰ ਧਿਆਨ ਲਗਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਬੇਅੰਤ ਤੇਰੀ ਵਡਿਆਈਆ । ਲੱਖ ਚੁਰਾਸੀ ਛਾਣ ਪੁਣ, ਜਨ ਭਗਤਾਂ ਹੋਏ ਸਹਾਈਆ । ਇਕ ਇਕ ਅੰਤਮ ਲਈਏ ਚੁਣ, ਚੁਣ ਚੁਣ ਤੇਰੀ ਝੋਲੀ ਪਾਈਆ । ਤੇਰਾ ਭੇਵ ਨਾ ਪਾਏ ਕੋਇ ਰਿਖ ਮੁਨ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਤੇਰਾ ਵਰ, ਦਰ ਬੈਠੇ ਸੀਸ ਝੁਕਾਈਆ । ਦਰ ਤੇਰੇ ਝੁਕਿਆ ਸੀਸ, ਸੱਤ ਚਾਰ ਸੀਸ ਝੁਕਾਇਆ । ਤੂੰ ਸਾਹਿਬ ਸੱਚਾ ਸੁਲਤਾਨ ਜਗਦੀਸ਼, ਜੁਗ ਜੁਗ ਤੇਰੀ ਵਡਿਆਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੁਣਾਈ ਤੇਰੀ ਹਦੀਸ, ਤੇਰਾ ਨਾਉਂ ਨਾਉਂ ਅਲਾਇਆ । ਲੋਕਮਾਤ ਪੀਸਣ ਪੀਸ, ਸਾਚੀ ਸੇਵਾ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਵਾਸਤਾ ਪਾਇਆ । ਤੇਰੇ ਅੱਗੇ ਵਾਸਤਾ ਅੰਤਮ ਪਾ, ਪੱਲੂ

ਰਹੇ ਛੁਡਾਈਆ । ਇਕ ਇਕ ਗੁਰਮੁਖ ਸਾਡੇ ਨਾਲ ਮਿਲਾ, ਮਿਲਿਆ ਮੇਲ ਵਿਛੜ ਨਾ ਜਾਈਆ । ਜਿਸ ਸਿਰ ਹੱਥ ਸਾਹਿਬ ਸੁਲਤਾਨ ਮਿਹਰਵਾਨ ਤੂੰ ਦਿਤਾ ਟਿਕਾ, ਤਿਸ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਵਸਤ ਮੰਗ ਮੰਗਾਈਆ । ਸਾਚੀ ਵਸਤ ਮੰਗੀ ਮੰਗ, ਸਚਖੰਡ ਨਿਵਾਸੀ ਤੇਰੇ ਦੁਆਰ । ਗੁਰਸਿਖ ਚੜ੍ਹੌਣਾ ਸਾਚਾ ਰੰਗ, ਮਿਲੇ ਮੇਲ ਅੰਤਮ ਵਾਰ । ਗੁਰਮੁਖ ਵੱਜੇ ਮਰਦੰਗ, ਘਟ ਘਟ ਅੰਦਰ ਅਨਹਦ ਧੁਨਕਾਰ । ਸਾਚੇ ਸੰਤ ਚੜ੍ਹੇ ਚੰਦ, ਨਿਰਮਲ ਜੋਤ ਹੋਏ ਉਜਿਆਰ । ਸਾਚੇ ਭਗਤ ਪਰਮਾਨੰਦ, ਨਿਜਾਨੰਦ ਇਕ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰੌਣਾ ਇਕ ਵਿਹਾਰ । ਸਚ ਵਿਹਾਰਾ ਕਰਨਾ ਮਾਤ, ਪੁਰਖ ਅਕਾਲ ਤੇਰੀ ਸਰਨਾਇਆ । ਤੇਰੇ ਭਗਤ ਮੰਗੀ ਦਾਤ, ਦੂਜੀ ਓਟ ਨਾ ਕੋਇ ਰਖਾਇਆ । ਸੱਤਰਾਂ ਬਹੱਤਰਾਂ ਬਣਿਓਂ ਪਿਤਾ ਮਾਤ, ਆਪ ਆਪਣੀ ਗੋਦ ਬਹਾਇਆ । ਚੁਹੱਤਰਾਂ ਕਰਾਈ ਸਾਡੀ ਯਾਦ, ਚਾਰ ਜੁਗ ਦੇ ਵਿਛੜੇ ਮੇਲ ਮਿਲਾਇਆ । ਤੂੰ ਕਰਤਾ ਕਰੀਮ ਕਾਦਰ ਕਾਦ, ਨੂਰੋ ਨੂਰ ਨੂਰ ਰੁਸ਼ਨਾਇਆ । ਆਦਿ ਜੁਗਾਦਿ ਨਾ ਹੋਏ ਤੇਰੀ ਵਫ਼ਾਤ, ਨਾ ਮਰੇ ਨਾ ਜਾਇਆ । ਨੂਰ ਇਲਾਹੀ ਇਕੋ ਜ਼ਾਤ, ਜਲਵਾ ਜਲਾਲ ਇਕ ਰਖਾਇਆ । ਕਰੇਂ ਖੇਲ ਬਹੁ ਬਿਧ ਭਾਂਤ, ਪਾਰਬ੍ਰਹਮ ਵਡ ਵਡਿਆਇਆ । ਲੱਖ ਚੁਰਾਸੀ ਵਿਚੋਂ ਕਾਢ, ਸਾਚੇ ਸਿਖ ਲਏ ਪਰਗਟਾਇਆ । ਨਿਰਗੁਣ ਹੋ ਕਰੇਂ ਲਾਡ, ਸਰਗੁਣ ਰੂਪ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰਮੁਖ ਸਾਚੇ ਲਏ ਮਿਲਾਇਆ । ਗੁਰਸਿਖ ਤੇਰਾ ਸਚ ਮਨਾਰਾ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਤ੍ਰੈਗੁਣ ਕਰੇ ਚਰਨ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਪੰਜ ਤਤ ਰੋਵੇ ਜ਼ਾਰੋ ਜ਼ਾਰਾ, ਜਿਸ ਤਨ ਵਸਿਆ ਸੱਚਾ ਮਾਹੀਆ । ਤੇਈ ਅਵਤਾਰ ਕਰਨ ਪਿਆਰਾ, ਗੁਰਸਿਖ ਵੇਖਣ ਚਾਈਂ ਚਾਈਂਆ । ਮੁਰਸ਼ਦ ਮੁਰੀਦ ਦਏ ਆਧਾਰਾ, ਈਸਾ ਮੂਸਾ ਮੁਹੰਮਦ ਚਾਰ ਯਾਰਾ ਗੰਢ ਪੁਵਾਈਆ । ਏਕਾ ਜੋਤੀ ਦਸ ਅਵਤਾਰਾ, ਨਾਨਕ ਗੋਬਿੰਦ ਰੰਗ ਵਖਾਈਆ । ਭਗਤ ਅਠਾਰਾਂ ਇਕ ਸਹਾਰਾ, ਵਾਹ ਵਾ ਤੇਰੀ ਵੱਜਦੀ ਰਹੇ ਵਧਾਈਆ । ਛੇ ਘਰ ਨੌਂ ਦੁਆਰ ਨਾਮਾ ਛੀਪੋ ਉਤਰੋ ਪਾਰਾ, ਛੱਪਰ ਛੰਨ ਆਪ ਛੁਹਾਈਆ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਵਖਾਈਆ । ਛੱਤੀ ਛੱਤੀ ਪਾਰ ਕਿਨਾਰਾ, ਛੱਤੀ ਛੱਤੀ ਬੰਦ ਤੁੜਾਈਆ । ਭਗਵੰਤ ਬਣਾਏ ਭਗਤ ਦੁਆਰਾ, ਭਗਵਨ ਆਪਣੀ ਸੇਵ ਕਮਾਈਆ । ਨੀਹਾਂ ਹੇਠ ਦਬਾਏ ਸੁਤ ਦੁਲਾਰਾ, ਗੋਬਿੰਦ ਰੱਤੀ ਰੰਗ ਰੰਗਾਈਆ । ਸੋਨਾ ਰੁਪਾ ਪਾਰ ਕਿਨਾਰਾ, ਧਰਤ ਧਵਲ ਦਏ ਛੁਹਾਈਆ । ਹਰਿ ਸੰਗਤ ਤੇਰਾ ਇਕ ਪਿਆਰਾ, ਲੋਕਮਾਤ ਦਏ ਪਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਲ ਕੇ ਆਵਣ ਵੇਖਣ ਸਚ ਦੁਆਰਾ, ਜਿਸ ਦੁਆਰੇ ਹਰਿ ਜੂ ਸੇਵ ਕਮਾਈਆ । ਕਰੋੜ ਤਤੀਸਾ ਕਰੇ ਨਿਮਸਕਾਰਾ, ਸੁਰਪਤ ਰਾਜਾ ਇੰਦ ਧੂੜੀ ਚਰਨਾਂ ਖ਼ਾਕ ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਭਿਖਾਰਾ, ਅੱਗੇ ਆਪਣੀ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਦੇਵਣਹਾਰਾ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਕਲਜੁਗ ਅੰਤਮ ਪਾਰ ਕਿਨਾਰਾ, ਸਭ ਦੀ ਜੜ੍ਹ ਦਏ ਉਖੜਾਈਆ । ਸੱਤਰਾਂ ਕਰਾਏ ਇਕ ਵਿਹਾਰਾ, ਚਾਰ ਕੁੰਟ ਦਾ ਚਾਰ ਮਨਾਰਾ ਢਾਹੀਆ । ਤਰਲੋਕੀ ਉਤੇ ਇਕ ਸਹਾਰਾ, ਸਚਖੰਡ ਨਿਵਾਸੀ ਗੁਰਮੁਖਾਂ ਆਪ ਬਣਾਈਆ । ਚੁਹੱਤਰਾਂ ਮੇਲਾ ਕਰਾਏ ਗੁਰ ਅਵਤਾਰਾ, ਪਿਛਲਾ ਲੇਖਾ ਲੇਖੇ ਪਾਈਆ । ਪੂਰਬ ਕਰਮ ਆਪ ਵਿਚਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ

ਖਾਣੀ ਬਾਣੀ ਲਿਖ ਲਿਖ ਨਾ ਕੋਇ ਸਮਝਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਅੰਤ ਨਜ਼ਰ ਕਿਸੇ ਨਾ ਆਈਆ । ਆਪੇ ਜਾਣੇ ਘੜਨ ਭੰਨਣਹਾਰਾ, ਸਮਰਥ ਪੁਰਖ ਵਡੀ ਵਡਿਆਈਆ । ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰਾ, ਨਰ ਹਰਿ ਆਪਣੀ ਜੋਤ ਧਰਾਈਆ । ਵੱਜਦੀ ਰਹੇ ਸਚ ਸਤਾਰਾ, ਤੰਦੀ ਤੰਦ ਨਾ ਕੋਇ ਰਖਾਈਆ । ਚੁਹੱਤਰਾਂ ਕਰੇ ਆਪ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਆਪ ਹੋ ਆਈਆ । ਵਰ ਦਾਤਾ ਹਰਿ ਮਿਹਰਵਾਨ, ਮਿਹਬਾਨ ਦਇਆ ਕਮਾਇੰਦਾ । ਸਤਿਜੁਗ ਦਾ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਚਖੰਡ ਨਿਵਾਸੀ ਖੇਲ ਮਹਾਨ, ਖ਼ਾਲਕ ਖ਼ਲਕ ਆਪ ਕਰਾਇੰਦਾ । ਗੁਰਮੁਖ ਵੇਖੇ ਬਾਲ ਅੰਞਾਣ, ਆਪ ਆਪਣੀ ਉਂਗਲੀ ਲਾਇੰਦਾ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਨੈਣ ਉਠਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਜਾਣੇ ਗਿਆਨ, ਅਗਿਆਨ ਆਪਣਾ ਰੂਪ ਛੁਪਾਇੰਦਾ । ਗੁਰ ਅਵਤਾਰਾਂ ਦੇਵਣਹਾਰਾ ਦਾਨ, ਆਪਣਾ ਨਾਮ ਜਣਾਇੰਦਾ । ਵੇਖਣਹਾਰਾ ਕ੍ਰਿਸ਼ਨਾ ਕਾਹਨ, ਬੰਸਰੀ ਨਾਮ ਮਧੁਰ ਧੁਨ ਆਪ ਵਜਾਇੰਦਾ । ਲੇਖਾ ਜਾਣੇ ਸੀਤਾ ਰਾਮ, ਸੀਆ ਸੱਯਾ ਆਪਣਾ ਰੰਗ ਵਖਾਇੰਦਾ । ਨੱਯਾ ਚਲਾਏ ਦੋ ਜਹਾਨ, ਮੱਯਾ ਆਪਣਾ ਇਸ਼ਟ ਪਰਗਟਾਇੰਦਾ । ਸਾਚਾ ਸੱਯਾ ਸ੍ਰੀ ਭਗਵਾਨ, ਸਾਖਯਾਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਸਚਖੰਡ ਦੁਆਰੇ ਆਪੇ ਚੜ੍ਹ, ਤਖ਼ਤ ਤਖ਼ਤ ਸੋਭਾ ਪਾਇੰਦਾ । ਤਖ਼ਤ ਸੁਹਾਇਆ ਆਪ ਪ੍ਰਭ, ਦੂਸਰ ਅਵਰ ਨਾ ਕੋਇ ਵਡਿਆਈਆ । ਕਲਜੁਗ ਅੰਤਮ ਹੋ ਪਰਗਟ, ਨਿਹਕਲੰਕ

੧੨੮ ਨਾਉਂ ਰਖਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਭੇਵ ਚੁਕਾਈਆ । ਵਰਨ ਬਰਨ ਮੇਟੇ ਫੱਟ, ਦੂਈ ਦਵੈਤ ਦਏ ਗਵਾਈਆ । ਗੁਰ ੧੨੮

੧੨ ਅਵਤਾਰ ਪੀਰ ਪੈਗ਼ੰਬਰ ਵਖਾਏ ਇਕ ਹੱਟ, ਸ਼ਰਅ ਸ਼ਰੀਅਤ ਦਏ ਮਿਟਾਈਆ । ਸ਼ਬਦ ਅਗੰਮੀ ਮਾਰੇ ਸੱਟ, ਅਨਹਦ ਨਾਦੀ ਨਾਦ ਵਜਾਈਆ । ੧੨

ਕਰ ਪਰਕਾਸ਼ ਪਾਰ ਕਰਾਏ ਹੱਦ, ਜਿਸ ਜਨ ਆਪਣੀ ਦਇਆ ਕਮਾਈਆ । ਅੰਮ੍ਰਿਤ ਜਾਮ ਪਿਆਏ ਮਦਿ, ਰਸ ਰਸਯਾ ਰਸ ਚਖਾਈਆ । ਵਿਸ਼ਨੂੰ ਤੇਰੀ ਵੇਖੇ ਯਦ, ਬ੍ਰਹਮਾ ਤੇਰਾ ਬ੍ਰਹਮ ਲੱਖ ਚੁਰਾਸੀ ਪਰਦਾ ਦੇਵੇ ਲਾਹੀਆ । ਸ਼ੰਕਰ ਲੈਣਾ ਦੇਵੇ ਨਾ ਕੋਇ ਛੱਡ, ਜੋ ਘੜਿਆ ਭੰਨ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਚਰਨ ਦੁਆਰੇ ਸੱਦ, ਸਚ ਸੰਦੇਸ਼ਾ ਦਏ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪਣਾ ਆਪਣਾ ਭਾਰ ਗਏ ਲੱਦ, ਸਿਰ ਆਪਣੇ ਆਪ ਉਠਾਈਆ । ਹੁਕਮੇ ਅੰਦਰ ਹਿੰਦੂ ਮੁਸਲਿਮ ਸਿਖ ਈਸਾਈ ਕੀਤੇ ਅੱਡ ਅੱਡ, ਹੁਕਮੀ ਹੁਕਮ ਆਪ ਸੁਣਾਈਆ । ਅੰਤਮ ਲੇਖਾ ਸਭ ਦਾ ਰੱਖੇ ਆਪਣੇ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਮਿਲਾਈਆ । ਹਰਿਜਨ ਮਿਲਣਾ ਹਰਿ ਆਪ ਮਿਲੌਣਾ, ਗੁਰ ਅਵਤਾਰ ਨਾਲ ਮਿਲਾਇਆ । ਸਚਖੰਡ ਦੁਆਰੇ ਆਪ ਬਹੌਣਾ, ਬਹਿ ਬਹਿ ਆਪਣਾ ਰੰਗ ਵਖਾਇਆ । ਨਿਰਗੁਣ ਸਰਗੁਣ ਭੇਵ ਚੁਕੌਣਾ, ਬਜ਼ਰ ਕਪਾਟੀ ਕੁੰਡਾ ਲਾਹਿਆ । ਪਾਰਬ੍ਰਹਮ ਬ੍ਰਹਮ ਨੂਰ ਧਰੌਣਾ, ਨੂਰੋ ਨੂਰ ਨੂਰ ਰੁਸ਼ਨਾਇਆ । ਅਨਹਦ ਨਾਦੀ ਨਾਦ ਵਜੌਣਾ, ਆਤਮਕ ਏਕਾ ਰਾਗ ਅਲਾਇਆ । ਸਾਚੀ ਸੇਜਾ ਆਪ ਬਹੌਣਾ, ਸੋਭਾਵੰਤ ਸਾਚੀ ਸੇਜ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਉਠਾਇਆ । ਸਾਚੇ ਭਗਤ ਜਾਇਣ ਜਾਗ, ਹਰਿ ਜਾਗਰਤ ਜੋਤ ਜਗਾਈਆ ।

ਆਤਮ ਅੰਤਰ ਇਕ ਵੈਰਾਗ, ਬਣ ਵੈਰਾਗੀ ਆਪ ਉਪਜਾਈਆ । ਹੰਸ ਬਣਾਏ ਫੜ ਫੜ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਗੁਰ ਅਵਤਾਰ ਰੱਖਣਾ ਯਾਦ, ਭਗਤ ਭਗਵਾਨ ਆਪ ਸਮਝਾਈਆ । ਨਿਰਗੁਣ ਸਰਗੁਣ ਸੁਣਨ ਆਇਆ ਫ਼ਰਯਾਦ, ਫ਼ਰਜ਼ ਜ਼ੁਲਮ ਸਭ ਤੇ ਦਏ ਲਗਾਈਆ । ਗੁਰਮੁਖ ਸਾਚੇ ਲਡਾਏ ਲਾਡ, ਜਿਉਂ ਬਾਲਕ ਮਾਤਾ ਗੋਦ ਸਖਾਈਆ । ਲਹਿਣਾ ਦੇਣਾ ਚੁਕਾਏ ਕਲ ਕਿ ਆਜ, ਥਿਤ ਵਾਰ ਘੜੀ ਪੱਲ ਵੰਡ ਨਾ ਕੋਇ ਵੰਡਾਈਆ । ਸ਼ਬਦ ਅਗੰਮੀ ਮਾਰੇ ਆਵਾਜ਼, ਰਾਗੀ ਰਾਗ ਨਾ ਕੋਇ ਸੁਣਾਈਆ । ਆਤਮ ਪਰਮਾਤਮ ਰੱਖੇ ਸਾਂਝ, ਤ੍ਰੈਗੁਣ ਮਾਇਆ ਬੰਧਨ ਦਏ ਤੁੜਾਈਆ । ਪਰਗਟ ਹੋਇਆ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਲਏ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਰੱਖਦਾ ਆਇਆ ਲਾਜ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਸਾਜਣ ਲਿਆ ਸਾਜ, ਸਤਿਗੁਰ ਆਪਣੀ ਖੇਲ ਵਖਾਈਆ । ਚਾਰ ਵਰਨ ਵਖਾਇਆ ਇਕ ਜਹਾਜ਼, ਸੋ ਪੁਰਖ ਨਿਰੰਜਣ ਆਪ ਚਲਾਈਆ । ਲੇਖਾ ਜਾਣੇ ਗੁਪਤ ਜ਼ਾਹਰ ਬਾਤਨ ਬਾਤ, ਬਾਤਨ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਨਾਮ ਵਜਾਈਆ । ਏਕਾ ਡੰਕਾ ਵੱਜੇ ਨਾਉਂ, ਹਰਿ ਜੂ ਹਰਿ ਹਰਿ ਆਪ ਵਜਾਇੰਦਾ । ਕਰੇ ਖੇਲ ਅਗੰਮ ਅਥਾਹੋਂ, ਅਲੱਖ ਅਗੋਚਰ ਵੇਸ ਵਟਾਇੰਦਾ । ਨਿਰਗੁਣ ਸਰਗੁਣ ਕਰੇ ਨਿਆਉਂ, ਲੱਖ ਚੁਰਾਸੀ ਫੋਲ ਫੁਲਾਇੰਦਾ । ਭਗਤ ਭਗਵੰਤ ਪਕੜੇ ਬਾਹੋਂ, ਪਕੜੀ ਬਾਂਹ ਨਾ ਕੋਇ ਛੁਡਾਇੰਦਾ । ਗੁਰਸਿਖ ਲੇਖਾ ਜਾਣੇ ਪਿਤਾ ਮਾਉਂ, ਪੂਤ ਸਪੂਤ ਆਪ ਬਣਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਇਕ ਜਪਾਏ ਸਾਚਾ ਨਾਉਂ, ਸੋਹੰ ਅੱਖਰ ਆਪ ਪੜ੍ਹਾਇੰਦਾ । ਖੇਵਟ ਖੇਟਾ ਬਣੇ ਮਲਾਹੋ, ਸਾਚਾ ਬੇੜਾ ਆਪ ਚਲਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਪੀਰ ਪੈਗ਼ੰਬਰ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਕਵਣ ਕੂਟ ਮੌਲਾ ਰਿਹਾ ਮੌਲ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਈਆ । ਲੇਖਾ ਜਾਣੇ ਕਾਇਆ ਚੋਲ, ਕਾਇਆ ਚੋਲੀ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਰਹੀ ਅਨਭੋਲ, ਹਰਿ ਕਾ ਭੇਵ ਕੋਇ ਨਾ ਪਾਈਆ । ਨਾਨਕ ਨਿਰਗੁਣ ਕਹੇ ਹਰਿ ਵਸੇ ਸਦਾ ਭਗਤਾਂ ਕੋਲ, ਵਿਛੜ ਕਦੇ ਨਾ ਜਾਈਆ । ਭਗਤ ਕਬੀਰ ਰਹੇ ਅਡੋਲ, ਅਤੁਲ ਮਿਲੀ ਤੇਰੀ ਵਡਿਆਈਆ । ਕਲਜੁਗ ਅੰਤ ਚੁਕਾਇਆ ਪਰਦਾ ਓਹਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਜਗਾਈਆ । ਹਰਿਜਨ ਜਾਗੇ ਗੁਰ ਗੁਰ ਧਾਰ, ਗੁਰ ਸੂਰਬੀਰ ਬਲਵਾਨ ਆਪ ਜਗਾਇੰਦਾ । ਸੱਤਰ ਬਹੱਤਰ ਮੇਲਾ ਮੇਲ ਵਿਚ ਸੰਸਾਰ, ਸੰਸਾਰ ਸਾਗਰ ਪਾਰ ਕਰਾਇੰਦਾ । ਆਦਰ ਦੇਵੇ ਵਾਰੋ ਵਾਰ, ਕਰਤਾ ਕਾਦਰ ਵੇਖ ਵਖਾਇੰਦਾ । ਚੁਹੱਤਰਾਂ ਮੇਲਾ ਅੰਤਮ ਵਾਰ, ਗੁਰ ਅਵਤਾਰ ਨਾਲ ਰਖਾਇੰਦਾ । ਇਕੀ ਜੇਠ ਕਰੇ ਵਿਹਾਰ, ਜੇਠਾ ਪੁੱਤ ਸ਼ਬਦੀ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸ਼ਬਦ ਦੁਲਾਰੇ, ਹਰਿ ਜੂ ਹਰਿ ਹਰਿ ਆਪ ਜਣਾਈਆ । ਮੇਰੇ ਭਗਤ ਸਦਾ ਕੁਵਾਰੇ, ਮੇਰੇ ਬਿਨਾ ਨਾ ਕੋਇ ਪਰਨਾਈਆ । ਕਲਜੁਗ ਅੰਤਮ ਬੈਠੇ ਆ ਕਿਨਾਰੇ, ਕਿਨਾਰਾ ਨਜ਼ਰ ਕਿਸੇ ਨਾ ਆਈਆ । ਉਚੀ ਕੂਕ ਕੂਕ ਰਹੇ ਪੁਕਾਰੇ, ਗੋਬਿੰਦ ਮਿਲਿਆ ਸੱਚਾ ਮਾਹੀਆ ।

ਪੁਰਖ ਅਬਿਨਾਸ਼ੀ ਕਿਰਪਾ ਧਾਰੇ, ਕਿਰਪਾਨਿਧ ਵਡੀ ਵਡਿਆਈਆ । ਪਰਗਟ ਹੋ ਵਿਚ ਸੰਸਾਰੇ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਿਜਨ ਮੇਲੇ ਆਪਣੇ ਦੁਆਰੇ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਚੁਹੱਤਰਾਂ ਆਈ ਅੰਤਮ ਵਾਰੇ, ਸਾਤਾ ਚੌਕਾ ਬੰਧਨ ਪਾਈਆ । ਸਚਖੰਡ ਦੀ ਸਾਚੀ ਧਾਰੇ, ਧਰਨੀ ਉਪਰ ਦਏ ਪਰਗਟਾਈਆ । ਕਰੇ ਖੇਲ ਅਪਰ ਅਪਾਰੇ, ਆਦਿ ਪੁਰਖ ਵਡੀ ਵਡਿਆਈਆ । ਸ਼ਬਦੀ ਸੁਤ ਗੁਰਸਿਖ ਤੇਰੇ ਪਿਆਰੇ, ਬਿਨ ਤੇਰੇ ਸਕੇ ਨਾ ਕੋਇ ਜਗਾਈਆ । ਇਕੀ ਜੇਠ ਚੁਹੱਤਰਾਂ ਦੇ ਜਾਣਾ ਦੁਆਰੇ, ਘਰ ਘਰ ਆਪਣਾ ਪੰਧ ਮੁਕਾਈਆ । ਜੇ ਗੁਰਸਿਖ ਸੁੱਤਾ ਹੋਵੇ ਪੈਰ ਪਸਾਰੇ, ਫੜ ਪੈਰੋਂ ਲੈਣਾ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਤੇਰੀ ਸੇਵਾ ਇਕ ਲਗਾਈਆ । ਗੁਰ ਸ਼ਬਦ ਉਠ ਬਲ ਧਾਰ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਨਾਉਂ ਕਰਦੇ ਰਹੇ ਉਜਿਆਰ, ਮੇਰਾ ਭੇਵ ਕੋਇ ਨਾ ਪਾਇੰਦਾ । ਅੰਤਮ ਦੱਸਾਂ ਸਚ ਵਿਹਾਰ, ਸਾਚਾ ਰਾਹ ਇਕ ਵਖਾਇੰਦਾ । ਗੁਰਮੁਖ ਸਾਚੇ ਲੈਣੇ ਉਠਾਲ, ਜਿਸ ਜਨ ਆਪਣੀ ਗੋਦ ਵਖਾਇੰਦਾ । ਜੁਗ ਜਨਮ ਦੇ ਮੇਰੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਨੇੜ ਨਾ ਆਏ ਕਾਲ ਮਹਾਕਾਲ, ਰਾਏ ਧਰਮ ਮੁਖ ਭੁਵਾਇੰਦਾ । ਚਿਤਰ ਗੁਪਤ ਲੇਖਾ ਨਾ ਸਕੇ ਵਖਾਲ, ਲਾੜੀ ਮੌਤ ਮੀਂਢੀ ਸੀਸ ਨਾ ਕੋਇ ਗੁੰਦਾਇੰਦਾ । ਜਿਸ ਦੀ ਕਰਾਂ ਆਪ ਪ੍ਰਿਤਪਾਲ, ਤਿਸ ਨੇੜ ਜਮ ਨਾ ਆਇੰਦਾ । ਤੂੰ ਜਾ ਕੇ ਸੁਰਤ ਸੰਭਾਲ, ਕਲਜੁਗ ਵੇਲਾ ਵਕਤ ਸੁਹਾਇੰਦਾ । ਚੁਹੱਤਰਾਂ ਵਸਾਵਾਂ ਤੇਰੇ ਨਾਲ, ਆਪ ਆਪਣਾ ਬੰਧਨ ਪਾਇੰਦਾ । ਘਰ ਘਰ ਦੀਪਕ ਜੋਤੀ ਦੇਣੀ ਬਾਲ, ਜੋਤੀ ਜੋਤ ਨਾਲ ਮਿਲਾਇੰਦਾ । ਨਾਤ ਤੁੱਟੇ ਸ਼ਾਹ ਕੰਗਾਲ, ਨਾਰੀ ਪੁਰਸ਼ ਨਾ ਵੰਡ ਵੰਡਾਇੰਦਾ । ਲਹਿਣਾ ਦੇਣਾ ਬਿਰਧ ਬਾਲ, ਬਾਲੀ ਬਾਲਾ ਆਪ ਵਖਾਇੰਦਾ । ਤੂੰ ਵਸਣਾ ਥਿਰ ਘਰ ਸੱਚੀ ਧਰਮਸਾਲ, ਸਚਖੰਡ ਹਰਿ ਜੂ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ਼ਬਦੀ ਸੁਤ ਆਪ ਸਮਝਾਇੰਦਾ । ਸ਼ਬਦੀ ਸੁਤ ਸੀਸ ਝੁਕਾ, ਹਰਿ ਪੁਰਖ ਅੱਗੇ ਕਰੇ ਨਿਮਸਕਾਰਾ । ਮੈਂ ਇਕੀ ਜੇਠ ਜਾਵਾਂ ਵਾਹੋ ਦਾਹ, ਗੁਰਮੁਖਾਂ ਚਲ ਦੁਆਰਾ । ਬਾਹੋਂ ਪਕੜ ਲਵਾਂ ਉਠਾ, ਤੇਰੇ ਚਰਨ ਦਿਆਂ ਸਹਾਰਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਪੰਧ ਮੁਕਾ, ਅੰਤ ਵਖਾਵਾਂ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਮੇਲਾ ਏਕਾ ਵਾਰਾ । ਚੁਹੱਤਰਾਂ ਮੇਲਾ ਦੇਵਾਂ ਮੇਲ, ਮੇਰੇ ਸਾਹਿਬ ਸੱਚੇ ਗੋਸਾਈਆ । ਜੋਤ ਜਗਾਵਾਂ ਬਿਨ ਬਾਤੀ ਤੇਲ, ਬੇਅੰਤ ਬੇਪਰਵਾਹਿਆ । ਅਚਰਜ ਵਖਾਵਾਂ ਤੇਰਾ ਖੇਲ, ਖੇਲਾਂ ਖੇਲ ਹਰ ਘਟ ਥਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਮੰਗਾਂ ਮੰਗ ਦੇਣਾ ਦਾਨ, ਹਰਿ ਦਾਤਾਰ ਤੇਰੀ ਵਡਿਆਈਆ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਹਿਨਸ਼ਾਹ ਸ਼ਾਹ ਸੱਚਾ ਪਾਤਸ਼ਾਹੀਆ । ਏਕਾ ਬਖ਼ਸ਼ਣਾ ਚਰਨ ਧਿਆਨ, ਕਵਲ ਕਵਲ ਤੇਰੀ ਸਰਨਾਈਆ । ਮੇਰਾ ਤੇਰੇ ਉਪਰ ਮਾਣ, ਤੂੰ ਪਿਤਾ ਤੂੰ ਹੀ ਮਾਈਆ । ਚੁਹੱਤਰਾਂ ਭਗਤਾਂ ਵੇਖਾਂ ਆਣ, ਲੋਕਮਾਤ ਸਹਿਜ ਸੁਭਾਈਆ । ਲੱਖ ਚੁਰਾਸੀ ਵਿਚੋਂ ਕਰਾਂ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਮੇਰੀ ਵਡਿਆਈਆ । ਮੇਰੀ ਵਡਿਆਈ ਤੇਰੇ ਹੱਥ, ਸ਼ਬਦ ਸੁਤ ਆਖ ਸੁਣਾਇੰਦਾ । ਤੂੰ ਦੀਨ ਦਿਆਲ ਠਾਕਰ ਸਵਾਮੀ ਸਮਰਥ, ਤੇਰਾ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਤੇਰੀ ਮਹਿਮਾ ਗਾ ਗਾ ਗਏ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ ।

ਮੈਂ ਆਦਿ ਜੁਗਾਦਿ ਗਾਵਾਂ ਤੇਰਾ ਜਸ, ਜਸ ਵੇਦ ਪੁਰਾਨ ਸਾਲਾਹਿੰਦਾ । ਅੰਤਮ ਪੂਰੀ ਕਰਨੀ ਆਸ, ਨਿਰਾਸਾ ਰੂਪ ਨਾ ਕੋਇ ਰਖਾਇੰਦਾ । ਤੇਰੇ ਦੁਆਰੇ ਜਾਵਾਂ ਵਸ, ਸਚ ਦੁਆਰਾ ਮੋਹੇ ਭਾਇੰਦਾ । ਤੂੰ ਭਗਤਾਂ ਮਿਲਣਾ ਹੱਸ, ਹੱਸ ਹੱਸ ਭਗਤ ਖ਼ੁਸ਼ੀ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਦੂਸਰ ਨਾਹੀਂ ਕੋਇ, ਹਰਿ ਜੂ ਤੇਰੀ ਵਡ ਵਡਿਆਈਆ । ਤੇਰੇ ਭਗਤ ਤੇਰੇ ਜੇਹੇ ਹੋਏ, ਤੇਰਾ ਨੂਰ ਤੇਰੀ ਰੁਸ਼ਨਾਈਆ । ਤੇਰਾ ਨਾਉਂ ਮਿਲੇ ਢੋਏ, ਢੋਲਕ ਛੈਣਾ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸੱਚੀ ਆਸ ਰਖਾਈਆ । ਸੱਚੀ ਤੇਰੀ ਇਕੋ ਆਸ, ਆਸਾ ਆਸਾ ਵਿਚ ਰਖਾਇੰਦਾ । ਪਾਰਬ੍ਰਹਮ ਤੇਰਾ ਸਚ ਪਰਕਾਸ਼, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਜੁਗਾ ਜੁਗੰਤਰ ਤੇਰਾ ਧਰਵਾਸ, ਮੇਰੀ ਧੀਰ ਧਰਾਇੰਦਾ । ਸਦਾ ਸੁਹੇਲੇ ਵਸਣਾ ਪਾਸ, ਤੇਰਾ ਵਿਛੋੜਾ ਮੋਹੇ ਨਾ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਤੇਰੇ ਭਗਤ ਤੇਰੀ ਝੋਲੀ ਪਾਇੰਦਾ । ਸਾਚਾ ਵੇਲਾ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਇਕੀ ਜੇਠ ਖੋਲ੍ਹਣਾ ਇਕ ਬਿਆਨ, ਬਿਆਨਾ ਮੇਰੇ ਨਾਉਂ ਰਖਾਈਆ । ਚੁਹੱਤਰ ਭਗਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਹਾੜ ਸਤਾਰਾਂ ਹੋਣ ਪਰਧਾਨ, ਪਰਦਾ ਹਰਿ ਜੂ ਦਏ ਚੁਕਾਈਆ । ਹਰਿ ਸੰਗਤ ਪੱਕੇ ਇਕ ਪਕਵਾਨ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਇਕੀ ਇਕੀ ਸੇਵ ਮਹਾਨ, ਸਾਚੀ ਸਿਖੀ ਦਏ ਸਮਝਾਈਆ । ਧਾਰੋਂ ਤਿੱਖੀ ਕਰੇ ਖੇਲ ਮਹਾਨ, ਨਿੱਕੀ ਨਿੱਕੀ ਦਏ ਵਡਿਆਈਆ । ਚਿੱਠੀ ਲਿਖੀ ਧੁਰ ਫ਼ਰਮਾਣ, ਸ਼ਬਦੀ ਸੁਤ ਕਰੇ ਪੜ੍ਹਾਈਆ । ਅਲਫ਼ ਯੇ ਨਾ ਸਕੇ ਪਛਾਣ, ਪੈਂਤੀ ਅੱਖਰੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕੀ ਜੇਠ ਦਿਵਸ ਸੁਹੌਣਾ, ਹਰਿ ਜੂ ਸ਼ਬਦੀ ਸ਼ਬਦ ਜਣਾਇੰਦਾ । ਚੁਹੱਤਰਾਂ ਲੇਖਾ ਲੇਖ ਲਿਖੌਣਾ, ਲਿਖ ਲਿਖ ਲੇਖਾ ਹੱਥ ਫੜਾਇੰਦਾ । ਲੱਖ ਚੁਰਾਸੀ ਪੰਧ ਕਟੌਣਾ, ਜਨਮ ਜਨਮ ਨਾ ਕੋਇ ਭੁਵਾਇੰਦਾ । ਮਾਤ ਗਰਭ ਫੇਰ ਨਾ ਔਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਅੱਧਵਿਚਕਾਰ ਨਾ ਕਿਸੇ ਅਟਕੌਣਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਵਿਹਾਰਾ ਆਪਣੇ ਹੱਥ ਰਖਾਇੰਦਾ । ਚੁਹੱਤਰ ਵਿਹਾਰਾ ਸੱਤ ਚਾਰ, ਸਤਿ ਸਤਿਵਾਦੀ ਆਪ ਕਰਾਈਆ । ਚਾਰ ਜੁਗ ਦਾ ਖੇਲ ਅਪਾਰ, ਚਾਰੋਂ ਕੁੰਟ ਵੇਖ ਵਖਾਈਆ । ਚਾਰ ਵੇਦ ਖੋਲ੍ਹ ਕਿਵਾੜ, ਚਾਰ ਵਰਨ ਦਏ ਸਮਝਾਈਆ । ਚਾਰ ਯਾਰੀ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿ ਵਿਹਾਰਾ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਪ ਕਰਾਈਆ । ਸਤਿ ਵਿਹਾਰਾ ਕਰਨਾ ਜਗ, ਜੀਵਣ ਜੁਗਤ ਆਪ ਜਣਾਇੰਦਾ । ਗੁਰਮੁਖ ਮੇਲਣੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਅਗਨੀ ਤਤ ਨਾ ਕੋਇ ਰਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੇ ਹੀਰੇ ਨਗ, ਆਪਣੀ ਜੜਤ ਆਪ ਜੁੜਾਇੰਦਾ । ਅੰਤਮ ਪਰਦਾ ਲਏ ਕੱਜ, ਸ਼ਬਦ ਦੁਸ਼ਾਲਾ ਹੱਥ ਉਠਾਇੰਦਾ । ਵੇਖਣਹਾਰਾ ਨੌਂ ਖੰਡ ਪ੍ਰਿਥਮੀ ਭੱਜ ਭੱਜ, ਦੋ ਜਹਾਨਾਂ ਪੰਧ ਮੁਕਾਇੰਦਾ । ਹਰਿ ਭਗਤ ਦੁਆਰੇ ਬਹੇ ਸੱਜ, ਸਾਜਣ ਆਪਣੀ ਦਇਆ ਕਮਾਇੰਦਾ । ਪੀਰ ਪੈਗ਼ੰਬਰਾਂ ਕਰਾਏ ਹੱਜ, ਸਾਚਾ ਕਾਅਬਾ ਆਪ

ਖੁਲ੍ਹਾਇੰਦਾ । ਸ਼ਿਵਦੁਆਲਾ ਮੰਦਰ ਮਸਜਿਦ ਮੱਠ ਆਪੇ ਦੱਸ, ਟਲ ਆਪਣੇ ਨਾਮ ਖੜਕਾਇੰਦਾ । ਗੁਰੂਦੁਆਰਾ ਅੰਤਰ ਵਸ, ਗੁਰ ਗੁਰ ਸ਼ਬਦੀ ਬੂਝ ਬੁਝਾਇੰਦਾ । ਕਲਜੁਗ ਅੰਤਮ ਖੇੜਾ ਕਰੇ ਭੱਠ, ਭੱਠੀ ਅਗਨੀ ਆਪ ਤਪਾਇੰਦਾ । ਸਾਧਾਂ ਸੰਤਾਂ ਵੇਖੇ ਧੀਰਜ ਜਤ, ਸਤਿ ਸੰਤੋਖ ਕਵਣ ਰਖਾਇੰਦਾ । ਕਵਣ ਜਾਣੇ ਬ੍ਰਹਮ ਮਤ, ਬ੍ਰਹਮ ਤਤ ਕਵਣ ਮਿਲਾਇੰਦਾ । ਕਵਣ ਮਿਲੇ ਕਮਲਾਪਤ, ਕਵਲ ਨੈਣ ਕਵਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਦੋ ਜਹਾਨ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਲੇਖਾ ਜਾਣੇ ਜੀਵ ਸ਼ੈਤਾਨ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਨੌਂ ਖੰਡ ਪ੍ਰਿਥਮੀ ਵੇਖੇ ਸਿਦਕ ਈਮਾਨ, ਸਬਰ ਸਬੂਰੀ ਕਵਣ ਹੰਢਾਈਆ । ਸਾਧ ਸੰਤ ਵੇਖੇ ਮਾਰ ਧਿਆਨ, ਕਵਣ ਬੈਠਾ ਤਾੜੀ ਲਾਈਆ । ਕਵਣ ਵਸੇ ਸਚ ਮਕਾਨ, ਘਰ ਘਰ ਵਿਚ ਸੋਭਾ ਪਾਈਆ । ਕਵਣ ਵੇਖੇ ਅੰਮ੍ਰਿਤ ਪੀਣ ਖਾਣ, ਬਿਨ ਰਸਨਾ ਰਸ ਚਖਾਈਆ । ਕਵਣ ਬਿਨ ਪੜ੍ਹਿਆਂ ਕਰੇ ਗਿਆਨ, ਨਿਸ਼ਅੱਖਰ ਨਾਦ ਸੁਣਾਈਆ । ਕਵਣ ਕੋਟਨ ਪਰਕਾਸ਼ ਕਰੇ ਭਾਨ, ਬਿਨ ਤੇਲ ਬਾਤੀ ਦੀਪਕ ਦਏ ਜਗਾਈਆ । ਕਵਣ ਆਤਮ ਸੇਜਾ ਹੋਏ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਕਵਣ ਪੰਚਮ ਨਾਦ ਸ਼ਬਦ ਸੁਣੇ ਧੁਨਕਾਨ, ਛੱਤੀ ਰਾਗ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਹੁਕਮ ਆਪ ਵਰਤਾਈਆ । ਨਰ ਹਰਿ ਹਰਿ ਨਰਾਇਣ, ਨਰ ਨਾਰੀ ਖੇਲ ਕਰਾਇੰਦਾ । ਰਸਨਾ ਕਿਸੇ ਨਾ ਸਕੇ ਕਹਿਣ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਹਰਿ ਆਪੇ ਆਏ ਲੈਣ, ਨਿਤ ਨਵਿਤ ਵੇਸ ਵਟਾਇੰਦਾ । ਨਾਤਾ ਤੋੜੇ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਨਾ ਕੋਇ ਵਖਾਇੰਦਾ । ਤਨ ਬਸਤਰ ਪਾਏ ਨਾਮ ਗਹਿਣ, ਸਾਚੇ ਭੂਸ਼ਨ ਬਸਤਰ ਆਪ ਸੁਹਾਇੰਦਾ । ਇਕ ਵਖਾਏ ਸਾਚਾ ਨੈਣ, ਨਿਜ ਨੇਤਰ ਆਪ ਖੁਲ੍ਹਾਇੰਦਾ । ਏਥੇ ਓਥੇ ਬਣੇ ਸਾਕ ਸੱਜਣ ਸੈਣ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਮੇਲ ਮਿਲਾਇਆ, ਮਿਲਣੀ ਜਗਦੀਸ਼ ਆਪ ਕਰਾਈਆ । ਗੁਰ ਚੇਲਾ ਬਣ ਬਣ ਖੇਲ ਕਰਾਇਆ, ਖੇਲਣਹਾਰਾ ਨਜ਼ਰ ਨਾ ਆਈਆ । ਬਣ ਸੱਜਣ ਸੁਹੇਲਾ ਫੇਰਾ ਪਾਇਆ, ਫਿਰ ਫਿਰ ਵੇਖੇ ਸਰਬ ਲੋਕਾਈਆ । ਚੁਹੱਤਰਾਂ ਅੰਕ ਆਪ ਜੁੜਾਇਆ, ਸਾਤਾ ਚੌਕਾ ਗੰਢ ਪੁਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੇਵ ਕਮਾਇਆ, ਸੇਵਕ ਬਣੇ ਸੇਵਾਦਾਰ, ਕਰ ਕਰ ਸੇਵਾ ਖ਼ੁਸ਼ੀ ਮਨਾਈਆ ।



### ❋ ੯ ਜੇਠ ੨੦੧੯ ਬਿਕਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ❋

ਸੁਣੋ ਹਰਿ ਗਾਥਾ ਅਨਡਿਠ, ਜਗਤ ਨੇਤਰ ਨਜ਼ਰ ਨਾ ਆਈਆ । ਜੁਗ ਚੌਕੜੀ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਮੰਦਰ ਅੰਦਰ ਲੇਖਾ ਦਸ ਕੇ ਗਏ ਸਵਾ ਗਿੱਠ, ਨਿਰਗੁਣ ਪੈਮਾਨਾ ਪਰਮ ਪੁਰਖ ਆਪਣਾ ਇਕ ਬਣਾਈਆ । ਲੱਖ ਚੁਰਾਸੀ ਅੰਦਰ ਵੰਡਿਆ ਹਿੱਸ, ਹਿੱਸਾ ਹਿਸਾਬ ਕਿਤਾਬ ਵਿਚ ਨਵ ਨੌਂ ਆਪ ਰਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਨੂੰ ਪਏ ਦਿਸ, ਦਿਸ਼ਾ ਉਤਰ ਪੂਰਬ ਪੱਛਮ

ਦੱਖਣ ਨਾ ਵੰਡ ਵੰਡਾਈਆ । ਜੇ ਕੋਈ ਪੁੱਛੇ ਹਰਿ ਜੂ ਵਸੇ ਧਾਮ ਕਿਸ, ਹਰਿ ਗੁਣ ਗਾ ਗਾ ਹਰਿ ਭਗਤ ਦੇਣ ਜਣਾਈਆ । ਜੀਵ ਜੰਤ ਜਗਤ ਜਗਿਆਸੂ ਪੀਸਣ ਰਿਹਾ ਪਿਸ, ਦੋ ਜਹਾਨ ਸ੍ਰੀ ਭਗਵਾਨ ਤ੍ਰੈਭਵਨ ਧਨੀ ਆਪਣੀ ਚੱਕੀ ਇਕ ਚਲਾਈਆ । ਅੰਤਮ ਸਭ ਨੂੰ ਦੇਵੇ ਆਪਣੀ ਪਿੱਠ, ਲੋਕਮਾਤ ਸਭ ਦਾ ਲੇਖਾ ਦਏ ਮੁਕਾਈਆ । ਨਿਰਗੁਣ ਨਿਰਗੁਣ ਘਰ ਸਰਗੁਣ ਨਾਤਾ ਤੋੜ ਕਰੇ ਸਾਚਾ ਹਿੱਤ, ਭਵਿਖਤ ਭੇਖ ਆਪਣੀ ਰੇਖ ਰੰਗ ਨਾ ਕੋਇ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖਾਂ ਲੇਖਾ ਆਪ ਲਿਖ, ਗੁਰ ਅਵਤਾਰਾਂ ਲਹਿਣਾ ਮੂਲ ਚੁਕਾਈਆ । ਨਿਤ ਨਵਿਤ ਆਵੇ ਜਾਵੇ ਕਰੇ ਖੇਲ ਸਚਖੰਡ ਨਿਵਾਸੀ ਸਾਚੇ ਦੇਸ, ਲੋਕ ਪਰਲੋਕ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਅਨਡਿਠੜੀ ਗਾਥਾ ਪੁਰਖ ਸਮਰਾਥਾ, ਅਜੂਨੀ ਰਹਿਤ ਅਨਭਵ ਪਰਕਾਸ਼ ਪੁਰਖ ਅਬਿਨਾਸ਼ ਆਪਣੀ ਆਪ ਜਣਾਈਆ । ਸਾਚੀ ਗਾਥਾ ਸੁਣੋ ਜਨ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਇੰਦਾ । ਨਵ ਨੌਂ ਚਾਰ ਚਲਾਈ ਰੀਤ, ਗੁਰ ਅਵਤਾਰ ਸੇਵ ਲਗਾਇੰਦਾ । ਮਾਰਗ ਦੱਸ ਦੱਸ ਮੰਦਰ ਮਸਜਿਦ ਮੱਠ ਮਸੀਤ, ਨਿਰਗੁਣ ਆਪਣਾ ਮੁਖ ਛੁਪਾਇੰਦਾ । ਕਲਜੁਗ ਅੰਤ ਅਵੱਲੜੀ ਰੀਤ, ਰੀਤੀਵਾਨ ਆਪ ਕਰਾਇੰਦਾ । ਆਤਮ ਪਰਮਾਤਮ ਸਾਚਾ ਗੀਤ, ਚਾਰ ਖਾਣੀ ਚਾਰ ਬਾਣੀ ਚਾਰ ਕੁੰਟ ਸੀਸ ਨਿਵਾਇੰਦਾ । ਜਨ ਭਗਤਾਂ ਨਾਦ ਸੁਣਾਏ ਇਕ ਅਨਡੀਠ, ਛੱਤੀ ਰਾਗ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਅੱਖਰ ਅੱਖਰ ਆਪ ਬਣਾਇੰਦਾ । ਸੁਣੋ ਰਾਗ ਰੰਗ ਮਹੱਲ, ਮਹੱਲਾ ਹਰਿ ਜੂ ਆਪ ਬਣਾਇਆ । ਗੁਰਮੁਖ ਵੇਖ ਉਚ ਅਟੱਲ, ਘਰ ਘਰ ਵਿਚ ਸੋਭਾ ਪਾਇਆ ।
੧੩੩ ਕਹਿ ਕਹਿ ਗਏ ਘਰ ਅਬਚਲ, ਅਬਚਲ ਨਗਰ ਹਰਿ ਆਪ ਬਣਾਇਆ । ਕਿਸੇ ਹੱਥ ਨਾ ਆਵੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲ, ਕੋਟਨ ੧੩੩
ਕੋਟ ਜਲ ਥਲ ਰਹੇ ਕੁਰਲਾਇਆ । ਗਗਨ ਉਪਰ ਗਗਨ ਦੀਪਕ ਰਿਹਾ ਬਲ, ਬਿਨ ਅਗਨੀ ਹਵਨ ਕਰਾਇਆ । ਦੂਰ ਦੁਰਾਡਾ ਵੇਖ ਨਾਨਕ
੧੨ ੧੨
ਕਬੀਰ ਗਿਆ ਮੰਨ, ਬੇਅੰਤ ਤੇਰੀ ਪ੍ਰਭ ਮਾਇਆ । ਤੂੰ ਦਾਤਾ ਦਾਤਾਰ ਜਨਨੀ ਜਨ, ਹਉਂ ਬਾਲਕ ਸੇਵ ਕਮਾਇਆ । ਸੋ ਪੁਰਖ ਨਿਰੰਜਣ ਏਕਾ ਰਾਗ ਸ਼ਬਦ ਸੁਣਾਇਆ ਕੰਨ, ਬਿਨ ਰਸਨਾ ਜਿਹਵਾ ਗਾਇਆ । ਨਿਰਗੁਣ ਨਾਨਕ ਕਹੇ ਧੰਨ ਧੰਨ ਧੰਨ, ਸਰਗੁਣ ਨਾਨਕ ਵੰਡ ਵੰਡਾਇਆ । ਕਲਜੁਗ ਅੰਤਮ ਹੋ ਮਿਹਰਵਾਨ, ਨਿਹਕਰਮੀ ਜਨ ਭਗਤਾਂ ਕਰਮ ਕਾਂਡ ਰੋਗ ਮਿਟਾਇਆ । ਇਕ ਵਖਾਈ ਸਾਚੀ ਸਰਨ, ਸਰਨਗਤ ਆਪ ਹੋ ਆਇਆ । ਕਥਾ ਅਕੱਥ ਕਹਾਣੀ ਇਕੋ ਪੜ੍ਹਨ, ਸੁਣ ਸੁਣ ਹਰਿ ਜੂ ਖ਼ੁਸ਼ੀ ਮਨਾਇਆ । ਸੁਰਤ ਸਵਾਣੀ ਆਪਣੀ ਮੰਜ਼ਲ ਚੜ੍ਹਨ, ਮੰਜ਼ਲ ਚੜ੍ਹ ਮਹਿਬੂਬ ਆਪਣਾ ਇਕੋ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਮ ਇਕ ਸੁਣਾਇਆ । ਸੁਣ ਸੁਣ ਥੱਕੇ ਜਗਤ ਕੰਨ, ਕਾਇਆ ਕਾਗ ਵਾਂਗ ਕੁਰਲਾਈਆ । ਇਕੋ ਸਾਹਿਬ ਜਾਏ ਮੰਨ, ਮਨ ਮਨਸਾ ਪੂਰ ਕਰਾਈਆ । ਸੁਣੇ ਸੁਣਾਏ ਗੁਣ ਨਿਧਾਨ, ਗੁਣਵੰਤਾ ਗੁਣ ਸਾਚਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕ ਵਰ, ਸੁਨ ਸਮਾਧ ਕਰ ਅਜ਼ਾਦ, ਇਸਮ ਆਜ਼ਮ ਮੁਆਜ਼ਮ ਨੂਰੀ ਅੱਖਰ ਇਕ ਸੁਣਾਈਆ । ਨੂਰੀ ਅੱਖਰ ਇਕੋ ਅਲਫ਼, ਆਰਫ਼ ਹੱਥ ਕਿਸੇ ਨਾ ਆਇਆ । ਈਸਾ ਮੂਸਾ ਚੜ੍ਹ ਕੇ ਚੁਕਿਆ ਹਲਫ਼, ਦੋਏ ਜੋੜ ਸਯਦਾ ਸੀਸ ਝੁਕਾਇਆ । ਚਾਰੋਂ ਕੁੰਟ ਨਜ਼ਰੀ ਆਏ ਤੇਰੀ ਤਰਫ਼, ਦਿਸ਼ਾ ਵੰਡ ਨਾ ਕੋਇ ਵੰਡਾਇਆ ।

ਤੇਰਾ ਨੂਰ ਅਰਸ਼ ਕੁਰਸ਼, ਕਾਇਆ ਕਾਅਬਾ ਰੂਪ ਵਖਾਇਆ । ਜਲਵਾ ਜਲਾਲ ਉਪਰ ਫ਼ਰਸ਼, ਖ਼ਾਕੀ ਖ਼ਾਕ ਸੋਭਾ ਪਾਇਆ । ਰਹੀਮ ਰਹਿਮਾਨ ਕੀਤਾ ਤਰਸ, ਰਹਿਮਤ ਆਪਣੀ ਆਪ ਕਮਾਇਆ । ਹਰਿ ਕਾ ਸੰਦੇਸ਼ ਜਗਤ ਅੱਖਰ ਕਰੇ ਲਿਖਤ ਪੜ੍ਹਤ, ਭਗਤ ਅੱਖਰ ਕਲਮ ਸ਼ਾਹੀ ਨਾਲ ਨਾ ਕੋਇ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰਾਗ ਸੁਣਾਇਆ ।

### ✳ ੯ ਜੇਠ ੨੦੧੯ ਬਿਕਰਮੀ ਚੇਲਾ ਸਿੰਘ ਦੇ ਗ੍ਰਹਿ ਜੰਮੂ ✳

ਤਖ਼ਤ ਨਿਵਾਸੀ ਏਕੰਕਾਰ, ਅਕਲ ਕਲ ਆਪਣੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਹੋ ਤਿਆਰ, ਅਨਭਵ ਪਰਕਾਸ਼ ਆਪ ਧਰਾਇੰਦਾ । ਘਰ ਵਿਚ ਘਰ ਖੋਲ੍ਹ ਕਿਵਾੜ, ਥਿਰ ਘਰ ਸਾਚੀ ਬਣਤ ਬਣਾਇੰਦਾ । ਧੁਰ ਫ਼ਰਮਾਣਾ ਹੁਕਮ ਵਰਤਾਰ, ਅਬਿਨਾਸ਼ੀ ਕਰਤਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸਾਚੀ ਧਾਰ ਪੁਰਖ ਅਕਾਲਾ, ਹਰਿ ਜੂ ਹਰਿ ਹਰਿ ਆਪ ਚਲਾਈਆ । ਸਚਖੰਡ ਬੈਠਾ ਸੱਚੀ ਧਰਮਸਾਲਾ, ਦਰਗਹਿ ਸਾਚੀ ਧਾਮ ਸੁਹਾਈਆ । ਨਿਰਗੁਣ ਜੋਤ ਨੂਰ ਨਿਰਾਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਨਿਰਗੁਣ ਨਰ ਹਰਿ ਨਰਾਇਣ ਕਰਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸਤਿ ਪੁਰਖ ਨਿਰੰਜਣ ਸੋਭਾ ਪਾਇੰਦਾ । ਸਤਿ ਸੰਦੇਸ਼ ਏਕਾ ਘੱਲਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰ, ਦਰਗਹਿ ਸਾਚੀ ਆਪ ਕਰਾਈਆ । ਇਕ ਇਕੱਲਾ ਹੋ ਤਿਆਰ, ਸਾਚੀ ਬਣਤ ਆਪ ਬਣਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤ ਖੇਲ ਅਪਾਰ, ਕਰਨੀ ਕਰਤਾ ਆਪ ਅਖਵਾਈਆ । ਸੁਤ ਦੁਲਾਰਾ ਸ਼ਬਦੀ ਧਾਰ, ਧਾਰ ਧਾਰ ਵਿਚ ਪਰਗਟਾਈਆ । ਥਿਰ ਘਰ ਸਾਚੇ ਦੇਵੇ ਵਾੜ, ਗ੍ਰਹਿ ਮੰਦਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਸਾਚੀ ਰਚਨਾ ਪੁਰਖ ਅਬਿਨਾਸ਼, ਸੋ ਪੁਰਖ ਨਿਰੰਜਣ ਆਪ ਰਚਾਇੰਦਾ । ਹਰਿ ਪੁਰਖ ਨਿਰੰਜਣ ਕਰ ਪਰਕਾਸ਼, ਏਕੰਕਾਰਾ ਡਗਮਗਾਇੰਦਾ । ਆਦਿ ਨਿਰੰਜਣ ਖੇਲ ਤਮਾਸ਼, ਸ੍ਰੀ ਭਗਵਾਨ ਆਪ ਵਖਾਇੰਦਾ । ਅਬਿਨਾਸ਼ੀ ਕਰਤਾ ਹੋ ਹੋ ਦਾਸ, ਪਾਰਬ੍ਰਹਮ ਪ੍ਰਭ ਸਾਚੀ ਸੇਵਾ ਆਪ ਕਮਾਇੰਦਾ । ਸਚਖੰਡ ਦੁਆਰੇ ਆਪਣੀ ਕਰੇ ਪੂਰੀ ਆਸ, ਆਸਾ ਆਸਾ ਵਿਚ ਮਿਲਾਇੰਦਾ । ਥਿਰ ਘਰ ਸਾਚੇ ਕਰ ਨਿਵਾਸ, ਸੁਤ ਦੁਲਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਪਰਗਟਾਇੰਦਾ । ਸਾਚੀ ਧਾਰਾ ਥਿਰ ਘਰ, ਹਰਿ ਸਾਚਾ ਕਰਤਾ ਆਪ ਪਰਗਟਾਈਆ । ਆਪੇ ਨਾਰੀ ਆਪੇ ਨਰ, ਨਰ ਨਰਾਇਣ ਵਡ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਵਖਾਈਆ । ਆਪਣੀ ਸੇਜਾ ਆਪੇ ਚੜ੍ਹ, ਸੇਜ ਸੁਹੰਜਣੀ ਆਪ ਸੁਹਾਈਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ

ਆਪਣੀ ਧਾਰਾ ਆਪ ਪਰਗਟਾਈਆ । ਸਾਚੀ ਧਾਰਾ ਪੁਰਖ ਅਕਾਲ, ਪੁਰਖ ਇਕੱਲਾ ਆਪ ਪਰਗਟਾਇੰਦਾ । ਵਸਣਹਾਰਾ ਸਚਖੰਡ ਦੁਵਾਰ, ਧੁਰ ਦਰਬਾਰਾ ਆਪ ਸੁਹਾਇੰਦਾ । ਸੁਤ ਦੁਲਾਰਾ ਜਨਮੇ ਏਕਾ ਲਾਲ, ਲਾਲਨ ਆਪਣੀ ਗੋਦ ਬਹਾਇੰਦਾ । ਥਿਰ ਘਰ ਸਾਚੇ ਦਏ ਬਹਾਲ, ਗ੍ਰਿਹਿ ਮੰਦਰ ਬੰਕ ਵਡਿਆਇੰਦਾ । ਆਦਿ ਜੁਗਾਦਿ ਸਦਾ ਸਦ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਨਿਰਗੁਣ ਦਾਤਾ ਪੁਰਖ ਬਿਧਾਤਾ ਬਣ ਰਖਵਾਲ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਵੇਸ ਵਟਾਇੰਦਾ । ਥਿਰ ਘਰ ਵੇਸ ਸ੍ਰੀ ਭਗਵਾਨ, ਨਿਰਗੁਨ ਨਿਰਗੁਣ ਆਪ ਪਰਗਟਾਈਆ । ਸੁਤ ਦੁਲਾਰਾ ਕਰ ਬਲਵਾਨ, ਬਲ ਆਪਣਾ ਆਪ ਸਮਝਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਖਾਈਆ । ਦਾਤਾ ਭਿਖਾਰੀ ਖੇਲ ਮਹਾਨ, ਘਰ ਘਰ ਵਿਚ ਸੋਭਾ ਪਾਈਆ । ਤਖ਼ਤ ਨਿਵਾਸੀ ਹੋ ਮਿਹਰਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਭੂਪਤ ਭੂਪ ਬਣ ਰਾਜ ਰਾਜਾਨ, ਇਕ ਇਕੱਲਾ ਸਾਚੇ ਤਖ਼ਤ ਆਸਣ ਲਾਈਆ । ਦਰ ਦਰਵੇਸ਼ ਬਣ ਦਰਬਾਨ, ਸੀਸ ਜਗਦੀਸ਼ ਆਪਣਾ ਆਪ ਝੁਕਾਈਆ । ਪਾਰਬ੍ਰਹਮ ਪ੍ਰਭ ਮੰਗੇ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਭੇਵ ਨਾ ਕੋਇ ਜਣਾਈਆ । ਦੂਸਰ ਭੇਵ ਨਾ ਕੋਈ ਰਾਹ, ਮਾਰਗ ਹੱਥ ਕਿਸੇ ਨਾ ਆਇੰਦਾ । ਤਖ਼ਤ ਨਿਵਾਸੀ ਬਣ ਮਲਾਹ, ਆਦਿ ਆਪਣਾ ਪਰਦਾ ਆਪ ਚੁਕਾਇੰਦਾ । ਸ਼ਬਦ ਸਰੂਪੀ ਸੁਤ ਬਣਾ, ਜਨਨੀ ਜਨ ਆਪਣੀ ਗੋਦ ਉਠਾਇੰਦਾ । ਦਾਈ ਦਾਇਆ ਸੇਵ ਕਮਾ, ਸਿਰ ਤੇਰੇ ਹੱਥ ਟਿਕਾਇੰਦਾ । ਰਹਿਬਰ ਬਣ ਬੇਪਰਵਾਹ, ਬੇਨਜ਼ੀਰ ਨਜ਼ਰ ਆਪਣੀ ਆਪ ਟਿਕਾਇੰਦਾ । ਜੋਤੀ ਨੂਰ ਕਰ ਰੁਸ਼ਨਾ, ਨੂਰ ਨੁਰਾਨਾ ਡਗਮਗਾਇੰਦਾ । ਦੀਆ ਬਾਤੀ ਆਪ ਟਿਕਾ, ਦਰਗਹਿ ਸਾਚੀ ਆਪ ਸੁਹਾਇੰਦਾ । ਕਮਲਾਪਾਤੀ ਵੇਖ ਵੇਖ ਆਪਣੀ ਖ਼ੁਸ਼ੀ ਰਿਹਾ ਮਨਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚਖੰਡ ਦੁਆਰਾ ਇਕ ਵਡਿਆ, ਵਡ ਵੱਡਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪੇ ਚੜ੍ਹ, ਆਪਣਾ ਹੁਕਮ ਆਪ ਵਰਤਾਇੰਦਾ । ਸਾਚੇ ਤਖ਼ਤ ਚੜ੍ਹ ਨਿਰੰਕਾਰ, ਸਚਖੰਡ ਸਾਚਾ ਹੁਕਮ ਜਣਾਈਆ । ਥਿਰ ਘਰ ਖੋਲ੍ਹ ਆਪ ਕਿਵਾੜ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਸੁਤ ਦੁਲਾਰਾ ਕਰ ਤਿਆਰ, ਹੁਕਮੀ ਹੁਕਮ ਇਕ ਸੁਣਾਈਆ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਭਰ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਤ੍ਰੈ ਤ੍ਰੈ ਏਕਾ ਰੰਗ ਰੰਗਾਈਆ । ਪੰਚਮ ਜੋੜ ਅਗੰਮ ਅਪਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਿਰਗੁਣ ਨਿਰਗੁਣ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਆਦਿ ਪੁਰਖ ਪੁਰਖ ਅਬਿਨਾਸ਼ਾ, ਦਰਗਹਿ ਸਾਚੀ ਆਪ ਸੁਣਾਈਆ । ਦਰਗਹਿ ਸਾਚੀ ਮੁਕਾਮੇ ਹੱਕ, ਹੱਕ ਹਕ਼ੀਕ਼ਤ ਆਪ ਜਣਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਬਣਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਸੇਵ ਕਮਾਇੰਦਾ । ਸੁਤ ਦੁਲਾਰੇ ਮਾਰਗ ਦੱਸ, ਸ਼ਬਦੀ ਸ਼ਬਦ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਸਾਚਾ ਰਸ, ਰਸ ਆਪਣਾ ਆਪ ਪਰਗਟਾਇੰਦਾ । ਸਾਚਾ ਰਸ ਸ੍ਰੀ ਭਗਵਾਨ, ਆਪਣਾ ਆਪ ਪਰਗਟਾਈਆ । ਸ਼ਬਦੀ ਸੁਤ ਦੇਵੇ ਦਾਨ, ਦਾਤਾ ਦਾਨੀ ਝੋਲੀ ਪਾਈਆ । ਚਰਨ ਕਵਲ ਕਵਲ ਧਿਆਨ, ਕਵਲ ਕਵਲ ਵੇਖ ਵਖਾਈਆ । ਆਪ ਵਸਾਏ ਸਚ ਮਕਾਨ,

ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਨ ਨਾ ਕੋਈ ਭਾਨ, ਨੂਰ ਨੂਰ ਨਾ ਕੋਇ ਵਡਿਆਈਆ । ਨਾ ਜ਼ਿਮੀ ਨਾ ਅਸਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸੁਣਾਈਆ । ਸਾਚੇ ਸੁਤ ਸਚ ਸੰਦੇਸ਼ਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼ਾ, ਨਿਰਗੁਣ ਨਿਰੰਕਾਰ ਆਪ ਅਖਵਾਇੰਦਾ । ਆਦਿ ਜੁਗਾਦੀ ਸਾਚਾ ਪੇਸ਼ਾ, ਬੇਪਰਵਾਹ ਆਪ ਪਰਗਟਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸਾ, ਘਰ ਘਰ ਆਪਣਾ ਭੇਵ ਖੁਲ੍ਹਾਇੰਦਾ । ਰੂਪ ਰੰਗ ਨਾ ਕੋਇ ਰੇਖਾ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹ ਨਿਰੰਕਾਰ, ਅਭੇਦ ਆਪ ਜਣਾਈਆ । ਸੁਤ ਦੁਲਾਰੇ ਕਰ ਵਿਚਾਰ, ਸਤਿ ਸਤਿਵਾਦੀ ਆਪ ਸਮਝਾਈਆ । ਤੇਰਾ ਮੇਰਾ ਇਕ ਭੰਡਾਰ, ਅਖੁੱਟ ਕਦੇ ਨਾ ਜਾਈਆ । ਦੇਵਣਹਾਰ ਹਰਿ ਦਾਤਾਰ, ਸਚਖੰਡ ਵਸਿਆ ਸੱਚਾ ਮਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰ, ਤੇਰੀ ਗੋਦੀ ਗੋਦ ਸੁਹਾਈਆ । ਪੰਜ ਤਿੰਨ ਵਣਜ ਵਪਾਰ, ਹੱਟ ਹੱਟਵਾਣਾ ਇਕ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਕਰ ਆਕਾਰ, ਸਚ ਅਖਾੜਾ ਦਏ ਵਖਾਈਆ । ਰਵ ਸਸ ਦਏ ਆਧਾਰ, ਨੂਰ ਨੂਰ ਨੂਰ ਰੁਸ਼ਨਾਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਵੇਖ ਪਸਾਰ, ਬ੍ਰਹਮ ਪਾਰਬ੍ਰਹਮ ਵੰਡ ਵੰਡਾਈਆ । ਈਸ਼ ਜੀਵ ਖੇਲ ਅਪਾਰ, ਜਗਤ ਜਗਦੀਸ਼ ਆਪ ਸਮਝਾਈਆ । ਆਤਮ ਪਰਮਾਤਮ ਖੇਲ ਨਿਆਰ, ਨਿਰਗੁਣ ਸਰਗੁਣ ਦਏ ਸਮਝਾਈਆ । ਅੰਡਜ ਜੇਰਜ ਉਤਭੁਜ ਸੇਤਜ ਵੇਖੇ ਵਿਗਸੇ ਵੇਖਣਹਾਰ, ਵੇਖ ਵੇਖ ਵੇਖ ਬਿਗਸਾਈਆ । ਚਾਰ ਕੁੰਟ ਇਕ ਅਖਾੜ, ਉਤਰ ਪੂਰਬ ਦੱਖਣ ਪੱਛਮ ਆਪਣਾ ਰੰਗ ਰੰਗਾਈਆ । ਦਹਿ ਦਿਸ਼ਾ ਵੇਖ ਪੁਲਾੜ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਵੰਡ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਝੋਲੀ ਪਾਈਆ । ਵਸਤ ਅਗੰਮ ਅਗੋਚਰ ਕਰ ਤਿਆਰ, ਤ੍ਰੈਭਵਣ ਧਨੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਇਕ ਸਮਝਾਈਆ । ਸ਼ਬਦੀ ਸੁਤ ਸੁਤ ਦੁਲਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰ, ਨਿਰਾਕਾਰ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਆਪ ਵਖਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਅਲਾਇੰਦਾ । ਥਿਰ ਘਰ ਬੈਠ ਕਰਨ ਸੱਚੀ ਕਾਰ, ਸਚ ਸੁਚ ਆਪ ਦ੍ਰਿੜਾਇੰਦਾ । ਤੇਰਾ ਲੇਖਾ ਅਪਰ ਅਪਾਰ, ਅਪਰੰਪਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਤੇਰਾ ਰੂਪ ਪਰਗਟਾਇੰਦਾ । ਲੱਖ ਚੁਰਾਸੀ ਤੇਰਾ ਰੂਪ, ਸ਼ਬਦੀ ਸ਼ਬਦ ਹਰਿ ਜਣਾਇੰਦਾ । ਲੇਖਾ ਜਾਣੇ ਸ਼ਾਹੋ ਭੂਪ, ਭੂਪਤ ਆਪਣੀ ਖੇਲ ਰਚਾਇੰਦਾ । ਵਸਣਹਾਰਾ ਚਾਰੇ ਕੂਟ, ਤੇਰਾ ਨਾਦ ਨਾਦ ਸੁਣਾਇੰਦਾ । ਨਿਰਗੁਣ ਸਰਗੁਣ ਤਾਣਾ ਪੇਟਾ ਸੂਤ, ਤੰਦ ਤੰਦ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਖੇਲ ਕਰਾਇੰਦਾ । ਲੱਖ ਚੁਰਾਸੀ ਖੇਲਣਾ ਖੇਲ, ਹਰਿ ਜੂ ਹਰਿ ਹਰਿ ਆਪ ਜਣਾਈਆ । ਨਿਰਗੁਣ ਸਰਗੁਣ ਕਰ ਕਰ ਮੇਲ, ਪੰਚਮ ਪੰਚ ਪੰਚ ਵਖਾਈਆ । ਕਰਨਾ ਪਰਕਾਸ਼ ਬਿਨ ਬਾਤੀ ਤੇਲ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਆਤਮ ਪਰਮਾਤਮ ਮੇਲਾ ਸੱਜਣ ਸੁਹੇਲ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਜੂ ਹਰਿ ਹਰਿ ਆਪ ਸਮਝਾਇੰਦਾ । ਸਚਖੰਡ ਦੁਆਰੇ ਦੇਵੇ ਭਿਖ, ਥਿਰ ਘਰ ਸ਼ਬਦੀ ਝੋਲੀ ਆਪ ਭਰਾਇੰਦਾ । ਇਕ ਰਖਾਵੇ ਤੇਰਾ ਹਿੱਸ, ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਵ ਆਪ ਸਮਝਾਇੰਦਾ । ਤੇਰਾ ਹਿੱਸਾ ਵੰਡੇ ਵੰਡ, ਨਰ ਹਰਿ ਸਾਚਾ ਆਪ ਜਣਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਕਰੇ ਕੁੜਮਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਸੋਭਾ ਪਾਈਆ । ਤੇਰਾ ਨਾਉਂ ਸੁਣਾਏ ਛੰਦ, ਗੀਤ ਗੀਤ ਆਪ ਅਲਾਈਆ । ਬੰਧਨ ਪਾਏ ਬੰਦ ਬੰਦ, ਬੰਦੀ ਸਕੇ ਨਾ ਕੋਇ ਤੁੜਾਈਆ । ਤੇਰਾ ਰੂਪ ਤੇਰਾ ਅਨੰਦ, ਘਰ ਘਰ ਵਿਚ ਦਏ ਟਿਕਾਈਆ । ਕਰੇ ਖੇਲ ਸੂਰਾ ਸਰਬੰਗ, ਸਮਰਥ ਪੁਰਖ ਬੇਪਰਵਾਹੀਆ । ਹੁਕਮੇ ਅੰਦਰ ਸੂਰਜ ਚੰਦ, ਆਦਿ ਜੁਗਾਦਿ ਸੇਵ ਕਮਾਈਆ । ਹੁਕਮੇ ਅੰਦਰ ਕੋਟ ਬ੍ਰਹਿਮੰਡ, ਖੰਡਨ ਖੰਡ ਖੰਡ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਏਕਾ ਵਸਤ ਦਏ ਵਰਤਾਈਆ । ਸ਼ਬਦ ਸੁਤ ਉਠ ਬਲਵਾਨ, ਹਰਿ ਜੂ ਹਰਿ ਹਰਿ ਆਪ ਉਠਾਇੰਦਾ । ਨਿਰਗੁਣ ਵੇਖੇ ਮਾਰ ਧਿਆਨ, ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਗੋਪੀ ਨਿਰਗੁਣ ਕਾਹਨ, ਨਿਰਗੁਣ ਬੰਸਰੀ ਨਾਮ ਸੁਣਾਇੰਦਾ । ਨਿਰਗੁਣ ਵਸੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਅਲਾਇੰਦਾ । ਨਿਰਗੁਣ ਲੱਖ ਚੁਰਾਸੀ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਕਰੇ ਗਿਆਨ, ਨਿਸ਼ਅੱਖਰ ਅੱਖਰ ਆਪ ਪੜ੍ਹਾਇੰਦਾ । ਨਿਰਗੁਣ ਏਕਾ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਨੂਰ ਇਲਾਹੀ ਹੋ ਪਰਧਾਨ, ਮੁਕਾਮੇ ਹੱਕ ਸੋਭਾ ਪਾਇੰਦਾ । ਮਿਹਬਾਨ ਬੀਦੋ ਨੌਜਵਾਨ, ਬਿਸਮਿਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਧੁਰ ਸੰਦੇਸ਼ਾ ਨਰ ਨਰੇਸ਼ਾ ਥਿਰ ਘਰ ਸਾਚੇ ਆਪ ਸੁਣਾਇੰਦਾ । ਸੁਤ ਦੁਲਾਰਾ ਹੋ ਤਿਆਰ, ਦੋਏ ਜੋੜ ਪਿਆ ਸਰਨਾਈਆ । ਹਉਂ ਬਾਲਕ ਸੇਵਕ ਸੇਵਾਦਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹੁਕਮੀ ਹੁਕਮ ਵਰਤੇ ਵਰਤਾਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਲੱਖ ਚੁਰਾਸੀ ਵੇਖਾਂ ਵਿਚ ਸੰਸਾਰ, ਬਣ ਸੇਵਕ ਸੇਵ ਕਮਾਈਆ । ਨਿਰਗੁਣ ਰੂਪ ਮੇਰਾ ਨਾ ਕੋਈ ਆਕਾਰ, ਪੰਜ ਤਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਤੇਰਾ ਭੇਵ ਦਿਆਂ ਖੁਲ੍ਹਾਈਆ । ਕਵਣ ਬਿਧ ਖੋਲ੍ਹਾਂ ਭੇਵ, ਸ਼ਬਦੀ ਸੁਤ ਮੰਗ ਮੰਗਾਇੰਦਾ । ਕਵਣ ਰੂਪ ਕਰਾਂ ਸੇਵ, ਬਣ ਸੇਵਕ ਸੇਵ ਕਮਾਇੰਦਾ । ਤੂੰ ਆਦਿ ਜੁਗਾਦੀ ਅਲਖ ਅਭੇਵ, ਤੇਰਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਦੇਵੇ ਵਰ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਮੇਰਾ ਖੇਲ ਆਦਿ ਅੰਤ, ਮਧ ਤੇਰੀ ਧਾਰ ਵਖਾਈਆ । ਬ੍ਰਹਮ ਜਣਾਈ ਜੀਵ ਜੰਤ, ਲੱਖ ਚੁਰਾਸੀ ਵਿਚ ਸਮਾਈਆ । ਕਰਾਂ ਖੇਲ ਇਕ ਬੇਅੰਤ, ਬੇਅੰਤ ਵਡ ਵਡਿਆਈਆ । ਤੇਰਾ ਰੂਪ ਪਰਗਟਾ ਬਣ ਬਣ ਸਾਚਾ ਕੰਤ, ਨਾਰੀ ਨਿਰਗੁਣ ਵੇਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਦਏ ਸਮਝਾਈਆ । ਸੁਤ ਸ਼ਬਦ ਹਰਿ ਕਰ ਪਿਆਰ, ਪਰਮ ਪੁਰਖ ਦਇਆ ਕਮਾਇੰਦਾ । ਜੁਗ ਜੁਗ ਖੇਲ ਕਰਾਂ ਅਪਾਰ,

ਭੇਵ ਕੋਇ ਨਾ ਪਾਇੰਦਾ । ਪੰਜ ਤਤ ਨਾਤਾ ਜੋੜ ਸੰਸਾਰ, ਗੁਰ ਅਵਤਾਰ ਤੇਰਾ ਨਾਉਂ ਰਖਾਇੰਦਾ । ਪੀਰ ਪੈਗ਼ੰਬਰ ਦੇ ਆਧਾਰ, ਕਲਮਾ ਨਬੀ ਇਕ ਪੜ੍ਹਾਇੰਦਾ । ਭਗਵੰਤ ਭਗਤ ਖੋਲ੍ਹ ਕਿਵਾੜ, ਤੇਰਾ ਨਾਦ ਧੁਨ ਸੁਣਾਇੰਦਾ । ਸਾਚੇ ਸੰਤਾਂ ਵੇਖ ਵਿਚਾਰ, ਨੇਤਰ ਨੈਣ ਤੇਰਾ ਵਖਾਇੰਦਾ । ਬਿਨ ਪੜ੍ਹਿਆਂ ਦੇ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪ ਵਖਾਇੰਦਾ । ਸਾਚਾ ਮਾਰਗ ਲੋਕਮਾਤ, ਹਰਿ ਜੂ ਹਰਿ ਹਰਿ ਆਪ ਜਣਾਈਆ । ਸ਼ਬਦੀ ਸ਼ਬਦ ਦੇਵੇ ਦਾਤ, ਪੰਚਮ ਪੰਚ ਪੰਚ ਕੁੜਮਾਈਆ । ਨਿਰਗੁਣ ਨਿਰਗੁਣ ਬੰਨ੍ਹੇ ਨਾਤ, ਸਰਗੁਣ ਸਰਗੁਣ ਵੱਜੇ ਵਧਾਈਆ । ਜੁਗ ਜੁਗ ਵੇਖੇ ਮਾਰ ਝਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਕਰਾਈਆ । ਬੈਠਾ ਰਹੇ ਇਕ ਇਕਾਂਤ, ਇਕ ਇਕੱਲਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਆਪਣਾ ਪਰਦਾ ਦੇਵੇ ਖੋਲ੍ਹ, ਖੇਲ੍ਹਣਹਾਰ ਇਕ ਅਖਵਾਇੰਦਾ । ਤੇਰਾ ਨਾਉਂ ਤੇਰੇ ਮੰਦਰ ਦੇਵੇ ਬੋਲ, ਅਨਬੋਲਤ ਆਪਣਾ ਰਾਗ ਅਲਾਇੰਦਾ । ਲੱਖ ਚੁਰਾਸੀ ਜੀਵ ਜੰਤ ਆਦਿ ਜੁਗਾਦਿ ਜੁਗਾ ਜੁਗੰਤਰ ਤੇਰੇ ਕੰਡੇ ਦੇਵੇ ਤੋਲ, ਤੋਲਣਹਾਰਾ ਨਜ਼ਰ ਕਿਸੇ ਨਾ ਆਇੰਦਾ । ਬੈਠਾ ਰਹੇ ਸਦਾ ਅਡੋਲ, ਅਨਭਵ ਆਪਣੀ ਖੇਲ ਵਖਾਇੰਦਾ । ਲੱਖ ਚੁਰਾਸੀ ਅੰਦਰ ਰਿਹਾ ਮੌਲ, ਮੌਲਾ ਆਪਣਾ ਰੰਗ ਰੰਗਾਇੰਦਾ । ਸੁਤ ਦੁਲਾਰੇ ਤੇਰੇ ਸੰਗ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਰੱਖੇ ਮਾਣ ਉਪਰ ਧੌਲ, ਧਰਨੀ ਧਰਤ ਧਵਲ ਵਡਿਆਇੰਦਾ । ਅੰਤਮ ਸੱਦੇ ਆਪਣੇ ਕੋਲ, ਗ੍ਰਿਹ ਮੰਦਰ ਆਪ ਬਹਾਇੰਦਾ । ਤੇਰਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਚੌਦਾਂ ਵਿਦਿਆ ਅੰਤ ਨਾ ਆਇੰਦਾ । ਚੌਦਾਂ ਲੋਕ ਰਹੇ ਡੋਲ, ਚੌਦਾਂ ਤਬਕ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਏਕਾ ਵਾਰ ਸੁਣਾਇੰਦਾ । ਧੁਰ ਫ਼ਰਮਾਣਾ ਹਰਿ ਜਗਦੀਸ਼, ਆਦਿ ਪੁਰਖ ਆਪ ਜਣਾਈਆ । ਸੁਤ ਦੁਲਾਰੇ ਸਚ ਹਦੀਸ, ਸਚਖੰਡ ਨਿਵਾਸੀ ਇਕ ਰਖਾਈਆ । ਜੁਗ ਚੌਕੜੀ ਪੀਸਣ ਪੀਸ, ਕੋਟਨ ਕਾਲ ਕਾਲ ਬਿਤਾਈਆ । ਸ਼ਾਹੋ ਭੂਪ ਬਣ ਬਣ ਸੀਸ ਜਗਦੀਸ਼ ਸੋਹੇ ਕੋਇ ਨਾ ਕਰੇ ਰੀਸ, ਨਵ ਨੌਂ ਨੱਯਾ ਜਗਤ ਡੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰਨਾ ਖੇਲ, ਖ਼ਾਲਕ ਖ਼ਲਕ ਵੇਖ ਵਖਾਈਆ । ਨਵ ਨੌਂ ਚਾਰ ਲੱਖ ਚੁਰਾਸੀ ਆਤਮ ਪਰਮਾਤਮ ਵੇਖੇ ਜੇਲ, ਬੰਧਨ ਬੰਧ ਨਾ ਕੋਇ ਤੁੜਾਈਆ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਬਣ ਬਣ ਸੱਜਣ ਸੁਹੇਲ, ਸੋਹਲਾ ਹਰਿ ਹਰਿ ਨਾਮ ਸੁਣਾਈਆ । ਪੁਰਖ ਅਬਿਨਾਸ਼ੀ ਵਸੇ ਸਦਾ ਨਵੇਲ, ਆਪਣਾ ਭੇਵ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਾਚਾ ਰਾਣਾ, ਰਾਜਨ ਰਾਜ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਆਪਣੇ ਭਾਣਾ, ਸਦ ਭਾਣੇ ਆਪ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਖੇਲ ਮਹਾਨਾ, ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ, ਅੰਜੀਲ ਕੁਰਾਨ ਬੋਧ ਅਗਾਧ ਖਾਣੀ ਬਾਣੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਸ਼ਬਦ ਗਿਆਨ, ਹਰਿ ਸ਼ਬਦੀ ਸ਼ਬਦ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਾਲ ਅਵਾਣ, ਦੇ ਮੱਤ ਆਪ ਸਮਝਾਈਆ । ਗੁਰ ਅਵਤਾਰ ਕਰ ਪਰਧਾਨ, ਨਾਮ ਪਰਧਾਨਗੀ


੧੩੮ ੧੨

ਹੱਥ ਫੜਾਈਆ । ਸਤਿ ਸਤਿ ਸੰਦੇਸ਼ਾ ਦੇਵੇ ਸ੍ਰੀ ਭਗਵਾਨ, ਸਾਚੀ ਸਿਖਿਆ ਇਕ ਵਖਾਈਆ । ਨਿਸ਼ਅੱਖਰ ਕਰ ਪਰਵਾਨ, ਅੱਖਰ ਅੱਖਰ ਵੰਡ ਵੰਡਾਈਆ । ਲੇਖਾ ਲਿਖ ਲਿਖ ਲੇਖ ਮਹਾਨ, ਲੋਕਮਾਤ ਦਏ ਵਡਿਆਈਆ । ਪੀਰ ਪੈਗ਼ੰਬਰ ਕਰਨ ਕਲਾਮ, ਕਾਇਨਾਤ ਨਾਤ ਸੁਣਾਈਆ । ਦੋ ਜਹਾਨਾਂ ਇਕ ਪੈਗ਼ਾਮ, ਵਡ ਪੈਗ਼ੰਬਰ ਆਪ ਪੜ੍ਹਾਈਆ । ਆਪੇ ਪਕੜਨਹਾਰਾ ਦਾਮਨ ਦਾਮ, ਦਾਮਨਗੀਰ ਬੇਪਰਵਾਹੀਆ । ਸਾਚਾ ਸਜਦਾ ਕਰੇ ਸਲਾਮ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸਾਚੇ ਸੁਤ ਤੇਰਾ ਖੇਲ ਮਹਾਨ, ਅਬਿਨਾਸ਼ੀ ਅਚੁਤ ਆਪ ਵਖਾਈਆ । ਅੰਤਮ ਚੌਕੜ ਵੇਖੇ ਆਣ, ਨਿਰਗੁਣ ਨਿਰਗੁਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਆਪ ਸਮਝਾਈਆ । ਧੁਰ ਸੰਦੇਸ਼ਾ ਏਕਾ ਵਾਰ, ਇਕ ਇਕੱਲਾ ਆਪ ਜਣਾਇੰਦਾ । ਜੁਗ ਚੌਕੜੀ ਜਾਏ ਹਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਅੰਤਮ ਬ੍ਰਹਮਾ ਵਿਸ਼ਨ ਸ਼ਿਵ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਤ੍ਰੈਗੁਣ ਮਾਇਆ ਕਰੇ ਪੁਕਾਰ, ਸਿਰ ਹੱਥ ਨਾ ਕੋਇ ਟਿਕਾਇੰਦਾ । ਪੰਜ ਤਤ ਮੰਗਣ ਧੂੜੀ ਛਾਰ, ਮਸਤਕ ਟਿੱਕਾ ਖ਼ਾਕ ਨਾ ਕੋਇ ਰਮਾਇੰਦਾ । ਤੇਈ ਅਵਤਾਰ ਦੋਏ ਜੋੜ ਕਰਨ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਕਰਨ ਹਾਹਾਕਾਰ, ਅਲਫ਼ ਯੇ ਪੰਧ ਨਾ ਕੋਇ ਮੁਕਾਇੰਦਾ । ਦਸ ਗੁਰ ਜੋਤ ਇਕ ਨਿਰੰਕਾਰ, ਨਿਰਗੁਣ ਵੇਖ ਵੇਖ ਬਿਗਸਾਇੰਦਾ । ਗੋਬਿੰਦ ਮੇਲਾ ਸੁਤ ਦੁਲਾਰ, ਚੇਲਾ ਗੁਰ ਵਡ ਵਡਿਆਇੰਦਾ । ਪੰਚਮ ਪੰਚ ਕਰ ਪਰਵਾਨ, ਪੰਚ ਪਰਧਾਨ ਆਪ ਵਖਾਇੰਦਾ । ਪੰਚਮ ਸੋਹਣ ਦਰ ਰਾਜਾਨ, ਦਰਗਹਿ ਸਾਚੀ ਆਪ ਬਹਾਇੰਦਾ । ਪੰਜਾਂ ਦੇਵੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਭੇਵ ਖੁਲ੍ਹਾਇੰਦਾ । ਸ਼ਬਦ ਸੁਤ ਰੱਖਣਾ ਯਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਸੁਣੇ ਫ਼ਰਯਾਦ, ਅੰਤਮ ਆਪਣਾ ਵੇਸ ਵਟਾਈਆ । ਏਕੰਕਾਰਾ ਦੇਵੇ ਦਾਦ, ਸਿਰ ਆਪਣਾ ਹੱਥ ਟਿਕਾਈਆ । ਆਦਿ ਨਿਰੰਜਣ ਦੋ ਜਹਾਨਾਂ ਲਏ ਲਾਧ, ਤ੍ਰੈ ਤ੍ਰੈ ਆਪਣਾ ਪੰਧ ਮੁਕਾਈਆ । ਸ੍ਰੀ ਭਗਵਾਨ ਲੱਖ ਚੁਰਾਸੀ ਵਿਚੋਂ ਲਏ ਕਾਢ, ਮੇਲ ਮਿਲਾਏ ਸਹਿਜ ਸੁਭਾਈਆ । ਅਬਿਨਾਸ਼ੀ ਕਰਤਾ ਮੋਹਣ ਮਾਧਵ ਮਾਧ, ਮੋਹ ਆਪਣਾ ਇਕ ਵਖਾਈਆ । ਪਾਰਬ੍ਰਹਮ ਪ੍ਰਭ ਦੇਵੇ ਸਾਥ, ਸਗਲਾ ਸੰਗ ਰਖਾਈਆ । ਬ੍ਰਹਮ ਗਾਏ ਤੇਰੀ ਗਾਥ, ਹੰ ਬ੍ਰਹਮ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਵਖਾਏ ਆਪਣਾ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਨਵ ਨੌਂ ਚਾਰ ਮੁਕੇ ਵਾਟ, ਪਾਂਧੀ ਪੰਧ ਨਾ ਕੋਇ ਵਖਾਈਆ । ਸੱਤ ਚਾਰ ਰੂਪ ਦਰਸਾਏ ਸਾਖ਼ਯਾਤ, ਨਿਰਗੁਣ ਸਰਗੁਣ ਲਏ ਸਮਝਾਈਆ । ਜਨ ਭਗਤਾਂ ਕਰੇ ਪੂਰੀ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਗੁਰਸਿਖਾਂ ਅੰਦਰ ਕਰ ਕਰ ਵਾਸ, ਗ੍ਰਹਿ ਮੰਦਰ ਦਏ ਸੁਹਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਪੁਰਖ ਅਬਿਨਾਸ਼ੀ ਲਏ ਮਿਲਾਈਆ । ਕਰੇ ਕਰਾਏ ਬੰਦ ਖ਼ਲਾਸ, ਲੱਖ ਚੁਰਾਸੀ ਬੰਧਨ ਦਏ ਤੁੜਾਈਆ । ਜਿਸ ਉਪਜਾਇਆ ਮਾਸੋਂ ਮਾਸ, ਤੋਲਾ ਰੱਤੀ ਮਾਸਾ ਅੰਤ ਆਪਣੇ ਹੱਥ ਵਖਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਈਆ । ਨਿਰਗੁਣ ਨਿਰਗੁਣ ਰੱਖੇ ਸਾਥ, ਜੋਤੀ ਸ਼ਬਦੀ ਜੋੜ ਜੁੜਾਈਆ । ਆਤਮ ਪਰਮਾਤਮ ਕਰੇ ਨਿਵਾਸ, ਨਿਜ ਘਰ ਸਾਚੇ ਵੱਜੇ ਵਧਾਈਆ । ਪਰਗਟ ਹੋ ਪੁਰਖ ਅਬਿਨਾਸ਼, ਨਿਹਕਲੰਕਾ ਨਾਉਂ ਰਖਾਈਆ । ਸੰਬਲ ਨਗਰ ਰੱਖ ਨਿਵਾਸ, ਗੋਬਿੰਦ ਵੇਖੇ ਚਾਈਂ ਚਾਈਂਆ ।

ਉਚਾ ਟਿੱਲਾ ਪਰਬਤ ਮਾਣ ਗਵਾਏ ਕੈਲਾਸ਼, ਕੇਸ਼ਵ ਆਪਣੀ ਖੇਲ ਵਖਾਈਆ । ਨਿਰਗੁਣ ਨੂਰ ਕਰ ਪਰਕਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਤ ਦਏ ਵਡਿਆਈਆ ।

### ❋ ੧੦ ਜੇਠ ੨੦੧੯ ਬਿਕਰਮੀ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ❋

ਹਰਿ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਦਇਆ ਕਮਾਇੰਦਾ । ਸੁਤ ਦੁਲਾਰੇ ਪੂਰੀ ਆਸ, ਬਿਨ ਆਸਾ ਆਪ ਵਖਾਇੰਦਾ । ਵਿਸ਼ਨੂੰ ਵਿਸ਼ਵ ਰੱਖੇ ਸਾਥ, ਸਗਲਾ ਸੰਗ ਨਿਭਾਇੰਦਾ । ਬ੍ਰਹਮਾ ਬ੍ਰਹਮ ਕਰੇ ਪਰਕਾਸ਼, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸ਼ੰਕਰ ਖੇਲ ਵੇਖ ਕੈਲਾਸ਼, ਕਲ ਆਪਣੀ ਆਪ ਪਰਗਟਾਇੰਦਾ । ਤ੍ਰੈਗੁਣ ਮਾਇਆ ਤੋੜੇ ਫਾਸ, ਫੰਧਨ ਆਪਣਾ ਆਪ ਬੰਧਾਇੰਦਾ । ਪੰਜ ਤਤ ਕਰੇ ਦਾਸੀ ਦਾਸ, ਦਾਸਨ ਦਾਸ ਸੇਵ ਕਮਾਇੰਦਾ । ਤੇਈ ਅਵਤਾਰ ਜਾਣੇ ਖੇਲ ਤਮਾਸ਼, ਖੇਲਣਹਾਰਾ ਭੇਵ ਨਾ ਆਇੰਦਾ । ਭਗਤ ਅਠਾਰਾਂ ਇਕੋ ਰਾਗ ਰਿਹਾ ਭਾਸ, ਧੁਨ ਅਨਾਦੀ ਨਾਦ ਸੁਣਾਇੰਦਾ । ਈਸਾ ਮੂਸਾ ਮੁਹੰਮਦ ਚਾਰ ਯਾਰ ਉਪਜਾਏ ਆਪਣੀ ਸ਼ਾਖ਼, ਪਤ ਡਾਲ੍ਹੀ ਆਪ ਮਹਿਕਾਇੰਦਾ । ਗੁਰ ਗੁਰ ਅੰਤਰ ਕਰੇ ਵਾਸ, ਦਸ ਦਸ ਆਪਣਾ ਮੇਲ ਮਿਲਾਇੰਦਾ । ਪੰਚਮ ਮੇਲਾ ਪੁਰਖ ਅਬਿਨਾਸ਼, ਨਿਰਗੁਣ ਜੋਤੀ ਜੋਤ ਸਮਾਇੰਦਾ । ਸਚਖੰਡ ਨਿਵਾਸੀ ਆਪੇ ਜਾਣੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੁਗ ਚੌਕੜੀ ਹਾਸ ਬਲਾਸ, ਬੇਅੰਤ ਬੇਪਰਵਾਹ ਆਪਣੀ ਧਾਰ ਵਖਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਜਾਣੇ ਘਾਟ, ਪੱਤਣ ਮਾਹੀ ਡੇਰਾ ਲਾਇੰਦਾ । ਨਵ ਨੌਂ ਚਾਰ ਵੇਖੇ ਵਾਟ, ਦੋ ਜਹਾਨਾਂ ਨੈਣ ਉਠਾਇੰਦਾ । ਲੋਕ ਪਰਲੋਕ ਸਗਲਾ ਸਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਹਰਿ ਹਰਿ ਰੰਗ, ਰੰਗ ਰੰਗੀਲਾ ਆਪ ਜਣਾਈਆ । ਸਚ ਦੁਆਰੇ ਸਤਿ ਪਲੰਘ, ਥਿਰ ਘਰ ਸਾਚੀ ਸੇਜ ਸੁਹਾਈਆ । ਆਦਿ ਜੁਗਾਦਿ ਬ੍ਰਹਿਮਾਦ ਵੱਜੇ ਮਰਦੰਗ, ਪਾਰਬ੍ਰਹਮ ਆਪਣਾ ਰਾਗ ਅਲਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਪਰਮਾਤਮ ਇਕ ਅਨੰਦ, ਅਨੰਦ ਆਪਣਾ ਆਪ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕੁਰਾਨ ਗਾਏ ਛੰਦ, ਸੋਹਲਾ ਢੋਲਾ ਆਪ ਪਰਗਟਾਈਆ । ਅੰਡਜ ਜੇਰਜ ਉਤਭੁਜ ਸੇਤਜ ਵੰਡੇ ਵੰਡ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਬੰਧਨ ਪਾਈਆ । ਲੇਖਾ ਜਾਣੇ ਰਵ ਸਸ ਸੂਰਜ ਚੰਦ, ਮੰਡਲ ਮੰਡਪ ਗ੍ਰਿਹ ਗ੍ਰਿਹ ਏਕਾ ਨੂਰ ਰੁਸ਼ਨਾਈਆ । ਨਵ ਨੌਂ ਚਾਰ ਪਾਏ ਬੰਧਨ ਬੰਦ, ਬੰਦੀ ਬੰਦ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਓਹਲਾ ਦਵੈਤੀ ਕੰਧ, ਪਰਦਾ ਰਾਖੇ ਬੇਪਰਵਾਹੀਆ । ਬੇਪਰਵਾਹ ਪਰਦਾ ਢਕ, ਸ਼ਬਦੀ ਸ਼ਬਦ ਖੇਲ ਖਲਾਇੰਦਾ । ਪੁਰਖ ਅਕਾਲ ਅਕਾਲ ਸਮਰਥ, ਸਮਰਥ ਆਪਣਾ ਵੇਸ ਵਟਾਇੰਦਾ । ਬਿਨ ਰਸਨਾ ਜਿਹਵਾ ਮਹਿਮਾ ਗਾਏ ਅਕੱਥ, ਲੇਖਾ ਲੇਖ ਆਪ ਸਮਝਾਇੰਦਾ । ਸਾਚੇ ਮੰਦਰ ਆਪੇ ਜਾਣੇ ਆਪਣਾ ਜਸ, ਜਸ ਵੇਦ ਪੁਰਾਨ ਹੱਥ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨਾਂ ਰਿਹਾ ਨੱਸ, ਬਣ ਪਾਂਧੀ ਸੇਵ ਕਮਾਇੰਦਾ । ਸਤਿ ਸਤਿਵਾਦੀ ਹਰ ਘਟ ਆਪੇ ਵਸ, ਘਟ ਘਟ ਆਪਣਾ ਖੇਲ ਵਖਾਇੰਦਾ । ਸ਼ਬਦ ਅਗੰਮੀ ਏਕਾ ਨਦ, ਅਨਾਦੀ ਨਾਦ ਆਪ ਸੁਣਾਇੰਦਾ । ਸਦਾ ਸੁਹੇਲਾ

ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਸੁਤ ਦੁਲਾਰ ਤੇਰੀ ਸੁਣੇ ਫ਼ਰਯਾਦ, ਭੇਵ ਅਭੇਦ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਬਿਨ ਲਿਖਿਆਂ ਲੇਖ, ਲਿਖਤ ਵਿਚ ਕਦੇ ਨਾ ਆਇੰਦਾ । ਵੇਖਣਹਾਰਾ ਬਿਨ ਰੂਪ ਰੰਗ ਰੇਖ, ਰੂਪ ਰੰਗ ਰੇਖ ਵਿਚ ਕਦੇ ਨਾ ਆਇੰਦਾ । ਜੁਗ ਚੌਕੜੀ ਅਵੱਲੜਾ ਭੇਖ, ਬਣ ਭੇਖੀ ਵੇਸ ਵਟਾਇੰਦਾ । ਥਿਰ ਘਰ ਸੁਹਾਏ ਤੇਰਾ ਦੇਸ, ਸਚਖੰਡ ਆਪਣਾ ਆਸਣ ਲਾਇੰਦਾ । ਲੱਖ ਚੁਰਾਸੀ ਅੰਤਰ ਕਰ ਪਰਵੇਸ, ਤੇਰੀ ਵਿਸ਼ੇਸ਼ਤਾ ਆਪ ਵਧਾਇੰਦਾ । ਇਕ ਇਕੱਲਾ ਲਏ ਵੇਖ, ਦੂਸਰ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਸਮਝਾਇੰਦਾ । ਗ੍ਰਿਹ ਮੰਦਰ ਹਰਿ ਮਕਾਨ, ਬੇਮੁਕਾਮ ਆਪ ਜਣਾਈਆ । ਧਰਤ ਧਵਲ ਨਾ ਕੋਇ ਨਿਸ਼ਾਨ, ਧਰਨੀ ਧਾਰ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਬਿਆਨ, ਕਲਮ ਸ਼ਾਹੀ ਨਾਲ ਗਵਾਹੀਆ । ਹੱਕ ਹਕੀਕਤ ਲਾਸ਼ਰੀਕ ਨਾ ਸਕੇ ਕੋਇ ਪਹਿਚਾਨ, ਪਹਿਚਾਨ ਵਿਚ ਕਦੇ ਨਾ ਆਈਆ । ਰਸਨਾ ਜਿਹਵਾ ਗਾਏ ਪੀਰ ਮਿਹਬਾਨ, ਮਿਹਰਬਾਨ, ਵਡੀ ਵਡਿਆਈਆ । ਭਗਤ ਭਗਵੰਤ ਮੰਗਣ ਏਕਾ ਦਾਨ, ਦੋਏ ਜੋੜ ਜੋੜ ਸਰਨਾਈਆ । ਕਰੇ ਖੇਲ ਸ੍ਰੀ ਭਗਵਾਨ, ਭੇਵ ਅਭੇਦ ਆਪ ਛੁਪਾਈਆ । ਸੁਤ ਦੁਲਾਰ ਕਰ ਪਰਧਾਨ, ਜਗਤ ਪਰਧਾਨਗੀ ਇਕ ਵਖਾਈਆ । ਸਤਿ ਸੰਦੇਸ਼ਾ ਦੇਵੇ ਆਣ, ਸਤਿ ਸਤਿ ਸਤਿ ਸਾਲਾਹੀਆ । ਬ੍ਰਹਮ ਮਤ ਦੇ ਇਕ ਗਿਆਨ, ਆਤਮ ਤਤ ਤਤ ਜਣਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਵਸੇ ਸਾਚਾ ਸਾਈਆ । ਸਾਈਂ ਸੱਚਾ ਵਸੇ ਹਰ ਘਟ, ਘਟ ਘਟ ਭੇਵ ਜਣਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਆਪ ਭੁਵਾਇੰਦਾ । ਸ਼ਬਦੀ ਤੇਰਾ ਮਾਰਗ ਦੱਸ, ਗੁਰ ਗੁਰ ਆਪ ਸਾਲਾਹਿੰਦਾ । ਗੁਰ ਸਤਿਗੁਰ ਕਰ ਪਰਕਾਸ਼, ਨੂਰੀ ਜੋਤ ਡਗਮਗਾਇੰਦਾ । ਪੰਜ ਤਤ ਪੂਰੀ ਕਰੇ ਆਸ, ਸਚ ਭਰਵਾਸਾ ਇਕ ਵਖਾਇੰਦਾ । ਕਾਇਆ ਮੰਦਰ ਅੰਦਰ ਵਖਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਰੂਪ ਵਟਾਇੰਦਾ । ਪਰਗਟ ਹੋਏ ਸਾਖ਼ਯਾਤ, ਸਖੀ ਸਰਵਰ ਸੁਲਤਾਨ ਸ਼ਾਹ ਪਾਤਸ਼ਾਹ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਗੁਰ ਸਾਲਾਹਿੰਦਾ । ਸ਼ਬਦੀ ਸ਼ਬਦ ਗੁਰਦੇਵ, ਮਹਿਮਾ ਅਕੱਥ ਕਥੀ ਨਾ ਜਾਈਆ । ਪਾਰਬ੍ਰਹਮ ਪ੍ਰਭ ਜਾਣੇ ਸਾਚੀ ਸੇਵ, ਸੇਵਕ ਸੇਵਾ ਹੱਥ ਨਾ ਕਿਸੇ ਫੜਾਈਆ । ਅਲੱਖ ਅਗੋਚਰ ਅਗੰਮ ਅਥਾਹ ਅਭੇਵ, ਭੇਵ ਅਭੇਦ ਨਾ ਕਿਸੇ ਜਣਾਈਆ । ਆਦਿ ਜੁਗਾਦਿ ਸਦਾ ਸਦਾ ਨੇਹਕੇਵ, ਨਿਹਚਲ ਧਾਮ ਬੈਠਾ ਆਸਣ ਲਾਈਆ । ਤੇਰਾ ਗੀਤ ਗਾਏ ਗੋਬਿੰਦ ਬਿਨ ਰਸਨਾ ਜੇਹਵ, ਰਸ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰੀ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਰੁਤੜੀ ਸੋਹੇ ਹਰਿ ਬਸੰਤ, ਪਤ ਡਾਲ੍ਹੀ ਆਪ ਮਹਿਕਾਇੰਦਾ । ਤੇਰਾ ਖੇਲ ਜੁਗਾ ਜੁਗੰਤ, ਲੱਖ ਚੁਰਾਸੀ ਬੂਟਾ ਲਾਇੰਦਾ । ਵੇਖਣਹਾਰਾ ਸ੍ਰੀ ਭਗਵੰਤ, ਨੇਤਰ ਨੈਣ ਨੈਣ ਉਠਾਇੰਦਾ । ਘਟ ਘਟ ਬਣਾਏ ਆਪਣੀ ਬਣਤ, ਘਰ ਘਰ ਆਪਣਾ ਆਸਣ ਲਾਇੰਦਾ । ਤੇਰਾ ਨਾਉਂ ਜਣਾਏ ਮੰਤ, ਮਨ ਮਣੀਆਂ ਆਪ ਪਰਗਟਾਇੰਦਾ । ਸੁਰਤ ਸਵਾਣੀ ਬਣੇ ਕੰਤ, ਕੰਤ ਕੰਤੂਹਲ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਲੇਖਾ ਜਾਣੇ ਸਾਚੇ ਦਰ, ਦਰ ਮੰਦਰ ਆਪ ਸੁਹਾਇੰਦਾ । ਦਰ ਮੰਦਰ ਗ੍ਰਿਹਿ ਪਰਕਾਸ਼, ਘਰ ਘਰ ਨਾਦ ਵਜਾਈਆ । ਆਦਿ ਅੰਤ ਪਾਵੇ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਨਿਰਾਕਾਰ ਸਾਕਾਰ ਖੇਲ ਤਮਾਸ਼, ਨਿਰਾਧਾਰ ਵੇਖ ਵਖਾਈਆ । ਬ੍ਰਹਿਮੰਡ ਖੰਡ ਲੋਅ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਜੁਗ ਜੁਗ ਰੱਖਣ ਆਸ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਚ ਪਰਕਾਸ਼ ਕਰੇ ਗ੍ਰਿਹਿ ਮੰਦਰ, ਘਰ ਘਰ ਵੱਜੇ ਵਧਾਈਆ । ਤੇਰਾ ਮੇਲਾ ਸਾਚੇ ਅੰਦਰ, ਅੰਦਰੇ ਅੰਦਰ ਵੇਖ ਵਖਾਈਆ । ਤੇਰਾ ਵਾਸਾ ਡੂੰਘੀ ਕੰਦਰ, ਕੰਢਾ ਘਾਟ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਵਰ, ਏਕਾ ਗੁਣ ਸਮਝਾਈਆ । ਏਕਾ ਗੁਣ ਹਰਿ ਗੁਣਵਾਨ, ਸਚ ਸਚ ਦ੍ਰਿੜਾਇੰਦਾ । ਸ਼ਬਦੀ ਮੇਲਾ ਵਿਚ ਜਹਾਨ, ਹਰਿਜਨ ਰੂਪ ਵਖਾਇੰਦਾ । ਹਰਿ ਭਗਤ ਕਰ ਪਰਵਾਨ, ਆਪ ਆਪਣੇ ਅੰਗ ਲਗਾਇੰਦਾ । ਹਰਿ ਸੰਤ ਸਤਿ ਨਿਸ਼ਾਨ, ਸਤਿ ਦੁਆਰੇ ਆਪ ਉਠਾਇੰਦਾ । ਗੁਰਮੁਖ ਵੇਖੇ ਚਤੁਰ ਸੁਜਾਨ, ਸੁਘੜ ਆਪਣਾ ਬੰਧਨ ਪਾਇੰਦਾ । ਗੁਰਸਿਖ ਲੇਖਾ ਮੁਕੇ ਆਣ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕਰ ਪਰਕਾਸ਼ ਉਚ ਮਕਾਨ, ਦੀਆ ਬਾਤੀ ਕਮਲਾਪਾਤੀ ਆਪ ਜਗਾਇੰਦਾ । ਸਾਚਾ ਸਾਥੀ ਬਣੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਲਿਖਤ ਵਿਚ ਨਾ ਆਇੰਦਾ ।



## ✳ ੧੦ ਜੇਠ ੨੦੧੯ ਬਿਕਰਮੀ ਸਦਰੋ ਦੇਵੀ ਪਿੰਡ ਦੁਮਾਣਾ ਜੰਮੂ ✳



ਆਦਿ ਜੁਗਾਦਿ ਸਤਿ ਭੰਡਾਰਾ, ਹਰਿ ਹਰਿ ਰਾਮ ਨਾਮ ਵਰਤਾਇੰਦਾ । ਜੁਗਾ ਜੁਗੰਤਰ ਖੋਲ੍ਹ ਦੁਆਰਾ, ਗੁਰ ਅਵਤਾਰ ਸੇਵ ਲਗਾਇੰਦਾ । ਆਤਮ ਪਰਮਾਤਮ ਦੇ ਸਹਾਰਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਲੇਖਾ ਜਾਣੇ ਅਗੰਮ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਉਪਾਇੰਦਾ । ਸਾਚਾ ਨਾਮ ਏਕੰਕਾਰ, ਓਅੰ ਆਪਣਾ ਰੂਪ ਜਣਾਈਆ । ਕਰੇ ਖੇਲ ਅਪਰ ਅਪਾਰ, ਪਾਰਬ੍ਰਹਮ ਵਡੀ ਵਡਿਆਈਆ । ਲੱਖ ਚੁਰਾਸੀ ਦਏ ਆਧਾਰ, ਜੀਵ ਜੰਤ ਸਮਝਾਈਆ । ਸ਼ਬਦ ਅਨਾਦੀ ਇਕ ਧੁਨਕਾਰ, ਨਾਦ ਅਨਾਦੀ ਆਪ ਅਲਾਈਆ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਆਦਿ ਜੁਗਾਦੀ ਵਡ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਵਡਿਆਈਆ । ਏਕਾ ਨਾਉਂ ਹਰਿ ਨਿਰੰਕਾਰ, ਨਰ ਹਰਿ ਨਰਾਇਣ ਆਪ ਪਰਗਟਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰ, ਪਰਮ ਪੁਰਖ ਝੋਲੀ ਪਾਇੰਦਾ । ਕਾਇਆ ਮੰਦਰ ਖੋਲ੍ਹ ਕਿਵਾੜ, ਗ੍ਰਿਹਿ ਸਾਚੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਖਾਇੰਦਾ । ਸਾਚਾ ਨਾਮ ਬਿਨ ਰੂਪ ਰੰਗ, ਰੰਗ ਰੰਗੀਲਾ ਆਪ ਜਣਾਈਆ । ਕਰੇ ਖੇਲ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਵਡ ਵਡਿਆਈਆ । ਘਟ ਘਟ ਵਜਾਏ ਮਰਦੰਗ, ਮਰਦ ਮਰਦਾਨਾ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਇਕ ਅਨੰਦ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪ ਵਖਾਈਆ । ਜਨਮ ਜਨਮ ਦੀ ਟੁੱਟੀ ਗੰਢ, ਹਰਿ ਭਗਤ ਲਏ ਪਰਗਟਾਈਆ । ਗੀਤ ਸੁਹਾਗ ਸੁਣਾਏ ਛੰਦ, ਅੱਖਰ

੧੪੩ ੧੨

ਰਾਮ ਨਾਮ ਪੜ੍ਹਾਈਆ । ਜਗਤ ਵਿਕਾਰਾ ਖੰਡ ਖੰਡ, ਕੂੜੀ ਕਿਰਿਆ ਦਏ ਮਿਟਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨਿਰਮਲ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਨਾਮ ਇਕ ਸਮਝਾਈਆ । ਰਾਮ ਨਾਮ ਗੁਰੂ ਗੁਰਦੇਵ, ਦੇਵ ਆਤਮਾ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਸਾਚੀ ਸੇਵ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਗਾਇਣ ਗੀਤ ਰਸਨਾ ਜੇਹਵ, ਮੰਦਰ ਮਸੀਤ ਸ਼ਿਵਦੁਆਲਾ ਮੱਠ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਹਰ ਘਟ ਆਪ ਧਰਾਇੰਦਾ । ਘਟ ਘਟ ਅੰਦਰ ਹਰਿ ਹਰਿ ਰਾਮ, ਰਮੱਯਾ ਆਪਣਾ ਰੂਪ ਵਖਾਈਆ । ਜਨ ਭਗਤਾਂ ਕਰੇ ਪੂਰਨ ਕਾਮ, ਪੂਰਨ ਇਛਿਆ ਆਪ ਕਰਾਈਆ । ਅੰਮ੍ਰਿਤ ਆਤਮ ਪਿਆਏ ਜਾਮ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਅੰਧ ਅੰਧੇਰ ਮਿਟਾਏ ਅੰਧੇਰੀ ਸ਼ਾਮ, ਨਿਰਗੁਣ ਸਾਚਾ ਚੰਦ ਚੜ੍ਹਾਈਆ । ਏਕਾ ਜੋਤ ਕਰੇ ਪਰਕਾਸ਼ ਕੋਟਨ ਭਾਨ, ਰਵ ਸਸ ਮੁਖ ਸ਼ਰਮਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਈਆ । ਏਕਾ ਸੁਣਾਏ ਸ਼ਬਦ ਧੁਨਕਾਨ, ਅਨਾਦੀ ਧੁਨ ਆਪ ਉਪਜਾਈਆ । ਗੁਰਮੁਖ ਸੱਜਣ ਬਹਿ ਬਹਿ ਗਾਣ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਕਾਇਆ ਮੰਦਰ ਸਚ ਮਕਾਨ, ਹਰਿ ਜੂ ਠਾਕਰ ਬੈਠਾ ਆਸਣ ਲਾਈਆ । ਦਿਵਸ ਰੈਣ ਰੈਣ ਦਿਵਸ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਈਆ । ਜਿਸ ਜਨ ਦੇਵੇ ਆਪਣਾ ਨਾਮ, ਸਚ ਪੈਗ਼ਾਮ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਰਾਮ ਏਕਾ ਨਾਮ ਨਾਮ ਸਮਝਾਈਆ । ਰਾਮ ਨਾਮ ਇਕੋ ਰੰਗ, ਦੂਸਰ ਵੇਸ ਨਾ ਕੋਇ ਵਟਾਇੰਦਾ । ਇਕੋ ਸੇਜ ਇਕ ਪਲੰਘ, ਏਕਾ ਆਸਣ ਲਾਇੰਦਾ । ਇਕ ਮਰਦਾਨਾ ਇਕ ਮਰਦੰਗ, ਏਕਾ ਨੌਬਤ ਆਪ ਵਜਾਇੰਦਾ । ਏਕਾ ਦੂਈ ਦਵੈਤ ਭਰਮਾਂ ਢਾਹੇ ਝੂਠੀ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਇਕ ਵਖਾਏ ਪਰਮਾਨੰਦ, ਨਿਜ ਆਤਮ ਰਸ ਚਖਾਇੰਦਾ । ਇਕ ਮਿਟਾਏ ਕਾਮ ਕਰੋਧ ਲੋਭ ਮੋਹ ਹੰਕਾਰ ਝੂਠਾ ਗੰਦ, ਸਚ ਸੁਚ ਇਕ ਦ੍ਰਿੜ੍ਹਾਇੰਦਾ । ਇਕ ਭਗਤ ਭਗਵਾਨ ਪਾਏ ਆਤਮ ਠੰਡ, ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਕਾਇਆ ਗੋਲਕ ਸਾਚਾ ਮੰਦਰ, ਹਰਿ ਜੂ ਹਰਿ ਹਰਿ ਆਪ ਬਣਾਇਆ । ਜਨ ਭਗਤਾਂ ਵਖਾਏ ਅੰਦਰੇ ਅੰਦਰ, ਦੂਸਰ ਨਜ਼ਰ ਕਿਸੇ ਨਾ ਆਇਆ । ਲੱਖ ਚੁਰਾਸੀ ਮਨ ਵਾਸਨਾ ਭੌਂਦੀ ਬੰਦਰ, ਮਨ ਕਾ ਮਣਕਾ ਨਾ ਕੋਇ ਭੁਵਾਇਆ । ਸਾਢੇ ਤਿੰਨ ਹੱਥ ਵਸੇ ਖੰਡਰ, ਮਹੱਲ ਅਟੱਲ ਨਾ ਕੋਇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਹਰ ਘਟ ਆਪ ਛੁਪਾਇਆ । ਘਟ ਘਟ ਅੰਦਰ ਹਰਿ ਕਾ ਨਾਉਂ, ਹਰਿ ਜੂ ਹਰਿ ਹਰਿ ਆਪ ਟਿਕਾਈਆ । ਗੁਰਮੁਖਾਂ ਵਖਾਏ ਫੜ ਫੜ ਬਾਹੋਂ, ਨਿਜ ਨੇਤਰ ਨੈਣ ਖੁਲ੍ਹਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮੇਲ ਮਿਲਾਏ ਅਗੰਮ ਅਥਾਹੋਂ, ਬੇਪਰਵਾਹੋ ਵਡ ਵਡਿਆਈਆ । ਲੇਖਾ ਜਾਣੇ ਪਿਤਾ ਮਾਉਂ, ਬਾਲਕ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਏਕਾ ਰਾਮ ਨਾਮ ਸਮਝਾਈਆ । ਏਕਾ ਰਾਮ ਨਾਮ ਵਡ ਵੱਡਾ ਗੁਣ, ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਸਰਵਣ ਰਹੀ ਸੁਣ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਆਤਮ ਉਪਜੇ ਨਾ ਕੋਈ ਧੁਨ, ਰਸਨਾ ਜਿਹਵਾ ਰਾਗ ਸਰਬ ਅਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਭਗਤ ਭਗਵੰਤ ਸਾਚੇ ਸੰਤ ਜੁਗਾ ਜੁਗੰਤਰ ਲਏ ਚੁਣ, ਨੌਂ

ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਆਪਣੀ ਦਇਆ ਕਮਾਇੰਦਾ । ਦਇਆ ਕਮਾਏ ਠਾਕਰ ਸਵਾਮੀ, ਨਿਰਧਨ ਸਰਧਨ ਦੇਵੇ ਵਡਿਆਈਆ । ਗ਼ਰੀਬ ਨਿਮਾਣਾ ਅੰਤਰਜਾਮੀ, ਨਿਰਧਨ ਆਪਣਾ ਰੂਪ ਵਟਾਈਆ । ਸ਼ਬਦ ਅਗੰਮੀ ਇਕੋ ਬਾਣੀ, ਭਗਤ ਭਗਵੰਤ ਆਪ ਸੁਣਾਈਆ । ਸੀਤਾ ਸੁਰਤੀ ਰਾਮ ਕਹਾਣੀ, ਗੋਪੀ ਕਾਹਨ ਬੰਸਰੀ ਨਾਮ ਵਜਾਈਆ । ਸਾਚੀ ਨੱਯਾ ਖੇਲ ਮਹਾਨੀ, ਸਾਚਾ ਸੱਯਾ ਆਪ ਵਖਾਈਆ । ਅੰਮ੍ਰਿਤ ਜਲ ਠੰਡਾ ਪਾਣੀ, ਘਰ ਸਾਗਰ ਦਏ ਪਰਗਟਾਈਆ । ਮੇਲ ਮਿਲਾਵਾ ਹਾਣੀਉਂ ਹਾਣੀ, ਹਰਿ ਜੂ ਆਪਣੀ ਬਣਤ ਬਣਾਈਆ । ਰਾਮ ਨਾਮ ਅਕੱਥ ਕਹਾਣੀ, ਬਿਨ ਹਰਿ ਭਗਤ ਹੱਥ ਕਿਸੇ ਨਾ ਆਈਆ । ਭਰਮੇ ਭੁੱਲੀ ਚਾਰ ਖਾਣੀ, ਜੇਰਜ ਅੰਡ ਉਤਭੁਜ ਸੇਤਜ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਮ ਨਾਮ ਜਨ ਭਗਤਾਂ ਝੋਲੀ ਆਪ ਭਰਾਈਆ । ਰਾਮ ਨਾਮ ਝੋਲੀ ਭਰ, ਭੈ ਭਿਆਨਕ ਆਪ ਆਪ ਧਰਾਇੰਦਾ । ਨਿਰਭੌ ਚੁਕਾਏ ਝੂਠਾ ਡਰ, ਸਿਰ ਆਪਣਾ ਹੱਥ ਟਿਕਾਇੰਦਾ । ਹਰਿਜਨ ਇਕੋ ਅੱਖਰ ਲਏ ਪੜ੍ਹ, ਚੌਦਾਂ ਵਿਦਿਆ ਮਾਣ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦੇਵੇ ਇਕੋ ਦਾਨ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਮੰਤਰ ਨਮੋ ਜਪ, ਵਾਸਤਕ ਸਾਚੀ ਬੂਝ ਬੁਝਾਈਆ । ਤ੍ਰੈਗੁਣ ਮਮਤਾ ਤੋੜੇ ਤਪ, ਅਗਨੀ ਤਤ ਦਏ ਗਵਾਈਆ । ਇਕ ਵਖਾਏ ਸਾਚਾ ਹੱਟ, ਚੌਦਾਂ ਲੋਕ ਹੱਟ ਵਿਚ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਏਕਾ ਮੰਤਰ ਰਹੇ ਰਟ, ਏਕਾ ਨਾਮ ਰਸਨਾ ਜਿਹਵਾ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪ ਚਲਾਏ ਆਪਣਾ ਮੰਤਰ, ਮੰਤਰ ਨਾਮ ਆਪ ਪੜ੍ਹਾਈਆ । ਨਾਮ ਮੰਤਰ ਹਰਿਜਨ ਪੜ੍ਹ, ਆਤਮ ਪਰਮਾਤਮ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਧਰਾਇੰਦਾ । ਰਾਮ ਰਮੱਯਾ ਨਰਾਇਣ ਨਰ, ਨਰ ਹਰਿ ਆਪਣਾ ਖੇਲ ਕਰਾਇੰਦਾ । ਡੁੱਬਦੇ ਪੱਥਰ ਜਾਇਣ ਤਰ, ਜਿਸ ਜਨ ਆਪਣਾ ਚਰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਲਏ ਫੜ, ਫੜ ਫੜ ਆਪਣੀ ਗੰਢ ਪੁਵਾਇੰਦਾ ।

### ✳ ੧੦ ਜੇਠ ੨੦੧੯ ਬਿਕਰਮੀ ਕਰਮ ਦੇਈ ਦੇ ਗ੍ਰਿਹਿ ਕਰੰਘੀਲ ਜੰਮੂ ✳

ਰਾਮ ਭਗਤ ਰਾਮ ਭਗਤ, ਰਾਮ ਰਾਮ ਰਾਮ ਵਡਿਆਈਆ । ਰਾਮ ਨੂਰ ਰਾਮ ਸ਼ਕਤ, ਬੇਅੰਤ ਬੇਪਰਵਾਹੀਆ । ਰਾਮ ਬੂੰਦ ਰਾਮ ਰਕਤ, ਰਾਮ ਹਰ ਘਟ ਰਿਹਾ ਸਮਾਈਆ । ਰਾਮ ਨਿਰਗੁਣ ਰਾਮ ਸਰਗੁਣ ਜਗਤ, ਅਜੂਨੀ ਜੂਨ ਰਾਮ ਖੇਲ ਖਲਾਈਆ । ਰਾਮ ਆਦਿ ਜੁਗਾਦਿ ਜੁਗ ਜੁਗ ਹੋਏ ਪਰਗਟ, ਦਰ ਦਰ ਘਰ ਘਰ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੂਰ ਨੂਰ ਵਖਾਈਆ । ਨੂਰ ਰਾਮ ਰਾਮ ਨਾਮ, ਨਾਮ ਨਾਮਾ ਹਰਿ ਜਣਾਇੰਦਾ । ਆਦਿ ਜੁਗਾਦੀ ਇਕੋ ਬਾਣ, ਏਕੰਕਾਰਾ ਆਪ ਉਠਾਇੰਦਾ । ਜੁਗਾ ਜੁਗੰਤਰ ਦੋ ਜਹਾਨ, ਦੋਏ ਦੋਏ ਰੂਪ ਵੇਖ ਵਖਾਇੰਦਾ । ਸ਼ਬਦੀ ਜੋਤੀ ਹੋ ਪਰਧਾਨ, ਜੋਤੀ ਜਾਤਾ ਵੇਸ ਵਟਾਇੰਦਾ । ਨਾਉਂ ਰੱਖ ਗੋਪੀ ਕਾਹਨ, ਆਤਮ

ਪਰਮਾਤਮ ਬੰਧਨ ਪਾਇੰਦਾ । ਗ੍ਰਹਿ ਬੰਸਰੀ ਨਾਮ ਧੁਨਕਾਨ, ਘਟ ਮੰਦਰ ਆਪ ਵਜਾਇੰਦਾ । ਕਰੇ ਖੇਲ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਦਿ ਅੰਤ ਜੁਗਾ ਜੁਗੰਤ, ਜੁਗ ਜੁਗ ਆਪਣੇ ਰੰਗ ਰੰਗਾਇੰਦਾ । ਰਾਮ ਭਗਤ ਜੁਗਤ ਧਾਰ, ਜਗ ਜੀਵਣ ਆਪਣੇ ਹੱਥ ਰਖਾਈਆ । ਏਥੇ ਓਥੇ ਵੇਖੇ ਵਿਗਸੇ ਕਰੇ ਵਿਚਾਰ, ਪਾਰਬ੍ਰਹਮ ਬੇਅੰਤ ਬੇਪਰਵਾਹ ਵਡ ਵਡਿਆਈਆ । ਕਾਦਰ ਕੁਦਰਤ ਖ਼ਾਲਕ ਖ਼ਲਕ ਪਾਵੇ ਸਾਰ, ਮਖ਼ਲੂਕ ਆਪਣੇ ਰੰਗ ਰੰਗਾਈਆ । ਸਾਲਸ ਬਣ ਆਪ ਨਿਰੰਕਾਰ, ਹੱਕ ਹਕ਼ੀਕ਼ਤ ਵੇਖੇ ਸਾਂਝਾ ਯਾਰ, ਲਾਸ਼ਰੀਕ ਨੂਰ ਖ਼ੁਦਾਈਆ । ਦਰ ਬਦਰ ਫਿਰੇ ਵਾਰੋ ਵਾਰ, ਬਣ ਦਰਵੇਸ਼ ਪਰਵਰਦਿਗਾਰ ਏਕਾ ਅਲਫ਼ੀ ਤਨ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਵਿਚ ਸੰਸਾਰ, ਜਨ ਜਨਨੀ ਰੂਪ ਵਟਾਈਆ । ਜਨ ਜਨਨੀ ਪਾਰਬ੍ਰਹਮ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸ਼ਬਦੀ ਧਾਰਾ ਆਪੇ ਜੰਮ, ਆਪ ਆਪਣੀ ਗੋਦ ਸੁਹਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਸਤਿ ਸਤਿਵਾਦੀ ਬੇੜਾ ਬੰਨ੍ਹ, ਅਵਣ ਗਵਣ ਪਾਰ ਵਖਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਏਕਾ ਰਾਗ ਸੁਣਾਏ ਕੰਨ, ਰਾਗ ਰਾਗਾਂ ਮੂਲ ਚੁਕਾਇੰਦਾ । ਭਾਂਡਾ ਭਰਮ ਭੌ ਗੜ੍ਹ ਹੰਕਾਰੀ ਤੋੜ ਗ੍ਰਹਿ ਮੰਦਰ ਵਖਾਏ ਏਕਾ ਪਰਕਾਸ਼ ਸਾਚਾ ਚੰਨ, ਸੂਰਜ ਚੰਦ ਮੁਖ ਸ਼ਰਮਾਇੰਦਾ । ਭਗਤ ਭਗਵਾਨ ਘਰ ਜਾਏ ਮੰਨ, ਮੰਨ ਮਨਸਾ ਪੂਰ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਜ਼ਰ ਨਾ ਆਏ ਨੇਤਰ ਅੰਨ੍ਹ, ਗਿਆਨ ਨੇਤਰ ਗੁਰਮੁਖਾਂ ਆਪ ਖੁਲ੍ਹਾਇੰਦਾ ।



## ✳ ੧੦ ਜੇਠ ੨੦੧੯ ਬਿਕਰਮੀ ਤੇਜ ਭਾਨ ਦੇ ਗ੍ਰਹਿ ਸ਼ੇਖ਼ਸਰ ਜੰਮੂ ✳

ਸਾਚੇ ਤਖ਼ਤ ਹਰਿ ਜੂ ਚੜ੍ਹਦਾ, ਸਚਖੰਡ ਨਿਵਾਸੀ ਆਸਣ ਲਾਈਆ । ਆਪਣੀ ਕਰਨੀ ਕਰਤਾ ਪੁਰਖ ਆਪੇ ਕਰਦਾ, ਦੂਸਰ ਸੰਗ ਨਾ ਕੋਇ ਰਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਦੋ ਜਹਾਨ ਦਾ, ਲੋਕ ਪਰਲੋਕ ਵੇਖ ਵਖਾਈਆ । ਸਤਿ ਸੰਦੇਸ਼ ਨਰ ਨਰੇਸ਼ ਸ੍ਰੀ ਭਗਵਾਨ ਸ਼ਬਦ ਅਗੰਮੀ ਆਇਆ ਘੱਲਦਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਅੰਮ੍ਰਿਤ ਰਸ ਚਰਨ ਕਵਲ ਪੀ ਪੀ ਪਲਦਾ, ਅਨਭਵ ਆਪਣੀ ਧਾਰ ਚਲਾਈਆ । ਦੀਪਕ ਪਰਕਾਸ਼ ਬਿਨ ਬਾਤੀ ਤੇਲ ਬਲਦਾ, ਸਚਖੰਡ ਨਿਵਾਸੀ ਘਰ ਘਰ ਕਰੇ ਰੁਸ਼ਨਾਈਆ । ਅਗਨੀ ਹਵਨ ਤ੍ਰੈਭਵਨ ਕਦੇ ਨਾ ਸੜਦਾ, ਜਨਮ ਮਰਨ ਵਿਚ ਕਦੇ ਨਾ ਆਈਆ । ਭਗਤ ਭਗਵੰਤ ਸੰਤ ਸੁਹੇਲੇ ਆਪੇ ਫੜਦਾ, ਆਤਮ ਪਰਮਾਤਮ ਜੋੜ ਜੁੜਾਈਆ । ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਘਾੜਨ ਘੜਦਾ, ਭੰਨਣਹਾਰ ਆਪਣੇ ਹੱਥ ਰੱਖੇ ਵਡਿਆਈਆ । ਰੂਪ ਧਰੇ ਨਰ ਹਰਿ ਨਰਾਇਣ ਹਰਿ ਦਾ, ਨਾਰੀ ਕੰਤ ਆਪ ਅਖਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣੇ ਬਰਦਾ, ਬਣ ਸੇਵਕ ਸੇਵ ਕਮਾਈਆ । ਨਿਸ਼ਅੱਖਰ ਸਾਚੇ ਮੰਦਰ ਬਹਿ ਬਹਿ ਆਪੇ ਪੜ੍ਹਦਾ, ਅੱਖਸ਼ਰ ਮਾਤਲੋਕ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਸਣ ਲਾਈਆ । ਸਾਚੇ ਤਖ਼ਤ ਹਰਿ ਸੁਲਤਾਨ, ਤਖ਼ਤ ਨਿਵਾਸੀ ਆਸਣ ਲਾਇੰਦਾ । ਦੋ ਜਹਾਨਾਂ ਭੂਪ ਰਾਜਾਨ, ਭੂਪਤ ਭੂਪ ਖੇਲ ਕਰਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸ਼ਾ ਆਦਿ ਜੁਗਾਦਿ ਸੁਣਾਇੰਦਾ । ਜੁਗ ਚੌਕੜੀ ਵੇਖੇ ਮਾਰ ਧਿਆਨ, ਰੂਪ ਅਨੂਪ ਆਪ ਵਟਾਇੰਦਾ । ਨਿਰਗੁਣ

ਸਰਗੁਣ ਦੇ ਗਿਆਨ, ਬੋਧ ਅਗਾਧ ਆਪ ਜਣਾਇੰਦਾ । ਸਾਚੀ ਰੀਤੀ ਵਿਚ ਜਹਾਨ, ਜਗ ਜੀਵਣਦਾਤਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਾਚਾ ਖੇਲ ਹਰਿ ਨਿਰੰਕਾਰ, ਆਦਿ ਜੁਗਾਦਿ ਜਣਾਈਆ । ਜੁਗ ਚੌਕੜੀ ਕਰ ਕਰ ਪਾਰ, ਲੇਖਾ ਲਹਿਣਾ ਦਏ ਮੁਕਾਈਆ । ਸੇਵਾ ਲਾ ਗੁਰ ਅਵਤਾਰ, ਹੁਕਮੀ ਹੁਕਮ ਆਪ ਸੁਣਾਈਆ । ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਬੇਖ਼ਬਰ ਆਪ ਜਗਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਣਹਾਰਾ ਵਾਰੋ ਵਾਰ, ਵਾਰ ਥਿਤ ਨਾ ਕੋਇ ਵਖਾਈਆ । ਸਤਿ ਸੰਦੇਸ਼ਾ ਦੇਵਣਹਾਰਾ ਅੰਤਮ ਵਾਰ, ਆਦਿ ਪੁਰਖ ਆਦਿ ਆਦਿ ਕਰੇ ਜਣਾਈਆ । ਸਾਚੇ ਸੁਤ ਦੇ ਆਧਾਰ, ਸ਼ਬਦੀ ਸ਼ਬਦੀ ਬੂਝ ਬੁਝਾਈਆ । ਕਲਜੁਗ ਅੰਤਮ ਹੋਏ ਤਿਆਰ, ਤ੍ਰੈਗੁਣ ਅਤੀਤਾ ਆਪਣਾ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਈਆ । ਖੇਲੇ ਖੇਲ ਪੁਰਖ ਅਕਾਲ, ਅਕਲ ਕਲ ਭੇਵ ਨਾ ਆਇੰਦਾ । ਸ਼ਬਦ ਸਰੂਪੀ ਬਣ ਦਲਾਲ, ਦੋ ਜਹਾਨਾਂ ਵੇਖ ਵਖਾਇੰਦਾ । ਲੇਖਾ ਜਾਣੇ ਕਾਲ ਮਹਾਕਾਲ, ਭੇਵ ਅਭੇਦ ਆਪ ਜਣਾਇੰਦਾ । ਲੱਖ ਚੁਰਾਸੀ ਫੁੱਲ ਫੁਲਵਾੜੀ ਵੇਖੇ ਪਤ ਡਾਲ੍ਹ, ਚਾਰੋਂ ਕੁੰਟ ਫੇਰਾ ਪਾਇੰਦਾ । ਜੁਗਾ ਜੁਗੰਤਰ ਭਗਤ ਭਗਵੰਤ ਸਾਚੀ ਘਾਲਣ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਗੁਰਮੁਖ ਗੁਰਸਿਖ ਹਰਿਜਨ ਵੇਖੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਸਦਾ ਸੁਹੇਲਾ ਇਕ ਇਕੇਲਾ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਧਾਰ ਆਪ ਬੰਧਾਇੰਦਾ । ਸਾਚੀ ਧਾਰਾ ਹੱਥ ਨਿਰੰਕਾਰ, ਨਿਰਗੁਣ ਆਪਣਾ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਇਕ ਸਮਝਾਈਆ । ਜੁਗ ਚੌਕੜੀ ਕਰ ਵਿਚਾਰ, ਆਪ ਆਪਣਾ ਬੰਧਨ ਪਾਈਆ । ਅੰਤਮ ਲਹਿਣਾ ਦੇਣਾ ਦਏ ਕਰਜ਼ ਉਤਾਰ, ਸਭ ਦਾ ਲੇਖਾ ਆਪ ਮੁਕਾਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਦੇਵਣਹਾਰਾ ਏਕਾ ਵਾਰ, ਇਕ ਇਕੱਲਾ ਆਪ ਸੁਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸੁਣਾਈਆ । ਸਚ ਸੁਨੇਹੁੜਾ ਦੇਵਣਹਾਰ, ਹਰਿ ਜੂ ਆਪਣਾ ਹੁਕਮ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੋਇਆ ਕੋਇ ਨਜ਼ਰ ਨਾ ਆਇੰਦਾ । ਜਗਤ ਅਵੱਲੜੀ ਚਲੇ ਚਾਲ, ਜੁਗ ਚੌਕੜੀ ਪੰਧ ਮੁਕਾਇੰਦਾ । ਗੁਰਮੁਖ ਸੱਜਣ ਗੁਰ ਗੁਰ ਭਾਲ, ਹਰਿ ਹਰਿ ਮੇਲਾ ਆਪ ਕਰਾਇੰਦਾ । ਏਥੇ ਓਥੇ ਦੋ ਜਹਾਨ ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਨਿਰਧਨ ਸਰਧਨ ਦੇਵੇ ਮਾਣ, ਮਾਣ ਨਿਮਾਣਿਆਂ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ, ਭਗਤਨ ਆਪਣੇ ਰੰਗ ਰੰਗਾਇੰਦਾ । ਭਗਤਨ ਰੰਗ ਰੰਗ ਚਲੂਲ, ਕਾਇਆ ਚੋਲਾ ਆਪ ਰੰਗਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਦਾ ਸੁਹੇਲਾ ਨਾ ਜਾਏ ਭੂਲ, ਅਭੁੱਲ ਬੇਅੰਤ ਬੇਪਰਵਾਹੀਆ । ਗੁਰਮੁਖ ਬਣਾਏ ਉਪਜਾਏ ਆਪਣੀ ਕੁਲ, ਕੁਲਵੰਤਾ ਆਪਣਾ ਨਾਉਂ ਆਪ ਪਰਗਟਾਈਆ । ਸਦਾ ਸੁਹੇਲਾ ਆਪੇ ਹੋਏ ਸੁਲਾਹਕੁਲ, ਹੁਕਮੀ ਹੁਕਮ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਈਆ । ਏਥੇ ਓਥੇ ਦੋ ਜਹਾਨ ਰਹੇ ਅਡੋਲ, ਨਾ ਡੋਲੇ ਨਾ ਕੋਇ ਡੁਲਾਈਆ । ਸਾਚੀ ਵਸਤ ਹਰਿ ਰੱਖੇ ਕੋਲ, ਗੁਰ


੧੪੬
੧੨

ਅਵਤਾਰ ਪੀਰ ਪੈਗ਼ੰਬਰ ਆਪ ਵਰਤਾਈਆ । ਦਰਗਹਿ ਸਾਚੀ ਸਚਖੰਡ ਦੁਆਰਾ ਆਪੇ ਖੋਲ੍ਹ, ਥਿਰ ਘਰ ਆਪਣਾ ਹੱਟ ਚਲਾਈਆ । ਨਾਮ ਧਾਰਨ ਏਕੰਕਾਰਾ ਬੋਲ, ਆਪਣਾ ਅੰਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਅਵਰ ਨਾ ਕੋਇ ਵਖਾਈਆ । ਦੂਸਰ ਅਵਰ ਨਾ ਕੋਇ ਪੇਖ, ਨਜ਼ਰ ਨੈਣ ਨੈਣ ਨਾ ਆਇੰਦਾ । ਪੁਰਖ ਅਬਿਨਾਸ਼ੀ ਨਿਰਗੁਣ ਸਰਗੁਣ ਵਟਾਏ ਭੇਖ, ਭੇਖ ਅਵੱਲੜਾ ਆਪ ਕਰਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਫੇਰਾ ਪਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਲੇਖਾ ਜਾਣੇ ਮੁੰਡ ਮੁੰਡਾਏ ਧਾਰੀ ਕੇਸ, ਧਰਨੀ ਧਰਤ ਧਵਲ ਆਪਣਾ ਚਰਨ ਟਿਕਾਇੰਦਾ । ਲੇਖਾ ਜਾਣੇ ਪੀਰ ਪੈਗ਼ੰਬਰ ਗੁਰ ਅਵਤਾਰ ਦਹਿ ਦਿਸ਼ਾ ਆਪੇ ਵੇਖ, ਸਾਚਾ ਹਿੱਸਾ ਆਪ ਵੰਡਾਇੰਦਾ । ਲਹਿਣਾ ਦੇਣ ਚੁਕਾਏ ਔਲੀਏ ਪੀਰ ਮੁਲਾਂ ਸ਼ੇਖ਼, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਸੰਤ ਸੁਹੇਲੇ ਭਗਤ ਭਗਵੰਤ ਗੁਰੂ ਗੁਰ ਚੇਲੇ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਦਰਸ ਦਿਖਾਏ ਨੇਤਨ ਨੇਤ, ਸਦਾ ਸਦ ਕਰੇ ਸਾਚਾ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪਣਾ ਆਸਣ ਲਾਇੰਦਾ । ਹਰਿ ਮੰਦਰ ਸੋਹੇ ਸਾਚਾ ਆਸਣ, ਹਰਿ ਜੂ ਹਰਿ ਹਰਿ ਆਪ ਲਗਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ਣ, ਸਾਚੇ ਤਖ਼ਤ ਸੋਭਾ ਪਾਈਆ । ਹੁਕਮੇ ਅੰਦਰ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਰਵ ਸਸ ਸੂਰਜ ਚੰਦ ਰਿਹਾ ਭੁਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਕਰਾਏ ਦਾਸੀ ਦਾਸਨ, ਸੇਵਕ ਸੇਵਾਦਾਰ ਸਾਚੀ ਸੇਵ ਇਕ ਸਮਝਾਈਆ । ਘਟ ਘਟ ਅੰਦਰ ਨੂਰ ਕਰ ਪਰਕਾਸ਼, ਜੋਤੀ ਜੋਤ ਡਗਮਗਾਈਆ । ਸ਼ਬਦ ਅਨਾਦ ਧੁਨ ਅਨਹਦ ਵਾਜਣ, ਘਰ ਮੰਦਰ ਆਪ ਸੁਣਾਈਆ । ਕਰੇ ਖੇਲ ਗ਼ਰੀਬ ਨਿਵਾਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਈਆ । ਸਚ ਦੁਆਰਾ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਇੰਦਾ । ਆਪਣੀ ਮਹਿਮਾ ਜਾਣੇ ਬੇਅੰਤ, ਭੇਵ ਅਭੇਦ ਨਾ ਕਿਸੇ ਖੁਲ੍ਹਾਇੰਦਾ । ਕਰੇ ਖੇਲ ਆਦਿ ਅੰਤ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਲੱਖ ਚੁਰਾਸੀ ਸਾਚਾ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਗੁਰਮੁਖ ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਭਗਤ ਭਗਵਾਨ ਆਪਣੇ ਰੰਗ ਰੰਗਾਇੰਦਾ । ਲਹਿਣਾ ਦੇਣਾ ਚੁਕਾਏ ਸਾਚੇ ਸੰਤ, ਸਤਿ ਸਤਿਵਾਦੀ ਫੇਰਾ ਪਾਇੰਦਾ । ਕਲਜੁਗ ਵੇਖੇ ਲੇਖਾ ਅੰਤਮ ਅੰਤ, ਅੰਤ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਧਰ ਆਪੇ ਕਲ, ਕਲਜੁਗ ਅੰਤਮ ਵੇਖ ਵਖਾਈਆ । ਨਵ ਨੌਂ ਚਾਰ ਅਛਲ ਅਛੱਲ, ਵਲ ਛਲ ਆਪਣੀ ਧਾਰ ਵਖਾਈਆ । ਸਚ ਸਿੰਘਾਸਣ ਬੈਠਾ ਮਲ, ਏਥੇ ਓਥੇ ਦੋ ਜਹਾਨ ਆਪਣਾ ਹੁਕਮ ਆਪ ਵਰਤਾਈਆ । ਆਪ ਪਰਗਟਾਏ ਆਪਣਾ ਬਲ, ਬਲਧਾਰੀ ਆਪ ਹੋ ਜਾਈਆ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਰਲ, ਸਰਗੁਣ ਸਰਗੁਣ ਲਏ ਉਠਾਈਆ । ਵਸਣਹਾਰਾ ਧਾਮ ਅਬਚਲ, ਅਬਚਲ ਨਗਰੀ ਇਕ ਵਖਾਈਆ । ਸੰਬਲ ਸੰਦੇਸਾ ਏਕਾ ਘੱਲ, ਸਚ ਸਚ ਦਏ ਪਰਗਟਾਈਆ । ਨਵ ਨੌਂ ਖੰਡ ਪ੍ਰਿਥਮੀ ਜਾਏ ਹੱਲ, ਧੌਲ ਧਰਮ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਬਿਨ ਹੁਕਮੇ ਆਪ ਵਰਤਾਈਆ ।

## ✳ ੧੧ ਜੇਠ ੨੦੧੯ ਬਿਕਰਮੀ ਸ਼ਿਵ ਸਿੰਘ ਦੇ ਗ੍ਰਿਹ ਸ਼ੇਖ਼ਸਰ ਜੰਮੂ ✳

ਭਗਵਨ ਰੂਪ ਆਇਆ ਭਗਵਾਨ, ਗ੍ਰਿਹਿ ਭਗਤਾਂ ਭਾਗ ਲਗਾਇੰਦਾ । ਵਿਸ਼ਵ ਵਿਸ਼ਨੂੰ ਦੇਵਣ ਆਇਆ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਬ੍ਰਹਮਾ ਬ੍ਰਹਮ ਦੇਵੇ ਸਚ ਗਿਆਨ, ਆਪ ਆਪਣਾ ਭੇਵ ਖੁਲ੍ਹਾਇੰਦਾ । ਸ਼ੰਕਰ ਲਹਿਣਾ ਚੁਕਾਏ ਅੰਤ ਕਲਿਆਣ, ਕਲ ਆਪਣੀ ਆਪ ਰਖਾਇੰਦਾ । ਤ੍ਰੈਗੁਣ ਮੰਗੇ ਚਰਨ ਧਿਆਨ, ਨੇਤਰ ਨੈਣ ਨੈਣ ਸ਼ਰਮਾਇੰਦਾ । ਪੰਜ ਤਤ ਵੇਖੇ ਮਾਰ ਧਿਆਨ, ਕਵਣ ਦੁਆਰੇ ਹਰਿ ਜੂ ਸੋਭਾ ਪਾਇੰਦਾ । ਗੁਰ ਅਵਤਾਰ ਤੁਟਣ ਮਾਣ, ਅਭਿਮਾਣ ਨਜ਼ਰ ਕੋਇ ਨਾ ਆਇੰਦਾ । ਪੀਰ ਪੈਗ਼ੰਬਰ ਸਾਰੇ ਗਾਣ, ਗ਼ਫ਼ਲਤ ਵਿਚ ਕੋਇ ਰਹਿਣ ਨਾ ਪਾਇੰਦਾ । ਭਗਤ ਭਗਵਾਨ ਚਰਨ ਧੂੜ ਦੇਵੇ ਅਸ਼ਨਾਨ, ਤੀਰਥ ਤੱਟ ਇਕ ਵਖਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਖਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਵਸਣਹਾਰਾ ਸਚ ਮਕਾਨ, ਸਾਚੀ ਨਗਰੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਰੂਪ ਧਰਾਇੰਦਾ । ਆਪਣਾ ਰੂਪ ਭਗਵਨ ਰੱਖ, ਰੱਖਕ ਹਰਿ ਹਰਿ ਆਪ ਕਰਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਸਰਗੁਣ ਵੇਖੇ ਚਾਈਂ ਚਾਈਂਆ । ਸਤਿ ਸਤਿਵਾਦੀ ਬੋਲ ਅਲੱਖ, ਅਲੱਖ ਏਕਾ ਨਾਅਰਾ ਲਾਈਆ । ਹੰ ਬ੍ਰਹਮ ਮਾਰਗ ਦੱਸ, ਦਹਿ ਦਿਸ਼ਾ ਦਏ ਵਡਿਆਈਆ । ਭਗਤਨ ਅੰਤਰ ਆਪੇ ਵਸ, ਵਸਤੂ ਆਪਣੀ ਦਏ ਵਖਾਈਆ । ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਸੇਵ ਕਮਾਈਆ । ਜੁਗ ਚੌਕੜੀ ਗਵਾਉਂਦਾ ਰਿਹਾ ਆਪਣਾ ਜਸ, ਕਲਜੁਗ ਅੰਤਮ ਜਸ ਭਗਤਾਂ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਰੂਪ ਵਟਾਈਆ । ਭਗਵਨ ਰੂਪ ਅਗੰਮ ਅਪਾਰ, ਨਰ ਹਰਿ ਨਰਾਇਣ ਆਪ ਵਟਾਇੰਦਾ । ਭਗਤਨ ਵੇਖੇ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਤਖ਼ਤ ਨਿਵਾਸੀ ਹੋ ਉਜਿਆਰ, ਏਕਾ ਡੰਕਾ ਨਾਮ ਵਜਾਇੰਦਾ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨਜ਼ਰ ਨਾ ਆਇੰਦਾ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਧੁਰ ਫ਼ਰਮਾਣਾ ਏਕਾ ਵਾਰ, ਏਕੰਕਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਵੇਸ ਵਟਾਇੰਦਾ । ਵੇਸ ਅਵੱਲੜਾ ਏਕੰਕਾਰ, ਅਕਲ ਕਲਧਾਰੀ ਆਪ ਵਟਾਈਆ । ਭਗਤ ਵਛਲ ਹੋ ਤਿਆਰ, ਗਿਰਵਰ ਗਿਰਧਾਰ, ਦੀਨਨ ਆਪਣੀ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਨੇਤਰ ਨੈਣ ਜਾਗ ਖੁਲ੍ਹਾਈਆ । ਆਓ ਵੇਖੋ ਹਰਿ ਦੁਆਰ, ਹਰਿ ਜੂ ਬੈਠਾ ਆਸਣ ਲਾਈਆ । ਅੰਮ੍ਰਿਤ ਜਲ ਠੰਡਾ ਠਾਰ, ਚਰਨ ਕਵਲ ਕਵਲ ਰਖਾਈਆ । ਕੈਲਾਸ਼ ਤੇਰਾ ਵੇਖ ਪੁਲਾੜ, ਕਲ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲੇ ਘਰ ਸੱਚੇ ਸੱਚਾ ਸਾਈਂਆ । ਘਰ ਮੇਲਾ ਚਾਉ ਘਨੇਰਾ, ਗ੍ਰਿਹਿ ਮੰਦਰ ਵੱਜੇ ਵਧਾਈਆ । ਭਗਵਨ ਵਸੇ ਭਗਤਨ ਨੇਰਾ, ਨੇਰ ਨੇਰ ਆਪਣੀ ਦਇਆ ਕਮਾਈਆ । ਵਿਸ਼ਨੂੰ ਵੇਖੇ ਖੁਲ੍ਹਾ ਵੇਹੜਾ, ਵਾਹਵਾ ਵਡੀ ਵਡਿਆਈਆ । ਬ੍ਰਹਮਾ ਵੇਖੇ ਪਾਰਬ੍ਰਹਮ ਖੇੜਾ, ਕਵਣ ਘਾਟ ਬੈਠਾ ਆਸਣ ਲਾਈਆ । ਸ਼ੰਕਰ ਕਹੇ ਕਵਣ ਕਰੇ ਹੱਕ ਨਬੇੜਾ, ਆਦਿ ਜੁਗਾਦਿ ਹੁਕਮੀ ਹੁਕਮ ਵਰਤਾਈਆ । ਤ੍ਰੈਗੁਣ ਬੰਨ੍ਹਣਹਾਰਾ ਬੇੜਾ, ਆਪਣੀ ਗੰਢ ਵਖਾਈਆ ਕਲਜੁਗ ਅੰਤਮ ਨਿਰਗੁਣ ਜੋਤ ਨਾਉਂ ਰਖਾਏ ਸਿੰਘ ਸ਼ੇਰਾ, ਸ਼ਮਸ਼ੀਰ ਆਪਣਾ ਨਾਉਂ ਹੱਥ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰ ਕਰ ਖੇਲ ਅੰਤਮ ਆਪਣਾ

ਪਾਇਆ ਘੇਰਾ, ਬਾਹਰ ਨਿਕਲ ਕੋਇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਆਪਣਾ ਲਾ ਲਾ ਬੈਠੇ ਡੇਰਾ, ਧੂਣੀ ਜਗਤ ਖ਼ਾਕ ਰਮਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਵੇਖਣਹਾਰਾ ਹਰਿ ਭਗਵਾਨ, ਭਗਵਨ ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਜੀਵ ਜਹਾਨ, ਜੋਗ ਜੁਗਤ ਆਪ ਬਣਾਇੰਦਾ । ਦੇਵਣਹਾਰਾ ਜੀਆਂ ਦਾਨ, ਦਾਨੀ ਦਾਤਾ ਦਇਆ ਕਮਾਇੰਦਾ । ਕਰਨਹਾਰ ਅੰਤ ਕਲਿਆਣ, ਲੇਖਾ ਆਪਣੇ ਹੱਥ ਰਖਾਇੰਦਾ । ਭਗਤ ਭਗਵੰਤ ਕਰ ਪਰਵਾਨ, ਸਚ ਪਰਵਾਨਾ ਇਕ ਜਣਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹੰ ਬ੍ਰਹਮ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਾਲਾਹਿੰਦਾ । ਹਰਿਜਨ ਸਾਲਾਹੇ ਆਪ ਹਰਿ, ਵਡ ਵੱਡਾ ਵਡ ਵਡਿਆਈਆ । ਵਿਸ਼ਨੂੰ ਹੋ ਹੋ ਦੇਵੇ ਵਰ, ਘਰ ਘਰ ਫੇਰਾ ਪਾਈਆ । ਬ੍ਰਹਮਾ ਬ੍ਰਹਮ ਰੂਪ ਅੰਦਰ ਵੜ, ਆਪਣਾ ਪਰਦਾ ਦਏ ਚੁਕਾਈਆ । ਸ਼ੰਕਰ ਸੀਸ ਚਰਨਾਂ ਧਰ, ਨਿਉਂ ਨਿਉਂ ਸੀਸ ਝੁਕਾਈਆ । ਤ੍ਰੈਗੁਣ ਮਮਤਾ ਜਾਏ ਮਰ, ਮਰਨ ਜੀਵਣ ਆਪਣੇ ਹੱਥ ਰਖਾਈਆ । ਪੰਜ ਤਤ ਕਾਇਆ ਘਾੜਨ ਘੜਨ, ਘੜ ਘੜ ਭੰਨੇ ਬੇਪਰਵਾਹੀਆ । ਸਚ ਮਹੱਲੇ ਆਪੇ ਚੜ੍ਹ, ਸਾਚੇ ਤਖ਼ਤ ਸੋਭਾ ਪਾਈਆ । ਨਵ ਨੌਂ ਚਾਰ ਪਾਰ ਕਰ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਭਗਤਨ ਮੇਲਾ ਇਕੋ ਦਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਸਤਿ ਸਤਿਵਾਦੀ ਅੱਖਰ ਪੜ੍ਹ, ਆਤਮ ਪਰਮਾਤਮ ਕਰੇ ਪੜ੍ਹਾਈਆ । ਏਕਾ ਰੂਪ ਨਰਾਇਣ ਨਰ, ਨਰ ਨਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਭਗਵਨ ਆਪਣੀ ਗੋਦ ਸੁਹਾਈਆ । ਸਾਚੀ ਗੋਦ ਸੋਹਣ ਭਗਤ, ਹਰਿ ਭਗਵਨ ਆਪ ਉਠਾਇੰਦਾ । ਦੇਵੇ ਵਡਿਆਈ ਵਿਚ ਜਗਤ, ਜੀਵਣ ਜੁਗਤ ਆਪ ਜਣਾਇੰਦਾ । ਲੇਖੇ ਲਾਏ ਬੂੰਦ ਰਕਤ, ਰੱਤੀ ਰੱਤ ਰੱਤ ਸੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ ਮਿਲਾਇੰਦਾ । ਭਗਵਨ ਮੇਲਾ ਭਗਤ ਦੁਆਰ, ਨੌਂ ਖੰਡ ਪ੍ਰਿਥਮੀ ਰਹੀ ਕੁਰਲਾਈਆ । ਨਿਉਂ ਨਿਉਂ ਸਜਦਾ ਕਰੇ ਸਰਬ ਸੰਸਾਰ, ਖ਼ਾਲਕ ਖ਼ਲਕ ਨਜ਼ਰ ਨਾ ਆਈਆ । ਉਚੀ ਉਚੀ ਕੂਕ ਕਰਨ ਪੁਕਾਰ, ਰਸਨਾ ਜਿਹਵਾ ਰਹੀ ਕੁਰਲਾਈਆ । ਮੰਦਰ ਮੱਠ ਸ਼ਿਵਦੁਆਲਾ ਗੁਰੂਦੁਆਰ ਹੋਇਆ ਵਿਭਚਾਰ, ਵਿਭਚਾਰੀ ਆਪਣੀ ਧਾਰ ਨਾ ਕਿਸੇ ਜਣਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਸਰਗੁਣ ਅੰਤਰ ਲੇਖਾ ਆਪਣੇ ਹੱਥ ਰਖਾਈਆ । ਜੁਗ ਚੌਕੜੀ ਵੇਖਣਹਾਰਾ ਸਾਂਝਾ ਯਾਰ, ਸਗਲਾ ਸੰਗ ਆਪ ਰਖਾਈਆ । ਕਰਮ ਧਰਮ ਜਨਮ ਵਰਨ ਬਰਨ ਕਰੇ ਪਾਰ, ਸਾਚੀ ਸਰਨ ਆਪ ਸਮਝਾਈਆ । ਕਰਨੀ ਕਰਨ ਕਰਤਾ ਪੁਰਖ ਏਕੰਕਾਰ, ਕਲ ਆਪਣੀ ਆਪ ਵਰਤਾਈਆ । ਨਿਹਕਲੰਕ ਨਰ ਨਰਾਇਣ ਕਲਗੀਧਰ ਹੋ ਉਜਿਆਰ, ਧਰਨੀ ਧਰਤ ਧਵਲ ਦਏ ਵਡਿਆਈਆ । ਭਗਤ ਭਗਵੰਤ ਸਾਚੇ ਸੰਤ ਗੁਰਮੁਖ ਗੁਰਸਿਖ ਲਾਏ ਪਾਰ, ਪਾਰਬ੍ਰਹਮ ਬੇਪਰਵਾਹੀਆ । ਨਾਤਾ ਤੋੜ ਜਗਤ ਸੰਸਾਰ, ਸੰਸਾਰ ਸਾਗਰ ਕਰੇ ਪਾਰ, ਮੰਜਧਾਰ ਨਾ ਕੋਇ ਰੁੜ੍ਹਾਈਆ । ਜਨ ਭਗਤਾਂ ਕਰਨ ਆਏ ਆਪ ਦੀਦਾਰ, ਆਪਣਾ ਦੀਦਾਰ ਹੋਰ ਨਾ ਕਿਸੇ ਕਰਾਈਆ । ਲੱਖ ਚੁਰਾਸੀ ਨੇਤਰ ਰੋਵੇ ਜ਼ਾਰੋ ਜ਼ਾਰ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਹੋਏ ਨਾ ਕੋਇ ਸਹਾਈਆ । ਹੁਕਮੇ ਬੱਧੇ ਖਾਇਣ ਮਾਰ, ਹੁਕਮੀ ਹੁਕਮ ਆਪਣਾ ਹੁਕਮ ਰਿਹਾ ਵਰਤਾਈਆ । ਸਤਿ ਦੁਆਰੇ ਦਰ ਘਰ ਸਾਚੇ ਸਾਰੇ ਕਰਨ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤਨ ਵੇਖੇ ਚਾਈਂ ਚਾਈਂਆ । ਚਾਉ ਘਨੇਰਾ ਹਰਿ ਪ੍ਰਭ ਮੀਤ, ਏਕਾ ਏਕ ਰਖਾਇੰਦਾ । ਆਪੇ ਜਾਣੇ ਅਵੱਲੜੀ ਰੀਤ, ਭੇਵ ਕੋਇ ਨਾ ਪਾਇੰਦਾ । ਨਾਤਾ ਤੋੜ ਮੰਦਰ ਮਸੀਤ, ਗੁਰਮੁਖ ਅੰਦਰ ਡੇਰਾ ਲਾਇੰਦਾ । ਸਦਾ ਸੁਹੇਲਾ ਵਸੇ ਚੀਤ, ਵਿਛੜ ਕਦੇ ਨਾ ਜਾਇੰਦਾ । ਜਨ ਭਗਤਾਂ ਗਾਏ ਆਪੇ ਗੀਤ, ਆਪਣਾ ਗੀਤ ਭਗਤਾਂ ਆਪ ਸੁਣਾਇੰਦਾ । ਕਾਇਆ ਅੰਤਰ ਕਰੇ ਠਾਂਡੀ ਸੀਤ, ਜਗਤ ਬਸੰਤਰ ਆਪ ਬੁਝਾਇੰਦਾ । ਚਰਨ ਦੁਆਰਾ ਹਸਤ ਕੀਟ, ਕੀਟ ਹਸਤ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਭਗਤ ਵਡਿਆਏ ਨਰ ਹਰਿ, ਨਰਾਇਣ ਆਪਣੀ ਮਹਿਮਾ ਨਾ ਕਿਸੇ ਜਣਾਈਆ । ਬੇਅੰਤ ਬੇਅੰਤ ਬੇਅੰਤ ਸਾਰੇ ਕਹਿਣ, ਕਹਿ ਕਹਿ ਪੱਲੂ ਗਏ ਛੁਡਾਈਆ । ਨੇਤਰ ਪੇਖ ਸੁਫ਼ਨ ਸਖੋਪਤ ਜਾਗਰਤ ਤੁਰੀਆ ਨੈਣ ਨੈਣ ਮਿਲਾਈਆ । ਚਰਨ ਕਵਲ ਉਪਰ ਧਵਲ ਸਾਰੇ ਮੰਗਣ ਖ਼ਾਕ ਰੇਣ, ਮਸਤਕ ਟਿੱਕਾ ਧੂੜੀ ਲਾਈਆ । ਆਦਿ ਜੁਗਾਦਿ ਜੁਗ ਜੁਗ ਚੁਕਾਏ ਲਹਿਣ ਦੇਣ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਭਗਤ ਭਗਵੰਤ ਸਦਾ ਸੁਹੇਲਾ ਸਾਕ ਸੱਜਣ ਬਣੇ ਸੈਣ, ਸਗਲਾ ਸੰਗ ਆਪ ਨਿਭਾਈਆ । ਕਲਜੁਗ ਅੰਤਮ ਏਕਾ ਵਾਰ ਕਰ ਇਕੱਠੇ ਆਇਆ ਲੈਣ, ਅੱਗੇ ਪਿੱਛੇ ਕੋਇ ਰਹਿਣ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਰਸਨਾ ਕਹਿਣ, ਤਿਸ ਸਚਖੰਡ ਦੁਵਾਰੇ ਦਏ ਬਹਾਈਆ ।



### ✳ ੧੧ ਜੇਠ ੨੦੧੯ ਬਿਕਰਮੀ ਫ਼ਰੰਗੀ ਰਾਮ ਦੇ ਗ੍ਰਿਹ ਤੂਤਾਂ ਵਾਲੀ ਜੰਮੂ ✳

ਪੁਰਖ ਅਬਿਨਾਸ਼ੀ ਇਕ ਇਕੇਲਾ, ਅਕਲ ਕਲ ਆਪਣੀ ਖੇਲ ਕਰਾਇੰਦਾ । ਮੇਲ ਮਿਲਾਏ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਇੰਦਾ । ਭਗਤ ਭਗਵੰਤ ਸੱਜਣ ਸੁਹੇਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਸੰਤ ਸਾਜਣ ਜਾਣੇ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਗੁਰਮੁਖ ਗੁਰ ਗੁਰ ਮੇਲਣ ਮੇਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਗੁਰਸਿਖਾਂ ਚਾੜ੍ਹੇ ਸਾਚਾ ਤੇਲਾ, ਤ੍ਰੈਗੁਣ ਅਤੀਤਾ ਸਗਨ ਮਨਾਇੰਦਾ । ਧਾਮ ਵਸਾਏ ਇਕ ਨਵੇਲਾ, ਨਿਰਗੁਣ ਸਰਗੁਣ ਆਪ ਵਡਿਆਇੰਦਾ । ਅਚਰਜ ਖੇਲ ਪ੍ਰਭੂ ਪ੍ਰਭ ਖੇਲਾ, ਖੇਲਣਹਾਰਾ ਦਿਸ ਨਾ ਆਇੰਦਾ । ਜਨ ਭਗਤਾਂ ਕੱਟੇ ਰਾਏ ਧਰਮ ਦੀ ਜੇਲਾ, ਕੂੜੀ ਕਿਰਿਆ ਪੰਧ ਮੁਕਾਇੰਦਾ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖਣਹਾਰਾ ਮੇਲਾ, ਸਮੁੰਦ ਸਾਗਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਕਰਾਈਆ । ਸਚਖੰਡ ਦਾ ਸਚ ਨਿਸ਼ਾਨ, ਸਤਿ ਦੁਆਰੇ ਆਪ ਪਰਗਟਾਈਆ । ਧਰਨੀ ਧਰਤ ਧਵਲ ਦੇਵੇ ਮਾਣ, ਚਰਨ ਕਵਲ ਕਵਲ ਚਰਨ ਦੇਵੇ ਸਰਨ ਸੱਚੀ ਸਰਨਾਈਆ । ਸਤਿਜੁਗ ਦਾ ਸਤਿ ਨਿਸ਼ਾਨ, ਸਤਿ ਧਰਮ ਨੀਂਹ ਰਖਾਈਆ । ਕਰੇ ਖੇਲ ਨੌਜਵਾਨ, ਨਰ ਨਰਾਇਣ ਵਡ ਵਡਿਆਈਆ । ਅਸਥਲ ਸੋਹੇ ਇਕ ਮਕਾਨ, ਬੇਮੁਕਾਮ ਆਪ ਬਣਾਈਆ । ਆਪੇ ਹੋਇਆ ਜਾਣੀ ਜਾਣ, ਦੂਸਰ ਭੇਵ ਨਾ ਕੋਇ ਰਖਾਈਆ । ਤਖ਼ਤ ਨਿਵਾਸੀ ਵਡ ਮਿਹਰਵਾਨ, ਸਾਚੇ ਤਖ਼ਤ ਬਹਿ ਬਹਿ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਕਰਨ ਧਿਆਨ, ਨੈਣ ਨੈਣ ਨੈਣ ਉਠਾਈਆ । ਚਾਰੋਂ ਕੁੰਟ ਦਹਿ ਦਿਸ਼ਾ ਵੇਖ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ

ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਾ ਗਾ ਆਏ ਗਾਣ, ਰਸਨਾ ਜਿਹਵਾ ਸੇਵ ਕਮਾਈਆ । ਆਦਿ ਅੰਤ ਸ੍ਰੀ ਭਗਵੰਤ ਹਰਿ ਕਾ ਰੂਪ ਨਾ ਸਕੇ ਸਰਬ ਪਛਾਣ, ਬੇਅੰਤ ਕਹਿ ਕਹਿ ਪੱਲੂ ਆਏ ਛੁਡਾਈਆ । ਕਲਜੁਗ ਅੰਤਮ ਹੋ ਪਰਧਾਨ, ਦੋ ਜਹਾਨਾਂ ਵੇਸ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਗਿਆਨ, ਗੁਰ ਮੰਤਰ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਸਚ ਸਿੰਘਾਸਣ ਆਪੇ ਮੱਲਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਆਪਣੀ ਧਾਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਅੰਮ੍ਰਿਤ ਸਰੋਵਰ ਆਪ ਪਿਆਏ ਠਾਂਡਾ ਜਲਾ, ਜਲਧਾਰਾ ਸਰਬ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਵੇਸ ਆਪ ਧਰਾਇੰਦਾ । ਵੇਸ ਧਰੇ ਨਰ ਨਿਰੰਕਾਰ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਤਿ ਸਤਿਵਾਦੀ ਸਾਚੀ ਕਾਰ, ਸਤਿ ਪੁਰਖ ਨਿਰੰਜਣ ਆਪ ਕਮਾਇੰਦਾ । ਬੋਧ ਅਗਾਧੀ ਸ਼ਬਦ ਜੈਕਾਰ, ਜੈ ਜੈਕਾਰਾ ਆਪ ਸੁਣਾਇੰਦਾ । ਨਿਰਗੁਣ ਸਰਗੁਣ ਦਏ ਆਧਾਰ, ਗੁਰ ਅਵਤਾਰ ਵੇਖ ਵਖਾਇੰਦਾ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਗ੍ਰਹਿ ਮੰਦਰ ਆਪ ਟਿਕਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਲਹਿਣਾ ਦੇਣਾ ਜਾਣੇ ਬਾਕੀ ਵਿਚ ਸੰਸਾਰ, ਲੇਖਾ ਆਪਣੇ ਹੱਥ ਰਖਾਇੰਦਾ । ਬੰਦ ਕਿਵਾੜਾ ਖੋਲ੍ਹੇ ਤਾਕੀ, ਘਰ ਘਰ ਵਿਚ ਵਖਾਏ ਸਾਚੀ ਹਾਟੀ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਤੀਰਥ ਤਾਟੀ ਇਕ ਇਕਾਂਤੀ ਚੜ੍ਹ ਚੜ੍ਹ ਵੇਖੇ ਉਚੀ ਘਾਟੀ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤੀ, ਅੰਤ ਮੇਟ ਅੰਧੇਰੀ ਰਾਤੀ, ਗ੍ਰਹਿ ਮੰਦਰ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜੁਗ ਕਰਤਾ ਆਪਣਾ ਖੇਲ ਕਰਾਇੰਦਾ । ਜੁਗ ਕਰਤਾ ਖੇਲ ਕਰੇ ਅਗੰਮ, ਭੇਵ ਕਿਸੇ ਨਾ ਆਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਬੰਨ੍ਹ, ਜੁਗ ਜੁਗ ਆਪਣੇ ਕੰਧ ਉਠਾਇਆ । ਗੁਰ ਅਵਤਾਰ ਦੇਵੇ ਨਾਮ ਧਨ, ਧਨ ਖ਼ਜ਼ਾਨਾ ਇਕ ਵਰਤਾਇਆ । ਭਗਤ ਭਗਵਾਨ ਜਾਏ ਮੰਨ, ਮਨ ਮਣਕਾ ਆਪ ਭੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਸਬਾਇਆ । ਖੇਲੇ ਖੇਲ ਸਰਬ ਘਟ ਵਾਸੀ, ਘਟ ਅੰਤਰ ਸੋਭਾ ਪਾਇੰਦਾ । ਪਰਗਟ ਹੋ ਪੁਰਖ ਅਬਿਨਾਸ਼ੀ, ਆਬਿਨਾਸ਼ੀ ਆਪਣੀ ਧਾਰ ਚਲਾਇੰਦਾ । ਕਲਜੁਗ ਅੰਤਮ ਨਿਰਗੁਣ ਨੂਰ ਜੋਤ ਪਰਕਾਸ਼ੀ, ਪਰਕਾਸ਼ਵਾਨ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਬਣੇ ਦਾਸਨ ਦਾਸੀ, ਸੇਵਕ ਸੇਵ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਮੇਲ ਮਿਲਾਏ ਦਰ ਘਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਿਰਗੁਣ ਰੂਪ ਨਿਰਗੁਣ ਧਰ, ਧਰ ਧਰ ਧਰਨੀ ਦਏ ਵਡਿਆਈਆ । ਸੰਤ ਸੁਹੇਲੇ ਆਪੇ ਵਰ ਵਰ, ਵਰ ਘਰ ਆਪਣਾ ਆਪ ਜਣਾਈਆ । ਆਤਮ ਪਰਮਾਤਮ ਆਪੇ ਫੜ ਫੜ, ਨਾਮ ਡੋਰੀ ਗੰਢ ਵਖਾਈਆ । ਕਾਇਆ ਮੰਦਰ ਉਚੇ ਟਿੱਲੇ ਆਪੇ ਚੜ੍ਹ ਚੜ੍ਹ, ਦਸਮ ਦੁਆਰੀ ਕੁੰਡਾ ਲਾਹੀਆ । ਸਤਿ ਦੁਆਰੇ ਆਪੇ ਖੜ ਖੜ, ਸਾਖ਼ਯਾਤ ਰੂਪ ਨਿਰਗੁਣ ਨੂਰ ਕਰੇ ਰੁਸ਼ਨਾਈਆ । ਆਪਣਾ ਅੱਖਰ ਆਪੇ ਪੜ੍ਹ ਪੜ੍ਹ, ਜਨ ਭਗਤਾਂ ਕਰੇ ਪੜ੍ਹਾਈਆ । ਆਪਣੀ ਮਰਨੀ ਆਪੇ ਮਰ ਮਰ, ਗੁਰਸਿਖ ਜੀਵਤ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਜਾਣੇ ਥਾਉਂ ਥਾਈਂਆ । ਥਾਉਂ ਥਾਈਂ ਲੇਖਾ ਜਾਣੇ ਥਨੰਤਰ, ਥਿਰ ਘਰ ਵਾਸੀ ਖੇਲ ਖਲਾਇੰਦਾ । ਨਵ ਨੌਂ ਵੇਖੇ ਲੱਗੀ ਬਸੰਤਰ, ਬ੍ਰਹਿਮੰਡ ਖੰਡ ਅਗਨੀ ਤਤ ਤਪਾਇੰਦਾ । ਦੋ ਜਹਾਨਾਂ ਕਲਜੁਗ ਅੰਤ ਇਕ ਸੁਣਾਏ ਸਾਚਾ ਮੰਤਰ, ਸੋਹੰ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਬਣਾਏ ਬਣਤਰ, ਈਸ਼ ਜੀਵ ਜੋੜ ਜੁੜਾਇੰਦਾ । ਏਕਾ ਢੋਲਾ ਗਗਨ ਗਗਨੰਤਰ, ਸਚਖੰਡ ਨਿਵਾਸੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ੍ਰਿਹ ਮੰਦਰ ਆਪ ਸੁਹਾਇੰਦਾ । ਗ੍ਰਿਹ ਮੰਦਰ ਸੋਹੇ ਪੰਜ ਤਤ, ਤਤਵ ਆਪਣਾ ਆਪ ਬੁਝਾਈਆ । ਏਕਾ ਰੂਪ ਜਣਾਏ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਸਤਿ ਸੰਤੋਖ ਧੀਰਜ ਦੇਵੇ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਆਤਮ ਪਰਮਾਤਮ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੁੜਾਈਆ । ਇਕ ਸੁਣਾਏ ਸਾਚੀ ਗਥ, ਸੋਹੰ ਸੋ ਕਰੇ ਪੜ੍ਹਾਈਆ । ਸਗਲ ਵਸੂਰੇ ਜਾਇਣ ਲੱਥ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜੀ ਕਿਰਿਆ ਅੰਤਮ ਪਵੇ ਭੱਠ, ਭੱਠ ਖੇੜਾ ਸਰਬ ਵਖਾਈਆ । ਜਨ ਭਗਤਾਂ ਮਾਰਗ ਸਾਚਾ ਦੱਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰਾਹ ਚਲਾਈਆ । ਹਰਿਜਨ ਹਰਿ ਜੂ ਗਾਏ ਜਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ ।

## ✳ ੧੧ ਜੇਠ ੨੦੧੯ ਬਿਕਰਮੀ ਗਿਆਨ ਚੰਦ ਦੇ ਗ੍ਰਿਹ ਤੂਤਾਂ ਵਾਲੀ ਜੰਮੂ ✳

ਸਾਚੀ ਸਾਖ਼ੀ ਸਾਖਯਾਤ, ਨਕਾਬ ਮੁਖ ਸੁਹਾਈਆ । ਉਕਾਬ ਲੇਖਾ ਪਾਰਜਾਤ, ਆਕਬਤ ਵੇਖੇ ਸੱਚਾ ਮਾਹੀਆ । ਹਰਿ ਗੋਬਿੰਦ ਦੇਵੇ ਦਾਤ, ਦੀਨਨ ਦਇਆ ਕਮਾਈਆ । ਪੂਰਬ ਲਹਿਣਾ ਕਰਮ ਬਰਾਤ, ਜਨਮ ਜੁਗਤ ਵਡਿਆਈਆ । ਲਹਿਣਾ ਦੇਣਾ ਰੱਖੇ ਹਾਥ, ਲੱਖ ਚੁਰਾਸੀ ਕੋਟਨ ਕੋਟ ਜੀਵ ਭੁਵਾਈਆ । ਗੁਰ ਗੁਰ ਕਥਾ ਕਰ ਕਰ ਬਾਤ, ਬਾਤਨ ਭੇਵ ਅਭੇਦ ਖੁਲ੍ਹਾਈਆ । ਪਸ਼ੂ ਪੰਖੀ ਪੰਛੀ ਪੂਰੀ ਕਰੇ ਆਸ, ਸਖ਼ੀ ਸਰਵਰ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਬੇਆਬ ਨਾ ਹੋਏ ਕੋਈ ਬੇਆਸ, ਆਸਾ ਸਭ ਦੀ ਪੂਰ ਕਰਾਈਆ । ਆਦਿ ਜੁਗਾਦਿ ਸਰਬ ਗੁਣਤਾਸ, ਗੁਣ ਆਪਣੇ ਹੱਥ ਰਖਾਈਆ । ਕਰਨੀ ਕਿਰਤ ਸਭ ਦੀ ਰਿਹਾ ਭਾਖ, ਬਿਨ ਨੇਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੋਲਾ ਚੋਲੇ ਨਾਲ ਬਦਲਾਈਆ ।

## ✳ ੧੧ ਜੇਠ ੨੦੧੯ ਬਿਕਰਮੀ ਸ਼ਾਂਤੀ ਦੇਵੀ ਦੇ ਗ੍ਰਿਹ ਤੂਤਾਂ ਵਾਲੀ ਜੰਮੂ ✳

ਚੋਰਾਂ ਯਾਰਾਂ ਚੁੱਕੀ ਠੱਗੀ, ਠੱਗ ਗੁਰਮੁਖ ਰੂਪ ਵਟਾਈਆ । ਤ੍ਰੈਗੁਣ ਤਤ ਬੁੱਝੀ ਅੱਗੀ, ਅਗਨੀ ਤਤ ਗਵਾਈਆ । ਰਸਨਾ ਜਿਹਵਾ ਨਾਤਾ ਛੁਟਾ ਮਦੀ, ਮਦਿ ਰਸਨਾ ਮੋਹ ਮਿਟਾਈਆ । ਰਾਏ ਧਰਮ ਦੀ ਛੁੱਟੀ ਬੱਧੀ, ਚੁਰਾਸੀ ਤੰਦ ਆਪ ਕਟਾਈਆ । ਚੌਥੇ ਜਨਮ ਨਿਮਸਕਾਰ ਕੀਤੀ ਅੱਧੀ, ਹਰਿ ਗੋਬਿੰਦ ਸੀਸ ਝੁਕਾਈਆ । ਪੌਲੀ ਬਣ ਚਲਾਈ ਖੱਡੀ, ਖੱਡਾ ਕੰਢੀ ਇਕ ਪੁਟਾਈਆ । ਮਾਟੀ ਖ਼ਾਕ ਰੁਲੀ ਹੱਡ ਹੱਡੀ, ਨਾੜੀ

ਨਜ਼ਰ ਕੋਇ ਨਾ ਆਈਆ । ਬੀਤ ਗਈ ਸਾਢੇ ਤਿੰਨ ਸਦੀ, ਸੱਦਾ ਘਰ ਘਰ ਦੇਵੇ ਮਾਹੀਆ । ਆਤਮ ਪਰਮਾਤਮ ਆਪੇ ਫੱਦੀ, ਜਨਮ ਜਨਮ ਵਿਚ ਭੁਵਾਈਆ । ਦਰ ਦਰ ਘਰ ਘਰ ਲਹਿਣਾ ਦੇਣਾ ਲੇਖਾ ਦੇਵੇ ਹਿਸਾਬ ਕਿਤਾਬ ਰਿਹਾ ਨਾ ਕੋਇ ਛੱਡੀ, ਲੇਖਾ ਆਪਣਾ ਆਪ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪਣੀ ਗੋਦ ਵਖਾਏ ਵਿਸ਼ਵ ਯੱਦੀ, ਯਦ ਆਪਣੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਲਹਿਣਾ ਲੇਖੇ ਪਾਈਆ ।

## ✳ ੧੧ ਜੇਠ ੨੦੧੯ ਬਿਕਰਮੀ ਸ਼ਾਹਣੀ ਦੇ ਗ੍ਰਿਹ ਤੂਤਾਂ ਵਾਲੀ ਜੰਮੂ ✳

ਹਰਿ ਹਰਿ ਨਾਉਂ ਹਰਿਜਨ ਰੰਗ, ਹਰੀ ਹਰਿ ਏਕਾ ਵਸਤ ਵਰਤਾਇੰਦਾ । ਹਰਿ ਹਰਿ ਨਾਉਂ ਹਰਿਜਨ ਮਰਦੰਗ, ਹਰੀ ਹਰਿ ਆਤਮ ਪਰਮਾਤਮ ਆਪ ਵਜਾਇੰਦਾ । ਹਰਿ ਕਾ ਨਾਉਂ ਹਰਿਜਨ ਸੰਗ, ਹਰੀ ਹਰਿ ਸਗਲਾ ਸੰਗ ਨਿਭਾਇੰਦਾ । ਹਰਿ ਕਾ ਨਾਉਂ ਹਰਿਜਨ ਅਨੰਦ, ਹਰੀ ਹਰਿ ਆਤਮ ਅਨੰਦ ਇਕ ਪਰਗਟਾਇੰਦਾ । ਹਰਿ ਕਾ ਨਾਉਂ ਹਰਿਜਨ ਛੰਦ, ਹਰਿ ਸਤਿਗੁਰ ਆਪ ਸੁਣਾਇੰਦਾ । ਹਰਿ ਕਾ ਨਾਉਂ ਹਰਿਜਨ ਤੋੜੇ ਬੰਦੀ ਬੰਦ, ਲੱਖ ਚੁਰਾਸੀ ਫੰਦ ਕਟਾਇੰਦਾ । ਹਰਿ ਕਾ ਨਾਉਂ ਹਰਿਜਨ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਦੀਨ ਦਿਆਲ ਦਇਆ ਕਮਾਇੰਦਾ । ਹਰਿ ਕਾ ਨਾਉਂ ਹਰਿਜਨ ਸਦਾ ਬਖ਼ਸ਼ੰਦ, ਸਮਰਥ ਸਿਰ ਹੱਥ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਮੰਤਰ, ਨਾਉਂ ਆਤਮ ਪਰਮਾਤਮ ਆਪ ਪੜ੍ਹਾਇੰਦਾ । ਆਤਮ ਪਰਮਾਤਮ ਸਾਚਾ ਮੰਤਰ, ਲੱਖ ਚੁਰਾਸੀ ਜੀਵ ਜੰਤ ਵਡਿਆਈਆ । ਲੇਖਾ ਜਾਣੇ ਗਗਨ ਗਗਨੰਤਰ, ਗ੍ਰਿਹ ਮੰਦਰ ਕਾਇਆ ਅੰਦਰ ਘਰ ਘਰ ਖ਼ੁਸ਼ੀ ਮਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਬੁਝਾਏ ਬਸੰਤਰ, ਸਾਂਤਕ ਸਤਿ ਸਤਿ ਕਰਾਈਆ । ਮਾਣਸ ਜਨਮ ਬਣਾਏ ਬਣਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਨਾਮ ਸਮਝਾਈਆ । ਏਕਾ ਮੰਤਰ ਵਡ ਦੇਵੀ ਦੇਵ, ਹਰਿ ਨਮੋ ਨਮੋ ਜਣਾਇੰਦਾ । ਆਦਿ ਜੁਗਾਦੀ ਅਲਖ ਅਭੇਵ, ਭੇਦ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ ਸਰਗੁਣ ਸਾਚੀ ਸੇਵ, ਸੇਵਕ ਸੇਵਾ ਆਪ ਕਰਾਇੰਦਾ । ਰਸਨਾ ਜਿਹਵਾ ਅੰਮ੍ਰਿਤ ਮੇਵ, ਰਾਮ ਰਸ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਨਾਮ ਸੁਣਾਇੰਦਾ । ਸਾਚਾ ਮੰਤਰ ਆਦਿ ਜੁਗਾਦੀ ਸੋਹੰ ਸੋ, ਹੰ ਬ੍ਰਹਮ ਬ੍ਰਹਮ ਸਮਝਾਈਆ । ਦੁਰਮੱਤ ਮੈਲ ਦੇਵੇ ਧੋ, ਨਿਰਮਲ ਨੂਰ ਨੂਰ ਨੂਰ ਰੁਸ਼ਨਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਜਾਏ ਛੋਹ, ਈਸ਼ ਜੀਵ ਕਰੇ ਕੁੜਮਾਈਆ । ਭਗਤਾਂ ਜਿਹਾ ਪ੍ਰਭ ਆਪੇ ਹੋ, ਭਗਵਨ ਰੰਗ ਚੜ੍ਹਾਈਆ । ਧੁਰਦਰਗਾਹੀ ਜੁਗਾ ਜੁਗੰਤਰ ਲੈ ਕੇ ਆਇਆ ਢੋਆ ਢੋ, ਸਾਚਾ ਨਾਮ ਹਰਿਜਨ ਝੋਲੀ ਪਾਈਆ । ਸਾਚੇ ਮੰਦਰ ਨਿਰਗੁਣ ਜੋਤ ਕਰੇ ਲੋਅ, ਅੰਧ ਅੰਧੇਰ ਦਏ ਮਿਟਾਈਆ । ਨਾਤਾ ਤੋੜੇ ਜਗਤ ਵਿਕਾਰਾ ਪੰਚਮ ਮੋਹ, ਮਾਇਆ ਮਮਤਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਏਕਾ ਘਰ ਵਸਾਈਆ ।

## ✳ ੧੧ ਜੇਠ ੨੦੧੯ ਬਿਕਰਮੀ ਗੁੜ੍ਹਾ ਰਾਮ ਦੇ ਗ੍ਰਹਿ ਸ਼ੇਖ਼ਸਰ ਜੰਮੂ ✳

ਨਿਰਗੁਣ ਸਰਗੁਣ ਸ਼ਬਦ ਇਕੱਠ, ਸਰਗੁਣ ਨਿਰਗੁਣ ਆਪ ਕਰਾਇੰਦਾ । ਭਗਤ ਭਗਵੰਤ ਮਾਰਗ ਦੱਸ, ਸੰਤ ਸਾਜਣ ਰਾਹ ਚਲਾਇੰਦਾ । ਗੁਰਮੁਖ ਗੁਰ ਗੁਰ ਹਿਰਦੇ ਵਸ, ਹਰਿ ਹਰਿ ਆਪਣਾ ਭੇਵ ਖੁਲ੍ਹਾਇੰਦਾ । ਗੁਰਸਿਖ ਅੰਮ੍ਰਿਤ ਸਾਚਾ ਰਸ, ਚਰਨ ਸਰੋਵਰ ਇਕ ਵਖਾਇੰਦਾ । ਜੁਗ ਚੌਕੜੀ ਵੇਖੇ ਖੇਲ ਤਮਾਸ਼, ਜੋਤੀ ਜਾਤਾ ਡਗਮਗਾਇੰਦਾ । ਆਦਿ ਜੁਗਾਦਿ ਆਪਣੀ ਪੂਰੀ ਕਰੇ ਆਸ, ਆਸ਼ਾ ਆਪਣੀ ਆਪ ਪਰਗਟਾਇੰਦਾ । ਲੋਕ ਪਰਲੋਕ ਕਰ ਕਰ ਵਾਸ, ਦੋ ਜਹਾਨਾਂ ਆਸਣ ਲਾਇੰਦਾ । ਲੱਖ ਚੁਰਾਸੀ ਧਰਨੀ ਖ਼ਾਕ, ਖ਼ਾਕੀ ਖ਼ਾਕ ਖ਼ਾਕ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਅਕਲ ਕਲਧਾਰ, ਹਰਿ ਜੂ ਹਰਿ ਹਰਿ ਆਪ ਚਲਾਈਆ । ਭਗਤਨ ਦੇਵੇ ਇਕ ਆਧਾਰ, ਸੰਤਨ ਮੇਲਾ ਸਹਿਜ ਸੁਭਾਈਆ । ਜੁਗ ਚੌਕੜੀ ਉਤਰੇ ਪਾਰ, ਕੋਟਨ ਕੋਟ ਕਾਲ ਬਿਤਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰ ਕਰ ਗਏ ਹਾਰ, ਅੰਤਮ ਨੈਣਾਂ ਨੀਰ ਵਹਾਈਆ । ਬਲ ਰਿਹਾ ਨਾ ਅੰਤਮ ਵਾਰ, ਧੀਰਜ ਧੀਰ ਨਾ ਕੋਇ ਵਖਾਈਆ । ਦੋਏ ਜੋੜ ਕਰਨ ਨਿਮਸਕਾਰ, ਹਰਿ ਸਰਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਲੇਖੇ ਲਾਈਆ । ਲੇਖਾ ਲੇਖੇ ਲਾਏ ਸਮਰਥ, ਵਿਸ਼ਨ ਬ੍ਰਹਮਾ ਸ਼ਿਵ ਜਣਾਇੰਦਾ । ਕਲਜੁਗ ਅੰਤ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਸਾਚੀ ਵੱਥ, ਵਸਤ ਆਪਣੀ ਆਪ ਵਰਤਾਇੰਦਾ । ਆਤਮ ਪਰਮਾਤਮ ਪਾਏ ਨੱਥ, ਸੋਹੰ ਡੋਰੀ ਹੱਥ ਰਖਾਇੰਦਾ । ਸਚ ਦੁਆਰੇ ਇਕ ਇਕੱਠ, ਇਕ ਇਕੱਲਾ ਆਪ ਵਖਾਇੰਦਾ । ਆਪੇ ਗਾਏ ਆਪਣੀ ਗਾਥ, ਗਾਥਾ ਆਪਣੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਵਿਸ਼ਵ ਰੰਗ, ਵਿਸ਼ਨੂੰ ਹਰਿ ਹਰਿ ਆਪ ਜਣਾਈਆ । ਸਚ ਸੁਹੰਜਣੀ ਸੇਜ ਪਲੰਘ, ਪਾਰਬ੍ਰਹਮ ਪ੍ਰਭ ਆਪ ਹੰਢਾਈਆ । ਆਦਿ ਅੰਤ ਸ਼ਬਦੀ ਜੋਤੀ ਏਕਾ ਤੰਦ, ਡੋਰੀ ਆਪਣਾ ਨਾਮ ਰਖਾਈਆ । ਘਟ ਘਟ ਅੰਦਰ ਵਜਾਏ ਮਰਦੰਗ, ਗ੍ਰਹਿ ਗ੍ਰਹਿ ਆਪਣਾ ਨਾਦ ਸੁਣਾਈਆ । ਜੀਵ ਜੰਤ ਲੇਖਾ ਜਾਣੇ ਸਾਧ ਸੰਤ, ਸ੍ਰੀ ਭਗਵੰਤ ਭਗਵਨ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵਿਸ਼ਵ ਆਪਣੀ ਖੇਲ ਰਚਾਈਆ । ਵਿਸ਼ਵ ਖੇਲ ਵਿਸ਼ਨੂੰ ਦਾਤ, ਹਰਿ ਜੂ ਹਰਿ ਹਰਿ ਆਪ ਵਰਤਾਇੰਦਾ । ਨਿਰਗੁਣ ਨਿਰਗੁਣ ਜੋੜੇ ਨਾਤ, ਨਾਤਾ ਨਿਰਗੁਣ ਆਪ ਬੰਧਾਇੰਦਾ । ਨਿਰਗੁਣ ਪੂਜਾ ਨਿਰਗੁਣ ਪਾਠ, ਨਿਰਗੁਣ ਪਾਠਸ਼ਾਲਾ ਸੋਭਾ ਪਾਇੰਦਾ । ਨਿਰਗੁਣ ਮੰਦਰ ਨਿਰਗੁਣ ਹਾਟ, ਨਿਰਗੁਣ ਕਾਇਆ ਬੰਕ ਵਡਿਆਇੰਦਾ । ਨਿਰਗੁਣ ਸਰੋਵਰ ਨਿਰਗੁਣ ਅੰਮ੍ਰਿਤ ਮਾਰੇ ਠਾਠ, ਨਿਰਗੁਣ ਤੱਟ ਕਿਨਾਰੇ ਡੇਰਾ ਲਾਇੰਦਾ । ਨਿਰਗੁਣ ਨਿਰਗੁਣ ਪੁੱਛੇ ਵਾਤ, ਆਤਮ ਪਰਮਾਤਮ ਦਇਆ ਕਮਾਇੰਦਾ । ਨਿਰਗੁਣ ਨਿਰਗੁਣ ਕਰੇ ਘਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਵਿਸ਼ਨ ਵਿਚਾਰ, ਵਿਸ਼ਨੂੰ ਹਰਿ ਸਮਝਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਭੇਵ ਖੁਲ੍ਹਾਈਆ । ਅਲੱਖ ਅਗੋਚਰ ਅਗੰਮ ਅਪਾਰ, ਊਚੋ ਊਚ ਵਡ ਵਡਿਆਈਆ । ਮਹੱਲ ਅਟੱਲ ਬੈਠ ਸੱਚੀ ਸਰਕਾਰ, ਸਾਚੇ ਤਖ਼ਤ ਦਏ ਵਡਿਆਈਆ । ਏਕਾ


੧੫੪ ੧੨

ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਵਿਸ਼ਨੂੰ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਦੇਵੇ ਡਾਰ, ਅੰਤਮ ਖ਼ਾਲੀ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਆਪ ਸੁਣਾਈਆ । ਇਕ ਇਕੱਲਾ ਅਗੰਮ ਅਥਾਹ, ਬੇਪਰਵਾਹ ਆਪਣੀ ਧਾਰ ਚਲਾਇੰਦਾ । ਸ਼ਬਦੀ ਦੇਵੇ ਸਚ ਸਲਾਹ, ਸਲਾਹਗੀਰ ਆਪਣਾ ਰੂਪ ਵਟਾਇੰਦਾ । ਜੁਗ ਚੌਕੜੀ ਬਣ ਬਣ ਮਲਾਹ, ਖੇਵਟ ਖੇਟਾ ਲੱਖ ਚੁਰਾਸੀ ਬੇੜਾ ਮਾਤ ਤਰਾਇੰਦਾ । ਗੁਰ ਅਵਤਾਰ ਪੀਰ ਪੈਗ਼ਬੰਰ ਦੇ ਦੇ ਆਪਣਾ ਨਾਂ, ਨਾਉਂ ਨਿਧਾਨਾ ਆਪ ਪਰਗਟਾਇੰਦਾ । ਭਗਤ ਭਗਵੰਤ ਸਾਚੇ ਸੰਤ ਗੁਰਮੁਖ ਸੱਜਣ ਬਣਾਏ ਹੰਸ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਵਿਸ਼ਨੂੰ ਮਾਰਗ ਏਕਾ ਓਟ, ਏਕਾ ਹਰਿ ਜਣਾਈਆ । ਏਕਾ ਨੂਰ ਏਕਾ ਜੋਤ, ਏਕਾ ਰੰਗ ਵਖਾਈਆ । ਏਕਾ ਕਿਲਾ ਏਕਾ ਕੋਟ, ਏਕਾ ਬੰਕ ਸੁਹਾਈਆ । ਏਕਾ ਵਰਨ ਏਕਾ ਗੋਤ, ਏਕਾ ਸਾਚੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰਨੇਹਾਰਾ, ਹਰਿ ਜੂ ਆਪਣੀ ਦਇਆ ਕਮਾਇੰਦਾ । ਵਿਸ਼ਨੂੰ ਵਿਸ਼ਵ ਕਰ ਪਸਾਰਾ, ਘਰ ਘਰ ਆਪਣਾ ਡੇਰਾ ਲਾਇੰਦਾ । ਅੰਤਮ ਵੇਖੇ ਹੋ ਉਜਿਆਰਾ, ਬੇਅੰਤ ਆਪਣਾ ਪਰਦਾ ਲਾਹਿੰਦਾ । ਲੋਕਮਾਤ ਕਰ ਪਸਾਰਾ, ਪਰਮ ਪੁਰਖ ਡੇਰਾ ਲਾਇੰਦਾ । ਨਿਹਕਲੰਕ ਨਾਉਂ ਰੱਖ ਅਗੰਮ ਅਪਾਰਾ, ਅਪਰੰਪਰ ਆਪਣਾ ਰਾਹ ਚਲਾਇੰਦਾ । ਸਾਚੇ ਭਗਤਾਂ ਦੇਵੇ ਇਕ ਸਹਾਰਾ, ਭਗਵਨ ਆਪਣਾ ਰੂਪ ਵਖਾਇੰਦਾ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਸਚਖੰਡ ਖੋਲ੍ਹੇ ਸਚ ਦੁਆਰਾ, ਸਚ ਦਰਵਾਜ਼ਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਏਕਾ ਗੁਣ ਸਮਝਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਹਰਿ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਤੇਰਾ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਹੋ ਪਰਧਾਨ, ਏਕਾ ਘਰ ਦਏ ਵਧਾਈਆ । ਏਕਾ ਮੰਦਰ ਕਰ ਪਰਵਾਨ, ਏਕਾ ਸੇਜਾ ਆਸਣ ਲਾਈਆ । ਏਕਾ ਹੁਕਮ ਧੁਰ ਫ਼ਰਮਾਣ, ਸਚ ਸੰਦੇਸ਼ਾ ਦਏ ਸੁਣਾਈਆ । ਏਕਾ ਭੂਪ ਬਣ ਰਾਜਾਨ, ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਈਆ । ਸਚ ਸੰਦੇਸ਼ਾ ਆਲਮੀਨ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਲੇਖਾ ਜਾਣੇ ਲੋਕ ਤੀਨ, ਤ੍ਰੈਭਵਨ ਧਨੀ ਆਪਣੀ ਚਾਲ ਚਲਾਇੰਦਾ । ਭਗਤ ਭਗਵੰਤ ਖੇਲੇ ਖੇਲ ਜਿਉਂ ਜਲ ਮੀਨ, ਜਲ ਮੀਨ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣੇ ਰੰਗ ਵਖਾਇੰਦਾ । ਰੰਗ ਅਵੱਲਾ ਏਕਾ ਗੂੜ੍ਹਾ, ਰੰਗ ਰੰਗੀਲਾ ਆਪ ਚੜ੍ਹਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਜਨ ਆਪਣੀ ਦਇਆ ਕਮਾਈਆ । ਘਰ ਪਰਕਾਸ਼ ਜੋਤੀ ਨੂਰਾ, ਗ੍ਰਿਹਿ ਮੰਦਰ ਹੋਏ ਰੁਸ਼ਨਾਈਆ । ਆਸਾ ਮਨਸਾ ਕਰੇ ਪੂਰਾ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਮਾਣ ਅਭਿਮਾਨ ਤੋੜੇ ਗ਼ਰੂਰਾ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਦਰਸ ਦਖਾਏ ਹਾਜ਼ਰ ਹਜ਼ੂਰਾ, ਘਰ ਘਰ ਆਪਣਾ ਵੇਸ ਵਟਾਈਆ । ਆਪਣਾ ਫ਼ਰਜ਼ ਕਰੇ ਪੂਰਾ, ਲੱਖ ਚੁਰਾਸੀ ਫ਼ਰਜ਼ ਜ਼ੁਲਮ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨੂੰ ਲੇਖਾ ਦਏ ਸਮਝਾਈਆ । ਵਿਸ਼ਨੂੰ ਲੇਖਾ ਦੱਸੇ ਹਰਿ, ਦੀਦ ਦੀਦ ਨਾਲ ਮਿਲਾਇੰਦਾ । ਆਦਿ ਜੁਗਾਦਿ


੧੫੫
੧੨

ਕਰਦਾ ਰਿਹਾ ਵਲ ਛਲ, ਅਛੱਲ ਛਲਧਾਰੀ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਲੋਕਮਾਤ ਸਚ ਸਿੰਘਾਸਣ ਭਗਤ ਦੁਆਰੇ ਬੈਠਾ ਮਲ, ਦੂਸਰ ਦਰ ਨਾ ਕੋਇ ਵਡਿਆਇੰਦਾ । ਸਚ ਸੰਦੇਸ਼ਾ ਏਕਾ ਘੱਲ, ਘਰ ਘਰ ਗੁਰਮੁਖ ਆਪ ਜਗਾਇੰਦਾ । ਵਾਰ ਥਿਤ ਵੇਲਾ ਜਣਾਏ ਨਾ ਕਿਸੇ ਘੜੀ ਪਲ, ਪਹਿਰ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨੂੰ ਤੇਰਾ ਬੰਧਨ ਪਾਇੰਦਾ । ਵਿਸ਼ਨੂੰ ਤੇਰਾ ਸਾਚਾ ਬੰਧਨ, ਬੰਧਨ ਹਰਿ ਹਰਿ ਆਪ ਜਣਾਈਆ । ਕਰ ਡੰਡੋਤ ਏਕਾ ਬੰਦਨ, ਬੰਦਨ ਆਪਣਾ ਰੂਪ ਵਖਾਈਆ । ਮਸਤਕ ਧੂੜੀ ਸਾਚਾ ਚੰਦਨ, ਮਸਤਕ ਲਲਾਟ ਲਗਾਈਆ । ਕਲਜੁਗ ਅੰਤਮ ਹੋਵੇ ਖੰਡਨ, ਖੰਡਾ ਹਰਿ ਜੂ ਰਿਹਾ ਖੜਕਾਈਆ । ਲੇਖਾ ਜਾਣੇ ਬ੍ਰਹਿਮੰਡ ਬ੍ਰਹਿਮੰਡਣ, ਬ੍ਰਹਿਮਾਂਡ ਫੇਰਾ ਪਾਈਆ । ਸੇਵਾ ਲਾਏ ਤ੍ਰਲੋਕੀ ਨੰਦਨ, ਤ੍ਰੈਲੋਕਾਂ ਫਿਰੇ ਵਾਹੋ ਦਾਹੀਆ । ਦੀਨ ਦਿਆਲ ਸਦਾ ਬਖ਼ਸ਼ੰਦਨ, ਹਰਿਜਨ ਸਾਚੇ ਲਏ ਬਖ਼ਸ਼ਾਈਆ । ਜਨ ਭਗਤਾਂ ਤੋੜੇ ਦਵੈਤ ਫੰਦਨ, ਫਾਂਸੀ ਆਪਣੀ ਗਲ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਵਖਾਏ ਏਕਾ ਘਰ, ਘਰ ਮੰਦਰ ਆਪ ਸੁਹਾਈਆ । ਵਿਸ਼ਨ ਵੇਖ ਹਰਿ ਵਿਦਿਆਲਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਜਨ ਭਗਤਾਂ ਜਿਥੇ ਬਣੇ ਰਖਵਾਲਾ, ਸੇਵਕ ਸੇਵ ਕਮਾਇੰਦਾ । ਨੇੜ ਨਾ ਆਏ ਕਾਲ ਮਹਾਕਾਲਾ, ਰਾਏ ਧਰਮ ਨਾ ਨੈਣ ਉਠਾਇੰਦਾ । ਤ੍ਰੈਗੁਣ ਮਾਇਆ ਤੋੜੇ ਜੰਜਾਲਾ, ਜਾਗਰਤ ਜੋਤ ਇਕ ਜਗਾਇੰਦਾ । ਮਾਰਗ ਦੱਸੇ ਇਕ ਸੁਖਾਲਾ, ਸਾਚੇ ਧੰਦੇ ਆਪ ਲਗਾਇੰਦਾ । ਆਪੇ ਫਿਰੇ ਹੋਏ ਬੇਹਾਲਾ, ਨਿਹਚਲ ਆਪਣਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਬਣਾਈ ਸੱਚੀ ਧਰਮਸਾਲਾ, ਸਚਖੰਡ ਦੁਆਰਾ ਆਪ ਪਰਗਟਾਇੰਦਾ । ਸੱਤਰ ਬਹੱਤਰ ਖੇਲ ਨਿਰਾਲਾ, ਚੁਹੱਤਰ ਆਪਣੀ ਗੋਦ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਨੇਤਰ ਪੇਖਣ ਹਰਿ ਜੂ ਖੇਲ ਕਰਿਆ ਨਿਰਾਲਾ, ਕਰਨੀ ਕਰਤਾ ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੁਗ ਚੌਕੜੀ ਲੋਕਮਾਤ ਘਾਲ ਕੇ ਆਏ ਸਾਰੇ ਘਾਲਾ, ਭੇਵ ਅਭੇਦ ਹਰਿ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਜਨਭਗਤਾਂ ਆਪਣਾ ਭੇਵ ਸਮਝਾਇੰਦਾ । ਜੁਗ ਚੌਕੜੀ ਨਾ ਦੱਸਿਆ ਭੇਵ, ਬੇਅੰਤ ਆਪਣੀ ਖੇਲ ਕਰਾਇੰਦਾ । ਗੁਰ ਅਵਤਾਰ ਲਾ ਲਾ ਸੇਵ, ਪੀਰ ਪੈਗ਼ੰਬਰ ਹਜ਼ਰਤ ਹੁਕਮ ਵਰਤਾਇੰਦਾ । ਕਰੋੜ ਤਤੀਸਾ ਦੇਵੀ ਦੇਵ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਅਲੱਖ ਅਲੱਖ ਅਲੱਖ ਗਾਏ ਸਭ ਦੀ ਰਸਨਾ ਜੇਹਵ, ਪਰਤੱਖ ਹੱਥ ਕਿਸੇ ਨਾ ਆਇੰਦਾ । ਆਪਣਾ ਨਾਉਂ ਦੇ ਦੇ ਰਸਨਾ ਮੇਵ, ਰਸੀਆ ਰਸ ਮੁਖ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਵਖਾਏ ਆਪਣਾ ਘਰ, ਘਰ ਭਗਤਾਂ ਆਪ ਵਸਾਇੰਦਾ । ਭਗਤਾਂ ਘਰ ਵਸਿਆ ਖੇੜਾ, ਖੇੜਾ ਹਰਿ ਜੂ ਆਪ ਵਸਾਈਆ । ਆਪਣਾ ਪਹਿਲੋਂ ਰੋੜ੍ਹਿਆ ਬੇੜਾ, ਗੁਰਮੁਖਾਂ ਬੇੜਾ ਫੇਰ ਤਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਵਿਚੋਂ ਜੁਗ ਜੁਗ ਲੱਭਿਆ ਖੇੜਾ, ਖੇੜਾ ਕਲਜੁਗ ਅੰਤਮ ਲਿਖ ਲਿਖ ਦਏ ਸਮਝਾਈਆ । ਸਚਖੰਡ ਨਿਵਾਸੀ ਦਾ ਖੁਲ੍ਹਾ ਵੇਹੜਾ, ਬਿਨ ਭਗਤਾਂ ਨਾ ਕੋਇ ਸੁਹਾਈਆ । ਅੰਤ ਕਲ ਹਰਿ ਜੂ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਰਾਈਆ । ਨਿਰਭੌ ਹੋਏ ਚੁਕਾਏ ਡਰ ਸਿੰਘ ਸ਼ੇਰਾ, ਸ਼ੇਰ ਆਪਣਾ ਨਾਉਂ ਪਰਗਟਾਈਆ । ਰਾਤੀਂ ਸੁਤਿਆਂ ਪਾਏ ਘੇਰਾ, ਗੁਰਸਿਖ ਨੱਠ ਕਿਤੇ ਨਾ ਜਾਈਆ । ਆਪਣੀ ਹੱਥੀਂ ਬੰਨ੍ਹੇ ਬੇੜਾ, ਡੂੰਘੀ ਭਵਰ ਲਏ ਤਰਾਈਆ । ਨੌਂ ਸੌ ਚੁਰਾਨਵੇਂ

ਚੌਕੜੀ ਜੁਗ ਬੈਠਾ ਰਿਹਾ ਕਰ ਕੇ ਜੇਰਾ, ਅੰਤ ਵਿਛੋੜਾ ਸਹਿ ਨਾ ਸਕੇ ਰਾਈਆ । ਦੂਰ ਦੁਰਾਡਾ ਧੁਰਦਰਗਾਹੀ ਚਲ ਕੇ ਆਇਆ ਨੇਰਨ ਨੇਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਜਨ ਭਗਤ ਮਿਲਾਏ ਮਿਲ ਲਾਏ ਨਾ ਦੇਰਾ, ਦੀਨਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜਗਤ ਭੁਲਾਏ ਕਰ ਕਰ ਹੇਰਾ ਫੇਰਾ, ਹੇਰਾ ਫੇਰੀ ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਲਏ ਜਗਾਈਆ । ਆਪੇ ਆਪਣਾ ਜਾਣੇ ਆਪ, ਭੇਵ ਕਿਸੇ ਨਾ ਰਾਇਆ । ਆਪੇ ਬਣੇ ਮਾਈ ਬਾਪ, ਆਪੇ ਦਾਈ ਦਾਇਆ ਸੇਵ ਕਮਾਇਆ । ਆਪੇ ਬੰਧਾਏ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇਆ । ਆਪੇ ਦੇਵੇ ਸਾਚੀ ਦਾਤ, ਪੂਤ ਸਪੂਤਾ ਝੋਲੀ ਪਾਇਆ । ਆਪੇ ਅੰਤਮ ਆਪਣਾ ਲੇਖਾ ਜਾਣੇ ਖਾਤ, ਖਾਤਾ ਆਪਣੇ ਵਿਚ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਪਣੇ ਅੰਤਰ ਜੋ ਰੱਖਿਆ ਘਾਟਾ, ਕਲਜੁਗ ਅੰਤ ਪੂਰਾ ਲਏ ਕਰਾਇਆ ।

### ✳ ੧੨ ਜੇਠ ੨੦੧੯ ਬਿਕਰਮੀ ਸਰਦਾਰ ਸਿੰਘ ਦੇ ਗ੍ਰਿਹਿ ਸ਼ੇਖ਼ਸਰ ਜੰਮੂ ✳

ਜਗਤ ਵਿਕਾਰ ਤਿੱਖਾ ਕੰਡਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਆਸਾ ਤ੍ਰਿਸਨਾ ਕਰਿਆ ਗੰਦਾ, ਹਵਸ ਹਿਰਸ ਨਾ ਕੋਇ ਮਿਟਾਇੰਦਾ । ਮਨ ਵਾਸਨਾ ਫਿਰੇ ਬੰਦਾ, ਬੰਦਗੀ ਵਿਚ ਨਾ ਕੋਇ ਸਮਾਇੰਦਾ । ਆਪ ਗਵਾਏ ਆਪਣਾ ਪਰਮਾਨੰਦਾ, ਨਿਜਾਨੰਦ ਹੱਥ ਕਿਸੇ ਨਾ ਆਇੰਦਾ । ਜਗਤ ਨੇਤਰ ਦੋਏ ਅੰਧਾ, ਨੇਤਰ ਗਿਆਨ ਨਾ ਕੋਇ ਖੁਲ੍ਹਾਇੰਦਾ । ਆਵਣ ਜਾਵਣ ਨਾ ਚੁੱਕੇ ਪੈਂਡਾ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਇੰਦਾ । ਗੁਰਮੁਖ ਵਿਰਲਾ ਗੁਰ ਸਰਨਾਈ ਸਾਚੀ ਰਹਿੰਦਾ, ਰਹਿ ਰਹਿ ਆਪਣੀ ਖ਼ੁਸ਼ੀ ਕਰਾਇੰਦਾ । ਸਤਿਗੁਰ ਭਾਣਾ ਸਿਰ ਤੇ ਸਹਿੰਦਾ, ਸਹਿ ਸਹਿ ਸੀਸ ਝੁਕਾਇੰਦਾ । ਆਤਮ ਪਰਮਾਤਮ ਇਕੋ ਨਾਉਂ ਰਸਨਾ ਕਹਿੰਦਾ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੰਡੇ ਵਿਚ ਗੁਰਮੁਖ ਫੂਲ ਆਪ ਉਪਜਾਇੰਦਾ । ਕਲਜੁਗ ਵਿਕਾਰਾ ਤਿੱਖੀ ਸੂਲ, ਸੂਲੀ ਸਭ ਦੇ ਗਲ ਲਟਕਾਈਆ । ਸ੍ਰਿਸ਼ਟ ਸਬਾਈ ਰਹੀ ਭੂਲ, ਅਭੁੱਲ ਮਿਲੇ ਨਾ ਬੇਪਰਵਾਹੀਆ । ਭਾਗ ਨਾ ਲੱਗੇ ਕਿਸੇ ਕੁਲ, ਜੀਵ ਜੰਤ ਰਿਹਾ ਕੁਰਲਾਈਆ । ਤ੍ਰੈਗੁਣ ਮਾਇਆ ਰਹੇ ਰੁਲ, ਖ਼ਾਕੀ ਖ਼ਾਕ ਖ਼ਾਕ ਸਮਾਈਆ । ਫੁੱਲ ਫੁਲਵਾੜੀ ਨਾ ਮੌਲੇ ਫੁੱਲ, ਪਤ ਡਾਲ੍ਹੀ ਨਾ ਕੋਇ ਮਹਿਕਾਈਆ । ਨੌਂ ਖੰਡ ਪ੍ਰਿਥਮੀ ਬੂਟਾ ਰਿਹਾ ਹੁਲ, ਸਿੰਮਲ ਰੁੱਖ ਰੁੱਖ ਲਹਿਰਾਈਆ । ਗੁਰਮੁਖ ਵਿਰਲੇ ਹਰਿ ਕਾ ਨਾਉਂ ਏਕਾ ਅੱਖਰ ਗਾਇਆ ਬੁਲ, ਰਸਨਾ ਜਿਹਵਾ ਨਾਲ ਮਿਲਾਈਆ । ਕਰਤਾ ਕੀਮਤ ਪਾਏ ਮੁਲ, ਸਾਲਸ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਦਾ ਸਦਾ ਸਹਾਈਆ । ਕਲਜੁਗ ਵਿਕਾਰ ਤਿੱਖੀ ਧਾਰ, ਚਾਰ ਵਰਨ ਵਰਨ ਜਣਾਇੰਦਾ । ਸਭ ਦਾ ਚੋਲਾ ਰਹੀ ਪਾੜ, ਪਰਦਾ ਉਪਰ ਨਾ ਕੋਇ ਰਖਾਇੰਦਾ । ਵਿੰਨੀ ਜਾਏ ਨਾੜ ਨਾੜ, ਬਹੱਤਰ ਅੰਕ ਨਾ ਕੋਇ ਬਣਾਇੰਦਾ । ਤਤਵ ਤਤ ਰਿਹਾ ਸਾੜ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ

ਲਾਏ ਪਾਰ, ਮੰਜਧਾਰ ਨਾ ਕੋਇ ਤਰਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਵੇਖਣਹਾਰਾ ਸਾਂਝਾ ਯਾਰ, ਸਗਲਾ ਸੰਗ ਆਪ ਅਖਵਾਇੰਦਾ । ਸਿਫ਼ਤ ਸਾਲਾਹੀ ਵਸੇ ਬਾਹਰ, ਸਿਫ਼ਤ ਵਿਚ ਕਦੇ ਨਾ ਆਇੰਦਾ । ਅਲਫ਼ ਯੇ ਜਗਤ ਵਿਹਾਰ, ਆਰਫ਼ ਆਪਣਾ ਬੰਧਨ ਪਾਇੰਦਾ । ਭਗਤ ਫ਼ਿਕਰਾ ਕਰ ਤਿਆਰ, ਫ਼ਿਤਰਤ ਆਪਣੇ ਹੱਥ ਰਖਾਇੰਦਾ । ਜਿਕਰੀਏ ਜ਼ਿਕਰ ਕੀਤਾ ਏਕਾ ਵਾਰ, ਜ਼ੌਕ ਜ਼ਾਕਰ ਆਪਣੇ ਰੰਗ ਰੰਗਾਇੰਦਾ । ਨੇਤਰ ਪੇਖ ਸਰਬ ਸੰਸਾਰ, ਸੂਫ਼ੀ ਆਪਣਾ ਰੂਪ ਵਟਾਇੰਦਾ । ਫ਼ਾਤਿਆ ਪੜ੍ਹੇ ਅੰਤਮ ਵਾਰ, ਖ਼ਾਕੀ ਖ਼ਾਕ ਖ਼ਾਕ ਦਬਾਇੰਦਾ । ਸਾਖ਼ਯਾਤ ਰੂਪ ਨਿਰੰਕਾਰ, ਜਨ ਭਗਤਾਂ ਵੇਖ ਵਖਾਇੰਦਾ । ਕਲਜੁਗ ਅੰਤਮ ਮੇਟ ਕੂੜੀ ਕਿਰਿਆ ਏਕਾ ਦੇਵੇ ਨਾਮ ਆਧਾਰ, ਆਧਾਰ ਆਪਣਾ ਆਪ ਰਖਾਇੰਦਾ । ਸੋਹੰ ਸ਼ਬਦ ਕਰ ਤਿਆਰ, ਤਾਰ ਸਤਾਰ ਆਪ ਵਜਾਇੰਦਾ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਕਲਜੁਗ ਕਿਰਿਆ ਵਿਚੋਂ ਕੱਢੇ ਬਾਹਰ, ਜ਼ਾਹਰ ਆਪਣਾ ਰੂਪ ਵਖਾਇੰਦਾ । ਏਥੇ ਓਥੇ ਦੋ ਜਹਾਨ ਨਾ ਆਏ ਹਾਰ, ਜੋ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਇੰਦਾ ।

### ✳ ੧੨ ਜੇਠ ੨੦੧੯ ਬਿਕਰਮੀ ਤੇਜ ਭਾਨ ਸ਼ੇਖ਼ਸਰ ਜੰਮੂ ✳

ਹਰਿ ਕਿਰਪਾ ਗੁਰ ਪਰਤਾਪ, ਗੁਰ ਕਿਰਪਾ ਨਾਮ ਵਡਿਆਈਆ । ਨਾਉਂ ਨਿਧਾਨਾ ਹਰਿ ਹਰਿ ਜਾਪ, ਜੀਵਣ ਜੁਗਤ ਜੁਗਤ ਸਮਝਾਈਆ । ਕਾਇਆ ਕਪੜ ਧੋ ਉਤਾਰੇ ਪਾਪ, ਪਤਤ ਪੁਨੀਤ ਆਪ ਕਰਾਈਆ । ਧੂਆਂਧਾਰ ਮੇਟੇ ਅੰਧੇਰੀ ਰਾਤ, ਸਤਿ ਗਿਆਨ ਸ਼ਬਦ ਦ੍ਰਿੜਾਈਆ । ਮਾਣਸ ਜਨਮ ਵਖਾਏ ਸਾਚਾ ਹਾਟ, ਘਰ ਮੰਦਰ ਕੁੰਡਾ ਲਾਹੀਆ । ਨਿਰਮਲ ਜੋਤ ਵਖਾਏ ਲਲਾਟ, ਹਲਤ ਪਲਤ ਸਦਾ ਸੁਖਦਾਈਆ । ਜਨਮ ਜਨਮ ਦੀ ਮੇਟੇ ਵਾਟ, ਅਗਲਾ ਪੰਧ ਨਾ ਕੋਇ ਰਖਾਈਆ । ਕਰ ਕਿਰਪਾ ਜਿਸ ਜਨ ਦੇਵੇ ਆਪਣੀ ਗਾਥ, ਗਾਥਾ ਮੰਤਰ ਇਕ ਸਮਝਾਈਆ । ਫੜ ਬਾਹੋਂ ਚੜ੍ਹਾਏ ਸਾਚੇ ਰਾਥ, ਗੁਰ ਸ਼ਬਦੀ ਰਥ ਚਲਾਈਆ । ਹੋਏ ਸਹਾਈ ਅਨਾਥਾਂ ਨਾਥ, ਸਮਰਥ ਪੁਰਖ ਬੇਪਰਵਾਹੀਆ । ਕਲਜੁਗ ਅੰਤਮ ਪੁਛੇ ਵਾਤ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਵਰਨ ਬਰਨ ਨਾਤਾ ਤੋੜ ਜ਼ਾਤ ਪਾਤ, ਜ਼ਾਤ ਆਪਣੀ ਦਏ ਸਮਝਾਈਆ । ਹਰਿਜਨ ਰੱਖੇ ਸਦਾ ਸਾਥ, ਆਪ ਆਪਣੀ ਉਂਗਲੀ ਲਾਈਆ । ਗੁਰਸਿਖ ਕਦੇ ਨਾ ਹੋਵੇ ਘਾਤ, ਰਾਏ ਧਰਮ ਨਾ ਘਾਓ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਬੰਧਾਇਆ ਚਰਨ ਨਾਤ, ਤਿਸ ਨਾਤਾ ਨਾ ਕੋਇ ਤੁੜਾਈਆ ।

### ✳ ੧੨ ਜੇਠ ੨੦੧੯ ਬਿਕਰਮੀ ਰਾਮ ਚੰਦ ਦੇ ਗ੍ਰਿਹ ਪਿੰਡ ਦੇਵਾ ਜੰਮੂ ✳

ਆਪੇ ਦਾਤਾ ਆਪੇ ਦਾਨੀ, ਦਇਆਵਾਨ ਹਰਿ ਅਖਵਾਇੰਦਾ । ਆਪੇ ਅੰਮ੍ਰਿਤ ਆਪੇ ਪਾਣੀ, ਆਪੇ ਜਲ ਜਲ ਰੂਪ ਵਟਾਇੰਦਾ । ਆਪੇ ਮਹਿਮਾ ਅਕੱਥ ਕਹਾਣੀ, ਆਪੇ ਲਿਖ ਲਿਖ ਲੇਖ ਵਖਾਇੰਦਾ । ਆਪੇ ਨਿਰਗੁਣ ਜੋਤ ਨੂਰਾਨੀ, ਆਪੇ ਸਰਗੁਣ ਡੇਰਾ ਲਾਇੰਦਾ । ਆਪੇ ਜਾਣੇ ਬੋਧ ਅਗਾਧੀ ਸਾਚੀ ਬਾਣੀ, ਆਪੇ ਆਪਣਾ ਰਾਗ ਅਲਾਇੰਦਾ । ਆਪੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਆਪੇ ਹੁਕਮ ਹੁਕਮ ਵਰਤਾਇੰਦਾ ।

ਆਪੇ ਲੇਖਾ ਜਾਣੇ ਆਵਣ ਜਾਣੀ, ਦੋਏ ਜਹਾਨਾਂ ਵੇਸ ਵਟਾਇੰਦਾ । ਆਪੇ ਖੇਲੇ ਖੇਲ ਵਡ ਬਲਵਾਨੀ, ਬਲ ਆਪਣਾ ਆਪ ਪਰਗਟਾਇੰਦਾ । ਆਪੇ ਜੁਗ ਜੁਗ ਭਗਤ ਪਰਗਟਾਏ ਸਚ ਨਿਸ਼ਾਨੀ, ਜਗਤ ਨਿਸ਼ਾਨਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਾਤ ਆਪ ਵਰਤਾਇੰਦਾ । ਦਾਤਾ ਦਾਨੀ ਦੀਨ ਦਿਆਲ, ਦਰਦੀ ਦਰਦ ਵੰਡਾਇੰਦਾ । ਜੁਗਾ ਜੁਗੰਤਰ ਖੇਲ ਨਿਰਾਲ, ਖ਼ਾਲਕ ਖ਼ਲਕ ਵਿਚ ਰਖਾਇੰਦਾ । ਗ਼ਰੀਬ ਨਿਮਾਣੇ ਕਰੇ ਸਦਾ ਪ੍ਰਿਤਪਾਲ, ਬਾਲ ਅਵਾਣੇ ਗੋਦ ਬਹਾਇੰਦਾ । ਭਗਤ ਭਗਵੰਤ ਵੇਖੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਵਸਤ ਅਮੋਲਕ ਦੇਵੇ ਨਾਮ ਸੱਚਾ ਧੰਨ ਮਾਲ, ਮਾਲ ਖ਼ਜ਼ੀਨਾ ਇਕ ਲੁਟਾਇੰਦਾ । ਸਦਾ ਸਦਾ ਸਦ ਚਲੇ ਨਾਲ, ਆਪ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਦਇਆ ਕਮਾਇੰਦਾ । ਦਾਤਾ ਦਾਨੀ ਦੇਵਣ ਜੋਗ, ਸੋ ਪੁਰਖ ਨਿਰੰਜਣ ਇਕ ਵਡਿਆਈਆ । ਆਦਿ ਜੁਗਾਦੀ ਹੈ ਭੀ ਹੋਗ, ਨਾ ਮਰੇ ਨਾ ਜਾਈਆ । ਜੁਗ ਜੁਗ ਕਰੇ ਸਚ ਸੰਜੋਗ, ਜਨ ਭਗਤ ਨਾਮ ਕੁੜਮਾਈਆ । ਦੇਵੇ ਦਰਸ ਆਪ ਅਮੋਘ, ਸਵੱਛ ਸਰੂਪੀ ਰੂਪ ਵਖਾਈਆ । ਕੱਟਣਹਾਰਾ ਜਨਮ ਵਿਜੋਗ, ਪੂਰਬ ਲਹਿਣਾ ਲੇਖੇ ਲਾਈਆ । ਨਾਤਾ ਤੋੜੇ ਹਰਖ ਸੋਗ, ਚਿੰਤਾ ਦੁੱਖ ਨਾ ਕੋਇ ਜਣਾਈਆ । ਆਤਮ ਭੋਗੇ ਸਾਚਾ ਭੋਗ, ਰਸ ਰਸੀਆ ਏਕਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਨਾਮ ਵਸਤ ਰਾਮ ਰਮੱਯਾ, ਨਰ ਹਰਿ ਨਰਾਇਣ ਆਪ ਵਰਤਾਇੰਦਾ । ਆਦਿ ਜੁਗਾਦੀ ਸਾਚਾ ਸੱਯਾ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣੇ ਜੋਤੀ ਮੱਯਾ, ਮਾਤ ਪਿਤ ਹਿੱਤ ਵਖਾਇੰਦਾ । ਇਕ ਵਖਾਏ ਸਾਚੀ ਨੱਯਾ, ਨੌਕਾ ਨਾਮ ਆਪ ਧਰਾਇੰਦਾ । ਲੇਖਾ ਜਾਣ ਭੈਣ ਭੱਯਾ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਰਤਾਇੰਦਾ । ਦੇਵੇ ਦਾਨ ਦਇਆਨਿਧ, ਦੀਨ ਦਿਆਲ ਬੇਪਰਵਾਹੀਆ । ਜਨ ਭਗਤਾਂ ਕਰੇ ਕਾਰਜ ਸਿਧ, ਕਰਤਾ ਪੁਰਖ ਵਡ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਆਪੇ ਜਾਣੇ ਆਪਣੀ ਬਿਧ, ਭੇਵ ਅਭੇਦ ਨਾ ਕਿਸੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਸਾਚੀ ਵਸਤ ਏਕਾ ਹੱਥ ਵਖਾਈਆ । ਦਇਆਵਾਨ ਹਰਿ ਜੂ ਠਾਕਰ, ਆਪਣਾ ਖੇਲ ਖਲਾਇੰਦਾ । ਭਗਤ ਭਗਵੰਤ ਦੇਵੇ ਆਦਰ, ਲੋਕਮਾਤ ਸੋਭਾ ਪਾਇੰਦਾ । ਸਤਿ ਸਤਿਵਾਦੀ ਸ਼ਬਦੀ ਚਾਦਰ, ਨਾਮ ਦੁਸ਼ਾਲਾ ਇਕ ਉਠਾਇੰਦਾ । ਇਕ ਇਕੱਲਾ ਦੇਵੇ ਆਦਰ, ਆਦਰਸ਼ ਆਪਣਾ ਆਪ ਵਖਾਇੰਦਾ । ਕਰੀਮ ਕਰਤਾ ਬਣ ਬਣ ਕਾਦਰ, ਕੁਦਰਤ ਆਪਣੇ ਰੰਗ ਰੰਗਾਇੰਦਾ । ਸੇਵਕ ਬਣ ਬਣ ਤੇਗ਼ ਬਹਾਦਰ, ਤੇਗ਼ ਆਪਣੇ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਵਖਾਇੰਦਾ । ਸਾਚਾ ਦਾਨ ਦੇਵੇ ਸੀਸ, ਹਰਿ ਜੂ ਵਡੀ ਵਡ ਵਡਿਆਈਆ । ਕਰੇ ਖੇਲ ਆਪ ਜਗਦੀਸ਼, ਜਗਤ ਜੁਗਤ ਭੇਵ ਨਾ ਰਾਈਆ । ਜਨ ਭਗਤਾਂ ਦੱਸੇ ਸਚ ਹਦੀਸ, ਹਰਫ਼ ਬਹਰਫ਼ ਆਪ ਪੜ੍ਹਾਈਆ । ਕਲਜੁਗ ਅੰਤਮ ਪੀਸਣ ਰਿਹਾ ਪੀਸ, ਜੂਠ ਝੂਠ ਚੱਕੀ ਮਾਤ ਚਲਾਈਆ । ਲੇਖਾ ਜਾਣੇ ਇਕ ਨੌਂ ਉਨੀਸ, ਨੌਂ ਇਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਸਮਝਾਈਆ । ਸਾਚਾ ਦਾਨ ਇਕੋ ਹਰਿ, ਦੂਸਰ ਅਵਰ ਨਾ ਕੋਇ ਵਖਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਫੜ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਸਾਚੇ ਮੰਦਰ ਆਪੇ ਵੜ, ਗ੍ਰਿਹ ਬਹਿ ਬਹਿ

ਖ਼ੁਸ਼ੀ ਮਨਾਇੰਦਾ । ਨਿਸ਼ਅੱਖਰ ਬਾਣੀ ਆਪੇ ਪੜ੍ਹ, ਪੜ੍ਹ ਪੜ੍ਹ ਰਾਗ ਸੁਣਾਇੰਦਾ । ਸੰਤ ਸੁਹੇਲੇ ਲਾਏ ਲੜ, ਫੜ ਫੜ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਵਰਤਾਇੰਦਾ । ਨਾਮ ਵਰਤਾਏ ਗ਼ਰੀਬ ਨਿਵਾਜ਼, ਹਰਿ ਜੂ ਆਪਣੀ ਦਇਆ ਕਮਾਈਆ । ਚੰਦ ਚਾਂਦਨਾ ਸਾਜਣ ਸਾਜ, ਨੂਰ ਨੂਰ ਨੂਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਮਾਥਾ ਮਸਤਕ ਆਪਣੇ ਚਰਨ ਛੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਗਾਥ, ਕਲਜੁਗ ਅੰਤਮ ਝੋਲੀ ਪਾਈਆ । ਫੜ ਉਤਾਰੇ ਆਪਣੇ ਘਾਟ, ਸਤਿ ਕਿਨਾਰਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਬੇਪਰਵਾਹੀਆ । ਬੇਪਰਵਾਹ ਦੇਵੇ ਦਾਨਾ, ਨਜ਼ਰ ਕਿਸੇ ਨਾ ਆਇੰਦਾ । ਸਤਿ ਸਰੂਪੀ ਬੰਨ੍ਹੇ ਗਾਨਾ, ਘਰ ਬਹਿ ਬਹਿ ਸਗਨ ਮਨਾਇੰਦਾ । ਰਾਮ ਰਾਮ ਮਿਲੇ ਭਗਵਾਨਾ, ਚੰਦ ਚੰਦ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਥੇ ਮੇਲ ਮਿਲਾਇੰਦਾ । ਸਤਿਜੁਗ ਤੱਕੀ ਵਾਟ, ਤ੍ਰੇਤਾ ਨੈਣ ਉਠਾਈਆ । ਦੁਆਪਰ ਸੁੱਤਾ ਗੋਦਾਵਰੀ ਘਾਟ, ਗੰਗਾ ਕੰਢਾ ਰੂਪ ਵਟਾਈਆ । ਕਲਜੁਗ ਅੰਤਮ ਚੀਥੜ ਗਏ ਪਾਟ, ਕਾਇਆ ਕਪੜ ਕੰਮ ਕਿਸੇ ਨਾ ਆਈਆ । ਕਿਰਪਾ ਕਰੀ ਪੁਰਖ ਸਮਰਥ, ਸਮਰਥ ਆਪਣੀ ਦਇਆ ਕਮਾਈਆ । ਪਕੜ ਉਠਾਇਆ ਆਪਣੇ ਹੱਥ, ਹੱਥ ਹੱਥ ਨਾਲ ਮਿਲਾਈਆ । ਤਖ਼ਤ ਨਿਵਾਸੀ ਬਹਿ ਬਹਿ ਗਾਏ ਜਸ, ਜਸ ਹਰਿਜਨ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਜਾਏ ਵਸ, ਸਾਚਾ ਖੇੜਾ ਆਪ ਬਣਾਈਆ । ਆਪਣਾ ਆਪ ਕੀਤਾ ਦਾਨ, ਬਾਕੀ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਹੋ ਹੋ ਵੜਿਆ ਕਾਇਆ ਵਿਚ ਮਕਾਨ, ਸਰਗੁਣ ਅੰਦਰ ਸਾਚਾ ਆਸਣ ਲਾਇੰਦਾ । ਰੂਪ ਰੰਗ ਰੇਖ ਨਜ਼ਰ ਨਾ ਆਏ ਵਿਸ਼ਨੂੰ ਭਗਵਾਨ, ਹਰਿਜਨ ਆਪਣਾ ਰੂਪ ਵਖਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਆਪਣੀ ਭੇਟਾ ਆਪਣਾ ਸੀਸ ਜਗਦੀਸ਼ ਕਰ ਕੁਰਬਾਨ, ਸਚ ਹਦੀਸ ਫੇਰ ਪੜ੍ਹਾਇੰਦਾ । ਸੋਹੰ ਸ਼ਬਦ ਇਕ ਨਿਸ਼ਾਨ, ਧੁਰ ਨਿਸ਼ਾਨਾ ਆਪ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਆਪ ਕਰ ਕੇ ਦਾਨ, ਜਨ ਭਗਤਾਂ ਝੋਲੀ ਮਾਤ ਭਰਾਇੰਦਾ । ਆਪਣਾ ਆਪ ਹਰਿ ਦੀਆ ਦਾਨ, ਭੇਵ ਕੋਇ ਨਾ ਪਾਇੰਦਾ । ਗੁਰਮੁਖ ਕਰਨ ਮਾਤ ਪਰਵਾਨ, ਪਰਮ ਪੁਰਖ ਮੰਗ ਮੰਗਾਇੰਦਾ । ਵਸਣ ਦੇਣਾ ਵਿਚ ਮਕਾਨ, ਕਾਇਆ ਕੋਠੜੀ ਰਾਹ ਤਕਾਇੰਦਾ । ਨਿਤ ਨਿਤ ਗੁਰਮੁਖ ਗਾਵਾਂ ਤੇਰੇ ਗਾਨ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਦਿਵਸ ਰੈਣ ਦਰਸ਼ਨ ਪਾਵਾਂ ਆਣ, ਦੂਰ ਦੁਰਾਡਾ ਪੰਧ ਨਾ ਕੋਇ ਜਣਾਇੰਦਾ । ਬਿਨ ਸੁਣਿਆਂ ਸੁਣਾਵਾਂ ਫ਼ਰਮਾਣ, ਫ਼ਰਮਾਂਬਰਦਾਰ ਹੋ ਸੇਵ ਕਮਾਇੰਦਾ । ਆਪ ਬਣਿਆ ਰਹਾਂ ਅਵਾਣ, ਗੁਰਮੁਖ ਲੋਕਮਾਤ ਵਡਿਆਇੰਦਾ । ਆਪਣਾ ਮੇਟ ਕੇ ਜਗਤ ਨਿਸ਼ਾਨ, ਭਗਤ ਨਿਸ਼ਾਨਾ ਜਗਤ ਝੁਲਾਇੰਦਾ । ਆਪਣਾ ਨਾਉਂ ਰੱਖ ਵਿਸ਼ਨੂੰ ਭਗਵਾਨ, ਭਗਵਾਨ ਗੁਰਮੁਖ ਰੰਗ ਰੰਗਾਇੰਦਾ । ਘਰ ਘਰ ਦਰ ਦਰ ਪੁਛੇ ਆਣ, ਆਪ ਆਪਣੀ ਫੇਰੀ ਪਾਇੰਦਾ । ਜੰਗਲ ਜੂਹ ਉਜਾੜ ਢੂੰਡੇ ਬੀਆਬਾਨ, ਉਚੇ ਟਿੱਲੇ ਪਰਬਤ ਵੇਖ ਵਖਾਇੰਦਾ । ਡੂੰਘੀ ਕੰਦਰ ਵੇਖੇ ਖਾਣ, ਕੰਢੀ ਆਪਣਾ ਚਰਨ ਟਿਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਸੁਣੌਂਦਾ ਰਿਹਾ ਗਾਨ, ਕਲਜੁਗ ਅੰਤਮ ਗੀਤ ਆਪ ਅਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਭਗਤਾਂ ਆਪ ਵੰਡਾਇੰਦਾ ।

## ✳ ੧੨ ਜੇਠ ੨੦੧੯ ਬਿਕਰਮੀ ਮਲੂਕਾਂ ਵਾਲੀ ਪਿੱਪਲ ਦੇ ਥੱਲੇ ਜੰਮੂ ✳

ਟਿੱਲਾ ਛੁਟਿਆ ਗੋਰਖ ਨਾਥ, ਗੁਰ ਚੇਲੇ ਧਿਆਨ ਲਗਾਈਆ । ਜਨਮ ਜਨਮ ਦੇ ਵਿਛੜੇ ਲੱਭਦੇ ਸਾਥ, ਸਾਥੀ ਨਜ਼ਰ ਕੋਇ ਨਾ ਆਈਆ । ਮਛੰਦਰ ਸੁਣੌਂਦਾ ਰਿਹਾ ਗਾਥ, ਜਲੰਧਰ ਮੁੰਦਰਾ ਕੰਨ ਲਟਕਾਈਆ । ਅੰਤਮ ਮੁਕਾਵੇ ਕੌਣ ਵਾਟ, ਮੁਕਾਵਣਹਾਰਾ ਇਕ ਅਖਵਾਈਆ । ਲੇਖਾ ਜਾਣੇ ਨੌਂ ਨਾਥ, ਸਿਧ ਚੁਰਾਸੀ ਸਹਿਜ ਸੁਭਾਈਆ । ਸਾਰੇ ਪੁਛਣ ਆਪਣੀ ਆਪਣੀ ਗਾਥ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਵੇਲੇ ਅੰਤ ਪੁਛੇ ਕਵਣ ਵਾਤ, ਸਾਡਾ ਪੰਧ ਦਏ ਮੁਕਾਈਆ । ਗੋਰਖ ਕਹੇ ਬਣੋ ਇਕ ਜਮਾਤ, ਸਾਚੀ ਸਿਖਿਆ ਦਏ ਸਮਝਾਈਆ । ਕਲਜੁਗ ਅੰਤਮ ਪਰਗਟ ਹੋਏ ਪੁਰਖ ਅਬਿਨਾਸ਼, ਨਿਰਗੁਣ ਆਪਣਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ ਪਹਿਲੋਂ ਕਰੇ ਆਪਣੇ ਦਾਸ, ਫੇਰ ਸਭ ਦਾ ਲਹਿਣਾ ਦਏ ਚੁਕਾਈਆ । ਤੁਹਾਡਾ ਮੇਲਾ ਕਰੇ ਖ਼ਾਸ, ਖ਼ੁਲਾਸਾ ਆਪਣਾ ਆਪ ਖ਼ੁਲ੍ਹਾਈਆ । ਕੰਢੀ ਕੰਢੇ ਮੇਟੇ ਪਿਆਸ, ਪਿਆਸ ਅੰਤਰ ਦਏ ਬੁਝਾਈਆ । ਗੁਰਸਿਖ ਸੱਜਣ ਸੁਹੇਲੇ ਰੱਖੇ ਆਪਣੇ ਸਾਥ, ਬਣ ਸੰਗੀ ਸੰਗ ਨਿਭਾਈਆ । ਆਪਣੀ ਹੱਥੀਂ ਧੂੜੀ ਟਿੱਕਾ ਮਸਤਕ ਲਾਏ ਖ਼ਾਕ, ਖ਼ਾਕ ਸਭ ਦੇ ਉਪਰ ਪਾਈਆ । ਜਿਸ ਦੇ ਪਿਛੇ ਬਣਦੇ ਰਹੇ ਚਾਕ, ਚਾਕ ਬਣ ਚਾਕਰੀ ਸੇਵ ਕਮਾਈਆ । ਸੋ ਸਾਹਿਬ ਦਿਆਲ ਠਾਕਰ ਆਪਣਾ ਖੋਲ੍ਹੇ ਤਾਕ, ਦੀਵਾ ਬਾਤੀ ਇਕ ਜਗਾਈਆ । ਗੋਰਖ ਅੰਤ ਨਾ ਨਿਭੇ ਸਾਥ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਤੀਜਾ ਜਨਮ ਸਿੰਘ ਤਾਰੇ ਰੱਖਿਆ ਸਾਕ, ਸੱਜਣ ਸੈਣ ਆਪਣਾ ਬੰਧਨ ਪਾਈਆ । ਅੰਤਮ ਸਾਥ ਲੈ ਪੁਰਖ ਅਬਿਨਾਸ਼, ਪਿਛਲਾ ਲਹਿਣਾ ਰਿਹਾ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੋਰਖ ਚੇਲੇ ਬਣਾਏ ਆਪਣੇ ਦਾਸ, ਅਗਲਾ ਫ਼ਾਸ ਸਰਬ ਕਟਾਈਆ ।


੧੬੧
੧੨

## ✳ ੧੨ ਜੇਠ ੨੦੧੯ ਬਿਕਰਮੀ ਸਰਦਾਰ ਸਿੰਘ ਦੇ ਗ੍ਰਿਹ ਪਿੰਡ ਸਰਦਾਰੀ ਜੰਮੂ ✳

ਅਲੱਖ ਅਲੱਖ ਅਲੱਖ ਨਿਰੰਜਣ, ਗੁਰ ਚੇਲੇ ਰਹੇ ਧਿਆਈਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਣ, ਪ੍ਰਭ ਮਿਲਿਆ ਸੱਚਾ ਮਾਹੀਆ । ਨੇਤਰ ਗਿਆਨ ਪਾਇਆ ਅੰਜਣ, ਨਾਮ ਬਿਭੂਤੀ ਇਕ ਵਖਾਈਆ । ਚਰਨ ਧੂੜ ਕਰਾਇਆ ਮਜਨ, ਸਰ ਸਰੋਵਰ ਇਕ ਨੁਹਾਈਆ । ਜਨਮ ਜਨਮ ਦੀ ਲੱਥੀ ਥੱਕਣ, ਥੱਕੇ ਮਾਂਦੇ ਪੰਧ ਮੁਕਾਈਆ । ਨੇਤਰ ਨੈਣ ਬਿਨ ਨੇਤਰ ਤੱਕਣ, ਦਰਸੀ ਦਰਸ ਦਰਸ ਰਘੁਰਾਈਆ । ਕਲਜੁਗ ਅੰਤਮ ਆਇਆ ਰੱਖਣ, ਬਣ ਰੱਖਕ ਫੇਰਾ ਪਾਈਆ । ਇਕ ਵਖਾਏ ਸਾਚਾ ਪੱਤਣ, ਪੱਤਣ ਬੈਠਾ ਹਰਿ ਹਰਿ ਮਾਹੀਆ । ਵੇਲੇ ਅੰਤ ਪਰਦੇ ਢਕਣ, ਸਿਰ ਆਪਣਾ ਹੱਥ ਟਿਕਾਈਆ । ਗੁਰ ਚੇਲੇ ਆਏ ਭੋਜਣ ਛਕਣ, ਹੱਥ ਖੱਪਰੀ ਇਕ ਉਠਾਈਆ । ਅਲੱਖ ਅਲੱਖ ਰਸਨਾ ਕਰ ਕਰ ਥੱਕੀ ਯਤਨ, ਯੁਕਤੀ ਯੁਗ ਨਾ ਕੋਇ ਸਮਝਾਈਆ । ਪੁਰਖ ਅਬਿਨਾਸੀ ਘਟ ਘਟ ਵਾਸੀ ਕਲਜੁਗ ਅੰਤਮ ਵਰੋਲਣ ਆਇਆ ਆਪਣਾ ਮੱਖਣ, ਲੱਖ ਚੁਰਾਸੀ ਨਾਮ ਮਧਾਣਾ ਪਾਈਆ । ਦੂਰ ਦੁਰਾਡੇ ਗੋਰਖ ਮਛੰਦਰ ਜਲੰਧਰ ਬਹਿ ਬਹਿ ਤੱਕਣ, ਸੀਸ ਜਗਦੀਸ਼ ਝੁਕਾਈਆ । ਸ਼ੌਹ ਦਰਯਾ ਵਿਚੋਂ ਆਇਆ ਕੱਢਣ,

੧੬੨ ੧੨

ਬਣ ਮਲਾਹ ਖੇਵਟ ਖੇਟਾ ਫੇਰਾ ਪਾਈਆ । ਵੇਖਣਹਾਰਾ ਡੂੰਘੀ ਖੱਡਣ, ਭਵਰ ਭਵਰੀ ਫੋਲ ਫੁਲਾਈਆ । ਏਕਾ ਵਾਰ ਆਇਆ ਸੱਦਣ, ਸੱਦਾ ਹਰਿ ਹਰਿ ਆਪ ਪੁਚਾਈਆ । ਜਿਸ ਨੂੰ ਕਹਿੰਦੇ ਗੋਪਾਲ ਮੋਹਣ ਮੂਰਤ ਮਧਣ, ਮਾਧਵ ਆਪਣਾ ਭੇਵ ਖੁਲ੍ਹਾਈਆ । ਆਦਿ ਜੁਗਾਦੀ ਵਿਸ਼ਨੂੰ ਯਦਨ, ਵਿਸ਼ਵ ਆਪਣੀ ਧਾਰ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਇਆ ਫੰਦਨ, ਬਣ ਫਾਂਦਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਲੱਖ ਨਿਰੰਜਣ ਜਗਤ ਜੈਕਾਰਾ, ਰਸਨਾ ਜਿਹਵਾ ਗਾ ਗਾ ਥੱਕੀ ਸਰਬ ਲੋਕਾਈਆ । ਗੇਰੂ ਕਪੜਾ ਤਨ ਸ਼ਿੰਗਾਰਾ, ਚਾਰੋਂ ਕੁੰਟ ਕੁੰਟ ਭੁਵਾਈਆ । ਸਰਵਣ ਪਾਏ ਨਾ ਕੋਈ ਧੁਨਕਾਰਾ, ਅਨਹਦ ਨਾਦੀ ਨਾ ਨਾਦ ਸੁਣਾਈਆ । ਸਾਚਾ ਮੁੰਦਰਾ ਨਾ ਕੋਇ ਪਿਆਰਾ, ਮੂਧਾ ਕਵਲ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੈ ਜੈਕਾਰ ਅਲੱਖ ਨਿਰੰਜਣ ਰਘੁਨਾਥ, ਰਘੂ ਏਕਾ ਧਾਰ ਚਲਾਇੰਦਾ । ਵੇਖਣਹਾਰ ਪੁਰਖ ਸਮਰਾਥ, ਸਮਰਥ ਆਪਣਾ ਪਰਦਾ ਆਪ ਉਠਾਇੰਦਾ । ਨਿਰਗੁਣ ਦੋ ਜਹਾਨਾਂ ਰਿਹਾ ਤੁਠ, ਬਣ ਬਣ ਪਾਂਧੀ ਪੰਧ ਮੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਗੁਰ ਚੇਲੇ ਮਾਰਗ ਦੱਸ, ਸਾਚੇ ਰਾਹੇ ਆਪੇ ਪਾਇੰਦਾ । ਘਟ ਘਟ ਅੰਤਰ ਆਪੇ ਵਸ, ਵਸ ਵਸ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਹੋ ਪਰਗਟ, ਪਰਗਟ ਆਪਣਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖਣਹਾਰਾ ਲੱਖ ਚੁਰਾਸੀ ਕਮਲਾਪਤ, ਕਵਲ ਨੈਣ ਆਪ ਖੁਲ੍ਹਾਇੰਦਾ । ਨਾਥਾਂ ਸਿਧਾਂ ਵੇਖੇ ਧੀਰਜ ਜਤ, ਸਤਿ ਸੰਤੋਖ ਭੇਵ ਚੁਕਾਇੰਦਾ । ਬਿਨ ਗੁਰਮੁਖ ਕੋਈ ਨਾ ਰੱਖੇ ਪੱਤ, ਕੋਟਨ ਕੋਟ ਜੀਵ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਲੱਖ ਅਲੱਖਣਾ ਖੇਲ ਕਰਾਇੰਦਾ । ਅਲੱਖ ਅਲੱਖ ਰਸਨਾ ਗਾ, ਗਾ ਗਾ ਖ਼ੁਸ਼ੀ ਮਨਾਈਆ । ਗੋਰਖ ਮਛੰਦਰ ਗਏ ਸੁਣਾ, ਮਨ ਮੰਦਰ ਇਕ ਸੁਹਾਈਆ । ਤਨ ਅੰਦਰ ਡੇਰਾ ਸਾਚੇ ਲਾ, ਘਟ ਮੁੰਦਰਾ ਨਾਮ ਵਖਾਈਆ । ਕਿੰਗੀ ਨਾਦ ਸਿੰਗੀ ਵਜਾ, ਤੁਰਯਾ ਰਾਗ ਰਾਗ ਅਲਾਈਆ । ਬਿੰਦੀ ਟਿੱਪੀ ਇਕ ਵਖਾ, ਨਿੱਕੀ ਨਿੱਕੀ ਧਾਰ ਜਣਾਈਆ । ਧੁਰ ਦੀ ਲਿਖੀ ਨਾ ਕੋਈ ਮੇਟੇ ਨਾ ਸਕੇ ਮਿਟਾ, ਮੇਟਣਹਾਰਾ ਇਕ ਅਖਵਾਈਆ । ਜਿਸ ਦਾ ਢੋਲਾ ਰਹੇ ਗਾ, ਸੋ ਸਾਹਿਬ ਸੱਚਾ ਮਾਹੀਆ । ਜੁਗ ਜੁਗ ਚੋਲਾ ਦਏ ਬਦਲਾ, ਚੋਲੀ ਆਪਣੇ ਰੰਗ ਰੰਗਾਈਆ । ਖੇਲੇ ਖੇਲ ਹੌਲੀ ਹੌਲੀ ਸਹਿਜ ਸੁਭਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਵਸੇ ਬੇਪਰਵਾਹੀਆ । ਅਲੱਖ ਨਿਰੰਜਣ ਹਰਿ ਹਰਿ ਗੀਤ, ਗੀਤ ਗੀਤ ਅਲਾਇਆ । ਉਚੇ ਟਿੱਲੇ ਜਗਤ ਰੀਤ, ਰੀਤੀਵਾਨ ਨਜ਼ਰ ਨਾ ਆਇਆ । ਸਦੀ ਸਦੀ ਗਈ ਬੀਤ, ਕਾਲ ਕਾਲ ਰੂਪ ਵਟਾਇਆ । ਪੁਰਖ ਅਬਿਨਾਸ਼ੀ ਇਕ ਅਤੀਤ, ਤ੍ਰੈਭਵਨ ਧਨੀ ਆਪਣਾ ਖੇਲ ਰਚਾਇਆ । ਰਵਦਾਸ ਚੁਮਾਰੇ ਲਿਖਿਆ ਲੇਖ, ਨਾ ਕੋਈ ਮੇਟੇ ਮੇਟ ਮਿਟਾਇਆ । ਬ੍ਰਹਿਮਣ ਜਾਣੇ ਆਪਣਾ ਭੇਖ, ਬ੍ਰਹਿਮਣ ਬ੍ਰਹਿਮਣੀ ਨਾ ਕੋਇ ਜਾਇਆ । ਲਿਖਣਹਾਰਾ ਹਰਿ ਜੂ ਲੇਖ, ਲੇਖਾ ਆਪਣੇ ਹੱਥ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਅਪਾਰਾ, ਰਵਿਦਾਸ ਆਪ ਕਰਾਈਆ । ਲੇਖਾ ਜਾਣੇ ਜਗਤ ਚੁਮਿਆਰਾ, ਆਤਮ ਆਧਾਰਾ ਵਡ ਵਡਿਆਈਆ । ਇਕ ਕਸੀਰਾ ਕਰ ਪਿਆਰਾ, ਤਕਸੀਰ ਤਕਦੀਰ ਦਏ ਬਦਲਾਈਆ । ਆਤਮ ਬ੍ਰਹਮ ਦੇ ਸਹਾਰਾ, ਜੀਵ ਜੀਵ ਜੀਵ ਸਮਝਾਈਆ । ਡੁੱਬਦਾ

ਪਾਬਰ ਲਾਏ ਕਿਨਾਰਾ, ਚਰਨ ਆਪਣਾ ਪਾਹਨ ਛੁਹਾਈਆ । ਜਿਸ ਉਪਰ ਤਿੱਖੀ ਕਰੇ ਆਰਾ, ਰੰਬੀ ਏਕਾ ਰਗੜਾ ਲਾਈਆ । ਤਿਸ ਅੰਦਰ ਵਡ ਭੰਡਾਰਾ, ਭਰ ਬੈਠਾ ਬੇਪਰਵਾਹੀਆ । ਸ਼ਾਹ ਪਾਤਸ਼ਾਹ ਬਣੇ ਵਣਜਾਰਾ, ਦਰ ਸੀਸ ਸੀਸ ਝੁਕਾਈਆ । ਬ੍ਰਹਿਮਣ ਰੋਵੇ ਜ਼ਾਰੋ ਜ਼ਾਰਾ, ਵੇਲਾ ਗਿਆ ਹੱਥ ਨਾ ਆਈਆ । ਹਰਿ ਭਗਤ ਕਰੇ ਸਦਾ ਪਿਆਰਾ, ਹਰਖ ਸੋਗ ਨਾ ਕੋਇ ਜਣਾਈਆ । ਗੰਗਾ ਤੇਰਾ ਨਾਤਾ ਜੋੜਿਆ ਵਿਚ ਸੰਸਾਰਾ, ਸੰਸਾਰ ਸਾਗਰ ਖੇਲ ਵਖਾਈਆ । ਤੂੰ ਆਇਆ ਚਲ ਦੁਆਰਾ, ਤੇਰਾ ਦੁਆਰ ਦਿਆਂ ਸਮਝਾਈਆ । ਤੇਰਾ ਮੇਰਾ ਇਕ ਵਿਹਾਰਾ, ਪ੍ਰਭ ਸਾਚੇ ਰਿਹਾ ਭਾਈਆ । ਤੂੰ ਵੱਡਾ ਵਡ ਸਿਕਦਾਰਾ, ਜਿਸ ਕੰਗਣ ਹੱਥ ਲਿਆ ਚਾਈਂ ਚਾਈਂਆ । ਮੇਰਾ ਤੇਰੇ ਨਾਲ ਉਧਾਰਾ, ਅੰਤਮ ਲੇਖਾ ਮੇਟੇ ਬੇਪਰਵਾਹੀਆ । ਬ੍ਰਹਿਮਣ ਮੰਗੇ ਚਰਨ ਧੂੜ ਖ਼ਾਕ ਛਾਰਾ, ਮਸਤਕ ਟਿੱਕਾ ਰਿਹਾ ਲਾਈਆ । ਕਵਣ ਵੇਲਾ ਮਿਲੇ ਹਰਿ ਨਿਰੰਕਾਰਾ, ਆਪ ਆਪਣਾ ਦਏ ਸਮਝਾਈਆ । ਰਵਿਦਾਸ ਬੋਲੇ ਕੂਕ ਜੈਕਾਰਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਨੌਂ ਜਨਮ ਔਣਾ ਵਿਚ ਸੰਸਾਰਾ, ਨੌਂ ਦੁਆਰੇ ਵਾਸਨਾ ਬਾਹਰ ਕਢਾਈਆ । ਤੀਜੇ ਜਨਮ ਲੇਖਾ ਜਾਣੇ ਸ਼ਾਹ ਸਿਕਦਾਰਾ, ਜਨਮ ਜਨਮ ਆਪ ਭੁਵਾਈਆ । ਕੰਨ ਪਾ ਕੇ ਮੁੰਦਰਾਂ ਤਨ ਲਾਏ ਖ਼ਾਕ ਛਾਰਾ, ਬਿਭੂਤੀ ਬਿਭੂਤ ਨਾਲ ਰਮਾਈਆ । ਗੋਰਖ ਦੇਵੇ ਫੇਰ ਸਹਾਰਾ, ਸਹਿਜ ਜੁਗਤ ਇਕ ਸਮਝਾਈਆ । ਬਿਨ ਹਰਿ ਕੋਇ ਨਾ ਜਾਏ ਹਰਿ ਕੇ ਦੁਆਰਾ, ਅੱਧਵਿਚਕਾਰ ਬੈਠੇ ਸਾਰੇ ਆਸਣ ਲਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਰੂਪ ਵਖਾਈਆ । ਪਰਗਟਾਏ ਪਰਗਟੇ ਆਪ ਰਵਿਦਾਸ ਚੁਮਾਰਾ, ਜਗਤ ਚਮਰੇਟਾ ਮੂਲ ਚੁਕਾਈਆ । ਬ੍ਰਹਿਮਣ ਦੇਵੇ ਬ੍ਰਹਮ ਸਹਾਰਾ, ਪਾਰਬ੍ਰਹਮ ਵਡੀ ਵਡਿਆਈਆ । ਜੋਗੀ ਜੋਗ ਵੇਖਣਹਾਰਾ, ਜੀਵਣ ਜੁਗਤ ਆਪ ਜਣਾਈਆ । ਚਾਰੋਂ ਕੁੰਟ ਫਿਰੇ ਬਣ ਹਲਕਾਰਾ, ਘਰ ਘਰ ਸਾਚਾ ਹੁਕਮ ਸੁਣਾਈਆ । ਗੁਰਮੁਖ ਵੇਖੇ ਵਾਰੋ ਵਾਰਾ, ਹਰਿਜਨ ਸੱਜਣ ਲਏ ਉਠਾਈਆ । ਸੰਤ ਸੁਹੇਲੇ ਕਰੇ ਪਿਆਰਾ, ਦੂਸਰ ਅੰਗ ਨਾ ਕੋਇ ਲਗਾਈਆ । ਜਨਮ ਜਨਮ ਦਾ ਲਹਿਣਾ ਦੇਣਾ ਕਰਜ਼ਾ ਦਏ ਉਤਾਰਾ, ਲੇਖਾ ਅਵਰ ਨਾ ਕੋਇ ਰਖਾਈਆ । ਪਾਵੇ ਫੇਰਾ ਅਗੰਮ ਅਪਾਰਾ, ਹੇਰਾ ਫੇਰਾ ਦਏ ਮਿਟਾਈਆ । ਉਚੇ ਟਿੱਲੇ ਵਸੇ ਗੁਰਸਿਖ ਰੂਪ ਉਚ ਮਨਾਰਾ, ਰਾਮ ਰਾਮ ਚੰਦ ਦਏ ਵਡਿਆਈਆ । ਚਰਨ ਕਵਲ ਦੇ ਸਹਾਰਾ, ਹਰਿ ਜੂ ਸੰਗਤ ਸੰਗ ਨਿਭਾਈਆ । ਵਾਹੋ ਦਾਹੀ ਆਏ ਆਪਣੀ ਧਾਰਾ, ਧਾਰ ਕਿਸੇ ਨਾ ਹੋਰ ਸਮਝਾਈਆ । ਨੌਂ ਨਾਥ ਚੁਰਾਸੀ ਸਿਧ ਰਾਹ ਵਿਚ ਮਿਲ ਕਰਨ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਚਰਪਟ ਨਾਥ ਰਿਹਾ ਕਵਾਰਾ, ਸੁਰਤੀ ਸ਼ਬਦ ਨਾ ਕਿਸੇ ਪਰਨਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਆਪ ਨਿਰੰਕਾਰਾ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਜਨਮ ਜਨਮ ਦਾ ਵਿਛੜਿਆ ਮੇਲੇ ਗੁਰਮੁਖ ਤਾਰਾ, ਤਾਰ ਆਪਣੀ ਨਾਲ ਮਿਲਾਈਆ । ਜੰਗਲ ਜੂਹ ਵਿਚ ਬਣ ਲਿਖਾਰਾ, ਰਵਿਦਾਸ ਚੁਮਾਰਾ ਦਏ ਗਵਾਹੀਆ । ਕਰਿਆ ਖੇਲ ਅਪਰ ਅਪਾਰਾ, ਲਿਖਤ ਪੜ੍ਹਤ ਵਿਚ ਨਾ ਕਿਸੇ ਸਮਝਾਈਆ । ਅਗਨੀ ਜੇਠ ਨਾ ਤਤੀ ਹਾੜਾ, ਤਤਵ ਤਤ ਨਾ ਕੋਇ ਰਖਾਈਆ । ਹਰਿ ਸੰਗਤ ਦੇਵੇ ਆਣ ਸਹਾਰਾ, ਸਰਦਾਰੀ ਆਪਣਾ ਚਰਨ ਛੁਹਾਈਆ । ਸੰਮਤ ਵੀਹ ਸੌ ਉਨੀ ਜਿਸ ਜਨ ਦੇ ਕੇ ਜਾਏ ਦਰਸ ਦੀਦਾਰਾ, ਬਣ ਦਰਦੀ ਦਰਦ ਵੰਡਾਈਆ । ਏਥੇ ਓਥੇ ਦੇਵੇ ਨਾਮ ਭੰਡਾਰਾ, ਅਖੁੱਟ ਕਦੇ ਨਾ ਜਾਈਆ । ਗੁਰਮੁਖ ਗੁਰਸਿਖ ਬੋਲੇ ਇਕੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਦਰ ਆਇਆਂ ਸਭ ਪਾਰ ਉਤਾਰਾ, ਮੋਏ ਪਿੱਤਰ ਪਾਰ ਕਰਾਈਆ ।

ਵਾਹਵਾ ਲੇਖ ਲਿਖਿਆ ਚੁਮਿਆਰਾ, ਚੰਮ ਦ੍ਰਿਸ਼ਟੀ ਸਭ ਦੀ ਦਏ ਗਵਾਈਆ । ਏਕਾ ਇਸ਼ਟ ਨਜ਼ਰ ਆਏ ਨਿਰੰਕਾਰਾ, ਵਸ਼ਿਸ਼ਟ ਰਾਮ ਰੂਪ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਅਜਨਮ ਦੋਵੇਂ ਕਰ ਪਰਵਾਨ, ਘਰ ਪਰਵਾਨਗੀ ਆਪਣੇ ਪਾਈਆ ।

### ✳ ੧੩ ਜੇਠ ੨੦੧੯ ਬਿਕਰਮੀ ਕੱਥਾ ਸਿੰਘ ਦੇ ਗ੍ਰਿਹ ਪਿੰਡ ਮੋਇਲ ਜੰਮੂ ✳

ਸਾਚੇ ਤਖ਼ਤ ਸੋਹੇ ਭਗਵਾਨ, ਸਚਖੰਡ ਦੁਆਰੇ ਸੋਭਾ ਪਾਇੰਦਾ । ਸੀਸ ਤਾਜ ਜਗਦੀਸ਼ ਮਹਾਨ, ਅਬਿਨਾਸ਼ੀ ਕਰਤਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਮਿਹਰਵਾਨ, ਰਾਜਨ ਰਾਜ ਹੁਕਮ ਵਰਤਾਇੰਦਾ । ਧੁਰ ਫ਼ਰਮਾਣਾ ਇਕ ਗਿਆਨ, ਨਿਰਗੁਣ ਨਿਰਵੈਰ ਆਪ ਸੁਣਾਇੰਦਾ । ਦੋ ਜਹਾਨਾਂ ਹੁਕਮਰਾਨ, ਭੇਵ ਆਪਣਾ ਆਪ ਖੁਲ੍ਹਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਪੁਰਖ ਅਕਾਲ ਵੇਸ ਵਟਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖੇ ਮਾਰ ਧਿਆਨ, ਪੂਰਬ ਲੇਖਾ ਆਪ ਫਿਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਮਾਣ, ਤ੍ਰੈ ਪੰਜ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਇੰਦਾ । ਸਚਖੰਡ ਦੁਆਰੇ ਹਰਿ ਜੂ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਈਆ । ਮਹੱਲ ਅਟੱਲ ਉਚ ਮਨਾਰੇ ਖੜ੍ਹ, ਸਤਿ ਸਰੂਪ ਆਪ ਵਟਾਈਆ । ਬੋਧ ਅਗਾਧੀ ਅੱਖਰ ਪੜ੍ਹ, ਨਿਸ਼ਅੱਖਰ ਕਰੇ ਜਣਾਈਆ । ਆਦਿ ਆਦਿ ਜਿਸ ਲਾਈ ਜੜ੍ਹ, ਅੰਤਮ ਵੇਖੇ ਚਾਈਂ ਚਾਈਆ । ਨਿਰਗੁਣ ਸਰਗੁਣ ਮਾਤ ਧਰ, ਲੱਖ ਚੁਰਾਸੀ ਬੰਧਨ ਪਾਈਆ । ਗੁਰ ਅਵਤਾਰ ਦੇ ਦੇ ਵਰ, ਸਾਚੀ ਸਿਖਿਆ ਇਕ ਸਮਝਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਵੱਡਾ ਵਡ ਵਡਿਆਈਆ । ਆਪਣਾ ਘਾੜਨ ਆਪੇ ਘੜ, ਭੰਨਣਹਾਰ ਆਪ ਅਖਵਾਈਆ । ਲੇਖਾ ਜਾਣੇ ਚੋਟੀ ਜੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਖੇਲ ਵਰਤਾਈਆ । ਸਚਖੰਡ ਸੋਹੇ ਸਚ ਦੁਆਰਾ, ਸਤਿ ਸਤਿਵਾਦੀ ਆਪ ਸੁਹਾਇੰਦਾ । ਨਿਰਗੁਣ ਰੂਪ ਅਗੰਮ ਅਪਾਰਾ, ਅਲੱਖ ਅਗੋਚਰ ਖੇਲ ਕਰਾਇੰਦਾ । ਦੀਪਕ ਦੀਆ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦੀ ਨਾਦ ਨਾਦ ਧੁਨਕਾਰਾ, ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਹੁਕਮੀ ਹੁਕਮ ਇਕ ਵਰਤਾਰਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਗੁਰ ਅਵਤਾਰਾਂ ਵੇਖਣਹਾਰ ਅਖਾੜਾ, ਲੋਕਮਾਤ ਵੇਸ ਵਟਾਇੰਦਾ । ਪੀਰ ਪੈਗ਼ੰਬਰ ਵੇਖੇ ਪਰਵਰਦਿਗਾਰਾ, ਨੂਰ ਇਲਾਹੀ ਨੂਰ ਵਖਾਇੰਦਾ । ਮੁਕਾਮੇ ਹੱਕ ਹੋ ਤਿਆਰਾ, ਹੱਕ ਹਕ਼ੀਕ਼ਤ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ੍ਹ, ਦਰਗਹਿ ਸਾਚੀ ਧਾਮ ਸੁਹਾਇੰਦਾ । ਦਰਗਹਿ ਸਾਚੀ ਸੋਹੇ ਧਾਮ, ਹਰਿ ਜੂ ਹਰਿ ਹਰਿ ਆਪ ਸੁਹਾਈਆ । ਕਰੇ ਖੇਲ ਏਕਾ ਰਾਮ, ਏਕੰਕਾਰ ਵਡ ਵਡਿਆਈਆ । ਵੇਸ ਵਟਾਏ ਸਾਚਾ ਸ਼ਾਮ, ਸ਼ਹਿਨਸ਼ਾਹ ਬੇਪਰਵਾਹੀਆ । ਦੋ ਜਹਾਨਾਂ ਸਾਚਾ ਨਾਮ, ਲੋਆਂ ਪੁਰੀਆਂ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਪਿਆਏ ਜਾਮ, ਅੰਮ੍ਰਿਤ ਰਸ ਰਸ ਚਖਾਈਆ । ਪੀਰ ਪੈਗ਼ੰਬਰ ਦੇ ਕਲਾਮ, ਕਲਮਾ ਨਬੀ ਆਪ ਸੁਣਾਈਆ । ਕਰੇ ਖੇਲ ਸ੍ਰੀ ਭਗਵਾਨ, ਗੁਰ ਅਵਤਾਰ ਸੇਵਾ ਲਾਈਆ । ਭਗਤ ਭਗਵੰਤ ਦੇ ਦੇ ਦਾਨ, ਇਛਿਆ ਭਿਛਿਆ ਝੋਲੀ ਪਾਈਆ । ਸਾਚੇ ਸੰਤਨ ਕਰ ਪਰਵਾਨ, ਆਤਮ ਪਰਮਾਤਮ ਜੋੜ ਜੁੜਾਈਆ । ਗੁਰਮੁਖਾਂ ਦੇਵੇ ਇਕ ਗਿਆਨ, ਗਿਆਨ ਨੇਤਰ ਆਪ ਖੁਲ੍ਹਾਈਆ । ਗੁਰਸਿਖਾਂ


੧੬੪ ੧੨

ਵੇਖੇ ਹਰਿ ਜੂ ਆਣ, ਨੇਤਰ ਨੈਣ ਨੈਣ ਮਿਲਾਈਆ । ਨਵ ਨੌਂ ਚਾਰ ਖੇਲ ਮਹਾਨ, ਚਾਰ ਚਾਰ ਵੱਜੇ ਵਧਾਈਆ । ਨਵ ਸਤਿ ਹੋਏ ਪਰਧਾਨ, ਸਤਿ ਪਰਧਾਨਗੀ ਆਪ ਕਮਾਈਆ । ਧੁਰਦਰਗਾਹੀ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਆਪ ਉਠਾਈਆ । ਸਚ ਸੰਦੇਸ਼ਾ ਦਏ ਪੈਗ਼ਾਮ, ਪੀਰ ਪੈਗ਼ੰਬਰਾਂ ਆਪ ਸੁਣਾਈਆ । ਕਲਜੁਗ ਅੰਤਮ ਵੇਖੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਈਆ । ਸਚਖੰਡ ਦੁਆਰੇ ਧੁਰ ਫ਼ਰਮਾਣਾ, ਧੁਰਦਰਗਾਹੀ ਆਪ ਜਣਾਇੰਦਾ । ਬੇਅੰਤ ਬੇਅੰਤ ਬੇਅੰਤ ਸ੍ਰੀ ਭਗਵਾਨਾ, ਅੰਤ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਗਾਇਣ ਗਾਣਾ, ਗੀਤ ਗੋਬਿੰਦ ਆਪ ਸੁਣਾਇੰਦਾ । ਅੰਤਮ ਰੱਖੇ ਆਪਣੇ ਭਾਣਾ, ਸੀਸ ਜਗਦੀਸ਼ ਸਭ ਦਾ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਸੁਣਾਇੰਦਾ । ਸਚ ਸੰਦੇਸ਼ਾ ਏਕਾ ਵਾਰ, ਹਰਿ ਜੂ ਹਰਿ ਹਰਿ ਆਪ ਜਣਾਇਆ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਲੋਕਮਾਤ ਦਏ ਵਡਿਆਇਆ । ਭਗਤ ਭਗਵੰਤ ਕਰ ਤਿਆਰ, ਤ੍ਰੈਗੁਣ ਲੇਖਾ ਦਏ ਚੁਕਾਇਆ । ਪੰਚਮ ਨਾਤਾ ਤੋੜ ਸੰਸਾਰ, ਪੰਚਮ ਆਪਣਾ ਰੰਗ ਰੰਗਾਇਆ । ਏਕਾ ਅੰਮ੍ਰਿਤ ਜਾਮ ਪਿਆਏ ਠੰਡਾ ਠਾਰ, ਅਗਨੀ ਤਤ ਦਏ ਬੁਝਾਇਆ । ਏਕਾ ਬਾਣੀ ਬੋਧ ਅਗਾਧ, ਸ਼ਬਦੀ ਸ਼ਬਦ ਨਾਦ ਸੁਣਾਇਆ । ਚਾਰ ਵਰਨ ਏਕਾ ਦਾਦ, ਵਸਤ ਅਮੋਲਕ ਆਪ ਵਰਤਾਇਆ । ਲੱਖ ਚੁਰਾਸੀ ਵਿਚੋਂ ਕਾਢ, ਸਾਚੇ ਮੰਦਰ ਆਪ ਬਹਾਇਆ । ਛੱਤੀ ਜੁਗ ਦਾ ਸਾਚਾ ਰਾਗ, ਬਿਨ ਰਸਨਾ ਜਿਹਵਾ ਗਾਇਆ । ਛੱਤੀ ਰਾਗ ਹੋਏ ਵਿਸਮਾਦ, ਸੀਸ ਸਕੇ ਨਾ ਕੋਇ ਉਠਾਇਆ । ਧੰਨ ਦੁਆਰਾ ਹਰਿ ਨਿਰੰਕਾਰਾ ਜਨ ਭਗਤਾਂ ਕਰੇ ਸਾਚਾ ਲਾਡ, ਸਚ ਆਪਣੀ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੂਪ ਵਟਾਇਆ । ਸਚਖੰਡ ਰੂਪ ਅਪਰ ਅਪਾਰਾ, ਹਰਿ ਜੂ ਹਰਿ ਹਰਿ ਆਪ ਰਖਾਈਆ । ਰੰਗ ਰੇਖ ਤੇ ਵਸੇ ਬਾਹਰਾ, ਨਜ਼ਰ ਕਿਸੇ ਨਾ ਆਈਆ । ਕਾਗ਼ਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਗੁਰ ਅਵਤਾਰ ਕਰਨ ਪੁਕਾਰਾ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਪੀਰ ਪੈਗ਼ੰਬਰ ਮੰਗਣ ਦੁਆਰਾ, ਪਰਵਰਦਿਗਾਰਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਨਿਆਰਾ, ਚੌਥੇ ਜੁਗ ਆਪਣੀ ਰਚਨ ਰਚਾਈਆ । ਪਰਗਟ ਹੋ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਮਾਈਆ । ਸਚਖੰਡ ਦਾ ਸਚ ਦੁਆਰਾ, ਧਰਤ ਧਵਲ ਦਏ ਸੁਹਾਈਆ । ਆਪੇ ਵੇਖੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰ, ਹਰਿ ਜੂ ਹਰਿ ਹਰਿ ਆਪ ਕਰਾਇਆ । ਲਹਿਣਾ ਚੁੱਕੇ ਗੁਰ ਅਵਤਾਰ, ਗੁਰ ਗੁਰ ਰੂਪ ਨਾ ਕੋਇ ਦਸਾਇਆ । ਈਸਾ ਮੂਸਾ ਲੇਖਾ ਚੁੱਕੇ ਮੁਹੰਮਦੀ ਯਾਰ, ਯਾਰੀ ਯਾਰ ਨਾ ਕੋਇ ਨਿਭਾਇਆ । ਕਲਮਾ ਨਬੀ ਨਾ ਕੋਇ ਆਧਾਰ, ਇਲਾਹੀ ਕਲਾਮ ਨਾ ਕੋਇ ਸੁਣਾਇਆ । ਤੀਰਥ ਤੱਟ ਨਾ ਕੋਇ ਕਿਨਾਰ, ਸਰੋਵਰ ਕੋਇ ਰਹਿਣ ਨਾ ਪਾਇਆ । ਮੱਕਾ ਕਾਅਬਾ ਨਜ਼ਰ ਨਾ ਆਏ ਪਰਵਰਦਿਗਾਰ, ਨਜ਼ਰ ਨਜ਼ਰ ਨਾਲ ਨਾ ਕੋਇ ਮਿਲਾਇਆ । ਸਭ ਦਾ ਲੇਖਾ ਚੁਕਿਆ ਅੰਤਮ ਵਾਰ, ਪੁਰਖ ਅਬਿਨਾਸ਼ੀ ਆਪ ਚੁਕਾਇਆ । ਏਕਾ ਵਾਰ ਸੱਦ ਸੱਚੇ ਦਰਬਾਰ, ਸਚ ਸੰਦੇਸ਼ਾ ਦਏ ਸੁਣਾਇਆ । ਸਾਰੇ ਰਲ ਮਿਲ ਗਾਓ ਏਕੰਕਾਰ, ਪਿਛਲਾ ਕਲਮਾ ਦੇਣਾ ਭੁਲਾਇਆ । ਅੰਤਮ ਆਈ ਚੁਹੱਤਰਾਂ ਵਾਰ, ਸਾਤਾ ਚੌਕਾ ਜੋੜ ਜੁੜਾਇਆ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ

ਹਰਿ ਜੂ ਰਿਹਾ ਵਖਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੀ ਵੰਡਾ, ਅੰਤਮ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਏਕ ਸੁਣਾਇਆ । ਸਚ ਸੰਦੇਸ਼ਾ ਸੁਣ ਸੁਣ ਕਾਨ, ਨੇਤਰ ਨੈਣ ਨੈਣ ਸ਼ਰਮਾਈਆ । ਤੇਰੀ ਕੁਦਰਤ ਵਡ ਮਿਹਰਵਾਨ, ਬੇਅੰਤ ਤੇਰੀ ਵਡਿਆਈਆ । ਤੂੰ ਹਾਕਮ ਹੁਕਮਰਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਉਂ ਬਾਲਕ ਬਾਲ ਅਵਾਣ, ਜਨ ਤੇਰੀ ਸੇਵ ਕਮਾਈਆ । ਮਾਤਲੋਕ ਹੋਏ ਪਰਧਾਨ, ਇਕ ਤੇਰੀ ਓਟ ਤਕਾਈਆ । ਤੇਰੇ ਹੁਕਮੇ ਅੰਦਰ ਝੁਲਾਏ ਨਿਸ਼ਾਨ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਤੇਰੀ ਸ਼ਰਅ ਅੰਜੀਲ ਕੁਰਾਨ, ਸ਼ਰੀਅਤ ਏਕਾ ਵੰਡ ਵਖਾਈਆ । ਤੇਰਾ ਸੰਦੇਸ਼ਾ ਵੇਦ ਪੁਰਾਨ, ਜੀਵ ਪੁਰਾਨੀ ਗਏ ਸਮਝਾਈਆ । ਤੇਰਾ ਪਰਦਾ ਬੋਧ ਗਿਆਨ, ਖਾਣੀ ਬਾਣੀ ਆਪ ਖੁਲ੍ਹਾਈਆ । ਤੇਰਾ ਅੰਤ ਨਾ ਪਾਇਆ ਵਿਚ ਜਹਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਸਾਰੇ ਚਰਨੀ ਡਿੱਗੇ ਆਣ, ਮਾਣ ਤਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਸਚ ਸਰਨਾਈ ਗੁਰ ਅਵਤਾਰ ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਚਰਨ ਕਵਲ ਕਵਲ ਸਹਾਰ, ਧਰਤ ਧਵਲ ਨਾ ਕੋਇ ਵਖਾਇੰਦਾ । ਇਕੋ ਗੁਲਸ਼ਨ ਖਿੜੇ ਗੁਲਜ਼ਾਰ, ਗੁਲ ਆਪਣਾ ਆਪ ਮਹਿਕਾਇੰਦਾ । ਫੁੱਲ ਫੁਲਵਾੜੀ ਲਾਈ ਜੁਗ ਚਾਰ, ਕਲਜੁਗ ਅੰਤਮ ਆਪਣੀ ਝੋਲੀ ਪਾਇੰਦਾ । ਵਰਨ ਬਰਨ ਬਣਾਏ ਡਾਲ੍ਹ, ਅੰਤਮ ਲੇਖਾ ਲੇਖ ਚੁਕਾਇੰਦਾ । ਹੁਕਮੇ ਅੰਦਰ ਘਾਲਣ ਲਈ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਅੱਗੇ ਹੱਲ ਨਾ ਕਰੇ ਕੋਇ ਸਵਾਲ, ਜ਼ੇਰ ਜ਼ਬਰ ਨਾ ਕੋਇ ਜਣਾਇੰਦਾ । ਕਰੇ ਖੇਲ ਸਾਹਿਬ ਦਿਆਲ, ਦੀਨਨ ਆਪਣਾ ਰੂਪ ਵਖਾਇੰਦਾ । ਪਰਗਟ ਹੋ ਵਿਚ ਜਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦੀ ਸਤਿ ਫ਼ਰਮਾਣ, ਸਚ ਸੰਦੇਸ਼ਾ ਆਪ ਸੁਣਾਇੰਦਾ । ਭਗਤ ਭਗਵੰਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਡੂੰਘੀ ਕੰਦਰ ਫੇਰਾ ਪਾਇੰਦਾ । ਕਰੇ ਖੇਲ ਨੌਜਵਾਨ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਾਚੇ ਸੰਤਾਂ ਦੇਵੇ ਇਕ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੰਗ ਰੰਗਾਇੰਦਾ । ਸਚਖੰਡ ਦੁਆਰੇ ਸਾਚਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਨਿਰਗੁਣ ਰੂਪ ਨਿਰਗੁਣ ਪਲੰਘ, ਨਿਰਗੁਣ ਸਾਚੀ ਸੇਜ ਹੰਢਾਈਆ । ਨਿਰਗੁਣ ਨਾਮ ਨਿਰਗੁਣ ਮਰਦੰਗ, ਨਿਰਗੁਣ ਤਾਰ ਸਤਾਰ ਹਲਾਈਆ । ਨਿਰਗੁਣ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰਾ ਆਪ ਸਮਝਾਈਆ । ਸਾਚੀ ਧਾਰਾ ਹਰਿ ਰਘੁਨਾਥ, ਰਘੁਪਤ ਆਪਣੀ ਆਪ ਜਣਾਇੰਦਾ । ਸੰਤ ਸੁਹੇਲੇ ਦੇ ਦੇ ਸਾਥ, ਸਗਲਾ ਸੰਗ ਨਿਭਾਇੰਦਾ । ਰਾਹ ਤੱਕਣ ਬਹਿ ਬਹਿ ਕੰਢੀ ਘਾਟ, ਨੇਤਰ ਨੈਣ ਨੈਣ ਉਠਾਇੰਦਾ । ਪਾਰਬ੍ਰਹਮ ਕਵਣ ਵੇਲਾ ਮੁਕਾਏ ਵਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤੱਕਣ ਵਾਟ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਪੁਰਖ ਅਬਿਨਾਸ਼ੀ ਤੋਲੇ ਸਾਚਾ ਤੋਲ, ਤੋਲਣਹਾਰ ਇਕ ਹੋ ਜਾਈਆ । ਆਦਿ ਜੁਗਾਦਿ ਰਹੇ ਅਡੋਲ, ਸਚਖੰਡ ਵਸੇ ਸੱਚਾ ਮਾਹੀਆ । ਕਵਣ ਵੇਲਾ ਆਏ ਕੋਲ, ਚਰਨ ਧੂੜੀ ਮਸਤਕ ਟਿੱਕਾ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਤੇਰਾ ਖੇਲ ਅਪਾਰਾ, ਭੇਵ ਕੋਇ ਨਾ ਆਇੰਦਾ ।

ਗੁਰ ਅਵਤਾਰ ਸੱਦ ਲਏ ਦੁਆਰਾ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਨਾਥ ਸਿਧ ਕੱਢਣ ਹਾੜਾ, ਨੇਤਰ ਨੈਣਾਂ ਨੀਰ ਸਰਬ ਵਹਾਇੰਦਾ । ਤੁਧ ਬਿਨ ਦਿਸੇ ਨਾ ਕੋਇ ਸਹਾਰਾ, ਉਚਾ ਟਿੱਲਾ ਪਰਬਤ ਕੰਮ ਕਿਸੇ ਨਾ ਆਇੰਦਾ । ਪਾਟੇ ਚੀਥੜ ਨਾ ਦਿਸੇ ਕੋਇ ਕਿਨਾਰਾ, ਸਾਚੀ ਨੱਯਾ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਇੰਦਾ । ਗੋਰਖ ਮਛੰਦਰ ਰਹੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤੂੰ ਸਾਹਿਬ ਦਿਆਲ ਸਦਾ ਦਾਤਾਰ, ਦੀਨ ਦਿਆਲ ਤੇਰੀ ਵਡਿਆਈਆ । ਅਲੱਖ ਨਿਰੰਜਣ ਬੇਐਬ ਪਰਵਰਦਿਗਾਰ, ਸੀਸ ਜਗਦੀਸ਼ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਰਨ ਸੱਚੀ ਸਰਨਾਈਆ । ਸਾਚੀ ਸਰਨ ਮਿਲੇ ਮਾਤ, ਏਕਾ ਓਟ ਤਕਾਈਆ । ਚਰਨ ਧੂੜੀ ਮਿਲੇ ਖ਼ਾਕ, ਖ਼ਾਕ ਹੋਰ ਨਾ ਕੋਇ ਰਮਾਈਆ । ਇਕੋ ਖੁਲ੍ਹੇ ਤੇਰਾ ਤਾਕ, ਤਾਕੀ ਕੋਇ ਰਹਿਣ ਨਾ ਪਾਈਆ । ਸਾਚਾ ਮਿਲੇ ਸੱਜਣ ਸਾਕ, ਸਗਲਾ ਸੰਗ ਤਜਾਈਆ । ਸਚ ਜੋਗੀਸ਼ਰ ਏਕਾ ਦੱਸਣੀ ਜਾਚ, ਬਣ ਯਾਚਕ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਵਰ ਬੇਪਰਵਾਹੀਆ । ਕੰਨ ਮੁੰਦਰਾਂ ਭਗਵਾ ਵੇਸ, ਤੇਰਾ ਭੇਵ ਕੋਇ ਨਾ ਆਇਆ । ਚਾਰ ਕੁੰਟ ਵੇਖਿਆ ਦੇਸ, ਤੇਰੀ ਦਿਸ਼ਾ ਵੰਡ ਨਾ ਕੋਇ ਵੰਡਾਇਆ । ਤੂੰ ਆਦਿ ਜੁਗਾਦਿ ਰਹੇਂ ਹਮੇਸ਼, ਹਰਿ ਜੂ ਹਰਿ ਹਰਿ ਆਪਣਾ ਖੇਲ ਕਰਾਇਆ । ਅੰਤਮ ਕਲ ਇਕ ਆਦੇਸ਼, ਨਿਉਂ ਨਿਉਂ ਸੀਸ ਜਗਦੀਸ਼ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਦਏ ਸੁਣਾਇਆ । ਸਚ ਸੰਦੇਸ਼ਾ ਹਰਿ ਨਿਰੰਕਾਰ, ਏਕਾ ਏਕ ਜਣਾਈਆ । ਉਠੋ ਨਾਥੋ ਕਰੋ ਵਿਚਾਰ, ਨਾਥ ਅਨਾਥਾਂ ਹਰਿ ਸਹਾਈਆ । ਗੁਰਮੁਖਾਂ ਅੱਗੇ ਕਰੋ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਿਨ੍ਹਾਂ ਅੰਦਰ ਵੜਿਆ ਆਪ ਨਿਰੰਕਾਰ, ਬਾਹਰ ਨਿਕਲ ਕਦੇ ਨਾ ਜਾਈਆ । ਹੁਕਮੇ ਅੰਦਰ ਹੋਇਆ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਰਾਤੀਂ ਸੁਤਿਆਂ ਹੋਏ ਪਹਿਰੇਦਾਰ, ਦਿਵਸ ਅੰਗ ਸੰਗ ਰਹਿ ਰਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਿਨ ਗੁਰਮੁਖਾਂ ਹੁਕਮ ਦੂਜੀ ਕਾਰ ਨਾ ਕੋਇ ਕਮਾਈਆ । ਉਠੋ ਨਾਥ ਖੋਲ੍ਹੋ ਅੱਖ, ਹਰਿ ਆਖ਼ਰ ਆਪ ਸੁਣਾਇੰਦਾ । ਪੁਰਖ ਅਕਾਲ ਹੋਇਆ ਪਰਤੱਖ, ਪਰਤੱਖ ਆਪਣੀ ਧਾਰ ਚਲਾਇੰਦਾ । ਭਗਤਾਂ ਨਾਲੋਂ ਕਦੇ ਨਾ ਹੋਏ ਵੱਖ, ਵੱਖਰਾ ਰੂਪ ਨਾ ਕੋਇ ਵਖਾਇੰਦਾ । ਗੁਰਮੁਖਾਂ ਦਾ ਰਲ ਮਿਲ ਸਾਰੇ ਗਾਓ ਜਸ, ਜਸ ਵੇਦ ਪੁਰਾਨ ਕਦੇ ਨਾ ਆਇੰਦਾ । ਇਕ ਚੁਮਿਆਰਾ ਪਏ ਹੱਸ, ਚੰਮ ਦ੍ਰਿਸ਼ਟੀ ਸਭ ਦੀ ਲੇਖੇ ਲਾਇੰਦਾ । ਇਕ ਬ੍ਰਹਿਮਣ ਕਰਨਾ ਵਸ, ਠੱਗੀ ਸਭ ਦੀ ਜਗਤ ਗਵਾਇੰਦਾ । ਪੁਰਖ ਅਬਿਨਾਸ਼ੀ ਮਾਰਗ ਦੇਵੇ ਦੱਸ, ਦੱਸ ਦੱਸ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਮੇਰੇ ਨਿਰੰਕਾਰ, ਗੁਰ ਗੁਰ ਰਿਹਾ ਸੁਣਾਈਆ । ਤੇਰੇ ਚਰਨ ਕਵਲ ਬਲਿਹਾਰ, ਬਲਿਹਾਰੀ ਤੇਰੀ ਵਡ ਵਡਿਆਈਆ । ਦੋਏ ਜੋੜ ਕਰਾਂ ਨਿਮਸਕਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਆਦਿ ਜੁਗਾਦੀ ਤੇਰੀ ਸਾਚੀ ਕਾਰ, ਕਰਤਾ ਪੁਰਖ ਬੇਪਰਵਾਹੀਆ । ਜਨ ਭਗਤਾਂ ਬਣੇ ਮੀਤ ਮੁਰਾਰ, ਮਿੱਤਰ ਪਿਆਰਾ ਨਾਉਂ ਰਖਾਈਆ । ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਨਾਮ ਖੰਡਾ ਹੱਥ ਰਖਾਈਆ । ਉਚੇ ਟਿੱਲੇ ਪਰਬਤ ਫਿਰ ਫਿਰ ਵੇਖੀ ਡੂੰਘੀ ਗਾਰ, ਤੇਰੀ ਸਾਰ

ਕਿਸੇ ਨਾ ਪਾਈਆ । ਗ਼ਰੀਬ ਨਿਮਾਣਿਆਂ ਬਣੇਂ ਯਾਰ, ਸੱਬਰ ਯਾਰਾਂ ਆਪ ਹੰਢਾਈਆ । ਅੰਦਰੇ ਅੰਦਰ ਸੁਣੇਂ ਪੁਕਾਰ, ਰਸਨਾ ਜਿਹਵਾ ਨਾ ਕੋਇ ਹਲਾਈਆ । ਅਲੱਖ ਨਿਰੰਜਣ ਤੇਰੀ ਕੱਟਦੇ ਰਹੇ ਵਗਾਰ, ਬਣ ਵਗਾਰੀ ਸੇਵ ਕਮਾਈਆ । ਕਲਜੁਗ ਅੰਤਮ ਤੇਰਾ ਵੇਖਿਆ ਸਤਿ ਦਰਬਾਰ, ਸਚ ਸਚ ਤੇਰੀ ਸਰਨਾਈਆ । ਰਾਹ ਜਾਂਦਿਆਂ ਦੇਵੇਂ ਤਾਰ, ਬਣ ਰਹਿਬਰ ਸੱਚਾ ਮਾਹੀਆ । ਪਿਛਲਾ ਲੇਖਾ ਦੇਵੇਂ ਪਾੜ, ਦੂਸਰ ਦੇਵੇ ਨਾ ਕੋਇ ਸਜ਼ਾਈਆ । ਸਾਚੇ ਪੌੜੇ ਦੇਵੇਂ ਚਾੜ੍ਹ, ਏਕਾ ਡੰਡਾ ਨਾਮ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਦੇਵੇ ਵਰ ਪੁਰਖ ਸਮਰਥ, ਸਮਰਥ ਦਇਆ ਕਮਾਇੰਦਾ । ਲਹਿਣਾ ਦੇਣਾ ਹੱਥੋ ਹੱਥ, ਉਧਾਰ ਅਵਰ ਨਾ ਕੋਇ ਰਖਾਇੰਦਾ । ਪਾਂਧੀ ਰਾਹੀ ਬਣ ਬਣ ਚਰਨ ਗਏ ਢੱਠ, ਫੜ ਬਾਹੋਂ ਆਪ ਉਠਾਇੰਦਾ । ਇਕੇ ਵਾਰ ਕਰ ਇਕੱਠ, ਏਕਾ ਘਰ ਮਿਲਾਇੰਦਾ । ਇੱਕੀ ਜੇਠ ਔਣਾ ਨੱਠ, ਸਚ ਸੰਦੇਸ਼ਾ ਆਪ ਸੁਣਾਇੰਦਾ । ਹਰਿ ਸੰਗਤ ਵਿਚ ਬਹਿਣਾ ਫਸ, ਪਿਛਲੀ ਫ਼ਾਸ ਆਪ ਕਟਾਇੰਦਾ । ਪੁਰਖ ਅਬਿਨਾਸ਼ੀ ਅਗਲਾ ਮਾਰਗ ਦੇਵੇ ਦੱਸ, ਜੋਗ ਜੁਗਤ ਆਪ ਜਣਾਇੰਦਾ । ਨਾਦ ਸਿੰਗੀ ਜਾਏ ਵੱਜ, ਪਵਣ ਵਾਜਾ ਆਪ ਹਿਲਾਇੰਦਾ । ਦਰਸ ਕਰਨਾ ਰੱਜ ਰੱਜ, ਬਿਨ ਨੇਤਰ ਦਰਸ ਕਰਾਇੰਦਾ । ਸੰਗਤ ਸੰਗ ਬਹਿਣਾ ਸਜ, ਹਰਿ ਸੰਗਤ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਸਭ ਦਾ ਆਪਣੇ ਹੱਥ ਰਖਾਇੰਦਾ ।



### ✳ ੧੩ ਜੇਠ ੨੦੧੯ ਬਿਕਰਮੀ ਸੋਭਾ ਸਿੰਘ ਦੇ ਗ੍ਰਿਹਿ ਪਿੰਡ ਮੋਇਲ ਜੰਮੂ ✳

ਤਿਨਕਾ ਤਿਨਕਾ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜਨ ਕਾ ਲਹਿਣਾ ਦੇ ਉਧਾਰ, ਦੇਵਣਹਾਰ ਵਡ ਗੋਸਾਈਆ । ਜੰਗਲ ਬੇਲੇ ਤੱਕੀ ਵਾਟ, ਦਿਵਸ ਰੈਣ ਧਿਆਨ ਲਗਾਈਆ । ਕਵਣ ਵੇਲਾ ਮਿਲੇ ਸਾਥ, ਬਣ ਸਾਥੀ ਹੋਏ ਸਹਾਈਆ । ਕਲਜੁਗ ਅੰਤਮ ਹੋ ਪਰਗਟ, ਪਰਮ ਪੁਰਖ ਖੇਲ ਖਲਾਈਆ । ਚਾਰ ਖਾਣੀ ਵਖਾਏ ਏਕਾ ਹਾਟ, ਉਤਭੁਜ ਸੇਤਜ ਜੇਰਜ ਅੰਡਜ ਨਾਲ ਮਿਲਾਈਆ । ਗ਼ਰੀਬ ਨਿਮਾਣਿਆਂ ਪੁੱਛੇ ਵਾਤ, ਵਾਤਾਵਰਨ ਆਪ ਜਣਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਸਾਚਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਮਾਤ ਚੁਕਾਈਆ । ਤਿਨਕਾ ਤਿਨਕਾ ਰਿਹਾ ਰੋ, ਨੇਤਰ ਨੈਣ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਤੇਰੇ ਚਰਨ ਜਾਈਏ ਛੋਹ, ਦੂਸਰ ਓਟ ਨਾ ਕੋਇ ਰਖਾਇੰਦਾ । ਅਸੀਂ ਲੈ ਕੇ ਆਏ ਢੋਆ ਢੋ, ਛੱਪਰ ਛੰਨ ਰੂਪ ਵਟਾਇੰਦਾ । ਮਿਲ ਮਿਲ ਸਾਰਿਆਂ ਕੀਤਾ ਮੋਹ, ਤੇਰਾ ਮੋਹ ਨਾ ਕੋਇ ਤੁੜਾਇੰਦਾ । ਅੰਮ੍ਰਿਤ ਮੇਘ ਦੇਣਾ ਚੋ, ਰਸ ਏਕਾ ਨਜ਼ਰੀ ਆਇੰਦਾ । ਆਪਣਾ ਆਪ ਬੈਠੇ ਖੋ, ਡਾਲ੍ਹੀ ਪਤ ਨਜ਼ਰ ਕੋਇ ਨਾ ਆਇੰਦਾ । ਸੁਣ ਕੇ ਆਏ ਤੇਰੀ ਸੋ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਗੁਰਮੁਖਾਂ ਜੋਗਾ ਗਿਆ ਹੋ, ਹੋਰ ਵੰਡ ਨਾ ਕੋਇ ਵੰਡਾਇੰਦਾ । ਨਜ਼ਰ ਨਾ ਆਏ ਤ੍ਰੈ ਲੋਅ, ਤ੍ਰੈ ਲੋਕ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਆਸ ਇਕ ਰਖਾਇੰਦਾ । ਤਿਨਕਾ ਤਿਨਕਾ ਰੱਖੀ ਆਸ, ਕੁੱਲੀ ਕੱਖ ਕੱਖ ਵਡਿਆਈਆ । ਜੰਗਲ ਜੂਹ ਲੱਗੀ ਪਿਆਸ, ਬਿਨ ਤੇਰੇ ਨਾ ਕੋਇ

ਬੁਝਾਈਆ । ਰਲ ਮਿਲ ਸਾਰੇ ਗਾਈਏ ਤੇਰੀ ਗਾਥ, ਸਦ ਵੱਜਦੀ ਰਹੇ ਵਧਾਈਆ । ਆਦਿ ਜੁਗਾਦੀ ਤੂੰ ਦੇਵੇਂ ਸਗਲਾ ਸਾਥ, ਨਾਥ ਅਨਾਥਾਂ ਲਏਂ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿਨਕਾ ਤਿਨਕਾ ਚੜ੍ਹਿਆ ਚਾ, ਚਾਰ ਕੁੰਟ ਖ਼ੁਸ਼ੀ ਮਨਾਇੰਦਾ । ਪਤਿਪਰਮੇਸ਼ਵਰ ਮਿਲਿਆ ਮਲਾਹ, ਬੇੜਾ ਕਲਜੁਗ ਅੰਤ ਚਲਾਇੰਦਾ । ਜਨ ਭਗਤਾਂ ਨਾਲ ਕਰੇ ਸਲਾਹ, ਸਲਾਹਗੀਰ ਆਪ ਹੋ ਆਇੰਦਾ । ਵੇਖਣਹਾਰਾ ਥਲ ਅਸਗਾਹ, ਜਲ ਥਲ ਆਪਣੀ ਖੇਲ ਕਰਾਇੰਦਾ । ਘਰ ਘਰ ਪਕੜਨਹਾਰਾ ਬਾਂਹ, ਬਾਹੋਂ ਪਕੜ ਗਲੇ ਲਗਾਇੰਦਾ । ਆਤਮ ਪਰਮਾਤਮ ਏਕਾ ਨਾਉਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਜਨਮ ਜਨਮ ਦਾ ਲਹਿਣਾ ਦਏ ਮੁਕਾ, ਮੌਕਾ ਆਪਣੇ ਹੱਥ ਰਖਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਚਰਨ ਕਵਲ ਕਵਲ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਤਿਨਕਾ ਤਿਨਕਾ ਮੰਗੇ ਮੰਗ, ਦੋਏ ਜੋੜ ਜੋੜ ਸਰਨਾਈਆ । ਤੂੰ ਸਾਹਿਬ ਦਿਆਲ ਸੂਰਾ ਸਰਬੰਗ, ਸ਼ਹਿਨਸ਼ਾਹ ਤੇਰੀ ਵਡਿਆਈਆ । ਸਚ ਸੇਜ ਸੁਹੰਜਣੀ ਪਲੰਘ, ਪਾਰਬ੍ਰਹਮ ਆਪ ਸੁਹਾਈਆ । ਗ੍ਰਿਹ ਮੰਦਰ ਅੰਦਰ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਚਾਰ ਦੀਵਾਰੀ ਕੀਤਾ ਬੰਦ, ਬੰਦੀਖ਼ਾਨਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤਿਨਕਾ ਤਿਨਕਾ ਰਿਹਾ ਹੱਸ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਹਰਿ ਜੂ ਹੋਇਆ ਭਗਤਾਂ ਵਸ, ਦੂਸਰ ਹੱਥ ਕਿਸੇ ਨਾ ਆਇੰਦਾ । ਆਓ ਰਲ ਮਿਲ ਸਾਰੇ ਗਾਈਏ ਜਸ, ਜਿਸ ਦਰ ਹਰਿ ਜੂ ਸੋਭਾ ਪਾਇੰਦਾ । ਪ੍ਰੇਮ ਪਿਆਰ ਅੰਦਰ ਜਾਈਏ ਫਸ, ਦੂਸਰ ਫਾਂਦੀ ਨਾ ਕੋਇ ਹੋਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਭਾਇੰਦਾ । ਤੁਧ ਬਿਨ ਅਵਰ ਨਾ ਕੋਈ ਓਟ, ਪਾਰਬ੍ਰਹਮ ਤੇਰੀ ਸਰਨਾਈਆ । ਤੇਰੀ ਇਛਿਆ ਤੇਰਾ ਕੋਟ, ਤੇਰਾ ਭਗਤ ਰਿਹਾ ਬਣਾਈਆ । ਤੇਰੀ ਭਿਛਿਆ ਨਿਰਮਲ ਜੋਤ, ਘਰ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਕਵਲ ਮਿਲੇ ਸਰਨਾਈਆ । ਤਿਨਕਾ ਤਿਨਕਾ ਮੰਗੇ ਦਾਨ, ਦੋਏ ਜੋੜ ਜੋੜ ਪੁਕਾਰਿਆ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਾਹ ਪਾਤਸ਼ਾਹ ਅਗੰਮ ਅਪਾਰਿਆ । ਹਉਂ ਬਾਲਕ ਮੂਰਖ ਮੁਗਧ ਅਵਾਣ, ਤੇਰਾ ਅੰਤ ਨਾ ਪਾਰਾਵਾਰਿਆ । ਦਰ ਬੈਠੇ ਨੈਣ ਸ਼ਰਮਾਨ, ਨੈਣ ਨੈਣ ਨਾ ਕੋਇ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਕਵਲ ਬਲਿਹਾਰਿਆ । ਚਰਨ ਕਵਲ ਜਾਈਏ ਬਲਿਹਾਰ, ਬਲ ਬਲ ਤੇਰੀ ਵਡਿਆਈਆ । ਤੇਰੇ ਭਗਤਾਂ ਕਰ ਦੀਦਾਰ, ਦਰਸ ਤੇਰਾ ਨਜ਼ਰੀ ਆਈਆ । ਛੱਡ ਕੇ ਆਏ ਜੰਗਲ ਜੂਹ ਉਜਾੜ ਪਹਾੜ, ਰੂਪ ਰੂਪ ਨਾਲ ਵਟਾਈਆ । ਕਿਨਕਾ ਕਿਨਕਾ ਕਰ ਪਿਆਰ, ਏਕਾ ਦੂਜਾ ਬੰਧਨ ਬੰਧ ਰਖਾਈਆ । ਛੱਪਰ ਛੰਨ ਅਪਰ ਅਪਾਰ, ਛਹਿਬਰ ਤੇਰੇ ਨਾਮ ਲਗਾਈਆ । ਰਾਤੀਂ ਸੁਤਿਆਂ ਰਹੀਏ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਉਪਰ ਮੁਖ ਕਰ ਤੇਰਾ ਗੁਰਸਿਖ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰ, ਸੁਣ ਸੁਣ ਸਾਰੇ ਖ਼ੁਸ਼ੀ ਮਨਾਈਆ । ਨੈਣ ਤੱਕਣ ਏਕਾ ਵਾਰ, ਕਵਲ ਨੈਣ ਮਿਲੇ ਸੱਚਾ ਮਾਹੀਆ । ਉਪਰ ਪਰਦਾ ਬੈਠੇ ਡਾਰ, ਆਪ ਆਪਣਾ ਅਗਨ ਤਪਾਈਆ । ਗੁਰਮੁਖ ਰੱਖਿਆ

੧੬੯
੧੨

ਠੰਡਾ ਠਾਰ, ਬਣ ਸੇਵਕ ਸੇਵ ਕਮਾਈਆ । ਕਰ ਕਿਰਪਾ ਦੇਣਾ ਤਾਰ, ਤੇਰੀ ਇਕੋ ਓਟ ਰਖਾਈਆ । ਚਲ ਕੇ ਆਇਆ ਸਚ ਦੁਆਰ, ਦਰ ਦਰਵਾਜਾ ਦਿਤਾ ਖੁਲ੍ਹਾਈਆ । ਉਠ ਕੇ ਵੇਖੀਏ ਚਾਰੋਂ ਕੁੰਟ ਫੂਲਣ ਬਰਖਾ ਹੋਏ ਅਪਾਰ, ਦੇਵਤ ਸੁਰ ਰਹੇ ਬਰਸਾਈਆ । ਰਿਖ ਮੁਨ ਕਰਨ ਨਿਮਸਕਾਰ, ਜੋਦੜੀ ਦੋਏ ਜੋੜ ਜੋੜ ਧੂੜੀ ਖ਼ਾਕ ਚਰਨ ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਜੈ ਜੈਕਾਰ, ਜੈ ਜੈਕਾਰ ਦੋ ਜਹਾਨ ਵੱਜੇ ਵਧਾਈਆ । ਅੰਦਰ ਵੜਿਆ ਹਰਿ ਨਿਰੰਕਾਰ, ਉਪਰ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਈਆ । ਤੇਰੀ ਕੁਦਰਤ ਤੇਰਾ ਅੰਤ ਨਾ ਪਾਰਾਵਾਰ, ਆਦਿ ਅੰਤ ਬੇਅੰਤ ਬੇਅੰਤ ਆਪਣੀ ਧਾਰ ਚਲਾਈਆ । ਜਿਸ ਨੂੰ ਲੱਭਦੇ ਰਹੇ ਸੰਤ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਸੋ ਕਲਜੁਗ ਅੰਤਮ ਘਰ ਬੈਠਿਆਂ ਬਣਾਵਣ ਆਇਆ ਬਣਤ, ਕੁੱਲੀ ਕੱਖਾਂ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨਨ ਆਪਣੀ ਦਇਆ ਕਮਾਈਆ । ਤਿਨਕਾ ਤਿਨਕਾ ਸੁਣ ਪੁਕਾਰ, ਹਰਿ ਜੂ ਦਇਆ ਕਮਾਇੰਦਾ । ਪਹਿਲੋਂ ਬੇੜਾ ਕਰਾਂ ਪਾਰ, ਛੱਪਰ ਛੰਨ ਜੋ ਅੰਗ ਲਗਾਇੰਦਾ । ਉਤਭੁਜ ਲੇਖਾ ਦਏ ਨਿਵਾਰ, ਉਤਪਤ ਆਪਣੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਸੰਗ ਗੁਰ ਗੁਰ ਰੰਗ ਚੜ੍ਹਾਇੰਦਾ । ਗੁਰਮੁਖਾਂ ਸੰਗ ਉਧਰੇ ਕੱਖ, ਤਿਨਕਾ ਤਿਨਕਾ ਮਿਲੇ ਵਡਿਆਈਆ । ਪ੍ਰਭ ਮਿਲਣ ਦੀ ਰੱਖੀ ਆਸ, ਆਸਾ ਪੂਰਨ ਦਏ ਕਰਾਈਆ । ਗ੍ਰਿਹ ਮੰਦਰ ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਵਾਨ ਵੇਖੇ ਚਾਈਂ ਚਾਈਂਆ । ਜੰਗਲ ਜੂਹ ਬੁਝਾਏ ਪਿਆਸ, ਅੰਮ੍ਰਿਤ ਮੇਘ ਇਕ ਬਰਸਾਈਆ । ਧਰਤ ਧਵਲ ਦਾ ਬੂਟਾ ਉਪਰ ਲਾਏ ਆਪ ਆਕਾਸ਼, ਸਿੰਚ ਹਰਿਆ ਆਪ ਕਰਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਵਡ ਦੇਵੀ ਦੇਵ ਬੇਪਰਵਾਹੀਆ । ਏਥੇ ਓਥੇ ਸਦਾ ਸੁਹੇਲਾ ਇਕ ਇਕੇਲਾ ਜਨ ਭਗਤਾਂ ਵਸੇ ਸਦਾ ਪਾਸ, ਵਸੇਰਾ ਆਪਣੇ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਗਿਣ ਗਿਣ ਝੋਲੀ ਪਾਈਆ ।



### ✳ ੧੩ ਜੇਠ ੨੦੧੯ ਬਿਕਰਮੀ ਦੇਵਾ ਸਿੰਘ ਦੇ ਗ੍ਰਿਹ ਪਿੰਡ ਪਿੰਗਾਲੀ ਜੰਮੂ ✳

ਆਪਣੇ ਕੋਲ ਨਾ ਰੱਖੇ ਕੁੱਛ, ਖ਼ਾਲੀ ਹੱਥ ਬੇਪਰਵਾਹੀਆ । ਜਨ ਭਗਤਾਂ ਕੋਲੋਂ ਚਲੇ ਪੁੱਛ ਪੁੱਛ, ਬਣ ਪਾਂਧੀ ਸੱਚਾ ਰਾਹੀਆ । ਗੁਰਮੁਖਾਂ ਅੰਦਰ ਰੱਖੀ ਸੁਚ, ਆਪਣਾ ਤਨ ਅਗਨੀ ਭੇਟ ਚੜ੍ਹਾਈਆ । ਆਪਣੀ ਆਸਾ ਪੂਰੀ ਕਰੀ ਲੋਚ, ਲੋਚਣ ਆਪਣੇ ਦਰਸ਼ਨ ਪਾਈਆ । ਹਰਿਜਨ ਭਾਂਡਾ ਲਿਆ ਪੋਚ, ਪੰਜ ਤਤ ਮਾਟੀ ਸਾਫ਼ ਕਰਾਈਆ । ਲੇਖਾ ਜਾਣੇ ਪੁਸ਼ਕਰ ਕਰੌਚ, ਲੱਖਣ ਆਪੇ ਸੋਭਾ ਪਾਈਆ । ਜੰਬੂ ਕੋਇ ਨਾ ਸੋਚੇ ਸੋਚ, ਸਾਨ ਸਲਮਲ ਦਏ ਵਡਿਆਈਆ । ਕੁਸ਼ਾ ਆਪੇ ਜਾਏ ਪਹੁੰਚ, ਦੂਰ ਦੁਰਾਡਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਬਿਨ ਭਗਤਾਂ ਜਾਏ ਔਂਤ, ਬੂਟਾ ਜੜ੍ਹ ਨਾ ਕੋਇ ਲਗਾਈਆ । ਸੁਰਤੀ ਸ਼ਬਦ ਨਾ ਜਾਣੇ ਖੌਂਤ, ਨਾਰੀ ਕੰਤ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਆਪਣੇ ਕੋਲ ਨਾ ਰੱਖੇ ਕੁਛ, ਕੀਮਤ ਭਗਤਾਂ ਹਰਿ ਹਰਿ ਪਾਇੰਦਾ । ਸਚਖੰਡ

ਨਿਵਾਸੀ ਆਪੇ ਉਠ, ਧਰਤ ਧਵਲ ਡੇਰਾ ਲਾਇੰਦਾ । ਦੀਨ ਦਿਆਲ ਠਾਕਰ ਸਵਾਮੀ ਤੁਠ, ਭੇਵ ਅਭੇਦ ਆਪ ਖੁਲ੍ਹਾਇੰਦਾ । ਜਨ ਭਗਤ ਬਣਾਏ ਸਾਚੇ ਸੁਤ, ਸੀਸ ਜਗਦੀਸ਼ ਹੱਥ ਰਖਾਇੰਦਾ । ਕਲਜੁਗ ਅੰਤਮ ਮੌਲੀ ਰੁੱਤ, ਪਤ ਡਾਲ੍ਹੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਾਲਾਹਿੰਦਾ । ਹਰਿਜਨ ਸਾਲਾਹੇ ਆਪ ਪ੍ਰਭ, ਦੀਨਨ ਆਪਣੀ ਦਇਆ ਕਮਾਈਆ । ਜੁਗ ਵਿਛੜੇ ਜਗ ਲਏ ਲੱਭ, ਫਿਰ ਫਿਰ ਆਪਣਾ ਪੰਧ ਮੁਕਾਈਆ । ਜਿਸ ਨੂੰ ਨੂਰ ਇਲਾਹੀ ਕਹਿੰਦੇ ਰੱਬ, ਆਲਮੀਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਦੇਵੇ ਹਰਿ ਹਰਿ ਮਾਣ, ਨਿਮਾਣਾ ਆਪਣੀ ਸੇਵ ਕਮਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਪਰਗਟ ਗੁਰਮੁਖ ਆਪ ਕਰਾਇੰਦਾ । ਆਪਣਾ ਮੇਟ ਜਗਤ ਨਿਸ਼ਾਨ, ਜਗਤ ਨਿਸ਼ਾਨਾ ਭਗਤ ਵਖਾਇੰਦਾ । ਆਪੇ ਬਣੇ ਦਰ ਦਰਬਾਨ, ਦਰ ਦਰਵੇਸ਼ ਫੇਰਾ ਪਾਇੰਦਾ । ਗੁਰਮੁਖ ਬਣਾਏ ਸਾਚਾ ਕਾਹਨ, ਬਣ ਗੋਪੀ ਸੇਵ ਕਮਾਇੰਦਾ । ਹਰਿਜਨ ਵੇਖੇ ਸਾਚਾ ਰਾਮ, ਸੀਤਾ ਸੁਰਤੀ ਨਾਲ ਪਰਨਾਇੰਦਾ । ਮੁਰੀਦ ਮੁਰਸ਼ਦ ਸੁਣਾਏ ਕਲਾਮ, ਕਲਮਾ ਨਬੀ ਆਪ ਅਲਾਇੰਦਾ । ਘਰ ਘਰ ਸੁੱਤਿਆਂ ਦੇਵੇ ਪੈਗ਼ਾਮ, ਸਚ ਪੈਗ਼ੰਬਰ ਫੇਰਾ ਪਾਇੰਦਾ । ਸਚ ਸਵੰਬਰ ਰਚਿਆ ਆਣ, ਹਰਿ ਜੂ ਸਾਚਾ ਸਗਨ ਮਨਾਇੰਦਾ । ਉਠੋ ਸਿੱਖੋ ਕਰੋ ਧਿਆਨ, ਹਰਿ ਜੂ ਆਪਣਾ ਧਿਆਨ ਵਖਾਇੰਦਾ । ਏਕਾ ਰਾਗ ਸੁਣਨਾ ਗਾਨ, ਛੱਤੀ ਰਾਗ ਮੁਖ ਭੁਵਾਇੰਦਾ । ਜੋ ਜਨ ਰਸਨਾ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਜਨ ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਹੋ ਹੋ ਹੱਥ ਮਿਲਾਇੰਦਾ । ਹੱਥ ਮਿਲਾਵਣ ਦਸਤ ਬਦਸਤ, ਦਸਤਗੀਰ ਦਏ ਵਡਿਆਈਆ । ਨਾਤਾ ਚੁੱਕਿਆ ਕੀਟ ਹਸਤ, ਹਸਤ ਕੀਟ ਮਿਲਿਆ ਸੱਚੇ ਸ਼ਹਿਨਸ਼ਾਹੀਆ । ਹਰਿ ਕਾ ਭਗਤ ਸਦਾ ਮਸਤ, ਨਾਮ ਮਸਤੀ ਇਕ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਕੱਟ ਕੇ ਗਏ ਆਪਣਾ ਵਕਤ, ਆਪਣਾ ਵਕਤ ਨਾ ਕਿਸੇ ਸਮਝਾਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ ਸ਼ਕਤ, ਅੰਤਮ ਸ਼ਕਤੀ ਲਏ ਖਿਚਾਈਆ । ਚਾਰ ਕੁੰਟ ਹੁਕਮੇ ਅੰਦਰ ਕਰ ਕਰ ਗਏ ਹਰਕਤ, ਬਣ ਬਣ ਪਾਂਧੀ ਫੇਰਾ ਪਾਈਆ । ਅੰਤ ਸਾਰੇ ਕਹਿਣ ਪ੍ਰਭ ਤੇਰੀ ਬਰਕਤ, ਬਿਨ ਤੇਰੇ ਖ਼ਾਲੀ ਹੱਥ ਫਿਰਾਈਆ । ਹੁਕਮੇ ਅੰਦਰ ਕੀਤੀ ਸ਼ਰਕਤ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਬਿਨ ਹਰਿ ਭਗਤ ਕਿਸੇ ਦੁਆਰੇ ਹਰਿ ਜੂ ਨਾ ਹੋਇਆ ਪਰਗਟ, ਕੋਟਨ ਕੋਟ ਗੁਰ ਅਵਤਾਰ ਗਏ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਕਲਜੁਗ ਅੰਤਮ ਹਰਿਜਨ ਆਪਣਾ ਰੰਗ ਵਖਾਈਆ । ਭਗਤਨ ਰੰਗ ਵਖਾਏ ਇਕ, ਏਕੰਕਾਰ ਦਇਆ ਕਮਾਇੰਦਾ । ਜਿਸ ਦੀ ਗੁਰ ਅਵਤਾਰ ਰੱਖਦੇ ਗਏ ਸਿਕ, ਸੋ ਸਾਹਿਬ ਫੇਰਾ ਪਾਇੰਦਾ । ਜਿਸ ਦਾ ਗੀਤ ਗੌਂਦੇ ਰਹੇ ਲਿਖ ਲਿਖ, ਸੋ ਲੇਖਾ ਅੰਤ ਮੁਕਾਇੰਦਾ । ਜਿਸ ਦੇ ਬਰਦੇ ਬਣਦੇ ਰਹੇ ਸਿੱਖ, ਸੋ ਸਾਚੀ ਸਿਖਿਆ ਇਕ ਪੜ੍ਹਾਇੰਦਾ । ਆਪਣਾ ਨਾਮ ਬਿਨ ਮੰਗਿਆਂ ਪਾਵੇ ਭਿਖ, ਪੂਰਬ ਲਹਿਣਾ ਵੇਖ ਵਖਾਇੰਦਾ । ਕਰ ਕਿਰਪਾ ਚਰਨ ਲਾਇਆ ਜਿਸ, ਤਿਸ ਰਾਗ ਨਾ ਕੋਇ ਸੁਣਾਇੰਦਾ । ਜਨਮ ਜਨਮ ਦੀ ਲੱਥੀ ਵਿਸ, ਰੰਗ ਏਕਾ ਨਾਮ ਰੰਗਾਇੰਦਾ । ਅੰਤਰ ਆਤਮ ਮਾਰੇ ਖਿਚ, ਪਰਮਾਤਮ ਬੰਧਨ ਪਾਇੰਦਾ । ਅੱਠੇ ਪਹਿਰ ਰਹੇ ਗੁਰਸਿਖਾਂ ਵਿਚ, ਵਿਚਲਾ ਭੇਵ ਨਾ ਕਿਸੇ ਜਣਾਇੰਦਾ । ਦਰਸ ਦੀਦਾਰ ਦੀ ਰੱਖੇ ਸਿਕ, ਸਿਖਰ ਚੋਟੀ ਚੜ੍ਹ ਚੜ੍ਹ ਡੇਰਾ ਲਾਇੰਦਾ । ਆਪਣੀ ਹੱਥੀਂ ਲੇਖਾ ਲਿਖ, ਨਾਮ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਦਰ ਸੁਹਾਇੰਦਾ । ਸੱਚਾ ਦਰ ਗੁਰਮੁਖ ਦਰਵਾਜਾ, ਗੁਰ ਗੁਰ ਵੇਖ ਵਖਾਈਆ । ਸ਼ਾਹ ਸੁਲਤਾਨ ਫਿਰੇ ਭਾਜਾ, ਨਿਮਾਣਿਆਂ ਵੇਖੇ ਚਾਈਂ ਚਾਈਆ । ਭੂਪਤ ਭੂਪ ਵਡ ਰਾਜਨ ਰਾਜਾ, ਗ਼ਰੀਬ ਨਿਮਾਣੇ ਵੇਖੇ ਥਾਉਂ ਥਾਈਂਆ । ਆਪਣਾ ਰਚਿਆ ਆਪੇ ਕਾਜਾ, ਕੁਦਰਤ ਕਾਦਰ ਨਾਲ ਮਿਲਾਈਆ । ਤ੍ਰੈਭਵਨ ਵਜਾਏ ਵਾਜਾ, ਵਾਹ ਵਾ ਤੇਰੀ ਵੱਜੇ ਵਧਾਈਆ । ਜਿਸ ਘਰ ਗੁਰਮੁਖ ਜਾ ਨਿਵਾਜਾ, ਤਿਸ ਦਰ ਧਰਨੀ ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਆਵੇ ਭਾਜਾ, ਕਰੋੜ ਤਤੀਸਾ ਫੂਲਨ ਬਰਖ਼ਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਵਨ ਆਪਣਾ ਰਾਗਾ, ਉਚੀ ਕੂਕ ਕੂਕ ਅਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦੁਆਰੇ ਆਪਣਾ ਸਾਜਣ ਸਾਜਾ, ਤਿਸ ਕੋਟਨ ਕੋਟ ਬ੍ਰਹਿਮੰਡ ਬੈਠੇ ਸੀਸ ਝੁਕਾਈਆ । ਕੋਟਨ ਬ੍ਰਹਿਮੰਡ ਝੁਕਿਆ ਸੀਸ, ਸੀਸ ਸਕੇ ਨਾ ਕੋਇ ਉਠਾਈਆ । ਨਜ਼ਰੀ ਆਇਆ ਇਕ ਜਗਦੀਸ਼, ਜਗਤ ਰੀਤੀ ਰਿਹਾ ਭੁਵਾਈਆ । ਚਾਰ ਜੁਗ ਦੀ ਮੇਟੇ ਹਦੀਸ, ਹਦੀਸ ਇਕੋ ਇਕ ਪੜ੍ਹਾਈਆ । ਜਨ ਭਗਤਾਂ ਦੁਆਰੇ ਆਪਣਾ ਪੀਸਣ ਪੀਸ, ਬਣ ਸੇਵਕ ਸੇਵ ਕਮਾਈਆ । ਗੁਰਮੁਖਾਂ ਪਿਛੇ ਲਾਇਆ ਆਪਣਾ ਸੀਸ, ਗੁਰਮੁਖ ਆਪਣਾ ਸੀਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਦਾ ਸਦਾ ਸਦਾ ਸਾਲਾਹੀਆ । ਸਮਝ ਵਿਚ ਜੇ ਜਾਏ ਆ, ਬੇਸਮਝ ਨਾ ਕੋਇ ਅਖਵਾਈਆ । ਫੜ ਫੜ ਬਾਹੋਂ ਸਾਰੇ ਲੈਣ ਢਾਹ, ਪੁਰਖ ਅਬਿਨਾਸ਼ੀ ਨੱਠ ਕਿਤੇ ਨਾ ਜਾਈਆ । ਠੱਗ ਚੋਰ ਯਾਰ ਝੂਠੇ ਬਣਨ ਸਾਰੇ ਗਵਾਹ, ਲੋਕਮਾਤ ਫ਼ਤਵਾ ਦੇਣ ਵਖਾਈਆ । ਮੁਲਾਂ ਸ਼ੇਖ਼ ਪੰਡਤ ਪਾਂਧੇ ਆਪਣਾ ਆਪਣਾ ਲੇਖਾ ਦੇਣ ਵਖਾ, ਜੋ ਲਿਖਿਆ ਕਲਮ ਸ਼ਾਹੀਆ । ਸਭ ਨੂੰ ਭੁੱਲ ਜਾਏ ਬੇਪਰਵਾਹ, ਜੇ ਆਪਣੀ ਸਮਝ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੋ ਰੋ ਮਾਰ ਗਏ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਅਛਲ ਅਛੱਲ ਇਸ ਦਾ ਕੋਈ ਨਹੀਂ ਵਿਸਾਹ, ਕਿਸ ਵੇਲੇ ਕਾਇਆ ਖੇੜਾ ਦੇਵੇ ਢਾਹੀਆ । ਅੰਦਰ ਵੜ ਵੜ ਰਹਿਬਰ ਬਣ ਬਣ ਦਏ ਸਾਲਾਹ, ਮਾਰਗ ਆਪਣਾ ਆਪ ਲਗਾਈਆ । ਕਰ ਮੁਹੱਬਤ ਕਰੇ ਨਕਾਹ, ਸੁਹਬਤ ਆਪਣੀ ਦਏ ਜਣਾਈਆ । ਅੰਤਮ ਫ਼ਾਤਿਹਾ ਸਭ ਦਾ ਦਏ ਪੜ੍ਹਾ, ਫ਼ਤਹਿ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਮਝ ਆਪਣੇ ਅੰਦਰ ਰਿਹਾ ਛੁਪਾਈਆ । ਸਾਚੀ ਸਮਝ ਰਹੀ ਛੁਪ, ਚਾਰੋਂ ਕੁੰਟ ਮੁਖ ਛੁਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਰਹੀ ਚੁੱਪ, ਆਪਣਾ ਭੇਵ ਨਾ ਕਿਸੇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜੇ ਸੁਤ, ਪਿਤਾ ਪੂਤ ਖੇਲ ਵਖਾਈਆ । ਕਰ ਕਿਰਪਾ ਜਨ ਭਗਤਾਂ ਆਪਣਾ ਦਰਸ ਦੇਂਦਾ ਰਿਹਾ ਕੁਛ, ਰੂਪ ਅਨੂਪ ਅਨੂਪ ਵਟਾਈਆ । ਕਲਜੁਗ ਅੰਤਮ ਏਕੰਕਾਰਾ ਏਕਾ ਉਠ, ਪੁਰਖ ਅਬਿਨਾਸ਼ੀ ਆਪਣਾ ਪਰਦਾ ਲਾਹੀਆ । ਨਿਰਗੁਣ ਨਿਰਵੈਰ ਗਿਆ ਤੁਠ, ਦਰਦੀ ਦਰਦੀਆਂ ਦਰਦ ਵੰਡਾਈਆ । ਲੱਖ ਚੁਰਾਸੀ ਕੋਲੋਂ ਬੈਠਾ ਲੁਕ, ਜਨ ਭਗਤਾਂ ਆਪਣਾ ਭੇਵ ਖੁਲ੍ਹਾਈਆ । ਰਾਤੀਂ ਸੁਤਿਆਂ ਘਰ ਘਰ ਆ ਕੇ ਲਏ ਪੁੱਛ, ਨਿਰਗੁਣ ਸਰਗੁਣ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮਝ ਸਮਝ ਨਾਲ ਮਿਲਾਈਆ ।

## ✳ ੧੪ ਜੇਠ ੨੦੧੯ ਬਿਕਰਮੀ ਰੂੜ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ✳

ਧਵਲ ਕਹੇ ਮੇਰੇ ਵੱਡੇ ਭਾਗ, ਵਡਭਾਗੀ ਹਰਿ ਹਰਿ ਪਾਇਆ । ਧਰਨੀ ਕਹੇ ਮੇਰੀ ਖੁੱਲ੍ਹੀ ਜਾਗ, ਨੇਤਰ ਨਰ ਹਰਿ ਨਜ਼ਰੀ ਆਇਆ । ਧਰਤ ਕਹੇ ਮੋਹੇ ਉਪਜੇ ਵੈਰਾਗ, ਪੁਰਖ ਅਬਿਨਾਸ਼ੀ ਢੋਲਾ ਗਾਇਆ । ਧੂੜ ਕਹੇ ਮੈਂ ਚਰਨ ਲਾਗ, ਆਪਣਾ ਲੇਖਾ ਲੇਖ ਚੁਕਾਇਆ । ਮਾਟੀ ਕਹੇ ਮੇਰਾ ਹੋਇਆ ਕਾਜ, ਕਰਤਾ ਪੁਰਖ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਹਰ ਘਟ ਥਾਇਆ । ਧਰਨੀ ਕਹੇ ਮੇਰੀ ਖੁਲ੍ਹੀ ਅੱਖ, ਆਖ਼ਰ ਦਰਸ਼ਨ ਹਰਿ ਹਰਿ ਪਾਈਆ । ਧਰਤ ਕਹੇ ਪ੍ਰਭ ਹੋ ਪਰਤੱਖ, ਜਨਮ ਜਨਮ ਦੀ ਚਿੰਤ ਮਿਟਾਈਆ । ਧਵਲ ਕਹੇ ਮੇਰੀ ਰੱਖੀ ਪਤ, ਸਿਰ ਆਪਣਾ ਹੱਥ ਟਿਕਾਈਆ । ਖ਼ਾਕ ਕਹੇ ਮੇਰੀ ਲੇਖੇ ਲਾਈ ਰਤੀ ਰੱਤ, ਅੰਗ ਅੰਗ ਨਾਲ ਮਿਲਾਈਆ । ਮਾਟੀ ਕਹੇ ਬੀਜ ਬੀਜਿਆ ਸਾਚੇ ਵੱਤ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਫੁੱਲ ਫੁਲਵਾੜੀ ਹੋਏ ਉਤਪਤ, ਪਤ ਡਾਲ੍ਹੀ ਸੰਗ ਵਖਾਈਆ । ਚਾਰ ਕੁੰਟ ਮੌਲੇ ਰੁੱਤ, ਰੁੱਤ ਰੁਤੜੀ ਸੋਭਾ ਪਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਾਰ ਕੁੰਟ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਵੇਖੇ ਉਠ ਉਠ, ਨਵ ਨੌਂ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਗੋਸਾਈਆ । ਧਰਨੀ ਕਹੇ ਚੜ੍ਹਿਆ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਧਰਤ ਕਹੇ ਮੇਰੀ ਸੇਜ ਸੁਹਾਈ ਪਲੰਘ, ਪੁਰਖ ਅਬਿਨਾਸ਼ੀ ਚਰਨ ਟਿਕਾਇੰਦਾ । ਧਵਲ ਕਹੇ ਮੇਰਾ ਸਾਚਾ ਸੰਗ, ਹੌਲਾ ਭਾਰ ਆਪ ਕਰਾਇੰਦਾ । ਖ਼ਾਕ ਕਹੇ ਮੋਹੇ ਮਿਲੇ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਮਾਟੀ ਕਹੇ ਖ਼ੁਸ਼ੀ ਮੇਰਾ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਦੀਨ ਦਿਆਲ ਠਾਕਰ ਸਵਾਮੀ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਰਾਇੰਦਾ । ਨਵ ਨੌਂ ਚਾਰ ਮੁਕਾ ਕੇ ਪੰਧ, ਪਾਂਧੀ ਆਪਣਾ ਫੇਰਾ ਪਾਇੰਦਾ । ਮੇਰੇ ਗ੍ਰਿਹਿ ਬਹਿ ਕੇ ਗਾਏ ਛੰਦ, ਆਪਣਾ ਢੋਲਾ ਆਪ ਸੁਣਾਇੰਦਾ । ਲੇਖਾ ਜਾਣੇ ਨਵ ਖੰਡ, ਨੌਂ ਨੌਂ ਆਪਣਾ ਪਰਦਾ ਲਾਹਿੰਦਾ । ਵੇਖ ਵਖਾਏ ਸੂਰਜ ਚੰਦ, ਮੰਡਲ ਮੰਡਪ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਧਰਨੀ ਕਹੇ ਮੋਹੇ ਚੜ੍ਹਿਆ ਚਾਅ, ਚਾਉ ਘਨੇਰਾ ਇਕ ਜਣਾਈਆ । ਧਵਲ ਕਹੇ ਮਿਲਿਆ ਸੱਚਾ ਪਾਤਸ਼ਾਹ, ਸ਼ਹਿਨਸ਼ਾਹ ਵਡੀ ਵਡਿਆਈਆ । ਧਵਲ ਕਹੇ ਮੇਰੀ ਪਕੜੀ ਬਾਂਹ, ਵੇਲੇ ਅੰਤ ਅੰਤ ਸਹਾਈਆ । ਖ਼ਾਕ ਕਹੇ ਮੋਹੇ ਲੇਖੇ ਲਿਆ ਲਾ, ਲੇਖਾ ਆਪਣੀ ਝੋਲੀ ਪਾਈਆ । ਮਾਟੀ ਕਹੇ ਚਰਨ ਕਵਲ ਦਿਤੀ ਪਨਾਹ, ਮਿਲੀ ਸਚ ਸੱਚੀ ਸਰਨਾਈਆ । ਕਰਿਆ ਖੇਲ ਬੇਪਰਵਾਹ, ਬੇਅੰਤ ਆਪਣਾ ਰੂਪ ਵਟਾਈਆ । ਜੁਗ ਜੁਗ ਲੇਖਾ ਦਏ ਮੁਕਾ, ਲੇਖਾ ਲਿਖ ਲਿਖ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਥਾਉਂ ਥਾਈਂ ਵੇਖਣਹਾਰਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ ਨਿਰਗੁਣ ਬਣ ਵਣਜਾਰਾ, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਆਪ ਆਪਣਾ ਭੇਵ ਚੁਕਾਇੰਦਾ । ਭਗਤ ਭਗਵੰਤ ਦੇ ਆਧਾਰਾ, ਸੰਤ ਸਾਜਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਧਾਰ ਚਲੇ ਉਪਰ ਧਵਲ, ਧਰਨ ਮਿਲੇ ਵਡਿਆਈਆ । ਧਰਤ ਕਹੇ ਮੇਰਾ ਮੌਲਿਆ ਕਵਲ, ਕਵਲ ਫੁੱਲ ਮਹਿਕਾਈਆ । ਮੇਲ ਮਿਲਾਵਾ ਸਾਵਲ ਸਵਲ, ਸੁੰਦਰ ਆਪਣਾ ਰੂਪ ਪਰਗਟਾਈਆ । ਜੋਤੀ

੧੭੪
੧੨

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਧਰਨੀ ਧਰਤ ਧਵਲ ਦੇਵਣਹਾਰ ਸਹਾਰਾ, ਸਚ ਸਹਾਰਾ ਇਕ ਵਖਾਇੰਦਾ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਪਾਰ ਕਿਨਾਰਾ ਇਕ ਵਡਿਆਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਰ ਹਰਿ ਆਪਣਾ ਰੂਪ ਵਟਾਇੰਦਾ । ਧਰਨੀ ਕਰੇ ਹੌਲਾ ਭਾਰਾ, ਧਵਲ ਆਪਣਾ ਰੰਗ ਵਖਾਇੰਦਾ । ਲਹਿਣਾ ਦੇਣਾ ਚੁਕਾਏ ਦੁਸ਼ਟ ਦੁਰਾਚਾਰਾ, ਹੰਕਾਰੀ ਗੜ੍ਹ ਆਪ ਤੁੜਾਇੰਦਾ । ਅਠਸਠ ਤੀਰਥ ਵੇਖਣਹਾਰਾ, ਚਾਰੋਂ ਕੁੰਟ ਫੇਰਾ ਪਾਇੰਦਾ । ਨਾਤਾ ਤੋੜੇ ਮੰਦਰ ਮਸਜਿਦ ਗੁਰੂਦੁਆਰਾ, ਗੁਰ ਗੁਰ ਹੱਟ ਇਕ ਖੁਲ੍ਹਾਇੰਦਾ । ਵਣਜ ਕਰਾਏ ਸਚ ਵਪਾਰਾ, ਦੋ ਜਹਾਨਾਂ ਫੇਰਾ ਪਾਇੰਦਾ । ਖੋਲ੍ਹਣਹਾਰਾ ਠਾਂਡਾ ਦਰਬਾਰਾ, ਦਰ ਦਰਵਾਜ਼ਾ ਇਕ ਰਖਾਇੰਦਾ । ਮਹੱਲ ਅਟੱਲ ਉਚ ਮਨਾਰਾ, ਸੋਭਾਵੰਤ ਆਪ ਸੁਹਾਇੰਦਾ । ਭਗਤਨ ਮੇਲਾ ਹਰੀ ਦੁਆਰਾ, ਹਰਿ ਦਰ ਆਪਣਾ ਆਪ ਪਰਗਟਾਇੰਦਾ । ਨਾਉਂ ਰੱਖ ਵਿਚ ਸੰਸਾਰਾ, ਭਗਤ ਦੁਆਰਾ ਆਪ ਸੁਹਾਇੰਦਾ । ਧਰਨੀ ਧਰਤ ਧਵਲ ਨਿਉਂ ਨਿਉਂ ਕਰੇ ਨਿਮਸਕਾਰਾ, ਨਿਮਖ ਨਿਮਖ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਉਪਰ ਰੱਖੇ ਧਵਲ, ਧਵਲ ਉਪਰ ਰੱਖੇ ਧਰਤ, ਧਰਤ ਉਪਰ ਜਾਣੇ ਆਪਣਾ ਹੇਤ, ਹੇਤ ਮਿਲਾਏ ਨਾਲ ਭਗਤ, ਭਗਤ ਮੇਲਾ ਹਰਿ ਜੂ ਅੰਤ, ਅੰਤ ਲੇਖਾ ਸਾਹਿਬ ਕੰਤ, ਸਾਹਿਬ ਕੰਤ ਵੇਖਣਹਾਰ ਜੁਗਾ ਜੁਗੰਤ, ਜੁਗਾ ਜੁਗੰਤ ਸ੍ਰੀ ਭਗਵਾਨ ਬਣਾਏ ਬਣਤ, ਬਣਾਏ ਬਣਤ ਮਹਿਮਾ ਅਗਣਤ, ਮਹਿਮਾ ਅਗਣਤ ਗੁਰਮੁਖ ਸਾਚੇ ਸੰਤ, ਸਾਚੇ ਸੰਤ ਸਤਿਗੁਰ ਆਪਣੇ ਲੇਖੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ ।

### ✳ ੧੪ ਜੇਠ ੨੦੧੯ ਬਿਕਰਮੀ ਭਾਗ ਸਿੰਘ ਦੇ ਗ੍ਰਿਹਿ ਧਿੰਗਾਲੀ ਜੰਮੂ ✳

ਆਦਿ ਜੁਗਾਦਿ ਖ਼ਬਰਦਾਰ, ਸੋ ਪੁਰਖ ਨਿਰੰਜਣ ਆਪਣੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਪਰਵਰਦਿਗਾਰ ਪਰਦਾ ਆਪਣੇ ਹੱਥ ਰਖਾਇੰਦਾ । ਏਕੰਕਾਰਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਸਾਰੰਗ ਧਰ ਭਗਵਾਨ, ਬੀਠਲੋ ਆਪ ਅਖਵਾਇੰਦਾ । ਸ੍ਰੀ ਭਗਵਾਨ ਦਏ ਦੀਦਾਰ, ਦਰਸੀ ਦਰਸ ਆਪ ਵਖਾਇੰਦਾ । ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਵੇਸ ਵਟਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਾਚੀ ਭਿਛਿਆ ਆਪ ਸੁਹਾਇੰਦਾ । ਸਚਖੰਡ ਨਿਵਾਸੀ ਸਚ ਦੁਆਰਾ ਕਰ ਤਿਆਰ, ਸਚਖੰਡ ਆਪ ਸੁਹਾਇੰਦਾ । ਤਖ਼ਤ ਨਿਵਾਸੀ ਸੋਹੇ ਤਖ਼ਤ ਅਪਾਰ, ਬਣ ਬਾਡੀ ਘੜਤ ਘੜਾਇੰਦਾ । ਧੁਰ ਫ਼ਰਮਾਣਾ ਦੇਵੇ ਏਕਾ ਵਾਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸ਼ਬਦੀ ਸ਼ਬਦ ਸੇਵਾਦਾਰ, ਸੇਵਕ ਸੇਵਕ ਇਕ ਬਣਾਇੰਦਾ । ਦੋ ਜਹਾਨ ਮਹੱਲ ਉਸਾਰ, ਤ੍ਰੈਭਵਨ ਵੇਖ ਵਖਾਇੰਦਾ । ਚੌਦਾਂ ਹੱਟ ਖੋਲ੍ਹ ਕਿਵਾੜ, ਚੌਦਾਂ ਲੋਕ ਛੱਪਰ ਛੰਨ ਛੁਹਾਇੰਦਾ । ਗ੍ਰਿਹਿ ਗ੍ਰਿਹਿ ਮੰਦਰ ਦੀਪਕ ਬਾਲ, ਜੋਤੀ ਜਾਤਾ ਨੂਰ ਟਿਕਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪਾਵੇ ਸਾਰ, ਤ੍ਰੈਗੁਣ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰਾ, ਧੁਰਦਰਗਾਹੀ ਆਪ ਵਰਤਾਈਆ । ਵੇਖੇ ਵਿਗਸੇ ਵੇਖਣਹਾਰਾ, ਬੇਅੰਤ ਵਡ ਵਡਿਆਈਆ । ਜਲ ਜਲ ਬਿੰਬ ਰੂਪ ਅਪਾਰਾ, ਬਿਮਲ ਆਪਣੀ ਖੇਲ ਕਰਾਈਆ । ਧਰਨੀ ਧਰਤ ਧਵਲ ਸਹਾਰਾ, ਧਰ ਧਰ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਸਮਰਥ, ਨਰ ਹਰਿ ਨਰਾਇਣ ਆਪ ਜਣਾਇੰਦਾ । ਪੰਜ ਤਤ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਚਾਰੇ ਖਾਣੀ ਦੇਵੇ ਵੱਥ, ਉਤਭੁਜ ਸੇਤਜ ਜੇਰਜ ਅੰਡਜ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਸ੍ਰੀ ਭਗਵਾਨ, ਏਕਾ ਏਕਾ ਵਾਰ ਜਣਾਈਆ । ਧਰਨੀ ਧਵਲ ਧਰਤ ਦਿਤਾ ਦਾਨ, ਵਡ ਦਾਨੀ ਵਸਤ ਵਰਤਾਈਆ । ਲੱਖ ਚੁਰਾਸੀ ਹੋਏ ਪਰਧਾਨ, ਜੀਵ ਜੰਤ ਜੰਤ ਸਮਝਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਰੂਪ ਅਨੂਪ ਵਟਾਈਆ । ਜੁਗ ਚੌਕੜੀ ਵੇਖੇ ਆਣ, ਜੁਗ ਜੁਗ ਆਪਣਾ ਫੇਰਾ ਪਾਈਆ । ਵੇਸ ਵਟਾਏ ਗੋਪੀ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸੁਣੇ ਫ਼ਰਯਾਦ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਧਵਲ ਅੰਤਮ ਰੱਖਣਾ ਯਾਦ, ਯਾਦਦਾਸ਼ਤ ਆਪ ਸਮਝਾਇੰਦਾ । ਜਿਸ ਨੇ ਰਚਨ ਰਚੀ ਆਦਿ, ਅੰਤ ਲੇਖੇ ਆਪਣੇ ਪਾਇੰਦਾ । ਸਤਿ ਨਿਸ਼ਾਨਾ ਦੇਵੇ ਗਾਡ, ਦੋ ਜਹਾਨਾਂ ਆਪ ਵਖਾਇੰਦਾ । ਵੇਸ ਵਟਾਏ ਮਾਧਵ ਮਾਧ, ਮੋਹਣੀ ਆਪਣਾ ਰੂਪ ਜਣਾਇੰਦਾ । ਭਗਤ ਭਗਵੰਤ ਸਾਚੇ ਲਾਧ, ਮਿਲ ਮਿਲ ਆਪਣਾ ਸਗਨ ਮਨਾਇੰਦਾ । ਤੇਰੇ ਉਪਰ ਬਹਿ ਬਹਿ ਲਏ ਆਰਾਧ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮ ਵਰਤੇ ਹਰਿ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨਵ ਨੌਂ ਚਾਰ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਸੇਵਾ ਲਾ ਗੁਰ ਅਵਤਾਰ, ਤਿੰਨ ਪੰਜ ਤਿੰਨ ਤੇਈ ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਨਿਰੰਕਾਰ, ਗੁਰ ਗੁਰ ਆਪਣਾ ਭੇਵ ਖੁਲਾਇੰਦਾ । ਧਰਨੀ ਤੇਰਾ ਲੇਖਾ ਅਪਰ ਅਪਾਰ, ਹਰਿ ਜੂ ਆਪਣੇ ਹੱਥ ਰਖਾਇੰਦਾ । ਫੁੱਲ ਫੁਲਵਾੜੀ ਮੌਲੇ ਰੁੱਤ ਬਹਾਰ, ਲੱਖ ਚੁਰਾਸੀ ਗੁਲਸ਼ਨ ਆਪ ਖਿਲਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਵਾਰੋ ਵਾਰ, ਸੱਤ ਦੀਪ ਚਰਨਾਂ ਹੇਠ ਦਬਾਇੰਦਾ । ਸੇਵਾ ਕਰ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਮੁਸਾਇਕ ਤੇਰੀ ਗੋਦ ਬਹਾਇੰਦਾ । ਭਗਤ ਭਗਵੰਤ ਦੇ ਆਧਾਰ, ਸਚ ਆਧਾਰਤਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸ੍ਰੀ ਭਗਵੰਤ, ਹਰਿ ਹਰਿ ਆਪ ਜਣਾਈਆ । ਖੇਲਾਂ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਈਆ । ਕਲਜੁਗ ਵੇਲਾ ਆਏ ਅੰਤ, ਅੰਤ ਆਵੇ ਸੱਚਾ ਮਾਹੀਆ । ਫੇਰ ਬਣਾਏ ਤੇਰੀ ਬਣਤ, ਆਪਣੀ ਹੱਥੀਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਦਏ ਸਮਝਾਈਆ । ਸੁਣਿਆ ਗੁਣ ਹਰਿ ਨਿਰੰਕਾਰ, ਧਰਨੀ ਨੈਣਾਂ ਨੀਰ ਵਹਾਇਆ । ਕਵਣ ਵੇਲਾ ਆਏ ਅੰਤ ਵਿਚ ਸੰਸਾਰ, ਸੰਸਾ ਮੇਰਾ ਦਏ ਗਵਾਇਆ । ਪਰਗਟ ਹੋਏ ਆਪ ਕਰਤਾਰ, ਨਿਰਗੁਣ ਆਪਣਾ ਰੂਪ ਵਟਾਇਆ । ਮੇਰਾ ਹੌਲਾ ਕਰੇ ਭਾਰ, ਦੁਖੀ ਦਰਦੀ ਦਰਦੀਆਂ

ਦਰਦ ਵੰਡਾਇਆ । ਮੇਰੀ ਸੁਣੇ ਆਣ ਪੁਕਾਰ, ਸਿਰ ਮੇਰੇ ਹੱਥ ਟਿਕਾਇਆ । ਮੇਰੇ ਉਤੇ ਔਣ ਗੁਰ ਅਵਤਾਰ, ਆਪੋ ਆਪਣੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਸੁਹਾਏ ਘਰ, ਮੇਰੇ ਬੰਕ ਦਏ ਵਡਿਆਇਆ । ਪੁਰਖ ਅਬਿਨਾਸ਼ੀ ਰਿਹਾ ਦੱਸ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਕਲਜੁਗ ਅੰਤਮ ਆਵਾਂ ਨੱਸ, ਨਿਰਗੁਣ ਰੂਪ ਵਟਾਈਆ । ਚਾਰ ਜੁਗ ਨੌਂ ਸੌ ਚੁਰਾਨਵੇਂ ਚੌਕੜੀ ਪਿਛਲਾ ਲਹਿਣਾਂ ਕਰਾਂ ਬਸ, ਅਗਲਾ ਆਪਣੇ ਹੱਥ ਰਖਾਈਆ । ਕਿਸੇ ਨਾ ਚਲੇ ਕੋਈ ਵਸ, ਸਭ ਦਾ ਲੇਖਾ ਦਿਆਂ ਮੁਕਾਈਆ । ਲੱਖ ਚੁਰਾਸੀ ਤ੍ਰੈਗੁਣ ਅੰਦਰ ਗਈ ਫਸ, ਫਾਂਸੀ ਸਕੇ ਨਾ ਕੋਇ ਕਟਾਈਆ । ਪਰਗਟ ਹੋਏ ਪੁਰਖ ਸਮਰਥ, ਸਮਰਥ ਆਪਣਾ ਗੁਣ ਦਏ ਸਮਝਾਈਆ । ਧਰਨੀ ਤੇਰਾ ਲੇਖਾ ਰੱਖੇ ਆਪਣੇ ਹੱਥ, ਸਾਢੇ ਤਿੰਨ ਤਿੰਨ ਵੰਡ ਵੰਡਾਈਆ । ਰਵਦਾਸ ਚੁਮਾਰਾ ਪਹਿਲੋਂ ਗਾ ਕੇ ਜਾਏ ਜਸ, ਜਸ ਹਰਿ ਹਰਿ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਹਰਿ ਵਡਿਆਈਆ । ਸਾਢੇ ਤਿੰਨ ਹੱਥ ਤੇਰੀ ਵੰਡ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਦੇਵੇ ਕੰਡ, ਆਪਣਾ ਕੰਢਾ ਪਾਰ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਸਮਝਾਇੰਦਾ । ਭੇਵ ਅਭੇਦ ਲੈਣਾ ਜਾਣ, ਆਦਿ ਪੁਰਖ ਆਦਿ ਜਣਾਈਆ । ਕਲਜੁਗ ਅੰਤ ਪਰਗਟ ਹੋਏ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਟਾਈਆ । ਸਭ ਦਾ ਲਹਿਣਾ ਦੇਣਾ ਚੁਕਾਏ ਆਣ, ਲੇਖਾ ਸਭ ਦੀ ਝੋਲੀ ਪਾਈਆ । ਕਰੇ ਖੇਲ ਆਪ ਮਹਾਨ, ਵੇਦ ਸ਼ਾਸਤਰ ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਦੇਵੇ ਵਡਿਆਈ ਵਡਾ ਵਡ, ਹਰਿ ਜੂ ਆਪਣੀ ਦਇਆ ਕਮਾਇੰਦਾ । ਆਪਣੇ ਵਿਚੋਂ ਆਪਣੇ ਭਗਤ ਕੱਢ, ਲੋਕਮਾਤ ਜਨਮ ਦਿਵਾਇੰਦਾ । ਲੱਖ ਚੁਰਾਸੀ ਅੰਤਮ ਲਏ ਛੱਡ, ਨਾਤਾ ਨਾਲ ਨਾ ਕਿਸੇ ਜੁੜਾਇੰਦਾ । ਜਨ ਭਗਤਾਂ ਦੇ ਕੇ ਆਪਣਾ ਅੱਧ, ਅੱਧ ਸੀਸ ਉਤੋਂ ਵਾਰ ਵਖਾਇੰਦਾ । ਧਰਨੀ ਤੇਰੇ ਉਪਰ ਸਦ, ਤੇਰੀ ਗੋਦ ਸੁਹਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਦੂਜਾ ਨਸ਼ਾ ਨਾ ਕੋਇ ਚੜ੍ਹਾਇੰਦਾ । ਏਕਾ ਨਾਦ ਜਾਏ ਵਜ, ਅਨਹਦ ਰਾਗੀ ਰਾਗ ਅਲਾਇੰਦਾ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇੰਦਾ । ਭਗਤ ਭਗਵੰਤ ਦੋਵੇਂ ਬਹਿਣ ਸਜ, ਸਾਖ਼ਯਾਤ ਆਪਣਾ ਰੂਪ ਵਟਾਇੰਦਾ । ਅੰਤਮ ਰੱਖੇ ਤੇਰੀ ਲਜ, ਪਰਦਾ ਆਪਣਾ ਉਪਰ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਵਖਾਇੰਦਾ । ਸਾਚੀ ਸਿਖਿਆ ਸਾਖ਼ਯਾਤ, ਹਰਿ ਜੂ ਹਰਿ ਜਣਾਈਆ । ਕਲਜੁਗ ਅੰਤਮ ਕਰੇ ਖੇਲ ਤਮਾਸ਼, ਭੇਵ ਅਭੇਦਾ ਆਪ ਖੁਲ੍ਹਾਈਆ । ਜਨ ਭਗਤਾਂ ਕਰੇ ਪੂਰੀ ਆਸ, ਤੇਰੀ ਆਸਾ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਬੇਪਰਵਾਹੀਆ । ਨਾਤਾ ਤੋੜ ਪ੍ਰਿਥਮੀ ਅਕਾਸ਼, ਮੰਡਲ ਮੰਡਪ ਡੇਰਾ ਢਾਹੀਆ । ਸਾਚਾ ਸਾਜਣ ਲਏ ਸਾਜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਰਨ ਸੱਚੀ ਸਰਨਾਈਆ । ਸਾਚੀ ਸਰਨ ਦੇਵੇ ਭਗਵਾਨ, ਅੰਤ ਅੰਤ ਆਪ ਸਮਝਾਇੰਦਾ । ਕਲਜੁਗ ਵੇਖੇ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਭਗਤ ਭਗਵੰਤ ਕਰੇ ਪਰਵਾਨ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸਚਖੰਡ ਦਾ ਸਚ ਨਿਸ਼ਾਨ,

ਧਰਨੀ ਧਰਤ ਧਵਲ ਉਪਰ ਆਪ ਬਣਾਇੰਦਾ । ਅੰਦਰ ਵੜ ਵੇਖੇ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਚਾਰ ਕੁੰਟ ਦਿਸੇ ਬੀਆਬਾਨ, ਨਵ ਨੌਂ ਅੰਧੇਰਾ ਛਾਇੰਦਾ । ਚਾਰੇ ਖਾਣੀ ਹੋਏ ਵੈਰਾਨ, ਬੂਟਾ ਮਾਤ ਨਾ ਕੋਇ ਲਗਾਇੰਦਾ । ਭਗਤਾਂ ਮਿਲੇ ਆਪ ਭਗਵਾਨ, ਭਾਗ ਧਰਤ ਉਪਰ ਵਖਾਇੰਦਾ । ਜੁਗ ਜੁਗ ਦੀ ਲੱਗੀ ਬੁੱਝੇ ਆਗ, ਅਗਨੀ ਤਤ ਨਾ ਕੋਇ ਵਖਾਇੰਦਾ । ਸੰਤ ਸੁਹੇਲੇ ਬਣਾਏ ਸੱਜਣ ਸਾਕ, ਦੂਜਾ ਨਾਤਾ ਤੋੜ ਤੁੜਾਇੰਦਾ । ਘਰ ਮਿਲੇ ਰਸੂਲ ਪਾਕ, ਪਾਕੀ ਪਾਕ ਖ਼ਾਕ ਸੁਹਾਇੰਦਾ । ਸਚਖੰਡ ਦੁਆਰਾ ਖੋਲ੍ਹੇ ਤਾਕ, ਚਾਰ ਕੁੰਟ ਅੰਧੇਰ ਮਿਟਾਇੰਦਾ । ਇਕ ਜਣਾਏ ਭਵਿਖਤ ਵਾਕ, ਨਾਮ ਨਗਾਰਾ ਇਕ ਵਜਾਇੰਦਾ । ਪਰਗਟ ਹੋ ਸਾਖ਼ਯਾਤ, ਸਾਖੀ ਆਪਣੀ ਆਪ ਸੁਣਾਇੰਦਾ । ਦੋ ਜਹਾਨਾਂ ਹਰਿ ਜੂ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪਰਦਾ ਲਏ ਢਾਕ, ਪਤ ਭਗਤਾਂ ਹੱਥ ਰਖਾਇੰਦਾ ।

### ✳ ੧੪ ਜੇਠ ਵੀਹ ਸੌ ਉਨੀ ਬਿਕਰਮੀ ਕਰਤਾਰ ਚੰਦ ਦੇ ਗ੍ਰਿਹ ਪਿੰਗਾਲੀ ਜੰਮੂ ✳

ਪ੍ਰਭ ਚਰਨ ਮੇਰੀ ਨਿਮਸਕਾਰਾ, ਧਰਤ ਧਵਲ ਖ਼ੁਸ਼ੀ ਮਨਾਈਆ । ਚਰਨ ਧਰਿਆ ਵਿਚ ਸੰਸਾਰਾ, ਕਿਰਪਾ ਕਰ ਬੇਪਰਵਾਹੀਆ । ਨਿਮਾਣਿਆਂ ਮਿਲਿਆ ਇਕ ਸਹਾਰਾ, ਆਸ ਨਿਰਾਸ ਨਾ ਕੋਇ ਰਖਾਈਆ । ਡੁਬਦਿਆਂ ਮਿਲਿਆ ਅੰਤ ਕਿਨਾਰਾ, ਸਾਚੇ ਤੱਟ ਮਿਲੇ ਵਡਿਆਈਆ । ਨਾਤਾ ਛੁਟਿਆ ਝੂਠੇ ਯਾਰਾ, ਸੱਯਾ ਏਕਾ ਮੇਲ ਮਿਲਾਈਆ । ਨੇਤਰ ਨੈਣ ਕੀਆ ਦੀਦਾਰਾ, ਦਰ ਦੁਆਰ ਦਰਸ਼ਨ ਪਾਈਆ । ਗੀਤ ਗਾ ਸੁਹਾਗੀ ਵਾਰਾ, ਸਾਚਾ ਢੋਲਾ ਮੇਲ ਮਿਲਾਈਆ । ਪਾਇਆ ਪੁਰਖ ਏਕੰਕਾਰਾ, ਪੁਰਖੋਤਮ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਾਚੀ ਸਰਨ ਸਰਨਾਈਆ । ਸਰਨ ਮਿਲੀ ਸਰਨਾਗਤ, ਗਤ ਆਪਣੀ ਨਾ ਕੋਇ ਰਖਾਈਆ । ਪਾਰਬ੍ਰਹਮ ਪ੍ਰਭ ਕਮਲਾਪਤ, ਕਮਲੀ ਕੋਝੀ ਗਲੇ ਲਗਾਈਆ । ਲੇਖੇ ਲੱਗੀ ਗੋਬਿੰਦ ਦੁਲਾਰੇ ਰੱਤ, ਰੱਤੀ ਰੱਤ ਮੇਰੀ ਕੀਮਤ ਪਾਈਆ । ਬੀਜ ਬਿਜਾਇਆ ਸਾਚੇ ਵਤ, ਕਿਰਪਾ ਕਰੀ ਬੇਪਰਵਾਹੀਆ । ਬੂਟਾ ਮੌਲਿਆ ਸਾਢੇ ਤਿੰਨ ਹੱਥ, ਵੰਡਨ ਵੰਡ ਇਕ ਵਖਾਈਆ । ਅੱਗੇ ਪਿਛੇ ਸੱਥਰ ਘਤ, ਹਰਿ ਜੂ ਆਪਣੀ ਸੇਜ ਸੁਹਾਈਆ । ਅੰਦਰ ਵੜ ਪੁਰਖ ਸਮਰਥ, ਮੇਰੀ ਬਣਤ ਬਣਾਈਆ । ਮਾਣ ਤੋੜ ਉਚੇ ਟਿੱਲੇ ਪਰਬਤ, ਪਰਮ ਪੁਰਖ ਖੇਲ ਖਲਾਈਆ । ਸਾਚਾ ਮਾਰਗ ਇਕੋ ਦੱਸ, ਸਿਖਿਆ ਸਾਚੀ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਹੋ ਹੋ ਵਸ, ਸਰਗੁਣ ਆਪਣਾ ਮੇਲ ਮਿਲਾਈਆ । ਅੰਮ੍ਰਿਤ ਸਰੋਵਰ ਸਾਚਾ ਰਸ, ਬਣ ਰਸੀਆ ਰਸ ਚਖਾਈਆ । ਲੱਖ ਚੁਰਾਸੀ ਵਿਚੋਂ ਕਰ ਕਰ ਵੱਖ, ਵੱਖਰੀ ਆਪਣੀ ਗੰਢ ਬੰਧਾਈਆ । ਭਗਤ ਭਗਵੰਤ ਕਰ ਪਰਤੱਖ, ਪਾਰਖੂ ਆਪਣਾ ਵੇਸ ਵਖਾਈਆ । ਮੇਰੇ ਉਪਰ ਬਹਿ ਬਹਿ ਗਾਏ ਜਸ, ਸਿਫ਼ਤ ਸਾਲਾਹ ਸੱਚੀ ਸਾਲਾਹੀਆ । ਮੇਰੀ ਅੰਤਮ ਪੂਰੀ ਕਰੇ ਆਸ, ਹਿਰਸ ਹਵਸ ਨਾ ਕੋਇ ਵਧਾਈਆ । ਕੂੜੀ ਕਿਰਿਆ ਤੁਟਾ ਫ਼ਾਸ, ਫਾਸੀ ਅਵਰ ਨਾ ਕੋਇ ਚੜ੍ਹਾਈਆ । ਚਰਨਾਂ ਹੇਠਾਂ ਰਖਾਇਆ ਪ੍ਰਿਥਮੀ ਆਕਾਸ਼, ਆਕਾਸ਼ ਚਰਨਾਂ ਹੇਠ ਦਬਾਈਆ । ਜਨ ਭਗਤਾਂ ਪਿਛੇ ਆਇਆ ਖ਼ਾਸ, ਖ਼ਾਹਿਸ਼ ਮੇਰੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਬਣਤ ਅੰਤ ਬਣਾਈਆ । ਮੇਰੀ ਬਣਤ ਗਈ ਬਣ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਆਪਣਾ ਢੋਲਾ ਰਾਗ ਸੁਣਾਇਆ ਕੰਨ,

ਸਾਚਾ ਸੋਹਲਾ ਆਪ ਜਣਾਇੰਦਾ । ਸਾਂਤਕ ਸਤਿ ਹੋਇਆ ਤਨ, ਸੀਤਲ ਧਾਰ ਇਕ ਵਹਾਇੰਦਾ । ਕੂੜ ਕੁੜਿਆਰਾ ਦੇਵੇ ਡੰਨ, ਨਾਮ ਖੰਡਾ ਇਕ ਚਮਕਾਇੰਦਾ । ਕਾਚੀ ਮਾਟੀ ਭਾਂਡਾ ਦੇਵੇ ਭੰਨ, ਭੰਨਣਹਾਰਾ ਫੇਰਾ ਪਾਇੰਦਾ । ਕਿਰਪਾ ਕਰ ਸ੍ਰੀ ਭਗਵਨ, ਸ੍ਰੀ ਧਰ ਆਪਣੇ ਰੰਗ ਰੰਗਾਇੰਦਾ । ਲੋਕਮਾਤ ਬਣ ਜਨਨੀ ਜਨ, ਜਨ ਆਪਣੇ ਆਪ ਪਰਗਟਾਇੰਦਾ । ਏਕਾ ਦੇ ਨਾਮ ਧੰਨ, ਧੰਨ ਖ਼ਜ਼ਾਨਾ ਆਪ ਲੁਟਾਇੰਦਾ । ਏਕਾ ਰਾਗ ਸੁਣਾਏ ਕੰਨ, ਨਾਦੀ ਨਾਦ ਆਪ ਵਜਾਇੰਦਾ । ਏਕਾ ਨੂਰ ਚੜ੍ਹਾਏ ਚੰਨ, ਪਰਕਾਸ਼ ਪਰਕਾਸ਼ ਆਪ ਵਖਾਇੰਦਾ । ਏਕਾ ਬੇੜਾ ਦੇਵੇ ਬੰਨ੍ਹ, ਬੇੜਾ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪ ਉਠਾਇੰਦਾ । ਮਿਹਰ ਨਜ਼ਰ ਰੱਖ ਕਰਤਾਰ, ਕਰਤੇ ਮੇਰੀ ਬਣਤ ਬਣਾਈਆ । ਜੁਗ ਜੁਗ ਦਾ ਦਰਦ ਨਿਵਾਰ, ਦੁੱਖ ਸੁਖ ਵਿਚ ਬਦਲਾਈਆ । ਕਰਮ ਕਾਂਡ ਕਰ ਕਰ ਪਾਰ, ਨਿਹਕਰਮੀ ਦਇਆ ਕਮਾਈਆ । ਵਰਨ ਬਰਨ ਕਰ ਖ਼ੁਵਾਰ, ਸਾਚੀ ਸਰਨ ਇਕ ਜਣਾਈਆ । ਲਹਿਣਾ ਚੁਕਾ ਗੁਰ ਅਵਤਾਰ, ਪੀਰ ਪੈਗ਼ੰਬਰ ਖਾਤਾ ਦਏ ਮੁਕਾਈਆ । ਸਾਚਾ ਸਾਕਾ ਏਕੰਕਾਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਬੇਪਰਵਾਹ ਇਕ ਅਖਵਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਸਰਗੁਣ ਨਿਰਗੁਣ ਲਏ ਮਿਲਾਈਆ । ਨਾਮ ਵਜਾਏ ਇਕ ਸਤਾਰ, ਸਤਿ ਸਤਿਵਾਦੀ ਰਾਗ ਅਲਾਈਆ । ਭਵਜਲ ਕਰਨਹਾਰਾ ਪਾਰ, ਭੈ ਭਿਆਨਕ ਹੋਏ ਸਹਾਈਆ । ਬੋਧ ਅਗਾਧੀ ਇਕ ਜੈਕਾਰ, ਜੈ ਜੈਕਾਰਾ ਦਏ ਸੁਣਾਈਆ । ਰਾਗੀ ਨਾਦੀ ਵਸੇ ਬਾਹਰ, ਬੇਅੰਤ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਸੁਣੇ ਪੁਕਾਰ, ਸੁਣ ਸੁਣ ਆਪਣਾ ਫੇਰਾ ਪਾਈਆ । ਮੈਂ ਅੰਤਮ ਰੋਵਾਂ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਖੁਲ੍ਹੀ ਮੀਢੀ ਹੋਈ ਬੇਹਾਲ, ਸਾਚਾ ਸੀਸ ਨਾ ਕੋਇ ਗੁੰਦਾਈਆ । ਚਾਰੋਂ ਕੁੰਟ ਕੂੜ ਕੁੜਿਆਰਾ ਕਲਜੁਗ ਕੂਕੇ ਕਾਲ, ਕਾਲ ਦੁਹਾਈ ਰਹੀ ਸੁਣਾਈਆ । ਕੋਈ ਨਜ਼ਰ ਨਾ ਆਵੇ ਸਾਚਾ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਪੁਰਖ ਅਬਿਨਾਸ਼ੀ ਹੋ ਕਿਰਪਾਲ, ਕਿਰਪਨ ਆਪਣੀ ਦਇਆ ਕਮਾਈਆ । ਭਗਤ ਭਗਵੰਤ ਲਏ ਉਠਾਲ, ਉਠ ਉਠ ਆਪਣੀ ਸੇਵ ਕਮਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਹੋਇਆ ਸਹਾਈਆ । ਵੇਲੇ ਅੰਤ ਹੋ ਸਹਾ, ਸੱਯਾ ਆਪਣੀ ਦਇਆ ਕਮਾਇੰਦਾ । ਨਿਰਗੁਣ ਹੋ ਹੋ ਪਕੜੀ ਬਾਂਹ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਜਿਸ ਨੇ ਸੱਥਰ ਦਿਤਾ ਵਛਾ, ਸੋ ਅੰਤਮ ਆਪ ਉਠਾਇੰਦਾ । ਜਿਸ ਨੇ ਖੇਲ ਦਿਤਾ ਕਰਾ, ਸੋ ਅੰਤਮ ਵੇਖ ਵਖਾਇੰਦਾ । ਜਿਸ ਨੇ ਹੁਕਮ ਦਿਤਾ ਵਰਤਾ, ਸੋ ਹੁਕਮੇ ਅੰਦਰ ਵੰਡ ਵੰਡਾਇੰਦਾ । ਨਵ ਨੌਂ ਚਾਰ ਡੇਰਾ ਢਾਹ, ਡੇਰਾ ਆਪਣਾ ਆਪ ਬਣਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਰੂਪ ਵਟਾਇੰਦਾ । ਭਗਤ ਦੁਆਰਾ ਇਕ ਵਸਾ, ਵਸ ਘਰ ਆਪਣੇ ਸੋਭਾ ਪਾਇੰਦਾ । ਮੇਰੀ ਕੁੱਖ ਦਿਤੀ ਸੁਹਾ, ਉਜਲ ਮੁਖ ਮੁਖ ਵਖਾਇੰਦਾ । ਮੇਰਾ ਦੁਖੜਾ ਦਿਤਾ ਗਵਾ, ਰੋਗ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਮੇਰਾ ਦੁਖੜਾ ਹੋਇਆ ਦੂਰ, ਧਵਲ ਘਰ ਘਰ ਰਹੀ ਸੁਣਾਈਆ । ਮੇਰੀ ਆਸਾ ਹੋਈ ਪੂਰ, ਤ੍ਰਿਸ਼ਨਾ ਅਵਰ ਨਾ ਕੋਇ ਵਧਾਈਆ । ਮੇਰਾ ਨਾਤਾ ਤੁਟਾ ਕੂੜ, ਕੂੜੀ ਕਿਰਿਆ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਮਿਲੀ ਚਰਨ ਧੂੜ, ਧੂੜੀ ਟਿੱਕਾ ਮਸਤਕ ਲਾਈਆ । ਮੇਰੀ

ਚੋਲੀ ਚੜ੍ਹਿਆ ਰੰਗ ਗੂੜ੍ਹ, ਗੂੜ੍ਹਾ ਰੰਗ ਉਤਰ ਕਦੇ ਨਾ ਜਾਈਆ । ਮੇਰਾ ਭੰਡਾਰਾ ਹੋਇਆ ਭਰਪੂਰ, ਨਿਖੁਟ ਕਦੇ ਨਾ ਜਾਈਆ । ਮੇਰੇ ਪਿਛਲੇ ਬਖ਼ਸ਼ੇ ਸਰਬ ਕਸੂਰ, ਸਿਰ ਮੇਰੇ ਹੱਥ ਰਖਾਈਆ । ਮੇਰਾ ਠੰਡਾ ਕੀਤਾ ਤਪਦਾ ਤੰਦੂਰ, ਅਗਨੀ ਤਤ ਤਤ ਬੁਝਾਈਆ । ਇਕ ਵਖਾਇਆ ਸਚ ਜ਼ਹੂਰ, ਜ਼ਾਹਰਾ ਆਪਣਾ ਨੂਰ ਪਰਗਟਾਈਆ । ਜਿਸ ਦੀ ਸੋ ਸੁਣਦੀ ਰਹੀ ਦਿਸਦਾ ਦੂਰ, ਸੋ ਨੇੜੇ ਆਇਆ ਚਲ ਕੇ ਮਾਹੀਆ । ਜਨ ਭਗਤਾਂ ਮਿਲੇ ਆਪ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਮੇਰਾ ਕਲਜੁਗ ਅੰਤਮ ਤੁਟਾ ਗ਼ਰੂਰ, ਨਿਉਂ ਨਿਉਂ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਤ੍ਰਿਖਾ ਅਗਨ ਬੁਝਾਈਆ । ਤ੍ਰਿਖਾ ਅਗਨੀ ਬੁਝੀ ਪਿਆਸ, ਸਾਂਤਕ ਸਤਿ ਸਤਿ ਵਰਤਾਇਆ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਲੋਕਮਾਤ ਆਪ ਰਚਾਇਆ । ਜਨ ਭਗਤਾਂ ਹੋ ਹੋ ਦਾਸੀ ਦਾਸ, ਘਰ ਘਰ ਆਪਣਾ ਰਾਗ ਸੁਣਾਇਆ । ਮੈਂ ਵੇਖਾਂ ਆਸ ਪਾਸ, ਅੰਦਰ ਬਾਹਰ ਗੁਪਤ ਜ਼ਾਹਰ, ਨਿਰਗੁਣ ਆਪਣਾ ਡੇਰਾ ਲਾਇਆ । ਜਨ ਭਗਤਾਂ ਪਿਛੇ ਕਰੇ ਮੇਰੀ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਇਆ । ਮੇਰਾ ਕਾਰਜ ਆਇਆ ਰਾਸ, ਕਰਤਾ ਕੀਮਤ ਲਏ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲੇ ਆਪਣੇ ਦਰ, ਦਰ ਭਗਤਾਂ ਇਕ ਸੁਹਾਇਆ । ਭਗਤਾਂ ਦਰ ਪੁਨੀ ਆਸ, ਆਸਾ ਪੂਰਨ ਹਰਿ ਰਘੁਰਾਈਆ । ਸਮਝ ਵਿਚ ਨਾ ਆਏ ਕਿਆਸ, ਬੇਸਮਝ ਦਏ ਦੁਹਾਈਆ । ਗੁਰਮੁਖ ਪਰਗਟਾਏ ਆਪਣੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਵਿਚੋਂ ਲੁਕ ਲੁਕ ਰਿਹਾ ਰਾਖ, ਰਾਖੀ ਕਰ ਕਰ ਖ਼ੁਸ਼ੀ ਮਨਾਈਆ । ਕਿਸ ਨੂੰ ਸੱਚੀ ਦੱਸਾਂ ਬਾਤ, ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਰਸਨਾ ਸਾਰੇ ਮੈਨੂੰ ਕਹਿੰਦੇ ਧਰਤ ਮਾਤ, ਮੇਰੇ ਉਤੇ ਬਹਿ ਬਹਿ ਵਿਭਚਾਰ ਰਹੇ ਕਮਾਈਆ । ਚਾਰ ਵਰਨ ਦੀ ਕੂੜੀ ਜਮਾਤ, ਜ਼ਾਮਨ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਗੌਂਦੇ ਰਹੇ ਭਾਂਤ ਭਾਂਤ, ਮੇਰੇ ਉਪਰ ਵੰਡ ਵੰਡਾਈਆ । ਮੱਕਾ ਕਾਅਬਾ ਬਣ ਬਣ ਖ਼ਾਤ, ਖ਼ਾਤਾ ਜੀਵਾਂ ਰਿਹਾ ਜਣਾਈਆ । ਬਿਨ ਪੁਰਖ ਅਬਿਨਾਸ਼ੀ ਕੋਈ ਨਾ ਦੇਵੇ ਸਾਂਤ, ਗੁਰ ਅਵਤਾਰ ਆਪਣੀ ਆਪਣੀ ਵੰਡ ਗਏ ਵੰਡਾਈਆ । ਦੀਨ ਮਜ਼੍ਹਬ ਬੰਨ੍ਹ ਬੰਨ੍ਹ ਨਾਤ, ਨਾਤਾ ਆਪਣੇ ਸੰਗ ਰਖਾਈਆ । ਪਾਰਬ੍ਰਹਮ ਦੀ ਗਾ ਗਾ ਗਾਥ, ਸੇਵਾ ਸਚ ਸਚ ਕਮਾਈਆ । ਅੰਤਮ ਸਾਰੇ ਗਏ ਖ਼ਾਲੀ ਹਾਥ, ਲਿਖਤ ਪੜ੍ਹਤ ਸੰਗ ਨਾ ਕੋਇ ਲੈ ਜਾਈਆ । ਮੇਰੇ ਉਤੇ ਮੇਰੀ ਧੂੜੀ ਲੈ ਲੈ ਟੇਕਦੇ ਰਹੇ ਮਸਤਕ ਮਾਥ, ਸ੍ਰੀ ਭਗਵਾਨ ਇਕੋ ਓਟ ਰਖਾਈਆ । ਪੁਰਖ ਅਬਿਨਾਸ਼ੀ ਅੰਤ ਬਣਾਈ ਢੇਰੀ ਖ਼ਾਕ, ਖ਼ਾਕ ਮੇਰੀ ਝੋਲੀ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵੇਂ ਬਣੌਂਦੀ ਰਹੀ ਸਾਕ, ਪਿਛਲਾ ਨਾਤਾ ਨਾ ਕਿਸੇ ਜਣਾਈਆ । ਕਲਜੁਗ ਅੰਤਮ ਇਕੋ ਮਿਲਿਆ ਰਸੂਲ ਪਾਕ, ਰਹਿਮਤ ਆਪਣੀ ਰਿਹਾ ਕਮਾਈਆ । ਪੁਰਖ ਅਬਿਨਾਸ਼ੀ ਖੋਲ੍ਹ ਵਖਾਇਆ ਸਾਚਾ ਤਾਕ, ਦਰ ਦੀਵਾਰ ਨਜ਼ਰ ਕੋਇ ਨਾ ਆਈਆ । ਨੈਣ ਨੇਤਰ ਉਠ ਕੇ ਵੇਖਿਆ ਝਾਕ, ਨਿਰਗੁਣ ਨੂਰ ਡਗਮਗਾਈਆ । ਚਰਨ ਕਵਲ ਕੋਟਨ ਕੋਟ ਗੁਰ ਅਵਤਾਰ, ਕਰ ਕਰ ਬੈਠੇ ਆਸ, ਆਸਾ ਵਿਚ ਧਿਆਨ ਲਗਾਈਆ । ਹੌਲੀ ਹੌਲੀ ਮੈਂ ਵੀ ਗਈ ਫਸ, ਦੋਏ ਜੋੜ ਜੋੜ ਸੀਸ ਝੁਕਾਈਆ । ਕਰਵਟ ਬਦਲ ਪੁਰਖ ਅਬਿਨਾਸ਼, ਧੁਰ ਫ਼ਰਮਾਣਾ ਦਿਤਾ ਸੁਣਾਈਆ । ਤੇਰੇ ਉਤੇ ਮੇਰੀ ਰਾਸ, ਮੰਡਲ ਆਪਣਾ ਦਏ ਵਡਿਆਈਆ । ਭਗਤ ਦੁਆਰਾ ਬਣੇ ਸਾਖ਼ਯਾਤ, ਸਖੀ ਤੇਰਾ ਸੰਗ ਨਿਭਾਈਆ । ਭਗਤ ਭਗਵਾਨ ਦੇਵੇ ਦਾਤ, ਬਣ ਦਾਤਾ ਆਪ ਵਰਤਾਈਆ । ਵਰਨ ਬਰਨ ਦੱਬੇ ਤੇਰੇ ਡੂੰਘੇ

ਖਾਤ, ਖਾਤਾ ਫੇਰ ਨਾ ਕੋਇ ਫੁਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰੇ ਉਪਰ ਬਣਾਏ ਸਚ ਜਮਾਤ, ਏਕਾ ਅੱਖਰ ਕਰੇ ਪੜ੍ਹਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਝੋਲੀ ਪਾਏ ਗਾਥ, ਖ਼ਾਲੀ ਝੋਲੀ ਆਪ ਭਰਾਈਆ । ਭਗਤ ਦੁਆਰੇ ਜਾ ਕੇ ਟੇਕਣਾ ਮਾਥ, ਮਸਤਕ ਨਿਉਂ ਨਿਉਂ ਸੀਸ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਭਗਤਾਂ ਸੰਗ ਵਖਾਈਆ ।

### ✳ ੧੪ ਜੇਠ ੨੦੧੯ ਬਿਕਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ✳

ਕਿਰਪਾ ਕਰ ਸ੍ਰੀ ਭਗਵਾਨ, ਇਕੋ ਤੇਰੀ ਓਟ ਤਕਾਈਆ । ਤੇਰੇ ਭਗਤ ਕਰਨ ਪਰਵਾਨ, ਮੇਰੀ ਘਾਲ ਲੇਖੇ ਪਾਈਆ । ਮੈਂ ਜਾਵਾਂ ਬਣ ਨਿਧਾਨ, ਬਾਲੀ ਬੁੱਧ ਰੂਪ ਵਟਾਈਆ । ਦੂਰੋਂ ਵੇਖਾਂ ਸਚ ਨਿਸ਼ਾਨ, ਸਤਿ ਸਤਿਵਾਦੀ ਰਿਹਾ ਝੁਲਾਈਆ । ਦਰ ਚਰਨੀਂ ਡਿਗਾਂ ਆਣ, ਮਾਣ ਤਾਣ ਨਾ ਕੋਇ ਵਡਿਆਈਆ । ਮੈਂ ਦੇ ਕੇ ਆਵਾਂ ਆਪਣਾ ਸਚ ਬਿਆਨ, ਬਿਆਨਾ ਆਪਣਾ ਆਪ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਸੱਚੇ ਗੁਸਾਈਂਆ । ਸਚ ਦੁਆਰੇ ਜਾਵਾਂ ਨੱਠ, ਬਣ ਪਾਂਧੀ ਪੰਧ ਮੁਕਾਈਆ । ਤੇਰੇ ਭਗਤਾਂ ਵੇਖਾਂ ਸਚ ਇਕੱਠ, ਕਿਸ ਬਿਧ ਬੈਠੇ ਡੇਰਾ ਲਾਈਆ । ਕਵਣ ਜਾਪ ਰਹੇ ਜਪ, ਜਪ ਜਪ ਆਪਣੀ ਖ਼ੁਸ਼ੀ ਮਨਾਈਆ । ਕਵਣ ਧਾਮ ਉਤਰੇ ਤਪ, ਅਗਨੀ ਤਪਸ਼ ਦਏ ਬੁਝਾਈਆ । ਕਵਣ ਵੇਲਾ ਰੱਖੇਂ ਪਤ, ਸਿਰ ਆਪਣਾ ਹੱਥ ਟਿਕਾਈਆ । ਕਵਣ ਗੀਤ ਗਾਵਾਂ ਜਸ, ਢੋਲਾ ਤੇਰੇ ਨਾਮ ਸੁਣਾਈਆ । ਕਵਣ ਦੁਆਰੇ ਜਾਵਾਂ ਵਸ, ਵਸ ਵਸ ਖ਼ੁਸ਼ੀ ਮਨਾਈਆ । ਚਾਰ ਜੁਗ ਨੌਂ ਖੰਡ ਪ੍ਰਿਥਮੀ ਰਹੀ ਨਿਰਾਸ, ਆਸਾ ਪੂਰ ਨਾ ਕੋਇ ਕਰਾਈਆ । ਮੇਰਾ ਸੀਨਾ ਹੋਇਆ ਪਾਸ਼, ਪਾਸ਼ ਚਾਰ ਕੁੰਟ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਘਰ ਮਿਲੇ ਸਚ ਵਡਿਆਈਆ । ਸਾਚਾ ਘਰ ਸਚ ਮਹੱਲਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਵਿਚ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਹੇਠਾਂ ਉਪਰ ਪੁਰਖ ਅਬਿਨਾਸ਼ੀ ਏਕਾ ਖਲਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਧਾਰ ਸ਼ਬਦੀ ਰਲਾ, ਸ਼ਬਦੀ ਨਾਦ ਡੰਕ ਸੁਣਾਇੰਦਾ । ਜਨ ਭਗਤ ਫੜਾਇਆ ਆਪਣਾ ਪੱਲਾ, ਪੱਲਾ ਦੋ ਜਹਾਨ ਫਿਰਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸਾਢੇ ਤਿੰਨ ਹੱਥ ਡੇਰਾ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚਾਰ ਪਹਿਲੋਂ ਘੱਲਾ, ਘੱਲ ਘੱਲ ਆਪਣਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਆਵੇ ਮਹਾਬੀਰ ਨੂਰ ਇਲਾਹੀ ਅੱਲਾ, ਮੁਕਾਮੇ ਹੱਕ ਹੱਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸਮਝਾਇੰਦਾ । ਸਾਚਾ ਦਰ ਇਕ ਮਨਾਰਾ, ਹਰਿ ਜੂ ਹਰਿ ਹਰਿ ਆਪ ਸਮਝਾਈਆ । ਓਥੇ ਬੈਠਾ ਇਕ ਦਾਤਾਰਾ, ਨਿਰਗੁਣ ਬੈਠਾ ਸੇਜ ਸੁਹਾਈਆ । ਭਗਤਾਂ ਬਣਿਆ ਆਪ ਵਣਜਾਰਾ, ਸਾਚਾ ਹੱਟ ਰਿਹਾ ਚਲਾਈਆ । ਲੇਖਾ ਲਿਖੇ ਬਣ ਲਿਖਾਰਾ, ਦੂਸਰ ਓਟ ਨਾ ਕੋਇ ਜਣਾਈਆ । ਸੇਵਾ ਕਰੇ ਰਵਦਾਸ ਚੁਮਾਰਾ, ਚਮਰੇਟਾ ਕਰ ਕਰ ਖ਼ੁਸ਼ੀ ਮਨਾਈਆ । ਵੇਖੇ ਵਿਗਸੇ ਵੇਖਣਹਾਰਾ, ਵੇਖ ਵੇਖ ਆਪਣਾ ਮਾਰਗ ਲਾਈਆ ।


੧੮੦
੧੨

ਸਚ ਸਚ ਦਾ ਸਚ ਮਨਾਰਾ, ਦਰ ਘਰ ਸਾਚੇ ਆਪ ਸੁਹਾਈਆ । ਛੱਤੀ ਛੱਤੀ ਪਾਰ ਕਿਨਾਰਾ, ਬੱਤੀ ਬੱਤੀ ਹਰਿ ਗੁਣ ਗਾਈਆ । ਰੱਤੀ ਰੱਤੀ ਰੱਤ ਦਏ ਸਹਾਰਾ, ਰੱਤੀ ਰੱਤ ਨੀਹਾਂ ਹੇਠ ਦਬਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਆਪ ਪਰਗਟਾਈਆ । ਸੇਵਾ ਲਾਏ ਸੁਤ ਦੁਲਾਰਾ, ਗੋਬਿੰਦ ਸਾਚੀ ਸੇਵ ਸਮਝਾਈਆ । ਬਾਲ ਅੰਞਾਣੇ ਕਰ ਪਿਆਰਾ, ਪਿਆਰ ਪਿਆਰ ਨਾਲ ਬੰਧਾਈਆ । ਤੇਰੀ ਗੋਦ ਦਏ ਹੁਲਾਰਾ, ਧਰਤ ਧਵਲ ਧਵਲ ਸੁਹਾਈਆ । ਉਪਰ ਬਣਾਏ ਸਚ ਮਨਾਰਾ, ਤੇਰਾ ਭਾਰ ਆਪਣੇ ਉਪਰ ਉਠਾਈਆ । ਤੂੰ ਔਣਾ ਚਲ ਦੁਆਰਾ, ਹਰਿ ਜੂ ਹਰਿ ਹਰਿ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰ ਦਏ ਵਖਾਈਆ । ਸਾਚਾ ਦਰ ਵੇਖਣਾ ਆ, ਹਰਿ ਜੂ ਹਰਿ ਹਰਿ ਆਪ ਵਖਾਇੰਦਾ । ਆਦਿ ਜੁਗਾਦਿ ਲੱਖ ਚੁਰਾਸੀ ਜੀਵ ਜੰਤ ਤੂੰ ਬੈਠੀ ਖਾ, ਖਾ ਖਾ ਤੇਰਾ ਅੰਤ ਨਾ ਕੋਇ ਕਰਾਇੰਦਾ । ਪਹਿਲੋਂ ਬਣੇ ਸਭ ਦੀ ਮਾਂ, ਫੇਰ ਸਭ ਦਾ ਨਿਸ਼ਾਨ ਨਿਸ਼ਾਨਾ ਨਜ਼ਰ ਕੋਇ ਰਹਿਣ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਅੰਤਮ ਕਰੇ ਸਚ ਨਿਆਂ, ਨਿਆਂਕਾਰ ਆਪਣਾ ਫੇਰਾ ਪਾਇੰਦਾ । ਗੋਬਿੰਦ ਬਾਲੇ ਨੀਹਾਂ ਹੇਠ ਦਬਾ, ਉਤੇ ਭਗਤ ਦੁਆਰ ਸੁਹਾਇੰਦਾ । ਤੇਰਾ ਲਹਿਣਾ ਮੂਲ ਚੁਕਾ, ਮੂਲ ਆਪਣਾ ਤੇਰੀ ਝੋਲੀ ਪਾਇੰਦਾ । ਕਰੇ ਖੇਲ ਬੇਪਰਵਾਹ, ਨੇਤਰ ਨੈਣਾਂ ਸਰਬ ਵਖਾਇੰਦਾ । ਸੱਤਰ ਬਹੱਤਰ ਬਣੇ ਗਵਾਹ, ਸ਼ਹਾਦਤ ਇਕੋ ਵਾਰ ਰਖਾਇੰਦਾ । ਚੌਥੇ ਜੁਗ ਰਚਿਆ ਸਾਹ, ਸਾਹਿਬ ਆਪਣਾ ਹੁਕਮ ਵਰਤਾਇੰਦਾ । ਸਾਚੇ ਤਖ਼ਤ ਬੈਠ ਹੁਕਮ ਦਿਤਾ ਸੁਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਹਰਿ ਭਗਤ ਸੁਹੇਲੇ ਬਖ਼ਸ਼ੇ ਸਰਬ ਗੁਨਾਹ, ਗੁਣ ਆਪਣਾ ਝੋਲੀ ਪਾਇੰਦਾ । ਕਲਜੁਗ ਅੰਤਮ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਆਵੇ ਜਾਵੇ ਸੁਣਾਵੇ ਸਚ ਸਲਾਹ, ਸਲਾਹ ਵਿਚ ਆਪ ਕਦੇ ਨਾ ਆਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਂ, ਮਾਤ ਪੁੱਤ ਗੁਰਮੁਖ ਰੂਪ ਵਟਾਇੰਦਾ । ਧਰਨੀ ਧਰਤ ਧਵਲ ਤੇਰੀ ਪਕੜ ਬਾਂਹ, ਗੋਬਿੰਦ ਨਾਲ ਰਲਾਇੰਦਾ । ਗੋਬਿੰਦ ਮੰਗੇ ਪੁਰਖ ਅਬਿਨਾਸ਼ੀ ਚਰਨ ਪਨਾਹ, ਹਰਿ ਚਰਨ ਤੇਰੇ ਉਪਰ ਟਿਕਾਇੰਦਾ । ਤੇਰਾ ਦਏ ਬਣਾਇਆ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜਨ ਭਗਤਾਂ ਨਾਵੇਂ ਗਿਆ ਲਾ, ਨਾਵਾਂ ਫੇਰ ਨਾ ਕੋਇ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਝੂਠਾ ਖੇੜਾ ਦੇਵੇ ਢਾਹ, ਢਾਹ ਉਸਾਰ ਆਪਣਾ ਹੁਕਮ ਵਰਤਾਇੰਦਾ । ਧੰਨ ਭਾਗ ਜਨ ਭਗਤਾਂ ਮਿਲ ਮਿਲ ਸੋਹੰ ਢੋਲਾ ਲੈਣਾ ਗਾ, ਥਲ ਅਸਗਾਹ ਤੇਰਾ ਸੰਗ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਨ ਲਏ ਅਪਣਾ, ਅੰਤ ਆਪਣੇ ਵਿਚ ਮਿਲਾਇੰਦਾ ।

### ✳ ੧੪ ਜੇਠ ੨੦੧੯ ਬਿਕਰਮੀ ਬਚਨ ਸਿੰਘ ਦੇ ਗ੍ਰਹਿ ਧਿੰਗਾਲੀ ਜੰਮੂ ✳

ਮਿਲੇ ਦੁਆਰ ਭਗਤਾਂ ਸੰਗ, ਸੰਗ ਇਕੋ ਇਕ ਰਖਾਈਆ । ਜਿਨ੍ਹਾਂ ਚੜ੍ਹਿਆ ਤੇਰਾ ਰੰਗ, ਤਿਨ੍ਹਾਂ ਵੇਖਾਂ ਚਾਈਂ ਚਾਈਂਆ । ਤੇਰੀ ਸੋਹੇ ਸੇਜ ਪਲੰਘ, ਆਸਣ ਸਿੰਘਾਸਣ ਤੇਰੀ ਵਡਿਆਈਆ । ਤੇਰੇ ਗ੍ਰਹਿ ਮਿਲੇ ਅਨੰਦ, ਘਰ ਤੇਰੇ ਖ਼ੁਸ਼ੀ ਮਨਾਈਆ । ਗੁਰਮੁਖ ਤੇਰੇ ਵੇਖਾਂ ਚੰਦ, ਬਿਨ ਚਾਂਦਨੀ ਕਰਨ ਰੁਸ਼ਨਾਈਆ । ਤੂੰ ਸਾਹਿਬ ਟੁੱਟੀ ਦਿਤੀ ਗੰਢ, ਗੰਢ ਆਪਣੇ ਨਾਮ ਪੁਵਾਈਆ । ਬਿਨ ਭਗਤਾਂ ਫਿਰਾਂ ਰੰਡ, ਚਾਰ ਕੁੰਟ ਕੂਕ

ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਮੇਰਾ ਲੇਖਾ ਲੇਖੇ ਪਾਈਆ । ਲੇਖਾ ਲੇਖੇ ਗਿਆ ਲੱਗ, ਮਿਲਿਆ ਹਰੀ ਦੁਆਰ । ਭਗਤ ਪ੍ਰੇਮ ਪਿਆਰ ਗਈ ਬੱਝ, ਆਪ ਆਪਾ ਦਿਤਾ ਵਾਰ । ਦਰ ਦੁਆਰੇ ਬਹਾਂ ਸਜ, ਦੋਏ ਜੋੜ ਜੋੜ ਨਿਮਸਕਾਰ । ਮੇਰੀ ਰੱਖੀ ਪੱਤ ਲੱਜ, ਕਲਜੁਗ ਕਲ ਅੰਤਮ ਵਾਰ । ਦਿਆਲ ਪਰਦਾ ਦਿਤਾ ਕੱਜ, ਕਾਲ ਮਾਰੇ ਨਾ ਅੰਤਮ ਵਾਰ । ਮੈਂ ਨੇਤਰ ਵੇਖਾਂ ਰੱਜ ਰੱਜ, ਤੇਰੇ ਭਗਤਾਂ ਦਰਸ ਦੀਦਾਰ । ਕੋਝੀ ਕਮਲੀ ਨਾ ਕੋਇ ਆਚਾਰ ਚਜ, ਮੂਰਖ ਮੁਗਧ ਲੈਣਾ ਉਭਾਰ । ਨਵ ਨੌਂ ਪਾਰ ਕਰ ਕੇ ਆਈ ਹੱਦ, ਦੂਰ ਦੁਰਾਡਾ ਪੈਂਡਾ ਮਾਰ । ਮੇਰੇ ਬੁੱਢੇ ਹੋਏ ਹੱਡ, ਚਾਰ ਜੁਗ ਕੱਟੀ ਵਗਾਰ । ਤੇਰੇ ਨਾਲੋਂ ਰਹੀ ਅੱਡ, ਮੇਰੇ ਨੈਣ ਹੋਏ ਸ਼ਰਮਸ਼ਾਰ । ਕਰ ਕਿਰਪਾ ਅੰਤਮ ਲਿਆ ਸੱਦ, ਮੇਰੇ ਸਾਹਿਬ ਸੱਚੇ ਸੁਲਤਾਨ । ਮੈਂ ਹੋਈ ਗਦ ਗਦ, ਤੇਰਾ ਵੇਖ ਧੁਰ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਕਰੀਂ ਪਰਵਾਨ । ਹੋਈ ਪਰਵਾਨ ਦਰ ਤੇਰੇ, ਤੇਰੀ ਓਟ ਰਖਾਈਆ । ਮੈਂ ਚਲ ਕੇ ਆਵਾਂ ਭਗਤਾਂ ਡੇਰੇ, ਡੇਰ ਅਵਰ ਨਾ ਕੋਇ ਜਣਾਈਆ । ਤੂੰ ਦਰਸ਼ਨ ਦੇਣਾ ਹੋ ਕੇ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਵਸੇਂ ਸਾਢੇ ਤਿੰਨ ਹੱਥ ਕਾਇਆ ਖੇੜੇ, ਖੇੜਾ ਆਪਣਾ ਆਪ ਬਣਾਈਆ । ਜਨ ਭਗਤਾਂ ਫੜ ਫੜ ਬੰਨ੍ਹੇਂ ਬੇੜੇ, ਬੇੜਾ ਮੇਰਾ ਨਾਲ ਰਲਾਈਆ । ਤੁਧ ਬਿਨ ਪਾਰ ਹਰਿ ਭਗਤ ਵੇਖਾਂ ਕੇਹੜੇ ਕੇਹੜੇ, ਬਿਨ ਤੇਰੀ ਕਿਰਪਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਕੋਟਨ ਕੋਟ ਕੱਟੇ ਗੇੜੇ, ਗੇੜਾ ਪੰਧ ਨਾ ਕੋਇ ਮੁਕਾਈਆ । ਕਲਜੁਗ ਅੰਤਮ ਪਰਗਟ ਹੋਇਆ ਸਿੰਘ ਸ਼ੇਰ ਸ਼ੇਰ ਦਲੇਰੇ, ਦਲੇਰੀ ਆਪਣੀ ਰਿਹਾ ਵਖਾਈਆ । ਜਨ ਭਗਤਾਂ ਕਹੇ ਮੈਂ ਤੇਰਾ ਤੁਸੀਂ ਮੇਰੇ, ਮੇਰੇ ਤੇਰੇ ਵਿਚ ਭੇਵ ਨਾ ਰਾਈਆ । ਮੈਂ ਭੁੱਲੀ ਭਟਕੀ ਆ ਗਈ ਵੇਹੜੇ, ਰੋ ਰੋ ਨੇਤਰ ਦਿਆਂ ਵਹਾਈਆ । ਪੁਰਖ ਅਬਿਨਾਸ਼ੀ ਮੇਟ ਝੇੜੇ, ਝਿੜਕ ਪਿਛਾਂ ਨਾ ਦੇਣਾ ਹਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਹੇ ਮੇਰੇ ਭਗਤਾਂ ਵਸਣਾ ਆ ਕੇ ਖੇੜੇ, ਤੇਰਾ ਖੇੜਾ ਦੇਣ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਗਤ ਮਿਤ ਗੁਰਮੁਖਾਂ ਹੱਥ ਰਖਾਈਆ ।


੧੮੨ ੧੨

### ✳ ੧੪ ਜੇਠ ੨੦੧੯ ਬਿਕਰਮੀ ਇੰਦਰ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ✳

ਸਚਖੰਡ ਸੱਚਾ ਦਰਬਾਰਾ, ਲੋਕਮਾਤ ਮਿਲੀ ਵਡਿਆਈਆ । ਧਰਨੀ ਧਰਤ ਧਵਲ ਸਹਾਰਾ, ਚਰਨ ਸਰਨ ਸੱਚੀ ਸਰਨਾਈਆ । ਸੋ ਪੁਰਖ ਨਿਰੰਜਣ ਕਰਿਆ ਖੇਲ ਨਿਆਰਾ, ਨਿਰਗੁਣ ਆਪਣੀ ਧਾਰ ਚਲਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜਾ, ਸਚ ਮਹੱਲਾ ਦਏ ਸੁਹਾਈਆ । ਏਕੰਕਾਰਾ ਕਰ ਪਸਾਰਾ, ਦਰ ਘਰ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਨਿਰਗੁਣ ਜੋਤ ਨੂਰ ਕਰ ਉਜਿਆਰਾ, ਦੀਆ ਬਾਤੀ ਡਗਮਗਾਈਆ । ਪੁਰਖ ਅਬਿਨਾਸ਼ੀ ਵੇਖੇ ਠਾਂਡਾ ਦਰਬਾਰਾ, ਅਲੱਖ ਨਿਰੰਜਣ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਪਾਵੇ ਸਾਰਾ, ਮਹਾਸਾਰਥੀ ਫੇਰਾ ਪਾਈਆ । ਪਾਰਬ੍ਰਹਮ ਲਾਇਆ ਅਖਾੜਾ, ਆਪ ਆਪਣੀ ਰਚਨ ਰਚਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪ ਸੁਹਾਈਆ । ਸਚ ਦੁਆਰ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਸੁਹਾਇੰਦਾ । ਲੋਕਮਾਤ

ਕਰ ਪਰਵਾਨ, ਨਾਮ ਨਿਸ਼ਾਨਾ ਇਕ ਵਖਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਇੰਦਾ । ਖੇਲੇ ਖੇਲ ਨੌਜਵਾਨ, ਨਵ ਨੌਂ ਪੰਧ ਮੁਕਾਇੰਦਾ । ਚਾਰ ਚਾਰ ਕਰ ਪਰਵਾਨ, ਚੌਥੇ ਜੁਗ ਵੇਸ ਵਟਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਨਰ ਨਰਾਇਣ ਨਾਉਂ ਧਰਾਇੰਦਾ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨ, ਸਚ ਸੰਦੇਸ਼ਾ ਇਕ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ, ਆਪ ਸੁਹਾਇੰਦਾ । ਸਚ ਦੁਆਰਾ ਸੋਭਾਵੰਤ, ਸਤਿ ਸਤਿਵਾਦੀ ਆਪ ਸੁਹਾਈਆ । ਲੋਕਮਾਤ ਬਣਾਈ ਬਣਤ, ਘੜਨ ਭੰਨਣਹਾਰ ਵਡ ਵਡਿਆਈਆ । ਆਦਿ ਜੁਗਾਦੀ ਮਹਿਮਾ ਅਗਣਤ, ਜੁਗ ਜੁਗ ਲੇਖ ਨਾ ਕੋਇ ਸਮਝਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਦੁਆਰਾ ਲੋਕਮਾਤ ਆਪ ਪਰਗਟਾਈਆ । ਲੋਕਮਾਤ ਸਚਖੰਡ, ਸਚਖੰਡ ਨਿਵਾਸੀ ਆਪ ਬਣਾਇੰਦਾ । ਵੇਖਣਹਾਰ ਕੋਟ ਬ੍ਰਹਿਮੰਡ, ਬ੍ਰਹਿਮਾਂਡ ਆਪਣਾ ਪਰਦਾ ਲਾਹਿੰਦਾ । ਗੀਤ ਗੋਬਿੰਦ ਗਾਏ ਛੰਦ, ਢੋਲਾ ਸੋਹਲਾ ਆਪ ਪਰਗਟਾਇੰਦਾ । ਆਦਿ ਜੁਗਾਦੀ ਇਕ ਅਨੰਦ, ਅਨੰਦ ਮੰਗਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਸੋਹੇ ਹਰਿ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਖੋਲ੍ਹਿਆ ਸਰਗੁਣ ਦਰ, ਦਰ ਦਰਵਾਜ਼ਾ ਦਏ ਜਣਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੇ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਨਿਰਭੌ ਭੈ ਵਖਾਏ ਸਰਬ ਡਰ, ਭਿਆਨਕ ਆਪਣਾ ਰੂਪ ਵਟਾਈਆ । ਮਹੱਲ ਅਟੱਲ ਉਚ ਮਨਾਰੇ ਆਪੇ ਖੜ, ਖੜਗ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦਏ ਵਡਿਆਈਆ । ਸਚਖੰਡ ਦੁਆਰਾ ਹਰਿ ਨਿਰੰਕਾਰ, ਪੁਰਖ ਅਕਾਲ ਆਪ ਵਡਿਆਇੰਦਾ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਨਵ ਨੌਂ ਚਾਰ ਜਾਣੇ ਵਿਹਾਰ, ਪੂਰਬ ਲੇਖਾ ਸਰਬ ਮੁਕਾਇੰਦਾ । ਚਤੁਰਭੁਜ ਖ਼ਬਰਦਾਰ, ਬਲ ਆਪਣਾ ਆਪ ਵਖਾਇੰਦਾ । ਆਦਿ ਸ਼ਕਤ ਨੂਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਨਿਰਗੁਣ ਰੂਪ ਰਾਮ ਪਸਾਰ, ਰਮੱਯਾ ਆਪਣੀ ਖੇਲ ਕਰਾਇੰਦਾ । ਸਚ ਸੰਦੇਸ਼ਾ ਦੇਵੇ ਏਕਾ ਵਾਰ, ਸ਼ਬਦ ਸੁਨੇਹੁੜਾ ਆਪ ਘਲਾਇੰਦਾ । ਵਿਸ਼ਨੂੰ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਪਰਦਾ ਲਾਹਿੰਦਾ । ਬ੍ਰਹਮੇ ਵੇਖ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਸ਼ੰਕਰ ਦੇਵੇ ਇਕ ਗਿਆਨ, ਸ਼ਰਅ ਆਪਣੀ ਆਪ ਸਮਝਾਇੰਦਾ । ਤ੍ਰੈਗੁਣ ਮਾਇਆ ਕਰ ਪਰਵਾਨ, ਸਤਿ ਪਰਵਾਨਾ ਹੱਥ ਫੜਾਇੰਦਾ । ਪੰਜ ਤਤ ਬਾਲ ਅਞਾਣ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਇੰਦਾ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਇੰਦਾ । ਜਾਨਣਹਾਰਾ ਸਰਬ ਗਿਆਨ, ਗਿਆਨ ਆਪਣੇ ਵਿਚ ਛੁਪਾਇੰਦਾ । ਰਾਗ ਅਨਾਦੀ ਬੋਲ ਬੇਜ਼ਬਾਨ, ਤਾਰ ਸਤਾਰ ਆਪ ਹਿਲਾਇੰਦਾ । ਸ਼ਾਸਤਰ ਸਿਮਰਤ ਜਾਣੇ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਏਕਾ ਏਕ, ਆਦਿ ਪੁਰਖ ਆਪ ਜਣਾਈਆ । ਬ੍ਰਹਮੇ ਮਤ ਬਖ਼ਸ਼ੇ ਟੇਕ, ਚਰਨ ਕਵਲ ਸੱਚੀ ਸਰਨਾਈਆ । ਆਤਮ ਬ੍ਰਹਮ ਸਰਬ ਦਾ ਲੇਖ, ਲੇਖਾ ਲੇਖੇ ਲਏ ਲਗਾਈਆ । ਈਸ਼ ਜੀਵ ਬਦਲੇ ਭੇਖ, ਵੇਸ ਵੇਸ ਵੇਸ ਵਟਾਈਆ । ਆਤਮ ਪਰਮਾਤਮ ਜਾਣੇ ਦੇਸ, ਦੇਸ ਦਸੰਤਰ ਇਕ ਸਮਝਾਈਆ । ਸਰਬ ਜੀਆਂ ਦਾ

ਨਰ ਨਰੇਸ਼, ਨਰ ਨਰਾਇਣ ਹਰਿ ਅਖਵਾਈਆ । ਰੂਪ ਰੰਗ ਨਾ ਕੋਇ ਰੇਖ, ਮੁੱਛ ਦਾੜ੍ਹੀ ਨਾ ਕੋਇ ਪਰਗਟਾਈਆ । ਸਦਾ ਸੁਹੇਲਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਲੇਖਾ ਜਾਣੇ ਗਣਪਤ ਗਣੇਸ਼, ਗਹਿਰ ਗੰਭੀਰ ਸੱਚਾ ਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਏਕ ਜਣਾਈਆ । ਸਚ ਸੰਦੇਸ਼ਾ ਲੈਣਾ ਜਾਣ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਲੋਕਮਾਤ ਖੇਲ ਕਰਾਇੰਦਾ । ਬ੍ਰਹਮੇ ਸੁਤ ਵੇਖੇ ਬਾਲ ਅੰਞਾਣ, ਸਨਕ ਸਨੰਦਨ ਸਨਾਤਨ ਸੰਤ ਕੁਮਾਰ ਆਪਣੀ ਗੋਦ ਬਹਾਇੰਦਾ । ਬਰਾਹ ਦੇਵੇ ਇਕੋ ਦਾਨ, ਯਗੈ ਪੁਰਸ਼ ਰੰਗ ਰੰਗਾਇੰਦਾ । ਹਾਵ ਗ਼ਰੀਵ ਕਰੇ ਪਛਾਣ, ਨਰ ਨਰਾਇਣ ਭੇਵ ਖੁਲਾਇੰਦਾ । ਦਤਾ ਤ੍ਰੈ ਕਰ ਪਰਵਾਨ, ਕਪਲਮੁਨ ਮੁਖ ਸਾਲਾਹਿੰਦਾ । ਰਿਖਪ ਦੇਵ ਕਰ ਪਰਧਾਨ, ਪਿਰਥੁ ਏਕਾ ਰੰਗ ਰੰਗਾਇੰਦਾ । ਮਤਸ ਚਰਨ ਕਵਲ ਕਰ ਪਰਵਾਨ, ਕਛਪ ਏਕਾ ਵੰਡ ਵੰਡਾਇੰਦਾ । ਧਨੰਤਰ ਜਣਾਏ ਵਡ ਵਿਦਵਾਨ, ਮੋਹਣੀ ਆਪਣਾ ਖੇਲ ਕਰਾਇੰਦਾ । ਹੰਸਾ ਰੂਪ ਨੌਜਵਾਨ, ਬਾਵਨ ਆਪਣਾ ਬਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਜਣਾਇੰਦਾ । ਸਚ ਸੁਨੇਹੁੜਾ ਸਿੰਘ ਨਰ, ਨਰ ਨਰਾਇਣ ਆਪ ਜਣਾਈਆ । ਲੇਖਾ ਜਾਣੇ ਹਰੀ ਹਰਿ, ਹਰਿ ਵੱਡਾ ਬੇਪਰਵਾਹੀਆ । ਆਦਿ ਜੁਗਾਦੀ ਵੇਸ ਧਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲੇ ਆਪੇ ਚੜ੍ਹ, ਜੁਗ ਵਿਛੜੇ ਵੇਖੇ ਚਾਈਂ ਚਾਈਂਆ । ਵੇਖਣਹਾਰਾ ਏਕੰਕਾਰ, ਅਕਲ ਕਲ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਕਰ ਪਿਆਰ, ਦ੍ਰਿਸ਼ਟ ਆਪਣੀ ਇਕ ਜਣਾਇੰਦਾ । ਅਲੱਖ ਅਗੰਮ ਅਗੋਚਰ ਬੇਪਰਵਾਹ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਖੇਲ ਕਰੇ ਅਪਰ ਅਪਾਰ, ਅਪਰੰਪਰ ਭੇਵ ਕੋਇ ਨਾ ਪਾਇੰਦਾ । ਪਰਸ ਰਾਮ ਦੇ ਆਧਾਰ, ਰਾਮ ਰਮੱਯਾ ਰੰਗ ਰੰਗਾਇੰਦਾ । ਜਨਕ ਸਪੁੱਤਰੀ ਕੰਤ ਭਤਾਰ, ਨਾਤਾ ਜੋੜ ਬੰਧਨ ਪਾਇੰਦਾ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਬੋਧ ਦ੍ਰਿੜਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਅਪਾਰ, ਜਗਤ ਜਗਦੀਸ਼ ਸੀਸ ਤਾਜ ਸੁਹਾਇੰਦਾ । ਮੁਕੰਦ ਮਨੋਹਰ ਲਖ਼ਮੀ ਨਰਾਇਣ ਕਰੇ ਖੇਲ ਅਪਰ ਅਪਾਰ, ਮੁਕਟ ਬੈਣ ਨਜ਼ਰ ਕਿਸੇ ਨਾ ਆਇੰਦਾ । ਏਕਾ ਭਗਤ ਕਰ ਪਰਵਾਨ, ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਅਠਾਰਾਂ ਧਿਆਏ ਗੀਤਾ ਆਪ ਸੁਣਾਇੰਦਾ । ਅੰਤਮ ਮੇਟ ਜਗਤ ਨਿਸ਼ਾਨ, ਕਰੇ ਖੇਲ ਸ੍ਰੀ ਭਗਵਾਨ, ਰੂਪ ਅਨੂਪ ਆਪ ਰਖਾਇੰਦਾ । ਈਸਾ ਮੂਸਾ ਸੰਗ ਮੁਹੰਮਦ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨੂਰੀ ਨੂਰ ਪਿਆਏ ਜਾਮ, ਆਬਹਯਾਤ ਮੁਖ ਛੁਹਾਇੰਦਾ । ਕਾਇਆ ਕਾਅਬਾ ਕੂਰਾ ਕਰ ਤਿਆਰ, ਜ਼ਰਾ ਜ਼ਰਾ ਰੂਪ ਦਰਸਾਇੰਦਾ । ਕਾਇਨਾਤ ਕਰੇ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਜਣਾਇੰਦਾ । ਸਚ ਸੰਦੇਸ਼ਾ ਲੈਣਾ ਸੁਣ, ਹਰਿ ਜੂ ਹਰਿ ਹਰਿ ਆਪ ਜਣਾਈਆ । ਨਿਰਗੁਣ ਸਰਗੁਣ ਸਮਝਾਏ ਸਾਚਾ ਗੁਣ, ਭੇਵ ਅਭੇਦ ਆਪ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਚੁਣ, ਬ੍ਰਹਮ ਪਾਰਬ੍ਰਹਮ ਆਪ ਜਣਾਈਆ । ਏਕਾ ਰਾਗ ਉਪਜਾਏ ਧੁਨ, ਆਤਮਕ ਧੁਨ ਨਾਦ ਵਜਾਈਆ । ਖੇਲ੍ਹਣਹਾਰਾ ਸਾਚੀ ਸੁਨ, ਸੁਨ ਸਮਾਧ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਈਆ । ਧੁਰ ਫ਼ਰਮਾਣਾ ਨਿਰਗੁਣ ਧਾਰ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਪੰਜ ਤਤ ਕਰ ਪਿਆਰ, ਤਤਵ ਏਕਾ ਰੰਗ ਰੰਗਾਇੰਦਾ । ਬ੍ਰਹਮ ਮਤ ਦੇ ਆਧਾਰ, ਪਾਰਬ੍ਰਹਮ ਖੇਲ ਖਲਾਇੰਦਾ ।

ਕਮਲਾਪਤ ਮੀਤ ਮੁਰਾਰ, ਕਵਲ ਨੈਣ ਨੈਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸਮਝਾਇੰਦਾ । ਸਚ ਸੁਨੇਹੁੜਾ ਸਾਚਾ ਗੀਤ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਬ੍ਰਹਮ ਕਰੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਆਤਮ ਪਰਮਾਤਮ ਰੱਖੇ ਠਾਂਡੀ ਸੀਤ, ਸਾਂਤਕ ਸਤਿ ਸਤਿ ਕਰਾਈਆ । ਜੁਗਾ ਜੁਗੰਤਰ ਚਲਾਏ ਸਾਚੀ ਰੀਤ, ਗੁਰ ਅਵਤਾਰ ਸੇਵਾ ਲਾਈਆ । ਵੇਖਣਹਾਰਾ ਹਸਤ ਕੀਟ, ਊਚ ਨੀਚ ਰਾਉ ਰੰਕ ਰਾਜ ਰਾਜਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਵਖਾਈਆ । ਸਚ ਸੰਦੇਸ਼ਾ ਏਕੋ ਏਕ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਦਿ ਪੁਰਖ ਸਾਚੀ ਟੇਕ, ਦੂਸਰ ਓਟ ਨਾ ਕੋਇ ਰਖਾਇੰਦਾ । ਸਚਖੰਡ ਨਿਵਾਸੀ ਹਰ ਘਟ ਰਿਹਾ ਵੇਖ, ਲੱਖ ਚੁਰਾਸੀ ਡੇਰਾ ਲਾਇੰਦਾ । ਨਿਰਗੁਣ ਸਰਗੁਣ ਕਰ ਬਬੇਕ, ਵਵੇਕੀ ਆਪਣੀ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਗੁਰ ਗੁਰ ਮੀਤ, ਮਿੱਤਰ ਪਿਆਰਾ ਇਕ ਜਣਾਈਆ । ਤ੍ਰੈਭਵਨ ਧਨੀ ਬੈਠਾ ਆਪ ਅਤੀਤ, ਤ੍ਰੈਕਾਲ ਦਰਸੀ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗਾਵੇ ਸਾਚਾ ਗੀਤ, ਗੀਤ ਆਪਣਾ ਨਾਉਂ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਨਿਰਗੁਣ ਨਿਰਗੁਣ ਫੜਾਏ ਪੱਲਾ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਧੁਰ ਸੰਦੇਸ਼ਾ ਏਕਾ ਘੱਲਾ, ਨਾਨਕ ਅੱਖਰ ਆਪ ਪੜ੍ਹਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਗੁਰ ਗੁਰ ਰੰਗ, ਰੰਗ ਰੰਗੀਲਾ ਆਪ ਸਮਝਾਈਆ । ਆਤਮ ਪਰਮਾਤਮ ਸਚ ਪਲੰਘ, ਸਤਿ ਸਤਿਵਾਦੀ ਆਪ ਹੰਢਾਈਆ । ਅੱਠੇ ਪਹਿਰ ਵੱਜੇ ਮਰਦੰਗ, ਦਿਵਸ ਰੈਣ ਨਾਦ ਅਲਾਈਆ । ਕਾਇਆ ਮੰਦਰ ਅੰਦਰ ਜਮਨਾ ਸੁਰਸਤੀ ਵਗੇ ਧਾਰ ਗੰਗ, ਗੋਦਾਵਰੀ ਆਪਣਾ ਰੰਗ ਵਖਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕਾ ਜੋਤੀ ਨੂਰੀ ਚੰਦ, ਨੂਰ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਗੁਜ਼ਰੀ ਚੰਦ, ਬੰਦੀਖ਼ਾਨਾ ਦਏ ਸਮਝਾਈਆ । ਰੂਪ ਵਟਾਏ ਆਪੇ ਸਿੰਘ, ਸਿੰਘ ਆਪਣੀ ਧਾਰ ਬਣਾਈਆ । ਦਾਤਾ ਦਾਨੀ ਵਡ ਮਰਗਿੰਦ, ਗਹਿਰ ਗੰਭੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਸਾਚਾ ਢੋਲਾ ਏਕਾ ਸੋਹਲਾ ਸੋ ਪੁਰਖ ਨਿਰੰਜਣ ਆਪੇ ਗਾਈਆ । ਸੋਹਲਾ ਗਾਇਆ ਹਰਿ ਗੋਬਿੰਦ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਮੇਟੇ ਚਿੰਦ, ਨਿਤ ਨਿਤ ਵੇਸ ਵਟਾਇੰਦਾ । ਠਾਕਰ ਸਵਾਮੀ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਭਗਤ ਭਗਵੰਤ ਬਣਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਚਿੰਤਾ ਰੋਗ ਨਾ ਕੋਇ ਵਖਾਇੰਦਾ । ਲੇਖਾ ਜਾਣੇ ਜੀਉ ਪਿੰਡ, ਇੰਡ ਬ੍ਰਹਿਮੰਡ ਆਪਣੀ ਖੋਜ ਖੁਜਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਨੀਰ ਸੀਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਹਰਿ, ਹਰਿ ਜੂ ਦਇਆ ਆਪ ਕਮਾਈਆ ।

ਨੌਂ ਸੌ ਚੁਰਾਨਵੇਂ ਚੌਕੜੀ ਦੇਂਦਾ ਰਿਹਾ ਵਰ, ਗੁਰ ਅਵਤਾਰ ਆਪ ਸਮਝਾਈਆ । ਪੀਰ ਪੈਗ਼ੰਬਰ ਦੇ ਦੇ ਡਰ, ਨੌਬਤ ਏਕਾ ਨਾਮ ਵਜਾਈਆ । ਦਸਤਗੀਰ ਅੰਤ ਲਏ ਫੜ, ਬਦਸਤ ਵੇਖ ਵਖਾਈਆ । ਦੋ ਜਹਾਨਾਂ ਵੇਸ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਰਿਹਾ ਸੁਣਾਈਆ । ਚਾਰ ਜੁਗ ਅੰਤ ਸੰਦੇਸ਼ਾ, ਹਰਿ ਜੂ ਹਰਿ ਹਰਿ ਆਪ ਜਣਾਇਆ । ਪੁਰਖ ਅਬਿਨਾਸ਼ੀ ਘਟ ਘਟ ਵੇਸਾ, ਲੱਖ ਚੁਰਾਸੀ ਡੇਰਾ ਲਾਇਆ । ਬਿਨ ਹਰਿ ਭਗਤ ਨੇਤਰ ਕਿਸੇ ਨਾ ਪੇਖਾ, ਲੱਖ ਚੁਰਾਸੀ ਰੋ ਰੋ ਨੈਣਾਂ ਨੀਰ ਵਹਾਇਆ । ਕਬੀਰ ਜੁਲਾਹਾ ਦਏ ਆਦੇਸਾ, ਸਯਦਾ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਇਆ । ਆਪਣਾ ਲੇਖਾ ਦੇਵੇ ਦੱਸ, ਚਾਰ ਜੁਗ ਵਡੀ ਵਡਿਆਈਆ । ਪੁਰਖ ਅਬਿਨਾਸ਼ੀ ਹੋਏ ਭਗਤਾਂ ਵਸ, ਦੂਸਰ ਸੰਗ ਨਾ ਕੋਇ ਰਖਾਈਆ । ਸਚਖੰਡ ਦੁਆਰਿਉਂ ਆਏ ਨੱਸ, ਧਰੂ ਪ੍ਰਹਿਲਾਦ ਲਏ ਤਰਾਈਆ । ਨਾਮੇ ਛੱਪਰੀ ਲਈ ਛੱਤ, ਬਣ ਬਾਢੀ ਸੇਵ ਕਮਾਈਆ । ਧੰਨਾ ਸੱਥਰ ਬੈਠਾ ਘੱਤ, ਸੀਸ ਜਗਦੀਸ਼ ਰਿਹਾ ਝੁਕਾਈਆ । ਕਰੇ ਖੇਲ ਪੁਰਖ ਸਮਰਥ, ਜੁਗ ਚੌਕੜੀ ਫੇਰਾ ਪਾਈਆ । ਦੋ ਜਹਾਨਾਂ ਵੇਖੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਲੇਖਾ ਜਾਣੇ ਤਤ ਅੱਠ, ਨੌਂ ਦੁਆਰ ਖੋਜ ਖੁਜਾਈਆ । ਦਸਵੇਂ ਦੇਵੇ ਸਾਚਾ ਰਸ, ਰਸ ਰਸੀਆ ਰਸ ਚਖਾਈਆ । ਹਰਿਜਨ ਮੇਲਾ ਹੱਸ ਹੱਸ, ਹੰਸ ਮੁਖ ਸੋਹੰ ਸਾਚੀ ਚੋਗ ਚੁਗਾਈਆ । ਚਾਰ ਜੁਗ ਗੁਰ ਅਵਤਾਰਾਂ ਕੋਲੋਂ ਗਵੌਂਦਾ ਰਿਹਾ ਆਪਣਾ ਜਸ, ਧੁਰ ਫ਼ਰਮਾਣਾ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਏਕਾ ਵਾਰ ਅਲਾਈਆ । ਸਚ ਸੰਦੇਸ਼ਾ ਦਿਤਾ ਘੱਲ, ਹਰਿ ਜੂ ਆਪਣੀ ਦਇਆ ਕਮਾਈਆ । ਚਾਰ ਜੁਗ ਜੋ ਕਰਦਾ ਰਿਹਾ ਵਲ ਛਲ, ਅਛਲ ਛਲ ਧਾਰੀ ਭੇਸ ਵਟਾਈਆ । ਜਨ ਭਗਤਾਂ ਅੰਦਰ ਗਿਆ ਰਲ, ਦਿਸ ਕਿਸੇ ਨਾ ਆਈਆ । ਸਤਿ ਸਤਿਵਾਦੀ ਬੂਟਾ ਲਾਏ ਫਲ, ਫਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਭੇਵ ਖੋਲ੍ਹੇ ਹਰਿ ਨਿਰੰਕਾਰ, ਆਪਣਾ ਪਰਦਾ ਆਪ ਉਠਾਇੰਦਾ । ਉਠੋ ਵੇਖੋ ਪਾਓ ਸਾਰ, ਹਰਿ ਜੂ ਕੀ ਕੀ ਖੇਲ ਰਚਾਇੰਦਾ । ਜਿਸ ਨੂੰ ਗੌਂਦੇ ਰਹੇ ਜੁਗ ਚਾਰ, ਰਸਨਾ ਜਿਹਵਾ ਸੇਵ ਕਮਾਇੰਦਾ । ਜਿਸ ਨੂੰ ਕਹਿ ਕਹਿ ਗਏ ਬੇਅੰਤ ਬੇਅੰਤ ਬੇਪਰਵਾਹ ਪਰਵਰਦਿਗਾਰ, ਅੰਤ ਕਦੇ ਨਾ ਆਇੰਦਾ । ਜਿਸ ਦੇ ਪਿਛੇ ਮੰਦਰ ਮਸਜਿਦ ਮੱਠ ਗੁਰੂਦੁਆਰ ਕੀਤੇ ਤਿਆਰ, ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਸੰਗ ਨਿਭਾਇੰਦਾ । ਸੋ ਪੁਰਖ ਨਿਰੰਜਣ ਖੇਲ ਕਰੇ ਅਪਰ ਅਪਾਰ, ਨਿਰਗੁਣ ਜੋਤ ਨੂਰ ਉਜਿਆਰ, ਸ਼ਬਦੀ ਡੰਕਾ ਵਿਚ ਸੰਸਾਰ, ਦੋ ਜਹਾਨਾਂ ਆਪ ਸੁਣਾਇੰਦਾ । ਪੁਰੀ ਲੋਅ ਹੋਏ ਬੇਜ਼ਾਰ, ਬ੍ਰਹਿਮੰਡ ਖੰਡ ਵੇਖਣ ਚਾਰੋਂ ਕੁੰਟ ਨੈਣ ਉਠਾਲ, ਨੇਤਰ ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸੁਣ ਫ਼ਰਮਾਣਾ, ਹਰਿ ਜੂ ਹਰਿ ਹਰਿ ਰਿਹਾ ਜਣਾਈਆ । ਨਿਰਗੁਣ ਬਣਿਆ ਸਾਚਾ ਰਾਣਾ, ਸਰਗੁਣ ਨਜ਼ਰ ਕਿਸੇ ਨਾ ਆਈਆ । ਲੋਕਮਾਤ ਹੋਇਆ ਪਰਧਾਨਾ, ਜਗਤ ਪਰਧਾਨਗੀ ਰਿਹਾ ਕਮਾਈਆ । ਜਨ ਭਗਤਾਂ ਬੰਨ੍ਹੇ ਇਕੋ ਗਾਨਾ, ਤੰਦ ਨਜ਼ਰ ਕਿਸੇ ਨਾ ਆਈਆ । ਆਪੇ ਬਣਿਆ ਬੇਪਹਿਚਾਨਾ, ਚਾਰੋਂ ਕੁੰਟ ਫਿਰੇ ਵਾਹੋ ਦਾਹੀਆ । ਕਰੇ ਖੇਲ ਮਰਦ ਮਰਦਾਨਾ,


੧੯੬
੧੨

ਵਡ ਮਰਦਾਨਗੀ ਆਪ ਕਮਾਈਆ । ਲੇਖਾ ਜਾਣੇ ਗੋਪੀ ਕਾਹਨਾ, ਮੰਡਲ ਰਾਸ ਆਪ ਰਚਾਈਆ । ਰਾਮ ਸੀਤਾ ਸੀਤਾ ਰਾਮ ਹੋ ਪਰਧਾਨਾ, ਪਰਮ ਪੁਰਖ ਆਪਣਾ ਖੇਲ ਖਲਾਈਆ । ਚਤੁਰਭੁਜ ਨੌਜਵਾਨਾ, ਨਵ ਨਿਧ ਆਪਣੀ ਧਾਰ ਵਖਾਈਆ । ਕਲਜੁਗ ਅੰਤਮ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਘਲਾਈਆ । ਸਚ ਸੰਦੇਸ਼ਾ ਹਰਿ ਭਗਵਾਨ, ਏਕਾ ਏਕ ਜਣਾਇਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਪਰਗਟਾਇਆ । ਕਿਰਪਾ ਕਰ ਸ੍ਰੀ ਭਗਵਾਨ, ਸਤਿ ਸਤਿਵਾਦੀ ਰੰਗ ਚੜ੍ਹਾਇਆ । ਸਾਚੇ ਭਗਤਾਂ ਦਿਤਾ ਦਾਨ, ਦਾਨੀ ਬਣ ਕੇ ਹਰਿ ਜੂ ਆਇਆ । ਪੂਰਬ ਲੇਖਾ ਚੁਕਿਆ ਆਣ, ਅੱਗੇ ਆਪਣੀ ਗੋਦ ਸੁਹਾਇਆ । ਏਥੇ ਓਥੇ ਦੇਵੇ ਮਾਣ, ਦਰਗਹਿ ਸਾਚੀ ਮੇਲ ਮਿਲਾਇਆ । ਰਾਏ ਧਰਮ ਚੁਕੀ ਕਾਣ, ਚਿਤਰ ਗੁਪਤ ਲੇਖ ਮੁਕਾਇਆ । ਲਾੜ੍ਹੀ ਮੌਤ ਨਾ ਕਰੇ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇਆ । ਆਪਣਾ ਖੇਲ ਕਰੇ ਕਰਤਾਰ, ਖੇਲਣਹਾਰ ਆਪ ਹੋ ਆਈਆ । ਜੁਗ ਜਨਮ ਦੇ ਵਿਛੜੇ ਯਾਰ, ਅੰਤਮ ਮੇਲੇ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਵਾਰੋ ਵਾਰ, ਨੇਤਰ ਨੈਣ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਬਰਖ਼ੇ ਫੂਲਣ ਧਾਰ, ਅੰਮ੍ਰਿਤ ਮੇਘ ਮੇਘ ਛਹਿਬਰ ਲਾਈਆ । ਸਾਚੀ ਸਖੀਆਂ ਮੰਗਲ ਚਾਰ, ਗੀਤ ਗੋਬਿੰਦ ਗੋਬਿੰਦ ਅਲਾਈਆ । ਵਾਹਵਾ ਵੱਜਦੀ ਰਹੇ ਸਤਾਰ, ਸਤਿ ਸਤਿਵਾਦੀ ਆਪ ਵਜਾਈਆ । ਸੰਤ ਸੁਹੇਲੇ ਲਏ ਉਠਾਲ, ਉਠ ਉਠ ਆਪਣੀ ਸੇਵ ਕਮਾਈਆ । ਨਾਤਾ ਤੋੜ ਸ਼ਾਹ ਕੰਗਾਲ, ਛੱਤਰੀ ਬ੍ਰਹਿਮਣ ਸ਼ੂਦਰ ਵੈਸ਼, ਏਕਾ ਗੰਢ ਪੁਵਾਈਆ । ਰਾਤੀਂ ਸੁਤਿਆਂ ਚਲੇ ਨਾਲ ਨਾਲ, ਸੁਫ਼ਨ ਸਖੋਪਤ ਜਾਗਰਤ
੧੯੭ ਤੁਰੀਆ ਆਪਣੀ ਸੇਵ ਕਮਾਈਆ । ਗੁਰਮੁਖਾਂ ਪਿਛੇ ਫਿਰੇ ਆਪੇ ਬੇਹਾਲ, ਬੇਹਬਲ ਹੋ ਹੋ ਰਿਹਾ ਕੁਰਲਾਈਆ । ਬਿਨ ਭਗਤਾਂ ਹੱਲ ਨਾ ਕਰੇ ਕੋਈ ਸਵਾਲ, ਹਰਿ ਜੂ ਪੱਟੀ ਆਪਣੀ ਰਿਹਾ ਵਖਾਈਆ । ਨੌਂ ਖੰਡ ਪ੍ਰਿਥਮੀ ਵਿਚੋਂ ਭਾਲ, ਗੁਰਸਿਖ ਗੁਰ ਗੁਰ ਲਏ ਜਗਾਈਆ । ਨਿਰਗੁਣ
੧੨
ਸਰਗੁਣ ਬਣ ਦਲਾਲ, ਭਗਤ ਦਲਾਲੀ ਆਪ ਕਮਾਈਆ । ਵੇਖਣਹਾਰਾ ਹੱਕ ਹਲਾਲ, ਹਕ਼ੀਕ਼ਤ ਆਪਣੀ ਦਏ ਸਮਝਾਈਆ । ਕਰਿਆ ਖੇਲ ਬੇਮਿਸਾਲ, ਮਿਸਲ ਭਗਤਾਂ ਲਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਦੇਵੇ ਏਕਾ ਵਰ, ਆਪ ਆਪਣੀ ਬੂਝ ਬੁਝਾਈਆ । ਆਪਣੀ ਬੂਝ ਦੇਵੇ ਗਿਆਨ, ਗਿਆਨ ਗਿਆਨ ਨਾਲ ਮਿਲਾਇੰਦਾ । ਆਤਮ ਅੰਤਰ ਇਕ ਧਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਸੁਰਤੀ ਸ਼ਬਦੀ ਦੇਵੇ ਮਾਣ, ਸ਼ਬਦ ਸੁਰਤ ਸੰਗ ਰਖਾਇੰਦਾ । ਏਕਾ ਰਾਗ ਸੁਣਾਏ ਕਾਨ, ਰਾਗੀ ਰਾਗ ਆਪ ਅਲਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਆਬਹਯਾਤ ਆਪ ਪਿਆਇੰਦਾ । ਏਕਾ ਮੰਦਰ ਵਖਾਏ ਮਕਾਨ, ਕਾਇਆ ਕਾਅਬਾ ਆਪ ਖੁਲ੍ਹਾਇੰਦਾ । ਏਕਾ ਭਗਤ ਇਕ ਭਗਵਾਨ, ਏਕਾ ਇਸ਼ਟ ਦੇਵ ਮਨਾਇੰਦਾ । ਏਕਾ ਨੂਰ ਜੋਤ ਮਹਾਨ, ਏਕਾ ਸਚਖੰਡ ਡੇਰਾ ਲਾਇੰਦਾ । ਏਕਾ ਜੁਗ ਜੁਗ ਵੇਖੇ ਆਣ, ਰਾਮਾ ਕ੍ਰਿਸ਼ਨਾ ਰੂਪ ਵਟਾਇੰਦਾ । ਏਕਾ ਨਾਨਕ ਗੋਬਿੰਦ ਕਰ ਪਰਨਾਮ, ਏਕਾ ਮੰਤਰ ਸਤਿ ਸਤਿ ਦ੍ਰਿੜਾਇੰਦਾ । ਏਕਾ ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਸ਼ਰਅ ਸ਼ਰੀਅਤ ਇਕ ਸਮਝਾਇੰਦਾ । ਏਕਾ ਅੰਤਮ ਸਭ ਤੇ ਲਾਏ ਆਪ ਇਲਜ਼ਾਮ, ਬਰੀ ਕੋਇ ਰਹਿਣ ਨਾ ਪਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪ ਸੁਣਾਏ ਆਪਣਾ ਕਲਾਮ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਫੜ ਰਸੂਲਾਂ ਕਰੇ ਗੁਲਾਮ, ਹੁਕਮੇ ਅੰਦਰ ਸਰਬ ਰਖਾਇੰਦਾ ।

੧੯੭
੧੨

ਕਰੇ ਖੇਲ ਸ੍ਰੀ ਭਗਵਾਨ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਗਤ ਦੁਆਰਾ ਕਰਨਾ ਪਏ ਪਰਵਾਨ, ਪਾਰਬ੍ਰਹਮ ਪ੍ਰਭ ਹੁਕਮ ਸੁਣਾਇੰਦਾ । ਜਿਸ ਗ੍ਰਿਹ ਵਸੇ ਆਪ ਭਗਵਾਨ, ਸੋ ਮੰਦਰ ਸੋਭਾ ਪਾਇੰਦਾ । ਆਤਮ ਪਰਮਾਤਮ ਈਸ਼ ਜੀਵ ਜਗਤ ਜੁਗ ਦਾਨ, ਬ੍ਰਹਮ ਪਾਰਬ੍ਰਹਮ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਹਰਿ ਦਰ ਆਪ ਵਸਾਇੰਦਾ ।

### ✳ ੧੫ ਜੇਠ ੨੦੧੯ ਬਿਕਰਮੀ ਵਕੀਲ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ✳

ਸੂਫ਼ੀ ਸਿਫ਼ਤ ਕਰਨ ਸਾਲਾਹ, ਸਹੀ ਸਲਾਮਤ ਬੇਪਰਵਾਹੀਆ । ਰਹਿਬਰ ਰਹਿਮਤ ਦਏ ਕਮਾ, ਰਹੀਮ ਰਹਿਮਾਨ ਵਡੀ ਵਡਿਆਈਆ । ਸੁਹਬਤ ਆਪਣੀ ਦਏ ਜਣਾ, ਸਾਖ਼ਯਾਤ ਰੂਪ ਪਰਗਟਾਈਆ । ਨੌਬਤ ਨਾਮ ਦਏ ਵਜਾ, ਚੌਦਾਂ ਤਬਕ ਇਕ ਸ਼ਨਵਾਈਆ । ਪੀਰ ਪੈਗ਼ੰਬਰ ਲਏ ਉਠਾ, ਪਾਕ ਰਸੂਲ ਹੁਕਮ ਵਰਤਾਈਆ । ਜਗਤ ਸਵੰਬਰ ਲਏ ਰਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਸੂਫ਼ੀ ਰੱਖਣ ਇਕੋ ਆਸ, ਖ਼ੁਦੀ ਖ਼ੁਦਾਵੰਦ ਦਏ ਗਵਾਈਆ । ਵਸਣਹਾਰਾ ਉਪਰ ਅਕਾਸ਼, ਪਰਕਾਸ਼ ਆਪਣਾ ਨੂਰ ਧਰਾਈਆ । ਬਰਦੇ ਬਣ ਬਣ ਰਹੀਏ ਦਾਸ, ਦਾਸੀ ਦਾਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਬੇਪਰਵਾਹੀਆ । ਦੇਵੇ ਦਰਸ ਸਾਚੀ ਦੀਦ, ਦੀਦਾਰ ਜਲਵਾ ਨੂਰ ਇਲਾਹੀਆ । ਚੰਦ ਚੌਧਵੀਂ ਚੜ੍ਹੇ ਈਦ, ਈਦ ਉਲਫ਼ਿਤਰ ਆਪ ਮਨਾਈਆ । ਲੇਖਾ ਜਾਣੇ ਜਗਤ ਬਕਰੀਦ, ਬਾਕੀ ਸਭ ਦੀ ਰਿਹਾ ਚੁਕਾਈਆ । ਸ਼ਯਦ ਵੇਖੇ ਆਪ ਸਈਦ, ਸੈਦੁਲ ਆਪਣਾ ਰੂਪ ਵਟਾਈਆ । ਮੁਕੱਦਸ ਹੋਏ ਇਕ ਅਕੀਦ, ਅਕੀਦਤ ਆਪਣੀ ਦਏ ਜਣਾਈਆ । ਪੀਰ ਪੈਗ਼ੰਬਰਾਂ ਦਏ ਰਸੀਦ, ਰਸੀਦਾ ਪੱਕਾ ਮੁਖ ਲਗਾਈਆ । ਈਸਾ ਮੂਸਾ ਮੁਹੰਮਦ ਕਰ ਤਾਈਦ, ਤਾਕਤ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੂਫ਼ੀ ਸਿਫ਼ਤ ਲੱਗਾ ਨਾਅਰਾ, ਹੱਕ ਹੱਕ ਹੱਕ ਜਣਾਇੰਦਾ । ਵਾਹ ਵਾ ਕੁਦਰਤ ਤੇਰੀ ਯਾਰਾ, ਭੇਵ ਅਭੇਦ ਨਾ ਕੋਇ ਆਇੰਦਾ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰਾ, ਜ਼ਾਹਰ ਜ਼ਹੂਰ ਤੇਰਾ ਅੰਤ ਕੋਇ ਨਾ ਪਾਇੰਦਾ । ਹੱਕ ਮੁਕਾਮੇ ਪਰਵਰਦਿਗਾਰਾ, ਲਾਸ਼ਰੀਕ ਖੇਲ ਕਰਾਇੰਦਾ । ਚੌਦਾਂ ਤਬਕਾਂ ਦੇ ਸਹਾਰਾ, ਅੰਤਮ ਨੱਯਾ ਸ਼ੌਹ ਦਰਿਯਾ ਰੁੜ੍ਹਾਇੰਦਾ । ਖ਼ਲਕ ਮਖ਼ਲੂਕ ਖ਼ਾਲਕ ਵੇਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਸੂਫ਼ੀ ਉਚ ਰਿਹਾ ਕੂਕ, ਕੂਕ ਕੂਕ ਸੁਣਾਈਆ । ਬੇਪਰਵਾਹ ਸਭ ਨੂੰ ਰਿਹਾ ਫੂਕ, ਨਾਮ ਫੁਕਾਰਾ ਏਕਾ ਲਾਈਆ । ਵੇਖਣਹਾਰਾ ਚਾਰੇ ਕੂਟ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਲੱਖ ਚੁਰਾਸੀ ਲੇਖਾ ਜਾਣੇ ਤਾਣਾ ਪੇਟਾ ਸੂਤ, ਸੂਤਰਧਾਰੀ ਬੇਪਰਵਾਹੀਆ । ਜਗਤ ਉਮਤ ਗਈ ਊਤ, ਪਿਤਾ ਪੂਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੂਫ਼ੀ ਸੁਫ਼ਨ ਰਿਹਾ ਪੁਕਾਰ, ਵਾਹਵਾ ਤੇਰੀ ਵਡ ਵਡਿਆਈਆ । ਕਲਜੁਗ ਖੇਲ ਕਰੇਂ ਅਪਾਰ, ਬੇਅੰਤ ਮੇਰੇ ਮਾਹੀਆ । ਲੁਕ ਲੁਕ ਤੇਰਾ ਕਰਾਂ ਦੀਦਾਰ, ਪੁਛ ਪੁਛ ਤੇਰੇ ਦਰ

ਤੇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਧੀਰ ਨਾ ਕੋਇ ਧਰਾਈਆ । ਤੁਧ ਬਿਨ ਦੇਵੇ ਨਾ ਕੋਇ ਧੀਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਨਾਤਾ ਤੁਟਾ ਸੰਗ ਮੁਹੰਮਦ ਚਾਰ ਵੀਰ, ਚਾਰ ਯਾਰੀ ਨਾ ਕੋਇ ਨਿਭਾਇੰਦਾ । ਚੋਟੀ ਚੜ੍ਹ ਚੜ੍ਹ ਵੇਖ ਅਖ਼ੀਰ, ਆਖ਼ਰ ਨਜ਼ਰ ਕੋਇ ਨਾ ਆਇੰਦਾ । ਕਲਜੁਗ ਬਦਲਣਹਾਰ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਤੇਰੀ ਨਜ਼ਰ ਨਾ ਆਏ ਤਸਵੀਰ, ਤਸਬੀ ਮਾਲਾ ਕੰਮ ਕਿਸੇ ਨਾ ਵਖਾਇੰਦਾ । ਸ਼ਰਅ ਸ਼ਰੀਅਤ ਵੱਝਾ ਜ਼ੰਜੀਰ, ਤੁਧ ਬਿਨ ਅਵਰ ਨਾ ਕੋਇ ਕਟਾਇੰਦਾ । ਤੂੰ ਵਡ ਦਾਤਾ ਪੀਰਨ ਪੀਰ, ਬੇਐਬ ਖੇਲ ਕਰਾਇੰਦਾ । ਵੇਖਣਹਾਰਾ ਸ਼ਾਹ ਹਕੀਰ, ਹਜ਼ਰਤ ਆਪਣਾ ਰੂਪ ਵਟਾਇੰਦਾ । ਗ਼ਰੀਬ ਨਿਮਾਣਿਆਂ ਦਸਤਗੀਰ, ਦਸਤ ਦਸਤ ਨਾਲ ਮਿਲਾਇੰਦਾ । ਆਬੇਹਯਾਤ ਨਿਰਮਲ ਸੀਰ, ਭਰ ਪਿਆਲਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਇੰਦਾ । ਤੇਰੇ ਦਰ ਰੱਖੀ ਓਟ, ਓਟ ਅਵਰ ਨਾ ਕੋਇ ਜਣਾਈਆ । ਨਵ ਨੌਂ ਚਾਰ ਵੇਖਿਆ ਕਿਲਾ ਕੋਟ, ਇਲਾਬੁਤ ਤੇਰੀ ਵਡਿਆਈਆ । ਕੇਤਮਾਲ ਸੁਣੀ ਤੇਰੀ ਸਰੋਤ, ਸਰਵਣ ਸਰਵਣ ਨਾਲ ਮਿਲਾਈਆ । ਨੂਰ ਨੁਰਾਨੀ ਨਿਰਮਲ ਜੋਤ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਿਰ ਹੱਥ ਰੱਖ ਪਰਵਰਦਿਗਾਰ, ਪਰਦਾ ਤੇਰਾ ਇਕ ਰਖਾਇੰਦਾ । ਚਾਰੇ ਕੁੰਟ ਹੋਇਆ ਦੁਖਿਆਰ, ਦਰਦੀ ਦਰਦ ਨਾ ਕੋਇ ਵੰਡਾਇੰਦਾ । ਆਹਾਂ ਭਰ ਭਰ ਰੋਵੇ ਜ਼ਾਰੋ ਜ਼ਾਰ, ਕਲਜੁਗ ਜ਼ਬਾਹ ਸਰਬ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਦਰਸ ਤੇਰਾ ਪਾਇੰਦਾ । ਤੇਰੇ ਦਰਸ ਦਰਸ ਉਡੀਕ, ਏਕਾ ਨੈਣ ਨੈਣ ਉਠਾਈਆ । ਸਦੀ ਚੌਧਵੀਂ ਰਹੀ ਬੀਤ, ਵੇਲਾ ਗਿਆ ਹੱਥ ਨਾ ਆਈਆ । ਤੁਧ ਬਿਨ ਹੋਇਆ ਜਗਤ ਪਲੀਤ, ਪਾਕ ਪਾਕ ਨਾ ਕੋਇ ਕਰਾਈਆ । ਨਗ਼ਮਾ ਸੁਣਾਏ ਨਾ ਸਾਚਾ ਗੀਤ, ਨਜ਼ਮ ਆਪਣੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਦੇਣੀ ਮੰਗ ਬਣ ਸਖ਼ਾਵਤ, ਸਖ਼ੀ ਸਰਵਰ ਤੇਰੀ ਵਡਿਆਈਆ । ਚਾਰ ਕੁੰਟ ਹੋਣੀ ਬਗ਼ਾਵਤ, ਧੀਰਜ ਧੀਰ ਨਾ ਕੋਇ ਰਖਾਈਆ । ਨਬੀ ਰਸੂਲ ਪੀਰ ਪੈਗ਼ੰਬਰ ਕਰਨ ਅਦਾਵਤ, ਸਗਲਾ ਸੰਗ ਨਾ ਕੋਇ ਨਿਭਾਈਆ । ਸਾਚੀ ਕਰੇ ਨਾ ਕੋਇ ਰਫ਼ਾਕਤ, ਰਫ਼ੀਕ ਤੌਫ਼ੀਕ ਤੌਫ਼ੀਕ ਤੋਹੇ ਇਕ ਖ਼ੁਦਾਈਆ । ਮੇਰੀ ਚਲੇ ਨਾ ਕੋਇ ਲਿਆਕਤ, ਇਲਮ ਉਲਮਾ ਨਾ ਕੋਇ ਪੜ੍ਹਾਈਆ । ਵੇਲੇ ਅੰਤਮ ਔਣ ਵਾਲੀ ਕਿਆਮਤ, ਪੈਗ਼ਾਮ ਸਭ ਨੂੰ ਰਿਹਾ ਸੁਣਾਈਆ । ਤੁਧ ਬਿਨ ਰਹੇ ਨਾ ਕੋਈ ਸਹੀ ਸਲਾਮਤ, ਸਲਾਮਾਂ ਅਲੈਕਮ ਸਭ ਦੀ ਦਏ ਮੁਕਾਈਆ । ਏਕਾ ਲੱਗੇ ਬਿਰਹੋਂ ਅਲਾਮਤ, ਆਲਮੀਨ ਆਪ ਲਗਾਈਆ । ਆਪੇ ਮੇਟਣਹਾਰਾ ਜਗਤ ਨਜ਼ਾਮਤ, ਨਜ਼ਾਮ ਆਪਣਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਸਯਦਾ ਸੀਸ ਝੁਕਾਈਆ । ਸਯਦਾ ਸੀਸ ਕਰਾਂ ਸਲਾਮ, ਚਰਨ ਚਰਨ ਸੱਚੀ ਸਰਨਾਈਆ । ਮੈਂ ਬਰਦਾ ਬਣ ਗ਼ੁਲਾਮ, ਗ਼ੁਰਬਤ ਆਪਣੀ ਦਿਆਂ ਮਿਟਾਈਆ । ਇਕੋ ਪੜ੍ਹਾਂ ਤੇਰੀ ਕਲਾਮ, ਕਲਮਾ ਨਬੀ ਨਾ ਕੋਇ ਸੁਣਾਈਆ । ਕਲਜੁਗ ਅੰਤਮ ਸਭ ਦੇ ਉਤੇ ਲੱਗਾ ਇਲਜ਼ਾਮ, ਬਰੀ ਕੋਇ ਰਹਿਣ ਨਾ ਪਾਈਆ । ਚੌਦਾਂ ਲੋਕ ਅੰਧੇਰੀ ਸ਼ਾਮ, ਚੌਦਾਂ ਤਬਕ ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜਬਰਾਈਲ ਮੇਕਾਈਲ ਅਸਰਾਈਲ


੧੯੯
੧੨

ਅਸਰਾਫ਼ੀਲ ਦੇਵੇ ਨਾ ਕੋਇ ਪੈਗ਼ਾਮ, ਬੈਠੇ ਸਾਰੇ ਨੈਣ ਸ਼ਰਮਾਈਆ । ਵੇਖ ਵੇਖ ਤੇਰੀ ਖੇਲ ਹੋਏ ਹੈਰਾਨ, ਤੇਰਾ ਭੇਵ ਕੋਇ ਨਾ ਪਾਈਆ । ਮਗਰ ਲੱਗਾ ਸਰਬ ਸ਼ੈਤਾਨ, ਸ਼ਰਅ ਸਭ ਦੀ ਰਿਹਾ ਗਵਾਈਆ । ਮੁਲਾਂ ਸ਼ੇਖ਼ ਮੁਸਾਇਕ ਹੋਏ ਬੇਈਮਾਨ, ਬੇਵਾ ਹੋਈ ਅੰਤ ਲੋਕਾਈਆ । ਨਾਤਾ ਤੁਟੇ ਅੰਜੀਲ ਕੁਰਾਨ, ਕਾਇਆ ਕਾਅਬਾ ਦਏ ਦੁਹਾਈਆ । ਅੰਤਮ ਦਿਸੇ ਫ਼ਨਾਹ ਮਕਾਨ, ਫ਼ਾਤਿਹਾ ਪੜ੍ਹੇ ਆਪ ਖ਼ੁਦਾਈਆ । ਰਹਿਬਰ ਬਣ ਆਪ ਰਹਿਮਾਨ, ਰਹੀਮ ਆਪਣੀ ਦਇਆ ਕਮਾਈਆ । ਸੂਫ਼ੀ ਸਾਦਰ ਕਰ ਪਰਵਾਨ, ਸਬਰ ਬੇਸਬਰ ਤੇਰੀ ਸਰਨਾਈਆ । ਆਬਰੂ ਇਜ਼ਤ ਵਿਚ ਜਹਾਨ, ਜਾਬਰ ਜ਼ਬਰ ਰਹੇ ਗਵਾਈਆ । ਮੁਹੱਬਤ ਮਿਲੇ ਨਾ ਕਿਸੇ ਮਕਾਨ, ਮਸੀਤ ਮਸਜਿਦ ਰਹੀ ਕੁਰਲਾਈਆ । ਦਰ ਤੇਰੇ ਕਰੀ ਸਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਿਲੇ ਨੂਰ ਖ਼ੁਦਾਈਆ । ਨੂਰ ਖ਼ੁਦਾਈ ਜਲਵਾ ਜਲਾਲ, ਜ਼ਾਹਰ ਜ਼ਹੂਰ ਆਪ ਜਣਾਇੰਦਾ । ਹੱਕ ਹਕੀਕਤ ਵੇਖੇ ਹਲਾਲ, ਹਰਿ ਜੂ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਹੋ ਕਿਰਪਾਲ, ਕਿਰਪਾਨਿਧ ਹੁਕਮ ਸੁਣਾਇੰਦਾ । ਕਰਿਆ ਖੇਲ ਬੇਮਿਸਾਲ, ਬੇਨਜ਼ੀਰ ਵੇਸ ਵਟਾਇੰਦਾ । ਜਗਤ ਚਲੀ ਅਵੱਲੜੀ ਚਾਲ, ਨਿਰਾਲੀ ਆਪਣੀ ਧਾਰ ਵਖਾਇੰਦਾ । ਸਾਚੇ ਸੂਫ਼ੀ ਭਗਤ ਕਰੇ ਤਿਆਰ, ਮਹਿਫਲ ਆਪਣੀ ਆਪ ਲਗਾਇੰਦਾ । ਗ਼ਫ਼ਲਤ ਤੋੜ ਵਿਚ ਸੰਸਾਰ, ਉਲਫ਼ਤ ਆਪਣੀ ਆਪ ਸਮਝਾਇੰਦਾ । ਰਹਿਬਰ ਬਣ ਪਰਵਰਦਿਗਾਰ, ਸਾਚਾ ਰਾਹ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸੁਣ ਸੁਣ ਸੂਫ਼ੀ ਹਰਿ ਜੂ ਹਰਿ ਹਰਿ ਆਪ ਜਣਾਈਆ । ਪੁਰਖ ਅਬਿਨਾਸ਼ੀ ਰਿਹਾ ਮਸਰੂਫ਼ੀ, ਸਰਫ਼ ਆਪਣਾ ਵਕਤ ਕਰਾਈਆ । ਚੌਦਾਂ ਲੋਕ ਇਕੋ ਭੂਪੀ, ਭੂਪਤ ਭੂਪ ਰਾਜ ਕਮਾਈਆ । ਸ਼ਰਅ ਸ਼ਰੀਅਤ ਜ਼ੰਜੀਰ ਤੋੜੇ ਝੂਠੀ, ਏਕਾ ਬੰਧਨ ਨਾਮ ਰਖਾਈਆ । ਵੇਖਣਹਾਰਾ ਚਾਰੇ ਕੂਟੀ, ਦਹਿ ਦਿਸ਼ਾ ਫੇਰੀ ਪਾਈਆ । ਆਪਣਾ ਦੇਵਣਹਾਰਾ ਸਚ ਸਬੂਤੀ, ਸਾਬਤ ਆਪਣਾ ਨੂਰ ਵਖਾਈਆ । ਜਿਸ ਦੀ ਚਾਰ ਜੁਗ ਪੰਡਤ ਪਾਂਧੇ ਦੇਂਦੇ ਰਹੇ ਆਹੂਤੀ, ਹਵਨ ਅਗਨੀ ਘਿਰਤ ਮਿਲਾਈਆ । ਜਿਸ ਦੀ ਸਾਧ ਸੰਤ ਮਲਦੇ ਰਹੇ ਭਬੂਤੀ, ਭੇਖ ਆਪਣਾ ਰਿਹਾ ਵਟਾਈਆ । ਜਿਸ ਦਾ ਪੀਰ ਪੈਗ਼ੰਬਰ ਪੰਜ ਤਤ ਹੰਡੌਂਦੇ ਰਹੇ ਕਲਬੂਤੀ, ਸੋ ਆਪਣੀ ਕਲ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਰਿਹਾ ਸੁਣਾ, ਹਰਿ ਹਰਿ ਆਪਣੀ ਦਇਆ ਕਮਾਇੰਦਾ । ਬੇਪਰਵਾਹ ਬਣਿਆ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਚਾਰ ਵਰਨ ਦਏ ਪਨਾਹ, ਜੋ ਜਨ ਸਰਨਾਈ ਆਇੰਦਾ । ਪਹਿਲੋਂ ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵੰਤ ਚਰਨਾਂ ਹੇਠ ਲਏ ਰਖਾ, ਫੇਰ ਆਪਣਾ ਹੁਕਮ ਵਰਤਾਇੰਦਾ । ਸ਼ਰਅ ਮਜ਼੍ਹਬ ਦੀਨ ਕੋਈ ਸਕੇ ਨਾ ਅਟਕਾ, ਜਿਸ ਜਨ ਆਪਣਾ ਭੇਵ ਖੁਲ੍ਹਾਇੰਦਾ । ਨਜ਼ਰੀ ਆਏ ਇਕ ਖ਼ੁਦਾ, ਖ਼ੁਦੀ ਤਕੱਬਰ ਮਾਣ ਮਿਟਾਇੰਦਾ । ਬੇਸਬਰ ਪਿਆਲਾ ਦਏ ਪਿਆ, ਆਬੇਹਯਾਤ ਮੁਖ ਲਗਾਇੰਦਾ । ਕਾਇਆ ਕਬਰ ਵਿਚੋਂ ਲਏ ਕਢਾ, ਕਰਬਲਾ ਨਜ਼ਰ ਕੋਇ ਨਾ ਆਇੰਦਾ । ਸਚ ਬਹਿਸ਼ਤ ਦਏ ਬਣਾ, ਇਸ਼ਟ ਆਪਣਾ ਇਕ ਵਖਾਇੰਦਾ । ਸਾਚਾ ਗ੍ਰਿਸਤ ਰਿਹਾ ਕਮਾ, ਬੀਵੀ ਖਾਵੰਦ ਰੂਪ ਵਟਾਇੰਦਾ । ਅੱਲਾ ਰਾਣੀ ਚਰਨਾਂ ਨਾਲ ਛੁਹਾ, ਚਾਰ ਵਰਨ ਰੰਗ ਰੰਗਾਇੰਦਾ । ਸੂਫ਼ੀ ਮਤ ਮਿਲੇ ਸਹਿਜ ਸੁਖਦਾ, ਸੁਖ ਆਪਣੇ ਘਰ ਵਿਚ ਵਖਾਇੰਦਾ । ਮੁਫ਼ਤੋ ਮੁਫ਼ਤੀ ਸੌਦਾ ਰਿਹਾ ਵਿਕਾ, ਕੀਮਤ ਕਰਤਾ ਨਾ ਕੋਇ ਲਗਾਇੰਦਾ । ਸੂਫ਼ੀਆਂ ਉਤੋਂ ਆਪ ਹੋਏ ਫ਼ਿਦਾ,

੧੯੦ ੧੨

ਫ਼ਿਤਰਤ ਆਪਣੀ ਆਪ ਮਿਟਾਇੰਦਾ । ਜਨ ਭਗਤਾਂ ਕੋਲੋਂ ਹੋਏ ਨਾ ਕਦੇ ਜੁਦਾ, ਜੁਜ਼ ਆਪਣਾ ਆਪ ਬਣਾਇੰਦਾ । ਰਹਿਮਤ ਕਰੇ ਹੋ ਮਿਹਰਵਾਨ, ਮਿਹਰਵਾਨ ਆਪਣੀ ਖੇਲ ਕਰਾਇੰਦਾ । ਇਕ ਵਖਾਏ ਸਚ ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਕਾਇਨਾਤ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਆਸਮਾਨ ਬਣਾਇਆ ਸਾਇਬਾਨ, ਭੇਵ ਕੋਇ ਨਾ ਪਾਇੰਦਾ । ਅੱਧਵਿਚਕਾਰ ਮੁਹੰਮਦ ਬਹਿ ਬਹਿ ਲਿਖੇ ਕੁਰਾਨ, ਤੀਸ ਬਤੀਸ ਢੋਲਾ ਗਾਇੰਦਾ । ਸ਼ਰਅ ਸ਼ਰੀਅਤ ਹੋਏ ਅੰਤ ਫ਼ਨਾਹ, ਥਿਰ ਕੋਇ ਰਹਿਣ ਨਾ ਪਾਇੰਦਾ । ਪਾਪੀਆਂ ਅਪਰਾਧੀਆਂ ਬਖ਼ਸ਼ੇ ਸਰਬ ਗੁਨਾਹ, ਜੋ ਜਨ ਚਰਨੀ ਸੀਸ ਨਿਵਾਇੰਦਾ । ਦਾਮਨਗੀਰ ਦਾਮਨ ਪਕੜੇ ਬਾਂਹ, ਫੜ ਬਾਹੋਂ ਗਲੇ ਲਗਾਇੰਦਾ । ਜ਼ਾਮਨ ਬਣੇ ਸੱਚਾ ਸ਼ਹਿਨਸ਼ਾਹ, ਸਾਚੀ ਜ਼ਾਮਨੀ ਆਪ ਦਿਵਾਇੰਦਾ । ਆਮੋ ਸਾਮਣੇ ਇਕ ਦੂਜੇ ਦੇ ਬਣਨ ਗਵਾਹ, ਅੱਗਾ ਪਿਛਾ ਨਾ ਕੋਇ ਜਣਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਅੰਤਮ ਕਿਸੇ ਉਤੇ ਨਾ ਕਰੇ ਕੋਈ ਵਿਸਾਹ, ਆਪਣਾ ਹੁਕਮ ਆਪ ਵਰਤਾਇੰਦਾ । ਦੀਨ ਮਜ਼੍ਹਬ ਸ਼ਰਅ ਲੱਗਣ ਦੇਵੇ ਨਾ ਕਿਸੇ ਦਾ ਦਾਅ, ਫੜ ਬਾਹੋਂ ਆਪ ਗਿਰਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗਰੰਥੀ ਪੰਥੀ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸਭ ਨੂੰ ਦਏ ਵਖਾ, ਵੱਖਰੀ ਆਪਣੀ ਧਾਰ ਚਲਾਇੰਦਾ । ਭਗਤ ਦੁਆਰਾ ਇਕ ਸੁਹਾ, ਸੂਫ਼ੀ ਸਭ ਦਾ ਰੂਪ ਵਟਾਇੰਦਾ । ਚਲ ਕੇ ਔਣਾ ਮਿਲੇ ਪਨਾਹ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਜਿਉਂ ਪਿਤਾ ਮਾਂ, ਬਾਲਕ ਆਪਣੀ ਗੋਦ ਉਠਾਇੰਦਾ ।



## ✳ ੧੫ ਜੇਠ ੨੦੧੯ ਬਿਕਰਮੀ ਅੰਗਰੇਜ਼ ਸਿੰਘ ਦੇ ਗ੍ਰਿਹ ਧਿੰਗਾਲੀ ਜੰਮੂ ✳

ਸੂਫ਼ੀ ਸਿਫ਼ਤ ਸਾਲਾਹੀ ਵੇਖੇ ਯਾਰ, ਯਾਦ ਆਪਣੀ ਆਪ ਜਣਾਈਆ । ਪੀਰ ਪੈਗ਼ੰਬਰ ਕਰ ਖ਼ਬਰਦਾਰ, ਆਪਣਾ ਭੇਵ ਜਣਾਈਆ । ਈਸਾ ਮੂਸਾ ਕਰ ਬੇਦਾਰ, ਬੈਤਲ ਆਪਣਾ ਧਾਮ ਜਣਾਈਆ । ਮੁਹੰਮਦ ਮੁਹੱਬਤ ਦੇ ਅਧਾਰ, ਅਹਿਮਦ ਏਕਾ ਗੁਣ ਜਣਾਈਆ । ਅੱਲਾ ਰਾਣੀ ਕਰ ਸ਼ਿੰਗਾਰ, ਨੇਤਰ ਨੈਣ ਕਜਲਾ ਪਾਈਆ । ਬੀਵੀ ਖ਼ਾਵੰਦ ਖੇਲ ਅਪਾਰ, ਖ਼ਾਲਕ ਖ਼ਲਕ ਰੂਪ ਵਟਾਈਆ । ਖ਼ਲਕ ਨੂਰ ਹੋ ਉਜਿਆਰ, ਜ਼ਹੂਰ ਆਪਣਾ ਦਏ ਜਣਾਈਆ । ਫ਼ਰਸ਼ ਵੇਖੇ ਖ਼ਾਕ ਸਾਰ, ਖ਼ਾਕੀ ਖ਼ਾਕ ਖ਼ਾਕ ਵਡਿਆਈਆ । ਅਰਸ਼ ਕੁਰਸ਼ ਖ਼ਬਰਦਾਰ, ਕਲਮਾ ਕਲਾਮ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਲਾਈਆ । ਸੂਫ਼ੀ ਯਾਰ ਲਏ ਸੱਦ, ਸੱਦਾ ਆਪਣਾ ਨਾਮ ਲਗਾਈਆ । ਸ਼ਰਅ ਸ਼ਰੀਅਤ ਕਰ ਕਰ ਪਾਰ ਹੱਦ, ਹਦੂਦ ਅਰਬਾ ਆਪਣਾ ਵੰਡ ਵੰਡਾਈਆ । ਅੰਤ ਅਖ਼ੀਰੀ ਖਾਤਾ ਕੱਢ, ਸਾਚਾ ਖਾਤਾ ਦਏ ਵਖਾਈਆ । ਕਮਲਾਪਾਤਾ ਰੱਖੇ ਪਤ, ਪਤ ਪਤਵੰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਸ਼ਰੀਕ ਵੇਸ ਵਟਾਈਆ । ਲਾਸ਼ਰੀਕ ਕਰੇ ਮਦਦ, ਆਪ ਆਪਣਾ ਬਲ ਧਰਾਇੰਦਾ । ਵੇਖਣਹਾਰਾ ਆਪਣਾ ਅਦਦ, ਅੰਕ ਹੋਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਆਪ ਚੁਕਾਇੰਦਾ । ਸੂਫ਼ੀ ਪੀਰ ਚੁਕਿਆ ਲੇਖਾ, ਪੀਰ ਪੈਗ਼ੰਬਰਾਂ ਆਪ ਚੁਕਾਈਆ । ਮੁਹੰਮਦ ਯਾਰ ਨੇਤਰ ਪੇਖਾ, ਨੈਣ ਨੈਣ ਨਾਲ ਮਿਲਾਈਆ । ਤਿੰਨਾਂ ਦਿਤਾ ਸਚ ਸੰਦੇਸ਼ਾ, ਧੁਰ ਫ਼ਰਮਾਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸੂਫ਼ੀ ਤਰੇ ਪੀਰ ਪੈਗ਼ੰਬਰ, ਪੈਗ਼ਾਮ ਤੇਰਾ ਇਕ ਸੁਣ ਸੁਣ ਖ਼ੁਸ਼ੀ ਮਨਾਈਆ । ਕਲਜੁਗ ਤੇਰਾ ਵੇਖ ਅਡੰਬਰ, ਚੌਦਾਂ ਲੋਕ ਰਹੇ ਕੁਰਲਾਈਆ । ਦੀਨ ਇਲਾਹੀ ਰਚਿਆ ਸਵੰਬਰ, ਕਰੇ ਖੇਲ ਬੇਪਰਵਾਹੀਆ । ਪਰਗਟ ਹੋਇਆ ਵਡ ਪੈਗ਼ੰਬਰ, ਹਜ਼ਰਤ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਾਈ ਭਾਈਆਂ ਨਾਲ ਮਿਲਾਈਆ । ਭਾਈ ਭਾਈ ਹੋਏ ਮੇਲਾ, ਚਾਰ ਯਾਰੀ ਰੰਗ ਰੰਗਾਈਆ । ਸਦੀ ਚੌਧਵੀਂ ਸੱਜਣ ਸੁਹੇਲਾ, ਘਰ ਸਦ ਸਦ ਦਏ ਸਮਝਾਈਆ । ਅੰਤਮ ਲੇਖਾ ਜਾਣੇ ਵੇਲਾ, ਵੇਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਚੌਥਾ ਅੰਗ ਲਏ ਪਰਗਟਾਈਆ । ਚੌਥਾ ਰੰਗ ਹਰਿ ਕਰਤਾਰ, ਹਰਿ ਹਰਿ ਆਪ ਜਣਾਇੰਦਾ । ਮੁਹੰਮਦ ਵਿਛੋੜਾ ਵਿਛੜੇ ਯਾਰ, ਯਾਰ ਵਿਛੜੇ ਮੇਲ ਮਿਲਾਇੰਦਾ । ਚੌਥਾ ਕਰ ਖ਼ਬਰਦਾਰ, ਚੌਥੇ ਦਰ ਭੇਵ ਖੁਲ੍ਹਾਇੰਦਾ । ਚੌਥੀ ਕੁੰਟ ਦੇ ਦੀਦਾਰ, ਚਾਰ ਵਰਨਾਂ ਡੇਰਾ ਢਾਹਿੰਦਾ । ਕਰੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਇੰਦਾ । ਮੇਲ ਮਿਲਾਏ ਇਕ ਖ਼ੁਦਾ, ਬੀ ਖ਼ੈਰ ਵਡੀ ਵਡਿਆਈਆ । ਆਪੇ ਕਰਨਹਾਰ ਜੁਦਾ, ਜੁਜ਼ ਆਪਣੇ ਆਪ ਬਣਾਈਆ । ਆਪੇ ਮਾਰਗ ਲਾਵਣਹਾਰਾ ਸਿੱਧਾ, ਸਾਚਾ ਰਾਹ ਆਪ ਵਖਾਈਆ । ਕਲਜੁਗ ਅੰਤ ਬਣਾਈ ਬਿਧਾ, ਬਿਧ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਲੇਖੇ ਪਾਈਆ । ਲੇਖਾ ਲੱਗੇ ਚੌਥੇ ਯਾਰ, ਯਾਰ ਯਾਰਾਂ ਨਾਲ ਮਿਲਾਇੰਦਾ । ਮੁਹੰਮਦ ਨਾਤਾ ਤੁਟਿਆ ਵਿਚ ਸੰਸਾਰ, ਸ਼ਰਅ ਸ਼ਰੀਅਤ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਕਰਿਆ ਖ਼ਬਰਦਾਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਮੇਲ ਮਿਲਾਵਾ ਧੁਰ ਦਰਬਾਰ, ਦਰਗਹਿ ਸਾਚੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਵਿਛੋੜਾ ਆਪ ਮਿਲਾਇੰਦਾ । ਪਿਛਲਾ ਵਿਛੋੜਾ ਹੋਇਆ ਦੂਰ, ਦੂਰ ਦੁਰਾਡਾ ਦਏ ਮੁਕਾਈਆ । ਚੌਥੇ ਯਾਰ ਮਿਲਿਆ ਹਜ਼ੂਰ, ਹਾਜ਼ਰ ਆਪਣਾ ਦਰਸ ਦਿਖਾਈਆ । ਸਦੀ ਚੌਧਵੀਂ ਸੁਣਾਏ ਨਾਦ ਤੂਰ, ਰਾਗੀ ਆਪਣਾ ਰਾਗ ਅਲਾਈਆ । ਸਰਬ ਕਲਾਂ ਹੋ ਭਰਪੂਰ, ਪੂਰੀ ਆਸ਼ਾ ਦਏ ਕਰਾਈਆ । ਬਖ਼ਸ਼ਣਹਾਰ ਬਖ਼ਸ਼ੇ ਆਪ ਕਸੂਰ, ਕਸਰ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਯਾਰ ਯਾਰੀ ਗੰਢ ਪੁਵਾਈਆ । ਚੌਥਾ ਯਾਰ ਸਿੰਘ ਅੰਗਰੇਜ਼, ਮੁਹੰਮਦ ਹੋਈ ਜੁਦਾਈਆ । ਵਾਰੋ ਵਾਰ ਵੇਖੇ ਸੇਜ, ਸੇਜ ਸੁਹੰਜਣੀ ਆਪ ਸੁਹਾਈਆ । ਅੱਗੇ ਪਿਛੇ ਸਭ ਨੂੰ ਭੇਜ, ਅੰਤਮ ਮੇਲਾ ਲਏ ਮਿਲਾਈਆ । ਦੋ ਜਹਾਨਾਂ ਵਾਲੀ ਆਪੇ ਪੇਖ, ਪੇਖ ਪੇਖ ਖ਼ੁਸ਼ੀ ਮਨਾਈਆ । ਆਪਣੇ ਘਰ ਲਿਖਿਆ ਲੇਖ, ਮੰਦਰ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਸਫ਼ਾ ਦਏ ਉਠਾਈਆ । ਉਠੇ ਸਫ਼ਾ ਹੋਏ ਸਿਫ਼ਰਾ, ਸ੍ਰਿਸ਼ਟੀ ਸਿਫ਼ਰ ਰੂਪ ਵਖਾਈਆ । ਪੁਕਾਰ ਸੁਣੇ ਨਾ ਕੋਟੀ ਹੀਮ ਇਬਰਾ, ਇਬਰਤਨਾਕ ਕਰੇ ਜੁਦਾਈਆ । ਲੇਖਾ ਚੁਕੇ ਕਾਅਬਾ ਕਿਬਲਾ, ਕੇਵਲ ਇਕੋ ਇਕ ਰਹਿ ਜਾਈਆ । ਹਰਿ ਕਾ ਨਾਮ ਖ਼ੁਦਾ ਪੈਗ਼ਾਮ ਪੀਰ ਪੈਗ਼ੰਬਰ ਗੁਰ ਅਵਤਾਰ ਸਿਮਰਾ, ਸਿਮਰ ਸਿਮਰ ਸਿਮਰ ਖ਼ੁਸ਼ੀ ਮਨਾਈਆ । ਅੰਤਮ ਲੇਖਾ ਚੁਕਣਾ ਬਨ ਬਿੰਦਰਾ, ਪੁਰਖ ਅਬਿਨਾਸ਼ੀ ਹੁਕਮ ਵਰਤਾਈਆ । ਨੇਤਰ ਰੋਵੇ ਸੁਰਪਤ ਰਾਜਾ ਇੰਦਰਾ, ਇੰਦ ਇੰਦਰਾਸਣ ਦਏ ਤਜਾਈਆ ।

ਵਿਸ਼ਨ ਬ੍ਰਹਮਾ ਸ਼ਿਵ ਖ਼ਾਲੀ ਪਿੰਜਰਾ, ਪਾਰਬ੍ਰਹਮ ਪ੍ਰਭ ਰਿਹਾ ਵਖਾਈਆ । ਦੋ ਜਹਾਨ ਵੱਜੇ ਨਾਦ ਕਿੰਗਰਾ ਕਿੰਗਰਾ, ਹੁਕਮੀ ਹੁਕਮ ਕਰੇ ਸ਼ਨਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਿਟਾਈ ਆਲਸ ਨਿੰਦਰਾ, ਨੀਂਦ ਸੁਖ ਦੀ ਏਕਾ ਚਰਨ ਸੁਆਈਆ । ਮੈਂ ਤੇਰਾ ਹਾਂ ਚੌਥਾ ਯਾਰ, ਮੁਹੰਮਦ ਹੋ ਸਹਾਈਆ । ਮੇਰੇ ਸਿਰ ਕੁਲਾ ਨਾ ਕੋਇ ਦਸਤਾਰ, ਮਹਿੰਦੀ ਰੰਗ ਨਾ ਕੋਇ ਚੜ੍ਹਾਈਆ । ਮੁਲਾਂ ਸ਼ੇਖ਼ ਨਾ ਸੁਣੇ ਕੋਈ ਪੁਕਾਰ, ਤੇਰੀ ਕੁਰਾਨ ਦਏ ਗਵਾਹੀਆ । ਭੁਲਾ ਫਿਰਾਂ ਵਿਚ ਸੰਸਾਰ, ਮਿਲਿਆ ਮੇਲ ਨਾ ਸੱਚੇ ਮਾਹੀਆ । ਸਦੀ ਚੌਧਵੀਂ ਆਈ ਹਾਰ, ਆਪਣਾ ਬੈਠਾ ਡੇਰਾ ਢਾਹੀਆ । ਧੁਰਦਰਗਾਹੀ ਹੁਕਮ ਦਿਤਾ ਏਕਾ ਵਾਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਔਣਾ ਚਲ ਸੱਚੇ ਦਰਬਾਰ, ਪਿਛਲਾ ਲੇਖਾ ਦਿਆਂ ਮੁਕਾਈਆ । ਕਿਧਰ ਜਾਵਾਂ ਮੇਰੇ ਮਦਦਗਾਰ, ਇਕ ਤੇਰੀ ਓਟ ਰਖਾਈਆ । ਮੁਹੰਮਦ ਦੋਏ ਜੋੜ ਕਰ ਕੇ ਕਹੇ ਨਿਮਸਕਾਰ, ਮੇਰੀ ਵਾਹ ਨਾ ਚਲੇ ਰਾਈਆ । ਮੈਂ ਵੀ ਭਿਖਿਆ ਮੰਗਾਂ ਓਸੇ ਦਰਬਾਰ, ਜਿਸ ਦਰਬਾਰੇ ਤੇਰੀ ਹੋਏ ਸ਼ਨਵਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਲੋਕਮਾਤ ਬੈਠਾ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਯਾਰੀ ਇਕੋ ਆਪਣੇ ਨਾਲ ਰਖਾਈਆ ।

### ✳ ੧੫ ਜੇਠ ੨੦੧੯ ਬਿਕਰਮੀ ਮੇਲਾ ਰਾਮ ਦੇ ਗ੍ਰਿਹ ਪਿੰਗਾਲੀ ਜੰਮੂ ✳

ਲੇਖੇ ਅੰਦਰ ਲੇਖਾ ਰੱਖ, ਲਿਖ ਲਿਖ ਆਪਣਾ ਹੁਕਮ ਜਣਾਈਆ । ਲੇਖੇ ਅੰਦਰ ਕਰੇ ਵੱਖ, ਹਰਿ ਜੂ ਵੱਖਰੀ ਧਾਰ ਚਲਾਈਆ । ਲੇਖੇ ਅੰਦਰ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਲੇਖੇ ਅੰਦਰ ਕੱਖੋਂ ਕਰੇ ਲੱਖ, ਲੱਖੋਂ ਕੱਖ ਆਪ ਬਣਾਈਆ । ਲੇਖੇ ਅੰਦਰ ਮਾਰਗ ਦਸ, ਹਰਿ ਹਰਿ ਨਾਮ ਕਰੇ ਪੜ੍ਹਾਈਆ । ਲੇਖੇ ਅੰਦਰ ਹਿਰਦੇ ਵਸ, ਹਰਿਜਨ ਸਾਚੇ ਲਏ ਜਗਾਈਆ । ਲੇਖੇ ਅੰਦਰ ਮੇਟੇ ਰੈਣ ਅੰਧੇਰੀ ਮਸ, ਚੰਦ ਚਾਂਦਨੀ ਇਕ ਚਮਕਾਈਆ । ਲੇਖੇ ਅੰਦਰ ਦੇਵੇ ਰਸ, ਅੰਮ੍ਰਿਤ ਰਸ ਆਪ ਚਖਾਈਆ । ਲੇਖੇ ਅੰਦਰ ਗਾਏ ਜਸ, ਜਨ ਭਗਤਾਂ ਆਪ ਸਾਲਾਹੀਆ । ਲੇਖੇ ਅੰਦਰ ਵਸੇ ਘਟ ਘਟ, ਹਰ ਘਟ ਰਮਿਆ ਸੱਚਾ ਮਾਹੀਆ । ਲੇਖੇ ਅੰਦਰ ਲਹਿਣਾ ਦੇਣਾ ਮੁਕਾਏ ਤੀਰਥ ਤੱਟ, ਤਟ ਸਰੋਵਰ ਇਕ ਸਮਝਾਈਆ । ਲੇਖੇ ਅੰਦਰ ਖੇਲ ਕਰੇ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਲੇਖੇ ਅੰਦਰ ਗਾਏ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਾਈਆ । ਲੇਖੇ ਅੰਦਰ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਈਆ । ਲੇਖੇ ਅੰਦਰ ਬਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਲੇਖੇ ਅੰਦਰ ਬਣੇ ਪਿਤਾ ਮਾਤ, ਪੂਤ ਸਪੂਤਾ ਗੋਦ ਰਖਾਈਆ । ਲੇਖੇ ਅੰਦਰ ਪੁਛੇ ਵਾਤ, ਜੁਗ ਜੁਗ ਆਪਣਾ ਫੇਰਾ ਪਾਈਆ । ਲੇਖੇ ਅੰਦਰ ਖੇਲੇ ਖੇਲ ਬਹੁ ਬਿਧ ਭਾਂਤ, ਰੂਪ ਅਨੂਪ ਆਪ ਵਟਾਈਆ । ਲੇਖੇ ਅੰਦਰ ਵੇਖੇ ਜ਼ਾਤ ਪਾਤ, ਵਰਨ ਬਰਨ ਵੰਡ ਵੰਡਾਈਆ । ਲੇਖੇ ਅੰਦਰ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਲੇਖੇ ਅੰਦਰ ਦੇਵੇ ਜਮ ਕਾ ਫ਼ਾਸ, ਫ਼ਾਂਸੀ ਗਲ ਵਿਚ ਲਟਕਾਈਆ । ਲੇਖੇ ਅੰਦਰ ਪੂਰਨ ਕਰੇ ਆਸ, ਆਸਾ ਪੂਰਨ ਆਪ ਹੋ ਜਾਈਆ । ਲੇਖੇ ਅੰਦਰ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਲੇਖੇ ਅੰਦਰ ਲਹਿਣਾ ਚੁਕਾਏ ਦਸ ਦਸ ਮਾਸ, ਮਾਤ ਗਰਭ ਫੇਰ ਨਾ ਆਈਆ । ਲੇਖੇ ਅੰਦਰ ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸਾਂ ਨਾਲ ਮਿਲਾਈਆ । ਲੇਖੇ ਅੰਦਰ ਭੇਵ ਖੁਲ੍ਹਾਏ ਪ੍ਰਿਥਮੀ ਆਕਾਸ਼, ਆਕਾਸ਼

ਮੰਡਲ ਦਏ ਵਡਿਆਈਆ । ਲੇਖੇ ਅੰਦਰ ਖੇਲੇ ਖੇਲ ਖੇਲ ਤਮਾਸ਼, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪ ਮੁਕਾਈਆ । ਲੇਖੇ ਅੰਦਰ ਲੇਖਾ ਲਿਖ, ਲਿਖ ਲਿਖ ਆਪਣਾ ਭੇਵ ਜਣਾਇੰਦਾ । ਲੇਖੇ ਅੰਦਰ ਦੇਵੇ ਭਿੱਖ, ਸਾਚੀ ਭਿਛਿਆ ਝੋਲੀ ਪਾਇੰਦਾ । ਲੇਖੇ ਅੰਦਰ ਜਾਏ ਦਿਸ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਲੇਖੇ ਅੰਦਰ ਵੰਡਾਏ ਹਿੱਸ, ਹਿੱਸਾ ਆਪਣੇ ਹੱਥ ਰਖਾਇੰਦਾ । ਲੇਖੇ ਅੰਦਰ ਬਣਾਏ ਸਿੱਖ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਜਣਾਇੰਦਾ । ਲੇਖੇ ਅੰਦਰ ਲੋਕਮਾਤ, ਮਾਤਰ ਭੂਮੀ ਵੇਖ ਵਖਾਈਆ । ਲੇਖੇ ਅੰਦਰ ਮਾਰੇ ਝਾਤ, ਦੋ ਜਹਾਨਾਂ ਪਰਦਾ ਲਾਹੀਆ । ਲੇਖੇ ਅੰਦਰ ਲਹਿਣਾ ਦੇਣਾ ਚੁਕਾਏ ਇਕ ਇਕਾਂਤ, ਇਕ ਇਕੱਲਾ ਬੈਠਾ ਆਸਣ ਲਾਈਆ । ਲੇਖੇ ਅੰਦਰ ਦਿਵਸ ਰਾਤ, ਰਾਤੀ ਰੁੱਤੀ ਥਿਤ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਮੁਕਾਈਆ । ਲੇਖੇ ਅੰਦਰ ਗੁਰ ਅਵਤਾਰ, ਹਰਿ ਹਰਿ ਸੇਵ ਕਮਾਇੰਦਾ । ਲੇਖੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਦਏ ਦੀਦਾਰ, ਦੀਦ ਦੀਦ ਨਾਲ ਮਿਲਾਇੰਦਾ । ਲੇਖੇ ਅੰਦਰ ਭਰੇ ਭੰਡਾਰ, ਵਡ ਭੰਡਾਰੀ ਦਇਆ ਕਮਾਇੰਦਾ । ਲੇਖੇ ਅੰਦਰ ਕਰ ਸ਼ਿੰਗਾਰ, ਨੇਤਰ ਨੈਣ ਨੈਣ ਮਟਕਾਇੰਦਾ । ਲੇਖੇ ਅੰਦਰ ਹੋ ਤਿਆਰ, ਤ੍ਰੈਭਵਨ ਧਨੀ ਆਪਣਾ ਖੇਲ ਖਲਾਇੰਦਾ । ਲੇਖੇ ਅੰਦਰ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਲੇਖੇ ਅੰਦਰ ਸ਼ਬਦ ਧੁਨਕਾਰ, ਨਾਦ ਨਾਦ ਪਰਗਟਾਇੰਦਾ । ਲੇਖੇ ਅੰਦਰ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਹੱਲ ਉਸਾਰ, ਮਹੱਲ ਅਟੱਲ ਆਸਣ ਲਾਇੰਦਾ । ਲੇਖੇ ਅੰਦਰ ਤ੍ਰੈਗੁਣ ਬੰਨ੍ਹੇ ਧਾਰ, ਪੰਜ ਤਤ ਆਪਣੀ ਗੰਢ ਪੁਵਾਇੰਦਾ । ਲੇਖੇ ਅੰਦਰ ਲੱਖ ਚੁਰਾਸੀ ਕਰ ਪਸਾਰ, ਘਟ ਘਟ ਆਪਣੀ ਜੋਤ ਜਗਾਇੰਦਾ । ਲੇਖੇ ਅੰਦਰ ਭਗਤ ਭਗਵੰਤ ਲਏ ਉਭਾਰ, ਭਗਵਨ ਆਪਣਾ ਰੂਪ ਵਖਾਇੰਦਾ । ਲੇਖੇ ਅੰਦਰ ਬੋਲ ਜੈਕਾਰ, ਜੈ ਜੈਕਾਰ ਇਕ ਸੁਣਾਇੰਦਾ । ਲੇਖੇ ਅੰਦਰ ਕਰੇ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ ਖੇਲ ਰਚਾਇੰਦਾ । ਲੇਖੇ ਅੰਦਰ ਹੋਵੇ ਜ਼ਾਹਰ, ਲੇਖੇ ਅੰਦਰ ਮੁਖ ਛੁਪਾਇੰਦਾ । ਲੇਖੇ ਅੰਦਰ ਕਰੇ ਪਿਆਰ, ਲੇਖੇ ਅੰਦਰ ਕਰਵਟ ਆਪ ਬਦਲਾਇੰਦਾ । ਲੇਖੇ ਅੰਦਰ ਬਣੇ ਮੀਤ ਮੁਰਾਰ, ਲੇਖੇ ਅੰਦਰ ਛਤਰੂ ਰੂਪ ਵਖਾਇੰਦਾ । ਲੇਖੇ ਅੰਦਰ ਲਹਿਣਾ ਦੇਣਾ ਕਰੇ ਆਰ ਪਾਰ, ਲੇਖੇ ਅੰਦਰ ਮੰਝਧਾਰ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪਣੇ ਹੱਥ ਰਖਾਇੰਦਾ । ਸਾਚੇ ਲੇਖੇ ਰੱਖੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਲੇਖੇ ਅੰਦਰ ਸਰਬ ਜਗਤ, ਜਗ ਜੀਵਣ ਦਾਤਾ ਆਪਣੀ ਖੇਲ ਕਰਾਈਆ । ਲੇਖੇ ਅੰਦਰ ਬੂੰਦ ਰਕਤ, ਹੱਡ ਮਾਸ ਨਾੜੀ ਬੰਧਨ ਪਾਈਆ । ਲੇਖੇ ਅੰਦਰ ਵੇਲਾ ਵਕਤ, ਥਿਤ ਵਾਰ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਆਪ ਗਣਾਈਆ । ਲੇਖੇ ਅੰਦਰ ਤ੍ਰੈ ਤ੍ਰੈ ਲੋਕ, ਚੌਦਸ ਚੌਦਾਂ ਖੇਲ ਖਲਾਇੰਦਾ । ਲੇਖੇ ਅੰਦਰ ਸ਼ਬਦ ਸਲੋਕ, ਆਦਿ ਜੁਗਾਦਿ ਰਾਗ ਅਲਾਇੰਦਾ । ਲੇਖੇ ਅੰਦਰ ਦੇਵੇ ਮੋਖ, ਮੁਕਤ ਭੁਗਤ ਆਪ ਬਣਾਇੰਦਾ । ਲੇਖੇ ਅੰਦਰ ਦੇਵੇ ਜੋਗ, ਜੋਗੀਸ਼ਰ ਵੇਸ ਵਟਾਇੰਦਾ । ਲੇਖੇ ਅੰਦਰ ਭੋਗੇ ਭੋਗ, ਹੋਏ ਭਸਮੜ ਭੌਰ ਸਿਧਾਇੰਦਾ । ਲੇਖੇ ਅੰਦਰ ਕੱਟੇ ਰੋਗ, ਰੋਗੀ ਆਪਣਾ ਰੰਗ ਰੰਗਾਇੰਦਾ । ਲੇਖੇ ਅੰਦਰ ਧੁਰ ਸੰਜੋਗ, ਬਣ ਸੰਜੋਗੀ ਬੰਧਨ ਪਾਇੰਦਾ । ਲੇਖੇ ਅੰਦਰ ਚੁਕਾਏ ਵਿਜੋਗ, ਜਗਤ ਵਿਛੋੜਾ ਪੰਧ ਮੁਕਾਇੰਦਾ । ਲੇਖੇ ਅੰਦਰ ਚੁਗਾਏ ਚੋਗ, ਸੋਹੰ ਹੰਸਾ ਮਾਣਕ ਮੋਤੀ ਮੁਖ ਰਖਾਇੰਦਾ । ਲੇਖੇ ਅੰਦਰ ਕਾਇਆ ਸੁਹਾਏ

ਕਿਲਾ ਕੋਟ, ਬੰਕ ਦੁਆਰੀ ਫੇਰਾ ਪਾਇੰਦਾ । ਲੇਖੇ ਅੰਦਰ ਲਾਏ ਚੋਟ, ਤਨ ਨਗਾਰਾ ਆਪ ਵਜਾਇੰਦਾ । ਲੇਖੇ ਅੰਦਰ ਕੱਢੇ ਖੋਟ, ਮਾਇਆ ਮਮਤਾ ਮੋਹ ਮਿਟਾਇੰਦਾ । ਲੇਖੇ ਅੰਦਰ ਜਗਾਏ ਨਿਰਮਲ ਜੋਤ, ਅੰਧ ਅੰਧੇਰ ਗਵਾਇੰਦਾ । ਲੇਖੇ ਅੰਦਰ ਜਨ ਭਗਤਾਂ ਉਪਰ ਹੋਏ ਮੋਹਤ, ਨਿਰਗੁਣ ਨਿਰਗੁਣ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਆਪਣੇ ਪਾਇੰਦਾ । ਲੇਖੇ ਅੰਦਰ ਭਗਤ ਸੁਤ, ਭਗਵਨ ਦਇਆ ਕਮਾਈਆ । ਲੇਖੇ ਅੰਦਰ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਚਲਾਈਆ । ਲੇਖੇ ਅੰਦਰ ਸੁਹਾਏ ਰੁੱਤ, ਰੁੱਤ ਬਸੰਤੀ ਵਡ ਵਡਿਆਈਆ । ਲੇਖੇ ਅੰਦਰ ਵੇਖੇ ਉਠ, ਨੇਤਰ ਨੈਣ ਨੈਣ ਖੁਲ੍ਹਾਈਆ । ਲੇਖੇ ਅੰਦਰ ਜਾਏ ਤੁਠ, ਦੀਨਨ ਹੋਏ ਆਪ ਸਹਾਈਆ । ਲੇਖੇ ਅੰਦਰ ਦੇਵੇ ਅੰਮ੍ਰਿਤ ਆਤਮ ਘੁਟ, ਨਿਝਰ ਝਿਰਨਾ ਦਏ ਝਿਰਾਈਆ । ਲੇਖੇ ਅੰਦਰ ਲੇਖਾ ਲਾਏ ਕਾਇਆ ਬੁੱਤ, ਪੰਜ ਤਤ ਤਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖ ਲਿਖ ਦਏ ਸਮਝਾਈਆ । ਲੇਖੇ ਅੰਦਰ ਲੇਖਾ ਗਿਣ, ਜਨ ਭਗਤਾਂ ਦਇਆ ਕਮਾਇੰਦਾ । ਕੋਟ ਜਨਮ ਦਾ ਲੇਖਾ ਮੁਕਾਏ ਵਿਚ ਛਿਨ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਰਵਦਾਸ ਚੁਮਾਰਾ ਸਾਢੇ ਤਿੰਨ ਹੱਥ ਸੀਆਂ ਗਿਆ ਮਿਣ, ਮਿਣ ਮਿਣ ਭਗਤਾਂ ਵੰਡ ਵੰਡਾਇੰਦਾ । ਸਚਖੰਡ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਪੁਛਣ, ਹਰਿ ਕਾ ਦਰਸ਼ਨ ਪਾਇਆ ਕਿਨ ਕਿਨ, ਕਵਣ ਦੁਆਰ ਵੱਜੀ ਵਧਾਈਆ । ਸਾਰੇ ਕਹਿਣ ਗੋਬਿੰਦ ਬਾਲੇ ਨੀਹਾਂ ਹੇਠ ਆਇਆ ਚਿਣ ਚਿਣ, ਤਿਸ ਘਰ ਬੈਠਾ ਆਸਣ ਲਾਈਆ । ਜਨ ਭਗਤਾਂ ਦਰਸ ਦਿਖਾਵੇ ਛਿਨ ਛਿਨ, ਘੜੀ ਪੱਲ ਨਾ ਵੰਡ ਵੰਡਾਈਆ । ਰੂਪ ਵਟਾਏ ਭਿੰਨ ਭਿੰਨ, ਭਿੰਨੜੀ ਰੈਣ ਦਏ ਗਵਾਹੀਆ । ਜੇ ਕੋਈ ਵੇਖੇ ਰੂਪ ਰੰਗ ਰੇਖ ਚਿੰਨ੍ਹ, ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਸੇਵਾ ਕਰੇ ਦਿਨ ਬਦਿਨ, ਬਣ ਸੇਵਕ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖਾ ਲੇਖੇ ਲਾਏ ਆਪ ਗਿਣ, ਗਿਣਤੀ ਵਿਚ ਆਪ ਕਦੇ ਨਾ ਆਈਆ । ਗਿਣਤੀ ਵਿਚ ਨਾ ਆਏ ਗਣਤ, ਹਿੰਦਸਾ ਅੰਤ ਨਾ ਕੋਇ ਵਖਾਈਆ । ਕੋਟਨ ਕੋਟ ਗਿਣ ਗਿਣ ਥੱਕੇ ਸੰਤ, ਬਲ ਆਪਣਾ ਆਪ ਧਰਾਈਆ । ਕੋਟਨ ਕੋਟ ਪਾ ਪਾ ਥੱਕੇ ਅੰਤ, ਅੰਤ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਬਣ ਬਣ ਮੰਗਦੇ ਰਹੇ ਮੰਗਤ, ਮੰਗ ਮੰਗ ਭਿਛਿਆ ਨਾ ਕਿਸੇ ਮੁਕਾਈਆ । ਕੋਟਨ ਕੋਟ ਕਰਦੇ ਰਹੇ ਨਿਉਂ ਨਿਉਂ ਮਿੰਨਤ, ਮਿੰਨਤਾਂ ਕਰ ਕਰ ਭੇਦ ਨਾ ਕਿਸੇ ਖੁਲ੍ਹਾਈਆ । ਸਾਰੇ ਕਹਿ ਕਹਿ ਗਏ ਬੇਅੰਤ, ਹਰਿ ਬੇਅੰਤ ਬੇਪਰਵਾਹੀਆ । ਸਚਖੰਡ ਦੁਆਰੇ ਸੁੱਤਾ ਰਹੇ ਸਾਚਾ ਕੰਤ, ਲੱਖ ਚੁਰਾਸੀ ਸੇਜ ਹੰਢਾਈਆ । ਕਲਜੁਗ ਕਰੇ ਖੇਲ ਆਪ ਅੰਤ, ਅੰਤਰ ਆਪਣੀ ਦਇਆ ਕਮਾਈਆ । ਜਨ ਭਗਤਾਂ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਰਲ ਮਿਲ ਨੇੜੇ ਦੂਰ ਉਚ ਨੀਚ ਰਾਉ ਰੰਕ ਬਣਾਈ ਸੰਗਤ, ਸੰਗਤ ਆਪਣਾ ਰੂਪ ਬਣਾਈਆ । ਸੰਗਤ ਦੁਆਰੇ ਹੋਏ ਮੰਗਤ, ਪ੍ਰੇਮ ਭਿਛਿਆ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਿਛਲਾ ਲੇਖਾ ਕੀਤਾ ਖੰਡਤ, ਖੰਡਾ ਆਪਣਾ ਵਿਚ ਫਿਰਾਈਆ ।

### ✳ ੧੫ ਜੇਠ ੨੦੧੯ ਬਿਕਰਮੀ ਲਛਮਣ ਸਿੰਘ ਦੇ ਗ੍ਰਹਿ ਪਿੰਗਾਲੀ ਜੰਮੂ ✳

ਨਿਰਗੁਣ ਨੂਰ ਆਇਆ ਪਰਤ, ਪਰਤਾ ਮੰਗੇ ਥਾਉਂ ਥਾਈਂਆ । ਨਵ ਨੌਂ ਚਾਰ ਦਾ ਕੱਢੇ ਫ਼ਰਕ, ਫ਼ਿਕਰਾ ਆਪਣਾ ਆਪ ਸੁਣਾਈਆ । ਦੀਨ ਮਜ਼੍ਹਬ ਕਰਨੇ ਤਰਕ, ਤੁਰਤ ਆਪਣਾ ਹੁਕਮ ਜਣਾਈਆ । ਨਿਰਵੈਰ ਖੇਲ ਕਰੇ ਹੋ ਨਧੜਕ, ਧੜਾ ਆਪਣਾ ਆਪ ਲਏ ਬਣਾਈਆ । ਦੋ ਜਹਾਨਾਂ ਕੱਢੇ ਅਟਕ, ਅੱਧਵਿਚਕਾਰ ਨਾ ਕੋਇ ਲਟਕਾਈਆ । ਜ਼ਬਾਹ ਛੁਰੀ ਨਾ ਕਰੇ ਕੋਇ ਝਟਕ, ਹਲਾਲ ਰੂਪ ਨਾ ਕੋਇ ਵਖਾਈਆ । ਲੋਕ ਚੌਦਾਂ ਰਹੇ ਤਬਕ, ਤਬਕ ਚੌਦਾਂ ਰਹੇ ਕੁਰਲਾਈਆ । ਗੁਰ ਅਵਤਾਰ ਕਹਿਣ ਪੜ੍ਹੀਏ ਤੇਰਾ ਸਬਕ, ਪੀਰ ਪੈਗ਼ੰਬਰ ਏਕਾ ਨਾਉਂ ਰਹੇ ਗਾਈਆ । ਨੌਂ ਖੰਡ ਪ੍ਰਿਥਮੀ ਹੁੰਦੀ ਦਿਸੇ ਗ਼ਰਕ, ਦੇ ਸਹਾਰ ਨਾ ਕੋਇ ਬਚਾਈਆ । ਕਿਸੇ ਲੇਖੇ ਲੱਗੇ ਨਾ ਰੱਖਿਆ ਬਰਤ, ਰੋਜ਼ਾ ਬਾਂਗ ਨਾ ਕੋਇ ਵਡਿਆਈਆ । ਪੂਰੀ ਹੋਏ ਨਾ ਕਿਸੇ ਸ਼ਰਤ, ਸ਼ਰਅ ਸਭ ਦੀ ਦਏ ਖਪਾਈਆ । ਚਾਰ ਜੁਗ ਦੀ ਪਿਛਲੀ ਕੱਢੇ ਫ਼ਰਦ, ਪੂਰਬ ਲਹਿਣਾ ਦਏ ਵਖਾਈਆ । ਬੇਦਰਦੀ ਕੋਈ ਨਾ ਕਰੇ ਦਰਦ, ਭਾਣਾ ਆਪਣਾ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰਜ਼, ਅੱਗੇ ਪੂਜ ਨਾ ਕੋਇ ਵਖਾਈਆ । ਲੱਖ ਚੁਰਾਸੀ ਚੁਕਾਏ ਕਰਜ਼, ਮਕਰੂਜ਼ ਆਪਣਾ ਫ਼ਰਜ਼ ਪੂਰ ਕਰਾਈਆ । ਕਰੇ ਖੇਲ ਅੰਡਜ ਜੇਰਜ, ਉਤਭੁਜ ਸੇਤਜ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹੀ ਸਲਾਮਤ ਫੇਰਾ ਪਾਈਆ । ਸਹੀ ਸਲਾਮਤ ਕਰੇ ਸਲਾਮ, ਅਲੈਕਮ ਏਕਾ ਇਕ ਜਣਾਈਆ । ਉਠੋ ਸਾਰੇ ਸੁਣੋ ਪੈਗ਼ਾਮ, ਪਾਰਬ੍ਰਹਮ ਪ੍ਰਭ ਰਿਹਾ ਜਣਾਈਆ । ਅੰਤਮ ਪੂਰਾ ਕਰੇ ਕਾਮ, ਨਿਹਕਰਮੀ ਕਰਮ ਕਮਾਈਆ । ਨਗਰ ਖੇੜਾ ਵੇਖੇ ਦੋ ਜਹਾਨ ਗਰਾਮ, ਨਿਰਗੁਣ ਨਿਰਵੈਰ ਫੇਰਾ ਪਾਈਆ । ਚੌਦਸ ਚੰਦ ਵੇਖੇ ਸ਼ਾਮ, ਰੈਣ ਅੰਧੇਰੀ ਪਰਦਾ ਲਾਹੀਆ । ਰਵ ਸਸ ਉਪਾਏ ਭਾਨ, ਨੂਰ ਨੂਰ ਨੂਰ ਧਰਾਈਆ । ਵੇਦ ਸ਼ਾਸਤਰ ਸਿਮਰਤ ਜਾਣੇ ਪੁਰਾਨ, ਅੰਜੀਲ ਕੁਰਾਨ ਲਏ ਉਠਾਈਆ । ਖੰਡਾ ਚਿਲਾ ਵੇਖੇ ਤੀਰ ਕਮਾਨ, ਸ਼ਸਤਰ ਬਸਤਰ ਫੋਲ ਫੋਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਨੌਜਵਾਨ, ਬਿਰਧ ਬਾਲ ਲਏ ਸਮਝਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਧਰਤ ਧਵਲ ਖੇਲ ਕਰਾਈਆ । ਜ਼ਿਮੀਂ ਅਸਮਾਨਾਂ ਹੋਏ ਜਾਣੀ ਜਾਣ, ਗਗਨ ਮੰਡਲ ਪਰਦਾ ਲਾਹੀਆ । ਆਦਿ ਜੁਗਾਦੀ ਜੁਗਾ ਜੁਗੰਤਰ ਦੇਵਣਹਾਰਾ ਧੁਰ ਫ਼ਰਮਾਣ, ਧੁਰ ਦਾ ਲੇਖਾ ਦਏ ਸਮਝਾਈਆ । ਕਰੇ ਖੇਲ ਸ੍ਰੀ ਭਗਵਾਨ, ਖੇਲ ਅਵੱਲੜੀ ਆਪ ਜਣਾਈਆ । ਜੋਤੀ ਜਾਤਾ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸਚਖੰਡ ਨਿਵਾਸੀ ਸਚ ਮਕਾਨ, ਸਚਖੰਡ ਦੁਆਰਾ ਆਪ ਵਡਿਆਈਆ । ਤਖ਼ਤ ਬੈਠੇ ਨੌਜਵਾਨ, ਸੀਸ ਜਗਦੀਸ਼ ਤਾਜ ਸੁਹਾਈਆ । ਹੁਕਮੀ ਬਣਿਆ ਹੁਕਮਰਾਨ, ਹਾਕਮ ਆਪਣਾ ਬਲ ਰਖਾਈਆ । ਆਓ ਸਾਰੇ ਦਿਓ ਬਿਆਨ, ਕਲਮਬੰਦ ਰਿਹਾ ਕਰਾਈਆ । ਅੰਤਮ ਲੇਖਾ ਚੁਕਾਏ ਆਣ, ਲੇਖਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਅੰਤ ਬੇਅੰਤ ਆਪਣੀ ਧਾਰ ਚਲਾਈਆ । ਆਪਣੀ ਧਾਰ ਚਲਾਏ ਮਖ਼ਲੂਕ, ਖ਼ਾਲਕ ਖ਼ਲਕ ਵੇਸ ਵਟਾਇੰਦਾ । ਵੇਖਣਹਾਰਾ ਲੱਖ ਚੁਰਾਸੀ ਕਾਇਆ ਕਲਬੂਤ, ਕਲਮਾ ਨਬੀ ਇਕ ਪੜ੍ਹਾਇੰਦਾ । ਦੇਵਣਹਾਰਾ ਸਚ ਸਬੂਤ, ਸਾਬਤ ਸਿਦਕ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਖੋਲ੍ਹੇ ਭੇਵ ਪੁਰਖ ਅਗੰਮ, ਅਗੰਮੜੀ ਕਾਰ ਕਰਾਈਆ । ਸਭ ਦਾ ਲੇਖਾ

ਚੁਕਾਏ ਦੰਮ, ਦਮੜੀ ਕੋਇ ਰਹਿਣ ਨਾ ਪਾਈਆ । ਹੁਕਮੇ ਬਾਹਰ ਦੇਵੇ ਡੰਨ, ਅੰਦਰ ਹੁਕਮ ਸਰਬ ਫਿਰਾਈਆ । ਲਾ ਕੇ ਸੁਣਨਾ ਸਾਰੇ ਕੰਨ, ਏਕਾ ਰਾਗ ਰਿਹਾ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਜਨਨੀ ਜਿਸ ਨੂੰ ਲਏ ਜਨ, ਬਣਿਆ ਧੰਨ ਧੰਨ ਜਣੇਂਦੀ ਮਾਈਆ । ਇਕ ਵਸੇਰਾ ਰੱਖੇ ਬਿਨ ਛੱਪਰ ਛੰਨ, ਛਹਿਬਰ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਰਿਹਾ ਸੁਣਾਈਆ । ਇਕ ਇਕੱਲਾ ਏਕਮ ਏਕ, ਅਲਫ਼ ਅਲਫ਼ੀ ਤਨ ਹੰਢਾਇੰਦਾ । ਚੌਦਾਂ ਲੋਕਾਂ ਰਿਹਾ ਵੇਖ, ਵੇਖ ਵੇਖ ਖ਼ੁਸ਼ੀ ਮਨਾਇੰਦਾ । ਤਕਦੀਰ ਤਦਬੀਰ ਰੱਖਿਆ ਭੇਸ, ਤਕਸੀਰ ਭੇਵ ਨਾ ਕੋਇ ਖੁਲ੍ਹਾਇੰਦਾ । ਚਾਰ ਕੁੰਟ ਜਗਤ ਹੰਕਾਰੀ ਹੋਇਆ ਸ਼ੇਖ਼, ਸ਼ਰਅ ਵੰਡ ਨਾ ਕੋਇ ਵੰਡਾਇੰਦਾ । ਕੂੜੀ ਕਿਰਿਆ ਰਿਹਾ ਖੇਡ, ਖ਼ਾਕੀ ਖ਼ਾਕ ਖ਼ਾਕ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਚੁੱਕ ਕਰਤਾਰ, ਚੌਖਟ ਏਕਾ ਨਾਮ ਵਖਾਈਆ । ਵੇਖੇ ਵਿਗਸੇ ਵੇਖਣਹਾਰ, ਵੱਖ ਵੱਖ ਆਪਣੀ ਧਾਰ ਚਲਾਈਆ । ਪਹਿਲੇ ਗੁਰ ਅਵਤਾਰਾਂ ਲੇਖਾ ਰਿਹਾ ਨਿਵਾਰ, ਪਿਛਲਾ ਲਹਿਣਾ ਦਏ ਮੁਕਾਈਆ । ਅੱਗੇ ਲਿਖ ਲਿਖ ਬਣੇ ਲਿਖਾਰ, ਜਨ ਭਗਤਾਂ ਦਏ ਵਡਿਆਈਆ । ਦੋਹਾਂ ਵਿਚੋਲਾ ਸਿਰਜਣਹਾਰ, ਦਿਸ ਕਿਸੇ ਨਾ ਆਈਆ । ਪੀਰ ਪੈਗ਼ੰਬਰ ਕਰ ਦੀਦਾਰ, ਦੂਰ ਦੁਰਾਡੇ ਖ਼ੁਸ਼ੀ ਮਨਾਈਆ । ਭਗਤ ਸੁਹਾਏ ਬੰਕ ਦੁਆਰ, ਦਰ ਦੁਆਰੇ ਫੇਰਾ ਪਾਈਆ । ਦੋਹਾਂ ਵਿਚੋਲਾ ਏਕੰਕਾਰ, ਅਕਲ ਕਲ ਆਪਣੀ ਖੇਲ ਚਲਾਈਆ । ਗੁਰ ਅਵਤਾਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਇਆ । ਭਗਤਾਂ ਬਣਿਆ ਆਪ ਮਲਾਹ, ਕਲਜੁਗ ਬੇੜਾ ਆਪ ਚਲਾਇਆ । ਪੁਰਖ ਅਕਾਲ ਦੋਹਾਂ ਦੇਵੇ ਸਚ ਸਲਾਹ, ਸਾਚਾ ਮਾਰਗ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇਆ । ਆਪਣਾ ਖੇਲ ਕਰੇ ਰਸੂਲ, ਰਹਿਮਤ ਆਪਣੇ ਹੱਥ ਰਖਾਈਆ । ਨੀ ਨੀ ਕਰਨ ਕਬੂਲ, ਕਿਬਲਾ ਏਕਾ ਘਰ ਵਡਿਆਈਆ । ਦਰਗਹਿ ਸਾਚੀ ਸਚ ਅਸੂਲ, ਅਸਲੀਅਤ ਦਏ ਸਮਝਾਈਆ । ਮੇਰਾ ਹੁਕਮ ਇਕ ਮਾਅਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਮਾਇਆ ਮਮਤਾ ਨਾ ਜਾਣਾ ਭੂਲ, ਅਭੁੱਲ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਏਕਾ ਵਾਰ, ਇਕ ਇਕੱਲਾ ਆਪ ਜਣਾਈਆ । ਸੁਣ ਸੁਣ ਹੋਣਾ ਖ਼ਬਰਦਾਰ, ਖ਼ਾਲਕ ਖ਼ਲਕ ਰਿਹਾ ਉਠਾਈਆ । ਕਰੇ ਖੇਲ ਪਰਵਰਦਿਗਾਰ, ਬੇਪਰਵਾਹ ਨੂਰ ਰੁਸ਼ਨਾਈਆ । ਚੌਦਾਂ ਤਬਕਾਂ ਦਏ ਹੁਲਾਰ, ਚਾਰੋਂ ਕੁੰਟ ਹੁਲਾਰਾ ਲਾਈਆ । ਏਕਾ ਹੁਕਮ ਕਰੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਸਾਚਾ ਸੱਜਣ, ਘਰ ਸਾਚੇ ਆਪ ਸੁਣਾਈਆ । ਸਾਚਾ ਸੱਜਣ ਬਣੇ ਯਾਰ, ਯਾਰੜਾ ਆਪਣਾ ਖੇਲ ਕਰਾਇੰਦਾ । ਚੌਦਾਂ ਸਦੀਆਂ ਕਰ ਕਰ ਉਧਾਰ, ਆਪਣਾ ਭੇਵ ਆਪ ਛੁਪਾਇੰਦਾ । ਚਾਰ ਯਾਰ ਕੱਟਦੇ ਰਹੇ ਵਗਾਰ, ਵਗਾਰੀ ਆਪਣੇ ਮਾਰਗ ਲਾਇੰਦਾ । ਅੰਤਮ ਸਾਰੇ ਗਏ ਹਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਇਲ ਲਿਲਾ ਬਿਸਮਿਲਾ ਬਿਸਮਿਲ ਰੂਪ ਨਜ਼ਰ ਨਾ ਆਏ ਵਿਚ ਸੰਸਾਰ, ਸੰਸਾ ਰੋਗ ਨਾ ਕੋਇ ਚੁਕਾਇੰਦਾ । ਮੁਸੱਲਾ ਵਿਛਾ ਵਿਛਾ ਬੈਠੇ ਉਪਰ ਛਾਰ, ਸਯਦਾ ਸੀਸ ਨਾ ਕੋਇ ਝੁਕਾਇੰਦਾ । ਨੇਤਰ ਨਜ਼ਰ ਨਾ ਆਇਆ ਪਰਵਰਦਿਗਾਰ, ਪਰਦਾ ਆਪਣਾ ਨਾ ਕੋਇ ਉਠਾਇੰਦਾ । ਬੈਠੇ ਰਹੇ ਡੂੰਘੀ ਗਾਰ, ਉਚੇ ਟਿੱਲੇ ਪਰਬਤ ਨਾ ਕੋਇ ਚੜ੍ਹਾਇੰਦਾ ।


੧੬੭
੧੨

ਕਲਜੁਗ ਅੰਤ ਸੁਣਿਆ ਪਰਗਟ ਹੋਇਆ ਆਪ ਨਿਰੰਕਾਰ, ਜਿਸ ਦਾ ਭੇਦ ਕੋਇ ਨਾ ਪਾਇੰਦਾ । ਸੱਦਾ ਦੇਵੇ ਵਾਰੋ ਵਾਰ, ਹਿੰਦੂ ਮੁਸਲਮ ਸਿਖ ਈਸਾਈ ਵੰਡ ਨਾ ਕੋਇ ਵੰਡਾਇੰਦਾ । ਨੌਂ ਖੰਡ ਪ੍ਰਿਥਮੀ ਲਾ ਕੇ ਬੈਠਾ ਇਕ ਦਰਬਾਰ, ਸੱਤਾਂ ਦੀਪਾਂ ਰਾਹ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਗੱਦੀ ਉਤੋਂ ਦਏ ਉਠਾਲ, ਸਦੀ ਚੌਧਵੀਂ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਬੱਧੀ ਚਰਨ ਨਾਲ, ਜਨ ਭਗਤਾਂ ਚਰਨਾਂ ਹੇਠ ਦਬਾਇੰਦਾ । ਸਚਖੰਡ ਦੁਆਰ ਬਣਾਇਆ ਸੱਚੀ ਧਰਮਸਾਲ, ਚਾਰੋਂ ਕੁੰਟ ਆਪ ਸੁਹਾਇੰਦਾ । ਚਾਰ ਵਰਨ ਪਿਛੇ ਘਾਲਣ ਰਿਹਾ ਘਾਲ, ਊਚ ਨੀਚ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਬਣ ਕੇ ਆਇਆ ਦਲਾਲ, ਜਗਤ ਦਲਾਲੀ ਆਪ ਕਮਾਇੰਦਾ । ਏਥੇ ਓਥੇ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਵੇਸ ਵਟਾਇੰਦਾ । ਜਨ ਭਗਤਾਂ ਕਰਿਆ ਹੱਲ ਸਵਾਲ, ਸੋਹਲਾ ਆਪਣਾ ਨਾਮ ਸੁਣਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਗ੍ਰਹਿ ਗੰਭੀਰ ਵੇਸ ਵਟਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇੰਦਾ । ਵੇਸ ਧਰ ਧੁਰ ਦਰਬਾਰੀ, ਦਰਗਹਿ ਆਪਣੇ ਸੰਗ ਨਿਭਾਈਆ । ਲੋਕਮਾਤ ਖੇਲ ਨਿਆਰੀ, ਖ਼ਾਲਕ ਖੇਲੇ ਬੇਪਰਵਾਹੀਆ । ਚੌਦਾਂ ਤਬਕ ਤਬਕ ਸਰਦਾਰੀ, ਸਰਧਾ ਪੂਰ ਰਿਹਾ ਸਮਝਾਈਆ । ਕਲਜੁਗ ਆਈ ਅੰਤਮ ਵਾਰੀ, ਵਾਰਤਾ ਪਿਛਲੀ ਦਏ ਸਮਝਾਈਆ । ਮੁਹੰਮਦ ਖੜਾ ਦਰ ਦੁਆਰੀ, ਬਣ ਦਰਵੇਸ਼ ਸੀਸ ਝੁਕਾਈਆ । ਅੱਲਾ ਰਾਣੀ ਨਾਰ ਕਵਾਰੀ, ਲੋਕਮਾਤ ਨਾ ਕਿਸੇ ਪਰਨਾਈਆ । ਦੋਏ ਨੈਣ ਰਹੀ ਸ਼ਿੰਗਾਰੀ, ਪੱਟੀ ਸੀਸ ਸੀਸ ਗੁੰਦਾਈਆ । ਨੇਤਰ ਰੱਖੇ ਤਿਖੀ ਧਾਰੀ, ਕਲਜੁਗ ਕਾਲਾ ਕਜਲਾ ਰੂਪ ਪਾਈਆ । ਚਾਰੋਂ ਕੁੰਟ ਫਿਰ ਫਿਰ ਹਾਰੀ, ਖ਼ਾਵੰਦ ਮਿਲਿਆ ਨਾ ਸੱਚਾ ਮਾਹੀਆ । ਨੇਤਰ ਰੋਵੇ ਜ਼ਾਰੋ ਜ਼ਾਰੀ, ਉਚੀ ਕੂਕ ਕੂਕ ਸੁਣਾਈਆ । ਚੌਦਾਂ ਸਦੀਆਂ ਨਾ ਬਣੀ ਕਿਸੇ ਦੀ ਲਾੜੀ, ਲਾੜਾ ਕੋਇ ਨਜ਼ਰ ਨਾ ਆਈਆ । ਇਕੋ ਵਾਸਤਾ ਘੱਤੇ ਅੱਗੇ ਪਰਵਰਦਿਗਾਰੀ, ਮਿਹਰਵਾਨ ਮਿਹਰਵਾਨ ਤੁਧ ਬਿਨ ਅਵਰ ਨਾ ਕੋਇ ਸਹਾਈਆ । ਮੈਂ ਫਿਰ ਫਿਰ ਥੱਕੀ ਜੰਗਲ ਜੂਹ ਉਜਾੜ ਪਹਾੜੀ, ਮਦੀਨਾ ਮੱਕਾ ਫੇਰਾ ਪਾਈਆ । ਮੇਰੀ ਸੇਜ ਨਾ ਕਿਸੇ ਸੁਆਰੀ, ਮੇਰੀ ਤ੍ਰਿਸ਼ਨਾ ਪੂਰ ਨਾ ਕੋਇ ਕਰਾਈਆ । ਮੇਰੇ ਸਾਹਿਬ ਤੂੰ ਜਿਤਿਆ ਮੈਂ ਹਾਰੀ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਕਵਣ ਵੇਲਾ ਤੇਰੇ ਚਲ ਆਵਾਂ ਦਰਬਾਰੀ, ਦਰ ਦੁਆਰੇ ਫੇਰਾ ਪਾਈਆ । ਮੈਂ ਸੁਣਿਆਂ ਤੂੰ ਮੇਲ ਮਿਲਾਵੇਂ ਹਾਣੀਆਂ ਹਾਣੀ, ਸੰਜੋਗ ਵਿਜੋਗ ਆਪਣੇ ਹੱਥ ਰਖਾਈਆ । ਮੈਂ ਉਠ ਉਠ ਵੇਖੀ ਚਾਰੇ ਖਾਣੀ, ਚਾਰੋਂ ਕੁੰਟ ਨਜ਼ਰ ਨਾ ਆਈਆ । ਮੈਂ ਵੇਖਿਆ ਅਠਸਠ ਤੀਰਥ ਠੰਡਾ ਪਾਣੀ, ਸੱਤ ਸਮੁੰਦ ਸਾਗਰ ਫੇਰਾ ਪਾਈਆ । ਮੈਂ ਨੇਤਰ ਤੱਕਿਆ ਚੰਦ ਚੌਧਵੀਂ ਚਾਨਣੀ, ਚੰਦ ਮੋਹੇ ਕੋਇ ਨਾ ਭਾਈਆ । ਮੈਂ ਕਮਲੀ ਹੋਈ ਸਵਾਣੀ, ਮੇਰੀ ਸੁਰਤ ਨਾ ਕੋਇ ਸਮਝਾਈਆ । ਤੇਰੇ ਚਰਨ ਉਤੋਂ ਕੁਰਬਾਨੀ, ਸੀਸ ਆਪਣਾ ਭੇਟ ਚੜ੍ਹਾਈਆ । ਆਪਣੀ ਦੱਸ ਸੱਚੀ ਨਿਸ਼ਾਨੀ, ਕਵਣ ਦੁਆਰੇ ਆਸਣ ਲਾਈਆ । ਤੇਰਾ ਇਕੋ ਪਦ ਨਿਰਬਾਣੀ, ਪਰਮ ਪੁਰਖ ਤੇਰੀ ਵਡਿਆਈਆ । ਅੰਜੀਲ ਕੁਰਾਨ ਗਾ ਗਾ ਥੱਕੀ ਤੇਰੀ ਕਹਾਣੀ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਮੈਂ ਘਰ ਘਰ ਫਿਰ ਫਿਰ ਖ਼ਾਕ ਛਾਣੀ, ਤੇਰੇ ਪਿਛੇ ਆਪਣੀ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਤੇਰੀ ਓਟ ਰਖਾਈਆ । ਪੀਰ ਪੈਗ਼ੰਬਰ ਏਕਾ ਖ਼ਾਵੰਦ, ਖ਼ਾਹਸ਼ ਹਰਿ ਜੂ ਆਪ ਜਣਾਇੰਦਾ । ਆਦਿ ਜੁਗਾਦਿ ਮੁਕਾਮੇ ਹੱਕ ਰਹੇ ਬੰਦ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਪੀਰ

੧੯੯
੧੨

ਪੈਗ਼ੰਬਰ ਕਲਮਾ ਗਾ ਗਾ ਗਏ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਾਲਾਹਿੰਦਾ । ਜੁਗਾ ਜੁਗੰਤਰ ਢੋਲਾ ਛੰਦ, ਸੋਹਲਾ ਆਪਣਾ ਰਾਗ ਅਲਾਇੰਦਾ । ਬਿਨ ਹਰਿ ਭਗਤ ਕੋਈ ਨਾ ਮਾਣੇ ਮੇਰਾ ਅਨੰਦ, ਆਪਣਾ ਰਸ ਨਾ ਕਿਸੇ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਇੰਦਾ । ਧੁਰ ਸੰਦੇਸ਼ਾ ਪਰਵਰਦਿਗਾਰ, ਪੁਰਖ ਅਬਿਨਾਸ਼ੀ ਆਪ ਜਣਾਈਆ । ਜਗਤ ਸੁਆਣੀ ਕਰ ਵਿਚਾਰ, ਅਕੱਥ ਕਹਾਣੀ ਰਿਹਾ ਦ੍ਰਿੜਾਈਆ । ਅੰਮ੍ਰਿਤ ਠੰਡਾ ਪਾਣੀ ਸਚ ਦਰਬਾਰ, ਦੂਸਰ ਹੱਥ ਨਾ ਕਿਸੇ ਫੜਾਈਆ । ਨਿਰਗੁਣ ਨੂਰ ਨੂਰ ਉਜਿਆਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਵਸਣਹਾਰਾ ਧਾਮ ਨਿਆਰ, ਖ਼ਾਲਕ ਖ਼ਲਕ ਵਡ ਵਡਿਆਈਆ । ਮੇਰੇ ਮਿਲਣ ਦਾ ਜਿਸ ਪਿਆਰ, ਸਾਚੀ ਰੀਤੀ ਦਿਆਂ ਸਮਝਾਈਆ । ਮਸਜਿਦ ਮਸੀਤੀ ਵਿਚੋਂ ਹੋਣਾ ਬਾਹਰ, ਲੋਕ ਲਾਜ ਮਾਤ ਤਜਾਈਆ । ਫੇਰ ਚਲ ਕੇ ਔਣਾ ਭਗਤਾਂ ਦੁਆਰ, ਮੇਰੇ ਭਗਤ ਦੇਣ ਸਮਝਾਈਆ । ਬਾਹੋਂ ਫੜ ਕੇ ਕਹਿਣ ਔਹ ਦਿਸੇ ਨਿਰੰਕਾਰ, ਜਿਸ ਨੂੰ ਲੱਭੇ ਖ਼ਲਕ ਖ਼ੁਦਾਈਆ । ਚੌਦਾਂ ਸਦੀਆਂ ਦੀ ਵਿਛੜੀ ਮੇਲੇ ਦੁਹਾਗਣ ਨਾਰ, ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲਾਂ ਵਿਚ ਲਏ ਬਹਾਲ, ਸੀਸ ਚੁੰਨੀ ਇਕ ਵਖਾਈਆ । ਨੇਤਰੀ ਆਏ ਮੁਹੰਮਦ ਹੋਇਆ ਬੇਹਾਲ, ਬੇਹਬਲ ਹੋ ਹੋ ਦਏ ਦੁਹਾਈਆ । ਚਾਰ ਯਾਰ ਦਿਸਣ ਕੰਗਾਲ, ਖ਼ਾਲੀ ਹੱਥ ਵਖਾਈਆ । ਸਾਰੇ ਰਲ ਕੇ ਪੁਰਖ ਅਬਿਨਾਸ਼ੀ ਅੱਗੇ ਕਰੋ ਸਵਾਲ, ਬਣ ਸਵਾਲੀ ਝੋਲੀ ਡਾਹੀਆ । ਕਰ ਕਿਰਪਾ ਚਰਨ ਪ੍ਰੀਤ ਜੇ ਜੋੜੇ ਆਪਣੇ ਨਾਲ, ਨਾਲਸ਼ ਸਭ ਦੀ ਦਏ ਗਵਾਈਆ । ਭਗਤਾਂ ਨਾਲ ਲਏ ਬਿਠਾਲ, ਬਾਹੋਂ ਫੜ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਰਾਣੀ ਅੱਲਾ, ਏਕਾ ਏਕ ਜਣਾਇਆ । ਉਠ ਉਠ ਕਹੇ ਮੇਰੀ ਬਿਸਮਿਲਾ, ਬਿਸਮਿਲ ਤੇਰੀ ਧਾਰ ਵਹਾਇਆ । ਕਵਣ ਵੇਲਾ ਜਨ ਭਗਤਾਂ ਫੜਾਂ ਪੱਲਾ, ਫੜ ਪੱਲੂ ਗੰਢ ਪੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਇਆ । ਪੱਲੂ ਫੜਨ ਦਾ ਜੇ ਚੜ੍ਹਿਆ ਚਾਅ, ਚਾਉ ਘਨੇਰਾ ਆਪ ਰਖਾਈਆ । ਪੁਰਖ ਅਬਿਨਾਸ਼ੀ ਸਾਹ ਰਿਹਾ ਸੁਧਾ, ਨਕਾਹ ਪੜ੍ਹੇ ਥਾਉਂ ਥਾਈਆ । ਸੱਤਰਾਂ ਬਹੱਤਰਾਂ ਲੇਖਾ ਦਿਤਾ ਮੁਕਾ, ਚੁਹੱਤਰਾਂ ਅੰਤਮ ਵੰਡ ਵੰਡਾਈਆ । ਇਕੀ ਦਿਵਸ ਦਏ ਸੁਹਾ, ਜੇਠ ਜੇਠ ਕਰੇ ਕੁੜਮਾਈਆ । ਸੱਤ ਚਾਰ ਲਏ ਜਗਾ, ਚਾਰ ਸੱਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਭ ਦਾ ਲੇਖਾ ਰਿਹਾ ਮੁਕਾਈਆ ।

ਮੇਰੇ ਪਰਵਰਦਿਗਾਰ ਮੈਂ ਆਵਾਂਗੀ । ਆਪ ਆਪਣਾ ਭੇਟ ਚੜ੍ਹਾਵਾਂਗੀ । ਹੱਥੀਂ ਮਹਿੰਦੀ ਲਾਲ ਲਗਾਵਾਂਗੀ । ਸੀਸ ਗੁੰਦ ਗੁੰਦ ਖ਼ੁਸ਼ੀ ਮਨਾਵਾਂਗੀ । ਨੇਤਰ ਉਠ ਉਠ ਦਰਸ਼ਨ ਪਾਵਾਂਗੀ । ਜਸ ਤੇਰਿਆਂ ਭਗਤਾਂ ਗਾਵਾਂਗੀ । ਆਪਣੇ ਨੈਣ ਸ਼ਰਮਾਵਾਂਗੀ । ਮੁਹੰਮਦ ਫੜ ਬਾਹੋਂ ਸਮਝਾਵਾਂਗੀ । ਚਾਰ ਯਾਰੀ ਹਲੂਣ ਉਠਾਵਾਂਗੀ । ਪਿਛਲੀ ਵਿਗੜੀ ਫੇਰ ਬਣਾਵਾਂਗੀ । ਜੇ ਰੁਠਾ ਚਰਨੀ ਪੈ ਪੈ ਪ੍ਰਭੂ ਮਨਾਵਾਂਗੀ । ਨੇਤਰ ਨੈਣ ਨੀਰ ਰੋ ਰੋ, ਤੇਰੇ ਚਰਨ ਕਵਲ ਧੋ ਧੋ, ਖ਼ੁਸ਼ੀ ਆਪਣਾ ਆਪ ਕਰਾਵਾਂਗੀ । ਰਸਨਾ ਗਾ ਗਾ ਸੋਹੰ ਸੋ, ਸੋ ਪੁਰਖ ਨਿਰੰਜਣ ਪਿਛਲਾ ਕਲਮਾਂ ਭੁਲਾਵਾਂਗੀ । ਤੇਰੇ

ਨੇੜੇ ਬਹਿਵਾਂ ਹੋ ਹੋ, ਹੌਕਾ ਫੇਰ ਨਾ ਕੋਇ ਵਖਾਵਾਂਗੀ । ਤੇਰੇ ਭਗਤਾਂ ਚਰਨ ਧੂੜੀ ਲੈ ਕੇ ਜਾਵਾਂ ਸੌਂ, ਤਿੰਨ ਜੁਗ ਆਪਣਾ ਮੁਖ ਛੁਪਾਵਾਂਗੀ । ਤੇਰੇ ਮਿਲਣ ਦਾ ਮੈਨੂੰ ਗੌਂ, ਦੂਜੀ ਓਟ ਨਾ ਕੋਇ ਜਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਦੇਣੀ ਕਰ, ਬਿਨ ਤੇਰੀ ਕਿਰਪਾ ਤੇਰੇ ਦਰ ਕਦੇ ਨਾ ਆਵਾਂਗੀ । ਬਿਨ ਕਿਰਪਾ ਨਾ ਲੱਭੇ ਦਰ, ਚੌਦਾਂ ਤਬਕ ਕੂਕ ਸੁਣਾਈਆ । ਜਿਧਰ ਜਾਵਾਂ ਆਵੇ ਡਰ, ਘਰ ਘਰ ਪਈ ਲੜਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਅਗਨੀ ਅੰਦਰ ਰਹੀ ਸੜ, ਪੰਜ ਤਤ ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਖੇਹ ਉਡਾਈਆ । ਤੇਰਾ ਨਾਉਂ ਭੁਲਿਆ ਨਾਰੀ ਨਰ, ਵਿਭਚਾਰ ਹੋਈ ਲੋਕਾਈਆ । ਮੈਂ ਸਾਚੇ ਹੁਜ਼ਰੇ ਵੇਖਿਆ ਚੜ੍ਹ, ਮਹਿਬੂਬ ਨਜ਼ਰ ਕਿਤੇ ਨਾ ਆਈਆ । ਮੈਂ ਧਰਤੀ ਉਤੇ ਡਿਗੀ ਦੜ, ਨੱਕ ਨੱਥ ਸੁਹਾਗ ਕਟਾਈਆ । ਕਰ ਕਿਰਪਾ ਤੂੰ ਲਿਆ ਫੜ, ਰਹਿਮਤ ਆਪਣੀ ਆਪ ਕਮਾਈਆ । ਮੈਂ ਲੱਗੀ ਤੇਰੇ ਭਗਤਾਂ ਲੜ, ਲੜੀ ਵਿਚ ਲੈਣਾ ਬੰਧਾਈਆ । ਏਥੇ ਓਥੇ ਦੋ ਜਹਾਨ ਲਗਾਵੀਂ ਜੜ, ਤੇਰੀ ਲੱਗੀ ਜੜ ਸਕੇ ਨਾ ਕੋਇ ਉਖੜਾਈਆ । ਆ ਮੇਰੇ ਮੀਆਂ ਮੈਂ ਤੇਰਾ ਕਲਮਾ ਰਹੀ ਪੜ੍ਹ, ਤੂੰ ਮੇਰਾ ਮੈਂ ਤੇਰੀ ਸੋਹੰ ਤੇਰੀ ਧਾਰ ਸਮਾਈਆ । ਤੇਰੀ ਸੇਜ ਬਹਿਵਾਂ ਚੜ੍ਹ, ਚੜ੍ਹ ਚੜ੍ਹ ਆਪਣੀ ਖ਼ੁਸ਼ੀ ਮਨਾਈਆ । ਚਰਨ ਕਵਲ ਕਵਲ ਚਰਨ ਸੇਵਾ ਕਰ, ਸਰ ਆਪਣਾ ਕਲਮ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਹੋਰ ਨਾ ਕੋਇ ਸਹਾਈਆ । ਤੁਧ ਬਿਨ ਅਵਰ ਨਾ ਦੀਸੇ ਕੋਇ, ਨੇਤਰ ਨੈਣ ਨੈਣ ਉਠਾਇਆ । ਚੌਦਾਂ ਲੋਕ ਨਾ ਕੋਈ ਲੋਏ, ਦੀਪਕ ਦੀਆ ਨਾ ਕੋਇ ਰੁਸ਼ਨਾਇਆ । ਦਰਗਹਿ ਦੇਵੇ ਨਾ ਕੋਈ ਢੋਏ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਇਆ । ਮੈਂ ਸੁਣ ਕੇ ਆਈ ਤੇਰੀ ਸੋਏ, ਗ਼ਰੀਬ ਨਿਮਾਣਿਆਂ ਰਿਹਾ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੁਖੜਾ ਦੇ ਮਿਟਾਇਆ ।

## ✳ ੧੬ ਜੇਠ ੨੦੧੯ ਬਿਕਰਮੀ ਕੁਲਵੰਤ ਸਿੰਘ ਪਿੰਡ ਧਿੰਗਾਲੀ ਜੰਮੂ ✳

ਤੁਲਸੀ ਮਾਲਾ ਹਵਨ ਦੀਪ ਘਿਰਤ ਕਰੇ ਪੁਕਾਰ, ਕਲੀ ਫੂਲ ਗੁਲਸ਼ਨ ਗੁਲ ਗੁਲ ਸੀਸ ਝੁਕਾਈਆ । ਪਵਣ ਸੁਗੰਧੀ ਨੇਤਰ ਰੋਵੇ ਧੁਆਂਧਾਰ, ਜਗਤ ਵਾਸ਼ਨਾ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਦਰ ਦਰ ਘਰ ਘਰ ਵੇਖਿਆ ਘਰ ਬਾਰ, ਘਰ ਵਿਚ ਘਰ ਖ਼ੁਸ਼ੀ ਨਾ ਕੋਇ ਮਨਾਈਆ । ਮੰਦਰ ਮੱਠ ਅਗਨੀ ਲਾ ਲਾ ਮੈਨੂੰ ਰਹੇ ਸਾੜ, ਪ੍ਰੇਮ ਅਗਨੀ ਨਾ ਕੋਇ ਲਗਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੇਰਾ ਮਿਲਿਆ ਨਾ ਅਜੇ ਪਿਆਰ, ਚਾਰੋਂ ਕੁੰਟ ਫਿਰ ਫਿਰ ਥੱਕੇ ਪੰਧ ਅੰਤ ਨਾ ਕੋਇ ਮੁਕਾਈਆ । ਰੁੱਤ ਬਸੰਤ ਨਾ ਖਿੜੀ ਗੁਲਜ਼ਾਰ, ਪਤ ਡਾਲੀ ਨਾ ਕੋਇ ਮਹਿਕਾਈਆ । ਪੰਡਤ ਪਾਂਧੇ ਬਾਹਰੋਂ ਕਰਨ ਮੇਰਾ ਪਿਆਰ, ਅੰਤਰ ਨਜ਼ਰ ਕੋਇ ਨਾ ਆਈਆ । ਘਰ ਘਰ ਤੁਲਸੀ ਬੂਟਾ ਰਹੇ ਸ਼ਿੰਗਾਰ, ਤੁਲਹਾ ਆਪਣਾ ਨਾ ਕੋਇ ਬਣਾਈਆ । ਜੀਵ ਜਗਤ ਹੋਇਆ ਖ਼ੁਵਾਰ, ਬਿਨ ਹਰਿ ਭਗਤੀ ਭਗਤ ਨਾ ਕੋਇ ਵਡਿਆਈਆ । ਕਰ ਕਿਰਪਾ ਅੰਤਮ ਵਾਰ, ਅੰਤ ਦੁਆਰਾ ਇਕੋ ਨਜ਼ਰੀ ਆਈਆ । ਸਾਧ ਸੰਤ ਗਏ ਪਛਾੜ, ਪਿਛਾ ਦੇ ਦੇ ਮੁਖ ਭੁਵਾਈਆ । ਨਾਤਾ ਤੋੜ ਗਏ ਸਗਲੇ ਯਾਰ, ਯਾਦ ਨਜ਼ਰ ਕਿਸੇ ਨਾ ਆਈਆ । ਆਪਣਾ ਆਪ ਗਏ ਹਾਰ, ਜਿਤ ਹੋਰ ਨਾ ਕੋਇ ਵਖਾਈਆ । ਆਏ ਚਲ ਸੱਚੇ ਦਰਬਾਰ, ਦਰ ਬੈਠੇ ਸੀਸ ਝੁਕਾਈਆ । ਏਕਾ ਬਖ਼ਸ਼ ਚਰਨ

ਪਿਆਰ, ਮਿਲੇ ਸਰਨ ਸੱਚੀ ਸਰਨਾਈਆ । ਸੇਵਾ ਕਰੀਏ ਸਚ ਦਰਬਾਰ, ਦੂਜੇ ਦਰ ਨਾ ਫੇਰਾ ਪਾਈਆ । ਹਵਨ ਦੀਪ ਘਿਰਤ ਤੇਰੇ ਨੂਰ ਹੋਏ ਉਜਿਆਰ, ਬਾਤੀ ਕਮਲਾਪਾਤੀ ਰੂਪ ਵਟਾਈਆ । ਤੁਲਸੀ ਬੂਟਾ ਚਰਨਾਂ ਛਾਰ, ਧੂੜੀ ਧੂੜ ਟਿੱਕਾ ਲਾਈਆ । ਬਣ ਖੰਡ ਖੇਲ ਅਪਾਰ, ਫਲ ਫੁੱਲ ਸੋਭਾ ਪਾਈਆ । ਮੁਕੰਦ ਮਨੋਹਰ ਕਰ ਪਿਆਰ, ਡੋਰ ਤੇਰੇ ਹੱਥ ਰਖਾਈਆ । ਤੁਟਾ ਨਾਤਾ ਜੋੜ ਵਿਚ ਸੰਸਾਰ, ਦੋਏ ਜੋਦੜੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਵੱਜੇ ਵਧਾਈਆ । ਦਰ ਘਰ ਸਾਚਾ ਹਰਿ ਜੂ ਹਰਿ, ਹਰਿ ਹਰਿ ਆਪ ਜਣਾਇੰਦਾ । ਇਕੋ ਠਾਕਰ ਦੇਵੇ ਵਰ, ਠਾਕਰ ਦੁਆਰਾ ਇਕ ਸਮਝਾਇੰਦਾ । ਇਕੋ ਸਾਗਰ ਜਾਣਾ ਤਰ, ਸਮੁੰਦ ਸਰੋਵਰ ਪਾਰ ਕਰਾਇੰਦਾ । ਇਕੋ ਆਦਰ ਦੇਵੇ ਦਰ, ਦਰ ਆਇਆਂ ਗਲੇ ਲਗਾਇੰਦਾ । ਇਕੋ ਅੰਦਰ ਜਾਣਾ ਵੜ, ਸਾਚਾ ਮੰਦਰ ਆਪ ਵਖਾਇੰਦਾ । ਇਕ ਸਰਨਾਈ ਜਾਣਾ ਪੜ੍ਹ, ਚਰਨ ਕਵਲ ਸਰਨ ਆਪ ਸਮਝਾਇੰਦਾ । ਇਕੋ ਪੱਲੂ ਲੈਣਾ ਫੜ, ਫੜਿਆ ਪੱਲੂ ਨਾ ਕੋਇ ਛੁਡਾਇੰਦਾ । ਇਕੋ ਅੱਖਰ ਲੈਣਾ ਪੜ੍ਹ, ਕਲਜੁਗ ਆਖ਼ਰ ਆਪ ਪੜ੍ਹਾਇੰਦਾ । ਇਕੋ ਅਗਨੀ ਜਾਣਾ ਸੜ, ਪ੍ਰੇਮ ਅਗਨੀ ਆਪ ਲਗਾਇੰਦਾ । ਇਕੋ ਮਰਨੀ ਜਾਣਾ ਮਰ, ਜਨਮ ਮਰਨ ਫੰਦ ਕਟਾਇੰਦਾ । ਸਾਚਾ ਬੂਟਾ ਜਾਣਾ ਬਣ, ਸਚ ਫੁਲਵਾੜੀ ਆਪ ਲਗਾਇੰਦਾ । ਤੁਲਸੀ ਦੇਵੇ ਏਕਾ ਧੰਨ, ਨਾਮ ਧੰਨ ਝੋਲੀ ਪਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਬਨ, ਖੋਜ ਖੋਜ ਆਪਣਾ ਪਰਦਾ ਲਾਹਿੰਦਾ । ਨਿਮਾਂ ਨਿਮਾਂ ਕਰੇ ਪਰਕਾਸ਼ ਚੰਨ, ਚੰਦ ਚਾਂਦਨੀ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਏਕਾ ਮਾਣ ਰਖਾਇੰਦਾ । ਦਰ ਦੇਵੇ ਮਾਣ, ਮਾਣ ਨਿਮਾਣਾ ਆਪ ਹੋ ਜਾਈਆ । ਸਚ ਸੰਦੇਸ਼ਾ ਧੁਰ ਫ਼ਰਮਾਣ, ਧੁਰ ਦੀ ਧਾਰ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਭਾਗਵਤ ਭਗਵਤ ਭਗਵਨ ਏਕਾ ਰੂਪ ਵਟਾਈਆ । ਲੇਖਾ ਜਾਣੇ ਆਵਣ ਜਾਣ, ਆਵਣ ਜਾਵਣ ਦਏ ਮੁਕਾਈਆ । ਬੈਠੇ ਤਖ਼ਤ ਸੱਚਾ ਸੁਲਤਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਚਾਰੇ ਖਾਣੀ ਦੇਵੇ ਇਕ ਗਿਆਨ, ਚਾਰੇ ਬਾਣੀ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਘਰ ਮੇਲਾ ਤੁਲਸੀ ਬੂਟਾ, ਤੁਰਯਾ ਆਪਣਾ ਰਾਗ ਸੁਣਾਈਆ । ਨਾਤਾ ਤੋੜੇ ਜੂਠਾ ਝੂਠਾ, ਕੂੜੀ ਕਿਰਿਆ ਦਏ ਮਿਟਾਈਆ । ਅੰਮ੍ਰਿਤ ਸਰੋਵਰ ਭਰੇ ਠੂਠਾ, ਠੰਡਾ ਜਲ ਆਪ ਪਿਆਈਆ । ਕਿਰਪਾਲ ਪ੍ਰਭ ਏਕਾ ਤੁਠਾ, ਤੁਠ ਆਪਣੀ ਦਇਆ ਕਮਾਈਆ । ਤੈਨੂੰ ਲਗਾਏ ਸਾਚੀ ਗੁੱਠਾ, ਕਿਨਾਰਾ ਆਪਣੇ ਘਰ ਵਖਾਈਆ । ਨਾ ਕੋਈ ਵੱਡਾ ਨਾ ਕੋਈ ਛੋਟਾ, ਏਕਾ ਰੰਗ ਰੰਗਾਈਆ । ਨਾ ਕੋਈ ਪੁੱਤ ਨਾ ਕੋਈ ਪੋਤਾ, ਪੁੱਤਰ ਧੀਆਂ ਗੁਰਮੁਖ ਦਏ ਵਡਿਆਈਆ । ਆਦਿ ਜੁਗਾਦਿ ਕਦੇ ਨਾ ਸੋਤਾ, ਸੋਵਤ ਰੈਣ ਨਾ ਕੋਇ ਵਿਹਾਈਆ । ਨਿਰਮਲ ਨੂਰ ਨਿਰਗੁਣ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਵੇ ਮਾਣ ਵਡਿਆਈਆ । ਤੁਲਸੀ ਕਹੇ ਮੇਰੇ ਰਾਮ, ਕਲੀ ਕਲੀ ਤੇਰੇ ਨਾਮ ਮਹਿਕਾਈਆ । ਦਰ ਆ ਕੇ ਪੀਵਾਂ ਅੰਮ੍ਰਿਤ ਜਾਮ, ਜਾਮਾ ਆਪਣਾ ਲਵਾਂ ਬਦਲਾਈਆ । ਧੂਪ ਕਹੇ ਮੇਰਾ ਧੁਰ ਧਾਮ, ਤੇਰੀ ਚਰਨ ਧੂੜ ਖ਼ਾਕ ਰਮਾਈਆ । ਸੁਗੰਧੀ ਕਹੇ ਮੇਰੀ ਪਰਨਾਮ, ਪਰਮ ਪੁਰਖ ਤੇਰੀ ਸਰਨਾਈਆ । ਹਵਨ ਕਹੇ ਮੇਰੀ ਮਿਟੀ ਸ਼ਾਮ, ਪ੍ਰਭ ਸਾਚੇ ਜੋਤ ਨੂਰ ਕਰੀ ਰੁਸ਼ਨਾਈਆ । ਘਿਰਤ ਕਹੇ ਮਿਲਿਆ ਪ੍ਰਭ ਭਗਵਾਨ, ਆਸਾ ਤ੍ਰਿਸ਼ਨਾ ਦੂਰ ਕਰਾਈਆ । ਨਾਤਾ ਤੁਟਾ ਜਗਤ ਨਿਸ਼ਾਨ, ਪੰਜ ਤਤ ਨਾ ਕੋਇ

੨੦੧
੧੨

ਵਡਿਆਈਆ । ਘਰ ਮੰਦਰ ਮਿਲਿਆ ਆਣ, ਗ੍ਰਿਹ ਆਪਣੀ ਖ਼ੁਸ਼ੀ ਮਨਾਈਆ । ਸਤਿ ਧਰਮ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਅਖਵਾਈਆ । ਜਿਸ ਦੁਆਰੇ ਭਗਤ ਭਗਵੰਤ ਬਹਿ ਬਹਿ ਇਕ ਦੂਜੇ ਨੂੰ ਗਾਣ, ਹੋਰ ਕਰੇ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਮੇਲ ਮਿਲਾ ਕਹੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਦਰ ਆਈ ਅਠੋਤਰੀ ਮਾਲਾ, ਉਠ ਉਠ ਰਹੀ ਸੁਣਾਈਆ । ਵੇਖੇ ਸਿਖੇ ਮੇਰਾ ਮੁਖ ਹੋਇਆ ਕਾਲਾ, ਦੁਰਮਤ ਧੋਵੇ ਨਾ ਕੋਇ ਸ਼ਾਹੀਆ । ਕਲਜੁਗ ਜੀਵ ਮੰਗਣ ਹਾਲਾ, ਮੇਰਾ ਮਣਕਾ ਮਨ ਕੀ ਵਾਸਨਾ ਨਾਲ ਰਲਾਈਆ । ਕਿਸੇ ਨਾ ਮਿਲਿਆ ਰਾਹ ਸੁਖਾਲਾ, ਸੁਖ ਸਾਗਰ ਨਾ ਕੋਇ ਨੁਹਾਈਆ । ਹੱਥ ਵਿਚ ਫੜ ਕੇ ਨਾਲੇ ਜਪਣ ਨਾਲੇ ਕੱਢਣ ਗਾਲਾਂ, ਪਿਛਲਾ ਲੇਖਾ ਗਏ ਗਵਾਈਆ । ਮਨਮੁਖ ਜੀਵ ਇਕ ਦੂਜੇ ਦਾ ਹੋਏ ਭਣਵਯਾ ਸਾਲਾ, ਭਣਵਯਾ ਸਾਲਾ ਬਣ ਬਣ ਅਗਲਾ ਸਾਕ ਨਾ ਕੋਇ ਬਣਾਈਆ । ਤ੍ਰੈਗੁਣ ਮਾਇਆ ਪਾਇਆ ਜੰਜਾਲਾ, ਕਲਜੁਗ ਸਕੇ ਨਾ ਕੋਇ ਤੁੜਾਈਆ । ਮੇਰੇ ਆਸਰੇ ਮਿਲੇ ਪੀਣਾ ਖਾਣਾ, ਪ੍ਰਭ ਸਕੇ ਨਾ ਕੋਇ ਮਿਲਾਈਆ । ਮੈਂ ਆਪ ਭੁੱਲੀ ਮਰਨਾ ਜੀਣਾ, ਜੀਵਣ ਮੁਕਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਘਾਲ ਲੇਖੇ ਲਾਈਆ ।

### ✳ ੧੬ ਜੇਠ ੨੦੧੯ ਬਿਕਰਮੀ ਜਗਤ ਸਿੰਘ, ਬੇਲਾ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ✳

ਸਤਿਗੁਰ ਘਰ ਸਾਚਾ ਸੁਖ, ਸੁਖ ਨਜ਼ਰ ਕਿਤੇ ਨਾ ਆਇੰਦਾ । ਸਤਿਗੁਰ ਘਰ ਮਿਟੇ ਦੁੱਖ, ਦੁਖੀਆਂ ਦੁੱਖ ਦਰਦ ਗਵਾਇੰਦਾ । ਸਤਿਗੁਰ ਘਰ ਉਜਲ ਮੁਖ, ਦੁਰਮਤ ਮੈਲ ਮੈਲ ਧੁਵਾਇੰਦਾ । ਸਤਿਗੁਰ ਘਰ ਸੁਫਲ ਕੁੱਖ, ਮਾਤ ਗਰਭ ਲੇਖੇ ਲਾਇੰਦਾ । ਸਤਿਗੁਰ ਘਰ ਨਾਤਾ ਤੁਟੇ ਉਲਟਾ ਰੁਖ, ਅਜੂਨੀ ਜੂਨ ਫੰਦ ਕਟਾਇੰਦਾ । ਸਤਿਗੁਰ ਘਰ ਅੰਮ੍ਰਿਤ ਮਿਲੇ ਘੁਟ, ਰਸ ਰਸਨਾ ਮੁਖ ਲਗਾਇੰਦਾ । ਸਤਿਗੁਰ ਘਰ ਆਵਣ ਜਾਵਣ ਜਾਏ ਛੁਟ, ਰਾਏ ਧਰਮ ਨੇੜ ਨਾ ਆਇੰਦਾ । ਸਤਿਗੁਰ ਘਰ ਸੋਹੇ ਸਾਚੀ ਰੁੱਤ, ਰੁੱਤ ਬਸੰਤ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਇੰਦਾ । ਸਤਿਗੁਰ ਘਰ ਮਿਲੇ ਸਾਂਤ, ਸਾਂਤਕ ਸਤਿ ਸਤਿ ਵਰਤਾਈਆ । ਸਤਿਗੁਰ ਘਰ ਸਾਚੀ ਦਾਤ, ਵਸਤ ਅਮੋਲਕ ਇਕ ਵਰਤਾਈਆ । ਸਤਿਗੁਰ ਘਰ ਨਾਤਾ ਤੁਟੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਸਤਿਗੁਰ ਘਰ ਮਿਟੇ ਅੰਧੇਰੀ ਰਾਤ, ਜਗਤ ਅੰਧੇਰਾ ਰਹੇ ਨਾ ਰਾਈਆ । ਸਤਿਗੁਰ ਘਰ ਸੁਣੇ ਸਾਚੀ ਗਾਥ, ਏਕਾ ਮੰਤਰ ਨਾਮ ਪੜ੍ਹਾਈਆ । ਸਤਿਗੁਰ ਘਰ ਲਹਿਣਾ ਦੇਣਾ ਚੁੱਕੇ ਪਿਤਾ ਮਾਤ, ਸਾਚੀ ਗੋਦ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਘਰ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਸਤਿਗੁਰ ਘਰ ਇਕ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਸਤਿਗੁਰ ਘਰ ਇਕ ਛੰਦ, ਗੀਤ ਸੁਹਾਗੀ ਆਪ ਅਲਾਇੰਦਾ । ਸਤਿਗੁਰ ਘਰ ਏਕਾ ਵੰਡ, ਦੂਸਰ ਵੰਡ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਤਿਗੁਰ ਘਰ ਏਕਾ ਵਸਤ, ਵਸਤੂ ਹਰਿ ਹਰਿ ਆਪ ਵਰਤਾਈਆ ।

ਦੇਵਣਹਾਰਾ ਆਪਣੇ ਦਸਤ, ਦਸਤਗੀਰ ਬੇਪਰਵਾਹੀਆ । ਲਹਿਣਾ ਚੁੱਕੇ ਕੀਟ ਹਸਤ, ਹਸਤ ਕੀਟ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਸਤਿਗੁਰ ਘਰ ਸਾਚਾ ਮਾਣ, ਨਿਮਾਣਿਆਂ ਹਰਿ ਰਖਾਇੰਦਾ । ਸਤਿਗੁਰ ਘਰ ਸਾਚਾ ਦਾਨ, ਦਇਆਵਾਨ ਝੋਲੀ ਪਾਇੰਦਾ । ਸਤਿਗੁਰ ਘਰ ਇਕ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਸਤਿਗੁਰ ਘਰ ਏਕਾ ਮਾਣ, ਊਚ ਨੀਚ ਨਾ ਕੋਇ ਬਣਾਇੰਦਾ । ਸਤਿਗੁਰ ਘਰ ਏਕਾ ਪੀਣ ਖਾਣ, ਅੰਮ੍ਰਿਤ ਆਤਮ ਰਸ ਚਖਾਇੰਦਾ । ਸਤਿਗੁਰ ਘਰ ਇਕ ਪਛਾਣ, ਵੱਡਾ ਛੋਟਾ ਨਾ ਕੋਇ ਜਣਾਇੰਦਾ । ਸਤਿਗੁਰ ਘਰ ਇਕ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਸਤਿਗੁਰ ਘਰ ਇਕ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਤਿਗੁਰ ਘਰ ਸੋਹੇ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਸਤਿਗੁਰ ਘਰ ਸਾਚੇ ਸੁਤ, ਹਰਿਜਨ ਬੈਠੇ ਡੇਰਾ ਲਾਈਆ । ਸਤਿਗੁਰ ਘਰ ਲੇਖੇ ਲੱਗੇ ਪੰਜ ਤਤ ਕਾਇਆ ਬੁੱਤ, ਬੁੱਤੀ ਹੋਰ ਨਾ ਕੋਇ ਪਾਈਆ । ਸਤਿਗੁਰ ਘਰ ਸੁਰਤ ਸਵਾਣੀ ਪਏ ਉਠ, ਸਤਿਗੁਰ ਪੂਰਾ ਆਪ ਉਠਾਈਆ । ਸਤਿਗੁਰ ਘਰ ਨਿਰਮਲ ਜਗੇ ਜੋਤ, ਜੋਤ ਜੋਤ ਰੁਸ਼ਨਾਈਆ । ਸਤਿਗੁਰ ਘਰ ਇਕੋ ਕੋਟ, ਬੰਕ ਦੁਆਰਾ ਇਕ ਵਖਾਈਆ । ਸਤਿਗੁਰ ਘਰ ਨਿਕਲੇ ਖੋਟ, ਝੂਠੀ ਵਾਸਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਸਤਿਗੁਰ ਘਰ ਸਾਚਾ ਮੰਦਰ, ਹਰਿ ਮੰਦਰ ਆਪ ਵਖਾਇੰਦਾ । ਸਤਿਗੁਰ ਘਰ ਚੁੱਕੇ ਅੰਧੇਰਾ ਡੂੰਘੀ ਕੰਧਰ, ਅੰਧ ਅਗਿਆਨ ਨਾ ਕੋਇ ਰਹਾਇੰਦਾ । ਸਤਿਗੁਰ ਘਰ ਮਨ ਵਾਸਨਾ ਬੱਝੇ ਬੰਦਰ, ਦਹਿ ਦਿਸ਼ਾ ਨਾ ਕੋਇ ਭੁਵਾਇੰਦਾ । ਸਤਿਗੁਰ ਘਰ ਹੋਏ ਪਰਕਾਸ਼ ਡੂੰਘੀ ਕੰਦਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਖਾਇੰਦਾ । ਸਾਚਾ ਘਰ ਗੁਰੂਦੁਆਰਾ, ਗੁਰ ਗੁਰ ਏਕਾ ਏਕ ਜਣਾਈਆ । ਜੁਗ ਜੁਗ ਵੇਖੇ ਵੇਖਣਹਾਰਾ, ਵੇਸ ਅਨੇਕਾ ਰੂਪ ਵਟਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੱਖ ਚੁਰਾਸੀ ਫੋਲ ਫੁਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬੋਲ ਜੈਕਾਰਾ, ਜੈ ਜੈ ਆਪਣੇ ਨਾਉਂ ਕਰਾਈਆ । ਕਾਗਦ ਕਲਮ ਦੇ ਸਹਾਰਾ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣੇ ਅਪਰ ਅਪਾਰਾ, ਅਗੰਮ ਅਗੋਚਰ ਭੇਵ ਨਾ ਰਾਈਆ । ਸਚਖੰਡ ਵਸੇ ਵਸਣਹਾਰਾ, ਸਤਿ ਸਤਿਵਾਦੀ ਧਾਰ ਚਲਾਈਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਆਪਣਾ ਪਰਦਾ ਦਏ ਉਠਾਈਆ । ਸੁਨ ਅਗੰਮੀ ਪਾਰ ਕਿਨਾਰਾ, ਸੁਨ ਸਮਾਧ ਡੇਰਾ ਢਾਈਆ । ਲੱਖ ਚੁਰਾਸੀ ਕਰ ਪਸਾਰਾ, ਘਰ ਘਰ ਮੰਦਰ ਰਿਹਾ ਸੁਹਾਈਆ । ਜਨ ਭਗਤਾਂ ਦੇਵੇ ਦਰਸ ਦੀਦਾਰਾ, ਆਤਮ ਪਰਮਾਤਮ ਮੇਲ ਮਿਲਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਖ਼ੁਸ਼ੀ ਮਨਾਈਆ । ਗੁਰ ਕਾ ਘਰ ਗੁਰ ਜਾਨਣਹਾਰਾ, ਦੂਸਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਗੁਰ ਕਾ ਘਰ ਮਿਲੇ ਸੰਜੋਗ, ਧੁਰ ਸੰਜੋਗੀ ਆਪ ਮਿਲਾਇੰਦਾ । ਗੁਰ ਘਰ ਮਿਟੇ ਰੋਗ, ਰੋਗੀ ਨਜ਼ਰ ਕੋਇ ਨਾ ਆਇੰਦਾ । ਗੁਰ ਘਰ ਚੁਗੇ ਸਾਚੀ ਚੋਗ, ਨਾਮ ਚੋਗਾ ਮੁਖ ਵਖਾਇੰਦਾ । ਗੁਰ ਘਰ ਮਿਟੇ ਜਗਤ ਵਿਜੋਗ, ਵਿਜੋਗੀ ਆਪਣਾ ਬੰਧਨ ਪਾਇੰਦਾ । ਗੁਰ ਘਰ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਗੁਰ

ਘਰ ਨ ਕੋਇ ਭੋਗ, ਭੋਗੀ ਆਪਣਾ ਭੋਗ ਭੋਗਾਇੰਦਾ । ਗੁਰ ਘਰ ਸਤਿ ਸਲੋਕ, ਸਤਿ ਸਤਿਵਾਦੀ ਆਪ ਸੁਣਾਇੰਦਾ । ਗੁਰ ਘਰ ਕੋਇ ਨਾ ਸਕੇ ਰੋਕ, ਊਚ ਨੀਚ ਜ਼ਾਤ ਪਾਤ ਵਰਨ ਗੋਤ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਗੁਰ ਘਰ ਆਇਆਂ ਸਭ ਨੂੰ ਹੋਏ ਛੋਟ, ਕਰ ਕਿਰਪਾ ਪਾਰ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਘਰ ਸੱਚਾ ਦਰਵਾਜ਼ਾ, ਦਰ ਦਰ ਆਪਣਾ ਆਪ ਜਣਾਈਆ । ਗੁਰ ਘਰ ਵਸੇ ਗ਼ਰੀਬ ਨਿਵਾਜ਼ਾ, ਰੂਪ ਅਨੂਪ ਵੇਸ ਵਟਾਈਆ । ਗੁਰ ਘਰ ਸੋਹੇ ਰਾਜਨ ਰਾਜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਘਰ ਨਿਰਗੁਣ ਫਿਰੇ ਭਾਜਾ, ਨਿਰਵੈਰ ਨਿਰਾਕਾਰ ਬੇਪਰਵਾਹੀਆ । ਗੁਰ ਘਰ ਲੱਖ ਚੁਰਾਸੀ ਰਚਿਆ ਕਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਘਰ ਦੇਵੇ ਮਾਣ ਵਡਿਆਈਆ । ਗੁਰ ਘਰ ਮਿਟੇ ਸੰਤਾਪ, ਸੰਸਾ ਕੋਇ ਰਹਿਣ ਨਾ ਪਾਈਆ । ਗੁਰ ਘਰ ਮਿਟੇ ਪਾਪ, ਪਤਤ ਪਾਪੀ ਦਏ ਤਰਾਈਆ । ਗੁਰ ਘਰ ਇਕੋ ਜਾਪ, ਜਪਤ ਜਪਤ ਜੀਵ ਸੁਖ ਪਾਈਆ । ਗੁਰ ਘਰ ਇਕੋ ਪਾਠ, ਪਾਠਸ਼ਾਲਾ ਦਏ ਸਮਝਾਈਆ । ਗੁਰ ਘਰ ਇਕੋ ਘਾਟ, ਸਾਚਾ ਪੱਤਣ ਦਏ ਪਰਗਟਾਈਆ । ਗੁਰ ਘਰ ਮੁੱਕੇ ਵਾਟ, ਲੱਖ ਚੁਰਾਸੀ ਪੰਧ ਨਾ ਕੋਇ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਗੁਰ ਘਰ ਸਚ ਟਿਕਾਣਾ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਗੁਰ ਘਰ ਸ਼ਬਦ ਬਬਾਣਾ, ਹਰਿਜਨ ਸਾਚੇ ਆਪ ਚੜ੍ਹਾਇੰਦਾ । ਗੁਰ ਘਰ ਖੇਲੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਘਰ ਏਕਾ ਰੰਗ ਰੰਗਾਇੰਦਾ । ਗੁਰ ਘਰ ਕਲਜੁਗ ਅੰਤਮ ਕਲ, ਪੁਰਖ ਅਕਾਲ ਅਕਾਲ ਜਣਾਈਆ । ਲੱਖ ਚੁਰਾਸੀ ਵਲ ਛਲ, ਅਛਲ ਅਛੱਲ ਰਿਹਾ ਕਮਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਅਟੱਲ ਪਦਵੀ ਦਏ ਜਣਾਈਆ । ਸਚ ਸੁਨੇਹੁੜਾ ਸਾਹਿਬ ਘੱਲ, ਗੁਰ ਸਤਿਗੁਰ ਰਿਹਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਘਰ ਇਕ ਪਰਗਟਾਈਆ । ਗੁਰ ਘਰ ਇਕ ਆਦੇਸ਼, ਦੇਸ ਦਸੰਤਰ ਸੀਸ ਝੁਕਾਇੰਦਾ । ਗੁਰ ਘਰ ਇਕ ਨਰੇਸ਼, ਨਰ ਨਰਾਇਣ ਆਸਣ ਲਾਇੰਦਾ । ਗੁਰ ਘਰ ਇਕ ਹੇਤ, ਲੱਖ ਚੁਰਾਸੀ ਹਿਤ ਕਮਾਇੰਦਾ । ਗੁਰ ਘਰ ਇਕ ਖੇਤ, ਫੁਲ ਫਲਵਾੜੀ ਮਾਤ ਮਹਿਕਾਇੰਦਾ । ਗੁਰ ਘਰ ਬਸੰਤੀ ਰੁੱਤ ਰਹੇ ਚੇਤ, ਚੇਤਨ ਸਭ ਨੂੰ ਆਪ ਕਰਾਇੰਦਾ । ਗੁਰ ਘਰ ਨਾਤਾ ਤੁਟੇ ਜਿਨ ਪਰੇਤ, ਭੂਤਕ ਭੇਵ ਆਪਣਾ ਭੇਵ ਖੁਲ੍ਹਾਇੰਦਾ । ਗੁਰ ਘਰ ਇਕੋ ਤੰਦ ਬੰਨ੍ਹੇ ਸਾਚਾ ਸੂਤ, ਸੂਤਕ ਹੋਰ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਵਡਿਆਇੰਦਾ । ਸਾਚਾ ਘਰ ਗੁਰ ਕਾ ਹੱਟ, ਹਰਿ ਜੂ ਹਰਿ ਹਰਿ ਆਪ ਜਣਾਈਆ । ਦੁੱਖ ਦਰਦ ਦਲਿਦਰ ਦੇਵੇ ਕੱਟ, ਨਿਮਖ ਨਿਮਖ ਦਏ ਕਟਾਈਆ । ਕਰ ਕਿਰਪਾ ਤਨ ਪਹਿਨਾਏ ਸਾਚਾ ਪੱਟ, ਪੱਟੀ ਆਪਣੇ ਨਾਮ ਪੜ੍ਹਾਈਆ । ਗੁਰ ਕੇ ਮੰਦਰ ਸਾਚਾ ਮਾਰਗ ਦੇਵੇ ਦੱਸ, ਹਰਿ ਮੰਦਰ ਦਏ ਬਹਾਈਆ । ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਵਾਨ ਵੇਖ ਵਖਾਈਆ । ਜੁਗ ਜੁਗ ਪੂਰੀ ਕਰਦਾ ਆਇਆ ਆਸ, ਆਸਾਵਾਨ ਦਇਆ ਕਮਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਰੁਲਾਈਆ । ਗੁਰਮੁਖ ਵਿਰਲੇ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਡਿਆਈਆ । ਘਰ ਮੰਦਰ ਸੋਭਾਵੰਤ, ਹਰਿ ਜੂ

ਹਰਿ ਹਰਿ ਆਪ ਸੁਹਾਇੰਦਾ । ਹਰਿਜਨ ਮੇਲਾ ਹਰਿ ਹਰਿ ਕੰਤ, ਨਿਰਗੁਣ ਨਾਰੀ ਸਰਗੁਣ ਸੇਵ ਕਮਾਇੰਦਾ । ਨਾਮ ਅਧਾਰਾ ਮਣੀਆਂ ਮੰਤ, ਮਨ ਮੰਦਰ ਭੇਵ ਚੁਕਾਇੰਦਾ । ਮਹਿਮਾ ਜਣਾਏ ਆਪ ਬੇਅੰਤ, ਅਗਣਤ ਆਪਣਾ ਲੇਖਾ ਆਪ ਗਣਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਸਤਿ ਸਤਿ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਵਡਿਆਇੰਦਾ । ਘਰ ਵੱਡਾ ਵਡ ਬਲਕਾਰ, ਬਲ ਬਾਵਨ ਦਏ ਸਮਝਾਈਆ । ਜਿਸ ਤਖ਼ਤ ਸੋਹੇ ਆਪ ਨਿਰੰਕਾਰ, ਸੋ ਤਖ਼ਤ ਲਏ ਪਰਗਟਾਈਆ । ਜਿਸ ਮੰਦਰ ਕਰੇ ਆਕਾਰ, ਨਿਰਾਕਾਰ ਦਏ ਵਖਾਈਆ । ਜਿਸ ਚਰਨ ਧਰੇ ਦਰਬਾਰ, ਸੋ ਦਰਬਾਰਾ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਸਾਚਾ ਘਰ ਗੁਰ ਗੁਰ ਖੇਲ, ਖੇਲਣਹਾਰਾ ਆਪ ਜਣਾਇੰਦਾ । ਆਦਿ ਜੁਗਾਦੀ ਇਕੋ ਮੇਲ, ਮਿਲ ਮਿਲ ਆਪਣਾ ਰਾਹ ਵਖਾਇੰਦਾ । ਕਰ ਪਰਕਾਸ਼ ਬਿਨ ਬਾਤੀ ਤੇਲ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਸਚ ਦੁਆਰੇ ਸੱਜਣ ਸੁਹੇਲ, ਬਹਿ ਬਹਿ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸਾਲਾਹਿੰਦਾ । ਘਰ ਸਲਾਹੇ ਹਰਿ ਨਿਰੰਕਾਰਾ, ਘਰ ਆਪਣਾ ਆਪ ਤਜਾਈਆ । ਨਿਰਗੁਣ ਨਿਰਗੁਣ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਰਿਹਾ ਲਾਰਾ, ਹੁਕਮੇ ਹੁਕਮ ਸਰਬ ਭੁਵਾਈਆ । ਸਚਖੰਡ ਲੋਕਮਾਤ ਨਾ ਕਿਸੇ ਵਖਾਇਆ ਸਚ ਮਨਾਰਾ, ਮੁਨੀ ਰਿਖੀ ਕੋਟਨ ਕੋਟ ਗਏ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਾਰੋ ਵਾਰੀ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਬਣੌਂਦੇ ਰਹੇ ਵਿਚ ਸੰਸਾਰਾ, ਗੁਰ ਕਾ ਘਰ ਇਕ ਨਾ ਕੋਇ ਬਣਾਈਆ । ਹਰਿ ਕਾ ਮੰਦਰ ਸਭ ਤੋਂ ਨਿਆਰਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਇਕੋ ਵਸੇ ਠਾਕਰ ਸਵਾਮੀ ਅਪਰ ਅਪਾਰਾ, ਦੂਸਰ ਸੰਗ ਨਾ ਕੋਇ ਰਖਾਈਆ । ਇਕੋ ਨਾਦ ਵੱਜੇ ਧੁਨਕਾਰਾ, ਇਕੋ ਰਾਗੀ ਰਾਗ ਅਲਾਈਆ । ਏਕਾ ਦੀਪਕ ਹੋਏ ਉਜਿਆਰਾ, ਦੂਸਰ ਨੂਰ ਨਾ ਕੋਇ ਰੁਸ਼ਨਾਈਆ । ਇਕੋ ਤਖ਼ਤ ਬਹੇ ਆਪ ਕਰਤਾਰਾ, ਕੁਦਰਤ ਵੇਖੇ ਚਾਈਂ ਚਾਈਂਆ । ਇਕੋ ਹੁਕਮ ਕਰੇ ਵਰਤਾਰਾ, ਹੁਕਮੀ ਹੁਕਮ ਆਪ ਸੁਣਾਈਆ । ਇਕੋ ਭਰਨਹਾਰ ਭੰਡਾਰਾ, ਸਚ ਵਸਤੂ ਆਪ ਵਰਤਾਈਆ । ਇਕੋ ਪਰਗਟਾਵਣਹਾਰਾ ਗੁਰ ਅਵਤਾਰਾ, ਜੁਗ ਜੁਗ ਆਪਣੀ ਖੇਲ ਕਰਾਈਆ । ਇਕੋ ਖੋਲ੍ਹਣਹਾਰਾ ਸਚ ਕਿਵਾੜਾ, ਸਾਚੀ ਬਣਤ ਦਏ ਸਮਝਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਗੁਰੂ ਦਰਬਾਰਾ ਦਏ ਵਖਾਈਆ । ਚਾਰ ਵਰਨਾਂ ਦੇਵੇ ਮਾਣਾ, ਊਚਾਂ ਨੀਚਾਂ ਇਕ ਟਿਕਾਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਆਪੇ ਗਾਏ ਆਪਣਾ ਗਾਣਾ, ਜਨ ਭਗਤਾਂ ਸਿਫ਼ਤ ਸਾਲਾਹੀਆ । ਚਾਰੋਂ ਕੁੰਟ ਖੇਲ ਮਹਾਨਾ, ਚੌਥੇ ਜੁਗ ਜੁਗ ਜਣਾਈਆ । ਲੱਖ ਚੁਰਾਸੀ ਨੌਂ ਦੁਆਰੇ ਫਿਰੇ ਜਹਾਨਾ, ਬਿਨ ਨੌਂ ਦੁਆਰ ਚਾਰ ਖਾਣੀ ਕੋਇ ਰਹਿਣ ਨਾ ਪਾਈਆ । ਪਸੂ ਪੰਛੀ ਪੰਖੀ ਹਸਤ ਕੀਟ ਚੀਊਟੀ ਮਿਲੇ ਸ੍ਰੀ ਭਗਵਾਨਾ, ਸਰਬ ਘਟ ਆਪਣਾ ਰੰਗ ਵਖਾਈਆ । ਸੋ ਘਰ ਹੋਏ ਪਰਵਾਨਾ, ਜਿਸ ਘਰ ਬਹਿ ਬਹਿ ਹਰਿ ਜੂ ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਲੇਖਾ ਰਿਹਾ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਕਲਜੁਗ ਅੰਤਮ ਦਿਤਾ ਦਾਨਾ, ਭਗਤ ਭਗਵੰਤ ਬਣਾਇਆ ਨਿਸ਼ਾਨਾ, ਨਿਸ਼ਾਨਾ ਇਕੋ ਮਾਤ ਝੁਲਾਈਆ ।

## ✳ ੧੬ ਜੇਠ ੨੦੧੯ ਬਿਕਰਮੀ ਅਮਰ ਨਾਥ ਦੇ ਗ੍ਰਿਹਿ ਪਿੰਗਾਲੀ ਜੰਮੂ ✳

ਜਗਤ ਨਾਤਾ ਪਾਏ ਗੰਢ, ਗੰਢਣਹਾਰ ਦਇਆ ਕਮਾਇੰਦਾ । ਮਾਤ ਪਿਤ ਸੀਨੇ ਠੰਡ, ਸੀਤਲ ਧਾਰ ਆਪ ਵਹਾਇੰਦਾ । ਸੁਤ ਦੁਲਾਰਾ ਨੂਰੀ ਚੰਦ, ਨੂਰ ਨੂਰ ਨਾਲ ਮਿਲਾਇੰਦਾ । ਦੁੱਖ ਸੁਖ ਵਿਚ ਵਖਾਏ ਅਨੰਦ, ਅਨੰਦ ਇਕੋ ਗੁਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਾਤਾ ਆਪ ਬੰਧਾਇੰਦਾ । ਜਗਤ ਨਾਤਾ ਮਾਤ ਪਿਤ, ਘਰ ਵੱਜੇ ਵਧਾਈਆ । ਪੂਤ ਸਪੂਤਾ ਕਰੇ ਹਿੱਤ, ਦੁੱਖੜਾ ਦਰਦ ਗਵਾਈਆ । ਪੁਰਖ ਅਬਿਨਾਸ਼ੀ ਰੱਖਣਾ ਚਿੱਤ, ਭੁੱਲ ਕਦੇ ਨਾ ਜਾਈਆ । ਰੁੱਤੜੀ ਸੋਹੇ ਸਾਚੀ ਥਿਤ, ਬਾਲ ਬਾਲਾ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗ ਬੂਟਾ ਦੇਵੇ ਲਾਈਆ । ਜਗ ਬੂਟਾ ਲਾਏ ਬਣ ਬਣ ਮਾਲੀ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਆਪੇ ਭਰੇ ਝੋਲੀ ਖ਼ਾਲੀ, ਖ਼ਾਲੀ ਝੋਲੀ ਆਪ ਭਰਾਇੰਦਾ । ਫਲ ਲਗਾਏ ਸਾਚੀ ਡਾਲੀ, ਰੰਗ ਆਪਣਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਦਿਤਾ ਦਾਨ, ਹਰਿ ਜੂ ਹਰਿ ਹਰਿ ਦਇਆ ਕਮਾਈਆ । ਪਿਛਲੀ ਵਸਤ ਲੈਣੀ ਪਛਾਣ, ਅੰਗ ਅੰਗ ਨਾਲ ਜੁੜਾਈਆ । ਕਰਿਆ ਖੇਲ ਆਪ ਮਹਾਨ, ਹਰਿਜਨ ਸਾਚੇ ਦਏ ਵਡਿਆਈਆ । ਬਾਲਕ ਨਾਉਂ ਰੱਖਣਾ ਦਾਸ ਭਗਵਾਨ, ਭਾਗ ਘਰ ਨੂੰ ਦਏ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਦੁੱਖ ਦਏ ਗਵਾਈਆ ।



## ✳ ੧੬ ਜੇਠ ੨੦੧੯ ਬਿਕਰਮੀ ਪੂਰਨ ਸਿੰਘ ਦੇ ਗ੍ਰਿਹਿ ਪਿੰਗਾਲੀ ਜੰਮੂ ✳

ਸਾਚਾ ਘਰ ਹਰਿ ਮਨਾਰਾ, ਮੋਹਣ ਹਰਿ ਹਰਿ ਆਪ ਬਣਾਇੰਦਾ । ਸੇਵਾ ਕਰ ਅਗੰਮ ਅਪਾਰਾ, ਆਪਣੀ ਸੇਵਾ ਲੇਖੇ ਲਾਇੰਦਾ । ਪਰਗਟ ਹੋ ਵਿਚ ਸੰਸਾਰਾ, ਸਾਖਯਾਤ ਖੇਲ ਕਰਾਇੰਦਾ । ਲੇਖਾ ਜਾਣੇ ਸਦਾ ਸਦਾ ਸਦ ਜੁਗ ਚਾਰਾ, ਚੌਕੜੀ ਆਪਣਾ ਬੰਧਨ ਪਾਇੰਦਾ । ਚਾਰ ਵਰਨ ਵਰਨ ਸਹਾਰਾ, ਬਰਨ ਬਰਨ ਗੰਢ ਪੁਵਾਇੰਦਾ । ਅੰਤਮ ਕਰੇ ਪਾਰ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਉਪਾਇੰਦਾ । ਸਾਚਾ ਘਰ ਉਪਮਾ ਜੋਗ, ਗੁਰ ਗੁਰ ਰਹੇ ਸਾਲਾਹੀਆ । ਨਿਮਸਕਾਰ ਕਰਨ ਚੌਦਾਂ ਲੋਕ, ਚੌਦਾਂ ਤਬਕ ਸਜਦਾ ਸੀਸ ਝੁਕਾਈਆ । ਕਰੋੜ ਤਤੀਸਾ ਵਿਸ਼ਨ ਬ੍ਰਹਮਾ ਸ਼ਿਵ ਮੰਗੇ ਮੋਖ, ਦੋਏ ਜੋੜ ਜੋੜ ਸਰਨਾਈਆ । ਭਗਤ ਭਗਵੰਤ ਬੋਲਣ ਇਕ ਸਲੋਕ, ਸੋਹਲਾ ਹਰਿ ਹਰਿ ਨਾਮ ਜਣਾਈਆ । ਦੋ ਜਹਾਨਾਂ ਦਿਸੇ ਸਾਚਾ ਕੋਟ, ਕੋਟੀ ਕੋਟ ਬੈਠੇ ਧਿਆਨ ਲਗਾਈਆ । ਨਿਰਾਕਾਰ ਨਿਰਵੈਰ ਅਜੂਨੀ ਰਹਿਤ ਜਗਾਏ ਜੋਤ, ਜੋਤੀ ਜਾਤਾ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਜਣਾਏ ਆਪਣੀ ਸਰੋਤ, ਸ੍ਰਿਸ਼ਟ ਸਬਾਈ ਆਪ ਸਮਝਾਈਆ । ਆਦਿ ਜੁਗਾਦਿ ਗੁਰ ਇਕੋ ਬਹੁਤ, ਦੂਸਰ ਗੁਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਘਰ ਵੇਖੇ ਚਾਈਂ ਚਾਈਆ । ਗੁਰ ਘਰ ਵੇਖੇ ਸਚ ਮਹੱਲਾ, ਮਹੱਲ ਆਪਣਾ ਆਪ ਜਣਾਈਆ । ਪਾਵੇ ਸਾਰ ਇਕ ਇਕੱਲਾ, ਅਕਲ ਕਲ ਵੇਸ ਵਟਾਈਆ । ਪੰਚਮ ਮੇਲਾ

ਦਰਗਹਿ ਸਾਚੀ ਫੜਾਇਆ ਪੱਲਾ, ਬੰਧਨ ਏਕਾ ਏਕ ਰਖਾਈਆ । ਸਚ ਸੰਦੇਸ਼ ਨਰ ਨਰੇਸ਼ ਆਪ ਘੱਲਾ, ਸਾਚਾ ਹੁਕਮ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਸਲਾਹੀਆ । ਸਾਚਾ ਘਰ ਪੰਚ ਪਰਵਾਨਾ, ਹਰਿ ਆਪਣੇ ਰਾਹ ਚਲਾਇੰਦਾ । ਪੰਚਮ ਪੰਚ ਕਰ ਪਰਧਾਨਾ, ਪੰਚਮ ਏਕਾ ਰੰਗ ਵਖਾਇੰਦਾ । ਪੰਚ ਸੁਹਾਏ ਦਰ ਰਾਜਾਨਾ, ਦਰ ਏਕਾ ਏਕ ਪਰਗਟਾਇੰਦਾ । ਪੰਚਾਂ ਦੇਵੇ ਇਕੋ ਮਾਣਾ, ਸਿਰ ਆਪਣਾ ਹੱਥ ਟਿਕਾਇੰਦਾ । ਪੰਚਾਂ ਕਰਿਆ ਗੁਰ ਧਿਆਨਾ, ਗੁਰ ਸਤਿਗੁਰ ਹਰਿ ਜੂ ਨਜ਼ਰੀ ਆਇੰਦਾ । ਪੰਜੇ ਦੋਏ ਜੋੜ ਹੋਏ ਨਿਮਾਣਾ, ਆਪਣਾ ਬਲ ਨਾ ਕੋਇ ਰਖਾਇੰਦਾ । ਅਸੀਂ ਮੰਨ ਕੇ ਆਏ ਤੇਰਾ ਭਾਣਾ, ਦਰ ਤੇਰਾ ਇਕੋ ਭਾਇੰਦਾ । ਤੂੰ ਸਾਹਿਬ ਸੱਚਾ ਰਾਣਾ, ਸ਼ਾਹ ਪਾਤਸ਼ਾਹ ਅਖਵਾਇੰਦਾ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਕਿਸੇ ਨਾ ਮਿਲੇ ਕੋਈ ਟਿਕਾਣਾ, ਦੀਨ ਮਜ਼੍ਹਬ ਸਰਬ ਲੜਾਇੰਦਾ । ਵੰਡੀ ਵੰਡ ਰਾਜ ਰਾਜਾਨਾ, ਖੰਡ ਖੰਡ ਸਰਬ ਕਰਾਇੰਦਾ । ਕੋਈ ਪੜ੍ਹੇ ਵੇਦ ਪੁਰਾਨਾ, ਕੋਈ ਸ਼ਾਸਤਰ ਸਿਮਰਤ ਅੰਗ ਲਗਾਇੰਦਾ । ਕੋਈ ਧਰੇ ਧਿਆਨ ਗੀਤਾ ਗਿਆਨਾ, ਕੋਈ ਅੰਜੀਲ ਕੁਰਾਨ ਨਾਅਰਾ ਸੁਣਾਇੰਦਾ । ਕੋਈ ਖਾਣੀ ਬਾਣੀ ਵੇਖੇ ਨਿਸ਼ਾਨਾ, ਜਗਤ ਨਿਸ਼ਾਨਾ ਸੋਭਾ ਪਾਇੰਦਾ । ਤੇਰਾ ਭੇਵ ਨਾ ਜਾਣੇ ਕੋਇ ਸ੍ਰੀ ਭਗਵਾਨਾ, ਤੇਰਾ ਨਿਸ਼ਾਨਾ ਨਜ਼ਰ ਕਿਸੇ ਨਾ ਆਇੰਦਾ । ਅਸੀਂ ਰਲ ਕੇ ਮੰਗਣ ਆਏ ਸੱਚਾ ਦਾਨਾ, ਦਾਤਾ ਦਾਨੀ ਤੂੰ ਅਖਵਾਇੰਦਾ । ਚਾਰ ਵਰਨ ਚਾਰ ਕੁੰਟ ਝੁਲਾ ਇਕ ਨਿਸ਼ਾਨਾ, ਦੂਸਰ ਹੋਰ ਨਾ ਕੋਇ ਰਖਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਸ੍ਰੀ ਭਗਵਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਬਲ ਬਾਵਨ ਕਰੇ ਪਰਵਾਨਾ, ਸਚ ਸੰਦੇਸ਼ਾ ਇਕ ਸੁਣਾਇੰਦਾ । ਲੋਕਮਾਤ ਬਣਾਏ ਸਚ ਮਕਾਨਾ, ਮੁਕਾਮੇ ਹੱਕ ਖੇਲ ਕਰਾਇੰਦਾ । ਲੱਖ ਚੁਰਾਸੀ ਜੀਵਾਂ ਦੇਵੇ ਮਾਣਾ, ਮਾਣਸ ਮਾਨੁਖ ਮਾਨਵ ਸਾਢੇ ਤਿੰਨ ਹੱਥ ਗੰਢ ਵਖਾਇੰਦਾ । ਅੰਦਰ ਬਾਹਰ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਰੂਪ ਵਟਾਇੰਦਾ । ਸਾਚੇ ਭਗਤ ਉਠਾਏ ਵਾਲੀ ਦੋ ਜਹਾਨਾਂ, ਉਠ ਉਠ ਆਪਣੀ ਸੇਵ ਕਮਾਇੰਦਾ । ਸਾਚਾ ਘਰ ਵਖਾਏ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਨਾਉਂ ਰੱਖੇ ਇਕ ਮਹਾਨਾ, ਭਗਤ ਦੁਆਰਾ ਮਾਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਘਰ ਗੁਰ ਸ਼ਬਦ ਮਿਲੇ ਵਰ, ਸਤਿਗੁਰ ਇਕੋ ਨਾਮ ਸਾਲਾਹਿੰਦਾ ।

### ✳ ੧੬ ਜੇਠ ੨੦੧੯ ਬਿਕਰਮੀ ਮੰਗਲ ਸਿੰਘ ਦੇ ਗ੍ਰਿਹ ਪਿੰਗਾਲੀ ਜੰਮੂ ✳

ਇਕ ਮੰਗਲ ਦਿਵਸ ਰਾਤ, ਘੜੀ ਪਲ ਵੰਡ ਵੰਡਾਇੰਦਾ । ਇਕ ਮੰਗਲ ਹਰਿ ਕੀ ਗਾਥ, ਆਦਿ ਜੁਗਾਦਿ ਸਰਬ ਗੁਣ ਗਾਇੰਦਾ । ਇਕ ਮੰਗਲ ਨਾਤਾ ਪਿਤਾ ਮਾਤ, ਜਗਤ ਨਾਤਾ ਬੰਧਨ ਪਾਇੰਦਾ । ਗੁਰਸਿਖ ਮੰਗਲ ਵਸੇ ਸਤਿਗੁਰ ਪਾਸ, ਵਿਛੜ ਕਦੇ ਨਾ ਜਾਇੰਦਾ । ਕੱਟ ਸੰਗਲ ਕੀਤਾ ਪਾਰਜਾਤ, ਪਾਰਖੂ ਆਪਣੀ ਦਇਆ ਕਮਾਇੰਦਾ । ਜਗ ਜੀਵਣ ਦਾਤੇ ਪੁਛੀ ਵਾਤ, ਵਾਹਵਾ ਆਪਣੀ ਖੇਲ ਵਖਾਇੰਦਾ । ਲੇਖਾ ਚੁੱਕੇ ਤਾਤ ਆਠ, ਤਤ ਤਤ ਨਾਲ ਮਿਲਾਇੰਦਾ । ਉਤਮ ਕਰੇ ਆਤਮ ਜ਼ਾਤ, ਪਰਮਾਤਮ ਰੰਗ ਵਖਾਇੰਦਾ । ਨਿਰਗੁਣ ਬਣ ਬਣ ਬਣਿਆ ਸਾਕ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਇਕ ਮੰਗਲ ਜਗਤ ਵੰਡ, ਹਿੱਸਾ

ਮਾਤ ਰਖਾਈਆ । ਇਕ ਮੰਗਲ ਨਾਦ ਵਿਚ ਬ੍ਰਹਿਮੰਡ, ਸ਼ਬਦੀ ਸ਼ਬਦ ਅਲਾਈਆ । ਇਕ ਮੰਗਲ ਵਸੇ ਜੀਉ ਪਿੰਡ ਇੰਡ, ਪੰਜ ਤਤ ਕਾਇਆ ਡੇਰਾ ਲਾਈਆ । ਗੁਰਮੁਖ ਮੰਗਲ ਮੇਲਾ ਗੁਣੀ ਗਹਿੰਦ, ਗਹਿਰ ਗੰਭੀਰ ਆਪਣੀ ਗੋਦ ਬਹਾਈਆ । ਨੇਤਰ ਵੇਖੇ ਸੁਰਪਤ ਇੰਦ, ਸੁਰਤੀ ਮਾਤ ਵਲ ਲਗਾਈਆ । ਬ੍ਰਹਮੇ ਸ਼ਿਵ ਹੋਈ ਚਿੰਦ, ਹਰਿ ਜੂ ਕੀ ਕੀ ਖੇਲ ਰਚਾਈਆ । ਗ਼ਰੀਬ ਨਿਮਾਣੇ ਬਣਾਏ ਆਪਣੀ ਬਿੰਦ, ਪਿਤਾ ਪੂਤ ਦਏ ਵਡਿਆਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਇਕ ਮੰਗਲ ਆਏ ਜਾਏ, ਜੁਗ ਜੁਗ ਵੇਸ ਵਟਾਇੰਦਾ । ਇਕ ਮੰਗਲ ਰਸਨਾ ਜਿਹਵਾ ਗਾਏ, ਬੱਤੀ ਦੰਦ ਮੁਖ ਸਾਲਾਹਿੰਦਾ । ਇਕ ਮੰਗਲ ਲੱਖ ਚੁਰਾਸੀ ਫਿਰ ਫਿਰ ਕੁਰਲਾਏ, ਨੇਤਰ ਨੈਣਾਂ ਨੀਰ ਵਹਾਇੰਦਾ । ਗੁਰਮੁਖ ਮੰਗਲ ਰਹੇ ਹਰਿ ਸਰਨਾਏ, ਦੂਜੀ ਓਟ ਨਾ ਕੋਇ ਜਣਾਇੰਦਾ । ਦੇਵਣਹਾਰਾ ਨਿਥਾਵਿਆਂ ਥਾਏਂ, ਸਾਚੇ ਧਾਮ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਇਕ ਮੰਗਲ ਅੱਠ ਪਹਿਰ, ਆਪਣਾ ਰੰਗ ਵਖਾਈਆ । ਇਕ ਮੰਗਲ ਥਿਰ ਘਰ ਲਾਏ ਲਹਿਰ, ਰਾਗੀ ਰਾਗ ਸੁਣਾਈਆ । ਇਕ ਮੰਗਲ ਲਾੜੀ ਮੌਤ ਵੇਖੇ ਕਹਿਰ, ਮਰ ਜੰਮੇ ਮਰ ਮਰ ਫੇਰਾ ਪਾਈਆ । ਗੁਰਮੁਖ ਮੰਗਲ ਹਰਿ ਸਤਿਗੁਰ ਚਰਨ ਕਰੇ ਸੈਰ, ਸਯਾਹ ਰੂਪ ਸਚਖੰਡ ਆਸਣ ਲਾਈਆ । ਕਿਸੇ ਨਜ਼ਰ ਨਾ ਆਵੇ ਐਰ ਗ਼ੈਰ, ਗੁਰਮੁਖਾਂ ਆਪਣਾ ਮੁਖ ਵਖਾਈਆ । ਹਰਿ ਕਿਰਪਾ ਹਰਿ ਕੀਤੀ ਮਿਹਰ, ਮਿਹਰਵਾਨ ਆਪਣੀ ਦਇਆ ਕਮਾਈਆ । ਚੌਥੇ ਜੁਗ ਪਰਗਟ ਹੋਇਆ ਇਕੋ ਸ਼ੇਰ, ਸ਼ਰਅ ਸਭ ਦੀ ਦਏ ਬਦਲਾਈਆ । ਦੋ ਜਹਾਨਾਂ ਭੇੜ ਰਿਹਾ ਭੇੜ, ਫੜ ਗਰਦਨ ਇਕ ਦੂਜੇ ਨਾਲ ਟਕਰਾਈਆ । ਜਨ ਭਗਤਾਂ ਲਹਿਣਾ ਰਿਹਾ ਨਬੇੜ, ਪੂਰਬ ਲੇਖਾ ਝੋਲੀ ਪਾਈਆ । ਏਕਾ ਰੂਪ ਵਟਾਏ ਆਪਣਾ ਕੇਹਰ, ਭਬਕ ਆਪਣੇ ਨਾਮ ਲਗਾਈਆ । ਨਵ ਨੌਂ ਰਿਹਾ ਘੇਰ, ਚਾਰ ਕੁੰਟ ਫਿਰੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਏਕਾ ਰੂਪ ਸਮਾਈਆ ।



### ✳ ੧੬ ਜੇਠ ੨੦੧੯ ਬਿਕਰਮੀ ਗਿਆਨ ਚੰਦ ਦੇ ਗ੍ਰਿਹ ਖੈਰੋ ਵਾਲੀ ਜੰਮੂ ✳

ਨਵ ਨੌਂ ਚਾਰ ਰਹੇ ਕੁਰਲਾ, ਨੇਤਰ ਨੈਣਾਂ ਨੀਰ ਵਹਾਈਆ । ਬ੍ਰਹਿਮੰਡ ਖੰਡ ਰੋਵਣ ਮਾਰਨ ਧਾਹ, ਧੀਰਜ ਧੀਰ ਨਾ ਕੋਇ ਰਖਾਈਆ । ਰਵ ਸਸ ਨੇਤਰ ਨੈਣ ਰਹੇ ਉਠਾ, ਚਾਰ ਕੁੰਟ ਰਾਹ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਰਹੇ ਝੁਕਾ, ਨਿਉਂ ਨਿਉਂ ਆਪਣਾ ਮਾਣ ਗਵਾਈਆ । ਗੁਰ ਅਵਤਾਰ ਕਰਨ ਸਲਾਹ, ਆਪ ਆਪਣਾ ਮਤਾ ਪਕਾਈਆ । ਪੀਰ ਪੈਗ਼ੰਬਰ ਪਰਵਰਦਿਗਾਰ ਤੱਕਣ ਰਾਹ, ਚੌਦਾਂ ਤਬਕਾਂ ਵੇਖ ਵਖਾਈਆ । ਧਰਤ ਧਵਲ ਖੁਲੜੇ ਕੇਸ ਰਹੀ ਵਖਾ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਸਮੁੰਦ ਸਾਗਰ ਤਨ ਦੇਵੇ ਭਾ, ਸਾਂਤਕ ਸਤਿ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਆਪਣਾ ਪੱਲੂ ਰਹੀ ਛੁਡਾ, ਪੰਜ ਤਤ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਸਾਚੀ ਖੇਲ ਰਿਹਾ ਕਰਾਈਆ । ਸਾਚੀ ਖੇਲ ਪੁਰਖ ਸਮਰਥ, ਦੋ ਜਹਾਨਾਂ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਚਲਾਵਣਹਾਰਾ

ਰਥ, ਨਿਰਗੁਣ ਆਪਣਾ ਮੁਖ ਛੁਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਮਾਰਗ ਦੱਸ, ਭੇਵ ਅਭੇਦ ਆਪ ਜਣਾਇੰਦਾ । ਸਤਿਜੁਗ ਤਰੇਤਾ ਦੁਆਪਰ ਵੇਖਣਹਾਰਾ ਖੇਲ ਤਮਾਸ਼, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਪਰਕਾਸ਼ਵਾਨ ਵੇਖ ਵਖਾਇੰਦਾ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਹਰਿ ਕਾ ਖੇਲ ਅਪਰ ਅਪਾਰ, ਭੇਵ ਕੋਇ ਨਾ ਪਾਈਆ । ਏਕਾ ਸ਼ਬਦ ਸ਼ਬਦ ਬਲਕਾਰ, ਬਲ ਆਪਣਾ ਆਪ ਜਣਾਈਆ । ਵੇਖਣਹਾਰਾ ਵੇਖੇ ਬੈਠ ਸੱਚੇ ਦਰਬਾਰ, ਮਹੱਲ ਅਟੱਲ ਆਸਣ ਲਾਈਆ । ਕਰਤਾ ਪੁਰਖ ਕਰਨੀ ਕਰੇ ਕਰਨੇਹਾਰ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਹਰਿ ਨਿਰੰਕਾਰਾ, ਏਕਾ ਏਕ ਜਣਾਇੰਦਾ । ਆਦਿ ਆਦਿ ਕਰ ਪਸਾਰਾ, ਅੰਤਮ ਆਪਣਾ ਵੇਖ ਵਖਾਇੰਦਾ । ਮਧ ਮਧ ਦੀ ਜਾਣੇ ਧਾਰਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੰਡ ਵੰਡਾਇੰਦਾ । ਵਿਸ਼ਨੂੰ ਵਿਸ਼ਵ ਕਰ ਪਿਆਰਾ, ਬ੍ਰਹਮਾ ਪਾਰਬ੍ਰਹਮ ਪਰਗਟਾਇੰਦਾ । ਸ਼ੰਕਰ ਦੇਵੇ ਇਕ ਸਹਾਰਾ, ਸੀਸ ਜਗਦੀਸ਼ ਹੱਥ ਟਿਕਾਇੰਦਾ । ਤ੍ਰੈਗੁਣ ਨਾਤਾ ਅਪਰ ਅਪਾਰਾ, ਰਜੋ ਤਮੋ ਸਤੋ ਬੰਧਨ ਪਾਇੰਦਾ । ਪੰਜ ਤਤ ਤਤ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਇੰਦਾ । ਲੱਖ ਚੁਰਾਸੀ ਖੋਲ੍ਹ ਕਿਵਾੜਾ, ਘਰ ਘਰ ਆਪਣਾ ਡੇਰਾ ਲਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਨਾਦ ਸੱਚੀ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰਾ, ਆਪ ਆਪਣੀ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰਾ, ਆਪ ਆਪਣਾ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਭਰ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਆਤਮ ਪਰਮਾਤਮ ਖੇਲ ਨਿਆਰਾ, ਈਸ਼ ਜੀਵ ਗੰਢ ਰਖਾਇੰਦਾ । ਪਾਰਬ੍ਰਹਮ ਬ੍ਰਹਮ ਵੰਡ ਵੰਡੇ ਵੰਡਣਹਾਰਾ, ਆਪ ਆਪਣੀ ਵੰਡ ਵੰਡਾਇੰਦਾ । ਪੰਜ ਤਤ ਵੇਖ ਕਾਇਆ ਮਨਾਰਾ, ਰੂਪ ਅਨੂਪ ਆਪ ਛੁਪਾਇੰਦਾ । ਆਪੇ ਜਾਣੇ ਆਪਣੀ ਧਾਰਾ, ਸਰਗੁਣ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਲੱਖ ਚੁਰਾਸੀ, ਜੀਵ ਜੰਤ ਕਰਾਈਆ । ਗ੍ਰਿਹ ਗ੍ਰਿਹ ਮੰਦਰ ਘਰ ਘਰ ਨਿਰਗੁਣ ਨੂਰ ਜੋਤ ਪਰਕਾਸ਼ੀ, ਦਰ ਦਰ ਆਪਣਾ ਨਾਦ ਸੁਣਾਈਆ । ਮੰਦਰ ਅੰਦਰ ਕਰ ਕਰ ਵਾਸੀ, ਸ਼ਾਹੋ ਸ਼ਾਬਾਸ਼ੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਫ਼ਰਮਾਣ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਲੱਖ ਚੁਰਾਸੀ ਕਰ ਪਰਵਾਨ, ਤ੍ਰੈਗੁਣ ਅਤੀਤਾ ਪੰਚਮ ਨਾਤਾ ਜੋੜ ਜੁੜਾਇੰਦਾ । ਸਰਗੁਣ ਰੂਪ ਕਰ ਪਰਧਾਨ, ਜਗਤ ਪਰਧਾਨਗੀ ਆਪ ਕਰਾਇੰਦਾ । ਮਾਣਸ ਮਾਨੁਖ ਦੇਵੇ ਦਾਨ, ਬੁੱਧ ਬਬੇਕੀ ਰੰਗ ਰੰਗਾਇੰਦਾ । ਮਨ ਵਾਸਨਾ ਖੇਲ ਮਹਾਨ, ਨੌਂ ਦਰ ਆਪਣਾ ਖੋਜ ਖੁਜਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਟਾਇੰਦਾ । ਸ਼ਬਦ ਅਗੰਮੀ ਇਕ ਮਕਾਨ, ਬਿਨ ਛੱਪਰ ਛੰਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਆਪ ਵਡਿਆਇੰਦਾ । ਸਾਚਾ ਬੰਕ ਪੁਰਖ ਅਬਿਨਾਸ਼, ਹਰਿ ਜੂ ਹਰਿ ਹਰਿ ਆਪ ਜਣਾਈਆ । ਨਿਰਗੁਣ ਨੂਰ ਕਰ ਪਰਕਾਸ਼, ਅੰਧ ਅੰਧੇਰ ਦਏ ਗਵਾਈਆ । ਆਤਮ ਪਰਮਾਤਮ ਵਸੇ ਪਾਸ, ਸਗਲਾ ਸੰਗ

੨੦੯
੧੨

ਨਿਭਾਈਆ । ਲਹਿਣਾ ਚੁਕਾਏ ਪ੍ਰਿਥਮੀ ਆਕਾਸ਼, ਆਕਾਸ਼ ਆਪਣਾ ਰੂਪ ਵਖਾਈਆ । ਮੇਲ ਮਿਲਾਏ ਪਵਣ ਸਵਾਸ, ਸਵਾਸ ਸਵਾਸਾਂ ਨਾਲ ਸਮਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਹੋ ਹੋ ਦਾਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਆਪ ਰਚਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਗੁਰ ਗੁਰ ਵੇਸ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਆਪ ਅਲਾਇੰਦਾ । ਜੀਵਾਂ ਜੰਤਾਂ ਦਏ ਸਹਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਅੰਤਰ ਖੋਲ੍ਹ ਕਿਵਾੜਾ, ਭੇਵ ਅਭੇਦ ਆਪ ਸਮਝਾਇੰਦਾ । ਕਰ ਪਰਕਾਸ਼ ਬਹੱਤਰ ਨਾੜਾ, ਅਗਨੀ ਤਤ ਤਤ ਬੁਝਾਇੰਦਾ । ਇਕ ਵਖਾਏ ਸਚ ਦੁਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਵੰਡੇ ਵੰਡ ਅਪਰ ਅਪਾਰਾ, ਸਾਚੀ ਵੰਡਣ ਆਪ ਕਰਾਇੰਦਾ । ਵਿਸ਼ਨੂੰ ਦੇਵੇ ਸਤਿ ਭੰਡਾਰਾ, ਬ੍ਰਹਮੇ ਬ੍ਰਹਮ ਬ੍ਰਹਮ ਆਪਣਾ ਝੋਲੀ ਪਾਇੰਦਾ । ਸ਼ੰਕਰ ਅੰਤਮ ਕਰੇ ਸੰਘਾਰਾ, ਸੰਸਾ ਰੋਗ ਨਾ ਕੋਇ ਰਖਾਇੰਦਾ । ਭਗਵਨ ਵਿਸ਼ਨੂੰ ਇਕੋ ਧਾਰਾ, ਵਿਸ਼ਵ ਰੂਪ ਵਟਾਇੰਦਾ । ਬ੍ਰਹਮਾ ਨਾਦ ਸ਼ਬਦ ਬੋਲ ਜੈਕਾਰਾ, ਚਾਰੇ ਵੇਦ ਅਲਾਇੰਦਾ । ਏਕਾ ਜੋਤ ਸ਼ੰਕਰ ਆਧਾਰਾ, ਜੋ ਘੜਿਆ ਭੰਨ ਵਖਾਇੰਦਾ । ਇਕ ਤਰਸੂਲ ਦੇ ਸਹਾਰਾ, ਤਰਲੋਕੀ ਬੰਧਨ ਪਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਬੋਧ ਅਗਾਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਚਲਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਆਦਿ ਪੁਰਖ ਪੁਰਖ ਚਲਾਈਆ । ਵੰਡਣ ਵੰਡ ਅਗੰਮ ਅਪਾਰ, ਅਲੱਖ ਅਗੋਚਰ ਆਪ ਕਰਾਈਆ । ਜੇਰਜ ਅੰਡਜ ਉਤਭੁਜ ਸੇਤਜ ਕਰ ਤਿਆਰ, ਹੁਕਮੇ ਹੁਕਮ ਆਪ ਫਿਰਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖ਼ਰੀ ਆਪ ਸੁਣਾਈਆ । ਚਾਰੇ ਜੁਗ ਦੇ ਆਧਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਈਆ । ਚਾਰੇ ਵਰਨ ਕਰ ਖ਼ਬਰਦਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਅਭੇਦ ਛੁਪਾਈਆ । ਚਾਰੇ ਕੁੰਟ ਕਰ ਪਸਾਰ, ਚਾਰ ਯਾਰੀ ਰੰਗ ਰੰਗਾਈਆ । ਇਕੋ ਚੌਕੜ ਕਰ ਤਿਆਰ, ਗੁਰ ਅਵਤਾਰ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਜਣਾਈਆ । ਧੁਰ ਦੀ ਕਾਰ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਗੁਰ ਅਵਤਾਰ ਕਰ ਪਰਧਾਨ, ਸਚ ਸੰਦੇਸ਼ਾ ਨਾਮ ਸੁਣਾਇੰਦਾ । ਜੀਵਾਂ ਜੰਤਾਂ ਦੇ ਗਿਆਨ, ਆਤਮ ਗਿਆਨ ਇਕ ਦ੍ਰਿੜਾਇੰਦਾ । ਚਰਨ ਕਵਲ ਸਚ ਧਿਆਨ, ਨੇਤਰ ਨੈਣ ਨੈਣ ਮਿਲਾਇੰਦਾ । ਏਕਾ ਰਾਗ ਸੁਣਾਏ ਕਾਨ, ਅਨਹਦ ਨਾਦ ਧੁਨ ਅਲਾਇੰਦਾ । ਇਕ ਮੰਦਰ ਵਖਾਏ ਮਕਾਨ, ਸਚਖੰਡ ਦੁਆਰਾ ਸੋਭਾ ਪਾਇੰਦਾ । ਏਕਾ ਸ਼ਾਹ ਪਾਤਸ਼ਾਹ ਸੱਚਾ ਹੁਕਮਰਾਨ, ਸੀਸ ਜਗਦੀਸ਼ ਇਕ ਸੁਹਾਇੰਦਾ । ਏਕਾ ਜੁਗ ਜੁਗ ਵੇਖੇ ਆਣ, ਨਿਤ ਨਵਿਤ ਵੇਸ ਵਟਾਇੰਦਾ । ਏਕਾ ਤੇਈ ਅਵਤਾਰਾਂ ਦੇਵੇ ਦਾਨ, ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਮੇਲ ਮਿਲਾਇੰਦਾ । ਏਕਾ ਭਗਤ ਅਠਾਰਾਂ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਏਕਾ ਈਸਾ ਮੂਸਾ ਕਰੇ ਪਰਧਾਨ, ਸੰਗ ਮੁਹੰਮਦ ਭੇਵ ਚੁਕਾਇੰਦਾ । ਏਕਾ ਲੇਖਾ ਜਾਣੇ ਅੰਜੀਲ ਕੁਰਾਨ, ਤੀਸ ਬਤੀਸਾ ਹਦੀਸਾ ਆਪ ਪੜ੍ਹਾਇੰਦਾ । ਏਕਾ ਵਸੇ ਮੁਕਾਮੇ ਹੱਕ ਸਚ ਮਕਾਨ, ਤੌਫ਼ੀਕ ਖ਼ੁਦਾਏ ਇਕ ਰਖਾਇੰਦਾ ।

ਏਕਾ ਮਿਹਬਾਨ ਬੀਦੋ ਦੇਵੇ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਏਕਾ ਸ਼ਰਅ ਸ਼ਰੀਅਤ ਸਮਝਾਏ ਕਲਾਮ, ਕਲਮਾ ਨਬੀ ਆਪ ਅਲਾਇੰਦਾ । ਏਕਾ ਦੇਵਣਹਾਰਾ ਮੰਤਰ ਸਤਿਨਾਮ, ਨਾਮ ਸਤਿ ਰੂਪ ਵਖਾਇੰਦਾ । ਏਕਾ ਪੰਜ ਤਤ ਚੋਲਾ ਦੇਵੇ ਮਾਣ, ਨਾਨਕ ਨਿਰਗੁਣ ਸਰਗੁਣ ਨਾਲ ਮਿਲਾਇੰਦਾ । ਏਕਾ ਜੋਤੀ ਦਸ ਰੂਪ ਖੇਲ ਕਰੇ ਮਹਾਨ, ਗੋਬਿੰਦ ਆਪਣੀ ਗੋਦ ਸੁਹਾਇੰਦਾ । ਏਕਾ ਧੁਰ ਫ਼ਰਮਾਣ ਸਾਚਾ ਗਾਣ, ਲੋਕਮਾਤ ਕਰੇ ਪਰਵਾਨ, ਸਚ ਸੰਦੇਸ਼ਾ ਹਰਿ ਨਿਰੰਕਾਰਾ, ਨਿਰਗੁਣ ਧਾਰਾ ਆਪ ਜਣਾਇੰਦਾ । ਏਕਾ ਪੰਚਮ ਲੇਖਾ ਜਾਣੇ ਦੋ ਜਹਾਨ, ਸ੍ਰੀ ਭਗਵਾਨ ਸਾਚੇ ਤਖ਼ਤ ਸੋਭਾ ਪਾਇੰਦਾ । ਏਕਾ ਰੂਪ ਸ੍ਰੀ ਭਗਵਾਨ ਵਿਸ਼ਨੂੰ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚੌਕੜ ਏਕਾ ਧੰਦਾ, ਲੱਖ ਚੁਰਾਸੀ ਆਪ ਜਣਾਇੰਦਾ । ਲੱਖ ਚੁਰਾਸੀ ਸਾਚੀ ਘਾਲ, ਹਰਿ ਜੂ ਹਰਿ ਹਰਿ ਆਪ ਜਣਾਈਆ । ਸ੍ਰਿਸ਼ਟ ਸਬਾਈ ਸਾਚਾ ਧੰਨ ਮਾਲ, ਏਕਾ ਵਣਜ ਨਾਮ ਕਰਾਈਆ । ਗੁਰ ਅਵਤਾਰ ਕਰਨ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਜੁਗ ਚੌਕੜੀ ਬਣ ਰਖਵਾਲ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਵੇਖੇ ਥਾਉਂ ਥਾਈਆ । ਲਹਿਣਾ ਮੰਗੇ ਲਹਿਣੇਦਾਰ, ਅਭੁੱਲ ਭੁੱਲ ਕਦੇ ਨਾ ਜਾਇਆ । ਸਚਖੰਡ ਵਸੇ ਆਪ ਨਿਰੰਕਾਰ, ਦਰਗਹਿ ਸਾਚੀ ਧਾਮ ਸੁਹਾਇਆ । ਥਿਰ ਘਰ ਵਸੇ ਸੁਤ ਦੁਲਾਰ, ਸ਼ਬਦੀ ਸ਼ਬਦ ਨਾਉਂ ਪਰਗਟਾਇਆ । ਸੁਨ ਅਗੰਮੀ ਪਾਰ ਕਿਨਾਰ, ਸੁਨ ਸਮਾਧ ਦਏ ਖੁਲ੍ਹਾਇਆ । ਦੋ ਜਹਾਨਾਂ ਚਰਨਾਂ ਹੇਠ ਲਤਾੜ, ਆਪ ਆਪਣਾ ਪੰਧ ਮੁਕਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਕਰ ਖ਼ਬਰਦਾਰ, ਆਲਸ ਨਿੰਦਰਾ ਦਏ ਗਵਾਇਆ । ਜੁਗ ਚੌਕੜੀ ਕਰ ਕਰ ਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਲੇਖੇ ਲਾਇਆ । ਅੰਤਮ ਪਰਗਟ ਹੋ ਨਰ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਇਆ । ਜਿਸ ਨੂੰ ਗੌਂਦੇ ਵੇਦ ਚਾਰ, ਪੁਰਾਨ ਅਠਾਰਾਂ ਰਹੇ ਧਿਆਇਆ । ਜਿਸ ਦੀ ਸਿਫ਼ਤ ਕਰੇ ਗੀਤਾ ਗਿਆਨ, ਧਿਆਏ ਅਠਾਰਾਂ ਰਾਗ ਅਲਾਇਆ । ਜਿਸ ਦੀ ਮਹਿਮਾ ਗਾਏ ਅੰਜੀਲ ਕੁਰਾਨ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿਆ । ਜਿਸ ਨੂੰ ਨਾਨਕ ਗੋਬਿੰਦ ਕਰੇ ਪਰਨਾਮ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਸੋ ਸਾਹਿਬ ਸੱਚਾ ਸੁਲਤਾਨ, ਸਤਿ ਪੁਰਖ ਨਿਰੰਜਣ ਵੇਸ ਵਟਾਇਆ । ਕਲਜੁਗ ਅੰਤਮ ਵੇਖੇ ਆਣ, ਰੂਪ ਅਨੂਪ ਆਪ ਵਟਾਇਆ । ਸਚ ਸੰਦੇਸ਼ਾ ਦੇਵੇ ਆਣ, ਧੁਰ ਦਰਬਾਰੀ ਆਪ ਜਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਕਰੋ ਸਰਬ ਧਿਆਨ, ਨੇਤਰ ਨੈਣ ਨੈਣ ਉਠਾਇਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਬਨਿਆ ਬਾਲ ਅਵਾਣ, ਬਾਲੀ ਬੁੱਧ ਭੇਵ ਨਾ ਰਾਇਆ । ਨੇਤਰ ਨੈਣ ਕਿਸੇ ਨਜ਼ਰ ਨਾ ਆਏ ਸ੍ਰੀ ਭਗਵਾਨ, ਮੰਦਰ ਮਸਜਿਦ ਮੱਠ ਸ਼ਿਵਦੁਆਲੇ ਕੋਟਨ ਕੋਟ ਬੈਠੇ ਡੇਰਾ ਲਾਇਆ । ਸਚ ਨਾ ਵਖਾਏ ਕੋਇ ਨਿਸ਼ਾਨ, ਸਚ ਨਿਸ਼ਾਨਾ ਨਾ ਕੋਇ ਝੁਲਾਇਆ । ਸ੍ਰਿਸ਼ਟ ਸਬਾਈ ਬੀਆਬਾਨ, ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਦੇਣ ਦੁਹਾਇਆ । ਸਮੁੰਦ ਸਾਗਰ ਸਰਬ ਕੁਰਲਾਣ, ਜਲ ਥਲ ਮਹੀਅਲ ਹਰਿ ਕਾ ਰੂਪ, ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਆਪਣਾ ਹੁਕਮ ਆਪ ਵਰਤਾਇਆ । ਆਦਿ ਹੁਕਮ ਰਚਨਾ ਰਚ, ਅੰਤਮ ਵੇਖੇ ਚਾਈਂ ਚਾਈਂਆ । ਨਵ ਨੌਂ ਖੇਲ ਕੀਆ ਸੱਚ, ਹਰਿ ਸੱਚਾ ਵਡ ਵਡਿਆਈਆ । ਕਲਜੁਗ ਅੰਤਮ ਲੱਖ ਚੁਰਾਸੀ ਕਾਇਆ ਭਾਂਡੇ ਮਾਟੀ ਵੇਖੇ ਕੱਚ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸ੍ਰਿਸ਼ਟ ਸਬਾਈ ਹੋਣੀ ਭੱਠ, ਕਲਜੁਗ ਅਗਨੀ ਏਕਾ ਤਾਈਆ । ਕਿਸੇ ਤਨ

ਨਾ ਦਿਸੇ ਰੱਤੀ ਰੱਤ, ਰੱਤੀ ਰੱਤ ਗਿਆ ਸੁਕਾਈਆ । ਜੀਵ ਜੰਤ ਭੁੱਲੇ ਬ੍ਰਹਮ ਮਤ, ਮਨਮਤ ਕਰੀ ਕੁੜਮਾਈਆ । ਸਾਧਾਂ ਸੰਤਾਂ ਛੱਡਿਆ ਧੀਰਜ ਜਤ, ਧੀਆਂ ਭੈਣਾਂ ਰਹੇ ਤਕਾਈਆ । ਕਿਸੇ ਨਾ ਮਿਲੇ ਕਮਲਾਪਤ, ਜਗਤ ਦੁਹਾਗਣ ਨਾਰ ਰਹੀ ਕੁਰਲਾਈਆ । ਧਰਨੀ ਧਰਤ ਧਵਲ ਸੱਥਰ ਬੈਠੀ ਘੱਤ, ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਸਾਰੇ ਗਏ ਨੱਠ, ਪੱਲੂ ਕੋਇ ਨਾ ਕਿਸੇ ਫੜਾਈਆ । ਅਠਸਠ ਤੀਰਥ ਖ਼ਾਲੀ ਦਿਸਣ ਤੱਟ, ਸਰ ਸਰੋਵਰ ਨਾ ਕੋਇ ਵਡਿਆਈਆ । ਊਚੀ ਕੂਕਣ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕ ਦੇਣ ਦੁਹਾਈਆ । ਕਲਜੁਗ ਮਾਰੀ ਇਕੋ ਸੱਟ, ਸਭ ਨੂੰ ਮੂੰਹ ਦੇ ਭਾਰ ਸੁਟਾਈਆ । ਗੁਰਮੁਖ ਵਿਰਲੇ ਹਰਿ ਕਾ ਨਾਉਂ ਰਹੇ ਰਟ, ਦਿਵਸ ਰੈਣ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਪਰਗਟ ਹੋਵੇ ਝੱਟ, ਨਿਰਗੁਣ ਸਰਗੁਣ ਰੂਪ ਵਟਾਈਆ । ਆਤਮ ਸੇਜਾ ਵੇਖੇ ਖਾਟ, ਸੇਜ ਸੁਹੰਜਣੀ ਆਪ ਸੁਹਾਈਆ । ਨਿਰਗੁਣ ਕੱਟ ਕੇ ਆਏ ਵਾਟ, ਦੋ ਜਹਾਨਾਂ ਪੰਧ ਮੁਕਾਈਆ । ਜਨ ਭਗਤਾਂ ਪੁਛੇ ਆਪੇ ਵਾਤ, ਆਪਣਾ ਪਰਦਾ ਆਪੇ ਲਾਹੀਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਈਆ । ਸ਼ਬਦ ਅਗੰਮੀ ਦੇਵੇ ਦਾਤ, ਬਣ ਦਾਨੀ ਆਪ ਵਰਤਾਈਆ । ਹਰਿਜਨ ਤੇਰਾ ਹੋਵੇ ਨਾ ਘਾਤ, ਅੰਤ ਦੇਵੇ ਨਾ ਕੋਇ ਸਜ਼ਾਈਆ । ਚਿਤਰ ਗੁਪਤ ਨਾ ਵਖਾਏ ਖਾਤ, ਰਾਏ ਧਰਮ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਪੁਛੇ ਤੇਰੀ ਵਾਤ, ਨਿਰਗੁਣ ਨਿਰਗੁਣ ਫੇਰਾ ਪਾਈਆ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਵਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੀ ਗੋਦ ਬਹਾਈਆ । ਪਿਤਾ ਪੂਤ ਕਰੇ ਲਾਡ, ਬਣੇ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਲਹਿਣਾ ਆਪਣੇ ਹੱਥ ਰਖਾਈਆ । ਆਦਿ ਅੰਤ ਹਰਿ ਜੂ ਲਹਿਣਾ, ਸ੍ਰੀ ਭਗਵਾਨ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਦੇਣਾ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਾਣਾ ਸਹਿਣਾ, ਕਰੋੜ ਤਤੀਸਾ ਹੁਕਮੇ ਅੰਦਰ ਫਿਰਾਇੰਦਾ । ਭਗਤ ਭਗਵਾਨ ਦਰ ਸਾਚੇ ਬਹਿਣਾ, ਸਾਚਾ ਮੰਦਰ ਇਕ ਵਡਿਆਇੰਦਾ । ਕਲਜੁਗ ਅੰਤ ਵਖਾਏ ਨੈਣਾਂ, ਨੇਤਰ ਲੋਚਣ ਆਪ ਖੁਲ੍ਹਾਇੰਦਾ । ਹਰਿਜਨ ਪਾਏ ਸਾਚਾ ਗਹਿਣਾ, ਕਾਇਆ ਕੰਚਨ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣਾ ਹੁਕਮ ਆਪ ਵਰਤਾਇੰਦਾ । ਆਦਿ ਅੰਤ ਸਚ ਵਰਤਾਰਾ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਹਰਿ ਪੁਰਖ ਨਿਰੰਜਣ ਹੋ ਨਿਆਰਾ, ਨਿਰਗੁਣ ਵੇਖੇ ਥਾਉਂ ਥਾਈਂਆ । ਏਕੰਕਾਰਾ ਖੇਲ ਕਰੇ ਅਗੰਮ ਅਪਾਰਾ, ਅਲੱਖ ਅਗੋਚਰ ਬੇਅੰਤ ਵਡ ਵਡਿਆਈਆ । ਆਦਿ ਨਿਰੰਜਣ ਜੋਤੀ ਜੋਤ ਜੋਤ ਉਜਿਆਰਾ, ਦੋ ਜਹਾਨਾਂ ਪਾਵੇ ਸਾਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਸੁਹਾਏ ਸਾਚਾ ਬੰਕ ਦੁਆਰਾ, ਸਚਖੰਡ ਸਾਚੇ ਦਏ ਵਡਿਆਈਆ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾਏ ਆਪ ਕਰਤਾਰਾ, ਕਰਤਾ ਪੁਰਖ ਸੇਵ ਕਮਾਈਆ । ਪਾਰਬ੍ਰਹਮ ਪ੍ਰਭ ਹੋ ਉਜਿਆਰਾ, ਨਿਰਗੁਣ ਸਰਗੁਣ ਜਾਣੇ ਧਾਰਾ, ਬ੍ਰਹਮ ਲੇਖਾ ਦਏ ਮੁਕਾਈਆ । ਏਕਾ ਨਾਦ ਸ਼ਬਦ ਧੁਨਕਾਰਾ, ਏਕਾ ਗੁਰੂ ਕਰ ਪਸਾਰਾ, ਲੱਖ ਚੁਰਾਸੀ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਮ ਡੰਕਾ ਇਕ ਵਜਾਈਆ । ਰਾਉ ਰੰਕਾਂ ਕਰੇ ਖ਼ਬਰਦਾਰਾ, ਸਾਧਾਂ ਸੰਤਾਂ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਚੁਕਾਈਆ । ਸਭ ਦਾ ਲੇਖਾ ਚੁਕਾਏ ਸ੍ਰੀ ਭਗਵਾਨ, ਕਲਜੁਗ ਅੰਤ ਅੰਤ

ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਦਇਆਵਾਨ ਰਿਹਾ ਸਮਝਾਈਆ । ਤੇਈ ਅਵਤਾਰ ਵੇਖਣਾ ਮਾਰ ਧਿਆਨ, ਨੇਤਰ ਨੈਣ ਨੈਣ ਉਠਾਈਆ । ਭਗਤ ਭਗਵਾਨ ਦਏ ਗਿਆਨ, ਅੱਠ ਦਸ ਦਏ ਵਡਿਆਈਆ । ਚਾਰ ਤਿੰਨ ਕਰ ਪਰਵਾਨ, ਸਤਿ ਪਰਵਾਨਾ ਦਏ ਜਣਾਈਆ । ਗੁਰ ਦਸ ਦਸ ਨਿਸ਼ਾਨ, ਹਰਿ ਨਿਸ਼ਾਨਾ ਇਕ ਝੁਲਾਈਆ । ਪੰਚਮ ਪੰਚ ਹੋਏ ਪਰਧਾਨ, ਸਚਖੰਡ ਸਾਚੇ ਵੱਜੀ ਵਧਾਈਆ । ਲੋਕਮਾਤ ਚੁੱਕੀ ਕਾਣ, ਆਣ ਹੋਰ ਨਾ ਕੋਇ ਰਖਾਈਆ । ਲੇਖਾ ਚੁੱਕੇ ਚਾਰ ਜੁਗ ਜੀਵ ਜਹਾਨ, ਚੌਕੜ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਭ ਦਾ ਲੇਖਾ ਜਾਣਾ ਚੁੱਕ, ਅੰਤ ਰਹਿਣ ਕੋਇ ਨਾ ਪਾਈਆ । ਕਲਜੁਗ ਪੈਂਡਾ ਰਿਹਾ ਮੁੱਕ, ਸ੍ਰੀ ਭਗਵਾਨ ਰਿਹਾ ਮੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੋ ਬੈਠਾ ਰਿਹਾ ਲੁਕ, ਗੁਰ ਅਵਤਾਰਾਂ ਸੇਵ ਲਗਾਈਆ । ਅੰਤਮ ਅੰਤ ਪਿਆ ਬੁੱਕ, ਭੱਬਕ ਆਪਣੇ ਨਾਮ ਲਗਾਈਆ । ਨਿਰਗੁਣ ਨਿਰਵੈਰ ਪਿਆ ਉਠ, ਉਠ ਉਠ ਆਪਣੀ ਖ਼ੁਸ਼ੀ ਮਨਾਈਆ । ਜਨ ਭਗਤਾਂ ਉਪਰ ਜਾਏ ਤੁਠ, ਦੀਨ ਦਿਆਲ ਹੋਏ ਸਹਾਈਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁਠ, ਨਵ ਨੌਂ ਫੇਰਾ ਪਾਈਆ । ਮੇਲ ਮਿਲਾਵਾ ਅਬਿਨਾਸ਼ੀ ਅਚੁੱਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਏਕਾ ਵਾਰ ਸੁਹਾਏ ਸਾਚੀ ਰੁੱਤ, ਰੁੱਤ ਬਸੰਤ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਸਭ ਦਾ ਲੇਖਾ ਲੇਖੇ ਜਾਏ ਲੱਗ, ਲਗਾਵਣਹਾਰ ਆਪ ਲਗਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹੋ ਪਰਗਟ, ਸਤਿਗੁਰ ਪੂਰਾ ਵੇਸ ਵਟਾਈਆ । ਚਾਰ ਵਰਨ ਮਾਰਗ ਏਕਾ ਦੱਸ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਜੋਤ ਨੂਰ ਪਰਕਾਸ਼, ਏਕਾ ਨਾਦ ਸ਼ਬਦ ਧੁਨ ਸ਼ਨਵਾਈਆ । ਏਕਾ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਦਏ ਗਵਾਈਆ । ਏਕਾ ਵਸੇ ਸਦਾ ਪਾਸ, ਸਚ ਸਤਿਗੁਰ ਵਿਛੜ ਕਦੇ ਨਾ ਜਾਈਆ । ਗੁਰਮੁਖਾਂ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਚਾਈਂ ਚਾਈਂਆ । ਹਰਿਜਨ ਮੇਲਾ ਸਚ ਦੁਆਰ, ਹਰਿ ਸਤਿਗੁਰ ਆਪ ਕਰਾਇੰਦਾ । ਆਤਮ ਪਰਮਾਤਮ ਦੇ ਆਧਾਰ, ਈਸ਼ ਜੀਵ ਰੰਗ ਵਖਾਇੰਦਾ । ਪਾਰਬ੍ਰਹਮ ਬ੍ਰਹਮ ਭੇਵ ਨਿਆਰ, ਏਕਾ ਘਰ ਮਿਲਾਇੰਦਾ । ਆਤਮ ਸੇਜਾ ਕਰ ਤਿਆਰ, ਫੂਲਣ ਬਰਖ਼ਾ ਆਪੇ ਲਾਇੰਦਾ । ਨਿਰਮਲ ਦੀਆ ਬਾਤੀ ਇਕ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਕਮਲਾਪਾਤੀ ਅੰਮ੍ਰਿਤ ਆਤਮ ਦੇਵੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਬਜ਼ਰ ਕਪਾਟੀ ਖੋਲ੍ਹੇ ਤਾਕ, ਪਰਦਾ ਆਪਣਾ ਆਪ ਉਠਾਇੰਦਾ । ਆਪ ਸੁਣਾਏ ਆਪਣਾ ਭਵਿਖਤ ਵਾਕ, ਅਨਹਦ ਨਾਦੀ ਨਾਦ ਵਜਾਇੰਦਾ । ਸੁਰਤ ਸਵਾਣੀ ਆਪੇ ਲਾਧ, ਸ਼ਬਦੀ ਮੇਲ ਮਿਲਾਇੰਦਾ । ਡੂੰਘੀ ਭਵਰੀ ਲਏ ਕਾਢ, ਕਾਇਆ ਕਵਰੀ ਖੋਜ ਖੁਜਾਇੰਦਾ । ਸੁਖ਼ਮਨ ਟੇਢੀ ਦੇਵੇ ਦਾਦ, ਈੜਾ ਪਿੰਗਲ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਮਿਲਾਇੰਦਾ । ਹਰਿਜਨ ਮੇਲਾ ਸਾਚੇ ਘਰ, ਘਰ ਦਸਵੇਂ ਮਿਲੇ ਵਡਿਆਈਆ । ਨਾਤਾ ਤੁਟੇ ਨਾਰੀ ਨਰ, ਬਿਰਧ ਬਾਲ ਰੂਪ ਨਜ਼ਰ ਕੋਇ ਨਾ ਆਈਆ । ਇਕੋ ਅੱਖਰ ਆਤਮ ਪਰਮਾਤਮ ਸਾਰੇ ਲੈਣ ਪੜ੍ਹ, ਸੋਹੰ ਅੱਖਰ ਕਰੇ ਪੜ੍ਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ੍ਹ ਨਾ ਕੋਇ ਰਖਾਈਆ । ਸੁਰਤੀ ਸ਼ਬਦੀ ਆਪੇ ਫੜ, ਅੰਦਰੇ ਅੰਦਰ ਮੇਲ ਮਿਲਾਈਆ । ਸਾਚੇ ਪੌੜੇ ਨਿਰਗੁਣ ਚੜ੍ਹ, ਉਚ

ਮਹੱਲੇ ਦਏ ਬਹਾਈਆ । ਦਰਸ ਦਿਖਾਏ ਅੱਗੇ ਖੜ੍ਹ, ਸਵਛ ਸਰੂਪੀ ਰੂਪ ਵਟਾਈਆ । ਆਪਣੀ ਕਿਰਪਾ ਆਪੇ ਕਰ, ਸਤਿਗੁਰ ਮੇਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਤਰਾਈਆ । ਭਗਤ ਦੁਆਰਾ ਇਕੋ ਇਕ, ਹਰਿ ਹਰਿ ਆਪ ਬਣਾਇੰਦਾ । ਜਗਤ ਗਾਥਾ ਲਿਖ ਲਿਖ, ਜੀਵ ਜੰਤ ਸਮਝਾਇੰਦਾ । ਹਰਿਜਨ ਦੇਵੇ ਸਾਚੀ ਭਿੱਖ, ਭਿਛਿਆ ਨਾਮ ਆਪ ਵਰਤਾਇੰਦਾ । ਬਿਨ ਨੇਤਰ ਨੈਣ ਆਵੇ ਦਿਸ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦਇਆ ਕਮਾਇੰਦਾ । ਨਿਜ ਨੇਤਰ ਹਰਿ ਜੂ ਖੋਲ੍ਹ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਬਿਨ ਰਸਨਾ ਜਿਹਵਾ ਆਪੇ ਬੋਲ, ਆਪਣਾ ਰਾਗ ਸੁਣਾਈਆ । ਬਿਨ ਕੰਡੇ ਤੋਲੇ ਸਾਚਾ ਤੋਲ, ਤੋਲਾ ਬਣੇ ਸਾਚਾ ਮਾਹੀਆ । ਲੱਖ ਚੁਰਾਸੀ ਵਿਚੋਂ ਲਏ ਵਿਰੋਲ, ਗੁਰਮੁਖ ਸਾਚੇ ਆਪ ਜਗਾਈਆ । ਅੱਠੇ ਪਹਿਰ ਦਿਵਸ ਰੈਣ ਵਸੇ ਕੋਲ, ਆਪ ਆਪਣਾ ਸੰਗ ਰਖਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਨਿਉਂ ਨਿਉਂ ਸੀਸ ਝੁਕਾਈਆ । ਅੰਦਰ ਵੜ ਵੜ ਉਲਟਾ ਕਰੇ ਨਾਭ ਕੌਲ, ਕਵਲ ਕਵਲਾ ਦਏ ਉਲਟਾਈਆ । ਅੰਮ੍ਰਿਤ ਪਿਆਏ ਸਾਚੀ ਪੌਹਲ, ਰਸ ਇਕੋ ਇਕ ਵਖਾਈਆ । ਨਜ਼ਰੀ ਆਏ ਅੱਲਾ ਅਵਲ, ਨੂਰੋ ਨੂਰ ਨੂਰ ਇਲਾਹੀਆ । ਦਰਸ ਦਖਾਏ ਸਾਵਲ ਸਵਲ, ਮੁਕੰਦ ਮਨੋਹਰ ਲਖ਼ਮੀ ਨਰਾਇਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਮਿਲਾਈਆ । ਹਰਿਜਨ ਆਪਣਾ ਵੇਖ ਘਰ, ਘਰ ਘਰ ਵਿਚ ਆਪ ਵਖਾਇੰਦਾ । ਪੰਚ ਵਿਕਾਰਾ ਚੁੱਕੇ ਡਰ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਦੁਰਮਤ ਮੈਲ ਧੁਵਾਇੰਦਾ । ਕਾਗੋਂ ਹੰਸ ਦੇਵੇ ਕਰ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਸੁਰਤ ਸਵਾਣੀ ਲਏ ਵਰ, ਸ਼ਬਦੀ ਕੰਤ ਇਕ ਵਖਾਇੰਦਾ । ਸਾਚੀ ਸੇਜਾ ਬਹਿਣਾ ਚੜ੍ਹ, ਆਤਮ ਸੇਜਾ ਇਕ ਵਡਿਆਇੰਦਾ । ਨਿਰਭੌ ਚੁਕਾਏ ਭੈ ਡਰ, ਭੈ ਆਪਣਾ ਇਕ ਰਖਾਇੰਦਾ । ਗੁਰਮੁਖ ਵਖਾਏ ਸਾਚਾ ਘਰ, ਘਰ ਮੰਦਰ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਸਮਝਾਇੰਦਾ । ਸਾਚਾ ਘਰ ਹਰਿ ਜੂ ਹਰਿ, ਏਕਾ ਏਕ ਬਣਾਈਆ । ਗੁਰਮੁਖ ਵਿਰਲਾ ਵੇਖੇ ਅੰਦਰ ਵੜ, ਦੂਸਰ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਰਹੀ ਲੜ, ਪੰਜ ਤਤ ਕਰੇ ਲੜਾਈਆ । ਅੱਧਵਿਚਕਾਰੇ ਸਾਰੇ ਬੈਠੇ ਅੜ, ਜੋਗ ਅਭਿਆਸ ਰਹੇ ਕਮਾਈਆ । ਅੱਖਾਂ ਮੀਟ ਧਿਆਨ ਧਰ, ਕੰਨ ਉਂਗਲਾਂ ਰਹੇ ਪਾਈਆ । ਬੰਦ ਸਵਾਸੇ ਨਾਭੀ ਦਰ, ਭੇਵ ਅਭੇਦ ਨਾ ਕੋਇ ਜਣਾਈਆ । ਡੂੰਘੀ ਗੁਫ਼ਾ ਬੈਠੇ ਵੜ, ਬਾਹਰੋਂ ਦਰਵਾਜ਼ਾ ਬੰਦ ਵਖਾਈਆ । ਬਿਨ ਸਤਿਗੁਰ ਕਿਰਪਾ ਕੋਇ ਨਾ ਜਾਏ ਆਪਣੇ ਘਰ, ਭਰਮੇ ਭੁੱਲੀ ਸਰਬ ਲੋਕਾਈਆ । ਕਲਜੁਗ ਸੰਤ ਰੋਵਣ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਭਗਤ ਗਾਥਾ ਗਾਇਣ ਪੜ੍ਹ ਪੜ੍ਹ, ਨਾਨਕ ਕਬੀਰ ਢੋਲਾ ਗਾਈਆ । ਆਪਣਾ ਨਾਤਾ ਛੁੱਟੇ ਨਾ ਚੇਤਨ ਜੜ੍ਹ, ਸਤਿ ਸਤਿ ਨਾ ਕੋਇ ਸਮਾਈਆ । ਪੁਰਖ ਅਬਿਨਾਸ਼ੀ ਕਿਰਪਾਨਿਧ ਠਾਕਰ ਸਵਾਮੀ ਜਿਸ ਜਨ ਕਿਰਪਾ ਦਏ ਕਰ, ਕਰ ਕਿਰਪਾ ਬੂਝ ਬੁਝਾਈਆ । ਬਾਹੋਂ ਫੜ ਵਖਾਏ ਘਰ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਏਕਾ ਘਰ ਬਹਾਈਆ । ਹਰਿ ਭਗਤ ਤੇਰਾ ਸਚ ਦੁਆਰਾ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਆਦਿ ਜੁਗਾਦਿ ਉਚ ਮਨਾਰਾ, ਨਿਹਚਲ ਏਕਾ ਧਾਮ ਰਖਾਇੰਦਾ । ਚਰਨ ਕਵਲ ਉਪਰ ਧਵਲ ਦੇ ਸਹਾਰਾ, ਸਿਰ

੨੧੪ ੧੨

ਆਪਣਾ ਹੱਥ ਰਖਾਇੰਦਾ । ਮੇਲ ਮਿਲਾਏ ਗੁਪਤ ਜ਼ਾਹਰਾ ਅੰਦਰ ਬਾਹਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਬੰਧਨ ਪਾਇੰਦਾ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਗ਼ਰੀਬ ਨਿਮਾਣਿਆਂ ਜਗਤ ਨਿਤਾਣਿਆਂ ਕਰੇ ਪਾਰ ਕਿਨਾਰਾ, ਮੰਜਧਾਰ ਨਾ ਕੋਇ ਰੁੜ੍ਹਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਬੋਲੇ ਜੈਕਾਰਾ, ਲੱਖ ਚੁਰਾਸੀ ਵਿਚ ਕਦੇ ਨਾ ਆਇੰਦਾ । ਆਪਣੀ ਗੋਦ ਚੁੱਕੇ ਹਰਿ ਨਿਰੰਕਾਰਾ, ਨਿਰਗੁਣ ਹੋ ਹੋ ਸੇਵ ਕਮਾਇੰਦਾ । ਏਥੇ ਓਥੇ ਦੋ ਜਹਾਨ ਦਏ ਸਹਾਰਾ, ਲੋਕ ਪਰਲੋਕ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਹਰਿਜਨ ਸਾਚੇ ਆਪ ਵਸਾਇੰਦਾ । ਸਾਚੇ ਮੰਦਰ ਹਰਿਜਨ ਵਸੇਰਾ, ਸਚਖੰਡ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਦਿਸੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਚਾਓ ਘਨੇਰਾ, ਭਗਤ ਭਗਵੰਤ ਮਿਲ ਮਿਲ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਮਿਲ ਮਿਲ ਕਹਿਣ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਕੋਇ ਨਾ ਰਾਈਆ । ਤੂੰ ਸਾਹਿਬ ਠਾਕਰ ਸਵਾਮੀ ਹਉਂ ਬਾਲਕ ਨਿੱਕਾ ਚੇਰਾ, ਚਰਨ ਕਵਲ ਕਵਲ ਚਰਨ ਇਕ ਸ਼ਰਨਾਈਆ । ਤੇਰਾ ਵਸਦਾ ਰਹੇ ਖੇੜਾ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਕਹੇ ਬਿਨ ਭਗਤ ਕਿਸੇ ਕੰਮ ਨਾ ਆਏ ਮੇਰਾ ਵੇਹੜਾ, ਮੇਰੀ ਰੁੱਤ ਨਾ ਕੋਇ ਸੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਇਕ ਇਕ ਕਰ ਕੇ ਬੰਨ੍ਹਦਾ ਰਿਹਾ ਬੇੜਾ, ਨਿਤ ਨਵਿਤ ਵੇਸ ਵਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰ ਕੇ ਬੈਠਾ ਰਿਹਾ ਜੇਰਾ, ਆਪਣੇ ਭਾਣੇ ਵਿਚ ਸਮਾਈਆ । ਕਲਜੁਗ ਅੰਤਮ ਪਾਇਆ ਫੇਰਾ, ਨਿਰਗੁਣ ਨਿਰੰਕਾਰ ਵੇਸ ਵਟਾਈਆ । ਜਨ ਭਗਤਾਂ ਬੰਨ੍ਹੇ ਇਕੋ ਵਾਰ ਬੇੜਾ, ਸਾਚੇ ਬੇੜੇ ਲਏ ਚੜ੍ਹਾਈਆ । ਜੇ ਕੋਈ ਪੁਛੇ ਭਗਤ ਜਨ ਕਿਹੜਾ, ਅਗੋਂ ਦੇਣਾ ਸਚ ਸੁਣਾਈਆ । ਜਿਨ੍ਹਾਂ ਮਿਲਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਿੰਘ ਸ਼ੇਰਾ, ਸੀਸ ਸੇਹਰਾ ਰਿਹਾ ਗੁੰਦਾਈਆ । ਸੋਹੰ ਜਾਪ ਜਪਾਇਆ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਏਕਾ ਘਰ ਮਿਲਾਈਆ । ਲੱਖ ਚੁਰਾਸੀ ਡੁੱਬਣਾ ਡੇਰਾ, ਕਲਰ ਕੰਧ ਦਏ ਰੁੜ੍ਹਾਈਆ । ਅੰਤਮ ਦੇਵਣਹਾਰਾ ਗੇੜਾ, ਕੋਹਲੂ ਚੱਕੀ ਚੱਕ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਦਏ ਵਡਿਆਈਆ । ਹਰਿ ਭਗਤਾਂ ਦੇਵੇ ਮਾਣ, ਬਣ ਨਿਮਾਣਾ ਖੇਲ ਕਰਾਇੰਦਾ । ਲੱਖ ਚੁਰਾਸੀ ਵਿਚੋਂ ਲਏ ਪਛਾਣ, ਅਭੁਲ ਭੁੱਲ ਕਦੇ ਨਾ ਜਾਇੰਦਾ । ਵੇਖਣਹਾਰਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਫੇਰਾ ਪਾਇੰਦਾ । ਘਰ ਘਰ ਦਰ ਦਰ ਨਿਰਗੁਣ ਸਰਗੁਣ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਸੁਣਾਇੰਦਾ । ਉਠੋ ਵੇਖੋ ਮਾਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਜਿਸ ਨੂੰ ਆਦਿ ਜੁਗਾਦਿ ਜੁਗ ਜੁਗ ਮੰਨਦੇ ਰਹੇ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਧਾਰ ਚਲਾਇੰਦਾ । ਲੋਕਮਾਤ ਹੋਇਆ ਪਰਧਾਨ, ਆਪ ਆਪਣਾ ਪਰਦਾ ਲਾਹਿੰਦਾ । ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਬ੍ਰਹਮਾ ਵੇਤਾ ਨਾਲ ਪੜ੍ਹਾਇੰਦਾ । ਵਿਸ਼ਨੂੰ ਘਰ ਘਰ ਦੇਵੇ ਦਾਨ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਹਰਿਜਨ ਤੇਰਾ ਸਾਚਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ, ਬਸਤਰ ਆਪਣਾ ਲਏ ਵਛਾਈਆ । ਇਕ ਜਣਾਏ ਸਚ ਅਨੰਦ, ਅਨੰਦ ਅਨੰਦ ਆਪ ਹੋ ਜਾਈਆ । ਭੇਵ ਖੁਲ੍ਹਾਏ ਪਰਮਾਨੰਦ, ਪਰਮ ਪੁਰਖ ਦਇਆ ਕਮਾਈਆ । ਗੀਤ ਸੁਣਾਏ ਸੁਹਾਗੀ ਛੰਦ, ਸਾਚਾ ਢੋਲਾ

ਆਪੇ ਗਾਈਆ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭੌ ਭੰਨਾਈਆ । ਪੰਚ ਵਿਕਾਰਾ ਖੰਡ ਖੰਡ, ਖੰਡਾ ਖੜਗ ਨਾਮ ਉਠਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਨਾਤਾ ਬਿਧਾਤਾ ਦਏ ਜੁੜਾਈਆ । ਮੇਟੇ ਰੈਣ ਚੜ੍ਹਾਏ ਚੰਦ, ਨੂਰ ਨੂਰ ਨੂਰ ਰੁਸ਼ਨਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਆਪ ਤੁੜਾਈਆ । ਸਾਹਿਬ ਕਿਰਪਾਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜਨਮ ਜਨਮ ਦਾ ਮੇਟੇ ਪੰਧ, ਜਿਸ ਜਨ ਬਖ਼ਸ਼ੇ ਚਰਨ ਸਰਨ ਸਰਨਾਈਆ । ਰਾਏ ਧਰਮ ਨਾ ਦੇਵੇ ਦੰਡ, ਲਾੜੀ ਮੌਤ ਨਾ ਕਰੇ ਕੁੜਮਾਈਆ । ਅੰਤ ਮਿਲਾਵਾ ਸਚਖੰਡ, ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਹੋਏ ਸਦਾ ਸਹਾਈਆ ।

### ✳ ੧੭ ਜੇਠ ੨੦੧੯ ਬਿਕਰਮੀ ਦੌਲਤ ਸਿੰਘ ਦੇ ਗ੍ਰਿਹ ਨਵਾਂ ਚੱਕ ਜੰਮੂ ✳

ਆਵਣ ਜਾਵਣ ਹਰਿ ਹਰਿ ਖੇਲ, ਹਰਿ ਕਰਤਾ ਆਪ ਕਰਾਇੰਦਾ । ਹਰਿਜਨ ਸੱਜਣ ਸਾਚੇ ਮੇਲ, ਜੁਗ ਜੁਗ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲ, ਬਣ ਸਤਿਗੁਰ ਦਇਆ ਕਮਾਇੰਦਾ । ਕਰ ਪਰਕਾਸ਼ ਬਿਨ ਬਾਤੀ ਤੇਲ, ਦੀਪਕ ਦੀਆ ਇਕ ਜਗਾਇੰਦਾ । ਧਾਮ ਵਖਾਏ ਘਰ ਨਵੇਲ, ਘਰ ਘਰ ਵਿਚ ਪਰਦਾ ਲਾਹਿੰਦਾ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਗੋਬਿੰਦ ਧਾਰ ਸਮਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲ, ਲੱਖ ਚੁਰਾਸੀ ਫੰਦ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਆਪਣੇ ਹੱਥ ਰਖਾਇੰਦਾ । ਆਵੇ ਜਾਵੇ ਸ੍ਰੀ ਭਗਵਾਨ, ਜੁਗ ਜੁਗ ਵੇਸ ਵਟਾਈਆ । ਸਾਚੇ ਸੰਤਾਂ ਦੇਵੇ ਦਾਨ, ਨਾਮ ਸਤਿ ਝੋਲੀ ਪਾਈਆ । ਆਤਮ ਅੰਤਰ ਇਕ ਗਿਆਨ, ਬ੍ਰਹਮ ਮਤ ਦਏ ਸਮਝਾਈਆ । ਸਰ ਸਰੋਵਰ ਸਚ ਅਸ਼ਨਾਨ, ਕਾਇਆ ਮੰਦਰ ਅੰਦਰ ਦਏ ਕਰਾਈਆ । ਬੋਧ ਅਗਾਧੀ ਨਾਦ ਧੁਨਕਾਨ, ਘਰ ਘਰ ਵਿਚ ਰਾਗ ਸੁਣਾਈਆ । ਆਤਮ ਪਰਮਾਤਮ ਦੇਵੇ ਮਾਣ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਲੇਖਾ ਜਾਣੇ ਦੋ ਜਹਾਨ, ਈਸ਼ ਜੀਵ ਵੰਡ ਵੰਡਾਈਆ । ਕਰ ਕਿਰਪਾ ਕਰੇ ਕਲਿਆਣ, ਕਾਲ ਗਰਾਸ ਨਾ ਅੰਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਆਪਣੀ ਬਣਤ ਬਣਾਈਆ । ਆਵੇ ਜਾਵੇ ਸ੍ਰੀ ਭਗਵੰਤ, ਨਿਤ ਨਵਿਤ ਵੇਸ ਵਟਾਇੰਦਾ । ਪਾਵੇ ਸਾਰ ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਆਸਣ ਲਾਇੰਦਾ । ਜਨ ਭਗਤਾਂ ਦੇਵੇ ਨਾਮ ਮਣੀਆ ਮੰਤ, ਮਨ ਕਾ ਮਣਕਾ ਆਪ ਭੁਵਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਮਾਣਸ ਜਨਮ ਬਣਾਏ ਬਣਤ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਸ੍ਰੀ ਭਗਵਾਨਾ, ਹਰਿ ਜੂ ਹਰਿ ਹਰਿ ਆਪਣੇ ਹੱਥ ਰਖਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਚਰਨ ਸਰਨ ਸੱਚੀ ਸਰਨਾਈਆ । ਕਾਇਆ ਮੰਦਰ ਅੰਦਰ ਵਖਾਏ ਸਚ ਮਕਾਨਾ, ਮੱਕਾ ਕਾਅਬਾ ਰੂਪ ਵਟਾਈਆ । ਨਿਰਮਲ ਨੂਰ ਨੂਰ ਮਹਾਨਾ, ਨੂਰੀ ਨੂਰ ਕਰੇ ਰੁਸ਼ਨਾਈਆ । ਦਿਵਸ ਰੈਣ ਇਕ ਤਰਾਨਾ, ਤੁਰਯਾ ਰਾਗ ਰਾਗ ਅਲਾਈਆ । ਨਾਮ ਧੰਨ ਦੌਲਤ ਖ਼ਜ਼ਾਨਾ, ਸਚ ਭੰਡਾਰ ਦਏ ਵਰਤਾਈਆ ।

ਕਰੇ ਖੇਲ ਬੀਨਾ ਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਭੇਵ ਚੁਕਾਇੰਦਾ । ਆਵਣ ਜਾਵਣ ਆਪਣਾ ਰਾਹ ਚਲਾਈਆ । ਆਵੇ ਜਾਵੇ ਖੇਲ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਗੁਰਮੁਖ ਸੱਜਣ ਲਾਏ ਪਾਰ, ਅੱਧਵਿਚਕਾਰ ਨਾ ਕੋਇ ਰੁੜ੍ਹਾਇੰਦਾ । ਗੁਰ ਗੁਰ ਰੂਪ ਲੈ ਅਵਤਾਰ, ਸ਼ਬਦੀ ਸ਼ਬਦ ਸ਼ਬਦ ਸੁਣਾਇੰਦਾ । ਸਾਚੀ ਸਖੀਆਂ ਮੰਗਲਾਚਾਰ, ਮਿਲ ਮਿਲ ਗੀਤ ਗੋਬਿੰਦ ਅਲਾਇੰਦਾ । ਭਾਗ ਲਗਾਏ ਕਾਇਆ ਮਹੱਲ ਅਟੱਲ ਮਨਾਰ, ਗੁਰੂਦਵਾਰ ਇਕ ਵਖਾਇੰਦਾ । ਸਾਚਾ ਮੰਦਰ ਕਰ ਤਿਆਰ, ਤ੍ਰੈਗੁਣ ਅਤੀਤਾ ਆਸਣ ਲਾਇੰਦਾ । ਏਕਾ ਠਾਕਰ ਹੋਏ ਉਜਿਆਰ, ਸਵਾਮੀ ਏਕਾ ਰੂਪ ਵਟਾਇੰਦਾ । ਖੇਲ ਕਰੇ ਪਰਵਰਦਿਗਾਰ, ਪਰਦਾ ਆਪਣਾ ਆਪ ਉਠਾਇੰਦਾ । ਨਿਜ ਨੇਤਰ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਹਰਿਜਨ ਹਰਿ ਜੂ ਪੈਜ ਸੁਆਰ, ਮਾਣਸ ਜਨਮ ਲੇਖੇ ਲਾਇੰਦਾ । ਏਕਾ ਦੇਵੇ ਵਸਤ ਅਪਾਰ, ਨਾਮ ਨਿਧਾਨਾ ਝੋਲੀ ਪਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਨਜ਼ਰ ਕਿਸੇ ਨਾ ਆਇੰਦਾ । ਗੁਰਸਿਖ ਸੱਜਣ ਲਏ ਉਠਾਲ, ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਕਲਜੁਗ ਅੰਤ ਅਵੱਲੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਵਣ ਜਾਵਣ ਪਤਤ ਪਾਵਣ, ਹਰਿਜਨ ਆਪਣੇ ਲੇਖੇ ਪਾਇੰਦਾ । ਆਵਣ ਜਾਵਣ ਲੇਖੇ ਲਾ, ਹਰਿ ਸਤਿਗੁਰ ਦਇਆ ਕਮਾਇੰਦਾ । ਪਾਰ ਉਤਾਰੇ ਫੜ ਫੜ ਬਾਂਹ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਸਤਿ ਪੁਰਖ ਨਿਰੰਜਣ ਬੇੜਾ ਆਪ ਚਲਾਇੰਦਾ । ਪਾਰ ਕਰਾਏ ਜਲ ਥਲ ਅਸਗਾਹ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਚਰਨਾਂ ਹੇਠ ਦਬਾਇੰਦਾ । ਦਰਗਹਿ ਸਾਚੀ ਵਖਾਏ ਸਾਚਾ ਥਾਂ, ਥਾਨ ਥਨੰਤਰ ਆਪ ਵਡਿਆਇੰਦਾ । ਜਨ ਭਗਤਾਂ ਬਣੇ ਪਿਤਾ ਮਾਂ, ਪੂਤ ਸਪੂਤਾ ਗੋਦ ਬਹਾਇੰਦਾ । ਜਿਸ ਜਨ ਜਪਾਏ ਆਪਣਾ ਨਾਂ, ਆਤਮ ਪਰਮਾਤਮ ਰੰਗ ਚੜ੍ਹਾਇੰਦਾ । ਹੋਏ ਸਹਾਈ ਸਭਨੀ ਥਾਂ, ਘਟ ਘਟ ਆਪਣਾ ਵੇਸ ਵਟਾਇੰਦਾ । ਆਵਣ ਜਾਵਣ ਲੇਖੇ ਲਏ ਲਾ, ਲਾਸ਼ਰੀਕ ਦਇਆ ਕਮਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਨ ਲਿਆ ਗਾ, ਜਨਮ ਮਰਨ ਮਰਨ ਜਨਮ ਵਿਚ ਕਦੇ ਨਾ ਆਇੰਦਾ ।



## ✳ ੧੭ ਜੇਠ ੨੦੧੯ ਬਿਕਰਮੀ ਪਿੰਡ ਸੀਂਗਰੀ ਜੰਮੂ ✳

ਲੱਖ ਚੁਰਾਸੀ ਹਰਿ ਪਰਕਾਸ਼, ਘਟ ਘਟ ਨੂਰ ਧਰਾਇੰਦਾ । ਗੁਰਮੁਖ ਵਿਰਲੇ ਪੂਰੀ ਹੋਵੇ ਆਸ, ਜਿਸ ਜਨ ਆਪਣੀ ਦਇਆ ਕਮਾਇੰਦਾ । ਜਨਮ ਜਨਮ ਦੀ ਮਿਟੇ ਪਿਆਸ, ਤ੍ਰਿਸਨਾ ਤ੍ਰਿਖ ਭੁੱਖ ਗਵਾਇੰਦਾ । ਮਾਣਸ ਜਨਮ ਕਰੇ ਰਾਸ, ਮਾਨੁਖ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਭੇਵ ਚੁਕਾਇੰਦਾ । ਲੱਖ ਚੁਰਾਸੀ ਰਹੀ ਕੁਰਲਾ, ਜਨਮ ਅਜਨਮ ਵਿਚ ਭੁਵਾਈਆ । ਨੇਤਰ ਨੈਣਾਂ ਨੀਰ ਰਹੀ ਵਹਾ, ਧੀਰਜ ਧੀਰ ਨਾ ਕੋਇ ਧਰਾਈਆ । ਗੁਰਮੁਖ ਵਿਰਲੇ ਸਤਿਗੁਰ ਮਿਲੇ ਸਚ ਮਲਾਹ, ਜਗ ਬੇੜਾ ਲਏ ਤਰਾਈਆ । ਆਤਮ ਪਰਮਾਤਮ ਜਪਾਏ ਸਾਚਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਫੜ ਫੜ ਹੰਸ ਬਣਾਏ ਕਾਂ, ਬੁੱਧੀ ਕਾਗ ਦਏ ਗਵਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਲੱਖ ਚੁਰਾਸੀ ਉਲਟਾ ਗੇੜਾ ਗੇੜਾ, ਗੇੜੇ ਵਿਚ ਭੁਵਾਇੰਦਾ । ਜਨਮ ਮਰਨ ਲੱਗਾ ਝੇੜਾ, ਮਰ ਮਰ ਪੰਧ ਨਾ ਕੋਇ ਮੁਕਾਇੰਦਾ । ਉਜੜੇ ਵਸੇ ਕਾਇਆ ਖੇੜਾ, ਰੁੱਤ ਬਸੰਤ ਨਾ ਕੋਇ ਵਖਾਇੰਦਾ । ਹਰਿਜਨ ਵਿਰਲੇ ਹਰਿ ਜੂ ਬੰਨ੍ਹੇ ਬੇੜਾ, ਏਕਾ ਚੱਪੂ ਨਾਮ ਲਗਾਇੰਦਾ । ਦਰਸ ਦਖਾਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਕਰੇ ਆਪਣੀ ਮਿਹਰਾ, ਮੇਲ ਵਿਛੋੜਾ ਆਪ ਜਣਾਇੰਦਾ । ਮੇਲ ਵਿਛੋੜਾ ਲੱਖ ਚੁਰਾਸੀ, ਜੁਗ ਜੁਗ ਗੇੜਾ ਆਪ ਦਿਵਾਈਆ । ਜੀਵ ਜੰਤ ਧਰਮ ਰਾਏ ਦੀ ਚੜ੍ਹਨ ਫਾਸੀ, ਜਮ ਫਾਸ ਨਾ ਕੋਇ ਕਟਾਈਆ । ਜਨ ਭਗਤਾਂ ਹੋਏ ਸਹਾਈ ਪੁਰਖ ਅਬਿਨਾਸ਼ੀ, ਜਗ ਆਪਣੀ ਦਇਆ ਕਮਾਈਆ । ਮਾਣਸ ਜਨਮ ਕਰੇ ਰਹਿ ਰਾਸੀ, ਰਹਿਬਰ ਬਣ ਬਣ ਫੇਰਾ ਪਾਈਆ । ਸੁਰਤੀ ਸ਼ਬਦ ਨਾ ਰਹੇ ਪਿਆਸੀ, ਨਾਮ ਪਿਆਲਾ ਜਾਮ ਪਿਆਈਆ । ਅੰਤਮ ਕਰੇ ਬੰਦ ਖ਼ਲਾਸੀ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਲੇਖਾ ਪਾਈਆ । ਲੱਖ ਚੁਰਾਸੀ ਹੋਈ ਬੇਹਾਲ, ਧੀਰਜ ਧੀਰ ਨਾ ਕੋਇ ਰਖਾਇੰਦਾ । ਅੰਤਮ ਖਾਏ ਸਭ ਨੂੰ ਕਾਲ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਵਿਰਲੇ ਹਰਿ ਜੂ ਵੇਖੇ ਲਾਲ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਗੁਰਮੁਖਾਂ ਬਣੇ ਆਪ ਦਲਾਲ, ਲੋਕਮਾਤ ਵਣਜ ਕਰਾਇੰਦਾ । ਦਿਵਸ ਰੈਣ ਕਰ ਪ੍ਰਿਤਪਾਲ, ਅਗਨੀ ਤਤ ਤਤ ਬੁਝਾਇੰਦਾ । ਘਰ ਮੰਦਰ ਇਕ ਵਖਾਲ, ਦਰ ਸਾਚਾ ਆਪ ਸੁਹਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਤ੍ਰੈਗੁਣ ਮੀਤਾ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਖੇਲ ਅਵੱਲਾ, ਭੇਵ ਕੋਇ ਨਾ ਪਾਈਆ । ਕਰੇ ਕਰਾਏ ਇਕ ਇਕੱਲਾ, ਪੁਰਖ ਅਕਾਲ ਵਡੀ ਵਡਿਆਈਆ । ਜੀਵ ਜੰਤ ਭੁਲਾਏ ਕਰ ਕਰ ਵਲ ਛਲਾ, ਵਲ ਛਲ ਆਪਣੀ ਧਾਰ ਚਲਾਈਆ । ਗੁਰਮੁਖ ਵਿਰਲੇ ਫੜਾਏ ਪੱਲਾ, ਜਿਸ ਆਪਣੀ ਬੂਝ ਬੁਝਾਈਆ । ਜੋਤੀ ਧਾਰ ਸ਼ਬਦੀ ਰਲਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਗੁਰਮੁਖਾਂ ਸੰਗ ਗੁਰਸਿਖ ਰਲਾ, ਗੁਰ ਸਿਖਿਆ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਨਾਖ਼ਤ ਆਪਣੀ ਦਏ ਕਰਾਈਆ ।

### ✳ ੧੭ ਜੇਠ ੨੦੧੯ ਬਿਕਰਮੀ ਪੂਰਨ ਚੰਦ ਦੇ ਗ੍ਰਿਹ ਮਲਕ ਕੈਂਪ ✳

ਸਤਿਗੁਰ ਕਿਰਪਾ ਗੁਰ ਮਿਲੇ ਮੀਤ, ਮਿੱਤਰ ਪਿਆਰਾ ਸੰਗ ਰਖਾਇੰਦਾ । ਕਾਇਆ ਕਰੇ ਠੰਡੀ ਸੀਤ, ਤਨ ਅਗਨੀ ਤਤ ਬੁਝਾਇੰਦਾ । ਆਤਮ ਪਰਮਾਤਮ ਜਣਾਏ ਰੀਤ, ਰੀਤੀਵਾਨ ਦਇਆ ਕਮਾਇੰਦਾ । ਬ੍ਰਹਮ ਪਾਰਬ੍ਰਹਮ ਬੰਧਾਏ ਪ੍ਰੀਤ, ਪ੍ਰੇਮ ਬੰਧਨ ਏਕਾ ਪਾਇੰਦਾ । ਅਨਹਦ ਸ਼ਬਦ ਸੁਣਾਏ ਗੀਤ, ਗੀਤ ਅਨਾਦੀ ਆਪ ਅਲਾਇੰਦਾ । ਰੰਗ ਰੰਗਾਏ ਹਸਤ ਕੀਟ, ਊਚ ਨੀਚ ਭੇਵ ਚੁਕਾਇੰਦਾ । ਵਖਾਏ ਧਾਮ ਸਚ ਅਨਡੀਠ, ਘਰ ਘਰ ਵਿਚ ਪਰਦਾ ਲਹਿੰਦਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਜਿਸ ਜਨ ਆਪਣਾ ਰੂਪ ਦਰਸਾਇੰਦਾ । ਨਿਰਗੁਣ ਨਰ ਹਰਿ ਨਰਾਇਣ ਵਸੇ ਚੀਤ, ਅੰਤਰ ਮੰਤਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹਰਿ ਸਤਿਗੁਰ ਦਇਆ ਕਮਾਇੰਦਾ । ਸਤਿਗੁਰ ਕਿਰਪਾ ਗੁਰ ਗੁਰ ਜਾਣ, ਗੁਰ ਦੇਵੇ ਮਾਣ ਵਡਿਆਈਆ । ਨਾਤਾ ਤੋੜੇ ਜੀਵ ਜਹਾਨ, ਜੀਵਣ ਜੁਗਤ ਦਏ ਸਮਝਾਈਆ । ਸਚ ਸੰਦੇਸ਼ਾ ਦੇਵੇ ਆਣ, ਘਰ ਘਰ ਨਾਦ ਅਲਾਈਆ । ਮੇਲ ਮਿਲਾਏ ਸ੍ਰੀ ਭਗਵਾਨ, ਮਿਲਿਆ ਮੇਲ ਵਿਛੜ ਨਾ ਜਾਈਆ । ਏਕਾ ਅੱਖਰ ਦਏ ਗਿਆਨ, ਆਖ਼ਰ ਆਪਣਾ ਰੰਗ ਵਖਾਈਆ । ਅੰਧ ਅੰਧੇਰ ਮਿਟੇ ਨਿਸ਼ਾਨ, ਸਾਚਾ ਚੰਦ ਦਏ ਚੜ੍ਹਾਈਆ । ਘਰ ਵਿਚ ਘਰ ਵਖਾਏ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਦੇਵੇ ਮਾਣ ਵਡਿਆਈਆ । ਸਤਿਗੁਰ ਕਿਰਪਾ ਗੁਰ ਗੁਰ ਮੇਲਾ, ਗੁਰ ਗੁਰ ਆਪਣਾ ਰੰਗ ਵਖਾਇੰਦਾ । ਆਦਿ ਜੁਗਾਦੀ ਸੱਜਣ ਸੁਹੇਲਾ, ਜੁਗ ਜੁਗ ਵੇਸ ਵਟਾਇੰਦਾ । ਕੱਟਣਹਾਰਾ ਚੁਰਾਸੀ ਜੇਲਾ, ਜਮ ਕਾ ਭੈ ਭੌ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਭੇਵ ਚੁਕਾਇੰਦਾ । ਸਤਿਗੁਰ ਕਿਰਪਾ ਮਿਲੇ ਗੁਰ ਗੁਰ ਸਾਗਰ, ਗਹਿਰ ਗੰਭੀਰ ਵਡੀ ਵਡਿਆਈਆ । ਲੇਖਾ ਜਾਣੇ ਕਾਇਆ ਗਾਗਰ, ਪੰਜ ਤਤ ਵੇਖੇ ਚਾਈਂ ਚਾਈਆ । ਨਿਰਮਲ ਨੂਰ ਕਰੇ ਉਜਾਗਰ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਚੇ ਹੱਟ ਵਣਜ ਕਰਾਏ ਬਣ ਸੌਦਾਗਰ, ਘਰ ਘਰ ਵਿਚ ਵਸਤ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦੇਵ ਇਕ ਅਖਵਾਈਆ । ਸਤਿਗੁਰ ਕਿਰਪਾ ਮਿਲੇ ਗੁਰਦੇਵ, ਗੁਰ ਗੁਰ ਖੇਲ ਕਰਾਇੰਦਾ । ਆਤਮ ਪਰਮਾਤਮ ਸਾਚਾ ਮੇਵ, ਰਸ ਰਸੀਆ ਰਸ ਵਖਾਇੰਦਾ । ਅਲੱਖ ਅਗੋਚਰ ਅਗੰਮ ਅਭੇਵ, ਬਜ਼ਰ ਕਪਾਟੀ ਪਰਦਾ ਲਾਹਿੰਦਾ । ਦਰਸ ਦਖਾਏ ਇਕ ਨਿਹਕੇਵ, ਨਿਹਚਲ ਆਪਣਾ ਧਾਮ ਪਰਗਟਾਇੰਦਾ । ਲੇਖਾ ਜਾਣੇ ਰਸਨਾ ਜੇਹਵ, ਜੇਹਵਾ ਰਸਨਾ ਆਪਣਾ ਗੁਣ ਵਖਾਇੰਦਾ । ਦਾਤਾ ਦਾਨੀ ਵਡ ਦੇਵੀ ਦੇਵ, ਦੇਵਤ ਸੁਰ ਮੁਨ ਜਨ ਏਕਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਵੇਸ ਵਟਾਇੰਦਾ । ਸਤਿਗੁਰ ਕਿਰਪਾ ਗੁਰ ਵੇਸ ਅਵੱਲੜਾ, ਆਦਿ ਜੁਗਾਦਿ ਵਟਾਈਆ । ਜਨ ਭਗਤ ਫੜਾਏ ਸਾਚਾ ਪਲੜਾ, ਏਕਾ ਪੱਲੂ ਲਏ ਉਠਾਈਆ । ਜੀਵਣ ਦਾਤਾ ਮਾਰਗ ਦੱਸੇ ਰਾਹ ਸੁਖੱਲੜਾ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਗੁਰ ਗੁਰ ਬੂਝ ਬੁਝਾਈਆ । ਗੁਰ ਬੂਝੇ ਹਰਿ ਸਤਿਗੁਰ ਧਾਰ, ਭੇਵ ਅਭੇਦ ਜਣਾਈਆ । ਘਰ ਮੰਦਰ ਵੱਜੇ ਇਕ ਸਤਾਰ, ਤੰਦੀ ਤੰਦ ਨਾ ਕੋਇ ਰਖਾਈਆ । ਦਿਵਸ ਰੈਣ ਹੋਏ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦੇਵ ਦਇਆ ਕਮਾਈਆ । ਗੁਰਦੇਵ ਇਕੋ ਸਤਿਗੁਰ ਸਾਜਣ, ਸ਼ਬਦੀ ਸ਼ਬਦ ਨਾਉਂ ਧਰਾਇੰਦਾ । ਤਖ਼ਤ ਨਿਵਾਸੀ ਰਾਜ ਰਾਜਨ, ਸ਼ਾਹੋ ਭੂਪ ਹੁਕਮ ਵਰਤਾਇੰਦਾ । ਆਦਿ ਜੁਗਾਦੀ ਜੁਗ ਜੁਗ ਰਚੇ ਆਪਣਾ ਕਾਜਨ, ਕਰਤਾ ਪੁਰਖ ਖੇਲ ਕਰਾਇੰਦਾ । ਲੱਖ ਚੁਰਾਸੀ ਚਲਾਏ ਜਹਾਜ਼ਨ, ਬਣ ਖੇਵਟ ਖੇਟਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਗੁਰ ਭੇਦ ਸਤਿਗੁਰ ਰੰਗ, ਸਾਰ ਕੋਇ ਨਾ ਪਾਈਆ । ਗੁਰਮੁਖ ਵਿਰਲਾ ਜਾਣੇ ਜਿਸ ਮੇਲ ਮਿਲਾਏ ਸੂਰਾ ਸਰਬੰਗ, ਸੁਰਤੀ ਸ਼ਬਦ ਸ਼ਬਦ ਕੁੜਮਾਈਆ । ਆਤਮ ਪਰਮਾਤਮ ਦੇਵੇ ਅਨੰਦ, ਅਨੰਦ ਮੰਗਲ ਗੀਤ ਅਲਾਈਆ । ਸਾਚਾ ਢੋਲਾ ਇਕੋ ਸੋਹਲਾ ਸੁਣਾਏ ਛੰਦ, ਸ਼ੰਕਾ ਹੋਰ ਰਹਿਣ ਨਾ ਪਾਈਆ । ਪਰਕਾਸ਼ ਪਰਕਾਸ਼ ਚੜ੍ਹਾਏ ਚੰਦ, ਅੰਧ ਅੰਧੇਰ ਦਏ ਗਵਾਈਆ । ਨਾਮ ਜਪਾਏ ਬਿਨ ਬੱਤੀ ਦੰਦ, ਮਨ ਕਾ ਮਣਕਾ ਆਪ ਭੁਵਾਈਆ । ਠਾਕਰ

ਸਵਾਮੀ ਹੋ ਬਖ਼ਸ਼ੰਦ, ਸਾਹਿਬ ਦਿਆਲ ਆਪਣਾ ਦਰਸ ਦਏ ਵਖਾਈਆ । ਮੇਟ ਮਿਟਾਏ ਦੂਈ ਦਵੈਤੀ ਭਰਮਾਂ ਕੰਧ, ਕਾਲ ਮਹਾਕਾਲ ਭੈ ਦੇ ਨਾ ਸਕੇ ਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪਣੀ ਵੰਡਣ ਆਪੇ ਵੰਡ, ਆਪਣੇ ਮੰਦਰ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਖੇਲ ਕਰਾਈਆ । ਗੁਰ ਸਤਿਗੁਰ ਸੱਚਾ ਏਕੰਕਾਰ, ਆਦਿ ਪੁਰਖ ਅਖਵਾਇੰਦਾ । ਜੁਗਾ ਜੁਗੰਤਰ ਹੋ ਤਿਆਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਵਾਰੋ ਵਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਆਧਾਰ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੇਵ ਲਗਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਦੇ ਗਿਆਨ, ਪੀਰ ਪੈਗ਼ੰਬਰ ਅੰਜੀਲ ਕੁਰਾਨ ਆਪ ਪੜ੍ਹਾਇੰਦਾ । ਖਾਣੀ ਬਾਣੀ ਇਕ ਨਿਸ਼ਾਨ, ਸ਼ਬਦ ਅਗੰਮੀ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਸੁਣਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਤ੍ਰੈਗੁਣ ਅਤੀਤਾ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਸੂਰਜ ਚੰਨ ਰਵ ਸਸ ਭਾਨ, ਮੰਡਲ ਮੰਡਪ ਡਗਮਗਾਇੰਦਾ । ਪ੍ਰਿਥਮੀ ਆਕਾਸ਼ ਹੋ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਇੰਦਾ । ਸਤਿਗੁਰ ਸੱਚਾ ਸ੍ਰੀ ਭਗਵੰਤ, ਭਗਵਨ ਏਕਾ ਰੂਪ ਵਟਾਈਆ । ਖੇਲੇ ਖੇਲ ਆਦਿ ਅੰਤ, ਨਿਤ ਨਵਿਤ ਕਰ ਕਰ ਹਿੱਤ ਭਗਤਾਂ ਲਏ ਮਿਲਾਈਆ । ਬੰਧਨ ਪਾਏ ਨਾਰ ਕੰਤ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਨਾਮ ਸੁਣਾਏ ਏਕਾ ਮੰਤ, ਮਹਿਮਾ ਜਾਣੇ ਬੇਅੰਤ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਤੋੜਣਹਾਰਾ ਗੜ੍ਹ ਹਉਮੇ ਹੰਗਤ, ਹਰਿਜਨ ਬਣਾਏ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਈਆ । ਗੁਰਮੁਖ ਗੁਰਸਿਖ ਦੂਜੇ ਦਰ ਨਾ ਜਾਏ ਮੰਗਤ, ਦੇਵੇ ਗਿਆਨ ਨਾ ਕੋਇ ਪੰਡਤ, ਬੋਧ ਅਗਾਧ ਏਕਾ ਨਾਦ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਨਿਰਗੁਣ ਨਿਰਾਕਾਰ ਇਕ ਹੋ ਜਾਈਆ । ਸਤਿਗੁਰ ਸੱਚਾ ਨਿਰਾਕਾਰ, ਨਿਰਵੈਰ ਪੁਰਖ ਅਖਵਾਇੰਦਾ । ਲੱਖ ਚੁਰਾਸੀ ਜੂਨੀ ਵਸੇ ਬਾਹਰ, ਘਟ ਘਟ ਆਪਣਾ ਰੂਪ ਦਰਸਾਇੰਦਾ । ਮਰੇ ਨਾ ਜੰਮੇ ਵਿਚ ਸੰਸਾਰ, ਮਾਤ ਗਰਭ ਨਾ ਫੇਰਾ ਪਾਇੰਦਾ । ਹੁਕਮੇ ਅੰਦਰ ਘੱਲੇ ਗੁਰ ਅਵਤਾਰ, ਗੁਰ ਗੁਰ ਸੇਵ ਜਣਾਇੰਦਾ । ਕੋਟਨ ਕੋਟ ਸਾਧ ਸੰਤ ਕਰ ਤਿਆਰ, ਸ੍ਰੀ ਭਗਵੰਤ ਹੁਕਮ ਮਨਾਇੰਦਾ । ਸਚਖੰਡ ਵਸੇ ਵਸਣਹਾਰ, ਥਿਰ ਘਰ ਸ਼ਬਦੀ ਰਾਗ ਅਲਾਇੰਦਾ । ਸੁਨ ਅਗੰਮੀ ਖੇਲ ਅਪਾਰ, ਧੂਅੰਧਾਰ ਮੇਟ ਮਿਟਾਇੰਦਾ । ਕਾਇਆ ਕੱਪੜ ਖੋਲ੍ਹ ਕਿਵਾੜ, ਆਤਮ ਦਰਸੀ ਦਸਮ ਦੁਆਰੀ ਡੇਰਾ ਲਾਇੰਦਾ । ਸਾਚੀ ਸੇਜਾ ਸੋਹੇ ਅਪਾਰ, ਨਿਰਮਲ ਜੋਤ ਜਗੇ ਉਜਿਆਰ, ਦੀਆ ਬਾਤੀ ਕਮਲਾਪਾਤੀ ਆਪ ਟਿਕਾਇੰਦਾ । ਸਾਚੇ ਮੰਦਰ ਹੋਏ ਧੁਨਕਾਰ, ਅਨਹਦ ਵੱਜੇ ਇਕ ਸਤਾਰ, ਤੰਦੀ ਤੰਦ ਨਾ ਕੋਇ ਵਖਾਇੰਦਾ । ਕਰੇ ਖੇਲ ਅਪਰ ਅਪਾਰ, ਏਕਾ ਵੇਖੇ ਵੇਖਣਹਾਰ, ਅੰਦਰ ਬਾਹਰ ਗੁਪਤ ਜ਼ਾਹਰ, ਆਪਣਾ ਰੂਪ ਵਟਾਇੰਦਾ । ਜੋਤੀ ਜਾਤਾ ਹਰਿ ਕਰਤਾਰ, ਪੁਰਖ ਬਿਧਾਤਾ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨੂਰੋ ਨੂਰ ਡਗਮਗਾਇੰਦਾ । ਆਤਮ ਪਰਮਾਤਮ ਦਏ ਆਧਾਰ, ਪਾਰਬ੍ਰਹਮ ਖੇਲ ਅਪਾਰ, ਬ੍ਰਹਮ ਮੇਲੇ ਆਪਣੀ ਧਾਰ, ਤਤ ਨਜ਼ਰ ਕੋਇ ਨਾ ਆਇੰਦਾ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਹੋਏ ਖ਼ੁਵਾਰ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਜਿਸ ਜਨ

ਸਤਿਗੁਰ ਕਰੇ ਪਿਆਰ, ਲੱਖ ਚੁਰਾਸੀ ਵਿਚੋਂ ਲਏ ਨਿਕਾਲ, ਰਾਏ ਧਰਮ ਫੰਦ ਨਾ ਕੋਇ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਗੁਰਮੁਖ ਉਠਾਏ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਸਤਿਗੁਰ ਆਪਣਾ ਨਾਉਂ ਰਖਾਇੰਦਾ । ਸਤਿਗੁਰ ਸੱਚਾ ਸਾਹਿਬ ਦਿਆਲ, ਦਿਆਲ ਰੂਪ ਆਪ ਹੋ ਜਾਈਆ । ਨਾਤਾ ਤੋੜੇ ਕਲਜੁਗ ਕਾਲ, ਕੂੜੀ ਕਿਰਿਆ ਦਏ ਮਿਟਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਆਪਣਾ ਬੰਧਨ ਪਾਈਆ । ਏਕਾ ਮਾਰਗ ਦੱਸੇ ਸੁਖਾਲ, ਸੁਖਮਨ ਟੇਢੀ ਬੰਕ ਅੱਧਵਿਚਕਾਰ ਨਾ ਕੋਇ ਅਟਕਾਈਆ । ਈੜਾ ਪਿੰਗਲ ਹੋਏ ਬੇਹਾਲ, ਸੁਣ ਸੁਣ ਸ਼ਬਦ ਨੈਣ ਸ਼ਰਮਾਈਆ । ਕਾਇਆ ਮੰਦਰ ਅੰਦਰ ਤੁੱਟੇ ਬਜ਼ਰ ਕਪਾਟੀ ਤਾਲ, ਪਰਦਾ ਦੂਈ ਦਏ ਉਠਾਈਆ । ਸੁਰਤ ਸਵਾਣੀ ਸ਼ਬਦੀ ਪੁੱਛੇ ਹਾਲ, ਹਾਲ ਮੁਰੀਦਾਂ ਆਪ ਸੁਣਾਈਆ । ਹਰਿਜਨ ਸੱਜਣ ਸਾਚੇ ਭਾਲ, ਆਪਣੇ ਘਰ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹਰਿਜਨ ਦੇਵੇ ਮਾਣ ਵਡਿਆਈਆ । ਸਤਿਗੁਰ ਪੂਰਾ ਸਾਹਿਬ ਠਾਕਰ, ਠੋਕਰ ਆਪਣੇ ਨਾਮ ਲਗਾਇੰਦਾ । ਆਦਿ ਪੁਰਖ ਦਰ ਆਇਆਂ ਘਰ ਦੇਵੇ ਆਦਰ, ਆਪਣਾ ਆਦਰਸ਼ ਆਪਣਾ ਆਪ ਵਖਾਇੰਦਾ । ਕਿਰਪਾ ਕਰੇ ਕਰੀਮ ਕਰਤਾ ਕਾਦਰ, ਕੁਦਰਤ ਕਾਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਸੱਚਾ ਮਿਹਰਵਾਨ, ਸਾਖਯਾਤ ਰੂਪ ਵਟਾਈਆ । ਜਨ ਭਗਤਾਂ ਦੇਵੇ ਇਕ ਗਿਆਨ, ਬ੍ਰਹਮ ਪਾਰਬ੍ਰਹਮ ਕਰੇ ਪੜ੍ਹਾਈਆ । ਦਰਗਹ ਸਾਚੀ ਵਖਾਏ ਸਚ ਨਿਸ਼ਾਨ, ਸਚਖੰਡ ਦੁਆਰੇ ਰਿਹਾ ਝੁਲਾਈਆ । ਸਾਢੇ ਤਿੰਨ ਹੱਥ ਕਾਇਆ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਅੱਗੇ ਪਿਛੇ ਫਿਰੇ ਸ੍ਰੀ ਭਗਵਾਨ, ਹਰਿਜਨ ਤੇਰੀ ਸੇਵ ਕਮਾਈਆ । ਨਾਤਾ ਤੋੜੇ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਨੇੜ ਨਾ ਆਈਆ । ਚਾਰ ਵਰਨ ਵਖਾਏ ਇਕ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਪੂਰਾ ਦੇਵੇ ਵਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਸਤਿਗੁਰ ਵੇਖੇ ਖੇਲ ਤਮਾਸ਼ੀ, ਜਨ ਭਗਤਾਂ ਪੂਰਨ ਕਰੇ ਆਸੀ, ਆਸਾ ਤ੍ਰਿਸ਼ਨਾ ਲੋਕਮਾਤ ਜਗਤ ਆਪਣੀ ਜੁਗਤ ਦਏ ਬੁਝਾਈਆ ।

### ✳ ੧੭ ਜੇਠ ੨੦੧੯ ਬਿਕਰਮੀ ਭਾਗ ਸਿੰਘ ਦੇ ਗ੍ਰਹਿ ਮਲਕ ਕੈਂਪ ਜੰਮੂ ✳

ਪਹਿਲੋਂ ਬਣੇ ਆਪ ਭੱਟ, ਭੱਟ ਆਪਣਾ ਰੂਪ ਬਣਾਈਆ । ਗੁਰੂ ਗ੍ਰੰਥ ਆਪਣੇ ਖਾਤੇ ਲਓ ਘੱਤ, ਦੂਸਰ ਪਾਸ ਨਜ਼ਰ ਕੋਇ ਨਾ ਆਈਆ । ਪੰਥ ਖ਼ਾਲਸੇ ਕੋਲੋਂ ਲਓ ਖਸ, ਖ਼ਾਲੀ ਹੱਥ ਦਿਓ ਵਖਾਈਆ । ਕਰੇ ਖੇਲ ਪੁਰਖ ਸਮਰਥ, ਧੁਰ ਦੀ ਬਾਣੀ ਲਏ ਅਲਾਈਆ । ਏਕਾ ਨੂਰ ਏਕਾ ਜੋਤ ਏਕਾ ਸ਼ਬਦ ਲਏ ਰਟ, ਆਪ ਆਪਣਾ ਭੇਵ ਖੁਲ੍ਹਾਈਆ । ਲੇਖਾ ਉਪਰ ਲੇਖਾ ਕੋਇ ਨਾ ਸਕੇ ਰੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਭੱਟ ਬਣਨਾ ਵਿਚ ਸੰਸਾਰ, ਸੰਸਾ ਮੂਲ ਰਹਿਣ ਨਾ ਪਾਈਆ । ਗੁਰੂ ਗ੍ਰੰਥ ਨਜ਼ਰ ਨਾ ਆਵੇ

ਕਿਸੇ ਦੁਆਰ, ਬੰਦ ਦੁਆਰੇ ਲਓ ਕਰਾਈਆ । ਫਿਰ ਅਰਜ਼ ਕਰੋ ਸਚ ਸੱਚੇ ਦਰਬਾਰ, ਦਰਦੀ ਦਰਦੀਆਂ ਦਰਦ ਦਰਦ ਲਏ ਵੰਡਾਈਆ । ਏਕਾ ਚੌਕਾ ਤੀਆ ਸਿਫ਼ਰਾ ਅੰਕ ਕਰੇ ਤਿਆਰ, ਅੰਕ ਅੰਕ ਨਾਲ ਮਿਲਾਈਆ । ਛੱਤੀ ਰਾਗ ਰਾਗ ਗੁਫ਼ਤਾਰ, ਰਾਗ ਰਾਗਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਾਚੀ ਦਇਆ ਹਰਿ ਆਪਣੇ ਹੱਥ ਰਖਾਈਆ । ਭੱਟ ਬਣ ਕਰੋ ਕੰਮ, ਭੱਟ ਆਪਣਾ ਰੂਪ ਵਟਾਈਆ । ਸ੍ਰਿਸ਼ਟ ਸਬਾਈ ਖ਼ਾਲੀ ਦਿਸੇ ਚੰਮ, ਦਮ ਦਮ ਰਹੀ ਕੁਰਲਾਈਆ । ਗੁਰੂ ਗ੍ਰੰਥ ਕਿਸੇ ਨਜ਼ਰ ਨਾ ਆਏ ਗੁਰੂਦੁਆਰਾ ਛਪਰੀ ਛੰਨ, ਹੱਟੋ ਹੱਟ ਨਾ ਕੋਇ ਵਿਕਾਈਆ । ਫਿਰ ਸਾਹਿਬ ਸਤਿਗੁਰ ਦੂਜੀ ਬੀੜ ਦੇਵੇ ਬੰਨ੍ਹ, ਕਰ ਕਿਰਪਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਕ ਅੰਕ ਨਾਲ ਮਿਲਾਈਆ । ਭੱਟ ਸੋਹੇ ਭੱਟ ਘਰ, ਭੱਟ ਭੇਟਾ ਆਪ ਜਣਾਇੰਦਾ । ਲੇਖਾ ਜਾਣੇ ਦੋ ਜਹਾਨ ਸ੍ਰੀ ਭਗਵਾਨ, ਆਦਿ ਜੁਗਾਦਿ ਨਾਦੀ ਨਾਨ ਨਾਦ ਵਜਾਇੰਦਾ । ਸ਼ਬਦ ਅਗੰਮੀ ਇਕ ਫ਼ਰਮਾਣ, ਗੁਰੂਆਂ ਪੀਰਾਂ ਦੇਵੇ ਦਾਨ, ਨਾਨਕ ਅਰਜਨ ਲੇਖ ਮਹਾਨ, ਲਿਖ ਲਿਖ ਲੇਖਾ ਹਰਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਗੁਰ ਗ੍ਰੰਥ ਜਾਏ ਲੁਕ, ਨਜ਼ਰ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਕੋਲੋਂ ਲੈਣਾ ਪੁੱਛ, ਦਹਿ ਦਿਸ਼ਾ ਫੇਰਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਨਾਉਂ ਕਰੇ ਫੇਰ ਉਤਪਤ, ਤੇਈ ਅਠਾਰਾਂ ਦਸ ਆਪਣਾ ਬੰਧਨ ਪਾਈਆ । ਇਕਵੰਜਾ ਬਵੰਜਾ ਹੋਏ ਵਸ, ਕਰੇ ਖੇਲ ਪੁਰਖ ਸਮਰਥ, ਸਾਚੀ ਗਾਏ ਅਕੱਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਸੁਣਨਾ ਮੀਤ, ਹਰਿ ਹਰਿ ਆਪ ਜਣਾਇੰਦਾ । ਗੋਬਿੰਦ ਵਾਲੀ ਵੇਖੇ ਰੀਤ, ਗੋਬਿੰਦ ਕਵਣ ਖੇਲ ਕਰਾਇੰਦਾ । ਗੁਰੂ ਗ੍ਰੰਥ ਗੁਰ ਨਜ਼ਰ ਨਾ ਆਏ ਕਿਸੇ ਪਾਸ ਹਸਤ ਕੀਟ, ਘਰ ਘਰ ਖ਼ਾਲੀ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖ ਦਏ ਧਰ, ਧਰਨੀ ਉਪਰ ਆਪ ਪਰਗਟਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਏਕੰਕਾਰਾ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਹੁਕਮੀ ਹੁਕਮ ਕਰੇ ਵਰਤਾਰਾ, ਆਦਿ ਜੁਗਾਦਿ ਖੇਲ ਕਰਾਇੰਦਾ । ਜੁਗਾ ਜੁਗੰਤਰ ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਪੁਰਖ ਅਕਾਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਸਤਿ ਸਤਿਵਾਦੀ ਆਪ ਚਲਾਈਆ । ਘਰ ਵਿਚ ਘਰ ਕਰ ਪਰਗਟ, ਥਿਰ ਘਰ ਸਾਚੇ ਬਣਤ ਬਣਾਈਆ । ਕਰੇ ਖੇਲ ਅਕੱਥਨਾ ਅਕੱਥ, ਬੋਧ ਅਗਾਧੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦ ਹਰਿ ਨਿਰੰਕਾਰਾ, ਆਪਣਾ ਆਪ ਖੁਲ੍ਹਾਈਆ । ਆਦਿ ਆਦਿ ਕਰ ਪਸਾਰਾ, ਨਰ ਨਰ ਵੇਸ ਵਟਾਈਆ । ਸ਼ਬਦੀ ਸ਼ਬਦ ਸੁਤ ਦੁਲਾਰਾ, ਗ੍ਰਿਹ ਮੰਦਰ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਭੰਡਾਰਾ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਪੰਚਮ ਤਤ ਤਤ ਅਖਾੜਾ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਨਿਰੰਕਾਰ, ਆਦਿ ਜੁਗਾਦੀ ਏਕਾ ਲਾਇੰਦਾ । ਸਚਖੰਡ



੨੨੨
੧੨

ਨਿਵਾਸੀ ਕਰੇ ਸਾਚੀ ਕਾਰ, ਕਰਤਾ ਪੁਰਖ ਖੇਲ ਕਰਾਇੰਦਾ । ਲੱਖ ਚੁਰਾਸੀ ਭਰ ਭੰਡਾਰ, ਘਟ ਘਟ ਆਪਣੀ ਵਸਤ ਟਿਕਾਇੰਦਾ । ਨਿਰਮਲ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰ, ਗ੍ਰਿਹ ਗ੍ਰਿਹ ਆਪਣੀ ਆਪ ਟਿਕਾਇੰਦਾ । ਵੇਖੇ ਵਿਗਸੇ ਵੇਖਣਹਾਰ, ਨੇਤਰ ਨੈਣਾਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਇਕ ਰਚਾਇੰਦਾ । ਸਾਚੀ ਰਚਨਾ ਸ੍ਰੀ ਭਗਵਾਨ, ਏਕਾ ਏਕ ਰਚਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਦੇ ਦੇ ਦਾਨ, ਬ੍ਰਹਮ ਪਾਰਬ੍ਰਹਮ ਆਪਣੀ ਅੰਸ ਬਣਾਈਆ । ਜੀਵ ਜੰਤ ਕਰ ਪਰਧਾਨ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਰਾਹ ਚਲਾਈਆ । ਚਾਰੇ ਬਾਣੀ ਬੋਲ ਗਿਆਨ, ਏਕਾ ਨਾਦ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਸ਼ਬਦੀ ਧਾਰ, ਪੁਰਖ ਅਕਾਲਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਪਸਾਰ, ਸਚ ਅਖਾੜਾ ਆਪ ਲਗਾਇੰਦਾ । ਘੜ ਘੜ ਭਾਂਡੇ ਵੇਖੇ ਵੇਖਣਹਾਰ, ਬਣ ਠਠਿਆਰਾ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰਾਹ ਆਪ ਚਲਾਇੰਦਾ । ਸਾਚਾ ਚਲਾਏ ਹਰਿ ਜੂ ਰਾਹ, ਭੇਵ ਕੋਇ ਨਾ ਪਾਈਆ । ਨਿਰਗੁਣ ਨਿਰਗੁਣ ਬਣ ਮਲਾਹ, ਸਰਗੁਣ ਬੇੜਾ ਆਪ ਚਲਾਈਆ । ਆਪਣਾ ਦੇਵੇ ਨਾਮ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਪੁਰਖ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਨਿਰਗੁਣ ਸਰਗੁਣ ਦੇ ਸਹਾਰਾ, ਜੋਤੀ ਜੋਤ ਨੂਰ ਟਿਕਾਇੰਦਾ । ਏਕਾ ਮੰਦਰ ਕਰ ਪਸਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੱਗੇ ਨਿਰਗੁਣ ਸੀਸ ਝੁਕਾਇੰਦਾ । ਨਿਰਗੁਣ ਦਾਤਾ ਨਿਰਗੁਣ ਭਿਖਾਰੀ, ਨਿਰਗੁਣ ਸਾਚੇ ਤਖ਼ਤ ਸੁਹਾਈਆ । ਨਿਰਗੁਣ ਭੂਪ ਰਾਜ ਸਿਕਦਾਰੀ, ਨਿਊਂ ਨਿਊਂ ਨਿਰਗੁਣ ਸੀਸ ਝੁਕਾਈਆ । ਨਿਰਗੁਣ ਜੋਧਾ ਸੂਰ ਵਡ ਬਲਕਾਰੀ, ਨਿਰਗੁਣ ਬਲਹੀਣ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਨਿਰਗੁਣ ਦਾਤਾ ਨਿਰਗੁਣ ਦਾਨੀ, ਨਿਰਗੁਣ ਝੋਲੀ ਅੱਗੇ ਡਾਹਿੰਦਾ । ਨਿਰਗੁਣ ਨੂਰ ਨਿਰਗੁਣ ਜੋਤ ਨੁਰਾਨੀ, ਨਿਰਗੁਣ ਅੰਧ ਅੰਧੇਰ ਸਮਾਇੰਦਾ । ਨਿਰਗੁਣ ਸ਼ਬਦ ਨਿਰਗੁਣ ਬਾਣੀ, ਨਿਰਗੁਣ ਨਾਦੀ ਨਾਦ ਵਜਾਇੰਦਾ । ਨਿਰਗੁਣ ਅਕੱਥ ਨਿਰਗੁਣ ਕਹਾਣੀ, ਨਿਰਗੁਣ ਘਰ ਘਰ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਨਿਰਗੁਣ ਨਰ ਵੰਡੇ ਵੰਡ, ਵੰਡਣਹਾਰ ਆਪ ਅਖਵਾਈਆ । ਨਿਰਗੁਣ ਖੇਲ ਕਰੇ ਬ੍ਰਹਿਮੰਡ, ਬ੍ਰਹਿਮਾਂਡ ਰਚਨ ਰਚਾਈਆ । ਨਿਰਗੁਣ ਖੇਲ ਕਰੇ ਸਚਖੰਡ, ਥਿਰ ਘਰ ਸ਼ਬਦੀ ਸੁਤ ਦਏ ਬਹਾਈਆ । ਨਿਰਗੁਣ ਪਰਕਾਸ਼ ਕਰੇ ਸੂਰਜ ਚੰਦ, ਚੰਦ ਚਾਂਦਨੀ ਦਏ ਚਮਕਾਈਆ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਪਾਏ ਬੰਧ, ਬੰਧਨ ਆਪਣਾ ਨਾਉਂ ਰਖਾਈਆ । ਨਿਰਗੁਣ ਇਕ ਸੁਣਾਏ ਸੁਹਾਗੀ ਛੰਦ, ਨਿਸ਼ਅੱਖਰ ਕਰੇ ਪੜ੍ਹਾਈਆ । ਨਿਰਗੁਣ ਦਾਤਾ ਸੂਰਾ ਸਰਬੰਗ, ਸ਼ਾਹ ਸੁਲਤਾਨ ਵਡੀ ਵਡਿਆਈਆ । ਨਿਰਗੁਣ ਕੋਲੋਂ ਨਿਰਗੁਣ ਮੰਗੇ ਮੰਗ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ

੨੨੩
੧੨

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਦੇਵੇ ਆਪਣਾ ਦਾਨ, ਨਿਰਗੁਣ ਝੋਲੀ ਆਪ ਭਰਾਇੰਦਾ । ਸਾਚੀ ਵਸਤ ਵਸਤ ਮਹਾਨ, ਵਿਸ਼ਵ ਏਕਾ ਏਕ ਵਰਤਾਇੰਦਾ । ਸਰਗੁਣ ਨਿਰਗੁਣ ਕਰ ਪਰਵਾਨ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹਿੱਸਾ ਆਪ ਕਰਾਇੰਦਾ । ਸਾਚਾ ਹਿੱਸਾ ਸ੍ਰੀ ਭਗਵੰਤ, ਆਦਿ ਪੁਰਖ ਆਪ ਵੰਡਾਈਆ । ਦੇਵੇ ਮਾਣ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਨਾਤਾ ਜੋੜ ਨਾਰ ਕੰਤ, ਸਾਚੀ ਸੇਜ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਸਰਗੁਣ ਸਰਗੁਣ ਕਰੇ ਪਿਆਰ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਲਹਿਣਾ ਦੇਣਾ ਜਾਣੇ ਵਿਚ ਸੰਸਾਰ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਵਟਾਇੰਦਾ । ਆਪਣਾ ਰੂਪ ਆਪੇ ਰੱਖ, ਹਰਿ ਹਰਿ ਆਪਣੀ ਖੇਲ ਕਰਾਇੰਦਾ । ਗੁਰ ਗੁਰ ਰੂਪ ਹੋ ਪਰਤੱਖ, ਸਾਖਯਾਤ ਧਾਰ ਚਲਾਇੰਦਾ । ਸ਼ਬਦ ਅਗੰਮੀ ਆਪਣੀ ਵੱਥ, ਜੁਗ ਜੁਗ ਮਾਤ ਵਰਤਾਇੰਦਾ । ਸਾਚਾ ਮਾਰਗ ਆਪੇ ਦੱਸ, ਬਣ ਰਹਿਬਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਇੰਦਾ । ਭੇਵ ਅਭੇਦਾ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਵਿਸ਼ਨੂੰ ਦੇਵੇ ਵਿਸ਼ਵ ਦਾਨ, ਸਚ ਭੰਡਾਰਾ ਝੋਲੀ ਪਾਈਆ । ਬ੍ਰਹਮੇ ਬ੍ਰਹਮ ਕਰ ਪਰਵਾਨ, ਪਾਰਬ੍ਰਹਮ ਸਰਨਾਈਆ । ਸ਼ੰਕਰ ਲੇਖਾ ਅੰਤ ਜਹਾਨ, ਦੇਵੇ ਦੇਵਣਹਾਰ ਮੁਕਾਈਆ । ਨਿਰਗੁਣ ਸਰਗੁਣ ਵੇਖੇ ਆਣ, ਜੋਤੀ ਜਾਤਾ ਡਗਮਗਾਈਆ । ਗੁਰ ਅਵਤਾਰਾਂ ਦੇ ਦੇ ਦਾਨ, ਨਾਮ ਨਿਧਾਨਾ ਇਕ ਵਖਾਈਆ । ਸਚ ਸੰਦੇਸ਼ਾ ਦੋ ਜਹਾਨ, ਦੋਏ ਦੋਏ ਰੂਪ ਆਪ ਜਣਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ, ਪੁਰਾਨੀ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਈਆ । ਸਾਚਾ ਮੰਤਰ ਆਦਿ ਅੰਤ, ਹਰਿ ਜੂ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਜੁਗਾ ਜੁਗੰਤਰ, ਗੁਰ ਅਵਤਾਰ ਆਪ ਪੜ੍ਹਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਰ ਘਰ ਵੇਖ ਵਖਾਇੰਦਾ । ਆਪਣਾ ਬ੍ਰਹਮ ਜਾਣੇ ਨਿਰੰਤਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਸਾਲਾਹਿੰਦਾ । ਸਾਚਾ ਨਾਉਂ ਸਿਫ਼ਤ ਸਾਲਾਹ, ਵੇਦ ਸ਼ਾਸਤਰ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਬਣ ਮਲਾਹ, ਗੁਰ ਅਵਤਾਰ ਪੀਰ ਪੈਗ਼ੰਬਰ ਲਏ ਪਰਗਟਾਈਆ । ਆਪਣੇ ਮਾਰਗ ਆਪੇ ਲਾ, ਆਪਣਾ ਰਾਹ ਜਣਾਈਆ । ਆਤਮ ਪਰਮਾਤਮ ਜੋੜ ਜੁੜਾ, ਨਾਤਾ ਵੇਖੇ ਚਾਈਂ ਚਾਈਂਆ । ਸਾਚਾ ਢੋਲਾ ਇਕ ਸੁਣਾ, ਸਚ ਧੁਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਪਰਕਾਸ਼ ਆਪ ਕਰਾਈਆ । ਅਨਭਵ ਪਰਕਾਸ਼ ਗੁਰ ਗੁਰ ਧਾਰ, ਗੁਰ ਸ਼ਬਦੀ ਰੂਪ ਵਟਾਇੰਦਾ । ਲੇਖਾ ਜਾਣੇ ਜੁਗ ਚਾਰ, ਚੌਕੜ ਆਪਣੀ ਵੰਡ ਵੰਡਾਇੰਦਾ । ਬੋਧ ਅਗਾਧਾ ਬੋਲ ਜੈਕਾਰ, ਜੈ ਜੈ ਆਪਣੇ ਨਾਉਂ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਉਪਜਾਇੰਦਾ । ਸਾਚਾ ਨਾਉਂ ਨਿਸ਼ਅੱਖਰ ਰੰਗ, ਰੂਪ ਰੰਗ ਰੇਖ ਨਜ਼ਰ ਨਾ ਆਈਆ । ਨਿਰਗੁਣ ਡੋਰੀ ਨਿਰਗੁਣ ਪਤੰਗ, ਗੁਰ ਅਵਤਾਰ ਰਿਹਾ ਉਡਾਈਆ । ਆਤਮ ਪਰਮਾਤਮ ਵਸੇ ਸੰਗ, ਸਗਲਾ ਸੰਗ ਆਪ ਹੋ ਜਾਈਆ । ਏਕਾ ਮੰਦਰ

ਵੱਜੇ ਮਰਦੰਗ, ਮਰਦ ਮਰਦਾਨਾ ਆਪ ਵਜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਲੰਘ, ਸਚ ਸਿੰਘਾਸਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਗੁਰ ਮੰਤਰ ਆਪ ਪੜ੍ਹਾਈਆ । ਸਾਚਾ ਮੰਤਰ ਗੁਰ ਅਵਤਾਰ, ਹਰਿ ਜੂ ਹਰਿ ਹਰਿ ਆਪ ਪੜ੍ਹਾਇੰਦਾ । ਲੇਖਾ ਜਾਣੇ ਵੇਦ ਚਾਰ, ਬ੍ਰਹਮਾ ਮੁਖ ਮੁਖ ਸਾਲਾਹਿੰਦਾ । ਵੇਦ ਵਿਆਸਾ ਦਏ ਆਧਾਰ, ਪੁਰਾਨ ਅਠਾਰਾਂ ਆਪ ਅਲਾਇੰਦਾ । ਗੀਤਾ ਗਿਆਨ ਗਿਆਨ ਵਿਚਾਰ, ਕਾਹਨਾ ਕ੍ਰਿਸ਼ਨਾ ਬੰਕ ਸੁਹਾਇੰਦਾ । ਅੰਜੀਲ ਕੁਰਾਨ ਗਏ ਪੁਕਾਰ, ਈਸਾ ਮੂਸਾ ਸੰਗ ਮੁਹੰਮਦ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਆਦਿ ਅੰਤ, ਹਰਿ ਜੂ ਹਰਿ ਹਰਿ ਆਪ ਸੁਣਾਈਆ । ਭੇਵ ਅਭੇਦਾ ਕੋਟ ਕੋਟ ਸੰਤ, ਕੋਟਨ ਕੋਟ ਗਿਆ ਸਮਝਾਈਆ । ਦੇਵੇ ਦਾਤ ਭਗਤ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਮਹਿਮਾ ਜਣਾਏ ਆਪ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਕਰਾਈਆ । ਗੁਰ ਗੁਰ ਰੂਪ ਸ਼ਬਦ ਅਗੰਮ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜੁਗ ਜੁਗ ਬੇੜਾ ਦੇਵੇ ਬੰਨ੍ਹ, ਲੱਖ ਚੁਰਾਸੀ ਕੰਧ ਉਠਾਇੰਦਾ । ਕਰੇ ਵਸੇਰਾ ਬਿਨ ਛੱਪਰੀ ਛੰਨ, ਮਹੱਲ ਅਟੱਲ ਉਚ ਮਨਾਰ ਨਾ ਕੋਇ ਸੁਹਾਇੰਦਾ । ਥਿਰ ਘਰ ਸਾਚਾ ਬੈਠਾ ਮਲ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਨੂਰ ਏਕਾ ਰਲ, ਨੂਰ ਨੂਰ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਰੂਪ ਸਮਝਾਇੰਦਾ । ਸਤਿਗੁਰ ਰੂਪ ਸ਼ਬਦੀ ਜੋਤੀ ਧਾਰ, ਧਾਰ ਧਾਰ ਵਿਚ ਮਿਲਾਈਆ । ਸਚਖੰਡ ਖੇਲ ਕਰੇ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਸਰਗੁਣ ਦੇਵੇ ਮਾਤ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਕਾਇਆ ਕਰ ਪਿਆਰ, ਕਰਤਾ ਪੁਰਖ ਦਏ ਵਡਿਆਈਆ । ਸਾਚੇ ਚੋਲੇ ਪਾਵੇ ਸਾਰ, ਚੋਲਾ ਚੋਲੇ ਨਾਲ ਬਦਲਾਈਆ । ਨਾਨਕ ਗੋਲਾ ਇਕ ਦਰਬਾਰ, ਹਰਿ ਸਾਚਾ ਆਪ ਬਣਾਈਆ । ਸਾਚਾ ਢੋਲਾ ਏਕੰਕਾਰ, ਏਕਾ ਵਾਰ ਦਏ ਪੜ੍ਹਾਈਆ । ਨਾਮ ਸਤਿ ਸਤਿ ਜੈਕਾਰ, ਜੈ ਜੈਕਾਰ ਆਪ ਸੁਣਾਈਆ । ਨਿਰਮਲ ਦੀਆ ਬਾਤੀ ਇਕ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਕਮਲਾਪਾਤੀ ਸਾਚੇ ਤਖ਼ਤ ਬੈਠਾ ਆਪ ਕਰਤਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਏਕਾ ਵਾਰ ਦਏ ਸਮਝਾਈਆ । ਨਾਨਕ ਨਿਰਗੁਣ ਸਰਗੁਣ ਧਾਰ, ਹਰਿ ਹਰਿ ਆਪਣੇ ਰੰਗ ਰੰਗਾਇੰਦਾ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਪਰਦਾ ਲਾਹਿੰਦਾ । ਨਾਦ ਵਜਾਏ ਸਤਿ ਸਤਾਰ, ਤੰਦੀ ਤੰਦ ਨਾ ਕੋਇ ਰਖਾਇੰਦਾ । ਬੋਧ ਅਗਾਧੀ ਇਕ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਅੱਠੇ ਪਹਿਰ ਦਰਸ ਦੀਦਾਰ, ਨੇਤਰ ਲੋਚਣ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਸ੍ਰੀ ਭਗਵੰਤ, ਪੰਜ ਤਤ ਨਾਨਕ ਆਪ ਸਮਝਾਈਆ । ਨਿਰਗੁਣ ਨਾਨਕ ਖੇਲੇ ਖੇਲ ਨਾਰੀ ਕੰਤ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਸਾਚੇ ਚੋਲੇ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਮ ਮਣੀਆਂ ਮੰਤ, ਮਹਿਮਾ ਕੱਥ ਕੱਥ ਸੁਣਾਈਆ । ਲੇਖਾ ਲਿਖੇ ਗੁਰੂ ਗ੍ਰੰਥ, ਗੁਰ ਗੁਰ ਆਪ ਜਣਾਈਆ । ਏਕੰਕਾਰ ਮਹਿਮਾ ਅਗਣਤ, ਕਰਤਾ ਪੁਰਖ ਵਡ ਵਡਿਆਈਆ । ਸਤਿ ਨਾਮ ਆਦਿ ਅੰਤ, ਜੁਗਾ ਜੁਗੰਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚ ਸੰਦੇਸ਼ਾ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਹਰਿ ਪੁਰਖ ਨਿਰੰਜਣ ਨਰ ਨਰੇਸ਼ਾ, ਨਰ ਹਰਿ ਆਪਣੀ ਦਇਆ ਕਮਾਇੰਦਾ । ਏਕੰਕਾਰਾ ਕਰੇ ਆਦੇਸਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਜੋਤੀ ਨੂਰ ਨੂਰ ਪਰਵੇਸ਼ਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰੇ ਵੇਸਾ, ਵੇਸ ਅਨੇਕ ਆਪ ਵਖਾਇੰਦਾ । ਸ੍ਰੀ ਭਗਵਾਨ ਕਾਇਆ ਮੰਦਰ ਵੇਖੇ ਸਾਚਾ ਦੇਸਾ, ਦੇਸ ਦਸੰਤਰ ਆਪ ਸੁਹਾਇੰਦਾ । ਪਾਰਬ੍ਰਹਮ ਜਾਣੇ ਲੇਖਾ, ਲੇਖਾ ਆਪਣਾ ਆਪ ਜਣਾਇੰਦਾ । ਬ੍ਰਹਮ ਮਿਟਾਏ ਭਰਮ ਭੁਲੇਖਾ, ਦੂਈ ਪਰਦਾ ਆਪ ਚੁਕਾਇੰਦਾ । ਏਕਾ ਗੁਰੂ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਵਿਚ ਨਾ ਆਇੰਦਾ । ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਮੂੰਡ ਮੁੰਡਾਇਆ ਨਾ ਕੋਇ ਵਖਾਇੰਦਾ । ਵਿਸ਼ਨੂੰ ਵੇਖੇ ਬਾਸ਼ਕ ਸ਼ੇਸ਼ਾ, ਸਾਂਗੋ ਪਾਂਗ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਅੱਖਰ ਨਿਰਗੁਣ ਜੋਤ, ਨਿਰਗੁਣ ਨਿਰੰਕਾਰਾ ਆਪ ਪੜ੍ਹਾਈਆ । ਨਿਰਗੁਣ ਨਾਨਕ ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਨਾ ਕੋਈ ਆਸਾ ਤ੍ਰਿਸ਼ਨਾ ਦਿਸੇ ਖੋਟ, ਮਾਇਆ ਮਮਤਾ ਨਾ ਕੋਇ ਵਡਿਆਈਆ । ਪੁੱਤਰ ਧੀਆਂ ਨਾ ਓਤ ਪੋਤ, ਨਾਰ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਸਾਚੀ ਸੇਵਾ ਨਿਰਗੁਣ ਨਾਨਕ ਨਿਰੰਕਾਰ, ਹਰਿ ਹਰਿ ਆਪ ਜਣਾਇੰਦਾ । ਅੰਦਰ ਵੜ ਕਰੇ ਗੁਫ਼ਤਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਚ ਸਾਰੰਗਾ ਕਰ ਤਿਆਰ, ਜਨਕ ਸੇਵਾ ਸੇਵਾ ਲੇਖੇ ਲਾਇੰਦਾ । ਇਕ ਮਰਦੰਗਾ ਏਕਾ ਵਜਾਏ ਏਕੰਕਾਰ, ਦੂਜਾ ਰਾਗ ਨਾ ਕੋਇ ਅਲਾਇੰਦਾ । ਲੇਖਾ ਬਣਿਆ ਵਿਚ ਸੰਸਾਰ, ਲਿਖ ਲਿਖ ਆਪ ਸਮਝਾਇੰਦਾ । ਏਕਾ ਅੱਖਰ ਅਪਰ ਅਪਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਗੁਰ ਨਾਨਕ ਅੰਗਦ ਝੋਲੀ ਦਿਤਾ ਡਾਰ, ਅਮਰੂ ਸਾਚੀ ਬੂਝ ਬੁਝਾਇੰਦਾ । ਰਾਮ ਦਾਸ ਮੰਗਿਆ ਬਣ ਭਿਖਾਰ, ਖ਼ਾਲੀ ਆਪਣੇ ਹੱਥ ਵਖਾਇੰਦਾ । ਅਰਜਨ ਬੋਲ ਬੋਲ ਜੈਕਾਰ, ਜੈ ਜੈਕਾਰਾ ਰਸਨਾ ਗਾਇੰਦਾ । ਏਕਾ ਜੋਤੀ ਨੂਰ ਅਪਾਰ, ਨੂਰ ਨੁਰਾਨਾ ਡਗਮਗਾਇੰਦਾ । ਸਾਢੇ ਤਿੰਨ ਹੱਥ ਕਾਇਆ ਮੰਦਰ ਕਰ ਤਿਆਰ, ਹਰਿ ਮੰਦਰ ਰੂਪ ਵਟਾਇੰਦਾ । ਨਿਰਮਲ ਦੀਆ ਇਕ ਉਜਿਆਰ, ਦਿਵਸ ਰੈਣ ਡਗਮਗਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਸਚ ਸੁਨੇਹੜਾ ਏਕਾ ਵਾਰ, ਨਾਨਕ ਅਰਜਨ ਰੂਪ ਵਟਾਇੰਦਾ । ਅਰਜਨ ਲੇਖਾ ਅਪਰ ਅਪਾਰ, ਅਪਰੰਪਰ ਆਪਣੇ ਹੱਥ ਰਖਾਇੰਦਾ । ਭਗਤ ਭਗਵੰਤ ਕਰ ਤਿਆਰ, ਬਣ ਸਾਜਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਇਕ ਪਰਗਟਾਇੰਦਾ । ਸਾਚਾ ਗੁਰੂ ਸਚ ਉਪਦੇਸ਼, ਏਕਾ ਏਕ ਜਣਾਈਆ । ਨਿਰਗੁਣ ਨੂਰ ਨਿਰਗੁਣ ਵੇਸ, ਸਰਗੁਣ ਚੋਲਾ ਲਏ ਬਦਲਾਈਆ । ਵੇਖਣਹਾਰਾ ਨੇਤਨ ਨੇਤ, ਨਿਤ ਨਵਿਤ ਦਇਆ ਕਮਾਈਆ । ਭਗਤ ਭਗਵੰਤ ਕਰੇ ਹੇਤ, ਭਾਵੀ ਭੌ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਅਰਜਨ ਲੇਖਾ ਸ਼ਬਦੀ ਧਾਰ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਜੋਤੀ ਨੂਰ ਕਰ ਉਜਿਆਰ, ਹਰਿਗੋਬਿੰਦ ਖੇਲ ਕਰਾਇੰਦਾ । ਪੰਜ ਤਤ ਤਤ ਆਧਾਰ, ਹਰਿਰਾਏ ਸੋਭਾ ਪਾਇੰਦਾ । ਬ੍ਰਹਮ ਮਤ ਇਕ ਗਿਆਨ, ਹਰਿਕ੍ਰਿਸ਼ਨ ਵਡ ਵਡਿਆਇੰਦਾ । ਗੁਰ ਤੇਗ਼ਬਹਾਦਰ ਅੰਤਮ ਦੇ ਕੇ ਗਿਆ ਬਿਆਨ,

ਮਾਰੂ ਸੋਹਲੇ ਰਾਗ ਅਲਾਇੰਦਾ । ਨਾਨਕ ਲੇਖਾ ਸਭ ਨੂੰ ਕਰਨਾ ਪਏ ਪਰਵਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਅੰਤਮ ਪਰਗਟ ਹੋਏ ਜੋਧਾ ਸੂਰਬੀਰ ਬਲੀ ਬਲਵਾਨ, ਗੋਬਿੰਦ ਨੌਜਵਾਨ ਬਲ ਆਪਣਾ ਆਪ ਧਰਾਇੰਦਾ । ਸੁਤ ਦੁਲਾਰਾ ਸ੍ਰੀ ਭਗਵਾਨ, ਪੂਤ ਸਪੂਤਾ ਰੂਪ ਵਟਾਇੰਦਾ । ਏਕਾ ਜੋਤੀ ਖੇਲ ਮਹਾਨ, ਖੜਗ ਖੰਡਾ ਇਕ ਚਮਕਾਇੰਦਾ । ਪੰਚਮ ਦੇਵੇ ਸਾਚਾ ਦਾਨ, ਪੰਚਮ ਨਾਤਾ ਮੋਹ ਚੁਕਾਇੰਦਾ । ਪੰਚਮ ਉਤੋਂ ਹੋ ਆਪ ਕੁਰਬਾਨ, ਆਪਣਾ ਸੀਸ ਭੇਟ ਕਰਾਇੰਦਾ । ਬਣ ਨਾਦਾਨਾ ਮੰਗੇ ਦਾਨ, ਅੱਗੇ ਆਪਣੀ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਧਾਰ ਇਕ ਸਮਝਾਇੰਦਾ । ਨਾਨਕ ਗੋਬਿੰਦ ਗੁਰੂ ਗ੍ਰੰਥ ਰਚਿਆ ਆਦਿ, ਆਦਿ ਏਕੰਕਾਰ ਵਡਿਆਈਆ । ਏਕਾ ਦਿਤਾ ਨਾਮ ਪਰਸਾਦ, ਚਾਰ ਵਰਨ ਜੀਵ ਜੰਤ ਵਰਤਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਜਾਣੇ ਆਪਣੀ ਦਾਦ, ਹੱਕ ਹਕੂਕ ਨਾ ਕੋਇ ਰਖਾਈਆ । ਹਰਿ ਕਾ ਸ਼ਬਦ ਵਸੇ ਬ੍ਰਹਿਮਾਦ, ਨਾ ਕੋਈ ਮੇਟੇ ਮੇਟ ਮਿਟਾਈਆ । ਘਟ ਘਟ ਅੰਦਰ ਰਿਹਾ ਵਿਸਮਾਦ, ਬਿਸਮਿਲ ਆਪਣਾ ਰੂਪ ਵਖਾਈਆ । ਦਿਵਸ ਰੈਣ ਵਜਾਏ ਨਾਦ, ਧੁਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪਰਦਾ ਦਏ ਉਠਾਈਆ । ਗੁਰ ਨਾਨਕ ਰਚਿਆ ਆਦਿ ਗਰੰਥ, ਗੁਰ ਗੁਰ ਵਡਿਆਈਆ । ਸਿਖਿਆ ਦੇ ਸੰਖ ਅਸੰਖ, ਕੋਟੀ ਕੋਟ ਜੀਵ ਸਮਝਾਈਆ । ਲੇਖੇ ਲਾਏ ਰਸਨਾ ਜਿਹਵਾ ਮਣੀਆ ਮੰਤ, ਜਿਸ ਸਰਵਣ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗ ਜੁਗ ਆਪਣਾ ਭੇਵ ਦਏ ਜਣਾਈਆ । ਹਰਿ ਕਾ ਭੇਵ ਨਾਨਕ ਗਾ, ਸ਼ਬਦੀ ਸ਼ਬਦ ਵਡਿਆਇਆ । ਆਦਿ ਪੁਰਖ ਜੁਗ ਜੁਗ ਬਣੇ ਮਲਾਹ, ਬੇੜਾ ਲੋਕਮਾਤ ਤਰਾਇਆ । ਗੁਰ ਅਵਤਾਰਾਂ ਦਏ ਸਲਾਹ, ਸਲਾਹਗੀਰ ਆਪਣਾ ਨਾਉਂ ਧਰਾਇਆ । ਏਥੇ ਓਥੇ ਪਕੜੇ ਬਾਂਹ, ਹੁਕਮੇ ਅੰਦਰ ਰਿਹਾ ਫਿਰਾਇਆ । ਵਸਤ ਅਮੋਲਕ ਝੋਲੀ ਪਾਈ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਨਾਨਕ ਬਾਣੀ ਅਰਜਨ ਪੁਕਾਰ, ਹਰਿ ਗੁਣ ਗੁਣ ਜਸ ਜਸ ਗਾਈਆ । ਏਕਾ ਜੋਤੀ ਖੇਲ ਅਪਾਰ, ਨੌਂ ਦਰ ਵੇਖੇ ਥਾਉਂ ਥਾਈਂਆ । ਨੌਂ ਦੁਆਰੇ ਸ੍ਰਿਸ਼ਟ ਹੋਏ ਖ਼ੁਵਾਰ, ਕਲਜੁਗ ਆਪਣਾ ਹੁਕਮ ਵਰਤਾਈਆ । ਗੁਰ ਕਾ ਹੁਕਮ ਭੁੱਲੇ ਜੀਵ ਗਵਾਰ, ਗੁਰ ਗਿਆਨ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤੀ ਆਪਣੇ ਘਰ ਵਖਾਈਆ । ਨਾਨਕ ਜੋਤੀ ਅੰਤਮ ਅੰਤ, ਆਪਣਾ ਖੇਲ ਕਰਾਈਆ । ਮਾਇਆ ਪਾਏ ਆਪ ਬੇਅੰਤ, ਬੇਅੰਤ ਵਡੀ ਵਡਿਆਈਆ । ਧੀਰ ਮੱਲੀਏ ਗੜ੍ਹ ਬਣਿਆਂ ਹਉਮੇ ਹੰਗਤ, ਹਰਿ ਕਾ ਨਾਉਂ ਗਏ ਗਵਾਈਆ । ਜਿਸ ਨਾਨਕ ਅੰਗ ਲਾਇਆ ਅੰਗਦ, ਅੰਗੀਕਾਰ ਅੰਗ ਗਏ ਛਡਾਈਆ । ਪਹਿਲੋਂ ਆਏ ਬਣ ਕੇ ਮੰਗਤ, ਖ਼ਾਲੀ ਝੋਲੀ ਅੱਗੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਦ੍ਰਿੜਾਈਆ । ਆਦਿ ਨਾਨਕ ਨਿਰਗੁਣ ਧਾਰ, ਅੰਤ ਗੋਬਿੰਦ ਰੂਪ ਸਮਾਈਆ । ਭੁਲੇਖਾ ਕੱਢੇ ਸਰਬ ਸੰਸਾਰ, ਨਾਮ ਦਾਤਾ ਕਿਉਂ ਖੰਡਾ ਰਿਹਾ ਚਮਕਾਈਆ । ਨਾਨਕ ਨਿਰਗੁਣ ਸਰਗੁਣ ਚਾਰ ਕੁੰਟ ਫਿਰਦਾ ਰਿਹਾ ਬਣ ਭਿਖਾਰ, ਗਲ ਅਲਫ਼ੀ ਇਕ ਹੰਢਾਈਆ । ਨਾਨਕ ਜੋਤੀ ਗੋਬਿੰਦ ਸੂਰਾ ਸੀਸ ਧਰ ਇਕ ਦਸਤਾਰ, ਕਲਗ਼ੀ ਤੋੜਾ ਰਿਹਾ ਸਜਾਈਆ । ਗੁਰਮੁਖਾਂ ਅੰਦਰ ਆਈ ਵਿਚਾਰ, ਘਰ ਬਹਿ ਬਹਿ ਮਤਾ ਪਕਾਈਆ । ਸਤਿਗੁਰ ਪੂਰਾ ਕਿਸੇ ਨਾ ਮਾਰੇ ਖੰਡੇ

ਧਾਰ, ਸ਼ਬਦ ਗਿਆਨ ਦੇ ਸਮਝਾਈਆ । ਨਾਨਕ ਸਭ ਨਾਲ ਕਰਦਾ ਰਿਹਾ ਪਿਆਰ, ਘਰ ਘਰ ਜਾ ਜਾ ਰੁੱਸੇ ਲਏ ਮਨਾਈਆ । ਗੋਬਿੰਦ ਉਚੀ ਕੂਕ ਰਿਹਾ ਲਲਕਾਰ, ਸੀਸ ਧੜ ਅੱਡ ਕਰਾਈਆ । ਨਾਨਕ ਬੋਲ ਕੇ ਗਿਆ ਸਤਿ ਨਾਮ ਜੈਕਾਰ, ਗੋਬਿੰਦ ਫ਼ਤਹਿ ਡੰਕਾ ਕਿਉਂ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸੰਸਾ ਰਿਹਾ ਮਿਟਾਈਆ । ਜਗਤ ਸੰਸਾ ਗੁਰਮੁਖ ਭੇਖ, ਹਰਿ ਭੇਦੀ ਭੇਦ ਜਣਾਇੰਦਾ । ਆਦਿ ਬਣਾਈ ਜਿਸ ਨੇ ਰੇਖ, ਸੋ ਅੰਤਮ ਵੇਖ ਵਖਾਇੰਦਾ । ਨਾਨਕ ਨਿਰਗੁਣ ਵਟਾਇਆ ਵੇਸ, ਗੋਬਿੰਦ ਚੋਲਾ ਤਨ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਣਾ ਲੇਖਾ ਆਪ ਪਰਗਟਾਇੰਦਾ । ਆਪਣਾ ਲੇਖਾ ਸ੍ਰੀ ਭਗਵਾਨ, ਨਾਨਕ ਗੁਰੂ ਗੁਰੂ ਜਣਾਈਆ । ਧੀਰ ਮਲੀਏ ਕਰ ਬੇਈਮਾਨ, ਮੁੱਖ ਕਾਲਾ ਦਏ ਵਖਾਈਆ । ਅੰਦਰ ਵੜਿਆ ਪੰਜ ਸ਼ੈਤਾਨ, ਪੰਜਾਂ ਸ਼ਰਅ ਦਿਤੀ ਗਵਾਈਆ । ਕਿਰਪਾ ਕਰ ਗੁਣ ਨਿਧਾਨ, ਕੋਈ ਭੇਵ ਨਾ ਜਾਣੇ ਰਾਈਆ । ਇਕੋ ਜੋਤ ਕਰ ਪਰਧਾਨ, ਗੁਰੂ ਗੋਬਿੰਦ ਦਏ ਵਡਿਆਈਆ । ਜਿਸ ਸਿੰਘ ਨਾਉਂ ਰਖਾਇਆ ਆਣ, ਸੋ ਸਿਖਿਆ ਸਿਖ ਸਮਝਾਈਆ । ਸ਼ਬਦ ਨਿਰਾਲਾ ਤੀਰ ਚਲਾਇਆ ਬਾਣ, ਬਾਣੀ ਏਕਾ ਗੁਣ ਵਖਾਈਆ । ਗੁਰੂ ਗ੍ਰੰਥ ਗੁਰ ਸ਼ਬਦ ਗਿਆਨ, ਗੁਰ ਗੁਰ ਆਪਣੇ ਅੰਗ ਰਖਾਈਆ । ਏਕਾ ਕੰਨਾ ਵਿਚ ਨਿਸ਼ਾਨ, ਆਪਣਾ ਨਿਸ਼ਾਨਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਵੱਡਾ ਵਡ ਵਡਿਆਈਆ । ਗੁਰੂ ਗੋਬਿੰਦ ਸਿੰਘ ਲੇਖ ਲਿਖਾਰਾ, ਲਿਖ ਲਿਖ ਆਪ ਜਣਾਇੰਦਾ । ਏਕਾ ਕੰਨਾ ਵਿਚ ਸੰਸਾਰਾ, ਆਪਣੀ ਵੰਡ ਵੰਡਾਇੰਦਾ । ਉਚੀ ਕੂਕ ਬੋਲ ਜੈਕਾਰਾ, ਨੌਂ ਖੰਡ ਪ੍ਰਿਥਮੀ ਆਪ ਅਲਾਇੰਦਾ । ਕਲਜੁਗ ਅੰਤਮ ਖੇਲ ਹੋਏ ਅਪਾਰਾ, ਸ੍ਰੀ ਭਗਵਾਨ ਆਪ ਕਰਾਇੰਦਾ । ਚਾਰੋਂ ਕੁੰਟ ਹੋਏ ਧੂਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਹੋਏ ਹਾਹਾਕਾਰਾ, ਗੁਰੂਦੁਵਾਰਾ ਗੁਰੂ ਨਜ਼ਰ ਕੋਇ ਨਾ ਆਇੰਦਾ । ਦੀਨ ਮਜ਼੍ਹਬ ਰੋਵਣ ਜ਼ਾਰੋ ਜ਼ਾਰਾ, ਸ਼ਰਅ ਸ਼ਰੀਅਤ ਝਗੜਾ ਏਕਾ ਪਾਇੰਦਾ । ਏਕਾ ਕੰਨਾ ਉਠੇ ਜੋਧਾ ਬਲਕਾਰਾ, ਜੋ ਆਪਣੀ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰ ਖੇਲ ਆਪਣੀ ਧਾਰਾ, ਧਾਰ ਆਪਣੀ ਆਪ ਜਣਾਇੰਦਾ । ਧੀਰ ਮਲੀਆ ਕੀ ਕਰੇ ਵਿਚਾਰਾ, ਧੀਰਜ ਧੀਰ ਨਾ ਮਾਤ ਧਰਾਇੰਦਾ । ਕਰਿਆ ਖੇਲ ਆਪ ਨਿਰੰਕਾਰਾ, ਗੋਬਿੰਦ ਸਾਚੀ ਸੇਵਾ ਲਾਇੰਦਾ । ਅੰਤਮ ਦੇ ਕੇ ਗਿਆ ਸਹਾਰਾ, ਗੁਰਸਿਖਾਂ ਏਹ ਸਮਝਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲ ਕਲਕੀ ਅਵਤਾਰ ਫੇਰਾ ਪਾਇੰਦਾ । ਮੇਰਾ ਕੰਨਾ ਕਰੇ ਪਿਆਰਾ, ਸੰਬਲ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਭੱਟ ਸਵੱਯਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਭੱਟਾਂ ਪਹਿਲੋਂ ਆਪਣੀ ਡੋਬੀ ਨੱਯਾ, ਮਨ ਹੰਕਾਰ ਵਧਾਈਆ । ਫੇਰ ਗੀਤ ਗਾਇਆ ਪ੍ਰਭ ਸਾਚੇ ਸੱਯਾ, ਰਾਮ ਦਾਸ ਹੋਏ ਸਹਾਈਆ । ਗੁਰ ਅਰਜਨ ਪਕੜੇ ਆਪੇ ਬਹੀਆ, ਬਾਹੋਂ ਪਕੜ ਗਲੇ ਲਗਾਈਆ । ਕਲਜੁਗ ਜੀਵਾਂ ਭੇਵ ਨਾ ਰੱਯਾ, ਮਨਮਤ ਰਹੀ ਕੁਰਲਾਈਆ । ਜਿਸ ਨੇ ਗਾਇਆ ਹਰਿ ਸਵੱਯਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਦਏ ਸਮਝਾਈਆ । ਏਕੰਕਾਰਾ ਕਰ ਪਸਾਰਾ, ਸਾਚੀ ਧਾਰਾ ਬੋਧ ਅਗਾਧੀ ਸ਼ਬਦ ਦ੍ਰਿੜਾਈਆ । ਆਦਿ ਅੰਤ ਖੇਲ ਅਪਾਰਾ, ਜੁਗਾ ਜੁਗੰਤਰ ਲੈ ਅਵਤਾਰਾ, ਲੇਖਾ ਜਾਣੇ ਗੁਰ ਅਵਤਾਰਾ, ਗੁਰ ਗੁਰ ਏਕਾ ਦਏ

ਵਡਿਆਈਆ । ਕਾਗਦ ਕਲਮ ਨਾ ਲਿਖਣਹਾਰਾ, ਪੁਰਖ ਅਬਿਨਾਸ਼ੀ ਅੰਤ ਨਾ ਪਾਰਾਵਾਰਾ, ਪਾਰਬ੍ਰਹਮ ਬੇਪਰਵਾਹ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਅਪਰ ਅਪਾਰ, ਕਰੇ ਕਰਾਏ ਕਰਨੇਹਾਰ, ਕਰਨੀ ਕਰਤਾ ਵਡ ਵਡਿਆਈਆ । ਨਾਨਕ ਗੋਬਿੰਦ ਸਚ ਵਿਹਾਰ, ਗੁਰੂ ਗ੍ਰੰਥ ਹਰਿ ਨਾਉਂ ਪਸਾਰ, ਭਗਤ ਭਗਵੰਤ ਕਰੇ ਵਿਚਾਰ, ਦੂਸਰ ਭੇਵ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਨਾਉਂ ਪਰਗਟਾਈਆ । ਏਕਾ ਪਰਗਟੇ ਹਰਿ ਕਾ ਨਾਉਂ, ਪਰਗਟ ਹਰਿ ਹਰਿ ਆਪ ਜਣਾਇੰਦਾ । ਵੇਖਣਹਾਰਾ ਹਰ ਘਟ ਥਾਉਂ, ਘਰ ਘਰ ਡੇਰਾ ਲਾਇੰਦਾ । ਅਲੱਖ ਅਗੋਚਰ ਅਗੰਮ ਅਥਾਹੋਂ, ਬੇਪਰਵਾਹ ਫੇਰਾ ਪਾਇੰਦਾ । ਹਰਿਜਨ ਪਕੜੇ ਨਿਰਗੁਣ ਬਾਹੋਂ, ਸਰਗੁਣ ਆਪਣੀ ਗੋਦ ਉਠਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਰੂਪ ਵਟਾਇੰਦਾ । ਸਦਾ ਸੁਹੇਲਾ ਸਿਰ ਦੇਵੇ ਠੰਡੀ ਛਾਉਂ, ਸਮਰਥ ਆਪਣਾ ਹੱਥ ਟਿਕਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਤਿਜੁਗ ਤਰੇਤਾ ਦੁਆਪਰ ਕਲਜੁਗ ਕੋਟਨ ਕੋਟ ਕਾਲ ਵੇਖ ਵਖਾਇੰਦਾ । ਕੋਟਨ ਕੋਟ ਬੀਤੇ ਜੁਗ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਗੁਰ ਅਵਤਾਰ ਚੋਗ ਗਏ ਚੁਗ, ਹਰਿ ਹਰਿ ਨਾਉਂ ਰਸਨਾ ਜਿਹਵਾ ਗਾਈਆ । ਕੋਟਨ ਕੋਟ ਰੂਪ ਵਟਾਏ ਚੌਦਾਂ ਲੋਕ ਚੌਦਾਂ ਤਬਕ, ਕੋਟਨ ਕੋਟ ਖੇਲ ਕਰਾਈਆ । ਕੋਟਨ ਕੋਟ ਗਾ ਗਾ ਥੱਕੇ ਸ਼ਬਦ ਸਲੋਕ, ਬੇਅੰਤ ਬੇਅੰਤ ਕਹਿ ਕਰ ਖ਼ੁਸ਼ੀ ਮਨਾਈਆ । ਕੋਟਨ ਕੋਟ ਮੰਗਦੇ ਰਹੇ ਮੋਖ, ਮੁਕਤ ਦੁਆਰੇ ਸੀਸ ਨਿਵਾਈਆ । ਕੋਟਨ ਕੋਟ ਰੱਖ ਰੱਖ ਗਏ ਓਟ, ਪਾਰਬ੍ਰਹਮ ਪ੍ਰਭ ਸੱਚੀ ਸਰਨਾਈਆ । ਕੋਟਨ ਕੋਟ ਦਰਸ ਮੰਗਦੇ ਰਹੇ ਨਿਰਮਲ ਜੋਤ, ਜੋਤੀ ਜੋਤ ਜੋਤ ਮਿਲਾਈਆ । ਕੋਟਨ ਕੋਟ ਆਹਲਣਿਉਂ ਡਿੱਗੇ ਬੋਟ, ਲੋਕਮਾਤ ਨਾ ਫੇਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪੰਧ ਮੁਕਾਈਆ । ਜੁਗ ਚੌਕੜੀ ਮੁਕੇ ਪੰਧ, ਹਰਿ ਜੂ ਪਾਂਧੀ ਆਪ ਮੁਕਾਇੰਦਾ । ਤੇਈ ਅਵਤਾਰ ਅਠਾਰਾਂ ਭਗਤ ਗਾ ਗਾ ਗਏ ਛੰਦ, ਛੰਦਾ ਬੰਦੀ ਜੋੜ ਜੁੜਾਇੰਦਾ । ਈਸਾ ਮੂਸਾ ਮੁਹੰਮਦ ਤੀਸ ਬਤੀਸਾ ਗਾਇਆ ਛੰਦ, ਕਲਮਾ ਕਲਾਮ ਵਡ ਅਮਾਮ ਆਪ ਜਣਾਇੰਦਾ । ਚਾਰ ਯਾਰੀ ਪਾ ਪਾ ਬੰਦ, ਬੰਦੀਖ਼ਾਨਾ ਇਕ ਵਖਾਇੰਦਾ । ਗੁਰੂ ਗੁਰ ਲਿਖ ਲਿਖ ਗਏ ਗੁਰੂ ਗ੍ਰੰਥ, ਅੰਤ ਗੋਬਿੰਦ ਸੇਵ ਕਮਾਈਆ । ਕੋਟਨ ਵਾਰ ਪਰਗਟਿਆ ਪੰਥ, ਕੋਟਨ ਵਾਰ ਬੈਠਾ ਮੁੱਖ ਛੁਪਾਈਆ । ਧੀਰ ਮਲੀਏ ਕੀ ਜਾਨਣ ਪ੍ਰਭ ਕਾ ਅੰਤ, ਕਿਸ ਬਿਧ ਆਪਣੀ ਖੇਲ ਰਚਾਈਆ । ਰਚਨਹਾਰਾ ਅਸੰਖ ਅਸੰਖ ਗ੍ਰੰਥ, ਅਸੰਖ ਅਸੰਖਾਂ ਵਿਚ ਸਮਾਈਆ । ਕਲਜੁਗ ਅੰਤਮ ਖੇਲ ਕਰੇ ਬੇਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਮੁਕਾਈਆ । ਲਹਿਣਾ ਮੁਕੇ ਗੁਰ ਅਵਤਾਰ, ਪੰਜ ਤਤ ਨਾਤਾ ਆਪ ਤੁੜਾਈਆ । ਤ੍ਰੈਗੁਣ ਮਾਇਆ ਕਰੇ ਖ਼ੁਵਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਕਰੋੜ ਤਤੀਸਾ ਦਰ ਨੇਤਰ ਰੋਵੇ ਜ਼ਾਰੋ ਜ਼ਾਰ, ਸੁਰਪਤ ਇੰਦ ਦਏ ਦੁਹਾਈਆ । ਭਗਤ ਭਗਵਾਨ ਅੱਗੇ ਕਰਨ ਪੁਕਾਰ, ਢਹਿ ਢਹਿ ਚਰਨਾਂ ਸੀਸ ਨਿਵਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਗੁਰ ਆਪਣਾ ਰਾਗ ਅਲਾਈਆ । ਚਾਰ ਵਰਨ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਸਾਚਾ ਕੰਤ ਨਜ਼ਰ ਕਿਸੇ ਨਾ ਆਈਆ । ਗੁਰ ਕਾ ਸ਼ਬਦ ਨਾ ਕੋਇ ਪਿਆਰ,


੨੨੯
੧੨

ਪੜ੍ਹ ਪੜ੍ਹ ਭੁੱਲੀ ਹੋਈ ਨਥਾਵੀਂ ਵੇਲੇ ਅੰਤ ਪਕੜੇ ਕੋਇ ਨਾ ਬਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਤੇਰੀ ਅੰਤਮ ਵਰ, ਸਭ ਦਾ ਲਹਿਣਾ ਆਪਣੇ ਖਾਤੇ ਰਿਹਾ ਪਾਈਆ । ਸਾਚਾ ਖਾਤਾ ਪਰਵਰਦਿਗਾਰ, ਬੇਨਜ਼ੀਰ ਆਪ ਪਰਗਟਾਇੰਦਾ । ਲਹਿਣਾ ਦੇਣਾ ਚੁਕੇ ਚਾਰ ਯਾਰ, ਸੰਗ ਮੁਹੰਮਦ ਪੰਧ ਮੁਕਾਇੰਦਾ । ਈਸਾ ਮੂਸਾ ਸ਼ਰਅ ਸ਼ਰੀਅਤ ਤੋੜ ਜ਼ੰਜੀਰ, ਫੜ ਅਖ਼ੀਰ ਆਪਣੀ ਗੋਦ ਬਹਾਇੰਦਾ । ਪਰਗਟ ਹੋਇਆ ਵਡ ਪੀਰਨ ਪੀਰ, ਦਸਤਗੀਰ ਦਸਤਬਰਦਾਰ ਸਰਬ ਕਰਾਇੰਦਾ । ਮੁਕਾਮੇ ਹੱਕ ਬੈਠਾ ਚੋਟੀ ਚੜ੍ਹ ਅਖ਼ੀਰ, ਮੇਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਛਲਾ ਲੇਖਾ ਜਾਣਾ ਚੁੱਕ, ਕਲਜੁਗ ਅੰਤ ਰਹਿਣ ਨਾ ਪਾਈਆ । ਕੂੜੀ ਕਿਰਿਆ ਪੈਂਡਾ ਰਿਹਾ ਮੁਕ, ਪੁਰਖ ਅਬਿਨਾਸ਼ੀ ਆਪ ਮੁਕਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਅਨਭਵ ਪਰਕਾਸ਼ ਰਿਹਾ ਬੁੱਕ, ਰੂਪ ਰੰਗ ਰੇਖ ਨਾ ਕਿਸੇ ਜਣਾਈਆ । ਸਚ ਦੁਆਰਿਉਂ ਆਪੇ ਉਠ, ਉਠ ਉਠ ਆਪਣਾ ਫੇਰਾ ਪਾਈਆ । ਬਣ ਦਿਆਲ ਠਾਕਰ ਸਵਾਮੀ ਪੁਰਖ ਪੁਰਖੋਤਮ ਪਿਆ ਤੁਠ, ਹਰਿਜਨ ਸਾਚੇ ਲਏ ਮਿਲਾਈਆ । ਅੰਮ੍ਰਿਤ ਆਤਮ ਜਾਮ ਪਿਆਏ ਇਕੋ ਘੁਟ, ਤ੍ਰੈਗੁਣ ਮਾਇਆ ਨਾਤਾ ਜਾਵੇ ਤੁਟ, ਪੰਚ ਵਿਕਾਰ ਨੇੜ ਨਾ ਆਈਆ । ਕਰੇ ਪਰਕਾਸ਼ ਨਿਰਮਲ ਜੋਤ ਹਉਮੇ ਹੰਗਤਾ ਕੱਢੇ ਖੋਟ, ਏਕਾ ਰੰਗ ਦਏ ਚੜ੍ਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਪੂਰਾ ਇਕੋ ਬਹੁਤ, ਕੋਟਨ ਕੋਟ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤਮ ਲੇਖਾ ਰਿਹਾ ਚੁਕਾਈਆ । ਲੇਖਾ ਚੁਕੇ ਵਿਚ ਸੰਸਾਰ, ਵਡ ਸੰਸਾਰੀ ਆਪ ਚੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਤ੍ਰੈਗੁਣ ਜ਼ੋਰ ਨਾ ਕੋਇ ਜਣਾਇੰਦਾ । ਪੰਜ ਤਤ ਰੋਵੇ ਜ਼ਾਰੋ ਜ਼ਾਰ, ਗਿਰਿਆਜ਼ਾਰ ਇਕ ਸੁਣਾਇੰਦਾ । ਚਾਰ ਜੁਗ ਹੋਏ ਖ਼ੁਵਾਰ, ਜਗਤ ਖ਼ੁਵਾਰੀ ਆਪ ਮਿਟਾਇੰਦਾ । ਚਾਰ ਵਰਨ ਹੋਏ ਬੇਜ਼ਾਰ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਚਾਰ ਖਾਣੀ ਨਾ ਕੋਇ ਆਧਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਚਾਰ ਬਾਣੀ ਕੋਇ ਨਾ ਪਾਏ ਸਾਰ, ਪਰਾ ਪਸੰਤੀ ਮਧਮ ਬੈਖ਼ਰੀ ਕਾਇਆ ਮੰਦਰ ਅੰਦਰ ਕੋਇ ਨਾ ਗਾਇੰਦਾ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਲਿਖ ਲਿਖ ਲੇਖਾ ਜਗਤ ਵਖਾਇੰਦਾ । ਕਲਜੁਗ ਅੰਤਮ ਕਲਜੁਗ ਜੀਵ ਆਪਣਾ ਆਪ ਗਏ ਹਾਰ, ਆਪਣਾ ਪਰਦਾ ਨਾ ਕੋਇ ਖੁਲ੍ਹਾਇੰਦਾ । ਇਕ ਦੂਜੇ ਨੂੰ ਦੇਣ ਗਿਆਨ, ਘਰ ਨਾ ਮਿਲੇ ਸ਼ਬਦ ਨਿਸ਼ਾਨ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਰਸਨਾ ਕਹਿਣ ਮਿਲਿਆ ਭਗਵਾਨ, ਜੂਠ ਝੂਠ ਵਿਸ਼ਟਾ ਖਾਣ, ਅੰਦਰ ਵੜ ਦਰਸ ਕੋਇ ਨਾ ਪਾਇੰਦਾ । ਅੱਖੀਂ ਮੀਟ ਧਰਨ ਧਿਆਨ, ਉਚਾ ਵੇਖਣ ਹਰਿ ਮਕਾਨ, ਚਰਨ ਬਹਿ ਬਹਿ ਮਹਿਫ਼ਲ ਕੋਇ ਨਾ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਕਲਜੁਗ ਅੰਤਮ ਹੋਇਆ ਜਾਣੀ ਜਾਣ, ਜਾਨਣਹਾਰਾ ਭੇਵ ਅਭੇਦਾ ਆਪ ਸਮਝਾਇੰਦਾ । ਬਿਨ ਸਤਿਗੁਰ ਪੂਰੇ ਵੇਲੇ ਅੰਤ ਨਾ ਕਰੇ ਕੋਇ ਕਲਿਆਣ, ਕਾਇਆ ਕਪੜ ਲੇਖੇ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਨਕ ਗੋਬਿੰਦ ਮੇਲਾ ਸਾਚੇ ਘਰ, ਦਰ ਦਰਵਾਜ਼ਾ ਆਪ ਖੁਲਾਇੰਦਾ । ਦਰ ਦਰਵਾਜ਼ਾ ਨਿਰਗੁਣ ਖੋਲ੍ਹ, ਥਿਰ ਘਰ ਸਾਚੇ ਦਇਆ ਕਮਾਈਆ । ਸਚਖੰਡ ਦੁਆਰੇ ਆਪੇ ਬੋਲ, ਆਪ ਆਪਣਾ ਨਾਉਂ ਸਮਝਾਈਆ । ਆਤਮ ਪਰਮਾਤਮ ਤੋਲੇ ਤੋਲ, ਤੋਲਣਹਾਰਾ ਫੇਰਾ ਪਾਈਆ । ਲੱਖ ਚੁਰਾਸੀ ਅੰਦਰ ਬੈਠਾ ਰਹੇ ਅਡੋਲ, ਅਡੁਲ

੨੩੦
੧੨

ਕਦੇ ਨਾ ਜਾਈਆ । ਨਜ਼ਰ ਨਾ ਆਏ ਵਸਦਾ ਕੋਲ, ਤ੍ਰੈਗੁਣ ਪਰਦਾ ਰਹੀ ਪਾਈਆ । ਜਿਸ ਜਨ ਬਜ਼ਰ ਕਪਾਟੀ ਦੇਵੇ ਖੋਲ੍ਹ, ਆਪ ਆਪਣਾ ਰੂਪ ਦਰਸਾਈਆ । ਤਿਸ ਕਾਇਆ ਫੁਲਵਾੜੀ ਜਾਏ ਮੌਲ, ਪਤ ਡਾਲੀ ਆਪ ਮਹਿਕਾਈਆ । ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਗੁਰ ਗੁਰ ਸ਼ਬਦ ਸ਼ਬਦ ਵਡਿਆਈਆ । ਹਰਿ ਸ਼ਬਦ ਨਾਨਕ ਨਿਰੰਕਾਰ, ਨਾਨਕ ਸ਼ਬਦ ਗੋਬਿੰਦ ਰੂਪ ਵਟਾਈਆ । ਗੋਬਿੰਦ ਸ਼ਬਦ ਗੁਰਮੁਖ ਪਿਆਰ, ਨਾਨਕ ਨਾਲ ਮਿਲਾਈਆ । ਗੁਰੂ ਗ੍ਰੰਥ ਵਿਚੋਲਾ ਕਲਮ ਛਾਹੀ ਨਾਲ ਕਰੇ ਤਿਆਰ, ਹਰਿ ਸੰਦੇਸ਼ਾ ਗੁਰ ਸੁਣਾਈਆ । ਜਿਸ ਬੋਲਿਆ ਸੋ ਪਾਵੇ ਸਾਰ, ਦੂਸਰ ਕੋਈ ਭੇਵ ਨਾ ਜਾਣੇ ਰਾਈਆ । ਭੱਟ ਸਵੱਯਾ ਹਰਿ ਗੁਰ ਚਰਨ ਨਿਮਸਕਾਰ, ਸਤਿਗੁਰ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਏਕਾ ਸ਼ਬਦ ਏਕਾ ਨਾਦ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ, ਸੰਤ ਸਾਧ ਭਗਤ ਭਗਵੰਤ ਜੁਗਾ ਜੁਗੰਤ ਮਣੀਆ ਮੰਤ ਨਾਰ ਕੰਤ ਮਹਿਮਾ ਅਗਣਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਖਾਣੀ ਬਾਣੀ ਬੰਧਨ ਪਾਈਆ ।

### ✳ ੧੮ ਜੇਠ ੨੦੧੯ ਬਿਕਰਮੀ ਸੀਤਲ ਸਿੰਘ ਪਿੰਡ ਝੰਡੇ ਜ਼ਿਲਾ ਗੁਰਦਾਸਪੁਰ ✳



ਸ੍ਰੀ ਭਗਵਾਨ ਭਗਤਨ ਸੰਗ, ਆਦਿ ਜੁਗਾਦਿ ਸਮਾਇੰਦਾ । ਨਿਰਗੁਣ ਨਿਰੰਕਾਰ ਨਿਰਵੈਰ ਚੜ੍ਹਾਏ ਸਾਚਾ ਰੰਗ, ਰੰਗ ਮਜੀਠ ਆਪ ਰੰਗਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਆਤਮ ਪਰਮਾਤਮ ਜੋੜ ਜੁੜਾਇੰਦਾ । ਪਾਰਬ੍ਰਹਮ ਬ੍ਰਹਮ ਸੁਣਾਏ ਛੰਦ, ਨਾਮ ਨਿਧਾਨਾ ਆਪ ਅਲਾਇੰਦਾ । ਈਸ਼ ਜੀਵ ਮੇਟੇ ਚਿੰਦ, ਚਿੰਤਾ ਰੋਗ ਨਾ ਕੋਇ ਵਖਾਇੰਦਾ । ਸੁਤ ਅਨਾਦੀ ਬਣਾਏ ਬਿੰਦ, ਬਣ ਖੰਡ ਆਪਣਾ ਫੇਰਾ ਪਾਇੰਦਾ । ਦੇਵੇ ਵਸਤ ਗੁਣੀ ਗਹਿੰਦ, ਗਹਿਰ ਗੰਭੀਰ ਆਪ ਵਰਤਾਇੰਦਾ । ਅੰਮ੍ਰਿਤ ਆਤਮ ਸਾਗਰ ਸਿੰਧ, ਨਿਝਰ ਝਿਰਨਾ ਇਕ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਖੇਲ ਕਰਾਇੰਦਾ । ਭਗਤ ਭਗਵੰਤ ਸਾਚਾ ਮੀਤ, ਜੁਗ ਜੁਗ ਦਇਆ ਕਮਾਈਆ । ਲੋਕਮਾਤ ਚਲਾਏ ਅਵੱਲੜੀ ਰੀਤ, ਨਿਰਗੁਣ ਸਰਗੁਣ ਬੰਧਨ ਪਾਈਆ । ਨਾਤਾ ਤੋੜੇ ਹਸਤ ਕੀਟ, ਊਚ ਨੀਚ ਏਕਾ ਰੰਗ ਵਖਾਈਆ । ਕਰੇ ਕਰਾਏ ਪਤਤ ਪੁਨੀਤ, ਵਰਨ ਬਰਨ ਦਏ ਗਵਾਈਆ । ਜਾਮ ਪਿਆਏ ਅੰਮ੍ਰਿਤ ਠਾਂਡਾ ਸੀਤ, ਤ੍ਰੈਗੁਣ ਅਗਨੀ ਤਤ ਬੁਝਾਈਆ । ਅੰਤਰ ਆਤਮ ਪਰਖੇ ਨੀਤ, ਮਨ ਮਤ ਬੁਧ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਭਗਤ ਭਗਵਾਨ ਇਕੋ ਰੰਗ, ਆਦਿ ਜੁਗਾਦਿ ਖੇਲ ਕਰਾਇੰਦਾ । ਇਕੋ ਸੇਜ ਇਕ ਪਲੰਘ, ਸਚ ਸਿੰਘਾਸਣ ਇਕ ਵਡਿਆਇੰਦਾ । ਏਕਾ ਮੰਦਰ ਇਕ ਅਨੰਦ, ਏਕਾ ਘਰ ਬਹਿ ਬਹਿ ਮੰਗਲ ਗਾਇੰਦਾ । ਏਕਾ ਨੂਰ ਜੋਤੀ ਚੜ੍ਹੇ ਸਾਚਾ ਚੰਦ, ਅੰਧ ਅੰਧੇਰ ਮਿਟਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਅਨਹਦ ਨਾਦੀ ਨਾਦ ਵਜਾਇੰਦਾ । ਏਕਾ ਜਨਮ ਜਨਮ ਦਾ ਮੇਟੇ ਪੰਧ, ਪੂਰਬ ਲੇਖਾ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਆਪ ਤਰਾਇੰਦਾ । ਭਗਤ ਭਗਵੰਤ ਇਕ ਨਿਸ਼ਾਨ, ਸਚਖੰਡ ਨਿਵਾਸੀ ਆਪ ਪਰਗਟਾਈਆ । ਸਤਿਜੁਗ ਤ੍ਰੇਤਾ

੨੩੧ ੧੨

ਦੁਆਪਰ ਦੇ ਦੇ ਦਾਨ, ਕਲਜੁਗ ਸਾਚੀ ਬਣਤ ਬਣਾਈਆ । ਲੇਖਾ ਜਾਣੇ ਦੋ ਜਹਾਨ, ਤ੍ਰੈਭਵਨ ਧਨੀ ਆਪਣੀ ਖੇਲ ਰਚਾਈਆ । ਚੌਦਾਂ ਲੋਕ ਖੋਲ੍ਹ ਹੱਟ ਦੁਕਾਨ, ਸੱਤ ਸੱਤ ਵੰਡ ਵੰਡਾਈਆ । ਏਕਾ ਵਸਤ ਨਾਮ ਪਰਧਾਨ, ਘਰ ਅਮੋਲਕ ਆਪ ਟਿਕਾਈਆ । ਗੁਰਮੁਖ ਵਿਰਲਾ ਕਰੇ ਪਰਵਾਨ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਆਸਾ ਤ੍ਰਿਸ਼ਨਾ ਲੱਗੀ ਖਾਣ, ਹਉਮੇ ਹੰਗਤਾ ਗੜ੍ਹ ਬਣਾਈਆ । ਬਿਨ ਭਗਤ ਨਜ਼ਰ ਨਾ ਆਏ ਕਿਸੇ ਭਗਵਾਨ, ਲੋਚਣ ਨੈਣ ਦਰਸ ਕੋਇ ਨਾ ਪਾਈਆ । ਨੌਂ ਖੰਡ ਪ੍ਰਿਥਮੀ ਅੰਤ ਵੈਰਾਨ, ਪਤ ਡਾਲ੍ਹੀ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵੇਖੇ ਚਾਈਂ ਚਾਈਆ । ਭਗਤ ਭਗਵੰਤ ਇਕ ਦੁਆਰਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਭਗਤ ਭਗਵੰਤ ਇਕ ਸਹਾਰਾ, ਏਕਾ ਦੂਆ ਮੋਹ ਵਧਾਇੰਦਾ । ਭਗਤ ਭਗਵੰਤ ਇਕ ਵਣਜਾਰਾ, ਘਰ ਘਰ ਵਿਚ ਹੱਟ ਖੁਲ੍ਹਾਇੰਦਾ । ਭਗਤ ਭਗਵੰਤ ਇਕ ਨਗ਼ਾਰਾ, ਕਾਇਆ ਨੌਬਤ ਆਪ ਵਜਾਇੰਦਾ । ਭਗਤ ਭਗਵੰਤ ਇਕ ਜੈਕਾਰਾ, ਆਤਮ ਪਰਮਾਤਮ ਸੋਹੰ ਢੋਲਾ ਗਾਇੰਦਾ । ਭਗਤ ਭਗਵੰਤ ਇਕ ਅਖਾੜਾ, ਸਖੀ ਕਾਹਨ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਲਾਹਿੰਦਾ । ਭਗਤ ਭਗਵੰਤ ਇਕ ਸਲਾਹ, ਹਰਿ ਜੂ ਆਪਣੀ ਆਪ ਜਣਾਈਆ । ਨਿਰਗੁਣ ਸਰਗੁਣ ਲਏ ਪਰਨਾ, ਨਾਰੀ ਕੰਤ ਰੂਪ ਵਟਾਈਆ । ਸ਼ਬਦ ਅਗੰਮੀ ਦਏ ਸਲਾਹ, ਸਚ ਸੰਦੇਸ਼ਾ ਇਕ ਜਣਾਈਆ । ਅੰਧ ਅੰਧੇਰ ਦਏ ਮਿਟਾ, ਦੀਪਕ ਜੋਤ ਨੂਰ ਰੁਸ਼ਨਾਈਆ । ਬਜ਼ਰ ਕਪਾਟੀ ਦਏ ਤੁੜਾ, ਦਵੈਤੀ ਪਰਦਾ ਆਪੇ ਲਾਹੀਆ । ਅਨਹਦ ਰਾਗ ਦਏ ਸੁਣਾ, ਪੰਚਮ ਮਿਲ ਮਿਲ ਆਪਣਾ ਢੋਲਾ ਗਾਈਆ । ਸਾਚਾ ਜਾਮ ਦਏ ਪਿਆ, ਆਬਹਯਾਤ ਇਕ ਵਖਾਈਆ । ਜਗਤ ਵਿਕਾਰਾ ਕਰੇ ਫ਼ਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪਣੀ ਖੇਲ ਰਚਾਈਆ । ਭਗਤ ਭਗਵੰਤ ਖੇਲ ਰਚ, ਰਚ ਰਚ ਵੇਖ ਵਖਾਇੰਦਾ । ਜੁਗ ਜੁਗ ਮਾਰਗ ਲਾਏ ਸੱਚ, ਸਾਚੀ ਗਾਥਾ ਆਪੇ ਗਾਇੰਦਾ । ਲੱਖ ਚੁਰਾਸੀ ਰਾਹ ਦੇਵੇ ਦੱਸ, ਬਣ ਪਾਂਧੀ ਪੰਧ ਮੁਕਾਇੰਦਾ । ਹਰਿਜਨ ਮੇਲਾ ਹੱਸ ਹੱਸ, ਹੰਸ ਮੁਖ ਦਇਆ ਕਮਾਇੰਦਾ । ਹਿਰਦੇ ਅੰਦਰ ਵਸ ਵਸ, ਆਪ ਆਪਣਾ ਭੇਵ ਚੁਕਾਇੰਦਾ । ਮੇਟੇ ਰੈਣ ਅੰਧੇਰੀ ਮਸ, ਅੰਧ ਅੰਧੇਰ ਗਵਾਇੰਦਾ । ਜਨ ਭਗਤਾਂ ਗਾਏ ਹਰਿ ਜੂ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਲ ਮਿਲਾਇੰਦਾ । ਜਗ ਜੀਵਣ ਦਾਤਾ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਸਦ ਆਵੇ ਪਾਸ, ਵਿਛੜ ਕਦੇ ਨਾ ਜਾਇੰਦਾ । ਲੱਖ ਚੁਰਾਸੀ ਕਰੇ ਬੰਦ ਖ਼ਲਾਸ, ਆਵਣ ਜਾਵਣ ਪਤਤ ਪਾਵਣ ਬੰਦੀਖ਼ਾਨਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਵੇਸ ਵਟਾਇੰਦਾ । ਭਗਤ ਭਗਵੰਤ ਇਕੋ ਵੇਸ, ਵੇਸ ਅਨੇਕ ਵਟਾਈਆ । ਲੇਖਾ ਜਾਣੇ ਹਰਿ ਨਰੇਸ਼, ਨਰ ਨਰਾਇਣ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਗੁਰਮੁਖ ਸੱਜਣ ਆਪੇ ਵੇਖ, ਸੰਤ ਸੁਹੇਲੇ ਲਏ ਉਠਾਈਆ । ਲੇਖਾ ਜਾਣੇ ਪੂਰਬ ਰੇਖ, ਲਹਿਣਾ ਲਹਿਣੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਮਾਣ ਵਡਿਆਈਆ । ਭਗਤ ਵਡਿਆਈ ਲੋਕਮਾਤ, ਹਰਿ ਜੂ ਹਰਿ ਹਰਿ ਆਪ ਦਿਵਾਇੰਦਾ । ਚਰਨ ਪ੍ਰੀਤੀ ਸਾਚੀ ਦਾਤ, ਨਿਤ ਨਵਿਤ ਝੋਲੀ ਪਾਇੰਦਾ । ਅੰਤਰ ਮੰਤਰ

ਬਿਨ ਰਸਨਾ ਜਿਹਵਾ ਸੁਣਾਏ ਗਾਥ, ਨਿਸ਼ਅੱਖਰ ਆਪ ਪੜ੍ਹਾਇੰਦਾ । ਸਰਗੁਣ ਦੇਵੇ ਸਗਲਾ ਸਾਥ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਲਹਿਣਾ ਦੇਣਾ ਤੋੜ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪਾਰ ਕਰਾਇੰਦਾ । ਰਵ ਸਸ ਸੂਰਜ ਚੰਨ ਮੰਡਲ ਮੰਡਪ ਦਾਸੀ ਦਾਸ, ਬਣ ਬਣ ਸੇਵਕ ਸੇਵ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸ਼ਾਬਾਸ਼, ਸ਼ਹਿਨਸ਼ਾਹ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਇਕੋ ਘਰ ਵਸਾਇੰਦਾ । ਇਕੋ ਘਰ ਕਰੇ ਵਸੇਰਾ, ਸਚਖੰਡ ਸਾਚੇ ਵੱਜੇ ਵਧਾਈਆ । ਹਰਿ ਜੂ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮਿਲ ਮਿਲ ਕਰੇ ਚਾਓ ਘਨੇਰਾ, ਚਾਓ ਘਨੇਰਾ ਇਕ ਵਖਾਈਆ । ਜੂਠਾ ਝੂਠਾ ਭਰਮ ਭੌ ਢਾਹੇ ਡੇਰਾ, ਸਚ ਸੁਚ ਦਏ ਦ੍ਰਿੜਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਦੋ ਜਹਾਨ ਸ੍ਰੀ ਭਗਵਾਨ ਸ਼ਬਦ ਅਗੰਮੀ ਪਾਏ ਘੇਰਾ, ਪੁਰੀਆਂ ਲੋਆਂ ਆਪਣਾ ਬੰਧਨ ਪਾਈਆ । ਕਲਜੁਗ ਅੰਤਮ ਪਰਗਟ ਹੋਇਆ ਨਿਰਗੁਣ ਨਿਰਵੈਰ ਸਿੰਘ ਸ਼ੇਰਾ, ਸ਼ੇਰ ਆਪਣਾ ਰੂਪ ਵਖਾਈਆ । ਭਗਤ ਭਗਵੰਤ ਆਦਿ ਅੰਤ ਜੁਗਾ ਜੁਗੰਤ ਇਕ ਦੂਜੇ ਨੂੰ ਕਹਿਣ ਮੈਂ ਤੇਰਾ ਤੂੰ ਮੇਰਾ, ਸੋਹੰ ਢੋਲਾ ਰਸਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਦਏ ਸਮਝਾਈਆ । ਭਗਤ ਭਗਵੰਤ ਇਕੋ ਢੋਲਾ, ਸੋਹੰ ਧਾਰ ਚਲਾਇੰਦਾ । ਹੰ ਬ੍ਰਹਮ ਆਪੇ ਬੋਲਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਬਣ ਬਣ ਤੋਲਾ, ਹੰ ਆਪਣਾ ਅੰਕ ਜਣਾਇੰਦਾ । ਏਕੰਕਾਰ ਬਣ ਵਿਚੋਲਾ, ਸਾਚਾ ਸਾਲਸ ਆਪ ਹੋ ਜਾਇੰਦਾ । ਨੌਂ ਸੌ ਚੁਰਾਨਵੇਂ

੨੩੩ ਚੌਕੜੀ ਜੁਗ ਰੱਖਦਾ ਰਿਹਾ ਪਰਦਾ ਉਹਲਾ, ਗੁਰ ਅਵਤਾਰਾਂ ਸੇਵਾ ਲਾਇੰਦਾ । ਕਲਜੁਗ ਅੰਤਮ ਆਪਣਾ ਪੂਰਾ ਕਰੇ ਕੌਲਾ, ਵੇਦ ਵਿਆਸਾ ਸਚ ੨੩੩

ਖ਼ੁਲਾਸਾ ਜੋ ਲਿਖਾਇੰਦਾ । ਪਰਗਟ ਹੋਏ ਉਪਰ ਧਵਲਾ, ਧਰਨੀ ਧਰਤ ਧਵਲ ਸਮਝਾਇੰਦਾ । ਨਜ਼ਰੀ ਆਏ ਏਕਾ ਨੂਰ ਇਲਾਹੀ ਅਵਲਾ, ਆਲਮੀਨ ਹੱਕ ਹਕੀਕਤ ਖੋਜ ਖੁਜਾਇੰਦਾ । ਭੇਵ ਚੁਕਾਏ ਕਾਹਨਾ ਕ੍ਰਿਸ਼ਨਾ ਸਾਵਲ ਸਵਲਾ, ਮੁਕੰਦ ਮਨੋਹਰ ਲਖ਼ਮੀ ਨਰਾਇਣ ਮੁਕਟ ਬੈਣ ਨੇਤਰ ਨੈਣ ਨੈਣ

੧੨ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪ ਜਗਾਇੰਦਾ । ਭਗਤ ਭਗਵੰਤ ਜਾਇਣ ਜਾਗ, ਜਾਗਰਤ ਜੋਤ ਇਕ ਜਗਾਈਆ । ਅੰਤਰ ਆਤਮ ਇਕ ਵੈਰਾਗ, ਬਣ ਵੈਰਾਗੀ ਰਿਹਾ ਉਪਜਾਈਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਦਏ ਧੁਵਾਈਆ । ਫੜ ਫੜ ਹੰਸ ਬਣਾਏ ਕਾਗ, ਸ੍ਰੀ ਭਗਵਾਨ ਵਡੀ ਵਡਿਆਈਆ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਮੋਹਣੀ ਆਪਣਾ ਰੂਪ ਵਖਾਈਆ । ਚਾਰ ਜੁਗ ਦੀ ਸੁਣੇ ਫ਼ਰਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣਾ ਭੇਵ ਸਮਝਾਈਆ । ਧੁਰ ਫ਼ਰਮਾਣਾ ਦੇਵੇ ਦਾਦ, ਨਾਮ ਅਮੋਲਕ ਵਸਤ ਝੋਲੀ ਪਾਈਆ । ਜਗਤ ਨੱਯਾ ਚਲਾਏ ਸਚ ਜਹਾਜ਼, ਖੇਵਟ ਖੇਟਾ ਰੂਪ ਅਨੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਮਿਲਾਈਆ । ਭਗਤ ਮਿਲਾਵਾ ਸਚ ਘਰ, ਘਰ ਸਾਚਾ ਆਪ ਜਣਾਇੰਦਾ । ਜਨਮ ਜਨਮ ਦਾ ਚੁੱਕੇ ਡਰ, ਨਿਰਭੌ ਆਪਣਾ ਭੈ ਵਖਾਇੰਦਾ । ਆਤਮ ਪਰਮਾਤਮ ਲਏ ਵਰ, ਵਰ ਦਾਤਾ ਆਪ ਅਖਵਾਇੰਦਾ । ਲੇਖਾ ਚੁੱਕੇ ਨਾਰੀ ਨਰ, ਨਰ ਨਰਾਇਣ ਆਪਣੇ ਅੰਗ ਲਗਾਇੰਦਾ । ਆਤਮ ਅੰਦਰ ਸਾਚੇ ਮੰਦਰ ਉਚੇ ਟਿੱਲੇ ਵੇਖੇ ਚੜ੍ਹ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪੇ ਫੜ, ਸੁਰਤੀ ਸ਼ਬਦੀ ਬੰਨ੍ਹੇ ਲੜ,

ਨਾਤਾ ਬਿਧਾਤਾ ਜੋੜ ਜੁੜਾਇੰਦਾ । ਸ਼ਬਦੀ ਸੁਰਤੀ ਸਾਚਾ ਨਾਤਾ, ਨਿਤ ਨਵਿਤ ਜੁੜਾਈਆ । ਨਿਰਗੁਣ ਸਰਗੁਣ ਪਿਤਾ ਮਾਤਾ, ਲੋਕਮਾਤ ਵੇਖ ਵਖਾਈਆ । ਸਾਚੀ ਸਿਖਿਆ ਇਕੋ ਗਾਥਾ, ਏਕਾ ਅੱਖਰ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥਾ, ਪੂਰਬ ਵੇਖੇ ਬੇਪਰਵਾਹੀਆ । ਹੋਏ ਸਹਾਈ ਅਨਾਥ ਨਾਥਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਮਿਹਰਵਾਨ ਮਿਹਰਵਾਨ ਮਿਹਰ ਆਪਣੀ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਏਕਾ ਦਰ ਬਹਾਈਆ । ਭਗਤ ਭਗਵਾਨ ਦਰ ਸਾਚੇ ਬਹਿਣਾ, ਨਰ ਹਰਿ ਆਪਣਾ ਖੇਲ ਕਰਾਇੰਦਾ । ਇਕ ਦੂਜੇ ਦਾ ਦਰਸ਼ਨ ਨੈਣਾ, ਨੈਣ ਨੈਣਾਂ ਨਾਲ ਮਿਲਾਇੰਦਾ । ਆਤਮ ਪਰਮਾਤਮ ਮੰਨੇ ਕਹਿਣਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਜਨਮ ਜਨਮ ਦਾ ਚੁੱਕੇ ਦੇਣਾ, ਦੇ ਦੇ ਆਪਣੀ ਖ਼ੁਸ਼ੀ ਵਖਾਇੰਦਾ । ਸਾਚੇ ਭਗਤ ਤਨ ਪਾਏ ਗਹਿਣਾ, ਬਸਤਰ ਆਪਣੇ ਨਾਮ ਰੰਗਾਇੰਦਾ । ਹਰਿ ਕਾ ਭਾਣਾ ਸਿਰ ਤੇ ਸਹਿਣਾ, ਸਾਚੀ ਸਿਖਿਆ ਸਿਖ ਜਣਾਇੰਦਾ । ਲੱਖ ਚੁਰਾਸੀ ਜੂਠਾ ਝੂਠਾ ਵਹਿਣ ਵਹਿਣਾ, ਕੂੜੀ ਕਿਰਿਆ ਨਾਲ ਰੁੜ੍ਹਾਇੰਦਾ । ਅੰਤਮ ਨਾਤਾ ਤੁਟੇ ਮਾਤ ਪਿਤ ਭਾਈ ਭੈਣਾ, ਸਾਕ ਸੱਜਣ ਸੈਣ ਨਾਰੀ ਕੰਤ ਸੰਗ ਨਾ ਕੋਇ ਜਾਇੰਦਾ । ਲਾੜੀ ਮੌਤ ਲੱਖ ਚੁਰਾਸੀ ਖਾਏ ਡੈਣਾ, ਰਾਏ ਧਰਮ ਆਪਣਾ ਖਾਤਾ ਆਪ ਵਖਾਇੰਦਾ । ਗੁਰਮੁਖ ਵਿਰਲੇ ਹਰਿ ਸਰਨਾਈ ਰਹਿਣਾ, ਸਰਨਗਤ ਜਿਸ ਜਨ ਆਪਣੀ ਆਪ ਦਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਇਕ ਮਕਾਨ, ਸਾਚਾ ਮੰਦਰ ਆਪ ਸੁਹਾਇੰਦਾ । ਭਗਤ ਭਗਵਾਨ ਇਕ ਮਕਾਨ, ਮੁਕਾਮੇ ਹੱਕ ਜਣਾਈਆ । ਭਗਤ ਭਗਵਾਨ ਇਕ ਨਿਸ਼ਾਨ, ਸਚਖੰਡ ਨਿਸ਼ਾਨਾ ਦਏ ਵਖਾਈਆ । ਭਗਤ ਭਗਵੰਤ ਇਕ ਗਿਆਨ, ਸੋਹੰ ਅੱਖਰ ਕਰਨ ਪੜ੍ਹਾਈਆ । ਭਗਤ ਭਗਵਾਨ ਇਕ ਦਾਨ, ਪ੍ਰੇਮ ਵਸਤ ਝੋਲੀ ਪਾਈਆ । ਭਗਤ ਭਗਵਾਨ ਇਕ ਅਸ਼ਨਾਨ, ਮਿਲ ਮਿਲ ਆਪਣੀ ਮੈਲ ਗਵਾਈਆ । ਭਗਤ ਭਗਵਾਨ ਇਕ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਭਗਤ ਭਗਵਾਨ ਇਕ ਪਹਿਚਾਨ, ਦੂਜੀ ਓਟ ਨਾ ਕੋਇ ਵਖਾਈਆ । ਭਗਤ ਭਗਵਾਨ ਕਾਇਆ ਚੋਲੇ ਅੰਦਰ ਵਸਣ ਇਕ ਮਿਆਨ, ਦੂਜਾ ਮਿਆਨ ਨਾ ਕੋਇ ਬਣਾਈਆ । ਭਗਤ ਭਗਵਾਨ ਇਕ ਦੂਜੇ ਦਾ ਗਾਇਣ ਗਾਨ, ਗਾ ਗਾ ਆਪਣੀ ਖ਼ੁਸ਼ੀ ਮਨਾਈਆ । ਭਗਤ ਭਗਵਾਨ ਨਾਤਾ ਤੋੜਨ ਸਗਲ ਜਹਾਨ, ਸਾਚਾ ਨਾਤਾ ਇਕ ਰਖਾਈਆ । ਭਗਤ ਭਗਵਾਨ ਖੇਲਣ ਖੇਲ ਮਹਾਨ, ਗੋਪੀ ਕਾਹਨ ਰੂਪ ਵਟਾਈਆ । ਭਗਤ ਭਗਵਾਨ ਨੌਜਵਾਨ, ਬਿਰਧ ਬਾਲ ਨਾ ਕੋਇ ਵਖਾਈਆ । ਭਗਤ ਭਗਵਾਨ ਇਕ ਦੂਜੇ ਨੂੰ ਕਰਨ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਇਕ ਕਹਾਣੀ, ਕਹਿ ਕਹਿ ਆਪਣਾ ਗੀਤ ਬਣਾਇੰਦਾ । ਭਗਤ ਭਗਵਾਨ ਇਕੋ ਬਾਣੀ, ਬਾਣ ਨਿਰਾਲਾ ਤੀਰ ਚਲਾਇੰਦਾ । ਭਗਤ ਭਗਵਾਨ ਏਕਾ ਮੰਦਰ ਵਸੇ ਸਚ ਮਕਾਨੀ, ਮੁਕਾਮ ਕਿਸੇ ਨਾ ਹੋਰ ਵਖਾਇੰਦਾ । ਭਗਤ ਭਗਵਾਨ ਇਕ ਦੂਜੇ ਤੋਂ ਹੋਣ ਕੁਰਬਾਨੀ, ਸੀਸ ਧੜ ਵੰਡ ਨਾ ਕੋਇ ਵੰਡਾਇੰਦਾ । ਭਗਤ ਭਗਵਾਨ ਖੇਲੇ ਖੇਲ ਰਾਜਾ ਰਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਇਕ ਮਹੱਲ, ਮਹਿਫ਼ਲ ਆਪਣੀ ਰਹੇ ਲਗਾਈਆ । ਭਗਤ ਭਗਵਾਨ ਉਚ ਅਟੱਲ, ਅਟੱਲ ਮੰਦਰ ਬੈਠੇ ਆਸਣ ਲਾਈਆ । ਭਗਤ ਭਗਵਾਨ ਇਕ ਦੂਜੇ ਨਾਲ ਗਏ ਰਲ, ਜੋਤੀ ਜੋਤ ਜੋਤ ਮਿਲਾਈਆ । ਭਗਤ ਭਗਵਾਨ

ਵਿਛੜ ਨਾ ਜਾਇਣ ਘੜੀ ਪੱਲ, ਚੌਕੜੀ ਜੁਗ ਆਪਣਾ ਖੇਲ ਵਖਾਈਆ । ਭਗਤ ਭਗਵਾਨ ਏਕਾ ਦੀਪਕ ਜਾਇਣ ਬਲ, ਤੇਲ ਬਾਤੀ ਨਾ ਕੋਇ ਪਾਈਆ । ਭਗਤ ਭਗਵਾਨ ਇਕ ਦੂਜੇ ਦਾ ਮੇਟਣ ਸਲ, ਆਪ ਆਪਣਾ ਦੇਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੂਜੇ ਨੂੰ ਸਚ ਸੰਦੇਸ਼ਾ ਘੱਲ ਘੱਲ, ਲੋਕਮਾਤ ਸਚਖੰਡ ਸਚਖੰਡ ਲੋਕਮਾਤ ਪਰਗਟਾਈਆ । ਲੋਕਮਾਤ ਸਚਖੰਡ ਦੁਆਰਾ, ਸ੍ਰੀ ਭਗਵਾਨ ਆਪ ਪਰਗਟਾਇੰਦਾ । ਭਗਤਾਂ ਪਾਵਣ ਆਏ ਸਾਰਾ, ਨਿਤ ਨਿਤ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਧਰੂ ਪ੍ਰਹਿਲਾਦ ਦੇਂਦਾ ਰਿਹਾ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਜੁਗ ਚੌਕੜੀ ਦੇ ਦੇ ਲਾਰਾ, ਗੁਰ ਅਵਤਾਰ ਵੇਖ ਵਖਾਇੰਦਾ । ਪੀਰ ਪੈਗ਼ੰਬਰ ਦੇ ਸਹਾਰਾ, ਲੋਕਮਾਤ ਨੱਯਾ ਆਪ ਚੜ੍ਹਾਇੰਦਾ । ਚੌਦਾਂ ਤਬਕ ਤਬਕ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਸ੍ਰੀ ਭਗਵੰਤ, ਜੁਗ ਚੌਕੜੀ ਆਪ ਕਰਾਈਆ । ਅੰਤਮ ਕਰੇ ਸਰਬ ਦਾ ਅੰਤ, ਲੋਕਮਾਤ ਰਹਿਣ ਕੋਇ ਨਾ ਪਾਈਆ । ਗਾ ਗਾ ਗਏ ਸਰਬ ਬੇਅੰਤ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਵੱਡਾ ਵਡ, ਸ੍ਰੀ ਭਗਵਾਨ ਆਪ ਰਖਾਇੰਦਾ । ਨਿਰਗੁਣ ਸਰਗੁਣ ਖੇਲ ਕਰੇ ਅੱਡ ਅੱਡ, ਅੰਤਮ ਇਕੋ ਰੰਗ ਵਖਾਇੰਦਾ । ਲੱਖ ਚੁਰਾਸੀ ਆਪਣੇ ਵਿਚੋਂ ਕੱਢ, ਅੰਤਮ ਆਪਣੇ ਖਾਤੇ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੰਡ ਵੰਡ ਗਏ ਹੱਦ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਰਨ ਬਰਨ ਗੰਢ ਪੁਵਾਇੰਦਾ । ਕਲਜੁਗ ਅੰਤਮ ਪਰਗਟ ਹੋ ਪੁਰਖ ਸਮਰਥ, ਸਮਰਥ ਆਪਣਾ ਖੇਲ ਵਖਾਇੰਦਾ । ਸ਼ਬਦ ਜਣਾਏ ਮਹਿਮਾ ਅਕੱਥ, ਬੋਧ ਅਗਾਧ ਨਾਮ ਦ੍ਰਿੜ੍ਹਾਇੰਦਾ । ਵੇਖਣਹਾਰਾ ਕਾਇਆ ਮੰਦਰ ਸਾਢੇ ਤਿੰਨ ਹੱਥ, ਨੌਂ ਖੰਡ ਪ੍ਰਿਥਮੀ ਘਰ ਘਰ ਫੇਰਾ ਪਾਇੰਦਾ । ਆਤਮ ਗਾਏ ਨਾ ਸਾਚਾ ਜਸ, ਪਰਮਾਤਮ ਨਜ਼ਰ ਕਿਸੇ ਨਾ ਆਇੰਦਾ । ਸ਼ਰਅ ਸ਼ਰੀਅਤ ਰਹੀ ਨੱਚ, ਦੀਨ ਮਜ਼੍ਹਬ ਡੌਰੂ ਵਜਾਇੰਦਾ । ਕੂਕ ਕੁਰਲਾਏ ਕਾਇਆ ਮਾਟੀ ਭਾਂਡਾ ਕੱਚ, ਜਿਸ ਘੜਿਆ ਤਿਸ ਦਾ ਅੰਤ ਕੋਇ ਨਾ ਪਾਇੰਦਾ । ਤ੍ਰੈਗੁਣ ਅੰਦਰ ਰਹੇ ਮੱਚ, ਪੰਜ ਤਤ ਅਗਨੀ ਲਾਇੰਦਾ । ਹਰਿ ਕਾ ਮੰਦਰ ਦਿਸੇ ਨਾ ਸੱਚ, ਚਾਰ ਖਾਣੀ ਚਾਰ ਬਾਣੀ ਜੇਰਜ ਅੰਡਜ ਉਤਭੁਜ ਸੇਤਜ ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦਇਆ ਕਮਾਇੰਦਾ । ਦਇਆਨਿਧ ਠਾਕਰ ਸਵਾਮੀ, ਆਪਣੀ ਦਇਆ ਕਮਾਈਆ । ਸਰਬ ਜੀਆਂ ਘਟ ਅੰਤਰਜਾਮੀ, ਘਰ ਘਰ ਵੇਖ ਵਖਾਈਆ । ਪੁਰਖ ਅਕਾਲ ਅਗੰਮੀ ਬਾਣੀ, ਏਕਾ ਅੱਖਰ ਕਰੇ ਪੜ੍ਹਾਈਆ । ਸਤਿਜੁਗ ਦੀ ਸਾਚੀ ਰਾਣੀ, ਸਾਚਾ ਮਾਰਗ ਦਏ ਵਖਾਈਆ । ਇਕ ਵਖਾਏ ਪਦ ਨਿਰਬਾਣੀ, ਨਿਰਾਕਾਰ ਬੇਪਰਵਾਹੀਆ । ਭਗਤ ਭਗਵੰਤ ਦਏ ਨਿਸ਼ਾਨੀ, ਜਗਤ ਨਿਸ਼ਾਨਾ ਦਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਵਡ ਦੇਵੀ ਦੇਵਾ, ਦੇਵਤ ਸੁਰ ਆਪਣੇ ਰੰਗ ਰੰਗਾਇੰਦਾ । ਆਦਿ ਜੁਗਾਦੀ ਇਕੋ ਮੇਵਾ, ਅੰਮ੍ਰਿਤ ਰਸ ਮੁਖ ਚੁਵਾਇੰਦਾ । ਕਰੇ ਖੇਲ ਅਲੱਖ ਅਭੇਵਾ, ਅਗੰਮ ਅਥਾਹ ਬੇਪਰਵਾਹ ਆਪਣੀ ਧਾਰ ਚਲਾਇੰਦਾ । ਜਨ ਭਗਤਾਂ ਲੇਖੇ ਲਾਏ ਰਸਨਾ ਜੇਹਵਾ, ਗੁਣ ਆਪਣਾ ਇਕ ਸਮਝਾਇੰਦਾ । ਕੌਸਤਕ ਮਣੀਆ ਮਸਤਕ ਲਾਏ ਥੇਵਾ, ਜੋਤੀ ਨੂਰ ਡਗਮਗਾਇੰਦਾ । ਸਦਾ ਸੁਹੇਲਾ ਇਕ ਇਕੇਲਾ, ਅਕਲ ਕਲ ਆਪਣੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ । ਸਿਫ਼ਤੀ ਸਿਫ਼ਤ ਸਲਾਹੇ ਜਗਤ, ਸਿਫ਼ਤ ਵਿਚ ਕਦੇ ਨਾ ਆਈਆ । ਦੇਵੇ ਵਡਿਆਈ ਹਰਿ ਜੂ ਭਗਤ, ਭਗਵਾਨ ਆਪਣੀ ਗੋਦ ਬਹਾਈਆ । ਲੇਖੇ ਲਾਏ ਬੂੰਦ ਰਕਤ, ਮਾਤ ਗਰਭ ਹੋਏ ਸਹਾਈਆ । ਅੰਤਮ ਮੇਲਾ ਜੋਤੀ ਜੋਤ ਨਾਰ ਕੰਤ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਚੋਲੀ ਚਾੜ੍ਹੇ ਰੰਗ ਬਸੰਤ, ਬਸਨ ਬਨਵਾਰੀ ਆਪ ਰੰਗਾਈਆ । ਏਕਾ ਅੱਖਰ ਮਣੀਆ ਮੰਤ, ਮਮਤਾ ਮੋਹ ਦਏ ਮਿਟਾਈਆ । ਸੋਹੰ ਢੋਲਾ ਸਾਚਾ ਛੰਤ, ਛੱਤੀ ਰਾਗ ਰਹੇ ਜਸ ਗਾਈਆ । ਆਦਿ ਜੁਗਾਦਿ ਸ਼ਬਦ ਗੁਰ ਗੁਰ ਬਣਾਈ ਬਣਤ, ਵਿਸ਼ਨ ਬ੍ਰਹਮਾ ਸ਼ਿਵ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰੰਤਰ ਬ੍ਰਹਮ ਦੇਵੇ ਦਾਨ, ਪਾਰਬ੍ਰਹਮ ਹੋਏ ਹੈਰਾਨ, ਭਗਤਾਂ ਮਿਲਿਆ ਸ੍ਰੀ ਭਗਵਾਨ, ਭਗਵਨ ਮੇਲਾ ਵਿਚ ਜਹਾਨ, ਜੀਵਣ ਜੁਗਤ ਜਨ ਆਪਣੇ ਹੱਥ ਰਖਾਈਆ ।

## ✳ ੧੮ ਜੇਠ ੨੦੧੯ ਬਿਕਰਮੀ ਰਸਾਲ ਸਿੰਘ, ਸਾਹਿਬ ਸਿੰਘ ਦੇ ਗ੍ਰਿਹ ਮਨਾਵਰ ਜੰਮੂ ✳

ਆਦਿ ਜੁਗਾਦੀ ਸਾਚੀ ਕਾਰ, ਧੁਰ ਕਰਤਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਪੁਰਖ ਨਿਰੰਜਣ ਬਣਤ ਬਣਾਇੰਦਾ । ਏਕੰਕਾਰਾ ਵਡ ਬਲਕਾਰ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਪਾਰਬ੍ਰਹਮ ਕਰੇ ਪਿਆਰ, ਬ੍ਰਹਮ ਆਪਣੇ ਅੰਗ ਲਗਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਥਿਰ ਘਰ ਆਪਣਾ ਰਾਗ ਅਲਾਇੰਦਾ । ਸ਼ਾਹੋ ਭੂਪੀ ਬਣ ਸਿਕਦਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਹੁਕਮਰਾਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਨੂਰ ਇਲਾਹੀ ਨੌਜਵਾਨ, ਜਲਵਾ ਨੂਰ ਆਪ ਧਰਾਇੰਦਾ । ਮੁਕਾਮੇ ਹੱਕ ਹੋ ਪਰਧਾਨ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਲਾਸ਼ਰੀਕ ਇਕ ਮਿਹਰਵਾਨ, ਮੇਹਬਾਨ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪੁਰਖ ਅਬਿਨਾਸ਼, ਹਰਿ ਜੂ ਹਰਿ ਹਰਿ ਆਪ ਕਰਾਈਆ । ਆਪਣੇ ਅੰਦਰ ਰਿਹਾ ਵਿਸਮਾਦ, ਸਚਖੰਡ ਸਾਚੇ ਰਿਹਾ ਸਮਾਈਆ । ਥਿਰ ਘਰ ਬੋਲੇ ਇਕ ਅਨਾਦ, ਅਨਰਾਗੀ ਆਪਣਾ ਰਾਗ ਅਲਾਈਆ । ਵੇਸ ਵਟਾਏ ਬੋਧ ਅਗਾਧ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਘਰ ਵਸੇ ਸੱਚਾ ਮਾਹੀਆ । ਸੱਚਾ ਮਾਹੀ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੋਤੀ ਜਾਤਾ ਬੇਐਬ ਪਰਵਰਦਿਗਾਰ, ਇਕ ਇਕੱਲਾ ਵੇਸ ਵਟਾਇੰਦਾ । ਸਚ ਮਹੱਲਾ ਕਰ ਤਿਆਰ, ਦਰ ਘਰ ਸਾਚਾ ਆਪ ਸੁਹਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਚ ਭੰਡਾਰਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਰੱਖ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਸਚਖੰਡ ਦੁਆਰੇ ਹੋ ਪਰਤੱਖ, ਰੂਪ ਅਨੂਪ ਆਪ ਪਰਗਟਾਇੰਦਾ । ਅਸੁਤੇ ਪਰਕਾਸ਼ ਹੋਏ ਪਰਕਾਸ਼,

ਪਰਕਾਸ਼ਵਾਨ ਨਜ਼ਰ ਕਿਸੇ ਨਾ ਆਇੰਦਾ । ਖੇਲਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਨਿਰਗੁਣ ਨਿਰਾਕਾਰ ਅਨਭਵ ਆਪਣੀ ਧਾਰ ਚਲਾਇੰਦਾ । ਅਨਭਵ ਧਾਰ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਚਲਾਈਆ । ਸਚਖੰਡ ਦੁਆਰੇ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਈਆ । ਸਤਿ ਸਤਿਵਾਦੀ ਇਕ ਨਿਸ਼ਾਨ, ਨਿਰਗੁਣ ਨਿਰਗੁਣ ਲਏ ਉਠਾਈਆ । ਦਾਤਾ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਖੇਲੇ ਖੇਲ ਹਰਿ ਮਹਾਨ, ਸਾਚੀ ਗਣਤ ਗਣੀ ਨਾ ਜਾਈਆ । ਨਾਰੀ ਰੂਪ ਵਾਲੀ ਦੋ ਜਹਾਨ, ਕੰਤ ਸੁਹਾਗ ਆਪ ਅਖਵਾਈਆ । ਸੁਤ ਦੁਲਾਰਾ ਕਰ ਪਰਧਾਨ, ਸ਼ਬਦੀ ਸ਼ਬਦ ਲਏ ਪਰਗਟਾਈਆ । ਧੁਰਦਰਗਾਹੀ ਇਕ ਫ਼ਰਮਾਣ, ਸਚ ਸੰਦੇਸ਼ਾ ਦਏ ਸੁਣਾਈਆ । ਜੋਤੀ ਜੋਤ ਜੋਤ ਦੇਵੇ ਦਾਨ, ਦਾਤਾ ਦਾਨੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਪਰੰਪਰ ਆਪਣਾ ਖੇਲ ਕਰਾਈਆ । ਅਪਰੰਪਰ ਖੇਲ ਪੁਰਖ ਸਮਰਥ, ਆਦਿ ਆਦਿ ਆਪ ਕਰਾਇੰਦਾ । ਸਚਖੰਡ ਦੁਆਰੇ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਥਿਰ ਘਰ ਬਹਿ ਬਹਿ ਗਾਏ ਜਸ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਆਪਣੇ ਮੰਦਰ ਆਪੇ ਵਸ, ਸਾਚਾ ਬੰਕ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਰਸ, ਰਸ ਰਸੀਆ ਭੇਵ ਨਾ ਕੋਇ ਖੁਲ੍ਹਾਇੰਦਾ । ਨਿਰਗੁਣ ਅੰਦਰ ਨਿਰਗੁਣ ਵਸ, ਨਿਰਗੁਣ ਆਪਣਾ ਬੰਧਨ ਪਾਇੰਦਾ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਇੰਦਾ । ਆਪਣੀ ਇਛਿਆ ਵਿਸ਼ਵ ਧਾਰ, ਹਰਿ ਹਰਿ ਆਪ ਪ੍ਰਗਟਾਈਆ । ਏਕਾ ਵਿਸ਼ਨੂੰ ਕਰ ਤਿਆਰ, ਦੇਵੇ ਵਡ ਵਡਿਆਈਆ । ਸਾਚਾ ਅੰਮ੍ਰਿਤ ਠੰਡਾ ਠਾਰ, ਕਵਲ ਕਵਲਾ ਦਏ ਵਖਾਈਆ । ਕਰ ਕਿਰਪਾ ਆਪ ਨਿਰੰਕਾਰ, ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਕਰ ਉਜਿਆਰ, ਨੂਰੋ ਨੂਰ ਡਗਮਗਾਈਆ । ਏਕਾ ਬ੍ਰਹਮ ਬ੍ਰਹਮ ਪਸਾਰ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਸੁੰਨ ਅਗੰਮ, ਹਰਿ ਜੂ ਹਰਿ ਹਰਿ ਆਪ ਲਗਾਇੰਦਾ । ਆਦਿ ਜੁਗਾਦੀ ਕਰੇ ਕੰਮ, ਭੇਵ ਕੋਈ ਨਾ ਪਾਇੰਦਾ । ਆਪਣੀ ਕੁੱਖੋਂ ਆਪੇ ਜੰਮ, ਮਾਤ ਪਿਤ ਆਪਣਾ ਨਾਉਂ ਧਰਾਇੰਦਾ । ਆਪੇ ਬੇੜਾ ਰਿਹਾ ਬੰਨ੍ਹ, ਬਣ ਮਲਾਹ ਆਪ ਉਠਾਇੰਦਾ । ਆਪੇ ਕਹੇ ਧੰਨ ਧੰਨ, ਧੰਨ ਧੰਨ ਆਪ ਅਖਵਾਇੰਦਾ । ਆਪੇ ਜਨਣੀ ਆਪੇ ਜਨ, ਦਾਈ ਦਾਇਆ ਬਣ ਬਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਅੰਦਰ ਆਪੇ ਵੜ, ਬ੍ਰਹਮ ਪਾਰਬ੍ਰਹਮ ਆਪਣਾ ਰੰਗ ਵਖਾਇੰਦਾ । ਬ੍ਰਹਮ ਵੇਤਾ ਹੋ ਪਰਧਾਨ, ਕਰੇ ਖੇਲ ਸ੍ਰੀ ਭਗਵਾਨ, ਏਕ ਓਅੰਕਾਰਾ ਵਡ ਵਡਿਆਈਆ । ਏਕਾ ਨੂਰ ਏਕਾ ਚੰਨ, ਨੂਰ ਨੁਰਾਨਾ ਡਗਮਗਾਈਆ । ਕਰੇ ਵਸੇਰਾ ਬਿਨ ਛੱਪਰੀ ਛੰਨ, ਮੰਡਲ ਮੰਡਪ ਨਾ ਕੋਇ ਸੁਹਾਈਆ । ਏਕਾ ਰਾਗ ਸੁਣਾਏ ਕੰਨ, ਬੋਧ ਅਗਾਧੀ ਨਾਦ ਵਜਾਈਆ । ਏਕਾ ਪੁਰਖ ਜਾਏ ਮੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਮੇਲਾ ਸਹਿਜ ਸੁਭਾਈਆ । ਸ਼ੰਕਰ ਮੇਲਾ ਏਕਾ ਘਰ, ਘਰ ਸੁਹੰਜਣਾ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਦੇਵੇ ਵਰ, ਵਿਸ਼ਨ ਬ੍ਰਹਮਾ ਬੰਧਨ ਪਾਇੰਦਾ । ਤਿੰਨਾਂ ਨਾਤਾ ਸਾਚੇ ਹਰਿ, ਹਰਿ ਜੂ ਆਪਣੇ ਰੰਗ ਰੰਗਾਇੰਦਾ । ਨਿਰਭੌ ਚੁਕਾਏ ਭੈ ਡਰ,

ਭਿਆਨਕ ਰੂਪ ਨਾ ਕੋਇ ਵਖਾਇੰਦਾ । ਦਰਸ ਦਖਾਏ ਅੱਗੇ ਖੜ੍ਹ, ਸਵੱਛ ਸਰੂਪੀ ਰੂਪ ਵਟਾਇੰਦਾ । ਭੇਵ ਚੁਕਾਏ ਨਾਰੀ ਨਰ, ਨਰ ਨਰਾਇਣ ਨੇਤਰ ਨੈਣ ਇਕ ਖੁਲ੍ਹਾਇੰਦਾ । ਨਿਸ਼ੱਖਰ ਆਖਰ ਇਕੋ ਪੜ੍ਹ, ਆਪਣਾ ਨਾਉਂ ਆਪ ਸਮਝਾਇੰਦਾ । ਸਤਿ ਸਰੂਪੀ ਅੰਦਰ ਵੜ, ਸਾਚੇ ਮੰਦਰ ਡੇਰਾ ਲਾਇੰਦਾ । ਸਚ ਸਿੰਘਾਸਣ ਆਪੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਲਾਇੰਦਾ । ਆਪਣਾ ਮਾਰਗ ਹਰਿ ਜੂ ਲਾ, ਤ੍ਰੈ ਤ੍ਰੈ ਬੰਧਨ ਪਾਈਆ । ਤ੍ਰੈਗੁਣ ਮਾਇਆ ਲਏ ਪਰਗਟਾ, ਆਪਣਾ ਰੰਗ ਵਖਾਈਆ । ਪੰਚਮ ਨਾਤਾ ਸਹਿਜ ਸੁਭਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਏ ਲਗਾ, ਗੁਣ ਅਵਗੁਣ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਰਹਿਬਰ ਭੇਵ ਚੁਕਾਈਆ । ਬਣ ਰਹਿਬਰ ਆਪ ਖ਼ੁਦਾ, ਭੇਵ ਅਭੇਦ ਆਪ ਜਣਾਇੰਦਾ । ਨਿਰਗੁਣ ਨਿਰਗੁਣ ਕਰ ਜੁਦਾ, ਸਰਗੁਣ ਆਪਣੀ ਵੰਡ ਵੰਡਾਇੰਦਾ । ਬਿਸਮਿਲ ਰੂਪ ਹੋ ਫ਼ਿਦਾ, ਫਿਤਰਤ ਆਪਣੀ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੀਪਕ ਦਏ ਜਗਾ, ਬਿਨ ਬਾਤੀ ਤੇਲ ਡਗਮਗਾਇੰਦਾ । ਸਾਚਾ ਦੀਆ ਹੋਏ ਉਜਿਆਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਵੇਖੇ ਵਿਗਸੇ ਵੇਖਣਹਾਰ, ਸਚਖੰਡ ਸਾਚਾ ਬੰਕ ਸੁਹਾਈਆ । ਏਕਓਅੰਕਾਰਾ ਕਰ ਪਸਾਰ, ਅਕਲ ਕਲ ਆਪਣਾ ਰੂਪ ਵਟਾਈਆ । ਆਦਿ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਸੀਤਲ ਧਾਰਾ ਇਕ ਜਣਾਈਆ । ਅਬਿਨਾਸ਼ੀ ਕਰਤਾ ਖ਼ਬਰਦਾਰ, ਬੇਖ਼ਬਰ ਲਏ ਉਠਾਈਆ । ਸ੍ਰੀ ਭਗਵਾਨ ਨੌਜਵਾਨ ਇਕ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਪਾਰਬ੍ਰਹਮ ਪ੍ਰਭ ਦੇਵੇ ਗਿਆਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਤ੍ਰੈ ਪੰਜ ਮੇਲਾ ਖੇਲ ਮਹਾਨ, ਖ਼ਾਲਕ ਖ਼ਲਕ ਦਏ ਸਮਝਾਈਆ । ਨਾਰੀ ਕੰਤ ਰੂਪ ਮਹਾਨ, ਜੋਤੀ ਜਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਆਦਿ ਪੁਰਖ ਏਕਾ ਵਾਰ ਮੰਗਾਈਆ । ਏਕਾ ਵਾਰ ਸਚ ਸੰਦੇਸ਼ਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੰਨ੍ਹੇ ਨਰ ਨਰੇਸ਼ਾ, ਨਰ ਨਰਾਇਣ ਹਰਿ ਹਰਿ ਖੇਲ ਕਰਾਇੰਦਾ । ਤਿੰਨਾਂ ਦੱਸੇ ਸਾਚਾ ਪੇਸ਼ਾ, ਪੇਸ਼ਵਾ ਆਪਣਾ ਰੂਪ ਵਖਾਇੰਦਾ । ਵਸਣਹਾਰਾ ਸਾਚੇ ਦੇਸਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਇੰਦਾ । ਸੂਰਜ ਚੰਦ ਕਿਰਨ ਕਿਰਨ ਕਰੇ ਪ੍ਰਵੇਸ਼ਾ, ਜੋਤੀ ਨੂਰ ਨੂਰ ਧਰਾਇੰਦਾ । ਆਪਣੇ ਹੱਥ ਰੱਖੇ ਲੇਖਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਚੁੱਕ, ਹਰਿ ਹਰਿ ਖੇਲ ਕਰਾਈਆ । ਨਿਰਗੁਣ ਅੰਦਰ ਨਿਰਗੁਣ ਉਠ, ਸਰਗੁਣ ਬੰਧਨ ਪਾਈਆ । ਦਿਆਲ ਠਾਕਰ ਸੁਆਮੀ ਆਪੇ ਤੁਠ, ਸਾਚਾ ਘਾੜਨ ਲਏ ਘੜਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਜੜ੍ਹ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਹਾਏ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਸਾਚੀ ਸੇਵਾ ਏਕਓਅੰਕਾਰ, ਏਕਾ ਏਕ ਜਣਾਇੰਦਾ । ਵਿਸ਼ਨੂੰ ਦੇਵੇ ਸਚ ਭੰਡਾਰ, ਸਤਿ ਭੰਡਾਰਾ ਹੱਥ ਫੜਾਇੰਦਾ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਵੰਡ ਵੰਡਾਇੰਦਾ । ਸ਼ੰਕਰ ਲਹਿਣਾ ਦੇਣਾ ਕਰਜ਼ ਦੇਣਾ ਉਤਾਰ, ਜੋ ਘੜਿਆ ਭੰਨ ਵਖਾਇੰਦਾ । ਤ੍ਰੈਗੁਣ ਤੇਰੀ ਬੰਨ੍ਹੇ ਧਾਰ, ਪੰਚਮ ਨਾਤਾ ਜੋੜ

ਜੁੜਾਇੰਦਾ । ਲੱਖ ਚੁਰਾਸੀ ਕਰ ਤਿਆਰ, ਅੰਡਜ ਜੇਰਜ ਉਤਭੁਜ ਸੇਤਜ ਝੋਲੀ ਪਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖ਼ਰੀ ਆਪ ਸੁਣਾਇੰਦਾ । ਚਾਰੇ ਜੁਗ ਖੇਲ ਨਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਕਰਾਇੰਦਾ । ਚਾਰੇ ਵਰਨ ਕਰੇ ਖ਼ਬਰਦਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਸ ਵਟਾਇੰਦਾ । ਚਾਰੇ ਕੁੰਟਾਂ ਪਾਵੇ ਸਾਰ, ਉਤਰ ਪੂਰਬ ਪੱਛਮ ਦੱਖਣ, ਆਪਣਾ ਹੁਕਮ ਵਰਤਾਇੰਦਾ । ਇਕ ਚੌਕੜੀ ਖੇਲ ਨਿਆਰ, ਚੌਥੇ ਜੁਗ ਵੇਸ ਵਟਾਇੰਦਾ । ਚਾਰ ਯਾਰੀ ਰੂਪ ਅਪਾਰ, ਨੂਰ ਇਲਾਹੀ ਰੰਗ ਰੰਗਾਇੰਦਾ । ਆਦਿ ਪੁਰਖ ਕਰੇ ਖੇਲ ਅਪਰ ਅਪਾਰ, ਪੁਰਖ ਪੁਰਖੋਤਮ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪਣਾ ਬੰਧਨ ਪਾਇੰਦਾ । ਲੱਖ ਚੁਰਾਸੀ ਪਾਏ ਡੋਰ, ਸ਼ਬਦੀ ਤੰਦ ਬੰਧਾਈਆ । ਪੰਜ ਤਤ ਕਾਇਆ ਨਾਤਾ ਜੋੜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਖੇਲ ਕਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਦੇਵੇ ਜੋੜ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਪੰਚ ਨਾਦ ਸ਼ਬਦ ਧੁੰਨ ਕਰੇ ਘਣਘੋਰ, ਆਤਮ ਪਰਮਾਤਮ ਰੰਗ ਰੰਗਾਈਆ । ਈਸ਼ ਜੀਵ ਖੇਲ ਕਰਾਏ ਮੋਰ ਤੋਰ, ਤੋਰਾ ਮੋਰਾ ਏਕਾ ਘਰ ਜਣਾਈਆ । ਬ੍ਰਹਮ ਪਾਰਬ੍ਰਹਮ ਇਕ ਦੂਜੇ ਦੀ ਦੱਸੇ ਲੋੜ, ਨਾਤਾ ਬਿਧਾਤਾ ਜੋੜ ਜੁੜਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪੇ ਚੜ੍ਹੇ ਸਾਚੇ ਘੋੜ, ਸ਼ਬਦ ਅਗੰਮੀ ਘੋੜਾ ਆਪ ਦੁੜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਨਿਰਗੁਣ ਸਰਗੁਣ ਜਾਏ ਬਹੁੜ, ਵੇਸ ਅਨੇਕਾ ਰੂਪ ਵਟਾਈਆ । ਵੇਖੇ ਰਸ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੁਲਾਈਆ । ਏਥੇ ਓਥੇ ਦੋ ਜਹਾਨ ਲਗਾਏ ਸਾਚਾ ਪੌੜ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਤਿ ਸਤਿਵਾਦੀ ਸਾਚੀ ਕਾਰ, ਕਰਤਾ ਪੁਰਖ ਆਪਣੀ ਆਪ ਕਮਾਈਆ । ਸਾਚੀ ਕਾਰ ਕਰਨੇਹਾਰਾ, ਇਕ ਇਕੱਲਾ ਖੇਲ ਕਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਦੀਆ ਬਾਤੀ ਇਕ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਅਨਹਦ ਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਜਲ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜਾ, ਬੰਦ ਤਾਕੀ ਆਪਣਾ ਪਰਦਾ ਪਾਇੰਦਾ । ਸੁਖਮਨ ਵੇਖੇ ਟੇਢੀ ਗਾਰਾ, ਈੜਾ ਪਿੰਗਲ ਗੰਢ ਪੁਵਾਇੰਦਾ । ਪੰਚ ਵਿਕਾਰ ਕਰੇ ਖੁਆਰਾ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਪਰਮਾਤਮ ਦੇ ਸਹਾਰਾ, ਏਕਾ ਘਰ ਬਹਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਿਆਰਾ, ਆਪਣੇ ਅੰਗ ਲਗਾਇੰਦਾ । ਈਸ਼ ਜੀਵ ਨਾਤਾ ਪੁਰਖ ਨਾਰਾ, ਨਰ ਨਰਾਇਣ ਸੇਜ ਹੰਢਾਇੰਦਾ । ਕਰੇ ਖੇਲ ਅਗੰਮ ਅਪਾਰਾ, ਕਰਤਾ ਪੁਰਖ ਭੇਵ ਕੋਇ ਨਾ ਪਾਇੰਦਾ । ਸਤਿ ਸਤਿਵਾਦੀ ਸਾਚੀ ਧਾਰਾ, ਬ੍ਰਹਮ ਬ੍ਰਹਿਮਾਦੀ ਇਕ ਜੈਕਾਰਾ, ਜੈ ਜੈਕਾਰ ਆਪ ਅਲਾਇੰਦਾ । ਬ੍ਰਹਮਾ ਵੇਤਾ ਦੇ ਸਹਾਰਾ, ਚਾਰੇ ਵੇਦਾਂ ਬਣ ਲਿਖਾਰਾ, ਲੋਕਮਾਤ ਵੰਡ ਵੰਡਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਬੇਅੰਤ ਬੇਅੰਤ ਬੇਐਬ ਪਰਵਰਦਿਗਾਰਾ, ਨੂਰੋ ਨੂਰ ਨੂਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕੁਦਰਤ ਆਪਣਾ ਖੇਲ ਕਰਾਇੰਦਾ । ਕੁਦਰਤ ਕਾਦਰ ਹਰਿ ਹਰਿ ਖੇਲ, ਨਿਰਗੁਣ ਸਰਗੁਣ ਆਪ ਕਰਾਈਆ । ਲੱਖ ਚੁਰਾਸੀ ਕਰ ਕਰ ਮੇਲ, ਘਰ ਘਰ ਡੰਕ ਵਜਾਈਆ । ਸੱਜਣ ਸੁਹੇਲਾ ਬਣ ਬਣ ਚਾੜ੍ਹੇ ਸਾਚਾ ਤੇਲ, ਦਰ ਦਰ ਖ਼ੁਸ਼ੀ ਵਖਾਈਆ । ਰੂਪ ਵਟਾਏ ਗੁਰੂ ਗੁਰ ਚੇਲ, ਗੁਰ ਆਪਣਾ ਨਾਉਂ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।


੨੩੯
੧੨

ਬੇਪਰਵਾਹ ਖੇਲ ਅਪਾਰਾ, ਹਰਿ ਨਰ ਨਰਾਇਣ ਆਪ ਕਰਾਇੰਦਾ । ਗੁਰ ਗੁਰ ਰੂਪ ਅਪਰ ਅਪਾਰਾ, ਸ਼ਬਦੀ ਸ਼ਬਦ ਵੇਸ ਵਟਾਇੰਦਾ । ਲੱਖ ਚੁਰਾਸੀ ਦੇ ਸਹਾਰਾ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਖੋਲ੍ਹ ਕਿਵਾੜਾ, ਨਾਤਾ ਬਿਧਾਤਾ ਇਕ ਬੰਧਾਇੰਦਾ । ਮੇਟ ਮਿਟਾਏ ਅੰਧ ਅੰਧਿਆਰਾ, ਨੂਰ ਨੁਰਾਨਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਕਰਾਇੰਦਾ । ਗੁਰ ਗੁਰ ਖੇਲ ਅਪਰ ਅਪਾਰ, ਹਰਿ ਜੂ ਹਰਿ ਹਰਿ ਆਪ ਕਰਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਸਾਖ਼ਯਾਤ ਰੂਪ ਵਟਾਈਆ । ਸਤਿਜੁਗ ਤ੍ਰੇਤਾ ਪਾਵੇ ਸਾਰ, ਦੁਆਪਰ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸਾਚੀ ਕਾਰ ਕਰਨੇ ਯੋਗ, ਹਰਿ ਕਰਤਾ ਆਪ ਕਰਾਇੰਦਾ । ਗੁਰ ਗੁਰ ਮੇਲਾ ਧੁਰ ਸੰਜੋਗ, ਹਰਿ ਸੰਜੋਗੀ ਆਪ ਕਰਾਇੰਦਾ । ਸ਼ਬਦ ਅਗੰਮੀ ਦੇਵੇ ਚੋਗ, ਰਸਨਾ ਰਸ ਇਕ ਚਖਾਇੰਦਾ । ਭੇਵ ਚੁਕਾਏ ਚੌਦਾਂ ਲੋਕ, ਲੋਕ ਪਰਲੋਕ ਡੇਰਾ ਢਾਹਿੰਦਾ । ਬੋਧ ਅਗਾਧੀ ਸਚ ਸਲੋਕ, ਸੋਹਲਾ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਭੇਵ ਚੁਕਾਇੰਦਾ । ਗੁਰ ਗੁਰ ਭੇਵ ਖੁਲ੍ਹਾਵਣਹਾਰਾ, ਭੇਵ ਅਭੇਦਾ ਦਏ ਖੁਲ੍ਹਾਈਆ । ਏਕਾ ਨਾਮ ਵਣਜ ਵਪਾਰਾ, ਲੋਕਮਾਤ ਹੱਟ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਈ ਵਾਰ ਲੈ ਅਵਤਾਰਾ, ਭਿੰਨ ਭਿੰਨ ਆਪਣਾ ਰੂਪ ਵਖਾਈਆ । ਭਗਤ ਅਠਾਰਾਂ ਦੇ ਸਹਾਰਾ, ਸਹਿਜ ਗੁਣ ਆਪਣਾ ਦਏ ਜਣਾਈਆ । ਈਸਾ ਮੂਸਾ ਸੰਗ ਮੁਹੰਮਦ ਦੇਵੇ ਵਰ ਪਰਵਰਦਿਗਾਰਾ, ਬੇਪਰਵਾਹ ਵਡੀ ਵਡਿਆਈਆ । ਮੁਕਾਮੇ ਹੱਕ ਹੱਕ ਨਜ਼ਾਰਾ, ਬੇਨਜ਼ੀਰ ਆਪ ਦਰਸਾਈਆ । ਮਿਹਬਾਨ ਬੀਦੋ ਬੀਖ਼ੈਰ ਯਾ ਅੱਲਾ ਆਲਮੀਨ ਕਾਇਨਾਤ ਖੋਲ੍ਹ ਕਿਵਾੜਾ, ਪਰਦਾ ਦੂਈ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਯਾਰੀ ਬੰਧਨ ਪਾਈਆ । ਚਾਰ ਯਾਰੀ ਬੰਧਨ ਪਾ, ਏਕਾ ਡੋਰ ਬੰਧਾਇੰਦਾ । ਖੇਲੇ ਖੇਲ ਸਿਫ਼ਤ ਸਲਾਹ, ਸਲਾਹਗੀਰ ਆਪਣੀ ਧਾਰ ਵਖਾਇੰਦਾ । ਕਲਮਾ ਕਲਾਮ ਨਬੀ ਰਸੂਲ ਆਪ ਪੜ੍ਹਾ, ਆਪਣੀ ਰਹਿਮਤ ਆਪ ਕਮਾਇੰਦਾ । ਚੌਦਾਂ ਤਬਕਾਂ ਕੁੰਡਾ ਲਾਹ, ਨੂਰੋ ਨੂਰ ਨੂਰ ਦਰਸਾਇੰਦਾ । ਏਕਾ ਅਲਫ਼ ਬਣ ਆਰਫ਼ ਦਏ ਦ੍ਰਿੜਾ, ਬੇ ਯੁਕਤੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਹਰਿ ਅਵੱਲਾ, ਏਕਓਅੰਕਾਰਾ ਆਪ ਵਟਾਈਆ । ਨਿਰਗੁਣ ਸਰਗੁਣ ਫੜਾਏ ਪੱਲਾ, ਏਕਾ ਪੱਲੂ ਗੰਢ ਪੁਵਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਵੇਖੇ ਚਾਈਂ ਚਾਈਂਆ । ਜੋਤੀ ਧਾਰ ਸ਼ਬਦੀ ਰਲਾ, ਪੰਜ ਤਤ ਦਏ ਵਡਿਆਈਆ । ਸਚ ਸੰਦੇਸ਼ ਏਕਾ ਘੱਲਾ, ਨਾਨਕ ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਏਕਾ ਜੋਤੀ ਘਰ ਸਾਚਾ ਮੱਲਾ, ਪੰਜ ਤਤ ਅੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਗੁਰੂ ਗੁਰ ਧਾਰ, ਸਤਿਗੁਰ ਸਾਚਾ ਆਪ ਕਰਾਇੰਦਾ । ਸ਼ਬਦੀ ਸ਼ਬਦ ਕਰ ਪਸਾਰ, ਹਰਿ ਸ਼ਬਦੀ ਵੇਖ ਵਖਾਇੰਦਾ । ਸਰਗੁਣ ਨਾਨਕ ਨਿਰਗੁਣ ਪਿਆਰ, ਨਿਰਗੁਣ ਨਾਨਕ ਆਪ ਸਮਝਾਇੰਦਾ । ਏਕਾ ਵਸਤ ਦਏ ਅਪਾਰ, ਨਾਮ ਸਤਿ ਸਤਿ ਵਰਤਾਇੰਦਾ । ਚਾਰ ਵਰਨ ਵਣਜ ਵਪਾਰ, ਚਾਰੋਂ ਕੁੰਟ ਕੁੰਟ ਵਰਤਾਇੰਦਾ । ਕਰੇ ਖੇਲ ਹਰਿ ਕਰਨੇਹਾਰ, ਏਕ ਗੋਬਿੰਦ ਵੇਸ ਵਟਾਇੰਦਾ । ਗੋਬਿੰਦ ਖੰਡਾ ਤੇਜ ਕਟਾਰ, ਧਰਨੀ ਧਰਤ ਧਵਲ ਸੁਹਾਇੰਦਾ ।

ਕਲਗੀ ਤੋੜਾ ਸੀਸ ਦਸਤਾਰ, ਜਗਦੀਸ਼ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰ, ਨਿਤ ਨਵਿਤ ਆਪਣਾ ਰੂਪ ਧਰਾਇੰਦਾ । ਜਨ ਭਗਤਾਂ ਕਰੇ ਸਚ ਪਿਆਰ, ਭਗਤ ਭਗਵੰਤ ਮਾਰਗ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਆਪਣਾ ਖੇਲ ਆਪਣੇ ਹੱਥ ਰੱਖੇ ਨਿਰੰਕਾਰਾ, ਦੂਸਰ ਓਟ ਨਾ ਕੋਇ ਤਕਾਈਆ । ਜੁਗ ਚੌਕੜੀ ਵੇਖੇ ਵਾਰੋ ਵਾਰਾ, ਨਿਤ ਨਵਿਤ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਿਸ਼ਨ ਬ੍ਰਹਮਾ ਸ਼ਿਵ ਬਣ ਬਣ ਸੇਵਾ ਕਰਦੇ ਰਹੇ ਸੇਵਾਦਾਰਾ, ਨਿਉਂ ਨਿਉਂ ਸੀਸ ਝੁਕਾਈਆ । ਕੋਟਨ ਕੋਟ ਵਾਰ ਆਏ ਗੁਰ ਅਵਤਾਰਾ, ਲੋਕਮਾਤ ਫੇਰਾ ਪਾਈਆ । ਅੰਤਮ ਚੌਕੜ ਵੇਦ ਵਿਆਸ ਬਣ ਕੇ ਗਿਆ ਲਿਖਾਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਦਏ ਸਮਝਾਈਆ । ਈਸਾ ਕਹੇ ਮੇਰਾ ਪਰਵਰਦਿਗਾਰਾ, ਨੂਰੀ ਪਿਤਾ ਫੇਰਾ ਪਾਈਆ । ਮੁਹੰਮਦ ਕੂਕ ਕੂਕ ਪੁਕਾਰਾ, ਅਮਾਮ ਆਵੇ ਸਾਚਾ ਰਾਹੀਆ । ਨਾਨਕ ਨਿਰਗੁਣ ਦੇ ਦੇ ਗਿਆ ਸਹਾਰਾ, ਨਿਹਕਲੰਕ ਆਪਣਾ ਡੰਕ ਦਏ ਵਜਾਈਆ । ਗੋਬਿੰਦ ਚਰਨ ਕਵਲ ਪਾਰਬ੍ਰਹਮ ਮੰਗੀ ਮੰਗ ਏਕਾ ਵਾਰਾ, ਕਲਜੁਗ ਏਕਾ ਆਸ ਤਕਾਈਆ । ਕਲ ਕਲਕੀ ਲਏ ਅਵਤਾਰਾ, ਸੰਬਲ ਆਪਣਾ ਡੇਰਾ ਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵੇ ਸਾਰਾ, ਬੇਅੰਤ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦਾ ਲਾਹੇ ਉਧਾਰਾ, ਕਰਜ਼ਾ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਮੰਦਰ ਮਸਜਿਦ ਮੱਠ ਸ਼ਿਵਦੁਆਲਾ ਗੁਰੂਦੁਆਰਾ, ਹਰਿ ਮੰਦਰ ਇਕ ਦ੍ਰਿੜਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਸ੍ਰੀ ਭਗਵਾਨ ਇਕ ਰਘੁਰਾਈਆ । ਰਾਮ ਰਮਈਆ ਕਰਨੇਹਾਰ ਪਾਰ ਕਿਨਾਰਾ, ਸਾਚੀ ਨਈਆ ਇਕ ਵਖਾਈਆ । ਕਾਹਨਾ ਕ੍ਰਿਸ਼ਨਾ ਸਾਂਝਾ ਬੋਲੇ ਸਤਿ ਜੈਕਾਰਾ, ਨਾਮ ਬੰਸਰੀ ਇਕ ਸੁਣਾਈਆ । ਸਾਚੀ ਸਖੀਆਂ ਮੰਗਲ ਚਾਰਾ, ਗੋਪੀ ਕਾਹਨ ਆਪ ਨਚਾਈਆ । ਨਾਨਕ ਗੋਬਿੰਦ ਖੋਲ੍ਹ ਕਿਵਾੜਾ, ਚਾਰ ਵਰਨ ਗਿਆ ਸਮਝਾਈਆ । ਕਬੀਰ ਕੂਕੇ ਸਚਖੰਡ ਦੁਆਰਾ, ਪੁਰਖ ਅਬਿਨਾਸ਼ੀ ਵਸੇ ਸਾਚਾ ਮਾਹੀਆ । ਸਾਚੇ ਭਗਤਾਂ ਕਰੇ ਪਿਆਰਾ, ਸਾਚੇ ਸੰਤਾਂ ਗੋਦ ਬਹਾਈਆ । ਗੁਰਮੁਖਾਂ ਦੇਵੇ ਧੂੜੀ ਛਾਰਾ, ਮਸਤਕ ਟਿੱਕਾ ਏਕਾ ਲਾਈਆ । ਗੁਰਸਿਖਾਂ ਅੰਮ੍ਰਿਤ ਦੇਵੇ ਠੰਡਾ ਠਾਰਾ, ਨਾਭੀ ਕਵਲ ਦਏ ਉਲਟਾਈਆ । ਕਲਜੁਗ ਅੰਤਮ ਆਏ ਨਿਹਕਲੰਕ ਨਰ ਅਵਤਾਰਾ, ਨਰ ਹਰਿ ਆਪਣਾ ਵੇਸ ਵਟਾਈਆ । ਲੋਕਮਾਤ ਬਣਾਏ ਸਚਖੰਡ ਦੁਆਰਾ, ਥਿਰ ਘਰ ਆਪਣਾ ਚਰਨ ਵਖਾਈਆ । ਸਚ ਸੰਦੇਸ਼ਾ ਦਏ ਏਕਾ ਵਾਰਾ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਤ੍ਰੈਗੁਣ ਮਾਇਆ ਆਉਣਾ ਚਲ ਸੱਚੇ ਦਰਬਾਰਾ, ਪੰਜ ਤਤ ਆਪਣੇ ਨਾਲ ਮਿਲਾਈਆ । ਤੇਈ ਅਵਤਾਰ ਸੋਹਣ ਬੰਕ ਬੋਲਣ ਜੈਕਾਰਾ, ਆਪਣਾ ਆਪਣਾ ਰਾਗ ਅਲਾਈਆ । ਭਗਤ ਅਠਾਰਾਂ ਕਰਨ ਨਿਮਸਕਾਰਾ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਈਆ । ਈਸਾ ਮੂਸਾ ਮੁਹੰਮਦ ਸਜਦਾ ਸੀਸ ਕਰ ਕਹਿਣ ਪਰਵਰਦਿਗਾਰਾ, ਬੇਅੰਤ ਤੇਰੀ ਵਡਿਆਈਆ । ਨਾਨਕ ਗੋਬਿੰਦ ਵੇਖ ਖੇਲ ਚਮਤਕਾਰਾ, ਚਾਨਣ ਨੂਰ ਨੂਰ ਦਰਸਾਈਆ । ਪੰਚ ਪਰਵਾਨ ਹੋਇਆ ਧੁਰ ਦਰਬਾਰਾ, ਪੰਚਮ ਮਿਲ ਮਿਲ ਖ਼ੁਸ਼ੀ ਮਨਾਈਆ । ਕਲਜੁਗ ਲਹਿਣਾ ਅੰਤਮ ਚੁੱਕੇ ਵਿਚ ਸੰਸਾਰ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਚਾਰ ਵਰਨਾਂ ਹੋਏ ਪਾਰ ਕਿਨਾਰਾ, ਊਚ ਨੀਚ ਕੋਈ ਰਹਿਣ ਨਾ ਪਾਈਆ । ਸਰਬ ਜੀਆਂ ਏਕਾ ਨਜ਼ਰੀ ਆਏ ਮੰਦਰ ਠਾਕਰ ਦੁਆਰਾ, ਗੁਰੂ ਘਰ ਇਕ ਵਡਿਆਈਆ । ਏਕਾ ਸਜਦਾ ਸੀਸ ਕਰੇ ਨਿਮਸਕਾਰਾ, ਮੱਕਾ ਕਾਅਬਾ ਸਾਚਾ ਹੁਜਰਾ ਇਕ ਵਖਾਈਆ । ਦੋ ਜਹਾਨ ਸ੍ਰੀ ਭਗਵਾਨ

ਕਰੇ ਨਿਮਸਕਾਰਾ, ਵਾਹਵਾ ਤੇਰੀ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਦੇਂਦਾ ਰਿਹਾ ਲਾਰਾ, ਆਪਣਾ ਅੰਤ ਨਾ ਕਿਸੇ ਜਣਾਈਆ । ਕਲਜੁਗ ਅੰਤ ਸਾਚਾ ਖੋਲ੍ਹ ਭਗਤ ਦੁਆਰਾ, ਭਗਵਨ ਆਪਣੀ ਜੋਤ ਕਰੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਦੇ ਸਹਾਰਾ, ਕੋੜ੍ਹੇ ਕਮਲੇ ਗਲੇ ਲਗਾਈਆ । ਨੇਤਰ ਨੈਣ ਦੇਵੇ ਦਰਸ ਦੀਦਾਰਾ, ਲੋਚਣ ਲੋਚਣ ਆਪ ਖੁਲ੍ਹਾਈਆ । ਘਰ ਘਰ ਮੰਦਰ ਪਾਵੇ ਫੇਰਾ ਆਪ ਕਰਤਾਰਾ, ਬਣ ਪਾਂਧੀ ਪੰਧ ਮੁਕਾਈਆ । ਡੌਰੂ ਨਾਦ ਵਜਾਏ ਸਚ ਨਗਾਰਾ, ਏਕਾ ਆਪਣਾ ਨਾਮ ਸੁਣਾਈਆ । ਰਾਏ ਧਰਮ ਨਾ ਕਰੇ ਖੁਆਰਾ, ਚਿਤਰ ਗੁਪਤ ਨਾ ਲੇਖ ਲਿਖਾਈਆ । ਲਾੜ੍ਹੀ ਮੌਤ ਨਾ ਕਰੇ ਸ਼ਿੰਗਾਰਾ, ਵੇਲੇ ਅੰਤ ਨਾ ਲਏ ਪ੍ਰਣਾਈਆ । ਪ੍ਰਗਟ ਹੋਇਆ ਹਰਿ ਨਿਰੰਕਾਰਾ, ਜਨ ਭਗਤਾਂ ਲਏ ਤਰਾਈਆ । ਏਥੇ ਓਥੇ ਦਏ ਸਹਾਰਾ, ਚਰਨ ਸਰਨ ਸੱਚੀ ਸਰਨਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਗਰਭ ਜੂਨ ਨਾ ਫੇਰਾ ਪਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੇ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਅੰਤਮ ਆਪਣਾ ਫੇਰਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਬਣ ਪਾਂਧੀ ਪੰਧ ਮੁਕਾਇੰਦਾ । ਸੰਤ ਸੁਹੇਲੇ ਵੇਖੇ ਸੰਤ, ਸਤਿਗੁਰ ਆਪਣੀ ਦਇਆ ਕਮਾਇੰਦਾ । ਗੁਰਮੁਖ ਮੇਲਾ ਨਾਰੀ ਕੰਤ, ਨਰ ਨਰਾਇਣ ਆਪ ਮਿਲਾਇੰਦਾ । ਗੁਰਸਿਖ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਮਜੀਠੀ ਉਤਰ ਕਦੇ ਨਾ ਜਾਇੰਦਾ । ਆਪਣੀ ਮਹਿਮਾ ਜਣਾਏ ਅਗਣਤ, ਅਜਪਾ ਜਾਪ ਆਪ ਸਮਝਾਇੰਦਾ । ਮਾਣਸ ਜਨਮ ਬਣਾਏ ਬਣਤ, ਮਾਨੁਖ ਆਪਣਾ ਭੇਵ ਖੁਲ੍ਹਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਪੜ੍ਹਾਇੰਦਾ । ਹਰਿ ਕਾ ਭੇਵ ਨਾ

੨੪੨ ਜਾਣੇ ਕੋਈ ਪਾਂਧਾ ਪੰਡਤ, ਮੁਲਾਂ ਸ਼ੇਖ਼ ਨੇਤਰ ਨੈਣਾਂ ਨੀਰ ਸਰਬ ਵਹਾਇੰਦਾ । ਹਰਿਜਨ ਮੇਲਾ ਚਰਨ ਕਵਲ ਵਖਾਏ ਸਾਚਾ ਜੰਨਤ, ਕੋਟਨ ਕੋਟ ੨੪੨

੧੨ ਸਵਰਗ ਗੁਰਮੁਖ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ੧੨

ਵੇਖੇ ਗੁਰਮੁਖ ਰੰਗ, ਗੁਰ ਗੁਰ ਵਡ ਵਡਿਆਈਆ । ਆਤਮ ਸੇਜਾ ਸਚ ਪਲੰਘ, ਬੈਠਾ ਆਸਣ ਲਾਈਆ । ਅਨਹਦ ਨਾਦ ਵੱਜੇ ਮਰਦੰਗ, ਧੁਨ ਨਾਦ ਸੁਣਾਈਆ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਬੇਪਰਵਾਹੀਆ । ਦਿਵਸ ਰੈਣ ਇਕ ਅਨੰਦ, ਅਨੰਦ ਅਨੰਦ ਵਿਚ ਮਿਲਾਈਆ । ਭੇਵ ਚੁਕਾਏ ਪਰਮਾਨੰਦ, ਨਿਜਾਨੰਦ ਦਏ ਸਮਝਾਈਆ । ਜੋ ਜਨ ਗਾਏ ਆਤਮ ਪਰਮਾਤਮ ਛੰਦ, ਸੋ ਪੁਰਖ ਨਿਰੰਜਣ ਵੇਖੇ ਥਾਉਂ ਥਾਈਆ । ਹੰ ਬ੍ਰਹਮ ਲਏ ਗੰਢ, ਪਾਰਬ੍ਰਹਮ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਹਰਿ ਕਾ ਜਾਪ, ਕਲਜੁਗ ਅੰਤ ਅੰਤ ਵਡਿਆਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਲੱਖ ਚੁਰਾਸੀ ਗੋਦ ਸੁਹਾਈਆ । ਰਸਨਾ ਜਪ ਜਪ ਉਤਰੇ ਤਾਪ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਜਨਮ ਜਨਮ ਦਾ ਮੇਟੇ ਪਾਪ, ਪਤਤ ਪੁਨੀਤ ਦਏ ਕਰਾਈਆ । ਬਜ਼ਰ ਕਪਾਟੀ ਜਾਏ ਪਾਟ, ਪਾਥਰ ਰੂਪ ਨਜ਼ਰ ਨਾ ਆਈਆ । ਫੜ ਫੜ ਚੜ੍ਹਾਏ ਸਾਚੇ ਘਾਟ, ਕਾਇਆ ਮੰਦਰ ਅੰਦਰ ਮੇਲ ਮਿਲਾਈਆ । ਸ਼ਬਦ ਅਗੰਮੀ ਦੇਵੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਰਾਤੀਂ ਸੁਤਿਆਂ ਸੁਣਾਏ ਗਾਥ, ਘਰ ਘਰ ਆਪਣਾ ਢੋਲਾ ਗਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਵੇਖੇ ਬੇਪਰਵਾਹੀਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਰੱਛਿਆ ਆਪ ਕਰਾਈਆ । ਸਤਿ ਸਤਿਵਾਦੀ ਖੋਲ੍ਹਿਆ

ਤਾਕ, ਵਰਨ ਬਰਨ ਨਾ ਕੋਇ ਲੜਾਈਆ । ਨਾਤਾ ਤੋੜਿਆ ਜ਼ਾਤ ਪਾਤ, ਏਕਾ ਬ੍ਰਹਮ ਦਏ ਸਮਝਾਈਆ । ਵੇਲੇ ਅੰਤਮ ਪੁੱਛੇ ਵਾਤ, ਗੁਰ ਸ਼ਬਦੀ ਫੇਰਾ ਪਾਈਆ । ਹਰਿ ਚਰਨ ਬਨ੍ਹਾਏ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਅੰਧ ਅੰਧੇਰਾ ਦਏ ਛੁਪਾਈਆ । ਲਹਿਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਗਿਆ ਸਮਝਾਈਆ । ਸੁਰਤੀ ਸ਼ਬਦੀ ਮੇਲਾ ਕਮਲਾਪਾਤ, ਕਵਲ ਨੈਣ ਰੰਗ ਰੰਗਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਦਾਤਾ ਇਕ ਅਖਵਾਈਆ । ਲੱਖ ਚੁਰਾਸੀ ਪਾਏ ਨੱਥ, ਨੌਂ ਖੰਡ ਪ੍ਰਿਥਮੀ ਆਪ ਭੁਆਈਆ । ਝੂਠਾ ਬੁਰਜ ਜਾਏ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਨਾਤਾ ਤੁਟੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼, ਮਨ ਮਤ ਬੁਧ ਨਾ ਕੋਇ ਵਡਿਆਈਆ । ਲੇਖੇ ਲੱਗੇ ਨਾ ਰੱਤੀ ਰੱਤ, ਹੱਡ ਮਾਸ ਨਾੜੀ ਚੰਮ ਕੰਮ ਕਿਸੇ ਨਾ ਆਈਆ । ਬਿਨ ਸਤਿਗੁਰ ਪੂਰੇ ਕੋਈ ਨਾ ਰੱਖੇ ਪਤ, ਲੱਖ ਚੁਰਾਸੀ ਜੀਵ ਜੰਤ ਜੰਤ ਕੁਰਲਾਈਆ । ਹਰਿ ਕਾ ਨਾਉਂ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਏਕਾ ਮਤ, ਤਤਵ ਤਤ ਦਏ ਜਣਾਈਆ । ਸਚ ਜੈਕਾਰਾ ਬੋਲ ਅਲੱਖ, ਅਲੱਖ ਨਿਰੰਜਣ ਲਏ ਬੁਲਾਈਆ । ਭਗਤ ਭਗਵੰਤ ਕਰ ਕਰ ਵੱਖ, ਆਪ ਆਪਣੀ ਬੂਝ ਬੁਝਾਈਆ । ਆਤਮ ਪਰਮਾਤਮ ਮਾਰਗ ਦੱਸ, ਦਸਵੇਂ ਮੇਲਾ ਸਹਿਜ ਸੁਭਾਈਆ । ਨੌਂ ਦੁਆਰੇ ਸੱਬਰ ਜਾਏ ਲੱਥ, ਜਗਤ ਵਾਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਜਗਾਈਆ । ਹਰਿਜਨ ਸੱਚਾ ਜਾਏ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਕਾਇਆ ਮੰਦਰ ਲੱਗੇ ਭਾਗ, ਘਰ ਦੀਪਕ ਨੂਰ ਵਖਾਇੰਦਾ । ਤ੍ਰੈਗੁਣ ਅਗਨੀ ਬੁੱਝੇ ਆਗ, ਅੰਮ੍ਰਿਤ ਮੇਘ ਬਰਸਾਇੰਦਾ । ਮੇਲ ਮਿਲਾਏ ਕੰਤ ਸੁਹਾਗ, ਜਗਤ ਰੰਡੇਪਾ ਆਪ ਕਟਾਇੰਦਾ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਆਤਮ ਅੰਤਰ ਦੇਵੇ ਇਕ ਵੈਰਾਗ, ਬਣ ਵੈਰਾਗੀ ਫੇਰਾ ਪਾਇੰਦਾ । ਸਤਿਗੁਰ ਪੂਰਾ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਰਚਿਆ ਕਾਜ, ਗੁਰਮੁਖ ਸੱਜਣ ਨਾਲ ਮਿਲਾਇੰਦਾ । ਸੁਫ਼ਨ ਸਖੋਪਤ ਜਾਗਰਤ ਤੁਰੀਆ ਮਾਰੇ ਅਵਾਜ਼, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਦੋ ਜਹਾਨਾਂ ਰਿਹਾ ਭਾਜ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਫੜ ਫੜ ਆਪਣਾ ਘਰ ਵਖਾਇੰਦਾ । ਹਰਿ ਘਰ ਠਾਂਡਾ ਦਰਬਾਰ, ਦਰ ਦਰਵਾਜ਼ਾ ਨਜ਼ਰ ਕੋਇ ਨਾ ਆਈਆ । ਅੱਠੇ ਪਹਿਰ ਨਾਦ ਧੁਨਕਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਦੀਪਕ ਦੀਆ ਇਕ ਉਜਿਆਰ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਹਰਿ ਜੂ ਬੈਠਾ ਆਸਣ ਲਾਈਆ । ਨਿਤ ਨਵਿਤ ਦੇਵੇ ਦਰਸ ਦੀਦਾਰ, ਦਰਸੀ ਆਪਣਾ ਤਰਸ ਕਮਾਈਆ । ਜਨਮ ਜਨਮ ਦੀ ਹਰਸ ਮੇਟੇ ਵਿਚ ਸੰਸਾਰ, ਹਵਸ ਹੋਰ ਨਾ ਕੋਇ ਵਧਾਈਆ । ਅਰਸ਼ ਫ਼ਰਸ਼ ਸੋਹੇ ਇਕ ਦਰਬਾਰ, ਸ੍ਰੀ ਭਗਵਾਨ ਆਪ ਲਗਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਲੋਕਮਾਤ ਵੇਖ ਵਖਾਈਆ । ਮੁਰਸ਼ਦ ਮੁਰੀਦ ਪਕੜੇ ਆਣ, ਮੁਹੱਬਤ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਤਮ ਲੇਖਾ ਆਪਣੇ ਲੇਖੇ ਲਾਈਆ । ਸਾਚਾ ਲੇਖਾ ਲੱਖ ਚੁਰਾਸੀ, ਹਰਿ ਹਰਿ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਹੋਏ ਦਾਸਨ ਦਾਸੀ, ਬਣ ਸੇਵਕ ਸੇਵ ਕਮਾਇੰਦਾ । ਸਾਚੇ ਮੰਡਲ ਬਹਿ ਬਹਿ ਪਾਏ ਰਾਸੀ, ਗੋਪੀ

ਕਾਹਨ ਨਾਚ ਨਚਾਇੰਦਾ । ਆਪਣਾ ਨਾਉਂ ਰੱਖ ਪੁਰਖ ਅਬਿਨਾਸ਼ੀ, ਜਨਮ ਮਰਨ ਵਿਚ ਨਾ ਆਇੰਦਾ । ਜੁਗ ਜੁਗ ਵੇਖਣਹਾਰਾ ਖੇਲ ਤਮਾਸ਼ੀ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਮਨਮੁਖ ਰਾਏ ਧਰਮ ਦੇਵੇ ਫਾਸੀ, ਅਠਾਰਾਂ ਦਸ ਬੰਦ ਕਰਾਇੰਦਾ । ਚਿਤਰ ਗੁਪਤ ਬਹਿ ਬਹਿ ਕਰੇ ਹਾਸੀ, ਲੇਖਾ ਲੋਕ ਨਾ ਕੋਇ ਮਿਟਾਇੰਦਾ । ਗੁਰਮੁਖ ਵਿਰਲਾ ਆਪਣੀ ਕਰੇ ਬੰਦ ਖ਼ਲਾਸੀ, ਦੋਏ ਜੋੜ ਬੰਦਨ ਹਰਿ ਸਤਿਗੁਰ ਚਰਨ ਸੀਸ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਦੇਵੇ ਸਾਚਾ ਦਾਨ, ਵਸਤ ਅਮੋਲਕ ਕਾਇਆ ਗੋਲਕ ਆਪਣਾ ਨਾਮ ਟਿਕਾਇੰਦਾ ।

✳ ੧੯ ਜੇਠ ੨੦੧੯ ਬਿਕਰਮੀ ਲਛਮੀ ਦੇਵੀ ਦੇ ਗ੍ਰਹਿ ਨਗਿਆਲ ਜੰਮੂ ✳

ਚਾਰ ਕੁੰਟ ਰਹੀ ਰੋ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਤੇਰੀ ਦੱਸੇ ਨਾ ਕੋਈ ਸੋ, ਘਰ ਸਾਚਾ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਕਰਿਆ ਧਰੋਹ, ਧਰੂ ਪ੍ਰਹਿਲਾਦ ਰੂਪ ਨਾ ਕੋਇ ਵਟਾਈਆ । ਸਾਚਾ ਨਾਮ ਢੋਆ ਦੇਵੇ ਨਾ ਕੋਈ ਢੋ, ਘਰ ਘਰ ਦਰ ਦਰ ਪਈ ਲੜਾਈਆ । ਸਤਿ ਗਿਆਨ ਸਤਿ ਸਤਿਵਾਦੀ ਸਾਰੇ ਬੈਠੇ ਖੋਹ, ਖ਼ਾਲੀ ਮੰਦਰ ਦੇਣ ਦੁਹਾਈਆ । ਸਚ ਸਰਨਾਈ ਕੋਈ ਨਾ ਸਕੇ ਛੋਹ, ਚਰਨ ਕਵਲ ਮਿਲੇ ਨਾ ਕਿਸੇ ਵਡਿਆਈਆ । ਝੂਠੀ ਮਾਇਆ ਲੱਗਾ ਮੋਹ, ਮਾਇਆ ਮਮਤਾ ਬੰਧਨ ਪਾਈਆ । ਇਕ ਦੂਜੇ ਨੂੰ ਰਹੇ ਕੋਹ, ਦੀਨ ਮਜ਼੍ਹਬ ਆਪਣਾ ਬਲ
੨੪੪ ਧਰਾਈਆ । ਦੁਰਮਤ ਮੈਲ ਨਾ ਸਕੇ ਕੋਈ ਧੋ, ਪ੍ਰਕਾਸ਼ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦੁਆਰੇ ਮਿਲੇ ਤੇਰੀ ਸਰਨਾਈਆ । ਪੁਰਖ ਅਬਿਨਾਸ਼ੀ ਰਿਹਾ ਦੱਸ, ਰਾਉ ਰੰਕਾਂ ਰੰਕ ਜਣਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਜੁਗਾ ਜੁਗੰਤਰ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਚਲਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਬੋਲ ਅਕੱਥ, ਅਕੱਥ ਅਕਥਨੀ ਭੇਵ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਪੰਧ ਮੁਕਾਇਆ ਨੱਠ ਨੱਠ, ਕਲਜੁਗ ਅੰਤਮ ਵੇਲਾ ਆਇੰਦਾ । ਨਵ ਨੌਂ ਖ਼ਾਲੀ ਦਿਸੇ ਹੱਥ, ਸਾਚੀ ਵਸਤ ਹੱਥ ਨਾ ਕੋਇ ਰਖਾਇੰਦਾ । ਸ੍ਰਿਸ਼ਟ ਸਬਾਈ ਚਲੇ ਮਨਮਤ, ਗੁਰਮਤ ਅੰਗ ਨਾ ਕੋਇ ਲਗਾਇੰਦਾ । ਸਚ ਜਣਾਏ ਨਾ ਕੋਈ ਤਤ, ਅਗਨੀ ਤਤ ਸਰਬ ਤਪਾਇੰਦਾ । ਆਤਮ ਅੰਤਰ ਹਿਰਦੇ ਹਰਿ ਨਾ ਜਾਏ ਵਸ, ਹਰਿ ਕਾ ਮੰਦਰ ਨਾ ਕੋਇ ਵਖਾਇੰਦਾ । ਤੀਰ ਨਿਰਾਲਾ ਨਾ ਮਾਰੇ ਕਸ, ਮਨ ਹੰਕਾਰੀ ਗੜ੍ਹ ਨਾ ਕੋਇ ਤੁੜਾਇੰਦਾ । ਪੁਰਖ ਅਕਾਲ ਨਾ ਸੁਣਾਏ ਕੋਈ ਜਸ, ਨਾਮ ਨਿਧਾਨਾ ਨਾ ਕੋਇ ਅਲਾਇੰਦਾ । ਕੂੜੀ ਕਿਰਿਆ ਅੰਦਰ ਗਏ ਫਸ, ਜੀਵ ਜੰਤ ਸਰਬ ਕੁਰਲਾਇੰਦਾ । ਹੋਈ ਰੈਣ ਅੰਧੇਰੀ ਮਸ, ਚੌਧਵੀਂ ਚੰਦ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੰਦੇਸ਼ਾ ਇਕ ਸੁਣਾਇੰਦਾ । ਸ਼ਬਦ ਸੰਦੇਸ਼ਾ ਚਾਰ ਵਰਨ, ਊਚ ਨੀਚ ਰਾਉ ਰੰਕ ਆਪ ਜਣਾਈਆ । ਪਾਰਬ੍ਰਹਮ ਪ੍ਰਭ ਤਰਨੀ ਤਰਨ, ਤਾਰਨਹਾਰਾ ਵੇਸ ਵਟਾਈਆ । ਆਦਿ ਜੁਗਾਦਿ ਕਰਨੀ ਕਰਨ, ਕਰਤਾ ਪੁਰਖ ਖੇਲ ਕਰਾਈਆ । ਖੇਲ੍ਹਣਹਾਰਾ ਹਰਨ ਫਰਨ, ਨਿਜ ਨੇਤਰ ਦਰਸ ਦਿਖਾਈਆ ।

ਨਾਤਾ ਤੋੜੇ ਮਰਨ ਡਰਨ, ਡਰਨ ਮਰਨ ਭੈ ਨਾ ਕੋਇ ਜਣਾਈਆ । ਇਕ ਰਖਾਏ ਸਾਚੀ ਸਰਨ, ਸਰਨਗਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਬਰਨ ਦਏ ਸਮਝਾਈਆ । ਉਠੋ ਵੇਖੋ ਨੇਤਰ ਖੋਲ੍ਹੋ, ਹਰਿ ਹਰਿ ਆਪ ਸੁਣਾਇੰਦਾ । ਚਾਰ ਵਰਨ ਅਠਾਰਾਂ ਬਰਨ ਏਕਾ ਮੰਤਰ ਹਰਿ ਹਰਿ ਬੋਲੋ, ਨਾਮਾ ਨਾਮ ਦ੍ਰਿੜਾਇੰਦਾ । ਕਾਇਆ ਕੰਡੇ ਤਨ ਮਨ ਤੋਲੋ, ਤੋਲਣਹਾਰਾ ਏਕਾ ਨਾਮ ਕੰਡਾ ਲਾਇੰਦਾ । ਬਜ਼ਰ ਕਪਾਟੀ ਕੁੰਡਾ ਖੋਲ੍ਹੋ, ਘਰ ਘਰ ਵਿਚ ਵੇਸ ਵਟਾਇੰਦਾ । ਆਪ ਚੁਕਾਏ ਪਰਦਾ ਉਹਲਾ, ਪਰਦਾ ਉਹਲਾ ਕੋਈ ਰਹਿਣ ਨਾ ਪਾਇੰਦਾ । ਕਾਇਆ ਚੁਕਣਹਾਰਾ ਡੋਲਾ, ਸਾਚਾ ਸੋਹਲਾ ਗੀਤ ਗੋਬਿੰਦ ਅਲਾਇੰਦਾ । ਮਨ ਵਾਸਨਾ ਨਾ ਪਾਏ ਰੌਲਾ, ਕਾਮ ਕਰੋਧ ਲੋਭ ਮੋਹ ਹੰਕਾਰ ਅਗਨੀ ਅਗ ਨਾ ਕੋਇ ਲਗਾਇੰਦਾ । ਨਜ਼ਰੀ ਆਏ ਇਕੋ ਮੌਲਾ, ਬਿਸਮਿਲ ਆਪਣਾ ਰੂਪ ਵਖਾਇੰਦਾ । ਉਲਟਾ ਕਰੇ ਨਾਭ ਕੌਲਾ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਦਰਸ ਦਖਾਏ ਸਾਵਲ ਸੌਲਾ, ਕਾਹਨਾ ਕ੍ਰਿਸ਼ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਆਪ ਜਣਾਇੰਦਾ । ਚਾਰ ਕੁੰਟ ਜਾਣਾ ਜਾਣ, ਨਵ ਨੌਂ ਲੇਖਾ ਰਿਹਾ ਮੁਕਾਈਆ । ਪ੍ਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਹਰਿਜਨ ਸੱਜਣ ਵੇਖੇ ਆਣ, ਜੀਵਨ ਜੁਗਤ ਦਏ ਜਣਾਈਆ । ਜਨਮ ਜਨਮ ਦੀ ਚੁੱਕੇ ਕਾਣ, ਪੂਰਬ ਪੂਰਬ ਲੇਖੇ ਲਾਈਆ । ਨਾਤਾ ਤੋੜ ਜੀਵ ਜਹਾਨ, ਏਕਾ ਆਪਣਾ ਬੰਧਨ ਪਾਈਆ । ਸਤਿ ਸਤਿਵਾਦੀ ਸਚ ਮਕਾਨ, ਸਚ ਭੂਮਕਾ ਦਏ ਸੁਹਾਈਆ । ਸੋ ਦਰ ਸੋਹੇ ਸਚ ਅਸਥਾਨ, ਥਾਨ ਥਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਰਿਹਾ ਜਗਾਈਆ । ਜਾਗਣਹਾਰਾ ਦੇਵੇ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਰੈਣ ਅੰਧੇਰੀ ਪੰਧ ਮੁਕਾਇੰਦਾ । ਗੁਰਮੁਖ ਵਿਰਲੇ ਰੱਖੇ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਲੇਖਾ ਜਾਣੇ ਤਰਲੋਕੀ ਨਾਥ, ਤਰਲੋਕੀ ਨੰਦਨ ਮੇਲ ਮਿਲਾਇੰਦਾ । ਹੋ ਸਹਾਈ ਜਿਉਂ ਰਾਮ ਬੇਟਾ ਦਸਰਾਥ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਭਗਤ ਭਗਵੰਤ ਜੁਗਾ ਜੁਗੰਤਰ ਪੂਰੀ ਕਰੇ ਆਸ, ਆਤਮ ਪਰਮਾਤਮ ਮੇਲ ਮਿਲਾਵਾ ਸਹਿਜ ਸੁਭਾਈਆ । ਘਰ ਮੰਦਰ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਨਿਜ ਆਤਮ ਰੱਖੇ ਵਾਸ, ਨਿਜ ਘਰ ਬੈਠਾ ਤਾੜੀ ਲਾਈਆ । ਲੇਖਾ ਜਾਣੇ ਪਵਣ ਸੁਆਸ, ਸੁਆਸ ਸੁਆਸਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਸ੍ਰੀ ਭਗਵੰਤ, ਨਵ ਨੌਂ ਆਪ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਏਕਾ ਕੰਤ, ਨਰ ਨਰਾਇਣ ਵੇਸ ਵਟਾਇੰਦਾ । ਲਹਿਣਾ ਦੇਣਾ ਚੁਕਾਏ ਸਰਬ ਜੀਵ ਜੰਤ, ਦੇਣਾ ਆਪਣੇ ਹੱਥ ਰਖਾਇੰਦਾ । ਨੌਂ ਖੰਡ ਪ੍ਰਿਥਮੀ ਗੀਤ ਸੁਣਾਏ ਸੁਹਾਗੀ ਛੰਤ, ਸੋਹਲਾ ਢੋਲਾ ਆਪ ਪਰਗਟਾਇੰਦਾ । ਜਨ ਭਗਤਾਂ ਜਨਮ ਜਨਮ ਵਿਚ ਬਦਲਾਏ ਚੋਲਾ, ਚੋਲਾ ਆਪਣੇ ਰੰਗ ਰੰਗਾਇੰਦਾ । ਸਚ ਦੁਆਰਾ ਏਕੋ ਖੋਲ੍ਹਾ, ਚਾਰ ਵਰਨ ਮਾਣ ਰਖਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਅਡੋਲਾ, ਅਡੁਲ ਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਬਰਨ ਖੋਲ੍ਹੇ ਭੇਵ, ਅਭੇਦ ਆਪਣਾ ਆਪ ਜਣਾਈਆ । ਵੇਖਣਹਾਰਾ ਚਾਰ ਵੇਦ, ਵੇਦ ਸ਼ਾਸਤਰ ਕਰੇ ਪੜ੍ਹਾਈਆ । ਕਰੇ ਖੇਲ ਅਛਲ ਅਛੇਦ, ਅਛਲ ਆਛਲ ਵਡੀ ਵਡਿਆਈਆ । ਕਲਜੁਗ ਅੰਤਮ ਖੇਲਣ ਆਇਆ ਖੇਲ, ਨਿਰਗੁਣ

ਸਰਗੁਣ ਵੇਖੇ ਚਾਈਂ ਚਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਭੇਜ, ਸੋਹੰ ਅੱਖਰ ਕਰੇ ਪੜ੍ਹਾਈਆ । ਸੀਸ ਨਿਵਾਏ ਸ਼ਮਸ ਤਬਰੇਜ਼, ਸ਼ਹਿਨਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸ੍ਰਿਸ਼ਟ ਸਬਾਈ ਰਿਹਾ ਜਣਾਈਆ । ਸ੍ਰਿਸ਼ਟ ਸਬਾਈ ਸਚ ਸੰਦੇਸ਼ਾ, ਸਦੀ ਚੌਧਵੀਂ ਆਪ ਜਣਾਇੰਦਾ । ਬੀਸ ਬੀਸ ਖੇਲ ਨਰ ਨਰੇਸ਼ਾ, ਰਾਗ ਛੱਤੀਸ ਬੰਧਨ ਆਪ ਤੁੜਾਇੰਦਾ । ਦੋ ਜਹਾਨ ਨੇਤਰ ਪੇਖਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਰਾਗ ਅਲਾਇੰਦਾ । ਲਹਿਣਾ ਦੇਣਾ ਚੁਕਾਏ ਔਲੀਏ ਪੀਰ ਸ਼ੇਖ਼ਾ, ਹਜ਼ਰਤ ਆਪਣਾ ਰੂਪ ਵਟਾਇੰਦਾ । ਵੇਖਣਹਾਰਾ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼ਾ, ਕਰੋੜ ਤੇਤੀਸਾ ਸੁਰਪਤ ਇੰਦ ਇੰਦ ਇੰਦ੍ਰਾਸਣ ਫੇਰਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨ ਸ੍ਰੀ ਭਗਵਾਨ ਰਹੇ ਹਮੇਸ਼ਾ, ਅਨਭਵ ਆਪਣੀ ਧਾਰ ਚਲਾਇੰਦਾ । ਕਲਜੁਗ ਅੰਤਮ ਨਿਰਗੁਣ ਨਿਰਾਕਾਰ ਨਿਰਵੈਰ ਹੋ ਪ੍ਰਵੇਸ਼ਾ, ਪਰਮ ਪੁਰਖ ਆਪਣਾ ਖੇਲ ਕਰਾਇੰਦਾ । ਵੇਖਣਹਾਰਾ ਦੇਸ਼ ਪ੍ਰਦੇਸ਼ਾ, ਦੇਸ ਦੇਸੰਤਰ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਏਕਾ ਸਰਨ, ਸਰਨਗਤ ਹਰਿ ਰਖਾਇੰਦਾ । ਸਚ ਸਰਨਾਈ ਸਰਨਗਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਇਕੋ ਮਤ, ਮਤ ਭੇਦ ਆਪ ਮਿਟਾਇੰਦਾ । ਲੱਖ ਚੁਰਾਸੀ ਇਕੋ ਤਤ, ਤਤਵ ਤਤ ਆਪ ਸਮਝਾਇੰਦਾ । ਮਾਣਸ ਮਾਨੁਖ ਇਕੋ ਰੱਤ, ਰੱਤੀ ਰੱਤ ਰੱਤ ਰੰਗਾਇੰਦਾ । ਸਰਬ ਜੀਆਂ ਦਾ ਇਕੋ ਪਤਿ, ਕਮਲਾਪਤਿ ਆਪ ਅਖਵਾਇੰਦਾ । ਸਾਚਾ ਮਾਰਗ ਅੰਤਮ ਦੱਸ, ਸਤਿਜੁਗ ਸਾਚਾ ਰਾਹ ਚਲਾਇੰਦਾ । ਭਗਤਾਂ ਅੰਤਰ ਆਪੇ ਵਸ, ਭਗਤੀ ਰੰਗ ਚੜ੍ਹਾਇੰਦਾ । ਹਰਿਜਨ ਕਦੇ ਨਾ ਹੋਏ ਉਦਾਸ, ਚਿੰਤਾ ਸੋਗ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਵਸੇ ਪਾਸ, ਸਦਾ ਸੁਹੇਲਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਇਕ ਸਹਾਰਾ, ਸ੍ਰਿਸ਼ਟ ਸਬਾਈ ਉਚ ਮਨਾਰਾ, ਭਗਤ ਦੁਆਰਾ ਆਪ ਵਖਾਇੰਦਾ । ਭਗਤ ਦੁਆਰਾ ਭਗਤੀ ਰੰਗ, ਭਗਵਨ ਆਪ ਚੜ੍ਹਾਇਆ । ਏਕਾ ਸੇਜ ਇਕ ਪਲੰਘ, ਏਕਾ ਬੈਠਾ ਆਸਣ ਲਾਇਆ । ਏਕਾ ਨਾਮ ਇਕ ਮਰਦੰਗ, ਗੀਤ ਸੁਹਾਗੀ ਏਕਾ ਗਾਇਆ । ਏਕਾ ਰਸ ਇਕ ਅਨੰਦ, ਰਸ ਰਸੀਆ ਇਕ ਅਖਵਾਇਆ । ਇਕ ਪਰਕਾਸ਼ ਏਕਾ ਚੰਦ, ਨੂਰੋ ਨੂਰ ਇਕ ਧਰਾਇਆ । ਏਕਾ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਰਿਹਾ ਕਰਾਇਆ । ਏਕਾ ਤੋੜਣਹਾਰਾ ਲੱਖ ਚੁਰਾਸੀ ਫੰਦ, ਜਮ ਕੀ ਫਾਸੀ ਰਿਹਾ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਭਗਤ ਭਗਵਾਨ ਹੋ ਮਿਹਰਵਾਨ, ਸਰਨ ਚਰਨ ਚਰਨ ਸਰਨ ਸਰਨਾਈ ਇਕ ਰਖਾਇਆ ।


੨੪੬
੧੨

✳੧੯ ਜੇਠ ੨੦੧੯ ਬਿਕਰਮੀ ਬੀਬੀ ਪ੍ਰਕਾਸ਼ੋ ਦੇ ਗ੍ਰਿਹ ਪਿੰਡ ਨਗਿਆਲ ਜੰਮੂ ✳

ਸ਼ਬਦ ਨਾਦ ਗ੍ਰਿਹ ਏਕਾ ਵੱਜਾ, ਘਰ ਮੰਦਰ ਹੋਏ ਸ਼ਨਵਾਈਆ । ਜਨਮ ਜਨਮ ਦਾ ਦੁੱਖੜਾ ਭੱਜਾ, ਭਵ ਸਾਗਰ ਪਾਰ ਕਰਾਈਆ । ਕਰਮ ਕਰਮ ਦਾ ਪਰਦਾ ਕੱਜਾ, ਨਿਹਕਰਮੀ ਹੋਏ ਸਹਾਈਆ । ਹਰਿ ਦਰਸ਼ਨ ਕਰ ਹਰਿਜਨ ਰੱਜਾ, ਲੱਖ ਚੁਰਾਸੀ ਰਹੀ ਬਿਲਲਾਈਆ । ਸਚ ਦੁਆਰੇ

ਬਹਿ ਬਹਿ ਸੋ ਪੁਰਖ ਨਿਰੰਜਣ ਸਜਾ, ਸਚਖੰਡ ਸਾਚਾ ਰੂਪ ਵਖਾਈਆ । ਜੋ ਘੜਿਆ ਸੋ ਅੰਤਮ ਭੱਜਾ, ਥਿਰ ਮਾਤ ਰਹਿਣ ਨਾ ਪਾਈਆ । ਕੋਝਾ ਕਮਲਾ ਹੋਏ ਸੁਚੱਜਾ, ਜਿਸ ਸਤਿਗੁਰ ਦੇਵੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵਡ ਵਡਿਆਈਆ । ਕੋਝਾ ਕਮਲਾ ਨਿਰਧਨ ਪਾਵੇ ਸਾਰ, ਮਹਾਸਾਰਥੀ ਖੇਲ ਕਰਾਇੰਦਾ । ਜੁਗਾ ਜੁਗੰਤਰ ਬੁਝਾਏ ਬਸੰਤਰ ਹਰਿਜਨ ਕਰੇ ਪਿਆਰ, ਪ੍ਰੇਮ ਰੀਤੀ ਸਾਚੀ ਮਾਤ ਵਖਾਇੰਦਾ । ਸਾਚੀ ਨੀਤੀ ਕਾਇਆ ਪਤਿਤ ਪੁਨੀਤੀ, ਦੁਰਮਤ ਮੈਲ ਧੋ ਅੰਮ੍ਰਿਤ ਮੇਘ ਰਸ ਸਾਚਾ ਚੋ, ਸਾਂਤਕ ਸਤਿ ਕਰਾਇੰਦਾ । ਏਕਾ ਅੱਖਰ ਆਤਮ ਪਰਮਾਤਮ ਸੋਹੰ ਸੋ, ਸੋ ਪੁਰਖ ਨਿਰੰਜਣ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਨਿਰਧਨ ਨਿਰਾਕਾਰ ਨਿਰਵੈਰ ਨਿਰਗੁਣ ਆਪਣਾ ਖੇਲ ਕਰਾਇੰਦਾ । ਕਿਰਪਾਨਿਧ ਠਾਕਰ ਸੁਆਮੀ ਰਹਿਮਤ ਰਹੀਮ ਰਹਿਮਾਨ, ਆਪਣੇ ਹੱਥ ਰਖਾਇੰਦਾ । ਸਿਦਕ ਸਬੂਰੀ ਸਚ ਈਮਾਨ, ਘਰ ਘਰ ਮਿਲੇ ਰਮਈਆ ਘਟ ਕਵਲ ਨੈਣ ਮੁਕਟ ਬੈਣ, ਸੀਸ ਜਗਦੀਸ਼ ਤਾਜ ਸੁਹਾਇੰਦਾ । ਭਗਤ ਭਗਵੰਤ ਚੁਕਾਏ ਲਹਿਣਾ ਦੇਣ, ਪੂਰਬ ਲਹਿਣਾ ਝੋਲੀ ਪਾਇੰਦਾ । ਸਾਚੇ ਸੰਤਾਂ ਦਰਸ ਦਖਾਏ ਨੇਤਰ ਨੈਣ, ਨਿਜ ਨੇਤਰ ਆਪ ਖੁਲ੍ਹਾਇੰਦਾ । ਗੁਰਮੁਖਾਂ ਨਾਤਾ ਤੋੜੇ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਆਪਣੇ ਰੰਗ ਰੰਗਾਇੰਦਾ । ਗੁਰਸਿਖ ਸਚ ਸਰਨਾਈ ਦਰ ਘਰ ਸਾਚੇ ਬਹਿਣ, ਪੁਰਖ ਅਬਿਨਾਸ਼ੀ ਚਰਨ ਕਵਲ ਉਪਰ ਧਵਲ ਧਰਨੀ ਧਰਤ ਧਰਤ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਏਕਾ ਦਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਹੋਏ ਸੋਭਾਵੰਤ, ਛਪਰੀ ਛੰਨ ਮਿਲੇ ਵਡਿਆਈਆ । ਜਿਸ ਗ੍ਰਿਹ ਵਸੇ ਭਗਵੰਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਆਦਿ ਅੰਤ, ਬੇਅੰਤ ਆਪਣੇ ਅੰਗ ਲਗਾਈਆ । ਮਾਨਸ ਜਨਮ ਨਾ ਹੋਏ ਭੰਗ, ਖੇਲੇ ਖੇਲ ਸੂਰਾ ਸਰਬੰਗ, ਨਾਮ ਵਜਾਏ ਇਕ ਮਰਦੰਗ, ਧੁੰਨ ਅਨਹਦ ਆਪਣੀ ਰਾਗੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਰੋਵਰ ਵਖਾਏ ਸਾਚੀ ਗੰਗ, ਜਮਨਾ ਸੁਰਸਤੀ ਨਿਉਂ ਨਿਉਂ ਸੀਸ ਝੁਕਾਈਆ । ਨਿਉਂ ਨਿਉਂ ਸੀਸ ਝੁਕਾਇਣ ਸਭ, ਜਗਦੀਸ਼ ਵਡੀ ਵਡਿਆਈਆ । ਕਰੇ ਖੇਲ ਆਦਿ ਜੁਗਾਦਿ ਪੁਰਖ ਪੁਰਖੋਤਮ ਹੋ ਪ੍ਰਗਟ, ਪਰਮ ਪੁਰਖ ਵਡੀ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰ ਗੁਰ ਚੇਲੇ ਆਤਮ ਪਰਮਾਤਮ ਲਏ ਸੱਦ, ਬ੍ਰਹਮ ਪਾਰਬ੍ਰਹਮ ਆਪਣਾ ਬੰਧਨ ਪਾਈਆ । ਬੋਧ ਅਗਾਧ ਸੁਣਾਏ ਗਥ, ਖੇਲ ਵਖਾਏ ਇਕ ਸਮਰਥ, ਸਮਰਥ ਦਾਤਾ ਨਜ਼ਰ ਕਿਸੇ ਨਾ ਆਈਆ । ਗ਼ਰੀਬ ਨਿਮਾਣਿਆਂ ਜੁਗਾ ਜੁਗੰਤਰ ਗਾਏ ਜਸ, ਵੇਦ ਪੁਰਾਨ ਸਾਲਾਹੀਆ । ਕਲਜੁਗ ਅੰਤਮ ਪੂਰੀ ਕਰੇ ਆਸ, ਜੋ ਜਨ ਬੈਠੇ ਧਿਆਨ ਲਗਾਈਆ । ਲੱਖ ਚੁਰਾਸੀ ਕੱਟੇ ਜਮ ਫਾਸ, ਫਾਸੀ ਰਾਏ ਧਰਮ ਨਾ ਕੋਇ ਵਖਾਈਆ । ਹਰਿ ਨਰਾਇਣ ਨਿਹਕਰਮੀ ਦਰਸ ਦਖਾਏ ਸਾਖ਼ਯਾਤ, ਸਾਜਣ ਸਤਿਗੁਰ ਦਇਆ ਕਮਾਈਆ । ਜਿਸ ਜਨ ਦੇਵੇ ਆਪਣੀ ਨਾਮ ਦਾਤ, ਤਨ ਮਨ ਅੰਦਰ ਬਾਹਰ ਗੁਪਤ ਜ਼ਾਹਰ ਆਪਣਾ ਰੰਗ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਵਸੇ ਸਾਥ, ਸੰਗ ਆਪਣਾ ਛੱਡ ਕਦੇ ਨਾ ਜਾਈਆ ।

੨੪੭
੧੨

✳ ੧੯ ਜੇਠ ੨੦੧੯ ਬਿਕਰਮੀ ਗੁਰਦਿਤ ਸਿੰਘ, ਸੰਸਾਰ ਸਿੰਘ ਛੰਬ ਜੰਮੂ ✳

ਸਚਖੰਡ ਦੁਆਰ ਹੋਏ ਇਕੱਠੇ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਚਾਰ ਜੁਗ ਜੁਗ ਫਿਰਦੇ ਰਹੇ ਨੱਠੇ, ਹੁਕਮੇ ਹੁਕਮ ਸੇਵ ਕਮਾਈਆ । ਲੋਕਮਾਤ ਮਾਰਗ ਜੀਵ ਜੰਤ ਘੱਤੇ, ਬਣ ਬਣ ਰਹਿਬਰ ਰਾਹ ਚਲਾਈਆ । ਕੋਟਨ ਕੋਟ ਨਾਮ ਆਏ ਦੱਸੇ, ਰਸਨਾ ਜਿਹਵਾ ਗੁਣ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬੈਠੇ ਸਚ ਸਰਨਾਈਆ । ਸਚ ਸਰਨਾਈ ਲਈ ਤੱਕ, ਸ੍ਰੀ ਭਗਵਾਨ ਵਡੀ ਵਡਿਆਈਆ । ਜੁਗ ਚੌਕੜੀ ਬੈਠੇ ਥੱਕ, ਤੇਰਾ ਪੰਧ ਨਾ ਕੋਇ ਮੁਕਾਈਆ । ਇਕ ਦੂਜੇ ਨਾਲੋਂ ਹੋਵੇ ਅੱਡ, ਜੁਗ ਜੁਗ ਵੇਖ ਵਖਾਈਆ । ਤੇਰਾ ਦੁਆਰਾ ਛੱਡ ਛੱਡ, ਧਰਤ ਧਵਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਤਾਅਨਾ, ਤ੍ਰੈਭਵਨ ਧਨੀ ਵੇਖ ਵਖਾਇੰਦਾ । ਜੁਗ ਜੁਗ ਬੱਧਾ ਤੇਰਾ ਗਾਨਾ, ਤੇਰਾ ਸਗਨ ਮਨਾਇੰਦਾ । ਤੂੰ ਸਾਹਿਬ ਦਿਆਲ ਬੀਨਾ ਦਾਨਾ, ਦਾਨਾ ਬੀਨਾ ਇਕ ਅਖਵਾਇੰਦਾ । ਲੇਖਾ ਜਾਣੇ ਲੋਕ ਤੀਨਾਂ, ਚੌਦਾਂ ਤਬਕਾਂ ਵੇਸ ਵਟਾਇੰਦਾ । ਤੇਰੇ ਹੱਥ ਮਰਨਾ ਜੀਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਜਿਉਂ ਜਲ ਮੀਨਾ, ਜਲ ਥਲ ਮਹੀਅਲ ਆਪਣਾ ਖੇਲ ਕਰਾਇੰਦਾ । ਤੇਰਾ ਰੰਗ ਸਦਾ ਸਦ ਭੀਨਾ, ਭਿੰਨੜੀ ਰੈਣ ਸੋਭਾ ਪਾਇੰਦਾ । ਹਉਂ ਠਾਕਰ ਤੇਰੇ ਬਣ ਮਸਕੀਨਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਾਣ
੨੪੮ ਤਾਣ ਨਾ ਕੋਇ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਮਿਲ ਕਹਿਣ, ਵਾਹਵਾ ਤੇਰੀ ਵਡ ਵਡਿਆਈਆ । ਇਕੋ ਨੇਤਰ ਇਕੋ ਨੈਣ, ੨੪੮
ਏਕਾ ਅੱਖ ਖੁਲ੍ਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਮੁੱਕਿਆ ਲਹਿਣ ਦੇਣ, ਸਾਚਾ ਲੇਖਾ ਆਪ ਮੁਕਾਈਆ । ਜੋਤੀ ਜੋਤ ਸਰੂਪ
੧੨ ੧੨
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਸਾਹਿਬ ਸਤਿਗੁਰ ਹੋਣਾ ਸੰਗ, ਸਗਲਾ ਸੰਗ ਨਿਭਾਈਆ । ਨਿਰਗੁਣ ਸਰਗੁਣ ਲੌਣਾ ਅੰਗ, ਅੰਗੀਕਾਰ ਵਡ ਵਡਿਆਈਆ । ਤੇਰਾ ਨਾਮ ਵਜਾਇਆ ਮਰਦੰਗ, ਮਰਦੰਗਾ ਤੇਰਾ ਨਾਮ ਸੁਣਾਈਆ । ਚਾਰ ਜੁਗ ਵੰਡਣ ਵੰਡ, ਸਾਚਾ ਹਿੱਸਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੂਰੀ ਆਸ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸ਼ਾਬਾਸ਼, ਸ਼ਹਿਨਸ਼ਾਹ ਤੇਰਾ ਅੰਤ ਕੋਇ ਨਾ ਪਾਇੰਦਾ । ਜੁਗ ਚੌਕੜੀ ਖੇਲੇ ਰਾਸ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਨਾਚ ਨਚਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਆਪੇ ਜਾਣੇ ਆਪਣਾ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਿਖਿਆ ਦਰ ਸਾਚੇ ਇਕ ਜਣਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਏਕਾ ਸ਼ਬਦ ਜਣਾਈਆ । ਸ਼ਬਦ ਸੰਦੇਸ਼ਾ ਸ੍ਰੀ ਭਗਵਾਨ, ਦੋ ਜਹਾਨ ਅਲਾਈਆ । ਦੋ ਜਹਾਨ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸਚਖੰਡ ਖੇਲ ਕਰੇ ਗੁਣ ਨਿਧਾਨ, ਗੁਣ ਆਪਣਾ ਨਾ ਕਿਸੇ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਬਣ ਬਣ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਦੇ

ਦੇ ਗਿਆਨ, ਲਿਖ ਲਿਖ ਲੇਖ ਗਏ ਸਮਝਾਈਆ । ਪੀਰ ਪੈਗ਼ੰਬਰ ਕਰ ਕਰ ਕਲਾਮ, ਕਲਮਾ ਨਬੀ ਗਏ ਸੁਣਾਈਆ । ਬਣ ਬਣ ਉਚੇ ਉਚ ਅਮਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚੇ ਖੇਲ ਅਪਾਰਾ, ਹਰਿ ਹਰਿ ਆਪ ਕਰਾਇੰਦਾ । ਤਖ਼ਤ ਨਿਵਾਸੀ ਏਕੰਕਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ, ਨੇਤਰ ਨੈਣ ਇਕ ਖੁਲ੍ਹਾਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ ਪਾਵੇ ਸਾਰਾ, ਪਤਤ ਪਾਵਨ ਭੇਵ ਨਾ ਆਇੰਦਾ । ਕਾਗਦ ਕਲਮ ਬਣ ਬਣ ਲਿਖਾਰਾ, ਇਕ ਜਣਾਏ ਸਚ ਇਸ਼ਾਰਾ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਰਾਇੰਦਾ । ਧੁਰ ਦੀ ਕਾਰ ਪਰਵਰਦਿਗਾਰ, ਦਰਗਹਿ ਸਾਚੀ ਸਚ ਸੁਹਾਈਆ । ਮੁਕਾਮੇ ਹੱਕ ਖੇਲ ਅਪਾਰ, ਮੇਹਬਾਨ ਆਪ ਕਰਾਈਆ । ਲਾਸ਼ਰੀਕ ਹੋ ਤਿਆਰ, ਸ਼ਰਕਤ ਜਗਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਵਸੇ ਸਾਚਾ ਮਾਹੀਆ । ਸਚਖੰਡ ਨਿਵਾਸੀ ਨੇਤਰ ਖੋਲ੍ਹ, ਨੈਣ ਨੈਣ ਉਠਾਇੰਦਾ । ਚਾਰੋਂ ਕੁੰਟ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਬੋਲ, ਰਸਨਾ ਜਿਹਵਾ ਸਰਬ ਸੁਣਾਇੰਦਾ । ਪਾਰਬ੍ਰਹਮ ਤੇਰੇ ਆਏ ਕੋਲ, ਦੂਸਰ ਓਟ ਨਾ ਕੋਇ ਰਖਾਇੰਦਾ । ਏਕਾ ਤੋਲਣਾ ਸਾਚਾ ਤੋਲ, ਤੁਧ ਬਿਨ ਤੋਲਾ ਨਜ਼ਰ ਕੋਇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਨਾਲ ਕਰ ਕਰ ਆਏ ਘੋਲ, ਜਗਤ ਅਖਾੜਾ ਨਾਮ ਵਖਾਇੰਦਾ । ਤੇਰਾ ਨਾਉਂ ਥਰ ਥਰ ਘਰ ਘਰ ਆਏ ਬੋਲ, ਅਨਬੋਲਤ ਰਾਗ ਅਲਾਇੰਦਾ । ਕਲਜੁਗ ਅੰਤ ਸਚ ਵਸਤ ਨਾ ਦਿਸੇ ਕਿਸੇ ਕੋਲ, ਖ਼ਾਲੀ ਹੱਥ ਸਰਬ ਫਿਰਾਇੰਦਾ । ਗਾਫ਼ਲ ਸ੍ਰਿਸ਼ਟੀ ਹੋਈ ਅਨਭੋਲ, ਤੇਰਾ ਭੈ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਤੇਰਾ ਭੇਵ ਕਿਸੇ ਨਾ ਆਇੰਦਾ । ਦੇ ਵਰ ਸੱਚੇ ਭਗਵਾਨ, ਤੇਰੇ ਅੱਗੇ ਕਰੀ ਅਰਜੋਈਆ । ਹਉਂ ਬਾਲਕ ਬਾਲ ਨਿਧਾਨ, ਬਾਲੀ ਬੁੱਧ ਕੰਮ ਕਿਸੇ ਨਾ ਆਈਆ । ਤੂੰ ਸਾਹਿਬ ਸੱਚਾ ਸੁਲਤਾਨ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਚਰਨਾਂ ਸੇਵ ਕਮਾਈਆ । ਤੂੰ ਸ਼ਹਿਨਸ਼ਾਹ ਹੁਕਮਰਾਨ, ਤੇਰਾ ਹੁਕਮ ਵਡੀ ਵਡਿਆਈਆ । ਤੂੰ ਜੁਗ ਜੁਗ ਖੇਲੇ ਖੇਲ ਮਹਾਨ, ਨਿਰਗੁਣ ਸਰਗੁਣ ਸੇਵਾ ਲਾਈਆ । ਸਰਗੁਣ ਨਿਰਗੁਣ ਕਰੇ ਪਰਵਾਨ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਤੇਰਾ ਨਾਮ ਅਗੰਮੀ ਦਾਨ, ਬਣ ਦਾਤਾ ਆਪ ਵਰਤਾਈਆ । ਤੇਰਾ ਸੰਦੇਸ਼ਾ ਧੁਰ ਫ਼ਰਮਾਣ, ਦੋ ਜਹਾਨ ਕਰੇ ਸੁਣਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਕਰ ਆਏ ਕਲਿਆਣ, ਕਲਮਾ ਨਬੀ ਨਬੀ ਪੜ੍ਹਾਈਆ । ਕਲਜੁਗ ਅੰਤਮ ਕਿਸੇ ਦਰ ਨਾ ਦਿਸੇ ਕੋਇ ਨਿਸ਼ਾਨ, ਨੌਂ ਖੰਡ ਪ੍ਰਿਥਮੀ ਸਿਮਲ ਰੁੱਖ ਰਹੀ ਲਹਿਰਾਈਆ । ਅਸੀਂ ਵੇਖ ਹੋਏ ਹੈਰਾਨ, ਸਾਡੀ ਕੀਤੀ ਕੰਮ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਗਈ ਆਣ, ਬੇਵਾ ਰੂਪ ਖਾਵੰਦ ਸਚ ਨਾ ਕੋਇ ਹੰਢਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਪੰਚਮ ਸ਼ਰਅ ਰਿਹਾ ਸੁਣਾਈਆ । ਗੁਰ ਕਾ ਸ਼ਬਦ ਨਾ ਕੋਇ ਗਿਆਨ, ਗੁਰ ਮੰਤਰ ਹਿਰਦੇ ਜਨ ਨਾ ਕੋਇ ਵਸਾਈਆ । ਚੁਗਲੀ ਨਿੰਦਿਆ ਸੁਣ ਸੁਣ ਥੱਕੇ ਕਾਨ, ਸਰਵਣ ਸਰੋਤ ਤੇਰੇ ਨਾਮ ਕੋਇ ਨਾ ਪਾਈਆ । ਤੇਰਾ ਰੂਪ ਨਾ ਸਕਿਆ ਕੋਇ ਪਛਾਣ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਇਕੋ ਓਟ ਰਖਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਸਤਿ ਸਤਿਵਾਦੀ ਆਪ

ਜਣਾਇੰਦਾ । ਆਦਿ ਜੁਗਾਦਿ ਚਲੇ ਨਾ ਕਿਸੇ ਕੋਈ ਵਸ, ਮੇਰਾ ਅੰਤ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਵਾਰ ਕਹੋ ਬਸ, ਬਸਤਾ ਸਭ ਦਾ ਆਪ ਬੰਧਾਇੰਦਾ । ਦੋ ਜਹਾਨਾਂ ਵੇਖਣਹਾਰਾ ਨੱਸ ਨੱਸ, ਛਿੰਨ ਭੰਗਰ ਫੇਰਾ ਪਾਇੰਦਾ । ਲੱਖ ਚੁਰਾਸੀ ਦਏ ਫਾਸ, ਫਾਸੀ ਆਪਣੀ ਇਕ ਲਟਕਾਇੰਦਾ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਨੂਰ ਆਪਣਾ ਆਪ ਧਰਾਇੰਦਾ । ਹਿੰਦੂ ਮੁਸਲਿਮ ਸਿਖ ਇਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਕਰੇ ਦਾਸੀ ਦਾਸ, ਦੂਸਰ ਵੰਡ ਨਾ ਕੋਇ ਰਖਾਇੰਦਾ । ਏਕਾ ਕਲਮਾ ਪ੍ਰਿਥਮੀ ਅਕਾਸ਼, ਏਕਾ ਨਾਮ ਕਰੇ ਪ੍ਰਕਾਸ਼, ਏਕਾ ਪਵਣ ਇਕ ਸੁਆਸ, ਏਕਾ ਕਾਇਆ ਮੰਡਲ ਪਾਏ ਰਾਸ, ਘਰ ਘਰ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਝੁੱਕ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਦੇ ਹੁਕਮ ਸਾਡਾ ਪੈਂਡਾ ਜਾਏ ਮੁੱਕ, ਲੋਕਮਾਤ ਵਾਟ ਕੋਇ ਰਹਿਣ ਨਾ ਪਾਈਆ । ਤੇਰੇ ਦੁਆਰੇ ਸਚਖੰਡ ਬੈਠੇ ਲੁਕ, ਆਪਣਾ ਦਰਸ ਨਾ ਕਿਸੇ ਕਰਾਈਆ । ਤੂੰ ਸਭ ਦਾ ਦਾਤਾ ਸਾਂਝਾ ਯਾਰ ਲੱਖ ਚੁਰਾਸੀ ਕੋਲੋਂ ਜਾ ਕੇ ਪੁੱਛ, ਕਿਉਂ ਤੇਰੇ ਤੈਨੂੰ ਗਏ ਭੁਲਾਈਆ । ਅਸੀਂ ਆਪਣੇ ਹੱਥ ਵਸਤ ਨਾ ਰੱਖੀਏ ਕੁਛ, ਖ਼ਾਲੀ ਹੱਥ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੁਰਖ ਅਬਿਨਾਸ਼ੀ ਚੜ੍ਹਿਆ ਚਾਅ, ਸਤਿਗੁਰ ਸਾਚਾ ਖ਼ੁਸ਼ੀ ਮਨਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮੈਂ ਤੱਕਦਾ ਰਿਹਾ ਰਾਹ, ਆਪਣਾ ਵੇਲਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤ ਬਣਾਂ ਮਲਾਹ, ਲੋਕਮਾਤ ਫੇਰਾ ਪਾਇੰਦਾ । ਪਿਛਲਾ ਲੇਖਾ ਦਿਆਂ ਚੁਕਾ, ਅੱਗੇ ਆਪਣਾ ਰੰਗ ਵਖਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਰਾਜ ਰਾਜਾਨ ਦਿਆਂ ਮਿਟਾ, ਆਤਮ ਬ੍ਰਹਮ ਸਰਬ ਦ੍ਰਿੜਾਇੰਦਾ । ਰਾਮਾ ਕ੍ਰਿਸ਼ਨਾ ਨਾਨਕ ਗੋਬਿੰਦ ਸੰਗ ਮੁਹੰਮਦ ਈਸਾ ਮੂਸਾ ਇਕ ਪੈਗ਼ਾਮ ਦਿਆਂ ਸੁਣਾ, ਪੀਰ ਪੈਗ਼ੰਬਰ ਆਪ ਉਠਾਇੰਦਾ । ਸਹੀ ਸਲਾਮਤ ਆਦਿ ਜੁਗਾਦਿ ਇਕ ਖ਼ੁਦਾ, ਰਾਮ ਰਹੀਮ ਰਹਿਮਾਨ ਸਚਖੰਡ ਸਾਚੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਆਪਣੀ ਦਇਆ ਕਮਾਇੰਦਾ । ਸਮਰਥ ਪੁਰਖ ਪੁਰਖ ਸੁਆਮੀ, ਸ੍ਰੀ ਭਗਵਾਨ ਵਡੀ ਵਡਿਆਈਆ । ਸਰਬ ਘਟਾਂ ਘਟ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰੂਆਂ ਪੀਰਾਂ ਸ਼ਬਦ ਅਗੰਮੀ ਪੜ੍ਹਾਉਂਦਾ ਰਿਹਾ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਬ੍ਰਹਮਾ ਵੇਦ ਚਾਰ ਕਹਾਣੀ, ਸ਼ਾਸਤਰ ਸਿਮਰਤ ਵਡ ਵਿਦਵਾਨੀ, ਪੁਰਾਨ ਅਠਾਰਾਂ ਵੇਦ ਵਿਆਸਾ ਰਾਗ ਅਲਾਈਆ । ਗੀਤਾ ਗਿਆਨ ਸਚ ਨਿਸ਼ਾਨੀ, ਕਾਹਨਾ ਕ੍ਰਿਸ਼ਨਾ ਖੇਲ ਮਹਾਨੀ, ਭਗਤ ਭਗਵੰਤ ਦਏ ਵਡਿਆਈਆ । ਅੰਜੀਲ ਕੁਰਾਨ ਸ਼ਰਅ ਇਸਲਾਮੀ, ਕਲਮਾ ਕਲਾਮ ਪੜ੍ਹਾਏ ਵਡ ਮਿਹਬਾਨੀ, ਮਿਹਬਾਨ ਬੀਦੋ ਕਾਇਨਾਤ ਆਪ ਸੁਣਾਈਆ । ਨਾਨਕ ਨਿਰਗੁਣ ਖੇਲ ਮਹਾਨੀ, ਪਾਇਆ ਪਦ ਇਕ ਨਿਰਬਾਨੀ, ਨਾਮ ਸਤਿ ਮਿਲੀ ਨਿਸ਼ਾਨੀ, ਦੋ ਜਹਾਨਾਂ ਏਕਾ ਨਾਦ ਵਜਾਈਆ । ਏਕੰਕਾਰਾ ਕਰੇ ਪਰਵਾਨੀ, ਭੇਵ ਕੋਇ ਨਾ ਪਾਏ ਵਿਦਵਾਨੀ, ਵਿਦਿਤ ਬੈਠੀ ਮੁਖ ਛੁਪਾਈਆ । ਗੋਬਿੰਦ ਸੂਰਾ ਸ਼ਾਹ ਸੁਲਤਾਨੀ, ਮਿਲਿਆ ਮੇਲ ਸ੍ਰੀ ਭਗਵਾਨੀ, ਪੂਤ ਸਪੂਤਾ ਸੁਤ ਦੁਲਾਰਾ ਸਾਚੀ ਗੋਦ ਸੁਹਾਈਆ । ਵਰਨ ਬਰਨ ਜਗਤ ਕਹਾਣੀ, ਜ਼ਾਤ ਪਾਤ ਸ਼ਰਅ ਵੇਖਾਨੀ, ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਆਪ ਜਣਾਇੰਦਾ । ਕਲਜੁਗ ਅੰਤਮ ਪ੍ਰਗਟ ਹੋ ਵਿਚ ਸੰਸਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਘਟ ਘਟ ਰਾਮ ਰਮਿਆ ਪਸਾਰ, ਰਮਈਆ ਆਪਣਾ ਪਰਦਾ ਲਾਹਿੰਦਾ । ਏਕਾ ਨੂਰ ਨੂਰ ਕਰ ਤਿਆਰ, ਨੂਰ ਨੂਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਸਾਚੇ ਘਰ, ਸਚਖੰਡ ਵਾਸੀ ਆਪ ਸੁਣਾਇੰਦਾ । ਸਚਖੰਡ ਨਿਵਾਸੀ ਕਿਰਪਾਨਿਧ ਆਪਣੀ ਕਿਰਪਾ ਆਪ ਕਮਾਈਆ । ਕਲਜੁਗ ਅੰਤਮ ਹੋਏ ਇਕ ਪ੍ਰਸਿਧ, ਗੁਰ ਅਵਤਾਰ ਲੇਖਾ ਲੇਖੇ ਦਏ ਲਗਾਈਆ । ਕਰੇ ਕਰਾਏ ਆਪਣੀ ਬਿਧ, ਅੰਤ ਕੋਈ ਪਾ ਨਾ ਸਕੇ ਰਾਈਆ । ਜਨ ਭਗਤਾਂ ਕਾਰਜ ਕਰੇ ਸਿੱਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਹਰਿ ਨਿਰੰਕਾਰ, ਏਕਾ ਏਕ ਜਣਾਇੰਦਾ । ਅੰਤਮ ਕਲ ਵੇਖਾਂ ਸੰਸਾਰ, ਸੰਸਾ ਰੋਗ ਸਰਬ ਮਿਟਾਇੰਦਾ । ਚਾਰ ਵਰਨ ਵਿਚੋਂ ਲਵਾਂ ਉਠਾਲ, ਉਠ ਉਠ ਆਪਣੀ ਸੇਵ ਕਮਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਸਚ ਦਲਾਲੀ ਇਕ ਜਣਾਇੰਦਾ । ਵਸਤ ਵਿਕਾਵਾਂ ਹੱਕ ਹਲਾਲ, ਹਕ਼ੀਕ਼ਤ ਆਪਣੇ ਹੱਥ ਵਖਾਇੰਦਾ । ਭਗਤ ਭਗਵੰਤ ਸਾਚੇ ਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪੁਰਖ ਅਬਿਨਾਸ਼, ਏਕਾ ਏਕ ਜਣਾਈਆ । ਕਰਾਂ ਖੇਲ ਅੰਤ ਤਮਾਸ਼, ਲੋਕਮਾਤ ਫੇਰਾ ਪਾਈਆ । ਭਗਤ ਭਗਵੰਤ ਬਣਾਏ ਸਚ ਜਮਾਤ, ਆਪਣੀ ਪੱਟੀ ਨਾਮ ਪੜ੍ਹਾਈਆ । ਵਰਨ ਬਰਨ ਸੁੱਟੇ ਡੂੰਘੇ ਖਾਤ, ਬਾਹਰ ਸਕੇ ਨਾ ਕੋਇ ਕਢਾਈਆ । ਮੇਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਹਰਿਜਨ ਸਾਚੇ ਦੇਵੇ ਦਾਦ, ਸੰਤ ਸਾਜਣ ਮੇਲ ਮਿਲਾਈਆ । ਗੁਰਮੁਖਾਂ ਪੂਰੀ ਕਰੇ ਆਸ, ਜਗਤ ਤ੍ਰਿਸ਼ਨਾ ਭੁੱਖ ਗੁਆਈਆ । ਗੁਰਸਿਖਾਂ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਲੱਖ ਚੁਰਾਸੀ ਗਲ ਪਾਏ ਜਮ ਕਾ ਫਾਸ, ਫਾਸੀ ਕੋਇ ਨਾ ਸਕੇ ਤੁੜਾਈਆ । ਰਾਏ ਧਰਮ ਕਰੇ ਹਾਸ, ਭਰਮੇ ਭੁੱਲੀ ਸਰਬ ਲੋਕਾਈਆ । ਸਚ ਵਸਤ ਨਾ ਕਿਸੇ ਪਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਆਪਣਾ ਖੇਲ ਹਰਿ ਕਰਾਉਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਜਾਮਾ ਲੋਕਮਾਤ ਪਾਉਣਾ, ਰੂਪ ਅਨੂਪ ਆਪ ਧਰਾਇੰਦਾ । ਭਗਤ ਭਗਵੰਤ ਵੇਖ ਵਖਾਉਣਾ, ਨਿਜ ਨੇਤਰ ਮੇਲ ਮਿਲਾਇੰਦਾ । ਸਚ ਦੁਆਰੇ ਸਚ ਬਹਾਉਣਾ, ਸਚ ਸੋਹਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੈਗ਼ੰਬਰ ਆਪ ਜਣਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਰੱਖਣਾ ਯਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਅੰਤ ਸੁਣੇ ਫਰਿਆਦ, ਫਿਰ ਫਿਰ ਆਪਣੀ ਖ਼ੁਸ਼ੀ ਮਨਾਈਆ । ਭਗਤ ਭਗਵੰਤ ਲਏ ਕਾਢ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਸ਼ਬਦ ਨਿਸ਼ਾਨਾ ਏਕਾ ਗਾਡ, ਧਰਨੀ ਧਰਤ ਧਵਲ ਦਏ ਝੁਲਾਈਆ । ਪਿਛਲਾ ਲੇਖਾ ਚੁਕਾਏ ਜੋ ਵੰਡ ਵੰਡ ਆਏ ਹੱਦ, ਸ਼ਰਅ ਹੱਦ ਕੋਇ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਇਕੋ ਵੱਜੇ ਨਦ, ਨਾਮ ਨਗਾਰਾ ਇਕ ਸੁਣਾਈਆ । ਇਕੋ ਕਾਅਬਾ ਹੋਏ ਹੱਜ, ਹੁਜਰਾ ਇਕੋ ਦਏ ਵਖਾਈਆ । ਇਕੋ ਮੰਦਰ ਲਏ ਸੱਦ, ਰਾਮ ਏਕਾ ਨਜ਼ਰੀ ਆਈਆ । ਏਕਾ ਗੁਰੂਦੁਆਰ ਬਹੇ ਸੱਜ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਚਾਰ ਜੁਗ ਦੀ ਚੁਕਾਏ ਲੋਕ ਲਾਜ, ਜਨ ਭਗਤਾਂ

ਏਕਾ ਘਰ ਮਿਲਾਈਆ । ਸਾਹਿਬ ਸਾਜਣ ਸਾਚਾ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਲੋਚਣ, ਇਕੋ ਆਸ ਰਖਾਈਆ । ਸਚਖੰਡ ਦੁਆਰੇ ਚਰਨ ਕਵਲ ਬਹਿ ਬਹਿ ਸੋਚਣ, ਸੋਚਿਆਂ ਸੋਚ ਵਿਚ ਕਦੇ ਨਾ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਹੈ ਭੀ ਹੋਸੀ, ਸੈਭੰ ਰੂਪ ਨਾ ਕੋਇ ਵਟਾਈਆ । ਸਾਡੀ ਕਾਇਆ ਲੋਕਮਾਤ ਹੋ ਗਈ ਥੋਥੀ, ਅੰਤਮ ਨਾਤਾ ਆਏ ਤੁੜਾਈਆ । ਲਿਖ ਲਿਖ ਰੱਖ ਕੇ ਆਏ ਪੋਥੀ, ਜੀਵ ਜੰਤ ਗਏ ਭੁਲਾਈਆ । ਗੁਰ ਕਾ ਸ਼ਬਦ ਨਾ ਜਾਣਿਆ ਮਾਣਕ ਮੋਤੀ, ਮਨਮੁਖ ਖ਼ਾਕ ਰਹੇ ਰੁਲਾਈਆ । ਅੰਦਰ ਵੜੀ ਵਾਸਨਾ ਖੋਟੀ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਕੋਈ ਚੜ੍ਹਿਆ ਨਾ ਉਪਰ ਚੋਟੀ, ਕਬੀਰ ਜੁਲਾਹਾ ਦਏ ਦੁਹਾਈਆ । ਸ਼ਮਸ਼ ਤਬਰੇਜ਼ ਖੱਲ੍ਹ ਲੁਹਾਈ ਹੋਇਆ ਬੋਟੀ ਬੋਟੀ, ਅਗਨੀ ਤਤ ਤਤ ਜਲਾਈਆ । ਨਾਨਕ ਨਿਰਗੁਣ ਵੇਖੇ ਕੋਟਨ ਕੋਟੀ, ਸਚਖੰਡ ਸਾਚੇ ਕੋਟ ਚੜ੍ਹ ਚੜ੍ਹ ਦਰਸ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਪ੍ਰਗਟ ਕਰੇ ਇਕੋ ਨਿਰਮਲ ਜੋਤੀ, ਫੜ ਫੜ ਦੇਵੇ ਨਾ ਕੋਇ ਸਜ਼ਾਈਆ । ਨਾ ਵਡੀ ਨਾ ਦਿਸੇ ਛੋਟੀ, ਨਿਰਾਕਾਰ ਨਿਰੰਕਾਰ ਨਜ਼ਰ ਕਿਸੇ ਨਾ ਆਈਆ । ਨਾ ਕੋਈ ਹਵਨ ਪਵਨ ਨਾ ਕੋਇ ਅਹੂਤੀ, ਘ੍ਰਿਤ ਦੀਪ ਸਮਗਰੀ ਕੋਇ ਨਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਧਰ, ਵੇਸ ਅਵੱਲੜਾ ਆਪ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲੜਾ ਆਦਿ ਜੁਗਾਦਿ ਜੁਗ ਜੁਗ ਫੜਾਏ ਪਲੜਾ, ਨਾਮ ਪੱਲੂ ਜਗਤ ਨੇਤਰ ਨੈਣ ਪਲਕ ਨਜ਼ਰ ਕਿਸੇ ਨਾ ਆਈਆ ।

## ❊ ੧੯ ਜੇਠ ੨੦੧੯ ਬਿਕਰਮੀ ਮਾਈ ਸ਼ਾਹਣੀ ਦੇ ਗ੍ਰਿਹ ਛੰਬ ਜੰਮੂ ❊

ਹਰਿਜਨ ਉਚੀ ਸਦਾ ਸ਼ਾਨ, ਸ਼ਹਿਨਸ਼ਾਹ ਸਤਿਗੁਰ ਆਪ ਕਰਾਇੰਦਾ । ਜਿਸ ਜਨ ਦੇਵੇ ਚਰਨ ਧਿਆਨ, ਧਰਨੀ ਧਰਤ ਧਵਲ ਵਡਿਆਇੰਦਾ । ਆਤਮ ਬਖ਼ਸ਼ੇ ਇਕ ਗਿਆਨ, ਅੰਤਰ ਵਿਦਿਆ ਨਾਮ ਪੜ੍ਹਾਇੰਦਾ । ਅੰਮ੍ਰਿਤ ਰਸ ਪੀਣ ਖਾਣ, ਧੀਰਜ ਸਤਿ ਸੰਤੋਖ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਸਾਚੀ ਸ਼ਾਨ ਹਰਿ ਚਰਨ, ਦੂਸਰ ਅਵਰ ਨਾ ਕੋਇ ਜਣਾਈਆ । ਜਿਸ ਮਿਲਿਆਂ ਚੁਕੇ ਭੈ ਡਰਨ, ਭਉ ਰੂਪ ਨਾ ਕੋਇ ਦਰਸਾਈਆ । ਨੇਤਰ ਖੁਲ੍ਹੇ ਹਰਨ ਫਰਨ, ਅੰਧ ਅੰਧੇਰ ਦਏ ਗੁਆਈਆ । ਨਾਤਾ ਤੁਟੇ ਵਰਨ ਬਰਨ, ਜ਼ਾਤ ਪਾਤ ਕੋਇ ਰਹਿਣ ਨਾ ਪਾਈਆ । ਮਿਲੇ ਮੇਲ ਹਰਿ ਕਰਨੀ ਕਰਨ, ਕਰਤਾ ਪੁਰਖ ਹੋਏ ਸਹਾਈਆ । ਦੇਵੇ ਵਡਿਆਈ ਉਪਰ ਧਰਨ, ਧਰਨੀ ਧਰਤ ਧਵਲ ਰੰਗ ਰੰਗਾਈਆ । ਉਲਟਾ ਕਰੇ ਨਾਭ ਕਵਲ, ਕਵਲ ਨੈਣ ਖੇਲ ਕਰਾਈਆ । ਜਿਸ ਨੇ ਨੂਰ ਧਰਾਇਆ ਅਵੱਲ, ਆਦਿ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸ਼ਾਹਾਨ ਇਕ ਅਖਵਾਈਆ । ਸਾਚੀ ਸ਼ਾਨ ਦਰ ਹਜ਼ੂਰ, ਜਿਸ ਜਨ ਹਾਜ਼ਰੀ ਲੇਖੇ ਲਾਇੰਦਾ । ਜਨਮ ਜਨਮ ਦੇ ਮੁਆਫ਼ ਕਰੇ ਕਸੂਰ, ਗੁੱਸਾ ਆਪ ਨਾ ਕੋਇ ਵਖਾਇੰਦਾ । ਜੁਗ ਜੁਗ ਦਾ ਪੈਂਡਾ ਨੇੜੇ ਲਿਆਏ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਇੰਦਾ । ਮਸਤਕ ਲਾਏ ਚਰਨ

ਧੂੜ, ਮੂਰਖ ਮੂੜੇ ਮਾਣ ਦਿਵਾਇੰਦਾ । ਏਕਾ ਬਖ਼ਸ਼ੇ ਸਾਚਾ ਨੂਰ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਇਆ ਵਡਿਆਈ ਦੇਵੇ ਮਾਣ, ਦੀਨ ਦਿਆਲ ਖੇਲ ਕਰਾਇੰਦਾ । ਘਰ ਸਾਗਰ ਕਰਾਏ ਅਸ਼ਨਾਨ, ਦੁਰਮਤ ਮੈਲ ਧੁਆਇੰਦਾ । ਨਿਰਮਲ ਕਰਮ ਕਰ ਉਜਾਗਰ ਦੇਵੇ ਦਾਨ, ਨਾਮ ਵਸਤ ਝੋਲੀ ਪਾਇੰਦਾ । ਸੁਰਤੀ ਸ਼ਬਦੀ ਮੇਲਾ ਗੋਪੀ ਕਾਹਨ, ਘਰ ਬਹਿ ਬਹਿ ਸਖੀਆਂ ਮੰਗਲ ਸਾਚਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਨਿਮਾਣਿਆਂ ਆਪ ਉਠਾਇੰਦਾ । ਮਾਣ ਨਿਮਾਣਿਆਂ ਸਿਰ ਰੱਖੇ ਹੱਥ, ਸਤਿ ਪੁਰਖ ਵਡੀ ਵਡਿਆਈਆ । ਸਤਿ ਸਤਿਵਾਦੀ ਦੇਵੇ ਵੱਥ, ਘਰ ਸਾਚੇ ਆਪ ਵਰਤਾਈਆ । ਕਾਇਆ ਮੰਦਰ ਅੰਦਰ ਦੇਵੇ ਢਕ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਅੰਤਮ ਪਤ ਲਏ ਰੱਖ, ਪਤਿ ਪਤਿਵੰਤਾ ਫੇਰੀ ਪਾਈਆ । ਮੇਲ ਮਿਲਾਏ ਹੱਸ ਹੱਸ, ਹਰਿ ਜੂ ਆਪਣਾ ਰੰਗ ਵਖਾਈਆ । ਦਰ ਘਰ ਮਾਰਗ ਸਾਚੇ ਦੱਸ, ਦਰਦੀ ਦਰਦੀਆਂ ਦਰਦ ਵੰਡਾਈਆ । ਹਰਿਜਨ ਸਾਚੇ ਲੱਖ ਚੁਰਾਸੀ ਨਾਲੋਂ ਕਰੇ ਵੱਖ, ਵੱਖਰੀ ਆਪਣੀ ਧਾਰ ਵਖਾਈਆ । ਖੋਲ੍ਹਣਹਾਰਾ ਇਕੋ ਅੱਖ, ਅੱਖਰ ਇਕੋ ਕਰੇ ਪੜ੍ਹਾਈਆ । ਹਿਰਦੇ ਅੰਦਰ ਆਪੇ ਵਸ, ਬਸਤੀ ਆਪਣੀ ਲਏ ਵਸਾਈਆ । ਨਿਮਾਣਿਆਂ ਨਿਤਾਣਿਆਂ ਨਿਰਧਨ ਹੋ ਹੋ ਗਾਏ ਜਸ, ਸਿਫ਼ਤੀ ਸਿਫ਼ਤ ਕਰੇ ਸਾਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਸ, ਜੁਗ ਜਨਮ ਜੋ ਜਨ ਬੈਠੇ ਧਿਆਨ ਲਗਾਈਆ ।

### ❊ ੧੯ ਜੇਠ ੨੦੧੯ ਬਿਕਰਮੀ ਬੀਬੀ ਰਾਮ ਕੌਰ ਦੇ ਗ੍ਰਿਹਿ ਛੰਬ ਜੰਮੂ ❊

ਸਚਖੰਡ ਦੁਆਰੇ ਸਾਚਾ ਖੇਲ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਨੂਰ ਕਰ ਪਰਕਾਸ਼ ਬਿਨ ਬਾਤੀ ਤੇਲ, ਆਦਿ ਨਿਰੰਜਣ ਡਗਮਗਾਇੰਦਾ । ਵਸਣਹਾਰਾ ਧਾਮ ਨਵੇਲ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਗੁਣ ਸਰਗੁਣ ਕਰੇ ਮੇਲ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਦਰ ਬਹਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਬਣ ਬਣ ਸੱਜਣ ਸੁਹੇਲ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਇੰਦਾ । ਲਹਿਣਾ ਮੁਕਿਆ ਗੁਰ ਗੁਰ ਚੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰੇ ਸ੍ਰੀ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਏਕਾ ਬੈਠਾ ਆਸਣ ਲਾਈਆ । ਜੁਗਾ ਜੁਗੰਤਰ ਨਿਰਗੁਣ ਸਰਗੁਣ ਦੇਵਣਹਾਰ ਸਲਾਹ, ਸਾਚੀ ਸਿਖਿਆ ਇਕ ਪੜ੍ਹਾਈਆ । ਬੋਧ ਅਗਾਧਾ ਭੇਵ ਚੁਕਾ, ਨਾਉਂ ਨਿਰੰਕਾਰਾ ਆਪ ਜਣਾ, ਏਕਾ ਨਾਮ ਦਏ ਵਡਿਆਈਆ । ਹੁਕਮੀ ਹੁਕਮ ਖੇਲ ਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਨੇਹਾਰਾ, ਕਰਤਾ ਪੁਰਖ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਹਰਿ ਪੁਰਖ ਨਿਰੰਜਣ ਆਪਣਾ ਪਰਦਾ ਲਾਹਿੰਦਾ । ਨਿਰਗੁਣ ਨੂਰ ਏਕੰਕਾਰਾ, ਆਦਿ ਨਿਰੰਜਣ ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਧਾਮ ਨਿਆਰਾ, ਮਹੱਲ ਅਟੱਲ ਅਗੰਮ ਅਥਾਹ ਬੇਪਰਵਾਹ, ਦਰ ਘਰ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਆਦਿ ਜੁਗਾਦਿ ਬਣੇ ਮਲਾਹ, ਨਿਤ ਨਵਿਤ ਆਪਣਾ ਵੇਸ ਵਟਾਇੰਦਾ ।

ਪਾਰਬ੍ਰਹਮ ਪ੍ਰਭ ਖੇਲ ਖਲਾ, ਖੇਲਣਹਾਰਾ ਆਪਣਾ ਰੰਗ ਆਪ ਰੰਗਾਇੰਦਾ । ਸਚਖੰਡ ਦੁਆਰਾ ਦਏ ਵਡਿਆ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਭੂਪਤ ਭੂਪ ਰੂਪ ਵਟਾ, ਸੀਸ ਜਗਦੀਸ਼ ਤਾਜ ਸੁਹਾ, ਦਰ ਘਰ ਸਾਚੇ ਸੋਭਾ ਪਾਇੰਦਾ । ਨੂਰੋ ਨੂਰ ਨੂਰ ਰੁਸ਼ਨਾ, ਬੇਐਬ ਬੇਐਬ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਵਰਦਿਗਾਰ ਆਪਣਾ ਰਾਹ ਆਪ ਚਲਾਇੰਦਾ । ਪਰਵਰਦਿਗਾਰ ਰਾਹ ਅਵੱਲਾ, ਏਕੰਕਾਰਾ ਆਪ ਚਲਾਈਆ । ਵਸਣਹਾਰਾ ਸਚ ਮਹੱਲਾ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਨਿਰਗੁਣ ਨੂਰ ਦੀਪਕ ਜੋਤੀ ਆਪੇ ਬਲਾ, ਜਲਵਾ ਜਲਾਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਦਏ ਵਡਿਆਈਆ । ਸਚਖੰਡ ਦੁਆਰੇ ਹਰਿ ਜੂ ਚੜ੍ਹ, ਹਰਿ ਪੁਰਖ ਨਿਰੰਜਣ ਆਪਣਾ ਖੇਲ ਕਰਾਇੰਦਾ । ਆਪੇ ਖੋਲ੍ਹਣਹਾਰਾ ਸਾਚਾ ਦਰ, ਦਰ ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਆਪਣਾ ਘਾੜਨ ਆਪੇ ਘੜ, ਘੜ ਆਪਣਾ ਰੰਗ ਰੰਗਾਇੰਦਾ । ਆਪਣੇ ਅੰਤਰ ਆਪੇ ਵੜ, ਵੜ ਆਪੇ ਸੋਭਾ ਪਾਇੰਦਾ । ਆਪਣਾ ਪੱਲੂ ਆਪੇ ਫੜ, ਫੜ ਆਪਣਾ ਬੰਧਨ ਪਾਇੰਦਾ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਬਣ ਬਣ ਕੰਤ ਕੰਤ ਕੰਤੂਹਲ ਸੇਜ ਹੰਢਾਇੰਦਾ । ਆਪੇ ਸੁਤ ਦੁਲਾਰਾ ਜਣ, ਜਣ ਸ਼ਬਦੀ ਸੁਤ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਸੁਤ ਦੁਲਾਰਾ ਆਪੇ ਜਣ, ਜਣ ਜਣੇਂਦੀ ਬਣੇ ਮਾਈਆ । ਦਾਈ ਦਾਇਆ ਖੇਲ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਥਿਰ ਘਰ ਦੁਆਰੇ ਆਪੇ ਵੜ, ਪੂਤ ਸਪੂਤੇ ਦਏ ਵਡਿਆਈਆ । ਏਕਾ ਅੱਖਰ ਜਾਣਾ ਪੜ੍ਹ, ਨਿਸ਼ਅੱਖਰ ਦਏ ਸੁਣਾਈਆ । ਪੁਰਖ ਬਿਧਾਤਾ ਦੇਵੇ ਦਾਨ ਏਕਾ ਏਕ ਨਾਮ ਵਰ, ਵਰ ਆਪਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਸ੍ਰੀ ਭਗਵੰਤ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਤੇਰੀ ਮਹਿਮਾ ਇਕ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਹਰਿ ਜੂ ਹਰਿ ਬਣਾਏ ਬਣਤ, ਨਾ ਕੋਈ ਦੂਸਰ ਸੰਗ ਰਖਾਇੰਦਾ । ਨਾ ਕੋਈ ਜਾਣੇ ਆਦਿ ਅੰਤ, ਆਪਣੀ ਗੋਦ ਬਹਾਇੰਦਾ । ਹਰਿ ਕਾ ਨਾਉਂ ਮਣੀਆ ਮੰਤ, ਹਰਿ ਨਿਰੰਕਾਰਾ ਆਪ ਦ੍ਰਿੜਾਇੰਦਾ । ਖੇਲਣਾ ਖੇਲ ਜੁਗਾ ਜੁਗੰਤ, ਜੁਗ ਜੁਗ ਤੇਰੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕਾ ਵਾਰ ਸੁਣਾਇੰਦਾ । ਸਤਿ ਸੰਦੇਸ਼ਾ ਲੈਣਾ ਸੁਣ, ਹਰਿ ਜੂ ਕਰੇ ਜਣਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਸਚਖੰਡ ਵੱਜੇ ਵਧਾਈਆ । ਥਿਰ ਘਰ ਸੁਹਾਏ ਆਪਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਅਨਭਵ ਪਰਕਾਸ਼ ਆਪੇ ਉਠ, ਅਸੁੱਤੇ ਪਰਕਾਸ਼ ਆਪ ਕਰਾਈਆ । ਦੀਨ ਦਿਆਲ ਠਾਕਰ ਸਵਾਮੀ ਸਾਹਿਬ ਸਤਿਗੁਰ ਆਪੇ ਤੁਠ, ਆਪਣੀ ਇਛਿਆ ਸਾਚੀ ਭਿਛਿਆ ਆਪੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਸਾਚੀ ਧਾਰ, ਦੇਵਣਹਾਰਾ ਏਕੰਕਾਰ, ਇਕ ਇਕੱਲਾ ਦਏ ਸਮਝਾਈਆ । ਇਕ ਇਕੱਲਾ ਏਕੰਕਾਰਾ, ਏਕਾ ਏਕ ਖੇਲ ਕਰਾਇੰਦਾ । ਇਕ ਮਹੱਲ ਇਕ ਮਨਾਰਾ, ਏਕਾ ਆਸਣ ਲਾਇੰਦਾ । ਏਕਾ ਸੁਤ ਇਕ ਦੁਲਾਰਾ, ਏਕਾ ਹੁਕਮ ਜਣਾਇੰਦਾ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਖੁਲ੍ਹਾਇੰਦਾ । ਏਕਾ ਵਸਤ ਦਏ ਹਰਿ ਥਾਰਾ, ਨਜ਼ਰ ਕਿਸੇ ਨਾ ਆਇੰਦਾ । ਦਰ ਘਰ ਸਾਚੇ ਕਰ ਪਿਆਰਾ, ਬਣ ਜਨਨੀ ਜਨ ਸਾਚਾ ਸੁਤ ਗੋਦ ਬਹਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਇੰਦਾ । ਸਾਚਾ ਵੇਸ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਸੁਤ ਦੁਲਾਰੇ ਦੇਵੇ ਦਾਨ, ਦਾਤਾ ਦਾਨੀ ਵਡ ਵਡਿਆਈਆ । ਤੇਰਾ ਉਪਜਾਏ ਸਚ ਨਿਸ਼ਾਨ, ਬੇਅੰਤ ਬੇਪਰਵਾਹੀਆ । ਵਿਸ਼ਨੂੰ ਵਿਸ਼ਵ ਕਰ ਪਰਵਾਨ, ਵਾਸਤਕ ਆਪਣੇ ਰੰਗ ਰੰਗਾਈਆ । ਏਕਾ ਅੰਮ੍ਰਿਤ ਪੀਣ ਖਾਣ, ਕਵਲ ਕਵਲਾ ਆਪ ਟਿਕਾਈਆ । ਬ੍ਰਹਮਾ ਬ੍ਰਹਮ ਕਰ ਪਰਧਾਨ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਬਣ ਵਿਚੋਲਾ ਨੌਜਵਾਨ, ਆਪਣਾ ਖੇਲ ਦਏ ਸਮਝਾਈਆ । ਸੁਨ ਅਗੰਮ ਵੇਖਣਹਾਰਾ ਧੂਆਂਧਾਰ ਸੁੰਞ ਮਸਾਣ, ਅਨਡਿਠ ਆਪਣਾ ਰਾਹ ਚਲਾਈਆ । ਸ਼ੰਕਰ ਮੇਲ ਸ੍ਰੀ ਭਗਵਾਨ, ਕੰਕਰ ਕੰਕਰ ਆਪਣਾ ਮਰਦੰਗ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਸਾਚਾ ਖੇਲ ਹਰਿ ਕਰਤਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਸਚ ਪ੍ਰੀਤੀ ਇਕ ਜਣਾਇੰਦਾ । ਏਕਾ ਮੰਦਰ ਇਕ ਦੁਆਰਾ, ਏਕਾ ਘਰ ਵਖਾਇੰਦਾ । ਏਕਾ ਇਸ਼ਟ ਨਿਰਗੁਣ ਜੋਤ ਨਿਰਾਕਾਰਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਏਕਾ ਦੇਵਣਹਾਰ ਭੰਡਾਰਾ, ਅਤੋਟ ਅਤੁਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਏਕਾ ਏਕ, ਏਕੰਕਾਰਾ ਆਪ ਜਣਾਈਆ । ਵਿਸ਼ਨੂੰ ਦੇਵੇ ਵਿਸ਼ਵ ਟੇਕ, ਸਿਰ ਆਪਣਾ ਹੱਥ ਟਿਕਾਈਆ । ਪਾਰਬ੍ਰਹਮ ਹਰਿ ਜੂ ਨੇਤਰ ਪੇਖ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ੰਕਰ ਕਰੇ ਸਾਚਾ ਹੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਈਆ । ਸਚ ਸੰਦੇਸ਼ਾ ਹਰਿ ਹਰਿ ਨਾਉਂ, ਏਕਾ ਏਕ ਜਣਾਇੰਦਾ । ਆਪੇ ਵਸੇ ਹਰ ਘਟ ਥਾਉਂ, ਘਟ ਘਟ ਡੇਰਾ ਲਾਇੰਦਾ । ਪਕੜਨਹਾਰਾ ਦਰਗਹਿ ਸਾਚੀ ਬਾਹੋਂ, ਸਚਖੰਡ ਸਾਚੇ ਡੇਰਾ ਲਾਇੰਦਾ । ਤਖ਼ਤ ਨਿਵਾਸੀ ਕਰੇ ਸਚ ਨਿਆਉਂ, ਸ਼ਾਹ ਪਾਤਸ਼ਾਹ ਅਭੁੱਲ ਭੁੱਲ ਕਦੇ ਨਾ ਜਾਇੰਦਾ । ਆਪੇ ਪਿਤਾ ਆਪੇ ਮਾਉਂ, ਪੂਤ ਸਪੂਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਇੰਦਾ । ਧੁਰ ਸੰਦੇਸ਼ਾ ਧੁਰਦਰਗਾਹੀ, ਹਰਿ ਹਰਿ ਆਪ ਜਣਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾਈ, ਨੂਰ ਨੁਰਾਨਾ ਡਗਮਗਾਈਆ । ਸਾਚਾ ਮੰਦਰ ਰਿਹਾ ਸੁਹਾਈ, ਘਰ ਵਸੇ ਸੱਚਾ ਮਾਹੀਆ । ਬੇਐਬ ਪਰਵਰਦਿਗਾਰ ਨਾਉਂ ਖ਼ੁਦਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਪੁਰਖ ਵਡਿਆਈਆ । ਆਦਿ ਪੁਰਖ ਸ੍ਰੀ ਭਗਵਾਨਾ, ਨਰ ਹਰਿ ਆਪਣਾ ਖੇਲ ਕਰਾਇੰਦਾ । ਤ੍ਰੈ ਤ੍ਰੈ ਦੇਵੇ ਏਕਾ ਦਾਨਾ, ਤ੍ਰੈਗੁਣ ਝੋਲੀ ਪਾਇੰਦਾ । ਰਜੋ ਤਮੋ ਸਤਿ ਨਿਸ਼ਾਨਾ, ਸਤਿ ਸਤਿਵਾਦੀ ਆਪ ਵਖਾਇੰਦਾ । ਪੰਚਮ ਬੰਨ੍ਹੇ ਏਕਾ ਗਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਇਕ ਵਖਾਇੰਦਾ । ਖੇਲੇ ਖੇਲ ਦੋ ਜਹਾਨਾਂ, ਦੋਏ ਦੋਏ ਆਪਣੀ ਧਾਰ ਚਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਰਵਾਨਾ, ਰਵ ਸਸ ਸੂਰਜ ਚੰਨ ਕਿਰਨ ਕਿਰਨ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹੁਕਮਰਾਨ, ਹਰਿ ਸਾਚਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਨਾ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਲੱਖ ਚੁਰਾਸੀ ਹੋਏ ਪਰਧਾਨ, ਤ੍ਰੈ ਪੰਜ ਏਕਾ ਬੰਧਨ ਪਾਈਆ । ਆਤਮ ਪਰਮਾਤਮ ਖੇਲ ਕਰੇ ਮਹਾਨ, ਈਸ਼ ਜੀਵ ਦਏ ਵਡਿਆਈਆ । ਬ੍ਰਹਮ ਪਾਰਬ੍ਰਹਮ ਝੁਲਾਏ ਨਿਸ਼ਾਨ, ਸਤਿ ਨਿਸ਼ਾਨਾ ਦਏ ਵਖਾਈਆ । ਬੋਧ

ਅਗਾਧੀ ਇਕ ਗਿਆਨ, ਆਪਣਾ ਨਾਉਂ ਕਰੇ ਪੜ੍ਹਾਈਆ । ਸਰਗੁਣ ਰੂਪ ਵਿਚ ਜਹਾਨ, ਸਾਖ਼ਯਾਤ ਦਏ ਵਖਾਈਆ । ਨੌਂ ਦੁਆਰੇ ਖੋਲ੍ਹ ਦੁਕਾਨ, ਜਗਤ ਤ੍ਰਿਸ਼ਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਸਮਝਾਈਆ । ਸਾਚਾ ਭੇਵ ਹਰਿ ਜੂ ਖੋਲ੍ਹ, ਏਕਾ ਏਕ ਜਣਾਇੰਦਾ । ਨਿਸ਼ਅੱਖਰ ਅੰਤਰ ਆਪੇ ਬੋਲ, ਏਕਾ ਰਾਗ ਅਲਾਇੰਦਾ । ਲੱਖ ਚੁਰਾਸੀ ਤੋਲਣਾ ਤੋਲ, ਨਾਮ ਕੰਡਾ ਹੱਥ ਫੜਾਇੰਦਾ । ਘਟ ਘਟ ਅੰਦਰ ਜਾਏ ਮੌਲ, ਮੌਲਾ ਏਕਾ ਰੂਪ ਵਟਾਇੰਦਾ । ਗ੍ਰਿਹਿ ਗ੍ਰਿਹਿ ਰੱਖੇ ਆਪਣਾ ਕੌਲ, ਕਵਲ ਨਾਭੀ ਅੰਮ੍ਰਿਤ ਆਪ ਭਰਾਇੰਦਾ । ਨਿਰਗੁਣ ਜੋਤ ਪ੍ਰਗਟ ਹੋ ਉਪਰ ਧੌਲ, ਜੋਤ ਨਿਰੰਜਣ ਡਗਮਗਾਇੰਦਾ । ਨਿਰਗੁਣ ਸਰਗੁਣ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਬਜ਼ਰ ਕਪਾਟੀ ਪਰਦਾ ਓਹਲ, ਮਾਇਆ ਮਮਤਾ ਸੰਗ ਰਲਾਇੰਦਾ । ਪੰਚ ਵਿਕਾਰਾ ਕਰੇ ਘੋਲ, ਕਾਮ ਕ੍ਰੋਧ ਲੋਭ ਮੋਹ ਹੰਕਾਰ ਅੰਗ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਜਣਾਇੰਦਾ । ਸਚ ਸੁਨੇਹੁੜਾ ਹਰਿ ਨਿਰੰਕਾਰਾ, ਏਕਾ ਏਕ ਜਣਾਈਆ । ਲੱਖ ਚੁਰਾਸੀ ਕਰ ਪਸਾਰਾ, ਪਸਰ ਪਸਾਰੀ ਵੇਖ ਵਖਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰਾ, ਧਰਨੀ ਧਰਤ ਧਵਲ ਦਏ ਵਡਿਆਈਆ । ਜਲ ਬਿੰਬ ਵੇਖਣਹਾਰ ਅਖਾੜਾ, ਪਵਣ ਪਵਣਾਂ ਨਾਲ ਸਮਾਈਆ । ਆਤਮ ਪਰਮਾਤਮ ਦੇ ਆਧਾਰਾ, ਗੁਰ ਗੁਰ ਸ਼ਬਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਜਣਾਈਆ । ਸਾਚੀ ਖੇਲ ਵੰਡੇ ਵੰਡ, ਵੰਡਣਹਾਰ ਭੇਵ ਨਾ ਆਇੰਦਾ । ਨਾਤਾ ਜੋੜ ਜੇਰਜ ਅੰਡ, ਉਤਭੁਜ ਸੇਤਜ ਖੇਲ ਕਰਾਇੰਦਾ । ਚਾਰ ਵੇਦ ਗਾਏ ਛੰਦ, ਬ੍ਰਹਮਾ ਆਪਣਾ ਮੁਖ ਸਾਲਾਹਿੰਦਾ । ਚਾਰੇ ਬਾਣੀ ਇਕ ਅਨੰਦ, ਪਰਾ ਪਸੰਤੀ ਮਧਮ ਬੈਖ਼ਰੀ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੇ ਵੰਡ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਦੇਵੇ ਵੰਡ, ਵੇਸ ਅਨੇਕ ਵਟਾਇੰਦਾ । ਪੰਜ ਤਤ ਕਾਇਆ ਚੋਲੇ ਚਾੜ੍ਹੇ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਸਦਾ ਸੁਹੇਲਾ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਵਖਾਇੰਦਾ । ਭਰਮ ਭੁਲੇਖਾ ਦੂਈ ਦਵੈਤੀ ਹਉਮੇ ਹੰਗਤਾ ਢਾਹੇ ਕੰਧ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਸਰਗੁਣ ਧਾਰ, ਹਰਿ ਜੂ ਹਰਿ ਹਰਿ ਆਪ ਚਲਾਈਆ । ਸੇਵਾ ਲਾ ਗੁਰ ਅਵਤਾਰ, ਜੁਗ ਜੁਗ ਵੇਖ ਵਖਾਈਆ । ਪੀਰ ਪੈਗ਼ੰਬਰ ਦਏ ਆਧਾਰ, ਦਸਤਗੀਰ ਦਸਤ ਮਿਲਾਈਆ । ਗੁਰ ਗੁਰ ਸ਼ਬਦੀ ਖੋਲ੍ਹ ਕਿਵਾੜ, ਗਿਆਨ ਧਿਆਨ ਇਕ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਭਗਤ ਭਗਵੰਤ ਕਰ ਪਰਧਾਨ, ਜਗਤ ਪਰਧਾਨਗੀ ਦਏ ਵਡਿਆਈਆ । ਸਾਚੇ ਸੰਤਾਂ ਮੇਲਾ ਸੁਰਤੀ ਸ਼ਬਦੀ ਗੋਪੀ ਕਾਹਨ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪ ਮਿਲਾਇੰਦਾ । ਗੁਰਮੁਖ ਕਾਇਆ ਮੰਦਰ ਅੰਦਰ ਵੇਖਣ ਸਚ ਮਕਾਨ, ਹਰਿ ਮੰਦਰ ਆਪ ਸੁਹਾਇੰਦਾ । ਗੁਰਸਿਖ ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਨਾ ਲਾਗੇ ਰਾਈਆ । ਚੌਦਾਂ ਲੋਕ ਖੋਲ੍ਹ ਦੁਕਾਨ, ਹਰਿ ਜੂ ਏਕਾ ਹੱਟ ਖੁਲ੍ਹਾਈਆ । ਚੌਦਾਂ ਤਬਕਾਂ ਦੇ ਨਿਸ਼ਾਨ, ਸਚ ਨਿਸ਼ਾਨਾ ਦਏ ਪਰਗਟਾਈਆ । ਲੇਖਾ ਜਾਣੇ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸਾਚਾ ਭੇਵ ਪੁਰਖ ਅਗੰਮ, ਆਦਿ ਜੁਗਾਦਿ ਚੁਕਾਇੰਦਾ । ਆਪੇ ਜਾਣੇ ਆਪਣਾ

੨੫੬
੧੨

ਕੰਮ, ਦੂਸਰ ਅੰਤ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਵਾਪਰ ਕਲਜੁਗ ਬੇੜ੍ਹਾ ਬੰਨ੍ਹ, ਗੁਰ ਅਵਤਾਰਾਂ ਵੇਖ ਵਖਾਇੰਦਾ । ਸੁਣਾਵਣਹਾਰਾ ਰਾਗ ਅਨਾਦੀ ਏਕਾ ਕੰਨ, ਬਿਨ ਰਸਨਾ ਜਿਹਵਾ ਗਾਇੰਦਾ । ਲੱਖ ਚੁਰਾਸੀ ਘੜੇ ਲਏ ਭੰਨ, ਘੜਨ ਭੰਨਣਹਾਰ ਆਪਣਾ ਹੁਕਮ ਵਰਤਾਇੰਦਾ । ਹੁਕਮੇ ਅੰਦਰ ਸੂਰਜ ਚੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਖੇਲ ਅਪਾਰਾ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਗੁਰ ਅਵਤਾਰਾਂ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਲੋਕਮਾਤ ਕਰ ਵਣਜਾਰਾ, ਵਣਜ ਵਪਾਰੀ ਹੱਟ ਚਲਾਈਆ । ਲਹਿਣਾ ਜਾਣੇ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਲੇਖਾ ਜਾਣੇ ਚਾਰ ਯਾਰਾ, ਯਾਰੀ ਯਾਰਾਂ ਨਾਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਸਾਚਾ ਖੇਲ ਹਰਿ ਭਗਵੰਤ, ਆਦਿ ਜੁਗਾਦਿ ਕਰਾਇੰਦਾ । ਗੁਰ ਗੁਰ ਵੇਸ ਨਾਰੀ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਰਸਨਾ ਜਿਹਵਾ ਨਾਉਂ ਮਣੀਆ ਮੰਤ, ਮਨ ਮਣਕਾ ਆਪ ਭੁਵਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਵੇਖ ਵਖਾਇੰਦਾ । ਜੁਗ ਜੁਗ ਬਣਾਏ ਬਣਤ, ਜੁਗ ਜੁਗ ਖੇੜਾ ਆਪੇ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਆਪਣਾ ਰੰਗ ਹਰਿ ਰੰਗੀਲਾ, ਏਕੰਕਾਰਾ ਆਪ ਜਣਾਈਆ । ਆਦਿ ਜੁਗਾਦੀ ਛੈਲ ਛਬੀਲਾ, ਬਿਰਧ ਬਾਲ ਨਾ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਬਣਾ ਕਬੀਲਾ, ਹੁਕਮੀ ਹੁਕਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਦਸ ਧਾਰ ਵੇਖ ਵਖਾਈਆ । ਏਕਾ ਜੋਤੀ ਦਹਿ ਦਿਸ਼ ਧਾਰ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਨਾਨਕ ਗੋਬਿੰਦ ਸਾਚੀ ਧਾਰ, ਗੁਰ ਗੁਰ ਵੇਸ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈ ਆਪਣੇ ਨਾਮ ਕਰਾਇੰਦਾ । ਨਾਮ ਸਤਿ ਸਤਿ ਆਧਾਰ, ਫ਼ਤਹਿ ਡੰਕਾ ਇਕ ਵਜਾਇੰਦਾ । ਪੰਚਮ ਪੰਚ ਪੰਚ ਪਿਆਰ, ਪੰਚ ਪਰਵਾਨ ਆਪ ਵਖਾਇੰਦਾ । ਗਾਨਾਂ ਬੰਨ੍ਹੇ ਵਾਲੀ ਦੋ ਜਹਾਨ, ਨਜ਼ਰ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਔਧ ਮੁੱਕੀ ਆਣ, ਲੇਖਾ ਲੇਖੇ ਸਭ ਦਾ ਪਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੀਤੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਵੇਲਾ ਅੰਤਮ ਆਇਆ, ਹਰਿ ਜੂ ਆਪਣੀ ਖੇਲ ਕਰਾਈਆ । ਸਚਖੰਡ ਦੁਆਰਾ ਇਕ ਸੁਹਾਇਆ, ਦਰ ਘਰ ਸਾਚੇ ਵੱਜੀ ਵਧਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਦਰ ਬੁਲਾਇਆ, ਹੁਕਮੀ ਹੁਕਮ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਦਰ, ਦਰ ਬੈਠੇ ਸੀਸ ਝੁਕਾਈਆ । ਸਤਿਗੁਰ ਫੜਿਆ ਤੇਰਾ ਲੜ, ਦੂਸਰ ਓਟ ਨਾ ਕੋਇ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਅੱਖਰ ਆਏ ਪੜ੍ਹ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜ਼ਾਤ ਪਾਤ ਦੀਨ ਮਜ਼੍ਹਬ ਵਰਨ ਬਰਨ ਸ਼ਰਅ ਸ਼ਰੀਅਤ ਆਏ ਲੜ, ਜੀਵ ਜੰਤ ਕਰ ਲੜਾਈਆ । ਤੇਰੇ ਵਿਛੋੜੇ ਵੈਰਾਗ ਅੰਦਰ ਆਏ ਸੜ, ਤੇਰੀ ਬਿਰਹੋਂ ਟਿਕਣ ਨਾ ਦੇਵੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਬੀਤੇ ਸ੍ਰਿਸ਼ਟ ਸਬਾਈ ਗਈ ਛਲ, ਅਛਲ ਅਛੱਲ ਤੇਰੀ ਵਡਿਆਈਆ । ਤੇਰੇ ਦੁਆਰੇ ਆਏ ਚਲ, ਨਿਹਚਲ

੨੫੭
੧੨

ਧਾਮ ਬੈਠਾ ਆਸਣ ਲਾਈਆ । ਨੇਤਰ ਨੈਣ ਤੱਕ ਸਾਡੇ ਵਲ, ਦਰਸ ਪਿਆਸੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸ੍ਰੀ ਭਗਵਾਨ, ਹਰਿ ਜੂ ਏਕਾ ਏਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਕਰੋ ਧਿਆਨ, ਨੇਤਰ ਨੈਣ ਇਕ ਖੁਲ੍ਹਾਇੰਦਾ । ਕਲਜੁਗ ਅੰਤਮ ਵੇਲਾ ਚੁਕਿਆ ਆਣ, ਚਾਰ ਕੁੰਟ ਡੰਕ ਨਾ ਕੋਇ ਵਜਾਇੰਦਾ । ਨੌਂ ਖੰਡ ਪ੍ਰਿਥਮੀ ਨੇਤਰ ਪੇਖੋ ਜੀਵ ਜੰਤ ਹੋਏ ਸ਼ੈਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਪ੍ਰਭ ਤੇਰੀ ਵਡ ਵਡਿਆਈਆ । ਬਿਨ ਤੇਰੇ ਕੋਈ ਨਾ ਦਿਸੇ ਸਾਚਾ ਨੈਣ, ਜਗ ਨੇਤਰ ਕੰਮ ਕਿਸੇ ਨਾ ਆਈਆ । ਜੁਗ ਜੁਗ ਚੁਕਾਏ ਲਹਿਣਾ ਦੇਣ, ਤੇਰੇ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਮੰਗੀ ਮੰਗ ਸਚ ਦੁਆਰ, ਏਕਾ ਝੋਲੀ ਰਹੇ ਵਖਾਈਆ । ਇਕੱਠੇ ਹੋਏ ਏਕਾ ਵਾਰ, ਚਾਰ ਜੁਗ ਵਿਛੜੇ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਨਾਉਂ ਲੋਕਮਾਤ ਗੌਂਦੇ ਰਹੇ ਵਾਰੋ ਵਾਰ, ਰੂਪ ਅਨੂਪ ਅਨੂਪ ਵਟਾਈਆ । ਨਿਉਂ ਨਿਉਂ ਸਜਦਾ ਕਰਦੇ ਰਹੇ ਸੰਸਾਰ, ਵਾਹਵਾ ਤੇਰੀ ਵਡਿਆਈਆ । ਤੂੰ ਕਰਤਾ ਕਰੀਮ ਪਰਵਰਦਿਗਾਰ, ਰਹਿਮਤ ਤੇਰੀ ਇਕੋ ਭਾਈਆ । ਸਦਾ ਸਲਾਮਤ ਰਹੇਂ ਸਚਖੰਡ ਦੁਆਰ, ਨਾ ਮਰੇ ਨਾ ਜਾਈਆ । ਗੁਰ ਅਵਤਾਰ ਤੇਰੇ ਬਰਦੇ ਸੇਵਾਦਾਰ, ਪੀਰ ਪੈਗ਼ੰਬਰ ਦਰ ਦਰਵੇਸ਼ ਬੈਠੇ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਡੀ ਪੂਰੀ ਆਸ ਕਰਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਅੱਗੋਂ ਪਿਆ ਹੱਸ, ਹੱਸ ਹੱਸ ਆਪ ਸੁਣਾਇੰਦਾ । ਇਕ ਦੂਜੇ ਨੂੰ ਦਿਓ ਦੱਸ, ਕਲਜੁਗ ਵੇਲਾ ਅੰਤਮ ਆਇੰਦਾ । ਲੋਕਮਾਤ ਚੋਂ ਆਏ ਨੱਸ, ਸਚ ਦੁਆਰਾ ਏਕਾ ਭਾਇੰਦਾ । ਅੱਗੇ ਖੇਲ ਕਰੇ ਪੁਰਖ ਸਮਰਥ, ਨੱਥ ਆਪਣੇ ਹੱਥ ਵਖਾਇੰਦਾ । ਜੂਠਾ ਝੂਠਾ ਡੇਰਾ ਕਰੇ ਭੱਠ, ਭੱਠ ਖੇੜਾ ਆਪ ਕਰਾਇੰਦਾ । ਚਾਰ ਵਰਨ ਸੁਣਾਏ ਏਕਾ ਜਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਲ ਮਿਲਾਇੰਦਾ । ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਘਰ ਘਰ ਦੀਪਕ ਆਪ ਜਗਾਇੰਦਾ । ਜਨ ਭਗਤਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸ਼, ਪ੍ਰਿਥਮ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਦ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚੜ੍ਹਿਆ ਚਾਅ, ਚਾਓ ਘਨੇਰਾ ਇਕ ਰਖਾਈਆ । ਧੰਨ ਵਡਿਆਈ ਪਾਰਬ੍ਰਹਮ ਪ੍ਰਭ ਬਣੇ ਮਲਾਹ, ਬੇੜਾ ਲੋਕਮਾਤ ਚਲਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਦੇਵੇ ਇਕ ਸਲਾਹ, ਏਕਾ ਅੱਖਰ ਦਏ ਸਮਝਾਈਆ । ਆਦਿ ਪੁਰਖ ਇਕ ਜਣਾਏ ਆਪਣਾ ਨਾਂ, ਆਪਣਾ ਨਾਉਂ ਅੰਤਮ ਅੰਤ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪੇ ਵੇਖ ਵਖਾਈਆ । ਗੁਰ ਅਵਤਾਰ ਉਠ ਉਠ ਵੇਖਣ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਜ਼ਾਤ ਪਾਤ ਦੀ ਮੇਟੇ ਰੇਖਨ, ਵਰਨ ਬਰਨ ਨਾ ਕੋਇ ਰਖਾਇੰਦਾ । ਵਸਣਹਾਰਾ ਦੇਸ ਪਰਦੇਸਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਿਆਂ ਚਰਨਾਂ ਹੇਠ ਦਬਾਇੰਦਾ । ਨਿਰਾਕਾਰ ਨਿਰਵੈਰ ਧਰਿਆ ਭੇਸਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸੀਸ ਝੁਕਾਏ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ, ਸੁਰਪਤ ਇੰਦ ਨਾਲ ਮਿਲਾਇੰਦਾ । ਚਤੁਰਭੁਜ ਨੇਤਰ ਨੈਣ ਆਪੇ ਪੇਖਾ, ਆਦਿ ਸ਼ਕਤ ਨੂਰ

ਨੁਰਾਨਾ ਨੂਰੋ ਨੂਰ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਗੌਣ ਗੀਤ, ਹਰਿ ਜੂ ਹਰਿ ਹਰਿ ਖੇਲ ਕਰਾਈਆ । ਅਸੀਂ ਵੰਡਾਂ ਕਰ ਕਰ ਆਏ ਮੰਦਰ ਮਸਜਿਦ ਮੱਠ ਮਸੀਤ, ਸ਼ਿਵਦੁਆਲੇ ਗੁਰ ਦਰ ਵੰਡ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੱਸੇ ਇਕੋ ਰੀਤ, ਬਿਨ ਹਰਿ ਅਵਰ ਨਾ ਕੋਇ ਸਹਾਈਆ । ਕਾਇਆ ਅੰਦਰ ਸਾਚੇ ਮੰਦਰ ਉਚ ਮਹੱਲੇ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਏਕਾ ਰੰਗ ਰੰਗਾਏ ਹਸਤ ਕੀਟ, ਰਾਉ ਰੰਕ ਨਾ ਕੋਇ ਵਖਾਈਆ । ਕਲਜੁਗ ਅੰਤਮ ਖੇਲ ਕਰੇ ਅਨਡੀਠ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸਾਲਾਹੀਆ । ਨਿਰਧਨ ਸਰਧਨ ਵਸੇ ਚੀਤ, ਚੇਤਨ ਆਪਣਾ ਰੂਪ ਧਰਾਈਆ । ਆਤਮ ਪਰਮਾਤਮ ਬੰਨ੍ਹੇ ਰੀਤ, ਪਤਤ ਪੁਨੀਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਏ ਵਡਿਆਈਆ । ਗੁਰ ਅਵਤਾਰਾਂ ਚੜ੍ਹਿਆ ਰੰਗ, ਸਚਖੰਡ ਸਾਚੇ ਆਪ ਰੰਗਾਇਆ । ਕਰੇ ਖੇਲ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਲੱਖ ਚੁਰਾਸੀ ਆਤਮ ਸੇਜਾ ਵੇਖੇ ਪਲੰਘ, ਘਰ ਘਰ ਮੰਦਰ ਆਪ ਉਪਾਇਆ । ਨਿਰਗੁਣ ਅਨਹਦ ਅਨਾਦ ਵਜਾਏ ਮਰਦੰਗ, ਅਨਹਤ ਆਪਣੀ ਸੇਵਾ ਲਾਇਆ । ਅੰਮ੍ਰਿਤ ਸਰੋਵਰ ਸਾਚੀ ਧਾਰ ਵਹਾਏ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਿਉਂ ਨਿਉਂ ਸੀਸ ਝੁਕਾਇਆ । ਘਰ ਮੰਦਰ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇਆ । ਗੁਰ ਅਵਤਾਰ ਸਾਰੇ ਗੌਣ ਛੰਦ, ਪੁਰਖ ਅਬਿਨਾਸ਼ੀ ਢੋਲਾ ਇਕ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਨਾ ਕਿਸੇ ਜਣਾਇਆ । ਹਰਿ ਕਾ ਭੇਵ ਨਾ ਪਾਏ ਕੋਈ ਅੰਤ, ਬੇਅੰਤ ਬੇਅੰਤ ਬੇਅੰਤ ਕਹਿ ਕਰ ਗੁਰ ਅਵਤਾਰ ਪੱਲੂ ਗਏ ਛੁਡਾਈਆ । ਸ੍ਰਿਸ਼ਟ ਸਬਾਈ ਏਕਾ ਕੰਤ, ਲੱਖ ਚੁਰਾਸੀ ਨਰ ਨਰਾਇਣ ਨਿਰਗੁਣ ਸਰਗੁਣ ਲਏ ਪਰਨਾਈਆ । ਵੇਸ ਵਟਾਏ ਆਦਿ ਅੰਤ ਜੁਗਾ ਜੁਗੰਤ, ਪੰਜ ਤਤ ਕਾਇਆ ਚੋਲੇ ਦਏ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਘੱਲਦਾ ਰਿਹਾ ਭਗਤ ਭਗਵੰਤ ਸਾਚੇ ਸੰਤ, ਸਤਿ ਅਸਤਿ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਪਾਏ ਫੇਰਾ, ਬੇਫ਼ਿਕਰ ਬੇਪਰਵਾਹੀਆ । ਨਵ ਨੌਂ ਚਾਰ ਕਰੇ ਨਬੇੜਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਲੋਕਮਾਤ ਸਚਖੰਡ ਵਖਾਏ ਸਾਚੇ ਡੇਰਾ, ਡੇਰਾ ਆਪਣਾ ਆਪੇ ਲਾਈਆ । ਮੇਟਣਹਾਰ ਚੁਰਾਸੀ ਗੇੜਾ, ਜਮ ਕੀ ਫਾਸੀ ਦਏ ਕਟਾਈਆ । ਧਰਤ ਧਵਲ ਤੇਰਾ ਖੁਲ੍ਹਾ ਕਰੇ ਵੇਹੜਾ, ਧਰਨੀ ਹੋਏ ਆਪ ਸਹਾਈਆ । ਤ੍ਰੈਗੁਣ ਮਾਇਆ ਤੇਰਾ ਕੱਟੇ ਜੇੜਾ, ਬੰਧਨ ਬੰਧ ਕੋਇ ਰਹਿਣ ਨਾ ਪਾਈਆ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ, ਤੂੰ ਮੇਰਾ ਮੈਂ ਤੇਰਾ, ਸੋਹੰ ਗੀਤ ਸਾਚਾ ਢੋਲਾ ਗਾਈਆ । ਨਿਰਗੁਣ ਪੁਰਖ ਪਰਗਟ ਹੋਇਆ ਨਾਉਂ ਰਖਾਇਆ ਸਿੰਘ ਸ਼ੇਰਾ, ਸ਼ੇਅਰ ਆਪਣਾ ਦਏ ਸੁਣਾਈਆ । ਗ਼ਰੀਬ ਨਿਮਾਣੇ ਤਾਰੇ ਕਰ ਕਰ ਮਿਹਰਾਂ, ਮਿਹਰ ਨਜ਼ਰ ਬੇਨਜ਼ੀਰ ਆਪਣੀ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦਏ ਚੁਕਾਈਆ । ਸਾਚਾ ਲਹਿਣਾ ਵਿਚ ਸੰਸਾਰ, ਹਰਿ ਜੂ ਹਰਿ ਹਰਿ ਆਪ ਚੁਕਾਇੰਦਾ । ਲੇਖਾ ਜਾਣੇ ਆਪ ਕਰਤਾਰ, ਕਰਤਾ ਪੁਰਖ ਕੁਦਰਤ ਕਾਦਰ ਵੇਖ ਵਖਾਇੰਦਾ । ਜੁਗ ਜੁਗ ਵਿਛੜੇ ਮੇਲੇ ਯਾਰ, ਜਨਮ ਵਿਛੋੜਾ ਪੰਧ ਕਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਕਰੇ ਪਿਆਰ,

ਪ੍ਰੇਮ ਪਿਆਰ ਵੇਖ ਵਖਾਇੰਦਾ । ਸਤਿਜੁਗ ਦੀ ਸਾਚੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਪੂਰਬ ਲੇਖਾ ਲਏ ਵਿਚਾਰ, ਵੇਦ ਵਿਆਸਾ ਢੋਲਾ ਗਾਇੰਦਾ । ਈਸਾ ਮੁਹੰਮਦ ਕਰ ਕੇ ਗਏ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਪਰਦਾ ਲਾਹਿੰਦਾ । ਨਾਨਕ ਨਿਰਗੁਣ ਵਾਜਾਂ ਰਿਹਾ ਮਾਰ, ਮਹਾਬਲੀ ਆਪਣੇ ਵਾਰੇ ਫੇਰਾ ਪਾਇੰਦਾ । ਗੋਬਿੰਦ ਪੂਤ ਸਪੂਤਾ ਕਹੇ ਲਲਕਾਰ, ਕਲ ਅੰਤਮ ਕਲ ਕਲਕੀ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਡੰਕਾ ਵੱਜੇ ਅਪਾਰ, ਦੋ ਜਹਾਨਾਂ ਆਪ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਇਣ ਖ਼ਬਰਦਾਰ, ਤ੍ਰੈਗੁਣ ਮਾਇਆ ਨਾਲ ਉਠਾਇੰਦਾ । ਪੰਚਮ ਪਰਦਾ ਦੇਵੇ ਪਾੜ, ਲੇਖਾ ਜਾਣ ਤੇਈ ਅਵਤਾਰ, ਭਗਤ ਭਗਵੰਤ ਸੰਗ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਿਰਪਾ ਆਪਣੀ ਆਪ ਕਮਾਇੰਦਾ । ਸਾਚੀ ਕਿਰਪਾ ਕਰਨੇ ਯੋਗ, ਯੁਗਤੀ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਸਦਾ ਸੰਜੋਗ, ਨਿਰਗੁਣ ਸਰਗੁਣ ਮੇਲ ਮਿਲਾਈਆ । ਆਤਮ ਪਰਮਾਤਮ ਭੋਗੇ ਭੋਗ, ਭਸਮੜ ਰੂਪ ਨਜ਼ਰ ਨਾ ਆਈਆ । ਭਗਤ ਭਗਵੰਤ ਗੁਰ ਅਵਤਾਰ ਪੀਰ ਪੈਗ਼ੰਬਰ ਜਣਾਏ ਏਕਾ ਓਟ, ਓਟ ਆਪਣੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਲੇਖਾ ਲੇਖੇ ਪਾਈਆ । ਸਾਚਾ ਲੇਖਾ ਲੇਖੇ ਜਾਏ ਲੱਗ, ਸ੍ਰੀ ਭਗਵਾਨ ਆਪ ਲਗਾਇੰਦਾ । ਚਾਰ ਜੁਗ ਜੋ ਰਹੇ ਅਲੱਗ, ਕਲਜੁਗ ਅੰਤਮ ਮੇਲ ਮਿਲਾਇੰਦਾ । ਤ੍ਰੈਗੁਣ ਅਗਨੀ ਬੁੱਝੇ ਅੱਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਆਤਮ ਅੰਤਰ ਇਕ ਵੈਰਾਗ, ਪੁਰਖ ਅਬਿਨਾਸ਼ੀ ਆਪ ਉਪਜਾਇੰਦਾ । ਹਰਿ ਜੂ ਮਿਲੇ ਕੰਤ ਸੁਹਾਗ, ਜਗਤ ਦੁਹਾਗਣ ਨਾਤਾ ਤੋੜ

੨੬੦ ਤੁੜਾਇੰਦਾ । ਸੁਰਤ ਸਵਾਣੀ ਜਾਏ ਜਾਗ, ਸ਼ਬਦ ਹਾਣੀ ਮੇਲ ਕਰਾਇੰਦਾ । ਅਕੱਥ ਕਹਾਣੀ ਸੁਣਾਏ ਰਾਗ, ਅਨਭਵ ਅਨ ਦ੍ਰਿਸ਼ਟ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਖੇਲ ਖਲਾਏ ਏਕਾ ਏਕ, ਆਦਿ ਅੰਤ ੨੬੦

੧੨ ਵਡੀ ਵਡਿਆਈਆ । ਭਗਤ ਭਗਵੰਤ ਸਾਚੇ ਵੇਖ, ਲੋਕਮਾਤ ਲਏ ਜਗਾਈਆ । ਬਹੱਤਰਾਂ ਲਿਖਣਹਾਰਾ ਲੇਖ, ਲਿਖ ਲਿਖ ਲੇਖਾ ਦਏ ਸਮਝਾਈਆ । ੧੨

ਸੱਤਰਾਂ ਰੱਖੇ ਏਕਾ ਟੇਕ, ਚਰਨ ਸਰਨ ਸੱਚੀ ਸਰਨਾਈਆ । ਚੁਹੱਤਰਾਂ ਕਰੇ ਆਪ ਬਬੇਕ, ਵਵੇਕੀ ਆਪਣਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਸਾਚਾ ਲੇਖਾ ਲੇਖੇ ਜਾਏ ਲੱਗ, ਹਰਿ ਸਤਿਗੁਰ ਆਪ ਲਗਾਈਆ । ਭਗਤ ਭਗਵੰਤ ਸਾਚੇ ਸੱਦ, ਸਚ ਦੁਆਰੇ ਲਏ ਮਿਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਆਪਣੀ ਬੂਝ ਬੁਝਾਈਆ । ਅਨਹਦ ਰਾਗ ਸੁਣਾਏ ਨਦ, ਅਨਾਦੀ ਨਾਦ ਵਜਾਈਆ । ਲੇਖਾ ਜਾਣੇ ਵਿਸ਼ਵ ਯਦ, ਵਿਸ਼ਵ ਆਪਣਾ ਖੇਲ ਕਰਾਈਆ । ਪਾਰਬ੍ਰਹਮ ਬ੍ਰਹਮ ਵੇਖੇ ਹੱਦ, ਹਦੂਦ ਅਰਬਾ ਆਪ ਵੰਡਾਈਆ । ਜੀਵ ਜੰਤ ਲੱਖ ਚੁਰਾਸੀ ਹਰਿ ਜੂ ਦੇਵੇ ਛੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਚਲੇ ਜਹਾਨ, ਦੋ ਜਹਾਨਾਂ ਵਾਲੀ ਆਪ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਰਾਮ ਕਹੇ ਮੈਂ ਤੇਰਾ ਰਾਮ, ਕ੍ਰਿਸ਼ਨ ਕਹੇ ਮੈਂ ਤੇਰਾ ਨਿਸ਼ਾਨ, ਨਿਰਵੈਰ ਰੂਪ ਭੇਵ ਕੋਇ ਨਾ ਪਾਇੰਦਾ । ਈਸਾ ਕਹੇ ਤੂੰ ਮੇਰਾ ਅਮਾਮ, ਮੂਸਾ ਕਹੇ ਤੂੰ ਪਕੜੇਂ ਦਾਮ, ਮੁਹੰਮਦ ਕਹੇ ਪਿਆਏਂ ਜਾਮ, ਆਬ ਹਯਾਤ ਹੱਥ ਰਖਾਇੰਦਾ । ਚਾਰੇ ਯਾਰ ਸੁਣਨ ਪੈਗ਼ਾਮ, ਇਜ਼ਰਾਈਲ ਜਬਰਾਈਲ ਮੇਕਾਈਲ

ਅਸਰਾਫ਼ੀਲ ਸਾਚੀ ਸੇਵ ਕਮਾਇੰਦਾ । ਨਾਨਕ ਸਚਖੰਡ ਕਰੇ ਪਰਵਾਨ, ਨਾਮ ਸਤਿ ਮਿਲਿਆ ਦਾਨ, ਨਿਰਗੁਣ ਵੇਖੇ ਇਕ ਭਗਵਾਨ, ਦੂਸਰ ਨਜ਼ਰ ਕੋਇ ਨਾ ਪਾਇੰਦਾ । ਗੋਬਿੰਦ ਸੂਰਬੀਰ ਬਲਵਾਨ, ਖੜਗ ਖੰਡਾ ਤੇਜ਼ ਕਿਰਪਾਨ, ਚੰਡ ਪਰਚੰਡਾ ਬ੍ਰਹਿਮੰਡ ਖੰਡ ਸਰਬ ਕੁਰਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਚਰਨ ਕਵਲ ਕਰਨ ਸਰਬ ਧਿਆਨ, ਨਾਤਾ ਤੋੜ ਮਾਣ ਅਭਿਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਰਾਹ ਆਪ ਜਣਾਇੰਦਾ । ਸਾਚਾ ਰਾਹ ਸਚ ਮਹੱਲਾ, ਸਤਿ ਪੁਰਖ ਨਿਰੰਜਣ ਆਪ ਸਮਝਾਈਆ । ਕਲਜੁਗ ਅੰਤਮ ਰਹੇ ਅਟੱਲਾ, ਅਟੱਲ ਪਦਵੀ ਦਏ ਜਣਾਈਆ । ਸਚ ਸਿੰਘਾਸਣ ਹਰਿ ਜੂ ਮੱਲਾ, ਨਿਰਗੁਣ ਬੈਠਾ ਆਸਣ ਲਾਈਆ । ਭਗਤ ਭਗਵਾਨ ਫੜਾਏ ਪੱਲਾ, ਫੜਿਆ ਪੱਲੂ ਛੁੱਟ ਨਾ ਜਾਈਆ । ਜੋਤੀ ਸ਼ਬਦੀ ਆਪੇ ਰੱਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਸਚ ਸੰਦੇਸ਼ ਏਕਾ ਘੱਲਾ, ਦੋ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਈਆ । ਸਾਚੀ ਧਾਰਾ ਪੁਰਖ ਅਕਾਲ, ਤੇਰੀ ਸਭ ਨੂੰ ਭਾਈਆ । ਆਦਿ ਜੁਗਾਦੀ ਦੀਨ ਦਿਆਲ, ਕਾਲ ਮਹਾਕਾਲ ਤੇਰੀ ਸਰਨਾਈਆ । ਕਲਜੁਗ ਅੰਤ ਸੁਣਿਆਂ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਵਟਾਈਆ । ਭਗਤ ਭਗਵੰਤ ਲਏ ਭਾਲ, ਲੱਖ ਚੁਰਾਸੀ ਫੋਲ ਫੁਲਾਈਆ । ਨਾਤਾ ਤੋੜੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਘਾਲਣ ਆਏ ਘਾਲ, ਸੋ ਖ਼ਾਲਕ ਲੋਕਮਾਤ ਫੇਰਾ ਪਾਈਆ । ਕਲਜੁਗ ਅੰਤਮ ਬਣੇ ਦਲਾਲ, ਜਗਤ ਦਲਾਲੀ ਇਕ ਕਰਾਈਆ । ਹਕ਼ੀਕ਼ਤ ਵੇਖੇ ਹੱਕ ਹਲਾਲ, ਛੁਰੀ ਚਲਾਏ ਨਾ ਜਗਤ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਲਿਆ ਸੁਣ, ਹਰਿ ਜੂ ਹਰਿ ਹਰਿ ਆਪ ਸੁਣਾਇਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਬੇਅੰਤ ਤੇਰੀ ਵਡਿਆਇਆ । ਲੱਖ ਚੁਰਾਸੀ ਛਾਣ ਪੁਣ, ਹਰਿਜਨ ਸਾਚੇ ਲਏਂ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇਆ । ਦਰ ਘਰ ਸਾਚਾ ਸੋਭਨੀਕ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਤੇਰਾ ਦਿਸੇ ਨਾ ਕੋਇ ਸ਼ਰੀਕ, ਲਾਸ਼ਰੀਕ ਤੇਰੀ ਰੁਸ਼ਨਾਈਆ । ਚੌਦਾਂ ਤਬਕ ਮੇਟਣਹਾਰ ਤਾਰੀਕ, ਅੰਧ ਅੰਧੇਰ ਦਏਂ ਗਵਾਈਆ । ਸਦੀ ਚੌਧਵੀਂ ਵੇਖੇ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਪੀਰ ਪੈਗ਼ੰਬਰ ਤੇਰੇ ਦਰ ਤੇ ਮੰਗਦੇ ਰਹੇ ਭੀਖ਼, ਖ਼ਾਲੀ ਝੋਲੀ ਰਹੇ ਵਖਾਈਆ । ਈਸਾ ਮੂਸਾ ਖ਼ਾਲੀ ਖ਼ੀਸ, ਨੇਤਰ ਨੈਣ ਨੀਰ ਵਹਾਈਆ । ਉਮਤ ਨਬੀ ਭੁੱਲੀ ਹਦੀਸ, ਕਲਮਾ ਅਮਾਮ ਨਾ ਕੋਇ ਸੁਣਾਈਆ । ਤੇਰੇ ਦਰ ਨਾ ਝੁਕਿਆ ਸੀਸ, ਸਾਚਾ ਸਯਦਾ ਨਾ ਕੋਇ ਵਖਾਈਆ । ਮੱਕਾ ਕਾਅਬਾ ਜੂਠਾ ਝੂਠਾ ਪੀਸਣ ਲਿਆ ਪੀਸ, ਕਾਇਆ ਹੁਜ਼ਰੇ ਸਚ ਮਹਿਰਾਬੇ ਚੜ੍ਹ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤ ਮਿਲੇ ਤੇਰੀ ਸਰਨਾਈਆ । ਸਚ ਸਰਨਾਈ ਦੇਵੇ ਦੱਸ, ਨਰ ਹਰਿ ਆਪ ਜਣਾਇੰਦਾ । ਹਾੜ ਸਤਾਰਾਂ ਹੋਏ ਇਕੱਠ, ਸੱਤਰ ਬਹੱਤਰ ਚੁਹੱਤਰ ਮੇਲ ਮਿਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਔਣਾ ਨੱਠ, ਰਾਹ ਮਾਰਗ ਇਕ ਜਣਾਇੰਦਾ । ਅੱਗੇ ਮਿਲੇ ਪੁਰਖ ਸਮਰਥ, ਸਮਰਥ ਆਪਣਾ ਖੇਲ ਕਰਾਇੰਦਾ । ਲਹਿਣਾ ਦੇਣਾ ਚੁਕਾਏ ਸਭ ਦਾ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਨਾਲ ਰਲਾਇੰਦਾ । ਦੋ ਜਹਾਨਾਂ ਏਕਾ ਡੋਰੀ ਦੇਵੇ ਘੱਤ, ਬੰਧਨ ਬੰਧ ਨਾ ਕੋਇ ਤੁੜਾਇੰਦਾ । ਭਗਤ

ਭਗਵੰਤ ਮਿਲ ਮਿਲ ਗਾਇਣ ਜਸ, ਜਸ ਭਗਤਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਲੈਣਾ ਜਾਣ, ਹਰਿ ਜੂ ਹਰਿ ਹਰਿ ਆਪ ਜਣਾਈਆ । ਪਰਗਟ ਹੋਏ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਲੇਖਾ ਜਾਣੇ ਚਾਰ ਜੁਗ ਜਗਤ ਨਿਸ਼ਾਨ, ਪੂਰਬ ਵੇਖੇ ਥਾਉਂ ਥਾਈਂਆ । ਹਿੰਦੂ ਮੁਸਲਿਮ ਸਿਖ ਈਸਾਈ ਵਖਾਏ ਇਕ ਮਕਾਨ, ਦੂਜਾ ਮਕਬਰਾ ਨਾ ਕੋਇ ਬਣਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਗ੍ਰੰਥੀ ਪੰਥੀ ਹੋਣ ਹੈਰਾਨ, ਹਰਿ ਹਰਿ ਕੀ ਖੇਲ ਰਚਾਈਆ । ਸਰਬ ਜੀਆਂ ਦੇਵੇ ਇਕੋ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਪਸ਼ੂ ਪੰਖੀ ਪੰਛੀ ਤਰਵਰ ਸਰਵਰ ਸਾਰੇ ਗਾਣ, ਅੰਤਰ ਆਤਮ ਇਕ ਲਿਵ ਲਾਈਆ । ਆਦਿ ਜੁਗਾਦਿ ਸਦਾ ਸਦਾ ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਕਰੇ ਕੁਰਬਾਨ, ਲੱਖ ਚੁਰਾਸੀ ਕਰਬਲਾ ਰੂਪ ਵਖਾਈਆ । ਸਤਿਜੁਗ ਸਚ ਕਰੇ ਪਰਧਾਨ, ਸਚ ਸਚ ਮਿਲੇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਿਖ ਮੁਨ ਸਾਰੇ ਗਾਣ, ਉਚੀ ਕੂਕ ਕੂਕ ਸੁਣਾਈਆ । ਸਤਿਜੁਗ ਝੁੱਲੇ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਾਨ ਜੀਵ ਜਹਾਨ, ਜੀਵਣ ਜੁਗਤ ਇਕ ਜਣਾਈਆ । ਘਰ ਸਖੀਆਂ ਮਿਲੇ ਆਪੇ ਕਾਹਨ, ਮੁਕੰਦ ਮਨੋਹਰ ਲਖ਼ਮੀ ਨਰਾਇਣ ਰੂਪ ਵਟਾਈਆ । ਸੀਤਾ ਸੁਰਤੀ ਮੇਲਾ ਸੀਆ ਰਾਮ, ਘਟ ਘਟ ਰਮਿਆ ਰਾਮ ਫੇਰਾ ਪਾਈਆ । ਈਸਾ ਮੂਸਾ ਦਏ ਪੈਗ਼ਾਮ, ਹਜ਼ਾਰਾ ਦਰੂਦ ਕਰੇ ਪੜ੍ਹਾਈਆ । ਇਸਮ ਆਜ਼ਮ ਇਕ ਨਿਸ਼ਾਨ, ਏਕਾ ਨੂਰ ਦਏ ਦਰਸਾਈਆ । ਮੁਹੰਮਦ ਏਕਾ ਅਲਫ਼ ਕਰੇ ਪਰਵਾਨ, ਉਲਫ਼ਤ ਹੋਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ

੨੬੨ ਆਪਣੀ ਕਿਰਪਾ ਕਰ, ਏਕਾ ਅੱਖਰ ਦਏ ਵਖਾਈਆ । ਏਕਾ ਅੱਖਰ ਨਾਮ ਸਤਿ, ਸਤਿਗੁਰ ਨਾਨਕ ਨਾਮ ਦ੍ਰਿੜਾਇਆ । ਆਤਮ ਪਰਮਾਤਮ ੨੬੨

੧੨ ਬ੍ਰਹਮ ਮਤ, ਤਤ ਤਤ ਨਾਲ ਮਿਲਾਇਆ । ਜੀਵ ਜੰਤ ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰਤ ਦਏ ਸੁਕਾਇਆ । ਇਕ ਜਣਾਏ ਸਾਚੀ ਗਾਥ, ੧੨

ਗਾਥਾ ਏਕਾ ਏਕ ਪੜ੍ਹਾਇਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੀ ਗੋਦ ਉਠਾਇਆ । ਲਹਿਣਾ ਦੇਣਾ ਵੇਖੇ ਮਸਤਕ ਮਾਥ, ਕੌਸਤਕ ਮਣੀਆ ਪਰਦਾ ਦਏ ਚੁਕਾਇਆ । ਜਨਮ ਜਨਮ ਦਾ ਪੂਰਾ ਕਰੇ ਘਾਟ, ਪਿਛਲਾ ਘਾਟਾ ਪੂਰ ਕਰਾਇਆ । ਅੱਗੇ ਨੇੜੇ ਦੱਸੇ ਵਾਟ, ਲੱਖ ਚੁਰਾਸੀ ਪੰਧ ਮੁਕਾਇਆ । ਗੋਬਿੰਦ ਗੁਰ ਵਖਾਏ ਸਾਚੀ ਖਾਟ, ਆਤਮ ਸੇਜਾ ਇਕ ਸੁਹਾਇਆ । ਨਿਰਮਲ ਜੋਤ ਜਗੇ ਲਲਾਟ, ਨੂਰ ਨੁਰਾਨਾ ਡਗਮਗਾਇਆ । ਬਜ਼ਰ ਕਪਾਟੀ ਜਾਏ ਪਾਟ, ਜਿਸ ਸਿਰ ਆਪਣਾ ਹੱਥ ਟਿਕਾਇਆ । ਅੰਤਮ ਮਿਟੇ ਅੰਧੇਰੀ ਰਾਤ, ਸਾਚਾ ਚੰਦ ਦਏ ਚਮਕਾਇਆ । ਇਕ ਬੰਧਾਏ ਚਰਨ ਨਾਤ, ਸਾਚਾ ਨਾਤਾ ਜੋੜ ਜੁੜਾਇਆ । ਵੇਲੇ ਅੰਤਮ ਪੁੱਛੇ ਵਾਤ, ਨਿਰਗੁਣ ਸਰਗੁਣ ਲਏ ਮਿਲਾਇਆ । ਦਰਸ ਦਿਖਾਏ ਇਕ ਇਕਾਂਤ, ਅਕਲ ਕਲ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਇਕੋ ਨਾਮ ਦਏ ਦ੍ਰਿੜਾਇਆ । ਇਕੋ ਨਾਮ ਏਕਾ ਘਰ, ਹਰਿ ਜੂ ਹਰਿ ਹਰਿ ਆਪ ਜਣਾਈਆ । ਲੱਖ ਚੁਰਾਸੀ ਜਿਸ ਘਾੜਨ ਲਿਆ ਘੜ, ਸੋ ਪ੍ਰਭ ਵੇਖੇ ਚਾਈਂ ਚਾਈਂਆ । ਘਰ ਮੰਦਰ ਅੰਦਰ ਉਚੇ ਟਿੱਲੇ ਜਾਏ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਸੁਰਤੀ ਸ਼ਬਦੀ ਲਏ ਫੜ, ਆਤਮ ਪਰਮਾਤਮ ਬੰਨ੍ਹੇ ਲੜ, ਬ੍ਰਹਮ ਪਾਰਬ੍ਰਹਮ ਏਕਾ ਘਰ ਬਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਸੰਤ ਦਰਸ਼ਨ ਵੇਖਣ ਅੱਗੇ ਖੜ, ਸਵੱਛ

ਸਰੂਪੀ ਆਪਣਾ ਦਰਸ ਕਰਾਈਆ । ਕਰੇ ਪਰਕਾਸ਼ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਕਾਇਆ ਮਾਟੀ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਲਡਾਏ ਲਡ, ਪਿਤਾ ਪੂਤ ਬਾਲਕ ਰੂਪ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵਖਾਏ ਇਕੋ ਯਦ, ਵਿਸ਼ਨੂੰ ਬੰਸ ਦਏ ਸੁਹਾਈਆ ।

✳ ੨੦ ਜੇਠ ੨੦੧੯ ਬਿਕਰਮੀ ਫੁੰਮਣ ਸਿੰਘ ਦੇ ਗ੍ਰਿਹਿ ਛੰਬ ਜੰਮੂ ✳

ਹਰਿ ਸਤਿਗੁਰ ਸੱਚਾ ਮਿਹਰਵਾਨ, ਸਦਾ ਸਹਾਇਕ ਖੇਲ ਕਰਾਇੰਦਾ । ਨਿਰਗੁਣ ਸਰਗੁਣ ਜਾਣੀ ਜਾਣ, ਜੀਵ ਜੰਤ ਜੰਤ ਸਮਾਇੰਦਾ । ਲੱਖ ਚੁਰਾਸੀ ਵੇਖੇ ਆਣ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਭਗਵਾਨ ਵਖਾਏ ਸਚ ਮਕਾਨ, ਤਨ ਮੰਦਰ ਡੇਰਾ ਲਾਇੰਦਾ । ਬਿਰਧ ਬਾਲ ਜਵਾਨ ਦੇਵੇ ਇਕੋ ਮਾਣ, ਵੱਡਾ ਛੋਟਾ ਨਾ ਕੋਇ ਰਖਾਇੰਦਾ । ਮਾਤ ਪਿਤ ਬਣ ਸ੍ਰੀ ਭਗਵਾਨ, ਛੋਟੇ ਬਾਲੇ ਗੋਦ ਉਠਾਇੰਦਾ । ਸਤਿ ਸੰਤੋਖੀ ਅੰਮ੍ਰਿਤ ਨਾਮ, ਸਚ ਪਿਆਲਾ ਜਾਮ ਪਿਆਇੰਦਾ । ਆਤਮ ਪਰਮਾਤਮ ਇਕੋ ਗਾਨ, ਗੀਤ ਸੁਹਾਗੀ ਆਪ ਸੁਣਾਇੰਦਾ । ਨਾਤਾ ਤੁਟੇ ਮੜੀ ਪਵਣ ਮਸਾਣ, ਮਸਲਾ ਇਕੋ ਵਾਰ ਹੱਲ ਕਰਾਇੰਦਾ । ਸਾਚੇ ਸੰਤ ਅੰਤ ਨਾ ਕਦੇ ਪਛਤਾਣ, ਪਸਚਾਤਾਪ ਨਾ ਕੋਇ ਕਰਾਇੰਦਾ । ਸਿਦਕ ਸਬੂਰੀ ਦੱਸੇ ਸਚ ਈਮਾਨ, ਇਸਮ ਆਪਣਾ ਆਪ ਵਖਾਇੰਦਾ । ਇਲਮ ਆਲਮ ਉਲਮਾ ਦੇਵੇ ਇਕ ਨਿਸ਼ਾਨ, ਅਲਫ਼ ਆਰਫ਼ ਆਪ ਪੜ੍ਹਾਇੰਦਾ । ਏਕਾ ਅੱਖਰ
२६३ ਗੁਣ ਨਿਧਾਨ, ਵੱਖਰ ਸਭ ਤੋਂ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖੇਲ ਕਰਾਇੰਦਾ । ੨੬੩
ਏਕਾ ਅੱਖਰ ਨਿਰਗੁਣ ਰੂਪ, ਰਾਮ ਰਹੀਮ ਆਪ ਪਰਗਟਾਈਆ । ਆਦਿ ਜੁਗਾਦਿ ਵਖਾਏ ਸਤਿ ਸਰੂਪ, ਸਚ ਸਚ ਰਿਹਾ ਸਮਾਈਆ । ਵਸਣਹਾਰਾ
੧੨ ਚਾਰੇ ਕੂਟ, ਘਟ ਘਟ ਆਪਣਾ ਡੇਰਾ ਲਾਈਆ । ਨਿਰਗੁਣ ਸਰਗੁਣ ਦਏ ਸਚ ਸਬੂਤ, ਨਾਨਕ ਢੋਲਾ ਏਕਾ ਗਾਈਆ । ਪਿਤਾ ਪੁਰਖ ਅਕਾਲ ੧੨
ਸ਼ਬਦੀ ਸ਼ਬਦ ਬਣਾਏ ਸਾਚਾ ਸੁਤ, ਅਬਿਨਾਸ਼ੀ ਅਚੁਤ ਦਇਆ ਕਮਾਈਆ । ਭਗਤ ਭਗਵਾਨ ਭਗਤੀ ਸੁਹਾਏ ਸਾਚੀ ਰੁੱਤ, ਵਾਰ ਥਿਤ ਨਾ ਕੋਇ ਰਖਾਈਆ । ਜਗਤ ਵਿਕਾਰਾ ਮਨ ਹੰਕਾਰਾ ਦੇਵੇ ਕੁਠ, ਭਾਂਡਾ ਭਰਮ ਭੌ ਭੰਨਾਈਆ । ਸੁਰਤ ਸੁਆਣੀ ਜਾਏ ਉਠ, ਉਠ ਨੇਤਰ ਨੈਣ ਖੁਲ੍ਹਾਈਆ । ਸਖੀਆਂ ਕੋਲੋਂ ਲਏ ਪੁੱਛ, ਮਿਲ ਸਖੀਆਂ ਮੰਗਲ ਗਾਈਆ । ਕਵਣ ਦੁਆਰੇ ਮਿਲੇ ਸੁਖ, ਸੁਖ ਸਾਂਤਕ ਸਤਿ ਦਏ ਕਰਾਈਆ । ਉਜਲ ਹੋਏ ਮਾਤ ਮੁਖ, ਧਰਤ ਧਵਲ ਦਏ ਵਡਿਆਈਆ । ਸਫ਼ਲ ਕਰਾਏ ਮਾਤ ਕੁੱਖ, ਜਨ ਜਨਨੀ ਲੇਖੇ ਲਾਈਆ । ਜਨਮ ਜਨਮ ਦੀ ਮਿਟੇ ਭੁੱਖ, ਆਸਾ ਹੋਰ ਨਾ ਕੋਇ ਵਧਾਈਆ । ਨਾਤਾ ਤੁੱਟੇ ਮਾਤ ਗਰਭ ਉਲਟਾ ਰੁਖ਼, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਮਝਾਈਆ । ਸਾਚੀ ਸਿਖੀ ਸਾਚੀ ਮਤ, ਏਕਾ ਵਾਰ ਜਣਾਈਆ । ਸਤਿਗੁਰ ਪੂਰੇ ਚਰਨ ਨਤ, ਨਾਤਾ ਇਕ ਦ੍ਰਿੜਾਈਆ । ਕਰ ਕਿਰਪਾ ਜਿਸ ਦੇਵੇ ਬ੍ਰਹਮ ਮਤ, ਬ੍ਰਹਮ ਲਏ ਜਣਾਈਆ । ਨਾੜ ਨਾੜ ਨਾ ਉਬਲੇ ਰੱਤ, ਪੰਜ ਤਤ ਨਾ ਕੋਇ ਹਲਕਾਈਆ । ਜਗਤ ਵਿਕਾਰਾ ਆਪਣੇ ਖ਼ਾਤੇ ਲਏ ਘੱਤ, ਡੂੰਘਾ ਖ਼ਾਤਾ ਹਰਿ ਰਖਾਈਆ । ਸਤਿ ਸੰਤੋਖ ਧੀਰਜ ਸ਼ਬਦ ਗਿਆਨ ਦੇਵੇ

ਮੱਤ, ਮਨਮਤ ਦਏ ਦੁਰਕਾਈਆ । ਸਚ ਵਣਜਾਰਾ ਖੋਲ੍ਹੇ ਹੱਟ, ਘਰ ਏਕਾ ਨਾਮ ਵਿਕਾਈਆ । ਚਰਨ ਸਰੋਵਰ ਤੀਰਥ ਤੱਟ, ਤੱਟ ਕਿਨਾਰਾ ਦਏ ਵਖਾਈਆ । ਇਕ ਚੜ੍ਹਾਏ ਸਾਚੇ ਰਥ, ਅਗੰਮ ਅਗੰਮੜੀ ਕਾਰ ਕਰਾਈਆ । ਵੇਖਣਹਾਰਾ ਸਾਢੇ ਤਿੰਨ ਹੱਥ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਆਦਿ ਜੁਗਾਦਿ ਸਰਬ ਕਲਾ ਸਮਰਥ, ਸੋ ਪੁਰਖ ਨਿਰੰਜਣ ਵੱਡਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਮਾਰਗ ਰਿਹਾ ਦੱਸ, ਦੱਸ ਦੱਸ ਮਾਰਗ ਆਪ ਸਮਝਾਈਆ । ਤ੍ਰੈਗੁਣ ਮਾਇਆ ਵਿਚ ਨਾ ਜਾਣਾ ਫਸ, ਪੰਚਮ ਬੰਧਨ ਨਾ ਕੋਇ ਰਖਾਈਆ । ਪ੍ਰਭ ਮਿਲਣ ਦੀ ਰੱਖਣੀ ਆਸ, ਏਕਾ ਆਸਾ ਦਏ ਜਣਾਈਆ । ਜਨਮ ਜਨਮ ਦੀ ਮੇਟੇ ਪਿਆਸ, ਅੰਮ੍ਰਿਤ ਜਾਮ ਇਕ ਪਿਆਈਆ । ਆਵਣ ਜਾਵਣ ਲੱਖ ਚੁਰਾਸੀ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਸੰਤ ਸੁਹੇਲਾ ਸਦਾ ਵਸੇ ਪਾਸ, ਇਕ ਇਕੇਲਾ ਸੱਚਾ ਮਾਹੀਆ । ਮਿਲ ਮਿਲ ਸਖੀ ਗੋਪੀ ਕਾਹਨ ਪਾਏ ਰਾਸ, ਮੰਡਲ ਮੰਡਪ ਨਾਚ ਨਚਾਈਆ । ਢੋਲਾ ਸੋਹਲਾ ਗਾਏ ਸ਼ਾਹੋ ਸ਼ਾਬਾਸ਼, ਰਾਗੀ ਅਨਰਾਗੀ ਆਪਣਾ ਰਾਗ ਅਲਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਸਮਾਈਆ । ਆਦਿ ਜੁਗਾਦਿ ਨਾ ਹੋਏ ਨਾਸ, ਅਬਿਨਾਸ਼ੀ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਜਣਾਈਆ । ਸਚ ਸੰਦੇਸ਼ਾ ਸੱਜਣ ਮੀਤ, ਮਿੱਤਰ ਪਿਆਰਾ ਇਕ ਜਣਾਇੰਦਾ । ਆਦਿ ਜੁਗਾਦੀ ਅਚਰਜ ਰੀਤ, ਭੇਵ ਅਭੇਦ ਆਪ ਛੁਪਾਇੰਦਾ । ਵਸਣਹਾਰਾ ਧਾਮ ਅਨਡੀਠ, ਅਤੀਤ ਆਪਣੀ ਕਲ ਪਰਗਟਾਇੰਦਾ । ਹਰਿਜਨ ਬਖ਼ਸ਼ੇ ਸਚ ਪ੍ਰੀਤ, ਪ੍ਰੀਤੀਵਾਨ ਵੇਖ ਵਖਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਨਿਤ ਨਵਿਤ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਰੂਪ ਵਟਾਇੰਦਾ । ਕਲਜੁਗ ਰੂਪ ਦੀਨ ਦਿਆਲ, ਦਇਆਨਿਧ ਆਪ ਵਟਾਈਆ । ਗੁਰਮੁਖ ਵੇਖੇ ਬਾਲ ਅਵਾਣ, ਬਾਲੀ ਬੁੱਧ ਲੇਖੇ ਲਾਈਆ । ਫੜ ਬਣਾਏ ਚਤੁਰ ਸੁਜਾਣ, ਸੁਘੜ ਦੇਵੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪ ਚਲਾਈਆ । ਸਾਚਾ ਮਾਰਗ ਇਕੋ ਹਰਿ, ਹਰਿ ਜੂ ਗੁਰ ਅਵਤਾਰਾਂ ਆਪ ਜਣਾਇੰਦਾ । ਪੀਰ ਪੈਗ਼ੰਬਰ ਸਯਦਾ ਰਹੇ ਕਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਕਲਮਾ ਅਮਾਮ ਰਹੇ ਪੜ੍ਹ, ਇਲਾਹੀ ਕਲਾਮ ਆਪ ਜਣਾਇੰਦਾ । ਨਿਰਗੁਣ ਨਿਰਵੈਰ ਚੁਕਾਏ ਡਰ, ਡਰ ਆਪਣਾ ਇਕ ਸਮਝਾਇੰਦਾ । ਭਗਤ ਭਗਵੰਤ ਲਏ ਫੜ, ਫੜ ਬਾਹੋਂ ਆਪ ਉਠਾਇੰਦਾ । ਕਲਜੁਗ ਅੰਤਮ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਦਇਆ ਕਮਾਇੰਦਾ । ਹਰਿਜਨ ਵੇਖੇ ਹਰਿ ਨਿਰੰਕਾਰ, ਹਰੀ ਹਰਿ ਆਪਣੀ ਖੇਲ ਕਰਾਈਆ । ਲੇਖਾ ਜਾਣੇ ਅੰਦਰ ਬਾਹਰ, ਡੂੰਘੀ ਭਵਰ ਰਿਹਾ ਸਮਾਈਆ । ਕਾਇਆ ਕਵਰੀ ਖੋਲ੍ਹ ਕਿਵਾੜ, ਕੁੰਡਾ ਆਪਣਾ ਦੇਵੇ ਲਾਹੀਆ । ਦੇਵਣਹਾਰਾ ਦਰਸ ਦੀਦਾਰ, ਦੀਦ ਈਦ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਮਾਣ ਵਡਿਆਈ ਏਕਾ ਹੱਥ, ਹੱਥ ਨਜ਼ਰ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਗਾਏ ਗਥ, ਰਸਨਾ ਜਿਹਵਾ ਨਾਲ ਰਲਾਇੰਦਾ । ਨਜ਼ਰ ਨਾ ਆਏ ਪੁਰਖ ਸਮਰਥ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਹਰਿਜਨ ਵਿਰਲਾ ਨੇਤਰ ਪੇਖ ਪੇਖ ਗਾਏ ਜਸ, ਹਾਲ ਮੁਰੀਦਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਿਰਦੇ ਅੰਦਰ ਆਪੇ ਵਸ, ਹਸਰਤ

ਹਰਿਜਨ ਆਪ ਮਿਟਾਇੰਦਾ । ਮਿਟਾਏ ਹਸਰਤ ਦੇਵੇ ਦਰਸ, ਦਰਸ ਆਪਣਾ ਆਪ ਕਰਾਈਆ । ਬਾਲ ਬਾਲੇ ਕਰ ਕਰ ਤਰਸ, ਰਹਿਮਤ ਆਪਣੀ ਆਪ ਕਮਾਈਆ । ਮਾਣਸ ਜਨਮ ਨਾ ਹੋਵੇ ਹਰਜ਼, ਹਰਿ ਕੇ ਪੌੜੇ ਆਪ ਚੜ੍ਹਾਈਆ । ਗੁਰਸਿਖ ਤੈਨੂੰ ਕੋਈ ਨਾ ਸਕੇ ਵਰਜ, ਸਾਕ ਸੱਜਣ ਸੈਣ ਝੂਠਾ ਬੰਧਨ ਰਹੇ ਪਾਈਆ । ਸਤਿਗੁਰ ਪੂਰਾ ਜੁਗ ਜੁਗ ਜਨ ਭਗਤਾਂ ਲਾਹਵਣ ਆਇਆ ਕਰਜ਼, ਪਿਛਲਾ ਕਰਜ਼ਾ ਮੂਲ ਚੁਕਾਈਆ । ਅੱਗੇ ਹੋਣ ਨਾ ਦੇਵੇ ਕੋਈ ਹਰਜ਼, ਝੂਠੀ ਹਰਕਤ ਦਏ ਮਿਟਾਈਆ । ਦੋਏ ਜੋੜ ਕਰ ਨਿਮਸਕਾਰ ਜਿਸ ਜਨ ਚਰਨ ਕੀਤੀ ਅਰਜ਼, ਆਰਜ਼ੂ ਆਪਣੀ ਝੋਲੀ ਪਾਈਆ । ਗੁਰਮੁਖ ਬਾਲ ਸੁਘੜ ਸੁਜਾਨ, ਪੁਰਖ ਨਾਰ ਬਣਾਏ ਆਪ ਮਰਦ, ਮਰਦ ਮਰਦਾਨਾ ਏਕਾ ਰੰਗ ਚੜ੍ਹਾਈਆ । ਲੱਖ ਚੁਰਾਸੀ ਪੁਠੀ ਹੋਈ ਨਰਦ, ਗੁਰਮੁਖ ਖੇਲ ਸਾਰ ਪਾਸ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਕੀ ਗੋਦ ਸੁਹਾਈਆ । ਭੈਰੋਂ ਕੁਰਲਾਵੇ ਕੂਕ ਪੁਕਾਰ, ਕੂਕ ਕੂਕ ਸੁਣਾਈਆ । ਮੰਦਰ ਮਿਲੇ ਨਾ ਕੋਇ ਦੁਆਰ, ਦਵਾਰਕਾ ਰੂਪ ਨਜ਼ਰ ਕੋਇ ਨਾ ਆਈਆ । ਜਗਤ ਸੰਧੂਰ ਹੋਇਆ ਖ਼ੁਵਾਰ, ਸਚ ਲਲਾਟ ਨਾ ਕੋਇ ਰੁਸ਼ਨਾਈਆ । ਮੈਂ ਵੇਖਿਆ ਨੇਤਰ ਨੈਣ ਉਘਾੜ, ਚਾਰ ਕੁੰਟ ਨੈਣ ਉਠਾਈਆ । ਇਕੋ ਬਾਲਾ ਬਾਲੇ ਕਰ ਪਿਆਰ, ਬਲੀ ਆਪਣੀ ਦਏ ਜਣਾਈਆ । ਪੂਰਬ ਲਹਿਣਾ ਨਾਲ ਨਿਰੰਕਾਰ, ਭਗਤਾਂ ਭਗਤੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਛੋਟਾ ਬਾਲਾ ਬਾਲ ਅਜਾਣ, ਜਨਮ ਚੌਥੇ ਵੇਸ ਵਟਾਈਆ । ਸੰਤ ਧੂੜੀ ਮਿਲਿਆ ਦਾਨ, ਮਸਤਕ ਟਿੱਕਾ ਲਾਈਆ । ਹਰਿ ਸੰਤ ਦੇਵੇ ਇਕ ਗਿਆਨ, ਬਿਨ ਹਰਿ ਅੰਤ ਨਾ
੨੬੫ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਪਿਛਲਾ ਲੇਖਾ ਹੰਸ ਰਾਜ, ਚੌਥੇ ੨੬੫
੧੨ ਜਨਮ ਮੁਕਾਈਆ । ਚੌਥੇ ਜਨਮ ਭੈਰੋਂ ਮੰਨਦਾ ਰਿਹਾ ਗੁਰੂ ਮਹਾਰਾਜ, ਨਿਤ ਉਠ ਉਠ ਤਿਲਕ ਲਗਾਈਆ । ਅੰਤ ਨਾ ਸੌਰਿਆ ਮਾਣਸ ਜਨਮ ੧੨
ਕਾਜ, ਲੱਖ ਚੁਰਾਸੀ ਨਾ ਕੋਇ ਕਟਾਈਆ । ਸਾਚੇ ਸੰਤ ਦਿਤਾ ਦਾਜ, ਸਿਰ ਆਪਣਾ ਹੱਥ ਟਿਕਾਈਆ । ਹੋਤੀ ਮਰਦਾਨ ਮਾਰ ਆਵਾਜ਼, ਸਿੰਘ ਕਰਮ ਗਿਆ ਸੁਣਾਈਆ । ਤੇਰੀ ਸਤਿਗੁਰ ਰੱਖੇ ਲਾਜ, ਜਿਸ ਹੱਥ ਮੇਰੀ ਵਡਿਆਈਆ । ਠਾਕਰ ਕਹੇ ਕਵਣ ਸਮਾਜ, ਸਚ ਸਮਾਜ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਸਮਝਾਈਆ । ਹੰਸ ਰਾਜ ਸੁਣੀ ਬਾਤ, ਸੰਤ ਸੱਜਣ ਆਪ ਜਣਾਈਆ । ਭੈਰੋਂ ਅੰਤ ਨਾ ਦੇਵੇ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਰਾਜ ਹੰਸ ਆਇਆ ਭੈਰੋਂ ਪਾਸ, ਦੋਏ ਜੋੜ ਰਿਹਾ ਸੁਣਾਈਆ । ਮੈਂ ਸੁਣ ਕੇ ਆਇਆ ਇਕੋ ਬਾਤ, ਤੇਰਾ ਨਾਤਾ ਅੰਤ ਨਿਭਣ ਨਾ ਪਾਈਆ । ਬਿਨ ਹਰਿ ਭਗਤ ਕੋਇ ਨਾ ਪੁੱਛੇ ਵਾਤ, ਪਾਹਨ ਪੱਥਰ ਰਹੇ ਕੁਰਲਾਈਆ । ਭੈਰੋਂ ਕਹੇ ਮੈਂ ਤੇਰਾ ਦਾਸ, ਜਿਸ ਸਿਖਿਆ ਸਚ ਸਮਝਾਈਆ । ਪ੍ਰਭ ਮਿਲਣ ਦੀ ਮੈਂ ਵੀ ਰੱਖੀ ਆਸ, ਕਵਣ ਵੇਲੇ ਲਏ ਮਿਲਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਖੇਲ ਤਮਾਸ਼, ਲਹਿਣਾ ਲਹਿਣਾ ਲਹਿਣਾ ਘਰ ਘਰ ਝੋਲੀ ਪਾਈਆ । ਚੌਥੇ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥਾ ਜਨਮ ਆਪਣੇ ਲੇਖੇ ਲਾਈਆ । ਚੌਥਾ ਜਨਮ ਛੋਟਾ ਬਾਲਾ, ਲੋਕਮਾਤ ਮਾਣਸ ਰੂਪ ਵਟਾਇੰਦਾ । ਉਪਰ ਚੜ੍ਹਿਆ ਬਿਰਛ ਡਾਲਾ, ਇਛਿਆ ਆਪਣੀ ਆਪ ਪਰਗਟਾਇੰਦਾ । ਭੈਰੋਂ ਫਿਰੇ ਹੋਏ ਕੰਗਾਲਾ, ਕੰਗਾਲੀ ਮਾਤ ਨਾ ਦੂਰ ਕੋਇ ਕਰਾਇੰਦਾ । ਇਕ ਦੂਜੇ ਨੂੰ ਪੁੱਛਣ

ਹਾਲਾ, ਅੰਦਰੇ ਅੰਦਰ ਰਾਗ ਅਲਾਇੰਦਾ । ਕਵਣ ਬਿਧ ਮਿਲੇ ਗੁਰ ਗੋਪਾਲਾ, ਆਪ ਆਪਣੀ ਗੋਦ ਬਹਾਇੰਦਾ । ਸਾਚਾ ਮਾਰਗ ਇਕ ਸੁਖਾਲਾ, ਅਨਭਵ ਦ੍ਰਿਸ਼ਟੀ ਆਪ ਜਣਾਇੰਦਾ । ਲੇਖੇ ਲੱਗੇ ਛੋਟਾ ਬਾਲਾ, ਬਾਲ ਤੇਰਾ ਬੰਧਨ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪਣੇ ਹੱਥ ਰਖਾਇੰਦਾ । ਛੋਟਾ ਬਾਲਾ ਲੇਖੇ ਗਿਆ ਲੱਗ, ਭੈਰੋਂ ਆਪਣੀ ਖ਼ੁਸ਼ੀ ਮਨਾਈਆ । ਅੰਤ ਮਿਲੇ ਸੂਰਾ ਸਰਬੱਗ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅਗਨੀ ਬੁਝਾਏ ਅੱਗ, ਤਤੀ ਵਾ ਨਾ ਲਾਗੇ ਰਾਈਆ । ਏਕਾ ਬੰਨ੍ਹੇ ਸਾਚਾ ਤਗ, ਨਾ ਕੋਈ ਸਕੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵਿਚੋਲਾ ਆਪਣਾ ਭੇਵ ਜਣਾਈਆ । ਦੋਹਾਂ ਵਿਚੋਲਾ ਸ੍ਰੀ ਭਗਵਾਨ, ਹਰਿ ਹਰਿ ਜੂ ਦਇਆ ਕਮਾਇੰਦਾ । ਨਿੱਕਾ ਬਾਲਾ ਕਰ ਪਰਵਾਨ, ਪਿਛਲਾ ਲਹਿਣਾ ਝੋਲੀ ਪਾਇੰਦਾ । ਨਾਤਾ ਤੁੱਟੇ ਪਵਣ ਮਸਾਣ, ਦੀਨ ਦਿਆਲ ਆਪਣੇ ਰੰਗ ਰੰਗਾਇੰਦਾ । ਚਰਨ ਕਵਲ ਮਿਲੇ ਇਕ ਅਸਥਾਨ, ਧਾਮ ਭੂਮਕਾ ਸਚ ਸੁਹਾਇੰਦਾ । ਮਾਤਾ ਪਿਤਾ ਨਾ ਹੋਏ ਹੈਰਾਨ, ਹਰਿ ਜੂ ਆਪਣੀ ਗੋਦ ਬਹਾਇੰਦਾ । ਲਿਖਿਆ ਲੇਖ ਰਹੇ ਜਗਤ ਨਿਸ਼ਾਨ, ਸਬ ਨਿਸ਼ਾਨਾ ਨਾ ਕੋਇ ਮਿਟਾਇੰਦਾ । ਮਰ ਮਰ ਜੰਮੇ ਕੋਟਨ ਵਾਰ ਜੀਵ ਜਹਾਨ, ਬਿਨ ਸਤਿਗੁਰ ਪੂਰੇ ਅੰਤ ਲੇਖੇ ਕੋਇ ਨਾ ਪਾਇੰਦਾ । ਜਿਸ ਬੇਨੰਤੀ ਸੁਣੇ ਆਪ ਭਗਵਾਨ, ਤਿਸ ਸੁਗੰਧੀ ਸਾਚੀ ਆਪ ਮਹਿਕਾਇੰਦਾ । ਪਿਤਾ ਪੁਤਰ ਇਕ ਨਿਸ਼ਾਨ, ਵਾਸਨਾ ਜਗਤ ਨਾ ਕੋਇ ਵਧਾਇੰਦਾ । ਘਰ ਬੈਠਿਆਂ ਤੈਨੂੰ ਦਰਸ਼ਨ ਦੇਵੇ ਆਣ, ਬਣ ਦਰਦੀ ਦਰਦ ਵੰਡਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਇੰਦਾ ।

### ✳ ੨੦ ਜੇਠ ੨੦੧੯ ਬਿਕਰਮੀ ਪ੍ਰਤਾਪ ਸਿੰਘ ਪਿੰਡ ਦੜ ਜੰਮੂ ✳

ਆਦਿ ਪੁਰਖ ਹਰਿ ਖੇਲ ਕਰੌਣਾ, ਸੋ ਪੁਰਖ ਨਿਰੰਜਣ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਮਾਰਗ ਲੌਣਾ, ਏਕੰਕਾਰਾ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਦੀਪਕ ਜਗੌਣਾ, ਅਬਿਨਾਸ਼ੀ ਕਰਤਾ ਹੱਥ ਰਖਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲੌਣਾ, ਪਾਰਬ੍ਰਹਮ ਪ੍ਰਭ ਸੇਵ ਕਮਾਈਆ । ਨਿਰਗੁਣ ਸਰਗੁਣ ਵੇਸ ਵਟੌਣਾ, ਰੂਪ ਅਨੂਪ ਆਪ ਦਰਸਾਈਆ । ਸਾਚਾ ਮੰਦਰ ਇਕ ਸੁਹੌਣਾ, ਸਚਖੰਡ ਵੱਜੇ ਵਧਾਈਆ । ਤਖ਼ਤ ਨਿਵਾਸੀ ਆਸਣ ਲੌਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਚੇ ਤਖ਼ਤ ਆਪ ਸੁਹਾਈਆ । ਧਰਤ ਧਵਲ ਮਾਤ ਵਡਿਔਣਾ, ਧਰਨੀ ਆਪਣੀ ਬੂਝ ਬੁਝਾਈਆ । ਚਾਰ ਜੁਗ ਦਾ ਪੰਧ ਮੁਕੌਣਾ, ਲੇਖਾ ਲੇਖੇ ਦਏ ਲਗਾਈਆ । ਧੁਰ ਫ਼ਰਮਾਣਾ ਹੁਕਮ ਸੁਣੌਣਾ, ਸਚ ਸੰਦੇਸ਼ਾ ਦਏ ਅਲਾਈਆ । ਰਾਜ ਰਾਜਾਨ ਸ਼ਾਹ ਪਾਤਸ਼ਾਹ ਵਡ ਸੁਲਤਾਨ ਆਪ ਅਖਵੌਣਾ, ਸੀਸ ਜਗਦੀਸ਼ ਤਾਜ ਸੁਹਾਈਆ । ਸਚ ਦਰਬਾਰਾ ਇਕ ਵਖੌਣਾ, ਘਰ ਠਾਂਡੇ ਵੱਜੇ ਵਧਾਈਆ । ਸੁਤ ਦੁਲਾਰਾ ਇਕ ਉਠੌਣਾ, ਸ਼ਬਦੀ ਸ਼ਬਦ ਲਏ ਸਮਝਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੇਰਾ ਪੌਣਾ, ਗਗਨ ਪਤਾਲਾਂ ਫੇਰਾ ਪਾਈਆ । ਜ਼ਿਮੀਂ ਅਸਮਾਨਾਂ ਨੈਣ ਖੁਲ੍ਹੌਣਾ, ਸਮੁੰਦ ਸਾਗਰ ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਸਾਚੀ ਕਾਰ ਕਰੇ ਕਰਤਾਰਾ, ਲੋਕਮਾਤ ਵੇਸ ਵਟਾਈਆ । ਇਕ ਬਣਾਏ ਸਚ ਦੁਆਰਾ, ਸਚਖੰਡ ਸਾਚਾ ਨਾਉਂ ਰਖਾਈਆ ।

ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰਾ, ਨਿਰਗੁਣ ਨਿਰਵੈਰ ਪੁਰਖ ਅਕਾਲ ਕਰੇ ਰੁਸ਼ਨਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰਾ, ਖੇਲੇ ਖੇਲ ਦੋ ਜਹਾਨ ਸ੍ਰੀ ਭਗਵਾਨ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਵੇਖਣਹਾਰਾ ਮਾਰ ਧਿਆਨ, ਅੱਖ ਪਰਤੱਖ ਆਪ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰ ਗਿਆਨ, ਬੋਧ ਅਗਾਧਾ ਆਪਣਾ ਪਰਦਾ ਆਪ ਚੁਕਾਈਆ । ਤ੍ਰੈਗੁਣ ਰੱਖਣਹਾਰਾ ਮਾਣ, ਪੰਜ ਤਤ ਦੇਵਣਹਾਰਾ ਦਾਨ, ਦਾਤਾ ਦਾਨੀ ਆਪਣਾ ਫੇਰਾ ਪਾਈਆ । ਗੁਰ ਅਵਤਾਰਾਂ ਦੇਵਣਹਾਰਾ ਨਾਮ ਨਿਧਾਨ, ਖੇਲੇ ਖੇਲ ਦੋ ਜਹਾਨ, ਖ਼ਾਲਕ ਖ਼ਲਕ ਰੂਪ ਵਟਾਈਆ । ਕਲਜੁਗ ਅੰਤਮ ਹੋ ਪਰਧਾਨ, ਪਰਮ ਪੁਰਖ ਵੱਡ ਮਿਹਰਵਾਨ, ਨਿਰਗੁਣ ਜੋਤ ਜੋਤੀ ਜਾਤਾ ਪੁਰਖ ਬਿਧਾਤਾ, ਆਪਣਾ ਭੇਵ ਆਪ ਚੁਕਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ ਆਪ ਉਠਾਏ ਨੌਜਵਾਨ, ਲੋਕਮਾਤ ਰਿਹਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰਾ ਹਰਿ ਸੁਹੌਣਾ, ਹਰਿ ਵੱਡਾ ਵਡ ਵਡਿਆਈਆ । ਸਾਚੇ ਮੰਦਰ ਅੰਦਰ ਬਹਿ ਬਹਿ ਆਸਣ ਲੌਣਾ, ਆਸਣ ਸਿੰਘਾਸਣ ਇਕ ਵਡਿਆਈਆ । ਸਚ ਸੰਦੇਸ਼ ਇਕ ਅਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਈਆ । ਸਾਚੀ ਕਾਰ ਕਰੇ ਨਰਾਇਣ, ਨਰ ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਗੁਰ ਅਵਤਾਰ ਜਿਸ ਦੀ ਮਹਿਮਾ ਰਸਨਾ ਕਹਿਣ, ਕਹਿ ਕਹਿ ਸਿਫ਼ਤ ਸਾਲਾਹੀਆ । ਸੋ ਸਾਹਿਬ ਦਿਆਲ ਠਾਕਰ ਸਵਾਮੀ ਭਗਤ ਪੇਖੇ ਆਪਣੇ ਨੈਣ, ਲੋਚਣ ਆਪਣਾ ਆਪ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੁਕਾਏ ਲਹਿਣ ਦੇਣ, ਦੇਵਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਡਿਆਈਆ । ਸਾਚਾ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਲੋਕਮਾਤ ਬਣਾਏ ਸਾਚੀ ਬਣਤ, ਬਣ ਬਣ ਸੇਵਕ ਸੇਵ ਕਮਾਇੰਦਾ । ਮਹਿਮਾ ਜਣਾਏ ਇਕ ਅਗਣਤ, ਚਾਰ ਵਰਨ ਪੰਧ ਮੁਕਾਇੰਦਾ । ਏਕਾ ਰੂਪ ਵਖਾਏ ਸਾਚੇ ਸੰਤ, ਦੂਈ ਦਵੈਤੀ ਰੋਗ ਮਿਟਾਇੰਦਾ । ਲੇਖਾ ਜਾਣੇ ਭਗਤ ਭਗਵੰਤ, ਭਗਵਨ ਆਪਣਾ ਰੰਗ ਚੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖਣ ਅੰਤ, ਹਰਿ ਜੂ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦ ਹਰਿ ਆਪ ਜਣੌਣਾ, ਹਰਿ ਸਾਚਾ ਸਚ ਜਣਾਇੰਦਾ । ਲੋਕਮਾਤ ਸਚ ਨਿਸ਼ਾਨ ਝੁਲੌਣਾ, ਦੋ ਜਹਾਨਾਂ ਵਾਲੀ ਸੇਵ ਕਮਾਇੰਦਾ । ਸਾਚੇ ਮੰਦਰ ਆਸਣ ਲੌਣਾ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰ ਅਵਤਾਰਾਂ ਦਰ ਮੰਗੌਣਾ, ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ । ਵੇਦ ਪੁਰਾਨ ਵੇਖ ਵਖੌਣਾ, ਸ਼ਾਸਤਰ ਸਿਮਰਤ ਨਾਲ ਰਲਾਇੰਦਾ । ਗੀਤਾ ਗਿਆਨ ਪਰਦਾ ਲੌਹਣਾ, ਅੰਜੀਲ ਕੁਰਾਨਾ ਫੋਲ ਫੁਲਾਇੰਦਾ । ਖਾਣੀ ਬਾਣੀ ਵੇਖ ਵਖੌਣਾ, ਵੇਖਣਹਾਰ ਨਜ਼ਰ ਕਿਸੇ ਨਾ ਆਇੰਦਾ । ਨੌਂ ਨੌਂ ਚਾਰ ਪੰਧ ਆਪ ਮੁਕੌਣਾ, ਆਗੇ ਪਾਂਧੀ ਨਜ਼ਰ ਕੋਈ ਨਾ ਆਇੰਦਾ । ਸ੍ਰਿਸ਼ਟ ਸਬਾਈ ਸਾਚਾ ਢੋਲਾ ਆਤਮ ਪਰਮਾਤਮ ਸੁਹਾਗੀ ਛੰਦ ਇਕ ਸੁਣੌਣਾ, ਰਸਨਾ ਜਿਹਵਾ ਗੀਤ ਅਲਾਇੰਦਾ । ਆਤਮ ਪਰਮਾਤਮ ਲੇਖਾ ਬੱਤੀ ਦੰਦ ਗੌਣਾ, ਗਾ ਗਾ ਆਪਣਾ ਖੇਲ ਵਖਾਇੰਦਾ । ਦੂਈ ਦਵੈਤੀ ਭਾਂਡਾ ਭਰਮ ਭਨੌਣਾ, ਮਾਇਆ ਮਮਤਾ ਮੋਹ ਮਿਟਾਇੰਦਾ । ਹਉਮੇ ਹੰਗਤਾ ਜੂਠ ਝੂਠ ਬਾਹਰ ਕਢੌਣਾ, ਸਚ ਸੁਚ ਆਪ ਦ੍ਰਿੜਾਇੰਦਾ । ਨੌਂ ਖੰਡ ਪ੍ਰਿਥਮੀ ਏਕਾ ਇਸ਼ਟ ਗੁਰਦੇਵ ਆਪ ਅਖਵੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਇੰਦਾ । ਜਲਵਾ ਨੂਰ ਇਕ ਧਰੌਣਾ, ਨੂਰ ਇਲਾਹੀ

੨੬੭
੧੨

ਵੇਸ ਵਟਾਇੰਦਾ । ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਮੁਸਾਇਕ ਆਪ ਪੜ੍ਹੌਣਾ, ਕਲਮਾ ਨਬੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਸਮਝਾਇੰਦਾ । ਸਾਚਾ ਮਾਰਗ ਲੱਗੇ ਮਾਤ, ਮਾਤਰ ਭੂਮੀ ਦਏ ਵਡਿਆਈਆ । ਨੌਂ ਖੰਡ ਪ੍ਰਿਥਮੀ ਬਣੇ ਇਕ ਜਮਾਤ, ਏਕਾ ਜੁਜ਼ ਦਏ ਵਖਾਈਆ । ਏਕਾ ਅੱਖਰ ਏਕਾ ਗਾਥ, ਏਕਾ ਨਾਮ ਕਰੇ ਪੜ੍ਹਾਈਆ । ਏਕਾ ਸਤਿਗੁਰ ਪੁਰਖ ਸਮਰਾਥ, ਦੂਜੀ ਓਟ ਨਾ ਕੋਇ ਵਖਾਈਆ । ਏਕਾ ਪਤੀ ਕਮਲਾਪਾਤ, ਕਵਲ ਨੈਣ ਇਕ ਅਖਵਾਈਆ । ਏਕਾ ਜੁਗ ਜੁਗ ਪੁਛੇ ਵਾਤ, ਗੁਰ ਅਵਤਾਰ ਸੇਵ ਲਗਾਈਆ । ਏਕਾ ਪੀਰ ਪੈਗ਼ੰਬਰ ਦੇਵੇ ਦਾਤ, ਸਾਚੀ ਵਸਤ ਆਪ ਵਰਤਾਈਆ । ਇਕ ਬੰਧਾਏ ਸਾਚਾ ਨਾਤ, ਚਰਨ ਕਵਲ ਵਡੀ ਸਰਨਾਈਆ । ਏਕਾ ਮੇਟੇ ਅੰਧੇਰੀ ਰਾਤ, ਜੁਗ ਜੁਗ ਲਹਿਣਾ ਲਹਿਣਾ ਵੇਖ ਵਖਾਈਆ । ਏਕਾ ਲੇਖਾ ਜਾਣੇ ਕਾਇਨਾਤ, ਏਕਾ ਸ੍ਰਿਸ਼ਟ ਸਬਾਈ ਰਿਹਾ ਸਮਾਈਆ । ਏਕਾ ਬੈਠਾ ਰਹੇ ਇਕਾਂਤ, ਸਚਖੰਡ ਆਸਣ ਲਾਈਆ । ਏਕਾ ਵੇਸ ਵਟਾਏ ਬਹੁ ਬਿਧ ਭਾਂਤ, ਭੇਵ ਅਭੇਦ ਨਾ ਕਿਸੇ ਜਣਾਈਆ । ਏਕਾ ਕਲਜੁਗ ਅੰਤਮ ਜਨ ਭਗਤਾਂ ਪੁਛੇ ਵਾਤ, ਜੁਗ ਜਨਮ ਦੇ ਵਿਛੜੇ ਲਏ ਮਿਲਾਈਆ । ਨਿਰਗੁਣ ਨਿਰਗੁਣ ਬਣੇ ਸੱਜਣ ਸਾਕ, ਸਰਗੁਣ ਬੰਧਪ ਰੂਪ ਵਖਾਈਆ । ਪਾਰ ਕਿਨਾਰੇ ਲਾਏ ਘਾਟ, ਤੱਟ ਕਿਨਾਰਾ ਇਕ ਜਣਾਈਆ । ਹਰਿਜਨ ਮੇਟੇ ਪਿਛਲੀ ਵਾਟ, ਪੂਰਬ ਲੇਖਾ ਦਏ ਚੁਕਾਈਆ । ਅੱਗੇ ਖੇਲ ਕਰੇ ਪੁਰਖ ਸਮਰਾਥ, ਸਮਰਥ ਹੱਥ ਵਡੀ ਵਡਿਆਈਆ । ਸਾਢੇ ਤਿੰਨ ਹੱਥ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਜਗਤ ਵਾਸਨਾ ਪਾਏ ਨੱਥ, ਮਨੂਆ ਉਠ ਨਾ ਦਹਿ ਦਿਸ ਧਾਈਆ । ਨਿਰਮਲ ਜੋਤ ਕਰੇ ਪਰਕਾਸ਼, ਅੰਧ ਅੰਧੇਰ ਗਵਾਈਆ । ਅੰਮ੍ਰਿਤ ਆਤਮ ਬੁਝਾਏ ਪਿਆਸ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਨਾਤਾ ਤੋੜ ਪ੍ਰਿਥਮੀ ਆਕਾਸ਼, ਬਖ਼ਸ਼ੇ ਚਰਨ ਸੱਚੀ ਸਰਨਾਈਆ । ਘਰ ਮੰਦਰ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਸਾਚੀ ਵਸਤ ਸਦ ਰੱਖੇ ਪਾਸ, ਵਸਤ ਅਮੋਲਕ ਆਪ ਵਰਤਾਈਆ । ਜਨ ਭਗਤਾਂ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਦਏ ਤੁੜਾਈਆ । ਨਾਤਾ ਤੁਟੇ ਦਸ ਦਸ ਮਾਸ, ਉਲਟਾ ਰੁਖ ਨਾ ਫੇਰ ਲਟਕਾਈਆ । ਗੁਰਮੁਖ ਤੇਰੀ ਸੁਣੇ ਸਦਾ ਅਰਦਾਸ, ਅਭੁਲ ਭੁੱਲ ਕਦੇ ਨਾ ਜਾਈਆ । ਕਲਜੁਗ ਅੰਤਮ ਪਰਗਟ ਹੋ ਸ਼ਾਹੋ ਸ਼ਾਬਾਸ਼, ਸ਼ਖ਼ਸੀਅਤ ਵੇਖੇ ਥਾਉਂ ਥਾਈਂਆ । ਹਰਿਜਨ ਹੋਏ ਨਾ ਕੋਇ ਉਦਾਸ, ਸਵੱਛ ਸਰੂਪੀ ਦਰਸ ਦਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਈਆ । ਸਾਚਾ ਮਾਰਗ ਮਾਤ ਲਗੌਣਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਪਿਛਲਾ ਲੇਖਾ ਝੋਲੀ ਪੌਣਾ, ਆਪਣੇ ਖਾਤੇ ਆਪ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬਹੌਣਾ, ਚਰਨ ਸਰਨ ਇਕ ਸਮਝਾਇੰਦਾ । ਸਭ ਨੇ ਢੋਲਾ ਮਿਲ ਕੇ ਗੌਣਾ, ਸ੍ਰੀ ਭਗਵਾਨ ਆਪ ਅਲਾਇੰਦਾ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਪੰਧ ਚੁਕੌਣਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਏਕਾ ਨੂਰ ਨਜ਼ਰੀ ਔਣਾ, ਜੋਤੀ ਜਾਤਾ ਡਗਮਗਾਇੰਦਾ । ਏਕਾ ਨਾਦ ਤੂਰ ਸੁਣੌਣਾ, ਤੁਰੀਆ ਰਾਗ ਆਪ ਅਲਾਇੰਦਾ । ਏਕਾ ਘਟ ਘਟ ਅੰਦਰ ਡੇਰਾ ਲੌਣਾ, ਨਿਜ ਘਰ ਆਪਣੀ ਤਾੜੀ ਲਾਇੰਦਾ । ਏਕਾ ਬ੍ਰਹਮ ਪਾਰਬ੍ਰਹਮ ਵੇਖ ਵਖੌਣਾ, ਵੇਖਣਹਾਰਾ ਆਪਣੀ ਦਇਆ ਕਮਾਇੰਦਾ । ਏਕਾ ਮੰਦਰ ਡੂੰਘੀ ਕੰਦਰ, ਘਰ ਵਿਚ ਘਰ ਆਪ ਬਣੌਣਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਇੱਟ ਗਾਰਾ ਕੋਇ ਨਾ ਲੌਣਾ, ਬਾਢੀ ਬਣਤ ਨਾ ਕੋਇ ਬਣਾਇੰਦਾ । ਬਿਨ ਤੇਲ ਬਾਤੀ ਦੀਪਕ ਆਪ ਜਗੌਣਾ, ਹਵਨ ਘਿਰਤ ਨਾ ਕੋਇ ਪਾਇੰਦਾ । ਪਵਣ

ਸੁਗੰਧੀ ਵਿਚ ਰਖੌਣਾ, ਜਗਤ ਧੂਪ ਨਾ ਕੋਇ ਵਖਾਇੰਦਾ । ਅਨਹਦ ਨਾਦੀ ਨਾਦ ਵਜੌਣਾ, ਘਰ ਘਰ ਵਿਚ ਰਾਗ ਸੁਣਾਇੰਦਾ । ਵਿਸਮਾਦੀ ਵਿਸਮਾਦ ਹੋ ਹੋ ਖੇਲ ਕਰੌਣਾ, ਬ੍ਰਹਮ ਬ੍ਰਹਿਮਾਦ ਖੋਜ ਖੁਜਾਇੰਦਾ । ਸਾਚਾ ਮਾਰਗ ਇਕ ਸਮਝੌਣਾ, ਸ੍ਰਿਸ਼ਟ ਸਬਾਈ ਏਕਾ ਰਾਹ ਚਲਾਇੰਦਾ । ਨੌਂ ਖੰਡ ਪ੍ਰਿਥਮੀ ਨਾਮ ਨਿਧਾਨਾ ਅੱਖਰ ਇਕ ਪੜ੍ਹੌਣਾ, ਚੌਦਾਂ ਵਿਦਿਆ ਮੋਹ ਮਿਟਾਇੰਦਾ । ਚੌਦਾਂ ਲੋਕਾਂ ਫੇਰਾ ਪੌਣਾ, ਚੌਦਾਂ ਤਬਕ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਰਦਾ ਲੌਹਣਾ, ਇਸ਼ਟ ਏਕਾ ਨਜ਼ਰੀ ਆਇੰਦਾ । ਸਚ ਸੰਦੇਸ਼ ਨਰ ਨਰੇਸ਼ ਦੋ ਜਹਾਨ ਸ੍ਰੀ ਭਗਵਾਨ, ਕਲਜੁਗ ਅੰਤਮ ਆਪ ਸੁਣੌਣਾ, ਗੁਰ ਅਵਤਾਰ ਪੀਰ ਪੈਗ਼ੰਬਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਚਲਾਇੰਦਾ । ਸਾਚਾ ਮਾਰਗ ਚਲੇ ਜੱਗ, ਜਗ ਜੀਵਣ ਦਾਤਾ ਆਪ ਚਲਾਈਆ । ਪਰਗਟ ਹੋ ਸੂਰਾ ਸਰਬੰਗ, ਸਾਖਯਾਤ ਖੇਲ ਕਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਫੜ ਫੜ ਹੰਸ ਬਣਾਏ ਕੱਗ, ਕਾਗ ਹੰਸ ਰੂਪ ਵਟਾਈਆ । ਜਗਤ ਤ੍ਰਿਸ਼ਨਾ ਬੁਝਾਏ ਅੱਗ, ਅੰਮ੍ਰਿਤ ਆਤਮ ਜਾਮ ਪਿਆਈਆ । ਦਰਸ਼ਨ ਦੇਵੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਹੱਥ ਵਡਿਆਈਆ । ਘਰ ਦੀਪਕ ਜੋਤੀ ਜਾਏ ਜਗ, ਅੰਧ ਅੰਧੇਰ ਮਿਟਾਈਆ । ਅਨਹਦ ਸੁਣਾਏ ਸਾਚਾ ਨਦ, ਛੱਤੀ ਰਾਗ ਭੇਵ ਨਾ ਆਈਆ । ਘਰ ਘਰ ਹਰਿ ਜੂ ਰਿਹਾ ਸੱਦ, ਸੱਦਾ ਦੇਵੇ ਥਾਉਂ ਥਾਈਂਆ । ਪਾਰ ਕਿਨਾਰੇ ਨੌਂ ਕਰੋ ਹੱਦ, ਨੌਂ ਦਰ ਖੋਜੋ ਬੇਪਰਵਾਹੀਆ । ਆਤਮ ਪਰਮਾਤਮ ਹੋਈ ਅੱਡ, ਅੰਤਮ ਮੇਲਾ ਦਏ ਮਿਲਾਈਆ । ਵੇਖਣਹਾਰਾ ਕਾਇਆ ਕਵਰੀ ਡੂੰਘੀ ਭਵਰੀ ਖੱਡ, ਨਿਰਗੁਣ ਸਰਗੁਣ ਅੰਦਰ ਵੜ ਵੜ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਹਰਿ ਕਾ ਗੀਤ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਸਤਿਜੁਗ ਚਲੇ ਸਾਚੀ ਰੀਤ, ਏਕਾ ਇਸ਼ਟ ਹਰਿ ਜਣਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਏਕਾ ਮੰਦਰ ਸੋਭਾ ਪਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਏਕਾ ਘਰ ਬਹਾਇੰਦਾ । ਚਰਨ ਕਵਲ ਬੰਧਾਏ ਸਚ ਪ੍ਰੀਤ, ਦੂਸਰ ਦਰ ਸੀਸ ਨਾ ਕੋਇ ਝੁਕਾਇੰਦਾ । ਕਾਇਆ ਕਰੇ ਠੰਡੀ ਸੀਤ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਵਣ ਫੇਰਾ ਪਾਇੰਦਾ । ਸਦੀ ਚੌਧਵੀਂ ਜਾਏ ਬੀਤ, ਚੌਦਾਂ ਤਬਕ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕ ਪਰਗਟਾਇੰਦਾ । ਸਾਚਾ ਮਾਰਗ ਸਾਹਿਬ ਸੁਲਤਾਨ, ਸਤਿ ਸਤਿਵਾਦੀ ਸਤਿ ਲਗਾਈਆ । ਏਕਾ ਪੂਜਾ ਰਹੇ ਸ੍ਰੀ ਭਗਵਾਨ, ਦੂਸਰ ਦੇਵ ਨਾ ਕੋਇ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਸੁਰਪਤ ਇੰਦ ਕਰੋੜ ਤੇਤੀਸਾ ਸੀਸ ਝੁਕਾਈਆ । ਤੇਈ ਅਵਤਾਰ ਕਰਨ ਪਰਵਾਨ, ਭਗਤ ਅਠਾਰਾਂ ਖ਼ੁਸ਼ੀ ਮਨਾਈਆ । ਈਸਾ ਮੂਸਾ ਕਰਨ ਸਲਾਮ, ਮੁਹੰਮਦ ਸਯਦਾ ਸੀਸ ਝੁਕਾਈਆ । ਨਾਨਕ ਨਿਰਗੁਣ ਕਹੇ ਸਤਿ ਨਾਮ, ਤੇਰਾ ਭਾਣਾ ਸਚ ਰਜਾਈਆ । ਗੋਬਿੰਦ ਕਹੇ ਪੁਰਖ ਅਕਾਲ ਸ੍ਰਿਸ਼ਟ ਸਬਾਈ ਦੇਵੇ ਦਾਨ, ਦੇਵਣਹਾਰ ਇਕ ਅਖਵਾਈਆ । ਕਲਜੁਗ ਅੰਤਮ ਹੋਏ ਪਰਧਾਨ, ਵਡ ਪਰਧਾਨਗੀ ਆਪ ਕਮਾਈਆ । ਲੇਖਾ ਜਾਣੇ ਦੋ ਜਹਾਨ, ਲੱਖ ਚੁਰਾਸੀ ਦਏ ਸਮਝਾਈਆ । ਨਾਉਂ ਰੱਖ ਵਿਚ ਜਹਾਨ, ਨਿਹਕਲੰਕਾ ਮਿਲੇ ਵਡਿਆਈਆ । ਸੰਬਲ ਵਸੇ ਧਾਮ ਮੁਕਾਮ, ਸਚ ਸਿੰਘਾਸਣ ਆਸਣ ਲਾਈਆ ।

ਨਾਮ ਖੰਡਾ ਤੇਜ਼ ਕਿਰਪਾਨ, ਬ੍ਰਹਿਮੰਡਾਂ ਲਏ ਚਮਕਾਈਆ । ਕਲਜੁਗ ਅੰਤਮ ਮੇਟੇ ਆਣ, ਸਤਿਜੁਗ ਸਾਚਾ ਰਾਹ ਚਲਾਈਆ । ਨੌਂ ਖੰਡ ਪ੍ਰਿਥਮੀ ਜੀਵ ਜੰਤ ਸਾਧ ਸੰਤ ਪੁਰਖ ਅਕਾਲ ਏਕਾ ਗਾਣ, ਏਕਾ ਹਰਿ ਜੂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨੂਰ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਬਰਨ ਅੰਗ ਨਾ ਕੋਇ ਲਗਾਇੰਦਾ । ਏਕਾ ਆਪਣਾ ਨਾਉਂ ਸੁਣਾਏ ਸਚ ਸਰੋਤ, ਸਾਚੀ ਸਿਖਿਆ ਇਕ ਸਮਝਾਇੰਦਾ । ਆਦਿ ਜੁਗਾਦਿ ਸਤਿਗੁਰ ਪੂਰਾ ਇਕੋ ਬਹੁਤ, ਗੁਰ ਗੁਰ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਕਾਇਆ ਅੰਤਰ ਕੱਢੇ ਖੋਟ, ਸਚ ਸੁਚ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਤਮ ਪਰਮਾਤਮ ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ, ਬੇਅੰਤ ਖੇਲ ਕਰਾਈਆ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਰਖਾਈਆ । ਕਲਜੁਗ ਕੂੜਾ ਠੀਕਰ ਦੇਵੇ ਭੰਨ, ਕਾਚੀ ਮਾਟੀ ਰਹਿਣ ਨਾ ਪਾਈਆ । ਸਤਿਜੁਗ ਚੜ੍ਹਾਏ ਸਾਚਾ ਚੰਨ, ਸਤਿ ਸਤਿ ਕਰੇ ਰੁਸ਼ਨਾਈਆ । ਭਗਤ ਭਗਵਾਨ ਬੇੜਾ ਦੇਵੇ ਬੰਨ੍ਹ, ਬਣ ਖੇਵਟ ਖੇਟ ਸੇਵ ਕਮਾਈਆ । ਸ੍ਰਿਸ਼ਟ ਸਬਾਈ ਕਹੇ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਏਕਾ ਰਾਗ ਸੁਣਾਏ ਕੰਨ, ਸੋਹੰ ਅੱਖਰ ਢੋਲਾ ਗਾਈਆ । ਲੇਖਾ ਜਾਣੇ ਜਨਨੀ ਜਨ, ਦਾਈ ਦਾਇਆ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚਾ ਰਾਹ ਸਤਿ ਸਤਿ ਆਪ ਚਲਾਈਆ ।



੨੭੦ ੧੨

## ✳ ੨੦ ਜੇਠ ੨੦੧੯ ਬਿਕਰਮੀ ਬਾਜ ਸਿੰਘ ਦੇ ਗ੍ਰਹਿ ਪਿੰਡ ਮੱਟੂ ਜੰਮੂ ✳

ਸੋ ਪੁਰਖ ਨਿਰੰਜਣ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਆਪਣਾ ਪਰਦਾ ਆਪ ਉਠਾਇੰਦਾ । ਏਕੰਕਾਰਾ ਕਰ ਪਸਾਰ, ਨਿਰਗੁਣ ਧਾਰ ਆਪ ਪਰਗਟਾਇੰਦਾ । ਆਦਿ ਨਿਰੰਜਣ ਹੋ ਉਜਿਆਰ, ਜਲਵਾ ਨੂਰ ਆਪ ਦਰਸਾਇੰਦਾ । ਅਬਿਨਾਸ਼ੀ ਕਰਤਾ ਵੇਖਣਹਾਰ, ਨਿਝ ਨੇਤਰ ਆਪ ਖੁਲ੍ਹਾਇੰਦਾ । ਸ੍ਰੀ ਭਗਵਾਨ ਖੇਲ ਕਰੇ ਅਪਾਰ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਨਿਰਗੁਣ ਆਪਣਾ ਸੰਗ ਨਿਭਾਇੰਦਾ । ਸਚਖੰਡ ਦੁਆਰਾ ਕਰ ਤਿਆਰ, ਸਤਿ ਸਤਿਵਾਦੀ ਆਸਣ ਲਾਇੰਦਾ । ਦੀਆ ਬਾਤੀ ਇਕ ਅਪਾਰ, ਕਮਲਾਪਾਤੀ ਆਪ ਜਗਾਇੰਦਾ । ਸਾਚੀ ਖਾਟੀ ਕਰ ਤਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨ ਏਕਾ ਸੇਵ ਕਮਾਇੰਦਾ । ਦਰ ਦਰਵੇਸ਼ ਬਣ ਭਿਖਾਰ, ਸੀਸ ਜਗਦੀਸ਼ ਆਪ ਝੁਕਾਇੰਦਾ । ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਰਾਇੰਦਾ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਆਪ ਪਰਗਟਾਇੰਦਾ । ਜੋਤੀ ਜਾਤਾ ਖੇਲ ਅਪਾਰ, ਪੁਰਖ ਬਿਧਾਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਸ੍ਰੀ ਭਗਵੰਤ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਕਰੇ ਖੇਲ ਬੇਅੰਤ ਬੇਅੰਤ, ਬੇਅੰਤ ਵਡ ਵਡਿਆਈਆ । ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਆਪ

ਅਖਵਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖ ਲਿਖ ਨਾ ਕੋਇ ਸਮਝਾਈਆ । ਆਪੇ ਬਣ ਬਣ ਨਾਰ ਕੰਤ, ਸੇਜ ਸੁਹੰਜਣੀ ਆਪ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਇੰਦਾ । ਨਿਰਗੁਣ ਨੂਰ ਰਹੇ ਵਿਸਮਾਦ, ਬਿਸਮਲ ਆਪਣੀ ਧਾਰ ਚਲਾਇੰਦਾ । ਦੇਵਣਹਾਰਾ ਸਾਚੀ ਦਾਦ, ਨਾਮ ਅਮੋਲਕ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਕਾਢ, ਜਨ ਜਨਨੀ ਆਪ ਅਖਵਾਇੰਦਾ । ਤ੍ਰੈਗੁਣ ਅਤੀਤਾ ਲਡਾਏ ਲਾਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਭੇਵ ਚੁਕਾਏ ਸਚਖੰਡ ਨਿਵਾਸੀ ਦੂਸਰ ਸੰਗ ਨਾ ਕੋਇ ਰਖਾਈਆ । ਏਕਾ ਨੂਰ ਜੋਤ ਪਰਕਾਸ਼ੀ, ਨੂਰ ਨੁਰਾਨਾ ਡਗਮਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਾਚੇ ਮੰਡਲ ਪਾਵੇ ਰਾਸੀ, ਮੰਡਲ ਮੰਡਪ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਕ ਬਣਾਏ ਦਾਸਨ ਦਾਸੀ, ਸਾਚੀ ਸੇਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਕਰਨੀ ਕਰਤਾ ਹਰਿ ਕਰਤਾਰਾ, ਆਪਣੀ ਖੇਲ ਕਰਾਇੰਦਾ । ਤ੍ਰੈਗੁਣ ਤਤ ਭਰ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਪੰਜ ਤਤ ਤਤ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਕਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣਾ ਡੇਰਾ ਲਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਕਰਾਈਆ । ਲੱਖ ਚੁਰਾਸੀ ਜਗਤ ਨਿਸ਼ਾਨ, ਧਰਤ ਧਵਲ ਦਏ ਵਡਿਆਈਆ । ਨਿਰਗੁਣ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਆਤਮ ਅੰਤਰ ਇਕ ਗਿਆਨ, ਸ਼ਬਦ ਅਨਾਦੀ ਨਾਦ ਸੁਣਾਈਆ । ਪਾਰਬ੍ਰਹਮ ਬ੍ਰਹਮ ਵੇਖੇ ਆਣ, ਘਰ ਘਰ ਮੇਲਾ ਸਹਿਜ ਸੁਭਾਈਆ । ਸਚ ਸੰਦੇਸ਼ਾ ਦੇਵੇ ਆਣ, ਅੱਖਰ ਨਿਸ਼ਅੱਖਰ ਕਰੇ ਪੜ੍ਹਾਈਆ । ਬ੍ਰਹਮਾ ਵੇਤਾ ਕਰ ਪਰਵਾਨ, ਬ੍ਰਹਮ ਵਿਦਿਆ ਇਕ ਜਣਾਈਆ । ਚਾਰੇ ਵੇਦਾਂ ਖੋਲ੍ਹ ਦੁਕਾਨ, ਚਾਰੇ ਜੁਗ ਹੱਟ ਚਲਾਈਆ । ਚਾਰੇ ਕੁੰਟ ਖੇਲ ਮਹਾਨ, ਚਾਰ ਵਰਨ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਈਆ । ਸਾਚੀ ਧਾਰ ਨਿਰਗੁਣ ਸਰਗੁਣ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਆਤਮ ਪਰਮਾਤਮ ਇਕ ਸੁਣਾਏ ਸਾਚੀ ਧੁਨ, ਧੁਨ ਅਨਾਦੀ ਆਪ ਜਣਾਇੰਦਾ । ਲੱਖ ਚੁਰਾਸੀ ਛਾਣ ਪੁਣ, ਗੁਰ ਗੁਰ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇਹਾਰਾ, ਏਕਾ ਏਕ ਏਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਸ ਵਟਾਈਆ । ਜੀਵਾਂ ਜੰਤਾਂ ਦਏ ਸਹਾਰਾ, ਸਾਚੀ ਸਿਖਿਆ ਇਕ ਸਮਝਾਈਆ । ਏਕਾ ਮੰਦਰ ਇਕ ਦੁਆਰਾ, ਏਕਾ ਘਰ ਦਏ ਵਡਿਆਈਆ । ਏਕਾ ਨੂਰ ਇਕ ਪਸਾਰਾ, ਪੁਰਖ ਅਗੰਮ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਨਾਲ ਰਲਾਇੰਦਾ । ਭਗਤ ਭਗਵੰਤ ਦੇ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਸਾਚੇ ਸੰਤ ਕਰ ਪਿਆਰ, ਸਤਿਗੁਰ ਆਪਣੀ ਬੂਝ ਬੁਝਾਇੰਦਾ । ਗੁਰਮੁਖਾਂ ਕਾਇਆ ਖੋਲ੍ਹ ਬੰਦ ਕਿਵਾੜ, ਸਾਚੇ ਮੰਦਰ ਆਪ


੨੭੧
੧੨

੨੭੨
੧੨

ਬਹਾਇੰਦਾ । ਹਰਿਜਨ ਮੇਲ ਮਿਲਾਏ ਚਰਨ ਦੁਆਰ, ਚਰਨ ਸਰਨ ਇਕ ਰਖਾਇੰਦਾ । ਗੁਰਮੁਖ ਫੜ ਫੜ ਬੇੜਾ ਕਰੇ ਪਾਰ, ਗੁਰ ਗੁਰ ਆਪਣੀ ਗੋਦ ਬਹਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਜੁਗ ਚੌਕੜੀ ਵੰਡ ਵੰਡਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਔਂਦਾ ਰਿਹਾ ਵਿਚ ਸੰਸਾਰ, ਸਰਗੁਣ ਆਪਣਾ ਰਾਗ ਅਲਾਇੰਦਾ । ਏਕਾ ਚੌਕੜ ਵੰਡ ਕਰੇ ਅਪਾਰ, ਤੇਈ ਅਵਤਾਰਾਂ ਕਰੇ ਪਿਆਰ, ਭਗਤ ਅਠਾਰਾਂ ਦਏ ਆਧਾਰ, ਈਸਾ ਮੂਸਾ ਮੁਹੰਮਦ ਖੋਲ੍ਹ ਕਿਵਾੜ, ਕਲਮਾ ਨਬੀ ਆਪ ਪੜ੍ਹਾਇੰਦਾ । ਨਾਨਕ ਗੋਬਿੰਦ ਨਿਰਗੁਣ ਨੂਰ ਕਰ ਉਜਿਆਰ, ਮੇਲ ਮਿਲਾਏ ਸਚ ਦੁਆਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਵੇਦ ਸ਼ਾਸਤਰ ਲਏ ਉਚਾਰ, ਸਿਮਰਤ ਵੇਖੇ ਆਪਣੀ ਵਾਰ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਪੁਰਾਨ ਅਠਾਰਾਂ ਦੇ ਆਧਾਰ, ਅੰਜੀਲ ਕੁਰਾਨ ਕਰੇ ਉਜਿਆਰ, ਕਲਮਾ ਕਲਾਮ ਨੂਰ ਇਲਾਹੀ ਆਪ ਸਮਝਾਇੰਦਾ । ਖਾਣੀ ਬਾਣੀ ਵਣਜ ਵਪਾਰ, ਸੁਰਤੀ ਸ਼ਬਦੀ ਨਾਤਾ ਕੰਤ ਭਤਾਰ, ਪੁਰਖ ਬਿਧਾਤਾ ਆਪਣੇ ਰੰਗ ਰੰਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖੇ ਵਾਰੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਜੁਗ ਚੌਕੜੀ ਬੀਤੇ ਕੋਟ, ਕੋਟਨ ਕੋਟ ਰੂਪ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਲੋਕਮਾਤ ਸ਼ਬਦ ਨਗਾਰੇ ਲਾ ਕੇ ਗਏ ਚੋਟ, ਚੋਟੀ ਚੜ੍ਹ ਚੜ੍ਹ ਧਿਆਨ ਲਗਾਈਆ । ਜੀਵ ਜੰਤ ਆਤਮ ਕੱਢੇ ਨਾ ਕੋਇ ਖੋਟ, ਆਸਾ ਤ੍ਰਿਸ਼ਨਾ ਲੋਭ ਮੋਹ ਹੰਕਾਰ ਨਾ ਕੋਇ ਤਜਾਈਆ । ਨਾਤਾ ਜੁੜਿਆ ਵਰਨ ਗੋਤ, ਸ਼ਰਅ ਸ਼ਰੀਅਤ ਗੱਲ ਵਿਚ ਪਾਈ ਫਾਹੀਆ । ਕਿਸੇ ਨਜ਼ਰ ਨਾ ਆਏ ਨਿਰਗੁਣ ਜੋਤ, ਪਾਰਬ੍ਰਹਮ ਪ੍ਰਭ ਬੈਠਾ ਮੁੱਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਹਰਿ ਜੂ ਵੇਖ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਮੇਟਣਹਾਰਾ ਸਭ ਦੀ ਰੇਖ, ਆਪਣੀ ਰੇਖ ਨਾ ਕਿਸੇ ਵਖਾਇੰਦਾ । ਵਸਣਹਾਰਾ ਸਚਖੰਡ ਸਾਚੇ ਦੇਸ, ਥਿਰ ਘਰ ਆਪਣਾ ਰੂਪ ਪਰਗਟਾਇੰਦਾ । ਲੋਕਮਾਤ ਖੇਡਾਂ ਲਏ ਖੇਡ, ਰਾਮਾ ਕ੍ਰਿਸ਼ਨਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਰਨੀ ਕਰਤਾ ਆਪ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਕਲਜੁਗ ਅੰਤਮ ਫੇਰਾ ਪਾਈਆ । ਨਿਰਗੁਣ ਜੋਤ ਕਰ ਉਜਿਆਰ, ਨਿਹਕਲੰਕਾ ਆਪਣਾ ਨਾਉਂ ਰਖਾਈਆ । ਸਾਚਾ ਡੰਕਾ ਅਗੰਮ ਅਪਾਰ, ਦੋ ਜਹਾਨਾਂ ਦਏ ਸੁਣਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਿਮੰਡਾਂ ਖੰਡਾਂ ਦਏ ਜਗਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਬਲ ਧਰਾਈਆ । ਸਚ ਸੰਦੇਸ਼ਾ ਦੇਵੇ ਏਕਾ ਵਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਲੋਕਮਾਤ ਕਰੇ ਸਚ ਵਿਹਾਰ, ਵਡ ਬਿਵਹਾਰੀ ਬੇਪਰਵਾਹੀਆ । ਵਿਸ਼ਨੂੰ ਔਣਾ ਚਲ ਦੁਆਰ, ਦਰ ਦਰਵਾਜ਼ਾ ਰਿਹਾ ਖੁਲ੍ਹਾਈਆ । ਬ੍ਰਹਮੇ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਵਡ ਵਡਿਆਈਆ । ਸ਼ੰਕਰ ਤੇਰਾ ਵੇਖੇ ਬਾਸ਼ਕ ਤਸ਼ਕਾ ਹਾਰ, ਹੱਥ ਤਰਸੂਲ ਕਵਣ ਸੁਹਾਈਆ । ਸੁਰਪਤ ਤੇਰਾ ਲਹਿਣਾ ਦੇਣਾ ਕਰਜ਼ ਦਏ ਉਤਾਰ, ਕਰੋੜ ਤੇਤੀਸਾ ਨਾਲ ਮਿਲਾਈਆ । ਗੁਰ ਅਵਤਾਰ ਕਰ ਵਿਚਾਰ, ਪੂਰਬ ਲੇਖਾ ਦਏ ਸਮਝਾਈਆ । ਈਸਾ ਮੂਸਾ ਮੁਹੰਮਦ ਖੋਲ੍ਹ ਕਿਵਾੜ, ਮੱਕਾ ਕਾਅਬਾ ਏਕਾ ਨੂਰ ਦਏ ਜਣਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਗੁਰ ਆਪਣਾ ਹੁਕਮ ਮਨਾਈਆ । ਕੱਠੇ ਕਰੇ ਆਪ ਕਰਤਾਰ, ਥਿਤ ਵਾਰ ਦਏ ਸਮਝਾਈਆ । ਬਿਨ ਢਾਇਉਂ ਢੱਠੇ ਅੰਤਮ ਵਾਰ, ਬਲ

ਆਪਣਾ ਹੀਣ ਵਖਾਈਆ । ਸੱਦੇ ਦਿਤੇ ਦਰ ਦਰਬਾਰ, ਬੇਹੱਦ ਆਪਣੀ ਹੱਦ ਪਾਰ ਕਰਾਈਆ । ਵਿਸ਼ਨੂੰ ਵੇਖੇ ਸਾਚੀ ਯੱਦ, ਬੰਸ ਸਰਬੰਸ ਕਵਣ ਸੁਹਾਈਆ । ਪਾਰਬ੍ਰਹਮ ਬ੍ਰਹਮ ਆਪਣੇ ਵਿਚੋਂ ਕੱਢ, ਬ੍ਰਹਮ ਵੇਖੇ ਸਰਬ ਲੋਕਾਈਆ । ਸ਼ੰਕਰ ਲੇਖਾ ਦਏ ਨਾ ਛੱਡ, ਜੋ ਘੜਿਆ ਭੰਨ ਵਖਾਈਆ । ਅਵਤਾਰ ਰਸਨਾ ਕਹਿਣ ਸਾਚੇ ਪਾਰਬ੍ਰਹਮ ਤੇਰੀ ਵਡੀ ਵਡ ਵਡਿਆਈਆ । ਗੁਰ ਗੁਰ ਮਾਨਣ ਸਾਚਾ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਭਗਤ ਭਗਵਾਨ ਗਾਵਣ ਬੱਤੀ ਦੰਦ, ਰਸਨਾ ਜਿਹਵਾ ਨਾਲ ਹਿਲਾਈਆ । ਵਸਣਹਾਰਾ ਸਰਬ ਬ੍ਰਹਿਮੰਡ, ਬ੍ਰਹਿਮਾਂਡ ਆਪਣੀ ਜੋਤ ਕਰੇ ਰੁਸ਼ਨਾਈਆ । ਵੇਖਣਹਾਰਾ ਜੇਰਜ ਅੰਡ, ਉਤਭੁਜ ਸੇਤਜ ਪਰਦਾ ਲਾਹੀਆ । ਜੁਗ ਚੌਕੜੀ ਦੇਵਣਹਾਰਾ ਦੰਡ, ਕਲਜੁਗ ਅੰਤਮ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਵੇਖੇ ਭੇਖ ਪਖੰਡ, ਨੌਂ ਦਰ ਖੋਜੇ ਚਾਈਂ ਚਾਈਂਆ । ਲੱਖ ਚੁਰਾਸੀ ਨਾਰ ਦੁਹਾਗਣ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਸਾਚੀ ਖੇਲ ਕਰੇ ਸਮਰਥ, ਸਮਰਥ ਪੁਰਖ ਬੇਪਰਵਾਹਿਆ । ਰਾਮ ਰਾਮ ਨਾ ਗਾਏ ਕੋਇ ਗਥ, ਹਿਰਦੇ ਰਾਮ ਨਾ ਕੋਇ ਵਸਾਇਆ । ਕੂੜੀ ਕਿਰਿਆ ਘਰ ਘਰ ਰਹੀ ਨੱਠ, ਸਚ ਸੁਚ ਬੈਠੀ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਰਾਮ ਕਹੇ ਨਾ ਮਿਲਿਆ ਰਾਮ, ਰਾਮ ਗਤ ਕਿਸੇ ਨਾ ਪਾਈਆ । ਹਿਰਦੇ ਹਰਿ ਨਾ ਕਰੇ ਬਿਸਰਾਮ, ਆਤਮ ਸੇਜ ਨਾ ਕੋਇ ਹੰਢਾਈਆ । ਕਾਇਆ ਵਸੇ ਖੇੜਾ ਨਗਰ ਨਾ ਗਰਾਮ, ਘਰ ਮੰਦਰ ਨਾ ਕੋਇ ਵਧਾਈਆ । ਆਸਾ ਤ੍ਰਿਸ਼ਨਾ ਲੋਭ ਮੋਹ ਹੰਕਾਰ ਹੋਣ ਕਾਮ, ਕਾਮ ਕਾਮਨੀ ਦਏ ਦੁਹਾਈਆ । ਅੰਮ੍ਰਿਤ ਰਸ ਪੀਏ ਨਾ ਕੋਈ ਜਾਮ, ਮਦਿਰਾ ਦਰ ਦਰ ਰਹੀ ਕੁਰਲਾਈਆ । ਨਿਰਗੁਣ ਜੋਤ ਜਗੇ ਨਾ ਕੋਈ ਭਾਨ, ਅੰਧ ਅੰਧੇਰ ਨਾ ਕੋਇ ਮਿਟਾਈਆ । ਨਜ਼ਰ ਆਏ ਨਾ ਕਿਸੇ ਘਨੱਯਾ ਸ਼ਾਮ, ਨਾਮ ਬੰਸਰੀ ਨਾ ਕੋਇ ਵਜਾਈਆ । ਕਵਲ ਨੈਣ ਨਾ ਦਏ ਪੈਗ਼ਾਮ, ਸਚ ਸੰਦੇਸ਼ ਨਾ ਕੋਇ ਸੁਣਾਈਆ । ਸ੍ਰਿਸ਼ਟ ਸਬਾਈ ਹੋਈ ਬੇਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਅੰਤ ਅੰਤ ਕਰਾਇੰਦਾ । ਵੇਖਣਹਾਰ ਸਰਬ ਸੰਸਾਰਾ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਨੌਂ ਖੰਡ ਪ੍ਰਿਥਮੀ ਹਾਹਾਕਾਰਾ, ਜੀਵ ਜੰਤ ਸਰਬ ਕੁਰਲਾਇੰਦਾ । ਊਚ ਨੀਚ ਰਾਉ ਰੰਕ ਹੋਣ ਖੁਵਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਹਰਿ ਕਾ ਨਾਮ ਨਾ ਕਿਸੇ ਪਿਆਰਾ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਸਚ ਵਣਜ ਨਾ ਕੋਇ ਵਣਜਾਰਾ, ਸਾਚਾ ਹੱਟ ਨਾ ਕੋਇ ਖੁਲ੍ਹਾਇੰਦਾ । ਚੌਦਾਂ ਲੋਕ ਧੂਆਂਧਾਰਾ, ਸਤਿ ਗਿਆਨ ਨਾ ਕੋਇ ਪਰਗਟਾਇੰਦਾ । ਚੌਦਾਂ ਤਬਕ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਇੰਦਾ । ਏਕਾ ਭੁਲਿਆ ਪਰਵਰਦਿਗਾਰਾ, ਸਹੀ ਸਲਾਮਤ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੇ ਤਖ਼ਤ ਆਪੇ ਚੜ੍ਹ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਅੰਤਮ ਕਲ, ਹਰਿ ਜੂ ਹਰਿ ਹਰਿ ਆਪ ਘਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਵਲ ਛਲ, ਗੁਰ ਅਵਤਾਰ ਆਪਣੀ ਸੇਵ ਲਗਾਈਆ । ਬੈਠਾ ਰਿਹਾ ਧਾਮ ਅਟੱਲ, ਸਚਖੰਡ ਸਾਚੇ ਡੇਰਾ ਲਾਈਆ । ਜੋਤੀ ਸ਼ਬਦੀ ਰਿਹਾ ਰਲ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਪਾਵਣਹਾਰਾ ਸਾਰ ਜਲ ਥਲ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਹਰਿ ਜੂ ਆ, ਨਿਹਕਲੰਕਾ ਨਾਉਂ ਰਖਾਇੰਦਾ । ਵੇਦ ਵਿਆਸਾ ਲੇਖਾ ਪੂਰਾ ਦਏ ਕਰਾ, ਪੂਤ ਸਪੂਤਾ ਬ੍ਰਹਿਮਣ ਗੌੜਾ ਆਪਣਾ ਰੰਗ ਰੰਗਾਇੰਦਾ । ਕਲਜੁਗ ਕੂੜੀ ਕਿਰਿਆ ਦਏ ਗਵਾ, ਸਾਚਾ ਮਾਰਗ ਇਕ ਵਖਾਇੰਦਾ । ਮੂਸਾ ਮੰਗੀ ਮੰਗ ਪਰਵਰਦਿਗਾਰ ਮੇਰਾ ਆਏ ਖ਼ੁਦਾ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਮੁਹੰਮਦ ਕਹੇ ਅਮਾਮ ਅਮਾਮਾਂ ਸਿਰ ਫੇਰਾ ਜਾਏ ਪਾ, ਦਿਸ਼ਾ ਲਹਿੰਦੀ ਵੰਡ ਵੰਡਾਇੰਦਾ । ਨਾਨਕ ਨਿਰਗੁਣ ਸੀਸ ਰਿਹਾ ਝੁਕਾ, ਮਹਾਬਲੀ ਰਾਹ ਤਕਾਇੰਦਾ । ਗੋਬਿੰਦ ਲੇਖਾ ਲਿਖ ਲਿਖ ਗਿਆ ਸਮਝਾ, ਸ੍ਰਿਸ਼ਟ ਸਬਾਈ ਆਪ ਅਲਾਇੰਦਾ । ਕਲ ਕਲਕੀ ਆਵੇ ਬਣ ਬੇਪਰਵਾਹ, ਸੰਬਲ ਆਪਣਾ ਅਸਣ ਲਾਇੰਦਾ । ਚਾਰ ਜੁਗ ਦਾ ਲਹਿਣਾ ਦਏ ਮੁਕਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵੇਖ ਵਖਾਇੰਦਾ । ਚਾਰ ਵਰਨ ਡੇਰਾ ਦੇਵੇ ਢਾਹ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਰਾਜ ਰਾਜਾਨਾਂ ਦੇਵੇ ਖ਼ਾਕ ਮਿਲਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਸ੍ਰਿਸ਼ਟ ਸਬਾਈ ਏਕਾ ਮੰਤਰ ਨਾਮ ਦਏ ਪੜ੍ਹਾ, ਆਤਮ ਪਰਮਾਤਮ ਜੋੜ ਜੁੜ੍ਹਾਇੰਦਾ । ਚਤੁਰਭੁਜ ਰੂਪ ਵਟਾ, ਆਦਿ ਸ਼ਕਤ ਨੂਰ ਵਖਾਇੰਦਾ । ਸਾਚੀ ਕਿਰਪਾ ਕਰੇ ਆਪ ਮਿਹਰਵਾਂ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰਾ ਲੋਕਮਾਤ, ਹਰਿ ਜੂ ਅੰਤ ਅੰਤ ਸੁਹਾਈਆ । ਚਾਰ ਵਰਨ ਦੇਵੇ ਇਕੋ ਦਾਤ, ਊਚ ਨੀਚ ਨਾ ਕੋਇ ਰਖਾਈਆ । ਪਾਰਬ੍ਰਹਮ ਬ੍ਰਹਮ ਸਾਚੀ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਮੇਲ ਮਿਲਾਏ ਤ੍ਰਲੋਕੀ ਨਾਥ, ਅਨਾਥ ਅਨਾਥਾਂ ਹੋਏ ਸਹਾਈਆ । ਦਰਸ ਦਿਖਾਏ ਰਾਮ ਰਾਮਾ ਬੇਟਾ ਦਸਰਾਥ, ਘਰ ਘਰ ਆਪਣਾ ਰੂਪ ਜਣਾਈਆ । ਈਸਾ ਮੂਸਾ ਮੁਹੰਮਦ ਮੇਲਾ ਪਾਕੀ ਪਾਕ, ਪਤਤ ਪੁਨੀਤ ਦਏ ਕਰਾਈਆ । ਨਾਨਕ ਵਖਾਏ ਸਾਚੀ ਖਾਟ, ਆਤਮ ਸੇਜਾ ਆਪ ਸੁਹਾਈਆ । ਗੋਬਿੰਦ ਮੇਟੇ ਦੂਈ ਵਾਟ, ਦਵੈਤੀ ਕੋਇ ਰਹਿਣ ਨਾ ਪਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਜਨ ਭਗਤਾਂ ਪੁੱਛੇ ਹਰਿ ਜੂ ਵਾਤ, ਭਗਤ ਭਗਵਾਨ ਲਏ ਮਿਲਾਈਆ । ਇਕੋ ਦੇਵੇ ਸਾਚੀ ਗਾਥ, ਸਾਚਾ ਸੋਹਲਾ ਆਪ ਸੁਣਾਈਆ । ਚੌਦਾਂ ਲੋਕ ਵਖਾਏ ਏਕਾ ਹਾਟ, ਏਕਾ ਵਣਜ ਨਾਮ ਕਰਾਈਆ । ਅਠਸਠ ਤੀਰਥ ਵੇਖੇ ਤਾਟ, ਤੱਟ ਕਿਨਾਰਾ ਇਕ ਦ੍ਰਿੜਾਈਆ । ਏਕਾ ਰਸਨਾ ਏਕਾ ਜਿਹਵਾ ਏਕਾ ਪੂਜਾ ਏਕਾ ਪਾਠ, ਗੁਰ ਇਸ਼ਟ ਦੇਵ ਇਕ ਦਰਸਾਈਆ । ਏਕਾ ਸੇਜਾ ਏਕਾ ਬਸਤਰ ਏਕਾ ਖਾਟ, ਏਕਾ ਆਸਣ ਸਿੰਘਾਸਣ ਦਏ ਪਰਗਟਾਈਆ । ਏਕਾ ਜੋਤ ਇਕ ਲਲਾਟ, ਏਕਾ ਮੇਟੇ ਅੰਤਮ ਵਾਟ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਸ੍ਰੀ ਭਗਵੰਤ, ਕਲਜੁਗ ਅੰਤ ਅੰਤ ਲਗਾਇੰਦਾ । ਹਰਿਜਨ ਵੇਖੇ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਸੁਰਤੀ ਸ਼ਬਦੀ ਮੇਲਾ ਨਾਰੀ ਕੰਤ, ਕੰਤ ਕੰਤੂਹਲ ਖ਼ੁਸ਼ੀ ਵਖਾਇੰਦਾ । ਜ਼ਾਤ ਪਾਤ ਵਰਨ ਗੋਤ ਗੜ੍ਹ ਤੁਟੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਬਣਾਏ ਸਾਚੀ ਸੰਗਤ, ਸਗਲਾ ਸੰਗ ਆਪ ਨਿਭਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਮਜੀਠੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਜੇਰਜ ਅੰਡਤ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਹੁਕਮ ਵਖਾਇੰਦਾ । ਹੁਕਮੇ ਅੰਦਰ ਚਾਰ ਖਾਣੀ, ਖ਼ਾਕੀ ਖ਼ਾਕ ਵਖਾਇੰਦਾ । ਹੁਕਮੇ ਅੰਦਰ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਇੰਦਾ ।

ਹੁਕਮੇ ਅੰਦਰ ਅਠਸਠ ਤੀਰਥ ਪਾਣੀ, ਸਰ ਸਰੋਵਰ ਰੂਪ ਵਟਾਇੰਦਾ । ਹੁਕਮੇ ਅੰਦਰ ਅਕੱਥ ਕਹਾਣੀ, ਗੁਰ ਅਵਤਾਰ ਸੇਵ ਕਮਾਇੰਦਾ । ਹੁਕਮੇ ਅੰਦਰ ਦੇਵੇ ਪਦ ਨਿਰਬਾਣੀ, ਪਰਮ ਪੁਰਖ ਦਇਆ ਕਮਾਇੰਦਾ । ਹੁਕਮੇ ਅੰਦਰ ਮੇਲਾ ਭਗਤ ਭਗਵਾਨੀ, ਭਗਵਨ ਆਪਣਾ ਰੰਗ ਵਖਾਇੰਦਾ । ਹੁਕਮੇ ਅੰਦਰ ਚਰਨ ਧੂੜ ਮਿਲੇ ਅਸ਼ਨਾਨੀ, ਦੁਰਮਤ ਮੈਲ ਧੁਵਾਇੰਦਾ । ਹੁਕਮੇ ਅੰਦਰ ਗੋਪੀ ਕਾਹਨੀ, ਸਾਚੇ ਮੰਡਲ ਰਾਸ ਰਚਾਇੰਦਾ । ਹੁਕਮੇ ਅੰਦਰ ਸੀਤਾ ਰਾਮ ਰਾਜਾ ਰਾਣੀ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਖੇਲ ਕਰਾਏ ਅੱਲਾ ਰਾਣੀ, ਆਲਮੀਨ ਇਲਾਹੀ ਨੂਰ ਇਕ ਪਰਗਟਾਇੰਦਾ । ਹੁਕਮੇ ਅੰਦਰ ਨਾਨਕ ਗੋਬਿੰਦ ਦਸ ਦਸ ਗਏ ਨਿਸ਼ਾਨੀ, ਨਿਰਗੁਣ ਆਪਣਾ ਰੂਪ ਵਟਾਇੰਦਾ । ਹੁਕਮੇ ਅੰਦਰ ਵੇਦ ਸ਼ਾਸਤਰ ਸਿਮਰਤ ਪੁਰਾਨ ਪੁਰਾਨੀ, ਦਾਤਾ ਦਾਨੀ ਆਪ ਵਰਤਾਇੰਦਾ । ਕਲਜੁਗ ਅੰਤਮ ਕਰੇ ਖੇਲ ਨੌਜਵਾਨੀ, ਬਿਰਧ ਬਾਲ ਨਾ ਰੂਪ ਵਟਾਇੰਦਾ । ਪਰਗਟ ਹੋਏ ਲਾਸਾਨੀ, ਲਾਸ਼ਰੀਕ ਨਜ਼ਰ ਨਾ ਆਇੰਦਾ । ਆਤਮ ਪਰਮਾਤਮ ਪੜ੍ਹੇ ਬਾਣੀ, ਸਿਰ ਆਪਣਾ ਹੱਥ ਟਿਕਾਇੰਦਾ । ਤੀਰ ਨਿਰਾਲਾ ਬਿਰਹੋਂ ਮਾਰੇ ਕਾਨੀ, ਕਾਇਨਾਤ ਆਪ ਹਿਲਾਇੰਦਾ । ਸਰਬ ਜੀਆਂ ਘਟ ਜਾਣ ਜਾਣੀ, ਜਾਨਣਹਾਰਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਧਾਰ ਵਖਾਇੰਦਾ । ਸਤਿਜੁਗ ਸਾਚੀ ਧਾਰ ਪੁਰਖ ਸਮਰਥ, ਸ੍ਰੀ ਭਗਵਾਨ ਆਪ ਜਣਾਈਆ । ਸ੍ਰਿਸ਼ਟ ਸਬਾਈ ਏਕਾ ਗਾਥ, ਏਕਾ ਮੰਤਰ ਦਏ ਸਮਝਾਈਆ । ਇਕ ਚੜ੍ਹਾਏ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਏਕਾ ਤੀਰਥ ਏਕਾ ਤਾਟ, ਤੱਟ ਕਿਨਾਰਾ ਇਕ ਵਖਾਈਆ । ਏਕਾ ਮੰਦਰ ਏਕਾ ਮਸਜਿਦ ਏਕਾ ਮਾਠ, ਗੁਰੂਦੁਆਰਾ ਇਕ ਵਡਿਆਈਆ । ਏਕਾ ਪੂਜਾ ਏਕਾ ਪਾਠ, ਏਕਾ ਰਸਨਾ ਜਿਹਵਾ ਗੁਣ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸਾਚਾ ਮਾਰਗ ਇਕ ਪਰਗਟਾਈਆ । ਸਾਚਾ ਮਾਰਗ ਹਰਿ ਜੂ ਲੌਣਾ, ਸਤਿਜੁਗ ਸਾਚੇ ਦਏ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਲੇਖ ਚੁਕੌਣਾ, ਲੇਖਾ ਅੰਤ ਅੰਤ ਚੁਕਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲੌਣਾ, ਗ਼ਰੀਬ ਨਿਮਾਣਿਆਂ ਲਏ ਉਠਾਈਆ । ਸਾਚਾ ਢੋਲਾ ਸੋਹੰ ਬੋਲਾ ਆਤਮ ਪਰਮਾਤਮ ਸਭ ਨੇ ਗੌਣਾ, ਘਰ ਘਰ ਵੱਜੇ ਵਧਾਈਆ । ਪੁਰਖ ਪੁਰਖੋਤਮ ਹਰਿਜਨ ਮੇਲ ਮਿਲੌਣਾ, ਜੋਤੀ ਜੋਤ ਜੋਤ ਸਮਾਈਆ । ਕਾਇਆ ਕਿਲਾ ਕੋਟ ਇਕ ਬਣੌਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਠਾਕਰ ਸਵਾਮੀ ਇਕ ਮਨੌਣਾ, ਸਜਦਾ ਸੀਸ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਲਛਮੀ ਏਕਾ ਰੰਗ ਵਖਾਇੰਦਾ । ਵਿਸ਼ਨੂੰ ਲਛਮੀ ਸਾਚਾ ਰੰਗ, ਬਸਤਰ ਭੂਸ਼ਨ ਆਪ ਰਖਾਇੰਦਾ । ਛੈਲ ਛਬੀਲਾ ਸੇਜ ਪਲੰਘ, ਸਤਿ ਸਤਿਵਾਦੀ ਆਪ ਹੰਢਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਇਕ ਮਰਦੰਗ, ਬਣ ਮਰਦੰਗਾ ਆਪ ਵਜਾਇੰਦਾ । ਬ੍ਰਹਮਾ ਵੇਤਾ ਖੇਵਟ ਖੇਟਾ ਸਾਚਾ ਸੁਤ ਸੁਹਾਏ ਰੁੱਤ, ਲੋਕਮਾਤ ਧਰਨੀ ਧਰਤ ਧਵਲ ਵਡਿਆਇੰਦਾ । ਨਾਰਦ ਵੇਖੇ ਉਠ ਉਠ, ਸੁਰਸਤੀ ਕੋਲੋਂ ਰਿਹਾ ਪੁੱਛ, ਹਰਿ ਜੂ ਵਸੇ ਕੇਹੜੇ ਗੁੱਠ, ਚਾਰੋਂ ਕੁੰਟ ਨੈਣ ਉਠਾਇੰਦਾ । ਗੁਰ ਅਵਤਾਰ ਜੁਗ ਜੁਗ ਆਏ ਗਏ ਲੁਕ, ਅੰਤ ਆਦਿ ਕੋਇ ਨਾ ਚੁੱਕੇ ਆਪਣੀ ਕੁੱਖ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਹਰਿਜਨ ਵੇਖੇ ਆਪਣੇ ਪੁੱਤ, ਪਿਤਾ ਪੂਤ ਦਇਆ ਕਮਾਇੰਦਾ । ਦੀਨ ਦਿਆਲ ਠਾਕਰ ਸਵਾਮੀ ਸਾਹਿਬ ਸੁਲਤਾਨ ਸਤਿ ਸਤਿਵਾਦੀ ਜਾਏ ਤੁਠ, ਦੀਨਨ ਆਪਣੇ ਰੰਗ ਰੰਗਾਇੰਦਾ । ਕਵਲ ਨਾਭੀ ਅੰਮ੍ਰਿਤ ਜਾਮ ਨਿਝਰ ਝਿਰਨਾ ਦੇਵੇ ਘੁਟ, ਰਸ ਰਸੀਆ ਰਸ ਚਖਾਇੰਦਾ ।

ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਜਾਏ ਤੁਟ, ਗੇੜਾ ਗੇੜ ਨਾ ਕੋਇ ਰਖਾਇੰਦਾ । ਅੰਤ ਮਿਲਾਏ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸਾਚੀ ਧਾਰਾ ਆਪ ਪਰਗਟਾਇੰਦਾ । ਸਾਚੀ ਧਾਰ ਚਲਾਏ ਮਾਤ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸ਼ਬਦ ਅਗੰਮ ਵਡ ਕਰਾਮਾਤ, ਨਿਹਕਰਮੀ ਆਪ ਪਰਗਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਇਕੋ ਦੇਵੇ ਦਾਤ, ਇਕ ਭੰਡਾਰਾ ਦਏ ਭਰਾਈਆ । ਇਕ ਦੁਆਰਾ ਚਰਨ ਬੰਨ੍ਹਾਏ ਸਾਚਾ ਨਾਤ, ਸ੍ਰੀ ਭਗਵਾਨ ਸੱਚੀ ਸਰਨਾਈਆ । ਦੀਨ ਮਜ਼੍ਹਬ ਨਾ ਰਹੇ ਕੋਈ ਜ਼ਾਤ, ਵੰਡਣ ਵੰਡ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ ਰੱਖੇ ਆਪਣੇ ਸਾਥ, ਨੇਤਰ ਨੈਣਾਂ ਦਏ ਵਖਾਈਆ । ਉਠੋ ਵੇਖੋ ਨੇਤਰ ਖੋਲ੍ਹੋ ਮਾਰੋ ਝਾਤ, ਲੋਕਮਾਤ ਚਾਰ ਕੁੰਟ ਪਈ ਲੜਾਈਆ । ਕਿਸੇ ਨਜ਼ਰ ਨਾ ਆਏ ਰਸੂਲ ਪਾਕ, ਰਾਮ ਰਾਮ ਨਾ ਬਣਿਆ ਸਾਚਾ ਸਾਕ, ਕ੍ਰਿਸ਼ਨ ਕਾਹਨ ਰੂਪ ਨਾ ਕੋਇ ਵਖਾਈਆ । ਨਾਨਕ ਗੋਬਿੰਦ ਨਜ਼ਰ ਨਾ ਆਏ ਕਿਸੇ ਘਾਟ, ਕਲਜੁਗ ਜੀਵ ਬੇੜਾ ਸ਼ੌਹ ਦਰਿਯਾਏ ਰਹੇ ਰੁੜ੍ਹਾਈਆ । ਆਪਣੀ ਮੁਕਾ ਨਾ ਸਕੇ ਕੋਈ ਵਾਟ, ਮੁਲਾਂ ਸ਼ੇਖ਼ ਮੁਸਾਇਕ ਪੀਰ ਪੰਡਤ ਪਾਂਧੇ ਥੱਕੇ ਮਾਂਦੇ ਗ੍ਰੰਥੀ ਪੰਥੀ ਜੀਵਾਂ ਜੰਤਾਂ ਰਹੇ ਸਮਝਾਈਆ । ਮਾਣਸ ਜਨਮ ਆਇਆ ਘਾਟ, ਘਾਟਾ ਪੂਰ ਨਾ ਕੋਇ ਕਰਾਈਆ । ਅੰਤਮ ਧਰਮ ਰਾਏ ਦੇ ਪੈਣਾ ਖਾਤ, ਚਿਤਰ ਗੁਪਤ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਕਲਜੁਗ ਅੰਤਮ ਸ੍ਰਿਸ਼ਟ ਸਬਾਈ ਦਏ ਸੁਣਾਈਆ । ਸ੍ਰਿਸ਼ਟ ਸਬਾਈ ਰਿਹਾ ਸੁਣਾ, ਹਰਿ ਜੂ ਸ਼ਬਦੀ ਡੰਕ ਵਜਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਨਕ਼ਾਬ ਆਪਣਾ ਪਰਦਾ ਆਪ ਉਠਾਇੰਦਾ । ਕਲਜੁਗ ਅੰਤ ਬਣੇ ਮਲਾਹ, ਸਤਿਜੁਗ ਬੇੜਾ ਆਪ ਚਲਾਇੰਦਾ । ਸਾਚੇ ਭਗਤਾਂ ਲਏ ਉਠਾ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਸਵੱਛ ਸਰੂਪੀ ਦਰਸ ਕਰਾ, ਰਾਤੀਂ ਸੁਤਿਆਂ ਮੇਲ ਮਿਲਾਇੰਦਾ । ਅਨਭਵ ਦ੍ਰਿਸ਼ਟੀ ਦਏ ਖੁਲ੍ਹਾ, ਦ੍ਰਿਸ਼ਟ ਇਸ਼ਟ ਆਪ ਹੋ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹੇ ਸੀਸ ਝੁਕਾ, ਨੇਤਰ ਨੈਣ ਚਰਨ ਕਵਲ ਧਿਆਨ ਲਗਾਇੰਦਾ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰ ਵਿਚ ਸੰਸਾਰ, ਸਹਿਬ ਸੁਲਤਾਨ ਆਪ ਚਲਾਈਆ । ਆਤਮ ਪਰਮਾਤਮ ਦੇਵੇ ਗਿਆਨ, ਪੱਟੀ ਅਵਰ ਨਾ ਕੋਇ ਪੜ੍ਹਾਈਆ । ਨੇਤਰ ਖੋਲ੍ਹੋ ਵੇਖੋ ਮਾਰ ਧਿਆਨ, ਹਰਿ ਜੂ ਹਰਿ ਘਟ ਰਿਹਾ ਸਮਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਸ਼ਰਅ ਆਪਣੀ ਰਿਹਾ ਜਣਾਈਆ । ਜੋ ਜਨ ਰਸਨਾ ਜਿਹਵਾ ਸਿਮਰੇ ਹਰੀ ਹਰਿ ਰਾਮ, ਰਾਮ ਰਮੱਯਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਦਾ ਇਕੋ ਦਾਤਾ, ਏਕਾ ਘਰ ਰਿਹਾ ਵਖਾਈਆ । ਏਕਾ ਘਰ ਏਕਾ ਮੰਦਰ, ਏਕਾ ਹਰਿ ਜੂ ਆਸਣ ਲਾਇੰਦਾ । ਏਕਾ ਵਸੇ ਡੂੰਘੀ ਕੰਦਰ, ਅੰਧ ਅੰਧੇਰ ਇਕ ਚੁਕਾਇੰਦਾ । ਏਕਾ ਤੋੜਨਹਾਰਾ ਬਜ਼ਰ ਕਪਾਟੀ ਜੰਦਰ, ਆਕਾਸ਼ ਪਰਕਾਸ਼ ਇਕ ਵਖਾਇੰਦਾ । ਏਕਾ ਫੜਨਹਾਰਾ ਮਨ ਮਨੂਆ ਬੰਦਰ, ਨਾਮ ਡੋਰੀ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸੱਜਣ ਜਾਵੇ ਜਾਗ, ਜਗ ਜੀਵਣ ਦਾਤਾ ਆਪ ਜਗਾਈਆ । ਜਨਮ ਜਨਮ ਦੀ ਬੁਝਾਏ ਆਗ, ਤ੍ਰੈਗੁਣ ਅਗਨ ਨਾ ਲਾਗੇ ਰਾਈਆ ।

ਲੱਖ ਚੁਰਾਸੀ ਵਿਚੋਂ ਕਾਢ, ਗੁਰ ਸ਼ਬਦੀ ਜੋੜ ਜੁੜਾਈਆ । ਏਥੇ ਓਥੇ ਦੋ ਜਹਾਨ ਪਰਦਾ ਦੇਵੇ ਢਾਕ, ਪਾਰਬ੍ਰਹਮ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਸਮਰਥ ਹੱਥ ਵਡੀ ਵਡਿਆਈਆ । ਨੇਤਰ ਨੈਣ ਖੋਲ੍ਹੇ ਇਕੋ ਅੱਖ, ਦੋਏ ਦੋਏ ਲੋਚਣ ਬੰਦ ਕਰਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰੇ ਵੱਖ, ਭਗਤ ਭਗਵਾਨ ਦਏ ਵਡਿਆਈਆ । ਸਾਚਾ ਨਾਉਂ ਸਾਚਾ ਮਾਰਗ ਆਪੇ ਦੱਸ, ਸਾਚੇ ਘਰ ਲਏ ਮਿਲਾਈਆ । ਹਰਿਜਨ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜਗਤ ਮਾਇਆ ਪੁਤਰ ਧੀਆਂ ਦਾਤ, ਦਾਤਾ ਦਾਨੀ ਆਪ ਵਰਤਾਈਆ । ਜਗਤ ਬੰਨ੍ਹੇ ਜੁਗਤੀ ਨਾਤ, ਨਾਤਾ ਨਾਤੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਾਲੀ ਭਾਂਡੇ ਦਏ ਭਰਾਈਆ । ਖ਼ਾਲੀ ਭਾਂਡੇ ਕਰ ਭਰਪੂਰ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਨਿਰਗੁਣ ਬਖ਼ਸ਼ੇ ਨਿਰਗੁਣ ਨੂਰ, ਨੂਰ ਨੂਰ ਨਾਲ ਮਿਲਾਇੰਦਾ । ਆਦਿ ਜੁਗਾਦੀ ਸਰਧਾ ਪੂਰ, ਸ੍ਰੀ ਭਗਵਾਨ ਖੇਲ ਖਲਾਇੰਦਾ । ਨਾਤਾ ਤੋੜੇ ਕੂੜੋ ਕੂੜ, ਸਾਚੀ ਧੂੜ ਮਸਤਕ ਟਿੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਸਾਚੇ ਪੂਰਨ ਆਸਾ, ਆਸਵੰਦ ਆਪ ਕਰਾਈਆ । ਹਰਿ ਸਰਨ ਚਰਨ ਇਕ ਭਰਵਾਸਾ, ਦੀਨ ਦਿਆਲ ਹੋਏ ਸਹਾਈਆ । ਕਾਇਆ ਚੋਲੀ ਵੇਖੇ ਕਾਸਾ, ਅੰਦਰ ਮੰਦਰ ਖੋਜ ਖੁਜਾਈਆ । ਸਚ ਵਸਤ ਸੱਦ ਰੱਖੇ ਪਾਸਾ, ਜਿਉਂ ਭਾਵੇ ਤਿਉਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਵਡਿਆਈ ਦੇਵੇ ਹਰਿ ਭਗਵਾਨ, ਵਡ ਵੱਡਾ ਖੇਲ ਕਰਾਇੰਦਾ । ਜੀਵ ਜੀਵਤ ਜੀਵ ਦਾਨ, ਜੀਵਣ ਜੁਗਤ ਜੁਗਤ ਜਣਾਇੰਦਾ । ਬੂੰਦ ਰਕਤ ਖੇਲ ਮਹਾਨ, ਸਾਚੀ ਸ਼ਕਤ ਵਿਚ ਭਰਾਇੰਦਾ । ਪੰਜ ਤਤ ਕਾਇਆ ਕਰ ਪਰਧਾਨ, ਆਤਮ ਪਰਮਾਤਮ ਜੋੜ ਜੁੜਾਇੰਦਾ । ਮਨ ਮਤ ਬੁਧ ਖੋਲ੍ਹ ਦੁਕਾਨ, ਆਸਾ ਤ੍ਰਿਸ਼ਨਾ ਮਾਇਆ ਮਮਤਾ ਪੰਚਮ ਸਾਚਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਕਾਇਆ ਚੋਲੀ, ਹਰਿ ਜੂ ਹਰਿ ਹਰਿ ਆਪੇ ਪਾਈਆ । ਸੇਵਕ ਬਣਾਏ ਸਾਚੀ ਗੋਲੀ, ਸੇਵਾ ਸਚ ਸਚ ਜਣਾਈਆ । ਕਾਰਜ ਰਾਸ ਚੁੱਕੇ ਕਾਇਆ ਡੋਲੀ, ਡੋਲਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਏਕਾ ਵਰ, ਜਗਤ ਫਲਵਾੜੀ ਰਹੀ ਮੌਲੀ, ਪਤ ਡਾਲੀ ਫੁੱਲ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਬਿਧ ਜਾਣੇ ਆਣ, ਪਰਦਾ ਉਹਲਾ ਨਾ ਕੋਇ ਰਖਾਈਆ । ਪਰਦਾ ਉਹਲਾ ਨਾ ਕੋਈ ਲੁਕ, ਘਟ ਘਟ ਅੰਦਰ ਡੇਰਾ ਲਾਇੰਦਾ । ਗੁਰਮੁਖ ਬੂਟਾ ਜਾਏ ਨਾ ਸੁੱਕ, ਅੰਮ੍ਰਿਤ ਸਿੰਚ ਹਰਾ ਆਪ ਕਰਾਇੰਦਾ । ਫਲ ਲਗਾਏ ਜਨਨੀ ਕੁੱਖ, ਕੁੱਖ ਮੁਖ ਆਪ ਸਾਲਾਹਿੰਦਾ । ਜਨਮ ਜਨਮ ਦਾ ਮਿਟੇ ਦੁੱਖ, ਦੁੱਖ ਦੁੱਖੜਾ ਆਪ ਗਵਾਇੰਦਾ । ਦਇਆ ਕਰ ਅਬਿਨਾਸ਼ੀ ਅਚੁਤ, ਚੇਤਨ ਸਤਾ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਬੂਟਾ ਸਚ ਮਾਤ ਸਤਿ ਸਤਿਵਾਦੀ ਸਤਿ ਦੁਆਰੇ ਆਪ ਲਗਾਇੰਦਾ ।


੨੭੭
੧੨

### ✳ ੨੧ ਜੇਠ ੨੦੧੯ ਬਿਕਰਮੀ ਝੰਡੂ ਰਾਮ ਦੇ ਗ੍ਰਿਹ ਪਿੰਡ ਜੌੜੀਆਂ ਜੰਮੂ ✳

ਮੀਨ ਗਤ ਜਾਣੇ ਜਲ, ਗਤ ਮੀਨ ਜਲ ਜਣਾਈਆ । ਭਗਤ ਗਤ ਜਾਣੇ ਭਗਵਨ, ਭੇਵ ਹੋਰ ਨਾ ਕਿਸੇ ਸਮਝਾਈਆ । ਆਦਿ ਅੰਤ ਜਾਏ ਮੰਨ, ਜੁਗ ਜੁਗ ਹੋਏ ਸਹਾਈਆ । ਥਲ ਅਸਗਾਹ ਬੇੜ੍ਹਾ ਬੰਨ੍ਹ, ਮਾਰੂ ਪੰਧ ਆਪ ਮੁਕਾਈਆ । ਨਿਰਧਨ ਦੇ ਦੇ ਸਾਚਾ ਬਲ, ਬਲਧਾਰੀ ਦਇਆ ਕਮਾਈਆ । ਰਾਮ ਰੂਪ ਅੰਦਰ ਜਾਏ ਰਲ, ਨਿਰਗੁਣ ਸਰਗੁਣ ਵਿਚ ਸਮਾਈਆ । ਘਰ ਪਰਕਾਸ਼ ਜਾਏ ਬਲ, ਅੰਧ ਅੰਧੇਰ ਗਵਾਈਆ । ਅੰਤ ਮਿਲਾਏ ਜਿਉਂ ਮੀਨ ਜਲ, ਜਲ ਮੀਨ ਵਿਚ ਵਖਾਈਆ । ਜਨਮ ਜਨਮ ਦਾ ਦੇਵੇ ਫਲ, ਪਤ ਡਾਲੀ ਆਪ ਮਹਿਕਾਈਆ । ਗ਼ਰੀਬ ਨਿਮਾਣਿਆਂ ਕਲਜੁਗ ਅੰਤਮ ਮਿਲੀ ਭੱਲ, ਨਿਮਾਣ ਨਿਮਾਣਿਆਂ ਲਏ ਤਰਾਈਆ । ਅਗਨੀ ਤਤ ਨਾ ਤਪੇ ਖੱਲ੍ਹ, ਖਲੜੀ ਚੰਮ ਨਾ ਕੋਇ ਤਪਾਈਆ । ਰਾਏ ਧਰਮ ਨਾ ਸੁੱਟੇ ਡੂੰਘੀ ਡੱਲ, ਕੁੰਭੀ ਨਰਕ ਨਾ ਡੇਰਾ ਲਾਈਆ । ਬਨ ਖੰਡ ਫਿਰੇ ਨਾ ਜੰਗਲ ਝੱਲ, ਜਿਸ ਜਨ ਆਪਣੀ ਝਲਕ ਵਖਾਈਆ । ਟਿੱਲੇ ਪਰਬਤ ਜਾਇਣ ਹੱਲ, ਹਰਿਜਨ ਅਟੱਲ ਇਕ ਰਖਾਈਆ । ਅੰਦਰ ਬਹਿ ਬਹਿ ਸੁਣੇ ਸੁਣਾਏ ਆਪਣੀ ਗੱਲ, ਗਲਵਕੜੀ ਏਕਾ ਪਾਈਆ । ਸਿੰਘਾਸਣ ਆਸਣ ਬਹੇ ਮੱਲ, ਸੋਭਾਵੰਤ ਬੇਪਰਵਾਹੀਆ । ਵਿਛੜ ਨਾ ਜਾਏ ਘੜੀ ਪੱਲ, ਥਿਤ ਵਾਰ ਨਾ ਕੋਇ ਰਖਾਈਆ । ਗੁਰਮੁਖ ਕਹੇ ਗੁਰ ਮੀਨ ਜਲ, ਗੁਰ ਗੁਰ ਗੁਰ ਜੋਤ ਸਮਾਈਆ । ਮੀਨ ਜਲ ਇਕ ਰੰਗ, ਰੰਗ ਨਜ਼ਰ ਕਿਸੇ ਨਾ ਆਈਆ । ਜਲ ਮੀਨ ਸਦਾ ਸੰਗ, ਸਗਲਾ ਸੰਗ ਆਪ ਰਖਾਇਆ । ਗੁਰਸਿਖ ਮੀਨ ਮੰਗੇ ਸਾਚੀ ਮੰਗ, ਗੁਰ ਅੰਮ੍ਰਿਤ ਜਲ ਮੇਘ ਇਕ ਬਰਸਾਇਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਆਪ ਆਪਣਾ ਬੰਧਨ ਪਾਇਆ । ਮਾਣਸ ਜਨਮ ਨਾ ਹੋਏ ਖੰਡ, ਮਾਨੁਖ ਆਪਣੇ ਲੇਖੇ ਲਾਇਆ । ਸਤਿ ਦੁਆਰ ਚੜ੍ਹਾਏ ਚੰਦ, ਸਤਿ ਸਰੂਪ ਰੂਪ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਹੋਏ ਆਪ ਬਖ਼ਸ਼ੰਦ, ਤਿਸ ਜਲ ਮੀਨ ਰੂਪ ਵਖਾਇਆ । ਵੱਡਾ ਸਹਾਰਾ ਸਤਿਗੁਰ ਆਪ, ਸਰਬ ਜੀਵਾਂ ਪਿਤ ਮਾਈਆ । ਪੂਰਬ ਜਨਮ ਦੇ ਮੇਟੇ ਪਾਪ, ਦੁੱਖ ਰੋਗ ਸੰਤਾਪ ਗਵਾਈਆ । ਦੁਰਮਤ ਮੈਲ ਦੇਵੇ ਕਾਟ, ਨਿਰਮਲ ਆਤਮ ਦਏ ਕਰਾਈਆ । ਪੂਤ ਨਾ ਆਏ ਜਮ ਕੀ ਫਾਸ, ਪਿਤਾ ਪੰਧ ਦਏ ਮੁਕਾਈਆ । ਮਾਤਾ ਅੱਗੇ ਰਹੇ ਹਰਿ ਕੇ ਦਾਸ, ਤਿੰਨਾਂ ਲੇਖਾ ਦਏ ਚੁਕਾਈਆ । ਮਾਣਸ ਜਨਮ ਆਇਆ ਰਾਸ, ਸੁਣ ਬੇਨੰਤੀ ਦਇਆ ਕਮਾਈਆ । ਅੰਦਰ ਅੰਦਰ ਦਏ ਧਰਵਾਸ, ਮਨ ਚਿੰਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਤਾ ਪੁੱਤ ਅੰਤਮ ਮਾਈ ਲੇਖੇ ਲਾਈਆ ।

### ✳ ੨੧ ਜੇਠ ੨੦੧੯ ਬਿਕਰਮੀ ਭੁੱਲਾ ਰਾਮ, ਸ਼ਿਵ ਰਾਮ ਦੇ ਗ੍ਰਿਹ ਪਿੰਡ ਜੌੜੀਆਂ ਜੰਮੂ ✳

ਗੁਰਸਿਖ ਪੁਕਾਰੇ ਮਛਲੀ ਮੀਨ, ਜਲ ਸੀਰ ਨਜ਼ਰ ਕੋਇ ਨਾ ਆਈਆ । ਮੈਂ ਫਿਰ ਕੇ ਆਈ ਲੋਕ ਤੀਨ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਕੋਈ ਨਾ ਕਰੇ ਠਾਂਡਾ ਸੀਨ, ਤ੍ਰੈਗੁਣ ਅਗਨ ਨਾ ਕੋਇ ਬੁਝਾਈਆ । ਚਾੜ੍ਹੇ ਰੰਗ ਨਾ ਕੋਇ ਭੀਨ, ਭਿੰਨੜੀ ਰੈਣ ਨਾ ਕੋਇ ਸੁਹਾਈਆ । ਕੂੜੀ ਕਿਰਿਆ ਹੋਏ ਅਧੀਨ, ਜੂਠ ਝੂਠ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ

ਪ੍ਰੀਤ ਰਹੀ ਤਰਸਾਈਆ । ਜਲ ਮੀਨ ਗੁਰਮੁਖ ਕੂਕੇ, ਕੂਕ ਕੂਕ ਸੁਣਾਈਆ । ਸ੍ਰਿਸ਼ਟ ਸਬਾਈ ਖ਼ਾਲੀ ਠੂਠੇ, ਸਰੋਵਰ ਕੋਇ ਨਜ਼ਰ ਨਾ ਆਈਆ । ਜਗਤ ਜੀਵ ਹੋਏ ਝੂਠੇ, ਗੁਰ ਪੀਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਇ ਗਵਾਹੀਆ । ਖ਼ਾਲੀ ਦਿਸਣ ਸਾਰੇ ਬੂਟੇ, ਫਲ ਫੁੱਲ ਨਾ ਕੋਇ ਮਹਿਕਾਈਆ । ਸਤਿ ਨਾ ਸੋਹੇ ਕੋਈ ਰੁੱਤੇ, ਬਸੰਤ ਰੂਪ ਨਾ ਕੋਇ ਵਟਾਈਆ । ਗੂੜ੍ਹੀ ਨੀਂਦੇ ਮੂਰਖ ਸੁੱਤੇ, ਮੁਖ ਪਰਦਾ ਨਾ ਕੋਇ ਉਠਾਈਆ । ਬਿਨ ਹਰਿ ਨਾਮੇ ਸਾਰੇ ਲੁੱਟੇ, ਖ਼ਾਲੀ ਦਰ ਰਹੇ ਵਖਾਈਆ । ਤੇਰੇ ਨਾਲੋਂ ਹਰਿ ਜੂ ਰੁਠੇ, ਬੈਠੇ ਮੁਖ ਭੁਵਾਈਆ । ਮੈਂ ਫਿਰ ਕੇ ਆਇਆ ਚਾਰੇ ਗੁੱਠੇ, ਚਾਰ ਕੁੰਟ ਪੰਧ ਮੁਕਾਈਆ । ਧਰਮ ਰਾਏ ਇਕੋ ਉਠੇ, ਹੱਸ ਹੱਸ ਰਿਹਾ ਸਮਝਾਈਆ । ਕਲਜੁਗ ਅੰਤਮ ਫੜ ਫੜ ਕੁੱਠੇ, ਨਾ ਸਕੇ ਕੋਇ ਬਚਾਈਆ । ਮੂਰਖ ਮੁਗਧ ਅਵਾਣ ਟੰਗੇ ਪੁੱਠੇ, ਜੋ ਬੈਠੇ ਨਾਮ ਭੁਲਾਈਆ । ਡੂੰਘੀ ਖਾਤੇ ਅੰਤਮ ਸੁੱਟੇ, ਕੁੰਭੀ ਨਰਕ ਵਾਸ ਵਖਾਈਆ । ਤੇਰੀ ਸਰਨਾਈ ਤੱਕੇ ਅਬਿਨਾਸ਼ੀ ਅਚੁਤੇ, ਤੇਰੇ ਚਰਨ ਮਿਲੇ ਵਡਿਆਈਆ । ਗੁਰਮੁਖ ਗੁਰਸਿਖ ਕੋਲੋਂ ਪੁੱਛੇ, ਕਵਣ ਦੁਆਰੇ ਹਰਿਜਨ ਹਰਿ ਜੂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਵਰ, ਜਗਤ ਅਗਨੀ ਤਤ ਬੁਝਾਈਆ । ਗੁਰਮੁਖ ਮੀਨ ਕਲ ਰਹੀ ਰੋ, ਨੇਤਰ ਨੈਣਾਂ ਨੀਰ ਵਹਾਇਆ । ਚਾਰ ਜੁਗ ਮੈਂ ਸੁਣਦੀ ਰਹੀ ਤੇਰੀ ਸੋ, ਸੋ ਪੁਰਖ ਨਿਰੰਜਣ ਤੇਰਾ ਰੂਪ ਨਜ਼ਰ ਕਿਸੇ ਨਾ ਆਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਿਆ ਮੁਖੜਾ ਧੋ ਧੋ, ਨੇਤਰ ਨੈਣ ਤੇਰੇ ਵਲ ਉਠਾਇਆ । ਤੂੰ ਸਚਖੰਡ ਨਿਵਾਸੀ ਸਚ ਦੁਆਰੇ ਰਿਹੋਂ ਸੌਂ, ਆਪਣੀ ਕਰਵਟ ਨਾ ਮਾਤ ਬਦਲਾਇਆ । ਗੁਰ ਅਵਤਾਰ ਰਹੇ ਗੌਂ, ਗੀਤ ਗੀਤ ਨਾਲ ਮਿਲਾਇਆ । ਤੇਰਾ ਨਾਉਂ ਦੱਸਦੇ ਰਹੇ ਨਿਰਭੌ, ਭੈ ਅਵਰ ਨਾ ਕੋਇ ਰਖਾਇਆ ।

ਜੁਗ ਜੁਗ ਜਨ ਭਗਤਾਂ ਦੇਵੇ ਢੋਆ ਢੋ, ਨਾਮ ਅਨਮੁਲਾ ਆਪ ਵਰਤਾਇਆ । ਸਾਚਾ ਬੀਜ ਦੇਵੇਂ ਬੋ, ਲੋਕਮਾਤ ਬੂਟਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਇਆ । ਗੁਰਸਿਖ ਮੀਨ ਮਾਰੇ ਤਾਅਨਾ,

ਹਰਿ ਜੂ ਹਰਿ ਹਰਿ ਆਪ ਜਣਾਈਆ । ਤੂੰ ਸਾਹਿਬ ਸੁਲਤਾਨ ਸੱਚਾ ਸੁਲਤਾਨਾ, ਵਡ ਵੱਡਾ ਸ਼ਹਿਨਸ਼ਾਹੀਆ । ਤੁਧ ਬਿਨ ਦਿਸੇ ਘਰ ਬੇਗਾਨਾ, ਘਰ ਸੱਜਣ ਰੁੱਤ ਨਾ ਕੋਇ ਸੁਹਾਈਆ । ਕਲਜੁਗ ਸਾਗਰ ਦੇਵੇ ਨਾ ਕੋਇ ਮਾਣਾ, ਡੂੰਘੀ ਭਵਰ ਰਿਹਾ ਵਖਾਈਆ । ਚਾਰੋਂ ਕੁੰਟ ਦਿਸੇ ਵੈਰਾਨਾ, ਖ਼ਿਜ਼ਾਂ ਰੁੱਤ ਨਜ਼ਰੀ ਆਈਆ । ਕਿਰਪਾ ਕਰ ਠਾਕਰ ਸਵਾਮੀ, ਤੁਧ ਬਿਨ ਮਿਲੇ ਨਾ ਕੋਇ ਟਿਕਾਣਾ, ਦਰ ਬਦਰ ਫਿਰ ਫਿਰ ਵੇਖੀ ਸਰਬ ਲੋਕਾਈਆ । ਮੰਦਰ ਮਸਜਿਦ ਮੱਠ ਬੈਠੇ ਜੀਵ ਸ਼ੈਤਾਨਾ, ਸ਼ਰਅ ਕਰ ਰਹੀ ਲੜਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ ਨੇਤਰ ਨੈਣ ਨੈਣ ਸ਼ਰਮਾਨਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਹੋਏ ਹੈਰਾਨਾ, ਹਰਿ ਕਾ ਸੰਗ ਨਾ ਕੋਇ ਰਖਾਈਆ । ਜੁਗ ਜੁਗ ਦੱਸ ਕੇ ਆਏ ਗਾਨਾ, ਗੀਤ ਗੋਬਿੰਦ ਇਕ ਅਲਾਈਆ । ਹਰਿ ਜੂ ਰੱਖੇ ਸਭ ਨੂੰ ਆਪਣੇ ਅੰਦਰ ਭਾਣਾ, ਭਾਣਾ ਆਪਣੇ ਉਤੇ ਵਰਤਾਈਆ । ਮਨਮੁਖ ਜੀਵ ਨਾ ਕਿਸੇ ਪਛਾਣਾ, ਭਰਮੇ ਭੁੱਲੀ ਸਰਬ ਲੋਕਾਈਆ । ਮਾਇਆ ਮਮਤਾ ਜੀਵ ਲੁਭਾਨਾ, ਆਸਾ ਤ੍ਰਿਸ਼ਨਾ ਕਰੀ ਕੁੜਮਾਈਆ । ਗੁਰ ਚਰਨ ਨਾ ਲੱਗੇ ਸਚ ਧਿਆਨਾ, ਸੁਰਤੀ ਸ਼ਬਦ ਨਾ ਕੋਇ ਜਣਾਈਆ । ਨਾਮ ਸਤਿ ਨਾ ਮਿਲੇ ਬਬਾਣਾ, ਲੋਆਂ ਪੁਰੀਆਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਤੁਧ ਬਿਨ ਅਗਨ ਨਾ ਕੋਇ ਬੁਝਾਈਆ । ਤੁਧ ਬਿਨ ਅਗਨ ਨਾ ਬੁੱਝੇ ਤਤ, ਸਾਂਤਕ

ਸਤਿ ਨਾ ਕੋਇ ਕਰਾਈਆ । ਤੀਰਥ ਤੱਟ ਉਬਲੇ ਰੱਤ, ਰੱਤੀ ਰੱਤ ਦਏ ਦੁਹਾਈਆ । ਗਿਆਨ ਧਿਆਨ ਨਾ ਕੋਇ ਸਤਿ ਅਸਤਿ, ਨਿਰਗੁਣ ਇਸ਼ਟ ਨਾ ਕੋਇ ਪਰਗਟਾਈਆ । ਸ੍ਰਿਸ਼ਟ ਸਬਾਈ ਬੈਠੀ ਸੱਥਰ ਘੱਤ, ਯਾਰੜਾ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਮਾਰਗ ਸਾਚਾ ਦੱਸ, ਤੇਰੀ ਮੀਨ ਰਹੀ ਤਰਸਾਈਆ । ਕਵਣ ਦੁਆਰੇ ਪੂਰੀ ਹੋਏ ਆਸ, ਤ੍ਰਿਸ਼ਨਾ ਜਗਤ ਦਏਂ ਮਿਟਾਈਆ । ਕਵਣ ਸਾਗਰ ਵਸੇਂ ਪਾਸ, ਕਵਣ ਸਰੋਵਰ ਦਏਂ ਨੁਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਅੰਤਮ ਪੂਰੀ ਕਰੇਂ ਖ਼ਾਹਸ਼, ਆਪਣੀ ਖ਼ਾਹਸ਼ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਬੈਠੀ ਹੋ ਬੇਆਸ, ਬੇਆਸ ਪਾਰ ਨਾ ਕੋਇ ਕਰਾਈਆ । ਲੇਖੇ ਲੱਗੇ ਨਾ ਕਿਤੇ ਸਵਾਸ, ਸਵਾਸ ਸਵਾਸ ਨਾ ਕੋਇ ਸਹਾਈਆ । ਮੈਂ ਫਿਰ ਫਿਰ ਵੇਖੇ ਗੋਪੀ ਕਾਹਨ ਪੌਂਦੇ ਰਾਸ, ਮੰਡਲ ਮੰਡਪ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਮਛਲੀ ਮੀਨ ਜਲ ਜਲ ਪਾਣੀ, ਗੁਰ ਚਰਨ ਸਰਨ ਸਰਨਾਈਆ । ਏਕਾ ਦੇਵੇ ਸਚ ਨਿਸ਼ਾਨੀ, ਸਤਿ ਸਤਿਵਾਦੀ ਨੈਣ ਵਖਾਈਆ । ਜੁਗ ਚੌਕੜੀ ਰੈਣ ਵਿਹਾਣੀ, ਲੋਕਮਾਤ ਰਹਿਣ ਨਾ ਪਾਈਆ । ਵੇਖਣਹਾਰਾ ਖਾਣੀ ਬਾਣੀ, ਪਦ ਨਿਰਬਾਣੀ ਇਕ ਜਣਾਈਆ । ਲੱਖ ਚੁਰਾਸੀ ਜਾਣ ਜਾਣੀ, ਜਾਨਣਹਾਰਾ ਵੇਸ ਵਟਾਈਆ । ਇਕ ਸੁਣਾਏ ਅਕੱਥ ਕਹਾਣੀ, ਕਥ ਕਥ ਆਪਣਾ ਰਾਗ ਅਲਾਈਆ । ਹਰਿਜਨ ਵੇਖੇ ਮਾਰ ਧਿਆਨੀ, ਨੇਤਰ ਨੈਣ ਨੈਣ ਉਠਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨੀ, ਸਰਨ ਸਰਨ ਦਏ ਸਰਨਾਈਆ । ਆਵਣ ਜਾਵਣ ਚੁਕਾਏ ਜਮ ਕੀ ਕਾਣੀ, ਰਾਏ ਧਰਮ ਨਾ ਫਾਸ ਵਖਾਈਆ । ਫੜ ਬਾਹੋਂ ਪਿਆਏ ਅੰਮ੍ਰਿਤ ਠੰਡਾ ਪਾਣੀ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਕਰਤਾਰ, ਜਲ ਜਲ ਰੂਪ ਆਪ ਦਰਸਾਇੰਦਾ । ਕਾਇਆ ਗਾਗਰ ਕਰ ਤਿਆਰ, ਅੰਮ੍ਰਿਤ ਆਤਮ ਆਪ ਭਰਾਇੰਦਾ । ਫੜ ਨੁਹਾਏ ਏਕਾ ਵਾਰ, ਜਨਮ ਜਨਮ ਦੀ ਮੈਲ ਗਵਾਇੰਦਾ । ਸਚ ਸਰੋਵਰ ਦੇਵੇ ਵਾੜ, ਫੜ ਬਾਹੋਂ ਬਾਹਰ ਨਾ ਕੋਇ ਕਢਾਇੰਦਾ । ਮਾਹੀਗੀਰ ਨਾ ਪਾਵੇ ਕੋਈ ਜਾਲ, ਫਾਂਦਕੀ ਫੰਦ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਲ ਇਕ ਵਖਾਇੰਦਾ । ਸਾਚਾ ਜਲ ਅੰਮ੍ਰਿਤ ਰਸ, ਗੁਰ ਗੁਰ ਕਿਰਪਾ ਆਪ ਜਣਾਈਆ । ਗੁਰਮੁਖ ਗੁਰਸਿਖ ਇਕ ਦੂਜੇ ਦੇ ਹੋਣ ਵਸ, ਜਲ ਮੀਨ ਰੂਪ ਵਟਾਈਆ । ਪ੍ਰੇਮ ਪਿਆਰ ਅੰਦਰ ਜਾਇਣ ਫਸ, ਦੂਜਾ ਫਾਂਦੀ ਫੜਨ ਕੋਇ ਨਾ ਆਈਆ । ਇਕ ਦੂਜੇ ਦਾ ਮਾਨਣ ਰਸ, ਜਗਤ ਤ੍ਰਿਸ਼ਨਾ ਨੇੜ ਨਾ ਲਾਗੇ ਰਾਈਆ । ਮੇਲ ਮਿਲਾਵਾ ਹੱਸ ਹੱਸ, ਨਿਤ ਨਵਿਤ ਵੇਖਣ ਚਾਈਂ ਚਾਈਂਆ । ਆਤਮ ਪਰਮਾਤਮ ਗਾਏ ਜਸ, ਜਸ ਢੋਲਾ ਸੋਹੰ ਇਕ ਸੁਣਾਈਆ । ਸਚਖੰਡ ਦੁਆਰੇ ਜਾਣਾ ਵਸ, ਦੂਜੀ ਤ੍ਰਿਖ਼ਾ ਰਹੇ ਨਾ ਰਾਈਆ । ਕਰੇ ਕਰਾਏ ਪੂਰੀ ਆਸ, ਸ੍ਰੀ ਭਗਵਾਨ ਦਇਆ ਕਮਾਈਆ । ਜਨਮ ਜਨਮ ਦੀ ਕੱਟੇ ਫਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਸੁਣਿਆ ਗੁਣ ਮਾਛਲੀ ਚੜ੍ਹਿਆ ਚਾਅ, ਮੀਨ ਮਨ ਹੀ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਮਿਲਿਆ ਮਲਾਹ, ਜਗਤ ਬੇੜਾ ਦਏ ਤਰਾਈਆ । ਸਚ ਸਰੋਵਰ ਦਏ ਨੁਹਾ, ਘਰ ਸਾਚੇ ਆਪ ਪਰਗਟਾਈਆ । ਅੰਮ੍ਰਿਤ ਬੂੰਦ ਸਵਾਂਤੀ ਦਏ ਚੁਆ, ਬਿਲਪ ਤ੍ਰਿਖ਼ਾ ਨਾ ਲਾਗੇ ਰਾਈਆ । ਦਰਦ ਦੁੱਖ ਵਿਛੋੜਾ ਦਏ ਗਵਾ, ਸਾਚਾ ਸੁਖ ਇਕ ਉਪਜਾਈਆ । ਅਗਨੀ ਤਤ ਦਏ ਬੁਝਾ,

੨੮੦
੧੨

ਤ੍ਰੈਗੁਣ ਤਤੀ ਵਾ ਨੇੜ ਨਾ ਆਈਆ । ਏਕਾ ਢੋਲਾ ਦਏ ਸੁਣਾ, ਆਤਮ ਪਰਮਾਤਮ ਵੱਜੇ ਵਧਾਈਆ । ਕਾਇਆ ਚੋਲਾ ਦਏ ਬਦਲਾ, ਜਨਮ ਜਨਮ ਵਿਚ ਪਰਗਟਾਈਆ । ਪਰਦਾ ਉਹਲਾ ਦਏ ਉਠਾ, ਦੂਈ ਦਵੈਤੀ ਡੇਰਾ ਢਾਹੀਆ । ਮੌਲਾ ਰੂਪ ਬਣ ਜਾਏ ਸਮਾ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰਵਾਨ ਹਰਿ ਕਰਤਾਰ, ਆਪਨੀ ਦਇਆ ਕਮਾਇੰਦਾ । ਜਲ ਸਾਗਰ ਕੱਢੇ ਬਾਹਰ, ਲੋਕਮਾਤ ਪੰਧ ਮੁਕਾਇੰਦਾ । ਆਦਰ ਦੇਵੇ ਦਰ ਦਰਬਾਰ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਤ੍ਰਿਖ਼ਾ ਤ੍ਰਿਸ਼ਨਾ ਨਾ ਰਹੇ ਕੋਇ ਸੰਸਾਰ, ਹਿਰਸ ਹਵਸ ਨਾ ਕੋਇ ਜਣਾਇੰਦਾ । ਚਰਨ ਕਵਲ ਇਕ ਆਧਾਰ, ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਇੰਦਾ । ਸਾਚੇ ਮਾਰਗ ਗੁਰਮੁਖ ਮੀਨ, ਪੀਆ ਪੀਆ ਕੁਰਲਾਈਆ । ਇਕੋ ਨਾਮ ਨਿਧਾਨਾ ਤੇਰੀ ਵੱਜੇ ਬੀਨ, ਬੀਆਬਾਨ ਕਰੇ ਸ਼ਨਵਾਈਆ । ਤੇਰਾ ਮਾਰਗ ਨਿੱਕਾ ਅਤ ਮਹੀਨ, ਤੁਧ ਬਿਨ ਪਾਰ ਨਾ ਕੋਇ ਕਰਾਈਆ । ਚਾਕਰ ਸੇਵਕ ਹੋਈ ਅਧੀਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਅੰਤਮ ਮੇਲਾ ਲਿਆ ਮਿਲਾਈਆ । ਮੇਲ ਮਿਲਾਇਆ ਸ਼ਬਦੀ ਰੰਗ, ਗੁਰ ਗੁਰ ਖੇਲ ਕਰਾਇਆ । ਜਨਮ ਜਨਮ ਦੀ ਟੁੱਟੀ ਗੰਢ, ਆਪਨਾ ਬੰਧਨ ਪਾਇਆ । ਨੇਤਰ ਦਰਸ ਕਰ ਪਾਈ ਠੰਡ, ਦੁੱਖੜਾ ਦੁੱਖ ਮਿਟਾਇਆ । ਜਗਤ ਰੰਡੇਪਾ ਚੁਕਿਆ ਰੰਡ, ਕੰਤ ਸੁਹਾਗ ਇਕ ਹੰਢਾਇਆ । ਪੱਲੂ ਬੰਨ੍ਹੀ ਨਾਮ ਗੰਢ, ਅੱਧਵਿਚਕਾਰ ਨਾ ਕੋਇ ਖੁਲ੍ਹਾਇਆ । ਗੀਤ ਸੁਹਾਗੀ ਗਾਵਾਂ ਛੰਦ, ਘਰ ਸਾਚੇ ਮੰਗਲਾਚਾਰ ਕਰਾਇਆ । ਸਚ ਦੁਆਰੇ ਹੋਏ ਅਨੰਦ, ਅਨੰਦ ਅਨੰਦ ਨਾਲ ਮਿਲਾਇਆ । ਜੁਗ ਜਨਮ ਦਾ ਚੁਕਿਆ ਪੰਧ, ਹਰਿ ਸਤਿਗੁਰ ਸਰਨ ਮਿਲੀ ਸਚ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਨੇ ਲੇਖੇ ਲਏ ਲਗਾਇਆ । ਗੁਰਸਿਖ ਮੀਨ ਲੇਖਾ ਚੁੱਕੇ, ਹਰਿ ਜੂ ਹਰਿ ਹਰਿ ਆਪ ਚੁਕਾਈਆ । ਸਤਿਗੁਰ ਸਾਗਰ ਕਦੇ ਨਾ ਸੁੱਕੇ, ਆਦਿ ਜੁਗਾਦਿ ਭਰਪੂਰ ਰਿਹਾ ਵਖਾਈਆ । ਗੁਰਮੁਖ ਅੰਦਰ ਵੜ ਵੜ ਲੁੱਕੇ, ਠਾਂਡੇ ਦਰਬਾਰੇ ਸੇਜ ਸੁਹਾਈਆ । ਸਾਚੀ ਗੋਦੀ ਆਪੇ ਚੁੱਕੇ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਦਿਵਸ ਰੈਣ ਵਾਤ ਪੁੱਛੇ, ਘਰ ਘਰ ਫੇਰਾ ਪਾਈਆ । ਦੇਵੇ ਮਾਣ ਕਾਇਆ ਬੁੱਤੇ, ਜਿਸ ਤਨ ਅੰਦਰ ਆਪਨਾ ਨਾਮ ਟਿਕਾਈਆ । ਪੰਚ ਵਿਕਾਰਾ ਫੜ ਫੜ ਕੁੱਟੇ, ਨਾਮ ਖੰਡਾ ਇਕ ਵਖਾਈਆ । ਲੱਖ ਚੁਰਾਸੀ ਕੋਟਨ ਵਿਚੋਂ ਗੁਰਮੁਖ ਵਿਰਲਾ ਉਠੇ, ਜਿਸ ਆਪਨੀ ਬੂਝ ਬੁਝਾਈਆ । ਕਲਜੁਗ ਜੀਵ ਰਹੇ ਸੁੱਤੇ, ਹਰਿ ਸਾਗਰ ਨਜ਼ਰ ਕਿਸੇ ਨਾ ਆਈਆ । ਮਨ ਵਾਸਨਾ ਹੋਈ ਕੁੱਤੇ, ਵਾਂਗ ਸੁਆਨ ਚਾਰੋਂ ਕੁੰਟ ਫੇਰਾ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲੇ ਸਹਿਜ ਸੁਭਾਈਆ । ਹਰਿਜਨ ਮੇਲਾ ਆਤਮ ਪਰਮਾਤਮ ਧਾਰ, ਜਲ ਮੀਨ ਰੂਪ ਵਖਾਇੰਦਾ । ਨਜ਼ਰ ਨਾ ਆਏ ਵਿਚ ਸੰਸਾਰ, ਬੇਨਜ਼ੀਰ ਖੇਲ ਵਖਾਇੰਦਾ । ਅੰਦਰੇ ਅੰਦਰ ਸੁਣਾਏ ਸੱਚੀ ਗੁਫ਼ਤਾਰ, ਅੰਤਰ ਅੰਤਰ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਹਰਿਜਨ ਵਖਾਏ ਸਾਚਾ ਘਰ, ਨਿਰਭੌ ਚੁਕਾਏ ਭੈ ਡਰ, ਭਾਵੀ ਭਗਵਾਨ ਆਪ ਮਿਟਾਇੰਦਾ । ਗੁਰਮੁਖ ਤੇਰੀ ਮਿਟੇ ਭਾਵੀ, ਭਾਣੇ ਆਪਨੇ ਵਿਚ ਰਖਾਈਆ । ਖੇਲ ਕਰੇ ਜਿਉਂ ਅਰਜਨ ਰਾਵੀ, ਰਵਾਦਾਰ ਆਪਨੀ ਖੇਲ ਕਰਾਈਆ । ਅੰਤਮ ਚੁੱਕੇ ਆਪਨੀ ਬਾਹਵੀਂ, ਭੁਜਾਂ ਲੋਕਮਾਤ ਉਠਾਈਆ । ਰੁੱਤੜੀ ਰੁੱਤ ਹੋਏ

ਸੁਹਾਵੀ, ਸਤਿਗੁਰ ਸੱਚਾ ਆਪ ਸੁਹਾਈਆ । ਕੰਡੇ ਤੋਲੇ ਸਾਵੇਂ ਸਾਵੀਂ, ਨਾਮ ਵੱਟਾ ਏਕਾ ਪਾਈਆ । ਗੁਰਮੁਖ ਗੀਤ ਸੋਹੰ ਗਾਵੀਂ, ਪੁਰਖ ਅਕਾਲ ਦੀਨ ਦਿਆਲ ਅੰਤ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਟਣਹਾਰਾ ਫਾਸੀ ਫਾਹੀ, ਫਾਂਦੀ ਆਪਣਾ ਬੰਧਨ ਏਕਾ ਪਾਈਆ ।

## ✳ ੨੧ ਜੇਠ ੨੦੧੯ ਬਿਕਰਮੀ ਚੇਲਾ ਸਿੰਘ ਦੇ ਗ੍ਰਿਹ ਜੰਮੂ ✳

ਸਚਖੰਡ ਨਿਵਾਸੀ ਕਰ ਪਰਕਾਸ਼, ਨੂਰੀ ਨੂਰ ਹਰਿ ਉਪਜਾਇੰਦਾ । ਆਦਿ ਜੁਗਾਦੀ ਪੂਰੀ ਕਰ ਕਰ ਆਸ, ਆਸਾ ਤ੍ਰਿਸ਼ਨਾ ਸਰਬ ਬੁਝਾਇੰਦਾ । ਆਦਿ ਅੰਤ ਦੇ ਵਿਛੜੇ ਕਰ ਕਰ ਇਕੱਠੇ ਰੱਖੇ ਪਾਸ, ਸਚ ਧਰਵਾਸ ਇਕ ਜਣਾਇੰਦਾ । ਜੁਗ ਚੌਕੜੀ ਵੇਖਣਹਾਰਾ ਰਾਸ, ਰੂਪ ਅਨੂਪ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਚੌਕੜੀ ਜੁਗ, ਜੁਗ ਕਰਤਾ ਆਪ ਕਰਾਈਆ । ਨਵ ਨੌਂ ਚਾਰ ਬੈਠਾ ਰਿਹਾ ਲੁਕ ਲੁਕ, ਕਲਜੁਗ ਅੰਤਮ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਪੁੱਛ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤਮ ਵੇਲਾ ਗਿਆ ਢੁਕ, ਪਾਂਧੀ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਏਕਾ ਉਠ, ਉਠ ਉਠ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ ਵੇਖਣਹਾਰਾ ਚਾਰ ਕੁੰਟ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਸਾਚੇ ਤਖ਼ਤ ਆਪੇ ਚੜ੍ਹਨਾ, ਸਚ ਸਿੰਘਾਸਣ ਆਸਣ ਲਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਵਿਸ਼ਨ ਬ੍ਰਹਮਾ ਸ਼ਿਵ ਆਪੇ ਫੜਨਾ, ਫੜ ਫੜ ਆਪਣੇ ਦਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਏਕੰਕਾਰ, ਏਕਾ ਏਕ ਜਣਾਈਆ । ਸਚਖੰਡ ਵਾਸੀ ਕਰੇ ਖ਼ਬਰਦਾਰ, ਬੇਖ਼ਬਰ ਕੋਇ ਰਹਿਣ ਨਾ ਪਾਈਆ । ਨਵ ਨੌਂ ਚਾਰ ਉਤਰੇ ਪਾਰ, ਪਾਰ ਕਿਨਾਰਾ ਦਏ ਵਖਾਈਆ । ਕਲਜੁਗ ਅੰਤਮ ਮੰਨ ਕੇ ਬੈਠਾ ਹਾਰ, ਆਪਣਾ ਬਲ ਨਾ ਕੋਇ ਦਰਸਾਈਆ । ਉਠੋ ਵੇਖੋ ਕਰੋ ਵਿਚਾਰ, ਨੇਤਰ ਨੈਣ ਨੈਣ ਸਮਝਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਵਰਨ ਬਰਨ ਕਰੇ ਪੁਕਾਰ, ਸਾਚੀ ਸਾਰ ਨਾ ਕੋਇ ਪਾਈਆ । ਸ੍ਰਿਸ਼ਟ ਸਬਾਈ ਧੁਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਗੁਰ ਗੁਰ ਜੁਗ ਜੁਗ ਦੱਸ ਕੇ ਆਏ ਆਪਣੀ ਧਾਰ, ਧਾਰ ਮਾਤ ਮਾਤਲੋਕ ਪਰਗਟਾਈਆ । ਜੀਵ ਜੰਤ ਭੁੱਲੇ ਵਿਚ ਸੰਸਾਰ, ਸਾਰ ਅੰਤ ਕਿਸੇ ਨਾ ਪਾਈਆ । ਲੱਖ ਚੁਰਾਸੀ ਹੋਈ ਵਿਭਚਾਰ, ਵਿਭਚਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਦਏ ਵਖਾਈਆ । ਨੇਤਰ ਨੈਣ ਲੈਣਾ ਤੱਕ, ਤਕਦੀਰ ਸਭ ਦੀ ਆਪ ਜਣਾਇੰਦਾ । ਕਲਜੁਗ ਅੰਤ ਰਹੇ ਨਾ ਸ਼ੱਕ, ਸ਼ਿਕਵਾ ਸਭ ਦਾ ਆਪ ਮਿਟਾਇੰਦਾ । ਕੋਈ ਨਾ ਸਕੇ ਪਰਦਾ ਢੱਕ, ਬੇਨਕਾਬ ਪਰਦਾ ਸਭ ਦਾ ਆਪ ਉਠਾਇੰਦਾ । ਵੇਲੇ ਅੰਤ ਨਾ ਸਕੇ ਕੋਈ ਰੱਖ, ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ ਪਹਿਲੋਂ ਆਪਣੇ ਚਰਨ ਬਹਾਇੰਦਾ । ਕੋਈ ਨਾ ਕਰੇ ਕਿਸੇ ਦਾ ਕੁਛ, ਦੀਨ ਮਜ਼੍ਹਬ ਜ਼ਾਤ ਪਾਤ ਕੰਮ ਕਿਸੇ ਨਾ ਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਧੁਰਦਰਗਾਹੀ ਸੱਚਾ ਸ਼ਹਿਨਸ਼ਾਹੀ ਇਕੋ ਮਾਰਗ ਰਿਹਾ ਦੱਸ, ਦੇਸ ਦਸੰਤਰ ਆਪ ਸਮਝਾਇੰਦਾ । ਤੁਹਾਡੀ ਕਰਨੀ ਵੇਖ ਵੇਖ ਰਿਹਾ ਹੱਸ, ਆਪਣੀ

ਖ਼ੁਸ਼ੀ ਆਪ ਮਨਾਇੰਦਾ । ਅੰਤਰ ਬਹਿ ਬਹਿ ਗੌਂਦੇ ਰਹੇ ਮੇਰਾ ਜਸ, ਬਾਹਰ ਪੰਜ ਤਤ ਕਾਇਆ ਚੋਲਾ ਪੋਚ ਪੁਚਾਇੰਦਾ । ਅੰਤਮ ਵੇਲੇ ਸਾਰੇ ਆਏ ਛੱਡ, ਹੱਡ ਮਾਸ ਨਾੜੀ ਰੱਤ, ਹੱਥ ਕਿਸੇ ਨਾ ਆਇੰਦਾ । ਨਿਰਗੁਣ ਆਪਣੀ ਵਸਤ ਕੀਤੀ ਅੱਡ, ਅੱਡ ਆਪਣੀ ਧਾਰ ਵਖਾਇੰਦਾ । ਲੋਕਮਾਤ ਵਿਚੋਂ ਕੱਢ, ਆਪਣਿਆਂ ਚਰਨਾਂ ਹੇਠ ਦਬਾਇੰਦਾ । ਜਿਉਂ ਭਾਵੇ ਤਿਉਂ ਲਏ ਰੱਖ, ਆਪਣੀ ਕਰਨੀ ਕਰਤਾ ਆਪ ਕਰਾਇੰਦਾ । ਜੁਗ ਜੁਗ ਆਪਣਾ ਭੇਦ ਸ਼ਬਦ ਸੰਦੇਸ਼ੇ ਆਇਆ ਦੱਸ, ਸਤਿ ਸਤਿਵਾਦੀ ਰਾਗ ਅਲਾਇੰਦਾ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਕਹੇ ਪਰਵਰਦਿਗਾਰ ਅੰਤਮ ਆਏ ਨੱਸ, ਦੂਰ ਦੁਰਾਡੇ ਪੰਧ ਮੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾ ਗਾ ਗਏ ਜਸ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਕਲਮ ਸ਼ਾਹੀ ਲਿਖ ਲਿਖ ਗਏ ਹੱਥ, ਹੱਥ ਵਿਚ ਫੜ ਨਾ ਕੋਇ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਸਾਚੀ ਧਾਰ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਅਗੰਮੀ ਡੋਰੀ ਪਾ ਪਾ ਨੱਥ, ਜੁਗਾ ਜੁਗੰਤਰ ਮਾਤ ਨਚਾਇੰਦਾ । ਅੰਮ੍ਰਿਤ ਆਤਮ ਦੇ ਦੇ ਰਸ, ਬੂੰਦ ਸਵਾਂਤੀ ਮੁਖ ਚੁਆਇੰਦਾ । ਆਪੇ ਕਰੇ ਕੱਖੋਂ ਲੱਖ, ਕਰਤਾ ਕੀਮਤ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਖੇਲ ਕਰਾਇੰਦਾ । ਅੰਤਮ ਉਠੋ ਵੇਖੋ ਮਾਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਪੋਥੀ ਪੁਸਤਕ ਕੋਇ ਨਜ਼ਰ ਨਾ ਆਏ ਜਗਤ ਗਿਆਨ, ਗਿਆਨੀ ਧਿਆਨੀ ਬੈਠੇ ਆਪਣਾ ਆਪ ਗਵਾਈਆ । ਗੁਰ ਕਾ ਸ਼ਬਦ ਗੁਰੂ ਦੇ ਕੇ ਗਿਆ ਸਚ ਬਿਆਨ, ਬਿਆਨਾ ਆਪਣਾ ਆਪ ਭੇਟ ਚੜ੍ਹਾਈਆ । ਕਲਜੁਗ ਜੀਵ ਨਾ ਸਕੇ ਪਛਾਣ, ਪਛਾਣ ਨਜ਼ਰ ਨਾ ਕਿਸੇ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁੜ ਕੇ ਆਏ ਪੁਛੇ ਨਾ ਕੋਈ ਕਾਨ, ਜਮ ਕੀ ਕਾਣ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਉਠੋ ਵੇਖੋ ਨੇਤਰ ਖੋਲ੍ਹੋ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਪਣਾ ਆਪਣਾ ਲੇਖਾ ਆਪੇ ਬੋਲੋ, ਬੋਲਾ ਏਕਾ ਏਕ ਸਮਝਾਇੰਦਾ । ਆਪਣਾ ਮਾਰਗ ਆਪੇ ਤੋਲੋ, ਹਰਿ ਜੂ ਤੋਲਾ ਏਕਾ ਕੰਡਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਸੱਤ ਚਾਰ ਕਰੇ ਜਣਾਈਆ । ਵਿਸ਼ਨੂੰ ਨੇਤਰ ਨੈਣ ਸ਼ਰਮਾਣ, ਨੈਣ ਸਕੇ ਨਾ ਅੱਗੇ ਉਠਾਈਆ । ਬ੍ਰਹਮਾ ਚਰਨ ਕਵਲ ਕਰ ਧਿਆਨ, ਨੇਤਰ ਨੀਰ ਰਿਹਾ ਵਹਾਈਆ । ਸ਼ੰਕਰ ਕਹੇ ਤੁਟਾ ਮੇਰਾ ਮਾਣ, ਬਲਹੀਣ ਦਏ ਦੁਹਾਈਆ । ਤ੍ਰੈਗੁਣ ਕਹੇ ਮੈਂ ਬਾਲ ਅਵਾਣ, ਬਾਲੀ ਬੁੱਧ ਨਾ ਕੋਇ ਚਤੁਰਾਈਆ । ਪੰਜ ਤਤ ਕਹੇ ਮੈਂ ਤੇਰਾ ਬਰਦਾ ਤੇਰੀ ਚਰਨ ਧੂੜੀ ਮੰਗੀ ਦਾਨ, ਦਾਨ ਤੇਰਾ ਆਪਣੀ ਝੋਲੀ ਪਾਈਆ । ਤੇਈ ਅਵਤਾਰ ਕਹਿਣ ਤੇਰਾ ਭੇਤ ਨਾ ਸਕੇ ਜਾਣ, ਬੇਅੰਤ ਤੇਰੀ ਵਡਿਆਈਆ । ਅਠਾਰਾਂ ਭਗਤ ਕਹਿਣ ਤੂੰ ਸਾਹਿਬ ਸ੍ਰੀ ਭਗਵਾਨ, ਆਪਣੇ ਭਾਣੇ ਸਦਾ ਸਦਾ ਰਿਹਾ ਸਮਾਈਆ । ਈਸਾ ਮੂਸਾ ਮੁਹੰਮਦ ਨਿਉਂ ਨਿਉਂ ਕਰਨ ਸਲਾਮ, ਸਜਦਾ ਸੀਸ ਸੀਸ ਝੁਕਾਈਆ । ਚਾਰ ਯਾਰ ਰੱਖਣ ਤੇਰਾ ਈਮਾਨ, ਅਮਾਮ ਇਕੋ ਨਜ਼ਰੀ ਆਈਆ । ਬਰਦੇ ਰਹੇ ਤੇਰੇ ਗ਼ੁਲਾਮ, ਤੇਰੀ ਸਾਰ ਕਿਸੇ ਨਾ ਆਈਆ । ਨਾਨਕ ਨਿਰਗੁਣ ਕਹੇ ਤੇਰਾ ਨਾਮ ਸਤਿ ਨਾਮ, ਸਤਿ ਤੇਰਾ ਰੂਪ ਸਮਾਈਆ । ਪੰਜ ਤਤ ਕਾਇਆ ਚੋਲੇ ਜਿਸ ਦੇਵੇਂ ਮਾਣ, ਸੋ ਤੇਰਾ ਜਸ ਰਸਨਾ ਜਿਹਵਾ ਗਾਈਆ । ਗੋਬਿੰਦ ਕਹੇ ਤੂ ਸਾਹਿਬ ਪੁਰਖ ਸੁਲਤਾਨ, ਹਉਂ ਬਾਲਕ ਰੂਪ ਸਖ਼ਾਈਆ । ਦਰ ਤੇਰੇ ਮੰਗਾਂ ਦਾਨ, ਸਾਚੀ ਵਸਤ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੨੮੪
੧੨

ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਵਡਿਆਈਆ । ਤੁਧ ਬਿਨ ਅਵਰ ਨਾ ਕੋਇ ਮੰਗ, ਨਾਨਕ ਗੋਬਿੰਦ ਆਸ ਰਖਾਈਆ । ਤੇਰਾ ਨੂਰ ਸਾਚਾ ਚੰਦ, ਤੇਰੇ ਭਗਤ ਜਗਤ ਵਡਿਆਈਆ । ਤੂੰ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਤੇਰੇ ਹੱਥ ਵਖਾਈਆ । ਤੂੰ ਟੁੱਟੀ ਦੇਵੇਂ ਗੰਢ, ਗੰਢਣਹਾਰ ਗੋਪਾਲ ਗੋਸਾਈਂਆ । ਕਲਜੁਗ ਅੰਤਮ ਕਰੇਂ ਵੰਡ, ਬੇਪਰਵਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚੀ ਖੇਲ ਕਰੇਂ ਭਗਵਾਨ, ਨਾਨਕ ਗੋਬਿੰਦ ਸਿਫ਼ਤ ਸਾਲਾਹਿੰਦਾ । ਪੰਚਮ ਪੰਚ ਕਰੇਂ ਪਰਵਾਨ, ਪੰਚਮ ਇਕ ਨਿਸ਼ਾਨ ਝੁਲਾਇੰਦਾ । ਪੰਚਮ ਵਸੇ ਸਚ ਅਸਥਾਨ, ਭੂਮਿਕਾ ਆਪਣੀ ਆਪ ਸੁਹਾਇੰਦਾ । ਪੰਚਮ ਮੰਗਣ ਸਾਚਾ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਪਰਗਟਾਇੰਦਾ । ਨਵ ਨੌਂ ਚਾਰ ਲੇਖਾ ਚੁਕਾਏਂ ਆਣ, ਜੁਗ ਚੌਕੜੀ ਪਾਰ ਕਰਾਇੰਦਾ । ਸਾਚੇ ਭਗਤ ਕਰ ਪਰਧਾਨ, ਆਪ ਆਪਣੀ ਬੂਝ ਬੁਝਾਇੰਦਾ । ਆਤਮ ਪਰਮਾਤਮ ਦੇ ਗਿਆਨ, ਨਾਮ ਨਿਸ਼ਾਨ ਇਕ ਵਖਾਇੰਦਾ । ਕਾਇਆ ਮੰਦਰ ਸਚ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਅੰਤਮ ਕਰਨਾ, ਸੱਤ ਚਾਰ ਦੇਣ ਦੁਹਾਈਆ । ਨਿਰਗੁਣ ਆਪਣਾ ਵੇਸ ਧਰਨਾ, ਰੂਪ ਅਨੂਪ ਵਟਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾਰ ਕਰਨਾ, ਪਾਰ ਕਿਨਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਾਚਾ ਭੇਵ ਸ੍ਰੀ ਭਗਵੰਤ, ਏਕਾ ਏਕ ਜਣਾਇੰਦਾ । ਕਲਜੁਗ ਅੰਤ ਬਣਾਏ ਬਣਤ, ਭਗਤ ਭਗਵੰਤ ਆਪ ਉਠਾਇੰਦਾ । ਲੇਖੇ ਲਾਏ ਸਾਚੇ ਸੰਤ, ਸਤਿਗੁਰ ਮੀਤ ਦਇਆ ਕਮਾਇੰਦਾ । ਨਾਤਾ ਜੋੜ ਨਾਰ ਕੰਤ, ਸਚ ਸਿੰਘਾਸਣ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪ ਸੁਹਾਇੰਦਾ । ਸਚ ਦੁਆਰੇ ਹਰਿ ਜੂ ਹਰਿ, ਆਪਣੀ ਖੇਲ ਕਰਾਈਆ । ਨਵ ਨੌਂ ਚੌਕੜੀ ਪਾਰ ਕਰ, ਸਚ ਦਰਬਾਰਾ ਇਕ ਲਗਾਈਆ । ਸਾਚੇ ਤਖ਼ਤ ਆਪੇ ਚੜ੍ਹ, ਸਚ ਸਿੰਘਾਸਣ ਰਿਹਾ ਸੁਹਾਈਆ । ਪੀਰ ਪੈਗ਼ੰਬਰ ਸ਼ਬਦੀ ਫੜ, ਗੁਰ ਅਵਤਾਰ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਝੋਲੀ ਪਾਈਆ । ਲਹਿਣਾ ਦੇਣਾ ਹੱਥ ਕਰਤਾਰ, ਆਦਿ ਅੰਤ ਚੁਕਾਇੰਦਾ । ਕਲਜੁਗ ਅੰਤਮ ਹੋ ਤਿਆਰ, ਸਾਚੀ ਖੇਲ ਕਰਾਇੰਦਾ । ਭਗਤ ਭਗਵੰਤ ਦੇ ਆਧਾਰ, ਸਾਚੀ ਭਿਛਿਆ ਆਪ ਵਰਤਾਇੰਦਾ । ਬਹੱਤਰ ਸੱਤਰ ਕਰ ਉਜਿਆਰ, ਦੀਪਕ ਜੋਤ ਡਗਮਗਾਇੰਦਾ । ਸਚ ਦੁਆਰੇ ਦੇ ਆਧਾਰ, ਮਹੱਲ ਅਟੱਲ ਆਪ ਸੁਹਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਹੁਕਮੀ ਹੁਕਮ ਸੁਣਾਏ ਏਕਾ ਵਾਰ, ਨਾ ਕੋਈ ਮੋੜੇ ਮੋੜ ਮੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਆਪ ਉਠਾਇੰਦਾ । ਗੁਰ ਅਵਤਾਰ ਗਏ ਜਾਗ, ਹਰਿ ਜੂ ਅੰਤ ਅੰਤ ਜਗਾਈਆ । ਸਰਨ ਸਰਨਾਈ ਗਏ ਲਾਗ, ਨਿਉਂ ਨਿਉਂ ਸੀਸ ਝੁਕਾਈਆ । ਵਡ ਵਡ ਮੇਰੇ ਹੋਏ ਭਾਗ, ਪ੍ਰਭ ਮਿਲਿਆ ਸੱਚਾ ਮਾਹੀਆ । ਜਗਤ ਵਿਛੋੜਾ ਬੁੱਝੀ ਆਗ, ਤ੍ਰਿਸ਼ਨਾ ਹੋਰ ਰਹੇ ਨਾ ਰਾਈਆ । ਜਿਸ ਦਾ ਗੀਤ ਗੌਂਦੇ ਆਏ ਕੰਤ ਸੁਹਾਗ, ਸਚਖੰਡ ਬੈਠਾ ਆਸਣ ਲਾਈਆ । ਜਿਸ ਦੇ ਪਿਛੇ ਕਰਦੇ ਰਹੇ ਵੈਰਾਗ, ਬਣ ਵੈਰਾਗੀ ਆਪਣਾ ਰੂਪ ਵਖਾਈਆ । ਜਿਸ ਦੇ ਪਿਛੇ ਛੱਡਦੇ ਰਹੇ ਸੱਜਣ ਸਾਕ, ਬੱਚੇ ਨੀਹਾਂ ਹੇਠ ਦਬਾਈਆ । ਸੋ ਸਾਹਿਬ ਰਸੂਲ ਮੇਰਾ ਪਾਕ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਜਿਸ ਦੇ ਪਿਛੇ ਕਾਇਆ

ਦੱਬ ਕੇ ਆਏ ਖ਼ਾਕੀ ਖ਼ਾਕ, ਗੋਰ ਆਪਣਾ ਆਸਣ ਲਾਈਆ । ਸੋ ਕਲਜੁਗ ਅੰਤਮ ਪਰਗਟ ਹੋਏ ਸਾਖਿਆਤ, ਸਾਚੀ ਸਾਖੀ ਦਏ ਸਮਝਾਈਆ । ਏਕਾ ਨਾਤਾ ਬੰਧਾਏ ਕਾਇਨਾਤ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਈਆ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਡੂੰਘੇ ਸੁੱਟੇ ਖਾਤ, ਫਿਰ ਕੋਇ ਨਾ ਬਾਹਰ ਕਢਾਈਆ । ਸਾਡੀ ਪੁੱਛੇ ਅੰਤ ਨਾ ਕੋਈ ਵਾਤ, ਗੁਰ ਅਵਤਾਰ ਪੱਲੂ ਆਪਣਾ ਰਹੇ ਛੁਡਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਚੌਦਸ ਚੰਦ ਨਾ ਕੋਈ ਚਮਕਾਈਆ । ਪਾਰਬ੍ਰਹਮ ਪ੍ਰਭ ਸਭ ਦੀ ਖਿੱਚੀ ਕਰਾਮਾਤ, ਖ਼ਾਲੀ ਭਾਂਡੇ ਰਿਹਾ ਕਰਾਈਆ । ਤੋੜਿਆ ਮਾਣ ਤੀਰਥ ਅਠਸਾਠ, ਸਰੋਵਰ ਸਰ ਨਾ ਕੋਇ ਜਣਾਈਆ । ਨੇਤਰ ਰੋਵਣ ਚੌਦਾਂ ਲੋਕ ਖ਼ਾਲੀ ਹਾਟ, ਚੌਦਾਂ ਤਬਕ ਦੇਣ ਦੁਹਾਈਆ । ਪੀਰ ਪੈਗ਼ੰਬਰ ਕਹਿਣ ਸਾਡਾ ਕਰਿਆ ਘਾਤ, ਛੁਰੀ ਬਿਸਮਿਲ ਰੂਪ ਚਲਾਈਆ । ਗੁਰ ਅਵਤਾਰ ਕਹਿਣ ਸਾਡਾ ਤੁੱਟਾ ਨਾਤ, ਮਾਤਲੋਕ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਤੇਰਾ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਚਾਰ ਜੁਗ ਦਾ ਸ਼ਬਦ ਗਿਆਨ, ਗੁਰ ਅਵਤਾਰ ਤੇਰਾ ਤੇਰੀ ਝੋਲੀ ਪਾਇੰਦਾ । ਆਪਣਾ ਬਲ ਤੁੱਟਾ ਮਾਣ, ਅਭਿਮਾਣ ਕੋਇ ਨਜ਼ਰ ਨਾ ਆਇੰਦਾ । ਦੀਨ ਮਜ਼੍ਹਬ ਨਾ ਕੋਇ ਨਿਸ਼ਾਨ, ਤੇਰਾ ਨਿਸ਼ਾਨਾ ਸਭ ਨੂੰ ਮੇਟ ਮਿਟਾਇੰਦਾ । ਹੁਕਮੇ ਅੰਦਰ ਬਣ ਕੇ ਗਏ ਹੁਕਮਰਾਨ, ਜਿਉਂ ਭਾਵੇਂ ਤਿਉਂ ਨਾਚ ਨਚਾਇੰਦਾ । ਤੇਰਾ ਸੰਦੇਸ਼ਾ ਦੇ ਕੇ ਆਏ ਵਿਚ ਜਹਾਨ, ਜੁਗ ਜੁਗ ਤੇਰਾ ਨਾਮ ਵਡਿਆਇੰਦਾ । ਕਲਜੁਗ ਅੰਤਮ ਜੀਵ ਜੰਤ ਹੋਏ ਸਰਬ ਬੇਈਮਾਨ, ਸਾਡੀ ਕੀਤੀ ਯਾਦ ਨਾ ਕੋਇ ਰਖਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪੁਰਾਨੀ ਪੁਰਾਨ ਨਾ ਕੋਇ ਦਿਸਾਇੰਦਾ । ਦੇ ਦੇ ਥੱਕੇ ਗੀਤਾ ਗਿਆਨ, ਆਤਮ ਗਿਆਨ ਨਜ਼ਰ ਕਿਸੇ ਨਾ ਆਇੰਦਾ । ਮਸਲੇ ਪੜ੍ਹ ਪੜ੍ਹ ਸੁਨਾਇਣ ਅੰਜੀਲ ਕੁਰਾਨ, ਕਾਇਆ ਕੁਰਾ ਕੋਇ ਨਾ ਫੋਲ ਫੁਲਾਇੰਦਾ । ਬਾਣੀ ਪੜ੍ਹ ਪੜ੍ਹ ਹੋਏ ਪਰਧਾਨ, ਬਾਣ ਨਿਰਾਲਾ ਤੀਰ ਨਾ ਕੋਇ ਲਗਾਇੰਦਾ । ਜਗਤ ਵਿਦਿਆ ਹੋਈ ਨਿਧਾਨ, ਸਾਵਧਾਨ ਨਾ ਕੋਇ ਕਰਾਇੰਦਾ । ਨਾਤਾ ਜੁੜਿਆ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਬਿਨ ਤੇਰੇ ਹੋਏ ਨਾ ਕੋਇ ਪਰਵਾਨ, ਪੜ੍ਹਿਆ ਲਿਖਿਆ ਸੁਣਿਆ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਸੀਸ ਝੁਕਾਇੰਦਾ । ਸ੍ਰੀ ਭਗਵਾਨ ਉਠ ਉਠ ਵੇਖੇ, ਹਰਿ ਹਰਿ ਖੇਲ ਕਰਾਇੰਦਾ । ਉਠੋ ਵੇਖੋ ਮਿਟਦੀ ਰੇਖੇ, ਹਰਿ ਜੂ ਹਰਿ ਆਪ ਮਿਟਾਇੰਦਾ । ਆਪਣੇ ਅੰਤਰ ਸਰਬ ਲਪੇਟੇ, ਬਚਿਆ ਕੋਇ ਰਹਿਣ ਨਾ ਪਾਇੰਦਾ । ਚਾਰ ਜੁਗ ਦਾ ਰੱਖਿਆ ਚੇਤੇ, ਕੀਤਾ ਕੌਲ ਭੁੱਲ ਨਾ ਜਾਇੰਦਾ । ਵਾਰੋ ਵਾਰੀ ਘੱਲੇ ਅਗੇਤੇ ਪਛੇਤੇ, ਅੰਤਮ ਇਕੋ ਵਾਰੀ ਇਕੱਠੇ ਆਪਣੇ ਘਰ ਰਖਾਇੰਦਾ । ਲੋਕਮਾਤ ਆਏ ਬਣ ਕੇ ਦਾਰ ਠੇਕੇ, ਸਭ ਦਾ ਠੇਕਾ ਅੰਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਸਾਚਾ ਸੁਣ ਹੁਕਮ ਜਗਦੀਸ਼, ਸਾਰੇ ਰਹੇ ਸੀਸ ਝੁਕਾਈਆ । ਤੇਰੇ ਹੁਕਮੇ ਅੰਦਰ ਪੜ੍ਹੀ ਹਦੀਸ, ਤੇਰਾ ਨਾਉਂ ਰਸਨਾ ਗਾਈਆ । ਲੋਕਮਾਤ ਜੁਗ ਜੁਗ ਚੱਕੀ ਆਏ ਪੀਸ, ਬਣ ਸੁਆਣੀ ਪੀਸਣ ਪੀਸ ਪਿਸਾਈਆ । ਅੰਤਮ ਖ਼ਾਲੀ ਹੋਏ ਖ਼ੀਸ, ਸਾਰੇ ਆਪੋ ਆਪਣੇ ਲੇਖੇ ਵਖਾਈਆ । ਤੇਰੀ ਭੁੱਲੇ ਪ੍ਰਭੂ ਰੀਤ, ਜੋ ਰੀਤ ਆਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਲਹਿਣਾ ਦੇ ਸਮਝਾਈਆ । ਸਾਚਾ ਲਹਿਣਾ ਦੱਸੇ ਭਗਵਾਨ, ਏਕਾ ਵਾਰ ਜਣਾਇੰਦਾ । ਜੁਗ ਜੁਗ ਦੇਂਦਾ ਰਿਹਾ ਮਾਣ, ਸਿਰ ਆਪਣਾ ਹੱਥ ਟਿਕਾਇੰਦਾ ।

ਬਣ ਬਣ ਆਏ ਗੋਪੀ ਕਾਹਨ, ਸੀਤਾ ਰਾਮ ਰੂਪ ਵਟਾਇੰਦਾ । ਪੀਰ ਪੈਗ਼ੰਬਰ ਦੇ ਪੈਗ਼ਾਮ, ਕਲਮਾ ਕਲਾਮ ਇਕ ਸੁਣਾਇੰਦਾ । ਗੁਰ ਗੁਰ ਦੇ ਸ਼ਬਦ ਨਿਸ਼ਾਨ, ਸਚ ਨਿਸ਼ਾਨਾ ਮਾਤ ਝੁਲ੍ਹਾਇੰਦਾ । ਅੰਤਮ ਸਭ ਨੂੰ ਪਾਈ ਇਕੋ ਆਣ, ਬਿਨ ਹਰਿ ਅੰਤ ਨਾ ਕੋਇ ਕਰਾਇੰਦਾ । ਸਾਰੇ ਮੰਗਦੇ ਗਏ ਦਾਨ, ਝੋਲੀ ਗੁਰ ਅਵਤਾਰ ਅੱਗੇ ਡਾਹਿੰਦਾ । ਕਵਣ ਵੇਲਾ ਕਿਰਪਾ ਕਰੇਂ ਆਣ, ਤੇਰਾ ਭੇਵ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਏਕਾ ਵਾਰ ਸੁਣਾਇੰਦਾ । ਸਾਚੀ ਸਿਖਿਆ ਏਕਾ ਵਾਰ, ਹਰਿ ਜੂ ਹਰਿ ਹਰਿ ਆਪ ਜਣਾਈਆ । ਜੁਗ ਚੌਕੜੀ ਵਿਛੜੇ ਮੇਲੇ ਅੰਤਮ ਵਾਰ, ਦਰ ਦੁਆਰੇ ਮੇਲ ਕਰਾਈਆ । ਭੇਵ ਅਭੇਦਾ ਖੋਲ੍ਹੇ ਆਪ ਕਰਤਾਰ, ਪਰਦਾ ਕੋਇ ਰਹਿਣ ਨਾ ਪਾਈਆ । ਅੰਤਮ ਲੇਖਾ ਚੁਕਣਾ ਵਿਚ ਸੰਸਾਰ, ਸੰਸਾਰੀ ਕੋਈ ਰਹਿਣ ਨਾ ਪਾਈਆ । ਸਭ ਨੇ ਗੌਣਾ ਇਕ ਨਿਰੰਕਾਰ, ਏਕਾ ਢੋਲਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਚੁਕਾਈਆ । ਪਰਦਾ ਚੁੱਕੇ ਪਾਰਬ੍ਰਹਮ, ਆਪਣੀ ਖੇਲ ਕਰਾਇੰਦਾ । ਜੁਗ ਚੌਕੜੀ ਯਾਦ ਕਰ ਕੇ ਆਏ ਦਮ ਦਮ, ਕਲਜੁਗ ਅੰਤਮ ਪਵਣ ਸਵਾਸ ਨਾ ਕੋਇ ਰਖਾਇੰਦਾ । ਨਿਰਗੁਣ ਕਰਾਏ ਨਿਰਗੁਣ ਕੰਮ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਜ਼ਰ ਨਾ ਆਏ ਹੱਡ ਮਾਸ ਨਾੜੀ ਚੰਮੜਾ ਚੰਮ, ਚਮਕ ਰੂਪ ਨਾ ਕੋਇ ਵਖਾਇੰਦਾ । ਦੀਨ ਮਜ਼੍ਹਬ ਇਕੋ ਲੱਗਾ ਗ਼ਮ, ਦੂਜੀ ਗ਼ਮੀ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਸੰਸਾ ਆਪ ਚੁਕਾਇੰਦਾ । ਸਾਚਾ ਸੰਸਾ ਕਰੇ ਦੂਰ, ਦੂਰ ਦੁਰਾਡਾ ਫੇਰਾ ਪਾਈਆ । ਪਿਛਲੇ ਕਰੇ ਮਾਫ਼ ਕਸੂਰ, ਮੁਫ਼ਤ ਆਪਣੀ ਦਇਆ ਕਮਾਈਆ । ਅੱਗੇ ਸਭ ਨੇ ਰਹਿਣਾ ਹਜ਼ੂਰ, ਚਰਨ ਦੁਆਰ ਇਕ ਸਮਝਾਈਆ । ਇਕੋ ਢੋਲਾ ਗੌਣਾ ਜ਼ਰੂਰ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਗੁਰ ਅਵਤਾਰ ਸਾਰੇ ਕਰਨ ਮੰਜ਼ੂਰ, ਤੇਰੀ ਮਜ਼ਦੂਰੀ ਇਕੋ ਭਾਈਆ । ਤੂੰ ਸਰਬ ਕਲਾ ਭਰਪੂਰ, ਬੇਅੰਤ ਬੇਪਰਵਾਹੀਆ । ਅਸੀਂ ਹੋਏ ਚਕਨਾ ਚੂਰ, ਬਲ ਆਪਣਾ ਗਏ ਗੁਆਈਆ । ਮੁਹੰਮਦ ਕਹੇ ਮੈਂ ਲਾਰਾ ਦੇ ਕੇ ਆਇਆ ਬਹਿਸਤੀਂ ਮਿਲੇ ਹੂਰ, ਹੂ ਹੂ ਤੇਰਾ ਭੇਵ ਕੋਇ ਨਾ ਪਾਈਆ । ਮੇਰਾ ਤੁਟਾ ਮਾਣ ਗ਼ਰੂਰ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਮੈਂ ਅੰਤ ਹੋਇਆ ਮਜ਼ਬੂਰ, ਮੇਰੀ ਪੇਸ਼ ਨਾ ਚਲੇ ਰਾਈਆ । ਮੈਂ ਤੇਰਾ ਭੁਲਿਆ ਨੂਰ, ਤੇਰਾ ਨੂਰ ਮੇਰੀ ਖ਼ੁਦਾਈਆ । ਬਿਨ ਤੇਰੇ ਮਿਲੇ ਨਾ ਕੋਇ ਸ਼ਊਰ, ਸੋਹਬਤ ਮਾਤ ਨਾ ਕੋਇ ਵਡਿਆਈਆ । ਬਿਨ ਤੇਰੇ ਮੇਰਾ ਕਾਅਬਾ ਤਪਿਆ ਵਾਂਗ ਤੰਦੂਰ, ਆਬ ਹਯਾਤ ਨਾ ਕੋਇ ਛਿੜਕਾਈਆ । ਉਚੀ ਕੂਕ ਕੂਕ ਕਹੇ ਮਨਸੂਰ, ਸਮਸ ਤਬਰੇਜ਼ ਦਏ ਦੁਹਾਈਆ । ਸ਼ਹਿਨਸ਼ਾਹ ਪਾਤਸ਼ਾਹ ਇਕ ਗ਼ਫ਼ੂਰ, ਗ਼ਫ਼ਲਤ ਵਿਚ ਕਦੇ ਨਾ ਆਈਆ । ਮੇਰਾ ਮਹਿਬੂਬ ਦੇਵੇ ਇਕ ਸਰੂਰ, ਸੁਰਤੀ ਆਪਣੇ ਨਾਲ ਮਿਲਾਈਆ । ਮਿਲੇ ਖ਼ੁਦਾਵੰਦ ਸਾਚੀ ਹੂਰ, ਹੁਜ਼ਰੇ ਆਪਣੇ ਲਏ ਬਹਾਈਆ । ਸੂਫ਼ੀ ਕਹੇ ਮੇਰਾ ਮੁਰਸ਼ਦ ਮੇਰੀ ਆਸਾ ਪੂਰ, ਮੁਸਲਿਮ ਸੁੰਨੀ ਨਾ ਕੋਇ ਵਖਾਈਆ । ਚਾਰ ਯਾਰੀ ਰਹੇ ਦੂਰ ਦੂਰ, ਦਰ ਦਰਵਾਜ਼ੇ ਨੇੜ ਢੁਕਣ ਨਾ ਪਾਈਆ । ਜੋ ਦੀਸੇ ਸੋ ਅੰਤਮ ਕੂੜ, ਫ਼ਨਾਹ ਰੂਪ ਆਪ ਸਮਝਾਈਆ । ਚਲੋ ਰਲ ਕੇ ਮੰਗੀਏ ਚਰਨ ਧੂੜ, ਪ੍ਰਭ ਸੱਚਾ ਮਿਹਰ ਨਜ਼ਰ ਨਜ਼ਰ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਜਣਾਈਆ । ਅੰਤਮ ਲੇਖਾ ਲਿਆ ਜਾਣ, ਭੁੱਲ ਰਹੀ ਨਾ ਰਾਇਆ । ਜਿਉਂ ਭਾਵੇਂ ਤਿਉਂ ਕਰ ਭਗਵਾਨ, ਹਉਂ ਬੈਠੇ ਸੀਸ ਝੁਕਾਇਆ ।

ਤੇਰੇ ਚਰਨਾਂ ਇਕ ਧਿਆਨ, ਦੂਜੀ ਓਟ ਨਾ ਕੋਇ ਰਖਾਇਆ । ਜੁਗ ਜੁਗ ਸੁਣਦੇ ਰਹੇ ਤੇਰਾ ਫ਼ਰਮਾਣ, ਬਣ ਫ਼ਰਮਾਂਬਰਦਾਰ ਸੇਵ ਕਮਾਇਆ । ਸਾਡੀ ਸਿਖਿਆ ਭੁੱਲ ਗਏ ਜੀਵ ਅਵਾਣ, ਬਾਲੀ ਬੁੱਧ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇਂ ਤਿਉਂ ਲਏ ਚਲਾਇਆ । ਜਿਉਂ ਭਾਵੇਂ ਤਿਉਂ ਲਏ ਰੱਖ, ਹੱਥ ਤੇਰੇ ਵਡਿਆਈਆ । ਕਲਜੁਗ ਅੰਤਮ ਹੋਇਆ ਪਰਤੱਖ, ਪਰਤੱਖ ਤੇਰੀ ਸ਼ਹਿਨਸ਼ਾਹੀਆ । ਅਸੀਂ ਨੇਤਰ ਵੇਖਿਆ ਤੂੰ ਭਗਤਾਂ ਗਾਏਂ ਆਪ ਜਸ, ਜਸ ਭਗਤਾਂ ਆਪ ਸੁਣਾਈਆ । ਲੋਕਮਾਤ ਫੜ ਫੜ ਮੇਲੇਂ ਹੱਸ ਹੱਸ, ਚਾਰੋਂ ਕੁੰਟ ਫੇਰਾ ਪਾਈਆ । ਪ੍ਰੇਮ ਪਿਆਰ ਅੰਦਰ ਫਸ, ਜਮ ਕੀ ਫਾਂਸੀ ਰਿਹਾ ਕਟਾਈਆ । ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਈਆ । ਸਾਡੀ ਕਰ ਪੂਰੀ ਆਸ, ਦਰ ਤੇਰੇ ਓਟ ਤਕਾਈਆ । ਪੁਰਖ ਅਬਿਨਾਸ਼ੀ ਕਹੇ ਸ਼ਾਬਾਸ਼, ਸ਼ਹਿਨਸ਼ਾਹ ਏਕਾ ਹੁਕਮ ਸੁਣਾਈਆ । ਨੌਂ ਖੰਡ ਪ੍ਰਿਥਮੀ ਵੇਖੇ ਕਿਸੇ ਘਰ ਨਾ ਸਾਚੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਸੀਤਾ ਸੁਰਤੀ ਨਾ ਦਿਸੇ ਰਾਮ ਪਾਸ, ਰਾਮ ਸੀਤਾ ਹੋਏ ਨਾ ਕੋਇ ਕੁੜਮਾਈਆ । ਅੱਲਾ ਰਾਣੀ ਪੂਰੀ ਕਰੇ ਨਾ ਕੋਈ ਖ਼ਾਹਸ਼, ਖ਼ਾਹਸ਼ ਮੁਹੰਮਦ ਨਾ ਕੋਇ ਰਖਾਈਆ । ਈਸਾ ਹੋ ਕੇ ਬੈਠਾ ਨਿਰਾਸ, ਨਸੀਹਤ ਸਾਰੇ ਗਏ ਭੁਲਾਈਆ । ਮੂਸਾ ਉਡਿਆ ਸਰਬ ਵਿਸ਼ਵਾਸ, ਵਿਸ਼ਵਾਸ ਕਰੇ ਨਾ ਕੋਇ ਖ਼ੁਦਾਈਆ । ਨਾਨਕ ਹੋਇਆ ਨਾ ਕੋਇ ਦਾਸ, ਸੀਸ ਆਪਣਾ ਭੇਟ ਕਰਾਈਆ । ਗੋਬਿੰਦ ਦਿਸੇ ਕਿਸੇ ਨਾ ਪਾਸ, ਖੰਡਾ ਖੜਗ ਨਾ ਕੋਇ ਚਮਕਾਈਆ । ਪਾਰਬ੍ਰਹਮ ਤੇਰੇ ਮਿਲਣ ਦੀ ਇਕੋ ਆਸ, ਗੁਰ ਅਵਤਾਰ ਬੈਠੇ ਧਿਆਨ ਲਗਾਈਆ । ਕਲਜੁਗ ਅੰਤਮ ਤੇਰਾ ਖੇਲ ਤਮਾਸ਼, ਤੇਰੀ ਬਣਤ ਤੋਹੇ ਬਣ ਆਈਆ । ਸੱਤਰ ਬਹੱਤਰ ਰੱਖੇ ਪਾਸ, ਚਰਨ ਕਵਲ ਨਾਲ ਮਿਲਾਈਆ । ਚੁਹੱਤਰਾਂ ਸਾਡੀ ਸੇਵਾ ਲਾਈ ਖ਼ਾਸ, ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਕਿਰਪਾ ਵੰਡ ਵੰਡਾਈਆ । ਤੇਰੀ ਕਿਰਪਾ ਮਿਲੀ ਦਾਤ, ਹਰਿ ਦਾਨੀ ਆਪ ਵਰਤਾਇਆ । ਸੱਤਰ ਬਹੱਤਰ ਹੋਏ ਤੇਰੀ ਜ਼ਾਤ, ਤੇਰਾ ਰੂਪ ਸਮਾਇਆ । ਤੇਰੇ ਅੱਗੇ ਸਾਰੇ ਛੱਡੀਏ ਆਪਣੀ ਕਰਾਮਾਤ, ਤੇਰੀ ਵਸਤ ਤੇਰੀ ਝੋਲੀ ਰਖਾਇਆ । ਤੇਰੇ ਚਰਨ ਰਹੇ ਨਾਤ, ਨਾਤਾ ਕੋਇ ਨਾ ਤੋੜ ਤੁੜਾਇਆ । ਤੂੰ ਸਾਹਿਬ ਭਗਤਾਂ ਪੁੱਛੇ ਵਾਤ, ਹਉਂ ਤੇਰੇ ਭਗਤਾਂ ਆਪਣੇ ਅੰਗ ਲਗਾਇਆ । ਤੇਰਾ ਮੇਰਾ ਢੋਲਾ ਗਾ ਗਾ ਗਾਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਚੋਲਾ ਲਏ ਬਦਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੱਤ ਚਾਰ ਮੇਲਾ ਹੋਏ ਸਹਿਜ ਸੁਭਾਇਆ । ਸੱਤ ਚਾਰ ਮੇਲਾ ਜੋੜ, ਆਪਣੀ ਦਇਆ ਕਮਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਵੇਖਾਂ ਚੜ੍ਹ ਕੇ ਘੋੜ, ਦੋ ਜਹਾਨਾਂ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਰੇ ਨਾਲ ਪੈਦਲ ਪੈਣਾ ਦੌੜ, ਸ਼ਾਹਸਵਾਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ਾ ਸੁਣਿਆ ਕੰਨ, ਹਰਿ ਜੂ ਹਰਿ ਸੁਣਾਇਆ । ਤੇਰਾ ਕਹਿਣਾ ਲਈਏ ਮੰਨ, ਨਿਉਂ ਨਿਉਂ ਸੀਸ ਝੁਕਾਇਆ । ਸੇਵਾ ਲਾਈ ਸਾਡੇ ਭਾਗ ਧੰਨ, ਧੰਨ ਤੇਰੀ ਵਡਿਆਇਆ । ਤੇਰਾ ਨੂਰ ਚੜ੍ਹਿਆ ਚੰਨ, ਭਗਤ ਰੂਪ ਰੁਸ਼ਨਾਇਆ । ਤੂੰ ਸਾਹਿਬ ਬੇੜਾ ਦਿਤਾ ਬੰਨ੍ਹ, ਹਉਂ ਖੇਵਟ ਬਣ ਮਾਤ ਤਰਾਇਆ । ਅੰਤਮ ਪੂਰਾ ਹੋਵੇ ਕੰਮ, ਨਿਹਕਰਮੀ ਆਪ ਕਰਾਇਆ । ਦੀਨ ਮਜ਼੍ਹਬ ਦਾ ਟੁੱਟੇ ਗ਼ਮ, ਸ਼ਰਅ ਸ਼ਰੀਅਤ ਜ਼ੋਰ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਰਤਾਇਆ । ਸਾਚਾ ਖੇਲ ਸਾਜਣ ਮੀਤ,

੨੯੭
੧੨

ਤੇਰਾ ਨਜ਼ਰੀ ਆਈਆ । ਖ਼ਾਲੀ ਦਿਸੇ ਮੰਦਰ ਮਸਜਿਦ ਮੱਠ ਮਸੀਤ, ਗੁਰੂਦੁਆਰ ਦੇਣ ਦੁਹਾਈਆ । ਪਰਗਟ ਹੋਇਆ ਇਕ ਅਤੀਤ, ਜੋ ਸਭ ਦੀ ਰੀਤ ਚਲਾਈਆ । ਵੇਖਣਹਾਰਾ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਅੰਤਮ ਢੋਲਾ ਗਾਏ ਗੀਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਕਰੇ ਕਰਤਾਰ, ਤੇਰੇ ਚਰਨ ਕਵਲ ਬਲਿਹਾਰੀ । ਸਾਰੇ ਬੈਠੇ ਤੇਰੇ ਦੁਆਰ, ਨਿਉਂ ਨਿਉਂ ਸੀਸ ਕਰਨ ਨਿਮਸਕਾਰੀ । ਲੋਕਮਾਤ ਖਿੜੀ ਗੁਲਜ਼ਾਰ, ਭਗਤ ਭਗਵੰਤ ਲਾਈ ਫੁਲਵਾੜੀ । ਅਸੀਂ ਰਾਹ ਤੱਕਦੇ ਰਹੇ ਜੁਗ ਚਾਰ, ਜੁਗ ਜੁਗ ਨੈਣ ਉਠਾਲ ਵਾਰੋ ਵਾਰੀ । ਅੰਤਮ ਦੱਸ ਕੇ ਆਏ ਵਿਚ ਸੰਸਾਰ, ਨਿਹਕਲੰਕ ਨਰਾਇਣ ਕਲਜੁਗ ਆਏ ਅੰਤਮ ਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚ ਬਿਵਹਾਰੀ । ਸਾਚਾ ਖੇਲ ਕਰ ਭਗਵਾਨ, ਗੁਰ ਅਵਤਾਰ ਰਹੇ ਸੀਸ ਝੁਕਾਈਆ । ਸੱਤ ਚਾਰ ਜਗਤ ਨਿਸ਼ਾਨ, ਸਚ ਨਿਸ਼ਾਨਾ ਲਏ ਝੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਰਵਾਨ, ਤ੍ਰੈਗੁਣ ਮੁਖ ਨਾ ਕੋਇ ਭੁਵਾਈਆ । ਪੰਜ ਤਤ ਮੰਨਣ ਤੇਰੀ ਆਣ, ਤੇਈ ਅਵਤਾਰ ਤੇਰਾ ਰਾਹ ਤਕਾਈਆ । ਅਠਾਰਾਂ ਤਿੰਨ ਚਾਰ ਹੋਣ ਕੁਰਬਾਨ, ਆਪ ਆਪਣਾ ਭੇਟ ਚੜ੍ਹਾਈਆ । ਗੁਰ ਅਵਤਾਰ ਦਸ ਕਰਨ ਧਿਆਨ, ਏਕਾ ਨਜ਼ਰ ਨਜ਼ਰ ਟਿਕਾਈਆ । ਪੰਜ ਬੈਠੇ ਸਚਖੰਡ ਸੱਚੇ ਬਲਵਾਨ, ਬਲ ਆਪਣਾ ਰਹੇ ਜਣਾਈਆ । ਸਾਡਾ ਮੇਲ ਮਿਲਿਆ ਨਾਲ ਭਗਵਾਨ, ਨਾ ਕੋਈ ਤੋੜੇ ਤੋੜ ਤੁੜਾਈਆ । ਅਸੀਂ ਆ ਕੇ ਬਣਾਇਆ ਸੱਚਾ ਵਿਧਾਨ, ਪੰਚ ਪਰਧਾਨ ਹੋ ਕੇ ਖ਼ੁਸ਼ੀ ਮਨਾਈਆ । ਨੌਂ ਸੌ ਚੁਰਾਨਵੇਂ ਜੁਗ ਦਾ ਚੁੱਕਿਆ ਗਿਆਨ, ਗੁਰ ਅਵਤਾਰ ਦੇਵੇ ਸਰਬ ਸਮਝਾਈਆ । ਹੁਕਮ ਮੰਨਣਾ ਪਏ ਦੋ ਜਹਾਨ, ਹੁਕਮੇ ਅੰਦਰ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਦਿਤਾ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਜਣਾਈਆ । ਲੋਕਮਾਤ ਪ੍ਰਗਟਾਉਣਾ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਵਖਾਈਆ । ਭਗਤਾਂ ਹਰਿ ਜੂ ਮਿਲੇ ਆਣ, ਭਗਵਨ ਆਪਣੀ ਦਇਆ ਕਮਾਈਆ । ਸਾਚੇ ਮੰਦਰ ਬਹਿ ਬਹਿ ਕਰੇ ਕਲਿਆਣ, ਕਲ ਆਪਣੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਘਰ ਵਸਾਈਆ । ਪੰਚ ਪਰਧਾਨ ਪੰਚਮ ਰੰਗ, ਹਰਿ ਜੂ ਹਰਿ ਹਰਿ ਆਪ ਚੜ੍ਹਾਇਆ । ਪੰਚਮ ਉਠ ਵਜਾਇਆ ਮਰਦੰਗ, ਏਕਾ ਨਾਦ ਸੁਣਾਇਆ । ਜੁਗ ਚੌਕੜੀ ਹੋਏ ਭੰਗ, ਹਰਿ ਜੂ ਹਰਿ ਹਰਿ ਆਪ ਕਰਾਇਆ । ਜਨ ਭਗਤਾਂ ਦੇਵੇ ਇਕ ਅਨੰਦ, ਆਪਣਾ ਰਸ ਵਖਾਇਆ । ਏਕਾ ਢੋਲਾ ਸੁਣਾਏ ਛੰਦ, ਸੋਹੰ ਸੋ ਆਪ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਸਚ ਸੰਦੇਸ਼ਾ ਕੰਚਨ ਧਾਰਾ, ਪੰਚਮ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਕਰਨ ਨਿਮਸਕਾਰਾ, ਨਿਮਖ ਨਿਮਖ ਆਪਣਾ ਸਰਬ ਕਟਾਇੰਦਾ । ਰਸਨਾ ਬੋਲਣ ਸਾਰੇ ਮਿਲ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈਕਾਰਾ, ਜੈ ਜੈਕਾਰ ਇਕ ਸੁਣਾਇੰਦਾ । ਅੱਗੇ ਕਰੇ ਫੇਰ ਵਿਹਾਰਾ, ਪਹਿਲਾਂ ਆਪਣੀ ਈਨ ਮਨਾਇੰਦਾ । ਇੱਕੀ ਜੇਠ ਸਭ ਦਾ ਹੋਇਆ ਛੁਟਕਾਰਾ, ਛੁੱਟੀ ਸਭ ਨੂੰ ਆਪ ਦਿਵਾਇੰਦਾ । ਸਾਰੇ ਸੌਂ ਜਾਓ ਪੈਰ ਪਸਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਇਕੋ ਹਰਿ ਜੂ ਵਜਾਏ ਨਗਾਰਾ, ਨੌਬਤ ਆਪਣੇ ਨਾਮ ਸੁਣਾਇੰਦਾ । ਦੋ ਜਹਾਨ ਕਰਾਏ ਵਣਜ ਵਪਾਰਾ, ਸਤਿਗੁਰ ਸਾਚਾ ਹੱਟ ਚਲਾਇੰਦਾ । ਚਾਰ ਜੁਗ ਦਾ ਮੁੱਕੇ ਲਾਰਾ, ਅੰਤਮ ਆਪਣਾ ਪਰਦਾ ਆਪ ਉਠਾਇੰਦਾ ।

ਬਿਨ ਭਗਤਾਂ ਹਰਿ ਜੂ ਰਿਹਾ ਕੁਆਰਾ, ਸਾਚਾ ਸਗਨ ਨਾ ਕੋਇ ਮਨਾਇੰਦਾ । ਕਬੀਰ ਉਚੇ ਟਿੱਲੇ ਮੰਦਰ ਚੜ੍ਹ ਚੜ੍ਹ ਕੱਢਦਾ ਰਿਹਾ ਹਾੜ੍ਹਾ, ਹਾਏ ਹਾਏ ਕਰ ਕੁਰਲਾਇੰਦਾ । ਬਹੁੜੀ ਬਹੁੜੀ ਤੈਨੂੰ ਲੱਭਦੇ ਜੰਗਲ ਜੂਹ ਉਜਾੜ ਪਹਾੜਾ, ਤੂੰ ਗੁਰਮੁਖਾਂ ਅੰਦਰ ਡੇਰਾ ਲਾਇੰਦਾ । ਜਿਧਰ ਵੇਖਾਂ ਚਾਰੋਂ ਕੁੰਟ ਨਜ਼ਰੀ ਆਏ ਸੱਚਾ ਲਾੜਾ, ਲੱਖ ਚੁਰਾਸੀ ਨਾਰ ਆਪਣੀ ਗੋਦ ਬਹਾਇੰਦਾ । ਤੇਰਾ ਭਗਤ ਕਿਉਂ ਰਿਹਾ ਕੁਆਰਾ, ਤੁਧ ਬਿਨ ਅੰਗ ਨਾ ਕੋਇ ਰਖਾਇੰਦਾ । ਤੇਰਾ ਜੋਬਨ ਰੂਪ ਨਾਰ ਮੁਟਿਆਰਾ, ਕੰਤ ਕੰਤੂਹਲ ਇਕੋ ਮੋਹੇ ਭਾਇੰਦਾ । ਮੈਂ ਨੇਤਰ ਨੈਣ ਸ਼ਿੰਗਾਰਾ, ਕਜਲਾ ਧਾਰ ਨਾਮ ਰਖਾਇੰਦਾ । ਐਨਲ ਹੱਕ ਬੋਲ ਕੇ ਨਾਅਰਾ, ਮਨਸੂਰ ਤੇਰੀ ਸ਼ਰਅ ਜ਼ੰਜੀਰ ਕਟਾਇੰਦਾ । ਗੋਬਿੰਦ ਫ਼ਤਹਿ ਬੋਲ ਜੈਕਾਰਾ, ਡੰਕਾ ਤੇਰੇ ਨਾਮ ਸੁਣਾਇੰਦਾ । ਨਾਨਕ ਉਪਰ ਚੜ੍ਹ ਬੋਲੇ ਲਲਕਾਰਾ, ਸਚਖੰਡ ਹਰਿ ਜੂ ਨਜ਼ਰੀ ਆਇੰਦਾ । ਅੰਤਮ ਇਕੋ ਰੂਪ ਧਰੇ ਨਿਹਕਲੰਕ ਨਰਾਇਣ ਨਰ ਅਵਤਾਰਾ, ਦੂਸਰ ਨਜ਼ਰ ਕੋਇ ਨਾ ਆਇੰਦਾ । ਆਪਣਾ ਕਰੇ ਸਚ ਵਿਹਾਰਾ, ਸਾਚਾ ਰਾਹ ਆਪ ਚਲਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਸਚ ਤੌਫ਼ੀਕ ਇਕ ਪਰਵਰਦਿਗਾਰਾ, ਤੋਹਫ਼ਾ ਆਪਣਾ ਕਲਮਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪਣੇ ਹੱਥ ਰਖਾਇੰਦਾ । ਸਾਚਾ ਮਾਰਗ ਹੱਥ ਨਿਰੰਕਾਰ, ਆਦਿ ਜੁਗਾਦਿ ਜੁਗ ਜੁਗ ਸਾਰੇ ਗਏ ਸੁਣਾਈਆ । ਜੇ ਕੋਈ ਕਹੇ ਮੈਂ ਵਡ ਬਲਕਾਰ, ਬਲ ਦੇਵਣਹਾਰ ਨਜ਼ਰ ਨਾ ਆਈਆ । ਜੇ ਕੋਈ ਕਹੇ ਮੈਂ ਵਡ ਸਰਦਾਰ, ਤਿੰਨਾਂ ਲੋਕਾਂ ਬਿਨਾਂ ਸਰਦਾਰੀ ਹੱਥ ਕਿਸੇ ਨਾ ਆਈਆ । ਜੇ ਕੋਈ ਕਹੇ ਮੈਂ ਬਰਖ਼ੁਰਦਾਰ, ਪ੍ਰਭ ਆਪਣਾ ਭੇਵ ਦਏ ਖੁਲ੍ਹਾਈਆ । ਨਾਨਕ ਨਿਉਂ ਨਿਉਂ ਕਰੇ ਨਿਮਸਕਾਰ, ਨਰ ਨਿਰੰਕਾਰ ਤੇਰੀ ਸੱਚੀ ਸ਼ਹਿਨਸ਼ਾਹੀਆ । ਗੁਰ ਚੇਲੇ ਤੇਰਾ ਵਿਹਾਰ, ਗੋਬਿੰਦ ਗਿਆ ਸਮਝਾਈਆ । ਅਸੀਂ ਹੁਕਮੇ ਅੰਦਰ ਕਰਨੇ ਆਏ ਕਾਰ, ਤੇਰੀ ਕਿਰਤ ਕਮਾਈਆ । ਤੂੰ ਲੇਖੇ ਲੈਣੀ ਡਾਰ, ਮੇਰੇ ਸਾਹਿਬ ਸੱਚੇ ਗੁਸਾਈਆ । ਪੁਰਖ ਅਬਿਨਾਸ਼ੀ ਕਰਿਆ ਖ਼ਬਰਦਾਰ, ਧੁਰ ਫ਼ਰਮਾਣਾ ਇਕ ਜਣਾਈਆ । ਕਲਜੁਗ ਆਏ ਅੰਤਮ ਵਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਾਚੇ ਭਗਤਾਂ ਦਏ ਆਧਾਰ, ਨਾਨਕ ਲੇਖਾ ਲੇਖੇ ਲਾਈਆ । ਸਚਖੰਡ ਦੁਆਰੇ ਪੰਚਮ ਪੰਚ ਕਰ ਨਿਸ਼ਾਨ, ਜਗਤ ਨਿਸ਼ਾਨਾ ਦਏ ਵਖਾਈਆ । ਸਾਚਾ ਮੰਦਰ ਇਕ ਮਕਾਨ, ਸ੍ਰੀ ਭਗਵਾਨ ਆਪ ਸੁਹਾਈਆ । ਸਾਢੇ ਤਿੰਨ ਹੱਥ ਦੇਵੇ ਦਾਨ, ਸੰਬਲ ਆਪਣਾ ਰੂਪ ਵਖਾਈਆ । ਨੀਹਾਂ ਹੇਠ ਦਬਾਏ ਬਾਲ, ਬਲੀ ਆਪਣੀ ਭੇਟ ਚੜ੍ਹਾਈਆ । ਆਪਣਾ ਖ਼ੂਨ ਰੱਤੀ ਰੱਤ ਦੇਵੇ ਡਾਲ, ਰੱਤੀ ਰੱਤ ਨਾਲ ਮਿਲਾਈਆ । ਸਿੰਘ ਇੰਦਰ ਕਰ ਪਹਿਲਵਾਨ, ਪਹਿਲੀ ਆਪਣੀ ਰਸਮ ਵਖਾਈਆ । ਲੋਕਮਾਤ ਦਾ ਨੌਜਵਾਨ, ਨਾਮ ਗੁਰਜ਼ ਹੱਥ ਫੜਾਈਆ । ਸਭ ਦੀ ਸ਼ਰਅ ਮੇਟਣ ਆਇਆ ਭਗਵਾਨ, ਦਰ ਦਰਬਾਨ ਬਣ ਕੇ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਵਾਹਵਾ ਹਰਿ ਜੂ ਖੇਲ ਰਚਾਈਆ । ਸਾਚਾ ਸੁਤ ਕਰਿਆ ਪਰਵਾਨ, ਅਬਿਨਾਸ਼ੀ ਅਚੁਤ ਦਇਆ ਕਮਾਈਆ । ਚੌਹੱਤਰਾਂ ਦੇਵੇ ਇਕੋ ਦਾਨ, ਦਾਤਾ ਦਾਨੀ ਦਇਆ ਕਮਾਈਆ । ਚਾਰ ਜੁਗ ਦੀ ਚੁੱਕੇ ਆਣ, ਚੌਕੜੀ ਬੈਠੇ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਮਿਲੀ ਸਾਚੀ ਗੁਰਜ, ਗੁਰ ਸਤਿਗੁਰ ਆਪ ਦੁਆਇੰਦਾ । ਲੇਖੇ ਲੱਗਾ ਸਾਢੇ ਤਿੰਨ ਹੱਥ ਬੁਰਜ, ਉਚ ਮਨਾਰਾ ਆਪ ਸੁਹਾਇੰਦਾ । ਨਿਮਸਕਾਰ ਕਰੇ ਦੇਵਤਾ ਸੂਰਜ, ਨਿਉਂ ਨਿਉਂ ਚਰਨ ਧੂੜ ਰਮਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਮਿਲੀ ਗੁਰਜ਼ ਉਪਜਿਆ ਬਲ, ਬਲ ਬਾਵਨ ਖੇਲ ਕਰਾਈਆ । ਸਤਿਜੁਗ ਸਰੂਪ ਗਿਆ ਛੱਲ, ਕਲਜੁਗ ਅੰਤ ਲਏ ਪਰਗਟਾਈਆ । ਜਿਸ ਧਰਨੀ ਉਪਰ ਵਗਦਾ ਰਿਹਾ ਹੱਲ, ਤਿਸ ਹੌਲਾ ਭਾਰ ਵਖਾਈਆ । ਜਨ ਭਗਤ ਦੁਆਰਾ ਲੱਗਾ ਫਲ, ਪੱਤ ਡਾਲੀ ਆਪ ਮਹਿਕਾਈਆ । ਸੇਵਾ ਕਰੇ ਪੁਰਖ ਅਕਾਲ, ਅਕਲ ਸਭ ਦੀ ਦਏ ਭੁਆਈਆ । ਗੁਰ ਅਵਤਾਰ ਵੇਖਣ ਨਿਹਚਲ ਧਾਮ ਬਣਿਆ ਅਟੱਲ, ਅਟੱਲ ਪਦਵੀ ਇਕ ਵਡਿਆਈਆ । ਸ੍ਰੀ ਭਗਵਾਨ ਆਸਣ ਬੈਠਾ ਮੱਲ, ਅੱਗੇ ਪਿੱਛੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਜ਼ ਲੈ ਨਾ ਚੜ੍ਹੇ ਚਾਅ, ਸਿੰਘ ਇੰਦਰ ਆਪ ਸੁਣਾਇੰਦਾ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ, ਤੇਰੇ ਅੱਗੇ ਸੀਸ ਝੁਕਾਇੰਦਾ । ਮੈਂ ਇਕ ਇਕੱਲਾ ਅੱਗੇ ਜਾਵਾਂ ਨਾ, ਆਪਣਾ ਸੰਗ ਨਾ ਕੋਇ ਛੁਡਾਇੰਦਾ । ਕਰ ਕਿਰਪਾ ਫੜਾ ਬਾਂਹ, ਭਰਾ ਭਰਾਵਾਂ ਨਾਲ ਸੁਹਾਇੰਦਾ । ਮੈਂ ਨੀਵਾਂ ਬਣ ਬਣ ਸੇਵਾ ਲਵਾਂ ਕਮਾ, ਬਿਨ ਸੇਵਾ ਕੋਈ ਕੰਮ ਕਿਸੇ ਨਾ ਆਇੰਦਾ । ਤੇਰੇ ਭਗਤਾਂ ਪਿਆਰ ਅੰਮ੍ਰਿਤ ਰਸ ਮੇਵਾ ਲਵਾਂ ਖਾ, ਖਾ ਖਾ ਆਪਣਾ ਸ਼ੁਕਰ ਮਨਾਇੰਦਾ । ਸੱਤਰਾਂ ਬਹੱਤਰਾਂ ਵੇਖਾਂ ਥਾਂ ਥਾਂ, ਬਹੱਤਰ ਸੱਤਰ ਤੇਰਾ ਰੂਪ ਨਜ਼ਰੀ ਆਇੰਦਾ । ਜੇ ਚੁਹੱਤਰਾਂ ਅੰਗ ਲਵੇਂ ਲਗਾ, ਗੁਰ ਅਵਤਾਰ ਸ਼ੁਕਰ ਮਨਾਇੰਦਾ । ਪੀਰ ਪੈਗ਼ੰਬਰ ਮੈਨੂੰ ਦੇਣ ਸਲਾਹ, ਸਲਾਹਕਾਰ ਇਕੋ ਤੂਹੇ ਨਜ਼ਰੀ ਆਇੰਦਾ । ਫੜ ਫੜ ਬਾਹੋਂ ਰਾਹੇ ਲੈਣਾ ਪਾ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਜਲ ਥਲ ਡੂੰਘੇ ਦਿਸਣ ਅਸਗਾਹ, ਉਚੇ ਟਿੱਲੇ ਪਰਬਤ ਤੁਧ ਬਿਨ ਪਾਰ ਨਾ ਕੋਇ ਕਰਾਇੰਦਾ । ਪਿਆਰ ਭੁੱਲੇ ਨਾ ਪੁਤਰਾਂ ਮਾਂ, ਪੁਤ ਮਾਤ ਪਿਤ ਸਦਾ ਭੁਲਾਇੰਦਾ । ਤੁਧ ਬਿਨ ਅਸੀਂ ਹੋਏ ਜਗਤ ਕਾਂ, ਹੰਸ ਰੂਪ ਨਾ ਕੋਇ ਵਟਾਇੰਦਾ । ਕਰ ਕਿਰਪਾ ਨਿਥਾਵਿਆਂ ਦੇਣਾ ਥਾਂ, ਇਕੋ ਸਾਚੀ ਆਸ ਰਖਾਇੰਦਾ । ਚੁਹੱਤਰਾਂ ਲੇਖੇ ਲੈਣਾ ਲਾ, ਲੇਖਾ ਤੇਰਾ ਮੁੱਕ ਕਦੇ ਨਾ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੈਣ ਉਭੇ ਸਾਹ, ਹੌਕੇ ਭਰ ਭਰ ਸਰਬ ਨੀਰ ਵਹਾਇੰਦਾ । ਤ੍ਰੈਗੁਣ ਮਾਇਆ ਰਹੀ ਕੁਰਲਾ, ਪੰਜ ਤਤ ਆਪਣਾ ਡੇਰਾ ਢਾਹਿੰਦਾ । ਤੇਈ ਅਵਤਾਰ ਨੈਣ ਰਹੇ ਤਕਾ, ਕਵਣ ਵੇਲਾ ਹਰਿ ਜੂ ਆਸਾ ਪੂਰ ਕਰਾਇੰਦਾ । ਭਗਤ ਅਠਾਰਾਂ ਘਰ ਘਰ ਫੇਰੀ ਰਹੇ ਪਾ, ਧੰਨ ਭਾਗ ਹਰਿ ਜੂ ਭਗਤਾਂ ਮੇਲ ਮਿਲਾਇੰਦਾ । ਈਸਾ ਮੂਸਾ ਮੁਹੰਮਦ ਚਾਰ ਯਾਰੀ ਸਿਰ ਰਹੀ ਖੁਹਾ, ਦਰੋਹੇ ਖ਼ੁਦਾਈ ਨਬੀ ਰਸੂਲ ਹਰਿ ਜੂ ਆਰਜ਼ੂ ਕਰੀ ਕਬੂਲ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਅੰਤ ਦਿਤਾ ਜਵਾਬ ਇਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਚਖੰਡ ਦਾ ਸਚ ਅਸੂਲ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਨਾ ਕੋਈ ਕਾਤਲ ਨਾ ਮਕਤੂਲ, ਛੁਰੀ ਸ਼ਰਅ ਨਾ ਕੋਇ ਚਲਾਇੰਦਾ । ਇਕੋ ਪਾਕ ਆਪ ਰਸੂਲ, ਰਸਮ ਆਪਣੀ ਅੰਤ ਅਦਾ ਕਰਾਇੰਦਾ । ਸਾਰਿਆਂ ਕਰਨੀ ਪਏ ਕਬੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਓਟ ਸਰਬ ਤਕਾਇੰਦਾ । ਸੁਣ ਪਹਿਲਵਾਨ ਸਾਚੇ ਮੱਲ, ਹਰਿ ਜੂ ਰਿਹਾ ਸੁਣਾਈਆ । ਤੇਰੀ ਮੰਨਾਂ ਇਕੋ ਗੱਲ, ਜਨ ਭਗਤਾਂ ਗਲਵਕੜੀ ਲਵਾਂ ਪਾਈਆ । ਵਕਤ ਲੰਘਾਵਾਂ ਮਿਲ ਰਲ, ਰਲ ਮਿਲ ਆਪਣਾ ਵਕਤ ਲੰਘਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਢਿਲ, ਢਿਲਾਪਨ ਆਪਣਾ ਆਪ ਬਣਾਈਆ । ਕਲਜੁਗ ਅੰਤਮ ਕਰ ਕੇ ਆਇਆ ਵਡਾ ਦਿਲ, ਦਿਲ ਦਲੇਰੀ ਦਏ ਵਖਾਈਆ । ਲੱਖ ਚੁਰਾਸੀ ਧਰਤੀ ਵਿਚੋਂ ਕੱਢੇ ਡੂੰਘੀ ਬਿਲ, ਫੜ ਬਾਹੋਂ ਬਾਹਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰਵਾਨ ਤੇਰੀ ਉਡੀਕ, ਨਿਤ ਨਿਤ ਧਿਆਨ ਲਗਾਇਆ । ਤੂੰ ਸਾਹਿਬ ਖ਼ੁਦਾ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਜੁਗ ਜੁਗ ਮੇਟਣਹਾਰ ਤਾਰੀਕ, ਅੰਧੇਰਾ ਅੰਧ ਰਹੇ ਨਾ ਰਾਇਆ । ਊਚਾਂ ਨੀਚਾਂ ਕਰੇਂ ਇਕ ਪ੍ਰੀਤ, ਰਾਉ ਰੰਕ ਨਾ ਕੋਇ ਵਖਾਇਆ । ਜਨ ਭਗਤਾਂ ਮੇਲੇਂ ਠੀਕ, ਠੀਕਰ ਦਵੈਤੀ ਦਏਂ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਇਆ । ਦੇਵੇ ਵਰ ਬੇਪਰਵਾਹ, ਆਪਣੀ ਦਇਆ ਕਮਾਈਆ । ਚਲੇ ਚਲਾਏ ਆਪਣੀ ਸਦਾ ਰਜ਼ਾ, ਰਹਿਮਤ ਰਹੀਮ ਆਪ ਕਮਾਈਆ । ਆਦਿ ਜੁਗਾਦੀ ਜੁਗ ਜੁਗ ਆਪਣੀ ਜਾਣੇ ਅਦਾ, ਦਵੈਤੀ ਹੋਰ ਨਾ ਕੋਇ ਰਖਾਈਆ । ਦੇਵਣਹਾਰ ਸਰਬ ਸਜ਼ਾ, ਫ਼ਤਵਾ ਇਕੋ ਆਪ ਲਗਾਈਆ । ਪੜ੍ਹਨਹਾਰ ਸੱਚਾ ਨਕਾਹ, ਮੁਰੀਦ ਮੁਰਸ਼ਦ ਲਏ ਮਿਲਾਈਆ । ਪੀਰ ਪੈਗ਼ੰਬਰ ਬਣ ਆਪ ਖ਼ੁਦਾ, ਅਸਲ ਅਸਲੀਅਤ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਦੇਵੇ ਮਾਣ ਵਡਿਆਈਆ । ਚੁਹੱਤਰਾਂ ਦੇਵੇ ਮਾਣ ਭਗਵਾਨ, ਹਰਿ ਜੂ ਆਪਣੀ ਦਇਆ ਕਮਾਇੰਦਾ । ਇਕ ਰਵਿਦਾਸ ਕਰੇ ਪਰਵਾਨ, ਪਰਵਾਨਾ ਸਾਚਾ ਹੱਥ ਫੜਾਇੰਦਾ । ਦੋ ਜਹਾਨ ਦਾ ਸਚ ਨਿਸ਼ਾਨ, ਗੁਰ ਅਵਤਾਰਾਂ ਆਪ ਵਖਾਇੰਦਾ । ਜਿਸ ਦੇ ਅਧੀਨ ਹੋਇਆ ਵਾਲੀ ਦੋ ਜਹਾਨ, ਆਪਣਾ ਲੇਖ ਗੁਰਮੁਖ ਹੱਥ ਫੜਾਇੰਦਾ । ਗੁਰਮੁਖ ਬੋਲੇ ਨਾਲ ਜ਼ਬਾਨ, ਜ਼ਬਾ ਸਭ ਦੀ ਸ਼ਰੀਅਤ ਹਰਿ ਕਰਾਇੰਦਾ । ਏਕਾ ਨਾਮ ਦਏ ਸੁਣਾ, ਸੋਹੰ ਢੋਲ ਆਪੇ ਗਾਇੰਦਾ । ਚੁਹੱਤਰਾਂ ਵਣਜ ਦਏ ਵਖਾ, ਸਾਚਾ ਹੱਟ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਤਾ

੨੯੧ ੧੨ ਚੌਕਾ ਦੇਵੇ ਦਾਨ, ਰਵਦਾਸ ਚੁਮਾਰ ਕਰੇ ਵਖਿਆਨ, ਗੁਰਮੁਖ ਆਪਣੀ ਰਸਨਾ ਗਾਇੰਦਾ । ਸਚਖੰਡ ਦਾ ਸਚ ਵਿਹਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਪੰਜਾਂ ਵਿਚੋਂ ਇਕ ਪਿਆਰਾ, ਸਾਚੀ ਵੰਡ ਵਖਾਇੰਦਾ । ਚੌਹਾਂ ਦੇਵੇ ਚਾਰ ਜੁਗ ਸਹਾਰਾ, ਜਗਤ ਜੁਗਤੀ ਆਪ ਦ੍ਰਿੜਾਇੰਦਾ । ਪਹਿਲਾ ਨਾਉਂ ਕਰ ਪਿਆਰਾ, ਸਿੰਘ ਪ੍ਰੀਤਮ ਰੂਪ ਵਖਾਇੰਦਾ । ਦੂਜੇ ਦੇਵੇ ਦਰਸ ਦੀਦਾਰਾ, ਪਾਲ ਸਿੰਘ ਪਾਟਲ ਵਿਚ ਉਠਾਇੰਦਾ । ਤੀਜੇ ਘਰ ਖੋਲ੍ਹ ਕਿਵਾੜਾ, ਗੁਰਮੁਖ ਨੇਤਰ ਨੈਣ ਮਿਲਾਇੰਦਾ । ਚੌਥੇ ਘਰ ਬੋਲ ਜੈਕਾਰਾ, ਬਿਸ਼ਨ ਸਿੰਘ ਬਿਸ਼ਨ ਪਤਾ ਕਾਹਨ ਆਪ ਸੁਣਾਇੰਦਾ । ਪੰਚਮ ਮੇਲਾ ਠਾਢੇ ਦਰਬਾਰਾ, ਸਿੰਘ ਦਰਬਾਰਾ ਆਪਣੀ ਗੋਦ ਉਠਾਇੰਦਾ । ਛੇਵੇਂ ਗੁਰਬਖ਼ਸ਼ ਹਰਿ ਬਖ਼ਸ਼ਿਸ਼, ਕਰ ਬਖ਼ਸ਼ੀਸ਼ ਆਪਣੀ ਇਕ ਜਣਾਇੰਦਾ । ਸਤਵੇਂ ਮੇਲਾ ਸ੍ਰੀ ਭਗਵਾਨ, ਸਿੰਘ ਭਗਵਾਨ ਆਪਣੇ ਰੰਗ ਰੰਗਾਇੰਦਾ । ਬੂੜ ਸਿੰਘ ਅੱਠ ਤਤ ਕਰ ਪਰਵਾਨ, ਅਠੋਤਰੀ ਮਾਲਾ ਮੋਹ ਮਿਟਾਇੰਦਾ । ਤਲਬੀਰ ਸਿੰਘ ਤਲਬ ਆਪਣੇ ਦਰ ਤਾਲਿਬ, ਆਪਣੀ ਸੇਵ ਲਗਾਇੰਦਾ । ਸਿੰਘ ਸੁਲੱਖਣ ਚੁਕਿਆ ਜਨਮ ਮਰਨ ਡਰ, ਭੈ ਭਿਆਨਕ ਰੂਪ ਨਜ਼ਰ ਕੋਇ ਨਾ ਆਇੰਦਾ । ਦਲੀਪ ਸਿੰਘ ਦਰ ਆਪਣੇ ਫੜ, ਫੜ ਬਾਹੋਂ ਗਲੇ ਲਗਾਇੰਦਾ । ਜਰਨੈਲ ਸਿੰਘ ਲਗਾਈ ਜੜ੍ਹ, ਲੋਕਮਾਤ ਨਾ ਕੋਇ ਉਖੜਾਇੰਦਾ । ਪਾਲ ਸਿੰਘ ਗ਼ਰੀਬ ਨਿਮਾਣੇ ਲੇਖੇ ਲੱਗਾ ਸੀਸ ਧੜ, ਅਗਨੀ ਤਤ ਨਾ ਕੋਇ ਜਲਾਇੰਦਾ । ਵਰਿਆਮ ਸਿੰਘ ਪੌੜੇ ਗਿਆ ਚੜ੍ਹ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਅਜੀਤ ਸਿੰਘ ਮਿਲਿਆ ਮੇਲ ਇਕੋ ਹਰਿ, ਮੁਰਸ਼ਦ ਮੁਰੀਦ ਏਕਾ ਘਰ ਸੋਭਾ ਪਾਇੰਦਾ । ਮੋਹਨ ਸਿੰਘ ਮੋਹ ਚਰਨ ਕਵਲ ਧਰ, ਮੁਹੱਬਤ ਆਪਣਾ ਨਾਮ ਵਖਾਇੰਦਾ । ਜਗੀਰ ਸਿੰਘ ਸਚ ਜਗੀਰ ਝੋਲੀ ਦੇਵੇ ਧਰ, ਅਤੋਟ ਅਤੁਟ ਆਪਣੀ ਵਸਤ ਇਕ ਵਖਾਇੰਦਾ । ਕਰਤਾਰ

੨੯੧ ੧੨

ਸਿੰਘ ਕਰਤਾਰ ਕਰਨੀ ਕਰਤਾ ਕਰ, ਕਤਰਾ ਕਤਰਾ ਅੰਮ੍ਰਿਤ ਰਸ ਰਸ ਨਿਝਰ ਆਪ ਝਿਰਾਇੰਦਾ । ਗੁਰਮੁਖ ਸਿੰਘ ਗੁਰ ਹੋਇਆ ਵਸ, ਬੇਮੁਖ ਹੋ ਨਾ ਰੂਪ ਭੁਆਇੰਦਾ । ਧਿਰਤਾ ਸਿੰਘ ਧਰਨੀ ਗਾਏ ਜਸ, ਜਿਸ ਉਪਰ ਚਰਨ ਟਿਕਾਇੰਦਾ । ਰਾਜ ਸਿੰਘ ਹਰਿ ਕੇ ਰਾਜ ਜੋਗ ਅੰਦਰ ਗਿਆ ਫਸ, ਫਾਸੀ ਜੰਮ ਨਾ ਕੋਇ ਵਖਾਇੰਦਾ । ਅਤਰ ਸਿੰਘ ਮੇਲ ਮਿਲਿਆ ਨੱਸ ਨੱਸ, ਡੂੰਘੀ ਭਵਰੀ ਪਾਰ ਵਖਾਇੰਦਾ । ਮੁਨਸ਼ਾ ਸਿੰਘ ਗੇੜੇ ਉਲਟੀ ਲੱਠ, ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਬਖ਼ਸ਼ ਸਿੰਘ ਖੇੜਾ ਕਾਇਆ ਨਾ ਹੋਏ ਭੱਠ, ਭੱਠ ਖੇੜਾ ਜਗਤ ਵਖਾਇੰਦਾ । ਤੇਜਾ ਸਿੰਘ ਲੜੇ ਡਟ ਡਟ, ਲੜਨਾ ਝਗੜਨਾ ਸਤਿਗੁਰ ਸੱਚੇ ਭਾਇੰਦਾ । ਲਛਮਣ ਸਿੰਘ ਖੋਲ੍ਹਿਆ ਹੱਟ, ਸਤਿਗੁਰ ਹੱਟ ਨਾਮ ਵਕਾਇੰਦਾ । ਬਲੀ ਸਿੰਘ ਬਲ ਗੁਰੂ ਮਤ, ਬਿਨ ਗੁਰਮਤ ਬਲ ਕੰਮ ਕਿਸੇ ਨਾ ਆਇੰਦਾ । ਕੇਸ਼ੋ ਰਾਮ ਕੇਸ਼ਵ ਦੇਵੇ ਰਸ, ਕ੍ਰਿਸ਼ਮਾ ਆਪਣੇ ਨਾਮ ਵਖਾਇੰਦਾ । ਸੋਹਣ ਸਿੰਘ ਸੋਭਾ ਲਏ ਖੱਟ, ਪਿਤਾ ਪੂਤ ਸੇਵ ਕਮਾਇੰਦਾ । ਪ੍ਰੇਮ ਸਿੰਘ ਨਾਮ ਵੱਜੇ ਸੱਟ, ਠੋਕਰ ਆਪਣੇ ਨਾਮ ਲਗਾਇੰਦਾ । ਨਿਰੰਜਣ ਸਿੰਘ ਅੰਜਣ ਨੇਤਰ ਦੇਵੇ ਘੱਤ, ਅਗਿਆਨ ਅੰਧੇਰ ਚੁਕਾਇੰਦਾ । ਮੱਖਣ ਸਿੰਘ ਮਿਲੇ ਫੱਟ, ਕੰਤ ਨਾਰ ਸੇਵ ਕਮਾਇੰਦਾ । ਮਾਨ ਸਿੰਘ ਸਾਚੀ ਰੱਤ, ਰੱਤ ਪੂਰਬ ਲੇਖੇ ਪਾਇੰਦਾ । ਕਰਤਾਰ ਸਿੰਘ ਜੁੜਿਆ ਨੱਤ, ਚਰਨ ਕਵਲ ਬੰਧਣ ਇਕ ਰਖਾਇੰਦਾ । ਧਰਮਬੀਰ ਠਾਂਡਾ ਸਰੀਰ, ਅੰਮ੍ਰਿਤ ਸੀਰ ਜਾਮ ਪਿਆਇੰਦਾ । ਸਾਧੂ ਸਿੰਘ ਸਾਧਨਾ ਸਾਧ ਸਤਿਗੁਰ ਸਾਹਿਬ ਰੱਖਿਆ ਯਾਦ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਸੁਰਿੰਦਰ ਸਿੰਘ ਸੁਖ ਏਤ ਪ੍ਰਭ ਕਰੇ ਬੁੱਧ ਬਬੇਕ, ਬਾਲੀ ਬੁੱਧ ਲੇਖੇ ਪਾਇੰਦਾ । ਅਰਜਨ ਸਿੰਘ ਮੰਨ ਅਰਜੋਈ, ਚਰਨ ਦੁਆਰ ਦੇਵੇ ਢੋਈ, ਢੋਆ ਧੁਰਦਰਗਾਹੀ ਏਕਾ ਹੱਥ ਫੜਾਇੰਦਾ । ਰਸਾਲ ਸਿੰਘ ਸੁਰਤੀ ਉਠੀ ਸੋਈ, ਸੋਇਮ ਆਪਣਾ ਰੂਪ ਜਣਾਇੰਦਾ । ਪੂਰਨ ਚੰਦ ਪੂਰਾ ਹੋਏ ਕੋਈ ਕੋਈ, ਜਿਸ ਆਪਣਾ ਭੇਵ ਖੁਲ੍ਹਾਇੰਦਾ । ਵਕੀਲ ਸਿੰਘ ਅੱਗੇ ਵਕਾਲਤ ਕਰੇ ਨਾ ਕੋਈ, ਆਪਣੇ ਹੱਥੀਂ ਲੇਖਾ ਪਾੜ ਵਖਾਇੰਦਾ । ਰੰਗੀ ਰਾਮ ਮਿਲਿਆ ਰਾਮ, ਜਗਤ ਪੂਰਨ ਕਾਮ ਆਪ ਕਰਾਇੰਦਾ । ਭਾਗ ਸਿੰਘ ਲੱਗਾ ਭਾਗ, ਘਰ ਦੀਪਕ ਜੋਤੀ ਜਗੇ ਚਰਾਗ, ਦੀਆ ਬਾਤੀ ਸਤਿਗੁਰ ਆਪ ਲਗਾਇੰਦਾ । ਈਸ਼ਰ ਸਿੰਘ ਮਿਲਿਆ ਈਸ਼, ਈਸ਼ ਜੀਵ ਆਪਣੀ ਗੋਦ ਬਹਾਇੰਦਾ । ਸੂਰਤ ਸਿੰਘ ਸਾਚੀ ਸੂਰਤ ਨਜ਼ਰੀ ਆਏ ਅਕਾਲ ਮੂਰਤ, ਨਾਦ ਤੂਰਤ ਇਕ ਅਲਾਇੰਦਾ । ਸੰਸਾਰ ਸਿੰਘ ਲਹਿਣਾ ਚੁਕਿਆ ਸੰਸਾਰ, ਅੰਤਮ ਬੇੜਾ ਹੋਇਆ ਪਾਰ, ਹਰਿ ਜੂ ਆਪਣੇ ਕੰਧ ਉਠਾਇੰਦਾ । ਮਹਿੰਗਾ ਸਿੰਘ ਹੋਇਆ ਸਸਤਾ, ਪੁਰਖ ਅਬਿਨਾਸ਼ੀ ਬੱਧਾ ਬਸਤਾ, ਬੱਧੀ ਗੰਢ ਨਾ ਕੋਇ ਖੁਲ੍ਹਾਇੰਦਾ । ਦਰਸ਼ਨ ਸਿੰਘ ਦਰਸ਼ ਦੀਦਾਰ, ਬੇੜਾ ਕਰਿਆ ਪਾਰ ਕਿਨਾਰ, ਮੰਝਧਾਰ ਨਾ ਕੋਇ ਰੁੜਾਇੰਦਾ । ਸੁਰੈਣ ਸਿੰਘ ਨੇਤਰ ਪੇਖ ਨਰਾਇਣ, ਨਿਝ ਨੇਤਰ ਦਰਸ਼ਨ ਪਾਇੰਦਾ । ਇੰਦਰ ਸਿੰਘ ਪ੍ਰਭ ਆਏ ਲੈਣ, ਵੇਲੇ ਅੰਤ ਸ਼ਬਦ ਬਬਾਣ ਆਪ ਬਠਾਇੰਦਾ । ਜਗੀਰ ਸਿੰਘ ਮਿਲੀ ਜਗੀਰ, ਹਰਿ ਜੂ ਬਦਲੀ ਮਾਤ ਤਕਦੀਰ, ਜਨਮ ਜਨਮ ਵਿਚ ਭੁਆਇੰਦਾ । ਰਾਜ ਸਿੰਘ ਮਿਲਿਆ ਮਹਾਰਾਜ, ਮਾਨਸ ਜਨਮ ਸੁਆਰਿਆ ਕਾਜ, ਅਨੰਦ ਕਾਰਜ ਆਪਣੇ ਨਾਲ ਕਰਾਇੰਦਾ । ਪ੍ਰੀਤਮ ਸਿੰਘ ਸਚ ਪ੍ਰੀਤ, ਏਥੇ ਓਥੇ ਧਾਮ ਦਏ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਗਿਆਨ ਸਿੰਘ ਗੁਰ ਸ਼ਬਦ ਗਿਆਨ, ਬਿਨ ਲੱਭਿਆਂ ਮਿਲਿਆ ਸ੍ਰੀ ਭਗਵਾਨ, ਘਰ ਘਰ ਆਪਣਾ ਮੇਲ ਕਰਾਇੰਦਾ । ਕਰਤਾਰ ਸਿੰਘ ਮਿਲਿਆ ਕਰਤਾ ਪੁਰਖ, ਚੁੱਕਿਆ ਰੋਗ ਸੋਗ ਹਰਖ਼, ਹਰਖ਼ ਸੋਗ ਗੁਰਸਿਖ ਨਾ ਕੋਇ ਵਖਾਇੰਦਾ । ਸੁਰਜੀਤ ਸਿੰਘ ਪ੍ਰਭ ਕੀਤਾ ਤਰਸ, ਸਰ ਚਰਨ ਕਵਲ



੨੯੨
੧੨

ਸਰੋਵਰ ਆਪ ਨੁਹਾਇੰਦਾ । ਵਰਿਆਮ ਕੌਰ ਮਿਲਿਆ ਵਰ, ਹਰਿ ਜੂ ਆਪਣਾ ਸੰਗ ਰਖਾਇੰਦਾ । ਸੁਰਜੀਤ ਕੌਰ ਲਾਈ ਜੜ੍ਹ, ਬੂਟਾ ਲੋਕਮਾਤ ਲਹਿਰਾਇੰਦਾ । ਭਗਵਾਨ ਕੌਰ ਦਰਸ ਦਿਖਾਏ ਅੱਗੇ ਖੜ, ਕਾਇਆ ਖਿੜਕੀ ਪਰਦਾ ਆਪ ਉਠਾਇੰਦਾ । ਚੰਨੋ ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਫੇਰ ਜਿਵਾਇੰਦਾ । ਬੰਤੀ ਕਿਰਪਾ ਦਿਤੀ ਕਰ, ਸੇਵਕ ਸੇਵਾ ਸਚ ਸਮਝਾਇੰਦਾ । ਦਲੀਪ ਕੌਰ ਚੁੱਕਿਆ ਡਰ, ਹਰਿ ਪੁਰਖ ਨਿਰੰਜਣ ਪਿਛਲਾ ਜਨਮ ਪੁਰਖ ਕੀਤੀ ਸੇਵ ਘਾਇਲ ਪੂਰੀ ਪਾਇੰਦਾ । ਦਾਤੋ ਮਿਲੀ ਹਰਿ ਨਾਮ ਦਾਤ, ਭਗਤਾਂ ਰਲੀ ਸਚ ਜਮਾਤ, ਜਮ ਨੇੜ ਕਦੇ ਨਾ ਆਇੰਦਾ । ਪ੍ਰੇਮ ਦੇਈ ਛੱਡਿਆ ਝੂਠਾ ਸਾਕ, ਸਤਿਗੁਰ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਰਾਮ ਕੌਰ ਹਰਿ ਮਿਲਿਆ ਬਾਪ, ਜਨਮ ਜਨਮ ਦਾ ਮੇਟੇ ਸੰਤਾਪ, ਸਤਿ ਸੁਚ ਆਪਣਾ ਰੰਗ ਰੰਗਾਇੰਦਾ । ਸੰਤ ਕੌਰ ਗ੍ਰਿਹਿ ਵਸੇ ਆਪ, ਕਾਇਆ ਮੰਦਰ ਅੰਦਰ ਬਹਿ ਬਹਿ ਜਪੇ ਜਾਪ, ਆਪਣਾ ਨਾਮ ਆਪ ਸੁਣਾਇੰਦਾ । ਰਾਮ ਪਿਆਰੀ ਉਤਰੇ ਸਾਚੇ ਘਾਟ ਦੋ ਜਹਾਨਾਂ ਮੁੱਕੇ ਵਾਟ, ਲੱਖ ਚੁਰਾਸੀ ਗੇੜ ਨਾ ਕੋਇ ਰਖਾਇੰਦਾ । ਗੁਰਚਰਨ ਕੌਰ ਗੁਰ ਸੱਚਾ ਨਾਤ, ਪੁਰਖ ਅਬਿਨਾਸ਼ੀ ਬਣਿਆ ਪਿਤਾ ਮਾਤ, ਸਮਰਥ ਆਪਣੀ ਦਇਆ ਕਮਾਇੰਦਾ । ਦਲਜੀਤ ਕੌਰ ਮਿਟੇ ਅੰਧੇਰੀ ਰਾਤ, ਉਤਮ ਹੋਈ ਮਾਨਸ ਜ਼ਾਤ, ਜਨਮ ਅਜਨਮ ਲੇਖੇ ਲਾਇੰਦਾ । ਹਰਬੰਸ ਕੌਰ ਪੰਜਵੇਂ ਜਨਮ ਪੁਛੀ ਵਾਤ, ਹਰਿਰਾਏ ਗੁਰ ਦਿਤੀ ਦਾਤ, ਕਲਜੁਗ ਅੰਤਮ ਲੇਖ ਚੁਕਾਇੰਦਾ । ਸਤਿਵੰਤ ਕੌਰ ਦੇਵੇ ਸਤਿ, ਆਤਮ ਅੰਤਰ ਬ੍ਰਹਮ ਮਤ, ਗਤਮਿਤ ਆਪਣੀ ਆਪ ਜਣਾਇੰਦਾ । ਹਰਿਭਜਨ ਕੌਰ ਟੁੱਟੀ ਗੰਢ, ਅੱਗੇ ਵਸਤ ਦਿਤੀ ਵੰਡ, ਦਸਤ ਬਦਸਤ ਹੱਥ ਫੜਾਇੰਦਾ । ਗੁਰਦੇਵ ਕੌਰ ਇਕ ਅਨੰਦ, ਬਿਨ ਰਸਨਾ ਸੁਣਾਏ ਸੁਹਾਗੀ ਛੰਦ, ਛਹਿਬਰ ਆਪਣੇ ਨਾਮ ਲਗਾਇੰਦਾ । ਜਸਬੀਰ ਕੌਰ ਆਤਮ ਅੰਤਰ ਠੰਢ, ਲੇਖਾ ਚੁੱਕੇ ਬੱਤੀ ਦੰਦ, ਦਹਿ ਦਿਸ਼ਾ ਆਪਣਾ ਨੂਰ ਇਕ ਦਰਸਾਇੰਦਾ । ਚੁਹੱਤਰਾਂ ਮੁੱਕਿਆ ਅੰਤਮ ਪੰਧ, ਸਾਰੇ ਮਿਲ ਕੇ ਗਾਵਣ ਛੰਦ, ਸਤਿਗੁਰ ਸਾਜਣ ਪਾਏ ਠੰਡ, ਕਲਜੁਗ ਅਗਨੀ ਅੱਗ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਤਾ ਚੌਕਾ ਜਗਤ ਬਣਾਏ ਨੱਯਾ ਨੌਕਾ ਨੌਂ ਦਰ ਆਪਣੀ ਬੂਝ ਬੁਝਾਇੰਦਾ । ਸੱਤ ਚਾਰ ਵੱਜੀ ਵਧਾਈ, ਚੁਹੱਤਰ ਆਪਣਾ ਅੰਕ ਬਣਾਈਆ । ਗੁਰ ਅਵਤਾਰ ਰਹੇ ਜਸ ਗਾਈ, ਰਸਨਾ ਸੋਹਲਾ ਏਕਾ ਗਾਈਆ । ਇਕੀ ਜੇਠ ਹੋਈ ਕੁੜਮਾਈ, ਵਿਸ਼ਨ ਬ੍ਰਹਮਾ ਸ਼ਿਵ ਦੇਣ ਵਧਾਈਆ । ਤ੍ਰੈਗੁਣ ਫੂਲ ਰਿਹਾ ਬਰਸਾਈ, ਪੰਜ ਤਤ ਹੱਸ ਹੱਸ ਨਾਚ ਨਚਾਈਆ । ਤੇਈ ਅਵਤਾਰ ਵੇਖਣ ਨੈਣ ਉਠਾਈ, ਭਗਤ ਅਠਾਰਾਂ ਕਹਿਣ ਧੰਨ ਧੰਨ ਜਣੇਂਦੀ ਮਾਈ, ਜੋ ਜਨਨੀ ਆਪਣੀ ਗੋਦ ਸੁਹਾਈਆ । ਈਸਾ ਮੂਸਾ ਮੁਹੰਮਦ ਕਰਨ ਸਿਫ਼ਤ ਸਾਲਾਹੀ, ਰਹਿਮਤ ਰਹੀਮ ਰਹਿਮਾਨ ਇਕ ਕਮਾਈਆ । ਨੂਰ ਜਲਵਾ ਦਿਤਾ ਦਰਸਾਈ, ਅੰਧ ਅੰਧੇਰ ਰਹਿਣ ਕੋਇ ਨਾ ਪਾਈਆ । ਚਾਰ ਯਾਰ ਬਣ ਬਣ ਪਾਂਧੀ ਵੇਖਣ ਰਾਹੀ, ਸਾਡੀ ਹੋਈ ਅੰਤ ਸਫ਼ਾਈ, ਵੇਲੇ ਅੰਤ ਦੇਵੇ ਨਾ ਕੋਇ ਗਵਾਹੀਆ । ਨਾਤਾ ਤੁਟਿਆ ਜਗਤ ਲੋਕਾਈ, ਲੋਕਮਾਤ ਅੰਤ ਰਹਿਣ ਨਾ ਪਾਈਆ । ਨਾਨਕ ਕਹੇ ਮੇਰਾ ਗੋਸਾਈਂ, ਜਨ ਭਗਤਾਂ ਬੇੜਾ ਰਿਹਾ ਤਰਾਈ, ਨਿਰਗੁਣ ਨਿਰਗੁਣ ਨਿਰਗੁਣ ਸੇਵਾ ਆਪਣੀ ਕਰੇ ਚਾਈਂ ਚਾਈਂ, ਚਾਉ ਘਨੇਰਾ ਇਕ ਰਖਾਈਆ । ਗੋਬਿੰਦ ਕਹੇ ਮੇਰੀ ਘਾਲ ਪਾਈ ਥਾਈਂ, ਇਕੱਠੇ ਕੀਤੇ ਜੱਟ ਝੀਵਰ ਛੀਂਬੇ ਨਾਈ, ਇਕ ਅੰਮ੍ਰਿਤ ਜਾਮ ਦਿਤਾ ਪਿਲਾਈ, ਰਸ ਆਪਣਾ ਆਪ ਚਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਰੇ ਮਿਲ ਕੇ ਦੇਣ ਵਧਾਈ, ਤੇਰੀ ਕੀਤੀ ਸਕੇ ਨਾ ਕੋਇ ਉਲਟਾਈ, ਉਲਟੀ

ਰੀਤ ਮਾਤ ਚਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕ ਦੁਆਰੇ ਭੋਜਨ ਦਿਤਾ ਛਕਾਈ, ਆਪਣੀ ਛੁਰੀ ਆਪਣਾ ਖੰਡਾ ਨਾਮ ਵਿਚ ਫਿਰਾਈ, ਅੱਗੇ ਦਿਸੇ ਨਾ ਕੋਇ ਕਸਾਈ, ਕਲਮ ਨਾਲ ਸਭ ਦਾ ਲੇਖ ਮਿਟਾਈਆ । ਕੋਈ ਰਹੇ ਨਾ ਦੇਣ ਜੋਗਾ ਗਵਾਹੀ, ਸਭ ਫੜੇ ਬਾਹੋਂ ਚਰਨਾਂ ਹੇਠ ਦਏ ਦਬਾਈਆ । ਜੋ ਦੋਏ ਜੋੜ ਨਿਮਸਕਾਰ ਕਰ ਕਹੇ ਮੇਰੀ ਪ੍ਰਭੂ ਦਏ ਸਫ਼ਾਈ, ਦੂਸਰ ਓਟ ਨਾ ਕੋਇ ਰਖਾਈਆ । ਫਿਰ ਨਿਮਾਣਿਆਂ ਨਿਤਾਣਿਆਂ ਫੜ ਬਾਹੋਂ ਲਏ ਉਠਾਈ, ਆਪਣੀ ਗੋਦ ਉਠਾਈਆ । ਚੁਹੱਤਰਾਂ ਸੇਵਾ ਇਕ ਸਮਝਾਈ, ਇਕੀ ਜੇਠ ਇਕੀ ਮਿਲ ਮਿਲ ਪਾਈ, ਸਾਚੀ ਸਿਖੀ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਭੋਜਨ ਛਕਾਣ ਚਾਈਂ ਚਾਈਂ, ਹਾੜ ਸਤਾਰਾਂ ਸਤ ਸਤ ਸਤ ਦਏ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੌਲੀ ਹੌਲੀ ਕਰਦਾ ਜਾਏ ਆਪਣਾ ਸਚ ਵਿਹਾਰਾ, ਪਹਿਲਾ ਵਿਹਾਰਾ ਆਪਣੀ ਝੋਲੀ ਪਾਈਆ ।

## ✳ ੨੨ ਜੇਠ ੨੦੧੯ ਬਿਕਰਮੀ ਜੋਗਿੰਦਰ ਸਿੰਘ ਦੇ ਗ੍ਰਿਹ ਪਿੰਡ ਸੀੜ ਜੰਮੂ ✳

ਸਾਬਤ ਰੱਖੀਏ ਈਮਾਨ, ਜਨ ਚੁਹੱਤਰ ਰਹੇ ਜਣਾਈਆ । ਚਾਰ ਜੁਗ ਦੇ ਵਿਛੜੇ ਇਕੱਠੇ ਹੋਏ ਆਣ, ਹਰਿ ਸਤਿਗੁਰ ਲਿਆ ਮਿਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਇਕ ਦੂਜੇ ਦੀ ਕਰੋ ਪਛਾਣ, ਨੈਣ ਨੈਣ ਨਾਲ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਬਣਾਈ ਅੰਜੀਲ ਕੁਰਾਨ, ਗਿਆਨ ਗੀਤਾ ਜੋ ਦ੍ਰਿੜਾਈਆ । ਜਿਸ ਦਾ ਜਲਵਾ ਤੱਕਦੇ ਰਹੇ ਨੂਰ ਮਹਾਨ, ਨੂਰੋ ਨੂਰ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਚਰਨਾਂ
੨੯੪ ਕਰਦੇ ਰਹੇ ਧਿਆਨ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜਿਸ ਨੂੰ ਮੰਨਦੇ ਰਹੇ ਵਡ ਅਮਾਮ, ਬੇਐਬ ਪਰਵਰਦਿਗਾਰ ਸੱਚਾ ਖ਼ੁਦਾਈਆ । ਜਿਸ ੨੯੪
੧੨ ਦੇ ਉਤੇ ਰੱਖਦੇ ਰਹੇ ਈਮਾਨ, ਸਿਦਕ ਸਬੂਰੀ ਨਾਲ ਹੰਢਾਈਆ । ਜਿਸ ਦਾ ਸੁਣਦੇ ਰਹੇ ਪੈਗ਼ਾਮ, ਹੱਕ ਅਵਾਜ਼ ਇਕ ਇਲਾਹੀਆ । ਜਿਸ ਸ਼ਤਰੂਨਾਸਤ ੧੨
ਨਾਮ, ਨਾਮ ਸਤਿ ਕਰੀ ਪੜ੍ਹਾਈਆ । ਜਿਸ ਦਾਮਨਗੀਰ ਪਕੜਿਆ ਦਾਮ, ਪੱਲੂ ਆਪਣੇ ਨਾਲ ਬੰਧਾਈਆ । ਜਿਹਨੂੰ ਮੰਨਦੇ ਰਹੇ ਰਮੱਯਾ ਰਾਮ, ਰਾਮ ਰੂਪ ਹਰਿ ਵੇਸ ਵਟਾਈਆ । ਜਿਸ ਨੂੰ ਕਹਿੰਦੇ ਰਹੇ ਘਨੱਯਾ ਸ਼ਾਮ, ਮਿਲ ਸਖੀਆਂ ਰਾਸ ਰਚਾਈਆ । ਜਿਸ ਨੂੰ ਗੋਬਿੰਦ ਕਰੇ ਪਰਨਾਮ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਮੁਰੀਦ ਕਰਦੇ ਰਹੇ ਸਲਾਮ, ਸਲਾਮਾਂ ਅਲੈਕਮ ਮੁਰਸ਼ਦ ਰਿਹਾ ਜਣਾਈਆ । ਜਿਸ ਦਾ ਭਗਤ ਜਪਦੇ ਰਹੇ ਨਾਮ, ਜੁਗ ਜੁਗ ਆਪਣੀ ਰਸਨਾ ਜਿਹਵਾ ਗਾਈਆ । ਜਿਸ ਖੇੜਾ ਬਣਾਇਆ ਨਗਰ ਗਰਾਮ, ਪੰਜ ਤਤ ਬਣਤ ਬਣਾਈਆ । ਜਿਸ ਕਰਿਆ ਪਰਕਾਸ਼ ਰਵ ਸਸ ਸੂਰਜ ਚੰਨ ਕੋਟਨ ਭਾਨ, ਮੰਡਲ ਮੰਡਪ ਬਣਤ ਬਣਾਈਆ । ਜਿਸ ਨਾਚ ਨਚਾਇਆ ਗੋਪੀ ਕਾਹਨ, ਨਿਰਗੁਣ ਸਰਗੁਣ ਵੇਖ ਵਖਾਈਆ । ਜਿਸ ਨਾਦ ਸੁਣਾਇਆ ਸਾਚੇ ਕਾਹਨ, ਧੁਨ ਆਤਮਕ ਰਾਗ ਅਲਾਈਆ । ਜਿਸ ਦੀ ਮੰਨਦੇ ਰਹੇ ਆਣ, ਹੁਕਮੇ ਹੁਕਮ ਰਿਹਾ ਫਿਰਾਈਆ । ਤਿਸ ਦੀ ਸਾਰੇ ਕਰੋ ਪਹਿਚਾਨ, ਪ੍ਰਭ ਆਪਣਾ ਵੇਸ ਵਟਾਈਆ । ਉਠੋ ਸਾਰੇ ਕਰੋ ਧਿਆਨ, ਸਚਖੰਡ ਸਾਚੇ ਵੱਜੀ ਵਧਾਈਆ । ਲੋਕਮਾਤ ਹੋਇਆ ਪਰਧਾਨ, ਪਰਮ ਪੁਰਖ ਬੇਪਰਵਾਹੀਆ । ਜਿਸ ਕੋਲੋਂ ਲੈਂਦੇ ਰਹੇ ਦਾਨ, ਬਣ ਭਿਖਾਰੀ ਝੋਲੀ ਅੱਗੇ ਡਾਹੀਆ । ਸੋ ਸਾਹਿਬ ਪਰਗਟ ਹੋਇਆ ਆਣ, ਅਣਡਿਠੜੀ ਖੇਲ ਕਰਾਈਆ । ਸਾਚੇ ਤਖ਼ਤ ਬਹੇ ਭਗਵਾਨ, ਤਖ਼ਤ ਨਿਵਾਸੀ ਸੋਭਾ ਪਾਈਆ । ਮਹੱਲ ਅਟੱਲ ਉਚ

ਮਕਾਨ, ਮਹਿਫ਼ਲ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਰਿਹਾ ਸੁਹਾਈਆ । ਸੱਤ ਚਾਰ ਸਚ ਦੱਸਣ ਚੁਹੱਤਰ , ਹਰਿ ਹਰਿ ਅੰਗ ਲਗਾਇਆ । ਭਗਤ ਦੁਆਰੇ ਏਕਾ ਵਸਣ, ਦੂਜਾ ਦਰ ਨਾ ਕੋਇ ਤਕਾਇਆ । ਇਕ ਦੂਜੇ ਵਲ ਉਠ ਉਠ ਨੱਸਣ, ਬਣ ਪਾਂਧੀ ਪੰਧ ਮੁਕਾਇਆ । ਮੇਟੇ ਰੈਣ ਅੰਧੇਰੀ ਮਸਣ, ਚੰਦ ਚਾਂਦਨਾ ਕਰੇ ਰੁਸ਼ਨਾਇਆ । ਜੁਗ ਜਨਮ ਦੀ ਟੁੱਟੀ ਆਇਆ ਗੰਢਣ, ਫੜ ਪੱਲੂ ਬੰਧ ਬੰਧਾਇਆ । ਲੱਖ ਚੁਰਾਸੀ ਵਿਚੋਂ ਆਇਆ ਕੱਢਣ, ਸਚ ਸੰਦੇਸ਼ਾ ਇਕ ਸੁਣਾਇਆ । ਧਰਮ ਰਾਏ ਦੀ ਫਾਹੀ ਆਇਆ ਵੱਢਣ, ਨਾਮ ਖੰਡਾ ਹੱਥ ਚਮਕਾਇਆ । ਸਚ ਨਿਸ਼ਾਨਾ ਆਇਆ ਗੱਡਣ, ਦੋ ਜਹਾਨਾਂ ਦਏ ਝੁਲਾਇਆ । ਗੁਰਮੁਖ ਸਾਚੇ ਆਇਆ ਸੱਦਣ, ਘਰ ਘਰ ਸੰਦੇਸ਼ਾ ਦਏ ਸੁਣਾਇਆ । ਭਾਗ ਲੱਗਾ ਦੇਸ ਮਾਝਣ, ਮਜਨ ਚਰਨ ਧੂੜ ਇਸ਼ਨਾਨ ਕਰਾਇਆ । ਨਿਰਵੈਰ ਬਣਿਆ ਸੱਚਾ ਸੱਜਣ, ਭਉ ਸਭ ਦਾ ਦਏ ਮਿਟਾਇਆ । ਅੰਤਮ ਵੇਲੇ ਹੋਇਆ ਪਰਦਾ ਕੱਜਣ, ਸਿਰ ਆਪਣਾ ਹੱਥ ਟਿਕਾਇਆ । ਚਾਰ ਜੁਗ ਦੀ ਰੱਖੇ ਲੱਜਣ, ਲਾਜਾਵੰਤ ਵੇਖ ਵਖਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਭੌ ਦਏ ਭੰਨਾਇਆ । ਜੋ ਜਨ ਸਚ ਸਰਨਾਈ ਲੱਗਣ, ਤਿਸ ਜਮ ਕਾ ਲੇਖ ਚੁਕਾਇਆ । ਤ੍ਰੈਗੁਣ ਮਾਇਆ ਬੁੱਝੇ ਅਗਨ, ਅਗਨੀ ਤਤ ਨਾ ਕੋਇ ਤਪਾਇਆ । ਆਪ ਉਠਾਏ ਆਪਣੇ ਕੰਧਨ, ਬਣ ਕਹਾਰ ਸੇਵ ਕਮਾਇਆ । ਮਸਤਕ ਲਾਏ ਸਾਚਾ ਚੰਦਨ, ਤਿਲਕ ਲਲਾਟੀ ਸਗਨ ਮਨਾਇਆ । ਕਰੇ ਖੇਲ ਮੁਕੰਦ ਮੁਕੰਦਨ, ਮਨੋਹਰ ਆਪਣਾ ਰੰਗ ਰੰਗਾਇਆ । ਇਕ ਸੁਣਾਏ ਸੁਹਾਗੀ ਛੰਦਨ, ਦੂਸਰ ਵੰਡ ਨਾ ਕੋਇ ਵੰਡਾਇਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਰਲ ਕੇ ਕਰੀਏ ਬੰਧਨ, ਬੰਦੀਖ਼ਾਨਾ ਸਭ ਦਾ ਦਏ ਤੁੜਾਇਆ । ਕਲਜੁਗ ਅੰਤਮ ਪਿਛਲਾ ਲੇਖਾ ਕਰਨ ਆਇਆ ਖੰਡਣ, ਖੰਡਾ ਏਕੋ ਹੱਥ ਉਠਾਇਆ । ਸਾਚੀ ਦਾਤ ਜਨ ਭਗਤਾਂ ਆਇਆ ਵੰਡਣ, ਨਾਮ ਭੰਡਾਰਾ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਦਰਸਾਇਆ । ਸੱਤ ਚਾਰ ਕਰਨ ਪੁਕਾਰ, ਚੁਹੱਤਰ ਇਕ ਆਵਾਜ਼ ਉਠਾਈਆ । ਵਾਹਵਾ ਤੇਰਾ ਮਿਲਿਆ ਦਰਬਾਰ, ਦਰ ਤੇਰੇ ਖ਼ੁਸ਼ੀ ਮਨਾਈਆ । ਨਾਤਾ ਤੁਟਾ ਝੂਠੇ ਸੰਸਾਰ, ਝੂਠੀ ਮਾਇਆ ਪੋਹ ਨਾ ਸਕੇ ਰਾਈਆ । ਤੇਰੇ ਪ੍ਰੇਮ ਪਾਇਆ ਗਲ ਵਿਚ ਹਾਰ, ਅੱਠੇ ਪਹਿਰ ਸੁਗੰਧ ਰਖਾਈਆ । ਕਿਰਪਾ ਕਰੀ ਅਪਰ ਅਪਾਰ, ਬੇਅੰਤ ਆਪਣੀ ਦਇਆ ਕਮਾਈਆ । ਡੁੱਬਦੇ ਪਾਥਰ ਦਏ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਸੱਤਰ ਬਹੱਤਰ ਬਾਹਵਾਂ ਰਹੇ ਉਲਾਰ, ਚੁਹੱਤਰਾਂ ਆਪਣੇ ਸੰਗ ਮਿਲਾਈਆ । ਗੁਰ ਅਵਤਾਰ ਪੀਰ ਪੈਗੰਬਰ ਉਚੀ ਬੋਲਣ ਕੂਕ ਜੈਕਾਰ, ਜੈ ਜੈਕਾਰ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵਜਾਏ ਤਾਲ, ਨਾਰਦ ਆਪਣਾ ਨਾਚ ਨਚਾਈਆ । ਕਾਲ ਮਹਾਕਾਲ ਹੋਏ ਬੇਹਾਲ, ਪ੍ਰਭ ਅਚਰਜ ਖੇਲ ਵਰਤਾਈਆ । ਸਚਖੰਡ ਦੁਆਰਾ ਜਨ ਭਗਤਾਂ ਲੋਕਮਾਤ ਦਿਤਾ ਵਖਾਲ, ਬਣ ਸੇਵਕ ਸੇਵ ਕਮਾਈਆ । ਗੁਰਸਿਖਾਂ ਪਿਛੇ ਘਾਲੇ ਆਪੇ ਘਾਲ, ਉਲਟੀ ਰੀਤ ਮਾਤ ਚਲਾਈਆ । ਨਿਰਗੁਣ ਬਣ ਕੇ ਆਇਆ ਦਲਾਲ, ਸਰਗੁਣ ਵੇਖੇ ਥਾਉਂ ਥਾਈਂਆ । ਪੁਛਣਹਾਰ ਮੁਰੀਦਾਂ ਹਾਲ, ਮੁਰਸ਼ਦ ਬਣਿਆ ਬੇਪਰਵਾਹੀਆ । ਗੋਬਿੰਦ ਸੂਰਾ ਨਾਲ ਨਾਲ, ਸੂਰਬੀਰ ਫੇਰੀ ਪਾਈਆ । ਨਾਤਾ ਤੋੜ ਸ਼ਾਹ ਕੰਗਾਲ, ਏਕਾ ਰੰਗ ਦਏ ਰੰਗਾਈਆ । ਜੁਗ ਚੌਕੜੀ ਅੰਤਮ ਹੱਲ ਕਰੇ ਸਵਾਲ, ਗੁਰ ਅਵਤਾਰ ਗਏ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਵੱਜੇ ਵਧਾਈਆ । ਵੱਜੇ ਵਧਾਈ ਸਾਚੇ

ਘਰ, ਭਗਤ ਭਗਵੰਤ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣ ਖੜ, ਚਾਰੋਂ ਕੁੰਟ ਘੇਰਾ ਪਾਈਆ । ਪੁਰਖ ਅਬਿਨਾਸ਼ੀ ਸੱਤਰ ਬਹੱਤਰ ਚੁਹੱਤਰ ਬੱਧਾ ਲੜ, ਲੜੀ ਆਪਣੀ ਆਪ ਬੰਧਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਪੌੜੇ ਆਏ ਚੜ੍ਹ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜਿਸ ਜਨ ਉਪਰ ਕਿਰਪਾ ਦਿਤੀ ਕਰ, ਅੱਧਵਿਚਕਾਰ ਰਹਿ ਕੋਇ ਨਾ ਜਾਈਆ । ਗੁਰਮੁਖ ਨਾ ਜਨਮੇ ਨਾ ਜਾਏ ਮਰ, ਜਿਸ ਜਨ ਅੰਤਮ ਆਪਣੀ ਗੋਦ ਬਹਾਈਆ । ਅਸੀਂ ਕਲਜੁਗ ਅੰਤਮ ਕਰ ਕੇ ਜਾਣਾ ਸਰ, ਬਲ ਆਪਣਾ ਆਪ ਪਰਗਟਾਈਆ । ਮੰਦਰ ਮਸਜਿਦ ਗੁਰੂਦੁਆਰ, ਮੱਠ ਸ਼ਿਵਦੁਆਲਾ ਚੁੱਕਿਆ ਡਰ, ਡਰ ਇਕੋ ਹਰਿ ਰਘੁਰਾਈਆ । ਜਿਸ ਦੀ ਸਰਨ ਜਾਈਏ ਪੜ੍ਹ, ਮਿਲੇ ਸਰਨ ਸੱਚੀ ਸਰਨਾਈਆ । ਜਿਸ ਦਾ ਅੱਖਰ ਨਾਮ ਜਾਈਏ ਪੜ੍ਹ, ਸੋ ਨਿਸ਼ਅੱਖਰ ਦਏ ਵਖਾਈਆ । ਕਾਗਦ ਕਲਮ ਸ਼ਾਹੀ ਅੰਤਮ ਜਾਏ ਸੜ, ਸਤਿਗੁਰ ਸੱਚਾ ਅਗਨੀ ਭੇਟ ਨਾ ਕੋਇ ਕਰਾਈਆ । ਜਿਉਂ ਭਾਵੇ ਤਿਉਂ ਕੋਟਨ ਕੋਟ ਗੁਰ ਅਵਤਾਰ ਲੋਕਮਾਤ ਲਏ ਧਰ, ਆਪ ਆਪਣਾ ਨਾਉਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਸੱਤ ਚਾਰ ਕਰਨ ਪੁਕਾਰ, ਵਾਹਵਾ ਹਰਿ ਹਰਿ ਖੇਲ ਕਰਾਇਆ । ਜੋ ਘਲਦਾ ਰਿਹਾ ਗੁਰ ਅਵਤਾਰ, ਪੀਰ ਪੈਗ਼ੰਬਰ ਮਾਤ ਪਰਗਟਾਇਆ । ਜਿਸ ਨੂੰ ਖਾਣੀ ਬਾਣੀ ਗਾਉਂਦੀ ਰਹੀ ਜੁਗ ਚਾਰ, ਬਣ ਨਿਮਾਣੀ ਸੇਵ ਕਮਾਇਆ । ਜਿਸ ਦਾ ਅੱਖਰ ਅੱਖਰ ਕਲਮ ਸ਼ਾਹੀ ਕਰਦੀ ਰਹੀ ਤਿਆਰ, ਤ੍ਰੈਗੁਣ ਅੰਦਰ ਵੜ ਵੜ ਮੁਖ ਛੁਪਾਇਆ । ਜਿਸ ਨੂੰ ਨਿਉਂ ਨਿਉਂ ਸਜਦਾ ਸੀਸ ਕਰਦਾ ਰਿਹਾ ਸੰਸਾਰ, ਦੋਏ ਜੋੜ ਜੋੜ ਸਰਨਾਇਆ । ਸੋ ਸਾਹਿਬ ਅੰਤਮ ਕਲਜੁਗ ਪ੍ਰਗਟ ਹੋਇਆ ਆਪ ਨਿਰੰਕਾਰ, ਨਿਰਗੁਣ ਆਪਣਾ ਰੂਪ ਧਰਾਇਆ । ਸੰਤ ਸਾਜਣ ਲਏ ਉਭਾਰ, ਸਤਿ ਸਤਿ ਮੰਤਰ ਇਕ ਪੜ੍ਹਾਇਆ । ਸਚ ਮਹੱਲ ਦਏ ਵਖਾਲ, ਜਿਸ ਘਰ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਬੁਝਾਇਆ । ਹਰਿਜਨ ਤੇਰੀ ਬੁੱਝੀ ਬਾਤ, ਪ੍ਰਭ ਆਪਣੀ ਦਇਆ ਕਮਾਈਆ । ਖਾਣੀ ਬਾਣੀ ਲੋਕਮਾਤ ਤੇਰੀ ਗਾਏ ਗਾਥ, ਗਾ ਗਾ ਆਪਣਾ ਝੱਟ ਲੰਘਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਮੰਗਦੇ ਗਏ ਸਾਥ, ਚਰਨ ਕਵਲ ਧਿਆਨ ਲਗਾਈਆ । ਅੰਤਰ ਮੰਤਰ ਕਰ ਕਰ ਪੂਜਾ ਪਾਠ, ਪਰਮ ਪੁਰਖ ਇਕ ਸਾਲਾਹੀਆ । ਕਲਜੁਗ ਜੀਵਾਂ ਦੇ ਗਏ ਦਾਤ, ਅੱਖਰ ਅੱਖਰ ਨਾਲ ਮਿਲਾਈਆ । ਹਰਿ ਕਾ ਨਾਉਂ ਲਿਖਿਆ ਨਾ ਜਾਏ ਨਾਲ ਕਲਮ ਦੁਆਤ, ਗੁਰ ਕਾ ਨਾਉਂ ਲਿਖ ਲਿਖ ਦੱਸੇ ਕਲਮ ਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਪਹਿਲੋਂ ਪੜ੍ਹਨ ਇਕ ਜਮਾਤ, ਹਰਿ ਜੂ ਆਪਣਾ ਜੁਮਲਾ ਦਏ ਸਮਝਾਈਆ । ਸਰਗੁਣ ਫੇਰ ਬੰਧਾਏ ਨਾਤ, ਤਤ ਤਤ ਨਾਲ ਮਿਲਾਈਆ । ਇਕ ਸੁਣਾਏ ਆਪਣੀ ਗਾਥ, ਗਾਥਾ ਆਪਣੀ ਆਪ ਪ੍ਰਗਟਾਈਆ । ਅੱਖਰ ਅੱਖਰ ਜਗਤ ਪਾਠ, ਪਾਠ ਜਗਤ ਜੀਵਣ ਜੁਗਤ ਦਏ ਸਮਝਾਈਆ । ਗਾ ਗਾ ਦੱਸੇ ਇਕੋ ਹਰਿ ਕਮਲਾਪਾਤ, ਦੂਜਾ ਕੋਇ ਨਜ਼ਰ ਨਾ ਆਈਆ । ਜਿਸ ਦਾ ਦੀਨ ਮਜ਼੍ਹਬ ਨਾ ਕੋਈ ਜ਼ਾਤ, ਸ਼ਰਅ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿੱਕੇ ਨਿੱਕੇ ਬਾਲੇ ਛੋਟੇ ਛੋਟੇ ਸਾਕ, ਸਰਗੁਣ ਨਾਤਾ ਇਕ ਸਮਝਾਈਆ । ਅੰਤਮ ਸਭ ਨੂੰ ਕਰੇ ਖ਼ਾਕੀ ਖ਼ਾਕ, ਪਾਕ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਵਾਹਵਾ ਖੇਲ ਪੁਰਖ ਸਮਰਥ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਜੁਗ ਚੌਕੜੀ ਮਾਰਗ ਦੱਸ, ਬਣ ਰਹਿਬਰ ਰਾਹ ਚਲਾਇੰਦਾ । ਭਗਤ ਭਗਵਾਨ ਮਿਲਾਵਾ

ਹੱਸ ਹੱਸ, ਦਰ ਘਰ ਸਾਚੇ ਆਪ ਕਰਾਇੰਦਾ । ਪਹਿਲੋਂ ਭਗਤਾਂ ਹੋਏ ਵਸ, ਫੇਰ ਭਗਤਾਂ ਬੰਧਨ ਪਾਇੰਦਾ । ਸਿਫ਼ਤ ਸਾਲਾਹੀ ਗਾਏ ਜਸ, ਜਸ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਨਈਯਾ ਇਕ ਚਲਾਇੰਦਾ । ਸਾਚੀ ਨੱਯਾ ਹਰਿ ਹਰਿ ਨਾਮ, ਹਰਿ ਸਤਿਗੁਰ ਆਪ ਚਲਾਈਆ । ਜੁਗ ਚੌਕੜੀ ਕਰੇ ਪੂਰਨ ਕਾਮ, ਪਾਰਬ੍ਰਹਮ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਪ੍ਰਗਟ ਹੋ ਹੋ ਖੇਲੇ ਖੇਲ ਵਿਚ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਈਆ । ਕਲਜੁਗ ਅੰਤਮ ਮੇਟੇ ਅੰਧੇਰੀ ਸ਼ਾਮ, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਈਆ । ਸਾਚਾ ਰਾਹ ਜਗਤ ਚੁਹੱਤਰ, ਚੌ ਅੱਖਰ ਮੂਲ ਮੁਕਾਇਆ । ਨਾਤਾ ਤੁੱਟੇ ਜਗਤ ਬਹੱਤਰ, ਨਾੜ ਬਹੱਤਰ ਲਏ ਜਗਾਇਆ । ਆਸ ਰੱਖੇ ਇਕੋ ਸੱਤਰ, ਸਿਫ਼ਰਾ ਸੱਤ ਕਰੇ ਰੁਸ਼ਨਾਇਆ । ਚਾਰ ਜੁਗ ਦੇ ਵਿਛੜੇ ਕਰ ਇਕੱਤਰ, ਏਕਾ ਗੁਣ ਦਏ ਸਮਝਾਇਆ । ਬੀਜ ਬੀਜਿਆ ਸਾਚੇ ਵੱਤਰ, ਬਣ ਕਿਰਸਾਨਾ ਹੱਲ ਚਲਾਇਆ । ਪਿਛਲਾ ਖੇਤ ਵੱਢ ਵੱਢ ਕਰੇ ਸੱਬਰ, ਚਾਰੋਂ ਕੁੰਟ ਫੇਰਾ ਪਾਈਆ । ਵੇਖਣਹਾਰਾ ਉਚੇ ਟਿੱਲੇ ਪੱਥਰ, ਸਮੁੰਦ ਸਾਗਰ ਫੋਲ ਫੁਲਾਇਆ । ਚੋਟੀ ਚੜ੍ਹ ਕੇ ਬੈਠਾ ਸਿਖ਼ਰ, ਦਿਸ ਕਿਸੇ ਨਾ ਆਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਫਿਕਰ, ਕਵਣ ਵੇਲਾ ਭਗਤਾਂ ਲਵਾਂ ਮਿਲਾਇਆ । ਪੀਰ ਪੈਗ਼ੰਬਰ ਵੇਖਣ ਬਿੱਤਰ ਬਿੱਤਰ, ਨੇਤਰ ਨੈਣ ਨੈਣ ਉਠਾਇਆ । ਹਰਿ ਜੂ ਨਜ਼ਰੀ ਆਏ ਉਧਰ ਇਧਰ, ਖ਼ਾਲੀ ਕੁੰਟ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇਆ । ਮੇਲ ਮਿਲਾਇਆ ਅੰਤਮ ਕਲ, ਹਰਿ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਦੇਵੇ ਭੱਲ, ਭੱਲ ਆਪਣੇ ਹੱਥ ਰਖਾਈਆ । ਕੀਤਾ ਇਕਰਾਰ ਨਾਲ ਬਲ, ਬਲ ਬਾਵਨ ਆਪਣੀ ਗੰਢ ਪੁਵਾਈਆ । ਬਣੇ ਮਹੱਲ ਇਕ ਅਟੱਲ, ਹਰਿ ਸਤਿਗੁਰ ਸੇਵ ਕਮਾਈਆ । ਕਲਜੁਗ ਅੰਤਮ ਜਨ ਭਗਤਾਂ ਅੰਦਰ ਬਹੇ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਚੌਥੇ ਜੁਗ ਲੱਗੇ ਫੱਲ, ਬੂਟਾ ਇਕੋ ਇਕ ਲਹਿਰਾਈਆ । ਬਾਕੀ ਸੁੱਟੇ ਡੂੰਘੀ ਡੱਲ, ਕੋਈ ਸਕੇ ਨਾ ਬਾਹਰ ਕਢਾਈਆ । ਜਿਸ ਸਾਹਿਬ ਹੋਇਆ ਵਲ, ਤਿਸ ਅੱਖ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣੇ ਝੋਲੀ ਪਾਈਆ । ਲਹਿਣਾ ਮਿਲਿਆ ਵਿਚ ਸੰਸਾਰ, ਚੁਹੱਤਰ ਏਕਾ ਰੰਗ ਰੰਗਾਇੰਦਾ । ਮੇਲ ਮਿਲਾਇਆ ਸਚ ਦੁਆਰ, ਦਰ ਦਰਬਾਰਾ ਇਕ ਸੁਹਾਇੰਦਾ । ਇੱਕੀ ਜੇਠ ਦਿਵਸ ਵਿਚਾਰ, ਏਕਾ ਇੱਕੀ ਗੰਢ ਪੁਆਇੰਦਾ । ਇੱਕੀ ਇੱਕੀ ਕੁਲਾਂ ਤਾਰ, ਸਿੱਖੀ ਸਿੱਖ ਨਾਲ ਪ੍ਰਣਾਇੰਦਾ । ਤਿੱਖੀ ਦੱਸੇ ਆਪਣੀ ਧਾਰ, ਹਿੰਦੂ ਮੁਸਲਿਮ ਸਿੱਖ ਈਸਾਈ ਭੇਵ ਕੋਇ ਨਾ ਪਾਇੰਦਾ । ਸ਼ਰਅ ਸ਼ਰੀਅਤ ਮਾਰੇ ਤੇਜ਼ ਕਟਾਰ, ਮਜ਼੍ਹਬ ਦੀਨ ਖੰਡ ਖੰਡ ਵਖਾਇੰਦਾ । ਚੌਹ ਵਰਨਾਂ ਵਿਚੋਂ ਕੱਢੇ ਇਕ ਪਿਆਰ, ਗੁਰਸਿਖ ਆਪਣਾ ਰੂਪ ਵਟਾਇੰਦਾ । ਫਿਰ ਦੱਸੇ ਸਾਚੀ ਧਾਰ, ਧਾਰਨਾ ਆਪਣੀ ਆਪ ਬਦਲਾਇੰਦਾ । ਆਤਮ ਪਰਮਾਤਮ ਕਰ ਪਿਆਰ, ਸੋਹੰ ਢੋਲਾ ਇਕ ਸਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਡ ਬਲਕਾਰ, ਨਿਰਗੁਣ ਆਪਣਾ ਬਲ ਪ੍ਰਗਟਾਇੰਦਾ । ਵਿਸ਼ਨੂੰ ਦੇਵਣਹਾਰ ਭੰਡਾਰ, ਘਰ ਘਰ ਆਪਣਾ ਰਿਜ਼ਕ ਪਹੁੰਚਾਇੰਦਾ । ਭਗਵਨ ਸਭ ਦੀ ਪਾਏ ਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਗੋਦ ਰਖਾਇੰਦਾ । ਆਦਿ ਅੰਤ ਤਿਸ ਦੀ ਹੋਏ ਜੈ ਜੈਕਾਰ, ਜੈ ਜੈਕਾਰ ਆਪਣੇ ਨਾਉਂ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਆਪ

੨੯੭
੧੨

ਰੰਗਾਇੰਦਾ । ਸਾਚਾ ਰੰਗ ਜਾਏ ਚੜ੍ਹ, ਉਤਰ ਕਦੇ ਨਾ ਜਾਈਆ । ਸਤਿਗੁਰ ਵੇਖੇ ਫੜ ਫੜ, ਗੁਰਮੁਖ ਸੱਜਣ ਮੇਲ ਮਿਲਾਈਆ । ਦੀਨ ਦਿਆਲ ਪ੍ਰਭ ਕਿਰਪਾ ਕਰ, ਕਿਰਪਨ ਆਪਣੀ ਗੋਦ ਬਹਾਈਆ । ਘਰ ਵਿਚ ਸੁਹਾਏ ਸਾਚਾ ਘਰ, ਘਰ ਵਿਚ ਵੱਜੇ ਵਧਾਈਆ । ਸੋਹੰ ਰੂਪ ਆਤਮ ਪਰਮਾਤਮ ਬਣ, ਬਣ ਬਣ ਆਪਣੇ ਮੰਦਰ ਡੇਰਾ ਲਾਈਆ । ਲੇਖਾ ਜਾਣੇ ਜਨਣੀ ਜਨ, ਦਾਈ ਦਾਇਆ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਏਕਾ ਗੁਣ ਰਿਹਾ ਸਮਝਾਈਆ । ਏਕਾ ਗੁਣ ਸ਼ਬਦ ਵਿਚਾਰ, ਬੁੱਧੀ ਕੰਮ ਕਿਸੇ ਨਾ ਆਈਆ । ਬੁੱਧੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣ ਨੀਰ ਵਹਾਈਆ । ਮੇਰਾ ਬਲ ਗਿਆ ਹਾਰ, ਬਲਹੀਣ ਰਹੀ ਕੁਰਲਾਈਆ । ਵਲ ਛਲ ਕਰ ਕੇ ਛੱਲ ਗਿਆ ਨਿਰੰਕਾਰ, ਮੇਰੀ ਚਲੀ ਨਾ ਕੋਈ ਚਤੁਰਾਈਆ । ਮੈਂ ਪੜ੍ਹ ਪੜ੍ਹ ਪਾਉਂਦੀ ਰਹੀ ਸਾਰ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਮੈਂ ਲੱਭਦੀ ਰਹੀ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਗੁਰੂਦੁਆਰ, ਚਾਰ ਦੀਵਾਰੀ ਅੰਦਰ ਵੜ ਵੜ ਸੀਸ ਝੁਕਾਈਆ । ਕਲਜੁਗ ਅੰਤਮ ਭਗਤਾਂ ਕੋਲੋਂ ਸੁਣਿਆ ਹਰਿ ਜੂ ਵਸੇ ਕਾਇਆ ਮਹੱਲ ਅਟੱਲ ਵਿਚ ਮੀਨਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਬਿਨ ਤੇਲ ਬਾਤੀ ਦੀਪਕ ਕਰੇ ਉਜਿਆਰ, ਹਵਨ ਘਿਰਤ ਨਾ ਕੋਇ ਵਖਾਈਆ । ਪ੍ਰੇਮ ਸੁਗੰਧੀ ਇਕੋ ਡਾਰ, ਦੂਜਾ ਧੂਪ ਨਾ ਕੋਇ ਧੁਖਾਈਆ । ਬਿਨ ਤੰਦੀ ਤੰਦ ਵਜਾਏ ਸਿਤਾਰ, ਅਨਹਦ ਆਪਣਾ ਰਾਗ ਸੁਣਾਈਆ । ਢੋਲਕ ਛੈਣਾ ਨਾ ਕੋਇ ਖੜਕਾਰ, ਰਸਨਾ ਜਿਹਵਾ ਨਾ ਕੋਇ ਹਲਾਈਆ । ਬੁੱਧੀ ਓਥੇ ਪਾਵੇ ਨਾ ਕੋਈ ਸਾਰ, ਮਨਮਤ ਚਲੇ ਨਾ ਕੋਇ ਚਤੁਰਾਈਆ । ਸੁਰਤੀ ਸ਼ਬਦ ਕਰੇ ਪਿਆਰ, ਪ੍ਰਭ ਮਿਲੇ ਸਚ ਗੁਸਾਈਆ । ਲਹਿਣਾ ਦੇਣਾ ਚੁੱਕੇ ਵਿਚ ਸੰਸਾਰ, ਅਠਸਠ ਤੀਰਥ ਪੰਧ ਮੁਕਾਈਆ । ਪੂਜਾ ਕਰਾਏ ਇਕ ਦਰਬਾਰ, ਦੂਜਾ ਇਸ਼ਟ ਨਾ ਕੋਇ ਵਖਾਈਆ । ਹਰਿ ਕਾ ਇਸ਼ਟ ਲੋਕਮਾਤ ਕੋਈ ਕਰ ਨਾ ਸਕੇ ਪਿਆਰ, ਬਣ ਠਠਿਆਰ ਘਾੜਤ ਘੜਤ ਨਾ ਲਏ ਘੜਾਈਆ । ਕਾਗ਼ਜ਼ ਅੱਖਰ ਨਾ ਕੋਇ ਅਕਾਰ, ਨਿਰਾਕਾਰ ਨੂਰ ਰੁਸ਼ਨਾਈਆ । ਮਾਟੀ ਪੱਥਰ ਨਾ ਕੋਇ ਪਸਾਰ, ਘੜ ਘੜ ਛੈਣੀਆਂ ਨਾਲ ਬੁੱਤ ਨਾ ਕੋਇ ਬਣਾਈਆ । ਮਸਤਕ ਧੂੜ ਨਾ ਕੋਇ ਸੰਦੂਰ ਲਾਏ ਨਿਰੰਕਾਰ, ਸੀਸ ਤੇਲ ਨਾ ਕੋਇ ਪੁਆਈਆ । ਕੰਘਾ ਵਾਹ ਨਾ ਬੰਨ੍ਹੇ ਦਸਤਾਰ, ਟੋਪੀ ਚੋਟੀ ਨਾ ਕੋਇ ਟਿਕਾਈਆ । ਮਾਲਾ ਤਿਲਕ ਜੰਞੂ ਨਾ ਕੋਇ ਵਿਹਾਰ, ਬੋਦੀ ਮੂੰਢ ਨਾ ਕੋਇ ਰਖਾਈਆ । ਮੁੱਛ ਦਾੜ੍ਹੀ ਕੇਸ ਨਾ ਕੋਇ ਪਸਾਰ, ਹੱਥ ਪੈਰ ਨੱਕ ਮੂੰਹ ਅੰਗ ਅੰਗ ਨਾ ਕੋਇ ਪਰਗਟਾਈਆ । ਸਚਖੰਡ ਵਸੇ ਨਿਰਗੁਣ ਨਿਰਾਕਾਰ, ਨਿਰੰਕਾਰ ਰੂਪ ਰੰਗ ਰੇਖ ਆਪਣੇ ਵਿਚ ਛਿਪਾਈਆ । ਨੌਂ ਸੌ ਚੁਰਾਨਵੇਂ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਅਧਾਰ, ਬਣ ਅਧਾਰੀ ਦਇਆ ਕਮਾਈਆ । ਕਲਜੁਗ ਅੰਤ ਪ੍ਰਗਟ ਹੋ ਕੇ ਆਇਆ ਵਿਚ ਸੰਸਾਰ, ਜੇ ਕੋਈ ਲੱਭੇ ਨਜ਼ਰ ਕਿਸੇ ਨਾ ਆਈਆ । ਸਰਗੁਣ ਅੰਦਰ ਵੜ ਕੇ ਦੱਸਿਆ ਆਪ ਵਿਹਾਰ, ਕਵਣ ਬਿਧ ਭਗਤਾਂ ਅੰਦਰ ਵੜ ਕੇ ਹਰਿ ਜੂ ਰਿਹਾ ਸਮਾਈਆ । ਨਿਰਗੁਣ ਨਿਰਗੁਣ ਸੁਣਾਏ ਜੈਕਾਰ, ਨਿਰਗੁਣ ਆਤਮ ਨਿਰਗੁਣ ਪਰਮਾਤਮ ਪੰਜ ਤਤ ਨਾਉਂ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਚਾਰ ਏਕਾ ਘਰ ਵਸਾਈਆ । ਸੱਚਾ ਜੁਮਲਾ ਨੂਰੀ ਜਲਾਲ, ਜ਼ਾਹਿਰ ਆਪਣਾ ਨੂਰ ਵਖਾਈਆ । ਆਪਣੇ ਘਰ ਰੱਖੇ ਬੇਮਿਸਾਲ, ਮਿਸਾਲ ਜਗਤ ਵਿਚ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਵੇਖ ਹੋਣ ਬੇਹਾਲ, ਜਿਸ ਜਨ ਏਕਾ ਝਲਕ ਵਖਾਈਆ । ਅੱਗੇ ਕੋਈ ਫੇਰ ਨਾ ਕਰੇ

ਸਵਾਲ, ਸਾਰੇ ਨਿਉਂ ਨਿਉਂ ਸੀਸ ਝੁਕਾਈਆ । ਰਸਨਾ ਕਹਿਣ ਅਸੀਂ ਤੇਰੇ ਛੋਟੇ ਬਾਲ, ਤੇਰੇ ਮਕਤਬ ਵਿਚ ਕਰਨ ਆਏ ਪੜ੍ਹਾਈਆ । ਇਕੋ ਅਲਫ਼ ਦੇ ਸਿਖਾਲ, ਤੇਰੀ ਅਲਫ਼ ਤੇਰੀ ਉਲਫ਼ਤ ਕਰ ਕਰ ਆਪਣੀ ਖ਼ੁਸ਼ੀ ਮਨਾਈਆ । ਅਸੀਂ ਬਣੇ ਰਹੀਏ ਕੰਗਾਲ, ਤੇਰੇ ਅੱਗੇ ਝੋਲੀ ਡਾਹੀਆ । ਤੇਰਾ ਜੁਮਲਾ ਲੋਕ ਪਰਲੋਕ ਕੋਈ ਨਾ ਸਕੇ ਭਾਲ, ਹੱਥ ਫੜ ਲੋਕਮਾਤ ਸਕੇ ਨਾ ਕੋਇ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਘਰ ਸਾਚੇ ਰਿਹਾ ਸਮਾਈਆ ।

## ✳ ੨੨ ਜੇਠ ੨੦੧੯ ਬਿਕਰਮੀ ਸਰਦਾਰ ਸਿੰਘ ਦੇ ਗ੍ਰਿਹਿ ਪਿੰਡ ਸੀੜ ਜੰਮੂ ✳

ਸਚਖੰਡ ਨਿਵਾਸੀ ਸਚ ਦੁਆਰਾ, ਆਪਣੀ ਇਛਿਆ ਆਪ ਪਰਗਟਾਈਆ । ਤਖ਼ਤ ਨਿਵਾਸੀ ਬਣ ਸਿਕਦਾਰਾ, ਸਾਚਾ ਹੁਕਮ ਆਪ ਵਰਤਾਈਆ । ਵਿਸ਼ਨੂੰ ਆਏ ਚਲ ਦੁਆਰਾ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਮੇਰਾ ਇਕ ਅਖਾੜਾ, ਏਕਾ ਘਰ ਵੱਜੇ ਵਧਾਈਆ । ਤੇਰਾ ਮੇਰਾ ਇਕ ਸਹਾਰਾ, ਆਦਿ ਜੁਗਾਦਿ ਖੇਲ ਰਚਾਈਆ । ਤੇਰਾ ਮੇਰਾ ਇਕ ਨਗਾਰਾ, ਅਨਾਦੀ ਨਾਦ ਵਡ ਵਡਿਆਈਆ । ਤੇਰਾ ਮੇਰਾ ਇਕ ਵਣਜਾਰਾ, ਵਣਜ ਸਾਚਾ ਹੱਟ ਖੁਲ੍ਹਾਈਆ । ਤੇਰਾ ਮੇਰਾ ਇਕ ਭੰਡਾਰਾ, ਵਸਤ ਸਾਚੀ ਸਚ ਵਰਤਾਈਆ । ਤੇਰਾ ਮੇਰਾ ਇਕ ਸ਼ਿੰਗਾਰਾ, ਬਸਤਰ ਭੂਸ਼ਨ ਸਾਚੇ ਆਪਣੇ ਰੰਗ ਰੰਗਾਈਆ । ਤੇਰਾ ਮੇਰਾ ਖੇਲ ਨਾਰੀ ਕੰਤ ਪੁਰਖ ਨਾਰਾ, ਪੁਰਖੋਤਮ ਭੇਵ ਕੋਇ ਨਾ ਪਾਈਆ । ਤੇਰਾ ਮੇਰਾ ਇਕ ਆਧਾਰਾ, ਲਹਿਣਾ ਦੇਣਾ ਝੋਲੀ ਪਾਈਆ । ਆਦਿ ਆਦਿ ਕਰਿਆ ਇਕਰਾਰਾ, ਏਕਾ ਹੁਕਮ ਸੁਣਾਈਆ । ਨੌਂ ਸੌ ਚੁਰਾਨਵੇਂ ਜੁਗ ਬਣਿਆ ਰਿਹਾ ਸੇਵਾਦਾਰਾ, ਜੁਗ ਜੁਗ ਸਾਚੀ ਸੇਵ ਕਮਾਈਆ । ਅੰਤਮ ਕਲ ਲੇਖਾ ਚੁੱਕੇ ਵਿਚ ਸੰਸਾਰਾ, ਹਰਿ ਜੂ ਹਰਿ ਹਰਿ ਆਪ ਚੁਕਾਈਆ । ਏਕਾ ਬੋਲੇ ਸਤਿ ਜੈਕਾਰਾ, ਤੇਰੇ ਨਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਆਪਣੇ ਦਰ ਬਹਾਈਆ । ਬ੍ਰਹਮਾ ਕਹੇ ਪਾਰਬ੍ਰਹਮ, ਪ੍ਰਭ ਤੇਰੀ ਵਡ ਵਡਿਆਈਆ । ਤੇਰੀ ਕੁੱਖੋਂ ਆਪੇ ਜੰਮ, ਆਪਣਾ ਸਗਨ ਮਨਾਈਆ । ਲੱਖ ਚੁਰਾਸੀ ਬੇੜਾ ਬੰਨ੍ਹ, ਘਰ ਘਰ ਜੋਤ ਟਿਕਾਈਆ । ਕਰੇ ਖੇਲ ਜਗਤ ਮਹਾਨ, ਜੀਵ ਜੰਤ ਵਡਿਆਈਆ । ਨੂਰੀ ਦੇ ਦੇ ਸਾਚਾ ਦਾਨ, ਦੀਵਾ ਬਾਤੀ ਇਕ ਰੁਸ਼ਨਾਈਆ । ਕਮਲਾਪਾਤੀ ਸਚ ਮਕਾਨ, ਸਾਢੇ ਤਿੰਨ ਹੱਥ ਬੰਕ ਸੁਹਾਈਆ । ਜੁਗ ਚੌਕੜੀ ਖੇਲ ਕਰਦਾ ਰਿਹਾ ਮਹਾਨ, ਘਟ ਘਟ ਆਪਣਾ ਆਸਣ ਲਾਈਆ । ਜੁਗ ਚੌਕੜੀ ਬੀਤੇ ਆਣ, ਵੇਲਾ ਅੰਤਮ ਰਿਹਾ ਦਿਸਾਈਆ । ਬ੍ਰਹਮਾ ਹੋਏ ਆਪ ਹੈਰਾਨ, ਆਪਣਾ ਭੇਵ ਨਾ ਕਿਸੇ ਜਣਾਈਆ । ਹਰਿ ਜੂ ਖੇਲ ਕਰੇ ਵਾਲੀ ਦੋ ਜਹਾਨ, ਦੋਏ ਦੋਏ ਆਪਣਾ ਰੂਪ ਪ੍ਰਗਟਾਈਆ । ਨਿਰਗੁਣ ਸਰਗੁਣ ਸਚ ਸੰਦੇਸ਼ਾ ਦਿਤਾ ਆਣ, ਏਕਾ ਹੁਕਮ ਸੁਣਾਈਆ । ਅੰਤਮ ਲੇਖਾ ਚੁੱਕੇ ਜੀਵ ਜਹਾਨ, ਜੋਤੀ ਜਾਤਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮਾ ਨੇਤਰ ਨੈਣ ਉਠਾਈਆ । ਸ਼ਿਵਜੀ ਸ਼ੰਕਰ ਵੇਖ ਤ੍ਰਿਸੂਲ, ਤ੍ਰੈ ਤ੍ਰੈ ਲੋਕ ਧਿਆਨ ਲਗਾਇੰਦਾ । ਤੇਰਾ ਭੁੱਲੇ ਨਾ ਕਦੇ ਅਸੂਲ, ਅਸਲੀਅਤ ਤੇਰੀ ਮੁਖ ਰਖਾਇੰਦਾ । ਤੂੰ ਦਾਤਾ ਸਰਬ ਕੰਤ ਕੰਤੂਹਲ, ਲੱਖ ਚੁਰਾਸੀ ਤੇਰੇ ਅੰਗ ਲਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਚੁਕਾਵਣਹਾਰਾ ਮੂਲ, ਲੇਖਾ ਸਭ ਦੀ ਝੋਲੀ ਪਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ੰਕਰ ਆਪਣੀ ਮੰਗ ਮੰਗਾਇੰਦਾ । ਸ਼ੰਕਰ ਮੰਗੇ ਆਪਣਾ ਦਾਨ, ਝੋਲੀ ਆਪਣੀ ਅੱਗੇ ਡਾਹੀਆ । ਭੋਲਾ ਨਾਥ ਕਰਨਾ ਪਰਵਾਨ, ਭੋਲੇ ਭਾਉ ਆਪਣੇ ਨਾਲ ਮਿਲਾਈਆ । ਨਵ ਨੌਂ ਚਾਰ ਚੁਕਾ ਗਿਆਨ, ਗਿਆਨ ਧਿਆਨ ਨਾ ਕੋਇ ਦ੍ਰਿੜਾਈਆ । ਬਾਲੀ ਬੁੱਧ ਹੋਇਆ ਬਾਲ ਨਾਦਾਨ, ਬਾਲਕ ਤੇਰਾ ਰੂਪ ਅਖਵਾਈਆ । ਦਰ ਦੁਆਰੇ ਦੇਣਾ ਮਾਣ, ਚਰਨ ਸਰਨ ਸੱਚੀ ਸਰਨਾਈਆ । ਕਲਜੁਗ ਲੈਣਾ ਅੰਤ ਪਹਿਚਾਨ, ਇਕੋ ਤੇਰੀ ਓਟ ਤਕਾਈਆ । ਲੱਖ ਚੁਰਾਸੀ ਮੇਟਦਾ ਰਿਹਾ ਜੁਗ ਜੁਗ ਨਿਸ਼ਾਨ, ਬਣ ਸੇਵਕ ਸੇਵ ਕਮਾਈਆ । ਅੰਤ ਸੰਦੇਸ਼ਾ ਸੁਣਿਆ ਆਣ, ਨਿਰਗੁਣ ਨੂਰ ਲੋਕਮਾਤ ਕਰੇ ਰੁਸ਼ਨਾਈਆ । ਲੇਖਾ ਚੁਕਾਏ ਨਾਉਂ ਰਖਾਏ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਕਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਏਕਾ ਹੱਥ ਟਿਕਾਈਆ । ਤ੍ਰੈਗੁਣ ਤਤੀ ਨੇਤਰ ਰੋਵੇ, ਰੋ ਰੋ ਦਏ ਦੁਹਾਈਆ । ਖੁਲ੍ਹੜੇ ਕੇਸ ਫੜ ਫੜ ਖੋਹਵੇ, ਧੀਰਜ ਧੀਰ ਨਾ ਕੋਇ ਧਰਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਸਚ ਫ਼ਰਮਾਨਾ ਲੈ ਕੇ ਆਇਆ ਢੋਏ, ਹਰਿਜਨ ਸਾਚੇ ਦਏ ਸੁਣਾਈਆ । ਮੇਰੀ ਵਾਤ ਨਾ ਪੁੱਛੇ ਕੋਇ, ਮੇਰਾ ਮਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਮਿਲੇ ਨਾ ਕੋਇ ਵਡਿਆਈਆ । ਨਾ ਕੋਈ ਵਡਿਆਈ ਮੇਰੇ ਹਰਿ, ਤ੍ਰੈਗੁਣ ਨੈਣਾਂ ਨੀਰ ਵਹਾਇਆ । ਮੈਂ ਚਲ ਕੇ ਆਈ ਤੇਰੇ ਦਰ, ਬਣ ਬਰਦੀ ਸੇਵ ਕਮਾਇਆ । ਕੋਝੀ ਕਮਲੀ ਬਾਹੋਂ ਲੈਣਾ ਫੜ, ਇਕੋ ਆਸਰਾ ਰਹੀ ਤਕਾਇਆ । ਕਲਜੁਗ ਅੰਤਮ ਮੂੰਹ ਦੇ ਭਾਰ ਡਿੱਗੀ ਦੜ, ਮਦਹੋਸ਼ ਆਪਣਾ ਆਪ ਰਹੀ ਗੁਆਇਆ । ਕੋਈ ਨਾ ਬਨ੍ਹਾਏ ਤੇਰੇ ਲੜ, ਪੱਲੂ ਲੜ ਨਾ ਕੋਇ ਬੰਧਾਇਆ । ਤੂੰ ਮਾਤ ਲਗਾਈ ਮੇਰੀ ਜੜ੍ਹ, ਵੇਲੇ ਅੰਤ ਕਿਉਂ ਰਿਹਾ ਉਖੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਸਰਨ ਮਿਲੇ ਸਚ ਸਰਨਾਇਆ । ਪੰਜ ਤਤ ਰਹੇ ਕੁਰਲਾ, ਬਹੁੜੀ ਬਹੁੜੀ ਦੇਣ ਦੁਹਾਈਆ । ਸਾਡਾ ਮੰਦਰ ਕਿਉਂ ਰਿਹਾ ਢਾਹ, ਬੇਰਹਿਮ ਰਹਿਮਤ ਆਪਣੀ ਆਪ ਕਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਅੰਦਰ ਦੇਂਦੇ ਰਹੇ ਥਾਂ, ਬਿਨ ਸਾਡੇ ਗੁਰ ਪੀਰ ਅਵਤਾਰ ਨਜ਼ਰ ਕੋਇ ਨਾ ਆਈਆ । ਸਾਡੇ ਅੰਦਰ ਵੜ ਵੜ ਤੇਰਾ ਗੌਂਦੇ ਰਹੇ ਨਾਂ, ਨਾਉਂ ਨਿਰੰਕਾਰਾ ਮਾਤ ਸੁਣਾਈਆ । ਕਰ ਕਿਰਪਾ ਸਿਰ ਰੱਖ ਠੰਡੀ ਛਾਂ, ਇਕ ਓਟ ਤੇਰੀ ਤਕਾਈਆ । ਸਾਡਾ ਨਿਸ਼ਾਨਾ ਮੇਟ ਨਾ, ਤੇਰੇ ਹੱਥ ਸਾਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕ ਤੇਰੀ ਓਟ ਤਕਾਈਆ । ਗੁਰ ਅਵਤਾਰ ਬੈਠੇ ਉਠ, ਤੇਈ ਆਪਣਾ ਰਾਹ ਤਕਾਈਆ । ਪਹਿਲੋਂ ਬਣਾਏ ਆਪਣੇ ਸੁਤ, ਬਣਾ ਸੁਤ ਮਾਣ ਰਖਾਈਆ । ਦੁਆਪਰ ਤ੍ਰੇਤਾ ਸਤਿਜੁਗ ਸੁਹਾਉਂਦੇ ਰਹੇ ਤੇਰੀ ਰੁੱਤ, ਰੁੱਤ ਰੁਤੜੀ ਮਾਤ ਮਹਿਕਾਈਆ । ਅੰਤਮ ਤੇਰੇ ਕੋਲ ਆਏ ਉਠ, ਆਪਣੇ ਪੱਲੇ ਗੰਢ ਨਾ ਕੋਇ ਰਖਾਈਆ । ਕਰ ਕਿਰਪਾ ਆਪਣੀ ਗੋਦੀ ਚੁੱਕ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੇਰੇ ਬੂਟੇ ਤੁਧ ਬਾਝੋਂ ਜਾਣ ਸੁੱਕ, ਹਰੇ ਮਾਤ ਨਾ ਕੋਇ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਬੈਠਾ ਰਿਹੋਂ ਲੁਕ, ਕਲਜੁਗ ਅੰਤਮ ਆਪਣਾ ਵੇਸ ਵਟਾਈਆ । ਸਿੰਘ ਰੂਪ ਹੋ ਕੇ ਰਿਹੋਂ ਬੁੱਕ, ਜੰਬਕ ਸਾਰੇ ਰਹੇ ਕੁਰਲਾਈਆ । ਸਾਡੇ ਕੋਲੋਂ ਪਿਛਲਾ ਲੇਖਾ ਨਾ ਪੁੱਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮਿਲੇ ਵਡਿਆਈਆ । ਪੀਰ ਪੈਗ਼ੰਬਰ

੩੦੦ ੧੨

ਕਰਨ ਸਲਾਹ, ਈਸਾ ਮੂਸਾ ਮੁਹੰਮਦ ਨੈਣ ਨੈਣ ਨਾਲ ਮਿਲਾਈਆ । ਪਹਿਲੋਂ ਫੜ ਫੜ ਮਾਰਗ ਰਾਹੇ ਦਿਤਾ ਪਾ, ਹੁਕਮੀ ਹੁਕਮ ਸੇਵ ਲਗਾਈਆ । ਆਪਣਾ ਨੂਰ ਕਰ ਜੁਦਾ, ਜੁਜ਼ ਆਪਣਾ ਰਿਹਾ ਜਣਾਈਆ । ਤੇਰਾ ਨਾਉਂ ਦੱਸ ਕੇ ਆਏ ਖ਼ੁਦਾ, ਖ਼ਾਲਕ ਖ਼ਲਕ ਖ਼ਲਕ ਸਮਝਾਈਆ । ਅਸੀਂ ਹੋਏ ਬੇਵਫ਼ਾ, ਵਫ਼ਾਤ ਆਪਣੀ ਤੇਰੇ ਹੱਥੋਂ ਕਰਾਈਆ । ਤੂੰ ਹੋਣਾ ਨਾ ਅੰਤ ਖ਼ਫ਼ਾ, ਇਕੋ ਰਹਿਮਤ ਮੰਗ ਮੰਗਾਈਆ । ਸਾਡੀ ਚੁੱਕ ਨਾ ਮੂਲ ਸਫ਼ਾ, ਸਿਫ਼ਤ ਤੇਰੀ ਰਹੇ ਕਰ ਕਰ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮਿਲੇ ਵਡਿਆਈਆ । ਗੁਰ ਅਵਤਾਰ ਦੱਸ ਦੱਸ ਕਹਿਣ, ਦਹਿ ਦਿਸ਼ਾ ਵੇਖ ਵਖਾਇਆ । ਤੁਧ ਬਿਨ ਕੋਇ ਨਜ਼ਰ ਨਾ ਆਏ ਨੈਣ, ਚਾਰੋਂ ਕੁੰਟ ਅੰਧੇਰਾ ਛਾਇਆ । ਲੱਖ ਚੁਰਾਸੀ ਝੂਠਾ ਨਾਤਾ ਸਾਕ ਸੱਜਣ ਸੈਣ, ਮਾਇਆ ਮਮਤਾ ਮੋਹ ਵਧਾਇਆ । ਅੰਤਮ ਲਾੜੀ ਮੌਤ ਖਾਏ ਡੈਣ, ਥਿਰ ਕੋਇ ਰਹਿਣ ਨਾ ਪਾਇਆ । ਕਲਜੁਗ ਅੰਤਮ ਕਰ ਕਿਰਪਾ ਲੋਕਮਾਤ ਜਨ ਭਗਤਾਂ ਆਇਉਂ ਲੈਣ, ਲਹਿਣਾ ਦੇਣਾ ਮਾਤ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਸਾਂ ਏਕਾ ਆਸ ਤਕਾਇਆ । ਦਸ ਗੁਰ ਹੋ ਇਕੱਠੇ, ਪ੍ਰਭ ਡਿੱਗੇ ਸਰਨ ਸਰਨਾਈਆ । ਜੁਗ ਜੁਗ ਗੇੜੇਂ ਉਲਟੀ ਲੱਠੇ, ਤੇਰੇ ਹੱਥ ਵਡੀ ਵਡਿਆਈਆ । ਪੀਰ ਪੈਗ਼ੰਬਰ ਸਾਰੇ ਆਪਣੀ ਹੱਥੀਂ ਤੇਰੀ ਕਲਾਮ ਲਿਖ ਲਿਖ ਦੇ ਕੇ ਆਏ ਪੱਟੇ, ਪੱਟੇਦਾਰੀ ਬਣਾਈ ਸਰਬ ਲੋਕਾਈਆ । ਇਕ ਦੂਜੇ ਨੂੰ ਫੜ ਫੜ ਦੀਨ ਇਸਲਾਮਾ ਵਿਚ ਕੱਟੇ, ਹੱਦ ਹਦੂਦ ਵੰਡ ਵੰਡਾਈਆ । ਕਲਮ ਸ਼ਾਹੀ ਨਾਲ ਲਿਖ ਲਿਖ ਲੇਖ ਫੱਟੇ, ਫੱਟ ਕੋਇ ਨਾ ਸਕੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਲੇਖ ਅਵਰ ਨਾ ਕੋਇ ਮੁਕਾਈਆ । ਦਸ ਗੁਰ ਇਕੋ ਗਾਥਾ, ਕਹਿ ਕਹਿ ਰਹੇ ਸੁਣਾਈਆ । ਤੂਹੀ ਪਿਤਾ ਤੂਹੀ ਮਾਤਾ, ਤੇਰੀ ਇਕੋ ਗੋਦ ਸੁਹਾਈਆ । ਤੇਰੀ ਸਰਨ ਤੇਰਾ ਨਾਤਾ, ਤੇਰੇ ਚਰਨ ਸੋਭਾ ਪਾਈਆ । ਤੇਰਾ ਨੂਰ ਤੇਰੀ ਜ਼ਾਤਾ, ਤੇਰਾ ਜ਼ਹੂਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਘਰ ਸਾਚੇ ਬਹਿ ਬਹਿ ਖ਼ੁਸ਼ੀ ਮਨਾਈਆ । ਭਗਤ ਅਠਾਰਾਂ ਕਹਿਣ ਕੌਣ, ਕਵਣ ਆਪਣੀ ਰੁੱਤ ਸੁਹਾਇੰਦਾ । ਕਲਜੁਗ ਮੇਟੇ ਤਤੀ ਪੌਣ, ਸਾਂਤਕ ਸਤਿ ਸਤਿ ਵਰਤਾਇੰਦਾ । ਹੰਕਾਰਿਆ ਫੜ ਫੜ ਭੰਨੇ ਧੌਣ, ਮੂੰਹ ਦੇ ਭਾਰ ਸਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਭਗਤ ਅਠਾਰਾਂ ਚਰਨੀ ਡਿੱਗ, ਆਪਣਾ ਮਾਣ ਮੁਕਾਇਆ । ਪੁਰਖ ਅਬਿਨਾਸ਼ੀ ਤੇਰੇ ਦੁਆਰੇ ਮੰਗੀਏ ਭਿੱਖ, ਭਿੱਖਕ ਝੋਲੀ ਦੇ ਭਰਾਇਆ । ਜੁਗ ਚੌਕੜੀ ਲੇਖਾ ਰਿਹਾ ਮੁੱਕ, ਵੇਲਾ ਅੰਤ ਨਜ਼ਰੀ ਆਇਆ । ਕਿਸੇ ਕੋਲ ਦਿਸੇ ਨਾ ਕੁੱਛ, ਖ਼ਾਲੀ ਹੱਥ ਰਹੇ ਵਖਾਇਆ । ਸਾਡੀ ਕਰਨੀ ਹੁਣ ਨਾ ਪੁੱਛ, ਜਿਉਂ ਭਾਵੇ ਤਿਉਂ ਲੈ ਚਲਾਇਆ । ਸ੍ਰਿਸ਼ਟ ਸਬਾਈ ਬੈਠੀ ਰੁੱਸ, ਮੁਖੜਾ ਮੁਖ ਮੁਖ ਭੁਆਇਆ । ਕਬੀਰ ਜੁਲਾਹਾ ਕਹੇ ਮੈਨੂੰ ਲੱਗਾ ਦੁੱਖ, ਮੇਰੀ ਸਿਖਿਆ ਸਿੱਖ ਕੇ ਭਗਤ ਨਾ ਕੋਇ ਅਖਵਾਇਆ । ਮੁੜ ਮੁੜ ਜੂਨੀ ਮਾਤ ਗਰਭ ਉਲਟਾ ਰੁਖ, ਦਸ ਦਸ ਮਾਸ ਅਗਨ ਕੁੰਡ ਤਪਾਇਆ । ਅਸੀਂ ਦੂਰ ਦੁਰਾਡੇ ਬੈਠੇ ਲੁਕ, ਨੇਤਰ ਨੈਣ ਰਹੇ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਭੁੱਲ ਅਭੁੱਲ ਅਭੁੱਲ, ਭੁੱਲ ਸਭ ਦੀ ਦੇ ਬਖ਼ਸ਼ਾਇਆ । ਬਖ਼ਸ਼ਣਹਾਰ ਇਕ ਗੋਪਾਲ, ਹਰਿ ਜੂ ਹਰਿ ਹਰਿ ਖੇਲ ਕਰਾਈਆ । ਸਚਖੰਡ ਦੇ ਸਾਚੇ ਲਾਲ,

ਕਲਜੁਗ ਅੰਤਮ ਵੇਖ ਵਖਾਈਆ । ਪਹਿਲਾ ਲੇਖਾ ਸਿੰਘ ਪਾਲ, ਸਚ ਪਾਲਕੀ ਵਿਚ ਰਖਾਈਆ । ਸਿੰਘ ਸਵਰਨ ਹੋ ਦਿਆਲ, ਸਾਵਣ ਰੁੱਤ ਆਪ ਸੁਹਾਈਆ । ਮਨਜੀਤ ਲੇਖਾ ਦੋ ਜਹਾਨ, ਬਾਲੀ ਬੁੱਧ ਬੁੱਧ ਵਡਿਆਈਆ । ਜਗਦੀਸ਼ ਸਿਖਿਆ ਦਏ ਸਖਾਲ, ਸਾਚੀ ਸਿਖਿਆ ਏਕਾ ਰੰਗ ਵਖਾਈਆ । ਬਲ ਬਾਵਨ ਖੇਲ ਨਿਆਰ, ਬਲ ਉਠਿਆ ਆਪਣੀ ਵਾਰ, ਦੋਏ ਜੋੜ ਕਰ ਨਿਮਸਕਾਰ, ਗੋਬਿੰਦ ਲੇਖਾ ਅੰਤਮ ਵਾਰ, ਸਿੰਘ ਗੁਰਦਿਆਲ ਆਪਣੀ ਝੋਲੀ ਪਾਈਆ । ਸਚਖੰਡ ਦਾ ਸਚ ਵਿਹਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਏਕੰਕਾਰ, ਦੂਜਾ ਭੇਵ ਕੋਇ ਨਾ ਪਾਈਆ । ਸ਼ਾਹੋ ਭੂਪ ਬਣ ਸਿਕਦਾਰ, ਰਾਜਨ ਰਾਜ ਆਪ ਗਿਰਧਾਰ, ਸੀਸ ਤਾਜ ਜਗਤ ਜਗਦੀਸ਼ ਇਕ ਸੁਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲਹਿਣਾ ਦੇਣਾ ਕਰਜ਼ ਦਏ ਉਤਾਰ, ਵਰਨ ਬਰਨ ਕਰੇ ਖੁਆਰ, ਜ਼ਾਤ ਪਾਤ ਮਾਰੇ ਮਾਰ, ਆਤਮ ਪਰਮਾਤਮ ਏਕਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਪੰਜ ਤਤ ਮੇਲ ਮਿਲਾਏ ਨਾਲ, ਤੇਈ ਅਵਤਾਰ ਬਣ ਦਲਾਲ, ਈਸਾ ਮੂਸਾ ਮੁਹੰਮਦ ਚਾਰ ਯਾਰ ਜਲਵਾ ਦਏ ਵਖਾਲ, ਗੁਰ ਦਸ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਸਚ ਸੰਦੇਸ਼ਾ ਇਕ ਸਿਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਜਣਾਈਆ । ਸਾਚਾ ਲਹਿਣਾ ਅੰਤਮ ਮੀਤ, ਪੰਚਮ ਮੀਤਾ ਆਪ ਚੁਕਾਇੰਦਾ । ਸਚਖੰਡ ਦੀ ਸਾਚੀ ਰੀਤ, ਨਿਰਗੁਣ ਸਰਗੁਣ ਇਕ ਪ੍ਰੀਤ, ਪ੍ਰੀਤੀਵਾਨ ਆਪ ਜਣਾਇੰਦਾ । ਤ੍ਰੈਗੁਣ ਅਤੀਤਾ ਠਾਂਡਾ ਸੀਤ, ਬੈਠਾ ਰਹੇ ਇਕ ਅਤੀਤ, ਤ੍ਰੈਭਵਨ ਧਨੀ ਆਪਣੀ ਖੇਲ ਆਪ ਕਰਾਇੰਦਾ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸਾਧਾਂ ਸੰਤਾਂ ਅੰਤਮ ਆਪੇ ਲਏ ਜੀਤ, ਜਿਤ ਹਾਰ ਆਪਣੇ ਹੱਥ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਆਪਣਾ ਖੇਲ ਕਰਾਇੰਦਾ । ਨਿਰਗੁਣ ਸਰਗੁਣ ਈਸ਼ ਜੀਵ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਸੁਨਾਵਣਹਾਰਾ ਸਾਚਾ ਗੀਤ, ਸੋਹਲਾ ਢੋਲਾ ਆਪ ਪ੍ਰਗਟਾਇੰਦਾ । ਨਾਤਾ ਤੋੜਨਹਾਰ ਮੰਦਰ ਮਸੀਤ, ਧਾਮ ਵਖਾਏ ਇਕ ਅਨਡੀਠ, ਮਹੱਲ ਅਟੱਲ ਅਟੱਲ ਇਕ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਰੱਖੇ ਆਪਣੇ ਹੱਥ, ਹਰਿ ਆਪਣੀ ਖੇਲ ਕਰਾਇੰਦਾ । ਜੁਗ ਚੌਕੜੀ ਵੇਸ ਵਟਾ ਪੁਰਖ ਸਮਰਥ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਅੱਖਰ ਬਾਣੀ ਬੋਧ ਅਗਾਧ ਅਕੱਥਨੀ ਅਕੱਥ, ਕਥ ਕਥ ਰਸਨਾ ਜਿਹਵਾ ਗੀਤ ਅਲਾਇੰਦਾ । ਸਾਧਾਂ ਸੰਤਾਂ ਜੀਵਾਂ ਜੰਤਾਂ ਜੀਵਣ ਜੁਗਤੀ ਮਾਰਗ ਦੱਸ, ਜਗਤ ਧੰਦੇ ਆਪ ਲਗਾਇੰਦਾ । ਵੇਖਣਹਾਰਾ ਖੇਲ ਤਮਾਸ਼ ਮੰਡਲ ਮੰਡਪ ਪਾਵੇ ਰਾਸ, ਨਿਤ ਨਵਿਤ ਕਰੇ ਹਿਤ ਅਬਿਨਾਸ਼ੀ ਅਚੁਤ ਆਪਣਾ ਰੂਪ ਅਨੂਪ ਧਰਾਇੰਦਾ । ਕਲਜੁਗ ਅੰਤਮ ਏਕੰਕਾਰਾ ਵਡ ਬਲਕਾਰਾ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਇਕੇਲਾ ਗਿਆ ਉਠ, ਉਠ ਉਠ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨ ਕਰਾਵਣਹਾਰ ਕਰਤਾ ਕੁਦਰਤ ਆਪਣਾ ਰੰਗ ਵਖਾਇੰਦਾ । ਕੁਦਰਤ ਕਾਦਰ ਵਖਾਏ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਸਚਖੰਡ ਨਿਵਾਸੀ ਇਕ ਵਜਾਏ ਮਰਦੰਗ, ਵਡ ਮਰਦਾਨਾ ਆਪ ਵਜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਦੋ ਜਹਾਨ ਸ੍ਰੀ ਭਗਵਾਨ ਧਰਤ ਧਵਲ ਪ੍ਰਿਥਮੀ ਆਕਾਸ਼ ਚਰਨਾਂ ਹੇਠ ਦਬਾਈਆ । ਜੁਗਾ ਜੁਗੰਤਰ ਬੁਝਾਏ ਬਸੰਤਰ ਸੁਣਾਏ ਮੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਆਪਣਾ ਆਸਣ ਲਾਈਆ । ਵਸਣਹਾਰਾ ਗਗਨ ਗਗਨੰਤਰ, ਲੇਖਾ ਜਾਣੇ ਬ੍ਰਹਮ ਨਿਰੰਤਰ, ਨਿਰਗੁਣ


੩੦੨
੧੨

ਨੂਰ ਨੂਰ ਰੁਸ਼ਨਾਈਆ । ਜੋਤੀ ਜਾਤਾ ਪੁਰਖ ਬਿਧਾਤਾ ਮੇਟਣਹਾਰ ਅੰਧੇਰੀ ਰਾਤਾ ਸਚ ਸੁਣਾਏ ਸਾਚੀ ਗਾਥਾ, ਨਿਸ਼ਅੱਖਰ ਪੜ੍ਹ ਪੜ੍ਹ ਸਾਚੇ ਮੰਦਰ ਉਚੀ ਚੋਟੀ ਚੜ੍ਹ ਚੜ੍ਹ ਆਪਣਾ ਰਾਗ ਅਲਾਇੰਦਾ । ਕਲਜੁਗ ਅੰਤਮ ਧਰਮ ਦੁਆਰੇ ਆਪੇ ਖੜ ਖੜ, ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ, ਲਹਿਣਾ ਦੇਣਾ ਨੇਤਰ ਨੈਣਾਂ ਸਭ ਨੂੰ ਰਿਹਾ ਵਖਾਈਆ । ਸਰਨ ਸਰਨਾਈ ਸਾਰੇ ਪੜ੍ਹ ਪੜ੍ਹ, ਮੂੰਹ ਦੇ ਭਾਰ ਡਿੱਗੇ ਦੜ ਦੜ, ਅੱਗੇ ਕੋਈ ਨਾ ਸਕੇ ਅੜ ਅੜ, ਆਪਣਾ ਬਲ ਨਾ ਕੋਇ ਜਣਾਈਆ । ਆਪਣੀ ਕਿਰਪਾ ਆਪੇ ਕਰ ਕਰ, ਦੇਵਣਹਾਰਾ ਸਾਚਾ ਵਰ ਵਰ, ਜੁਗ ਜੁਗ ਵੇਖਣਹਾਰਾ ਦਰ ਦਰ, ਘਰ ਘਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਮੁਕਾਈਆ । ਸਭ ਦਾ ਲੇਖਾ ਅਗੰਮ ਅਪਾਰ, ਅਲਖ ਅਗੋਚਰ ਆਪ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾਲ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਇੰਦਾ । ਸ਼ਬਦ ਅਗੰਮੀ ਬਣ ਦਲਾਲ, ਵੇਖਣਹਾਰਾ ਹੱਕ ਹਲਾਲ, ਹਕੀਕਤ ਆਪਣਾ ਭੇਵ ਚੁਕਾਇੰਦਾ । ਗੁਰਮੁਖ ਸੱਜਣ ਲਏ ਭਾਲ, ਆਪੇ ਵੇਖੇ ਬਾਲੇ ਬਾਲ, ਬਾਲ ਅਞਾਣੇ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਏਕੰਕਾਰਾ ਵਿਚ ਸੰਸਾਰਾ, ਵਡ ਸੰਸਾਰੀ ਆਪ ਲਗਾਇੰਦਾ । ਵਡ ਸੰਸਾਰੀ ਵੱਡਾ ਵਡ, ਭੇਵ ਕਿਸੇ ਨਾ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਕੁੱਖੋਂ ਕੱਢ, ਅੰਤਮ ਆਪਣੇ ਵਿਚ ਲਏ ਛੁਪਾਇਆ । ਅੱਖਰ ਨਾਮ ਲੋਕਮਾਤ ਜਾਏ ਛੱਡ, ਨਿਸ਼ਅੱਖਰ ਨਾਮ ਨਿਰਗੁਣ ਨਿਰਗੁਣ ਵਿਚ ਰਖਾਇਆ । ਪੰਜ ਤਤ ਕਾਇਆ ਚੋਲੇ ਵਿਚੋਂ ਕੱਢ, ਆਪ ਆਪਣੀ ਗੋਦ ਟਿਕਾਇਆ । ਅਗਨੀ ਭੇਟ ਪੰਜ ਤਤ ਕਾਇਆ ਹੱਡ, ਧੂਆਂਧਾਰ ਧਾਰ ਸਮਾਇਆ । ਜੁਗ ਜੁਗ ਚਲਾਏ ਆਪਣੀ ਯੱਦ, ਭਗਤਾਂ ਭਗਵਾਨ ਲਏ ਪ੍ਰਗਟਾਇਆ । ਸਚ ਦੁਆਰੇ ਆਪੇ ਸੱਦ, ਸਚ ਸੰਦੇਸ਼ਾ ਦਏ ਸੁਣਾਇਆ । ਕਰੇ ਕਰਾਏ ਪਾਰ ਹੱਦ, ਪਾਰ ਕਿਨਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇਆ । ਜੁਗ ਜੁਗ ਰਾਹ ਅਵੱਲੜਾ, ਚਲੇ ਚਲਾਏ ਹਰਿ ਨਿਰੰਕਾਰ । ਕਲਜੁਗ ਅੰਤਮ ਕਰਿਆ ਖੇਲ ਸੁਖੱਲੜਾ, ਸੁਖ ਆਤਮ ਦਏ ਆਧਾਰ । ਜੋਤੀ ਸ਼ਬਦੀ ਆਪੇ ਰਲੜਾ, ਪੰਜ ਤਤ ਨਾ ਕੋਇ ਆਕਾਰ । ਸਚ ਸੰਦੇਸ਼ਾ ਇਕੋ ਘੱਲੜਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿ ਜੈਕਾਰ । ਜਨ ਭਗਤ ਦੁਆਰ ਆਪੇ ਖਲੜਾ, ਹਰਿਜਨ ਸਾਚੇ ਪਾਏ ਸਾਰ । ਨਿਹਚਲ ਧਾਮ ਵਖਾਏ ਇਕ ਅਟੱਲੜਾ, ਊਚੋ ਊਚ ਊਚ ਮੁਨਾਰ । ਦੀਪ ਪ੍ਰਕਾਸ਼ ਏਕਾ ਬਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰਾ ਖੇਲ ਨਿਆਰਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਕਲਜੁਗ ਅੰਤਮ ਪਾਰ ਕਿਨਾਰਾ ਵਿਚ ਸੰਸਾਰਾ, ਨਿਰਗੁਣ ਧਾਰਾ ਆਪ ਵਖਾਈਆ । ਊਚ ਨੀਚ ਰਾਓ ਰੰਕ ਦੇ ਸਹਾਰਾ, ਏਕਾ ਨਾਮ ਵਣਜ ਵਪਾਰਾ, ਸਾਚਾ ਹੱਟ ਇਕ ਚਲਾਈਆ । ਏਕਾ ਮੰਦਰ ਗੁਰੂ ਦੁਆਰਾ, ਇਕ ਠਾਕਰ ਸੁਆਮੀ ਪਾਏ ਸਾਰਾ, ਇਕੋ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਏਕਾ ਸ਼ਬਦ ਇਕ ਜੈਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਰ ਹਰਿ ਆਪਣੀ ਦਇਆ ਕਮਾਈਆ । ਨਰ ਹਰਿ ਨਰਾਇਣ ਜੋਤ ਨਿਰੰਕਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਪੀਤ ਪੀਤੰਬਰ ਸੋਹੇ ਸੀਸ ਦਸਤਾਰ, ਸ਼ਬਦ ਆਧਾਰ ਇਕ ਰਖਾਇੰਦਾ । ਸੱਦਾ ਦੇਵੇ ਦੋ ਜਹਾਨ ਵਾਰੋ ਵਾਰ, ਚਾਰ ਜੁਗ ਵਿਛੜੇ ਮੇਲ ਮਿਲਾਇੰਦਾ ।

ਸਾਰੇ ਰਲ ਮਿਲ ਗੌਣਾ ਇਕ ਕਰਤਾਰ, ਕਰਨੀ ਕਰਤਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਇਕ ਗਿਆਨ, ਚਰਨ ਕਵਲ ਸਚ ਧਿਆਨ, ਅਸ਼ਨਾਨ ਅੰਤਰ ਆਤਮ ਇਕ ਕਰਾਇੰਦਾ ।

### ✳ ੨੩ ਜੇਠ ੨੦੧੯ ਬਿਕਰਮੀ ਮਾਇਆ ਦੇਵੀ ਦੇ ਗ੍ਰਿਹ ਪਿੰਡ ਸੀੜ ਜੰਮੂ ✳

ਬਿਨ ਦੇਖਿਆਂ ਲਏ ਦੇਖ, ਸਤਿਗੁਰ ਪੂਰੇ ਵਡ ਵਡਿਆਈਆ । ਬਿਨ ਪੇਖਿਆਂ ਲਏ ਪੇਖ, ਪੇਖਤ ਪੇਖਤ ਖ਼ੁਸ਼ੀ ਮਨਾਈਆ । ਬਿਨ ਲੇਖਿਉਂ ਲਿਖੇ ਰੇਖ, ਲੇਖਾ ਆਪਣਾ ਦਏ ਜਣਾਈਆ । ਬਿਨ ਦੇਸੋਂ ਵਸਾਏ ਸਾਚਾ ਦੇਸ, ਆਪ ਆਪਣੀ ਵੰਡ ਵੰਡਾਈਆ । ਬਿਨ ਨਰੇਸ਼ੋਂ ਹੋਏ ਨਰੇਸ਼, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਵੰਡ ਵੰਡਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਗਿਆਨ ਆਪਣਾ ਨਾਉਂ ਜਣਾਇੰਦਾ । ਬਿਨ ਤੀਰਥ ਕਰਾਏ ਅਸ਼ਨਾਨ, ਚਰਨ ਧੂੜ ਆਪ ਨੁਹਾਇੰਦਾ । ਬਿਨ ਵਸਤੋਂ ਦੇਵੇ ਦਾਨ, ਨਾਮ ਅਨਡਿਠੀ ਦੌਲਤ ਆਪ ਵਰਤਾਇੰਦਾ । ਬਿਨ ਪੰਜ ਤਤ ਬਣੇ ਸਾਚਾ ਕਾਹਨ, ਨਿਰਗੁਣ ਨੂਰ ਆਪ ਪ੍ਰਗਟਾਇੰਦਾ । ਬਿਨ ਕਰਨੀ ਦੇਵੇ ਮਾਣ, ਕਰਤਾ ਪੁਰਖ ਜਿਸ ਜਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਰਖਾਇੰਦਾ । ਬਿਨ ਜਗਾਇਆਂ ਜਾਏ ਜਾਗ, ਜਾਗਣਹਾਰਾ ਇਕ ਅਖਵਾਈਆ । ਬਿਨ ਭਾਗਾਂ ਲਾਏ ਭਾਗ, ਜਿਸ ਦੁਆਰੇ ਚਰਨ ਛੁਹਾਈਆ । ਬਿਨ ਚਿਰਾਗੋਂ ਜਗਾਏ ਚਿਰਾਗ, ਨੂਰ ਆਪਣਾ ਇਕ ਧਰਾਈਆ । ਬਿਨ ਰੱਸੀਉਂ ਪਕੜੇ ਵਾਗ, ਬਣ ਸੇਵਕ ਸੇਵ ਕਮਾਈਆ । ਬਿਨ ਮਾਘ ਮਜਨ ਕਰਾਏ ਸਾਚੇ ਮਾਘ, ਗੁਰਸਿਖ ਰੱਤੀ ਰੱਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਨੈਣ ਦਰਸਾਈਆ । ਬਿਨ ਜਾਣਿਆਂ ਜਾਏ ਜਾਣ, ਜਾਨਣਹਾਰ ਇਕ ਅਖਵਾਇੰਦਾ । ਬਣ ਨਿਮਾਣਾ ਨਿਮਾਣਿਆਂ ਦੇਵੇ ਮਾਣ, ਮਾਣ ਇਕੋ ਇਕ ਵਖਾਇੰਦਾ । ਜੁਗ ਜੁਗ ਵਿਛੜੇ ਮੇਲੇ ਦਰ ਦਰ ਆਣ, ਦਰ ਦਰਵੇਸ਼ ਖੇਲ ਕਰਾਇੰਦਾ । ਬਿਨ ਰਸਨਾ ਜਿਹਵਾ ਗਾਏ ਗਾਣ, ਗਾਣਾ ਇਕੋ ਇਕ ਅਲਾਇੰਦਾ । ਬਿਨ ਬੱਤੀ ਦੰਦ ਪੀਣ ਖਾਣ, ਅੰਮ੍ਰਿਤ ਰਸ ਇਕ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਰੰਗ ਵਖਾਇੰਦਾ । ਬਿਨ ਰੰਗ ਚੜ੍ਹਾਏ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਬਿਨ ਡੋਰ ਉਡਾਏ ਪਤੰਗ, ਸੁਰਤੀ ਸ਼ਬਦ ਨਾਲ ਬੰਧਾਈਆ । ਬਿਨ ਢਾਹਿਉਂ ਢਾਹੇ ਕੰਧ, ਦੂਈ ਦਵੈਤੀ ਦਏ ਮਿਟਾਈਆ । ਏਕਾ ਦੇਵੇ ਸਚ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਗੁਰਮੁਖ ਪਾਏ ਬੰਧਨ ਬੰਧ, ਬੰਦੀਖ਼ਾਨਾ ਇਕ ਵਖਾਈਆ । ਜਿਸ ਬੰਦੀਖ਼ਾਨੇ ਭਗਤ ਭਗਵਾਨ ਮਿਲ ਮਿਲ ਗਾਇਣ ਛੰਦ, ਦੂਸਰ ਕੋਇ ਰਹਿਣ ਨਾ ਪਾਈਆ । ਉਪਰ ਚੜ੍ਹੇ ਨਾ ਕੋਇ ਨਾਲ ਕਮੰਦ, ਮਹੱਲ ਅਟੱਲ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਜੁਗ ਜੁਗ ਮੰਗਾਂ ਰਹੇ ਮੰਗ, ਜੰਗਲ ਜੂਹ ਉਜਾੜ ਪਹਾੜ ਧਿਆਨ ਲਗਾਈਆ । ਪੁਰਖ ਬਿਧਾਤਾ ਹਰਿਜਨ ਵਿਰਲੇ ਵਸੇ ਸੰਗ, ਬਣ ਸੰਗੀ ਸਾਥ ਨਿਭਾਈਆ । ਜਨਮ ਜਨਮ ਦਾ ਮੇਟੇ ਪੰਧ, ਬਣ ਪਾਂਧੀ ਫੇਰਾ ਪਾਈਆ । ਸਚਖੰਡ

ਦੀ ਸਾਚੀ ਵੰਡ, ਗੁਰਮੁਖ ਸਾਚੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਿਨ ਨੇਤਰ ਵੇਖੇ ਨੇਤ, ਨੇੜ ਦੂਰ ਨਾ ਕੋਇ ਰਖਾਇੰਦਾ । ਬਿਨ ਪੁਛਿਆਂ ਕਰੇ ਹੇਤ, ਪੂਰਬ ਲਹਿਣਾ ਝੋਲੀ ਪਾਇੰਦਾ । ਕਲਜੁਗ ਅੰਤਮ ਮੇਟਣਹਾਰਾ ਰੇਖ, ਰੇਖਾ ਆਪਣੀ ਆਪ ਬਦਲਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਹਰਿ ਜੂ ਆਪਣਾ ਖੇਲ ਕਰਾਇੰਦਾ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼, ਗਣੇਸ਼ ਗਣਪਤ ਆਪਣੇ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਤਾ ਕਰ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਨਿਰਗੁਣ ਸਰਗੁਣ ਜੋਤ ਧਰ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਕਰੇ ਖੇਲ ਜਨਮੇ ਜਨਮ ਮਰ ਮਰ, ਮਰਨ ਜੰਮਣ ਗੇੜੇ ਵਿਚ ਭੁਆਈਆ । ਵੇਸ ਵਟਾਏ ਉਚ ਮਹੱਲੇ ਚੜ੍ਹ ਚੜ੍ਹ, ਦਰ ਘਰ ਸਾਚੇ ਸੋਭਾ ਪਾਈਆ । ਰਾਗ ਸੁਣਾਏ ਨਿਸ਼ਅੱਖਰ ਪੜ੍ਹ ਪੜ੍ਹ, ਅੰਤਰ ਆਤਮ ਏਕਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਦ ਦਏ ਸਮਝਾਈਆ । ਸਾਚਾ ਨਾਦ ਸ੍ਰੀ ਭਗਵਾਨ, ਸਚਖੰਡ ਨਿਵਾਸੀ ਆਪ ਜਣਾਇੰਦਾ । ਥਿਰ ਘਰ ਵਜਾਏ ਆਪ ਭਗਵਾਨ, ਭਗਵਨ ਆਪਣੀ ਸੇਵ ਕਮਾਇੰਦਾ । ਨਜ਼ਰ ਨਾ ਆਏ ਕੋਇ ਨਿਸ਼ਾਨ, ਆਕਾਰ ਆਕਾਰ ਨਾ ਕੋਇ ਪ੍ਰਗਟਾਇੰਦਾ । ਕਰ ਕਿਰਪਾ ਦੇਵੇ ਦਾਨ, ਗੁਰ ਅਵਤਾਰਾਂ ਅੰਦਰੇ ਅੰਦਰ ਸੁਣਾਇੰਦਾ । ਭਗਤ ਭਗਵੰਤ ਕਰ ਪਰਵਾਨ, ਕਾਇਆ ਚੋਲੀ ਅੰਦਰ ਰਾਗ ਅਲਾਇੰਦਾ । ਸਾਚੇ ਸੰਤਾਂ ਸਤਿ ਨਿਸ਼ਾਨ, ਘਰ ਘਰ ਵਿਚ ਆਪ ਵਖਾਇੰਦਾ । ਨਿਰਗੁਣ ਨਿਰਗੁਣ ਖੇਲ ਮਹਾਨ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਏਕਾ ਦੇਵੇ ਸਚ ਧਿਆਨ, ਚਰਨ ਕਵਲ ਦਰਸਾਇੰਦਾ । ਏਕਾ ਆਤਮ ਦੇ ਗਿਆਨ, ਨਿਸ਼ਅੱਖਰ ਰੂਪ ਵਖਾਇੰਦਾ । ਬੋਲਣਹਾਰਾ ਬੇ ਜ਼ਬਾਨ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਹੁਕਮ ਦੇਵੇ ਇਕ ਫ਼ਰਮਾਣ, ਸਚ ਸੰਦੇਸ਼ਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਦ ਘਰ ਘਰ ਵਿਚ ਆਪ ਅਲਾਇੰਦਾ । ਸਾਚਾ ਨਾਦ ਸ਼ਬਦ ਧੁਨ, ਧੁਨ ਆਤਮਕ ਕਰੇ ਸ਼ਨਵਾਈਆ । ਗੁਰਮੁਖ ਵਿਰਲਾ ਲਏ ਸੁਣ, ਜਿਸ ਹਰਿ ਜੂ ਆਪ ਸੁਣਾਈਆ । ਆਪ ਜਣਾਏ ਆਪਣੇ ਗੁਣ, ਅਵਗੁਣ ਨਾ ਕੋਇ ਵਡਿਆਈਆ । ਲੱਖ ਚੁਰਾਸੀ ਛਾਣ ਪੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਗ ਇਕ ਸਮਝਾਈਆ । ਸਾਚਾ ਰਾਗ ਗੁਰੂ ਗੁਰ ਧਾਰ, ਘਰ ਘਰ ਵਿਚ ਆਪ ਜਣਾਇੰਦਾ । ਕਿਰਪਾ ਕਰ ਅਪਰ ਅਪਾਰ, ਅਪਰੰਪਰ ਆਪਣਾ ਭੇਵ ਖੁਲ੍ਹਾਇੰਦਾ । ਰਸਨਾ ਰਸ ਕਰ ਤਿਆਰ, ਰਸ ਅੰਮ੍ਰਿਤ ਮੁਖ ਚਖਾਇੰਦਾ । ਬੱਤੀ ਦੰਦ ਦੇ ਆਧਾਰ, ਸਚ ਆਧਾਰੀ ਦਇਆ ਕਮਾਇੰਦਾ । ਅੰਦਰੋਂ ਕੱਢਣਹਾਰਾ ਬਾਹਰ, ਆਪਣੀ ਇਛਿਆ ਆਪ ਪ੍ਰਗਟਾਇੰਦਾ । ਪੰਜ ਤਤ ਬੋਲ ਜੈਕਾਰ, ਨਾਦ ਸ਼ਬਦੀ ਨਾਦ ਵਜਾਇੰਦਾ । ਬ੍ਰਹਿਮੰਡ ਵਿਚ ਕਰ ਪਸਾਰ, ਜੇਰਜ ਅੰਡ ਆਪ ਸਮਝਾਇੰਦਾ । ਕਲਮ ਸ਼ਾਹੀ ਕਰ ਤਿਆਰ, ਸਰਗੁਣ ਆਪਣੀ ਧਾਰ ਜਣਾਇੰਦਾ । ਅੱਖਰ ਅੱਖਰ ਕਰ ਪਸਾਰ, ਪਸਰ ਪਸਾਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਖੇਲ ਅਨਾਦੀ ਸ਼ਬਦੀ ਬੋਧ, ਬੋਧ ਗਿਆਨ ਦ੍ਰਿੜਾਈਆ । ਭਗਤ ਭਗਵੰਤ ਹਿਰਦਾ ਸੋਧ, ਹਰਿ ਕੇ ਪੌੜੇ ਦਏ ਚੜ੍ਹਾਈਆ । ਜੀਵਣ ਜੁਗਤ ਨਾ ਕਰੇ ਜੋਧ, ਜੋਧਾ ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਦ ਆਪ ਪ੍ਰਗਟਾਈਆ । ਸਾਚਾ ਨਾਦ ਆਏ ਬਾਹਰ,

੩੦੫
੧੨

ਰਸਨਾ ਜਿਹਵਾ ਗੁਣ ਗੁਣ ਗਾਈਆ । ਅੰਤਰ ਅੱਖਰ ਹੋਏ ਉਜਿਆਰ, ਨਿਰਗੁਣ ਸਰਗੁਣ ਰੂਪ ਵਖਾਈਆ । ਲੋਕਮਾਤ ਕਰ ਤਿਆਰ, ਗੁਰ ਗੁਰ ਸੇਵਾ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਰੱਖੇ ਵੱਖਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੋਟੀ ਚੜ੍ਹ ਕੇ ਬੈਠਾ ਸਿਖਰ, ਸਿਕ ਗੁਰਮੁਖ ਮਿਲਣ ਦੀ ਇਕ ਰਖਾਈਆ ।

✳ ੨੩ ਜੇਠ ੨੦੧੯ ਬਿਕਰਮੀ ਦੌਲਤ ਰਾਮ ਦੇ ਗ੍ਰਿਹਿ ਪਿੰਡ ਕਲੋਏ ਜੰਮੂ ✳

ਹਰਿ ਕਿਰਪਾ ਗੁਰ ਹੋਏ ਦਿਆਲ, ਗੁਰ ਕਿਰਪਾ ਮਿਲੇ ਜੀਵ ਵਡਿਆਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਬੂਝ ਬੁਝਾਈਆ । ਜੋਤ ਨਿਰੰਜਣ ਦੀਪਕ ਏਕਾ ਬਾਲ, ਅੰਧ ਅੰਧੇਰ ਦਏ ਗਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਆਤਮ ਪਰਮਾਤਮ ਵਸੇ ਨਾਲ, ਸਗਲਾ ਸੰਗ ਰਖਾਈਆ । ਭੈ ਬਿਆਪੇ ਨਾ ਕੋਈ ਕਾਲ, ਰਾਏ ਧਰਮ ਨਾ ਦਏ ਸਜਾਈਆ । ਲੇਖੇ ਲੱਗੇ ਪੰਜ ਤਤ ਕਾਇਆ ਮਾਟੀ ਖਾਲ, ਹੱਡ ਮਾਸ ਨਾੜੀ ਰੱਤ ਕਰਤਾ ਕੀਮਤ ਪਾਈਆ । ਹਰਿ ਕਾ ਨਾਉਂ ਜੋ ਜਨ ਘਾਲਣ ਰਹੇ ਘਾਲ, ਕੀਤੀ ਘਾਲ ਲੇਖੇ ਪਾਈਆ । ਵੇਲੇ ਅੰਤ ਕਰੇ ਪ੍ਰਿਤਪਾਲ, ਏਥੇ ਓਥੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਭਗਤੀ ਇਕ ਦ੍ਰਿੜਾਈਆ । ਸਾਚੀ ਭਗਤੀ ਆਤਮ ਰੰਗ, ਗੁਰ ਸਤਿਗੁਰ ਆਪ ਦ੍ਰਿੜਾਇੰਦਾ । ਹਰਿ ਕਿਰਪਾ ਨਾਤਾ ਤੁੱਟੇ ਭੁੱਖ ਨੰਗ, ਸਤਿ ਸੰਤੋਖ ਧੀਰਜ ਸਤਿ, ਜਤ ਗਿਆਨ ਇਕ ਸਮਝਾਇੰਦਾ । ਕਾਇਆ ਅੰਤਰ ਪਏ ਠੰਡ, ਮਨ ਮਨਸਾ ਮੋਹ ਚੁਕਾਇੰਦਾ । ਭਰਮ ਭੁਲੇਖਾ ਦੂਈ ਦਵੈਤੀ ਢਾਹ ਕੰਧ, ਨੂਰ ਜ਼ਹੂਰ ਇਕ ਕਰਾਇੰਦਾ । ਬ੍ਰਹਮ ਪਾਰਬ੍ਰਹਮ ਸੁਣਾਏ ਛੰਦ, ਗੀਤ ਗੋਬਿੰਦ ਇਕ ਅਲਾਇੰਦਾ । ਦਿਵਸ ਰੈਣ ਰਹੇ ਅਨੰਦ, ਅੱਠੇ ਪਹਿਰ ਜਾਮ ਪਿਆਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਜੁਗ ਜੁਗ ਪਾਰ ਕਰਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦ, ਠਾਕਰ ਸੁਆਮੀ ਹਰਿਜਨ ਆਪ ਉਠਾਇੰਦਾ । ਲੇਖਾ ਜਾਣੇ ਰਸਨਾ ਜਿਹਵਾ ਬੱਤੀ ਦੰਦ, ਘਟ ਘਟ ਅੰਦਰ ਖੋਜ ਖੁਜਾਇੰਦਾ । ਮਾਣਸ ਜਨਮ ਬੇੜਾ ਬੰਨ੍ਹ, ਲੋਕਮਾਤ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਇਆਵਾਨ ਦੀਨ ਦਿਆਲਾ, ਪਾਰਬ੍ਰਹਮ ਪਤਿਪਰਮੇਸ਼ਵਰ ਵਡੀ ਵਡਿਆਈਆ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਇਕੋ ਮੰਤਰ ਨਾਮ ਪੜ੍ਹਾਈਆ । ਗੁਰ ਗੁਰ ਰੂਪ ਹੋਏ ਦਲਾਲਾ, ਸਚ ਦਲਾਲੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ੍ਰੀ ਭਗਵਾਨ, ਹਰਿ ਜੂ ਆਪਣਾ ਖੇਲ ਕਰਾਇੰਦਾ । ਗੁਰ ਗੁਰ ਦੇਵੇ ਏਕਾ ਦਾਨ, ਗੁਰਮੁਖਾਂ ਝੋਲੀ ਆਪ ਭਰਾਇੰਦਾ । ਘਰ ਮੇਲਾ ਸੁਰਤੀ ਸ਼ਬਦੀ ਕਾਹਨ, ਗੋਪੀ ਆਪਣਾ ਨਾਚ ਨਚਾਇੰਦਾ । ਭੇਵ ਚੁਕਾਏ ਸੀਤਾ ਰਾਮ, ਰਾਮ ਸੀਤਾ ਇਕੋ ਰੰਗ ਵਖਾਇੰਦਾ । ਸ਼ਬਦ ਅਗੰਮੀ ਤੀਰ ਨਿਰਾਲਾ ਉਠਾਏ ਬਾਣ, ਅਣਿਆਲਾ ਆਪ ਚਲਾਇੰਦਾ । ਨਾਤਾ ਤੋੜੇ ਪੰਜ ਸ਼ੈਤਾਨ, ਝੂਠੀ ਸ਼ਰਅ ਨਾ ਕੋਇ ਵਖਾਇੰਦਾ । ਏਕਾ ਨਾਦ ਸੁਣਾਏ ਕਾਨ, ਧੁੰਨ ਅਨਾਦੀ ਆਪ ਅਲਾਇੰਦਾ । ਕਰ ਪਰਕਾਸ਼ ਕੋਟਨ ਭਾਨ, ਗੁਰ ਸਤਿਗੁਰ ਵੇਖ ਵਖਾਇੰਦਾ । ਲੱਗੇ ਭਾਗ ਸਚ ਮਕਾਨ, ਕਾਇਆ ਕੰਚਨ ਗੜ੍ਹ ਵਡਿਆਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਿਲਾਏ ਆਪਣੇ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਸੋਹੇ ਠਾਂਡਾ ਦਰਬਾਰ, ਪੰਚਮ ਪੰਚ ਜੋੜ ਜੁੜਾਇਆ । ਕਮਲਾਪਾਤੀ ਕਰੇ ਪਿਆਰ, ਬੂੰਦ ਸਵਾਂਤੀ ਅੰਮ੍ਰਿਤ ਮੁਖ ਚੁਆਇਆ । ਮੇਟੇ ਅੰਧੇਰੀ ਰਾਤੀ ਧੁੰਆਧਾਰ, ਜੋਤ ਨਿਰੰਜਣ ਕਰ ਰੁਸ਼ਨਾਇਆ । ਦੇਵੇ ਦਰਸ ਦੀਨ ਦਿਆਲ, ਦੀਦਾਰ ਸੁਅੱਛ ਸਰੂਪੀ ਰੂਪ ਵਖਾਇਆ । ਆਸ਼ਾ ਤ੍ਰਿਸ਼ਨਾ ਹਉਮੇ ਹੰਗਤਾ ਦੇਵੇ ਮਾਰ, ਸਾਚੀ ਸੰਗਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਏਕਾ ਅੱਖਰ ਨਾਮ ਪੜ੍ਹਾਇਆ । ਸਾਚੀ ਸਿਖਿਆ ਗੁਰ ਸ਼ਬਦ ਵੀਚਾਰ, ਗੁਰ ਗੁਰ ਬੂਝ ਬੁਝਾਈਆ । ਚਰਨ ਕਵਲ ਕਵਲ ਚਰਨ ਧਰਤ ਧਵਲ ਦਏ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਵਰਨ ਗੋਤ ਜ਼ਾਤ ਪਾਤ ਊਚ ਨੀਚ ਦੁੱਖ ਦਏ ਨਿਵਾਰ, ਆਤਮ ਪਰਮਾਤਮ ਨਾਤਾ ਜੋੜ ਜੁੜਾਈਆ । ਬ੍ਰਹਮ ਰੂਪ ਨਜ਼ਰ ਆਏ ਸੰਸਾਰ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਏਕਾ ਨੂਰ ਦਏ ਦਰਸਾਈਆ । ਏਕਾ ਨੂਰ ਸਾਚਾ ਦਰਸ, ਗੁਰ ਸਤਿਗੁਰ ਆਪ ਕਰਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਸਾਂਤਕ ਸਤਿ ਸਤਿ ਵਰਤਾਇੰਦਾ । ਅੰਮ੍ਰਿਤ ਮੇਘ ਇਕੋ ਬਰਸ, ਤ੍ਰੈਗੁਣ ਅਗਨੀ ਤਤ ਬੁਝਾਇੰਦਾ । ਏਕਾ ਰਾਗ ਸੁਣਾਏ ਤਰਜ਼, ਸਾਚਾ ਢੋਲਾ ਏਕਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਟੇ ਵਿਛੋੜਾ ਦਰਦ, ਦਰਦੀ ਆਪਣਾ ਦਰਦ ਵੰਡਾਇੰਦਾ । ਦਰਦੀ ਦਰਦ ਵੰਡਾਏ ਦੀਨਾਂ ਨਾਥ, ਅਨਾਥ ਅਨਾਥਾਂ ਹੋਏ ਸਹਾਈਆ । ਹਰਿ ਭਗਤ ਚੜ੍ਹਾਏ ਸਾਚੇ ਰਾਥ, ਮਹਾਸਾਰਥੀ ਬਣ ਰਥਵਾਹੀ ਸੇਵ ਕਮਾਈਆ । ਪਾਰ ਕਿਨਾਰੇ ਲਾਏ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਜੁਗ ਚੌਕੜੀ ਅੰਤ ਭਗਵੰਤ ਜਨ ਭਗਤਾਂ ਪੁੱਛੇ ਵਾਤ, ਨਿਤ ਨਵਿਤ ਕਰ ਕਰ ਹਿੱਤ, ਲੋਕਮਾਤ ਫੇਰਾ ਪਾਈਆ । ਕਲਜੁਗ ਅੰਤ ਏਕਾ ਅੱਖਰ ਦੇਵੇ ਦਾਤ, ਆਤਮ ਪਰਮਾਤਮ ਕਰੇ ਸਚ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪਿਤ ਮਾਤ, ਨਿਰਗੁਣ ਸਰਗੁਣ ਆਪਣੀ ਗੋਦ ਉਠਾਈਆ ।



## ✳ ੨੩ ਜੇਠ ੨੦੧੯ ਬਿਕਰਮੀ ਦੇਵੀ ਸਿੰਘ ਦੇ ਗ੍ਰਿਹ ਮਘੋ ਵਾਲੀ ਜੰਮੂ ✳

ਥਿਰ ਘਰ ਕਹੇ ਮੇਰੇ ਦੀਨ ਦਿਆਲ, ਥਿਰ ਦਿਤੀ ਮਾਣ ਵਡਿਆਈਆ । ਸਤਿ ਸਤਿ ਦਾ ਸਚ ਨਿਸ਼ਾਨ, ਸਚਖੰਡ ਨਿਵਾਸੀ ਇਕ ਪ੍ਰਗਟਾਈਆ । ਸੁਤ ਦੁਲਾਰਾ ਅਵੱਲੜਾ ਲਾਲ, ਲਾਲਨ ਆਪਣੇ ਘਰ ਬਹਾਈਆ । ਮੈਂ ਨੇਤਰ ਪੇਖ ਪੇਖ ਹੋਵਾਂ ਨਿਹਾਲ, ਆਦਿ ਜੁਗਾਦਿ ਖ਼ੁਸ਼ੀ ਮਨਾਈਆ । ਮੇਰਾ ਬੰਕ ਬਣਿਆ ਸੱਚੀ ਧਰਮਸਾਲ, ਧਰਮ ਦੁਆਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਆਸ ਕਰਾਈਆ । ਥਿਰ ਘਰ ਦੁਆਰ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਇਆ । ਮੇਰਾ ਅੰਤਰ ਸੁਹਾਈ ਸਾਚੀ ਸੇਜ ਪਲੰਘ, ਨੇਤਰ ਨੈਣ ਨਜ਼ਰ ਕਿਸੇ ਨਾ ਆਇਆ । ਤੇਰਾ ਸੁਤ ਦੁਲਾਰਾ ਉਤੇ ਚੜ੍ਹ ਚੜ੍ਹ ਬਣੇ ਮਲੰਘ, ਆਪ ਆਪਣਾ ਨਾਚ ਨਚਾਇਆ । ਇਕ ਸੁਣਾਏ ਸਚ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਬੇਪਰਵਾਹਿਆ । ਸੁਤ ਦੁਲਾਰਾ ਤੇਰਾ ਉਠ, ਮੇਰਾ

ਘਰ ਸੁਹਾਈਆ । ਸੁਹੰਜਣੀ ਹੋਈ ਮੇਰੀ ਰੁੱਤ, ਰੁੱਤੜੀ ਇਕ ਮਹਿਕਾਈਆ । ਤੂੰ ਸਾਹਿਬ ਠਾਕਰ ਸੁਆਮੀ ਅਬਿਨਾਸ਼ੀ ਅਚੁਤ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੰਦਰ ਦਿਤਾ ਸੁਹਾਈਆ । ਮੇਰਾ ਮੰਦਰ ਤੇਰੀ ਨਿਸ਼ਾਨੀ, ਨਿਸ਼ਾਨਾ ਹੋਰ ਨਾ ਕੋਇ ਰਖਾਈਆ । ਦੀਪਕ ਜਗੇ ਜੋਤ ਨੁਰਾਨੀ, ਤੇਲ ਬਾਤੀ ਨਾ ਕੋਇ ਪਾਈਆ । ਕਰੇ ਖੇਲ ਗੁਣ ਨਿਧਾਨੀ, ਗੁਣ ਆਪਣਾ ਆਪ ਜਣਾਈਆ । ਨਿਸ਼ਅੱਖਰ ਇਕੋ ਪੜ੍ਹੇ ਬਾਣੀ, ਸਾਚੇ ਬਾਲੇ ਆਪ ਪੜ੍ਹਾਈਆ । ਇਕੋ ਗਾਏ ਅਕੱਥ ਕਹਾਣੀ, ਕਹਿ ਕਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤੀ ਸਚ ਵਡਿਆਈਆ । ਥਿਰ ਘਰ ਦੁਆਰਾ ਪਿਆ ਹੱਸ, ਪ੍ਰਭ ਚਰਨ ਧਿਆਨ ਲਗਾਇਆ । ਮੇਰਾ ਖੇੜਾ ਗਿਆ ਵਸ, ਸੁਤ ਤੇਰੇ ਆਸਣ ਲਾਇਆ । ਸਚ ਨੂਰ ਕਰ ਪ੍ਰਕਾਸ਼, ਮੇਰਾ ਅੰਧ ਅੰਧੇਰ ਮਿਟਾਇਆ । ਤੇਰੀ ਇਛਿਆ ਪੂਰੀ ਆਸ, ਮੇਰੀ ਆਸਾ ਇਛਿਆ ਵਿਚ ਟਿਕਾਇਆ । ਨਿਤ ਨਵਿਤ ਵਸਾਂ ਤੇਰੇ ਚਰਨ ਕਵਲ ਪਾਸ, ਚਰਨ ਚਰਨੋਦਕ ਏਕਾ ਮੰਗ ਮੰਗਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਗੇ ਨਾ ਫੇਰ ਪਿਆਸ, ਤ੍ਰਿਸ਼ਨਾ ਮੂਲ ਨਾ ਲਾਗੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮੇਰੀ ਆਸਾ ਪੂਰ ਕਰਾਇਆ । ਥਿਰ ਘਰ ਦਰਬਾਰੇ ਚੜ੍ਹਿਆ ਚਾਅ, ਚਾਓ ਘਨੇਰਾ ਇਕ ਰਖਾਈਆ । ਸਚਖੰਡ ਦੁਆਰੇ ਅੰਦਰ ਮੇਰਾ ਘਾੜਤ ਲਿਆ ਘੜਾ, ਘੜਨ ਭੰਨਣਹਾਰ ਆਪਣੀ ਦਇਆ ਕਮਾਈਆ । ਮੇਰੀ ਛੱਪਰ ਛੰਨ ਲਈ ਸੁਹਾ, ਛਹਿਬਰ ਆਪਣੀ ਆਪ ਲਗਾਈਆ । ਆਪਣਾ ਨੂਰ ਕਰ ਰੁਸ਼ਨਾ, ਮੇਰੀ ਆਸਾ ਪੂਰ ਕਰਾਈਆ । ਸੁਤ ਦੁਲਾਰਾ ਆਪਣਾ ਜਾਅ, ਸ਼ਬਦੀ ਸ਼ਬਦ ਵੰਡ ਵੰਡਾਈਆ । ਮੇਰੇ ਤਖ਼ਤ ਦਿਤਾ ਬਹਾ, ਤਖ਼ਤ ਨਿਵਾਸੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਦਿਤੀ ਵਡਿਆਈਆ । ਥਿਰ ਦਰਬਾਰਾ ਵੇਖੇ ਖੇਲ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਜੋਤੀ ਸ਼ਬਦੀ ਕਰ ਕਰ ਮੇਲ, ਆਪਣਾ ਬੰਧਨ ਪਾਇੰਦਾ । ਨਿਰਗੁਣ ਨਿਰਗੁਣ ਸੱਜਣ ਸੁਹੇਲ, ਸਗਲਾ ਸੰਗ ਨਿਭਾਇੰਦਾ । ਆਦਿ ਆਦਿ ਆਪੇ ਜਾਣੇ ਆਪਣਾ ਵੇਲ, ਅੰਤ ਅੰਤ ਆਪਣੇ ਹੱਥ ਰਖਾਇੰਦਾ । ਵਸਣਹਾਰਾ ਧਾਮ ਨਵੇਲ, ਅਗੰਮ ਅਗੰਮੜੀ ਕਾਰ ਕਰਾਇੰਦਾ । ਵੇਸ ਵਟਾਏ ਗੁਰੂ ਗੁਰ ਚੇਲ, ਗੁਰ ਚੇਲਾ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਮਾਣ ਰਖਾਇੰਦਾ । ਥਿਰ ਘਰ ਸਾਚਾ ਖੋਲ੍ਹੇ ਅੱਖ, ਆਪਣਾ ਨੈਣ ਉਠਾਈਆ । ਪ੍ਰਭ ਪਰਗਟ ਹੋਇਆ ਘਰ ਪਰਤੱਖ, ਪਰਤੱਖ ਆਪਣਾ ਰੂਪ ਵਟਾਈਆ । ਸੁਤ ਦੁਲਾਰੇ ਕਰ ਕੇ ਵੱਖ, ਘਰ ਮੇਰੇ ਦਏ ਬਹਾਈਆ । ਇਕ ਸੁਣਾਏ ਸਾਚਾ ਜਸ, ਜਸ ਆਪਣਾ ਨਾਉਂ ਪ੍ਰਗਟਾਈਆ । ਵੇਖਣਹਾਰਾ ਖੇਲ ਤਮਾਸ਼, ਸਾਚੀ ਖੇਲ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਬੇਅੰਤ ਬੇਅੰਤ ਤੇਰੀ ਮਹਿਮਾ ਤੋਹੇ ਬਣ ਆਈਆ । ਥਿਰ ਘਰ ਸਾਚਾ ਕਰੇ ਪੁਕਾਰ, ਘਰ ਘਰ ਵਿਚ ਦਏ ਸੁਣਾਈਆ । ਸੁਤ ਦੁਲਾਰਾ ਇਕ ਆਧਾਰ, ਦੂਸਰ ਦਿਸੇ ਨਾ ਕੋਇ ਸਹਾਈਆ । ਜੁਗ ਚੌਕੜੀ ਵੇਖੇ ਵਿਚ ਸੰਸਾਰ, ਕੋਟਨ ਕੋਟ ਗਏ ਬਿਤਾਈਆ । ਰਹਿਬਰ ਬਣ ਬਣ ਗਏ ਗੁਰ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰਾ ਸੱਚਾ ਦਰ, ਦਰ ਸਾਚਾ ਇਕ ਰਖਾਈਆ । ਥਿਰ ਘਰ ਕਹੇ ਕੋਟਨ ਅਵਤਾਰ, ਤੇਰਾ ਸ਼ਬਦੀ ਸੁਤ ਸੇਵਾ ਲਾਇੰਦਾ । ਆਵਣ ਜਾਵਣ ਵਿਚ ਸੰਸਾਰ, ਜੁਗ ਜੁਗ ਵੇਸ ਵਟਾਇੰਦਾ । ਗਾ ਗਾ ਜਾਵਣ

ਆਪਣੀ ਵਾਰ, ਜੋ ਸੋਹਲਾ ਰਾਗ ਸੁਣਾਇੰਦਾ । ਲਿਖ ਲਿਖ ਦੇ ਕੇ ਜਾਣ ਵਿਚ ਸੰਸਾਰ, ਕਾਗਜ਼ ਕਲਮ ਬੰਧਨ ਪਾਇੰਦਾ । ਆਪਣੀ ਮਹਿਮਾ ਦੱਸ ਗੁਫ਼ਤਾਰ, ਗੁਫ਼ਤ ਸ਼ਨੀਦ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਬੈਠਾ ਚੜ੍ਹ, ਥਿਰ ਘਰ ਵਸਾਇਆ ਮੇਰਾ ਘਰ, ਘਰ ਮੇਰਾ ਸੋਭਾ ਪਾਇੰਦਾ । ਥਿਰ ਘਰ ਸਾਚਾ ਕਹੇ ਸੁਣ ਪ੍ਰਭ ਮੇਰਾ ਹਾਲ, ਮੈਂ ਆਪਣਾ ਹਾਲ ਦਿਆਂ ਸੁਣਾਈਆ । ਤੇਰਾ ਸ਼ਬਦ ਸੁਤ ਕਰੇ ਕਮਾਲ, ਕੋਟਨ ਕੋਟ ਪੀਰ ਪੈਗੰਬਰ ਲਏ ਬਣਾਈਆ । ਨਿਰਗੁਣ ਸਰਗੁਣ ਕਰ ਦਲਾਲ, ਲੋਕਮਾਤ ਫੇਰਾ ਪਾਈਆ । ਕਿਰਨ ਕਿਰਨ ਕਿਰਨ ਵਿਚੋਂ ਏਕਾ ਕਿਰਨ ਦਏ ਨੂਰੀ ਜਲਾਲ, ਧਰਤ ਧਵਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਸਾਚਾ ਘਰ, ਘਰ ਸਾਚੇ ਖ਼ੁਸ਼ੀ ਮਨਾਈਆ । ਥਿਰ ਘਰ ਕਹੇ ਤੇਰਾ ਸੁਤ ਦੁਲਾਰਾ, ਭੇਵ ਕੋਇ ਨਾ ਆਇੰਦਾ । ਜੁਗਾ ਜੁਗੰਤਰ ਬਣ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਆਪਣੇ ਘਰ ਵਿਚੋਂ ਇਕ ਨਿੱਕਾ ਕਿਣਕਾ ਗੁਰ ਅਵਤਾਰਾਂ ਦੇ ਆਧਾਰਾ, ਲੋਕਮਾਤ ਸੇਵ ਲਗਾਇੰਦਾ । ਛੋਟੀ ਮੋਰੀ ਚੋਰੀ ਚੋਰੀ ਪਰਦਾ ਆਪੇ ਪਾੜਾ, ਨਿੱਕੀ ਨਿੱਕੀ ਨੰਨਾ ਬਣ ਬਣ ਆਪਣੀ ਗੁਫ਼ਤਾਰ ਸੁਣਾਇੰਦਾ । ਗੁਰ ਅਵਤਾਰ ਕਰਨ ਵੀਚਾਰਾ, ਸ਼ਬਦੀ ਅੰਤ ਨਾ ਪਾਰਾਵਾਰਾ, ਕਾਇਆ ਅੰਦਰ ਵਜਾਏ ਕਿੰਗ ਸਿਤਾਰਾ, ਅਨਾਦੀ ਅਨਹਦ ਨਾਦ ਸੁਣਾਇੰਦਾ । ਨੇਤਰ ਖੋਲ੍ਹਣ ਨਜ਼ਰ ਨਾ ਆਵੇ ਨੌਂ ਖੰਡ ਪ੍ਰਿਥਮੀ ਵਿਚ ਸੰਸਾਰਾ, ਅੰਦਰ ਵੜ ਕੇ ਬੈਠਾ ਡੂੰਘੀ ਗਾਰਾ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਮੇਰਾ ਮੰਦਰ ਸੋਭਾ ਪਾਇੰਦਾ । ਥਿਰ ਘਰ ਦੁਆਰਾ ਕਹੇ ਮੇਰੇ ਭਗਵਾਨ, ਵਾਹਵਾ ਤੇਰੀ ਵਡੀ ਵਡਿਆਈਆ । ਤੇਰਾ ਸੁਤ ਇਕੋ ਨੌਜਵਾਨ, ਨਾ ਮਰੇ ਨਾ ਜਾਈਆ । ਜੁਗਾ ਜੁਗੰਤਰ ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸ਼ਾ ਦਏ ਜਣਾਈਆ । ਤੇਰੀ ਇਛਿਆ ਹੋ ਪਰਧਾਨ, ਵਰਦਾਨ ਦੇਵੇ ਸੱਚਾ ਮਾਹੀਆ । ਵਿਸ਼ਨ ਬ੍ਰਹਮਾ ਸ਼ਿਵ ਖੇਲ ਮਹਾਨ, ਤ੍ਰੈਗੁਣ ਮੇਲਾ ਬੰਧਨ ਪਾਏ ਆਣ, ਪੰਜ ਤਤ ਆਪਣੀ ਇਛਿਆ ਲਏ ਪ੍ਰਗਟਾਈਆ । ਲੱਖ ਚੁਰਾਸੀ ਕਰ ਨਿਸ਼ਾਨ, ਘਟ ਘਟ ਵੇਖੇ ਆਪ ਮਕਾਨ, ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਬਣ ਬਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਰਹਿਮਤ ਮੇਰੇ ਉਤੇ ਕਮਾਈਆ । ਰਹਿਮਤ ਕਰੀ ਆਪ ਰਹਿਮਾਨ, ਥਿਰ ਘਰ ਸਾਚਾ ਕੂਕ ਸੁਣਾਇੰਦਾ । ਸ਼ਬਦੀ ਸ਼ਬਦ ਸ਼ਬਦ ਨਿਸ਼ਾਨ, ਦੋ ਜਹਾਨਾਂ ਇਕ ਵਖਾਇੰਦਾ । ਲੱਖ ਚੁਰਾਸੀ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਲੇਖਾ ਲਾਏ ਆਪ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਤੇਰੇ ਚਰਨ ਕਵਲ ਬਹਿ ਬਹਿ ਤੇਰਾ ਸ਼ੁਕਰ ਮਨਾਇੰਦਾ । ਤੇਰੇ ਚਰਨ ਕਵਲ ਸਚ ਸਹਾਰਾ, ਥਿਰ ਘਰ ਰਿਹਾ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖਦਾ ਰਿਹਾ ਵਾਰੋ ਵਾਰਾ, ਨੇਤਰ ਨੈਣ ਨੈਣ ਉਠਾਈਆ । ਤੇਰੇ ਹੁਕਮੇ ਅੰਦਰ ਤੇਰਾ ਸੁਤ ਕਰਦਾ ਰਿਹਾ ਆਪ ਪਸਾਰਾ, ਕੋਟਨ ਕੋਟ ਬ੍ਰਹਿਮੰਡ ਖੰਡ ਸੂਰਜ ਚੰਨ ਕਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰਾ, ਸ਼ਾਸਤਰ ਸਿਮਰਤ ਵੇਦ ਬਣ ਲਿਖਾਰਾ, ਗੁਰ ਅਵਤਾਰਾਂ ਕਰ ਉਜਿਆਰਾ , ਨੂਰ ਆਪਣਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਤੇਰੀ ਮਹਿਮਾ ਦਿਆਂ ਸੁਣਾਈਆ । ਤੇਰੀ ਮਹਿਮਾ ਹਰਿ ਅਕੱਥ, ਥਿਰ ਘਰ ਸਾਚਾ ਆਪ ਸੁਣਾਇੰਦਾ । ਜੁਗ ਚੌਕੜੀ

ਵੇਖਿਆ ਚਲਦਾ ਰਥ, ਦੋ ਜਹਾਨ ਖੇਲ ਕਰਾਇੰਦਾ । ਨਿਰਗੁਣ ਸਰਗੁਣ ਹੋ ਹੋ ਵੱਖ, ਸਰਗੁਣ ਨਿਰਗੁਣ ਅੰਗ ਲਗਾਇੰਦਾ । ਤੇਰਾ ਜਸ ਨਾਉਂ ਦੱਸਿਆ ਹੱਸ, ਹੱਸ ਮੁਖ ਸਾਲਾਹਿੰਦਾ । ਅੰਤਮ ਸਭ ਦੀ ਕਰ ਬਸ, ਬਸਤਾ ਕਾਇਆ ਬੰਨ੍ਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਸਾਚਾ ਘਰ, ਜਿਸ ਦੁਆਰੇ ਬਹਿ ਬਹਿ ਖ਼ੁਸ਼ੀ ਮਨਾਇੰਦਾ । ਥਿਰ ਘਰ ਸਾਚਾ ਕਹੇ ਬੋਲ, ਸਚ ਜੈਕਾਰ ਲਗਾਈਆ । ਨਵ ਨੌਂ ਚਾਰ ਵੇਖਿਆ ਤੇਰਾ ਤੋਲ, ਅਤੁਲ ਤੇਰੀ ਵਡਿਆਈਆ । ਜੁਗ ਚੌਕੜੀ ਕਰ ਕਰ ਘੋਲ, ਨਿਰਗੁਣ ਸਰਗੁਣ ਸਰਗੁਣ ਨਾਲ ਲੜਾਈਆ । ਆਪ ਬੈਠਾ ਰਿਹੋਂ ਅਡੋਲ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਫਰਾਈਆ । ਅੰਤ ਕੋਈ ਨਾ ਆਇਆ ਤੇਰੇ ਕੋਲ, ਰਾਹ ਵਿਚ ਬੈਠੇ ਡੇਰਾ ਲਾਈਆ । ਇਕ ਨਾਨਕ ਮਿਲੀ ਸਾਚੀ ਪਹੁਲ, ਅੰਮ੍ਰਿਤ ਚਰਨ ਬੂੰਦ ਛੁਹਾਈਆ । ਇਕ ਕਬੀਰਾ ਗਿਆ ਮੌਲ, ਜਿਸ ਕੀਮਤ ਕਰਤੇ ਪਾਈਆ । ਕੋਟਨ ਕੋਟ ਅਵਤਾਰ ਪੈਗ਼ੰਬਰ ਆਪਣੇ ਚਰਨਾਂ ਹੇਠਾਂ ਛੱਡੇ ਰੋਲ, ਰੌਲਾ ਸਾਰੇ ਰਹੇ ਪਾਈਆ । ਲੋਕਮਾਤ ਚੌਦਾਂ ਲੋਕ ਚੌਦਾਂ ਤਬਕ ਜੋ ਵਜਾ ਕੇ ਆਉਂਦੇ ਰਹੇ ਢੋਲ, ਆਪ ਆਪਣਾ ਬਲ ਵਖਾਈਆ । ਤੇਰੇ ਦਰ ਦੂਰ ਦੁਰਾਡੇ ਬੈਠੇ ਰਹੇ ਅਨਭੋਲ, ਆਪ ਆਪਣਾ ਤੇਰੇ ਚਰਨ ਨਾ ਸਕੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸਾਚਾ ਵਰ, ਦਰ ਸਾਚਾ ਮੇਰਾ ਨਾਉਂ ਧਰਾਈਆ । ਥਿਰ ਘਰ ਮੇਰਾ ਰੱਖਿਆ ਨਾਉਂ, ਥਿਰ ਤੇਰੀ ਵਡਿਆਈਆ । ਜੁਗ ਜੁਗ ਵੇਖਾਂ ਤੇਰਾ ਨਿਆਉਂ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਨਿਰਗੁਣ ਹੋ ਕੇ ਫੜਿਆ ਬਾਹੋਂ, ਸਰਗੁਣ ਰੂਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ

੩੧੦ ਵਖਾਉਣਾ ਸਾਚਾ ਦਰ, ਦਰ ਸਾਚੀ ਦਿਆਂ ਜਣਾਈਆ । ਥਿਰ ਘਰ ਕਹੇ ਤੂੰ ਨਿਰਗੁਣ ਨਿਰੰਕਾਰ, ਨਿਰਾਕਾਰ ਤੇਰੀ ਵਡਿਆਈਆ । ਜੁਗ ਚੌਕੜੀ ੩੧੦

੧੨ ਤੇਰਾ ਖੇਲ ਵੇਖਿਆ ਸਰਗੁਣ ਧਾਰ, ਤਤ ਤਤ ਨਾਲ ਮਿਲਾਈਆ । ਕਰ ਕਿਰਪਾ ਏਕਾ ਵਸਤ ਝੋਲੀ ਡਾਰ, ਖ਼ਾਲੀ ਝੋਲੀ ਦੇ ਭਰਾਈਆ । ਜੋਤੀ ੧੨

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਘਰ ਸਾਚੇ ਆਸ ਰਖਾਈਆ । ਸਾਚਾ ਵਰ ਕਵਣ ਕਰਤਾਰ, ਹਰਿ ਜੂ ਪੁੱਛ ਪੁਛਾਇੰਦਾ । ਜੁਗ ਚੌਕੜੀ ਵੇਖਦਾ ਰਿਹਾ ਸੰਸਾਰ, ਲੱਖ ਚੁਰਾਸੀ ਖੇਲ ਕਰਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਮੰਦਰ ਮਸਜਿਦ ਮੱਠ ਸ਼ਿਵਦੁਆਲੇ ਰਾਹ ਚਲਾਇੰਦਾ । ਵਸਣਹਾਰਾ ਹਸਤ ਕੀਟਾ, ਕਰੇ ਖੇਲ ਇਕ ਅਣਡੀਠਾ, ਅਨਭਵ ਆਪਣੀ ਧਾਰ ਰਖਾਇੰਦਾ । ਭਗਤ ਭਗਵਾਨ ਬਣ ਬਣ ਮੀਤਾ, ਜਗਤ ਜੁਗਤ ਚਲਾਈ ਰੀਤਾ, ਸਾਚੇ ਸੰਤ ਸੰਗ ਨਿਭਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਕੀਤਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਲਾ ਬੀਤਾ, ਥਿਰ ਕੋਇ ਰਹਿਣ ਨਾ ਪਾਇੰਦਾ । ਤ੍ਰੈਗੁਣ ਵੇਖੇ ਤਪੇ ਅੰਗੀਠਾ, ਪੰਜ ਤਤ ਚੜ੍ਹੇ ਉਪਰ ਚਿਤਾ, ਚਿੰਤਾ ਚਿਖ਼ਾ ਇਕ ਜਲਾਇੰਦਾ । ਥਿਰ ਘਰ ਪਿਆਰੇ ਸੁਤ ਦੁਲਾਰੇ ਤੇਰੀ ਵੰਡ ਇਕੋ ਦਿਤਾ, ਤੇਰੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹ ਭਗਵੰਤ, ਥਿਰ ਘਰ ਸਾਚੇ ਰਿਹਾ ਜਣਾਈਆ । ਕਲਜੁਗ ਖੇਲ ਕਰਾਂ ਵੇਲੇ ਅੰਤ, ਬੇਅੰਤ ਆਪਣੀ ਧਾਰ ਰਖਾਈਆ । ਨਿਰਗੁਣ ਮੇਲਾ ਨਾਰ ਕੰਤ, ਕੰਤ ਸੁਹਾਗ ਨਿਰਗੁਣ ਆਪ ਅਖਵਾਈਆ । ਵਸਣਹਾਰਾ ਲੱਖ ਚੁਰਾਸੀ ਜੀਵ

੩੧੧
੧੨

ਜੰਤ, ਹੁਕਮੇ ਹੁਕਮ ਆਪਣਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਕਵਣ ਦਰ, ਹਰਿ ਜੂ ਹਰਿ ਜਣਾਇਆ । ਥਿਰ ਘਰ ਮੰਗੇ ਏਕੋ ਵਰ, ਨਿਉਂ ਨਿਉਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਸਚ ਸੁਨੇਹੁੜਾ ਰਿਹਾ ਜਣਾਇਆ । ਘਰ ਵਿਚ ਸੁਹਾਵਾਂ ਸਾਚਾ ਘਰ, ਬੰਕ ਬੰਕ ਨਾਲ ਮਿਲਾਇਆ । ਸੁਤ ਦੁਲਾਰਾ ਇਕੋ ਫੜ, ਸਾਚੇ ਮੰਦਰ ਦਿਆਂ ਬਹਾਇਆ । ਨਿਰਗੁਣ ਹੋ ਕੇ ਵੇਖਾਂ ਖੜ੍ਹ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਜਿਸ ਲਗਾਈ ਲੱਖ ਚੁਰਾਸੀ ਜੜ੍ਹ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦਏ ਉਠਾਇਆ । ਥਿਰ ਘਰ ਸਾਚੇ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸੁਤ ਦੁਲਾਰਾ ਵਡ ਬਲਵਾਨ, ਜੁਗ ਜੁਗ ਖੇਲ ਕਰਾਇੰਦਾ । ਆਦਿ ਮੰਗੀ ਇਕੋ ਦਾਤ ਕਰ ਧਿਆਨ, ਚਰਨ ਕਵਲ ਸੀਸ ਝੁਕਾਇੰਦਾ । ਕਵਣ ਵੇਲਾ ਮੇਰਾ ਵਿਛੋੜਾ ਚੁਕਾਏਂ ਦੋ ਜਹਾਨ, ਜੋਤੀ ਜੋੜਾ ਜੋੜ ਜੁੜਾਇਆ । ਕੀਤਾ ਕੌਲ ਸ੍ਰੀ ਭਗਵਾਨ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਕਲਜੁਗ ਅੰਤਮ ਵੇਖੇ ਆਣ, ਨਿਰਗੁਣ ਆਪਣਾ ਰੂਪ ਧਰਾਇੰਦਾ । ਸਾਚਾ ਖੇਲ ਕਰੇ ਵਾਲੀ ਦੋ ਜਹਾਨ, ਦੋਏ ਦੋਏ ਧਾਰ ਆਪ ਸਮਝਾਇੰਦਾ । ਘਰ ਵਿਚ ਘਰ ਸਚ ਮਕਾਨ, ਥਿਰ ਘਰ ਤੇਰੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਦੁਆਰਾ, ਲੋਕਮਾਤ ਕਰੇ ਪਸਾਰਾ, ਪਸਰ ਪਸਾਰੀ ਵੇਖ ਵਖਾਇੰਦਾ । ਥਿਰ ਘਰ ਸਾਚੇ ਰਹਿਣਾ ਤਿਆਰ, ਹਰਿ ਸਾਚਾ ਸਚ ਜਣਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰ, ਭੇਵ ਕੋਇ ਨਾ ਪਾਈਆ । ਤੇਰਾ ਮੰਦਰ ਕਰੇ ਤਿਆਰ, ਨਿਰਗੁਣ ਹੋ ਹੋ ਸੇਵ ਕਮਾਈਆ । ਸਾਚੇ ਤਖ਼ਤ ਬੈਠ ਸਰਕਾਰ, ਸ਼ਹਿਨਸ਼ਾਹ ਵਡ ਵਡਿਆਈਆ । ਸੁਤ ਦੁਲਾਰੇ ਦਏ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਨਜ਼ਰ ਨਾ ਆਏ ਵਿਚ ਸੰਸਾਰ, ਬੇਨਜ਼ੀਰ ਆਪਣਾ ਖੇਲ ਆਪ ਵਖਾਈਆ । ਸਾਚਾ ਕਰੇ ਸਤਿ ਵਿਹਾਰ, ਸਤਿ ਸਤਿਵਾਦੀ ਪਰਦਾ ਲਾਹੀਆ । ਬੋਧ ਅਗਾਧੀ ਇਕ ਜੈਕਾਰ, ਜੈ ਜੈਕਾਰ ਆਪ ਸੁਣਾਈਆ । ਥਿਰ ਘਰ ਤੇਰਾ ਸਚ ਵਿਹਾਰ, ਲੋਕਮਾਤ ਦਏ ਸਮਝਾਈਆ । ਸ਼ਬਦ ਸੁਤ ਕਰ ਪਿਆਰ, ਅਬਿਨਾਸ਼ੀ ਅਚੁੱਤ ਰੰਗ ਚੜ੍ਹਾਈਆ । ਏਕਾ ਮੰਦਰ ਦਏ ਵਖਾਲ, ਸਾਚੇ ਘਰ ਰਹੇ ਰੁਸ਼ਨਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਅੱਠੇ ਪਹਿਰ ਘਾਲੇ ਘਾਲ, ਘਾਲਣਹਾਰਾ ਆਪ ਹੋ ਜਾਈਆ । ਪਕੜ ਉਠਾਏ ਸਾਚਾ ਲਾਲ, ਲਾਲਨ ਆਪਣੀ ਗੋਦ ਬਹਾਈਆ । ਏਕਾ ਨਾਉਂ ਦਏ ਸਿਖਾਲ, ਅੱਖਰ ਵੱਖਰ ਕਰੇ ਪੜ੍ਹਾਈਆ । ਏਕਾ ਦੇਵੇ ਨੂਰ ਜਲਾਲ, ਜਲਵਾ ਨੂਰ ਰੂਪ ਇਲਾਹੀਆ । ਏਕਾ ਕਲਮਾ ਦਏ ਸਿਖਾਲ, ਵਡ ਪੈਗ਼ੰਬਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦੁਆਰਾ ਵੇਖੇ ਖੜ, ਨਰ ਨਰਾਇਣ ਆਪਣਾ ਰੂਪ ਵਟਾਈਆ । ਥਿਰ ਘਰ ਸਾਚੇ ਤੇਰਾ ਸੁਹਾਏ ਬੰਕ, ਬੰਕ ਦੁਆਰੀ ਦਇਆ ਕਮਾਇੰਦਾ । ਨਵ ਨੌਂ ਚਾਰ ਦਾ ਮੇਟੇ ਸ਼ੰਕ, ਸ਼ਰਅ ਸੰਸਾ ਨਾ ਕੋਇ ਰਖਾਇੰਦਾ । ਤੇਰੇ ਮੰਦਰ ਵਜਾਏ ਡੰਕ, ਡੰਕ ਆਪਣਾ ਨਾਮ ਰਖਾਇੰਦਾ । ਨੌਂ ਖੰਡ ਪ੍ਰਿਥਮੀ ਲੇਖਾ ਜਾਣੇ ਰਾਉ ਰੰਕ, ਚਾਰੇ ਖਾਣੀ ਖੋਜ ਖੁਜਾਇੰਦਾ । ਇਕ ਸੁਣਾਏ ਸਾਚਾ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਪਰਗਟ ਹੋ ਸ੍ਰੀ ਭਗਵੰਤ, ਥਿਰ ਘਰ ਤੇਰਾ ਦੁਆਰ ਆਪ ਵਡਿਆਇੰਦਾ । ਆਤਮ ਪਰਮਾਤਮ ਮੇਲਾ ਮਿਲਾਏ ਨਿਰਗੁਣ ਨਿਰਗੁਣ ਨਾਰ ਕੰਤ, ਕੰਤ ਕੰਤੂਹਲ ਸੇਜ ਸੁਹਾਇੰਦਾ । ਸੋਹੰ ਨਾਮ

ਸੁਣਾਏ ਅੰਤ, ਮੰਤ ਆਪਣੇ ਵਿਚ ਮਿਲਾਇੰਦਾ । ਥਿਰ ਘਰ ਸ਼ਬਦੀ ਬਣੇ ਬਣਤ, ਸਚਖੰਡ ਹਰਿ ਜੂ ਆਸਣ ਲਾਇੰਦਾ । ਆਪਣੀ ਮਹਿਮਾ ਗਣਾਏ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੁਆਰੇ ਆਪ ਸਮਝਾਇੰਦਾ । ਥਿਰ ਘਰ ਦੁਆਰਾ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਿਸ ਬਿਧ ਉਤਰੇ ਪਾਰ, ਪਾਰ ਕਿਨਾਰਾ ਕਵਣ ਕਰਾਈਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਧੁਰ ਫ਼ਰਮਾਣਾ ਹੁਕਮ ਜਣਾਈਆ । ਹੁਕਮੇ ਅੰਦਰ ਜੁਗ ਜੁਗ ਸੇਵਾਦਾਰ, ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਫਿਰਾਈਆ । ਅੰਤਮ ਲਹਿਣਾ ਦੇ ਦੇ ਜੁਗ ਜੁਗ ਚਾਰ, ਚਾਰ ਚਾਰ ਪੰਧ ਦਏ ਮੁਕਾਈਆ । ਨੌਂ ਦਰ ਵੇਖੇ ਖੋਲ੍ਹ ਕਿਵਾੜ, ਨਵ ਖੰਡ ਆਪਣਾ ਰੰਗ ਵਖਾਈਆ । ਅੰਤਮ ਖੇਲ ਕਰੇ ਅਪਾਰ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜਾਤਾ ਵੇਸ ਵਟਾਈਆ । ਜਿਸ ਦੀ ਆਸ ਰੱਖਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਜਿਸ ਬਣਾਇਆ ਤੇਰਾ ਦਰਬਾਰ, ਥਿਰ ਘਰ ਦਿਤੀ ਵਡਿਆਈਆ । ਜਿਸ ਨੂੰ ਕਹਿੰਦੇ ਏਕੰਕਾਰ, ਅਕਲ ਕਲ ਆਪਣੀ ਦਏ ਧਰਾਈਆ । ਜਿਸ ਨੇ ਕਰਿਆ ਆਦਿ ਜੁਗਾਦਿ ਪਸਾਰ, ਜੁਗ ਜੁਗ ਆਪਣੀ ਰਚਨ ਰਚਾਈਆ । ਜੋ ਬ੍ਰਹਮ ਬ੍ਰਹਮਾ ਦਏ ਆਧਾਰ, ਬ੍ਰਹਿਮੰਡ ਆਪਣਾ ਖੇਲ ਕਰਾਈਆ । ਸੋ ਸਾਹਿਬ ਪ੍ਰਗਟ ਹੋਏ ਅੰਤ ਵਿਚ ਸੰਸਾਰ, ਨਿਰਗੁਣ ਆਪਣੇ ਨਾਉਂ ਕਰੇ ਰੁਸ਼ਨਾਈਆ । ਜੋਤੀ ਸ਼ਬਦੀ ਇਕ ਪਿਆਰ, ਏਕਾ ਗੰਢ ਪੁਆਈਆ । ਵਰਨ ਗੋਤੀ ਵਸਣਹਾਰਾ ਬਾਹਰ, ਜ਼ਾਤ ਪਾਤ ਨਾ ਕੋਇ ਰਖਾਈਆ । ਇਕ ਇਕਲੋਤੀ ਨਿਰਗੁਣ ਜੋਤ ਉਜਿਆਰ, ਨੂਰ ਨੁਰਾਨੀ ਰਹੀ ਰੁਸ਼ਨਾਈਆ । ਤੇਰਾ ਸੁਹਾਏ ਆਪ ਦੁਆਰ, ਦਰ ਦਰਵਾਜ਼ਾ ਲਏ ਖੁਲ੍ਹਾਈਆ । ਸ਼ਬਦੀ ਸੁਤ ਆਪ ਉਠਾਲ, ਸਚ ਸੰਦੇਸ਼ਾ ਦਏ ਸੁਣਾਈਆ । ਉਠ ਦੁਲਾਰੇ ਮੇਰੇ ਲਾਲ, ਸਿਰ ਆਪਣਾ ਹੱਥ ਟਿਕਾਈਆ । ਨੌਂ ਸੌ ਚੁਰਾਨਵੇਂ ਜੁਗ ਦੀ ਲੇਖੇ ਲਾਵੇ ਘਾਲ, ਪੂਰਬ ਲਹਿਣਾ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਭਗਤ ਭਗਵੰਤ ਲਏ ਸੰਭਾਲ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਨਾਤਾ ਤੋੜੇ ਸ਼ਾਹ ਕੰਗਾਲ, ਸ਼ਹਿਨਸ਼ਾਹ ਏਕਾ ਰੰਗ ਸਰਬ ਰੰਗਾਈਆ । ਏਕਾ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਨਿਰਗੁਣ ਲੋਕਮਾਤ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਥਿਰ ਘਰ ਤੇਰਾ ਦੁਆਰਾ ਦਏ ਵਖਾਲ, ਆਪਣੇ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਥਿਰ ਘਰ ਅੱਗੋਂ ਕਹੇ ਪੁਕਾਰ, ਮੇਰੀ ਸਮਝ ਸਮਝ ਵਿਚ ਨਾ ਆਈਆ । ਏਥੇ ਮੇਰੇ ਨਾਲ ਕਰੇਂ ਪਿਆਰ, ਇਕ ਇਕੱਲਾ ਸੁਤ ਦੁਲਾਰਾ ਵਿਚ ਬਹਾਈਆ । ਕਲਜੁਗ ਕੌਣ ਬਣੇ ਤੇਰਾ ਮੀਤ ਮੁਰਾਰ, ਲੋਕਮਾਤ ਸੰਗ ਰਖਾਈਆ । ਜੀਵ ਜੰਤ ਹੋਏ ਵਿਭਚਾਰ, ਵਿਭਚਾਰੀ ਰੂਪ ਸ੍ਰਿਸ਼ਟ ਸੁਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਦੇ ਦੇ ਆਏ ਤੇਰਾ ਗਿਆਨ, ਲੋਕਮਾਤ ਜੁਗ ਜੁਗ ਸੇਵ ਕਮਾਈਆ । ਲਿਖ ਲਿਖ ਕਲਮ ਸ਼ਾਹੀ ਦੇ ਕੇ ਆਏ ਹਲਫੀਆ ਬਿਆਨ, ਨਾ ਕੋਇ ਮੇਟੇ ਮੇਟ ਮਿਟਾਈਆ । ਕਿਸੇ ਲਿਖਿਆ ਵੇਦ ਕਿਸੇ ਪੁਰਾਨ, ਕੋਈ ਸ਼ਾਸਤਰ ਦੇਵੇ ਦਾਨ, ਗੀਤਾ ਗਿਆਨ ਕੋਇ ਦ੍ਰਿੜਾਈਆ । ਕੋਈ ਲਿਖ ਲਿਖ ਆਇਆ ਅੰਜੀਲ ਕੁਰਾਨ, ਕੋਈ ਬਾਣੀ ਮਾਰਿਆ ਨਿਰਾਲਾ ਬਾਣ, ਤੀਰ ਨਿਸ਼ਾਨਾ ਇਕ ਚਲਾਈਆ । ਕਲਜੁਗ ਅੰਤਮ ਲੱਖ ਚੁਰਾਸੀ ਤੇਰੀ ਹੋਈ ਬੇਈਮਾਨ, ਆਪਣਾ ਆਪ ਗਈ ਭੁਲਾਈਆ । ਤੇਰਾ ਨੂਰ ਨਜ਼ਰ ਨਾ ਆਏ ਕਿਸੇ ਸ੍ਰੀ ਭਗਵਾਨ, ਚਾਰੋਂ ਕੁੰਟ ਅੰਧੇਰਾ

ਛਾਈਆ । ਆਤਮ ਪਰਮਾਤਮ ਨਾ ਕੋਇ ਗਿਆਨ, ਪੜ੍ਹ ਪੜ੍ਹ ਰਸਨਾ ਕੋਟਨ ਦੇਣ ਦੁਹਾਈਆ । ਕਿਸ ਨਾਲ ਮੇਲਾ ਕਰੇਂ ਵਿਚ ਜਹਾਨ, ਸਗਲਾ ਸੰਗ ਕਵਣ ਰਖਾਈਆ । ਤੇਰਾ ਥਿਰ ਘਰ ਦੁਆਰਾ ਬਿਨ ਤੇਰੇ ਮਾਤ ਦਿਸੇ ਵੈਰਾਨ, ਸੋਭਾਵੰਤ ਨਾ ਕੋਇ ਸਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਚ ਸੰਦੇਸ਼ਾ ਰਿਹਾ ਸੁਣਾਈਆ । ਥਿਰ ਘਰ ਦੁਆਰੇ ਕਰ ਧਿਆਨ, ਬਿਨ ਮੇਰੀ ਰਹਿਮਤ ਤੇਰੀ ਬਣਤ ਨਾ ਕੋਇ ਬਣਾਈਆ । ਕਲਜੁਗ ਅੰਤ ਖੇਲ ਕਰਾਂ ਮਹਾਨ, ਮਹਾਬਲੀ ਆਪਣਾ ਨਾਉਂ ਰਖਾਈਆ । ਲੋਕਮਾਤ ਕਿਸੇ ਦੀ ਮੰਨਾ ਨਾ ਆਣ, ਆਪਣੀ ਆਣ ਸਭ ਨੂੰ ਦਿਆਂ ਮਨਾਈਆ । ਨੌਂ ਸੌ ਚੁਰਾਨਵੇਂ ਜੁਗ ਦੇ ਵਿਛੜੇ ਭਗਤ ਬਣ ਭਗਵੰਤ ਮੇਲਾ ਆਣ, ਸਿਰ ਆਪਣਾ ਹੱਥ ਟਿਕਾਈਆ । ਜਿਸ ਦੁਆਰੇ ਚਰਨ ਕਵਲ ਧਰਾਂ ਆਣ, ਸੋ ਦੁਆਰਾ ਥਿਰ ਘਰ ਰੂਪ ਵਟਾਈਆ । ਸ਼ਬਦੀ ਸ਼ਬਦ ਝੁਲਾਏ ਮੇਰਾ ਨਿਸ਼ਾਨ, ਬਣ ਸੇਵਕ ਸੇਵ ਕਮਾਈਆ । ਆਤਮ ਪਰਮਾਤਮ ਇਕੋ ਰਾਗ ਗਾਣ, ਸੋਹੰ ਢੋਲਾ ਜੈ ਜੈਕਾਰ ਸੁਣਾਈਆ । ਕਰੇ ਖੇਲ ਵਡ ਬਲਵਾਨ, ਬਲਧਾਰੀ ਆਪਣਾ ਭੇਵ ਖੁਲ੍ਹਾਈਆ । ਜਿਸ ਆਦਿ ਰਚਨਾ ਰਚੀ ਆਣ, ਸੋ ਅੰਤ ਵੇਖੇ ਚਾਈਂ ਚਾਈਆ । ਆਪਣਾ ਨਾਉਂ ਰੱਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਠੰਡੀਆਂ ਛਾਈਆਂ ।

## ✳ ੨੩ ਜੇਠ ੨੦੧੯ ਬਿਕਰਮੀ ਦੌਲਤ ਰਾਮ ਦੇ ਗ੍ਰਿਹ ਕੋਟਲੀ ਰਾਈਆਂ ਜੰਮੂ ✳



ਸੋਹੰ ਧਾਰਾ ਆਤਮ ਪਰਮਾਤਮ ਬੰਧਨ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਕੌਸਤਕ ਮਣੀਆ ਮਸਤਕ ਟਿੱਕਾ ਲੱਗਾ ਸਾਚਾ ਚੰਦਨ, ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਤ੍ਰੈਗੁਣ ਮਾਇਆ ਤ੍ਰੈਗੁਣ ਅਤੀਤਾ ਕੱਟੇ ਫੰਦਨ, ਤੰਦੀ ਤੰਦ ਨਾ ਕੋਇ ਬੰਧਾਈਆ । ਕਾਇਆ ਮੰਦਰ ਅੰਦਰ ਦਰਸ ਦਖਾਏ ਤ੍ਰਿਲੋਕੀ ਨੰਦਨ, ਗੋਪੀ ਕਾਹਨ ਆਪਣਾ ਖੇਲ ਕਰਾਈਆ । ਗੀਤ ਸੁਹਾਗੀ ਸੁਣਾਏ ਸਾਚਾ ਛੰਦਨ, ਨਾਮ ਬੰਸਰੀ ਇਕ ਵਜਾਈਆ । ਅਨੰਦ ਅਨੰਦ ਵਖਾਏ ਇਕ ਅਨੰਦਨ, ਮੁਕੰਦ ਮਨੋਹਰ ਲਖ਼ਮੀ ਨਰਾਇਣ ਵਡ ਵਡਿਆਈਆ । ਕਰੇ ਖੇਲ ਸਦ ਬਖ਼ਸ਼ੰਦਨ, ਵਡ ਦਾਤਾ ਬੇਪਰਵਾਹੀਆ । ਜੁਗਾ ਜੁਗੰਤਰ ਜਨ ਭਗਤਾਂ ਹੋਏ ਟੁੱਟੀ ਗੰਢਣ, ਗੰਢਣਹਾਰ ਗੋਪਾਲ ਹਰਿ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸੁਭਾਈਆ । ਘਰ ਮੇਲਾ ਸਚ ਪਿਆਰ, ਘਰ ਘਰ ਵਿਚ ਸੋਭਾ ਪਾਇੰਦਾ । ਸੀਤਾ ਸੁਰਤੀ ਕਰ ਪਿਆਰ, ਰਾਮ ਰਮਈਆ ਅੰਗ ਲਗਾਇੰਦਾ । ਕੂੜੀ ਕਿਰਿਆ ਜੰਗਲ ਜੂਹ ਉਜਾੜ ਪਹਾੜ, ਮਾਇਆ ਮਮਤਾ ਹਉਮੇ ਹੰਗਤਾ ਬਲ ਅਸਗਾਹ ਪਾਰ ਕਰਾਇੰਦਾ । ਆਤਮ ਦਿਆਂ ਸ਼ਬਦ ਗਿਆਨ, ਸਚ ਨਿਸ਼ਾਨ ਇਕ ਰਖਾਇੰਦਾ । ਚਰਨ ਕਵਲ ਕਵਲ ਚਰਨ ਹਰਿ ਜੂ ਹਰਿ ਨਰਾਇਣ, ਨਰ ਏਕਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੋਲ੍ਹਣਹਾਰਾ ਹਰਨ ਫਰਨ ਆਦਿ ਜੁਗਾਦੀ ਤਰਨੀ ਤਰਨ, ਤਾਰਨਹਾਰ ਏਕੰਕਾਰ ਗ੍ਰਿਹ ਮੰਦਰ ਅੰਦਰ ਬਜ਼ਰ ਕਪਾਟੀ ਕੁੰਡਾ ਤੋੜ ਤੁੜਾਇੰਦਾ । ਆਤਮ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਝਿਰਾਏ ਅਪਰ ਅਪਾਰਾ, ਕਵਲ ਨਾਭ ਨਾਭੀ ਕਵਲ ਆਪ ਉਲਟਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਮੇਟ ਮਿਟਾਏ ਅੰਧ ਅੰਧਿਆਰਾ, ਦੀਵਾ ਬਾਤੀ ਕਮਲਾਪਾਤੀ ਘਰ ਸਾਚੇ ਆਪ ਜਗਾਇੰਦਾ । ਆਤਮ ਪਰਮਾਤਮ ਖੇਲ ਨਿਆਰਾ, ਪਾਰਬ੍ਰਹਮ ਬ੍ਰਹਮ ਦਏ ਸਹਾਰਾ, ਈਸ਼ ਜੀਵ ਜਗਤ ਵਿਹਾਰਾ, ਬਿਵਹਾਰੀ ਆਪਣੀ ਧਾਰ ਚਲਾਇੰਦਾ । ਵਰਨ

੩੧੩ ੧੨

ਗੋਤ ਜ਼ਾਤ ਪਾਤ ਸਭ ਤੇ ਵਸੇ ਬਾਹਰਾ, ਬ੍ਰਹਮ ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਮਾਇਆ ਬ੍ਰਹਮ ਖੇਲ ਨਿਆਰਾ, ਵੇਖੇ ਵਿਗਸੇ ਵੇਖਣਹਾਰਾ, ਲੱਖ ਚੁਰਾਸੀ ਤ੍ਰੈਗੁਣ ਮਾਇਆ ਝੂਠੀ ਛਾਇਆ ਬੰਧਨ ਪਾਇੰਦਾ । ਵਸਣਹਾਰਾ ਸਚ ਦੁਆਰਾ, ਰੂਪ ਰੰਗ ਤੇ ਵਸੇ ਬਾਹਰਾ, ਨਿਰਗੁਣ ਨੂਰ ਨਿਰਾਕਾਰ ਆਪਣਾ ਰੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਆਪ ਸੁਹਾਇੰਦਾ । ਦਰ ਸਾਚੇ ਮੰਗਲਾਚਾਰ, ਪਾਰਬ੍ਰਹਮ ਬ੍ਰਹਮ ਕਰੇ ਜਣਾਈਆ । ਅਨਹਦ ਸ਼ਬਦ ਅਨਾਦੀ ਨਾਦ ਸੱਚੀ ਧੁਨਕਾਰ, ਧੁੰਨ ਆਤਮਕ ਰਾਗ ਅਲਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣਾ ਰਾਹ ਚਲਾਈਆ । ਭਗਤ ਭਗਵੰਤ ਲਏ ਜਗਾ, ਸ਼ਬਦ ਸੁਨੇਹੁੜਾ ਇਕ ਘਲਾ, ਬਿਨ ਅੱਖਰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਮੇਲ ਮਿਲਾਈਆ । ਸਾਚਾ ਮੰਦਰ ਹਰੀਦੁਆਰ, ਹਰਿ ਜੂ ਹਰਿ ਹਰਿ ਆਪ ਉਪਾਇੰਦਾ । ਪੰਜ ਤਤ ਅੰਦਰ ਖੇਲ ਅਪਾਰ, ਨਿਰਗੁਣ ਸਰਗੁਣ ਅੰਦਰ ਬਹਿ ਬਹਿ ਆਪ ਕਰਾਇੰਦਾ । ਆਤਮ ਸੇਜਾ ਕਰ ਤਿਆਰ, ਸੇਜ ਸੁਹੰਜਣੀ ਆਪ ਹੰਢਾਇੰਦਾ । ਬਿਨ ਰਸਨਾ ਜਿਹਵਾ ਕਰੇ ਗੁਫ਼ਤਾਰ, ਆਪਣੀ ਰਫ਼ਤਾਰ ਨਾ ਕਿਸੇ ਸਮਝਾਇੰਦਾ । ਦੀਦ ਈਦ ਸ਼ੁਨੀਦ ਦਏ ਦੀਦਾਰ, ਦਰ ਸਾਚੇ ਨੂਰੋ ਨੂਰ ਦਰਸਾਇੰਦਾ । ਕਾਇਆ ਮਾਟੀ ਸਾਚੀ ਹਾਟੀ ਵੇਖਣਹਾਰਾ ਖੋਲ੍ਹ ਕਿਵਾੜ, ਚੌਦਾਂ ਤਬਕ ਏਕਾ ਸਬਕ ਰਾਮ ਰਾਮ ਆਪ ਪੜ੍ਹਾਇੰਦਾ । ਤ੍ਰੈਗੁਣ ਮਾਇਆ ਅਗਨ ਬੁਝਾਏ ਤਤੀ ਹਾੜ, ਕਰੇ ਪ੍ਰਕਾਸ਼ ਬਹੱਤਰ ਨਾੜ, ਨਾੜੀ ਨਾੜੀ ਏਕਾ ਰੂਪ ਦਰਸਾਇੰਦਾ । ਜਨ ਭਗਤਾਂ ਫਿਰੇ ਪਿਛੇ ਅਗਾੜ, ਸੇਵਾ ਕਰੇ ਏਕਓਅੰਕਾਰ, ਅਕਲ ਕਲ ਆਪਣਾ ਰੂਪ ਵਟਾਇੰਦਾ । ਸਤਿਜੁਗ ਤ੍ਰੇਤ ਦੁਆਪਰ ਜੁਗ ਜੁਗ ਪਾਵੇ ਸਾਰ, ਬਣ ਮਹਾਸਾਰਥੀ ਸਾਚਾ ਰਥ ਆਪ ਚਲਾਇੰਦਾ । ਕਥਨੀ ਬਦਨੀ ਵਸੇ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਉਚ ਮੀਨਾਰ ਇਕ ਸੁਹਾਇੰਦਾ । ਕਾਇਆ ਮੰਦਰ ਸਾਚਾ ਗੜ੍ਹ, ਹਰਿ ਜੂ ਹਰਿ ਹਰਿ ਆਪ ਸੁਹਾਈਆ । ਲੱਖ ਚੁਰਾਸੀ ਅੰਦਰ ਵੜ, ਘਰ ਘਰ ਸੇਜ ਹੰਢਾਈਆ । ਸ਼ਬਦ ਅਗੰਮੀ ਏਕਾ ਪੜ੍ਹ, ਨਿਰਗੁਣ ਸਰਗੁਣ ਦਏ ਸੁਣਾਈਆ । ਆਪੇ ਵੇਖੇ ਘਾੜਨ ਘੜ, ਘੜ ਘੜ ਆਪੇ ਭੰਨ ਵਖਾਈਆ । ਮਹੱਲ ਅਟੱਲ ਉਚ ਮੀਨਾਰੇ ਆਪੇ ਚੜ੍ਹ, ਗ੍ਰਹਿ ਮੰਦਰ ਅੰਦਰ ਬੈਠਾ ਨੂਰ ਕਰ ਰੁਸ਼ਨਾਈਆ । ਆਤਮ ਪਰਮਾਤਮ ਆਪੇ ਫੜ, ਸੁਰਤੀ ਸ਼ਬਦੀ ਬੰਨ੍ਹੇ ਲੜ, ਆਪ ਖੁਲ੍ਹਾਏ ਸਾਚਾ ਦਰ, ਦਰ ਦਰਵੇਸ ਨਰ ਨਰੇਸ਼ ਹੋ ਦਿਆਲ, ਕਰਤਾ ਪੁਰਖ ਠਾਕਰ ਸੁਆਮੀ ਗ੍ਰਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਤਮ ਧਾਰ, ਬ੍ਰਹਮ ਬ੍ਰਹਮ ਕਰੇ ਪਸਾਰ, ਪਾਰਬ੍ਰਹਮ ਹੋਏ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਲੱਖ ਚੁਰਾਸੀ ਇਕੋ ਨਾਤਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਕਰੇ ਖੇਲ ਪ੍ਰਭ ਪੁਰਖ ਬਿਧਾਤਾ, ਜੁਗਤ ਆਪਣੇ ਹੱਥ ਰਖਾਇੰਦਾ । ਜੁਗ ਜੁਗ ਵੇਖੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਸਚ ਦਿਲਾਸਾ, ਧੀਰਜ ਧੀਰ ਇਕ ਰਖਾਇੰਦਾ । ਭਗਤ ਭਗਵਾਨ ਪੂਰੀ ਕਰੇ ਆਸਾ, ਆਸਾ ਮਨਸਾ, ਮਨਸਾ ਆਸਾ ਆਪਣੇ ਵਿਚ ਛੁਪਾਇੰਦਾ । ਸਾਚੇ ਮੰਡਲ ਬਹਿ ਬਹਿ ਪਾਏ ਰਾਸਾ, ਗੋਪੀ ਕਾਹਨ ਸੁਰਤੀ ਸ਼ਬਦੀ ਨਾਚ ਨਚਾਇੰਦਾ । ਚਰਨ ਕਵਲ ਉਪਰ ਧਵਲ ਧਰਨੀ ਧਰਤ ਦਏ ਧਰਵਾਸਾ, ਪੁਰਖ ਅਕਾਲ ਹੋ ਦਿਆਲ ਇਕੋ ਓਟ ਵਖਾਇੰਦਾ । ਕਰਨਹਾਰਾ ਬੰਦ ਖ਼ੁਲਾਸਾ, ਲੇਖਾ ਜਾਣੇ ਪਵਣ ਸਵਾਸਾ, ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ਾ,



੩੧੪
੧੨

ਸਾਚਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਕਾਇਆ ਘਰ, ਸਾਚੇ ਮੰਦਰ ਬਹਿ ਬਹਿ ਖ਼ੁਸ਼ੀ ਮਨਾਇੰਦਾ । ਸਾਚਾ ਮੰਦਰ ਕਾਇਆ ਅੰਦਰ, ਹਰਿ ਜੂ ਹਰਿ ਹਰਿ ਆਪ ਬਣਾਇਆ । ਪਾਵੇ ਸਾਰ ਡੂੰਘੀ ਕੰਦਰ, ਡੂੰਘੀ ਭਵਰੀ ਫੋਲ ਫੋਲਾਇਆ । ਆਪੇ ਮਾਰੇ ਆਪਣਾ ਜੰਦਰ, ਨਾ ਕੋਈ ਸਕੇ ਮਾਤ ਤੁੜਾਇਆ । ਲੱਖ ਚੁਰਾਸੀ ਜਗਤ ਵਾਸਨਾ ਨੌਂ ਦਵਾਰੇ ਭੌਂਦੀ ਬੰਦਰ, ਆਸਾ ਮਨਸਾ ਮਨਸਾ ਆਸਾ ਨਾ ਕੋਇ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਘਰ ਮੰਦਰ ਕਰ ਰੁਸ਼ਨਾਇਆ । ਘਰ ਮੰਦਰ ਖੁਲ੍ਹੇ ਤਾਕੀ, ਹਰਿ ਸਤਿਗੁਰ ਆਪ ਖੁਲ੍ਹਾਈਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਬਾਕੀ, ਆਪ ਆਪਣਾ ਮੇਲ ਮਿਲਾਈਆ । ਅੰਮ੍ਰਿਤ ਜਾਮ ਪਿਆਏ ਸਾਚਾ ਸਾਕੀ, ਅੱਠੇ ਪਹਿਰ ਖੁਮਾਰ ਰਖਾਈਆ । ਨਿਰਗੁਣ ਸ਼ਬਦ ਚੜ੍ਹਾਏ ਸਾਚੀ ਘਾਟੀ, ਅੱਧਵਿਚਕਾਰ ਨਾ ਕੋਇ ਅਟਕਾਈਆ । ਆਤਮ ਸੇਜ ਸੁਹਾਏ ਸਾਚੀ ਖਾਟੀ, ਸਚ ਸਿੰਘਾਸਣ ਸੋਭਾ ਪਾਈਆ । ਕਰੇ ਖੇਲ ਬਾਜੀਗਰ ਨਾਟੀ, ਨੱਟ ਨਟੂਆ ਆਪਣਾ ਸਵਾਂਗ ਵਰਤਾਈਆ । ਆਦਿ ਜੁਗਾਦਿ ਸਰਬ ਜੀਆਂ ਦਾ ਇਕੋ ਕਮਲਾਪਾਤੀ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਖੇਲੇ ਖੇਲ ਦਿਵਸ ਰਾਤੀ, ਘੜੀ ਪੱਲ ਵੰਡ ਨਾ ਕੋਇ ਵਖਾਈਆ । ਜਨ ਭਗਤਾਂ ਸਦਾ ਸਦਾ ਰੱਖੇ ਪ੍ਰਭਾਤੀ, ਪ੍ਰਭ ਆਪਣਾ ਨੂਰ ਚਮਕਾਈਆ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪੁਛਣਹਾਰਾ ਵਾਤੀ, ਊਚ ਨੀਚ ਰਾਉ ਰੰਕ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਏ ਕਾਇਆ ਮੰਦਰ, ਤਿਸ ਆਪਣੀ ਬੂਝ ਬੁਝਾਈਆ । ਸਾਚੀ ਪ੍ਰਭ ਦੇਵੇ ਵੀਚਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਤਮ ਦੀਆ ਕਰ ਉਜਿਆਰ, ਦੀਪਕ ਜੋਤ ਜੋਤ ਜਗਾਇੰਦਾ । ਨਾਤਾ ਤੋੜ ਸਰਬ ਸੰਸਾਰ, ਆਤਮ ਪਰਮਾਤਮ ਗੰਢ ਪੁਆਇੰਦਾ । ਵਰਨ ਬਰਨ ਕਰ ਖੁਆਰ, ਘਰ ਇਕੋ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਹਰ ਘਟ ਰਿਹਾ ਪਸਾਰ, ਦੂਸਰ ਰੂਪ ਨਜ਼ਰ ਕੋਇ ਨਾ ਆਇੰਦਾ । ਜਨ ਭਗਤਾਂ ਦੇਵੇ ਆਪ ਕਰ ਪਿਆਰ, ਵਸਤ ਅਮੋਲਕ ਆਪ ਵਰਤਾਇੰਦਾ । ਜੁਗ ਚੌਕੜੀ ਖੇਲ ਨਿਆਰ, ਨਵ ਨੌਂ ਚਾਰ ਵੇਖ ਵਖਾਇੰਦਾ । ਲੇਖਾ ਜਾਨਣਹਾਰਾ ਵੇਦ ਚਾਰ, ਸ਼ਾਸਤਰ ਸਿਮਰਤ ਪੁਰਾਨ ਪੁਰਾਨੀ ਮੋਹ ਵਖਾਇੰਦਾ । ਗੀਤਾ ਗਿਆਨ ਕਰ ਪਰਧਾਨ, ਅਠਾਰਾਂ ਧਿਆਏ ਹਰਿ ਗਾਏ ਭਗਤ ਭਗਵਾਨ ਆਪ ਸਮਝਾਇੰਦਾ । ਅੰਜੀਲ ਕੁਰਾਨ ਸਚ ਨਿਸ਼ਾਨ, ਮਿਹਬਾਨ ਬੀਦੋ ਮਿਹਬਾਨ, ਮੁਕਾਮੇ ਹੱਕ ਲਾਸ਼ਰੀਕ ਪਰਵਰਦਿਗਾਰ ਆਪ ਅਲਾਇੰਦਾ । ਈਸਾ ਮੂਸਾ ਸੰਗ ਮੁਹੰਮਦ ਦੇ ਪੈਗ਼ਾਮ, ਨਿਉਂ ਨਿਉਂ ਸਯਦਾ ਜਣਾਏ ਇਕ ਸਲਾਮ, ਅਲੈਕਮ ਆਪਣਾ ਰੂਪ ਦਰਸਾਇੰਦਾ । ਨਾਨਕ ਨਿਰਗੁਣ ਮੰਤਰ ਸਤਿਨਾਮ, ਸਰਗੁਣ ਸਾਜਣ ਪੂਰਾ ਕਰੇ ਕਾਮ, ਕਰਤਾ ਪੁਰਖ ਕਰਨੇਹਾਰਾ ਸਾਚੀ ਕਰਨੀ ਕਿਰਤ ਸਮਝਾਇੰਦਾ । ਗੋਬਿੰਦ ਮੇਲਾ ਸੁਤ ਦੁਲਾਰਾ ਪੁਰਖ ਅਕਾਲ ਇਕ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਜਣਾਇੰਦਾ । ਚਾਰ ਵਰਨ ਇਕ ਪਿਆਰਾ, ਏਕਾ ਮੰਦਰ ਏਕਾ ਠਾਕਰ ਏਕਾ ਗੁਰੂਦਆਰਾ, ਇਸ਼ਟ ਦ੍ਰਿਸ਼ਟ ਇਕ ਖੁਲ੍ਹਾਇੰਦਾ । ਏਕਾ ਸ਼ਬਦ ਏਕਾ ਨਾਦ ਏਕਾ ਧੁੰਨਕਾਰਾ, ਮੰਗਲਾਚਾਰ ਇਕ ਕਰਾਇੰਦਾ । ਏਕਾ ਪੁਰਖ ਪੁਰਖੋਤਮ ਲੱਖ ਚੁਰਾਸੀ ਵੇਖ ਸ੍ਰਿਸ਼ਟ ਸਬਾਈ ਨਾਰਾ, ਕੰਤ ਰੂਪ ਅਨੂਪ ਧਰਾਇੰਦਾ । ਏਕਾ ਵਸਣਹਾਰਾ ਥਿਰ ਘਰ ਸੱਚੇ ਦਰਬਾਰਾ, ਸ਼ਬਦੀ ਰੂਪ ਅਨੂਪ ਧਰਾਇੰਦਾ । ਏਕਾ ਸਚਖੰਡ ਕਰੇ ਪਸਾਰਾ, ਸਚਖੰਡ ਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਏਕਾ ਜੁਗਾ ਜੁਗੰਤਰ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਏਕਾ ਵਿਸ਼ਨ ਬ੍ਰਹਮਾ ਸ਼ਿਵ

ਕਰ ਪਸਾਰਾ, ਤ੍ਰੈਗੁਣ ਮਾਇਆ ਪੰਜ ਤਤ ਜੋੜ ਜੁੜਾਇੰਦਾ । ਏਕਾ ਇੰਦ ਇੰਦਰਾਸਣ ਵੇਖੇ ਵੇਖਣਹਾਰਾ, ਕਰੋੜ ਤੇਤੀਸਾ ਫੋਲ ਫੁਲਾਇੰਦਾ । ਏਕਾ ਭਗਤ ਭਗਵੰਤ ਦਏ ਭੰਡਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਸੰਤ ਸਾਜਣ ਮੇਲੇ ਵਿਚ ਸੰਸਾਰਾ, ਸਾਖ਼ਯਾਤ ਰੂਪ ਵਟਾਇੰਦਾ । ਏਕਾ ਗੁਰਮੁਖ ਦਏ ਹੁਲਾਰਾ, ਸ਼ਬਦ ਸ਼ਬਦੀ ਰਸ ਵਖਾਇੰਦਾ । ਏਕਾ ਗੁਰਸਿਖ ਸਿਖਿਆ ਦਏ ਅਪਰ ਅਪਾਰਾ, ਵਰਨ ਬਰਨ ਜ਼ਾਤ ਪਾਤ ਨਾਤਾ ਤੋੜ ਤੁੜਾਇੰਦਾ । ਆਤਮ ਪਰਮਾਤਮ ਕਰ ਪਿਆਰਾ, ਨਿਹਕਰਮੀ ਕਰਮ ਕਾਂਡ ਮੂਲ ਚੁਕਾਇੰਦਾ । ਜਿਸ ਕਾਇਆ ਮੰਦਰ ਅੰਦਰ ਵਖਾਏ ਆਪਣਾ ਸਚ ਦੁਆਰਾ, ਸੋ ਜਨ ਨਿਊਂ ਨਿਊਂ ਸੀਸ ਸੀਸ ਝੁਕਾਇੰਦਾ । ਏਕਾ ਇਸ਼ਟ ਮੰਨੇ ਏਕੰਕਾਰਾ, ਏਕੰਕਾਰਾ ਹਰ ਘਟ ਡੇਰਾ ਲਾਇੰਦਾ । ਤੇਈ ਅਵਤਾਰ ਉਚੀ ਕੂਕ ਬੋਲ ਗਏ ਜੈਕਾਰਾ, ਜੈ ਜੈਕਾਰ ਸਰਬ ਸੁਣਾਇੰਦਾ । ਤੋੜਣਹਾਰਾ ਗੜ੍ਹ ਹੰਕਾਰਾ, ਗੜ੍ਹ ਹੰਕਾਰੀ ਆਪ ਖਪਾਇੰਦਾ । ਈਸਾ ਮੂਸਾ ਸੰਗ ਮੁਹੰਮਦ ਯਾਰਾ, ਯਾਰੀ ਯਾਰਾਂ ਨਾਲ ਰਖਾਇੰਦਾ । ਭਗਤ ਭਗਵੰਤ ਕਰ ਪਸਾਰਾ, ਪਸਰ ਪਸਾਰੀ ਖੇਲ ਕਰਾਇੰਦਾ । ਦਸ ਗੁਰੂ ਗੁਰ ਇਕ ਵਣਜਾਰਾ, ਸਾਚਾ ਹੱਟ ਜਣਾਇੰਦਾ । ਚੌਦਾਂ ਤਬਕ ਵੇਖਣਹਾਰਾ, ਲੋਕ ਚੌਦਾਂ ਸਾਚਾ ਸੋਹਲਾ ਆਪੇ ਗਾਇੰਦਾ । ਮੰਡਲ ਮੰਡਪ ਪ੍ਰਿਥਮੀ ਆਕਾਸ਼ ਪੁਰੀ ਲੋਅ ਲਾਵਣਹਾਰ ਅਖਾੜਾ, ਆਪ ਆਪਣਾ ਨੱਟੂਆ ਨਾਚ ਨਚਾਇੰਦਾ । ਜੀਵਣ ਜੁਗਤ ਜਾਣੇ ਭੁਗਤ ਲੱਖ ਚੁਰਾਸੀ ਅੰਦਰ ਵੜ ਵੜ ਵੇਖੇ ਡੂੰਘੀ ਗਾਰਾ, ਨਿਜ ਘਰ ਬਹਿ ਬਹਿ ਤਾੜੀ ਲਾਇੰਦਾ । ਸਰਬ ਜੀਆਂ ਦੇਵੇ ਇਕ ਸਹਾਰਾ, ਆਤਮ ਰਾਮ ਸਰਬ ਪਿਆਰਾ, ਰਾਮ ਰਾਮ ਰਸ ਜਿਹਵਾ ਇਕ ਵਖਾਇੰਦਾ । ਏਕਾ ਕ੍ਰਿਸ਼ਨ ਮੀਤ ਮੁਰਾਰਾ, ਏਕਾ ਬ੍ਰਹਮਾ ਵਿਸ਼ਨ ਦਏ ਸਹਾਰਾ, ਏਕਾ ਸ਼ੰਕਰ ਗੰਢ ਪੁਵਾਇੰਦਾ । ਏਕਾ ਈਸਾ ਮੂਸਾ ਮੁਹੰਮਦ ਵਖਾਏ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਇੰਦਾ । ਕਾਇਆ ਮੰਦਰ ਉਚ ਮਹੱਲ ਸੁਣਾਏ ਸਾਚਾ ਨਾਅਰਾ, ਸਾਚੇ ਹੁਜਰੇ ਸੋਭਾ ਪਾਇੰਦਾ । ਮੁਕਾਮੇ ਹੱਕ ਹੱਕ ਵਣਜਾਰਾ, ਕਰੇ ਖੇਲ ਅਗੰਮ ਅਪਾਰਾ, ਲਾਸ਼ਰੀਕ ਤੌਫ਼ੀਕ ਆਪਣੀ ਆਪ ਵਖਾਇੰਦਾ । ਏਕਾ ਮੰਦਰ ਸਚ ਦੁਆਰਾ, ਨਾਨਕ ਗੋਬਿੰਦ ਕਰੇ ਪਿਆਰਾ, ਪ੍ਰੇਮ ਰੀਤੀ ਸਾਚੀ ਨੀਤੀ ਜਗ ਜੀਵਣ ਦਾਤਾ ਲੋਕਮਾਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਕਾਇਆ ਮੰਦਰ ਅੰਦਰ ਆਪਣਾ ਭੇਵ ਚੁਕਾਇੰਦਾ । ਕਾਇਆ ਅੰਦਰ ਚੁੱਕੇ ਭੇਵ, ਹਰਿ ਸਤਿਗੁਰ ਆਪ ਚੁਕਾਈਆ । ਮਿਲੇ ਪ੍ਰਭ ਅਲੱਖ ਅਭੇਵ, ਬੇਅੰਤ ਬੇਪਰਵਾਹੀਆ । ਨਜ਼ਰੀ ਆਏ ਵਡ ਦੇਵੀ ਦੇਵ, ਦੇਵ ਆਤਮਾ ਹੋਏ ਸਹਾਈਆ । ਭਗਤ ਭਗਵੰਤ ਜਣਾਏ ਸਾਚੀ ਸੇਵ, ਸੇਵਕ ਏਕਾ ਘਰ ਬਹਾਈਆ । ਲਹਿਣਾ ਦੇਣਾ ਮੁਕੇ ਰਸਨਾ ਜਿਹਵ, ਅਜਪਾ ਜਾਪ ਆਪ ਵਖਾਈਆ । ਅੰਮ੍ਰਿਤ ਰਸ ਚਖਾਏ ਮੇਵ, ਰਸਨਾ ਰਸ ਦਏ ਮੁਕਾਈਆ । ਕੌਸਤਕ ਨਿਰਗੁਣ ਮਸਤਕ ਲਾਏ ਥੇਵ, ਚੌਦਾਂ ਰਤਨ ਰਤਨ ਵਡਿਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਦਾ ਨੇਹਕੇਵ, ਗ਼ਰੀਬ ਨਿਮਾਣਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਆਤਮ ਪਰਮਾਤਮ ਮਾਰਗ ਦਏ ਸਮਝਾਈਆ । ਆਤਮ ਪਰਮਾਤਮ ਚੁੱਕੇ ਓਹਲਾ, ਦਵੈਤੀ ਪਰਦਾ ਆਪ ਉਠਾਈਆ । ਭਾਗ ਲਗਾਏ ਕਾਇਆ ਚੋਲਾ, ਪੰਜ ਤਤ ਅੰਦਰ ਵੇਖ ਵਖਾਈਆ । ਏਕਾ ਰਾਗ ਸੁਣਾਏ ਸੋਹਲਾ, ਛੱਤੀ ਰਾਗ ਭੇਵ ਨਾ ਆਈਆ । ਉਲਟਾ ਕਰੇ ਨਾਭ ਕੌਲਾ, ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਘਰ ਵਿਚ ਦਏ ਵਖਾਈਆ । ਮੇਲ ਮਿਲਾਏ ਕਾਹਨ ਕ੍ਰਿਸ਼ਨ ਸਾਵਲ ਸਵਲਾ, ਮੁਕਟ ਬੈਣ ਬੇਪਰਵਾਹੀਆ । ਨੂਰ ਇਲਾਹੀ

ਇਕੋ ਅਵਲਾ, ਆਲਮੀਨ ਰੂਪ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਅੱਖਰ ਦਏ ਪੜ੍ਹਾਈਆ । ਏਕਾ ਅੱਖਰ ਆਖ਼ਰ ਰਾਮ, ਰਾਮ ਰਮੱਯਾ ਆਪ ਪ੍ਰਗਟਾਇੰਦਾ । ਧੁਰਦਰਗਾਹੀ ਸਾਚਾ ਨਾਮ, ਜਨ ਭਗਤਾਂ ਝੋਲੀ ਪਾਇੰਦਾ । ਮਦਿ ਪਿਆਲਾ ਇਕੋ ਜਾਮ, ਅੰਮ੍ਰਿਤ ਏਕਾ ਵਾਰ ਪਿਆਇੰਦਾ । ਮਿਟੇ ਰੈਣ ਅੰਧੇਰੀ ਸ਼ਾਮ, ਸਾਚਾ ਚੰਦ ਆਪ ਚਮਕਾਇੰਦਾ । ਭਾਗ ਲਗਾਏ ਕਾਇਆ ਖੇੜਾ ਨਗਰ ਗਰਾਮ, ਘਰ ਘਰ ਵਿਚ ਸੋਭਾ ਪਾਇੰਦਾ । ਸਾਚਾ ਪੰਡਤ ਅੰਦਰ ਵੜ ਕਰੇ ਬਿਸਰਾਮ, ਸੁਖ ਆਸਣ ਇਕ ਵਖਾਇੰਦਾ । ਰਸਨਾ ਜਿਹਵਾ ਨਾ ਕੋਇ ਕਲਾਮ, ਕਲਮਾ ਨਬੀ ਆਪ ਸਮਝਾਇੰਦਾ । ਧੁਰ ਸੰਦੇਸ਼ਾ ਧੁਰ ਕਲਾਮ, ਬਿਨ ਲਿਖਿਆਂ ਆਪ ਜਣਾਇੰਦਾ । ਬਿਨ ਵੇਖਿਆਂ ਮਿਲੇ ਰਾਮ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਭਗਤ ਦੁਆਰਾ, ਜਨ ਭਗਤਾਂ ਆਪ ਸਮਝਾਇੰਦਾ । ਜਨ ਭਗਤਾਂ ਦੇਵੇ ਇਕੋ ਰਮਜ਼, ਰਮਜ਼ ਰਮਜ਼ ਨਾਲ ਮਿਲਾਈਆ । ਕੋਟਨ ਵਿਚੋਂ ਜਾਏ ਗੁਰਮੁਖ ਵਿਰਲਾ ਸਮਝ, ਜਿਸ ਆਪਣੀ ਬੂਝ ਬੁਝਾਈਆ । ਦੂਈ ਦਵੈਤ ਮਾਇਆ ਮਮਤਾ ਹਉਮੇ ਹੰਗਤਾ ਜੂਠੀ ਝੂਠੀ ਕੱਢੇ ਮਰਜ਼, ਮਰੀਜ਼ ਆਪਣੇ ਲੇਖੇ ਲਾਈਆ । ਜ਼ਾਤ ਪਾਤ ਵਰਨ ਗੋਤ ਮਿਟਾਏ ਦਰਦ, ਦਰਦੀ ਆਪਣਾ ਦਰ ਦਏ ਵਖਾਈਆ । ਨਾਮ ਛੁਰੀ ਤਿੱਖੀ ਰੱਖ ਕਰਦ, ਪੰਚ ਵਿਕਾਰਾ ਦਏ ਝਟਕਾਈਆ । ਰੁੱਤ ਮਿਟਾਏ ਗਰਮ ਸਰਦ, ਏਕਾ ਰੰਗ ਰੰਗ ਰੰਗਾਈਆ । ਗੁਰਮੁਖ ਮਰਦਾਨਾ ਹੋਏ ਮਰਦ, ਮਰਦ ਮਰਦਾਨਗੀ ਇਕ ਵਖਾਈਆ । ਨਾਤਾ ਤੋੜ ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕ ਦੁਆਰਾ ਦਏ ਵਖਾਈਆ । ਹਰਿਜਨ ਅੰਤਰ ਵੇਖ ਦੁਆਰਾ, ਦਰ ਘਰ ਸਾਚੇ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਤੇਰੇ ਚਰਨ ਸਰਨ ਸੱਚੀ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਚਾਰ ਕੁੰਟ ਨੌਂ ਖੰਡ ਇਕੋ ਨਜ਼ਰੀ ਆਏ ਮੰਦਰ ਮਸਜਿਦ ਠਾਕਰ ਦੁਆਰਾ, ਮੱਠ ਸ਼ਿਵਦੁਆਲਾ ਏਕਾ ਰੂਪ ਵਟਾਇੰਦਾ । ਘਰ ਘਰ ਦਿਸੇ ਰਾਮ ਪਸਾਰਾ, ਰਾਮ ਨਿਆਰਾ ਆਪਣਾ ਹੁਕਮ ਵਰਤਾਇੰਦਾ । ਬਲ ਧਰੇ ਦਸਰਥ ਦੁਲਾਰਾ, ਦੂਲ੍ਹਾ ਬਣ ਬਣ ਵੇਸ ਵਟਾਇੰਦਾ । ਖੇਲੇ ਖੇਲ ਵਿਚ ਸੰਸਾਰਾ, ਜਗਤ ਸਾਗਰ ਫੋਲ ਫੁਲਾਇੰਦਾ । ਕਾਇਆ ਗਾਗਰ ਅੰਤ ਕਿਨਾਰਾ, ਜਨ ਭਗਤਾਂ ਆਪ ਜਣਾਇੰਦਾ । ਆਤਮ ਪਰਮਾਤਮ ਮਿਲਾਏ ਇਕ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸੋਹੰ ਸ਼ਬਦ ਬੋਲ ਜੈਕਾਰਾ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਦੇਵੇ ਵਰ, ਭਗਤ ਭਗਵੰਤ ਆਪੇ ਫੜ, ਕਾਇਆ ਮੰਦਰ ਉਚੇ ਟਿੱਲੇ ਚੜ੍ਹ, ਕਿਲਾ ਤੋੜ ਹੰਕਾਰੀ ਗੜ੍ਹ, ਨਿਵਣ ਸੋ ਅੱਖਰ ਜਗਤ ਵੱਖਰ ਬ੍ਰਹਮ ਮਤ ਆਤਮ ਅੰਤਰ ਆਪ ਪੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਗਿਆ ਬੀਤ, ਰਾਮ ਕ੍ਰਿਸ਼ਨ ਸੇਵ ਕਮਾਈਆ । ਕਲਜੁਗ ਖੇਲ ਇਕ ਅਨਡੀਠ, ਨਾਨਕ ਗੋਬਿੰਦ ਗਿਆ ਸਮਝਾਈਆ । ਵੇਦ ਵਿਆਸਾ ਲਿਖ ਲਿਖ ਰੀਤ, ਸਾਚੀ ਰੀਤੀ ਗਿਆ ਜਣਾਈਆ । ਨਿਰਗੁਣ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਕਲਜੁਗ ਅੰਤਮ ਜਾਏ ਬੀਤ, ਚਾਰ ਲੱਖ ਬੱਤੀ ਹਜ਼ਾਰ ਆਰਯੂ ਆਪਣੇ ਹੁਕਮੇ ਅੰਦਰ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਰਾਮ ਕ੍ਰਿਸ਼ਨ ਕਰ ਪਸਾਰਾ, ਨਾਨਕ ਗੋਬਿੰਦ ਆਪਣਾ ਡੰਕ ਗਏ ਵਜਾਈਆ । ਵੇਦ ਵਿਆਸਾ ਬਣ ਲਿਖਾਰਾ, ਉਚੀ

੩੧੭
੧੨

ਕੂਕ ਗਿਆ ਸਮਝਾਈਆ । ਬ੍ਰਹਿਮਣ ਗੌੜਾ ਪੂਤ ਸਪੂਤਾ ਉਤਰੇ ਆਪਣੀ ਧਾਰਾ, ਉਚੇ ਟਿੱਲੇ ਪਰਬਤ ਸਚ ਸਿੰਘਾਸਣ ਆਪਣਾ ਆਸਣ ਲਾਈਆ । ਸੰਬਲ ਵਸੇ ਧਾਮ ਨਿਆਰਾ, ਉਚ ਮਹੱਲ ਇਕ ਮਨਾਰਾ, ਨਜ਼ਰ ਕਿਸੇ ਨਾ ਆਈਆ । ਨਾਨਕ ਨਿਰਗੁਣ ਕਹੇ ਪੁਕਾਰਾ, ਮਹਾਬਲੀ ਆਏ ਆਪਣੀ ਵਾਰਾ, ਨਿਹਕਲੰਕਾ ਆਪਣਾ ਨਾਉਂ ਰਖਾਈਆ । ਗੋਬਿੰਦ ਤੱਕੇ ਰਾਹ ਕਿਨਾਰਾ, ਕਲ ਕਲਕੀ ਲਏ ਅੰਤ ਅਵਤਾਰਾ, ਕਲਜੁਗ ਵੇਖੇ ਵੇਖਣਹਾਰਾ, ਰੂਪ ਰੰਗ ਰੇਖ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣੇ ਹੁਕਮੇ ਅੰਦਰ ਰਿਹਾ ਫਿਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰ, ਲੋਕਮਾਤ ਚਲਾਈਆ । ਸਤਿਜੁਗ ਉਤਰਿਆ ਆਪਣੀ ਵਾਰ, ਤ੍ਰੇਤਾ ਅੰਤ ਰਹਿਣ ਨਾ ਪਾਈਆ । ਦੁਆਪਰ ਆਈ ਹਾਰ ਸੰਸਾਰ, ਸਾਗਰ ਬੈਠਾ ਪੰਧ ਮੁਕਾਈਆ । ਕਲਜੁਗ ਲੇਖਾ ਲਿਖਿਆ ਅਪਰ ਅਪਾਰ, ਚਾਰ ਲੱਖ ਮਿਲੀ ਵਡਿਆਈਆ । ਬੱਤੀ ਦੰਦ ਗਾ ਗਾ ਥੱਕੇ ਬੱਤੀ ਹਜ਼ਾਰ, ਬੱਤੀ ਬਤੀਸਾ ਨਾਲ ਰਲਾਈਆ । ਪੁਰਖ ਅਬਿਨਾਸ਼ੀ ਸਚ ਵਿਹਾਰ, ਜਿਉਂ ਭਾਵੇ ਤਿਉਂ ਆਪਣੇ ਭਾਣੇ ਲਏ ਚਲਾਈਆ । ਕਲਜੁਗ ਕੂੜੀ ਕਿਰਿਆ ਕਰ ਪਸਾਰ, ਚਾਰੋਂ ਕੁੰਟ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਕੂੜਾ ਕਰ ਪਸਾਰਾ, ਆਪਣਾ ਖੇਲ ਕਰਾਇਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰਾ, ਸਾਚਾ ਕੰਤ ਨਾ ਕੋਇ ਹੰਢਾਇਆ । ਧੀਆਂ ਭੈਣਾਂ ਕਰਨ ਵਪਾਰਾ, ਵਣਜ ਵਣਜਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਭੇਵ ਚੁਕਾਇਆ ।



## ✳ ੨੩ ਜੇਠ ੨੦੧੯ ਬਿਕਰਮੀ ਪਰਕਾਸ਼ ਚੰਦ ਦੇ ਗ੍ਰਿਹ ਮਘੋ ਵਾਲੀ ਜੰਮੂ ✳

ਸਚਖੰਡ ਨਿਵਾਸੀ ਥਿਰ ਘਰ ਸਾਜਣ ਸਾਜਾ, ਲੋਕਮਾਤ ਹਰਿ ਬਣਤ ਬਣਾਈਆ । ਕਰਿਆ ਖੇਲ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਦਏ ਵਡਿਆਈਆ । ਓਥੇ ਨਜ਼ਰ ਨਾ ਆਏ ਕੋਈ ਰਾਜਾ, ਸ਼ਹਿਨਸ਼ਾਹ ਨਾ ਕੋਇ ਅਖਵਾਈਆ । ਸ਼ਬਦ ਅਗੰਮੀ ਰਚਿਆ ਕਾਜਾ, ਧੁਰ ਸੰਦੇਸ਼ਾ ਆਖ ਸੁਣਾਈਆ । ਰੋਜ਼ਾ ਬਾਂਗ ਨਾ ਕੋਇ ਨਿਮਾਜ਼ਾ, ਸਯਦਾ ਕਰ ਨਾ ਸੀਸ ਝੁਕਾਈਆ । ਢੋਲਕ ਛੈਣਾ ਨਾ ਕੋਈ ਵਾਜਾ, ਉਚੀ ਕੂਕ ਨਾ ਕੋਈ ਸੁਣਾਈਆ । ਮਸਜਿਦ ਮੰਦਰ ਮੱਠ ਸ਼ਿਵਦੁਆਲੇ ਨਾ ਕੋਈ ਦਰਵਾਜਾ, ਸੇਵਾਦਾਰ ਨਾ ਕੋਈ ਬਣਾਈਆ । ਮੱਕਾ ਕਾਅਬਾ ਨਾ ਕੋਈ ਹਾਜੀ ਹਾਜਾ, ਹੁਜਰਾ ਮਾਟੀ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਆਪ ਸੁਹਾਈਆ । ਥਿਰ ਘਰ ਸਾਚਾ ਸਚ ਦੁਆਰ, ਥਿਰ ਘਰ ਸਾਚਾ ਆਪ ਬਣਾਇੰਦਾ । ਕਰੇ ਖੇਲ ਅਗੰਮ ਅਪਾਰ, ਹਰਿ ਸਾਚੀ ਧਾਰ ਚਲਾਇੰਦਾ । ਲੇਖਾ ਜਾਣ ਗੁਰ ਅਵਤਾਰ, ਭਗਤ ਭਗਵਾਨ ਖੇਲ ਕਰਾਇੰਦਾ । ਸਚ ਸੰਦੇਸ਼ਾ ਦੇਵਣਹਾਰ, ਭੇਦ ਅਭੇਦ ਆਪ ਖੁਲ੍ਹਾਇੰਦਾ । ਜੁਗ ਚੌਕੜੀ ਮਾਰਨਹਾਰ ਮਾਰ, ਨਾਮ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰਾ ਏਕੰਕਾਰਾ, ਏਕਾ ਏਕ ਸੁਹਾਈਆ । ਇਕੋ ਨਾਮ ਇਕ ਜੈਕਾਰਾ, ਏਕਾ ਘਰ ਵੱਜੇ ਵਧਾਈਆ । ਏਕਾ ਬੰਕ ਖੋਲ੍ਹ ਕਿਵਾੜਾ, ਏਕਾ ਮੰਦਰ ਦਏ ਵਸਾਈਆ । ਏਕਾ ਵਸੇ ਵਸਣਹਾਰਾ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਏਕਾ ਕਰੇ ਸਚ ਵਿਹਾਰਾ, ਜਨ ਭਗਤਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਥਿਰ ਘਰ ਸਾਚੇ ਖੇਲ ਵਖਾਈਆ । ਥਿਰ ਘਰ ਸਾਚਾ ਸਾਚਾ ਮੇਲਾ, ਹਰਿ ਆਪਣਾ ਆਪ ਲਗਾਇੰਦਾ । ਕਲਜੁਗ ਅੰਤਮ ਬਣ ਬਣ ਸੱਜਣ ਸੁਹੇਲਾ, ਸਗਲਾ ਸੰਗ ਆਪ ਨਿਭਾਇੰਦਾ । ਆਦਿ ਜੁਗਾਦੀ ਵਸਣਹਾਰਾ ਧਾਮ ਨਵੇਲਾ, ਬ੍ਰਹਮ ਬ੍ਰਹਿਮਾਦੀ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਜਣ ਆਪ ਅਖਵਾਇੰਦਾ । ਸਾਚਾ ਸੱਜਣ ਬਣ ਬਣ ਮੀਤ, ਥਿਰ ਦੁਆਰੇ ਦਏ ਵਡਿਆਈਆ । ਭਗਤ ਭਗਵੰਤ ਸਾਚੀ ਰੀਤ, ਜੁਗਾ ਜੁਗੰਤਰ ਆਪ ਚਲਾਈਆ । ਨਾਤਾ ਤੋੜ ਮੰਦਰ ਮਸੀਤ, ਸਾਚਾ ਹੱਟ ਇਕ ਖੁਲ੍ਹਾਈਆ । ਨਿਰਗੁਣ ਨਿਰਗੁਣ ਸੁਣਾਏ ਗੀਤ, ਸਰਗੁਣ ਸਰਗੁਣ ਵੱਜੇ ਵਧਾਈਆ । ਆਤਮ ਪਰਮਾਤਮ ਸਚ ਪ੍ਰੀਤ, ਸਾਚੀ ਸਿਖਿਆ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਦਏ ਸੁਹਾਈਆ । ਥਿਰ ਘਰ ਸਾਚਾ ਹਰਿ ਸੁਹੌਣਾ, ਸ੍ਰੀ ਭਗਵਾਨ ਆਪ ਜਣਾਇੰਦਾ । ਕਲਜੁਗ ਅੰਤਮ ਵੇਖ ਵਖੌਣਾ, ਵੇਖਣਹਾਰਾ ਫੇਰੀ ਪਾਇੰਦਾ । ਭਗਤ ਭਗਵੰਤ ਆਪ ਉਠੌਣਾ, ਲੋਕਮਾਤ ਨੈਣ ਖੁਲ੍ਹਾਇੰਦਾ । ਫੜ ਫੜ ਬਾਹੋਂ ਗਲੇ ਲਗੌਣਾ, ਆਪ ਆਪਣੀ ਦਇਆ ਕਮਾਇੰਦਾ । ਸਾਚਾ ਅੱਖਰ ਇਕ ਪੜ੍ਹੌਣਾ, ਅਜਪਾ ਜਾਪ ਆਪ ਜਣਾਇੰਦਾ । ਅੰਤਰ ਮੰਤਰ ਇਕ ਵਖਾਉਣਾ, ਬਸੰਤਰ ਲੱਗੀ ਅੱਗ ਬੁਝਾਇੰਦਾ । ਦਰ ਦਰਵਾਜਾ ਇਕ ਖੁਲਾਉਣਾ, ਬਜਰ ਕਪਾਟੀ ਤੋੜ ਤੁੜਾਇੰਦਾ । ਸਾਚੀ ਹਾਟੀ ਵਣਜ ਕਰਾਉਣਾ, ਵਸਤ ਇਕੋ ਇਕ ਵਿਕਾਇੰਦਾ । ਨਾਮ ਖ਼ਜ਼ਾਨਾ ਆਪ ਲੁਟਾਉਣਾ, ਅਤੋਟ ਅਤੁਟ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਥਿਰ ਘਰ ਵੇਖਣਹਾਰਾ, ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਭੇਵ ਅਭੇਦਾ ਦਏ ਜਣਾਈਆ । ਨਵ ਨੌਂ ਚਾਰ ਪਾਰ ਕਿਨਾਰਾ, ਲੇਖਾ ਅੰਤ ਦਏ ਮੁਕਾਈਆ । ਸਤਿ ਸਤਿਵਾਦੀ ਖੋਲ੍ਹ ਕਿਵਾੜਾ, ਹਰਿਜਨ ਸਾਚੇ ਲਏ ਮਿਲਾਈਆ । ਦੇਵਣਹਾਰਾ ਦਰਸ ਦੀਦਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਾਣਸ ਜਨਮ ਪਾਵੇ ਸਾਰਾ, ਪੂਰਬ ਲਹਿਣਾ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਦੁਆਰੇ ਮਿਲਿਆ ਮਾਣ, ਹਰਿ ਜੂ ਹਰਿ ਹਰਿ ਆਪ ਦਿਵਾਇਆ । ਲੋਕਮਾਤ ਕਰ ਪਰਵਾਨ, ਪਰਮ ਪੁਰਖ ਵੇਖ ਵਖਾਇਆ । ਆਤਮ ਪਰਮਾਤਮ ਇਕ ਗਿਆਨ, ਸੋਹੰ ਮੰਤਰ ਆਪ ਸੁਣਾਇਆ । ਨਾਤਾ ਤੁਟਾ ਜਗਤ ਜਹਾਨ, ਜਗ ਜੀਵਣ ਦਾਤਾ ਹਰਿ ਜੂ ਪਾਇਆ । ਕਾਗਦ ਕਲਮ ਸ਼ਾਹੀ ਹੋਈ ਹੈਰਾਨ, ਹਰਿ ਹਰਿ ਅਚਰਜ ਖੇਲ ਰਚਾਇਆ । ਬਿਨ ਮੇਰੇ ਪੜ੍ਹਿਆਂ ਗੁਰਮੁਖਾਂ ਕੀਤਾ ਆਪ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਮੈਂ ਵੇਂਹਦੀ ਰਹੀ ਮਾਰ ਧਿਆਨ, ਚਾਰੋਂ ਕੁੰਟ ਨੈਣ ਉਠਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਦੇ ਦੇ ਗਏ ਬਿਆਨ, ਲੋਕਮਾਤ ਵਿਚ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣੀ ਖੇਲ ਕਰਾਇਆ । ਥਿਰ ਘਰ ਵੱਜੇ ਇਕੋ ਨਾਦ, ਅਨਾਦੀ ਆਪ ਵਜਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਮ ਖੋਜੇ ਚਾਈਂ ਚਾਈਆ । ਸੰਤ ਸੁਹੇਲੇ ਆਪੇ ਲਾਧ, ਫੜ ਫੜ ਬਾਹੋਂ ਲਏ ਜਗਾਈਆ । ਨਿਰਗੁਣ ਸਰਗੁਣ ਲਡਾਏ ਲਾਡ, ਆਪ ਆਪਣੀ ਗੋਦ ਬਹਾਈਆ । ਸ਼ਬਦ ਜਣਾਏ ਬੋਧ ਅਗਾਧ, ਸੋਹੰ ਅੱਖਰ ਕਰੇ ਪੜ੍ਹਾਈਆ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਸਤਿਜੁਗ ਪ੍ਰਗਟਾਏ ਸਾਚੇ ਸਾਧ, ਸਾਚੀ ਸਾਧਨਾ ਆਪਣੇ ਹੱਥ ਰਖਾਈਆ । ਆਪਣੇ ਗੁਰਮੁਖਾਂ

੩੧੯
੧੨

ਗੁਰਸਿਖਾਂ ਰੱਖੇ ਲਾਜ, ਲਾਜਾਵੰਤ ਭੇਵ ਨਾ ਰਾਈਆ । ਰਾਤੀਂ ਸੁਤਿਆਂ ਮਾਰ ਆਵਾਜ਼, ਜੁਗ ਜੁਗ ਰੁੱਠਿਆਂ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਇਕ ਘਰ ਸੁਹਾਈਆ । ਥਿਰ ਘਰ ਮੇਲਾ ਗੁਰਮੁਖ ਰੰਗ, ਗੁਰ ਗੁਰ ਆਪ ਚੜ੍ਹਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਨਾਮ ਡੋਰੀ ਤੰਦ ਬੰਧਾਇੰਦਾ । ਨਾਤਾ ਛੁਟਿਆ ਬੱਤੀ ਦੰਦ, ਜਿਹਵਾ ਗੁਣ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਦੇਵੇ ਇਕ ਅਨੰਦ, ਨਿਜ ਘਰ ਬਹਿ ਬਹਿ ਤਾੜੀ ਲਾਇੰਦਾ । ਸੋਹੰ ਗੀਤ ਸੁਹਾਗੀ ਛੰਦ, ਵਿਸ਼ਨ ਬ੍ਰਹਮਾ ਸ਼ਿਵ ਰਸਨਾ ਕਹਿ ਕਹਿ ਸ਼ੁਕਰ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਟ ਕੱਟ ਗਏ ਆਪਣਾ ਪੰਧ, ਵੇਲੇ ਅੰਤ ਕੋਇ ਰਹਿਣ ਨਾ ਪਾਇੰਦਾ । ਦੀਨ ਦਿਆਲ ਠਾਕਰ ਸੁਆਮੀ ਸਰਬ ਜੀਆਂ ਬਖ਼ਸ਼ੰਦ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਆਪਣਾ ਖੇਲ ਕਰਾਇੰਦਾ । ਵਸਣਹਾਰਾ ਦੁਆਰੇ ਸਚਖੰਡ, ਸਚਖੰਡ ਆਪਣੀ ਜੋਤ ਜਗਾਇੰਦਾ । ਥਿਰ ਦਰਬਾਰਾ ਬੇੜਾ ਬੰਨ੍ਹ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਨੂਰੀ ਕਿਰਨ ਸੂਰਜ ਚੰਦ, ਚੰਨ ਚੰਨ ਚੰਨ ਰੁਸ਼ਨਾਇੰਦਾ । ਜਨ ਭਗਤਾਂ ਬਣੇ ਮਾਤ ਪਿਤ ਜਨਣੀ ਜਨ, ਸਾਕ ਸੱਜਣ ਆਪ ਅਖਵਾਇੰਦਾ । ਥਿਰ ਦਰਬਾਰਾ ਕਹੇ ਧੰਨ ਧੰਨ, ਪੁਰਖ ਅਬਿਨਾਸ਼ੀ ਤੇਰਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਆਪ ਵਡਿਆਇੰਦਾ । ਥਿਰ ਘਰ ਸੋਹੇ ਮੇਰੇ ਭਗਤ, ਭਗਵੰਤ ਮਿਲੇ ਵਡਿਆਈਆ । ਲੇਖੇ ਲੱਗੇ ਬੂੰਦ ਰਕਤ, ਜਿਸ ਆਪਣੇ ਰੰਗ ਰੰਗਾਈਆ । ਸੇਵਾ ਕਰੇ ਆਦਿ ਸ਼ਕਤ, ਚਤੁਰਭੁਜ ਹੋਏ ਸਹਾਈਆ । ਨਾ ਕੋਈ ਵੇਲਾ ਨਾ ਕੋਈ ਵਕਤ, ਥਿਤ ਵਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਵਡ ਮਾਣ ਦੇਵੇ ਹਰਿ, ਹਰਿ ਆਪਣੀ ਦਇਆ ਕਮਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਗੁਰਮੁਖ ਗੋਬਿੰਦ ਆਪੇ ਫੜ, ਗੁਰਸਿਖ ਬੰਧਨ ਪਾਇੰਦਾ । ਰਾਮ ਰਾਜਾ ਸਾਚੇ ਤਖ਼ਤ ਬਹੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਕਾਹਨਾ ਕ੍ਰਿਸ਼ਨਾ ਬੰਨ੍ਹਾਏ ਆਪਣੇ ਲੜ, ਬੰਧਨ ਏਕਾ ਡੋਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਹਰਿ ਨਿਰੰਕਾਰਾ, ਥਿਰ ਘਰ ਲੋਕਮਾਤ ਸੁਹਾਇੰਦਾ । ਥਿਰ ਘਰ ਦੁਆਰ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਖੇਲੇ ਖੇਲ ਹਰਿ ਪੁਰਖ ਆਦਿ ਨਿਰੰਜਣਾ, ਨਰ ਨਰਾਇਣ ਵਡ ਵਡਿਆਈਆ । ਏਕਓਅੰਕਾਰਾ ਦੀਨਾ ਨਾਥ ਦਰਦ ਦੁੱਖ ਭੈ ਭੰਜਣਾ, ਅਨੁਭਵ ਆਪਣੀ ਖੇਲ ਰਚਾਈਆ । ਆਦਿ ਨਿਰੰਜਣ ਸੂਰਾ ਸਰਬੰਗਣਾ, ਸਮਰਥ ਪੁਰਖ ਬੇਪਰਵਾਹੀਆ । ਸ੍ਰੀ ਭਗਵਾਨ ਸਚ ਮਹੱਲ ਚੜ੍ਹਾਏ ਇਕ ਰੰਗਣਾ, ਰੰਗ ਉਤਰ ਕਦੇ ਨਾ ਜਾਈਆ । ਅਬਿਨਾਸ਼ੀ ਕਰਤਾ ਵਜਾਏ ਮਰਦੰਗਣਾ, ਅਨਾਦੀ ਨਾਦ ਇਕ ਸੁਣਾਈਆ । ਪਾਰਬ੍ਰਹਮ ਪ੍ਰਭ ਖੇਲ ਕਰੇ ਸਚਖੰਡਨਾ, ਸਚਖੰਡ ਥਿਰ ਘਰ ਰੂਪ ਵਖਾਈਆ । ਬ੍ਰਹਮ ਬ੍ਰਹਮ ਮਨਾਏ ਸਗਨਾ, ਸਾਚਾ ਸਗਨ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਖੇਲ ਕਰਾਈਆ । ਥਿਰ ਘਰ ਖੇਲ ਕਰੇ ਕਰਤਾਰ, ਕਰਨਹਾਰਾ ਆਪ ਅਖਵਾਇੰਦਾ । ਕਲਜੁਗ ਅੰਤਮ ਹੋ ਤਿਆਰ, ਤ੍ਰੈਭਵਨ ਧਨੀ ਆਪਣੀ ਧਾਰ ਚਲਾਇੰਦਾ । ਚਰਨ ਕਵਲ ਖੋਲ੍ਹ ਕਿਵਾੜ, ਥਿਰ ਘਰ ਸਾਚੇ ਦਏ ਬਹਾਲ, ਸ਼ਬਦ ਅਗੰਮੀ ਕਰ ਪਸਾਰ, ਪਸਰ ਪਸਾਰੀ ਸੋਭਾ ਪਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਦੁਆਰਾ ਇਕ ਵਡਿਆਇੰਦਾ । ਥਿਰ ਦੁਆਰਾ ਅੰਤਮ ਕਲ, ਹਰਿ ਜੂ ਆਪ ਵਡਿਆਈਆ ।

ਸਚ ਸੰਦੇਸ਼ਾ ਏਕਾ ਘੱਲ, ਗੁਰ ਅਵਤਾਰ ਪੀਰ ਪੈਗ਼ੰਬਰ ਲਏ ਬੁਲਾਈਆ । ਦੂਰ ਦੁਰਾਡੇ ਨੇਰਨ ਨੇਰੇ ਆਇਨ ਚਲ, ਬਣ ਪਾਂਧੀ ਪੰਧ ਮੁਕਾਈਆ । ਅੱਗੇ ਹੋ ਨਾ ਕਰੇ ਕੋਈ ਗੱਲ, ਬੈਠੇ ਨੈਣ ਨੈਣ ਛੁਪਾਈਆ । ਦੀਨ ਮਜ਼੍ਹਬ ਲੱਗਾ ਸੱਲ, ਨਾ ਕੋਈ ਮੇਟੇ ਮੇਟ ਮਿਟਾਈਆ । ਉਠ ਕੇ ਤੱਕਣ ਇਕ ਦੂਜੇ ਵਲ, ਹਰਿ ਜੂ ਕੀ ਰਚਨ ਰਿਹਾ ਰਚਾਈਆ । ਨਿਰਗੁਣ ਰੂਪ ਦੀਪਕ ਜੋਤ ਰਿਹਾ ਬਲ, ਚਾਰ ਕੁੰਟ ਕਰੇ ਰੁਸ਼ਨਾਈਆ । ਸਚਖੰਡ ਦੁਆਰੇ ਵੇਖੇ ਖੱਲ, ਸੁਅੱਛ ਸਰੂਪੀ ਰੂਪ ਵਟਾਈਆ । ਭੁੱਲ ਨਾ ਜਾਏ ਘੜੀ ਪੱਲ, ਅਭੁੱਲ ਬੇਪਰਵਾਹੀਆ । ਵੇਖਣਹਾਰਾ ਲੱਖ ਚੁਰਾਸੀ ਕੁਲ, ਕੁਲਵੰਤਾ ਆਪਣੀ ਦਇਆ ਕਮਾਈਆ । ਜਗਤ ਡਾਲ੍ਹੀ ਫਲ ਫੁਲਵਾੜੀ ਵੇਖੇ ਫੁੱਲ, ਨੌਂ ਸੱਤ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾਈਆ । ਸਚ ਦੁਆਰੇ ਸੱਦ ਦਾਤਾਰ, ਹਰਿ ਜੂ ਆਪਣਾ ਖੇਲ ਜਣਾਇੰਦਾ । ਪੀਰ ਪੈਗ਼ੰਬਰ ਨੈਣ ਲਉ ਉਘਾੜ, ਅੱਖ ਅੱਖ ਨਾਲ ਮਿਲਾਇੰਦਾ । ਗੁਰ ਗੁਰ ਵੇਖੋ ਕਰ ਧਿਆਨ, ਹਰਿ ਧਿਆਨੀ ਧਿਆਨ ਵਖਾਇੰਦਾ । ਭਗਤ ਭਗਵੰਤ ਕਰਨ ਪਰਵਾਨ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲਜੁਗ ਅੰਤਮ ਸਭ ਦਾ ਲਏ ਬਿਆਨ, ਲੇਖਾ ਆਪਣੇ ਹੱਥ ਰਖਾਇੰਦਾ । ਨੇਤਰ ਵੇਖੋ ਹਿੰਦੂ ਮੁਸਲਮਾਨ, ਸਿੱਖ ਈਸਾਈ ਕਵਣ ਰੰਗ ਸਮਾਇੰਦਾ । ਕਲਜੁਗ ਜੀਵ ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਗਿਆਨ ਨਾ ਕੋਇ ਦ੍ਰਿੜਾਇੰਦਾ । ਬਾਣੀ ਤੀਰ ਨਿਰਾਲਾ ਨਾ ਮਾਰੇ ਬਾਣ, ਅਣਿਆਲਾ ਰੂਪ ਨਾ ਕੋਇ ਵਖਾਇੰਦਾ । ਕਾਮੀ ਕਰੋਧੀ ਹੋਏ ਸ਼ੈਤਾਨ, ਸ਼ਰਅ ਸ਼ਰੀਅਤ ਨਾਚ ਨਚਾਇੰਦਾ । ਸਾਬਤ ਰੱਖੇ ਨਾ ਕੋਇ ਈਮਾਨ, ਸਾਚਾ ਕਾਅਬਾ ਨਾ ਕੋਇ ਸੁਹਾਇੰਦਾ । ਮੰਤਰ ਪੜ੍ਹੇ ਨਾ ਕੋਇ ਸਤਿਨਾਮ, ਅੰਤਰ ਆਤਮ ਨਾ ਕੋਇ ਮਿਲਾਇੰਦਾ । ਕਿਸੇ ਮਿਲੇ ਨਾ ਘਰ ਭਗਵਾਨ, ਸੁੰਞੀ ਸੇਜ ਸਰਬ ਵਖਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਵੈਰਾਨ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵਿਚ ਪ੍ਰਭਾਸ, ਆਸਾ ਪੂਰ ਨਾ ਕੋਇ ਕਰਾਇੰਦਾ । ਜੂਠ ਝੂਠ ਮਾਇਆ ਮਮਤਾ ਕੂੜ ਕੁੜਿਆਰਾ ਪੀਣ ਖਾਣ, ਸਚ ਸੁਚ ਰਸਨਾ ਜਿਹਵਾ ਨਾ ਕੋਇ ਗਾਇੰਦਾ । ਪੰਜ ਤਤ ਅੰਦਰ ਕਾਇਆ ਵੜਿਆ ਇਕ ਸ਼ੈਤਾਨ, ਮੰਨ ਵਾਸਨਾ ਜਗਤ ਭੁਆਇੰਦਾ । ਭਰਮੇ ਭੁੱਲੇ ਜੀਵ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਬੋਲੋ ਆਪਣੀ ਜ਼ਬਾਨ, ਹਰਿ ਜੂ ਸਭ ਦੇ ਬਿਆਨ ਬਿਨ ਕਲਮ ਦੁਆਤ ਆਪਣੇ ਅੰਤਰ ਬੰਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਖੇਲ ਕਰਾਇੰਦਾ । ਥਿਰ ਘਰ ਦੁਆਰੇ ਸਾਚਾ ਵਾਲੀ, ਵਲੀ ਅਹਿਦ ਏਕਾ ਸੁਤ ਬਣਾਈਆ । ਧੁਰਦਰਗਾਹੀ ਬਣ ਕੇ ਮਾਲੀ, ਬੂਟਾ ਵੇਖੇ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਸਾਰੇ ਕਹਿਣ ਸਾਡੇ ਹੱਥ ਖ਼ਾਲੀ, ਵਸਤ ਕੋਇ ਨਾ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਅਪਰ ਕਲਜੁਗ ਲੋਕਮਾਤ ਤੇਰੀ ਘਾਲਣ ਘਾਲੀ, ਹੁਕਮੇ ਅੰਦਰ ਸੇਵ ਕਮਾਈਆ । ਤੇਰਾ ਨਾਉਂ ਦੇ ਕੇ ਆਏ ਜਗਤ ਦਲਾਲੀ, ਸਾਚਾ ਹੱਟ ਇਕ ਖੁਲ੍ਹਾਈਆ । ਮਾਰਗ ਦੱਸਿਆ ਸ਼ਾਹ ਕੰਗਾਲੀ, ਸ਼ਹਿਨਸ਼ਾਹ ਏਕਾ ਰਾਹ ਚਲਾਈਆ । ਕਲਜੁਗ ਅੰਤ ਸ੍ਰਿਸ਼ਟ ਸਬਾਈ ਹੋਈ ਬੇਹਾਲੀ, ਬੇਹਬਲ ਹੋ ਰੋ ਰੋ ਦਏ ਦੁਹਾਈਆ । ਚਾਰੋਂ ਕੁੰਟ ਰੈਣ ਅੰਧੇਰੀ ਕਾਲੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਮਾਵਾਂ ਪੁੱਤਰਾਂ ਸੇਜ ਸੁਖਾਲੀ, ਸੁਖ ਜਗਤ ਜਗਤ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪਣੇ ਖ਼ਾਤੇ ਰਿਹਾ ਪਾਈਆ । ਸਾਚਾ ਖਾਤਾ ਦਏ ਵਖਾਲ, ਹਰਿ ਜੂ ਆਪਣੀ


੩੨੧
੧੨

ਖੇਲ ਕਰਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਅੰਤ ਆਏ ਜ਼ਿਵਾਲ, ਅੱਗੇ ਹੋ ਨਾ ਕੋਇ ਬਚਾਇੰਦਾ । ਸ਼ਰਅ ਸ਼ਰੀਅਤ ਮੰਨੇ ਨਾ ਕੋਇ ਸਵਾਲ, ਸਾਚਾ ਮਸਲਾ ਹਰਿ ਜੂ ਆਪ ਹੱਲ ਕਰਾਇੰਦਾ । ਇਕੋ ਘਰ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਇੰਦਾ । ਥਿਰ ਘਰ ਦੁਆਰੇ ਦਏ ਬਹਾਲ, ਫੜ ਬਾਹੋਂ ਭੇਵ ਖੁਲ੍ਹਾਇੰਦਾ । ਉਠੋ ਵੇਖੋ ਚਲੋ ਨਾਲ ਨਾਲ, ਨਿਰਗੁਣ ਨਿਰਾਕਾਰ ਲੋਕਮਾਤ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੁਆਰੇ ਆਪ ਸੁਹਾਇੰਦਾ । ਥਿਰ ਘਰ ਦੁਆਰਾ ਆਪ ਸੁਹੌਣਾ, ਹਰਿ ਸਾਚਾ ਸਚ ਜਣਾਇੰਦਾ । ਭਗਤ ਭਗਵੰਤ ਫੜ ਬਹੌਣਾ, ਸਿਰ ਆਪਣਾ ਹੱਥ ਟਿਕਾਇੰਦਾ । ਜੀਵ ਜੰਤ ਪਰਦਾ ਲੌਹਣਾ, ਮੁਖ ਨਕ਼ਾਬ ਨਾ ਕੋਇ ਟਿਕਾਇੰਦਾ । ਸਾਚਾ ਮੰਦਰ ਇਕ ਵਖੌਣਾ, ਜਿਸ ਅੰਦਰ ਹਰਿ ਜੂ ਜੋਤ ਜਗਾਇੰਦਾ । ਕਾਇਆ ਖੇੜਾ ਆਪ ਵਸੌਣਾ, ਪੰਚਮ ਝੇੜਾ ਆਪ ਮੁਕਾਇੰਦਾ । ਡੁੱਬਦਾ ਬੇੜਾ ਪਾਰ ਕਰੌਣਾ, ਬਣ ਖੇਵਟ ਖੇਟਾ ਪਾਰ ਕਰਾਇੰਦਾ । ਦੀਨ ਮਜ਼੍ਹਬ ਦਾ ਪੰਧ ਮੁਕੌਣਾ, ਅੰਤਮ ਲੇਖਾ ਲੇਖੇ ਲਾਇੰਦਾ । ਗੀਤ ਸੁਹਾਗੀ ਛੰਦ ਸੁਣੌਣਾ, ਚਾਰ ਵਰਨਾਂ ਆਪ ਪੜ੍ਹਾਇੰਦਾ । ਸੋਹੰ ਢੋਲਾ ਸਭ ਨੇ ਗੌਣਾ, ਦੋ ਜਹਾਨ ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ੁਕਰ ਮਨੌਣਾ, ਕਲਜੁਗ ਅੰਤਮ ਹਰਿ ਜੂ ਫੇਰਾ ਪਾਇੰਦਾ । ਪੂਰਬ ਜਨਮ ਲਹਿਣਾ ਦੇਣਾ ਸਰਬ ਚੁਕੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਆਪ ਵਡਿਆਇੰਦਾ । ਦਰ ਸਾਚਾ ਵਡਾ ਬਲਕਾਰ, ਬਲ ਬਾਵਨ ਦਏ ਜਣਾਈਆ । ਤੇਰੀ ਸੀਆਂ ਕਰਜ਼ਾ ਦਿਤਾ ਉਤਾਰ, ਏਕਾ ਢੱਯਾ ਝੋਲੀ ਪਾਈਆ । ਏਕਾ ਨੱਯਾ ਚਲੇ ਵਿਚ ਸੰਸਾਰ, ਸਾਚਾ ਸੱਯਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਬਲ ਤੇਰਾ ਸਚ ਮਨਾਰਾ, ਬਾਵਣ ਆਪਣਾ ਰੰਗ ਰੰਗਾਇੰਦਾ । ਇਤਲ ਵਿਤਲ ਸਿਤਲ ਦਾ ਪਾਰ ਕਿਨਾਰਾ, ਲੋਕਮਾਤ ਸੋਭਾ ਪਾਇੰਦਾ । ਗੋਬਿੰਦ ਦੇਵਣਹਾਰ ਹੁਲਾਰਾ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਸਚਖੰਡ ਦਾ ਸਚ ਵਣਜਾਰਾ, ਸਾਚੀ ਵਸਤ ਆਪ ਵਰਤਾਇੰਦਾ । ਪੰਚਮ ਮੀਤਾ ਹੋ ਉਜਿਆਰਾ, ਠਾਂਡਾ ਸੀਤਾ ਵੇਸ ਵਟਾਇੰਦਾ । ਇਕੋ ਗੀਤ ਬੋਲ ਜੈਕਾਰਾ, ਜੈ ਜੈਕਾਰ ਆਪ ਅਲਾਇੰਦਾ । ਥਿਰ ਘਰ ਮੰਦਰ ਕਰ ਤਿਆਰਾ, ਸਚਖੰਡ ਆਪਣਾ ਰੰਗ ਵਖਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਵਸੇ ਹਰਿ ਨਿਰੰਕਾਰਾ, ਹਰਿ ਜੂ ਆਪਣਾ ਰੂਪ ਪਰਗਟਾਇੰਦਾ । ਅੱਗੇ ਪਿਛੇ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਤੇਰਾ ਮਾਣ ਰਖਾਇੰਦਾ । ਥਿਰ ਘਰ ਤੇਰਾ ਮਾਣ ਰਖੰਤਾ, ਰਘੁਪਤ ਏਕਾ ਏਕ ਅਖਵਾਈਆ । ਸਾਚੀ ਭੂਮਕਾ ਆਪ ਸੁਹੰਤਾ, ਸੋਭਨੀਕ ਵਡੀ ਵਡਿਆਈਆ । ਕਰੇ ਖੇਲ ਸ੍ਰੀ ਭਗਵੰਤਾ, ਭਗਵਨ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਮਾਣ ਰਖਾਈਆ । ਸਚ ਦੁਆਰੇ ਏਕੰਕਾਰ, ਆਪਣਾ ਮਾਣ ਰਖਾਇੰਦਾ । ਭਗਤ ਭਗਵੰਤ ਕਰ ਤਿਆਰ, ਤਾਰ ਸਤਾਰ ਇਕ ਹਿਲਾਇੰਦਾ । ਬਹੱਤਰ ਨਾੜ ਕਰ ਉਜਿਆਰ, ਬਹੱਤਰ ਆਪਣਾ ਭੇਵ ਚੁਕਾਇੰਦਾ । ਸੱਤਰ ਦੇਵੇ ਸਤਿ ਦੀ ਧਾਰ, ਸਾਂਤਕ ਸਤਿ ਸਤਿ ਕਰਾਇੰਦਾ । ਚੁਹੱਤਰ ਚੁਹੱਤਰਾਂ ਕਰੇ ਪਾਰ ਕਿਨਾਰ, ਵੇਲਾ ਅੰਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰ ਸੁਹਾਏ ਚੁਹੱਤਰ, ਸੱਤ ਚਾਰ ਰੰਗ ਰੰਗਾਇਆ । ਮਿਲੇ ਵਡਿਆਈ ਜਨ ਬਹੱਤਰ, ਸਮਰਥ ਪੁਰਖ ਹੋਏ ਸਹਾਇਆ । ਏਕਾ ਵਾਰ ਕਰ ਇਕੱਤਰ, ਏਕਤਾ

ਰੂਪ ਦਏ ਦਰਸਾਇਆ । ਨਾਮ ਸੁਣਾਏ ਸਾਚਾ ਮੰਤਰ, ਮਤ ਭੇਦ ਨਾ ਕੋਇ ਵਖਾਇਆ । ਬਣਾਵਣਹਾਰਾ ਸਾਚੀ ਬਣਤਰ, ਘਾੜਨ ਘੜਤ ਲਏ ਘੜਾਇਆ । ਸਰਬ ਜੀਆਂ ਬਿਧ ਜਾਣੇ ਅੰਤਰ, ਗਤਮਿਤ ਆਪਣੇ ਹੱਥ ਰਖਾਇਆ । ਲੇਖਾ ਜਾਣੇ ਗਗਨ ਗਗਨੰਤਰ, ਦੋ ਜਹਾਨਾਂ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਵਡਿਆਇਆ । ਸਚ ਦੁਆਰਾ ਹਰਿ ਹਰਿ ਚਰਨ, ਦੂਸਰ ਅਵਰ ਨਾ ਕੋਇ ਵਡਿਆਈਆ । ਜਨ ਭਗਤਾਂ ਚੁੱਕੇ ਮਰਨ ਡਰਨ, ਜਨਮ ਮਰਨ ਫੰਦ ਕਟਾਈਆ । ਨੇਤਰ ਲੋਚਣ ਨੈਣ ਖੁਲ੍ਹੇ ਹਰਨ ਫਰਨ, ਪਰਤੱਖ ਆਪਣਾ ਰੂਪ ਦਰਸਾਈਆ । ਭੌ ਚੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਰਖਾਈਆ । ਕਰਤਾ ਪੁਰਖ ਕਰਨੀ ਕਰਨ, ਹਰਿਜਨ ਕੀਮਤ ਆਪੇ ਪਾਈਆ । ਜਿਸ ਜਨ ਰਖਾਏ ਆਪਣੀ ਸਰਨ, ਤਿਸ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਥਿਰ ਘਰ ਦੁਆਰੇ ਸੋਹੰ ਸ਼ਬਦ ਏਕਾ ਪੜ੍ਹਨ, ਸਚਖੰਡ ਨਿਵਾਸੀ ਵੇਖੇ ਚਾਈਂ ਚਾਈਆ । ਸਚਖੰਡ ਦੁਆਰੇ ਅੰਤਮ ਚੜ੍ਹਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਬਹਾਈਆ । ਭਗਤ ਭਗਵੰਤ ਘਰ ਸਾਚੇ ਬਹਿਣਾ, ਘਰ ਸਾਚਾ ਇਕ ਸੁਹਾਇੰਦਾ । ਕਲਜੁਗ ਅੰਤ ਵਖਾਏ ਨੈਣਾਂ, ਨੇਤਰ ਨੈਣ ਨੈਣ ਮਿਲਾਇੰਦਾ । ਆਤਮ ਪਰਮਾਤਮ ਸਤਿ ਸਤਿਵਾਦੀ ਪਾਏ ਗਹਿਣਾ, ਬਸਤਰ ਆਪਣਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਸੱਚਾ ਸਚ ਦੁਲਾਰਾ, ਸੋ ਪੁਰਖ ਨਿਰੰਜਣ ਆਪ ਬਣਾਈਆ । ਸਚਖੰਡ ਦਾ ਸਚ ਹੁਲਾਰਾ, ਸਤਿ ਸਤਿਵਾਦੀ ਆਪ ਝੁਲਾਈਆ । ਕਾਗਦ ਕਲਮ ਨਾ ਲਿਖਣਹਾਰਾ, ਹਰਿਜਨ ਤੇਰਾ ਭੇਵ ਕੋਇ ਨਾ ਪਾਈਆ । ਛੱਤੀ ਜੁਗ ਦਾ ਪਾਰ ਕਿਨਾਰਾ ਉਚ ਮਨਾਰਾ, ਗੁਰਮੁਖ ਦੂਰ ਦੁਰਾਡੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੰਗ ਰੰਗਾਈਆ । ਸਚਖੰਡ ਦੁਆਰੇ ਸਾਚਾ ਰੰਗ, ਸਤਿਗੁਰ ਪੂਰਾ ਆਪ ਰੰਗਾਇੰਦਾ । ਇਕੋ ਸੇਜ ਇਕ ਪਲੰਘ, ਏਕਾ ਆਸਣ ਸਚ ਵਖਾਇੰਦਾ । ਇਕੋ ਲਾਵਣਹਾਰਾ ਅੰਗ, ਅੰਗੀਕਾਰ ਇਕ ਕਰਾਇੰਦਾ । ਇਕ ਜਣਾਏ ਸਾਚਾ ਅਨੰਦ, ਪਰਮਾਨੰਦ ਆਪਣਾ ਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪ ਬਹਾਇੰਦਾ । ਦਰ ਘਰ ਸਾਚੇ ਜੋਤੀ ਜਾਤਾ, ਜੋਤੀ ਜੋਤ ਜੋਤ ਮਿਲਾਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਸਾਕ ਸੱਜਣ ਸੈਣ ਭੈਣ ਭਾਈ ਕੋਇ ਨਜ਼ਰ ਨਾ ਆਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਨਾ ਕੋਈ ਤੀਰਥ ਅਠਸਾਠਾ, ਮੰਦਰ ਮਸਜਿਦ ਮੱਠ ਗੁਰਦੁਆਰ ਰੂਪ ਨਾ ਕੋਇ ਵਖਾਈਆ । ਨਾ ਕੋਈ ਰਾਮ ਬੇਟਾ ਦਸਰਾਥਾ, ਨਾ ਕੋਈ ਕ੍ਰਿਸ਼ਨ ਤਰਲੋਕੀ ਨਾਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗਿਆਨ ਨਾ ਕੋਇ ਦ੍ਰਿੜਾਈਆ । ਨਾ ਕੋਈ ਪੀਰ ਪੈਗੰਬਰ ਮੁਲਾਂ ਸ਼ੇਖ਼ ਮੁਸਾਇਕ ਦੇਵੇ ਸਾਥਾ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਨਾਨਕ ਨਿਰਗੁਣ ਪਾਕੀ ਪਾਕਾ, ਪਤਤ ਰੂਪ ਨਾ ਕੋਇ ਵਖਾਈਆ । ਗੋਬਿੰਦ ਚਰਨ ਕਵਲ ਬਹਿ ਬਹਿ ਗਾਏ ਸਾਕਾ, ਮਹਿਮਾ ਅਕੱਥ ਕੱਥ ਸੁਣਾਈਆ । ਕਰੇ ਖੇਲ ਪੁਰਖ ਸਮਰਾਥਾ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤ ਜਨ ਭਗਤਾਂ ਜਨਮ ਜਨਮ ਦਾ ਪੂਰਾ ਕਰੇ ਘਾਟਾ, ਆਪਣੀ ਭਿਛਿਆ ਆਪੇ ਝੋਲੀ ਪਾਈਆ । ਫੜ ਫੜ ਬਾਹੋਂ ਦਏ ਦਿਲਾਸਾ, ਧੀਰਜ ਧੀਰ ਇਕ ਰਖਾਈਆ । ਅੰਤਮ ਸਚਖੰਡ ਦੁਆਰ ਕਰੇ ਨਿਵਾਸਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਗੁਰਮੁਖ ਬਣਿਆ ਕੰਚਨ ਕੋਈ ਨਾ ਤੋਲੇ ਤੋਲਾ

੩੨੩
੧੨

ਮਾਸਾ, ਰੱਤੀ ਰੱਤ ਮੁੱਲ ਨਾ ਕੋਇ ਪੁਵਾਈਆ । ਪੁਰਖ ਅਬਿਨਾਸ਼ੀ ਕਰਨਹਾਰਾ ਬੰਦ ਖ਼ਲਾਸਾ, ਬੰਦੀਖ਼ਾਨਾ ਦਏ ਤੁੜਾਈਆ । ਮਾਣਸ ਜਨਮ ਕਰੇ ਰਾਸਾ, ਲੱਖ ਚੁਰਾਸੀ ਨਾ ਕੋਇ ਭੁਵਾਈਆ । ਨਾਤਾ ਤੁਟੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਆਪਣਾ ਨੂਰ ਕਰੇ ਰੁਸ਼ਨਾਈਆ । ਜਨ ਭਗਤ ਰਹੇ ਨਾ ਕੋਈ ਪਿਆਸਾ, ਅੰਮ੍ਰਿਤ ਮੇਘ ਇਕ ਪਿਆਈਆ । ਲੇਖੇ ਲਾਏ ਰਸਨ ਸਵਾਸਾ, ਜੋ ਜਨ ਸੋਹੰ ਢੋਲਾ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਹਰਿ ਜੂ ਆਪਣਾ ਪਹਿਲੋਂ ਦੱਸਿਆ ਖੋਲ੍ਹ ਖ਼ੁਲਾਸਾ, ਭੁੱਲਿਆ ਕੋਇ ਰਹਿਣ ਨਾ ਪਾਈਆ । ਚਾਰ ਜੁਗ ਆਪਣੇ ਨਾਲੋਂ ਛੋਟੀਆਂ ਛੋਟੀਆਂ ਗੁਰ ਅਵਤਾਰ ਪੈਗ਼ੰਬਰ ਪਰਗਟਾਉਂਦਾ ਰਿਹਾ ਸ਼ਾਖ਼ਾਂ, ਆਪਣੀ ਜੜ੍ਹ ਨਾ ਕਿਸੇ ਸਮਝਾਈਆ । ਅੰਤਮ ਸਾਰੇ ਬੇਅੰਤ ਕਹਿ ਕਹਿ ਹੋਏ ਨਿਰਾਸਾ, ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦੁਆਰੇ ਦਏ ਵਡਿਆਈਆ । ਸਚ ਦੁਆਰ ਮਿਲੀ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਜਨ ਭਗਤ ਹੋਏ ਕੁੜਮਾਈ, ਪੁਰਖ ਅਬਿਨਾਸ਼ੀ ਸਗਨ ਮਨਾਇੰਦਾ । ਸੇਵਾ ਕਰੇ ਬਣ ਬਣ ਨੈਣ ਨਾਈ, ਨਜ਼ਰ ਕਿਸੇ ਨਾ ਆਇੰਦਾ । ਸਾਚਾ ਗਾਨਾਂ ਰਿਹਾ ਬੰਨਾਈ, ਨਾਮ ਤੰਦ ਹੱਥ ਉਠਾਇੰਦਾ । ਮਹਿੰਦੀ ਰੰਗਣ ਇਕ ਰੰਗਾਈ, ਲਾਲ ਗੁਲਾਲਾ ਰੰਗ ਚੜ੍ਹਾਇੰਦਾ । ਪੱਟੀ ਸੀਸ ਰਿਹਾ ਗੁੰਦਾਈ, ਨੇਤਰ ਨੈਣ ਨੈਣ ਮਟਕਾਇੰਦਾ । ਪੁਰਖ ਅਬਿਨਾਸ਼ੀ ਖੇਲ ਰਚਾਈ, ਭੇਵ ਕੋਇ ਨਾ ਪਾਇੰਦਾ । ਤ੍ਰੇਤਾ ਰਾਮ ਸੀਤਾ ਇਕ ਵਿਆਹੀ, ਕ੍ਰਿਸ਼ਨ ਰਾਧਾ ਮੇਲ ਮਿਲਾਇੰਦਾ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਗੁਰਮੁਖ ਸੱਜਣ ਫੜ ਫੜ ਬਾਹੀਂ, ਸਾਚੇ ਡੋਲੇ ਆਪ ਬਹਾਇੰਦਾ । ਸਚਖੰਡ ਦੁਆਰੇ ਲੈ ਕੇ ਜਾਏ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਰਤੀ ਆਪ ਪਰਨਾਇੰਦਾ । ਗੁਰਮੁਖ ਸਖੀ ਕਰ ਪਰਵਾਨ, ਪਰਮ ਪੁਰਖ ਦਇਆ ਕਮਾਇੰਦਾ । ਨਿਰਗੁਣ ਬਣ ਬਣ ਸਾਚਾ ਕਾਹਨ, ਬੰਸਰੀ ਏਕਾ ਨਾਮ ਸੁਣਾਇੰਦਾ । ਸਾਚੇ ਮੰਦਰ ਰਮੱਯਾ ਰਾਮ, ਰਾਮ ਆਪ ਦ੍ਰਿੜਾਇੰਦਾ । ਏਕਾ ਇਛਿਆ ਦਏ ਪੈਗ਼ਾਮ, ਅੱਲਾ ਰਾਣੀ ਬੰਧਨ ਪਾਇੰਦਾ । ਖ਼ਾਵੰਦ ਬੀਵੀ ਖੇਲ ਮਹਾਨ, ਜਗਤ ਸਦੀਵੀ ਵੇਖ ਵਖਾਇੰਦਾ । ਨੇਤਰ ਨੈਣ ਨੀਵੇਂ ਹੋਏ ਕਿਉਂ, ਮਸਤ ਜਵਾਨੀ ਇਕ ਵਖਾਇੰਦਾ । ਨੂਰ ਇਲਾਹੀ ਬੇਪਰਵਾਹੀ, ਸਿਦਕ ਸਬੂਰੀ ਚੌਦਾਂ ਤਬਕ ਵੇਖ ਵਖਾਇੰਦਾ । ਜਲਵਾ ਤੱਕਣਹਾਰ ਕੋਹਤੂਰੀ ਸਰਬ ਕਲ ਆਪੇ ਭਰਪੂਰੀ, ਵਸਣਹਾਰਾ ਨੇੜੇ ਦੂਰੀ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਜਣ ਸਾਚੇ ਫੜ, ਸਚਖੰਡ ਦੁਆਰੇ ਜਾਏ ਚੜ੍ਹ, ਸਾਚਾ ਡੰਡਾ ਬ੍ਰਹਮ ਬ੍ਰਹਿਮੰਡਾਂ ਪਾਰਬ੍ਰਹਮ ਪ੍ਰਭ ਆਪ ਲਗਾਇੰਦਾ । ਉਚਾ ਡੰਡਾ ਉਚ ਮਹੱਲ, ਹਰਿ ਜੂ ਹਰਿ ਹਰਿ ਆਪ ਲਗਾਈਆ । ਵੇਖਣਹਾਰਾ ਇਕ ਅਟੱਲ, ਅਟੱਲ ਬੈਠਾ ਬੇਪਰਵਾਹੀਆ । ਭਗਤਾਂ ਅੰਦਰ ਆਪੇ ਰਲ, ਆਪਣਾ ਪਰਦਾ ਦਏ ਖੁਲ੍ਹਾਈਆ । ਜੁਗ ਚੌਕੜੀ ਜੋ ਕਰਦਾ ਰਿਹਾ ਵਲ ਛਲ, ਅਛਲ ਛਲਧਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਥਿਰ ਘਰ ਸਾਚਾ ਕਰ ਪਰਵਾਨ, ਸਚਖੰਡ ਵਖਾਏ ਇਕ ਨਿਸ਼ਾਨ, ਸਾਢੇ ਤਿੰਨ ਹੱਥ ਮਾਣ ਰਖਾਈਆ ।

## ✳ ੨੪ ਜੇਠ ੨੦੧੯ ਬਿਕਰਮੀ ਠਾਕਰ ਦਾਸ ਦੇ ਗ੍ਰਿਹ ਮਘੋ ਵਾਲੀ ਜੰਮੂ ✳

ਕਰਮ ਕਾਂਡ ਜਗਤ ਬੰਧਨ, ਮਾਇਆ ਜੰਜਾਲ ਨਾ ਕੋਇ ਤੁੜਾਇੰਦਾ । ਹੰਕਾਰ ਵਿਕਾਰ ਨਾ ਕਰੇ ਖੰਡਣ, ਜੂਠ ਝੂਠ ਮੋਹ ਨਾ ਕੋਇ ਚੁਕਾਇੰਦਾ । ਸਚ ਦੁਆਰ ਨਾ ਕਰੇ ਕੋਇ ਬੰਧਨ, ਸੀਸ ਜਗਦੀਸ਼ ਨਾ ਕੋਇ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਘਰ ਘਰ ਵੇਖ ਵਖਾਇੰਦਾ । ਸਚ ਸੁੱਚ ਨਾ ਕੋਇ ਧਾਰ, ਲੱਖ ਚੁਰਾਸੀ ਜੀਵ ਕੁਰਲਾਈਆ । ਮੂਰਖ ਮੁਗਧ ਹੋਏ ਗਵਾਰ, ਮਨਮਤ ਰਹੀ ਕੁਰਲਾਈਆ । ਅੰਤਰ ਆਤਮ ਨਾ ਕੋਇ ਪਿਆਰ, ਪਰਮ ਆਤਮ ਨਾ ਕੋਇ ਮਿਲਾਈਆ । ਅਗਨੀ ਤਤ ਤਪੇ ਅੰਗਿਆਰ, ਧੂੰਆਂਧਾਰ ਰਹੀ ਵਖਾਈਆ । ਘਰ ਘਰ ਨਾਤਾ ਜੁੜਿਆ ਜਗਤ ਵਿਕਾਰ, ਪੰਚਮ ਪੰਚ ਦੇਣ ਦੁਹਾਈਆ । ਸ਼ਬਦ ਰਾਗ ਨਾ ਕੋਇ ਧੁਨਕਾਰ, ਸੁਨ ਸਮਾਧ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਨਾ ਬਣੇ ਮਦਦਗਾਰ, ਮੁਦੱਈ ਮੁੱਦਾਆਲਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖ਼ਲਕ ਖ਼ੁਦਾਈਆ । ਸਚ ਨਾਮ ਨਾ ਕੋਇ ਸਤਿ, ਸਤਿ ਸਤਿ ਨਾ ਕੋਇ ਦ੍ਰਿੜਾਇੰਦਾ । ਗ੍ਰਿਹ ਮੰਦਰ ਨਾ ਕੋਇ ਬ੍ਰਹਮ ਮਤ, ਬ੍ਰਹਮ ਰੂਪ ਨਾ ਕੋਇ ਵਖਾਇੰਦਾ । ਹਰਿ ਚਰਨ ਨਾ ਕੋਇ ਨਤ, ਜਗਤ ਨਾਤਾ ਸਰਬ ਰਖਾਇੰਦਾ । ਬੰਧਨ ਪਿਆ ਮਾਤ ਪਿਤ, ਭਾਈ ਭੈਣ ਸਾਕ ਸੱਜਣ ਮੋਹ ਨਾ ਕੋਇ ਚੁਕਾਇੰਦਾ । ਸਤਿਗੁਰ ਕਰੇ ਨਾ ਕੋਇ ਹਿੱਤ, ਹਵਸ ਹਿਵਸ ਨਾ ਕੋਇ ਮਿਟਾਇੰਦਾ । ਚਾਰੋਂ ਕੁੰਟ ਰਸ ਦਿਸੇ ਫਿਕ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਲਿਖ ਲਿਖ ਅੱਖਰ ਸ਼ਾਹੀ ਮੰਗੀ ਭਿੱਖ, ਭਿਛਿਆ ਸਤਿ ਨਾ ਕੋਇ ਪਾਇੰਦਾ । ਨਰ ਨਰਾਇਣ ਨੇਤਰ ਪਏ ਨਾ ਕਿਸੇ ਦਿਸ , ਸਵੱਛ ਸਰੂਪੀ ਦਰਸ ਕੋਇ ਨਾ ਪਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਸੁੱਤਾ ਦੇ ਕਰ ਪਿੱਠ, ਆਪਣੀ ਕਰਵਟ ਨਾ ਹਰਿ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਸਚ ਸੁੱਚ ਨਾ ਕੋਇ ਪਿਆਰ, ਰੀਤੀ ਪ੍ਰੇਮ ਨਾ ਕੋਇ ਜਣਾਈਆ । ਗ੍ਰਿਹ ਗ੍ਰਿਹ ਵਸੇ ਕਾਮ ਕਰੋਧ ਲੋਭ ਮੋਹ ਹੰਕਾਰ, ਗੜ੍ਹ ਝੂਠਾ ਨਜ਼ਰੀ ਆਈਆ । ਰਸਨਾ ਜਿਹਵਾ ਨਾ ਕੋਇ ਆਧਾਰ, ਦੰਦ ਬੱਤੀਸ ਨਾ ਕੋਇ ਵਡਿਆਈਆ । ਭਗਤ ਭਗਵੰਤ ਨਾ ਕਰੇ ਕੋਇ ਵਿਚਾਰ, ਭਰਮੇ ਭੁੱਲੀ ਸਰਬ ਲੋਕਾਈਆ । ਮਾਇਆ ਰੁੱਲੇ ਰੋਵਣ ਜ਼ਾਰੋ ਜ਼ਾਰ, ਚਰਨ ਪ੍ਰੀਤੀ ਘੋਲ ਨਾ ਕੋਇ ਘੁੰਮਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੁਗਾ ਜੁਗੰਤਰ ਵੇਖਣਹਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਨਾ ਕੋਇ ਸੰਗ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਮਾਣਸ ਮਾਟੀ ਹੋਏ ਭੰਗ, ਥਿਰ ਕੋਇ ਰਹਿਣ ਨਾ ਪਾਇੰਦਾ । ਗੀਤ ਸੁਹਾਗੀ ਨਾ ਸੁਣਾਏ ਕੋਇ ਛੰਦ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਟੁੱਟੀ ਦੇਵੇ ਨਾ ਕੋਇ ਗੰਢ, ਗੰਢਣਹਾਰ ਗੋਪਾਲ ਦਿਆਲ, ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਵੇਖੇ ਰੰਡ, ਹਰਿ ਕੰਤ ਸੇਜ ਨਾ ਕੋਇ ਸੁਹਾਇੰਦਾ । ਸ੍ਰਿਸ਼ਟ ਸਬਾਈ ਹੋਈ ਰੰਡ, ਚਾਰ ਵਰਨ ਦਏ ਦੁਹਾਈਆ । ਚਾਰੋਂ ਕੁੰਟ ਕੱਲਰ ਕੰਧ, ਕਲਜੁਗ ਅੰਤਮ ਰਿਹਾ ਢਾਈਆ । ਕੋਈ ਨਾ ਸਕੇ ਬੇੜਾ ਬੰਧ, ਬੰਨ੍ਹਣਹਾਰ ਨਾ ਕੋਇ ਅਖਵਾਈਆ । ਕਲਜੁਗ ਜੀਵ ਭਾਗਾਂ ਮੰਦ, ਆਪਾ ਚੀਨ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਵੇਖਣਹਾਰਾ ਬੇਪਰਵਾਹੀਆ । ਸਤਿ ਸਤਿਵਾਦ ਨਾ ਕੋਇ ਰਸ, ਰਸ ਅੰਮ੍ਰਿਤ ਨਾ ਕੋਇ ਵਖਾਇੰਦਾ । ਮਨ ਕਾਮਨਾ ਜੀਵ ਹੋਏ ਵਸ, ਵਾਸਨਾ ਰਾਮ ਨਾ ਕੋਇ ਰਖਾਇੰਦਾ । ਜਗਤ ਇਛਿਆ ਰਹੇ ਨੱਸ, ਵਾਂਗ ਸੁਆਨ ਸਰਬ ਭੁਵਾਇੰਦਾ । ਨਾ ਕੋਈ ਮੇਟੇ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਕੂੜੀ ਕਿਰਿਆ ਅੰਦਰ ਗਏ ਫਸ, ਫਾਸੀ ਜਮ ਨਾ ਕੋਇ ਕਟਾਇੰਦਾ । ਡੂੰਘੀ ਭਵਰੀ ਗਏ ਧਸ, ਫੜ ਬਾਹੋਂ ਪਾਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਸਚ ਨਾ ਦਿਸੇ ਕੋਇ ਹੱਟ, ਹਟਵਾਣਾ ਨਜ਼ਰ ਕੋਇ ਨਾ ਆਈਆ । ਲਹਿਣਾ ਚੁਕਿਆ ਤੀਰਥ ਅਠਸਠ, ਨਾਰੀ ਪੁਰਸ਼ ਨਰ ਨਰਾਇਣ ਨੈਣ ਦਰਸ਼ਨ ਕੋਇ ਨਾ ਪਾਈਆ । ਤੱਟ ਕਿਨਾਰਾ ਦੀਸੇ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਸਚ ਸੁੱਚ ਨਾ ਕੋਇ ਵਿਹਾਰ, ਬਿਵਹਾਰੀ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਨਾ ਕੋਇ ਪਿਆਰ, ਪਾਰਬ੍ਰਹਮ ਨਾ ਕੋਇ ਧਿਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਲੇਖਾ ਆਪ ਚੁਕਾਇੰਦਾ । ਕਰਮ ਕਾਂਡ ਤ੍ਰੈਗੁਣ ਮਾਇਆ, ਮਾਇਆ ਮਮਤਾ ਵੇਖ ਵਖਾਈਆ । ਕੂੜ ਕੁੜਿਆਰੀ ਵੇਖੇ ਛਾਇਆ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਆਦਿ ਜੁਗਾਦੀ ਦਾਈ ਦਾਇਆ, ਸੇਵਕ ਸੇਵਾ ਆਪਣੇ ਹੱਥ ਰਖਾਈਆ । ਮਾਤ ਪਿਤ ਪਿਤਾ ਪੂਤ ਉਪਾਇਆ, ਉਤਪਤ ਆਪਣਾ ਰੰਗ ਰੰਗਾਈਆ । ਜੁਗਾ ਜੁਗੰਤਰ ਖੇਲ ਕਰਾਇਆ, ਲੱਖ ਚੁਰਾਸੀ ਲਏ ਪਰਗਟਾਈਆ । ਭਗਤ ਭਗਵੰਤ ਦੇ ਵਡਿਆਇਆ, ਅਭੇਵ ਅਭੇਦਾ ਆਪ ਖੁਲ੍ਹਾਈਆ । ਸਾਚੇ ਮਾਰਗ ਫੜ ਫੜ ਲਾਇਆ, ਗਿਆਨ ਧਿਆਨ ਇਕ ਸਮਝਾਈਆ । ਇਕੋ ਓਟ ਅੰਤ ਰਖਾਇਆ, ਤਨ ਨਗਾਰੇ ਚੋਟ ਲਗਾਈਆ । ਸਿਦਕ ਸਬੂਰੀ ਤਨ ਹੰਢਾਇਆ, ਮਜ਼ਬੂਰੀ ਆਪਣਾ ਨਾਮ ਰਖਾਈਆ । ਉਚੇ ਟਿੱਲੇ ਪਰਬਤ ਦਏ ਰੁੜ੍ਹਾਇਆ, ਅਗਨੀ ਭੇਟਾ ਸੇਵ ਕਮਾਈਆ । ਚਰਨ ਪ੍ਰੀਤੀ ਪ੍ਰੀਤੀ ਚਰਨ ਦਏ ਸਰਨਾਇਆ, ਇਸ਼ਟ ਦੇਵ ਇਕ ਵਖਾਈਆ । ਹੱਕ ਹਕ਼ੀਕ਼ਤ ਖੋਜ ਖੁਜਾਇਆ, ਲਾਸ਼ਰੀਕ ਬੇਪਰਵਾਹੀਆ । ਜਗਤ ਸ਼ਰੀਅਤ ਬੰਧਨ ਪਾਇਆ, ਬੰਦੀਖ਼ਾਨਾ ਵੇਖੇ ਸਰਬ ਲੋਕਾਈਆ । ਮੁਰਸ਼ਦ ਮੁਰੀਦ ਲਏ ਤਰਾਇਆ, ਤਾਰ ਸਤਾਰ ਇਕ ਹਿਲਾਈਆ । ਏਕਾ ਨੂਰ ਨੂਰ ਨਜ਼ਰੀ ਆਇਆ, ਬੇਨਜ਼ੀਰ ਨਜ਼ਰ ਆਪਣੇ ਨਾਲ ਮਿਲਾਈਆ । ਸਤਿਜੁਗ ਪ੍ਰਹਿਲਾਦ ਲੇਖੇ ਲਾਇਆ, ਕਲਜੁਗ ਮਨਸੂਰ ਦਏ ਵਡਿਆਈਆ । ਇਕ ਇਕ ਕਰ ਕੇ ਗੋਦ ਬਹਾਇਆ, ਸਿਰ ਆਪਣਾ ਹੱਥ ਟਿਕਾਈਆ । ਕਾਇਆ ਤਤ ਅਗਨੀ ਜਗਤ ਤਪਾਇਆ, ਆਤਮ ਸਾਂਤ ਸਾਂਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਸੂਰ ਪ੍ਰਹਿਲਾਦ ਦੇ ਦੇ ਦਾਦ, ਲੋਕਮਾਤ ਦਿਤੀ ਵਡਿਆਈਆ । ਲੋਕਮਾਤ ਵਡਿਆਈ ਦੇਹ, ਤਨ ਮਾਟੀ ਵੇਖ ਵਖਾਇੰਦਾ । ਆਤਮ ਪਰਮਾਤਮ ਸਾਚਾ ਨੇਂਹ, ਨੇਂਹੋਂ ਆਪਣੇ ਨਾਲ ਲਗਾਇੰਦਾ । ਅੰਮ੍ਰਿਤ ਅੰਮਿਉਂ ਰਸ ਬਰਸੇ ਮੇਂਹ, ਮੇਘਲਾ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਨਰਾਇਣ ਨਿਰਗੁਣ ਸਰਗੁਣ ਹੋ ਹੋ ਲੇਖਾ ਪਾਰ ਕਰਾਇੰਦਾ । ਪ੍ਰਹਿਲਾਦ ਮਨਸੂਰ ਉਤਾਰਿਆ ਪਾਰ, ਪੂਰੀ ਆਸਾ ਆਪ ਕਰਾਈਆ । ਵੇਖਣਹਾਰਾ ਸਦਾ ਜੁਗ ਚਾਰ, ਚੌਕੜ ਆਪਣਾ ਬੰਧਨ ਪਾਈਆ । ਨਿਤ ਨਵਿਤ ਲੈ ਅਵਤਾਰ, ਹਿੱਤ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਆਪ

ਸਹਾਈਆ । ਸਦਾ ਸੁਹੇਲਾ ਹੋਏ ਸਹਾਇਕ, ਹਰਿ ਸਾਹਿਬ ਸੱਚਾ ਸੁਲਤਾਨਾ । ਸ੍ਰਿਸ਼ਟ ਸਬਾਈ ਇਕੋ ਨਾਇਕ, ਨਰ ਨਰਾਇਣ ਵਡ ਮਰਦਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰੇ ਮਹਾਨਾ । ਕਲਜੁਗ ਅੰਤਮ ਖੇਲ ਮਹਾਨ, ਹਰਿ ਜੂ ਹਰਿ ਹਰਿ ਆਪ ਕਰਾਈਆ । ਪਰਗਟ ਹੋ ਸ੍ਰੀ ਭਗਵਾਨ, ਭਗਤ ਜਨ ਲਏ ਉਠਾਈਆ । ਏਕਾ ਬਖ਼ਸ਼ ਚਰਨ ਧਿਆਨ, ਚਰਨ ਚਰਨੋਦਕ ਮੁਖ ਚੁਆਈਆ । ਕਿਰਪਾ ਕਰੇ ਵਡ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਲੇਖਾ ਕੱਟ ਦੋ ਜਹਾਨ, ਲੇਖੇ ਆਪਣੇ ਵਿਚ ਪਾਈਆ । ਏਕਾ ਸ਼ਬਦ ਦੇ ਗਿਆਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਏਕਾ ਬ੍ਰਹਮ ਕਰ ਪਰਵਾਨ, ਪਾਰਬ੍ਰਹਮ ਲਏ ਮਿਲਾਈਆ । ਸਾਚੇ ਭਗਤਾਂ ਦੇ ਦੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਨਾ ਕੋਈ ਮਾਰੇ ਜੀਵ ਜਹਾਨ, ਹਰਨਾਕਸ਼ ਬਣ ਹੱਥ ਕਟਾਰ ਨਾ ਕੋਇ ਉਠਾਈਆ । ਨਾ ਕੋਈ ਸੂਲੀ ਚਾੜ੍ਹੇ ਫੜ ਜਵਾਨ, ਮਨਸੂਰ ਗੱਲ ਵਿਚ ਫਾਸ ਨਾ ਕੋਇ ਲਟਕਾਈਆ । ਕਰ ਕਿਰਪਾ ਮਿਲਿਆ ਆਪ ਭਗਵਾਨ, ਹਰਿਜਨ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਇਆ ਆਪਣਾ ਘਰ, ਦਰਗਹ ਦੇਵੇ ਮਾਣ ਵਡਿਆਈਆ । ਦਰਗਹਿ ਦੇਵੇ ਹਰਿ ਜੂ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਮਨਸੂਰ ਵੇਖੇ ਮਾਰ ਧਿਆਨ, ਮਨਸਾ ਸਭ ਦੀ ਹਰਿ ਜੂ ਪੂਰ ਕਰਾਇੰਦਾ । ਕਲਜੁਗ ਅੰਤਮ ਕਰ ਪਰਵਾਨ, ਗੁਰਮੁਖ ਪਰਵਾਨੇ ਆਪਣੀ ਭੇਟ ਚੜ੍ਹਾਇੰਦਾ । ਪ੍ਰਹਿਲਾਦ ਰਸਨਾ ਕਹੇ ਧੰਨ ਭਗਵਾਨ, ਤੇਰਾ ਅੰਤ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਕਲਜੁਗ ਅੰਤ ਸਚ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਸੰਤ ਸਾਜਣ ਦੇ ਦੇ ਮਾਣ, ਪਿਛਲਾ ਮਾਣ ਸਰਬ ਚੁਕਾਇੰਦਾ । ਜਨ ਭਗਤਾਂ ਭਗਤੀ ਕਰੀ ਆਪ ਆਣ, ਸਾਚੀ ਸ਼ਕਤ ਬਣਾਈ ਨਾਰ ਰਕਾਨ, ਅੰਦਰ ਵੜ ਵੜ ਸੇਵਾ ਕਰੇ ਮਹਾਨ, ਦੇਵ ਦੇਵਾ ਹੰ ਬ੍ਰਹਮ ਭੋਗ ਲਗਾਏ ਸਾਚਾ ਰਸ ਮੇਵਾ ਅਲੱਖ ਅਭੇਵਾ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਖ਼ਯਾਤ ਸਾਖੀ ਜਨ ਭਗਤਾਂ ਆਪ ਸੁਣਾਇੰਦਾ ।



## ✳ ੨੪ ਜੇਠ ੨੦੧੯ ਬਿਕਰਮੀ ਤਾਰਾ ਸਿੰਘ ਦੇ ਗ੍ਰਿਹ ਦੀਵਾਨ ਗੜ੍ਹ ਜੰਮੂ ✳

ਸਚਖੰਡ ਨਿਵਾਸੀ ਸਾਚਾ ਸਿਸ਼ਨ, ਸੱਚਾ ਹਾਕਮ ਹੁਕਮ ਜਣਾਇੰਦਾ । ਸਤਿਜੁਗ ਚਲਾਏ ਸਾਚਾ ਮਿਸ਼ਨ, ਮਿਸਲ ਸਭ ਦੀ ਪਿਛਲੀ ਪਾੜ ਵਖਾਇੰਦਾ । ਦਰ ਮੰਗਾਏ ਬ੍ਰਹਮਾ ਸ਼ਿਵ ਵਿਸ਼ਨ, ਸ਼ਬਦੀ ਡੋਰੀ ਬੰਧ ਬੰਧਾਇੰਦਾ । ਤ੍ਰੈਗੁਣ ਪੰਜ ਤਤ ਸੀਸ ਝੁਕਣ, ਚਰਨ ਧੂੜ ਮਸਤਕ ਮੰਗ ਮੰਗਾਇੰਦਾ । ਗਲ ਪੱਲੂ ਪਾਇਣ ਰਾਮ ਕ੍ਰਿਸ਼ਨ, ਅੱਗੇ ਨੈਣ ਨਾ ਕੋਇ ਉਠਾਇੰਦਾ । ਈਸਾ ਮੂਸਾ ਮੁਹੰਮਦ ਹੁਸੈਨ ਹਸਨ, ਅਲੀ ਸ਼ਾਹ ਸ਼ਾਹ ਰਗ ਆਪਣੀ ਆਪ ਕਟਾਇੰਦਾ । ਨਾਨਕ ਗੋਬਿੰਦ ਭਾਣਾ ਮੰਨਣ, ਕੀਤਾ ਹੁਕਮ ਨਾ ਕੋਇ ਉਲਟਾਇੰਦਾ । ਭਗਤ ਅਠਾਰਾਂ ਕਹਿਣ ਤੂੰ ਸ੍ਰੀ ਭਗਵਾਨਨ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਹਰਿ ਜੂ ਹਰਿ ਪਰਗਟ ਹੋਏ ਨੌਜਵਾਨਨ, ਬਲ ਆਪਣਾ ਆਪ ਧਰਾਇੰਦਾ । ਵੇਖਣਹਾਰ ਜ਼ਿਮੀਂ ਅਸਮਾਨਨ, ਗਗਨ

ਮੰਡਲ ਖੋਜ ਖੁਜਾਇੰਦਾ । ਸੂਰਜ ਚੰਦ ਦੇਵਣਹਾਰਾ ਚਾਨਣ, ਜੋਤੀ ਨੂਰ ਨੂਰ ਟਿਕਾਇੰਦਾ । ਸ਼ਬਦ ਅਗੰਮੀ ਚਲਾਵਣਹਾਰਾ ਬਾਨਣ, ਤੀਰ ਅਣਯਾਲਾ ਇਕ ਰਖਾਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ, ਭੇਵ ਖੁਲ੍ਹਾਵਣਹਾਰ ਗਿਆਨਨ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਜੁਗ ਚੌਕੜੀ ਬਣਨਹਾਰਾ ਜ਼ਾਮਨ, ਸਾਚੀ ਜ਼ਾਮਨੀ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਹੈਰਾਨਨ, ਹਰਿ ਕਾ ਭੇਵ ਕੋਇ ਨਾ ਆਇੰਦਾ । ਕਲਜੁਗ ਰੈਣ ਅੰਧੇਰੀ ਸ਼ਾਮਨ, ਸਚ ਪਰਕਾਸ਼ ਨਾ ਕੋਇ ਵਖਾਇੰਦਾ । ਘਰ ਘਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਆਪ ਕਮਾਇੰਦਾ । ਦੋ ਜਹਾਨਾਂ ਸਾਚਾ ਜੱਜ, ਲੱਖ ਚੁਰਾਸੀ ਵੇਖ ਵਖਾਈਆ । ਸਚ ਸਿੰਘਾਸਣ ਬੈਠਾ ਸਜ, ਤਖ਼ਤ ਨਿਵਾਸੀ ਸਾਚੇ ਤਖ਼ਤ ਡੇਰਾ ਲਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਦੋ ਜਹਾਨ ਸ੍ਰੀ ਭਗਵਾਨ ਸਭ ਦੇ ਖੋਲ੍ਹਣਹਾਰਾ ਪਾਜ, ਪੂਰਬ ਲੇਖਾ ਵੇਖੇ ਥਾਉਂ ਥਾਈਆ । ਹੁਕਮੇ ਅੰਦਰ ਸਾਚੇ ਮੰਦਰ ਉਚ ਮਹੱਲੇ ਲਏ ਸੱਦ, ਸਚ ਸੰਦੇਸ਼ਾ ਇਕ ਘਲਾਈਆ । ਨਿਰਗੁਣ ਧਾਰ ਕਰ ਪਿਆਰ ਚਰਨ ਕਵਲ ਔਣਾ ਨੱਠ, ਬਣ ਪਾਂਧੀ ਪੰਧ ਮੁਕਾਈਆ । ਏਕੰਕਾਰਾ ਹਰਿ ਨਿਰੰਕਾਰਾ ਪੁਰਖ ਅਬਿਨਾਸ਼ੀ ਕਰੇ ਸਚ ਇਕੱਠ, ਏਕਾ ਬੰਧਨ ਦੇਵੇ ਪਾਈਆ । ਨਾਤਾ ਤੋੜ ਕੇ ਔਣਾ ਮੰਦਰ ਮਸਜਿਦ ਸ਼ਿਵਦੁਆਲੇ ਮੱਠ, ਗੁਰੂਦੁਆਰਾ ਅੰਗ ਨਾ ਕੋਇ ਰਖਾਈਆ । ਅੱਗੇ ਖੇਲ ਕਰੇ ਸਮਰਥ, ਸਮਰਥ ਦਾਤਾ ਬੇਪਰਵਾਹੀਆ । ਲੇਖਾ ਲਿਖੇ ਆਪਣੇ ਹੱਥ, ਦੂਸਰ ਸੰਗ ਨਾ ਕੋਇ ਰਖਾਈਆ । ਚੌਥੇ ਜੁਗ ਲਹਿਣਾ ਭੱਠ, ਭੱਠ ਖੇੜਾ ਦਏ ਵਖਾਈਆ । ਏਕਾ ਵਾਰ ਵਛਾਏ ਸੱਥਰ ਸੱਥ, ਸਫ਼ਾ ਸਭ ਦੀ ਦਏ ਉਠਾਈਆ । ਸਚ ਵਿਧਾਨ ਏਕਾ ਰੱਖ, ਪੰਚਮ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਸਿਸ਼ਨ ਏਕੰਕਾਰ, ਹੁਕਮੀ ਹੁਕਮ ਆਪ ਵਰਤਾਇੰਦਾ । ਚਾਰ ਜੁਗ ਨਿਵਾਸੀ ਕਰ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਇੰਦਾ । ਵੇਖਣਹਾਰਾ ਨਿਰਗੁਣ ਜੋਤ ਨੂਰ ਕਰ ਪਰਕਾਸ਼, ਪਰਕਾਸ਼ੀ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਹਰਿ ਜੂ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਕਰ ਗਿਰਫ਼ਤਾਰ, ਆਪਣੀ ਗਰਿਫ਼ਤ ਵਿਚ ਲਿਆਈਆ । ਸਾਰੇ ਬੱਧੇ ਕਹਿਣ ਤੂੰ ਦਾਤਾ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਜੁਗ ਜੁਗ ਕਰਦੇ ਆਏ ਮਾਤ ਵਿਹਾਰ, ਰਾਮਾ ਕ੍ਰਿਸ਼ਨਾ ਨਾਉਂ ਧਰਾਈਆ । ਈਸਾ ਮੂਸਾ ਮੁਹੰਮਦ ਬਣ ਸਰਦਾਰ, ਸਯਦਾ ਏਕਾ ਸੀਸ ਵਖਾਈਆ । ਨਾਨਕ ਗੋਬਿੰਦ ਬਣ ਪਨਿਹਾਰ, ਸੇਵਕ ਸੇਵਾ ਸੇਵ ਕਮਾਈਆ । ਲਿਖ ਲਿਖ ਅੱਖਰ ਜਗਤ ਲਾ ਕੇ ਆਏ ਕਾਰ, ਸਰਗੁਣ ਤੇਰੀ ਧਾਰ ਚਲਾਈਆ । ਤੇਰਾ ਰੂਪ ਦੱਸ ਨਾ ਸਕੇ ਵਿਚ ਸੰਸਾਰ, ਤੇਰੀ ਮਹਿਮਾ ਲਿਖ ਲਿਖ ਮਾਤ ਸੁਣਾਈਆ । ਉਚੀ ਕੂਕ ਕਹਿ ਕਹਿ ਆਏ ਪੁਕਾਰ, ਸਚਖੰਡ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਸਾਚਾ ਸਿਸ਼ਨ ਸ੍ਰੀ ਭਗਵਾਨ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਸਾਰੇ ਮੰਨੋ ਇਕ ਈਮਾਨ, ਸ਼ਰਅ ਸ਼ਰੀਅਤ ਇਕ ਜਣਾਇੰਦਾ । ਸਾਰੇ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੀ ਓਟ ਨਾ ਕੋਇ ਰਖਾਇੰਦਾ । ਮੰਨਣੀ ਪਏ ਸਭ ਨੂੰ ਆਣ, ਅੱਗੇ ਸੀਸ ਨਾ ਕੋਇ ਉਠਾਇੰਦਾ । ਨਿਉਂ ਨਿਉਂ ਸਾਰੇ ਚਰਨ ਕਵਲ ਕਰਨ ਧਿਆਨ, ਨੇਤਰ ਨੈਣ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

੩੨੯
੧੨

ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਜੂ ਦਏ ਦਲੀਲ, ਏਕਾ ਏਕ ਸਮਝਾਈਆ । ਅੱਗੇ ਸੁਣੇ ਨਾ ਕੋਇ ਅਪੀਲ, ਨਾ ਕੋਈ ਦੇਵੇ ਸਤਿ ਸਫ਼ਾਈਆ । ਸਚਖੰਡ ਨਾ ਮਿਲੇ ਕੋਇ ਵਕੀਲ, ਅੱਧਵਿਚਕਾਰੇ ਸਾਰੇ ਬੈਠਣ ਡੇਰਾ ਢਾਹੀਆ । ਨਾ ਕੋਈ ਪਹਿਨੇ ਬਸਤਰ ਨੀਲ, ਕੁੰਡਲ ਕੰਨ ਨਾ ਕੋਇ ਲਟਕਾਈਆ । ਨਾ ਕੋਈ ਰੂਪ ਰੰਗ ਦਿਸੇ ਛੈਲ ਛਬੀਲ, ਜੋਬਨ ਤਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ । ਸਾਚਾ ਹੁਕਮ ਸ਼ਾਹ ਸੁਲਤਾਨਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਮੰਨਣਾ ਪਏ ਅੰਤਮ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਹੁਕਮੇ ਅੰਦਰ ਰਾਜਾ ਰਾਣਾ, ਹੁਕਮੇ ਅੰਦਰ ਰੱਯਤ ਰੂਪ ਵਖਾਇੰਦਾ । ਹੁਕਮੇ ਅੰਦਰ ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਪੀਰ ਅਵਤਾਰ ਗਾਇਣ ਗਾਣਾ, ਲਿਖ ਲਿਖ ਲੇਖ ਜਗਤ ਸਮਝਾਇੰਦਾ । ਹੁਕਮੇ ਅੰਦਰ ਆਵਣ ਜਾਣਾ, ਹੁਕਮੇ ਅੰਦਰ ਦੋ ਜਹਾਨਾ ਵੇਖ ਵਖਾਇੰਦਾ । ਹੁਕਮੇ ਅੰਦਰ ਦੇਵੇ ਧੁਰ ਫ਼ਰਮਾਣਾ, ਪਿਛਲਾ ਲੇਖਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸਾਚੇ ਸਿਖ, ਹਰਿ ਹਰਿਜਨ ਆਪ ਜਣਾਈਆ । ਅਗਲਾ ਲੇਖਾ ਦੇਵੇ ਲਿਖ, ਲੇਖਾ ਪਿਛਲਾ ਆਪ ਮਿਟਾਈਆ । ਸਤਿ ਧਰਮ ਨਾਮ ਸਤਿ ਪਾਏ ਭਿਖ, ਆਤਮ ਪਰਮਾਤਮ ਰੰਗ ਰੰਗਾਈਆ । ਏਕਾ ਨੈਣ ਆਏ ਦਿਸ, ਦੋਏ ਲੋਚਣ ਬੰਦ ਕਰਾਈਆ । ਕਿਰਪਾ ਕਰੇ ਉਪਰ ਜਿਸ, ਜਿਸ ਆਪਣਾ ਭੇਵ ਖੁਲ੍ਹਾਈਆ । ਜਨਮ ਜਨਮ ਦੀ ਮੇਟੇ ਤਰਿਖ, ਤ੍ਰਿਸ਼ਨਾ ਅਗਨ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਲੋਕਮਾਤ, ਕਲਜੁਗ ਅੰਤ ਅੰਤ ਵਰਤਾਇੰਦਾ । ਚਾਰ ਜੁਗ ਦਾ ਤੁੱਟੇ ਨਾਤ, ਨਾਤਾ ਬਿਧਾਤਾ ਆਪ ਕਰਾਇੰਦਾ । ਸਤਿਜੁਗ ਸੁਣਾਏ ਸਾਚੀ ਗਾਥ, ਸਾਚੀ ਗਾਥਾ ਆਪ ਅਲਾਇੰਦਾ । ਚਾਰ ਵਰਨ ਝੁਕਾਏ ਏਕਾ ਮਾਥ, ਮਸਤਕ ਨੂਰ ਇਕ ਰੁਸ਼ਨਾਇੰਦਾ । ਚਾਰੋਂ ਕੁੰਟ ਏਕਾ ਪਾਠ, ਰਸਨਾ ਜਿਹਵਾ ਏਕਾ ਗੁਣ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣਾ ਰੰਗ ਰੰਗਾਇੰਦਾ । ਹੁਕਮੇ ਅੰਦਰ ਰੰਗ ਅਤੀਤ, ਹਰਿ ਸੱਚਾ ਸਚ ਰੰਗਾਈਆ । ਸਦੀ ਚੌਧਵੀਂ ਰਹੀ ਬੀਤ, ਚੌਦਸ ਆਪਣਾ ਮੂਲ ਮੁਕਾਈਆ । ਲਹਿਣਾ ਦੇਣਾ ਚੁਕਾਏ ਅੰਤ ਠੀਕ, ਠੀਕਰ ਸਭ ਦਾ ਭੰਨ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਰ ਕਰ ਗਏ ਉਡੀਕ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਅੰਤਮ ਪਰਗਟ ਹੋਏ ਲਾਸ਼ਰੀਕ, ਸਭ ਦੀ ਸ਼ਰਅ ਦਏ ਗਵਾਈਆ । ਆਪਣੀ ਧਾਰਾ ਰੱਖੇ ਬਰੀਕ, ਲਿਖਣ ਪੜ੍ਹਨ ਵਿਚ ਨਾ ਆਈਆ । ਕਾਇਆ ਅੰਦਰ ਵੜ ਵੜ ਗੁਰਮੁਖਾਂ ਕਰਾਏ ਸਚ ਪ੍ਰੀਤ, ਰਸਨਾ ਜਿਹਵਾ ਨਾ ਕੋਇ ਹਲਾਈਆ । ਮੇਲ ਮਿਲਾਏ ਧਾਮ ਅਨਡੀਠ, ਅਨਡਿਠੜੀ ਰੀਤੀ ਆਪ ਵਖਾਈਆ । ਸੋਹੰ ਢੋਲਾ ਗਾਏ ਆਤਮ ਪਰਮਾਤਮ ਗੀਤ, ਗੀਤ ਗੋਬਿੰਦ ਆਪ ਅਲਾਈਆ । ਕਾਇਆ ਕਰੇ ਠਾਂਡੀ ਸੀਤ, ਹਿਰਦੇ ਹਰਿ ਜੂ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਦਰਗਹਿ ਸਾਚੀ ਆਪ ਸੁਣਾਈਆ । ਦਰਗਹਿ ਸਾਚੀ ਸਚ ਸੁਹੰਜਣਾ, ਹਰਿ ਜੂ ਹਰਿ ਹਰਿ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੀਨਾਂ ਨਾਥ ਦਰਦ ਦੁੱਖ ਭੈ ਭੰਜਨਾ, ਨਾਥ ਅਨਾਥਾਂ ਵੇਖ ਵਖਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਹੋ ਪਰਵਾਨ ਨੇਤਰ ਨਾਮ ਨਿਧਾਨ ਪਾਏ ਅੰਜਣਾ, ਅਗਿਆਨ ਅੰਧੇਰ ਲੋਕਮਾਤ ਮਿਟਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਾਚੇ ਮੰਡਲ ਪਾਵੇ

ਰਾਸੀ, ਜਨ ਭਗਤਾਂ ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਆਪ ਧੁਵਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ, ਵਸਣਹਾਰਾ ਸਚਖੰਡ ਸੱਚੇ ਮਕਾਨ, ਜਨ ਭਗਤਾਂ ਕਰੇ ਬੰਦ ਖ਼ੁਲਾਸੀ, ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਗੇੜ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਸਤਿ ਸਤਿਵਾਦੀ, ਸੋ ਪੁਰਖ ਨਿਰੰਜਣ ਆਪ ਲਗਾਈਆ । ਆਦਿ ਜੁਗਾਦੀ ਇਕੋ ਵਾਦੀ, ਆਪਣੀ ਕੀਤੀ ਕਰਤਾ ਭੁੱਲ ਕਦੇ ਨਾ ਜਾਈਆ । ਸ਼ਬਦ ਜਣਾਏ ਬੋਧ ਅਗਾਧੀ, ਨਾਦ ਵਜਾਏ ਇਕ ਅਨਾਦੀ, ਅਨਹਦ ਰਾਗੀ ਰਾਗ ਸੁਣਾਈਆ । ਹੰਸ ਬਣਾਏ ਫੜ ਫੜ ਕਾਗੀ, ਜਨ ਭਗਤਾਂ ਆਤਮ ਜਾਏ ਸਾਧੀ, ਸਾਧਨ ਆਪਣਾ ਆਪ ਕਰਾਈਆ । ਲੇਖੇ ਲਾਏ ਕਾਇਆ ਮਾਟੀ ਹਾਡੀ, ਰੱਤੀ ਰੱਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧੰਦਾ ਏਕਾ ਦਏ ਵਖਾਈਆ । ਏਕਾ ਧੰਦਾ ਹਰਿ ਨਿਰੰਕਾਰ, ਲੱਖ ਚੁਰਾਸੀ ਆਪ ਜਣਾਇੰਦਾ । ਪਿਛਲਾ ਲਹਿਣਾ ਨਾ ਰਹੇ ਵਿਚ ਸੰਸਾਰ, ਹਰਿ ਜੂ ਹਰਿ ਹਰਿ ਆਪ ਮੁਕਾਇੰਦਾ । ਸਭ ਨੇ ਬੋਲਣਾ ਇਕ ਜੈਕਾਰ, ਜੈ ਜੈਕਾਰਾ ਇਕ ਸੁਣਾਇੰਦਾ । ਏਕਾ ਮੰਦਰ ਹੋਏ ਉਜਿਆਰ, ਹਰਿ ਜੂ ਦੀਪਕ ਜੋਤ ਜਗਾਇੰਦਾ । ਇਕ ਸਰੋਵਰ ਕਰੇ ਤਿਆਰ, ਅੰਮ੍ਰਿਤ ਠੰਡਾ ਜਲ ਭਰਾਇੰਦਾ । ਗੁਰਮੁਖ ਸਾਚੇ ਲਏ ਨੁਹਾਲ, ਸਾਂਤਕ ਸਤਿ ਸਰੂਪ ਵਖਾਇੰਦਾ । ਅੰਤ ਨੇੜ ਨਾ ਆਏ ਕਾਲ, ਮਹਾਕਾਲ ਮੁਖ ਸ਼ਰਮਾਇੰਦਾ । ਤੋੜਨਹਾਰਾ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਏਥੇ ਓਥੇ ਸਗਲ ਸੰਗ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸ਼ਾ ਸ਼ਾਹ ਕੰਗਾਲ, ਸਚ ਦੁਆਰੇ ਆਪ ਜਣਾਇੰਦਾ । ਸਚ ਦੁਆਰੇ ਹਰਿ ਸਚ ਵਸੇਰਾ, ਵਿਸ਼ਨ ਬ੍ਰਹਮਾ ਸ਼ਿਵ ਚਰਨ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਇਣ ਘੇਰਾ, ਚਾਰੋਂ ਕੁੰਟ ਡੇਰਾ ਲਾਈਆ । ਜੁਗ ਚੌਕੜੀ ਤੇਰਾ ਵੇਂਹਦੇ ਰਹੇ ਵੇਹੜਾ, ਘਰ ਸਾਚੇ ਸੱਦ ਨਾ ਕਦੇ ਬਹਾਈਆ । ਲੋਕਮਾਤ ਪਾ ਪਾ ਆਏ ਫੇਰਾ, ਬਣ ਮੁਸਾਫ਼ਰ ਫੇਰੀ ਪਾਈਆ । ਤੇਰਾ ਭੇਵ ਦੱਸੇ ਕੇਹੜਾ ਕੇਹੜਾ, ਬੇਅੰਤ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਦੀਨ ਮਜ਼੍ਹਬ ਪਾ ਕੇ ਆਏ ਝੇੜਾ, ਤੁਧ ਬਿਨ ਸਕੇ ਨਾ ਕੋਇ ਮਿਟਾਈਆ । ਚਾਰ ਕੁੰਟ ਚਾਰ ਵਰਨ ਜ਼ਾਤ ਪਾਤ ਵਸਿਆ ਖੇੜਾ, ਕਾਇਆ ਖਿੜਕੀ ਨਾ ਕੋਇ ਖੁਲ੍ਹਾਈਆ । ਉਲਟਾ ਵਹਿਣ ਡੂੰਘਾ ਗੇੜਾ, ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਹੁਕਮੇ ਅੰਦਰ ਗਏ ਆਪਣੀ ਵੇਰਾ, ਵੇਰਵਾ ਤੇਰਾ ਪਾ ਪਾ ਆਏ ਸੁਣਾਈਆ । ਅੰਤਮ ਕਹਿ ਕੇ ਆਏ ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਉਪਰ ਕਰੇ ਆਪਣੀ ਮਿਹਰਾ, ਤਿਸ ਆਪਣੇ ਨਾਲ ਲਏ ਮਿਲਾਈਆ । ਭਾਂਡਾ ਭਰਮ ਭੌ ਭੰਨਾਏ ਝੂਠਾ ਢਾਹੇ ਡੇਰਾ, ਡੇਰ ਕਦੇ ਨਾ ਲਾਈਆ । ਨਿਜ ਨੇਤਰ ਦਿਸੇ ਨੇਰਨ ਨੇਰਾ, ਨਿਜ ਘਰ ਬੈਠਾ ਆਸਣ ਲਾਈਆ । ਆਦਿ ਜੁਗਾਦਿ ਬੰਨ੍ਹਣਹਾਰਾ ਬੇੜਾ, ਨਾਮ ਚੱਪੂ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਆਪਣੇ ਹੱਥ ਰੱਖੀ ਖੇਲ ਕਰਤਾਰ, ਜੁਗ ਚੌਕੜੀ ਨਾਚ ਨਚਾਇੰਦਾ । ਕੋਈ ਕਹੇ ਮੈਂ ਰਚ ਕੇ ਆਇਆ ਵੇਦ ਚਾਰ, ਸ਼ਾਸਤਰ ਸਿਮਰਤ ਕੋਇ ਜਣਾਇੰਦਾ । ਕੋਈ ਕਹੇ ਲੇਖਾ ਲਿਖਿਆ ਅਠਾਰਾਂ ਪੁਰਾਨ, ਗੀਤਾ ਗਿਆਨ ਕੋਇ ਦ੍ਰਿੜਾਇੰਦਾ । ਕੋਈ ਕਹੇ ਕਲਮਾ ਜਣਾਇਆ ਅੰਜੀਲ ਕੁਰਾਨ, ਮਸਲਾ ਹੱਕ ਹੱਕ ਅਲਾਇੰਦਾ । ਕੋਈ ਕਹੇ ਬਾਣੀ ਨਿਰਾਲਾ ਮਾਰਿਆ ਬਾਣ, ਅਣਯਾਲਾ ਤੀਰ ਚਲਾਇੰਦਾ । ਕੋਈ ਕਹੇ ਏਕੋ

ਏਕ ਪੁਰਖ ਅਕਾਲ, ਬਣ ਸੁਤ ਦੁਲਾਰਾ ਸੇਵ ਕਮਾਇੰਦਾ । ਕੋਈ ਕਹੇ ਭਗਤੀ ਦੇਵੇ ਦਾਨ, ਭਗਵਨ ਆਪਣੀ ਵਸਤ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਕਹੇ ਜਿਸ ਉਪਰ ਹੋਵਾਂ ਆਪ ਮਿਹਰਵਾਨ, ਬਿਨ ਭਗਤੀ ਲੇਖਾ ਲੇਖੇ ਪਾਇੰਦਾ । ਭਾਗ ਲਗਾਵਾਂ ਕਾਇਆ ਮੰਦਰ ਸਚ ਮਕਾਨ, ਸਚ ਸਿੰਘਾਸਣ ਇਕ ਸੁਹਾਇੰਦਾ । ਕਲਜੁਗ ਅੰਤਮ ਗੁਰਮੁਖ ਗੁਰ ਗੁਰ ਕਰ ਪਰਵਾਨ, ਨਾਮ ਪਰਵਾਨਗੀ ਹੱਥ ਵਖਾਇੰਦਾ । ਏਕਾ ਵਾਰ ਸਚਖੰਡ ਦੁਆਰੇ ਕਰੇ ਰਵਾਨ, ਰਵਾਨਗੀ ਆਪਣਾ ਨਾਉਂ ਦ੍ਰਿੜਾਇੰਦਾ । ਸਾਚੀ ਸਖੀ ਮਿਲਾਵਾਂ ਕਾਹਨ, ਕਾਹਨ ਸੁਰਤੀ ਸ਼ਬਦੀ ਬੰਧਨ ਪਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਤੀ ਭਗਵਤ ਆਪਣੀ ਗੋਦ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪ੍ਰਿਥਮੀ ਆਪਣੀ ਧਾਰ ਚਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਰਇਛਤ ਇਛਿਆ ਜਨ ਭਗਤਾਂ ਆਪ ਰਖਾਇੰਦਾ ।

## ✳ ੨੪ ਜੇਠ ੨੦੧੯ ਬਿਕਰਮੀ ਪਿਆਰਾ ਸਿੰਘ ਦੇ ਗ੍ਰਿਹਿ ਦੀਵਾਨ ਗੜ੍ਹ ਜੰਮੂ ✳

ਠਾਠਾਂ ਵਿਚੋਂ ਇਕੋ ਲਹਿਰ, ਸਚ ਪ੍ਰੇਮ ਦਏ ਵਡਿਆਈਆ । ਜੁਗ ਜਨਮ ਦਾ ਮੇਟੇ ਕਹਿਰ, ਅਗਨੀ ਤਤ ਬੁਝਾਈਆ । ਮੇਲ ਮਿਲਾਵਾ ਗੰਭੀਰ ਗਹਿਰ, ਗਹਿਰੀ ਭਵਰੀ ਫੋਲ ਫੁਲਾਈਆ । ਪੰਚ ਵਿਕਾਰਾ ਮਾਰੇ ਐਰ ਗ਼ੈਰ, ਗ਼ੈਰਤ ਆਪਣੀ ਇਕ ਜਣਾਈਆ । ਕਾਇਆ ਮੰਦਰ ਅੰਦਰ ਵਖਾਏ ਸੈਰ, ਸਾਖ਼ਯਾਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਈਆ । ਅਗੰਮ ਅਥਾਹ ਚਾੜ੍ਹੇ ਰੰਗ, ਰੰਗ ਮਜੀਠੀ ਇਕ ਰੰਗਾਇੰਦਾ । ਸਾਚੀ ਡੋਰ ਬੰਨ੍ਹੇ ਤੰਦ, ਕਾਚਾ ਤੰਦ ਨਾ ਕੋਇ ਬਣਾਇੰਦਾ । ਪੁਰਖ ਅਬਿਨਾਸ਼ੀ ਪਾਏ ਬੰਧਨ ਬੰਧ, ਬੰਦੀਖ਼ਾਨਾ ਸਰਬ ਤੁੜਾਇੰਦਾ । ਕਰ ਪਰਕਾਸ਼ ਅੰਧੇਰੇ ਅੰਧ, ਅੰਧ ਅੰਧੇਰ ਆਪ ਮਿਟਾਇੰਦਾ । ਇਕ ਵਖਾਏ ਪਰਮਾਨੰਦ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਰਬ ਜੀਆਂ ਦਾ ਸਾਚਾ ਛੰਦ, ਸੋਹੰ ਢੋਲਾ ਆਪ ਅਲਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਵਡ ਸਾਗਰ ਆਪਣਾ ਰੂਪ ਵਖਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਚਿੰਤਾ ਚਿੱਖਾ ਅਗਨ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਖੇਲ ਵਖਾਇੰਦਾ । ਗਹਿਰ ਗੰਭੀਰ ਗੁਣਵੰਤ, ਅਗੰਮ ਅਥਾਹ ਵਡ ਵਡਿਆਈਆ । ਹਰਿਜਨ ਮੇਲੇ ਸਾਚੇ ਸੰਤ, ਸਤਿਗੁਰ ਆਪਣੀ ਦਇਆ ਕਮਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਮਿਲਾਈਆ । ਜਿਉਂ ਨਾਨਕ ਅੰਗ ਲਾਇਆ ਅੰਗਤ, ਗੁਰ ਗੁਰ ਆਪਣੇ ਅੰਗ ਲਗਾਈਆ । ਮੇਲ ਮਿਲਾਏ ਫੜ ਫੜ ਸੰਗਤ, ਵਿਛੜੀ ਕੂੰਜ ਡਾਰ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰਾ ਥਾਉਂ ਥਾਈਂਆ । ਜਗਤ ਵਿਛੋੜਾ ਮਿਟੇ ਪੰਧ, ਆਵਣ ਜਾਵਣ ਰਹਿਣ ਨਾ ਪਾਈਆ । ਗੁਰਮੁਖ ਨਾਤਾ ਤੋੜੇ ਮਦਿਰਾ ਮਾਸ ਗੰਦ, ਜਗਤ ਵਾਸਨਾ ਨਾ ਹੋਏ ਹਲਕਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਗੁਸਾਈਂਆ । ਜੋ ਜਨ ਸਤਿ ਸਤਿਵਾਦੀ ਗਾਵੇ ਸਾਚਾ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਮਿਹਰ ਇਕ ਟਿਕਾਈਆ । ਮਿਹਰ ਨਜ਼ਰ ਹਰਿ ਦੇਵੇ ਪਾ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਤ੍ਰੈਕਾਲ ਦਰਸੀ ਤ੍ਰੈਗੁਣ ਮਾਇਆ ਕੱਟੇ ਫਾਹ, ਫਾਸੀ ਜਮ ਨਾ ਕੋਇ ਲਟਕਾਇੰਦਾ । ਏਕਾ

ਨਾਉਂ ਦਏ ਸਮਝਾ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਡੂੰਘੀ ਭਵਰੀ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਸਤਿ ਸਤਿਵਾਦੀ ਦਏ ਸਲਾਹ, ਸਾਚੇ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਗਹਿਰ ਗੰਭੀਰ ਸਾਗਰ ਸਿੰਧ, ਡੂੰਘਾ ਸਾਗਰ ਨਜ਼ਰ ਕਿਸੇ ਨਾ ਆਈਆ । ਫਿਰ ਫਿਰ ਥੱਕੇ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਰਾਜਾ ਇੰਦ, ਇੰਦਰਾਸਣ ਤਜ ਤਜ ਫੇਰਾ ਪਾਈਆ । ਬਿਨ ਹਰਿ ਭਗਤ ਦੂਸਰ ਬਣਾਏ ਕਿਸੇ ਨਾ ਆਪਣੀ ਬਿੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਆਪਣਾ ਨਾਉਂ ਧਰਾਈਆ । ਗਹਿਰ ਗੰਭੀਰ ਹੋਏ ਗੁਰਸਿਖ, ਜਿਸ ਹਰਿ ਹਰਿ ਦਰਸ਼ਨ ਪਾਇਆ । ਸਤਿਗੁਰ ਦੀਨ ਦਿਆਲ ਲੇਖਾ ਦਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇਆ । ਸਦਾ ਸੁਹੇਲਾ ਰੱਖੇ ਸਾਇਆ ਹੇਠ, ਤਤੀ ਵਾ ਨਾ ਲਾਗੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਅਥਾਹ ਆਪਣਾ ਰਾਹ ਜਣਾਇਆ । ਅਗੰਮ ਅਥਾਹ ਹਰਿ ਬੇਅੰਤ, ਅੰਤ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਇਕ ਭਗਵੰਤ, ਜੁਗ ਜੁਗ ਵੇਸ ਵਟਾਇੰਦਾ । ਹਰਿਜਨ ਮੇਲੇ ਸਾਚੇ ਸੰਤ, ਸਤਿਜੁਗ ਆਪਣਾ ਰੰਗ ਰੰਗਾਇੰਦਾ । ਕਰ ਕਿਰਪਾ ਬਣਾਏ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਰਲਾਏ ਗੁਰਸਿਖ ਪੰਗਤ, ਆਤਮ ਨਾਤਾ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਜੇ ਦਰ ਹੋਣ ਨਾ ਦੇਵੇ ਮੰਗਤ, ਦੇਵਣਹਾਰ ਬੇਪਰਵਾਹੀਆ । ਪੰਜ ਤਨ ਪਾਕ ਹੋਏ ਮਾਤ, ਮਾਤਰ ਭੂਮੀ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਚਰਨ ਕਵਲ ਜੋੜ ਨਾਤ, ਨਾਤਾ ਆਪਣੇ ਨਾਲ ਰਖਾਈਆ । ਕਲਜੁਗ ਕਾਇਆ ਚੋਲਾ ਰੱਖਿਆ ਸਾਥ, ਅੰਦਰ ਬਾਹਰ ਆਪਣਾ ਸੰਗ ਰਖਾਈਆ । ਅੰਤਮ ਲਹਿਣਾ ਦੇਣਾ ਚੁਕਾਇਆ ਮਸਤਕ ਮਾਥ, ਆਪਣੇ ਹੱਥ ਰੱਖੀ ਵਡਿਆਈਆ । ਪੰਜਾਂ ਬਣਾਈ ਇਕੋ ਜ਼ਾਤ, ਨਾਤਾ ਤਨ ਦਏ ਤੁੜਾਈਆ । ਨਿਰਗੁਣ ਆਤਮ ਪਰਮਾਤਮ ਪੁੱਛੀ ਵਾਤ, ਸਮਰਥ ਆਪਣੀ ਦਇਆ ਕਮਾਈਆ । ਦਰਸ ਦਿਖਾਇਆ ਹੋ ਕੇ ਸਾਖ਼ਯਾਤ, ਸਵਛ ਸਰੂਪੀ ਰੂਪ ਵਟਾਈਆ । ਸਚਖੰਡ ਦੁਆਰੇ ਪੰਜੇ ਹੋਏ ਪਾਕ, ਪਾਕ ਤਨ ਲੋਕਮਾਤ ਮਿਲੀ ਵਡਿਆਈਆ । ਜਗਤ ਨਿਸ਼ਾਨੀ ਰਹਿ ਜਾਏ ਧੂੜੀ ਖ਼ਾਕ, ਮਨਮੁਖਾਂ ਸਿਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਨ ਪਾਕ ਆਪਣੇ ਰੰਗ ਰੰਗਾਈਆ । ਅਲੀ ਮੁਹੰਮਦ ਇਕੋ ਰਾਹ, ਆਲਮੀਨ ਆਪ ਅਖਵਾਇੰਦਾ । ਆਲਮਗੀਰ ਕਾਇਨਾਤ ਕਰੇ ਨਕ਼ਾਹ, ਮੁੱਖ ਨਕ਼ਾਬ ਪਰਦਾ ਰਖਾਇੰਦਾ । ਕੋਈ ਕਹੇ ਪੋਸ਼ ਰੱਖੇ ਸਿਆਹ, ਸੂਰਤ ਸਚ ਨਾ ਕਿਸੇ ਵਖਾਇੰਦਾ । ਮੁਹੰਮਦ ਜਿਸ ਅੱਗੇ ਮੰਗੀ ਦੁਆ, ਸੋ ਦੂਰ ਦੁਰਾਡਾ ਨੇੜੇ ਹੋ ਹੋ ਫੇਰਾ ਪਾਇੰਦਾ । ਜਿਸ ਅੱਗੇ ਸਜਦਾ ਸੀਸ ਦਿਤਾ ਝੁਕਾ, ਸੋ ਆਪਣੇ ਝਰੋਕੇ ਵਿਚੋਂ ਖੋਲ੍ਹ ਆਪਣੀ ਨਜ਼ਰ ਤਕਾਇੰਦਾ । ਜਿਸ ਨੂੰ ਕਿਹਾ ਪਾਕ ਇਕ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਸੋ ਸਾਹਿਬ ਕੋਟਨ ਕੋਟ ਅਲੀ ਲਏ ਬਣਾ, ਆਪਣੀ ਏਕਾ ਨਜ਼ਰ ਉਠਾਇੰਦਾ । ਇਕ ਰਸੂਲ ਦਏ ਅਸੂਲ, ਆਲਮ ਕਰੇ ਪੜ੍ਹਾਈਆ । ਇਕ ਰਸੂਲ ਦੋਹਾਂ ਵਿਚੋਂ ਸਾਬਤ ਰਹੇ ਇਕ ਮਾਕੂਲ, ਜਿਸ ਆਪਣੀ ਬਣਤ ਬਣਾਈਆ । ਬਾਕੀ ਰਸੂਲ ਸਾਰੇ ਜਾਣ ਭੁਲ, ਆਪ ਭੁੱਲ ਵਿਚ ਕਦੇ ਨਾ ਆਈਆ । ਸੋ ਖ਼ੁਦਾਵੰਦ ਕਰੀਮ ਸਭ ਦੇ ਬਣਾਵਣਹਾਰਾ ਕਾਨੂੰਨ, ਕਾਇਦਾ ਇਕੋ ਇਕ ਪੜ੍ਹਾਈਆ । ਅਲਫ਼ ਪੜ੍ਹ ਕੇ ਸਾਰੇ ਹੋਏ ਮਮਨੂਨ, ਮੋਮਨ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸੂਲ ਰਸੂ ਲਿਲਾ

ਸਲਵ ਸਲਮ ਸੁਆਦ ਸਾਦਕ ਸਬਰ ਆਪਣਾ ਆਪ ਹੰਢਾਈਆ । ਚਾਰ ਯਾਰ ਕਹਿਣ ਸੁਣ ਰਸੂਲ, ਰਸਮ ਕਵਣ ਜਗਤ ਚਲਾਈਆ । ਮੁਹੰਮਦ ਕਹੇ ਮੈਂ ਨਾ ਜਾਣਾ ਕਵਣ ਕਾਤਲ ਕਵਣ ਮਕਤੂਲ, ਕਵਣ ਛੁਰੀ ਰਿਹਾ ਵਖਾਈਆ । ਇਕ ਰਸੂਲ ਹੋਏ ਬੇਆਬ, ਇਕ ਆਬਹਯਾਤ ਮੰਗ ਮੰਗਾਈਆ । ਇਕ ਰਸੂਲ ਮੁਰੀਦਾਂ ਮਿਲੇ ਵਿਚ ਖ਼ੁਵਾਬ, ਇਕ ਖ਼ੁਵਾਬ ਵਿਚ ਨਜ਼ਰ ਨਾ ਆਈਆ । ਇਕ ਰਸੂਲ ਤੱਕੇ ਪੁਨ ਸਵਾਬ, ਇਕ ਰਸੂਲ ਪੁਨ ਸਵਾਬ ਨਾ ਕੋਇ ਰਖਾਈਆ । ਇਕ ਰਸੂਲ ਹੋਏ ਮੁਖ ਨਕ਼ਾਬ, ਇਕ ਰਸੂਲ ਪਰਦਾਨਸ਼ੀਂ ਨਾ ਕੋਇ ਵਡਿਆਈਆ । ਇਕ ਰਸੂਲ ਵਜਾਏ ਰਬਾਬ, ਇਕ ਅਹਿਬਾਬ ਆਪਣਾ ਰੰਗ ਵਖਾਈਆ । ਇਕ ਰਸੂਲ ਲਿਖ ਲਿਖ ਜਾਏ ਕਿਤਾਬ, ਇਕ ਰਸੂਲ ਕਿਤਾਬਾਂ ਰਿਹਾ ਪੜ੍ਹਾਈਆ । ਸੋ ਰਸੂਲ ਸੱਚਾ ਜਨਾਬ, ਜਿਸ ਮਖ਼ਲੂਕ ਲਈ ਉਪਾਈਆ । ਸਦਾ ਰਹੇ ਆਦਿ ਜੁਗਾਦਿ, ਮੁਕਾਮੇ ਹੱਕ ਆਸਣ ਲਾਈਆ । ਕੋਈ ਕਹੇ ਕਰੀਮ ਕਰਤਾ ਕਾਦ, ਕਾਦਰ ਕੁਦਰਤ ਆਪਣੀ ਖੇਲ ਕਰਾਈਆ । ਇਕ ਰਸੂਲ ਕਰੇ ਯਾਦ, ਇਕ ਰਸੂਲ ਯਾਦਦਾਸਤ ਆਪਣੀ ਸਭ ਨੂੰ ਰਿਹਾ ਕਰਾਈਆ । ਇਕ ਰਸੂਲ ਕਾਇਆ ਮਾਟੀ ਨਾੜੀ ਮਾਸ ਹਾਡ, ਇਕ ਰਸੂਲ ਨਿਰਗੁਣ ਨੂਰ ਰੁਸ਼ਨਾਈਆ । ਇਕ ਰਸੂਲ ਮਾਤ ਪਿਤ, ਪਿਤ ਭਾਈ ਭੈਣ ਬਣਾਏ ਦਾਦੀ ਦਾਦ, ਇਕ ਰਸੂਲ ਰੂਪ ਰੰਗ ਰੇਖ ਨਾ ਕੋਇ ਰਖਾਈਆ । ਸੋ ਰਸੂਲ ਕਰਨਾ ਯਾਦ, ਜਿਸ ਯਾਦ ਕੀਤਿਆਂ ਵਿਸਰੇ ਆਪਣੀ ਪਿਤਾ ਮਾਈਆ । ਇਕ ਰਸੂਲ ਪਾਕ ਇਕ ਰਸੂਲ ਖ਼ਾਕ, ਇਕ ਰਸੂਲ ਨਾਦ, ਇਕ ਰਸੂਲ ਸੁਆਦ, ਸ਼ਹੀਦ ਦੇਵੇ ਨਾ ਕਿਸੇ ਸ਼ਹਾਦਤ, ਅੱਗੇ ਹੋ ਨਾ ਕਿਸੇ ਬਚਾਈਆ । ਥੋੜੀ ਬੰਦਗੀ ਲੇਖੇ ਲਾਏ ਇਬਾਦਤ, ਕਿਨਕਾ ਕਿਨਕਾ ਝੋਲੀ ਪਾਈਆ । ਨਿੱਕੀ ਨਿੱਕੀ ਹਰਿ ਜੂ ਆਪਣੀ ਰੱਖੀ ਆਦਤ, ਬਾਲ ਬਾਲਾਂ ਨਾਲ ਲੜਾਈਆ । ੩੩੩
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸ਼ਹੀਦ ਨਾ ਕਿਸੇ ਜਣਾਈਆ ।



## ✳ ੨੪ ਜੇਠ ੨੦੧੯ ਬਿਕਰਮੀ ਜੰਮੂ ✳

ਚਾਰ ਖਾਣੀ ਸੁਣ ਪੁਕਾਰ, ਖ਼ਾਨਾ ਆਪਣਾ ਅੰਤ ਖੁਲ੍ਹਾਈਆ । ਚਾਰ ਵਰਨ ਪਾਵੇ ਸਾਰ, ਅਨਜਾਣ ਬੇਪਰਵਾਹੀਆ । ਚਾਰ ਕੁੰਟ ਵੇਖ ਵਿਚਾਰ, ਵੇਖਣਹਾਰਾ ਵੇਖੇ ਥਾਉਂ ਥਾਈਆ । ਚਾਰ ਜੁਗ ਕਰਜ਼ ਉਤਾਰ, ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਸਮਰਥ, ਹਰਿ ਸਤਿਗੁਰ ਆਪ ਜਣਾਇੰਦਾ । ਕੂੜੀ ਕਿਰਿਆ ਜਾਏ ਢੱਠ, ਕੂੜਾ ਬੰਧਪ ਤੋੜ ਤੁੜਾਇੰਦਾ । ਕੂੜਾ ਖੇੜਾ ਹੋਏ ਭੱਠ, ਅਗਨੀ ਭੱਠ ਆਪ ਤਪਾਇੰਦਾ । ਕੂੜਾ ਮਾਰਗ ਜਾਏ ਨੱਸ, ਸਾਚਾ ਮਾਰਗ ਆਪ ਵਖਾਇੰਦਾ । ਕੂੜੀ ਰੈਣ ਮਿਟੇ ਅੰਧੇਰੀ ਮਸ, ਸਾਚਾ ਚੰਦ ਆਪ ਚੜ੍ਹਾਇੰਦਾ । ਕੂੜਾ ਨਾਤਾ ਜਾਏ ਛੱਡ, ਸਚ ਸੁੱਚ ਬੰਧਨ ਪਾਇੰਦਾ । ਕੂੜੀ ਮਾਇਆ ਵੇਖੇ ਕਾਇਆ ਮਾਟੀ ਹੱਡ, ਸਚ ਨਿਰਗੁਣ ਨੂਰ ਜਣਾਇੰਦਾ । ਕੂੜ ਕੁੜਿਆਰ ਕਲਜੁਗ ਯਦ, ਸਚ ਸਤਿਜੁਗ ਰਾਹ ਵਖਾਇੰਦਾ । ਕੂੜ ਰਸ ਰਸਨਾ ਮਦਿ, ਸਚ ਅੰਮ੍ਰਿਤ ਰਸ ਚਖਾਇੰਦਾ । ਕੂੜ ਢੋਲ ਮਰਦੰਗ ਨਗਾਰਾ ਵੱਜੇ ਨਦ, ਸਚ ਆਤਮਕ ਨਾਦ ਸੁਣਾਇੰਦਾ । ਕੂੜ ਕੁੜਿਆਰ ਲੋਕਮਾਤ ਵਿਚੋਂ ਦੇਵੇ ਕੱਢ, ਸਚ ਧਰਮ ਇਕ ਨਿਸ਼ਾਨ ਝੁਲਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਆਪਣਾ ਰੂਪ ਧਰੇ ਸੱਚ, ਸਾਚੀ ਸਿਖਿਆ ਇਕ ਸਮਝਾਈਆ । ਪੰਚ ਵਿਕਾਰ ਨਾ ਜਾਏ ਨੱਚ, ਨਟੂਆ ਨੱਟ ਨਾ ਰੂਪ ਵਟਾਈਆ । ਗੁਰਮੁਖ ਅਗਨ ਨਾ ਜਾਏ ਮਚ, ਤਤੀ ਵਾ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਖੇਲੇ ਬੇਪਰਵਾਹੀਆ । ਖੇਲ ਖੇਲਣਹਾਰ ਗੋਪਾਲ, ਕਲਜੁਗ ਅੰਤਮ ਖੇਲ ਕਰਾਇੰਦਾ । ਸਤਿਜੁਗ ਦੀ ਸਚ ਧਰਮਸਾਲ, ਸਚ ਦੁਆਰਾ ਆਪ ਸੁਹਾਇੰਦਾ । ਭਗਤ ਭਗਵੰਤ ਲਏ ਬਿਠਾਲ, ਬਹਿ ਬਹਿ ਆਪਣਾ ਰੰਗ ਰੰਗਾਇੰਦਾ । ਸਾਚਾ ਮੰਤਰ ਨਾਮ ਸੁਖਾਲ, ਸਾਖੀ ਆਪਣੀ ਆਪ ਪੜ੍ਹਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਕਾਇਆ ਕਪੜ ਕੋਟ ਆਪਣਾ ਰੰਗ ਰੰਗਾਇੰਦਾ । ਧਰਮ ਦੁਆਰੇ ਬਣ ਦਲਾਲ, ਪੰਚ ਸਵਾਰੀ ਪਾਰ ਕਰਾਇੰਦਾ । ਭਗਤ ਉਧਾਰੀ ਇਕ ਨਿਰੰਕਾਰ, ਨਾਮ ਜੈਕਾਰੀ ਆਪ ਅਲਾਇੰਦਾ । ਵੱਜੇ ਸਤਾਰੀ ਦੋ ਜਹਾਨ, ਦੋਏ ਦੋਏ ਆਪਣਾ ਰੰਗ ਵਖਾਇੰਦਾ । ਭਗਤ ਉਡਾਰੀ ਸ੍ਰੀ ਭਗਵਾਨ, ਦਰ ਘਰ ਸਾਚੇ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਖਾਇੰਦਾ । ਭਗਤ ਉਡਾਰੀ ਸ਼ਬਦੀ ਡੋਰ, ਡੋਰ ਤੰਦ ਨਜ਼ਰ ਕਿਸੇ ਨਾ ਆਈਆ । ਕਰ ਪਰਕਾਸ਼ ਅੰਧ ਘੋਰ, ਘੋਰ ਅੰਧ ਦਏ ਮਿਟਾਈਆ । ਕੂੜ ਕੁੜਿਆਰਾ ਨਾ ਪਾਵੇ ਸ਼ੋਰ, ਜੂਠ ਝੂਠ ਨਾ ਕੋਇ ਹਲਕਾਈਆ । ਮੇਟਣਹਾਰਾ ਪੰਚਮ ਚੋਰ, ਪੰਚਮ ਮੋਹ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜਾਣੇ ਸਾਚੀ ਲੋੜ, ਹਰਿਜਨ ਸਾਚੇ ਖੋਜ ਖੁਜਾਈਆ । ਭਗਤਾਂ ਲੋੜੇ ਆਪ ਹਰਿ, ਲੱਖ ਚੁਰਾਸੀ ਫੋਲ ਫੁਲਾਇੰਦਾ । ਦਰ ਦਰਵੇਸ਼ ਫਿਰੇ ਦਰ ਦਰ, ਦਰ ਦਰ ਆਪਣੀ ਅਲੱਖ ਜਗਾਇੰਦਾ । ਪਾਵੇ ਸਾਰ ਘਰ ਘਰ, ਘਰ ਘਰ ਵਿਚ ਪਰਦਾ ਲਾਹਿੰਦਾ । ਵੇਖਣਹਾਰਾ ਨਾਰੀ ਨਰ, ਨਰ ਨਰਾਇਣ ਖੇਲ ਕਰਾਇੰਦਾ । ਪਾਵੇ ਸਾਰ ਡੂੰਘੇ ਸਰ, ਸਰ ਸਰੋਵਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਭੇਵ ਚੁਕਾਏ ਡੂੰਘੇ ਸਾਗਰ, ਗਹਿਰ ਗੰਭੀਰ ਦਇਆ ਕਮਾਈਆ । ਵੇਖਣਹਾਰਾ ਕਾਇਆ ਗਾਗਰ, ਕਾਇਆ ਕਵਰੀ ਖੋਜ ਖੁਜਾਈਆ । ਆਤਮ ਪਰਮਾਤਮ ਗ੍ਰਿਹ ਮੰਦਰ ਦੇਵੇ ਆਦਰ, ਮਾਣ ਤਾਣ ਇਕ ਰਖਾਈਆ । ਸਾਚਾ ਵਣਜ ਵਪਾਰ ਕਰਾਏ ਸੌਦਾਗਰ, ਸਾਚੀ ਵਸਤ ਇਕ ਵਖਾਈਆ । ਲੇਖਾ ਜਾਣੇ ਤੇਗ਼ ਬਹਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਖੇਲ ਵਖਾਏ ਚਾਓ ਘਨੇਰਾ, ਭਿੰਨੜੀ ਰੈਣ ਰਹੀ ਜਸ ਗਾਈਆ । ਹਰਿਜਨ ਕਹੇ ਮੈਂ ਤੇਰਾ ਤੂੰ ਮੇਰਾ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਜਾਣੇ ਕੋਇ ਰਾਈਆ । ਤੇਰੇ ਅੰਦਰ ਸਾਚੇ ਮੰਦਰ ਲਾਇਆ ਡੇਰਾ, ਕਾਇਆ ਕਿਲਾ ਕੋਟ ਸੁਹਾਈਆ । ਰਸਨਾ ਸ੍ਰਿਸ਼ਟ ਸਬਾਈ ਕਹੇ ਸਿੰਘ ਸ਼ੇਰਾ, ਨੇਤਰ ਨਜ਼ਰ ਕਿਸੇ ਨਾ ਆਈਆ । ਭਗਤ ਦੁਆਰਾ ਖੁਲ੍ਹਾ ਰੱਖਿਆ ਵੇਹੜਾ, ਗੁਰਮੁਖ ਸੱਜਣ ਲਏ ਮਿਲਾਈਆ । ਅੰਤਮ ਕਲ ਚੁਕਾਇਆ ਝੇੜਾ, ਸਾਚਾ ਖੇੜਾ ਆਪ ਵਸਾਈਆ । ਰੁੜ੍ਹਦਾ ਬੰਨੇ ਲਾਇਆ ਬੇੜਾ, ਮੰਜਧਾਰ ਬਾਹਰ ਕਢਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਇਆ ਦਲੇਰਾ, ਬਲ ਆਪਣਾ ਆਪ ਪਰਗਟਾਈਆ ।


੩੩੪
੧੨

### ✳ ੨੯ ਜੇਠ ੨੦੧੯ ਬਿਕਰਮੀ ਨਰਾਇਣ ਸਿੰਘ ਕੰਗ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✳

ਸੋ ਪੁਰਖ ਨਿਰੰਜਣ ਅਗੰਮ ਅਥਾਹ, ਅਲੱਖ ਅਗੋਚਰ ਆਪਣੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਭੇਵ ਕੋਇ ਨਾ ਪਾਇੰਦਾ । ਏਕੰਕਾਰਾ ਸਤਿ ਸਤਿਵਾਦੀ ਸਤਿ ਮਲਾਹ, ਦਰ ਘਰ ਸਾਚੇ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਹਰ ਘਟ ਥਾਂ, ਦੋ ਜਹਾਨਾਂ ਖੇਲ ਕਰਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਂ, ਧਰਮ ਨਿਸ਼ਾਨਾ ਇਕ ਵਖਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਵੇਸ ਲਏ ਵਟਾ, ਰੂਪ ਅਨੂਪ ਆਪ ਧਰਾਇੰਦਾ । ਧੁਰ ਫ਼ਰਮਾਣਾ ਹੁਕਮ ਜਣਾ, ਹੁਕਮੀ ਹੁਕਮ ਆਪ ਅਲਾਇੰਦਾ । ਆਪਣੀ ਇਛਿਆ ਲਏ ਪਰਗਟਾ, ਸਾਚੀ ਇਛਿਆ ਇਕ ਰਖਾਇੰਦਾ । ਸਚਖੰਡ ਦੁਆਰਾ ਲਏ ਬਣਾ, ਛਪਰੀ ਛੰਨ ਨਾ ਕੋਇ ਛੁਹਾਇੰਦਾ । ਨਿਰਮਲ ਦੀਆ ਬਾਤੀ ਲਏ ਟਿਕਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਕਮਲਾਪਾਤੀ ਨਾਉਂ ਰਖਾ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਭੂਪ ਬਣ ਸ਼ਹਿਨਸ਼ਾਹ, ਰਾਜ ਰਾਜਾਨ ਆਪਣਾ ਬਲ ਧਰਾਇੰਦਾ । ਸੀਸ ਜਗਦੀਸ਼ ਤਾਜ ਟਿਕਾ, ਦਰ ਬੰਕ ਇਕ ਵਡਿਆਇੰਦਾ । ਦਰ ਦਰਵੇਸ਼ ਬਣ ਦਰ ਬੈਠੇ ਸੀਸ ਝੁਕਾ, ਅਲੱਖ ਅਲੱਖਣਾ ਆਪਣੀ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰੇ ਸਾਚੀ ਧਾਰ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੀ ਕਾਰ ਆਪ ਕਰਾਇੰਦਾ । ਕਰਤਾ ਪੁਰਖ ਕਰਨੇ ਯੋਗ, ਸਚਖੰਡ ਵੱਜੇ ਵਧਾਈਆ । ਆਪੇ ਕਰੇ ਆਪਣਾ ਸਤਿ ਸੰਜੋਗ, ਰੂਪ ਰੰਗ ਰੇਖ ਨਾ ਕਿਸੇ ਜਣਾਈਆ । ਆਪੇ ਪੜ੍ਹੇ ਆਪਣਾ ਸਤਿ ਸਲੋਕ, ਰਸਨਾ ਜਿਹਵਾ ਨਾ ਕੋਇ ਹਲਾਈਆ । ਆਪੇ ਆਪਣਾ ਦੁਆਰਾ ਪਰਗਟਾਏ ਸਾਚਾ ਕੋਟ, ਚਾਰ ਦੀਵਾਰ ਨਾ ਕੋਇ ਜਣਾਈਆ । ਆਪੇ ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਿਹਿ ਮੰਦਰ ਆਪ ਸੁਹਾਈਆ । ਗ੍ਰਿਹਿ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਕਰੇ ਖੇਲ ਪ੍ਰਭ ਬੇਅੰਤ, ਆਪਣੀ ਧਾਰਾ ਆਪ ਪ੍ਰਗਟਾਇੰਦਾ । ਆਪੇ ਨਾਰ ਆਪੇ ਕੰਤ, ਕੰਤ ਕੰਤੂਹਲ ਆਪ ਅਖਵਾਇੰਦਾ । ਆਪ ਬਣਾਏ ਸਾਚੀ ਬਣਤ, ਬਸਨ ਬਨਵਾਰੀ ਆਪਣਾ ਰੰਗ ਰੰਗਾਇੰਦਾ । ਆਪੇ ਮਹਿਮਾ ਗਾਏ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਵਡਿਆਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਬੇਪਰਵਾਹੀਆ । ਆਪਣੇ ਨੂਰ ਹੋ ਪਰਗਟ, ਆਪੇ ਵੇਖੇ ਚਾਈਂ ਚਾਈਆ । ਆਪੇ ਜਾਣੇ ਮਹਿਮਾ ਅਕੱਥ, ਕਥਨੀ ਕੋਇ ਕਥ ਨਾ ਸਕੇ ਰਾਈਆ । ਆਪ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਧੰਦੇ ਲਾਈਆ । ਆਪਣਾ ਕਰੇ ਆਪੇ ਵਸ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪਣਾ ਹੁਕਮ ਵਰਤਾਈਆ । ਸਚਖੰਡ ਦੁਆਰੇ ਸਾਚਾ ਰਾਣਾ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਤਖ਼ਤ ਨਿਵਾਸੀ ਸ਼ਾਹ ਸ਼ਾਹਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਨਿਰਗੁਣ ਨੂਰ ਨੂਰ ਮਹਾਨਾ, ਨੂਰੋ ਨੂਰ ਨੂਰ ਡਗਮਗਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ,

੩੩੫
੧੨

ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਤਖ਼ਤ ਨਿਵਾਸੀ ਏਕੰਕਾਰ, ਦੂਸਰ ਅਵਰ ਨਾ ਕੋਇ ਵਡਿਆਈਆ । ਵਸਣਹਾਰਾ ਧਾਮ ਨਿਆਰ, ਮੁਕਾਮੇ ਹੱਕ ਸੋਭਾ ਪਾਈਆ । ਲਾਸ਼ਰੀਕ ਪਰਵਰਦਿਗਾਰ, ਨੂਰੀ ਜਲਵਾ ਨੂਰ ਇਲਾਹੀਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਝੋਲੀ ਪਾਈਆ । ਨਾਰ ਕੰਤ ਕਰ ਵਿਹਾਰ, ਸੇਜ ਸੁਹੰਜਣੀ ਆਪ ਹੰਢਾਈਆ । ਪੂਤ ਸਪੂਤਾ ਇਕ ਦੁਲਾਰ, ਹਰਿ ਸ਼ਬਦੀ ਸ਼ਬਦ ਪਰਗਟਾਈਆ । ਦਾਈ ਦਾਇਆ ਬਣ ਆਪ ਕਰਤਾਰ, ਸੇਵਕ ਸੇਵਾ ਸੇਵ ਕਮਾਈਆ । ਕਰੇ ਕਰਾਏ ਸਚ ਵਿਹਾਰ, ਬਿਵਹਾਰੀ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਵੇਖੇ ਖੜ੍ਹ, ਪੂਤ ਸਪੂਤਾ ਆਪਣੀ ਗੋਦ ਬਹਾਈਆ । ਪੂਤ ਸਪੂਤਾ ਸਾਚਾ ਸੁਤ, ਹਰਿ ਸ਼ਬਦੀ ਸ਼ਬਦ ਪਰਗਟਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਚਖੰਡ ਦੁਆਰ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਨਿਰਗੁਣ ਧਾਰ ਆਪੇ ਉਠ, ਨਿਰਗੁਣ ਆਪਣਾ ਰੰਗ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪ ਸੁਹਾਇੰਦਾ । ਸਚਖੰਡ ਦੁਆਰ ਸੁਹੰਜਣਾ, ਹਰਿ ਸਤਿਗੁਰ ਆਪ ਸੁਹਾਈਆ । ਕਰੇ ਖੇਲ ਆਦਿ ਨਿਰੰਜਣਾ, ਆਦਿ ਪੁਰਖ ਬੇਪਰਵਾਹੀਆ । ਸਦਾ ਸੁਹੇਲਾ ਦਰਦ ਦੁੱਖ ਭੈ ਭੰਜਣਾ, ਅਨੁਭਵ ਆਪਣਾ ਰੂਪ ਪ੍ਰਗਟਾਈਆ । ਮੀਤ ਪਿਆਰਾ ਬਣ ਬਣ ਸੱਜਣਾ, ਸਾਚਾ ਸੰਗ ਆਪ ਰਖਾਈਆ । ਆਪੇ ਧੂੜੀ ਆਪੇ ਮਜਨਾ, ਸਚ ਅਸ਼ਨਾਨ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਵਸੇ ਹਰਿ, ਥਿਰ ਘਰ ਆਪਣਾ ਹੁਕਮ ਜਣਾਈਆ । ਥਿਰ ਘਰ ਸਾਚਾ ਖੇਲ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਆਪਣੀ ਇਛਿਆ ਲਏ ਉਸਾਰ, ਘਰ ਘਰ ਵਿਚ ਆਪ ਟਿਕਾਇੰਦਾ । ਸਾਚੇ ਸੁਤ ਕਰ ਪਿਆਰ, ਸ਼ਬਦੀ ਹੁਕਮ ਮਨਾਇੰਦਾ । ਅੰਦਰ ਵੜਨਾ ਹੋ ਤਿਆਰ, ਘਰ ਸਾਚਾ ਇਕ ਵਖਾਇੰਦਾ । ਆਦਿ ਜੁਗਾਦਿ ਦੀਪ ਉਜਿਆਰ, ਅੰਧ ਅੰਧੇਰ ਨਾ ਕੋਇ ਰਖਾਇੰਦਾ । ਅੱਠੇ ਪਹਿਰ ਕਰੇ ਗੁਫ਼ਤਾਰ, ਦਿਵਸ ਰੈਣ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੇ ਸੁਤ ਸੁਤ ਸਮਝਾਇੰਦਾ । ਸਾਚੇ ਸੁਤ ਬਾਲ ਨਾਦਾਨ, ਹਰਿ ਸਤਿਗੁਰ ਆਪ ਸਮਝਾਈਆ । ਧੁਰ ਸੰਦੇਸ਼ਾ ਹੁਕਮਰਾਨ, ਏਕਾ ਵਾਰ ਸੁਣਾਈਆ । ਤੇਰਾ ਮੇਰਾ ਇਕ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਰਗੁਣ ਰੂਪ ਸ੍ਰੀ ਭਗਵਾਨ, ਨਿਰਗੁਣ ਸ਼ਬਦ ਕਰੇ ਜਣਾਈਆ । ਖੇਲਾਂ ਖੇਲ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਸਮਝਾਈਆ । ਸੁਤ ਦੁਲਾਰੇ ਉਠ ਉਠ ਜਾਗ, ਸੋ ਪੁਰਖ ਨਿਰੰਜਣ ਆਪ ਜਗਾਇਆ । ਥਿਰ ਘਰ ਸਾਚੇ ਲਗਾ ਭਾਗ, ਹਰਿ ਪੁਰਖ ਨਿਰੰਜਣ ਵੇਖੇ ਬੇਪਰਵਾਹਿਆ । ਏਕੰਕਾਰਾ ਕੰਤ ਸੁਹਾਗ, ਗ੍ਰਿਹ ਮੰਦਰ ਸੋਭਾ ਪਾਇਆ । ਆਦਿ ਨਿਰੰਜਣ ਇਕ ਚਿਰਾਗ, ਦੀਪਕ ਜੋਤੀ ਡਗਮਗਾਇਆ । ਸ੍ਰੀ ਭਗਵਾਨ ਪਕੜੇ ਵਾਗ, ਅਬਿਨਾਸ਼ੀ ਕਰਤਾ ਸਾਚਾ ਸੋਹਲਾ ਗਾਇਆ । ਪਾਰਬ੍ਰਹਮ ਮੰਗੇ ਲਾਗ, ਨੈਣ ਨਾਈ ਕੋਇ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਇਆ । ਰਚਿਆ ਕਾਜ ਪੁਰਖ ਅਗੰਮ, ਭੇਵ ਕੋਇ ਨਾ ਪਾਇੰਦਾ । ਆਪਣੀ ਧਾਰ ਆਪੇ ਬੰਨ੍ਹ, ਆਪਣਾ ਮਾਰਗ ਆਪੇ

ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ ਨਰ ਨਰੇਸ਼ ਸੁਤ ਦੁਲਾਰੇ ਇਕ ਜਣਾਇੰਦਾ । ਸਚ ਸੰਦੇਸ਼ਾ ਹਰਿ ਨਿਰੰਕਾਰ, ਸਚਖੰਡ ਨਿਵਾਸੀ ਆਪ ਜਣਾਈਆ । ਸ਼ਬਦੀ ਸੁਤ ਉਠ ਬਲਕਾਰ, ਬਲ ਏਕਾ ਏਕ ਰਖਾਈਆ । ਤੇਰੀ ਇਛਿਆ ਖੇਲ ਕਰਾਂ ਅਪਾਰ, ਅਪਰੰਪਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਰਚਨਾ ਦਏ ਸਮਝਾਈਆ । ਆਦਿ ਰਚਨਾ ਹਰਿ ਰਚਾ, ਸ਼ਬਦੀ ਸ਼ਬਦ ਜਣਾਇੰਦਾ । ਸਾਚਾ ਖੇਲ ਕਰ ਬੇਪਰਵਾਹ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ ਨੂਰ ਨੂਰ ਖ਼ੁਦਾ, ਜ਼ਹੂਰ ਜ਼ਹੂਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਵਖਾਇੰਦਾ । ਸਾਚੇ ਸੁਤ ਉਠ ਦੁਲਾਰ, ਹਰਿ ਜੂ ਹਰਿ ਹਰਿ ਆਪ ਜਣਾਇਆ । ਮੇਰੀ ਇਛਿਆ ਤੇਰਾ ਵਰਤਾਰ, ਤੇਰੀ ਇਛਿਆ ਮੇਰੇ ਰੰਗ ਸਮਾਇਆ । ਮੈਂ ਕਰਤਾ ਪੁਰਖ ਕਰਨੇਹਾਰ, ਸਚਖੰਡ ਬੈਠਾ ਆਸਣ ਲਾਇਆ । ਥਿਰ ਘਰ ਖੋਲ੍ਹ ਤੇਰਾ ਦਵਾਰ, ਘਰ ਘਰ ਵਿਚ ਆਪ ਬਹਾਇਆ । ਤੇਰੀ ਵਸਤ ਤੇਰੀ ਝੋਲੀ ਦੇਵਾਂ ਡਾਰ, ਬਣ ਦਾਨੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਧੁਰ ਫ਼ਰਮਾਣਾ ਹਰਿ ਜਗਦੀਸ਼, ਏਕੰਕਾਰਾ ਆਪ ਜਣਾਈਆ । ਛੱਤਰ ਝੁਲੇ ਤੇਰੇ ਸੀਸ, ਸੁਤ ਸ਼ਬਦ ਮਿਲੇ ਵਡਿਆਈਆ । ਕੋਈ ਨਾ ਕਰੇ ਤੇਰੀ ਰੀਸ, ਲਾਸਾਨੀ ਆਪਣਾ ਰੰਗ ਰਿਹਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਵਿਸ਼ਨ ਵਿਸ਼ਵ ਕਰ ਤਿਆਰ, ਬ੍ਰਹਮਾ ਬ੍ਰਹਮ ਰੂਪ ਪ੍ਰਗਟਾਇੰਦਾ । ਸ਼ੰਕਰ ਦੇਵੇ ਇਕ ਆਧਾਰ, ਸੁਨ ਅਗੰਮ ਖੇਲ ਕਰਾਇੰਦਾ । ਮੰਡਲ ਮੰਡਪ ਮਹੱਲ ਉਸਾਰ, ਲੋਆਂ ਪੁਰੀਆਂ ਆਪਣਾ ਬੰਧਨ ਪਾਇੰਦਾ । ਤ੍ਰੈਗੁਣ ਮਾਇਆ ਕਰ ਉਜਿਆਰ, ਤ੍ਰੈਗੁਣ ਅਤੀਤਾ ਵੇਖ ਵਖਾਇੰਦਾ । ਪੰਜ ਤਤ ਕਰ ਪਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੰਢ ਪੁਆਇੰਦਾ । ਨਿਰਗੁਣ ਸਰਗੁਣ ਵੇਖ ਵਿਚਾਰ, ਭੇਵ ਅਭੇਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਏਕਾ ਕਾਰੇ ਲਾਇੰਦਾ । ਏਕਾ ਕਾਰੇ ਜਾਏ ਲੱਗ, ਹਰਿ ਸੁਣਿਆ ਧੁਰ ਫ਼ਰਮਾਣਾ । ਤੂੰ ਸਾਹਿਬ ਦਿਆਲ ਠਾਕਰ ਸੁਆਮੀ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਰਾਣਾ । ਨਿਰਗੁਣ ਸਰਗੁਣ ਚਲੌਣਾ ਮੇਰਾ ਜਹਾਜ਼, ਮੈਂ ਗ਼ਰੀਬ ਨਿਮਾਣ ਨਿਮਾਣਾ । ਤੇਰੀ ਕਿਰਪਾ ਮੇਰਾ ਤਾਜ, ਪਰਗਟ ਹੋਏ ਦੋ ਜਹਾਨਾਂ । ਤੂੰ ਸਾਜਣ ਲਿਆ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁਤ ਮੰਗੇ ਬਣ ਨਾਦਾਨਾ । ਬਣ ਨਾਦਾਨਾ ਮੰਗੇ ਬਾਲ, ਪੁਰਖ ਅਬਿਨਾਸ਼ੀ ਅੱਗੇ ਕਰੇ ਅਰਜ਼ੋਈਆ । ਸਦਾ ਸਦਾ ਸਦਾ ਪ੍ਰਿਤਪਾਲ, ਪ੍ਰਿਤਪਾਲਕ ਤੇਰੇ ਹੱਥ ਵਡਿਆਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮੈਂ ਕੰਗਾਲ, ਖ਼ਾਲੀ ਹੱਥ ਰਿਹਾ ਵਖਾਈਆ । ਦੋ ਜਹਾਨ ਬਣਨਾ ਦਲਾਲ, ਸਚ ਦਲਾਲੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸੁਤ ਸ਼ਬਦੀ ਆਪ ਜਣਾਇੰਦਾ । ਤੇਰਾ ਖੇਲ ਕਰਾਂ ਮਹਾਨ, ਭੇਵ ਕੋਇ ਨਾ ਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰਾ ਗਿਆਨ, ਨਾਮ ਨਿਧਾਨ ਇਕ ਦ੍ਰਿੜਾਇੰਦਾ । ਰਵ ਸਸ ਕਿਰਨ ਕਿਰਨ ਪਰਵਾਨ, ਨੂਰ ਨੂਰ ਨੂਰ ਚਮਕਾਇੰਦਾ । ਮੰਡਲ ਮੰਡਪ ਖੋਲ੍ਹ ਦੁਕਾਨ, ਅਨਭਵ ਤੇਰਾ ਰੰਗ ਵਖਾਇੰਦਾ । ਲੱਖ ਚੁਰਾਸੀ ਜਗਤ

ਨਿਸ਼ਾਨ, ਲੋਕਮਾਤ ਵੰਡ ਵੰਡਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਪਰਵਾਨ, ਸਾਂਤਕ ਸਤਿ ਸਤਿ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਅਲਾਇੰਦਾ । ਧੁਰ ਫ਼ਰਮਾਣਾ ਏਕੰਕਾਰ, ਏਕਾ ਵਾਰ ਸੁਣਾਈਆ । ਲੱਖ ਚੁਰਾਸੀ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਚਾਰੇ ਖਾਣੀ ਖੋਲ੍ਹ ਦੁਕਾਨ, ਲੋਕਮਾਤ ਮਾਤ ਦਏ ਵਡਿਆਈਆ । ਧੁਰ ਦੀ ਬਾਣੀ ਸ਼ਬਦ ਬਬਾਣ, ਨਾਮ ਨਿਧਾਨ ਦਏ ਜਣਾਈਆ । ਪਰਾ ਪਸੰਤੀ ਮਧਮ ਬੈਖ਼ਰੀ ਗਾਨ, ਅਨਡਿਠਿਆ ਆਪਣਾ ਗਾਨਾ ਰਿਹਾ ਸੁਣਾਈਆ । ਚਾਰ ਵੇਦ ਬ੍ਰਹਮ ਨਿਸ਼ਾਨ, ਪਾਰਬ੍ਰਹਮ ਕਰੇ ਪੜ੍ਹਾਈਆ । ਚਾਰ ਜੁਗ ਵੰਡ ਵੰਡਾਨ, ਚਾਰ ਵਰਨ ਹੋਏ ਕੁੜਮਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਸੇਵਕ ਸੇਵਾ ਲਾਏ ਵਡ ਬਲਵਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਸਮਝਾਈਆ । ਸ਼ਬਦ ਸੁਤ ਕਰ ਪਰਵਾਨ, ਪ੍ਰਭ ਚਰਨੀ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਦਿਤਾ ਦਾਨ, ਸਚ ਸੱਚਾ ਰਿਹਾ ਭਰਾਇਆ । ਜੁਗ ਚੌਕੜੀ ਖੇਲ ਮਹਾਨ, ਤੇਰੀ ਕੁਦਰਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਵੰਡਾਇਆ । ਸਾਚੀ ਵੰਡ ਜੁਗ ਚੌਕੜੀ ਚਾਰ, ਚਾਰ ਚਾਰ ਨਾਲ ਮਿਲਾਈਆ । ਪੰਚਮ ਪੰਚ ਪੰਚ ਜੈਕਾਰ, ਪੰਚਮ ਪੰਚ ਕਰੇ ਪੜ੍ਹਾਈਆ । ਛੇ ਛੇ ਖੋਲ੍ਹ ਕਿਵਾੜ, ਸੰਤ ਸਾਜਣ ਮੇਲ ਮਿਲਾਈਆ । ਸਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਹਰਿ ਕਰਤਾ ਆਪ ਕਰਾਈਆ । ਅੱਠਾਂ ਤਤਾਂ ਵਸੇ ਬਾਹਰ, ਨੌਂ ਦਰ ਵੇਖੇ ਥਾਉਂ ਥਾਈਆ । ਦਹਿ ਦਿਸ਼ਾ ਪਾਵੇ ਸਾਰ, ਘਰ ਸਾਚੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦਾ ਹਰਿ ਜੂ ਖੋਲ੍ਹ, ਸਚਖੰਡ ਨਿਵਾਸੀ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੋਲੇ ਤੋਲ, ਗੁਰ ਅਵਤਾਰ ਸੇਵਾ ਲਾਇੰਦਾ । ਪੀਰ ਪੈਗ਼ੰਬਰ ਅੰਤਰ ਆਤਮ ਮੌਲ, ਮੌਲਾ ਆਪਣਾ ਰੰਗ ਵਖਾਇੰਦਾ । ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਸ਼ਬਦੀ ਸ਼ਬਦ ਹਰਿ ਜਣਾਇੰਦਾ । ਅੰਤ ਔਧ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੈਂਡਾ ਜਾਏ ਮੁੱਕ, ਹਰਿ ਜੂ ਹਰਿ ਹਰਿ ਆਪ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੂਟਾ ਜਾਏ ਸੁੱਕ, ਪੁਰਖ ਅਬਿਨਾਸ਼ੀ ਆਪ ਸੁਕਾਇੰਦਾ । ਜੁਗ ਚੌਕੜੀ ਜੋ ਬੈਠਾ ਰਿਹਾ ਲੁਕ, ਸਚਖੰਡ ਵਾਸੀ ਨਜ਼ਰ ਕਿਸੇ ਨਾ ਆਇੰਦਾ । ਅੰਤਮ ਅੰਤ ਪਰਗਟ ਹੋ ਹੋ ਪਏ ਬੁੱਕ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਸਾਚਾ ਰਾਹ ਲੈਣਾ ਜਾਣ, ਹਰਿ ਸਾਚਾ ਸਚ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੁੱਲੇ ਨਿਸ਼ਾਨ, ਜੁਗ ਜੁਗ ਆਪਣੀ ਵੰਡ ਵੰਡਾਈਆ । ਗੁਰ ਅਵਤਾਰ ਸ਼ਬਦ ਗਿਆਨ, ਗਿਆਨ ਸ਼ਬਦ ਨਾਲ ਮਿਲਾਈਆ । ਆਤਮ ਅੰਤਰ ਇਕ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਨਿਰਗੁਣ ਨੂਰ ਜੋਤ ਮਹਾਨ, ਜੋਤ ਜੋਤ ਕਰੇ ਕੁੜਮਾਈਆ । ਸਤਿਜੁਗ ਖੇਲ ਗੁਣ ਨਿਧਾਨ, ਸਤਿ ਸਤਿ ਰਿਹਾ ਦ੍ਰਿੜਾਈਆ । ਤ੍ਰੇਤਾ ਖੇਲ ਕਰੇ ਮਹਾਨ, ਤਿਰੀਆ ਆਪਣਾ ਅੰਕ ਬਣਾਈਆ । ਦੁਆਪਰ ਦੋਏ ਦੋਏ ਰੂਪ ਦੋ ਜਹਾਨ, ਨਿਰਗੁਣ ਸਰਗੁਣ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਚਲਾਏ


੩੩੮ ੧੨

ਮੰਤਰ ਨਮੋ ਸਤਿ ਬ੍ਰਹਮ ਮਤ, ਆਤਮ ਤਤ ਆਪ ਦ੍ਰਿੜਾਈਆ । ਆਤਮ ਤਤ ਤਤ ਗਿਆਨ, ਤਤਵ ਤਤ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਸਾਚੀ ਮਤ, ਬ੍ਰਹਮ ਮਤ ਆਪ ਸਮਝਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਆਪ ਸੁਕਾਇੰਦਾ । ਪੰਜ ਤਤ ਕਾਇਆ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਭਗਤ ਭਗਵਾਨ ਮਾਰਗ ਦਸ, ਸਾਚੇ ਰਾਹ ਆਪ ਚਲਾਇੰਦਾ । ਕਰੇ ਕੁੜਮਾਈ ਹੱਸ ਹੱਸ, ਆਪ ਆਪਣਾ ਬੰਧਨ ਪਾਇੰਦਾ । ਸਚਖੰਡ ਨਿਵਾਸੀ ਆਏ ਨੱਸ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰਾਇੰਦਾ । ਜੁਗ ਚੌਕੜੀ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਉਚ ਅਟੱਲਾ, ਨਿਹਚਲ ਬੈਠਾ ਆਸਣ ਲਾਈਆ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਆਪਣਾ ਵੇਸ ਵਟਾਈਆ । ਜੋਤੀ ਸ਼ਬਦੀ ਆਪੇ ਰਲਾ, ਨਿਰਗੁਣ ਆਪਣਾ ਨਾਉਂ ਧਰਾਈਆ । ਜਨ ਭਗਤ ਫੜਾਏ ਪੱਲਾ, ਡੋਰੀ ਸ਼ਬਦ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਜੀਵਣ ਦਾਤਾ ਬੇਪਰਵਾਹੀਆ । ਜਗ ਜੀਵਣ ਹਰਿ ਇਕੋ ਦਾਤਾ, ਜੀਵ ਜੰਤ ਆਪ ਸਮਝਾਇੰਦਾ । ਲੱਖ ਚੁਰਾਸੀ ਪਿਤਾ ਮਾਤਾ, ਪੂਤ ਸਪੂਤ ਗੋਦ ਸੁਹਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੜ੍ਹਾਏ ਆਪਣੀ ਗਾਥਾ, ਧੁਰ ਸੰਦੇਸ਼ ਨਰ ਨਰੇਸ਼ ਆਪ ਜਣਾਇੰਦਾ । ਦਾਤਾ ਦਾਨੀ ਸੁਣਾਏ ਸਾਕਾ, ਸਾਖਯਾਤ ਭੇਵ ਚੁਕਾਇੰਦਾ । ਆਤਮ ਪਰਮਾਤਮ ਜੋੜੇ ਨਾਤਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਈਸ਼ ਜੀਵ ਮਿਟੇ ਅੰਧੇਰੀ ਰਾਤਾ, ਦੂਈ ਦਵੈਤੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਸ ਵਟਾਇੰਦਾ । ਜੁਗ ਚੌਕੜੀ ਵੇਸ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਵੇਖਣਹਾਰਾ ਨਜ਼ਰ ਨਾ ਆਇੰਦਾ । ਸੇਵਾ ਲਾ ਤੇਈ ਅਵਤਾਰਾ, ਭਗਤ ਅਠਾਰਾਂ ਹੁਕਮ ਸੁਣਾਇੰਦਾ । ਈਸਾ ਮੂਸਾ ਏਕਾ ਨਾਅਰਾ, ਹੱਕ ਹਕ਼ੀਕ਼ਤ ਪਰਦਾ ਲਾਹਿੰਦਾ । ਮੁਹੰਮਦ ਬੋਲੇ ਤੇਰਾ ਦੁਆਰਾ, ਚੌਦਾਂ ਤਬਕ ਕੁੰਡਾ ਲਾਹਿੰਦਾ । ਨਾਨਕ ਨਿਰਗੁਣ ਮਿਲਿਆ ਨਿਰਗੁਣ ਧਾਰਾ, ਸਰਗੁਣ ਰੰਗ ਜਗਤ ਵਖਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਦਰ ਦਵਾਰੇ ਆਪ ਬਹਾਇੰਦਾ । ਮਿਲ ਮਿਲ ਸਖੀਆਂ ਮੰਗਲਾਚਾਰਾ, ਗੀਤ ਸੁਹਾਗੀ ਆਪ ਅਲਾਇੰਦਾ । ਨਾਮ ਸਤਿ ਸਤਿ ਪਿਆਰਾ, ਸਤਿ ਸਤਿਵਾਦੀ ਰੰਗ ਚੜ੍ਹਾਇੰਦਾ । ਸਚਖੰਡ ਦੁਆਰੇ ਜੈ ਜੈਕਾਰ, ਜੈ ਜੈਕਾਰ ਆਪ ਕਰਾਇੰਦਾ । ਲੋਕਮਾਤ ਦਾ ਮਾਤ ਪਿਤ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਇੰਦਾ । ਜੁਗ ਜੁਗ ਭੇਵ ਖੁਲ੍ਹਾਵਣਹਾਰਾ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਬਣ ਲਿਖਾਰ, ਲਿਖ ਲਿਖ ਲੇਖਾ ਦਏ ਜਣਾਈਆ । ਭਗਤ ਭਗਵਾਨ ਖੋਲ੍ਹ ਕਿਵਾੜਾ, ਆਤਮ ਤਾਕੀ ਕੁੰਡਾ ਲਾਹੀਆ । ਅਗਨੀ ਤਤ ਕਰੇ ਠੰਡਾ ਠਾਰਾ, ਸੀਤਲ ਸੀਤਲ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਏਕਾ ਏਕ ਜਣਾਈਆ । ਸਚਖੰਡ ਵਾਸੀ ਸਾਚਾ ਰਾਣਾ, ਸ਼ਹਿਨਸ਼ਾਹ ਬੇਪਰਵਾਹੀਆ । ਥਿਰ ਘਰ ਵੇਖੇ ਬਾਲ ਅਵਾਣਾ, ਸੁਤ ਦੁਲਾਰੇ ਦਏ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰਾ ਖੇਲ ਮਹਾਨਾ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੰਗ ਰਖਾਈਆ । ਭਗਤ ਭਗਵਾਨ

ਗਾਇਣ ਗਾਣਾ, ਸਾਚੇ ਸੰਤ ਸਤਿ ਸਤਿ ਦ੍ਰਿੜਾਈਆ । ਗੁਰਮੁਖ ਮਾਰੇ ਨਿਰਾਲਾ ਬਾਣਾ, ਅਣਯਾਲਾ ਤੀਰ ਚਲਾਈਆ । ਗੁਰਸਿਖ ਬਖ਼ਸ਼ੇ ਚਰਨ ਧਿਆਨਾ, ਮਾਣ ਮੋਹ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣੇ ਹੁਕਮੇ ਅੰਦਰ ਫਿਰਾਈਆ । ਜੁਗ ਚੌਕੜੀ ਹੁਕਮੇ ਅੰਦਰ, ਹਰਿ ਜੂ ਗੇੜਾ ਆਪ ਦਿਵਾਇੰਦਾ । ਹੁਕਮੇ ਅੰਦਰ ਮੱਠ ਸ਼ਿਵਦੁਆਲੇ ਮਸਜਿਦ ਮੰਦਰ, ਗੁਰੂਦੁਆਰ ਬਣਾਇੰਦਾ । ਹੁਕਮੇ ਅੰਦਰ ਪਾਵੇ ਸਾਰ ਡੂੰਘੀ ਕੰਦਰ, ਲੱਖ ਚੁਰਾਸੀ ਵੇਖ ਵਖਾਇੰਦਾ । ਹੁਕਮੇ ਅੰਦਰ ਪਾਏ ਬੰਧਨ, ਹੁਕਮੇ ਅੰਦਰ ਲਾਏ ਚੰਦਨ, ਹੁਕਮੇ ਅੰਦਰ ਕਰੇ ਖੰਡਣ, ਖੰਡਾ ਆਪਣੇ ਹੱਥ ਰਖਾਇੰਦਾ । ਹੁਕਮੇ ਅੰਦਰ ਪਾਵੇ ਸਾਰ ਵਿਚ ਬ੍ਰਹਿਮੰਡਣ, ਹੁਕਮੇ ਅੰਦਰ ਕੋਟਨ ਕੋਟ ਤ੍ਰਲੋਕੀ ਨੰਦਨ, ਲੋਕਮਾਤ ਸੇਵ ਲਗਾਇੰਦਾ । ਹੁਕਮੇ ਅੰਦਰ ਜਨ ਭਗਤਾਂ ਤੋੜੇ ਫੰਦਨ, ਹੁਕਮੇ ਅੰਦਰ ਸਾਹਿਬ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਆਪਣੀ ਕਰਨੀ ਆਪ ਕਰਾਇੰਦਾ । ਕਰਨੀ ਕਰੇ ਹਰਿ ਕਰਤਾਰਾ, ਭੇਵ ਕੋਇ ਨਾ ਪਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਲਿਖ ਲਿਖ ਲੇਖ ਬਣ ਲਿਖਾਰਾ, ਧੁਰ ਫ਼ਰਮਾਣਾ ਹੁਕਮੀ ਹੁਕਮ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਆਪਣਾ ਵੇਸ ਆਪੇ ਧਰ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਆਪਣਾ ਖੇਲ ਆਪੇ ਕਰ ਕਰ, ਕਰਤਾ ਪੁਰਖ ਵੇਖ ਵਖਾਈਆ । ਏਕਾ ਨਿਰਭੌ ਚੁਕਾਏ ਡਰ ਡਰ, ਭੈ ਅਵਰ ਨਾ ਕੋਇ ਰਖਾਈਆ । ਆਪਣੇ ਮੰਦਰ ਆਪੇ ਖੜ ਖੜ, ਸਚਖੰਡ ਦੁਆਰੇ ਦਏ ਵਡਿਆਈਆ । ਆਪਣਾ ਅੱਖਰ ਆਪੇ ਪੜ੍ਹ ਪੜ੍ਹ, ਨਿਸ਼ਅੱਖਰ ਦਏ ਸਮਝਾਈਆ । ਆਪਣੇ ਗੁਰਮੁਖ ਆਪਣੇ ਸੰਤ ਭਗਤ ਭਗਵੰਤ ਫੜ ਫੜ, ਜੁਗ ਜੁਗ ਆਪੇ ਲਏ ਮਿਲਾਈਆ । ਆਪੇ ਦੇਵਣਹਾਰਾ ਸਾਚਾ ਵਰ ਵਰ, ਸਾਚੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਰਿਹਾ ਸਮਝਾਈਆ । ਸਾਚੇ ਸੁਤ ਸ੍ਰੀ ਭਗਵਾਨ, ਆਦਿ ਆਦਿ ਜਣਾਇਆ । ਨਵ ਨੌਂ ਚਾਰ ਖੇਲ ਮਹਾਨ, ਜੁਗ ਚੌਕੜੀ ਵੇਖ ਵਖਾਇਆ । ਗੁਰ ਅਵਤਾਰ ਕਰ ਬਲਵਾਨ, ਬਲ ਆਪਣਾ ਨਾਲ ਮਿਲਾਇਆ । ਪੀਰ ਪੈਗ਼ੰਬਰ ਦੇ ਦੇ ਦਾਨ, ਦਾਤਾ ਦਾਨੀ ਵੇਖ ਵਖਾਇਆ । ਵਰਨ ਬਰਨ ਕਰ ਪਰਧਾਨ, ਦੀਨ ਮਜ਼੍ਹਬ ਵੰਡ ਵੰਡਾਇਆ । ਮੰਦਰ ਮਸਜਿਦ ਮੱਠ ਗੁਰੂਦੁਆਰ ਖੋਲ੍ਹ ਮਕਾਨ, ਚਾਰ ਦੀਵਾਰੀ ਬੰਦ ਕਰਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਇਕ ਦ੍ਰਿੜਾਇਆ । ਖਾਣੀ ਬਾਣੀ ਖੇਲ ਮਹਾਨ, ਲਿਖ ਲਿਖ ਲੇਖਾ ਲੇਖ ਸਮਝਾਇਆ । ਗੁਰਮੁਖ ਵਿਰਲਾ ਚਤੁਰ ਸੁਘੜ ਸੁਜਾਨ, ਜਿਸ ਪਰਦਾ ਦਏ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਰਖਾਇਆ । ਸਚ ਸੰਦੇਸਾ ਸੁਣ ਲਾ ਕੰਨ, ਕੰਨਾਂ ਏਕਾ ਵਿਚ ਰਖਾਈਆ । ਜੋ ਘੜਿਆ ਸੋ ਦੇਵੇ ਭੰਨ, ਭੰਨਣਹਾਰ ਹੱਥ ਵਡਿਆਈਆ । ਪੰਜ ਤਤ ਕਾਇਆ ਗੁਰ ਅਵਤਾਰ ਪੀਰ ਪੈਗ਼ੰਬਰ ਚੜ੍ਹੇ ਚੰਨ, ਜੋਤੀ ਜੋਤ ਹੋਏ ਰੁਸ਼ਨਾਈਆ । ਰਸਨਾ ਜਿਹਵਾ ਕਹੇ ਧੰਨ ਧੰਨ, ਧੰਨ ਤੇਰੀ ਪ੍ਰਭ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਸਚ ਖ਼ੁਦਾ ਲੈਣਾ ਮੰਨ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਭੇਵ ਨਾ ਜਾਣੇ ਕੋਇ ਆਤਮ ਅੰਨ, ਅੰਧ ਅੰਧੇਰ ਜਗਤ ਵਖਾਈਆ । ਸਚ ਨਿਸ਼ਾਨਾ ਇਕੋ ਛੰਦ, ਗੀਤ ਗੋਬਿੰਦ ਸਰਬ ਅਲਾਈਆ । ਨਾ ਕੋਈ ਬੰਧਨ ਨਾ ਕੋਈ ਬੰਧ, ਬੰਦੀਖ਼ਾਨਾ ਨਾ ਕੋਇ

੩੪੦
੧੨

ਵਖਾਈਆ । ਆਤਮ ਅੰਤਰ ਇਕੋ ਪਰਮਾਨੰਦ, ਨਿਜ਼ਾਨੰਦ ਕਰੇ ਰਸਾਈਆ । ਆਤਮ ਪਰਮਾਤਮ ਪਏ ਗੰਢ, ਘਰ ਸਾਚੇ ਵੱਜੇ ਵਧਾਈਆ । ਜਗਤ ਵਿਕਾਰਾ ਖੰਡ ਖੰਡ, ਤ੍ਰਿਸ਼ਨਾ ਮੋਹ ਨਾ ਲਾਗੇ ਰਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਹਰਿ ਸ਼ਬਦੀ ਕੰਤ ਹੰਢਾਈਆ । ਜਨਮ ਜਨਮ ਦਾ ਮੁੱਕੇ ਪੰਧ, ਜਿਸ ਮਿਲਿਆ ਬੇਪਰਵਾਹੀਆ । ਘਰ ਸਾਚੇ ਹੋਏ ਕਾਰਜ ਅਨੰਦ, ਅਨੰਦ ਮੰਗਲ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖੇ ਚਾਈਂ ਚਾਈਆ । ਜੁਗ ਚੌਕੜੀ ਵੇਖਣਹਾਰਾ, ਸਚਖੰਡ ਆਪਣਾ ਆਸਣ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਪਾਰ ਕਿਨਾਰਾ, ਪਾਰ ਗਰਾਮੀ ਖੇਲ ਵਖਾਇੰਦਾ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਨਿਰਵੈਰ ਪੁਰਖ ਅਪਰ ਅਪਾਰਾ, ਨਿਰਾਕਾਰ ਵੇਸ ਵਟਾਇੰਦਾ । ਅਜੂਨੀ ਰਹਿਤ ਵਸੇ ਸਭ ਤੋਂ ਬਾਹਰਾ, ਦਿਸ ਕਿਸੇ ਨਾ ਆਇੰਦਾ । ਏਕੰਕਾਰਾ ਕਰ ਪਸਾਰਾ, ਅਕਲ ਕਲ ਆਪਣਾ ਰੰਗ ਰੰਗਾਇੰਦਾ । ਵੇਦ ਸ਼ਾਸਤਰ ਸਿਮਰਤ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਵੇਦ ਵਿਆਸਾ ਬਣ ਲਿਖਾਰਾ, ਲਿਖ ਲਿਖ ਏਕਾ ਮੰਗ ਮੰਗਾਇੰਦਾ । ਈਸਾ ਸਯਦਾ ਸੀਸ ਕਰੇ ਖ਼ੁਦਾਵੰਦ ਮੇਰੇ ਪਰਵਰਦਿਗਾਰਾ, ਖ਼ਾਕੀ ਖ਼ਾਕ ਧੂੜ ਰਮਾਇੰਦਾ । ਮੁਹੰਮਦ ਕਹੇ ਸਾਚਾ ਯਾਰਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਆਲਮੀਨ ਆਪਣੀ ਦਇਆ ਕਮਾਇੰਦਾ । ਨਾਨਕ ਨਿਰਗੁਣ ਕਹੇ ਨਰ ਨਰਾਇਣ ਨਿਰੰਕਾਰਾ, ਬਿਨ ਨਿਰੰਕਾਰ ਦੂਜਾ ਦਰ ਕੋਇ ਨਜ਼ਰ ਨਾ ਆਇੰਦਾ । ਗੋਬਿੰਦ ਪੁਰਖ ਅਕਾਲ ਦਾ ਸੁਤ ਦੁਲਾਰਾ, ਉਚੀ ਕੂਕ ਕੂਕ ਅਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਵੇਖੇ ਵਿਗਸੇ ਕਰੇ ਵਿਚਾਰਾ, ਵਿਚਾਰ ਵਿਚ ਕਿਸੇ ਨਾ ਆਇੰਦਾ । ਸਾਰੇ ਮੰਗਣ ਦੋਏ ਜੋੜ ਕਰ ਨਿਮਸਕਾਰਾ, ਦੇਵਣਹਾਰਾ ਇਕ ਅਖਵਾਇੰਦਾ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਰਹਿਣਾ ਖ਼ਬਰਦਾਰਾ, ਬੇਖ਼ਬਰ ਆਪ ਜਗਾਇੰਦਾ । ਸਚ ਸੁਚ ਸਦਾ ਸਦਾ ਇਕੋ ਨਾਅਰਾ, ਨਰ ਨਰਾਇਣ ਆਪ ਲਗਾਇੰਦਾ । ਇਕ ਮੰਦਰ ਇਕ ਮਕਾਨ ਇਕ ਘਰ ਬਾਰਾ, ਇਕ ਸੇਜ ਹੰਢਾਇੰਦਾ । ਇਕ ਪੁਰਖ ਏਕਾ ਨਾਰਾ, ਏਕਾ ਕੰਤ ਆਪਣੀ ਗੋਦ ਬਹਾਇੰਦਾ । ਏਕਾ ਸਖੀਆਂ ਏਕਾ ਮੰਗਲਾਚਾਰਾ, ਏਕਾ ਗੀਤ ਸੁਣਾਇੰਦਾ । ਏਕਾ ਵਿਸ਼ਨੂੰ ਏਕਾ ਬ੍ਰਹਮ ਕਰੇ ਪਸਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਰੂਪ ਅਨੂਪ ਵਟਾਇੰਦਾ । ਏਕਾ ਸ਼ਬਦ ਇਕ ਪਸਾਰਾ, ਪ੍ਰੇਮ ਪਿਆਰ ਇਕ ਬੰਧਾਇੰਦਾ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਚਲਾਇੰਦਾ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣਾ ਖੇਲ ਵਖਾਇੰਦਾ । ਪੰਜ ਤਤ ਦੇ ਸਹਾਰਾ, ਸਾਖ਼ਯਾਤ ਰੂਪ ਵਟਾਇੰਦਾ । ਗੁਰ ਨਾਨਕ ਤੋਲੇ ਏਕਾ ਧਾਰਾ, ਧਾਰ ਆਪਣੀ ਨਾ ਕੋਇ ਬਦਲਾਇੰਦਾ । ਤੇਰਾ ਤੇਰਾ ਕਰੇ ਸਚ ਵਿਹਾਰਾ, ਤੇਰਾ ਮੇਰਾ ਭੇਵ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਬੋਲ ਜੈਕਾਰਾ, ਏਕਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਨਿਹਕਲੰਕ ਨਰਾਇਣ ਨਰ ਆਏ ਅਵਤਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਗੋਬਿੰਦ ਲਿਖ ਲਿਖ ਲੇਖ ਅਪਾਰਾ, ਲੇਖਾ ਲਿਖਤ ਜਗਤ ਜਣਾਇੰਦਾ । ਕਲ ਕਲਕੀ ਲੈ ਅਵਤਾਰਾ, ਸੰਬਲ ਆਪਣਾ ਆਸਣ ਲਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਖੋਲ੍ਹੇ ਇਕ ਦੁਆਰਾ, ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਵਖਾਇੰਦਾ । ਏਕਾ ਮੰਦਰ ਏਕਾ ਮਸਜਿਦ ਏਕਾ ਮੱਠ ਏਕਾ ਸ਼ਿਵਦੁਆਲਾ, ਗੁਰੂਦੁਆਰਾ ਏਕਾ ਘਰ ਬਣਾਇੰਦਾ । ਪੰਚਮ ਪੰਚਮ ਬੋਲ ਜੈਕਾਰਾ, ਪੰਚਮ ਭੇਵ ਅਭੇਦ ਖੁਲ੍ਹਾਇੰਦਾ । ਕਲਜੁਗ ਅੰਤਮ ਹੋਵੇ ਧੁੰਦੂਕਾਰਾ, ਚਾਰੋਂ


੩੪੧
੧੨

ਕੁੰਟ ਅੰਧੇਰਾ ਛਾਇੰਦਾ । ਗੁਰ ਕਾ ਸ਼ਬਦ ਨਾ ਕਰੇ ਕੋਈ ਵਿਚਾਰਾ, ਕਲਮਾ ਅਮਾਮ ਨਾ ਕੋਇ ਸੁਣਾਇੰਦਾ । ਘਰ ਘਰ ਹੋਏ ਜਗਤ ਵਿਭਚਾਰਾ, ਵਿਭਚਾਰ ਰੂਪ ਘਰ ਘਰ ਨਜ਼ਰੀ ਆਇੰਦਾ । ਨਾ ਕੋਈ ਕੰਤ ਨਾ ਕੋਈ ਨਾਰਾ, ਨਾਰ ਕੰਤ ਜਗਤ ਵੇਸ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਵਖਾਏ ਇਕੋ ਘਰ, ਸਾਚਾ ਰਾਹ ਆਪ ਸਮਝਾਇੰਦਾ । ਚਾਰ ਵਰਨ ਇਕੋ ਜ਼ਾਤ, ਬ੍ਰਹਮ ਪਾਰਬ੍ਰਹਮ ਜਣਾਈਆ । ਚਾਰ ਵਰਨ ਇਕੋ ਦਾਤ, ਹਰਿ ਜੂ ਆਪਣਾ ਨਾਮ ਵਰਤਾਈਆ । ਚਾਰ ਵਰਨ ਇਕੋ ਗਾਥ, ਪੁਰਖ ਅਬਿਨਾਸ਼ੀ ਢੋਲਾ ਸੁਣਾਈਆ । ਚਾਰ ਵਰਨ ਇਕੋ ਪਿਤ ਮਾਤ, ਪੁਰਖ ਅਕਾਲ ਬੇਪਰਵਾਹੀਆ । ਚਾਰ ਵਰਨ ਇਕੋ ਸਾਕ, ਸੱਜਣ ਸੈਣ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹਰਿ ਜੂ ਵੇਖੇ ਮਾਰ ਝਾਤ, ਝਾਕੀ ਆਪਣੀ ਨਾ ਕਿਸੇ ਵਖਾਈਆ । ਸਾਚੇ ਸੰਤ ਬਣਾਏ ਸਚ ਬਰਾਤ, ਬਰਾਤੀ ਗੁਰਮੁਖ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰਾ ਆਪ ਸਮਝਾਈਆ । ਸਾਚੀ ਧਾਰ ਚਾਰ ਵਰਨ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਜਨ ਭਗਤਾਂ ਭਗਵਾਨ ਖੋਲ੍ਹੇ ਨੇਤਰ ਹਰਨ ਫਰਨ, ਆਪਣਾ ਦਰਸ ਕਰਾਇੰਦਾ । ਭੌ ਚੁਕਾਏ ਮਰਨ ਡਰਨ, ਮਰਨ ਡਰਨ ਪੰਧ ਮੁਕਾਇੰਦਾ । ਕਰਤਾ ਪੁਰਖ ਕਰਨੀ ਕਰਨ, ਹਰਿ ਕਰਨੀ ਆਪ ਕਮਾਇੰਦਾ । ਆਤਮ ਪਰਮਾਤਮ ਲੱਗੇ ਸਰਨ, ਸਾਚਾ ਨਾਤਾ ਜੋੜ ਜੁੜਾਇੰਦਾ । ਭਗਤ ਭਗਵੰਤ ਇਕ ਦੁਆਰੇ ਖੜਨ, ਸੋ ਮੰਦਰ ਸੋਭਾ ਪਾਇੰਦਾ । ਜਗਤ ਬੁੱਧੀ ਜੀਵ ਲੜਨ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਤ੍ਰੈਗੁਣ ਮਾਇਆ ਅਗਨੀ ਸੜਨ, ਪੰਜ ਤਤ ਸ਼ਾਂਤ ਨਾ ਕੋਇ ਕਰਾਇੰਦਾ । ਗੁਰਮੁਖ ਸਾਚੀ ਡੋਲੀ ਚੜ੍ਹਨ, ਜਿਸ ਸਤਿਗੁਰ ਆਪ ਚੜ੍ਹਾਇੰਦਾ । ਸਚ ਦੁਆਰੇ ਜਾ ਕੇ ਵੜਨ, ਦਰ ਦੁਆਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਸਤਿਜੁਗ ਧਾਰ, ਪੁਰਖ ਅਕਾਲ ਆਪ ਲਗਾਈਆ । ਹਰਿ ਸੰਗਤ ਦੇਵੇ ਸਾਚਾ ਮਾਣ, ਮਾਣ ਅਭਿਮਾਣ ਦਏ ਮਿਟਾਈਆ । ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗਰੰਥੀ ਗਏ ਹਾਰ, ਗੁਰ ਕਾ ਗਿਆਨ ਨਜ਼ਰ ਕਿਸੇ ਨਾ ਆਈਆ । ਰਸਨਾ ਕਹਿ ਕਹਿ ਥੱਕੇ ਜ਼ਬਾਨ, ਆਪਣੀ ਜ਼ਬਾਨ ਜ਼ਬਾਹ ਨਾ ਕੋਇ ਕਰਾਈਆ । ਕੋਈ ਮਸਲਾ ਪੜ੍ਹੇ ਅੰਜੀਲ ਕੁਰਾਨ, ਕਾਇਆ ਕੁਰਾ ਨਾ ਫੋਲ ਫੁਲਾਈਆ । ਨਾਨਕ ਸਤਿਗੁਰ ਦੇ ਕੇ ਗਿਆ ਮੰਤਰ ਸਤਿਨਾਮ, ਨਾਮ ਸਚ ਪੜ੍ਹਾਈਆ । ਜੋ ਗੁਰਮੁਖ ਨਾਰੀ ਹਰਿ ਸਤਿਗੁਰ ਮਿਲੇ ਆਣ, ਤਿਸ ਹੋਏ ਮਾਤ ਕੁੜਮਾਈਆ । ਚੌਥੀ ਲਾਂਵ ਹੋਏ ਪਰਵਾਨ, ਪੁਰਖ ਅਬਿਨਾਸ਼ੀ ਆਪਣੇ ਅੰਗ ਲਗਾਈਆ । ਹਿੰਦੂ ਮੁਸਲਮ ਸਿਖ ਈਸਾਈ ਨਾ ਕੋਇ ਨਿਸ਼ਾਨ, ਸ਼ਰਅ ਵੰਡ ਨਾ ਕੋਇ ਰਖਾਈਆ । ਆਤਮ ਪਰਮਾਤਮ ਵਸੇ ਇਕ ਮਕਾਨ, ਸਾਢੇ ਤਿੰਨ ਹੱਥ ਬੰਕ ਸੁਹਾਈਆ । ਗੁਰੂ ਗ੍ਰੰਥ ਗੁਰ ਦੇਵੇ ਨਿਸ਼ਾਨ, ਸਾਹਿਬ ਸਤਿਗੁਰ ਗਿਆ ਸਮਝਾਈਆ । ਅੰਦਰ ਵੇਖੋ ਮਾਰ ਧਿਆਨ, ਸਤਿਗੁਰ ਲਾਵਾਂ ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਜਿਸ ਗੋਬਿੰਦ ਮਿਲਿਆ ਆਣ, ਤਿਸ ਨਾਤਾ ਤੁਟਾ ਜਗਤ ਲੋਕਾਈਆ । ਜਿਸ ਨਾਨਕ ਸਤਿਗੁਰ ਲਏ ਪਛਾਣ, ਤਿਸ ਕਾਣ ਨਾ ਰਹੇ ਰਾਈਆ । ਜਿਸ ਸਾਹਿਬ ਸੁਲਤਾਨ ਪੁਰਖ ਅਬਿਨਾਸ਼ੀ ਕਰਤਾ ਪੁਰਖ ਪੁਰਖ ਮਿਲੇ ਭਗਵਾਨ, ਭਗੌਤੀ ਭੈ ਨਾ ਕੋਇ ਡਰਾਈਆ । ਨਰਾਇਣ ਸਿੰਘ ਨਾ ਸਮਝੇ ਬਾਲ ਅਵਾਣ, ਸਿੰਘ ਸੰਗਤ ਮਿਲੀ ਵਡਿਆਈਆ । ਪੁੱਤਰ ਧੀ ਜਗਤ ਨਿਸ਼ਾਨ, ਲਿਖਤ ਲੇਖ ਰਿਹਾ ਸਮਝਾਈਆ । ਵੀਹ ਸੌ ਵੀਹ ਬਿਕਰਮੀ ਪਿਛੋਂ ਬਣਨਾ ਇਕ ਵਿਧਾਨ, ਪਿਛਲਾ ਲੇਖਾ ਦਏ ਮੁਕਾਈਆ । ਦੀਨ ਮਜ਼੍ਹਬ ਸਾਰੇ



੩੪੨
੧੨

ਹੋ ਜਾਓ ਸਾਵਧਾਨ, ਵੇਲਾ ਗਿਆ ਹੱਥ ਨਾ ਆਈਆ । ਗੁਰ ਗੋਬਿੰਦ ਲਿਖ ਕੇ ਗਿਆ ਕਲਮ ਨਾਲ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਜੋੜੀ ਜੁੜੀ ਜਹਾਨ, ਦੋ ਜਹਾਨ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨੇਤਰ ਨੈਣਾਂ ਨੀਰ ਵਹਾਈਆ । ਕਰੋੜ ਤੇਤੀਸਾ ਹੋਇਆ ਹੈਰਾਨ, ਸੁਰਪਤ ਨੈਣ ਰਿਹਾ ਸ਼ਰਮਾਈਆ । ਗੁਰ ਅਵਤਾਰ ਖ਼ੁਸ਼ੀ ਮਨਾਣ, ਥਿਰ ਘਰ ਸਾਚੇ ਸੋਭਾ ਪਾਈਆ । ਕਲਜੁਗ ਅੰਤਮ ਕਰੇ ਖੇਲ ਸ੍ਰੀ ਭਗਵਾਨ, ਸਾਹਿਬ ਆਪਣਾ ਰਾਹ ਚਲਾਈਆ । ਚਾਰ ਜੁਗ ਦੀ ਵੰਡਣ ਵੰਡ ਮੇਟੇ ਨਿਸ਼ਾਨ, ਸਾਚਾ ਰਾਹ ਇਕ ਵਖਾਈਆ । ਊਚਾਂ ਨੀਚਾਂ ਰਾਓ ਰੰਕਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਕਰੇ ਪੜ੍ਹਾਈਆ । ਫ਼ਤਹਿ ਡੰਕਾ ਵੱਜੇ ਗੋਬਿੰਦ ਸਿੰਘ ਸੂਰਬੀਰ ਨੌਜਵਾਨ, ਚਾਰੋਂ ਕੁੰਟ ਕੁੰਟ ਸ਼ਨਵਾਈਆ । ਨਾਨਕ ਸਿਖਿਆ ਸਭ ਨੂੰ ਕਰਨੀ ਪਏ ਪਰਵਾਨ, ਧੁਰ ਪਰਵਾਨਾ ਹਰਿ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦਾ ਸਾਚਾ ਰਾਹ, ਨਿਰਗੁਣ ਸਰਗੁਣ ਦਏ ਸਲਾਹ, ਪੁਰਖ ਅਬਿਨਾਸ਼ੀ ਇਕ ਮਲਾਹ, ਦੂਜਾ ਬੇੜਾ ਨਾ ਕੋਇ ਚਲਾਈਆ । ਹੁਕਮੇ ਅੰਦਰ ਖੇਲ ਤਮਾਸ਼ਾ, ਜੁਗ ਚੌਕੜੀ ਵੇਖ ਵਖਾਇੰਦਾ । ਹੁਕਮੇ ਅੰਦਰ ਮੰਡਲ ਰਾਸਾ, ਗੋਪੀ ਕਾਹਨ ਨਚਾਇੰਦਾ । ਹੁਕਮੇ ਅੰਦਰ ਜਨ ਭਗਤਾਂ ਕਰੇ ਪੂਰੀ ਆਸਾ, ਆਸਾ ਮਨਸਾ ਪੂਰ ਕਰਾਇੰਦਾ । ਹੁਕਮੇ ਅੰਦਰ ਸਚ ਧਰਵਾਸਾ, ਧੁਰ ਦਰਬਾਰੀ ਆਪ ਰਖਾਇੰਦਾ । ਹੁਕਮੇ ਅੰਦਰ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੇਖ ਵਖਾਇੰਦਾ । ਹੁਕਮੇ ਅੰਦਰ ਗੁਰਮੁਖ ਗੁਰਸਿਖ ਪੂਰੀ ਕਰੇ ਅਰਦਾਸਾ, ਅਰਜ਼ ਅਰਜ਼ੋਈ ਆਪਣੇ ਲੇਖੇ ਲਾਇੰਦਾ । ਦੀਨ ਮਜ਼੍ਹਬ ਪਾਰਬ੍ਰਹਮ ਚਲਾਈ ਆਪਣੀ ਸ਼ਾਖ਼ਾ, ਕਲਜੁਗ ਅੰਤਮ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਨਾਮ ਵਡਿਆਇੰਦਾ । ਨਾਨਕ ਗੋਬਿੰਦ ਸਾਚੀ ਧਾਰ, ਚਾਰ ਵਰਨ ਕੁੜਮਾਈਆ । ਕਾਇਆ ਮੰਦਰ ਅੰਦਰ ਸਚ ਦੁਆਰ, ਗੁਰੂ ਗੁਰ ਗਿਆਨ ਦਏ ਸਮਝਾਈਆ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਝਿਰਨਾ ਇਕ ਵਖਾਈਆ । ਜੋਤ ਨਿਰੰਜਣ ਹੋਏ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਦੂਈ ਦਵੈਤੀ ਪਰਦਾ ਪਾੜ, ਬਜ਼ਰ ਕਪਾਟੀ ਦਏ ਖੁਲ੍ਹਾਈਆ । ਅਨਹਦ ਸ਼ਬਦ ਸੱਚੀ ਧੁਨਕਾਰ, ਧੁਨ ਆਤਮਕ ਰਾਗ ਅਲਾਈਆ । ਆਤਮ ਸੇਜਾ ਖੇਲ ਅਪਾਰ, ਬ੍ਰਹਮ ਵੇਖੇ ਚਾਈਂ ਚਾਈਂਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਕੋਇ ਨਾ ਪਾਈਆ । ਦੂਲ੍ਹਾ ਬਣੇ ਸਿਰਜਣਹਾਰ, ਸਾਚਾ ਝੂਲਾ ਆਤਮ ਨਾਰੀ ਅਕਲ ਕਲ ਧਾਰੀ ਆਪ ਝੁਲਾਈਆ । ਜੋੜੀ ਜੁੜੇ ਵਿਚ ਸੰਸਾਰ, ਹਰਿ ਸਤਿਗੁਰ ਲੋਕਮਾਤ ਜੁੜਾਈਆ । ਕਾਇਆ ਤਨ ਜਗਤ ਪਿਆਰ, ਆਤਮ ਪਰਮਾਤਮ ਰੰਗ ਵਖਾਈਆ । ਸੋ ਵਿਵਾਹ ਹੋਏ ਪਰਵਾਨ, ਜਿਸ ਵਿਵਾਹ ਅੰਦਰ ਗੁਰਮੁਖ ਬੈਠੇ ਚਾਈਂ ਚਾਈਂਆ । ਗੁਰੂ ਗ੍ਰੰਥ ਗੁਰ ਸੱਚਾ ਸਾਹਿਬ ਹਰ ਘਟ ਕਰੇ ਧਿਆਨ, ਹਾਜ਼ਰ ਹਜ਼ੂਰ ਹਰ ਘਟ ਨਜ਼ਰੀ ਆਈਆ । ਸਤਿਜੁਗ ਸਾਚਾ ਕਰ ਪਰਵਾਨ, ਜੀਉ ਪਿੰਡ ਤਨ ਕਾਚਾ ਕਾਚੀ ਮਾਟੀ ਗਗਰੀ ਸਚ ਸਮਗਰੀ, ਏਕਾ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੰਜ ਤਤ ਨਾ ਕੋਇ ਵਡਿਆਈਆ । ਪੰਜ ਤਤ ਨਾ ਕੋਇ ਗਾਥਾ, ਖਾਣੀ ਰਚਨ ਨਾ ਕੋਇ ਰਚਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਹੁਕਮ ਵਰਤਾਇੰਦਾ । ਸਤਿ ਸਤਿਵਾਦੀ ਸਤਿ ਚਲਾਏ ਰਾਥਾ, ਸਤਿਗੁਰ ਹਰਿ ਜੂ ਸੇਵ ਕਮਾਇੰਦਾ । ਜਨ ਭਗਤਾਂ ਮੇਲੇ ਕੱਟ ਕੇ ਦੂਰੀ ਵਾਟਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜਨਮ ਜਨਮ ਦਾ ਚੁਕਿਆ ਘਾਟਾ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਸਾਚਾ ਮਿਲਿਆ ਸੱਜਣ, ਘਰ ਸਾਚੇ ਵੱਜੀ ਵਧਾਈਆ । ਭਾਂਡੇ ਭਰਮ ਗੜ੍ਹ ਹੰਕਾਰੀ ਭੱਜਣ, ਨਿਵਣ ਸੋ ਅੱਖਰ ਇਕ ਵਡਿਆਈਆ । ਕੂੜੀ ਕਿਰਿਆ ਜੀਵ ਤਜਣ, ਪ੍ਰੇਮ ਪਿਆਰ ਇਕ ਸਿਖਾਈਆ । ਨਾਨਕ ਗੋਬਿੰਦ ਅਨਹਦ ਵਾਜੇ ਵੱਜਣ, ਛੱਤੀ ਰਾਗ ਰਹੇ ਜਸ ਗਾਈਆ । ਏਕੰਕਾਰਾ ਸਭ ਦੇ ਪਰਦੇ ਕੱਜਣ, ਨਾਮ ਸਤਿ ਕਰੇ ਰੁਸ਼ਨਾਈਆ । ਕਰਤਾ ਪੁਰਖ ਕਰਾਏ ਮਜਨ, ਚਰਨ ਧੂੜ ਅਸ਼ਨਾਨ ਕਰਾਈਆ । ਨਿਰਵੈਰ ਰੱਖੇ ਲੱਜਣ, ਨਿਰਾਕਾਰ ਹੋਏ ਸਹਾਈਆ । ਨਿਰਭੌ ਭੈ ਚੁਕਾਏ ਦੋ ਜਹਾਨਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਵਖਾਈਆ । ਸਾਚੇ ਘਰ ਅਗੰਮੀ ਵਾਜਾ, ਕੋਟਨ ਕੋਟ ਬ੍ਰਹਿਮੰਡ ਖੰਡ ਨਾਚ ਨਚਾਇੰਦਾ । ਗੁਰਮੁਖ ਗੁਰ ਗੁਰ ਸਾਜਣ ਸਾਜਾ, ਗੁਰ ਕਿਰਪਾ ਵੇਖ ਵਖਾਇੰਦਾ । ਗ੍ਰਿਹਿ ਮੰਦਰ ਭੂਪਤ ਮਿਲੇ ਰਾਜਨ ਰਾਜਾ, ਸ਼ਾਹ ਪਾਤਸ਼ਾਹ ਦਇਆ ਕਮਾਇੰਦਾ । ਗੁਰਸਿਖ ਤਜੇ ਲੋਕ ਲਾਜਾ, ਗੁਰਮੁਖ ਲਾਜ ਵਿਚ ਕਦੇ ਨਾ ਆਇੰਦਾ । ਜਿਸ ਮਿਲਿਆ ਗ਼ਰੀਬ ਨਿਵਾਜ਼ਾ, ਗੁਰਮਤ ਮਾਣ ਸਰਬ ਗਵਾਇੰਦਾ । ਆਪ ਸੁਆਰੇ ਸਤਿਗੁਰ ਕਾਜਾ, ਰਚ ਰਚ ਕਾਜਾ ਵੇਖ ਵਖਾਇੰਦਾ । ਅੰਤਮ ਕਲਜੁਗ ਪਰਗਟ ਹੋਇਆ ਦੇਸ ਮਾਝਾ, ਨਾਮ ਡੰਕ ਇਕ ਸੁਣਾਇੰਦਾ । ਗੁਰਮੁਖਾਂ ਪਿਛੇ ਫਿਰੇ ਭਾਜਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਆਪਣਾ ਖੇਲ ਵਖਾਇੰਦਾ । ਅੰਤ ਖੇਲ ਕਰੇ ਅਪਾਰਾ, ਪਾਰਬ੍ਰਹਮ ਵਡੀ ਵਡਿਆਈਆ । ਚਾਰ ਵਰਨ ਸਚ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਚੌਦਾਂ ਲੋਕ ਰੋਵਣ ਜ਼ਾਰੋ ਜ਼ਾਰਾ, ਚੌਦਾਂ ਤਬਕ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਕਰਿਆ ਖੇਲ ਅਪਾਰਾ, ਲੋਕਮਾਤ ਵੇਸ ਵਟਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਇਕੋ ਅਲਫ਼ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅਨੰਦ ਅਨੰਦ ਅਨੰਦ ਵਿਚ ਵਖਾਈਆ । ਸਾਚਾ ਅਨੰਦ ਗਾਇਆ ਮੰਗਲ, ਘਰ ਸਾਚੇ ਵੱਜੀ ਵਧਾਇਆ । ਜਨਮ ਜਨਮ ਦਾ ਟੁੱਟਾ ਸੰਗਲ, ਹਰਿ ਜੂ ਹਰਿ ਹਰਿ ਆਪ ਕਟਾਇਆ । ਆਤਮ ਪਰਮਾਤਮ ਪਾਇਆ ਬੰਧਨ, ਬੰਦੀਖ਼ਾਨਾ ਨਜ਼ਰ ਹੋਰ ਨਾ ਆਇਆ । ਰਸਨਾ ਗੌਣਾ ਸੋਹੰ ਛੰਦਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਇਆ । ਸਾਚੀ ਜੋੜੀ ਮਸਤਕ ਲੱਗੇ ਚੰਦਨ, ਚੰਦ ਚਾਂਦਨੀ ਮੁਖ ਸ਼ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਰੀਤ ਕਰੇ ਅਤੀਤ, ਮੰਦਰ ਮਸਜਿਦ ਮੱਠ ਨਾ ਕੋਇ ਮਸੀਤ, ਹਰਿ ਸੰਗਤ ਦਏ ਮਾਣ ਵਡਿਆਇਆ । ਹਰਿ ਸੰਗਤ ਰਸਨਾ ਜੈ ਜੈਕਾਰ, ਜੈ ਜੈਕਾਰਾ ਆਪ ਕਰਾਈਆ । ਜੋੜੀ ਜੁੜੇ ਵਿਚ ਸੰਸਾਰ, ਜੋੜਨਹਾਰਾ ਆਪ ਜੁੜਾਈਆ । ਸਾਚੀ ਘੋੜੀ ਸ਼ਬਦ ਚਾੜ੍ਹ, ਆਵਣ ਜਾਵਣ ਪੰਧ ਮੁਕਾਈਆ । ਆਤਮ ਪਰਮਾਤਮ ਇਕ ਪਿਆਰ, ਸਚ ਆਧਾਰ ਇਕ ਰਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਵਾਰ ਬੋਲੇ ਜੈਕਾਰ, ਜੈ ਜੈਕਾਰ ਕਰੇ ਲੋਕਾਈਆ ।

## ✳ ੩੧ ਜੇਠ ੨੦੧੯ ਬਿਕਰਮੀ ਠਾਕਰ ਸਿੰਘ ਦੇ ਨਿਵਿਤ ਜੇਠੂਵਾਲ ✳

ਸੋ ਪੁਰਖ ਨਿਰੰਜਣ ਅਗੰਮੜਾ ਗੀਤ, ਨਰ ਹਰਿ ਨਰਾਇਣ ਆਪ ਅਲਾਇੰਦਾ । ਹਰਿ ਪੁਰਖ ਨਿਰੰਜਣ ਸਾਹਿਬ ਅਨਡੀਠ, ਭੇਵ ਅਭੇਦ ਆਪ ਖੁਲ੍ਹਾਇੰਦਾ । ਏਕੰਕਾਰਾ ਆਦਿ ਜੁਗਾਦਿ ਚਲਾਏ ਸਾਚੀ ਰੀਤ, ਨਿਰਗੁਣ ਵਸੇ ਧਾਮ ਨਿਆਰਾ । ਆਦਿ ਨਿਰੰਜਣ ਸਦ ਅਤੀਤ, ਜੋਤੀ ਜਾਤਾ ਨੂਰ ਉਜਿਆਰਾ । ਅਬਿਨਾਸ਼ੀ ਕਰਤਾ ਹਰਿ ਜੂ ਮੀਤ, ਸਚ ਮੰਦਰ ਸੁਹਾਏ ਸਚ ਦੁਆਰਾ । ਸ੍ਰੀ ਭਗਵਾਨ ਲੇਖਾ ਜਾਣੇ ਹਸਤ ਕੀਟ, ਆਦਿ ਜੁਗਾਦੀ ਇਕ ਅਵਤਾਰਾ । ਪਾਰਬ੍ਰਹਮ ਪ੍ਰਭ ਸਚਾ ਮੀਤ, ਨਿਰਗੁਣ ਕਰੇ ਖੇਲ ਅਪਾਰਾ । ਸਚਖੰਡ ਦੁਆਰੇ ਨਾਤਾ ਤੁੱਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਨਾ ਕੋਇ ਗੁਰਦੁਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰਾ । ਕਰਤਾ ਪੁਰਖ ਖੇਲ ਅਵੱਲਾ, ਆਦਿ ਜੁਗਾਦਿ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਨੂਰ ਜੋਤ ਸ਼ਬਦ ਰਲਾ, ਦੀਪਕ ਦੀਪਕ ਆਪ ਪਰਗਟਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ਣ ਆਸਣ ਲਾਇੰਦਾ । ਪਾਵੇ ਸਾਰ ਜਲਾਂ ਥਲਾਂ, ਡੂੰਘੀ ਭਵਰੀ ਵੇਖ ਵਖਾਇੰਦਾ । ਸਤਿ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਦੋ ਜਹਾਨ ਆਪ ਜਣਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਫੜਾਏ ਪੱਲਾ, ਪੱਲੂ ਏਕਾ ਏਕ ਰਖਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਨਿਵਾਸੀ ਸਚ ਦੁਆਰਾ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਕਰਾਇੰਦਾ । ਸਚਖੰਡ ਨਿਵਾਸੀ ਏਕੰਕਾਰ, ਮਹਿਮਾ ਅਕੱਥ ਕਥੀ ਨਾ ਜਾਈਆ । ਨਿਰਗੁਣ ਸਰਗੁਣ ਭੇਵ ਨਿਆਰ, ਨਿਰਾਕਾਰ ਸਾਕਾਰ ਵੇਸ ਵਟਾਈਆ । ਜੁਗਾ ਜੁਗੰਤਰ ਹੋ ਤਿਆਰ, ਤ੍ਰੈਗੁਣ ਅਤੀਤਾ, ਆਪਣਾ ਵੇਸ ਵਟਾਈਆ । ਠਾਂਡਾ ਸੀਤਾ ਸਚ ਦਰਬਾਰ, ਧੁਰ ਦਰਬਾਰਾ ਦਏ ਸੁਹਾਈਆ । ਆਵੇ ਜਾਵੇ ਵਾਰੋ ਵਾਰ, ਲੋਕ ਪਰਲੋਕ ਵੇਖ ਵਖਾਈਆ । ਧਰਤ ਧਵਲ ਦੇ ਸਹਾਰ, ਧਰਨੀ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਪਾਵੇ ਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਬੋਧ ਅਗਾਧਾ ਸ਼ਬਦ ਜੈਕਾਰ, ਜੈ ਜੈਕਾਰ ਨਾਦ ਸੁਣਾਈਆ । ਸਚਖੰਡ ਦੀ ਸਾਚੀ ਧਾਰ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ, ਏਕੰਕਾਰਾ ਸਿਫ਼ਤ ਸਾਲਾਹਿੰਦਾ । ਆਦਿ ਨਿਰੰਜਣ ਹੋ ਉਜਿਆਰਾ, ਅਬਿਨਾਸ਼ੀ ਕਰਤਾ ਸਾਥ ਮਿਲਾਇੰਦਾ । ਸ੍ਰੀ ਭਗਵਾਨ ਦੇ ਹੁਲਾਰਾ, ਪਾਰਬ੍ਰਹਮ ਪ੍ਰਭ ਗੋਦ ਸੁਹਾਇੰਦਾ । ਪੂਤ ਸਪੂਤਾ ਸੁਤ ਦੁਲਾਰਾ, ਨਿਰਗੁਣ ਨਿਰਗੁਣ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਆਦਿ ਜੁਗਾਦਿ ਜੁਗ ਜੁਗ ਆਪ ਕਰਾਈਆ । ਨਿਰਗੁਣ ਸਰਗੁਣ ਹੋ ਤਿਆਰ, ਸਰਗੁਣ ਨਿਰਗੁਣ ਸੀਸ ਝੁਕਾਈਆ । ਨਿਰਗੁਣ ਢੋਲਾ ਸਤਿ ਜੈਕਾਰ, ਸਰਗੁਣ ਸੋਹਲਾ ਆਪੇ ਗਾਈਆ । ਬਣ ਵਿਚੋਲਾ ਅਗੰਮ ਅਪਾਰ, ਕਾਇਆ ਚੋਲਾ ਵੇਖ ਵਖਾਈਆ । ਸਾਚਾ ਤੋਲਾ ਦੋ ਜਹਾਨ, ਨਾਮ ਕੰਡਾ ਹੱਥ ਉਠਾਈਆ । ਪਰਦਾ ਓਹਲਾ ਖੋਲ੍ਹ ਕਿਵਾੜ, ਹਰਿਜਨ ਸਾਚੇ ਲਏ ਮਿਲਾਈਆ । ਜੋੜਾ ਜੋੜ ਵਿਚ ਸੰਸਾਰ, ਜੋੜੀ ਆਪਣੇ ਨਾਲ ਰਖਾਈਆ । ਸਾਚਾ ਘੋੜਾ ਸਚ ਤਿਆਰ, ਸ਼ਬਦੀ ਸ਼ਬਦ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੩੪੫
੧੨

੩੪੬
੧੨

ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਆਦਿ ਜੁਗਾਦਿ, ਜੁਗ ਕਰਤਾ ਆਪ ਵਖਾਇੰਦਾ । ਸਚਖੰਡ ਨਿਵਾਸੀ ਵਜਾਏ ਨਾਦ, ਅਨਾਦੀ ਨਾਦ ਆਪ ਸੁਣਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਬੋਧ ਅਗਾਧ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਜੁਗ ਜੁਗ ਖੇਲ ਹਰਿ ਕਰਤਾਰਾ, ਆਦਿ ਜੁਗਾਦੀ ਆਪ ਕਰਾਈਆ । ਜੁਗ ਚੌਕੜੀ ਪਾਵੇ ਸਾਰਾ, ਨਵ ਨੌਂ ਆਪਣਾ ਰੰਗ ਰੰਗਾਈਆ । ਲੇਖਾ ਜਾਣੇ ਗੁਰ ਅਵਤਾਰਾ, ਕੋਟਨ ਕੋਟ ਗੁਰ ਆਪਣੀ ਸੇਵ ਲਗਾਈਆ । ਦਰ ਦਰਵੇਸ਼ ਬਣ ਭਿਖਾਰਾ, ਖ਼ਾਲੀ ਝੋਲੀ ਅੱਗੇ ਡਾਹੀਆ । ਦੇਵਣਹਾਰ ਇਕ ਨਿਰੰਕਾਰਾ, ਵਸਤ ਅਮੋਲਕ ਆਪ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਆਇਆ ਵਾਰੋ ਵਾਰਾ, ਕੋਟਨ ਕੋਟ ਕਾਲ ਬਿਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਸਹਾਰਾ, ਸੇਵਕ ਸਾਚੀ ਸੇਵਾ ਇਕ ਸਮਝਾਈਆ । ਕਲਜੁਗ ਅੰਤ ਖੇਲ ਕਰੇ ਨਿਆਰਾ, ਨਿਰਗੁਣ ਆਪਣਾ ਰਾਹ ਚਲਾਈਆ । ਚੌਦਾਂ ਤਬਕਾਂ ਕਰ ਖੁਵਾਰਾ, ਚੌਦਾਂ ਲੋਕ ਮਾਣ ਗੁਵਾਈਆ । ਏਕਾ ਗੁਰਮੁਖ ਕਰ ਪਿਆਰਾ, ਗੁਰ ਗੋਬਿੰਦ ਅੰਗ ਲਗਾਈਆ । ਭਗਤ ਭਗਵਾਨ ਦੇ ਸਹਾਰਾ, ਮਹਾਸਾਰਥੀ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੀ ਧਾਰ ਆਪ ਚਲਾਈਆ । ਸਾਚੀ ਧਾਰ ਪੁਰਖ ਅਗੰਮ, ਅਗੰਮੜਾ ਆਪ ਚਲਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਪਵਣ ਦਮ, ਦਮ ਦਮਾਂ ਵਿਚ ਸਮਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜਾਣੇ ਕੰਮ, ਨਿਹਕਰਮੀ ਕਰਮ ਕਾਂਡ ਆਪ ਰਖਾਇੰਦਾ । ਜੁਗਾ ਜੁਗੰਤਰ ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਸਤਾਇੰਦਾ । ਨਿਰਗੁਣ ਨਿਰਗੁਣ ਹੋ ਪਰਗਟ ਸ੍ਰੀ ਭਗਵਨ, ਭੇਵ ਅਭੇਦ ਆਪ ਖੁਲ੍ਹਾਇੰਦਾ । ਕਲਜੁਗ ਅੰਤਮ ਹਰਿਜਨ ਚੜ੍ਹਾਏ ਸਾਚੇ ਚੰਨ, ਚੰਦ ਚਾਂਦਨਾ ਮੁਖ ਸ਼ਰਮਾਇੰਦਾ । ਏਕਾ ਰਾਗ ਸੁਣਾਏ ਕੰਨ, ਕੰਨਾ ਕੋਇ ਨਾ ਨਾਲ ਮਿਲਾਇੰਦਾ । ਏਕਾ ਨਾਮ ਵਖਾਏ ਧੰਨ, ਨਾਮ ਖ਼ਜ਼ੀਨਾ ਧੰਨ ਆਪ ਲੁਟਾਇੰਦਾ । ਏਕਾ ਜਨਨੀ ਏਕਾ ਜਨ, ਦਾਈ ਦਾਇਆ ਇਕ ਵਡਿਆਇੰਦਾ । ਏਕਾ ਖੇਲ ਕਰੇ ਸ੍ਰੀ ਭਗਵਨ, ਭਗਵਨ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਹਰਿ ਜੂ ਚੁੱਕ, ਪਰਦਾ ਆਪਣਾ ਦਏ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਲੁਕ, ਨਿਰਗੁਣ ਆਪਣਾ ਨਾਉਂ ਰਖਾਈਆ । ਸਰਗੁਣ ਰੂਪ ਗੁਰ ਸੁਖਣਾ ਗਏ ਸੁੱਖ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਅੰਤਮ ਸਭ ਦੀ ਸਫ਼ਾ ਗਈ ਉਠ, ਲੋਕਮਾਤ ਰਹਿਣ ਨਾ ਪਾਈਆ । ਲੁਕਿਆ ਰਹੇ ਨਾ ਕੋਈ ਕਿਸੇ ਗੁੱਠ, ਚਾਰੋਂ ਕੁੰਟ ਪਈ ਦੁਹਾਈਆ । ਕਰੇ ਖੇਲ ਅਬਨਾਸ਼ੀ ਅਚੁੱਤ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤ ਸੁਹਾਏ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਸੇਵਾ ਕਰੇ ਅਬਿਨਾਸ਼ੀ ਅਚੁੱਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਾਰੇ ਆਪੇ ਲਾਈਆ । ਸਾਚੀ ਕਾਰ ਆਪੇ ਲੱਗ, ਹਰਿ ਜੂ ਹਰਿ ਹਰਿ ਸੇਵ ਕਮਾਇੰਦਾ । ਨਾਉਂ ਧਰਾਏ ਸੂਰਾ ਸਰਬੱਗ, ਸਰਬ ਕਲ ਆਪ ਹੋ ਜਾਇੰਦਾ । ਜੋਤ ਨਿਰਾਲਾ ਦੀਪਕ ਜਗ, ਅੰਧ ਅੰਧੇਰ ਆਪ ਮਿਟਾਇੰਦਾ । ਸਾਚੀ ਧਾਰੋਂ ਹੋ ਪਰਗਟ, ਧਾਰ ਧਾਰ ਵਿਚ ਰਖਾਇੰਦਾ । ਲਹਿਣਾ ਦੇਣ ਚੁਕਾਏ ਹੱਥੋ ਹੱਥ, ਜੁਗ ਚੌਕੜੀ ਪੰਧ ਮੁਕਾਇੰਦਾ । ਕਲਜੁਗ ਅੰਤਮ ਮਾਰਗ ਦੱਸ, ਸਾਚਾ ਰਾਹ ਆਪ ਵਖਾਇੰਦਾ । ਭਗਤ ਭਗਵੰਤ ਮੇਲਾ ਹੱਸ ਹੱਸ, ਦੂਸਰ ਸੰਗ ਨਾ ਕੋਇ ਰਲਾਇੰਦਾ । ਧੁਰਦਰਗਾਹੀ

ਵੇਖੇ ਨੱਸ ਨੱਸ, ਦੋ ਜਹਾਨਾਂ ਫੇਰਾ ਪਾਇੰਦਾ । ਕਿਰਪਾਨਿਧ ਠਾਕਰ ਸੁਆਮੀ ਜਨ ਭਗਤਾਂ ਹਰਿ ਜੂ ਹੋਏ ਵਸ, ਵਸ ਆਪਣਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਕਰਾਇੰਦਾ । ਸਚ ਵਿਹਾਰਾ ਸ੍ਰੀ ਭਗਵਾਨ, ਕਲਜੁਗ ਅੰਤ ਅੰਤ ਕਰਾਈਆ । ਸਚਖੰਡ ਦਾ ਸਚ ਨਿਸ਼ਾਨ, ਸਤਿ ਦੁਆਰੇ ਆਪ ਝੁਲਾਈਆ । ਸਤਿਜੁਗ ਦਾ ਰੰਗ ਮਹਾਨ, ਜਨ ਭਗਤਾਂ ਆਪ ਚੜ੍ਹਾਈਆ । ਸਤਿਜੁਗ ਦਾ ਸਤਿ ਵਿਧਾਨ, ਸਤਿਗੁਰ ਸਾਚਾ ਆਪ ਬਣਾਈਆ । ਦੇਵਣਹਾਰਾ ਜੀਆ ਦਾਨ, ਆਤਮ ਪਰਮਾਤਮ ਜੋੜ ਜੁੜਾਈਆ । ਸੁਰਤੀ ਸ਼ਬਦੀ ਸਾਚਾ ਕਾਹਨ, ਏਕਾ ਬੰਸਰੀ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਰੱਖੇ ਆਪਣੇ ਹੱਥ, ਲਿਖਣਹਾਰ ਆਪ ਅਖਵਾਇਆ । ਜੁਗ ਚੌਕੜੀ ਚਲਾਏ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇਆ । ਜਨ ਭਗਤਾਂ ਦੇਵੇ ਨਾਮ ਵਥ, ਵਸਤ ਅਮੋਲਕ ਝੋਲੀ ਪਾਇਆ । ਸਤਿ ਸਤਿਵਾਦੀ ਮਾਰਗ ਦੱਸ, ਬਣ ਰਹਿਬਰ ਵੇਖ ਵਖਾਇਆ । ਜਨਮ ਜਨਮ ਦੀ ਪੂਰੀ ਕਰ ਕਰ ਆਸ, ਆਸਾ ਤ੍ਰਿਸ਼ਨਾ ਦਏ ਗਵਾਇਆ । ਨਾਤਾ ਤੁਟੇ ਜਗਤ ਭੋਗ ਬਲਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਸਾਚਾ ਖੇਲ ਕਰੇ ਕਰਤਾਰਾ, ਹਰਿ ਜੂ ਆਪਣੀ ਦਇਆ ਕਮਾਈਆ । ਸਤਿਜੁਗ ਦਾ ਸਚ ਵਿਹਾਰਾ, ਸਾਖਯਾਤ ਦਏ ਵਖਾਈਆ । ਨਾਮੇ ਤੇਰਾ ਕਰਜ਼ ਉਤਾਰਾ, ਛੱਪਰੀ ਮੰਦਰ ਰੂਪ ਵਖਾਈਆ । ਧੰਨੇ ਤੇਰਾ ਸੋਹੇ ਦੁਆਰਾ, ਗਵਾਰ ਜੱਟ ਮਿਲੇ ਵਡਿਆਈਆ । ਕਲਜੁਗ ਅੰਤ ਹੋਏ ਉਜਿਆਰਾ, ਉਜਰਤ ਮੰਗੇ ਨਾ ਕੋਇ ਸੱਚਾ ਮਾਹੀਆ । ਭਗਤ ਭਗਵੰਤ ਵਖਾਏ ਸਚ ਮਨਾਰਾ, ਮਹੱਲ ਅਟੱਲ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਨੈਣ ਉਘਾੜਾ, ਲੋਕਮਾਤ ਧਿਆਨ ਲਗਾਈਆ । ਬਹੱਤਰ ਅੰਕ ਅੰਕ ਪਿਆਰਾ, ਸੱਤਰ ਡੰਕ ਵਿਚ ਸੰਸਾਰਾ, ਡੰਕਾ ਏਕਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਸਾਚਾ ਰੰਗ ਸਤਿਵਾਦੀ ਧਾਰ, ਸਤਿਗੁਰ ਪੂਰਾ ਆਪ ਰੰਗਾਇੰਦਾ । ਸਾਤਾ ਚੌਕਾ ਇਕ ਵਿਹਾਰ, ਚੌਕਾ ਸਾਤਾ ਜੋੜ ਜੁੜਾਇੰਦਾ । ਸਤਿ ਸਤਿਵਾਦੀ ਹੋਇਆ ਖ਼ਬਰਦਾਰ, ਬੇਖ਼ਬਰ ਚਾਰ ਜੁਗ ਆਪ ਉਠਾਇੰਦਾ । ਚਾਰ ਜੁਗ ਦਾ ਕਰਜ਼ ਉਤਾਰ, ਚਾਰੇ ਵੇਦ ਵੇਖ ਵਖਾਇੰਦਾ । ਚਾਰੇ ਖਾਣੀ ਖੋਲ੍ਹ ਕਿਵਾੜ, ਚਾਰੇ ਬਾਣੀ ਭੇਵ ਚੁਕਾਇੰਦਾ । ਚਾਰੇ ਕੁੰਟ ਹੋ ਉਜਿਆਰ, ਚਾਰ ਵਰਨ ਪਰਦਾ ਲਾਹਿੰਦਾ । ਚਾਰ ਯਾਰੀ ਕਰ ਖ਼ੁਵਾਰ, ਚੌਥੇ ਘਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਤ ਚਾਰ ਚਾਰ ਸੱਤ, ਦੇਵਣਹਾਰ ਬ੍ਰਹਮ ਮਤ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਇੰਦਾ । ਪਾਰਬ੍ਰਹਮ ਬ੍ਰਹਮ ਰੰਗ ਰੰਗੀਲਾ, ਰੰਗਣ ਏਕਾ ਏਕ ਚੜ੍ਹਾਈਆ । ਧੁਰਦਰਗਾਹੀ ਸ਼ਬਦ ਵਸੀਲਾ, ਨਿਰਗੁਣ ਆਪਣਾ ਵੇਸ ਵਟਾਈਆ । ਏਥੇ ਓਥੇ ਛੈਲ ਛਬੀਲਾ, ਬਿਰਧ ਬਾਲ ਨਾ ਕੋਇ ਜਣਾਈਆ । ਜਨ ਭਗਤ ਬਣਾਇਆ ਸਚ ਕਬੀਲਾ, ਹਰਿ ਜੂ ਬਣਿਆ ਪਿਤਾ ਮਾਈਆ । ਦੋਏ ਜੋੜ ਕਰੇ ਨਿਮਸਕਾਰ ਜੋ ਚੜ੍ਹ ਕੇ ਆਇਆ ਅਸਵ ਨੀਲਾ, ਪੁਰਖ ਅਕਾਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਸਾਚਾ ਭੇਵ ਹੱਥ ਭਗਵਾਨ, ਭੇਵ ਕਿਸੇ ਨਾ ਆਇਆ । ਕਲਜੁਗ ਅੰਤ ਹੋ ਪਰਧਾਨ, ਦੋ ਜਹਾਨ ਦਏ ਸਮਝਾਇਆ । ਸਤਿਜੁਗ ਦਾ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਦਏ ਝੁਲਾਇਆ । ਸੱਤਰ ਬਹੱਤਰ ਕਰ


੩੪੭ ੧੨

ਪਰਵਾਨ, ਚੁਹੱਤਰਾਂ ਏਕਾ ਘਰ ਵਖਾਇਆ । ਗੁਰ ਅਵਤਾਰ ਮੰਗਣ ਦਾਨ, ਦਰ ਬੈਠੇ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਕਰ ਪਰਵਾਨ, ਨੇਤਰ ਨੈਣਾਂ ਨੀਰ ਰਹੇ ਵਹਾਇਆ । ਲੋਕਮਾਤ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵਿਚ ਸਮਾਇਆ । ਤੇਰੇ ਭਗਤਾਂ ਬਣੇ ਸਚ ਪਕਵਾਨ, ਜਿਸ ਅੰਤਰ ਆਪਣਾ ਭੋਗ ਲਗਾਇਆ । ਅਸੀਂ ਚਲ ਕੇ ਆਈਏ ਖਾਣ, ਜ਼ਾਤ ਪਾਤ ਦੀਨ ਮਜ਼੍ਹਬ ਮੋਹ ਚੁਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਗੀਤ ਤੇਰਾ ਗਾਣ, ਸੋਹੰ ਢੋਲਾ ਇਕ ਸੁਣਾਇਆ । ਚਾਰ ਜੁਗ ਦੇ ਬਾਲ ਅਞਾਣ, ਤੇਰਾ ਭੇਵ ਕਿਸੇ ਨਾ ਪਾਇਆ । ਲਿਖ ਲਿਖ ਆਏ ਵੇਦ ਪੁਰਾਨ, ਸ਼ਾਸਤਰ ਸਿਮਰਤ ਨਾਲ ਮਿਲਾਇਆ । ਗੀਤਾ ਗਿਆਨ ਜਗਤ ਨਿਸ਼ਾਨ, ਨਿਰਗੁਣ ਸਰਗੁਣ ਦਏ ਸਮਝਾਇਆ । ਅੰਜੀਲ ਕੁਰਾਨ ਖੇਲ ਮਹਾਨ, ਕਲਮਾ ਨਬੀ ਰਸੂਲ ਪੜ੍ਹਾਇਆ । ਖਾਣੀ ਬਾਣੀ ਕਰ ਪਰਨਾਮ, ਨਾਨਕ ਗੋਬਿੰਦ ਸੀਸ ਝੁਕਾਇਆ । ਕਿਸੇ ਅੰਤ ਨਾ ਪਾਇਆ ਵਿਚ ਜਹਾਨ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਛੁਡਾਇਆ । ਕਲਜੁਗ ਅੰਤਮ ਜਨ ਭਗਤਾਂ ਕਰਿਆ ਆਪ ਪਰਵਾਨ, ਨਾਮ ਪਰਵਾਨਾ ਹੱਥ ਫੜਾਇਆ । ਚਾਰ ਵਰਨ ਇਕੱਠੇ ਕੀਤੇ ਆਣ, ਊਚ ਨੀਚ ਨਾ ਕੋਇ ਰਖਾਇਆ । ਸਾਚੇ ਦਰ ਸੋਹਣ ਸੁਹਾਏ ਆਪ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਇਆ । ਕਰ ਕਿਰਪਾ ਸ੍ਰੀ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਇਆ । ਤੇਰੇ ਹੁਕਮੇ ਅੰਦਰ ਇਕੱਠੇ ਹੋਏ ਆਣ, ਸੱਤ ਚਾਰ ਜੋੜ ਜੁੜਾਇਆ । ਚਰਨ ਕਵਲ ਇਕ ਧਿਆਨ, ਉਪਰ ਨੈਣ ਨਾ ਕੋਇ ਉਠਾਇਆ । ਚਾਰ ਜੁਗ ਤੇਰਾ ਨਾਮ ਸੰਦੇਸ਼ਾ ਸ਼ਬਦੀ ਦੇ ਦੇ ਆਏ ਬਿਆਨ, ਜੀਵ ਜੰਤ ਜਗਤ ਸਮਝਾਇਆ । ਕਲਜੁਗ ਅੰਤ ਕਰੇ ਕਲਿਆਣ, ਕਲ ਕਰਤਾ ਆਪਣੀ ਲਏ ਪਰਗਟਾਇਆ । ਨਾਉਂ ਰੱਖ ਨਿਹਕਲੰਕ ਬਲੀ ਬਲਵਾਨ, ਬਲ ਸਭ ਦਾ ਦਏ ਗਵਾਇਆ । ਤੇਈ ਅਵਤਾਰ ਹੋਏ ਹੈਰਾਨ, ਵਿਸ਼ਨ ਬ੍ਰਹਮਾ ਸ਼ਿਵ ਨੀਰ ਵਹਾਇਆ । ਭਗਤ ਅਠਾਰਾਂ ਸੀਸ ਝੁਕਾਣ, ਈਸਾ ਮੂਸਾ ਮੁਹੰਮਦ ਚਰਨ ਧੂੜ ਖ਼ਾਕ ਰਮਾਇਆ । ਗੁਰ ਦਸ ਦਹਿ ਦਿਸ਼ਾ ਏਕਾ ਢੋਲਾ ਗਾਣ, ਵਾਹਵਾ ਮੇਰੇ ਸਾਹਿਬ ਤੇਰੀ ਵਡਿਆਇਆ । ਕਲਜੁਗ ਅੰਤਮ ਆਪਣੇ ਦਰ ਕਰ ਪਰਵਾਨ, ਦੂਸਰ ਰਾਹ ਨਜ਼ਰ ਕੋਇ ਨਾ ਆਇਆ । ਇਕੋ ਗਾਈਏ ਤੇਰਾ ਗਾਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਚਖੰਡ ਦੁਆਰੇ ਖੇਲ ਮਹਾਨ, ਲੋਕਮਾਤ ਵੇਖੇ ਬੇਪਰਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਅੰਤ ਦਾਨ, ਜਗਤ ਭੰਡਾਰੀ ਭੰਡਾਰਾ ਇਕ ਵਖਾਈਆ ।

### ✳ ਪਹਿਲੀ ਹਾੜ ੨੦੧੯ ਬਿਕਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ✳

ਸਤਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸਤਿ ਸਤਿਵਾਦੀ ਖੇਲ ਕਰਾਇੰਦਾ । ਸਚ ਸਿੰਘਾਸਣ ਆਸਣ ਲਾ, ਨਿਰਗੁਣ ਨੂਰ ਡਗਮਗਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾ, ਸਚਖੰਡ ਦੁਆਰਾ ਆਪ ਵਡਿਆਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ, ਬੇਅੰਤ ਆਪਣੀ ਕਲ ਧਰਾਇੰਦਾ । ਸੋ ਪੁਰਖ ਨਿਰੰਜਣ ਨਾਉਂ ਰਖਾ, ਭੇਵ ਅਭੇਦ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਵੇਸ ਵਟਾ, ਜੋਤੀ ਜਾਤਾ ਪਰਦਾ ਲਾਹਿੰਦਾ । ਏਕੰਕਾਰਾ ਖੇਲ ਖਲਾ, ਸਾਚਾ ਰੰਗ ਆਪ ਵਖਾਇੰਦਾ । ਆਦਿ ਨਿਰੰਜਣ ਨੂਰ ਰੁਸ਼ਨਾ, ਨੂਰੋ ਨੂਰ ਨੂਰ ਸਮਾਇੰਦਾ । ਅਬਿਨਾਸ਼ੀ

ਕਰਤਾ ਸਚ ਦੁਆਰੇ ਡੰਕ ਵਜਾ, ਏਕਾ ਡੰਕਾ ਆਪ ਜਣਾਇੰਦਾ । ਸ੍ਰੀ ਭਗਵਾਨ ਨਿਸ਼ਾਨ ਝੁਲਾ, ਸਚ ਨਿਸ਼ਾਨਾ ਆਪ ਵਖਾਇੰਦਾ । ਪਾਰਬ੍ਰਹਮ ਪ੍ਰਭ ਬੇਪਰਵਾਹ, ਰੂਪ ਅਨੂਪ ਆਪ ਦਰਸਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਹੁਕਮੀ ਹੁਕਮ ਆਪ ਅਲਾਇੰਦਾ । ਧੁਰ ਫ਼ਰਮਾਣਾ ਆਪੇ ਗਾ, ਸਾਚਾ ਗਾਣਾ ਆਪ ਸੁਣਾਇੰਦਾ । ਆਦਿ ਰਚਨਾ ਜਿਸ ਲਈ ਰਚਾ, ਰਚ ਰਚ ਆਪਣਾ ਖੇਲ ਕਰਾਇੰਦਾ । ਸਚਖੰਡ ਦੁਆਰਾ ਇਕ ਪਰਗਟਾ, ਪਰਗਟ ਆਪਣੀ ਜੋਤ ਵਖਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਪੂਤ ਸਪੂਤ ਨਾ ਕੋਇ ਅਖਵਾਇੰਦਾ । ਨਾ ਕੋਈ ਮੰਦਰ ਨਾ ਮਕਾਂ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਿਰਗੁਣ ਨੂਰ ਨੂਰ ਰੁਸ਼ਨਾ, ਜੋਤੀ ਜਾਤਾ ਪਰਦਾ ਲਾਹਿੰਦਾ । ਆਪਣਾ ਲੇਖਾ ਆਪਣੀ ਝੋਲੀ ਪਾ, ਆਪਣਾ ਖਾਤਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਇੰਦਾ । ਵੇਖਣਹਾਰਾ ਏਕੰਕਾਰ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਨਿਰਗੁਣ ਨਿਰਾਕਾਰ ਹੋ ਉਜਿਆਰ, ਨਿਰਵੈਰ ਆਪਣਾ ਭੇਵ ਚੁਕਾਇੰਦਾ । ਅਜੂਨੀ ਰਹਿਤ ਖੇਲ ਅਪਾਰ, ਕਰਤਾ ਪੁਰਖ ਆਪ ਕਰਾਇੰਦਾ । ਸਤਿ ਦੁਆਰਾ ਖੋਲ੍ਹ ਕਿਵਾੜ, ਘਰ ਘਰ ਵਿਚ ਆਪ ਵਡਿਆਇੰਦਾ । ਸਚਖੰਡ ਦੁਆਰੇ ਪੈਜ ਸੁਆਰ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਸ਼ਬਦੀ ਸੁਤ ਇਕ ਦੁਲਾਰ, ਜਨ ਜਨਨੀ ਆਪ ਪਰਗਟਾਇੰਦਾ । ਦਾਈ ਦਾਇਆ ਬਣ ਨਿਰੰਕਾਰ, ਸਾਚੀ ਸੇਵਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਸਚ ਸਿੰਘਾਸਣ, ਹਰਿ ਜੂ ਹਰਿ ਹਰਿ ਆਪ ਲਗਾਈਆ । ਖੇਲੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਧਾਰ ਚਲਾਈਆ । ਆਪਣੇ ਮੰਡਲ ਪਾਵੇ ਰਾਸਣ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਦਿ ਜੁਗਾਦੀ ਬਣ ਬਣ ਸਾਥਨ, ਸਗਲਾ ਸੰਗ ਆਪ ਨਿਭਾਈਆ । ਰਥ ਰਥਵਾਹੀ ਬਣ ਚਲਾਏ ਰਾਥਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਡਿਆਈਆ । ਸਚਖੰਡ ਦੁਆਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਬਣਾਇਆ । ਆਪਣੀ ਇਛਿਆ ਆਪਣੇ ਵਿਚੋਂ ਕੱਢ, ਆਪ ਆਪਣਾ ਰੰਗ ਰੰਗਾਇਆ । ਆਪੇ ਬੈਠਾ ਸਾਚੇ ਮੰਦਰ ਸਜ, ਸਤਿ ਸਤਿਵਾਦੀ ਡੇਰਾ ਲਾਇਆ । ਕਰ ਖੇਲ ਪੁਰਖ ਸਮਰਥ, ਸਮਰਥ ਆਪਣਾ ਰਾਹ ਚਲਾਇਆ । ਆਪਣੀ ਮਹਿਮਾ ਜਾਣੇ ਅਕੱਥ, ਕਥ ਕਥ ਭੇਵ ਨਾ ਕਿਸੇ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇਆ । ਸਚਖੰਡ ਦੁਆਰਾ ਗਿਆ ਵਸ, ਸੋ ਪੁਰਖ ਨਿਰੰਜਣ ਆਪ ਵਸਾਇੰਦਾ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਕਰੇ ਕਰਾਏ ਅਸੁਤੇ ਪਰਕਾਸ਼, ਪਰਕਾਸ਼ਵਾਨ ਆਪਣਾ ਭੇਵ ਆਪ ਜਣਾਇੰਦਾ । ਆਪਣੇ ਗ੍ਰਿਹਿ ਆਪਣੇ ਮੰਦਰ ਆਪਣੇ ਘਰ ਆਪ ਕਰ ਕਰ ਭੋਗ ਬਲਾਸ, ਸਾਚੀ ਸੇਜ ਆਪ ਹੰਢਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਆਪੇ ਕਰੇ ਆਪਣੀ ਪੂਰੀ ਆਸ, ਆਸਾ ਹੋਰ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰ, ਆਦਿ ਪੁਰਖ ਪੁਰਖ ਨਿਰੰਕਾਰ ਕਰੇ ਕਰਾਏ ਕਰਨੇ ਹਾਰ, ਦੂਸਰ ਸੰਗ ਨਾ ਕੋਇ ਰਲਾਇੰਦਾ । ਦੂਸਰ ਸੰਗ ਨਾ ਕੋਇ ਸਾਥ, ਭੇਵ ਅਭੇਦ ਆਪ ਜਣਾਈਆ । ਆਦਿ ਆਦਿ ਚਲਾਇਆ ਰਾਥ, ਬਣ ਰਥਵਾਹੀ ਸੇਵ ਕਮਾਈਆ । ਸ਼ਬਦੀ ਸੁਤ ਸੁਤ ਦਿਤੀ ਦਾਤ, ਬਣ ਦਾਨੀ ਆਪ ਵਰਤਾਈਆ । ਥਿਰ ਘਰ ਦਵਾਰ ਸੁਣਾਈ ਏਕਾ ਬਾਤ, ਬਾਤਨ ਆਪਣਾ ਭੇਵ ਖੁਲ੍ਹਾਈਆ । ਆਪੇ ਬਣ ਬਣ ਪਿਤ ਮਾਤ, ਸਾਕ ਸੱਜਣ ਆਪਣਾ ਰੰਗ ਰੰਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰਾ ਸੁਹੰਜਣਾ, ਹਰਿ ਸਤਿਗੁਰ ਸਾਚਾ ਆਪ ਸੁਹਾਇੰਦਾ । ਕਰ ਪਰਕਾਸ਼ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਇੰਦਾ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਭੈ ਅਵਰ ਨਾ ਕੋਇ ਰਖਾਇੰਦਾ । ਦਰ ਘਰ ਸਾਚੇ ਸਾਚਾ ਸੱਜਣਾ, ਦਰਗਹਿ ਸਾਚੀ ਸੰਗ ਰਖਾਇੰਦਾ । ਨਾ ਘੜਿਆ ਨਾ ਭੱਜਣਾ, ਜਨਮ ਮਰਨ ਨਾ ਕੋਇ ਰਖਾਇੰਦਾ । ਤਾਲ ਨਗਾਰਾ ਇਕੋ ਵੱਜਣਾ, ਰਾਗੀ ਰਾਗ ਨਾ ਕੋਇ ਸੁਣਾਇੰਦਾ । ਸੁਤ ਦੁਲਾਰਾ ਪੂਤ ਸਪੂਤਾ ਥਿਰ ਘਰ ਸਾਚੇ ਏਕਾ ਸੱਦਣਾ, ਸੱਦ ਸੱਦ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਏਕਾ ਹੁਕਮ ਜਣਾਇੰਦਾ । ਸ਼ਬਦ ਸੁਤ ਸੁਣ ਸਾਚੇ ਲਾਲ, ਹਰਿ ਸਤਿਗੁਰ ਆਪ ਸੁਣਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਬਣਿਆ ਰਿਹਾ ਮਾਤ ਦਲਾਲ, ਦੋ ਜਹਾਨਾਂ ਦਲਾਲੀ ਇਕ ਕਮਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਦਿਤੇ ਡਾਲ, ਤ੍ਰੈਗੁਣ ਰੰਗਣ ਰੰਗ ਰੰਗਾਇਆ । ਪੰਜ ਤਤ ਰਖਾਏ ਪਤ ਡਾਲ, ਲੱਖ ਚੁਰਾਸੀ ਪੰਖੜੀ ਆਪ ਖਿਲਾਇਆ । ਆਤਮ ਪਰਮਾਤਮ ਖੇਲ ਨਿਰਾਲ, ਬ੍ਰਹਮ ਪਾਰਬ੍ਰਹਮ ਵੰਡ ਵੰਡਾਇਆ । ਈਸ਼ ਜੀਵ ਵਖਾਏ ਧਰਮਸਾਲ, ਕਾਇਆ ਖੇੜਾ ਇਕ ਵਸਾਇਆ । ਨਿਰਗੁਣ ਸਰਗੁਣ ਰਾਹ ਸਖਾਲ, ਸ਼ਬਦੀ ਸ਼ਬਦ ਭੇਵ ਚੁਕਾਇਆ । ਏਕਾ ਮੰਤਰ ਖੋਲ੍ਹ ਕਿਵਾੜ, ਸਚ ਸੰਦੇਸ਼ਾ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਰਿਹਾ ਜਣਾਇਆ । ਸੁਤ ਸ਼ਬਦ ਉਠ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਆਦਿ ਲਗਾਇਆ ਤੈਨੂੰ ਭਾਗ, ਤੇਰਾ ਰਾਹ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਜਣ ਸਾਜ, ਤੇਰੀ ਗੋਦ ਬਹਾਇੰਦਾ । ਕੋਟਨ ਕੋਟ ਬ੍ਰਹਿਮੰਡ ਖੰਡ ਨਿਵਾਜ, ਲੋਆਂ ਪੁਰੀਆਂ ਤੇਰੇ ਰੰਗ ਰੰਗਾਇੰਦਾ । ਤ੍ਰੈ ਪੰਜ ਮੇਲਾ ਰਚ ਰਚ ਕਾਜ, ਲੱਖ ਚੁਰਾਸੀ ਘੜ ਘੜ ਭਾਂਡੇ, ਤੇਰਾ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਅੰਦਰ ਕਰ ਕਰ ਨਾਚ, ਬਣ ਨਟੂਆ ਸਵਾਂਗ ਵਰਤਾਇੰਦਾ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਚਮ ਕਾਜ, ਕਾਇਆ ਗਗਰੀ ਆਪ ਸੁਹਾਇੰਦਾ । ਆਤਮ ਪਰਮਾਤਮ ਮੰਦਰ ਸਾਜ, ਘਰ ਘਰ ਵਿਚ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਏਕ ਸੁਣਾਇੰਦਾ । ਸ਼ਬਦੀ ਸੁਤ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਆਪ ਸੁਣਾਇਆ । ਆਦਿ ਤੇਰੀ ਵੰਡੀ ਵੰਡ ਕੀਤਾ ਵੱਖ, ਵੱਖਰਾ ਰਾਹ ਇਕ ਵਖਾਇਆ । ਲੱਖ ਚੁਰਾਸੀ ਅੰਦਰ ਵਸ, ਘਟ ਘਟ ਡੇਰਾ ਲਾਇਆ । ਨਿਰਗੁਣ ਸਰਗੁਣ ਮਾਰਗ ਦੱਸ, ਬਣ ਪਾਂਧੀ ਰਾਹ ਚਲਾਇਆ । ਜੋਤ ਨਿਰੰਜਣ ਕਰ ਪਰਕਾਸ਼, ਅਨਹਦ ਨਾਦੀ ਨਾਦ ਵਜਾਇਆ । ਆਤਮ ਪਰਮਾਤਮ ਖੇਲ ਤਮਾਸ਼, ਬ੍ਰਹਮ ਪਾਰਬ੍ਰਹਮ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਇਆ । ਸੁਣ ਸੰਦੇਸ਼ਾ ਹਰੀ ਦੁਆਰ, ਸੁਤ ਸ਼ਬਦ ਸੀਸ ਝੁਕਾਇੰਦਾ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰਾ ਭੇਵ ਕੋਇ ਨਾ ਆਇੰਦਾ । ਮੈਂ ਬਾਲ ਅਞਾਣਾ ਤੇਰਾ ਸੁਤ ਮੇਰੇ ਪਰਵਰਦਿਗਾਰ, ਤੇਰੀ ਕਿਰਨ ਨੂਰ ਅਖਵਾਇੰਦਾ । ਹੁਕਮੇ ਅੰਦਰ ਸੇਵਾ ਕਰਾਂ ਵਿਚ ਸੰਸਾਰ, ਬਣ ਬਰਦਾ ਸੇਵ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਣੀਹਾਰ, ਦੋਏ ਜੋੜ ਸੀਸ ਸਰਬ ਝੁਕਾਇੰਦਾ । ਦਰ ਦਰਵੇਸ਼ ਮੰਗਣ ਭਿਖਾਰ, ਖ਼ਾਲੀ ਝੋਲੀ ਸਰਬ ਜਣਾਇੰਦਾ । ਤੂੰ ਦੇਵਣਹਾਰ ਦਾਤਾਰ, ਤੁਧ ਬਿਨ ਆਸਾ ਪੂਰ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ

ਮੰਗਾਇੰਦਾ । ਮੰਗਾਂ ਮੰਗ ਪ੍ਰਭ ਸੁਆਮੀ ਠਾਕਰ, ਤੇਰੇ ਅੱਗੇ ਝੋਲੀ ਡਾਹੀਆ । ਮੇਰਾ ਨੂਰ ਕਰ ਉਜਾਗਰ, ਤੇਰੇ ਨੂਰ ਹੋਏ ਰੁਸ਼ਨਾਈਆ । ਜੁਗ ਚੌਕੜੀ ਬਣਿਆ ਰਿਹਾ ਸੌਦਾਗਰ, ਬਣ ਵਣਜਾਰਾ ਹੱਟ ਚਲਾਈਆ । ਵਸਦਾ ਰਿਹਾ ਕਾਇਆ ਗਾਗਰ, ਪੰਜ ਤਤ ਅੰਦਰ ਡੇਰਾ ਲਾਈਆ । ਤੇਰੇ ਨਾਉਂ ਦੇ ਦੇ ਆਦਰ, ਲੋਕਮਾਤ ਖ਼ੁਸ਼ੀ ਮਨਾਈਆ । ਤੂੰ ਕਰੀਮ ਕਰਤਾ ਕਾਦਰ, ਰਹਿਮਤ ਤੇਰੀ ਮੇਰੇ ਰਹਿਮਾਨ, ਮੇਰੀ ਬਣਤ ਬਣਾਈਆ । ਮੁਕਾਮੇ ਹੱਕ ਤੇਰਾ ਨਿਸ਼ਾਨ, ਨਸੀਹਤ ਤੇਰੀ ਮੋਹੇ ਭਾਈਆ । ਮੇਰਾ ਸਜਦਾ ਮੇਰੀ ਪਰਨਾਮ, ਮੇਰਾ ਸੀਸ ਜਗਦੀਸ਼ ਤੇਰੇ ਚਰਨ ਛੁਹਾਈਆ । ਤੇਰਾ ਕਲਮਾ ਸਚ ਕਲਾਮ, ਤੇਰਾ ਨਾਮ ਮੇਰੇ ਅਮਾਮ, ਏਕਾ ਨੌਬਤ ਰਿਹਾ ਵਜਾਈਆ । ਮੈਂ ਬਣਿਆ ਰਿਹਾ ਗੁਲਾਮ, ਬਣ ਬਰਦਾ ਸੇਵ ਕਮਾਈਆ । ਪੰਜ ਤਤ ਕਾਇਆ ਦੇ ਦੇ ਮਾਣ, ਗੁਰ ਅਵਤਾਰ ਜਗਤ ਵਡਿਆਈਆ । ਤੇਰਾ ਸੰਦੇਸ਼ਾ ਸਚ ਪੈਗ਼ਾਮ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਤੇਰੇ ਹੁਕਮੇ ਅੰਦਰ ਕੋਟਨ ਰਾਮ, ਕ੍ਰਿਸ਼ਨ ਕਾਹਨ ਗਏ ਅਖਵਾਈਆ । ਤੇਰਾ ਖੇਲ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਆਸ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਸਚ ਸੰਦੇਸ਼ਾ ਬੋਲੇ, ਬੋਲਣਹਾਰਾ ਇਕ ਅਖਵਾਇੰਦਾ । ਸੁਤ ਸ਼ਬਦ ਤੇਰੇ ਵਸਾਂ ਕੋਲੇ, ਪਰਦਾ ਉਹਲਾ ਆਪ ਰਖਾਇੰਦਾ । ਜੁਗ ਚੌਕੜੀ ਤੇਰੇ ਕੋਲੋਂ ਰੱਖੇ ਓਹਲੇ, ਲੋਕਮਾਤ ਵੇਸ ਵਟਾਇੰਦਾ । ਮਾਣ ਦਿਵਾਇਆ ਪੰਜ ਤਤ ਚੋਲੇ, ਜਗਤ ਡੋਲਾ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸਚ ਸੰਦੇਸ਼, ਸਚਖੰਡ ਨਿਵਾਸੀ ਆਪ ਸੁਣਾਈਆ । ਆਦਿ ਜੁਗਾਦੀ ਇਕ ਨਰੇਸ਼, ਨਾ ਮਰੇ ਨਾ ਜਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼ ਸੇਵ ਕਮਾਈਆ । ਹੁਕਮੇ ਅੰਦਰ ਲੱਖ ਚੁਰਾਸੀ ਰਿਹਾ ਵੇਖ, ਘਟ ਘਟ ਸੇਜ ਹੰਢਾਈਆ । ਹੁਕਮੇ ਅੰਦਰ ਧਾਰੇ ਭੇਖ, ਭੇਖੀ ਆਪਣਾ ਰੂਪ ਵਟਾਈਆ । ਹੁਕਮੇ ਅੰਦਰ ਵੇਖੇ ਮੰਡਲ ਦੇਸ, ਮੰਡਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਜਣਾਈਆ । ਸਾਚਾ ਹੁਕਮ ਏਕੰਕਾਰ, ਏਕਾ ਵਾਰ ਜਣਾਇੰਦਾ । ਸ਼ਬਦ ਸੁਤ ਹੋ ਤਿਆਰ, ਆਲਸ ਨਿੰਦਰਾ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਖੇਲ ਕਰਿਆ ਅਪਾਰ, ਭੇਵ ਕੋਇ ਨਾ ਪਾਇੰਦਾ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਵਖਾਇੰਦਾ । ਸਚ ਦੁਆਰਾ ਕਰ ਤਿਆਰ, ਨਰ ਨਿਰੰਕਾਰਾ ਆਸਣ ਲਾਇੰਦਾ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਹੁਕਮੀ ਹੁਕਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚੇ ਸੁਤ ਉਠ ਬਲ ਧਾਰ, ਹਰਿ ਸਤਿਗੁਰ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰਨ ਨਿਮਸਕਾਰ, ਦੂਰ ਦੁਰਾਡੇ ਸੀਸ ਝੁਕਾਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪੰਜ ਤਤ ਕਹਿਣ ਹੋਏ ਖ਼ਵਾਰ, ਸਾਡੀ ਸਾਰ ਕੋਇ ਨਾ ਪਾਈਆ । ਤੇਈ ਅਵਤਾਰ ਕਰਨ ਪੁਕਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਔਧ ਹੰਢਾਈਆ । ਭਗਤ ਅਠਾਰਾਂ ਨੇਤਰ ਨੈਣ ਉਠਾਲ, ਰਾਹ ਤੱਕਣ ਸੱਚੇ ਮਾਹੀਆ । ਈਸਾ ਮੂਸਾ ਮੁਹੰਮਦ ਹੋਏ ਕੰਗਾਲ, ਲੁੱਟੀ ਗਈ ਖ਼ਲਕ ਖ਼ੁਦਾਈਆ । ਚਾਰ ਯਾਰ ਹੋਏ ਬੇਜ਼ਾਰ, ਦਰਦੀ ਦਰਦ ਨਾ ਕੋਇ ਵਡਿਆਈਆ । ਬਾਹੋਂ ਫੜ ਸਭ ਨੂੰ ਲੈਣਾ ਉਠਾਲ, ਬਚਿਆ ਕੋਇ ਰਹਿਣ ਨਾ ਪਾਈਆ । ਨਾਨਕ ਗੋਬਿੰਦ ਦਸ ਦਸ ਕਰ ਸਵਾਲ, ਏਕਾ ਜੋਤੀ ਮੰਗ ਮੰਗਾਈਆ । ਨਿਰਗੁਣ ਰੂਪ ਪੁਰਖ ਅਕਾਲ, ਆਦਿ ਜੁਗਾਦੀ ਪਿਤਾ ਮਾਈਆ । ਪੰਚਮ

੩੫੧
੧੨

ਮੇਲਾ ਸਚਖੰਡ ਸੱਚੀ ਧਰਮਸਾਲ, ਪੰਚ ਪਰਵਾਨ ਹਰਿ ਚਰਨ ਮਿਲੇ ਸਰਨਾਈਆ । ਚਾਰ ਜੁਗ ਦੇ ਸ਼ਾਹ ਕੰਗਾਲ, ਇਕੱਠੇ ਕਰਨ ਏਕਾ ਥਾਈਆ । ਅੱਗੇ ਪਿੱਛੇ ਚਲਣਾ ਨਾਲ ਨਾਲ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਜਣਾਈਆ । ਸਚ ਸੁਨੇਹੁੜਾ ਸੁਣਨਾ ਅੰਤ, ਏਕੰਕਾਰ ਆਪ ਜਣਾਇੰਦਾ । ਕਲਜੁਗ ਵੇਲਾ ਆਏ ਅੰਤ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਜਿਸ ਨੂੰ ਕਹਿੰਦੇ ਗਏ ਹਰਿ ਬੇਅੰਤ, ਸੋ ਬੇਅੰਤ ਫੇਰਾ ਪਾਇੰਦਾ । ਜਿਸ ਨੂੰ ਸੁਣਦੇ ਗਏ ਕੰਤ, ਸੋ ਕੰਤ ਕੰਤੂਹਲ ਵੇਸ ਵਟਾਇੰਦਾ । ਜਿਸ ਦਾ ਪੜ੍ਹਦੇ ਗਏ ਮੰਤ, ਸੋ ਮੰਤਰ ਆਪ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਣਾਇੰਦਾ । ਸੁਤ ਦੁਲਾਰਾ ਗਿਆ ਜਾਣ, ਘਰ ਸਾਚੇ ਵੱਜੀ ਵਧਾਈਆ । ਪਾਰਬ੍ਰਹਮ ਤੇਰਾ ਖੇਲ ਮਹਾਨ, ਤੁਧ ਬਿਨ ਭੇਵ ਕੋਇ ਨਾ ਪਾਈਆ । ਬਾਲੀ ਬੁੱਧ ਮੈਂ ਬਾਲ ਅਵਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲਿਆ ਖੇਲ ਮਹਾਨ, ਕੋਟਨ ਕੋਟ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਦੇ ਤੇਰਾ ਦਾਨ, ਨਾਮ ਖ਼ਜ਼ਾਨਾ ਇਕ ਵਰਤਾਈਆ । ਸਤਿ ਸੰਦੇਸ਼ਾ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਜਣਾਈਆ । ਥਿਰ ਘਰ ਸਾਚਾ ਖੋਲ੍ਹ ਦੁਕਾਨ, ਤੇਰਾ ਹੱਟ ਚਲਾਈਆ । ਚੌਦਾਂ ਲੋਕ ਹੋਏ ਹੈਰਾਨ, ਚੌਦਾਂ ਤਬਕ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੂਸਰ ਓਟ ਨਾ ਕੋਇ ਤਕਾਈਆ । ਦੂਸਰ ਓਟ ਨਾ ਰੱਖੀ ਆਸ, ਸੁਤ ਸ਼ਬਦੀ ਸੀਸ ਝੁਕਾਇੰਦਾ । ਆਦਿ ਜੁਗਾਦਿ ਪ੍ਰਭੂ ਤੇਰਾ ਦਾਸ, ਦੂਸਰ ਹੁਕਮ ਨਾ ਕੋਇ ਮਨਾਇੰਦਾ । ਚਰਨਾਂ ਹੇਠ ਕੋਟਨ ਕੋਟ ਪ੍ਰਿਥਮੀ ਆਕਾਸ਼, ਰਵ ਸਸ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਬੂਟੇ ਲਾਏ ਤੇਰੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਇੰਦਾ । ਨਿਰਗੁਣ ਦੀਵਾ ਬਾਤੀ ਕਰ ਪਰਕਾਸ਼, ਕਮਲਾਪਾਤੀ ਵੇਖ ਵਖਾਇੰਦਾ । ਬਣ ਸਾਕੀ ਜਾਮ ਪਿਆ ਬੁਝਾਏ ਪਿਆਸ, ਅੰਮ੍ਰਿਤ ਝਿਰਨਾ ਇਕ ਝਿਰਾਇੰਦਾ । ਨਾਦ ਸ਼ਬਦ ਧੁਨ ਰਾਗ ਬਿਨ ਰਸਨਾ ਸਵਾਸ, ਘਰ ਘਰ ਵਿਚ ਗੀਤ ਸੁਣਾਇੰਦਾ । ਨਿਰਗੁਣ ਸਰਗੁਣ ਵਸੇ ਪਾਸ, ਸਰਗੁਣ ਅੰਦਰ ਨਿਰਗੁਣ ਆਸਣ ਲਾਇੰਦਾ । ਆਤਮ ਪਰਮਾਤਮ ਦੇ ਧਰਵਾਸ, ਧਰਮ ਦੁਆਰਾ ਇਕ ਵਡਿਆਇੰਦਾ । ਬ੍ਰਹਮ ਪਾਰਬ੍ਰਹਮ ਬੁਝਾਏ ਪਿਆਸ, ਤ੍ਰਿਸ਼ਨਾ ਤ੍ਰਿਖ਼ਾ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਅੰਤਮ ਕਲ, ਹਰਿ ਜੂ ਹਰਿ ਹਰਿ ਆਪ ਜਣਾਈਆ । ਜੁਗ ਚੌਕੜੀ ਕਰਦਾ ਰਿਹਾ ਵਲ ਛਲ, ਅਛਲ ਛਲਧਾਰੀ ਵੇਸ ਵਟਾਈਆ । ਗੁਰ ਅਵਤਾਰ ਮਾਤ ਘੱਲ, ਜੀਵ ਜੰਤ ਜੰਤ ਸਮਝਾਈਆ । ਅੰਤਮ ਸਾਰੇ ਜੋਤੀ ਗਏ ਰਲ, ਪੰਜ ਤਤ ਕੰਮ ਕਿਸੇ ਨਾ ਆਈਆ । ਝੂਠਾ ਨਾਤਾ ਹੱਡ ਮਾਸ ਨਾੜੀ ਖੱਲ, ਰਕਤ ਬੂੰਦ ਬੰਧਨ ਪਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਅਟਲ ਪਦਵੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਪੁਰਖ ਸਮਰਥ, ਸੁਤ ਸ਼ਬਦੀ ਆਪ ਜਣਾਇੰਦਾ । ਜੁਗ ਜੁਗ ਚਲਾਇਆ ਰਥ, ਰਥ ਰਥਵਾਹੀ ਨਜ਼ਰ ਕਿਸੇ ਨਾ ਆਇੰਦਾ । ਬ੍ਰਹਮਾ ਵੇਤਾ ਗਾ ਗਾ ਗਥ, ਚਾਰੇ ਵੇਦ ਵੇਦ ਵਡਿਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਮਾਰਗ ਦੱਸ, ਪੁਰਾਨ ਪੁਰਾਨੀ ਨਾ ਕੋਇ ਪੁਜਾਇੰਦਾ । ਗੀਤਾ ਗਿਆਨ ਅਲੱਖਣਾ ਅਲੱਖ, ਅਲੱਖ ਨਿਰੰਜਣ ਆਪ ਅਲਾਇੰਦਾ । ਅੰਜੀਲ ਕੁਰਾਨਾ ਗਾ ਗਾ ਜਸ, ਤੀਸ

੩੫੩
੧੨

ਬਤੀਸਾ ਆਪ ਸੁਹਾਇੰਦਾ । ਖਾਣੀ ਬਾਣੀ ਕਰ ਕਰ ਹਠ, ਗੁਰ ਸ਼ਬਦੀ ਬੰਧਨ ਪਾਇੰਦਾ । ਅੰਤਮ ਲੋਕਮਾਤ ਗੁਰ ਅਵਤਾਰ ਪੀਰ ਪੈਗ਼ੰਬਰ ਕਾਇਆ ਚੋਲਾ ਛੱਡ ਕੇ ਗਏ ਨੱਠ, ਥਿਰ ਕੋਇ ਰਹਿਣ ਨਾ ਪਾਇੰਦਾ । ਸ਼ਬਦੀ ਗੁਰ ਇਕੋ ਇਕ ਸੱਚਾ ਜਸ, ਜਸ ਹਰਿ ਜੀ ਆਪ ਸੁਣਾਇੰਦਾ । ਜੁਗ ਚੌਕੜੀ ਕਰ ਕਰ ਵਸ, ਬ੍ਰਹਿਮੰਡ ਖੰਡ ਆਪ ਭੁਵਾਇੰਦਾ । ਸੂਰਜ ਚੰਨ ਰਹੇ ਨੱਸ, ਨੱਸ ਨੱਸ ਪੰਧ ਨਾ ਕੋਇ ਮੁਕਾਇੰਦਾ । ਲੱਖ ਚੁਰਾਸੀ ਤ੍ਰੈਗੁਣ ਮਾਇਆ ਰਹੀ ਫਸ, ਫਾਸੀ ਜੰਮ ਨਾ ਕੋਇ ਤੁੜਾਇੰਦਾ । ਸਾਚਾ ਤੀਰ ਨਿਰਾਲਾ ਮਾਰੇ ਨਾ ਕੋਇ ਕਸ, ਅਣਿਯਾਲਾ ਬਾਣ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਆਪ ਵਡਿਆਇੰਦਾ । ਸੁਤ ਸ਼ਬਦ ਕਰ ਦਲੀਲ, ਹਰਿ ਸਾਚੇ ਸਚ ਜਣਾਇਆ । ਨੌਂ ਸੌ ਚੁਰਾਨਵੇਂ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਦਾ ਰਿਹਾ ਵਕੀਲ, ਲੋਕਮਾਤ ਫੇਰਾ ਪਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰ ਕਰ ਗਏ ਅਪੀਲ, ਪ੍ਰਭ ਅੱਗੇ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਰਿਹਾ ਜਣਾਇਆ । ਸੁਤ ਦੁਲਾਰਾ ਵੇਖ ਨਿਰੰਕਾਰ, ਥਿਰ ਘਰ ਸਾਚੇ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰਾ ਢੋਲਾ ਗਾਇੰਦਾ । ਤੇਰਾ ਚੋਲਾ ਬਦਲਿਆ ਵੇਖਿਆ ਵਿਚ ਸੰਸਾਰ, ਸੰਸਾਰ ਸਾਗਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਸੋਹਲਾ ਗਾ ਗਾ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਓਟ ਰਖਾਇੰਦਾ । ਜਿਸ ਦੀ ਮਹਿਮਾ ਗਾ ਗਾ ਥੱਕੇ ਵੇਦ ਚਾਰ, ਸ਼ਾਸਤਰ ਸਿਮਰਤ ਪੁਰਾਨ ਪੁਰਾਨੀ ਵੇਦ ਵਿਆਸਾ ਆਸ ਰਖਾਇੰਦਾ । ਸੋ ਸਾਹਿਬ ਖੇਲ ਕਰੇ ਅਪਾਰ, ਪਰਮ ਪੁਰਖ ਫੇਰਾ ਪਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਉਠ ਸ਼ਬਦ ਸੁਤ ਸਚ ਵਿਹਾਰ, ਹਰਿ ਸਾਚਾ ਸਚ ਕਰਾਇੰਦਾ । ਚਾਰ ਜੁਗ ਦੀ ਕੰਡਿਆਂ ਵਾੜ, ਅੰਤਮ ਆਪਣੀ ਹੱਥੀਂ ਹੂੰਝ ਵਖਾਇੰਦਾ । ਵਰਨ ਬਰਨ ਕਰੇ ਪਾਰ, ਦੀਨ ਮਜ੍ਹਬ ਜ਼ਾਤ ਪਾਤ ਨਾ ਕੋਇ ਰਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਿਹਾਰ, ਆਤਮ ਬ੍ਰਹਮ ਸਰਬ ਦ੍ਰਿੜਾਇੰਦਾ । ਸਾਚੇ ਤਖ਼ਤ ਬੈਠਾ ਆਪ ਕਰਤਾਰ, ਦੂਸਰ ਨਜ਼ਰ ਕੋਇ ਨਾ ਆਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਖ਼ਬਰਦਾਰ, ਖੰਡਾਂ ਏਕਾ ਹੱਥ ਫੜਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਉਠਾਲ, ਸੋਇਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਦੀਨ ਦਿਆਲ, ਦਇਆਨਿਧ ਠਾਕਰ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰਦਰਗਾਹੀ, ਹਰਿ ਹਰਿ ਆਪ ਜਣਾਇਆ । ਸੁਤ ਦੁਲਾਰਾ ਬਣਿਆ ਰਾਹੀ, ਸ਼ਬਦੀ ਸੇਵ ਕਮਾਇਆ । ਤੇਈ ਅਵਤਾਰ ਉਠੋ ਮੇਰੇ ਛੋਟੇ ਭਾਈ, ਹਰਿ ਜੂ ਸੱਦਾ ਰਿਹਾ ਘਲਾਇਆ । ਭਗਤ ਅਠਾਰਾਂ ਬਣੋ ਰਾਹੀ, ਪੈਂਡਾ ਅੰਤ ਮੁਕਾਇਆ । ਈਸਾ ਮੂਸਾ ਮੁਹੰਮਦ ਚਾਰ ਯਾਰ ਕਰੋ ਸਲਾਹੀ, ਸਲਾਹਗੀਰ ਨਜ਼ਰ ਕੋਇ ਨਾ ਆਇਆ । ਦਸ ਗੁਰੂ ਵੇਖੋ ਚਲ ਕੇ ਮਾਹੀ, ਪੁਰਖ ਅਬਿਨਾਸ਼ੀ ਫੇਰਾ ਪਾਇਆ । ਪੰਜਾਂ ਵਖਾਏ ਸਾਚਾ ਥਾਈਂ, ਥਾਨ ਥਨੰਤਰ ਇਕ ਵਡਿਆਇਆ । ਸਭ ਦਾ ਲੇਖਾ ਰਿਹਾ ਮੁਕਾਈ, ਪੂਰਬ ਲੇਖਾ ਜੋ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਸਾਰੇ ਉਠੋ ਹੋ ਤਿਆਰ, ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਦਾ ਅੰਤ ਵਿਹਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸਚਖੰਡ ਬਣਾਇਆ ਇਕ ਦੁਆਰ, ਦਰ ਦਰਬਾਰਾ ਆਪ ਸੁਹਾਇੰਦਾ ।

ਲੋਕਮਾਤ ਕਰੇ ਉਜਿਆਰ, ਉਜਰਤ ਹੋਰ ਨਾ ਕੋਇ ਲਗਾਇੰਦਾ । ਨਿਰਗੁਣ ਨਿਰਧਨ ਦਏ ਦੀਦਾਰ, ਭੇਵ ਅਭੇਵ ਆਪ ਖੁਲ੍ਹਾਇੰਦਾ । ਵੇਖਣਹਾਰਾ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਏਕਾ ਵਾਰ, ਹਰਿ ਜੂ ਹਰਿ ਹਰਿ ਆਪ ਕਰਾਈਆ । ਵਿਸ਼ਨੂੰ ਤੇਰਾ ਵਿਸ਼ਵ ਭੰਡਾਰ, ਆਪਣੇ ਹੱਥ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਪ੍ਰਭ ਮੇਟੇ ਚਾਈਂ ਚਾਈਂਆ । ਸ਼ੰਕਰ ਤੇਰੀ ਸ਼ਰਅ ਸ਼ਿੰਗਾਰ, ਹੱਥ ਤ੍ਰਸੂਲ ਆਪ ਸੁਟਾਈਆ । ਤ੍ਰੈਗੁਣ ਤੇਰਾ ਤੁੱਟਾ ਜੰਜਾਲ, ਤੋੜਨਹਾਰਾ ਏਕੋ ਆਈਆ । ਪੰਜ ਤਤ ਤਤ ਹੋਏ ਬੇਹਾਲ, ਬੇਹਬਲ ਹੋ ਹੋ ਨੀਰ ਵਹਾਈਆ । ਤੇਈ ਅਵਤਾਰ ਕਰਨ ਸਵਾਲ, ਪ੍ਰਭ ਅੱਗੇ ਸੀਸ ਝੁਕਾਈਆ । ਭਗਤ ਅਠਾਰਾਂ ਕਹਿਣ ਤੂੰ ਪ੍ਰਿਤਪਾਲ, ਤੁਧ ਬਿਨ ਓਟ ਨਾ ਕੋਇ ਰਖਾਈਆ । ਈਸਾ ਮੂਸਾ ਮੁਹੰਮਦ ਚਾਰ ਯਾਰ ਕਹਿਣ ਤੂੰ ਸਾਂਝਾ ਯਾਰ, ਤੇਰੀ ਸ਼ਰਅ ਸਮਝ ਵਿਚ ਨਾ ਆਈਆ । ਨਾਨਕ ਨਿਰਗੁਣ ਕਹੇ ਏਕੰਕਾਰ, ਘਟ ਘਟ ਆਸਣ ਬੈਠਾ ਲਾਈਆ । ਗੋਬਿੰਦ ਕਹੇ ਪੁਰਖ ਅਕਾਲ, ਇਕੋ ਪਿਤਾ ਮਾਈਆ । ਅੰਤਮ ਸਭ ਦਾ ਲੇਖਾ ਲਏ ਸੰਭਾਲ, ਲੇਖਾ ਆਪਣੇ ਹੱਥ ਰਖਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਚਾਰ ਜੁਗ ਦੇ ਅੰਤ ਕੰਗਾਲ, ਆਪਣੀ ਗੋਦ ਬਹਾਈਆ । ਇਕ ਵਖਾਏ ਸਾਚੀ ਧਰਮਸਾਲ, ਸਚਖੰਡ ਦੁਆਰ ਕੁੰਡਾ ਲਾਹੀਆ । ਦੀਨ ਮਜ਼੍ਹਬ ਸ਼ਰਅ ਵਿਚੋਂ ਕਰੇ ਬਹਾਲ, ਸ਼ਰੀਅਤ ਡੰਨ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਇਕ ਦਲਾਲ, ਨਿਰਗੁਣ ਆਪਣਾ ਨਾਉਂ ਧਰਾਈਆ । ਜਨ ਭਗਤਾਂ ਬਣੇ ਆਪ ਰਖਵਾਲ, ਬਣ ਰੱਖਕ ਸੇਵ ਕਮਾਈਆ । ਨਾਤਾ ਤੋੜੇ ਕਾਲ ਮਹਾਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਨੇਤਰ ਨੈਣ ਨਾ ਸਕੇ ਉਠਾਈਆ । ਲਾੜੀ ਮੌਤ ਹੋਏ ਬੇਹਾਲ, ਗੁਰਮੁਖ ਦਰ ਰਹਿਣ ਨਾ ਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਪੰਡਤ ਪਾਂਧਾ ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਏਕਾ ਘਰ ਦਏ ਬਹਾਲ, ਮੰਦਰ ਮਸਜਿਦ ਮੱਠ ਸ਼ਿਵਦੁਆਲਾ ਏਕਾ ਰੰਗ ਰੰਗਾਈਆ । ਅਠਸਠ ਤੀਰਥ ਗੁਰਮੁਖ ਕਾਇਆ ਅੰਦਰ ਦਏ ਵਖਾਲ, ਗੰਗਾ ਜਮਨਾ ਸੁਰਸਤੀ ਗੋਦਾਵਰੀ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਏਕਾ ਸ਼ਬਦ ਹਰਿ ਭੇਵ ਖੁਲੌਣਾ, ਭੇਵ ਅਭੇਦ ਜਣਾਈਆ । ਸ਼ਬਦ ਵਿਸ਼ਨੂੰ ਸ਼ਬਦ ਬ੍ਰਹਮ ਸ਼ਬਦ ਸ਼ਿਵ ਰੰਗ ਰੰਗੌਣਾ, ਸ਼ਬਦ ਤ੍ਰੈਗੁਣ ਵੇਖ ਵਖਾਈਆ । ਸ਼ਬਦ ਪੰਜ ਤਤ ਬੰਧਨ ਪੌਣਾ, ਸ਼ਬਦ ਨਿਰਗੁਣ ਸਰਗੁਣ ਰੰਗ ਵਟਾਈਆ । ਸ਼ਬਦ ਸੂਰਜ ਸ਼ਬਦ ਚੰਦ ਸ਼ਬਦ ਮੰਡਲ ਮੰਡਪ ਡੇਰਾ ਲੌਣਾ, ਬ੍ਰਹਿਮੰਡ ਖੰਡ ਸ਼ਬਦੀ ਨਾਚ ਨਚਾਈਆ । ਸ਼ਬਦ ਧਰਨੀ ਧਰਤ ਧਵਲ ਸ਼ਬਦ ਜਲ ਥਲ ਮਹੀਅਲ ਡੇਰਾ ਲੌਣਾ, ਰੂਪ ਅਨੂਪ ਆਪ ਧਰਾਈਆ । ਸ਼ਬਦ ਘਾੜਨ ਘੜ ਬਣ ਠਠਿਆਰ ਸੇਵ ਕਮੌਣਾ, ਲੱਖ ਚੁਰਾਸੀ ਹੱਟ ਸ਼ਬਦ ਚਲਾਈਆ । ਸ਼ਬਦ ਮਨ ਮਤ ਬੁਧ ਵੰਡ ਵੰਡੌਣਾ, ਸ਼ਬਦ ਘਰ ਵਿਚ ਘਰ ਲਏ ਬਣਾਈਆ । ਸ਼ਬਦ ਨੌਂ ਦੁਆਰੇ ਖੋਲ੍ਹ ਵਖੌਣਾ, ਜਗਤ ਤ੍ਰਿਸ਼ਨਾ ਆਸਾ ਮਨਸਾ ਕਾਮ ਕਰੋਧ ਲੋਭ ਮੋਹ ਹੰਕਾਰ ਸ਼ਬਦ ਪਰਗਟਾਈਆ । ਸ਼ਬਦ ਨੌਂ ਦੁਆਰੇ ਪੰਧ ਮੁਕੌਣਾ, ਡੂੰਘੀ ਕਵਰੀ ਪਾਰ ਕਰੌਣਾ, ਸੁਖਮਨ ਟੇਢੀ ਨੂਰ ਧਰੌਣਾ, ਈੜਾ ਪਿੰਗਲਾ ਚਰਨ ਸਰਨ ਸਰਨਾਈਆ । ਸ਼ਬਦ ਸਰੋਵਰ ਇਕ ਨੁਹੌਣਾ, ਸ਼ਬਦੀ ਕਾਗੋਂ ਹੰਸ ਬਣੌਣਾ, ਸ਼ਬਦ ਅਨਾਦਾਂ ਨਾਦ ਸੁਣੌਣਾ, ਧੁੰਨ ਆਤਮਕ ਰਾਗ ਅਲਾਈਆ । ਸ਼ਬਦੀ ਜੋਤੀ ਜੋਤ ਜਗੌਣਾ, ਆਤਮ

ਸੇਜਾ ਡੇਰਾ ਲੌਣਾ, ਸੁਰਤੀ ਸ਼ਬਦ ਕਰੇ ਕੁੜਮਾਈਆ । ਸ਼ਬਦ ਆਤਮ ਸ਼ਬਦ ਈਸ਼ ਜੀਵ ਬੰਧਨ ਪੌਣਾ, ਸ਼ਬਦ ਬ੍ਰਹਮ ਲਏ ਸਮਝਾਈਆ । ਸ਼ਬਦ ਗੁਰੂ ਗੁਰ ਵੇਸ ਵਟੌਣਾ, ਤਤਵ ਤਤ ਕਰੇ ਕੁੜਮਾਈਆ । ਸ਼ਬਦ ਬੋਧ ਅਗਾਧੀ ਢੋਲਾ ਗੌਣਾ, ਹਰਿ ਹਰਿ ਜਸ ਸੁਣਾਈਆ । ਸ਼ਬਦ ਬਣੌਣਾ ਸ਼ਬਦੀ ਢੌਣਾ, ਸ਼ਬਦੀ ਖੇਲ ਕਰਾਈਆ । ਸ਼ਬਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਲੌਣਾ, ਸ਼ਬਦੀ ਵੇਖੇ ਚਾਈਂ ਚਾਈਂਆ । ਸ਼ਬਦ ਰਾਮ ਕ੍ਰਿਸ਼ਨ ਕੋਟਨ ਕੋਟ ਅਵਤਾਰ ਪਰਗਟੌਣਾ, ਕੋਟਨ ਕੋਟ ਈਸਾ ਮੂਸਾ ਮੁਹੰਮਦ ਬੈਠੇ ਸੀਸ ਝੁਕਾਈਆ । ਕੋਟਨ ਕੋਟ ਨਾਨਕ ਗੋਬਿੰਦ ਪੁਰਖ ਅਕਾਲ ਨਰ ਨਿਰੰਕਾਰ ਇਕ ਮੰਨੌਣਾ, ਨਾਮ ਸਤਿ ਏਕਾ ਗਾਈਆ । ਕੋਟਨ ਕੋਟ ਗੋਬਿੰਦ ਰੂਪ ਇਕ ਮਨੌਣਾ, ਦੋ ਜਹਾਨ ਵੱਜੇ ਵਧਾਈਆ । ਅੰਤਮ ਆਸ ਇਕ ਰਖੌਣਾ, ਚਾਰ ਜੁਗ ਦਾ ਬੰਧਨ ਬੰਧ ਤੁੜਾਈਆ । ਨਿਹਕਲੰਕ ਕਲ ਕਲਕੀ ਅਵਤਾਰ, ਹਰਿ ਜੂ ਫੇਰਾ ਪੌਣਾ, ਜਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਦੋ ਜਹਾਨਾਂ ਖੇਲ ਕਰੌਣਾ, ਵਿਸ਼ਨ ਬ੍ਰਹਮਾ ਸ਼ਿਵ ਆਪਣੀ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਅੰਤ ਪਰਗਟਾਈਆ । ਏਕਾ ਸ਼ਬਦ ਗੁਰੂ ਗੁਰਦੇਵ, ਹਰਿ ਅੰਤਮ ਆਪ ਪਰਗਟਾਇੰਦਾ । ਆਤਮ ਪਰਮਾਤਮ ਕਰੇ ਸੇਵ, ਦੂਜੀ ਚਾਕਰੀ ਨਾ ਕੋਇ ਕਮਾਇੰਦਾ । ਹੰ ਬ੍ਰਹਮ ਸਾਚਾ ਮੇਵ, ਸੋ ਪੁਰਖ ਨਿਰੰਜਣ ਆਪ ਖੁਵਾਇੰਦਾ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਆਪਣਾ ਧਾਮ ਪਰਗਟਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਅਭੇਵ, ਭੇਵ ਅਭੇਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਡੰਕਾ ਆਪ ਵਜਾਇੰਦਾ । ਸਾਚਾ ਡੰਕਾ ਏਕੰਕਾਰ, ਆਦਿ ਅੰਤ ਵਜਾਈਆ । ਮਧ ਖੇਲ ਵੇਖੇ ਗੁਰ ਅਵਤਾਰ, ਬਣ ਗੁਰ ਗੁਰ ਸੇਵ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਕਰੇ ਕਰਾਏ ਸਚ ਵਿਹਾਰ, ਭੇਵ ਕੋਇ ਨਾ ਪਾਈਆ । ਲਿਖ ਲਿਖ ਲੇਖਾ ਕਰ ਕਰ ਗਏ ਪੁਕਾਰ, ਅੰਤਮ ਆਵੇ ਨਿਹਕਲੰਕ ਅਵਤਾਰ, ਬਲ ਆਪਣਾ ਆਪ ਧਰਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਕਰੇ ਖ਼ੁਵਾਰ, ਦੀਨਾਂ ਮਜ਼੍ਹਬਾਂ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਰਾਜ ਰਾਜਾਨਾਂ ਕਰੇ ਖੁਵਾਰ, ਤਖ਼ਤੋਂ ਫੜ ਫੜ ਦਏ ਉਤਾਰ, ਸੀਸ ਤਾਜ ਨਾ ਕੋਇ ਟਿਕਾਈਆ । ਨੌਂ ਖੰਡ ਦਾ ਇਕ ਵਿਹਾਰ, ਸੱਤਾਂ ਦੀਪ ਬੋਲੇ ਜੈਕਾਰ, ਜੈ ਜੈਕਾਰ ਇਕ ਸੁਣਾਈਆ । ਲੋਕਮਾਤ ਲਗਾਏ ਸਚ ਦਰਬਾਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਆ ਕੇ ਕਰਨ ਨਿਮਸਕਾਰ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਲੋਕਮਾਤ ਤੁਟਾ ਨਾਤਾ ਪੰਜ ਤਤ ਨਾ ਕੋਇ ਪਿਆਰ, ਪ੍ਰੇਮੀ ਪ੍ਰੇਮ ਨਾ ਕੋਇ ਰਖਾਈਆ । ਇਕੋ ਤੇਰੇ ਨਾਮ ਜੈਕਾਰ, ਦੂਜਾ ਕਲਮਾ ਨਾ ਕੋਇ ਪੜ੍ਹਾਈਆ । ਤੇਰੇ ਮੰਦਰ ਤੇਰੇ ਚਰਨ ਪਾਰਬ੍ਰਹਮ ਹਿੰਦੂ ਮੁਸਲਿਮ ਸਿਖ ਨਾ ਕੋਇ ਵਿਚਾਰ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਤੂੰ ਆਦਿ ਜੁਗਾਦਿ ਸਾਹਿਬ ਦਿਆਲ, ਠਾਕਰ ਸੁਆਮੀ ਬਣੇ ਠਠਿਆਰ, ਘੜ ਭਾਂਡੇ ਵੇਖ ਵਖਾਈਆ । ਤੇਰੇ ਭਾਂਡਿਆਂ ਅੰਦਰ ਵੜ ਵੜ ਆਏ ਗੁਰ ਅਵਤਾਰ, ਬਣ ਚਾਕਰ ਸੇਵ ਕਮਾਈਆ । ਸ੍ਰਿਸ਼ਟੀ ਕਿਸੇ ਨਾ ਨਿਭੀ ਨਾਲ, ਦ੍ਰਿਸ਼ਟੀ ਤੇਰੇ ਨਾਲ ਮਿਲਾਈਆ । ਤੇਰਾ ਇਸ਼ਟ ਇਕ ਕਰਤਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਫੇਰਾ ਪਾਈਆ । ਸ੍ਰੀ ਭਗਵਾਨ ਹਰਿ ਸਮਝਾਏ, ਏਕਾ ਸ਼ਬਦ ਜਣਾਈਆ । ਚਾਰ ਜੁਗ

ਦਾ ਲਹਿਣਾ ਦੇਣਾ ਰਿਹਾ ਮੁਕਾਏ, ਮੌਕਿਆ ਸਭ ਨੂੰ ਦਏ ਵਖਾਈਆ । ਧੋਖਾ ਕਦੇ ਨਾ ਕਰੇ ਹਰਿ ਰਾਏ, ਸੌਖਾ ਰਾਹ ਆਪ ਜਣਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲੇ ਆਪ ਤਰਾਏ, ਜਿਸ ਜਨ ਆਪਣੀ ਦਇਆ ਕਮਾਈਆ । ਕਰ ਕਿਰਪਾ ਗੋਦ ਬਹਾਏ, ਕਰਮ ਕਾਂਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗੰਬਰ ਰੱਖੇ ਯਾਦ, ਹਰਿ ਸਾਚੇ ਸਚ ਜਣਾਇਆ । ਕਲਜੁਗ ਅੰਤ ਤੁਹਾਡੀ ਸੁਣ ਫ਼ਰਯਾਦ, ਨਿਰਗੁਣ ਆਪਣਾ ਫੇਰਾ ਪਾਇਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਲਡਾਏ ਲਾਡ, ਸਤਿ ਸਤਿਵਾਦੀ ਗੋਦ ਵਖਾਇਆ । ਆਪਣੇ ਵਿਚੋਂ ਆਪੇ ਕਾਢ, ਅੰਤਮ ਆਪਣੇ ਵਿਚ ਮਿਲਾਇਆ । ਪੰਜ ਤਤ ਨਿਸ਼ਾਨਾ ਨਾਉਂ ਜਗਤ ਰਖਾ ਦਿਤੀ ਦਾਦ, ਅੰਤਰ ਨਜ਼ਰ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਰਿਹਾ ਜਣਾਇਆ । ਏਕਾ ਵਾਰ ਲੈਣਾ ਜਾਣ, ਹਰਿ ਸਤਿਗੁਰ ਆਪ ਜਣਾਈਆ । ਕਲਜੁਗ ਅੰਤ ਹੋਏ ਮਿਹਰਵਾਨ, ਮਿਹਰ ਆਪਣੀ ਨਜ਼ਰ ਉਠਾਈਆ । ਜੁਗ ਚੌਕੜੀ ਵਿਛੜੇ ਮੇਲੇ ਆਣ, ਮੇਲ ਮਿਲਾਵਾ ਆਪ ਕਰਾਈਆ । ਸਾਚੇ ਭਗਤ ਕਰ ਪਰਵਾਨ, ਭਗਤੀ ਆਪਣੀ ਝੋਲੀ ਪਾਈਆ । ਗੁਰਮੁਖ ਵੇਖ ਬਾਲ ਅਵਾਣ, ਆਪ ਆਪਣੇ ਅੰਗ ਲਗਾਈਆ । ਦੋ ਜਹਾਨ ਬਣਾਏ ਚਤੁਰ ਸੁਘੜ ਸੁਜਾਨ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਇਕੋ ਆਤਮ ਦਿਤਾ ਦਾਨ, ਪਰਮਾਤਮ ਗੰਢ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਵੇਖੇ ਮਾਰ ਧਿਆਨ, ਨੌਂ ਖੰਡ ਪ੍ਰਿਥਮੀ ਨੈਣ ਉਠਾਈਆ । ਆਪਣਾ ਲੇਖਾ ਲਿਖ ਲਿਖ ਜੋ ਦੇ ਕੇ ਆਏ ਬਿਆਨ, ਬਿਆਨਾ ਲੋਕਮਾਤ ਭਰਾਈਆ । ਕਲਜੁਗ ਜੀਵ ਅੰਤ ਹੋਏ ਸਾਰੇ ਸ਼ੈਤਾਨ, ਸ਼ਰਅ ਘਰ ਘਰ ਪਾਈ ਲੜਾਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਹੋਏ ਬੇਈਮਾਨ, ਬੇਵਾ ਆਤਮ ਦਏ ਦੁਹਾਈਆ । ਚਾਰ ਕੁੰਟ ਕਿਸੇ ਨਜ਼ਰ ਨਾ ਆਏ ਭਗਵਾਨ, ਭਰਮੇ ਭੁੱਲੀ ਸਰਬ ਲੋਕਾਈਆ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਸਰਬ ਕੁਰਲਾਣ, ਉਚੀ ਕੂਕ ਦੇਣ ਦੁਹਾਈਆ । ਸਾਨੂੰ ਪੜ੍ਹ ਪੜ੍ਹ ਥੱਕੀ ਜ਼ਬਾਨ, ਅੰਜੀਲ ਕੁਰਾਨ ਦਏ ਗਵਾਹੀਆ । ਜਿਸ ਦੀ ਸਿਫ਼ਤ ਕਰੇ ਈਮਾਨ, ਸੋ ਸਾਹਿਬ ਨਜ਼ਰ ਕਿਸੇ ਨਾ ਆਈਆ । ਜਿਸ ਦਾ ਮੈਂ ਨਿਮਾਣੀ ਸੁਣਾਵਾਂ ਪੈਗ਼ਾਮ, ਸੋ ਪੈਗ਼ੰਬਰ ਬੈਠਾ ਸੱਚਾ ਮਾਹੀਆ । ਮੈਂ ਛੋਟੀ ਬਾਲੀ ਅਵਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੇਰੀ ਵਿਦਿਆ ਹੋਈ ਨਾਦਾਨ, ਅੰਤਮ ਕੰਮ ਕਿਸੇ ਨਾ ਆਈਆ । ਚਾਰ ਵੇਦ ਸਰਬ ਪਛਤਾਣ, ਪੁਰਾਨ ਅਠਾਰਾਂ ਰਹੇ ਕੁਰਲਾਈਆ । ਗੀਤਾ ਕਹੇ ਮੇਰਾ ਕੋਈ ਨਾ ਜਾਣੇ ਗਿਆਨ, ਇਕ ਅਰਜਨ ਦਿਤਾ ਕ੍ਰਿਸ਼ਨ ਪੜ੍ਹਾਈਆ । ਗੁਰੂ ਗ੍ਰੰਥ ਗੁਰ ਕਹੇ ਮੈਥੋਂ ਕੋਈ ਨਾ ਲਵੇ ਸਾਚਾ ਦਾਨ, ਨਾਮ ਭਿਛਿਆ ਝੋਲੀ ਕੋਇ ਨਾ ਪਾਈਆ । ਮੈਨੂੰ ਪੜ੍ਹ ਪੜ੍ਹ ਮੇਰਾ ਸਾਹਿਬ ਨਾ ਸਕੇ ਪਛਾਣ, ਜਿਸ ਮੇਰੀ ਬਣਤ ਬਣਾਈਆ । ਜਿਸ ਨੂੰ ਨਾਨਕ ਨਿਰਗੁਣ ਕਰੇ ਪਰਨਾਮ, ਸੋ ਪਾਰਬ੍ਰਹਮ ਆਇਆ ਵੇਸ ਵਟਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਗੁਰ ਅਵਤਾਰਾਂ ਦਏ ਵਖਾਈਆ । ਪੜ੍ਹ ਪੜ੍ਹ ਕੋਇ ਨਾ ਸਕਿਆ ਪਛਾਣ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਕਰੀ ਅੰਤ ਮਹਾਨ, ਲੋਕਮਾਤ ਫੇਰਾ ਪਾਈਆ । ਸਾਚੇ ਭਗਤਾਂ ਦਿਤਾ ਇਕੋ ਦਾਨ, ਚਾਰ ਜੁਗ ਦੂਸਰੇ ਹੱਥ ਕਿਸੇ ਨਾ ਆਈਆ । ਅੰਦਰ ਵੜ ਨਾ ਲਾਏ ਕੋਈ ਧਿਆਨ, ਜੋਗ ਅਭਿਆਸ ਨਾ ਕੋਇ ਕਰਾਈਆ । ਜਲ ਧਾਰਾ ਨਾ ਕੋਇ ਅਸ਼ਨਾਨ, ਧੂਣੀ ਤਾ ਨਾ ਖ਼ਾਕ ਰਮਾਈਆ । ਨੈਣ ਮੂੰਦ ਨਾ ਕੋਇ ਗਿਆਨ, ਉਂਗਲੀ ਕੰਨ ਨਾ ਕੋਇ ਰਖਾਈਆ । ਸੂਰਜ ਦੇਵਤਾ ਨਾ ਕੋਇ ਨਿਸ਼ਾਨ, ਕਿੰਗਰੀ

ਨਾਦ ਨਾ ਕੋਇ ਵਜਾਈਆ । ਜੋ ਜਨ ਇਕ ਵਾਰ ਕਹੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਏਥੇ ਓਥੇ ਦੋ ਜਹਾਨਾਂ ਆਪਣੀ ਗੋਦ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਵੇਖੋ ਹਰਿ ਜੂ ਕਰਿਆ ਖੇਲ ਮਹਾਨ, ਚਾਰ ਜੁਗ ਦੀ ਕੀਤੀ ਰਿਹਾ ਉਲਟਾਈਆ । ਸਾਚੇ ਭਗਤਾਂ ਦੇ ਦੇ ਦਾਨ, ਸੱਤਰਾਂ ਦਿਤੀ ਸਿਖ ਵਧਾਈਆ । ਗੋਬਿੰਦ ਸੁਤ ਗੁਰ ਮਿਲਿਆ ਆਣ, ਸਰਸਾ ਲੇਖਾ ਦਏ ਚੁਕਾਈਆ । ਬਹੱਤਰਾਂ ਝੁੱਲਿਆ ਇਕ ਨਿਸ਼ਾਨ, ਨਾਮੇ ਛੱਪਰੀ ਲੇਖੇ ਪਾਈਆ । ਧੰਨਾ ਜੱਟ ਹੋਇਆ ਪਰਵਾਨ, ਕਲਜੁਗ ਅੰਤਮ ਘਰ ਜੱਟਾਂ ਵੱਜੀ ਵਧਾਈਆ । ਚੁਹੱਤਰਾਂ ਅੰਤ ਕਰੀ ਕਲਿਆਣ, ਕਲਜੁਗ ਮੇਟੇ ਕਾਲੀ ਸ਼ਾਹੀਆ । ਵਿਸ਼ਨੂੰ ਤੇਰਾ ਖੋਹ ਕੇ ਭੰਡਾਰਾ ਦਾਨ, ਜਨ ਭਗਤਾਂ ਹੱਥ ਫੜਾਈਆ । ਪਰਗਟ ਹੋ ਹਰਿ ਮਿਹਰਵਾਨ, ਆਪਣੀ ਖੇਲ ਕਰਾਈਆ । ਵੀਹ ਸੌ ਉਨੀ ਹਾੜ ਸਤਾਰਾਂ ਸਭ ਦਾ ਲੇਖਾ ਚੁਕਾਏ ਆਣ, ਬਾਕੀ ਕੋਇ ਰਹਿਣ ਨਾ ਪਾਈਆ । ਦੀਨ ਮਜ਼੍ਹਬ ਨਾ ਚਲੇ ਕੋਇ ਦੁਕਾਨ, ਜਗਤ ਹੱਟ ਸ਼ਰਅ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਗਾਏ ਏਕਾ ਗਾਨ, ਪੁਰਖ ਅਕਾਲ ਇਕ ਮਨਾਈਆ । ਏਕਾ ਦੀਨ ਇਕ ਈਮਾਨ, ਇਕ ਪੈਗ਼ੰਬਰ ਨਜ਼ਰੀ ਆਈਆ । ਏਕਾ ਅਲਫ਼ ਇਕ ਅਮਾਮ, ਏਕਾ ਉਲਫ਼ਤ ਦਏ ਸੁਣਾਈਆ । ਏਕਾ ਮੰਤਰ ਸਤਿ ਨਾਮ, ਸਤਿ ਸਤਿ ਦਏ ਜਣਾਈਆ । ਏਕਾ ਫ਼ਤਹਿ ਡੰਕਾ ਵੱਜੇ ਜਹਾਨ, ਵਾਹਿਗੁਰੂ ਫ਼ਤਹਿ ਇਕ ਕਰਾਈਆ । ਏਕਾ ਰਾਮ ਰਾਮ ਹੋਏ ਪਰਨਾਮ, ਦੂਸਰ ਸੀਸ ਨਾ ਕੋਇ ਝੁਕਾਈਆ । ਏਕਾ ਨਜ਼ਰੀ ਆਏ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਏਕਾ ਮੰਦਰ ਇਕ ਮਕਾਨ, ਏਕਾ ਗੁਰੂਦਵਾਰ ਦਏ ਸਮਝਾਈਆ । ਏਕਾ ਨਾਦ ਸ਼ਬਦ ਧੁਨਕਾਨ, ਏਕਾ ਘਰ ਘਰ ਰਾਗ ਸੁਣਾਈਆ । ਛੱਤੀ ਰਾਗ ਹੋਣ ਹੈਰਾਨ, ਨਾਰਦ ਸੁਤ ਸੁਰਸਤੀ ਮਾਈਆ । ਸਾਡੀ ਅੰਤ ਹੋਈ ਕਲਿਆਣ, ਕਲਾ ਹਰਿ ਜੂ ਆਪ ਵਰਤਾਈਆ । ਆਪਣਾ ਨਾਉਂ ਕਰ ਪਰਧਾਨ, ਸਚ ਪਰਧਾਨਗੀ ਦਏ ਵਖਾਈਆ । ਚੁਹੱਤਰਾਂ ਭੰਡਾਰ ਚਲਾਏ ਇਕ ਮਹਾਨ, ਸਤਿਜੁਗ ਸਾਚਾ ਰਾਹ ਵਖਾਈਆ । ਤੇਈ ਅਵਤਾਰ ਭਗਤ ਅਠਾਰਾਂ ਦਸ ਗੁਰ ਈਸਾ ਮੂਸਾ ਮੁਹੰਮਦ ਚਾਰ ਯਾਰ ਔਣ ਬਣ ਮਹਿਮਾਨ, ਹਰਿ ਜੂ ਮਹਿਮਾਨੀ ਆਪ ਖੁਵਾਈਆ । ਲੇਖਾ ਚੁੱਕੇ ਮਹੀਨਾ ਰਮਜ਼ਾਨ, ਰਮਜ਼ ਇਕੋ ਦਏ ਲਗਾਈਆ । ਜੂਠ ਝੂਠ ਨਾਤਾ ਮੇਟੇ ਪੀਣ ਖਾਣ, ਖਾਣਾ ਏਕਾ ਰਸਨਾ ਦਏ ਲਗਾਈਆ । ਸਾਰੇ ਰਲ ਮਿਲ ਕਹਿਣ ਵਾਹਵਾ ਤੇਰੀ ਵਡਿਆਈ ਮੇਰੇ ਭਗਵਾਨ, ਤੇਰੀ ਤੋਹੇ ਬਣ ਆਈਆ । ਚਾਰ ਜੁਗ ਅਸੀਂ ਤੇਰੇ ਹੁਕਮੇ ਅੰਦਰ ਫਿਰ ਕੇ ਆਏ ਜਹਾਨ, ਲੋਕਮਾਤ ਫੇਰਾ ਪਾਈਆ । ਨਵ ਨੌਂ ਖੋਲ੍ਹ ਖੋਲ੍ਹ ਦੁਕਾਨ, ਤੇਰਾ ਰਾਗ ਰਾਗ ਸੁਣਾਈਆ । ਤੇਰਾ ਅੰਤ ਨਾ ਸਕੇ ਪਛਾਣ, ਬੇਅੰਤ ਤੇਰੀ ਵਡਿਆਈਆ । ਕਰ ਕਿਰਪਾ ਇਕੱਠੇ ਕੀਤੇ ਆਣ, ਏਕਾ ਚਰਨ ਮਿਲੀ ਸ਼ਰਨਾਈਆ । ਸਤਾਰਾਂ ਹਾੜ ਅੱਧੀ ਰਾਤ ਅਸੀਂ ਆਪਣਾ ਆਪਣਾ ਦੇਈਏ ਬਿਆਨ, ਤੇਰੇ ਅੱਗੇ ਹਰਿ ਸੁਣਾਈਆ । ਅੱਗੇ ਛੱਡਿਆ ਦੀਨ ਈਮਾਨ, ਸ਼ਰਅ ਹੋਰ ਨਾ ਕੋਇ ਬਣਾਈਆ । ਤੇਰੇ ਚਰਨ ਸਜਦਾ ਸਲਾਮ, ਸਲਾਮਾ ਅਲੈਕਮ ਤੇਰੀ ਸਰਨਾਈਆ । ਤੇਰੇ ਭਗਤਾਂ ਕੋਲੋਂ ਮੰਗੀਏ ਦਾਨ, ਦਾਨੀ ਇਕੋ ਨਜ਼ਰੀ ਆਈਆ । ਤੇਰੀ ਵਡਿਆਈ ਗ਼ਰੀਬ ਨਿਮਾਣੇ ਕਰੇ ਪਰਵਾਨ, ਪਰਵਾਨਾ ਆਪਣਾ ਨਾਮ ਹੱਥ ਫੜਾਈਆ । ਖ਼ਾਕ ਮਿਲਾਏ ਰਾਜ ਰਾਜਾਨ, ਸ਼ਾਹ ਸੁਲਤਾਨਾ ਦਰ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਸੀਂ ਰਲ ਮਿਲ ਆਈਏ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਦੱਸੇ ਹਾਲ, ਸੁਣ ਲਓ ਲਾ ਕਰ ਕੰਨ । ਸਾਚੇ ਭਗਤਾਂ ਕਰੀ ਕਮਾਲ, ਲੋਕਮਾਤ ਕਲਜੁਗ ਅੰਤਮ ਚੜ੍ਹੇ


੩੫੭
੧੨

ਸਾਚੇ ਚੰਨ । ਮੈਂ ਬਣ ਨਿਮਾਣਾ ਹੋਇਆ ਦਲਾਲ, ਪੰਜ ਤਤ ਕਾਇਆ ਆਪਣਾ ਠੀਕਰ ਭੰਨ । ਸਤਿਜੁਗ ਦੇ ਸਾਂਚੇ ਡਾਲ, ਸਾਚੀ ਗੱਠੜੀ ਰੱਖਾਂ ਬੰਨ੍ਹ । ਏਕਾ ਕਰਾਂ ਵਸਲ ਜਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਘੱਲ । ਆਓ ਵੇਖੋ ਸਾਚੇ ਭਗਤ, ਭਗਵਾਨ ਰਿਹਾ ਜਣਾਈਆ । ਜਿਸ ਦੀ ਵਡਿਆਈ ਚਾਰ ਜੁਗ ਕਰੇ ਜਗਤ, ਜੁਗਤ ਹਰਿ ਜੂ ਰਿਹਾ ਬਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਇਆ ਵਕਤ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਪਹਿਲੋਂ ਮਾਤ ਪਿਤ ਬਣਾਈ ਰਕਤ, ਜਨ ਜਨਨੀ ਗੋਦ ਸੁਹਾਈਆ । ਫੇਰ ਕਰ ਕਿਰਪਾ ਭਰੀ ਆਪਣੀ ਸ਼ਕਤ, ਸ਼ਬਦ ਸੁਰਤ ਕਰੀ ਕੁੜਮਾਈਆ । ਪਿਛਲੀ ਮੇਟੀ ਸਾਰੀ ਹਰਕਤ, ਅੱਗੇ ਆਪਣੀ ਉਂਗਲੀ ਲਾਈਆ । ਇਕੋ ਨਾਮ ਝੋਲੀ ਪਾਈ ਬਰਕਤ, ਠੱਗ ਚੋਰ ਯਾਰ ਕੋਈ ਲੁੱਟ ਲੈ ਨਾ ਜਾਈਆ । ਪੰਜ ਵਿਕਾਰ ਨਾ ਕਰੇ ਸ਼ਿਰਕਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ । ਮੈਂ ਭਗਤਾਂ ਮਿਲ ਮਿਟਾਈ ਆਪਣੀ ਹਸਰਤ, ਹਰਿ ਜੂ ਗੁਰ ਅਵਤਾਰਾਂ ਰਿਹਾ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਸਚਖੰਡ ਬੈਠਾ ਕਰਦਾ ਰਿਹਾ ਕਸਰਤ, ਆਪਣਾ ਬਲ ਵਧਾਈਆ । ਕਦੇ ਮਾਣ ਦਿਵਾਇਆ ਰਾਮਾ ਦਸਰਥ, ਕਦੇ ਨੰਦ ਜਸੋਧਾ ਦਿਤੀ ਕ੍ਰਿਸ਼ਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰਿਹਾ ਸਾਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਮਾਰ ਧਿਆਨ, ਹਰਿ ਸਤਿਗੁਰ ਆਪ ਜਣਾਇੰਦਾ । ਕਲਜੁਗ ਅੰਤਮ ਹੋ ਮਿਹਰਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਬਿਨ ਭਗਤੀਉਂ ਦਿਤਾ ਦਾਨ, ਨਾਮ ਖ਼ਜ਼ਾਨਾ ਆਪ ਲੁਟਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਸੱਤਰ ਬਹੱਤਰ ਚੁਹੱਤਰ ਜੋੜ ਜੁੜਾਇੰਦਾ । ਰਾਤੀਂ ਸੁਤਿਆਂ ਪੁਛੇ ਆਣ, ਸੁਫ਼ਨ ਸਖੋਪਤ ਜਾਗਰਤ ਤੁਰਯਾ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਵਡਿਆਇੰਦਾ । ਹਰਿ ਭਗਤ ਤੇਰੀ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਏਕਾ ਘਰ ਹੋਏ ਕੁੜਮਾਈ, ਹਰਿ ਜੂ ਨਾਤਾ ਆਪ ਜੁੜਾਇੰਦਾ । ਅੱਠੇ ਪਹਿਰ ਰਹੇ ਸ਼ਨਵਾਈ, ਸ਼ੁਨੀਦ ਦੀਦ ਏਕਾ ਰੰਗ ਰੰਗਾਇੰਦਾ । ਏਕਾ ਢੋਲਾ ਸੁਣਾਏ ਚਾਈਂ ਚਾਈਂ, ਸੋਹਲਾ ਆਪਣਾ ਰਾਗ ਅਲਾਇੰਦਾ । ਮੌਲਾ ਬਣਿਆ ਆਪ ਗੋਸਾਈਂ, ਗਹਿਰ ਗੰਭੀਰ ਖੇਲ ਕਰਾਇੰਦਾ । ਹਰਿਜਨ ਪਕੜ ਉਠਾਏ ਬਾਹੀਂ, ਬਣ ਸੇਵਕ ਸੇਵ ਕਮਾਇੰਦਾ । ਸਦਾ ਸੁਹੇਲਾ ਇਕ ਇਕੇਲਾ ਨਰ ਨਰਾਇਣ ਦੇਵੇ ਠੰਡੀਆਂ ਛਾਈਂ, ਅਗਨੀ ਤਤ ਨਾ ਕੋਇ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਪਰਗਟਾਇੰਦਾ । ਸਾਚੇ ਭਗਤ ਭਗਵੰਤ ਮੀਤ, ਮਿੱਤਰ ਪਿਆਰਾ ਆਪ ਪਰਗਟਾਈਆ । ਸਤਿਜੁਗ ਦੀ ਸਾਚੀ ਰੀਤ, ਸਾਢੇ ਤਿੰਨ ਹੱਥ ਅੰਦਰ ਦਏ ਵਖਾਈਆ । ਆਤਮ ਪਰਮਾਤਮ ਗਾਏ ਗੀਤ, ਈਸ਼ ਜੀਵ ਰਿਹਾ ਜਸ ਗਾਈਆ । ਬ੍ਰਹਮ ਪਾਰਬ੍ਰਹਮ ਬੰਨ੍ਹਾਏ ਪ੍ਰੀਤ, ਨਾ ਕੋਈ ਤੋੜੇ ਤੋੜ ਤੁੜਾਈਆ । ਨਾਤਾ ਤੁਟੇ ਮੰਦਰ ਮਸੀਤ, ਘਰ ਵਿਚ ਘਰ ਹੋਏ ਰੁਸ਼ਨਾਈਆ । ਮਹੱਲ ਵਖਾਏ ਇਕ ਅਨਡੀਠ, ਚਾਰ ਦੀਵਾਰ ਨਾ ਕੋਇ ਬਣਾਈਆ । ਦਿਵਸ ਰੈਣ ਠੰਡਾ ਸੀਤ, ਤਤੀ ਵਾਓ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਜੂ ਕਰਨਾ, ਕਰਨਹਾਰ ਪ੍ਰਭ ਆਇਆ । ਨਾਤਾ ਤੋੜੇ ਵਰਨਾਂ ਬਰਨਾਂ, ਬਰਨ ਏਕਾ ਆਤਮ ਪਰਮਾਤਮ ਦਏ ਜਣਾਇਆ । ਸਤਿ ਪੁਰਖ ਨਿਰੰਜਣ ਸਾਚੀ ਸਰਨਾ, ਸਰਨਗਤ ਇਕ ਕਰਾਇਆ । ਲਹਿਣਾ ਦੇਣਾ ਚੁੱਕੇ ਮਰਨਾ ਡਰਨਾ,

੩੫੯
੧੨

ਜਨਮ ਮਰਨ ਫੰਦ ਤੁੜਾਇਆ । ਮਾਤ ਗਰਭ ਫੇਰ ਨਾ ਵੜਨਾ, ਦਸ ਦਸ ਮਾਸ ਨਾ ਅਗਨ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਦਏ ਸਮਝਾਇਆ । ਸਤਿਜੁਗ ਸਾਚਾ ਰਾਹ ਸਮਝੌਣਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਪੂਰਬ ਲੇਖਾ ਪੰਧ ਮੁਕੌਣਾ, ਪਾਂਧੀ ਕੋਇ ਨਜ਼ਰ ਨਾ ਆਇੰਦਾ । ਸਚ ਦੁਆਰਾ ਇਕ ਸੁਹੌਣਾ, ਦਰ ਘਰ ਸਾਚੇ ਸੋਭਾ ਪਾਇੰਦਾ । ਸਤਿ ਭੰਡਾਰਾ ਇਕ ਚਲੌਣਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਕਰੋੜ ਤੇਤੀਸਾ ਨਾਲ ਰਲੌਣਾ, ਸੁਰਪਤ ਇੰਦ ਬੰਨ੍ਹ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਏਕਾ ਭੋਜਨ ਭੋਜ ਕਰੌਣਾ, ਭੁਜਾਂ ਆਪਣੀਆਂ ਨਾਲ ਚਤੁਰਭੁਜ ਵਰਤਾਇੰਦਾ । ਆਦਿ ਸ਼ਕਤ ਤੇਰਾ ਭੇਵ ਖੁਲੌਣਾ, ਸ਼ਕਤੀ ਸਰਬ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲੇਖਾ ਆਪ ਚੁਕਾਇੰਦਾ । ਜਗਤ ਲੇਖਾ ਚੁੱਕੇ ਜਗ, ਜਗ ਜੀਵਣ ਦਾਤਾ ਆਪ ਚੁਕਾਈਆ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਰਘੁਪਤ ਆਪਣਾ ਮੇਲ ਮਿਲਾਈਆ । ਜਨਮ ਜਨਮ ਦੀ ਬੁੱਝੇ ਅੱਗ, ਤ੍ਰੈਗੁਣ ਅੱਗ ਨਾ ਲੱਗੇ ਰਾਈਆ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਕਾਇਆ ਮੰਦਰ ਅੰਦਰ ਕਰਾਏ ਸਾਚਾ ਹੱਜ, ਕਾਅਬਾ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਆਪੇ ਸੱਦ, ਗੁਰ ਚੇਲੇ ਭੇਵ ਚੁਕਾਈਆ । ਭਗਤ ਭਗਵੰਤ ਲੱਖ ਚੁਰਾਸੀ ਵਿਚੋਂ ਕਰ ਅੱਡ, ਏਕਾ ਬੰਧਨ ਨਾਮ ਪਾਈਆ । ਅੰਤਮ ਸਚਖੰਡ ਦੁਆਰੇ ਆਏ ਛੱਡ, ਸ਼ਬਦ ਬਬਾਣੇ ਲਏ ਚੜ੍ਹਾਈਆ । ਵਿਸ਼ਨੂੰ ਤੇਰੀ ਵਿਸ਼ਵ ਯਦ, ਬ੍ਰਹਮੇ ਤੇਰੀ ਪਾਰਬ੍ਰਹਮ ਬ੍ਰਹਮ ਆਪਣੇ ਲੇਖੇ ਲਾਈਆ । ਪੰਜ ਤਤ ਕਾਇਆ ਵਿਚੋਂ ਕੱਢ, ਨਿਰਗੁਣ ਨਿਰਗੁਣ ਲਏ ਮਿਲਾਈਆ । ਦਸਮ ਦੁਆਰੀ ਗੁਰਸਿਖ ਤੇਰੀ ਨਿੱਕੀ ਜਿਹੀ ਨੇੜੇ ਹੱਦ, ਤੇਰਾ ਪਹਿਲਾ ਚਰਨ ਦਸਮ ਦੁਆਰੀ ਵਿਚ ਟਿਕਾਈਆ । ਅਨਹਦ ਸ਼ਬਦ ਥੱਲੇ ਜਾਣਾ ਛੱਡ, ਅੱਗੇ ਰਾਗ ਸਕੇ ਨਾ ਕੋਇ ਵੱਜ, ਨਾਦ ਧੁਨ ਨਾ ਕੋਇ ਸ਼ਨਵਾਈਆ । ਸੁਨ ਅਗੰਮ ਚੁੱਕੇ ਹੱਦ, ਅੰਧ ਅੰਧੇਰ ਨਾ ਕੋਇ ਵਖਾਈਆ । ਥਿਰ ਘਰ ਸਾਚੇ ਲਏ ਸੱਦ, ਸਚ ਸੰਦੇਸ਼ਾ ਇਕ ਸੁਣਾਈਆ । ਪ੍ਰਭ ਚਰਨ ਕਵਲ ਜਾਣਾ ਬੱਝ, ਅਲੱਖ ਅਗੋਚਰ ਅਗੰਮ ਅਥਾਹ ਅਗੰਮ ਅਗੰਮੜਾ ਬਿਨ ਹੱਡ ਮਾਸ ਨਾੜੀ ਚੰਮੜਾ, ਗੁਰਸਿਖ ਕਰੇ ਗੁਰ ਗੁਰ ਕੁੜਮਾਈਆ । ਸਚਖੰਡ ਦੁਆਰੇ ਚਰਨ ਚਰਨਾਮਤ ਪਿਆਏ ਮਦਿ, ਮਧੁਰ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਤਰਾਈਆ । ਜਨ ਭਗਤਾਂ ਤਾਰੇ ਹਰਿ ਜੂ ਬੇੜਾ, ਕਲਜੁਗ ਅੰਤਮ ਬੰਨ੍ਹਣ ਆਇਆ । ਕਰ ਕਿਰਪਾ ਵਸਾਏ ਸਾਢੇ ਤਿੰਨ ਹੱਥ ਕਾਇਆ ਖੇੜਾ, ਅੰਦਰ ਖਿੜਕੀ ਆਪ ਖੁਲ੍ਹਾਇਆ । ਅੱਗੇ ਖੁਲ੍ਹਾ ਵਖਾਏ ਵੇਹੜਾ, ਹਰਿ ਜੂ ਆਪਣੇ ਰੰਗ ਰੰਗਾਇਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਨਾਰ ਕੰਤ ਧੀਆਂ ਪੁਤਰ ਚੁੱਕੇ ਝੇੜਾ, ਝੰਜਟ ਹੋਰ ਨਾ ਕੋਇ ਰਖਾਇਆ । ਸਤਿਗੁਰ ਸਾਚਾ ਗ਼ਰੀਬ ਨਿਵਾਜ਼ਾ ਅੰਦਰ ਵੜ ਸਚ ਮਹੱਲੇ ਚੜ੍ਹ ਗੁਰਮੁਖ ਆਤਮ ਸੁਰਤੀ ਕਰੇ ਹੱਕ ਨਬੇੜਾ, ਹਕ਼ੀਕ਼ਤ ਆਪੇ ਵੇਖ ਵਖਾਇਆ । ਚਾਰ ਜੁਗ ਵਿਚ ਹਰਿ ਜੂ ਕੋਲੋਂ ਪੁਛੋ ਆਇਆ ਕੇਹੜਾ ਕੇਹੜਾ, ਬਿਨ ਨਾਨਕ ਕਬੀਰ ਦਰਸ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ, ਚਰਨਾਂ ਹੇਠ ਵਸਾਇਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਵੇਹੜਾ । ਸਾਚਾ ਵੇਹੜਾ ਸਾਚੇ ਘਰ, ਘਰ ਮੰਦਰ ਵੱਜੇ ਵਧਾਈਆ । ਨਾ ਕੋਈ ਪੁਰਖ ਨਾ ਕੋਈ ਨਾਰੀ ਨਰ, ਨਾਰ ਕੰਤ ਨਾ ਕੋਇ ਵਖਾਈਆ । ਨਾ ਕੋਈ ਭੈ ਨਾ ਕੋਈ ਡਰ, ਭੌ

ਅਵਰ ਨਾ ਕੋਇ ਜਣਾਈਆ । ਨਾ ਕੋਈ ਗੁਰੂ ਪੀਰ ਦਿਸੇ ਅਵਤਾਰ, ਸਾਧ ਸੰਤ ਨਜ਼ਰ ਕੋਇ ਨਾ ਆਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪਾਠ ਪੁਰਾਨ, ਗੀਤਾ ਗਿਆਨ ਨਾ ਕੋਇ ਦ੍ਰਿੜਾਈਆ । ਨਾ ਕੋਈ ਅੰਜੀਲ ਕੁਰਾਨ ਕਰੇ ਕਲਾਮ, ਨਾ ਕੋਈ ਖਾਣੀ ਬਾਣੀ ਦਏ ਪੈਗ਼ਾਮ, ਨਾ ਕੋਈ ਕਲਮ ਨਾ ਕੋਈ ਸ਼ਾਹੀਆ । ਇਕੋ ਏਕ ਵਸੇ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਨਿਸ਼ਾਨ, ਨਿਸ਼ਾਨਾ ਆਪਣਾ ਆਪ ਜਣਾਈਆ । ਜਨ ਭਗਤਾਂ ਹੋ ਮਿਹਰਵਾਨ, ਕਲਜੁਗ ਅੰਤ ਕਰੇ ਪਰਵਾਨ, ਏਕਾ ਦੇਵੇ ਸ਼ਬਦ ਗਿਆਨ, ਗਿਆਨ ਗਿਆਨ ਨਾਲ ਮਿਲਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵੇਖੇ ਪਰਖੇ ਹਰਿ ਜੂ ਆਣ, ਨਾਮ ਕਸਵਟੀ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਪਸਾਰਾ, ਏਕੰਕਾਰਾ ਆਪਣਾ ਆਪ ਕਰਾਈਆ । ਸਚਖੰਡ ਦੁਆਰਾ ਲੋਕਮਾਤ ਸਾਢੇ ਤਿੰਨ ਹੱਥ ਆਪ ਜਣਾਇੰਦਾ । ਛੱਤੀ ਜੁਗ ਦਾ ਸਚ ਚਿਰਾਗ, ਛੱਤੀ ਛੱਤੀ ਵੰਡ ਵੰਡਾਇੰਦਾ । ਨਿਰਗੁਣ ਦਾ ਸਰਗੁਣ ਸੁਹਾਗ, ਹਰਿ ਜੂ ਕੰਤ ਫੇਰਾ ਪਾਇੰਦਾ । ਕੋਝੀ ਕਮਲੀ ਗ਼ਰੀਬ ਨਿਮਾਣੀ ਰੱਖੇ ਲਾਜ, ਲਾਜਵੰਤ ਦਇਆ ਕਮਾਇੰਦਾ । ਕੂੜੀ ਕਿਰਿਆ ਕਲਜੁਗ ਅੰਤਮ ਖੋਲ੍ਹੇ ਪਾਜ, ਪਰਦਾ ਕੋਇ ਰਹਿਣ ਨਾ ਪਾਇੰਦਾ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦਾ ਵੰਡਣ ਆਏ ਲਾਗ, ਖਾਣੀ ਬਾਣੀ ਜੀਵਾਂ ਜੰਤਾਂ ਝੋਲੀ ਇਕ ਭਰਾਇੰਦਾ । ਬਿਨ ਭਗਤਾਂ ਕਿਸੇ ਨਾਲ ਨਾ ਬਣਾਇਆ ਸਾਚਾ ਸਾਕ, ਖ਼ਾਕੀ ਖ਼ਾਕ ਸਰਬ ਰੁਲਾਇੰਦਾ । ਇਕੋ ਇਕ ਰਸੂਲ ਪਾਕ, ਪਤਤ ਪੁਨੀਤ ਆਪਣਾ ਨਾਉਂ ਧਰਾਇੰਦਾ । ਇਕੋ ਇਸਮ ਇਕੋ ਆਜ਼ਮ ਇਕੋ ਜ਼ਾਤ, ਇਕੋ ਮਹਿਫ਼ਲ ਹਰਿ ਲਗਾਇੰਦਾ । ਇਕੋ ਪੱਟੀ ਇਕ ਜਮਾਤ ਇਕੋ ਜੁਮਲਾ, ਇਕੋ ਕਲਮਾ ਇਕੋ ਅਲਫ਼ ਹਰਿ ਪੜ੍ਹਾਇੰਦਾ । ਬਿਨ ਹਰਿ ਭਗਤ ਹੋਏ ਨਾ ਕੋਈ ਉਲਮਾ, ਮੁਰਸ਼ਦ ਮੁਰੀਦ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਵਡਿਆਇੰਦਾ । ਸਾਚਾ ਭਗਤ ਸੂਫ਼ੀ ਸਤਿ, ਸ਼ਰਅ ਵਿਚ ਕਦੇ ਨਾ ਆਈਆ । ਸਾਚਾ ਭਗਤ ਬ੍ਰਹਮ ਮਤ, ਮਨ ਮਤ ਨਾ ਕੋਇ ਰਖਾਈਆ । ਸਾਚਾ ਭਗਤ ਮੇਟੇ ਕਰਮਗਤ, ਕਰਮ ਕਾਂਡ ਨਾ ਕੋਇ ਜਣਾਈਆ । ਸਾਚਾ ਭਗਤ ਬੰਧਾਏ ਇਕ ਨੱਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਾਚਾ ਭਗਤ ਚੜ੍ਹੇ ਸਚ ਰਥ, ਰਥ ਰਥਵਾਹੀ ਹੋਏ ਪੁਰਖ ਬੇਪਰਵਾਹੀਆ । ਸਾਚਾ ਭਗਤ ਸਚਖੰਡ ਦੁਆਰੇ ਜਾਏ ਵਸ, ਪ੍ਰਭ ਚਰਨ ਸਰਨ ਮਿਲੇ ਸਰਨਾਈਆ । ਸਾਚਾ ਭਗਤ ਕਬੀਰ ਜੁਲਾਹਾ ਬਣ ਕੇ ਮਾਰਗ ਗਿਆ ਦੱਸ, ਉਚੀ ਕੂਕ ਕੂਕ ਸੁਣਾਈਆ । ਬਿਨ ਹਰਿ ਜੂ ਆਏ ਕੋਇ ਕਿਸੇ ਨਾ ਕੰਮ, ਦਮ ਲੇਖੇ ਨਾ ਪਾਈਆ । ਝੂਠੀ ਮਾਟੀ ਕਾਇਆ ਚੰਮ, ਦਮੜੀ ਹੱਟ ਨਾ ਕੋਇ ਵਿਕਾਈਆ । ਸਾਚੇ ਭਗਤਾਂ ਹਰਿ ਕਰੇ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਹੋ ਮਿਹਰਵਾਨ, ਮੇਰੇ ਭਾਈ ਦਿਤੇ ਮਿਲਾਈਆ । ਸੱਤਰਾਂ ਬਹੱਤਰਾਂ ਇਕ ਨਿਸ਼ਾਨ, ਚੁਹੱਤਰਾਂ ਹੱਥ ਆਪ ਝੁਲਾਈਆ । ਸੇਵਾ ਕਰੇ ਸ੍ਰੀ ਭਗਵਾਨ, ਬਣ ਸੇਵਕ ਫੇਰਾ ਪਾਈਆ । ਕਲਜੁਗ ਅੰਤਮ ਤੁਟਾ ਸਾਡਾ ਮਾਣ, ਅਭਿਮਾਨ ਕੋਇ ਰਹੇ ਨਾ ਰਾਈਆ । ਲੱਖ ਚੁਰਾਸੀ ਘੜਨਹਾਰਾ ਤਰਖਾਣ, ਅੰਤਮ ਸਭ ਦਾ ਲੇਖਾ ਦਏ ਮੁਕਾਈਆ । ਜਿਸ ਦਾ ਕੁਹਾੜਾ ਸਥਰਾ ਤੇਸਾ ਸਕੇ ਨਾ ਕੋਇ ਪਛਾਣ, ਆਰੀ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਅਵਾਣ, ਭੇਵ ਕੋਇ ਨਾ ਪਾਈਆ । ਸਭ ਦੇ ਬੂਟੇ ਲਾਏ ਵਿਚ ਜਹਾਨ, ਅੰਤਮ ਵੱਢ ਵੱਢ ਆਪਣੇ ਖਾਤੇ ਪਾਈਆ । ਕਰਿਆ ਖੇਲ ਇਕ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ

੩੬੦ ੧੨

੩੬੧
੧੨

ਭਗਤਾਂ ਰਿਹਾ ਉਠਾਈਆ । ਸਾਚੇ ਭਗਤ ਜਾਣਾ ਉਠ, ਸਾਹਿਬ ਸਤਿਗੁਰ ਆਪ ਉਠਾਇੰਦਾ । ਪੁਰਖ ਅਕਾਲ ਗਿਆ ਤੁਠ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਵਸਤ ਆਪ ਵਰਤਾਇੰਦਾ । ਬਿਨ ਕਰਨੀਉਂ ਆਪਣੀ ਗੋਦੀ ਲਏ ਚੁੱਕ, ਜਨਮ ਜਨਮ ਦੀ ਮੈਲ ਧੁਵਾਇੰਦਾ । ਮਾਤ ਗਰਭ ਦਾ ਉਲਟਾ ਰੁਖ, ਸਾਚਾ ਬੂਟਾ ਸਚਖੰਡ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਝੁਕ ਝੁਕ, ਮੁਖ ਨੇਤਰ ਨੈਣ ਸਰਬ ਉਠਾਇੰਦਾ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਗ਼ਰੀਬ ਨਿਮਾਣਿਆਂ ਵਲ ਕੀਤਾ ਰੁਖ਼, ਹੰਕਾਰੀਆਂ ਆਪਣੀ ਪਿੱਠ ਵਖਾਇੰਦਾ । ਦਰਦੀਆਂ ਨਾਲ ਦਰਦ ਵੰਡਣ ਆਇਆ ਦੁੱਖ, ਦਰਦ ਦੁੱਖ ਭੈ ਭੰਜਨ ਆਪਣਾ ਨਾਉਂ ਰਖਾਇੰਦਾ । ਜਿਸ ਵਿਸ਼ਨ ਬ੍ਰਹਮਾ ਸ਼ਿਵ ਕੱਢੇ ਆਪਣੀ ਕੁੱਖ, ਸੋ ਗੁਰਮੁਖ ਆਪਣੀ ਕੁੱਖ ਬਹਾਇੰਦਾ । ਅੰਤਮ ਪੈਂਡਾ ਜਾਏ ਮੁੱਕ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਗੋਦ ਬਹਾਇੰਦਾ । ਭਗਤ ਵਿਚਾਰੇ ਕਰਨ ਸਲਾਹ, ਇਕ ਦੂਜੇ ਨਾਲ ਮਤਾ ਪਕਾਈਆ । ਸੱਤਰ ਬਹੱਤਰ ਚੁਹੱਤਰ ਲਏ ਮਿਲਾ, ਮੇਲਾ ਆਪਣੇ ਹੱਥ ਰਖਾਈਆ । ਆਪਣਾ ਆਪ ਸਕੇ ਅਸੀਂ ਨਾ ਪਾ, ਪੂਰਬ ਲੇਖਾ ਜਾਣੇ ਕੋਇ ਨਾ ਰਾਈਆ । ਪੁਰਖ ਅਬਿਨਾਸ਼ੀ ਕੀ ਕੀ ਖੇਲ ਰਿਹਾ ਕਰਾ, ਕਰਨੀ ਕਿਰਤ ਆਪ ਕਮਾਈਆ । ਸਾਡੇ ਢੋਲੇ ਰਿਹਾ ਗਾ, ਢੋਲਕ ਛੈਣਾ ਨਾ ਕੋਇ ਵਜਾਈਆ । ਅਸੀਂ ਅੰਦਰੋਂ ਪੋਲੇ ਸਾਡੇ ਉਤੇ ਪਰਦਾ ਰਿਹਾ ਪਾ, ਪਰਦਾ ਸਕੇ ਨਾ ਕੋਇ ਉਠਾਈਆ । ਵੇਖ ਦਰੋਪਦੀ ਚੜ੍ਹਿਆ ਚਾਅ, ਭੈਣ ਮਿਲੇ ਸਾਚੇ ਭਾਈਆ । ਮੈਨੂੰ ਇਕ ਕ੍ਰਿਸ਼ਨ ਲਿਆ ਬਚਾ, ਜਿਸ ਕ੍ਰਿਸ਼ਨ ਤ੍ਰਿਲੋਕੀ ਚਰਨਾਂ ਹੇਠ ਦਬਾਈਆ । ਏਥੇ ਕ੍ਰਿਸ਼ਨ ਬੈਠਾ ਸੀਸ ਝੁਕਾ, ਕਵਲ ਨੈਣ ਨੈਣ ਚਰਨਾਂ ਵਲ ਲਗਾਈਆ । ਸਾਚੇ ਤਖ਼ਤ ਬੈਠਾ ਆਪ ਸ਼ਹਿਨਸ਼ਾਹ, ਜਿਸ ਦਾ ਭੇਵ ਕੋਇ ਨਾ ਪਾਈਆ । ਏਕਾ ਵਾਰ ਚਾਰ ਜੁਗ ਦੇ ਵਿਛੜੇ ਭਗਤ ਲਏ ਮਿਲਾ, ਭਾਵੀ ਨੇੜ ਕੋਇ ਨਾ ਆਈਆ । ਜਿਨ੍ਹਾਂ ਪਿਛੇ ਗੁਰ ਅਰਜਨ ਤਤੀ ਰੇਤ ਸੀਸ ਗਿਆ ਪੁਵਾ, ਗੁਰ ਤੇਗ਼ਬਹਾਦਰ ਸੀਸ ਦਿਤਾ ਕਟਾਈਆ । ਗੋਬਿੰਦ ਬਾਲੇ ਨੀਹਾਂ ਹੇਠ ਗਿਆ ਚਿਣਾ, ਸੋ ਮੰਦਰ ਬੈਠਾ ਲੋਕਮਾਤ ਬਣਾਈਆ । ਸਾਢੇ ਤਿੰਨ ਹੱਥ ਸਿੰਘਾਸਣ ਲਿਆ ਵਛਾ, ਰਵਦਾਸ ਚੁਮਾਰਾ ਦਏ ਗਵਾਹੀਆ । ਗੁਰ ਗੋਬਿੰਦ ਰਿਹਾ ਧਿਆ, ਦੋਏ ਜੋੜ ਸੀਸ ਝੁਕਾਈਆ । ਤੂੰ ਪਿਤਾ ਤੂੰ ਮੇਰੀ ਮਾਂ, ਮੇਰਾ ਤੇਰਾ ਭੇਵ ਨਾ ਰਾਈਆ । ਤੇਰੀ ਗੋਦ ਰਿਹਾ ਸੁਹਾ, ਗੋਦੀ ਏਕਾ ਏਕ ਵਡਿਆਈਆ । ਸੋਢੀ ਬੰਸ ਦਿਤਾ ਵਡਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਣਾਈਆ । ਹਰਿਜਨ ਸਾਚੇ ਕਰ ਖਿਆਲ, ਬੇਖਿਆਲ ਆਪ ਜਣਾਇੰਦਾ । ਜਿਸ ਦੇ ਪਿਛੇ ਤਮਸ਼ ਤਬਰੇਜ਼ ਹੋਇਆ ਹਲਾਲ, ਖੱਲ ਆਪਣੀ ਆਪ ਲੁਹਾਇੰਦਾ । ਜਿਸ ਦੇ ਪਿਛੇ ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਦਲਾਲ, ਸੋ ਦਿਲਬਰ ਵੇਸ ਵਟਾਇੰਦਾ । ਜਿਸ ਦੇ ਪਿਛੇ ਨੀਹਾਂ ਹੇਠ ਦਿਤੇ ਬਾਲ, ਜਗਤ ਮਹੱਲ ਸੋ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਕਰਨੀ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਸ਼ਰੀਅਤ ਮੇਟੇ ਨਿਸ਼ਾਨ, ਉਨੀ ਉਨੀਸਾ ਖੇਲ ਮਹਾਨ, ਏਕਾ ਨਾਇਆਂ ਨਾਇਆਂ ਏਕਾ, ਏਕਾ ਗੰਢ ਪੁਵਾਇੰਦਾ । ਕੋਟਨ ਕੋਟ ਰਹੇ ਤਰਸ, ਜੀਵ ਜੰਤ ਜਗਤ ਕੁਰਲਾਈਆ । ਕੋਟਨ ਕੋਟ ਰਹੇ ਭਟਕ, ਪਸ਼ੂ ਪੰਛੀ ਦੇਣ ਦੁਹਾਈਆ । ਕੋਟਨ ਕੋਟ ਰਹੇ ਅਟਕ, ਬੈਠੇ ਧਿਆਨ ਲਗਾਈਆ । ਕੋਟਨ ਕੋਟ ਰਹੇ ਲਟਕ, ਕੇਸ ਹੱਥਾਂ ਨਾਲ ਬੰਧਾਈਆ । ਬਿਨ ਗੁਰਮੁਖ ਹੋਵੇ ਨਾ ਕਿਸੇ ਦਰਸ, ਸਤਿਗੁਰ ਗੁਰਸਿਖ ਦਇਆ ਕਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਕੋਟਨ ਕੋਟ ਕਰਨ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਕੋਟਨ ਕੋਟ ਕਰਨ ਗਿਆਨ, ਪੜ੍ਹ ਪੜ੍ਹ ਜਿਹਵਾ ਜਗਤ ਸੁਣਾਈਆ । ਕੋਟਨ ਕੋਟ ਕਰਨ ਅਸ਼ਨਾਨ, ਅਠਸਠ ਤੀਰਥ ਫੇਰਾ ਪਾਈਆ । ਕੋਟਨ ਕੋਟ ਕਰਨ ਦਾਨ, ਬਣ ਦਾਨੀ ਸੇਵ ਕਮਾਈਆ । ਕੋਟਨ ਕੋਟ ਕਰ ਕਰ ਬੈਠੇ ਮਾਣ, ਅਭਿਮਾਣ ਰੂਪ ਵਟਾਈਆ । ਕੋਟਨ ਕੋਟ ਹੋਏ ਸ਼ੈਤਾਨ, ਪੰਚ ਵਿਕਾਰ ਕਰੇ ਲੜਾਈਆ । ਕੋਟਨ ਕੋਟ ਬੋਲ ਬੋਲੇ ਜ਼ਬਾਨ, ਜ਼ਬਾਹ ਜ਼ਬਾਨ ਨਾ ਕਿਸੇ ਕਰਾਈਆ । ਬਿਨ ਗੁਰਮੁਖ ਸਤਿਗੁਰ ਮਿਲੇ ਕਿਸੇ ਨਾ ਆਣ, ਨੇਤਰ ਰੋਵੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਗੁਰਸਿਖ ਦਇਆ ਨਾ ਕਿਸੇ ਕਮਾਈਆ । ਕੋਟਨ ਕੋਟ ਤੱਕਣ ਰਾਹ, ਨੇਤਰ ਨੈਣ ਉਠਾਈਆ । ਕੋਟਨ ਕੋਟ ਰਹੇ ਗਾ, ਰਸਨਾ ਜਿਹਵਾ ਗੀਤ ਸੁਣਾਈਆ । ਕੋਟਨ ਕੋਟ ਕਰਨ ਸਲਾਹ, ਆਸਾ ਮਨਸਾ ਨਾਲ ਮਿਲਾਈਆ । ਕੋਟਨ ਕੋਟ ਸੀਸ ਰਹੇ ਝੁਕਾ, ਜਗਦੀਸ਼ ਭੇਟ ਚੜ੍ਹਾਈਆ । ਕੋਟਨ ਕੋਟ ਹੋਏ ਬੇਵਫ਼ਾ, ਬੈਠੇ ਮੁਖ ਭੁਵਾਈਆ । ਕੋਟਨ ਕੋਟ ਤਾਅਨੇ ਰਹੇ ਲਗਾ, ਨਿੰਦਕ ਨਿੰਦਿਆ ਮੁਖ ਭਰਾਈਆ । ਕੋਟਨ ਕੋਟ ਘਰ ਘਰ ਝਗੜਾ ਰਹੇ ਪਾ, ਮਨਮਤ ਕਰੇ ਲੜਾਈਆ । ਬਿਨ ਗੁਰਮੁਖ ਪੂਰੇ ਕੋਈ ਦਰਸ ਨਾ ਸਕੇ ਪਾ, ਸਤਿਗੁਰ ਦੂਜੇ ਘਰ ਦਰਸ ਦੇਣ ਕਦੇ ਨਾ ਜਾਈਆ । ਕੋਟਨ ਕੋਟ ਰਹੇ ਤੱਕ, ਨੇਤਰ ਨੈਣ ਉਠਾਇਆ । ਕੋਟਨ ਕੋਟ ਮੰਗਣ ਹੱਕ, ਖ਼ਾਲੀ ਝੋਲੀ ਰਹੇ ਵਖਾਇਆ । ਕੋਟਨ ਕੋਟ ਆਪਣੀ ਖੱਲ ਲੁਹਾ ਕੇ ਬੈਠੇ ਸੱਕ, ਤਨ ਪਿੰਜਰ ਵਾਂਗ ਸੁਕਾਇਆ । ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਬੈਠੇ ਅੱਕ, ਧੂਣੀ ਤਾ ਤਾ ਵਕਤ ਲੰਘਾਇਆ । ਕੋਟਨ ਕੋਟ ਗੁਰਸਿਖਾਂ ਅੱਗੇ ਪਾਵਣ ਡੱਕ, ਮਨਮੁਖ ਆਪਣਾ ਬਲ ਵਖਾਇਆ । ਬਿਨ ਗੁਰਸਿਖ ਪੂਰੇ ਸਤਿਗੁਰ ਕਿਸੇ ਹਿਰਦੇ ਜਾਏ ਨਾ ਵਸ, ਸੁੰਞੀ ਸੇਜ ਦਿਸੇ ਸਰਬ ਲੋਕਾਈਆ । ਕੋਟਨ ਕੋਟ ਰੱਖੀ ਆਸ, ਆਸ ਆਸ ਵਿਚ ਰਖਾਈਆ । ਕੋਟਨ ਕੋਟ ਹੋਏ ਉਦਾਸ, ਉਦਾਸੀ ਲੋਕਮਾਤ ਲਗਾਈਆ । ਕੋਟਨ ਕੋਟ ਧਿਆਇਣ ਸਵਾਸ ਸਵਾਸ, ਰਸਨਾ ਜਿਹਵਾ ਨਾਲ ਮਿਲਾਈਆ । ਕੋਟਨ ਕੋਟ ਕਹਿਣ ਸ਼ਾਬਾਸ਼, ਵਾਹਵਾ ਤੇਰੀ ਵਡਿਆਈਆ । ਕੋਟਨ ਕੋਟ ਬੈਠੇ ਨਿਰਾਸ, ਨਿਰਧਨ ਆਪਣਾ ਆਪ ਭੁਲਾਈਆ । ਕੋਟਨ ਕੋਟ ਕਰਨ ਹਾਸ ਬਲਾਸ, ਝੂਠਾ ਧੰਦਾ ਖੇਲ ਵਖਾਈਆ । ਬਿਨ ਗੁਰਮੁਖ ਪੂਰੇ ਸਤਿਗੁਰ ਕਿਸੇ ਨਾ ਵਸੇ ਪਾਸ, ਰਾਤੀਂ ਜਾ ਕੇ ਦਰਸ ਨਾ ਕਿਸੇ ਦਿਖਾਈਆ । ਨਾ ਕੋਈ ਤਾਅਨਾ ਨਾ ਕੋਈ ਮੇਹਣਾ, ਗੁਰਸਿਖ ਇਕੋ ਰੰਗ ਰੰਗਾਇਆ । ਜਿਸ ਜਨ ਹਰਿ ਜੂ ਦਰਸ ਦਿਖਾਏ ਨੈਣਾਂ, ਸੋ ਕਹਿਣ ਕਿਸੇ ਨਾ ਪਾਇਆ । ਲੱਖ ਚੁਰਾਸੀ ਝੂਠੇ ਵਹਿਣ ਵਹਿਣਾ, ਗੁਰਮੁਖ ਵਿਰਲਾ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡਿਆਈ ਵਿਚ ਕਦੇ ਨਾ ਆਇਆ । ਹਰਿ ਵਡਿਆਈ ਕਦੇ ਨਾ ਲੋੜੇ, ਗ਼ਰੀਬ ਨਿਮਾਣਿਆਂ ਆਪ ਵਡਿਆਇੰਦਾ । ਜੋ ਜਨ ਹਰਿ ਕਾ ਦਰਸ਼ਨ ਲੋੜੇ, ਅੰਤਰ ਆਤਮ ਇਕ ਧਿਆਨ ਸਮਝਾਇੰਦਾ । ਰਾਤੀਂ ਸੁਤਿਆਂ ਘਰ ਘਰ ਬੌਹੜੇ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਹਰਿ ਜੂ ਪਰਖਣਹਾਰਾ ਮਿੱਠੇ ਕੌੜੇ, ਗੁਰਮੁਖ ਮਿੱਠਾ ਰਸ ਆਪ ਚਖਾਇੰਦਾ । ਡੂੰਘੀ ਕੰਦਰ ਲਾਏ ਪੌੜੇ, ਚੌਥਾ ਡੰਡਾ ਇਕ ਬਣਾਇੰਦਾ । ਸਾਚੇ ਅਸਵ ਚੜ੍ਹਿਆ ਫਿਰੇ ਘੋੜੇ, ਸਾਚਾ ਘੋੜਾ ਸ਼ਾਹ ਸਵਾਰ ਆਪ ਦੌੜਾਇੰਦਾ । ਗੁਰਸਿਖ ਦਾ ਗੁਰਸਿਖ ਦੋਸਤ ਹੋਏ ਸਤਿਗੁਰ ਬੌਹੜੇ, ਆਪ ਆਪਣਾ ਪਰਦਾ ਲਾਹਿੰਦਾ । ਕਲਜੁਗ ਕੂੜੀ ਕਿਰਿਆ ਅੰਤਮ ਬੇੜਾ ਰੋੜੇ, ਸ਼ੌਹ ਦਰਿਆ ਆਪ ਸੁਟਾਇੰਦਾ । ਸਾਚਾ ਦਰਸ

ਜੋ ਜਨ ਲੋੜੇ, ਸੋ ਜਨ ਸੰਗਤ ਵਿਚ ਮਿਲਾਇੰਦਾ । ਸੱਸੇ ਉਪਰ ਲਾਏ ਹੋੜੇ, ਹੋੜਾ ਨਿਰਗੁਣ ਸਰਗੁਣ ਰੂਪ ਵਟਾਇੰਦਾ । ਹਾਹੇ ਉਤੇ ਟਿੱਪੀ ਇਕ ਦੂਜੇ ਨਾਲ ਜੋੜੇ, ਆਤਮ ਪਰਮਾਤਮ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਹਰਿ ਭਗਤ ਸਾਚਾ ਦਰਸ ਨਾ ਕਿਸੇ ਵਖਾਇੰਦਾ । ਸਾਚਾ ਯਾਰ ਨਾ ਕੋਈ ਮਿੱਤਰ, ਬਿਨ ਸਤਿਗੁਰ ਨਜ਼ਰੀ ਆਇਆ । ਝੂਠੀ ਕਿਰਿਆ ਝੂਠੇ ਸੱਜਣ ਝੂਠਾ ਜਿਕਰ, ਬਣ ਜ਼ਿਕਰੀਆ ਜ਼ਿਕਰ ਨਾ ਕੋਇ ਜਣਾਇਆ । ਗੁਰਸਿਖ ਮੂਰਖ ਮੁਗਧ ਦਾ ਕਿਉਂ ਕਰੇਂ ਫਿਕਰ, ਫ਼ਿਕਰ ਵਿਚ ਗੁਰਸਿਖ ਕਦੇ ਨਾ ਆਇਆ । ਚਾਰੋਂ ਕੁੰਟ ਵੇਖੇ ਓਧਰ ਇਧਰ, ਹਰਿ ਸਤਿਗੁਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਤੀਂ ਸੁਤਿਆਂ ਗੁਰਮੁਖਾਂ ਦਰਸ ਦਏ ਕਰਾਇਆ । ਗੁਰਸਿਖਾਂ ਦਰਸ ਦੇਵੇ ਪਹਿਲੀ ਹਾੜ, ਇਕ ਸੌ ਇਕ ਸਿਖ ਦਇਆ ਕਮਾਈਆ । ਕਰੇ ਪਰਕਾਸ਼ ਨਾੜ ਨਾੜ, ਬਹੱਤਰ ਨਾੜ ਇਕ ਰੁਸ਼ਨਾਈਆ । ਸਾਚੇ ਮੰਦਰ ਆਪੇ ਚਾੜ੍ਹ, ਹਰਿ ਮੰਦਰ ਦਏ ਵਖਾਈਆ । ਸਾਚੇ ਅੰਦਰ ਕਰੇ ਪਿਆਰ, ਗ੍ਰਿਹ ਆਪਣਾ ਬੰਕ ਸੁਹਾਈਆ । ਸੋ ਗੁਰਮੁਖ ਉਧਾਰੇ ਪਾਰ, ਜੋ ਬੈਠਾ ਧਿਆਨ ਲਗਾਈਆ । ਜਿਸ ਤਨ ਅੰਦਰ ਹੰਕਾਰ, ਮਨ ਅੰਦਰ ਕੂੜੀ ਛਾਹੀਆ । ਤਿਸ ਦਾ ਸੰਗ ਗੁਰਸਿਖ ਨਾ ਕੋਇ ਪਿਆਰ, ਗੁਰਮੁਖ ਪਿਆਰ ਗੁਰ ਚਰਨ ਸੱਚੀ ਸਰਨਾਈਆ । ਸਾਚਾ ਮਿੱਤਰ ਏਕੰਕਾਰ, ਆਦਿ ਜੁਗਾਦਿ ਸਗਲਾ ਸੰਗ ਨਿਭਾਈਆ । ਏਥੇ ਓਥੇ ਚਲੇ ਨਾਲ ਨਾਲ, ਦੁਖੀਆਂ ਦਰਦੀ ਦਰਦ ਵੰਡਾਈਆ । ਸਾਚਾ ਸੱਜਣ ਲੈਣਾ ਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਦੇਵੀ ਦੇਵਤ ਨਾ ਕੋਈ ਸਕੇ ਵੇਖ, ਰਸਨ ਜਿਹਵਾ ਰਹੇ ਜਸ ਗਾਈਆ । ਰਸਨਾ ਕਰ ਕਰ ਰਸ ਰਸ ਹੇਤ, ਰਸ ਆਪਣਾ ਭੇਵ ਨਾ ਆਈਆ । ਕਾਇਆ ਅੰਤਰ ਸੁੰਞਾ ਖੇਤ, ਫਲ ਬੂਟਾ ਨਜ਼ਰ ਕੋਇ ਨਾ ਆਈਆ । ਸੁਰਪਤ ਇੰਦ ਨਾ ਕੋਇ ਭੇਤ, ਕਰੋੜ ਤੇਤੀਸ ਨਾ ਕੋਇ ਵਡਿਆਈਆ । ਅਸ਼ਟਭੁਜ ਨਾ ਜਾਣੇ ਲੇਖ, ਸਿੰਘ ਅਸਵਾਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਲਕਾ ਏਕਾ ਬੰਧਨ ਪਾਈਆ । ਕਾਲਕਾ ਬੰਧਨ ਪਾਏ ਕਾਲ, ਮਹਾਕਾਲ ਖੇਲ ਕਰਾਇੰਦਾ । ਨਾ ਕੋਈ ਹੱਲ ਕਰੇ ਸਵਾਲ, ਸਵਾਲ ਆਪਣਾ ਨਾ ਕੋਇ ਸਮਝਾਇੰਦਾ । ਨਾ ਨਜ਼ਰ ਆਏ ਦਲਾਲ, ਜਗਤ ਦਲਾਲੀ ਨਾ ਕੋਇ ਕਮਾਇੰਦਾ । ਮਨ ਇਛਿਆ ਘਾਲਣ ਘਾਲ, ਮਨ ਬੰਧਨ ਬੰਧ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵਤ ਇਕ ਸਮਝਾਇੰਦਾ । ਸਾਚਾ ਦੇਵਤ ਏਕਾ ਦੇਵ, ਦੇਵ ਆਤਮਾ ਆਪ ਜਣਾਈਆ । ਜਿਸ ਦੀ ਬਿਰਥੀ ਨਾ ਜਾਏ ਸੇਵ, ਕੀਤੀ ਘਾਲ ਝੋਲੀ ਪਾਈਆ । ਜਿਸ ਨੂੰ ਗਾ ਨਾ ਸਕੇ ਜੇਹਵ, ਜੇਹਵਾ ਗੁਣ ਨਾ ਕੋਇ ਵਡਿਆਈਆ । ਜਿਸ ਦਾ ਇਕੋ ਰਸ ਸਾਚਾ ਮੇਵ, ਗੁਰਮੁਖ ਖਾ ਖਾ ਖ਼ੁਸ਼ੀ ਮਨਾਈਆ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਤ ਸੁਰ ਸੁਰ ਸਮਝਾਈਆ । ਦੇਵਤ ਸੁਰ ਕੋਈ ਨਾ ਪੂਜ, ਪੂਜਣਹਾਰਾ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਦੂਈ ਦਵੈਤੀ ਕੱਢੇ ਦੂਜ, ਇਸ਼ਟ ਰੂਪ ਨਾ ਕੋਇ ਵਖਾਇੰਦਾ । ਸੁਰਤੀ ਸ਼ਬਦ ਨਾ ਹੋਏ ਸੂਝ, ਸੂਝ ਬੁੱਧ ਵਿਚ ਨਾ ਪਾਇੰਦਾ । ਹਰਿ ਕਾ ਭੇਵ ਸਦਾ ਸਦ ਗੂਝ, ਡੂੰਘੇ ਖ਼ਾਤੇ ਆਪ ਰਖਾਇੰਦਾ । ਸਚ ਪ੍ਰੀਤੀ ਜੋ ਜਨ ਜਾਏ ਝੂਜ, ਆਪ ਆਪਣਾ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪੂਜਾ ਇਕ ਸਮਝਾਇੰਦਾ ।

ਸਾਚੀ ਪੂਜਾ ਦੇਵਤ ਸੁਰ, ਸੁਰਤੀ ਸ਼ਬਦ ਨਾਲ ਜੁੜਾਈਆ । ਹੋਏ ਪਰਕਾਸ਼ ਅੰਧ ਘੋਰ, ਘੋਰ ਅੰਧੇਰ ਰਹੇ ਨਾ ਰਾਈਆ । ਪੰਚ ਵਿਕਾਰ ਪਾਏ ਨਾ ਸ਼ੋਰ, ਸ਼ਰਅ ਪਵੇ ਨਾ ਕੋਇ ਲੜਾਈਆ । ਦੂਜੇ ਹੱਥ ਨਾ ਕੋਇ ਡੋਰ, ਘਰ ਬੈਠਾ ਸੱਚਾ ਮਾਹੀਆ । ਅੱਠੇ ਪਹਿਰ ਗੁਰਸਿਖ ਮਿਲਣ ਦੀ ਰੱਖੇ ਲੋੜ, ਆਪ ਆਪਣਾ ਧਿਆਨ ਲਗਾਈਆ । ਸਾਚੇ ਦੇਵਤ ਨਾਲ ਆਪ ਆਪਾ ਲਏ ਜੋੜ, ਸੋ ਦੇਵਤ ਹੋਏ ਸਹਾਈਆ । ਰਸ ਫਿਕਾ ਕੋਇ ਨਾ ਕੌੜ, ਜਿਹਵਾ ਰਸ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਆਸਾ ਦਏ ਜਣਾਈਆ । ਜਗਤ ਆਸਾ ਤ੍ਰਿਸ਼ਨਾ ਪਵਣ ਸਵਾਸ, ਬਿਨ ਰੰਗ ਰੂਪ ਆਪ ਜਣਾਇੰਦਾ । ਦੇਵੀ ਦੇਵਤ ਕੋਈ ਨਾ ਆਵੇ ਵਿਚ ਕਿਆਸ, ਸਾਕਾ ਪੜ੍ਹ ਨਾ ਕੋਇ ਸੁਣਾਇੰਦਾ । ਮਨ ਧਰੇ ਨਾ ਧੀਰਜ ਧਰਵਾਸ, ਦਹਿ ਦਿਸ਼ਾ ਉਠ ਉਠ ਧਾਇੰਦਾ । ਚਾਰ ਕੁੰਟ ਦਹਿ ਦਿਸ਼ਾ ਜਗਤ ਗੁਰੂ ਫਿਰ ਫਿਰ ਵੇਖੀ ਸ਼ਾਖ਼, ਸ਼ਨਾਖ਼ਤ ਵਿਚ ਗੁਰੂ ਕਦੇ ਨਾ ਆਇੰਦਾ । ਕਰ ਕਿਰਪਾ ਜਿਸ ਨੂੰ ਕਰੇ ਆਪਣਾ ਦਾਸ, ਤਿਸ ਆਪਣੀ ਬੂਝ ਬੁਝਾਇੰਦਾ । ਤਿਸ ਗੁਰਮੁਖ ਕਾਰਜ ਹੋਵੇ ਰਾਸ, ਹਰਿ ਕਰਤਾ ਆਪ ਕਰਾਇੰਦਾ । ਮਨ ਵਾਸਨਾ ਬਹੁ ਬਿਧ ਭਾਂਤ, ਬੁੱਧੀ ਬੁੱਧ ਨਾਲ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਖੇਲ ਇਕ ਜਣਾਇੰਦਾ । ਜਗਤ ਆਸ ਡੂੰਘੀ ਭਵਰ, ਭਵਰ ਭਵਰ ਵਿਚ ਰਖਾਈਆ । ਭੇਵ ਨਾ ਪਾਇਆ ਸਾਢੇ ਤਿੰਨ ਹੱਥ ਕਵਰ, ਕਵਰੀ ਨਜ਼ਰ ਕਿਤੇ ਨਾ ਆਈਆ । ਸਾਚਾ ਦੇਵਤ ਬੈਠਾ ਅੰਦਰ, ਗਹਿਰ ਗਵਰ ਗੰਭੀਰ ਬੇਪਰਵਾਹੀਆ । ਆਪਣਾ ਹਾਲ ਕਿਸ ਅੱਗੇ ਦੱਸੇਂ ਅਵਰ, ਘਰ ਵਿਚ ਨਾ ਸਕੇ ਸੁਣਾਈਆ । ਬਾਹਰ ਵਾਸਨਾ ਝੂਠਾ ਟੱਬਰ, ਧੀਰਜ ਧੀਰ ਨਾ ਕੋਇ ਧਰਾਈਆ । ਜੋ ਜਨ ਸਰਨਾਈ ਆਏ ਸਿੰਘ ਸ਼ੇਰ ਬੱਬਰ, ਆਪ ਆਪਣਾ ਭੇਟ ਚੜ੍ਹਾਈਆ । ਕਰ ਕਿਰਪਾ ਆਤਮ ਪਰਮਾਤਮ ਦੇਵੇ ਸੰਤੋਖ ਸਬਰ, ਸਾਬਤ ਆਪਣਾ ਦਰਸ ਦਖਾਈਆ । ਭੇਵ ਖੁਲ੍ਹਾਏ ਜਾਬਰ ਜਬਰ, ਜਮਦੂਤ ਨੇੜ ਨਾ ਆਈਆ । ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ ਨਾ ਉਠ ਉਠ ਧਾਈਆ । ਵੇਖ ਵਖਾਏ ਕਾਇਆ ਕੰਦਰ, ਅੰਧ ਅੰਧੇਰ ਮਿਟਾਈਆ । ਭਾਗ ਲਗਾਏ ਸਾਚੇ ਮੰਦਰ, ਜਗਤ ਆਸਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਗਤ ਜਣਾਈਆ । ਅੰਤਰ ਕਾਇਆ ਬੌਹ ਬੌਹ ਰੰਗ, ਮਨ ਮਨੂਆ ਆਪ ਵਟਾਇੰਦਾ । ਅੱਠੇ ਪਹਿਰ ਡੋਰ ਪਤੰਗ, ਗੁੱਡੀ ਆਕਾਸ਼ ਵਿਚ ਉਡਾਇੰਦਾ । ਕਦੇ ਭੁੱਖ ਕਦੇ ਨੰਗ, ਕਦੇ ਸ਼ਹਿਨਸ਼ਾਹ ਰੂਪ ਵਟਾਇੰਦਾ । ਕਦੇ ਸੁਆਮੀ ਕਦੇ ਭਿਖਾਰੀ ਮੰਗੇ ਮੰਗ, ਮਨ ਵਸ ਕਿਸੇ ਨਾ ਆਇੰਦਾ । ਦੇਵੀ ਦੇਵਤ ਘਰ ਨਾ ਵੇਖਿਆ ਲੰਘ, ਮੰਦਰ ਹੱਟ ਨਾ ਕੋਇ ਜਣਾਇੰਦਾ । ਜਬ ਤੱਕ ਸਤਿਗੁਰ ਪੂਰਾ ਆਤਮ ਅੰਤਰ ਨਾ ਦੇਵੇ ਅਨੰਦ, ਜਗਤ ਤ੍ਰਿਸ਼ਨਾ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਨਿਰੰਕਾਰ, ਨਿਰਗੁਣ ਆਪ ਜਣਾਈਆ । ਕਰ ਕਿਰਪਾ ਜਿਸ ਦੇਵੇ ਦਰਸ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸੁਰਤ ਸਵਾਣੀ ਨਾ ਰਹੇ ਕਵਾਰ, ਸ਼ਬਦ ਹਾਣੀ ਦਏ ਮਿਲਾਈਆ । ਅੰਮ੍ਰਿਤ ਰਸ ਪਾਣੀ ਠੰਡਾ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਬੋਧ ਅਗਾਧੀ ਸ਼ਬਦ ਬਾਣੀ ਸੱਚੀ ਧੁਨਕਾਰ, ਅਨਹਦ ਨਾਦੀ ਨਾਦ ਸੁਣਾਈਆ । ਜਿਸ ਗੁਰਸਿਖ ਮਿਲੇ ਆਪ ਕਰਤਾਰ, ਕਰਤਾ ਪੁਰਖ ਦਏ ਵਡਿਆਈਆ । ਤਿਸ ਗੁਰਸਿਖ ਦੇਵੀ ਦੇਵਤੇ ਕਰਨ ਸਰਬ ਨਿਮਸਕਾਰ, ਬੈਠੇ ਸੀਸ ਝੁਕਾਈਆ । ਗੁਰਮੁਖ ਮੰਗਣ ਜਾਏ ਨਾ ਕਿਸੇ ਦੁਆਰ, ਜਿਸ ਮਿਲਿਆ ਗੋਬਿੰਦ ਸੱਚਾ

੩੬੪
੧੨

੩੬੫
੧੨

ਮਾਹੀਆ । ਕਾਇਆ ਅੰਦਰ ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮਾਇਆ ਮਮਤਾ ਵਿਸ਼ਟਾ ਭਰਿਆ ਭੰਡਾਰ, ਮਲ ਮੂਤਰ ਨਾਲ ਰਲਾਈਆ । ਮਨ ਮਤ ਬੁਧ ਤ੍ਰੈ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣ ਵਹਾਇਣ ਵਾਰੋ ਵਾਰ, ਵਾਰਤਾ ਆਪਣੀ ਰਹੇ ਸੁਣਾਈਆ । ਸਤਿਗੁਰ ਸਾਚਾ ਦਏ ਦੀਦਾਰ, ਸਾਡਾ ਦੁੱਖੜਾ ਦਏ ਨਿਵਾਰ, ਘਰ ਮੰਦਰ ਇਕ ਵਖਾਲ, ਵੇਖ ਆਪਣੇ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਵਖਾਏ ਸੱਚਾ ਘਰ ਬਾਰ, ਕਾਇਆ ਮੰਦਰ ਅੰਦਰ ਖੋਲ੍ਹ ਕਿਵਾੜ, ਸੋ ਗੁਰਮੁਖ ਦੂਜਾ ਘਰ ਨਾ ਵੇਖਣ ਜਾਈਆ । ਹਰਿ ਕਾ ਖੇਲ ਅਕੱਥਨਾ ਅਕੱਥ, ਨਿਰਗੁਣ ਨਿਰਾਕਾਰ ਆਪ ਚਲਾਇੰਦਾ । ਨੱਕ ਮੂੰਹ ਨਾ ਕੋਇ ਹੱਥ, ਪੰਜ ਤਤ ਨਾ ਕੋਇ ਵਖਾਇੰਦਾ । ਨਿਰਗੁਣ ਹੋ ਹੋ ਭਗਤਾਂ ਅੰਦਰ ਜਾਏ ਵਸ, ਸਰਗੁਣ ਆਪਣੇ ਅੰਗ ਲਗਾਇੰਦਾ । ਸ਼ਬਦ ਅਗੰਮੀ ਬਾਣੀ ਦੱਸ, ਅਨਹਦ ਨਾਦੀ ਨਾਦ ਸੁਣਾਇੰਦਾ । ਅੰਮ੍ਰਿਤ ਆਤਮ ਸਾਚਾ ਰਸ, ਬਣ ਰਸੀਆ ਆਪ ਚਖਾਇੰਦਾ । ਪੰਧ ਮੁਕਾਏ ਨੱਸ ਨੱਸ, ਦੋ ਜਹਾਨਾਂ ਚਰਨਾਂ ਹੇਠ ਰਖਾਇੰਦਾ । ਗੁਰਮੁਖ ਸੌਦਾ ਇਕੋ ਹੱਟ, ਹਰਿ ਜੂ ਸਾਚਾ ਹੱਟ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਵਸਤ ਨਾਲ ਬਦਲਾਇੰਦਾ । ਵਸਤ ਅੰਦਰ ਵਸਤ ਰੱਖ, ਵਸਤੂ ਆਪਣੀ ਦਏ ਜਣਾਈਆ । ਘਰ ਵਿਚ ਘਰ ਕਰ ਪਰਤੱਖ, ਘਰ ਘਰ ਵਿਚ ਖੇਲ ਕਰਾਈਆ । ਦਰ ਦਰ ਵਿਚ ਬੋਲ ਅਲੱਖ, ਅਲੱਖ ਆਪਣੀ ਦਏ ਸੁਣਾਈਆ । ਨਿਰਗੁਣ ਨਿਰਗੁਣ ਕਰ ਕਰ ਪੱਖ, ਆਪ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਨਾਲ ਬਦਲਾਈਆ । ਲੇਖੇ ਅੰਦਰ ਲੱਗੇ ਲੇਖਾ, ਲੇਖਾ ਲੇਖੇ ਨਾਲ ਮਿਲਾਇੰਦਾ । ਸਾਚੇ ਦਰ ਨਾ ਕੋਇ ਭੁਲੇਖਾ, ਭਰਮ ਭੁਲੇਖਾ ਸਰਬ ਕਢਾਇੰਦਾ । ਗੁਰਮੁਖ ਹਰਿ ਜੂ ਨੇਤਰ ਪੇਖਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਰੰਗਾਇੰਦਾ । ਭਰਮ ਭੁਲੇਖਾ ਹੋਏ ਦੂਰ, ਦੂਰ ਦੁਰਾਡਾ ਆਪ ਚੁਕਾਈਆ । ਦਰਸ ਦਖਾਏ ਹਾਜ਼ਰ ਹਜ਼ੂਰ, ਹਜ਼ਰਤ ਇਕੋ ਸੱਚਾ ਸ਼ਹਿਨਸ਼ਾਹੀਆ । ਏਕਾ ਬਖ਼ਸ਼ੇ ਜੋਤੀ ਨੂਰ, ਨੂਰ ਨੁਰਾਨਾ ਕਰ ਰੁਸ਼ਨਾਈਆ । ਕਰ ਕਿਰਪਾ ਬਖ਼ਸ਼ਣਹਾਰਾ ਕਸੂਰ, ਬੇਕਸੂਰ ਆਪ ਖ਼ੁਦਾਈਆ । ਗੁਰਮੁਖਾਂ ਅੱਗੇ ਹੋਏ ਆਪ ਮਜ਼ਬੂਰ, ਮਜ਼ਬੂਰੀ ਆਪਣੀ ਸਕੇ ਨਾ ਫੇਰ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਹੱਥ ਨਾਲ ਵਟਾਈਆ । ਹੱਥ ਨਾਲ ਵੱਟੇ ਹੱਥ, ਹੱਥੋ ਹੱਥ ਵਟਾਇੰਦਾ । ਹਰਿ ਕਾ ਖੇਲ ਸਦਾ ਅਕੱਥ, ਕਥਨੀ ਕਥ ਨਾ ਕੋਇ ਅਲਾਇੰਦਾ । ਵੇਖਣਹਾਰ ਪੁਰਖ ਸਮਰਥ, ਥਾਉਂ ਥਾਈਂ ਵੇਖ ਵਖਾਇੰਦਾ । ਲੱਖ ਚੁਰਾਸੀ ਪਾਵਣਹਾਰਾ ਨੱਥ, ਜੀਵ ਜੰਤ ਆਪ ਭੁਵਾਇੰਦਾ । ਵਸਣਹਾਰਾ ਘਟ ਘਟ, ਗ੍ਰਿਹ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਕਰ ਕਰਵਟ, ਕਰਵਟ ਆਪਣੀ ਆਪ ਬਦਲਾਇੰਦਾ । ਭਰਮ ਭੁਲੇਖਾ ਡੂੰਘਾ ਸਾਗਰ, ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਕਾਇਆ ਅੰਦਰ ਨਿਰਗੁਣ ਨਿਰਵੈਰ ਨਿਰਮਲ ਕਰਮ ਕਰੇ ਉਜਾਗਰ, ਉਜਰਤ ਮੰਗੇ ਨਾ ਬੇਪਰਵਾਹੀਆ । ਜਿਸ ਜਨ ਕਰੇ ਆਪਣੇ ਨਾਮ ਸੌਦਾਗਰ, ਸਾਚਾ ਵਣਜ ਆਪ ਵਖਾਈਆ । ਤਿਸ ਹੱਟ ਵਖਾਏ ਕਾਇਆ ਗਾਗਰ, ਵਸਤ ਅਮੋਲਕ ਵਿਚ ਟਿਕਾਈਆ । ਦਰ ਆਇਆਂ ਘਰ ਦੇਵੇ ਆਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਈਆ ।

### ✳ ੧੭ ਹਾੜ ੨੦੧੯ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ✳

ਆਦਿ ਪੁਰਖ ਸ੍ਰੀ ਭਗਵਾਨ, ਸਚਖੰਡ ਨਿਵਾਸੀ ਸਾਚੀ ਖੇਲ ਕਰਾਇੰਦਾ । ਆਦਿ ਜੁਗਾਦੀ ਤਖ਼ਤ ਨਿਵਾਸੀ ਨੌਜਵਾਨ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਧਾਰ ਚਲਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨ ਧੁਰ ਫ਼ਰਮਾਣਾ ਹੁਕਮ ਆਪ ਅਲਾਇੰਦਾ । ਸਚਖੰਡ ਦੁਆਰ ਖੋਲ੍ਹ ਕਿਵਾੜ, ਜੋਤੀ ਨੂਰ ਕਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਵੇਖੇ ਵਿਗਸੇ ਵੇਖਣਹਾਰ, ਇਕ ਇਕੱਲਾ ਏਕੰਕਾਰ, ਦੂਜਾ ਸੰਗ ਨਾ ਕੋਇ ਰਲਾਇੰਦਾ । ਆਪਣੀ ਇਛਿਆ ਕਰ ਪਸਾਰ, ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਸ੍ਰੀ ਭਗਵੰਤ, ਏਕੰਕਾਰ ਆਪ ਖੁਲ੍ਹਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਵੇਸ ਵਟਾਈਆ । ਸ਼ਬਦ ਅਨਾਦੀ ਏਕਾ ਮੰਤ, ਹਰਿ ਮੰਤਰ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਆਸਣ ਲਾਇੰਦਾ । ਨੂਰ ਨੁਰਾਨਾ ਨੂਰ ਅੱਲਾ, ਪਰਵਰਦਿਗਾਰ ਭੇਵ ਚੁਕਾਇੰਦਾ । ਮੁਕਾਮੇ ਹੱਕ ਵਸੇ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਆਦਿ ਜੁਗਾਦੀ ਆਪ ਕਰਾਈਆ । ਨਿਰਗੁਣ ਨਿਰਗੁਣ ਹੋ ਪਰਗਟ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਸਚਖੰਡ ਦੁਆਰਾ ਖੋਲ੍ਹ ਹੱਟ, ਘਰ ਵਸੇ ਸੱਚਾ ਮਾਹੀਆ । ਨਿਰਮਲ ਨੂਰ ਜੋਤ ਉਜਿਆਰ, ਪਰਕਾਸ਼ ਪਰਕਾਸ਼ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਵਸਣਹਾਰਾ ਧਾਮ ਨਿਆਰ, ਨਿਰਗੁਣ ਸਚਖੰਡ ਸੋਭਾ ਪਾਇੰਦਾ । ਸਾਚਾ ਖੇਲ ਕਰੇ ਨਿਰੰਕਾਰ, ਏਕੰਕਾਰਾ ਆਪ ਕਰਾਇੰਦਾ । ਵਸਣਹਾਰਾ ਧਾਮ ਸਚਖੰਡ ਦੁਆਰ, ਦਰ ਦਰਵਾਜ਼ਾ ਸਾਚਾ ਆਪ ਸੁਹਾਇੰਦਾ । ਥਿਰ ਘਰ ਦੇਵੇ ਇਕ ਭੰਡਾਰ, ਵਸਤ ਅਮੋਲਕ ਆਪ ਵਰਤਾਇੰਦਾ । ਪੂਤ ਸਪੂਤਾ ਕਰ ਤਿਆਰ, ਸਾਚਾ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਇੰਦਾ । ਕਰਨੀ ਕਰਤਾ ਕਰਤਾ ਪੁਰਖ, ਹਰਿ ਜੂ ਹਰਿ ਹਰਿ ਆਪ ਕਰਾਈਆ । ਸਚਖੰਡ ਦੁਆਰੇ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਈ ਜਣਾਈਆ । ਨਿਰਗੁਣ ਨਿਰਗੁਣ ਕਰ ਪਰਖ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਅੰਤ ਆਦਿ ਆਪਣਾ ਬੰਧਨ ਆਪਣੇ ਹੱਥ ਰਖਾਈਆ । ਆਦਿ ਅੰਤ ਖੇਲ ਅਪਾਰ, ਹਰਿ ਸਤਿਗੁਰ ਆਪ ਕਰਾਇੰਦਾ । ਵਸਣਹਾਰਾ ਧਾਮ ਨਿਆਰ, ਰੂਪ ਅਨੂਪ ਰੂਪ ਵਟਾਇੰਦਾ । ਆਦਿ ਸ਼ਕਤ ਕਰ ਤਿਆਰ, ਚਤੁਰਭੁਜ ਰੂਪ ਵਟਾਇੰਦਾ । ਅਨਭਵ ਪਰਕਾਸ਼ ਹੋ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਸਚਖੰਡ ਉਪਜੇ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਪਾਈਆ । ਦੋ ਜਹਾਨਾਂ ਰਾਜ ਰਾਜਾਨ, ਸੀਸ ਜਗਦੀਸ਼ ਤਾਜ ਸੁਹਾਈਆ । ਪੰਚਮ ਪੰਚਮ ਕਰ

ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸ਼ਬਦੀ ਸੁਤ ਕਰ ਬਲਵਾਨ, ਪੂਤ ਸਪੂਤਾ ਲਏ ਉਠਾਈਆ । ਥਿਰ ਘਰ ਸਾਚੇ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਹੁਕਮੀ ਹੁਕਮ ਹੁਕਮਰਾਨ, ਭੂਪਤ ਭੂਪ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚਨਹਾਰ, ਸ਼ਬਦੀ ਸੁਤ ਆਪ ਉਪਾਇੰਦਾ । ਵਿਸ਼ਨੂੰ ਵਿਸ਼ਵ ਕਰ ਤਿਆਰ, ਬ੍ਰਹਮਾ ਪਾਰਬ੍ਰਹਮ ਵਡਿਆਇੰਦਾ । ਸ਼ੰਕਰ ਦੇਵੇ ਇਕ ਆਧਾਰ, ਸੀਸ ਜਗਦੀਸ਼ ਹੱਥ ਟਿਕਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਨਾਤਾ ਜੋੜ ਜੁੜਾਇੰਦਾ । ਬ੍ਰਹਿਮੰਡ ਖੰਡ ਲੋਆਂ ਪੁਰੀਆਂ ਕਰ ਅਕਾਰ, ਨਿਰਾਕਾਰ ਵੇਖ ਵਖਾਇੰਦਾ । ਸੂਰਜ ਚੰਦ ਰਵ ਸਸ ਕਰ ਤਿਆਰ, ਮੰਡਲ ਮੰਡਪ ਡਗਮਗਾਇੰਦਾ । ਧਰਨੀ ਧਰਤ ਧਵਲ ਦੇ ਅਧਾਰ, ਜਲ ਬਿੰਬ ਰੂਪ ਵਖਾਇੰਦਾ । ਕਿਰਨ ਕਿਰਨ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਹਰਿ ਜੂ ਚੁੱਕ, ਨਿਰਗੁਣ ਸਰਗੁਣ ਖੇਲ ਕਰਾਈਆ । ਸ਼ਬਦੀ ਸ਼ਬਦ ਆਪੇ ਉਠ, ਰੂਪ ਅਨੂਪ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸੁਤ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਸਚਖੰਡ ਦੁਆਰ ਸੁਹਾਏ ਸਾਚੀ ਰੁੱਤ, ਥਿਰ ਘਰ ਦੇਵੇ ਇਕ ਵਡਿਆਈਆ । ਵੇਖਣਹਾਰ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਚਲਾਈਆ । ਆਦਿ ਜੁਗਾਦਿ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਵਲ ਕਵਲਾ ਕਰ ਉਤਪਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪੇ ਖੇਲੇ ਖੇਲ ਅਗੰਮ, ਅਲੱਖ ਅਗੋਚਰ ਆਪ ਖਲਾਇੰਦਾ । ਨਿਰਗੁਣ ਧਾਰ ਵਿਸ਼ਨ ਜੰਮ, ਬ੍ਰਹਮਾ ਆਪਣੀ ਕੁੱਖ ਸੁਹਾਇੰਦਾ । ਬ੍ਰਹਮੇ ਦੇਵੇ ਸਾਚਾ ਕੰਮ, ਕਰਤਾ ਪੁਰਖ ਕਰਜ ਰਚਾਇੰਦਾ । ਲੱਖ ਚੁਰਾਸੀ ਬੇੜਾ ਬੰਨ੍ਹ, ਜੋਤੀ ਜੋੜਾ ਜੋੜ ਜੁੜਾਈਆ । ਤ੍ਰੈਗੁਣ ਮਾਇਆ ਜਨਨੀ ਜਨ, ਰਜੋ ਤਮੋ ਸਤੋ ਏਕਾ ਗੰਢ ਪੁਆਇੰਦਾ । ਨਿਰਗੁਣ ਜੋਤ ਕਰ ਪਰਕਾਸ਼ ਦੇਵੇ ਧਰਵਾਸ, ਸਚ ਸੰਦੇਸ਼ਾ ਇਕ ਸੁਣਾਇੰਦਾ । ਸ਼ਬਦੀ ਸ਼ਬਦ ਦੇਵੇ ਦਾਨ, ਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਨਰ ਨਰਾਇਣ ਵਡੀ ਵਡਿਆਈਆ । ਚਤੁਰਭੁਜ ਹੋ ਤਿਆਰ, ਰੂਪ ਅਨੂਪ ਰਿਹਾ ਵਖਾਈਆ । ਮੁਕਾਮੇ ਹੱਕ ਸਾਂਝਾ ਯਾਰ, ਬੈਐਬ ਨੂਰ ਖ਼ੁਦਾਈਆ । ਨੂਰੋ ਨੂਰ ਪਰਵਰਦਿਗਾਰ, ਹਜ਼ਰਤ ਆਪਣਾ ਭੇਖ ਵਟਾਈਆ । ਏਕਾ ਕਲਮਾ ਬੋਲ ਜੈਕਾਰ, ਕਾਇਨਾਤ ਕਰੇ ਪੜ੍ਹਾਈਆ । ਇਕ ਮਹਿਬੂਬ ਸਾਂਝਾ ਯਾਰ, ਸਾਚੇ ਹੁਜਰੇ ਆਸਣ ਲਾਈਆ । ਇਕ ਅਹਿਬਾਬ ਵਜਾਏ ਸਤਾਰ, ਸਾਂਤਕ ਸਤਿ ਸਤਿ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਸਚ ਅਧਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਪੰਜ ਤਤ ਮੇਲਾ ਮੇਲ ਮਿਲਾਇਆ । ਤ੍ਰੈਗੁਣ ਭਰ ਭੰਡਾਰ, ਸਾਚੀ ਵਸਤ ਵਰਤਾਇਆ । ਲੱਖ ਚੁਰਾਸੀ ਖੋਲ੍ਹ ਕਿਵਾੜ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇਆ । ਸਚ ਨਾਦ ਸ਼ਬਦ ਧੁਨਕਾਰ, ਬ੍ਰਹਮਾ ਸੁਤ ਸੁਤ ਪੜ੍ਹਾਇਆ । ਚਾਰੇ ਵੇਦਾਂ ਖੇਲ ਅਪਾਰ, ਚਾਰੇ ਜੁਗ ਵੰਡ ਵੰਡਾਇਆ । ਚਾਰੇ ਵਰਨਾਂ ਦਏ ਆਧਾਰ, ਚਾਰੋਂ ਕੁੰਟ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇਆ । ਸਾਚਾ ਮਾਰਗ ਲੋਕਮਾਤ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਪੁਰਖ ਅਬਿਨਾਸ਼ੀ ਸਾਚਾ ਨਾਮ ਦਏ ਕਰਾਮਾਤ,

ਵਸਤ ਅਮੋਲਕ ਇਕ ਵਖਾਇੰਦਾ । ਪੁਰਖ ਅਗੰਮ ਨਾ ਕੋਈ ਜ਼ਾਤ ਪਾਤ, ਵਰਨ ਬਰਨ ਨਾ ਕੋਈ ਜਣਾਇੰਦਾ । ਆਤਮ ਪਰਮਾਤਮ ਸਾਚਾ ਨਾਤ, ਲੱਖ ਚੁਰਾਸੀ ਜੋੜ ਜੁੜਾਇੰਦਾ । ਅੱਖਰ ਵੱਖਰ ਇਕੋ ਗਾਥ, ਏਕਾ ਸਿਖਿਆ ਸਚ ਸਮਝਾਇੰਦਾ । ਏਕਾ ਪੂਜਾ ਏਕਾ ਪਾਠ, ਏਕਾ ਮੰਦਰ ਹਰਿ ਵਖਾਇੰਦਾ । ਏਕਾ ਸਾਹਿਬ ਪੁਰਖ ਅਬਿਨਾਸ਼, ਪਰਵਰਦਿਗਾਰ ਇਕ ਅਖਵਾਇੰਦਾ । ਏਕਾ ਖੇਲੇ ਖੇਲ ਖੇਲ ਤਮਾਸ਼, ਏਕਾ ਖ਼ਾਲਕ ਖ਼ਲਕ ਰੂਪ ਵਟਾਇੰਦਾ । ਏਕਾ ਨੂਰ ਜੋਤ ਪਰਕਾਸ਼, ਏਕਾ ਬਿਮਲ ਰੂਪ ਬਣ ਜਾਇੰਦਾ । ਏਕਾ ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਘਰ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇ ਜੋਗ, ਪੁਰਖ ਅਕਾਲ ਵਡੀ ਵਡਿਆਈਆ । ਆਦਿ ਜੁਗਾਦੀ ਧੁਰ ਸੰਜੋਗ, ਧੁਰ ਸੰਜੋਗੀ ਆਪ ਮਿਲਾਈਆ । ਵੇਖਣਹਾਰਾ ਗਗਨ ਮੰਡਲ ਤ੍ਰੈਲੋਕ, ਤ੍ਰੈਭਵਨ ਧਨੀ ਅਵਨ ਗਵਨ ਫੇਰਾ ਪਾਈਆ । ਤ੍ਰੈਗੁਣ ਮਾਇਆ ਪੰਜ ਤਤ ਜੋਗ, ਏਕਾ ਏਕ ਸਮਝਾਈਆ । ਸ਼ਬਦ ਸੁਣਾਏ ਸਚ ਸਲੋਕ, ਜੁਗ ਜੁਗ ਦੇਵਣਹਾਰ ਵਡਿਆਈਆ । ਲੱਖ ਚੁਰਾਸੀ ਦੇਵਣਹਾਰਾ ਮੋਖ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ੍ਰੀ ਭਗਵਾਨ, ਜੁਗ ਜੁਗ ਆਪ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਦੇ ਦੇ ਦਾਨ, ਚਾਰੇ ਵੇਦਾਂ ਲੇਖ ਲਖਾਇੰਦਾ । ਪੁਰਾਨ ਅਠਾਰਾਂ ਕਰ ਪਰਧਾਨ, ਪੁਰਾਨੀ ਪੁਰਾਨ ਆਪ ਪੜ੍ਹਾਇੰਦਾ । ਲੇਖਾ ਚੁੱਕੇ ਸੀਤਾ ਰਾਮ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਅੰਜੀਲ ਕੁਰਾਨ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਾਚਾ ਮੰਤਰ ਸਤਿ ਨਾਮ, ਨਾਮ ਸਤਿ ਆਪ ਜਣਾਇੰਦਾ । ਆਤਮ ਪਰਮਾਤਮ ਇਕ ਨਿਸ਼ਾਨ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਸਚਖੰਡ ਸਚ ਵਿਧਾਨ, ਸਚ ਦੁਆਰੇ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਹੁਕਮੀ ਹੁਕਮ ਇਕ ਵਰਤਾਇੰਦਾ । ਸਾਚੇ ਤਖ਼ਤ ਸ੍ਰੀ ਭਗਵਾਨ, ਏਕਾ ਏਕ ਸੋਭਾ ਪਾਇੰਦਾ । ਜੁਗਾ ਜੁਗੰਤਰ ਨਾ ਆਏ ਹਾਣ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਇੰਦਾ । ਸਾਚਾ ਖੇਲ ਪਾਰਬ੍ਰਹਮ, ਬ੍ਰਹਮ ਏਕਾ ਕਰੇ ਪੜ੍ਹਾਈਆ । ਕਰਤਾ ਪੁਰਖ ਕਰੇ ਕੰਮ, ਕਰਨੀ ਆਪਣੀ ਆਪ ਕਮਾਈਆ । ਪਵਣ ਸਵਾਸੀ ਦਮਾਂ ਦਮ, ਦਮਾਂ ਨਾਲ ਮਿਲਾਈਆ । ਕਰੇ ਖੇਲ ਪੰਜ ਤਤ ਕਾਇਆ ਮਾਟੀ ਚੰਮ, ਹੰ ਬ੍ਰਹਮ ਭੇਵ ਛੁਪਾਈਆ । ਨਿਰਗੁਣ ਨਿਰਗੁਣ ਬੇੜਾ ਬੰਨ੍ਹ, ਸਰਗੁਣ ਸਰਗੁਣ ਲਏ ਤਰਾਈਆ । ਜੋਤੀ ਨੂਰ ਸੱਚਾ ਪਰਕਾਸ਼, ਚੰਦ ਚਾਂਦਨੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਸਾਚਾ ਪਰਦਾ ਪੁਰਖ ਅਕਾਲ, ਆਦਿ ਪੁਰਖ ਆਪ ਚੁਕਾਇੰਦਾ । ਚਾਰ ਜੁਗ ਸਾਚੀ ਚਾਲ, ਜੁਗ ਚੌਕੜੀ ਵੰਡ ਵੰਡਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੇਖਾ ਸੰਭਾਲ, ਵਡ ਸੰਸਾਰੀ ਖੇਲ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਕਰੋੜ ਤੇਤੀਸਾ ਸੰਗ ਨਿਭਾਇੰਦਾ । ਸੁਰਪਤ ਇੰਦ ਕਰ ਬੇਦਾਰ, ਨੇਤਰ ਨੈਣ ਆਪ ਖੁਲ੍ਹਾਇੰਦਾ । ਪੰਜ ਤਤ ਕਰ ਪਿਆਰ, ਬ੍ਰਹਮ ਪਸਾਰ ਵਡ ਵਡਿਆਇੰਦਾ । ਸ਼ਬਦੀ ਸ਼ਬਦ ਸ਼ਬਦ ਧਾਰ, ਜੋਤੀ ਜੋਤ ਡਗਮਗਾਇੰਦਾ । ਲੇਖਾ ਜਾਣ ਗੁਰ ਅਵਤਾਰ, ਗੁਰੂ ਗੁਰ ਨਾਉਂ ਆਪ ਪ੍ਰਗਟਾਇੰਦਾ । ਬ੍ਰਹਮਾ ਸੁਤ ਸੰਤ ਕੁਮਾਰ ਬਰਾਹ ਰੂਪ ਅਪਰ ਅਪਾਰ, ਹਾਵ ਗ਼ਰੀਵ ਯਗੇ ਪੁਰਖ ਖੇਲ ਖਲਾਇੰਦਾ । ਨਰ ਨਰਾਇਣ ਹੋ ਉਜਿਆਰ, ਕਪਲਮੁਨ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਦਤਾ ਤ੍ਰੈ ਵਡਿਆਈਆ । ਵੇਖੇ ਵਿਗਸੇ ਵੇਖਣਹਾਰ, ਨੇਤਰ ਨੈਣ ਇਕ ਖੁਲ੍ਹਾਈਆ । ਰਿਖਵ ਦੇਵ ਕਰ ਤਿਆਰ, ਏਕਾ ਮੰਤਰ ਨਾਮ ਪੜ੍ਹਾਈਆ । ਪ੍ਰਿਥੁ ਲੇਖਾ ਅਪਰ ਅਪਾਰ, ਧਰਨੀ ਧਵਲ ਪਥ ਵਖਾਈਆ । ਮਤਸਯ ਵੇਖੇ ਜਲਧਾਰ, ਕਛਪ ਏਕਾ ਰੂਪ ਚੜ੍ਹਾਈਆ । ਜਗਤ ਧਨੰਤਰ ਦੇਵੇ ਆਧਾਰ, ਸਾਚਾ ਮੰਤਰ ਇਕ ਸਮਝਾਇੰਦਾ । ਨਰ ਸਿੰਘ ਹੋ ਤਿਆਰ, ਨਿਰਗੁਣ ਸਰਗੁਣ ਰੂਪ ਵਟਾਈਆ । ਹੰਸਾ ਨਾਮ ਸ਼ਬਦ ਬੋਲ ਜੈਕਾਰ, ਬ੍ਰਹਮੇ ਸੁਤ ਕਰੇ ਪੜ੍ਹਾਈਆ । ਬਾਲੇ ਧਰੂ ਕਰੇ ਪਾਰ, ਨਰਾਇਣ ਆਪਣੀ ਦਇਆ ਕਮਾਈਆ । ਗਜ ਦੇਵਣਹਾਰ ਸਹਾਰ, ਹਰਿ ਆਪਣੀ ਸੇਵ ਕਮਾਈਆ । ਬਲ ਬਾਵਨ ਖੋਲ੍ਹ ਕਿਵਾੜ, ਅਭੇਦ ਭੇਦ ਦਏ ਜਣਾਈਆ । ਮੰਗਣਹਾਰਾ ਦਰ ਦਰਬਾਰ, ਬਣ ਦਰਵੇਸ਼ ਫੇਰਾ ਪਾਈਆ । ਨਰ ਸਿੰਘ ਕਰੇ ਖ਼ਬਰਦਾਰ, ਪ੍ਰਹਿਲਾਦ ਦਏ ਵਡਿਆਈਆ । ਸਾਚਾ ਡੰਕਾ ਅਪਰ ਅਪਾਰ, ਲੋਕਮਾਤ ਆਪ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਸੰਦੇਸ਼ਾ ਦੇਵੇ ਵਾਰੋ ਵਾਰ, ਦੋ ਜਹਾਨਾਂ ਕਰੇ ਸ਼ਨਵਾਈਆ । ਸਤਿਜੁਗ ਵੇਖੇ ਵੇਖਣਹਾਰ, ਵਾਰ ਅਠਾਰਾਂ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸੱਚਾ ਮਾਹੀਆ । ਸਤਿ ਸਤਿਵਾਦੀ ਸਚ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਦੇਵਣਹਾਰ ਸਚ ਅਨੰਦ, ਰਾਮ ਰਾਮ ਰੂਪ ਵਟਾਇੰਦਾ । ਏਕਾ ਦੇਵੇ ਟੁੱਟੀ ਗੰਢ, ਗੰਢਣਹਾਰ ਆਪ ਅਖਵਾਇੰਦਾ । ਲੇਖਾ ਜਾਣੇ ਪਰਸ ਰਾਮ ਪ੍ਰਭ ਆਪਣਾ ਹੁਕਮ ਵਰਤਾਇੰਦਾ । ਆਪ ਜਣਾਏ ਸਾਚਾ ਚੰਦ, ਵੇਦ ਵਿਆਸਾ ਨੂਰ ਚਮਕਾਇੰਦਾ । ਕਾਹਨਾ ਕ੍ਰਿਸ਼ਨਾ ਸਚ ਸੰਦੇਸ਼, ਏਕਾ ਏਕ ਜਣਾਇੰਦਾ । ਮੁਕੰਦ ਮਨੋਹਰ ਲਖ਼ਮੀ ਨਰਾਇਣ, ਭਗਤ ਭਗਵਾਨ ਚੰਦ ਚਮਕਾਇੰਦਾ । ਸ਼ਬਦੀ ਸ਼ਬਦ ਸੁਣਾਏ ਛੰਦ, ਗੀਤਾ ਗਿਆਨ ਅਠਾਰਾਂ ਧਿਆਏ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਵਖਾਇੰਦਾ । ਜੁਗ ਜੁਗ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਈਸਾ ਮੂਸਾ ਕਰ ਤਿਆਰ, ਜਲਵਾ ਨੂਰ ਨੂਰ ਦਰਸਾਈਆ । ਮੁਕਾਮੇ ਹੱਕ ਇਕ ਜੈਕਾਰ, ਨਾਅਰਾ ਹੱਕ ਹੱਕ ਲਗਾਈਆ । ਕਿਰਪਾ ਕਰ ਪਰਵਰਦਿਗਾਰ, ਏਕਾ ਮੁਹੰਮਦ ਲਏ ਜਗਾਈਆ । ਸ਼ਰਅ ਸ਼ਰੀਅਤ ਕਰ ਪਿਆਰ, ਅਲਖ ਅਗੋਚਰ ਇਕ ਸਮਝਾਈਆ । ਸਾਚੀ ਪ੍ਰੀਤ ਵੇਖਣਹਾਰ, ਮੁਖ ਨਕ਼ਾਬ ਪਰਦਾ ਦਏ ਉਠਾਈਆ । ਚੌਦਾਂ ਤਬਕ ਖੋਲ੍ਹ ਕਿਵਾੜ, ਚੌਦਾਂ ਤਬਕਾਂ ਖੋਜ ਖੁਜਾਈਆ । ਦਹਿ ਦਿਸ਼ਾ ਪਾਵੇ ਸਾਰ, ਚਾਰੇ ਕੁੰਟਾਂ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਨੂਰ ਹੋਏ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਬਿਸਮਿਲ ਰੂਪ ਸਰਬ ਸੰਸਾਰ, ਕਲਮਾ ਕਲਾਮ ਇਕ ਵਖਾਈਆ । ਸਾਚਾ ਸਯਦਾ ਪਰਵਰਦਿਗਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗਾ ਜੁਗੰਤਰ ਚਾਰ ਯਾਰੀ ਵੰਡ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਲੱਖ ਚੁਰਾਸੀ ਸੇਵ ਕਮਾਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਨਾਮ ਡੋਰੀ ਹੱਥ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਾਥ, ਕਰੇ ਸਚ ਪੜ੍ਹਾਈਆ । ਗੁਰਮੁਖ ਹਰਿਭਗਤ ਸੁਣਾਏ ਏਕਾ ਛੰਦ, ਬ੍ਰਹਮ ਵਿਦਿਆ ਆਪ ਜਣਾਈਆ । ਲੇਖੇ ਲਾਏ ਰੱਤੀ ਰੱਤ, ਰੱਤੀ ਰੱਤ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰੇ ਨੂਰੀ ਧਾਰ, ਗੁਰ ਅਵਤਾਰ ਪੀਰ

ਪੈਗ਼ੰਬਰ ਨਾਲ ਰਲਾਈਆ । ਸਤਿਜੁਗ ਤ੍ਰੇਤਾ ਦੁਆਪਰ ਪਿਆਰ, ਕਲਜੁਗ ਵੇਸ ਵਟਾਈਆ । ਨਾਨਕ ਗੋਬਿੰਦ ਕਰ ਪਿਆਰ, ਨਾਮ ਸਤਿ ਕਰੇ ਪੜ੍ਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਕਾਲ ਮਹਾਕਾਲ ਰੋਵਣ ਜ਼ਾਰੋ ਜ਼ਾਰ, ਨਿਰਗੁਣ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੁਗ ਜੁਗ ਹੁਕਮ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬਣ ਵਣਜਾਰਾ, ਲੋਕਮਾਤ ਖੇਲ ਵਖਾਇੰਦਾ । ਸੇਵਾ ਲਾ ਗੁਰ ਅਵਤਾਰਾ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਸਰਬ ਮੁਕਾਇੰਦਾ । ਅੰਤਮ ਲੇਖਾ ਹਰਿ ਮੁਕੌਣਾ, ਹਰਿ ਜੂ ਹਰਿ ਹਰਿ ਦਏ ਜਣਾਈਆ । ਕਲਜੁਗ ਅੰਤਮ ਫੇਰਾ ਪੌਣਾ, ਬੇਪਰਵਾਹ ਬੇਪਰਵਾਹੀਆ । ਨਿਰਗੁਣ ਆਪਣਾ ਨਾਉਂ ਧਰੌਣਾ, ਨਰ ਨਿਰੰਕਾਰ ਵੇਸ ਵਟਾਈਆ । ਸਚ ਧਰਮ ਦਾ ਸਚ ਦੁਆਰ ਮਾਤ ਬਣੌਣਾ, ਚੌਦਾਂ ਲੋਕ ਕਰੇ ਰੁਸ਼ਨਾਈਆ । ਚਾਰ ਵਰਨਾਂ ਆਪ ਸਮਝੌਣਾ, ਬਰਨ ਅਠਾਰਾਂ ਕਰੇ ਪੜ੍ਹਾਈਆ । ਰਾਓ ਰੰਕਾਂ ਏਕਾ ਘਰ ਵਸੌਣਾ, ਊਚ ਨੀਚ ਨਾ ਕੋਈ ਵਖਾਈਆ । ਏਕਾ ਮੰਤਰ ਸਰਬ ਦ੍ਰਿੜਾਉਂਣਾ, ਨਾਦ ਤੂਰਤ ਇਕ ਵਜਾਈਆ । ਏਕਾ ਰਾਮ ਨਜ਼ਰੀ ਔਣਾ, ਏਕਾ ਕ੍ਰਿਸ਼ਨ ਰੂਪ ਵਖਾਈਆ । ਏਕਾ ਦਰਸ਼ਨ ਨਾਨਕ ਪੌਣਾ, ਏਕਾ ਗੋਬਿੰਦ ਮਿਲੇ ਮਾਹੀਆ । ਏਕਾ ਠਾਕਰ ਘਰ ਬਹੌਣਾ, ਨਾ ਓਹ ਮਰੇ ਨਾ ਜਾਈਆ । ਏਕਾ ਢੋਲਾ ਮੰਗਲ ਗੌਣਾ, ਇਕ ਸੁਣਾਏ ਕਲਾਮ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਈਆ । ਕਲਜੁਗ ਅੰਤਮ ਜਾਏ ਬੀਤ, ਲੋਕਮਾਤ ਰਹਿਣ ਨਾ ਪਾਈਆ । ਚਾਰ ਜੁਗ ਦੀ ਅੰਤਮ ਰੀਤ, ਪੁਰਖ ਅਬਿਨਾਸ਼ੀ ਆਪ ਕਰਾਈਆ । ਸਚਖੰਡ ਨਿਵਾਸੀ ਠਾਂਡਾ ਸੀਤ, ਤ੍ਰੈਗੁਣ ਮੀਤਾ ਵੇਖੇ ਚਾਈਂ ਚਾਈਆ । ਚਾਰੋਂ ਕੁੰਟ ਦੇਵੇ ਦੁਹਾਈ ਮੰਦਰ ਮਸੀਤ, ਗੁਰਦੁਆਰੇ ਸ਼ਿਵਦੁਆਲੇ ਮੱਠ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਗੰਮਾ, ਹਰਿ ਜੂ ਆਪਣੀ ਖੇਲ ਕਰਾਇੰਦਾ । ਵੇਖਣਹਾਰਾ ਲੱਖ ਚੁਰਾਸੀ ਕਾਇਆ ਮਾਟੀ ਚੰਮਾਂ, ਘਰ ਘਰ ਆਪਣਾ ਆਸਣ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗਾ ਜੁੰਗਤਰ ਬੇੜਾ ਬੰਨ੍ਹਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਅਬਿਨਾਸ਼ ਪ੍ਰਿਥਮੀ ਅਕਾਸ਼ ਜ਼ਿਮੀਂ ਅਸਮਾਨ ਗਗਨ ਗਗਨੰਤਰ ਮੰਨਾ, ਨੌਂ ਨਵ ਚਾਰ ਆਪਣਾ ਫੇਰਾ ਪਾਇੰਦਾ । ਲੇਖਾ ਜਾਣੇ ਸੂਰਜ ਚੰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰ, ਕੁਦਰਤ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਲਏ ਅਵਤਾਰ, ਨਿਰਗੁਣ ਆਪਣਾ ਵੇਸ ਵਟਾਈਆ । ਸਚਖੰਡ ਦਾ ਸਚ ਦੁਆਰ, ਲੋਕਮਾਤ ਲਏ ਪਰਗਟਾਈਆ । ਸਾਚਾ ਤਖ਼ਤ ਕਰ ਤਿਆਰ, ਤਖ਼ਤ ਨਿਵਾਸੀ ਆਸਣ ਲਾਈਆ । ਸ਼ਾਹੋ ਭੂਪ ਬਣ ਸਿਕਦਾਰ, ਦੋ ਜਹਾਨਾਂ ਹੁਕਮ ਮਨਾਈਆ । ਪੰਚਮ ਬੰਨ੍ਹ ਸੀਸ ਦਸਤਾਰ, ਰਾਓ ਰੰਕਾਂ ਵੇਖ ਵਖਾਈਆ । ਸ਼ਾਹ ਸ਼ਹਾਨਾ ਰਾਜ ਰਾਜਾਨਾ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਨਵ ਨੌਂ ਆਏ ਅੰਤਮ ਹਾਰ, ਸੀਸ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਪ ਭੇਵ ਚੁਕਾਵਣ ਆਇਆ, ਕਲਜੁਗ ਅੰਤਮ ਵਾਰ । ਨਿਰਗੁਣ ਨੂਰ ਵੇਸ ਵਟਾਇਆ, ਨਿਹਕਲੰਕ ਨਰਾਇਣ ਨਰ ਅਵਤਾਰ । ਵੇਦ ਵਿਆਸਾ ਲੇਖ ਪੂਰ ਕਰਾਇਆ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ

ਟਿੱਲੇ ਪਰਬਤ ਬੈਠਾ ਖੇਲ ਕਰੇ ਅਪਾਰ । ਆਦਿ ਸ਼ਕਤ ਨਾਉਂ ਧਰਾਇਆ, ਰੂਪ ਰੰਗ ਨਜ਼ਰ ਨਾ ਆਏ ਵਿਚ ਸੰਸਾਰ । ਚਤੁਰਭੁਜ ਹੋ ਫੇਰਾ ਪਾਇਆ, ਬਲ ਬਾਵਨ ਖੇਲ ਨਿਆਰਾ । ਮੋਹਨ ਮਾਧਵ ਵੇਸ ਵਟਾਇਆ, ਲਖ਼ਮੀ ਨਰਾਇਣ ਹੋ ਤਿਆਰ । ਭਗਤਨ ਨੈਣ ਆਪ ਖੁਲ੍ਹਾਇਆ, ਖੋਲਣਹਾਰ ਬੰਦ ਕਿਵਾੜ । ਤ੍ਰੈਭਵਨ ਧਨੀ ਫੇਰਾ ਪਾਇਆ, ਚੌਦਾਂ ਤਬਕ ਦਏ ਹੁਲਾਰ । ਸਚ ਸੰਦੇਸ਼ਾ ਇਕ ਸੁਣਾਇਆ, ਦੂਜੀ ਹੋਰ ਨਾ ਕੋਈ ਵਿਚਾਰ । ਨਾ ਕੋਈ ਮੋੜੇ ਮੋੜ ਮੁੜਾਇਆ, ਨਾ ਕੋਈ ਮੇਟਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰ ਸ੍ਰੀ ਭਗਵਾਨਾ, ਲੋਕਮਾਤ ਮਾਤ ਜਣਾਇੰਦਾ । ਸਾਢੇ ਤਿੰਨ ਹੱਥ ਦਾ ਹੱਥ ਨਿਸ਼ਾਨਾ, ਨਵ ਨੌਂ ਚਾਰ ਆਪਣੀ ਵੰਡ ਵੰਡਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰਾਂ ਬੰਨ੍ਹੇ ਗਾਨਾ, ਸਾਚਾ ਸਗਨ ਆਪ ਮਨਾਇੰਦਾ । ਸਚ ਸੰਦੇਸ਼ ਵਡ ਬਲਵਾਨਾ, ਪਰਮ ਪੁਰਖ ਆਪ ਸੁਣਾਇੰਦਾ । ਲੋਕਮਾਤ ਹਰਿ ਜੂ ਹਰਿ ਹੋਇਆ ਪਰਧਾਨਾ, ਸਚ ਪ੍ਰਧਾਨਗੀ ਆਪ ਕਮਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨਾ, ਸਚ ਦੁਆਰੇ ਆਪ ਝੁਲਾਇੰਦਾ । ਸਰਬ ਜੀਆਂ ਦਾ ਇਕੋ ਕਾਹਨਾ, ਲੱਖ ਚੁਰਾਸੀ ਗੋਪੀ ਵੇਖ ਵਖਾਇੰਦਾ । ਪਾਰਬ੍ਰਹਮ ਵਡ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਪਾਤਸ਼ਾਹ ਨਜ਼ਰ ਕੋਈ ਨਾ ਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਖਾਏ ਇਕ ਮਕਾਨਾ, ਕਾਇਆ ਪਰਦਾ ਖੋਲ੍ਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਕਲਜੁਗ ਅੰਤਮ ਹਰਿ ਜੂ ਰੰਗ, ਆਪਣਾ ਆਪ ਰੰਗਾਈਆ । ਸਚਖੰਡ ਨਿਵਾਸੀ ਸਚ ਪਲੰਘ, ਲੋਕਮਾਤ ਸੁਹਾਈਆ । ਸ਼ਬਦੀ ਢੋਲਾ ਇਕ ਮਰਦੰਗ, ਦੋ ਜਹਾਨ ਦਏ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਆਪੇ ਲੰਘ, ਜਨ ਭਗਤ ਦੁਆਰੇ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਸੁੱਤਾ ਰਿਹਾ ਦੇ ਕਰ ਕੰਡ, ਕਰਵਟ ਸਕਿਆ ਨਾ ਆਪ ਬਦਲਾਈਆ । ਗੁਰ ਅਵਤਾਰਾਂ ਸੁਣੌਂਦਾ ਰਿਹਾ ਛੰਦ, ਪੁਰਖ ਅਬਿਨਾਸ਼ੀ ਢੋਲਾ ਗਾਈਆ । ਅੰਤ ਮੁਕਾਏ ਗਏ ਪੰਧ, ਬਣ ਪਾਂਧੀ ਫੇਰਾ ਪਾਈਆ । ਆਦਿ ਜੁਗਾਦਿ ਕੋਇ ਨਾ ਜਾਏ ਹੰਢ, ਥਿਰ ਕੋਈ ਰਹਿਣ ਨਾ ਪਾਈਆ । ਸਰਗੁਣ ਮੇਲਾ ਬੱਤੀ ਦੰਦ, ਰਸਨਾ ਜਿਹਵਾ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਦੁਆਰ, ਲੋਕਮਾਤ ਕਰੇ ਉਜਿਆਰ, ਨੌਂ ਖੰਡ ਪ੍ਰਿਥਮੀ ਦਏ ਸਮਝਾਈਆ । ਨੌਂ ਖੰਡ ਪ੍ਰਿਥਮੀ ਸਤਿ ਦੁਆਰਾ, ਸਤਿ ਸਤਿਵਾਦੀ ਆਪ ਖੁਲਾਇੰਦਾ । ਨਿਰਗੁਣ ਨਿਰਵੈਰ ਅਜੂਨੀ ਰਹਿਤ ਸਾਜਣ ਸਾਚਾ, ਪੁਰਖ ਅਕਾਲ ਏਕਾ ਗਾਇੰਦਾ । ਚੌਥੇ ਜੁਗ ਅੰਤਮ ਕਲ ਪਰਗਟ ਹੋ ਦੇਸ ਮਾਝਾ, ਸੰਬਲ ਆਪਣਾ ਡੇਰਾ ਲਾਇੰਦਾ । ਭੂਪਨ ਭੂਪ ਰਾਜਨ ਰਾਜਾ, ਮੀਤਨ ਮੀਤ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ ਕਰਨ ਆਇਆ ਸਾਚਾ ਕਾਜਾ, ਕਰਨੀ ਕਰਤਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਕਰਤਾਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਬਿਕਰਮੀ ਹੋ ਤਿਆਰ, ਤ੍ਰੈਭਵਨ ਧਨੀ ਆਪਣਾ ਫੇਰਾ ਪਾਈਆ । ਚੌਥੇ ਜੁਗ ਸਚ ਵਿਹਾਰ, ਸਤਿ ਸਤਿਵਾਦੀ ਆਪ ਕਰਾਈਆ । ਤਖ਼ਤ ਨਿਵਾਸੀ ਹੋ ਤਿਆਰ, ਸਾਚੇ ਤਖ਼ਤ ਆਸਣ ਲਾਈਆ । ਸਚ ਸੰਦੇਸ਼ਾ ਦਿਤਾ ਏਕਾ ਵਾਰ, ਦੋ ਜਹਾਨਾਂ ਕਰੇ ਸ਼ਨਵਾਈਆ । ਗੁਰ ਪੀਰ ਅਵਤਾਰ ਪੈਗ਼ੰਬਰ ਆਵਣ ਚਲ ਦੁਆਰ, ਨਿਰਗੁਣ ਦੁਆਰੇ ਨਿਰਗੁਣ ਫੇਰਾ ਪਾਈਆ । ਸਾਚੀ ਰੁੱਤੀ ਬਸੰਤ ਵੇਖ ਸਤਾਰਾਂ ਹਾੜ, ਆਪਣੇ ਰੰਗ ਰੰਗ ਰੰਗਾਈਆ । ਪਿਛਲੀ ਬੀਤੀ ਕਰ ਵਿਚਾਰ, ਬ੍ਰਹਿਮਾਦ

ਰਿਹਾ ਸਮਝਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਵੇਖਣਹਾਰਾ ਆਈਆ । ਜਿਸ ਦਾ ਨਾਮ ਬੋਧ ਅਗਾਧ, ਪੀਰ ਪੈਗੰਬਰ ਰਹੇ ਸੁਣਾਈਆ । ਸੋ ਸੁਣਨ ਆਇਆ ਫ਼ਰਯਾਦ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਲੱਖ ਚੁਰਾਸੀ ਆਪਣੇ ਵਿਚੋਂ ਲਈ ਕਾਢ, ਅੰਤਮ ਆਪਣੇ ਵਿਚ ਛੁਪਾਈਆ । ਅੰਤਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹਾ ਨਿਰਗੁਣ ਸਰਗੁਣ ਵਾੜ, ਸਤਿ ਸਤਿਵਾਦੀ ਦਇਆ ਕਮਾਈਆ । ਨਾਮ ਨਿਧਾਨਾ ਅੰਤਮ ਸੁਣੌਂਦਾ ਰਿਹਾ ਰਾਗ, ਰਾਗ ਅਨਾਦੀ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਚ ਸਿੰਘਾਸਣ ਸਚ ਦੁਆਰਾ ਆਪ ਸੁਹਾਈਆ । ਸਚ ਸਿੰਘਾਸਣ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਸਣ ਲਾਇੰਦਾ । ਸਚ ਸੰਦੇਸ਼ਾ ਦਏ ਸੁਣਾ, ਹੁਕਮੀ ਹੁਕਮ ਇਕ ਵਰਤਾਇੰਦਾ । ਵਿਸ਼ਨੂੰ ਚਰਨੀ ਜਾਣਾ ਆ, ਬ੍ਰਹਮਾ ਡੇਰ ਨਾ ਕੋਈ ਰਖਾਇੰਦਾ । ਸ਼ੰਕਰ ਸੀਸ ਦੇਣਾ ਝੁਕਾ, ਕਰੋੜ ਤੇਤੀਸਾ ਨੈਣ ਸ਼ਰਮਾਇੰਦਾ । ਚੌਵੀਆਂ ਅਵਤਾਰ ਦੋਏ ਜੋੜ ਕਰੋ ਪਰਨਾਮ, ਪਰਨਾਮ ਇਕੋ ਇਕ ਰਖਾਇੰਦਾ । ਈਸਾ ਮੂਸਾ ਮੁਹੰਮਦ ਕਰੋ ਸਲਾਮ, ਇਸਲਾਮਾ ਅਲੈਕਮ ਨਾਲ ਰਲਾਇੰਦਾ । ਚਾਰ ਯਾਰ ਮੰਗੋ ਪਨਾਹ, ਪਨਾਹ ਏਕਾ ਘਰ ਵਖਾਇੰਦਾ । ਦਸ ਗੁਰੂ ਕਰੋ ਸਲਾਹ, ਸਲਾਹਗੀਰ ਇਕ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨੈਣ ਲਓ ਉਠਾ, ਹਰਿ ਜੂ ਏਕਾ ਅੱਖ ਖੁਲ੍ਹਾਇੰਦਾ । ਖਾਣੀ ਬਾਣੀ ਧਿਆਨ ਲਓ ਲਗਾ, ਧਿਆਨੀ ਇਕ ਧਿਆਨ ਜਣਾਇੰਦਾ । ਤ੍ਰੈਗੁਣ ਮਾਇਆ ਨੌਂ ਖੰਡ ਪ੍ਰਿਥਮੀ ਵੇਖ ਲੱਖ ਚੁਰਾਸੀ ਚਾਰੋਂ ਕੁੰਟ ਫੇਰਾ ਪਾ, ਦਹਿ ਦਿਸ਼ਾ ਵੰਡ ਵੰਡਾਇੰਦਾ । ਪੰਜ ਤਤ ਚੋਲਾ ਬੇੜਾ ਅੰਤਮ ਅੰਤ ਲੈਣਾ ਬੰਧਾ, ਸਾਚਾ ਡੋਲਾ ਇਕ ਵਖਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਸੋਹਲਾ ਲਿਆ ਗਾ, ਰਾਮ ਕ੍ਰਿਸ਼ਨ ਇਸ਼ਟ ਦੇਵ ਦੇਵ
੩੭੨ ਆਤਮ ਪ੍ਰਕਾਸ਼ ਸਰਬ ਮਿਲਾਇੰਦਾ । ਕਲਮਾ ਕਲਾਮ ਨਬੀ ਰਸੂਲ ਪੀਰ ਪੈਗੰਬਰ ਗਏ ਪੜ੍ਹਾ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਸਤਿ ਨਾਮ ਢੋਲਾ ਇਕ ਗਾ, ਬ੍ਰਹਮ ਮਤ ਇਕ ਦ੍ਰਿੜਾ, ਨਾਨਕ ਚੋਲਾ ਇਕ ਵਟਾਇੰਦਾ । ਗੋਬਿੰਦ ਡੰਕਾ ਇਕ ਵਜਾ, ਲੱਖ ਚੁਰਾਸੀ ਗਿਆ ਸਮਝਾ, ਚਾਰ ਵਰਨਾ ਰਿਹਾ ਸੁਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਇੰਦਾ । ਪਤਿਪਰਮੇਸ਼ਵਰ ਠਾਕਰ ਸੁਆਮੀ ਨਿਹਕਰਮੀ ਜੋਤੀ ਜਾਤਾ ਪੁਰਖ ਬਿਧਾਤਾ, ਆਤਮ ਅੰਤਰ ਸਾਚਾ ਮੰਤਰ ਇਕ ਨਾਮ ਸਚ ਨਾ ਕੋਈ ਮੰਦਰ ਨਾ ਮਸੀਤ ਨਾ ਕੋਈ ਜ਼ਾਤ ਨਾ ਕੋਈ ਪਾਤਾ, ਏਕਾ ਰੰਗ ਪੁਰਖ ਸਮਰਾਥਾ, ਦੇਵਣਹਾਰ ਸਾਚੀ ਦਾਤਾ, ਦਾਤਾ ਦਾਨੀ ਦਇਆ ਕਰ ਵਿਸ਼ਨ ਆਪਣੇ ਗਲੇ ਲਗਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜਿਸ ਦੀ ਲਿਖ ਲਿਖ ਸੁਣੌਂਦੇ ਰਹੇ ਗਾਥਾ, ਕਲਮ ਸ਼ਾਹੀ ਵੰਡ ਵੰਡਾਇੰਦਾ । ਜਿਸ ਨੂੰ ਕਹਿੰਦੇ ਰਹੇ ਕਮਲਾਪਾਤਾ, ਕਵਲ ਨੈਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰ ਸੁਹਾਵਣਾ, ਪ੍ਰਭ ਦੇਵਣਹਾਰ ਵਡਿਆਈਆ । ਹਾੜ ਸਤਾਰਾਂ ਦਿਵਸ ਵਡਿਆਵਣਾ, ਵਡ ਦਾਤਾ ਦਏ ਵਧਾਈਆ । ਸੰਮਤ ਉਨੀ ਨਾਲ ਮਿਲਾਵਣਾ, ਬੀਸ ਬਿਕਰਮੀ ਮੇਲ ਕਰਾਈਆ । ਦੋ ਜਹਾਨਾਂ ਰੰਗ ਰੰਗਾਵਣਾ, ਰੰਗ ਰੰਗੀਲਾ ਆਪ ਚੜ੍ਹਾਈਆ । ਸਚਖੰਡ ਦੁਆਰ ਲੋਕਮਾਤ ਪ੍ਰਗਟਾਵਣਾ, ਪ੍ਰਗਟ ਆਪਣਾ ਨੂਰ ਕਰੇ ਰੁਸ਼ਨਾਈਆ । ਵਿਸ਼ਨੂੰ ਤੇਰਾ ਵਿਸ਼ਵ ਭੇਵ ਖੁਲ੍ਹਾਵਣਾ, ਬ੍ਰਹਮੇ ਤੇਰਾ ਵੇਖੇ ਬ੍ਰਹਮ ਸਰਬ ਲੋਕਾਈਆ । ਸ਼ੰਕਰ ਤੇਰੀ ਤ੍ਰਸੂਲ ਬਾਹਰ ਕਢਾਵਣਾ, ਤ੍ਰੈਮੁਖ ਵੇਖੇ ਬੇਪਰਵਾਹੀਆ । ਤ੍ਰੈਗੁਣ ਤੇਰਾ ਪਰਦਾ ਲਾਹਵਣਾ, ਮੁਖ ਨਕਾਬ ਰਹਿਣ ਨਾ ਪਾਈਆ । ਪੰਜ ਤਤ ਤੇਰਾ ਡੇਰਾ ਢਾਵਣਾ, ਢਾਹ ਢਾਹ ਖ਼ਾਕ ਮਿਲਾਈਆ । ਤੇਈ

ਅਵਤਾਰ ਦਰ ਬੁਲਾਵਣਾ, ਭੱਜੇ ਆਵਣ ਵਾਹੋ ਦਾਹੀਆ । ਈਸਾ ਮੂਸਾ ਮੁਹੰਮਦ ਸੰਗ ਰਲਾਵਨਾ, ਜਗ ਕਰਤਾ ਰਿਹਾ ਮਿਲਾਈਆ । ਸਚ ਮਸਲਾ ਇਕ ਸਮਝਾਵਣਾ, ਬਿਸਮਿਲ ਨੂਰ ਵੇਖੇ ਨੂਰ ਖ਼ੁਦਾਈਆ । ਸਾਚਾ ਨਾਮ ਇਕ ਜਨਾਵਣਾ, ਚਿੱਲੇ ਤੀਰ ਇਕ ਚਲਾਈਆ । ਉਚੇ ਟਿੱਲੇ ਪ੍ਰਬਤ ਵੇਖ ਵਖਾਵਣਾ, ਸਮੁੰਦ ਸਾਗਰ ਵੇਖੇ ਡੂੰਘੀ ਖਾਈਆ । ਚੌਦਾਂ ਤਬਕਾਂ ਭੇਵ ਪਾਵਨਾ, ਚੌਦਾਂ ਲੋਕ ਪਰਦਾ ਦਏ ਉਠਾਈਆ । ਗੁਰ ਅਵਤਾਰ ਦਰ ਬਹਾਵਣਾ, ਨਾਨਕ ਗੋਬਿੰਦ ਏਕਾ ਹੁਕਮ ਸੁਣਾਈਆ । ਕਲਜੁਗ ਅੰਤਮ ਅੰਤ ਕਰਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਜੁਗ ਸਾਚਾ ਇਕ ਲਗਾਵਣਾ, ਸਤਿ ਸਤਿਵਾਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰਾ ਨਿਰਗੁਣ ਲੋਕਮਾਤ ਕਰ ਉਜਿਆਰਾ, ਨਾਉਂ ਰਖਾਏ ਭਗਤ ਦੁਆਰਾ, ਭਗਵਾਨ ਆਪਣਾ ਨਾਉਂ ਜਣਾਈਆ । ਸਚ ਦੁਆਰੇ ਆਪੇ ਚੜ੍ਹਿਆ, ਸਚ ਦੁਆਰੇ ਸੋਭਾ ਪਾਇੰਦਾ । ਪੀਰ ਪੈਗ਼ੰਬਰ ਦਰ ਤੇ ਖੜ੍ਹਿਆ, ਸਾਚੀ ਸੇਵ ਕਮਾਇੰਦਾ । ਅੱਗੇ ਹੋ ਅੰਦਰ ਕੋਈ ਨਾ ਵੜਿਆ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪਾਰਬ੍ਰਹਮ ਪ੍ਰਭ ਠਾਕਰ ਸੁਆਮੀ ਨਰ ਨਰਾਇਣ ਨਿਸ਼ਅੱਖਰ ਏਕਾ ਪੜ੍ਹਿਆ, ਚੌਦਾਂ ਵਿਦਿਆ ਭੇਵ ਕੋਇ ਨਾ ਆਇੰਦਾ । ਤੇਰਾ ਨੂਰ ਨਾ ਮਰੇ ਨਾ ਕਦੇ ਸੜਿਆ, ਮੜੀ ਗੋਰ ਨਾ ਕੋਈ ਦਬਾਇੰਦਾ । ਲੱਖ ਚੁਰਾਸੀ ਕਾਇਆ ਭਾਂਡਾ ਘਾੜਨ ਘੜਿਆ, ਘੜ ਭਾਂਡੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਜਗਦੀਸ਼ ਸੋਭਾ ਪਾਇੰਦਾ । ਸਚ ਸਿੰਘਾਸਣ ਪਾਰਬ੍ਰਹਮ, ਬ੍ਰਹਮ ਵੇਖੇ ਚਾਈਂ ਚਾਈਂਆ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਨਾ ਕੋਈ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਣਹਾਰਾ ਵੰਡ, ਵਰਨ ਬਰਨ ਬਰਨ ਵਰਨ ਆਪਣਾ ਖੇਲ ਕਰਾਈਆ । ਕਲਜੁਗ ਅੰਤਮ ਜੀਵ ਜੰਤ ਸਾਧ ਸੰਤ, ਗੁਰਮੁਖ ਗੁਰਸਿਖ ਨੇਤਰ ਨੈਣ ਨੈਣ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਰਚ ਸਵੰਬਰ, ਦਰ ਘਰ ਸਾਚੇ ਆਪ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘੱਤੀ ਔਣ ਵਹੀਰ, ਦੂਰ ਦੁਰਾਡਾ ਪੰਧ ਮੁਕਾਈਆ । ਤੇਰੀ ਚੋਟੀ ਇਕ ਅਖ਼ੀਰ, ਆਖਰ ਤੇਰਾ ਭੇਵ ਕੋਈ ਨਾ ਆਈਆ । ਤੂੰ ਸਾਹਿਬ ਬੇਨਜ਼ੀਰ, ਨਜ਼ਰ ਸਭ ਦੀ ਰਿਹਾ ਭੁਆਈਆ । ਚਾਰ ਜੁਗ ਤੇਰੇ ਹੁਕਮ ਅੰਦਰ ਹੋਈ ਤਦਬੀਰ, ਕਰੇ ਤੇਰੀ ਪੜ੍ਹਾਈਆ । ਪੰਜ ਤਤ ਕਾਇਆ ਜਗਤ ਸਰੀਰ, ਜਗ ਭੁੱਲੀ ਸਰਬ ਲੋਕਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਮਾਰ ਜ਼ੰਜੀਰ, ਨਾ ਕੋਈ ਸਕੇ ਮਾਤ ਤੁੜਾਈਆ । ਤ੍ਰੈਗੁਣ ਮਾਇਆ ਲੱਗੀ ਭੀੜ, ਹੌਲਾ ਸੰਗ ਨਾ ਕੋਇ ਜਣਾਈਆ । ਝੂਠੀ ਕਾਇਆ ਬਸਤਰ ਚੀਰ, ਲੱਖ ਚੁਰਾਸੀ ਰਹੀ ਹੰਢਾਈਆ । ਨੀਰ ਵਿਰੋਲੇ ਜੀਵ ਜੰਤ ਸੀਰ, ਨੀਰ ਸੀਰ ਨਾ ਕੋਇ ਪਿਆਈਆ । ਚਾਰ ਜੁਗ ਕਰੀ ਵੰਡ ਪਾ ਪਾ ਲਕੀਰ, ਹੱਦ ਹੱਦੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਮੁਕਾਈਆ । ਵਿਸ਼ਨੂੰ ਆਇਆ ਪੰਧ ਮੁਕਾ, ਦੂਰ ਦੁਰਾਡਾ ਚਰਨੀ ਸੀਸ ਝੁਕਾਇੰਦਾ । ਬ੍ਰਹਮਾ ਰੋਵੇ ਮਾਰੇ ਧਾ, ਮੇਰਾ ਮੇਰਾ ਨਜ਼ਰ ਨਾ ਆਇੰਦਾ । ਸ਼ੰਕਰ ਤ੍ਰਸੂਲ ਰਿਹਾ ਸੁਟਾ, ਕੰਠ ਮਾਲਾ ਬਾਸ਼ਕ ਤਸ਼ਕਾ ਗਲੋਂ ਲਾਹਿੰਦਾ । ਕਰੋੜ ਤੇਤੀਸਾ ਮਾਣ ਰਿਹਾ ਗਵਾ, ਸੁਰਪਤ ਤਖ਼ਤ ਨਾ ਕੋਇ ਹੰਢਾਇੰਦਾ । ਤੇਈ ਅਵਤਾਰ ਇਕ ਦੂਜੇ ਨਾਲ ਕਰਨ ਸਲਾਹ, ਮਤੇ ਨਾਲ ਮਤਾ ਪਕਾਇੰਦਾ । ਈਸਾ ਮੂਸਾ ਤੱਕਣ ਰਾਹ, ਨੇਤਰ ਨੈਣ ਨੈਣ ਉਠਾਇੰਦਾ । ਮੁਹੰਮਦ ਰੋਵੇ ਮਾਰੇ ਧਾਹ, ਅੱਲਾ ਰਾਣੀ

ਸੰਗ ਨਾ ਕੋਈ ਨਿਭਾਇੰਦਾ । ਚਾਰ ਯਾਰੀ ਪੱਲੂ ਰਹੀ ਛੁਡਾ, ਦਸਤਗੀਰ ਨਜ਼ਰ ਕੋਇ ਨਾ ਆਇੰਦਾ । ਨਾਨਕ ਨਿਰਗੁਣ ਮੰਗੇ ਇਕ ਪਨਾਹ, ਗੋਬਿੰਦ ਝੋਲੀ ਅੱਗੇ ਡਾਹਿੰਦਾ । ਤੇਰੀ ਕੁਦਰਤ ਸੱਚੇ ਪਾਤਸ਼ਾਹ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਜਿਉਂ ਭਾਵੇ ਤਿਉਂ ਰਿਹਾ ਚਲਾ, ਤੇਰਾ ਭਾਣਾ ਨਾ ਕੋਈ ਮੇਟ ਮਿਟਾਇੰਦਾ । ਤਖ਼ਤੋਂ ਰਾਜਾ ਰਾਣਾ ਦੇਵੇ ਲਾਹ, ਸੀਸ ਤਾਜ ਨਾ ਕੋਈ ਟਿਕਾਇੰਦਾ । ਜੁਗ ਚੌਕੜੀ ਕਰੇ ਫ਼ਨਾਹ, ਖ਼ਾਕੀ ਖ਼ਾਕ ਮਿਲਾਇੰਦਾ । ਰਹਿਮਤ ਰਹੀਮ ਰਹਿਮਾਨ ਦਏ ਕਮਾ, ਰਹਿਬਰ ਬਣ ਬਣ ਹੁਕਮ ਮਨਾਇੰਦਾ । ਸਬਰ ਸਬੂਰੀ ਸਾਬਰ ਬਣ ਬਣ ਜਾਮ ਰਿਹਾ ਪਿਆ, ਆਬੇ ਹਯਾਤ ਮੁਖ ਲਗਾਇੰਦਾ । ਸਾਚੇ ਹੁਜਰੇ ਸਚ ਅਲਾਹ, ਆਪ ਆਪਣਾ ਨੂਰ ਦਰਸਾਇੰਦਾ । ਮਹਿਬੂਬ ਮਹਿਰਾਬ ਇਕ ਖੁਲ੍ਹਾ, ਮਹਿਬਾਨ ਸੋਭਾ ਪਾਇੰਦਾ । ਨੂਰੋ ਨੂਰ ਹਜ਼ਰਤ ਪੈਗ਼ੰਬਰ ਖ਼ਾਲਕ ਬਣ ਬੇਗੁਨਾਹ, ਗੁਨਾਹ ਨਜ਼ਰ ਕੋਈ ਨਾ ਆਇੰਦਾ । ਮੁਕਾਮੇ ਹੱਕ ਤੇਰਾ ਮਕਾਨ, ਤੇਰਾ ਆਸਣ ਵੇਖ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸਜਦਾ ਸੀਸ ਸਰਬ ਝੁਕਾਇੰਦਾ । ਸਜਦਾ ਸੀਸ ਗਿਆ ਝੁਕ, ਚੌਦਾਂ ਤਬਕ ਸੀਸ ਝੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਰਹਿਉਂ ਲੁਕ, ਆਪਣਾ ਰੂਪ ਨਾ ਮਾਤ ਪ੍ਰਗਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਅੰਦਰ ਨਿਰਗੁਣ ਸਰਗੁਣ ਰਹੇ ਪੜ੍ਹਾਈਆ । ਕਰ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਵਖਾਈਆ । ਕਲਜੁਗ ਅੰਤਮ ਆਇਉਂ ਉਠ, ਲੋਕਮਾਤ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਉਤੇ ਗਇਉਂ ਤੁਠ, ਤੇਰੇ ਹੱਥ ਤੇਰੀ ਵਡਿਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜੋ ਬੈਠੇ ਰੁਠ, ਵੇਲੇ ਅੰਤ ਲਏ ਮਿਲਾਈਆ । ਆਤਮ ਪਰਮਾਤਮ ਸੁਹਾਏ ਸਾਚੀ ਰੁੱਤ,
੩੭੪ ਦੂਸਰ ਕਰੇ ਨਾ ਕੋਈ ਪੜ੍ਹਾਈਆ । ਜਗਤ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਸਾ ਤ੍ਰਿਸ਼ਨਾ ਜਾਏ ੩੭੪
੧੨ ਛੁੱਟ, ਹਉਮੇ ਹੰਗਤਾ ਨਾ ਕੋਈ ਲੜਾਈਆ । ਜੂਠ ਝੂਠ ਜੜ੍ਹ ਦੇਵੇ ਪੁੱਟ, ਸਚ ਸੁੱਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੨
ਕਿਰਪਾ ਕਰ, ਇਕ ਵਖਾਏ ਸਾਚਾ ਘਰ, ਘਰ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਬ੍ਰਹਮਾ ਵਿਸ਼ਨ ਸ਼ਿਵ ਅੱਗੇ ਆਓ ਲੰਘ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਸਤਿ ਸਤਿਵਾਦੀ ਬੈਠਾ ਉਪਰ ਪਲੰਘ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਦੋ ਜਹਾਨਾਂ ਵਜਾਏ ਨਾਮ ਮਰਦੰਗ, ਵਡ ਮਰਦਾਨਾ ਖੇਲ ਕਰਾਇੰਦਾ । ਲੱਖ ਚੁਰਾਸੀ ਇਕ ਅਨੰਦ, ਘਰ ਘਰ ਮੰਗਲ ਗਾਇੰਦਾ । ਕਲਜੁਗ ਅੰਤਮ ਮੁਕਿਆ ਪੰਧ, ਲੋਕਮਾਤ ਰਹਿਣ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਾਂ ਰਿਹਾ ਵੰਡ, ਵੰਡ ਵੰਡ ਏਕਾ ਖੇਲ ਵਖਾਇੰਦਾ । ਕੋਈ ਕਹੇ ਪਿਤਾ ਦਸਰਥ ਰਾਮ ਚੰਦ, ਕੋਈ ਕਾਹਨ ਕ੍ਰਿਸ਼ਨ ਧਿਆਨ ਜਣਾਇੰਦਾ । ਕੋਈ ਕਹੇ ਮੂਸਾ ਮੇਟੇ ਪੰਧ, ਕੋਹਤੂਰ ਨੂਰ ਚਮਕਾਇੰਦਾ । ਕੋਈ ਕਹੇ ਈਸਾ ਚੜ੍ਹਨਾ ਚੰਦ, ਖ਼ੁਦਾਵੰਦ ਆਪਣਾ ਰੂਪ ਵਟਾਇੰਦਾ । ਕੋਈ ਕਹੇ ਮੁਹੰਮਦ ਗਾਏ ਛੰਦ, ਕਲਮਾ ਨਬੀ ਆਪ ਪੜ੍ਹਾਇੰਦਾ । ਕੋਈ ਕਹੇ ਨਾਨਕ ਬੇੜਾ ਰਿਹਾ ਬੰਨ੍ਹ, ਚਾਰ ਵਰਨ ਪਾਰ ਕਰਾਇੰਦਾ । ਕੋਈ ਕਹੇ ਗੁਜਰੀ ਚੰਦ, ਗੋਬਿੰਦ ਆਪਣਾ ਵੇਸ ਵਟਾਇੰਦਾ । ਪੁਰਖ ਅਕਾਲ ਕਹੇ ਮੇਰਾ ਕੋਈ ਨਾ ਜਾਣੇ ਅੰਤ, ਬੇਅੰਤ ਆਪਣਾ ਵੇਖ ਵਖਾਇੰਦਾ । ਜਿਸ ਨੂੰ ਚਾਰ ਜੁਗ ਗੌਂਦੇ ਗਏ ਭਗਤ ਸੰਤ, ਸੋ ਸਤਿਗੁਰ ਫੇਰਾ ਪਾਇੰਦਾ । ਜਿਸ ਦੁਆਰੇ ਗੁਰਮੁਖ ਮੰਗਤ, ਅੱਗੇ ਝੋਲੀ ਸਰਬ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਇੰਦਾ । ਕਲਜੁਗ ਅੰਤਮ ਆਇਆ ਹਰਿ,

ਹਰਿ ਜੂ ਆਪਣਾ ਵੇਸ ਵਟਾਈਆ । ਨੌਂ ਖੰਡ ਪ੍ਰਿਥਮੀ ਇਕੋ ਦਰ, ਦਰ ਦਰਵਾਜ਼ਾ ਦਏ ਵਖਾਈਆ । ਦੀਨ ਮਜ਼੍ਹਬ ਜ਼ਾਤ ਪਾਤ ਜਾਣ ਹਰ, ਲੋਕਮਾਤ ਰਹਿਣ ਨਾ ਪਾਈਆ । ਊਚ ਨੀਚ ਚੁੱਕੇ ਡਰ, ਭਾਂਡਾ ਭਰਮ ਦਏ ਭੰਨਾਈਆ । ਘਟ ਘਟ ਅੰਦਰ ਆਪੇ ਵੜ, ਦਰ ਦਰਵਾਜ਼ੇ ਦਏ ਖੁਲ੍ਹਾਈਆ । ਇਕੋ ਅੱਖਰ ਨਿਰਗੁਣ ਪੜ੍ਹ, ਸਰਗੁਣ ਦਏ ਵਡਿਆਈਆ । ਆਦਿ ਲਗਾਈ ਜਿਸ ਨੇ ਜੜ੍ਹ, ਸੋ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਸਾਚੇ ਤਖ਼ਤ ਹਰਿ ਜੂ ਹੁਕਮਰਾਨ, ਹਰਿ ਹਰਿ ਆਪਣਾ ਹੁਕਮ ਵਰਤਾਇੰਦਾ । ਵਿਸ਼ਨੂੰ ਆਪਣੇ ਦੇ ਬਿਆਨ, ਬਿਆਨਾ ਹੋਰ ਨਾ ਕੋਇ ਰਖਾਇੰਦਾ । ਬ੍ਰਹਮੇ ਆਪਣੀ ਕਰ ਕਲਿਆਣ, ਚਾਰ ਵੇਦ ਅੰਤ ਨਾ ਵਖਾਇੰਦਾ । ਸ਼ੰਕਰ ਆਪਣਾ ਵੇਖ ਮਕਾਨ, ਮਕਾਨ ਕਵਣ ਦੁਆਰ ਸੁਹਾਇੰਦਾ । ਤੇਈ ਅਵਤਾਰ ਕਰੋ ਧਿਆਨ, ਕਵਣ ਕੂਟੇ ਹਰਿ ਜੂ ਆਸਣ ਲਾਇੰਦਾ । ਈਸਾ ਮੂਸਾ ਉਠ ਕਰੋ ਸਲਾਮ, ਸਜਦਾ ਕਵਣ ਕਬੂਲ ਕਰਾਇੰਦਾ । ਨਾਨਕ ਗੋਬਿੰਦ ਕਰੋ ਪਰਵਾਨ, ਪਰਵਾਨਾ ਕਵਣ ਹੱਥ ਫੜਾਇੰਦਾ । ਭਗਤ ਅਠਾਰਾਂ ਮੰਗੋ ਦਾਨ, ਦਾਤਾ ਦਾਨੀ ਕਵਣ ਵਰਤਾਇੰਦਾ । ਸਚਖੰਡ ਦੁਆਰੇ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖ ਲਿਖ ਲੇਖਾ ਆਪਣੇ ਹੱਥ ਰਖਾਇੰਦਾ । ਵਿਸ਼ਨੂੰ ਨਿਉਂ ਨਿਉਂ ਕਹੇ ਬੋਲ, ਪ੍ਰਭ ਅੱਗੇ ਸੀਸ ਝੁਕਾਈਆ । ਮੇਰਾ ਮੁੱਕਾ ਭੰਡਾਰਾ ਤੂੰ ਤੋਲਿਆ ਤੋਲ, ਤੋਲਣਹਾਰਾ ਇਕ ਅਖਵਾਈਆ । ਚਾਰ ਜੁਗ ਚੌਕੜੀ ਤੇਰਾ ਭੇਵ ਨਾ ਪਾਇਆ ਵੇਖਿਆ ਵੱਜਦਾ ਰੋਲ, ਅਲਖ ਅਲਖ ਨਾ ਲਖਿਆ ਜਾਈਆ । ਕੋਈ ਵਸਤ ਨਾ ਮੇਰੇ ਕੋਲ, ਖ਼ਾਲੀ ਹੱਥ ਰਿਹਾ ਵਖਾਈਆ । ਮੈਂ ਸੁੱਤਾ ਰਿਹਾ ਅਨਭੋਲ, ਤੇਰਾ ਭੇਵ ਰੱਤੀ ਨਾ ਆਈਆ ।
੩੭੫ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਿਆ ਤੇਰੀ ਸ਼ਰਨਾਈਆ । ਬ੍ਰਹਮਾ ਉਠੇ ਮਾਰੇ ਧਾਹ, ੩੭੫
੧੨ ਨੇਤਰ ਨੈਣਾਂ ਨੀਰ ਵਹਾਇੰਦਾ । ਮੇਰਾ ਬ੍ਰਹਮ ਭੁਲਿਆ ਤੇਰਾ ਰਾਹ, ਰਾਹ ਖਹਿੜਾ ਨਜ਼ਰ ਨਾ ਆਇੰਦਾ । ਨਾਤਾ ਸਕੇ ਨਾ ਕੋਈ ਜੁੜਾ, ਜੋੜੀ ੧੨
ਜੋੜ ਨਾ ਕੋਈ ਬਣਾਇੰਦਾ । ਸੱਸੇ ਉਪਰ ਹੋੜਾ ਕੋਈ ਸਕੇ ਨਾ ਲਾ, ਕੋਈ ਨਿਰਗੁਣ ਸਰਗੁਣ ਨਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਮੇਰਾ ਬ੍ਰਹਮ ਕੋਈ ਕੰਮ ਨਾ ਆਇੰਦਾ । ਤ੍ਰੈਗੁਣ ਮਾਇਆ ਰਹੀ ਕੁਰਲਾ, ਕੂਕ ਕੂਕ ਸੁਣਾਈਆ । ਮੇਰੇ ਮੁਖ ਤੇ ਲੱਗੀ ਛਾਹ, ਕਾਲੀ ਛਾਹੀ ਨਾ ਕੋਈ ਧੁਆਈਆ । ਮੈਂ ਤੇਰਾ ਭੁੱਲੀ ਰਾਹ, ਬੇਅੰਤ ਮੇਰੇ ਮਾਹੀਆ । ਲੱਖ ਚੁਰਾਸੀ ਗਲ ਵਿਚ ਪਾਇਆ ਫਾਹ, ਨਾ ਸਕੇ ਕੋਈ ਤੁੜਾਈਆ । ਜੀਵ ਜੰਤ ਵਿਚ ਭੁੱਲਾ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਮਿਲੇ ਨਾ ਕੋਈ ਵਡਿਆਈਆ । ਪੰਜ ਤਤ ਵਹਾਇਨ ਨੀਰ, ਰੋ ਰੋ ਹਾਲ ਸੁਣਾਇਆ । ਬੌਹੜੀ ਬੌਹੜੀ ਵੱਜਾ ਜ਼ੰਜੀਰ, ਨਾ ਸਕੇ ਕੋਈ ਤੁੜਾਇਆ । ਅੱਠੇ ਪਹਿਰ ਲੱਗੀ ਪੀੜ, ਚਾਰ ਜੁਗ ਨਾ ਕੋਇ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਅੰਮ੍ਰਿਤ ਆਪਣਾ ਨੀਰ ਪਿਆਇਆ । ਤੇਈ ਅਵਤਾਰ ਸੋਏ ਉਠੇ, ਹਾੜ ਸਤਾਰਾਂ ਵੇਖ ਵਖਾਈਆ । ਪੁਰਖ ਅਬਿਨਾਸ਼ੀ ਚਰਨ ਢੱਠੇ, ਨਿਉਂ ਨਿਉਂ ਸੀਸ ਝੁਕਾਈਆ । ਆਪਣੇ ਜੁਗ ਵਿਚ ਬਣੇ ਰਹੇ ਹੱਟੇ ਕੱਟੇ, ਤੇਰਾ ਬਲ ਵਖਾਈਆ । ਵਸਦੇ ਰਹੇ ਕਾਇਆ ਮਟੇ, ਪੰਜ ਤਤ ਚੋਲਾ ਜਗਤ ਹੰਢਾਈਆ । ਤੇਰੇ ਨਾਮ ਰਹੇ ਰੱਤੇ, ਰੁੱਤ ਰੁਤੜੀ ਇਕ ਸੁਹਾਈਆ ।

ਤੇਰੇ ਸੁਣੌਂਦੇ ਰਹੇ ਪਤੇ, ਧੁਰ ਫ਼ਰਮਾਣਾ ਗੀਤ ਅਲਾਈਆ । ਤੇਰੇ ਦੱਸ ਕੇ ਆਏ ਪਤੇ, ਸਚਖੰਡ ਵਸੇ ਸੱਚਾ ਮਾਹੀਆ । ਨਾ ਰੋਵੇ ਨਾ ਕਦੇ ਹੱਸੇ, ਹਰਖ ਸੋਗ ਨਾ ਕੋਈ ਰਖਾਈਆ । ਏਕਾ ਰੰਗ ਰਹੇ ਪਹਿਰ ਅੱਠੇ, ਘੜੀ ਪਲ ਨਾ ਵੰਡ ਵੰਡਾਈਆ । ਗੁਰ ਅਵਤਾਰ ਆਪਣੇ ਖ਼ਾਤੇ ਘੱਤੇ, ਖਾਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਸਰਨ ਨਾ ਕੋਈ ਸਰਨਾਈਆ । ਪੀਰ ਪੈਗ਼ੰਬਰ ਕਰਨ ਸਲਾਮ, ਸਿਰ ਸਯਦਾ ਸੀਸ ਝੁਕਾਇਆ । ਤੂੰ ਪੈਗ਼ੰਬਰ ਵਡ ਅਮਾਮ, ਤੇਰਾ ਅੰਤ ਕਿਸੇ ਨਾ ਪਾਇਆ । ਤੂੰ ਸਾਹਿਬ ਹੁਕਮਰਾਨ, ਹਉਂ ਫ਼ਰਮਾਂਬਰਦਾਰ ਸੇਵ ਕਮਾਇਆ । ਕਾਇਨਾਤ ਤੇਰਾ ਧਿਆਨ, ਬਿਆਨ ਤੇਰਾ ਕਲਮਾ ਇਕ ਜਣਾਇਆ । ਦਰਗਹਿ ਤੇਰੀ ਸਚ ਨਿਸ਼ਾਨ, ਮੁਕਾਮੇ ਹੱਕ ਹੱਕ ਵਖਾਨ, ਨੂਰੀ ਜਲਵਾ ਨੂਰ ਜਹਾਨ, ਮੇਰੇ ਪਰਵਰਦਿਗਾਰ ਤੇਰੇ ਡਿੱਗੇ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਅਲਖ ਜਗਾਇਆ । ਦਰ ਦੁਆਰੇ ਜਗਾ ਅਲੱਖ, ਅਲੱਖ ਨਿਰੰਜਣ ਇਕ ਮਨਾਇਆ । ਨਿਰਗੁਣ ਨਿਰਗੁਣ ਹੋ ਪ੍ਰਤੱਖ, ਨਾਨਕ ਨਿਰਗੁਣ ਵੇਖ ਵਖਾਇਆ । ਗੋਬਿੰਦ ਕਹੇ ਮੇਰਾ ਕਮਲਾਪਤ, ਕਵਲ ਨੈਣ ਨੈਣ ਮਟਕਾਇਆ । ਆਦਿ ਜੁਗਾਦੀ ਇਕੋ ਪੱਤ, ਲੱਖ ਚੁਰਾਸੀ ਲਏ ਪ੍ਰਨਾਇਆ । ਵਸਣਹਾਰਾ ਘਟ ਘਟ, ਹਰ ਘਟ ਅੰਦਰ ਡੇਰਾ ਲਾਇਆ । ਜੁਗ ਚੌਕੜੀ ਮਾਰਗ ਦੱਸ, ਹਉਂ ਬਾਲਕ ਸੇਵ ਕਰਾਇਆ । ਖਾਣੀ ਬਾਣੀ ਕਰ ਕੇ ਆਏ ਜਸ, ਜਸ ਵੇਦ ਪੁਰਾਨ ਸਲਾਹਿਆ । ਅੰਤਮ ਵੇਲਾ ਆਏ ਦੱਸ, ਲੱਖ ਚੁਰਾਸੀ ਆਪਣਾ ਹਾਲ ਸੁਣਾਇਆ । ਸਾਡਾ ਕੋਈ ਨਾ ਚਲੇ ਵਸ, ਕਰਨ ਕਰਾਵਣਹਾਰ ਕਰੇ ਖ਼ੁਦਾਇਆ । ਅੰਤਮ ਕਲਜੁਗ ਹੋਏ ਪ੍ਰਗਟ, ਲੋਕਮਾਤ ਫੇਰਾ ਪਾਇਆ । ਵੇਖਣਹਾਰਾ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕਾਂ ਕੁੰਡਾ ਲਾਹਿਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਨਾਉਂ ਵਖਾਇਆ । ਸੀਆਂ ਵੰਡੇ ਸਾਢੇ ਤਿੰਨ ਹੱਥ, ਸੰਬਲ ਆਪਣਾ ਡੇਰਾ ਲਾਇਆ । ਭਗਤ ਭਗਵੰਤ ਲਏ ਰੱਖ, ਰੱਖਕ ਆਪਣੀ ਸੇਵ ਕਮਾਇਆ । ਬਿਨ ਪੜ੍ਹਿਆਂ ਬਿਨ ਗਾਇਆਂ ਖੋਲ੍ਹੇ ਅੱਖ, ਅੱਖ ਅੱਖ ਨਾਲ ਮਿਲਾਇਆ । ਸਚਖੰਡ ਦੁਆਰਾ ਦੇਵੇ ਦੱਸ, ਸਤਿ ਸਤਿਵਾਦੀ ਆਪ ਸੁਣਾਇਆ । ਹਰਿ ਸੰਗਤ ਕਰ ਇਕੱਠ, ਏਕਾ ਮੰਤਰ ਦਏ ਪੜ੍ਹਾਇਆ । ਤੇਈ ਅਵਤਾਰਾਂ ਕਰੇ ਇਕੱਠ, ਦਸ ਗੁਰੂ ਨਾਲ ਰਲਾਇਆ । ਪੀਰ ਪੈਗ਼ੰਬਰ ਪੈਣ ਹੱਸ, ਵਾਹ ਵਾਹ ਤੇਰੀ ਵਡਿਆਇਆ । ਬਿਨ ਨੱਥੋਂ ਪਾਈ ਨੱਥ, ਸ਼ਬਦੀ ਡੋਰ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਖੇਲ ਰਚਾਇਆ । ਦੂਰ ਦੁਰਾਡੇ ਆਏ ਦੁਆਰ, ਲੋਕਮਾਤ ਫੇਰਾ ਪਾਈਆ । ਵੇਖਿਆ ਸੋਹਣਾ ਤੇਰਾ ਦਰਬਾਰ, ਵਡ ਦਾਤੇ ਬੇਪਰਵਾਹੀਆ । ਕੋਈ ਨਾ ਪਾਵੇ ਤੇਰੀ ਸਾਰ, ਉਚਾ ਡੰਡਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ, ਸਚ ਹਦੀਸ ਇਕੋ ਹੁਕਮ ਸੁਣਾਈਆ । ਏਕਾ ਹੁਕਮ ਸੁਨਣਾ ਕੰਨ, ਬਿਨ ਕੰਨਾਂ ਆਪ ਜਣਾਇੰਦਾ । ਇਕ ਫ਼ਰਮਾਣਾ ਲੈਣਾ ਮੰਨ, ਬਿਨ ਲਿਖਿਆਂ ਲੇਖ ਲਿਖਾਇੰਦਾ । ਏਕਾ ਰਸਨਾ ਕਹਿਣਾ ਧੰਨ ਧੰਨ, ਬਿਨ ਰਸਨਾ ਰਾਗ ਜਣਾਇੰਦਾ । ਏਕਾ ਵਸਨਾ ਛੱਪਰੀ ਛੰਨ, ਬਿਨ ਛੱਪਰ ਛੰਨ ਛੁਹਾਇੰਦਾ । ਏਕਾ ਰਾਗ ਗੌਣਾ ਤਨ, ਪੰਜ ਤਤ ਕਾਇਆ ਬਿਨ ਤੰਦੀ ਤੰਦ ਤਾਰ ਸਤਾਰ ਨਾ ਕੋਇ ਹਿਲਾਇੰਦਾ । ਏਕਾ ਪਰਕਾਸ਼ ਕਰੇ ਨੇਤਰ ਅੰਧ, ਨਿਰਗੁਣ ਨੂਰ ਜੋਤ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਚ ਦਰਬਾਰਾ, ਆਪ ਲਗਾਏ ਹਰਿ ਨਿਰੰਕਾਰਾ, ਨਿਰਗੁਣ

੩੭੬ ੧੨

ਆਪਣਾ ਆਸਣ ਲਾਇੰਦਾ । ਨਿਰਗੁਣ ਆਸਣ ਗਿਆ ਲੱਗ, ਸਚਖੰਡ ਵੱਜੀ ਵਧਾਈਆ । ਲੋਕਮਾਤ ਸੂਰਾ ਸਰਬੱਗ, ਸਰਬ ਕਲਾ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਸੱਦ, ਸੱਦਾ ਦੇਵੇ ਚਾਈਂ ਚਾਈਂਆ । ਤ੍ਰੈਗੁਣ ਮਾਇਆ ਲਈ ਬੰਧ, ਬੰਦੀਖ਼ਾਨੇ ਆਪਣੇ ਪਾਈਆ । ਪੰਜ ਤਤ ਲਏ ਬੰਨ੍ਹ, ਡੋਰ ਆਪਣੇ ਹੱਥ ਉਠਾਈਆ । ਗੁਰ ਅਵਤਾਰ ਆਪਣੀ ਝੋਲੀ ਰਹੇ ਅੱਡ, ਚਰਨ ਕਵਲ ਲਏ ਬਿਠਾਈਆ । ਪੀਰ ਪੈਗ਼ੰਬਰ ਆਪਣੇ ਵੇਖੇ ਆਪਣੀ ਹੱਦ, ਹੱਦ ਆਪਣੀ ਦਏ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਰਹੀ ਲੰਘ, ਵੇਲਾ ਅੰਤਮ ਗਿਆ ਆਈਆ । ਕਲਜੁਗ ਮੁਕਣਹਾਰਾ ਪੰਧ, ਪੁਰਖ ਅਬਿਨਾਸ਼ੀ ਆਪ ਮੁਕਾਈਆ । ਲੱਖ ਚੁਰਾਸੀ ਲੇਖਾ ਚੁਕਨਾ ਪੂਰਨ ਝੱਬ, ਜ਼ਾਤ ਪਾਤ ਵਰਨ ਗੋਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਬੈਠ ਸਾਚਾ ਹੁਕਮ ਸੁਣਾਈਆ । ਸਾਚਾ ਹੁਕਮ ਸੁਣ ਕੰਨ ਲਾ, ਲਾਸ਼ਰੀਕ ਆਪ ਜਣਾਇੰਦਾ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਮਲਾਹ, ਨਿਰਗੁਣ ਸਰਗੁਣ ਬੇੜਾ ਆਪ ਬੰਧਾਇੰਦਾ । ਮੰਤਰ ਨਾਮ ਕਲਮਾ ਆਏ ਪੜ੍ਹਾ, ਕਲਮਾ ਕਲਮੀ ਖੇਲ ਕਰਾਇੰਦਾ । ਗੁਰ ਗੁਰ ਆਪਣਾ ਨਾਉਂ ਧਰਾ, ਧੁਰ ਸੰਦੇਸ਼ਾ ਰਾਗ ਅਲਾਇੰਦਾ । ਅੰਤਮ ਸਭ ਦਾ ਲੇਖਾ ਦਏ ਮੁਕਾ, ਲੇਖਾ ਆਪਣੇ ਹੱਥ ਰਖਾਇੰਦਾ । ਸਾਰੇ ਇਕੱਠੇ ਕਰੋ ਸਲਾਹ, ਹਰਿ ਜੂ ਸੱਚੋ ਸਚ ਜਣਾਇੰਦਾ । ਨੌਂ ਖੰਡ ਪ੍ਰਿਥਮੀ ਦਏ ਜਣਾ, ਦੋ ਜਹਾਨਾਂ ਨਾਲ ਮਿਲਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਹੋਏ ਬੇਈਮਾਨ, ਈਮਾਨ ਸਚ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਸਾਰੇ ਉਠੇ ਏਕਾ ਵਾਰ, ਨੇਤਰ ਨੈਣ ਨੈਣ ਉਠਾਈਆ । ਚਾਰੋਂ ਕੁੰਟ ਕਰਨ ਵਿਚਾਰ, ਵਿਚਾਰੀ ਵਿਚਾਰ ਨਾਲ ਰਲਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਵਿਭਚਾਰ ਕਰੇ ਲੋਕਾਈਆ । ਨਾਰ ਕੰਤ ਨਾ ਕੋਈ ਆਧਾਰ, ਮਾਤ ਪਿਤ ਨਾ ਕੋਈ ਵਡਿਆਈਆ । ਗੁਰਦਰ ਮੰਦਰ ਮਸਜਿਦ ਹਾਹਾਕਾਰ, ਜਗਤ ਸਿਆਸਤ ਕਰੇ ਲੜਾਈਆ । ਹਰਿ ਕਾ ਨਾਮ ਨਾ ਕੋਈ ਪਿਆਰ, ਗੁਰਸਿਖ ਰੂਪ ਨਾ ਕੋਈ ਵਖਾਈਆ । ਗੀਤਾ ਗਿਆਨ ਨਾ ਕੋਈ ਆਧਾਰ, ਪੁਰਾਨੀ ਪੁਰਾਨ ਨਾ ਕੋਈ ਸਮਝਾਈਆ । ਅੰਜੀਲ ਕੁਰਾਨ ਨਾ ਕੋਇ ਆਧਾਰ, ਆਇਤ ਸ਼ਰਾਇਤ ਨਾ ਕੋਈ ਸ਼ਨਵਾਈਆ । ਗੁਰੂ ਗ੍ਰੰਥ ਨਾ ਕੋਈ ਵਿਚਾਰ, ਗੁਰੂ ਗੋਬਿੰਦ ਨਾ ਕੋਈ ਮਿਲਾਈਆ । ਉਚੀ ਕੂਕ ਕੂਕ ਕਰਨ ਪੁਕਾਰ, ਜਗਤ ਤ੍ਰਿਸ਼ਨਾ ਹੋਈ ਹਲਕਾਈਆ । ਸ਼ਿਵਦੁਆਲੇ ਮੱਠ ਖ਼ਾਲੀ ਦਿਸਣ ਦੁਆਰ, ਤੀਰਥ ਤੱਟ ਹਰਿ ਜੂ ਰੂਪ ਨਾ ਕੋਈ ਧਰਾਈਆ । ਵਿਸ਼ਨੂੰ ਵਿਸ਼ਵ ਨਾ ਕੋਈ ਭੰਡਾਰ, ਸ਼ਾਂਤਕ ਸਤਿ ਨਾ ਕੋਈ ਕਰਾਈਆ । ਬ੍ਰਹਮੇ ਬ੍ਰਹਮ ਨਾ ਕੋਈ ਪਸਾਰ, ਪਾਰਬ੍ਰਹਮ ਨਜ਼ਰ ਨਾ ਆਈਆ । ਸ਼ੰਕਰ ਸਹਿੰਸਾ ਰਹੇ ਨਾ ਕੋਈ ਸੰਸਾਰ, ਭੇਵ ਅਭੇਵ ਨਾ ਕੋਇ ਵਖਾਈਆ । ਤ੍ਰੈਗੁਣ ਪਰਦਾ ਸਕੇ ਨਾ ਕੋਈ ਪਾੜ, ਪੰਜ ਤਤ ਸਤਿ ਨਾ ਕੋਇ ਜਣਾਈਆ । ਸੱਤਰ ਬਹੱਤਰ ਚੁਹੱਤਰ ਕਰੇ ਨਾ ਕੋਈ ਉਜਿਆਰ, ਸੱਤ ਚਾਰ ਨਾ ਸੰਗ ਰਖਾਈਆ । ਗੁਰ ਅਵਤਾਰ ਵੇਖਣ ਵਾਰੋ ਵਾਰ, ਆਪਣੀ ਅੱਖ ਖੁਲ੍ਹਾਈਆ । ਪੀਰ ਪੈਗ਼ੰਬਰ ਬਹੁੜੀ ਬਹੁੜੀ ਕਰਦਾ ਰਹੇ ਪੁਕਾਰ, ਦਰੋਹੀ ਖ਼ੁਦਾਏ ਪਈ ਦੁਹਾਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਖੁਲ੍ਹੀ ਮੈਂਹਡੀ ਗੁੱਤ ਨਾਰ ਮੁਟਿਆਰ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਨੇਤਰ ਨੈਣ ਨਾ ਕੋਈ ਸ਼ਿੰਗਾਰ, ਸਾਚਾ ਨੈਣ ਨਾ ਕੋਈ ਮਟਕਾਈਆ । ਅੱਖ ਨਾਲ ਅੱਖ ਨਾ ਮਿਲਾਵੇ ਸਾਂਝਾ ਯਾਰ, ਹੱਕ ਰੂਪ ਨਜ਼ਰ ਕਿਸੇ ਨਾ ਆਈਆ । ਅਲੱਖ ਹੋਏ ਨਾ ਕੋਇ ਜੈਕਾਰ, ਉਚੇ ਟਿੱਲੇ ਪਰਬਤ ਬੈਠੇ ਡੇਰੇ ਲਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਤੱਕਣ, ਨੇਤਰ ਨੈਣ ਨੈਣ ਉਠਾਇਆ ।
ਚਾਰ ਕੁੰਟ ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ ਸੱਤ ਦੀਪ ਕੋਈ ਨਾ ਦਿਸੇ ਸਾਚਾ ਮੱਖਣ, ਛਾਛ ਰੂਪ ਨਜ਼ਰੀ ਆਇਆ । ਕੋਇ ਨਾ ਕਿਸੇ ਆਏ ਰੱਖਣ,
ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਉਠ ਉਠ ਭੱਜਣ, ਤ੍ਰੈਗੁਣ ਅਗਨੀ ਇਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਆਪਣਾ ਖੇਲ ਰਿਹਾ ਰਚਾਇਆ । ਵਿਸ਼ਨ ਬ੍ਰਹਮਾ ਸ਼ਿਵ ਮਾਰੀ ਕੂਕ, ਕੂਕ ਕੂਕ ਸੁਣਾਈਆ । ਲੱਖ ਚੁਰਾਸੀ ਸਾਡਾ ਆਵਾ ਗਿਆ
ਊਤ, ਪ੍ਰਭ ਤੇਰੀ ਕਰੇ ਨਾ ਕੋਈ ਪੜ੍ਹਾਈਆ । ਦਿਸੇ ਕੋਈ ਨਾ ਸਾਚਾ ਪੂਤ, ਸਪੂਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਜਿਉਂ ਭਾਵੇ ਤਿਉਂ ਆਪਣੇ ਕਰ, ਸਾਡੀ ਚਲੇ ਨਾ ਕੋਈ ਚਤੁਰਾਈਆ । ਪੁਰਖ ਅਬਿਨਾਸ਼ੀ ਅੱਗੋਂ ਪਿਆ ਹੱਸ, ਹੱਸ ਹੱਸ
ਆਪ ਜਣਾਇੰਦਾ । ਕਿਸੇ ਦਾ ਚਲੇ ਨਾ ਕੋਈ ਵਸ, ਹਰਿ ਜੂ ਆਪਣਾ ਹੁਕਮ ਚਲਾਇੰਦਾ । ਜਿਸ ਨੇ ਆਦਿ ਮਾਰਗ ਦਿਤਾ ਦੱਸ, ਅੰਤਮ ਆਪਣੇ
ਲੇਖੇ ਪਾਇੰਦਾ । ਏਕੰਕਾਰ ਲੇਖਾ ਚੁਕਾ ਕਰੇ ਨਾ ਬਸ, ਤ੍ਰੈਗੁਣ ਮਾਇਆ ਆਪਣੇ ਚਰਨਾਂ ਹੇਠ ਦਬਾਇੰਦਾ । ਪੰਜ ਤਤ ਥੱਲੇ ਦੇਵੇ ਢਕ, ਫੇਰ
ਬਾਹਰ ਨਾ ਕੋਇ ਕਢਾਇੰਦਾ । ਗੁਰ ਅਵਤਾਰ ਖੋਲ੍ਹਿਆ ਹੱਟ, ਬਣ ਹਟਵਾਣਾ ਆਪ ਚਲਾਇੰਦਾ । ਅੰਤਮ ਮਾਰੇ ਇਕੋ ਸੱਟ, ਸ਼ਬਦ ਹੁਲਾਰਾ
ਇਕ ਵਖਾਇੰਦਾ । ਚਰਨ ਦੁਆਰੇ ਆਏ ਨੱਸ, ਸਚ ਦੁਆਰਾ ਇਕ ਵਖਾਇੰਦਾ । ਆਪਣਾ ਆਪਣਾ ਹਾਲ ਰਹੇ ਦੱਸ, ਪਿਛਲਾ ਲੇਖਾ ਪੁੱਛ ਪੁਛਾਇੰਦਾ ।
ਏਥੋਂ ਕੋਈ ਨਾ ਜਾਵੇ ਨੱਸ, ਹਰਿ ਜੂ ਆਪਣਾ ਘੇਰਾ ਪਾਇੰਦਾ । ਆਪਣੀ ਕਰਨੀ ਗਏ ਫਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੩੭੮ ਕਰ, ਤੇਈ ਅਵਤਾਰ ਪੁੱਛ ਪੁਛਾਇੰਦਾ । ਤੇਈ ਅਵਤਾਰ ਦੱਸੇ ਹਾਲ, ਹਰਿ ਜੂ ਹਰਿ ਆਪ ਸੁਣਾਇਆ । ਸਤਿਜੁਗ ਤ੍ਰੇਤਾ ਦੁਆਪਰ ਬਣਿਆ ਕਾਲ, ੩੭੮
੧੨ ਕਾਲ ਆਪਣਾ ਰੰਗ ਰੰਗਾਇਆ । ਮਹਾਕਾਲ ਵਸਣਹਾਰਾ ਧਰਮਸਾਲ, ਧਰਮ ਦੁਆਰੇ ਡੇਰਾ ਲਾਇਆ । ਜੁਗ ਜੁਗ ਚਲੇ ਅਵੱਲੜੀ ਚਾਲ, ਜਗਤ ੧੨
ਜੁਗਤ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲੇਖਾ ਮੰਗ ਮੰਗਾਇਆ । ਏਕਾ ਲੇਖਾ ਮੰਗੇ ਜਗਦੀਸ਼,
ਦੂਜਾ ਨਜ਼ਰ ਕੋਈ ਨਾ ਆਈਆ । ਜਿਸ ਦਾ ਪੀਸਣ ਲਿਆ ਪੀਸ, ਜੁਗ ਚੌਕੜੀ ਸੇਵ ਕਮਾਈਆ । ਜਿਸ ਦੀ ਗਾ ਗਾ ਆਏ ਹਦੀਸ, ਪੜ੍ਹ
ਪੜ੍ਹ ਕਰ ਪੜ੍ਹਾਈਆ । ਸੋ ਸਾਹਿਬ ਸਿਰ ਧਰ ਕੇ ਬੈਠਾ ਤਾਜ ਸੀਸ, ਸੀਸ ਜਗਦੀਸ਼ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਤੇਈ ਅਵਤਾਰ ਉਠ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇਆ । ਸਤਿਜੁਗ ਤ੍ਰੇਤਾ ਦੁਆਪਰ
ਵੇਖਿਆ ਵਾਰੋ ਵਾਰ, ਵਾਹ ਵਾਹ ਤੇਰੀ ਵਡ ਵਡਿਆਇਆ । ਤੇਰਾ ਨਾਉਂ ਪੰਜ ਤਤ ਪਿਆਰ, ਤਤਵ ਤਤ ਨਾਲ ਮਿਲਾਇਆ । ਬ੍ਰਹਮ ਮਤ ਮਤ
ਏਕਾ ਵਾਰ, ਪਾਰਬ੍ਰਹਮ ਬ੍ਰਹਮ ਸਮਝਾਇਆ । ਤੇਰੇ ਭਗਤਾਂ ਸਚ ਵਿਹਾਰ, ਸਾਚੇ ਸੰਤਾਂ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨੂਰ ਤੇਰਾ ਰੁਸ਼ਨਾਇਆ । ਤੇਰਾ ਨੂਰ ਤੇਰੀ ਜੋਤ, ਤੇਰੇ ਰੰਗ ਸਮਾਈਆ । ਜੁਗਾ ਜੁਗੰਤ ਵਸੇ
ਕਾਇਆ ਕਿਲਾ ਕੋਟ, ਪੰਜ ਤਤ ਤਤ ਬੰਧਾਈਆ । ਸ਼ਬਦ ਨਗਾਰੇ ਲਾਏ ਚੋਟ, ਮਤ ਮਨ ਬੁੱਧ ਆਪ ਸਮਝਾਈਆ । ਪੱਤਤ ਪੁਨੀਤ ਤੇਰੀ ਓਟ,
ਏਕਾ ਏਕ ਸਰਨਾਈਆ । ਜੁਗ ਬੀਤੇ ਕੋਟੀ ਕੋਟ, ਕੋਟਨ ਕੋਟ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਰਨਾਈਆ । ਸਰਨਗਤ ਪ੍ਰਭ ਤੇਰੀ ਠਾਕਰ, ਤੇਈ ਅਵਤਾਰ ਰਹੇ ਜਣਾਈਆ । ਤੇਰਾ ਦੁਆਰ ਵੱਡਾ ਸਾਗਰ, ਹਉਂ ਮਛਲੀ ਤਰਨ ਨਾ ਜਾਈਆ । ਦਰ ਆਇਆਂ ਘਰ ਦੇਵੇ ਆਦਰ, ਹੱਥ ਤੇਰੇ ਵਡਿਆਈਆ । ਤੂੰ ਸ਼ਾਹ ਵਡ ਬਹਾਦਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੂੰ ਪਿਤਾ ਪੂਤ ਪਿਦਰ ਮਾਦਰ, ਪਿਸਰ ਤੇਰੀ ਖੇਲ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਓਟ ਤਕਾਈਆ । ਤੇਰੀ ਓਟ ਆਏ ਤੱਕ, ਤੱਕਿਆ ਇਕ ਸਹਾਰਾ । ਤੂੰ ਸਾਹਿਬ ਪੁਰਖ ਸਮਰਥ, ਤਿਸ ਬਖ਼ਸ਼ਣਹਾਰਾ । ਲੋਕਮਾਤ ਆਏ ਨੱਠ, ਤ੍ਰਿਲੋਕੀ ਨਾਥ ਲਏ ਅਵਤਾਰਾ । ਜਗਤ ਗਿਆਨ ਮੰਤਰ ਦੱਸ, ਅੱਖਰ ਅੱਖਰ ਕਰ ਵਰਤਾਰਾ । ਤੇਰੀ ਗਾ ਗਾ ਮਹਿਮਾ ਜਸ, ਭਰਿਆ ਆਪ ਭੰਡਾਰਾ । ਬਿਨ ਭਗਤਾਂ ਕਿਸੇ ਨਾ ਆਵੇ ਵਸ, ਦੱਸਿਆ ਰਾਹ ਸੁਖਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਏ ਚਲ ਤੇਰੇ ਦੁਆਰਾ । ਦਰ ਦੁਆਰੇ ਤੇਰੇ ਭਗਵਾਨ, ਤੇਰੀ ਸਰਨ ਤਕਾਈਆ । ਤੇਈ ਅਵਤਾਰ ਮੰਗਣ ਦਾਨ, ਖ਼ਾਲੀ ਝੋਲੀ ਰਹੇ ਵਖਾਈਆ । ਬਣਦੇ ਰਹੇ ਕਾਹਨ, ਗੋਪੀ ਸੁਰਤੀ ਸ਼ਬਦ ਬੰਧਾਈਆ । ਤੇਰਾ ਝੁੱਲਿਆ ਇਕ ਨਿਸ਼ਾਨ, ਨਿਸ਼ਾਨਾ ਇਕੋ ਘਰ ਸੁਹਾਈਆ । ਅਸੀਂ ਚਰਨੀਂ ਡਿੱਗੇ ਆਣ, ਢਹਿ ਪਏ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਤੁਟਿਆ ਮਾਣ, ਬਣ ਨਿਮਾਣੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਵਰ ਦਾਤਾ ਤੂੰ ਰਘੁਰਾਈਆ । ਤੂੰ ਦਾਤਾ ਦਾਤਾਰ, ਬੇਅੰਤ ਬੇਅੰਤ ਅਖਵਾਇੰਦਾ । ਤੂੰ ਭੰਡਾਰੀ ਵਡ ਭੰਡਾਰ, ਸਚ ਭੰਡਾਰ ਆਪ ਵਰਤਾਇੰਦਾ । ਤੂੰ ਬਖ਼ਸ਼ਿੰਦ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਅਸੀਂ ਤੇਰੇ ਚੰਦ ਤੇਈ ਅਵਤਾਰ, ਤੂੰ ਪਿਤਾ ਇਕ ਅਖਵਾਇੰਦਾ । ਖ਼ਾਲੀ ਆਏ ਸਰਬ ਦਰਬਾਰ, ਹੱਥ ਨਜ਼ਰ ਕੋਈ ਨਾ ਆਇੰਦਾ । ਜਿਉਂ ਭਾਵੇ ਤਿਉਂ ਲੈਣਾ ਤਾਰ, ਤੇਰੇ ਅੱਗੇ ਤੇਰਾ ਬਰਦਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਹਰਿ ਕਰਤਾਰ, ਏਕਾ ਵਾਰ ਜਣਾਈਆ । ਸੁਣ ਹੁਕਮ ਤੇਈ ਅਵਤਾਰ, ਤ੍ਰੈਗੁਣ ਆਪਣਾ ਰਹੇ ਜਣਾਈਆ । ਕਲਜੁਗ ਅੰਤਮ ਆਈ ਵਾਰ, ਪੁਰਖ ਅਬਿਨਾਸ਼ੀ ਖੇਲ ਰਚਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਰਿਹਾ ਕਰਾਈਆ । ਇਕ ਸੁਹਾਏ ਉਚ ਦੁਆਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਨਿਰਗੁਣ ਜੋਤੀ ਨੂਰ ਪਸਾਰ, ਨੂਰੋ ਨੂਰ ਨੂਰ ਬੇਪਰਵਾਹੀਆ । ਚੌਥੇ ਜੁਗ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਆਪਣਾ ਫ਼ਰਜ਼ ਦਏ ਵਖਾਈਆ । ਕਾਤਲ ਮਕਤੂਲ ਵੇਖੇ ਇਕ ਦੁਆਰ, ਵੇਖਣਹਾਰਾ ਇਕੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਈ ਅਵਤਾਰਾਂ ਦਏ ਸਾਲਾਹੀਆ । ਤੇਈ ਅਵਤਾਰ ਰੱਖਣਾ ਯਾਦ, ਹਰਿ ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਪੁਰਖ ਸਮਰਥ, ਪਾਰਬ੍ਰਹਮ ਵੇਸ ਵਟਾਇੰਦਾ । ਜੁਗ ਜੁਗ ਦੇਵਣਹਾਰਾ ਦਾਦ, ਆਪਣਾ ਨਾਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਰਹੇ ਸੁਣ, ਸੁਣ ਸੁਣ ਸ਼ੁਕਰ ਮਨਾਇਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਤੇਰਾ ਅੰਤ ਕਿਸੇ ਨਾ ਪਾਇਆ । ਏਕਾ ਨਾਦ ਏਕਾ ਧੁਨ, ਏਕਾ ਰਾਗ ਰਿਹਾ ਸੁਣਾਇਆ । ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਆਪ ਆਪਣਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇਆ । ਸਚਖੰਡ ਦੁਆਰੇ

ਬੈਠ ਪਰਵਰਦਿਗਾਰ, ਬੇਪਰਵਾਹ ਖੇਲ ਕਰਾਈਆ । ਈਸਾ ਮੂਸਾ ਆਏ ਦੁਆਰ, ਦਸ ਦਸ ਕਦਮ ਪਿਛੇ ਬੈਠੇ ਸੀਸ ਝੁਕਾਈਆ । ਤੇਰੇ ਹੁਕਮੇ ਅੰਦਰ ਬਣੇ ਫਰਮਾਂਬਰਦਾਰ, ਫ਼ਰਜ਼ ਆਪਣਾ ਪੂਰ ਕਰਾਈਆ । ਤੇਰਾ ਹੁਕਮ ਸੰਦੇਸ਼ਾ ਵਿਚ ਸੰਸਾਰ, ਸਾਦਕ ਸਿਦਕ ਸਬਕ ਪੜ੍ਹਾਈਆ । ਏਕਾ ਅਲਫ਼ ਕਰ ਤਿਆਰ, ਆਰਫ਼ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਦਰ ਦੁਆਰੇ ਬੈਠੇ ਪਾਂਧੀ, ਆਪਣਾ ਪੰਧ ਮੁਕਾਇਆ । ਚੌਥੇ ਜੁਗ ਥੱਕੀ ਮਾਂਦੀ, ਆਪਣਾ ਹਾਲ ਰਹੀ ਸੁਣਾਈਆ । ਚੌਦਾਂ ਤਬਕ ਵਗੀ ਆਂਧੀ, ਮੁਹੰਮਦ ਨੇਤਰ ਨੈਣਾਂ ਨੀਰ ਵਹਾਈਆ । ਅੱਲਾ ਰਾਣੀ ਗੀਤ ਸੁਣਾਇੰਦੀ, ਸਾਚਾ ਢੋਲਾ ਏਕਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਮਿਲੇ ਸਰਨਾਇਆ । ਈਸਾ ਮੂਸਾ ਦੁਆਰੇ ਢੱਠ, ਦਰ ਸਯਦਾ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਰ ਕਿਰਪਾ ਪੁਰਖ ਸਮਰਥ, ਸਮਰਥ ਤੇਰੀ ਵਡਿਆਈਆ । ਅੰਤਮ ਕਰਨੀ ਪੂਰੀ ਆਸ, ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਹੁਕਮ ਅਮਾਮ, ਆਲਮੀਨ ਆਪ ਜਣਾਇੰਦਾ । ਧੁਰਦਰਗਾਹੀ ਇਕ ਪੈਗ਼ਾਮ, ਵਡ ਅਮਾਮ ਆਪ ਸੁਣਾਇੰਦਾ । ਦਸਤਗੀਰ ਪਕੜੇ ਦਾਮਨ, ਦਸਤ ਬਰਦਾਰ ਦਸਤ ਮਿਲਾਇੰਦਾ । ਇਕ ਵਖਾਏ ਸਚ ਜਾਮ, ਆਬੇਹਯਾਤ ਇਕ ਵਖਾਇੰਦਾ । ਏਕਾ ਕਰੇ ਖੇਲ ਤਮਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਮੁਹੰਮਦ ਛੋਟਾ ਬਾਲਾ ਗਿਆ ਰੁੱਠ, ਦਰ ਦਰ ਆਪਣਾ ਹਾਲ ਸੁਣਾਈਆ । ਮੇਰਾ ਖ਼ਾਲੀ ਦਿਸੇ ਬੁੱਤ, ਬੁੱਤ ਤੇਰਾ ਰੰਗ ਵਖਾਈਆ । ਮੇਰੇ ਕੋਲ ਨਾ ਕੋਈ ਕੁੱਛ, ਖ਼ਾਲੀ ਭੰਡਾਰ ਨਜ਼ਰੀ ਆਈਆ । ਮੈਂ ਆਇਆ ਦੂਰੋਂ ਪੁੱਛ, ਮਿਲੇ ਦਰ ਤੇਰੇ ਸਰਨਾਈਆ । ਕਿਉਂ ਸਾਹਿਬ ਬੈਠਾ ਲੁਕ, ਪਰਵਰਦਿਗਾਰ ਮੁਖ ਛੁਪਾਈਆ । ਤੇਰੇ ਹੁਕਮ ਅੰਦਰ ਕਲਜੁਗ ਗਿਆ ਬੁੱਕ, ਚਾਰ ਕੁੰਟ ਡੰਕ ਵਜਾਈਆ । ਸਚ ਸੁੱਚ ਕੱਢੀ ਕੁੱਟ, ਜੂਠ ਝੂਠ ਕਰੀ ਕੁੜਮਾਈਆ । ਨਵ ਨੌਂ ਚਾਰ ਪਈ ਲੁੱਟ, ਸਚ ਵਸਤ ਰਹਿਣ ਨਾ ਪਾਈਆ । ਤੂੰ ਕਿਉਂ ਗਿਆ ਰੁੱਸ, ਆਪਣੀ ਕਰਵਟ ਨਾ ਬਦਲਾਈਆ । ਮੇਰੇ ਚੌਦਾਂ ਤਬਕ ਮੈਥੋਂ ਗਏ ਰੁੱਸ, ਤੇਰਾ ਦਰਸ ਕਰਨ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਸਰਨ ਸਰਨਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਦੀਨ ਦਿਆਲ ਦਇਆ ਕਮਾਈਆ । ਸਦ ਤੇਰਾ ਵੇਖੇ ਹੱਕ ਹਲਾਲ, ਹਕੀਕਤ ਆਪਣੇ ਹੱਥ ਰਖਾਇੰਦਾ । ਕਰੇ ਖੇਲ ਇਕ ਕਮਾਲ, ਕਾਇਨਾਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੁਆਰੇ ਆਪ ਬਹਾਇੰਦਾ । ਦਰ ਦੁਆਰੇ ਆਓ ਨੇੜੇ, ਨੇਰਨ ਨੇਰਾ ਆਪ ਜਣਾਇੰਦਾ । ਦੂਰ ਦੁਰਾਡੇ ਮੁੱਕੇ ਝੇੜੇ, ਜਗ ਝਗੜਾ ਆਪ ਮੁਕਾਇੰਦਾ । ਅੱਗੇ ਵੇਖੋ ਤੇਈ ਅਵਤਾਰ ਕਿਹੜੇ ਕਿਹੜੇ, ਭਾਈ ਭਾਈਆਂ ਨਾਲ ਮਿਲਾਇੰਦਾ । ਪਾਰਬ੍ਰਹਮ ਦੇ ਖੁਲ੍ਹੇ ਵੇਹੜੇ, ਅੱਧਵਿਚਕਾਰ ਵੰਡ ਨਾ ਕੋਈ ਜਣਾਇੰਦਾ । ਰਲ ਮਿਲ ਬਹਿਣਾ ਸਾਚੇ ਖੇੜੇ, ਸਾਚਾ ਖੇੜਾ ਇਕ ਸੁਹਾਇੰਦਾ । ਆਪੇ ਕਰੇ ਹੱਕ ਨਬੇੜੇ, ਹੱਕੋ ਹੱਕ ਸਭ ਦੀ ਝੋਲੀ ਪਾਇੰਦਾ । ਜੁਗ ਜੁਗ ਦੇਂਦਾ ਆਇਆ ਗੇੜੇ, ਗੇੜਾ ਆਪਣੇ ਹੱਥ ਰਖਾਇੰਦਾ । ਆਪ ਪਾਏ ਸਾਚੇ ਘੇਰੇ, ਘੇਰਾ ਆਪਣੇ ਨਾਮ ਪਾਇੰਦਾ । ਏਥੇ ਬਹਿਣਾ ਵੱਡੇ ਕਰ ਕੇ ਜੇਰੇ, ਹਰਿ ਜੂ ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਇਜ਼ਾਜਤ ਦੇਵੇ ਅਮਾਮ, ਅੱਗੇ ਆ ਕੇ ਕਰੋ ਸਲਾਮ, ਅਲੈਕਮ


੩੮੦
੧੨

ਆਪਣਾ ਨਾਉਂ ਵਟਾਇੰਦਾ । ਆਏ ਕਰਨ ਸਰਬ ਸਲਾਮ, ਪਾਰਬ੍ਰਹਮ ਸੀਸ ਝੁਕਾਈਆ । ਰਹਿਬਰ ਬਣ ਵਿਚ ਸੰਸਾਰ, ਬੇਖ਼ਬਰ ਸਾਚੀ ਸਚ ਆਪਣੀ ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਆਇਆ ਜਾਬਰ ਜ਼ਬਰਦਸਤ ਦਸਤਗੀਰ, ਦਸਤਬਰਦਾਰ ਕਰੇ ਸਰਬ ਲੋਕਾਈਆ । ਲੇਖਾ ਜਾਣੇ ਖ਼ੁਦਾ ਬਦਲਣਹਾਰ ਤਦਬੀਰ, ਤਕਸੀਰ ਸਭ ਦੀ ਰਿਹਾ ਮਿਟਾਈਆ । ਹਾਏ ਬੌਹੜੀ ਦਰੋਹੀ ਖ਼ੁਦਾਏ ਸਾਚੇ ਕੱਟੇ ਜ਼ੰਜੀਰ, ਸ਼ਰਅ ਜ਼ੰਜੀਰ ਨਜ਼ਰ ਕੋਈ ਨਾ ਆਈਆ । ਬੀ ਪਹਿਰ ਮਹਿਬਾਨ ਬੀਦੋ ਬੀ ਖ਼ੈਰ ਯਾ ਮੁਬੈਨ ਬੀ ਖ਼ੈਰ ਯਾ ਅਲਾਹ ਆਲਮੀਨ ਇਕੋ ਇਕ ਰੰਗ ਬੇਨਜ਼ੀਰ, ਬੇਅੰਤ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਬੇਨਜ਼ੀਰ, ਸੋ ਆਪਣੀ ਨਜ਼ਰ ਸਾਡੇ ਉਤੇ ਪਾਈਆ । ਚਾਰ ਜੁਗ ਆਪਣੇ ਦੁਆਰੇ ਅੱਗੇ ਖਿਚ ਕੇ ਰੱਖੀ ਲਕੀਰ, ਕੋਈ ਗੁਰ ਅਵਤਾਰ ਅੱਗੇ ਲੰਘ ਨਾ ਪਾਈਆ । ਮੁਖ ਨਕ਼ਾਬ ਰੱਖ ਪਰਦਾ ਓਹਲਾ ਰੱਖਦਾ ਰਿਹਾ ਬਣ ਹਕੀਰ, ਆਪਣੀ ਹਰਕਤ ਨਾ ਕਿਸੇ ਵਖਾਈਆ । ਜਿਸ ਦੇ ਪਿੱਛੇ ਚੌਦਾਂ ਤਬਕ ਹੋਏ ਦਿਲਗੀਰ, ਸੋ ਪੀਰ ਮਿਲਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਤੀ ਇਕ ਸਰਨ ਸਰਨਾਈਆ । ਈਸਾ ਮੂਸਾ ਚਰਨ ਢੱਠ, ਢਹਿ ਢਹਿ ਸ਼ੁਕਰ ਮਨਾਇਆ । ਮੇਰੇ ਖ਼ੁਦਾ ਸਾਡਾ ਤੁਟਾ ਹਠ, ਮਾਣ ਮੋਹ ਨਾ ਕੋਈ ਰਖਾਇਆ । ਤਸਬੀ ਮਣਕਾ ਮੌਲਾ ਤੇਰਾ ਨਾਮ ਇਕ ਰਟ, ਰੱਟਾ ਸ਼ਰੀਅਤ ਜਗਤ ਮੁਕਾਇਆ । ਇਕ ਤੇਰਾ ਵੇਖਿਆ ਹੱਟ, ਕਵਣ ਕੂਟ ਮੁਹੰਮਦ ਮੂਸਾ ਈਸਾ ਬੈਠੇ ਡੇਰਾ ਲਾਇਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਸਰਨ ਸੱਚੀ ਸਰਨਾਇਆ । ਪੁਰਖ ਅਬਿਨਾਸ਼ੀ ਆਪਣੇ ਚਰਨਾਂ ਹੇਠਾਂ ਰੱਖ, ਹੁਕਮੀ ਹੁਕਮ ਮਨਾਇਆ । ਤੁਹਾਡਾ ਲੇਖਾ ਮੁਕਾਣਾ ਕਰਨਾ ਬਸ, ਨਾਨਕ ਨਿਰਗੁਣ ਵੇਖੇ ਧਿਆਨ ਲਗਾਇਆ । ਸਚਖੰਡ ਦੁਆਰੇ ਰਿਹਾ ਹਰਿ ਹਰਿ ਗਾ, ਬਿਨ ਰਸਨਾ ਜਿਹਵਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇਆ । ਆ ਨਾਨਕ ਵੇਖ ਸਚਖੰਡ, ਸਚਖੰਡ ਨਿਵਾਸੀ ਆਪ ਸੁਹਾਈਆ । ਨਿਰਗੁਣ ਨਿਰਗੁਣ ਕਦੇ ਨਾ ਹੋਏ ਰੰਡ, ਨਿਰਗੁਣ ਕੰਤ ਨਿਰਗੁਣ ਨਾਰ ਰਿਹਾ ਹੰਢਾਈਆ । ਨਿਰਗੁਣ ਪੀਰ ਨਿਰਗੁਣ ਸੰਤ, ਨਿਰਗੁਣ ਰੱਤੀ ਰੱਤ ਸੁਹਾਈਆ । ਨਿਰਗੁਣ ਮਣੀਆ ਨਿਰਗੁਣ ਮੰਤ, ਨਿਰਗੁਣ ਸਤਿਨਾਮ ਪੜ੍ਹਾਈਆ । ਨਿਰਗੁਣ ਆਦਿ ਨਿਰਗੁਣ ਅੰਤ, ਨਿਰਗੁਣ ਆਪਣਾ ਖੇਲ ਸਮਝਾਈਆ । ਨਿਰਗੁਣ ਜੀਵ ਨਿਰਗੁਣ ਜੰਤ, ਨਿਰਗੁਣ ਘਟ ਘਟ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਵਖਾਈਆ । ਸਾਚਾ ਪਿਆਰ ਨਾਲ ਪਾਏ ਬੰਧਨ, ਬੰਧਨ ਏਕਾ ਏਕ ਰਖਾਇੰਦਾ । ਸਚਖੰਡ ਨਿਵਾਸੀ ਸਾਚਾ ਚੰਦਨ, ਚੌਦਾਂ ਰਤਨ ਰੰਗ ਰੰਗਾਇੰਦਾ । ਦੋ ਜਹਾਨਾਂ ਕਰੇ ਬੰਦਨ, ਬੰਦਨਾ ਸਾਚੀ ਇਕ ਸਮਝਾਇੰਦਾ । ਲੇਖਾ ਜਾਣੇ ਇਕ ਅਨੰਦਨ, ਰੁੱਤ ਰੁੱਤ ਵਿਚ ਰੰਗਾਇੰਦਾ । ਵਸਣਹਾਰਾ ਕੋਟ ਬ੍ਰਹਿਮੰਡਣ, ਬ੍ਰਹਿਮੰਡ ਖੰਡ ਖੇਲ ਕਰਾਇੰਦਾ । ਗੁਰ ਗੁਰ ਕਰੇ ਵੰਡਣ, ਦਸ ਦਸ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਡਗਮਗਾਇੰਦਾ । ਏਕਾ ਜੋਤੀ ਸਾਚਾ ਨੂਰ, ਨੂਰ ਨੁਰਾਨਾ ਨੂਰ ਧਰਾਈਆ । ਏਕਾ ਜ਼ਾਹਿਰ ਹੋਏ ਜ਼ਹੂਰ, ਜ਼ਾਹਰ ਆਪਣਾ ਖੇਲ ਖਿਲਾਈਆ । ਏਕਾ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਥਾਈਆ । ਏਕਾ ਵਸੇ ਨੇੜੇ ਦੂਰ, ਦੂਰ ਦੁਰਾਡਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਲਏ ਮਿਲਾਈਆ । ਨਿਰਗੁਣ ਨਾਨਕ ਦਸ ਦਸ ਧਾਰ, ਗੁਰ ਗੁਰ ਰੂਪ ਜਣਾਇੰਦਾ । ਏਕਾ ਘਰ ਕਰੇ ਪਿਆਰ, ਏਕਾ ਆਪਣੀ ਖੇਲ ਖਲਾਇੰਦਾ । ਏਕਾ ਰਾਗ

ਏਕਾ ਨਾਦ, ਏਕਾ ਨੂਰ ਨਜ਼ਰੀ ਆਇੰਦਾ । ਏਕਾ ਸ਼ਬਦ ਨਾਮ ਜੈਕਾਰ, ਏਕਾ ਰਾਮ ਸੀਤਾ ਸੁਰਤੀ ਸੰਗ ਨਿਭਾਇੰਦਾ । ਏਕਾ ਕਾਹਨ ਕਰੇ ਪਿਆਰ, ਏਕਾ ਰਾਧਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪ ਸੁਹਾਇੰਦਾ । ਸਾਚਾ ਘਰ ਸੋਭਾਵੰਤ, ਹਰਿ ਹਰਿ ਜੂ ਆਪ ਸੁਹਾਈਆ । ਲੇਖਾ ਜਾਣੇ ਭਗਤ ਭਗਵੰਤ, ਭਗਤ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦੇਵੇ ਸੁਣਾਈਆ । ਸਚ ਸੰਦੇਸ਼ਾ ਥਾਨ ਥਨੰਤਰ, ਨਿਰਗੁਣ ਨਿਰਗੁਣ ਆਪ ਜਣਾਇਆ । ਚਾਰ ਜੁਗ ਦਾ ਸਾਚਾ ਮੰਤਰ, ਸਤਿ ਸਤਿਵਾਦੀ ਆਪ ਸੁਣਾਇਆ । ਸਤਿਜੁਗ ਬਣਾਏ ਸਾਚੀ ਬਣਤਰ, ਘੜਨ ਭੰਨਣਹਾਰ ਖੇਲ ਆਪ ਖਿਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ ਆਸਣ ਆਪਣਾ ਲਾਇੰਦਾ । ਤ੍ਰੈਗੁਣ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਮੰਡਲ ਮੰਡਪ ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਲਗਾਇਆ । ਸਚ ਦਰਬਾਰ ਸੋਹੇ ਭਗਤ, ਹਰਿ ਭਗਵਾਨ ਸੀਸ ਝੁਕਾਈਆ । ਤੇਰਾ ਖੇਲ ਵੇਖਿਆ ਜਗਤ, ਜਗ ਜੀਵਣ ਤੇਰੀ ਵਡਿਆਈਆ । ਤੇਰਾ ਨੂਰ ਤੇਰੀ ਰਕਤ, ਤੇਰੀ ਬੂੰਦ ਭਗਤ ਕੁੜਮਾਈਆ । ਤੇਰੀ ਧਾਰ ਤੇਰੀ ਸ਼ਕਤ, ਤੇਰਾ ਨਾਮ ਤੇਰਾ ਜਸ ਗਾਈਆ । ਤੇਰਾ ਵੇਲਾ ਤੇਰਾ ਵਕਤ, ਤੇਰੀ ਥਿਤ ਤੇਰੀ ਵੰਡ ਵੰਡਾਈਆ । ਇਕ ਕਬੀਰੇ ਮਿਟੀ ਹਰਸ, ਚੜ੍ਹ ਮੰਦਰ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਖੇਲ ਕਰਾਈਆ । ਕਬੀਰ ਜੁਲਾਹਾ ਉਚੇ ਟਿੱਲੇ ਗਿਆ ਵਸ, ਹਰਿ ਜੂ ਹਰਿ ਹਰਿ ਮੇਲ ਮਿਲਾਇੰਦਾ । ਭਗਤ ਭਗਵਾਨ ਪਏ ਹੱਸ, ਹੰਸਮੁਖ ਖੇਲ ਖਿਲਾਇੰਦਾ । ਪ੍ਰੇਮ ਪਿਆਰ ਅੰਦਰ ਗਏ ਫਸ, ਨਾਤਾ ਬਿਧਾਤਾ ਨਾ ਕੋਈ ਤੁੜਾਇੰਦਾ । ਕਬੀਰ ਕਹੇ ਮੈਂ ਤੇਰਾ ਗਾਇਆ ਜਸ, ਰਸਨਾ ਜਿਹਵਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਜੁਲਾਹੇ ਆਪ ਸਮਝਾਇੰਦਾ । ਕਬੀਰ ਜੁਲਾਹਾ ਹਰਿ ਜੂ ਦੱਸੇ, ਏਕਾ ਸ਼ਬਦ ਜਣਾਈਆ । ਹਰ ਘਟ ਹਰਿ ਆਪੇ ਵਸੇ, ਘਰ ਘਰ ਡੇਰਾ ਲਾਈਆ । ਕਦੇ ਰੋਵੇ ਕਦੇ ਹੱਸੇ, ਆਪ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਚੁਕਾਈਆ । ਕਬੀਰ ਅੱਗੋਂ ਮਾਰੇ ਤਾਹਨਾ, ਏਕਾ ਏਕ ਜਣਾਇੰਦਾ । ਤੂੰ ਵਸਣਹਾਰਾ ਸਚਖੰਡ ਮਕਾਨਾ, ਤੇਰਾ ਘਰ ਨਜ਼ਰ ਕਿਸੇ ਨਾ ਆਇੰਦਾ । ਭਰਮੇ ਭੁੱਲੇ ਜੀਵ ਜਹਾਨਾ, ਜੀਵਣ ਜੁਗਤ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਜਨ ਭਗਤਾਂ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਹੋ ਖ਼ੁਸ਼ਹਾਲ, ਏਕਾ ਵਕਤ ਰਿਹਾ ਸਮਝਾਈਆ । ਅੰਤਮ ਕਲਜੁਗ ਹੋਵਾਂ ਦਿਆਲ, ਦੀਨ ਦਿਆਲ ਦਇਆ ਕਮਾਈਆ । ਭਗਤ ਵੇਖਾਂ ਸਾਚੇ ਲਾਲ, ਲੋਕਮਾਤ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਲਵਾਂ ਉਠਾਲ, ਉਠ ਉਠ ਆਪਣਾ ਰਾਹ ਚਲਾਈਆ । ਦੇਵਾਂ ਮਾਣ ਸਿੰਘ ਪਾਲ, ਵਿਚ ਪਾਲਕੀ ਸਚ ਬਹਾਈਆ । ਜਗਦੀਸ਼ ਸਿੰਘ ਦੀਪਕ ਬਾਲ, ਸਾਚਾ ਨੂਰ ਕਰਾ ਰੁਸ਼ਨਾਈਆ । ਸਿੰਘ ਮਨਜੀਤ ਮੰਨ ਸੁਵਾਲ, ਮਨ ਵਾਸਨਾ ਦਏ ਮੁਕਾਈਆ । ਸਿੰਘ ਸਵਰਨ ਨਾ ਖਾਏ ਕਾਲ, ਮਹਾਕਾਲ ਨੇੜ ਨਾ ਆਈਆ । ਗੁਰਦਿਆਲ ਵੇਖੇ ਸੱਚੀ ਧਰਮਸਾਲ, ਬਲ ਦੁਆਰਾ ਸੋਭਾ ਪਾਈਆ । ਬਾਵਨ ਚਲੇ ਨਾਲ ਨਾਲ, ਬਲਧਾਰੀ ਰੂਪ ਵਖਾਈਆ । ਪੰਚ ਕਰ ਦਰ ਪਰਵਾਨ, ਸਚ ਸੰਦੇਸ਼ਾ ਦਏ ਸੁਣਾਈਆ । ਨਾਨਕ ਲੇਖਾ ਕਰ ਪਰਵਾਨ, ਲੇਖਾ ਆਪਣੇ ਲੇਖੇ ਪਾਈਆ ।

ਪੰਚ ਪਰਵਾਨ ਪੰਚ ਪਰਧਾਨ, ਪੰਚਾਂ ਦੇਵੇ ਦਰਗਾਹ ਮਾਣ, ਦਰਗਹਿ ਸਾਚੀ ਦਰ ਪਰਵਾਨ, ਏਕਾ ਏਕ ਦਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਜ ਭਗਤ ਪੰਜ ਦੁਲਾਰ, ਪੰਚ ਆਪਣੇ ਰਾਹ ਚਲਾਇੰਦਾ । ਕਬੀਰ ਤੇਰੀ ਸੁਣ ਪੁਕਾਰ, ਹਰਿਜਨ ਸੰਗ ਨਾਲ ਰਲਾਇੰਦਾ । ਕਲਜੁਗ ਵੇਖੇ ਆਪ ਨਿਰੰਕਾਰ, ਵਾਰ ਥਿਤ ਨਾ ਕੋਈ ਜਣਾਇੰਦਾ । ਰਾਮ ਰੂਪ ਹੋ ਤਿਆਰ, ਕ੍ਰਿਸ਼ਨ ਕਾਹਨ ਰੰਗ ਰੰਗਾਇੰਦਾ । ਈਸਾ ਮੂਸਾ ਦੇ ਅਧਾਰ, ਭੀਤਰ ਆਪਣੀ ਗੰਢ ਪੁਵਾਇੰਦਾ । ਨਾਨਕ ਨਿਰਗੁਣ ਇਕ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਸਾਚਾ ਖੋਲ੍ਹ ਇਕ ਕਿਵਾੜ, ਧਰਤ ਧਵਲ ਧੌਲ ਵਡਿਆਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਦਾ ਭਾਰ ਦਏ ਉਤਾਰ, ਭਗਵਨ ਸਿਰ ਆਪਣੇ ਭਾਰ ਉਠਾਇੰਦਾ । ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਪਿਛਲਾ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਕਬੀਰ ਕਹੇ ਸੁਣ ਮੀਤ, ਮਿੱਤਰ ਪਿਆਰੇ ਆਪ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਗੌਂਦੇ ਰਹੇ ਗੀਤ, ਤੇਰਾ ਨਾਮ ਧਿਆਈਆ । ਸ਼ਿਵਦੁਆਲੇ ਮੱਠ ਬਣਾਏ ਮੰਦਰ ਮਸੀਤ, ਗੁਰਦੁਆਰੇ ਨਾਲ ਰਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾਏ ਗੀਤ, ਗੀਤਾ ਗਿਆਨ ਅੰਜੀਲ ਕੁਰਾਨ ਨਾਲ ਮਿਲਾਈਆ । ਖਾਣੀ ਬਾਣੀ ਭੇਵ ਨਾ ਪਾਇਣ ਰਾਗ ਛੱਤੀਸ, ਲੱਖ ਚੁਰਾਸੀ ਬਣ ਸੇਵਕ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦਏ ਹਦੀਸ, ਸਾਚੀ ਸਚ ਕਰੇ ਪੜ੍ਹਾਈਆ । ਕਲਜੁਗ ਅੰਤਮ ਖ਼ਾਲੀ ਕਰੇ ਖ਼ੀਸ, ਸ਼ਾਹ ਸੁਲਤਾਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਦਏ ਸਮਝਾਈਆ । ਕਬੀਰ ਜੁਲਾਹਾ ਦੋਏ ਜੋੜ, ਸਰਨ ਸਰਨਾਈ ਸੀਸ ਝੁਕਾਇੰਦਾ । ਤੂੰ ਸਦਾ ਜਾਏਂ ਬੌਹੜ, ਤੇਰਾ ਅੰਤ ਕੋਇ ਨਾ ਆਇੰਦਾ । ਜਨ ਭਗਤਾਂ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਰਸ ਕਰੇਂ ਮਿੱਠਾ ਕੌੜ, ਮਿਹਰ ਨਜ਼ਰ ਇਕ ਟਿਕਾਇੰਦਾ । ਦੋ ਜਹਾਨਾਂ ਲਾਏਂ ਪੌੜ, ਉਚ ਡੰਡਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਇੰਦਾ । ਸੁਣ ਭਗਤ ਦੱਸੇ ਭਗਵਾਨ, ਦਹਿ ਦਿਸ਼ਾ ਆਪਣੀ ਖੇਲ ਕਰਾਈਆ । ਜੋਤੀ ਨੂਰ ਹੋਵਾਂ ਦੋ ਜਹਾਨ, ਹੰ ਬ੍ਰਹਮ ਕਰਾਂ ਕੁੜਮਾਈਆ । ਹੰ ਬ੍ਰਹਮ ਕਰਾਂ ਪਿਆਰ, ਪਾਰਬ੍ਰਹਮ ਮੇਲ ਮਿਲਾਈਆ । ਆਤਮ ਪਰਮਾਤਮ ਦੇਵਾਂ ਦਾਨ, ਈਸ਼ ਜੀਵ ਗੰਢ ਪੁਵਾਈਆ । ਪੰਜ ਤਤ ਕਾਇਆ ਮੰਦਰ ਵੇਖ ਮਕਾਨ, ਸਚ ਸਿੰਘਾਸਣ ਇਕ ਸੁਹਾਈਆ । ਡੂੰਘੀ ਭਵਰੀ ਹੋ ਪਰਧਾਨ, ਕਾਇਆ ਕਵਰੀ ਕੁੰਡਾ ਲਾਹੀਆ । ਆਤਮ ਸੇਜੇ ਇਕ ਨਿਸ਼ਾਨ, ਨਿਰਮਲ ਨੂਰ ਜੋਤ ਰੁਸ਼ਨਾਈਆ । ਸ਼ਬਦ ਅਨਾਦ ਸੱਚੀ ਧੁਨਕਾਨ, ਅਨਹਦ ਨਾਦੀ ਰਾਗ ਸੁਣਾਈਆ । ਪਵਣ ਪਾਣੀ ਸਰਬ ਸ਼ਰਮਾਣ, ਜੋਤੀ ਜੋਤ ਖੇਲ ਕਰਾਈਆ । ਸੁਰਤੀ ਸ਼ਬਦੀ ਇਕ ਗਿਆਨ, ਬਿਨਾਂ ਅੱਖਰਾਂ ਅੱਖਰ ਪੜ੍ਹਾਈਆ । ਬਜਰ ਕਪਾਟੀ ਖੋਲ੍ਹ ਦੁਕਾਨ, ਦੂਈ ਦਵੈਤੀ ਪਰਦਾ ਲਾਹੀਆ । ਸਾਚੇ ਮੰਦਰ ਹੋ ਪਰਧਾਨ, ਸਚ ਸੰਦੇਸ਼ਾ ਇਕ ਸੁਣਾਈਆ । ਭਗਤ ਭਗਵਾਨ ਕਰੇ ਪਹਿਚਾਨ, ਪਹਿਚਾਨ ਵਿਚ ਆਪ ਕਿਸੇ ਨਾ ਆਈਆ । ਚਾਰ ਜੁਗ ਅੰਤਮ ਵਿਛੜੇ ਮੇਲੇ ਆਣ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਵੀਹ ਸੌ ਬਿਕਰਮੀ ਹੋ ਪਰਧਾਨ, ਨਿਰਗੁਣ ਆਪਣਾ ਭੇਵ ਚੁਕਾਈਆ । ਧੁਰ ਸੰਦੇਸ਼ਾ ਦੇਵੇ ਆਣ, ਭਾਰਤ ਖੰਡ ਕਰੇ ਜਣਾਈਆ । ਕਲਜੁਗ ਮੇਟੇ ਪਿਛਲਾ ਨਿਸ਼ਾਨ, ਸਤਿਜੁਗ ਨਿਸ਼ਾਨਾ ਦਏ

ਜਣਾਈਆ । ਗੁਰਮੁਖ ਸਾਚੇ ਦੇਵੇ ਦਾਨ, ਦਾਤਾ ਦਾਨੀ ਆਪਣਾ ਨਾਉਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਬੀਰ ਜੁਲਾਹੇ ਰਿਹਾ ਸਮਝਾਈਆ । ਕਬੀਰ ਜੁਲਾਹੇ ਵੇਖਣ ਔਣਾ, ਹਰਿ ਜੂ ਹਰਿ ਸੁਣਾਇੰਦਾ । ਪੁਰਖ ਅਬਿਨਾਸ਼ੀ ਖੇਲ ਕਰੌਣਾ, ਖਾਣੀ ਬਾਣੀ ਭੇਵ ਕੋਈ ਨਾ ਆਇੰਦਾ । ਸਚ ਮਹੱਲ ਇਕ ਪਰਗਟੌਣਾ, ਪਾਰਬ੍ਰਹਮ ਆਪਣਾ ਰੰਗ ਰੰਗਾਇੰਦਾ । ਦੀਪਕ ਜੋਤੀ ਇਕ ਜਗੌਣਾ, ਤੇਲ ਬਾਤੀ ਨਾ ਕੋਇ ਪਾਇੰਦਾ । ਸ਼ਬਦੀ ਅਗੰਮੀ ਏਕਾ ਗੌਣਾ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਬਹੱਤਰ ਨਾੜ ਰੰਗ ਰੰਗੌਣਾ, ਨੂਰ ਨੂਰ ਡਗਮਗਾਇੰਦਾ । ਭਗਤ ਭਗਵਾਨ ਆਪ ਉਠਾਉਣਾ, ਪੂਰਬ ਲੇਖਾ ਲੇਖੇ ਪਾਇੰਦਾ । ਬਹੱਤਰਾਂ ਆਪਣੀ ਗੋਦ ਬਹੌਣਾ, ਦਰ ਮੰਦਰ ਕੁੰਡਾ ਲਾਹਿੰਦਾ । ਸੱਤਰਾਂ ਆਪਣੇ ਦਰ ਰਖੌਣਾ, ਚੁਹੱਤਰਾਂ ਆਪਣੇ ਅੰਗ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜ ਉਠੌਣਾ, ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਔਣਾ, ਬਣ ਪਾਂਧੀ ਪੰਧ ਮੁਕੌਣਾ, ਦਰ ਆ ਦਰਸ਼ਨ ਪੌਣਾ, ਦਰਸੀ ਦਰਸ ਦਰਸ ਆਪ ਕਰਾਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਸ਼ੁਕਰ ਮਨੌਣਾ, ਸ਼ੁਕਰ ਗੁਜ਼ਾਰ ਸਰਬ ਅਖਵਾਇੰਦਾ । ਗੁਰ ਅਵਤਾਰ ਜਸ ਗੌਣਾ, ਜਸ ਸਤਿਗੁਰ ਇਕ ਸੁਣਾਇੰਦਾ । ਸਚ ਦੁਆਰ ਆਪ ਪਰਗਟੌਣਾ, ਪ੍ਰਗਟ ਆਪਣਾ ਰੰਗ ਰੰਗਾਇੰਦਾ । ਤਿਸ ਦੁਆਰੇ ਭਗਤਾਂ ਗੀਤ ਹਰਿ ਜੂ ਗੌਣਾ, ਗੀਤ ਗੋਬਿੰਦ ਆਪ ਸੁਣਾਇੰਦਾ । ਭਗਤ ਅਠਾਰਾਂ ਨਾਲ ਮਿਲੌਣਾ, ਚਲ ਚਲ ਆਪਣੀ ਖ਼ੁਸ਼ੀ ਮਨੌਣਾ, ਏਕਾ ਕਾਇਆ ਬੰਧਨ ਪੌਣਾ, ਏਕੰਕਾਰ ਏਕਾ ਆਪਣਾ ਰੰਗ ਵਖਾਇੰਦਾ । ਦੂਜੇ ਦਰ ਭੇਵ ਚਕੌਣਾ, ਸੁਤ ਦੁਲਾਰੇ ਵੇਖ ਵਖਾਇੰਦਾ । ਤੀਜੇ ਦਰ ਪਰਦਾ ਲਾਹੌਣਾ, ਏਕਾ ਨੂਰ ਧਰਾਇੰਦਾ । ਚੌਥੇ ਪਦ ਡੇਰਾ ਲੌਣਾ, ਡੇਰਾ ਆਪਣਾ ਆਪ ਜਣਾਇੰਦਾ । ਪੰਚਮ ਰਾਗ ਇਕ ਅਲੌਣਾ, ਪੰਚਮ ਪੰਚਮ ਏਕਾ ਘਰ ਬਹਾਇੰਦਾ । ਛੇਵੇਂ ਛੱਪਰ ਛੰਨ ਇਕ ਸੁਹੌਣਾ, ਸਾਚੇ ਘਰ ਦਰਸ਼ਨ ਪਾਇੰਦਾ । ਸਾਚੀ ਛੱਪਰੀ ਭਾਗ ਲਗੌਣਾ, ਸਤਿ ਪੁਰਖ ਨਿਰੰਜਣ ਡੇਰਾ ਲਾਇੰਦਾ । ਅੱਠਾਂ ਤਤਾਂ ਭੇਵ ਚੁਕੌਣਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖ ਵਖਾਇੰਦਾ । ਨੌਂ ਨੌਂ ਵੇਖ ਵਖੌਣਾ, ਨੌਂ ਦੁਆਰੇ ਪਰਦਾ ਲਹਿੰਦਾ । ਦਸਮ ਦੁਆਰਾ ਆਪ ਸੁਹੌਣਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਹਾਜ਼ਰ ਹੋ ਕੇ ਦਰਸ ਦਖੌਣਾ, ਆਪ ਆਪਣਾ ਵੇਸ ਵਟਾਇੰਦਾ । ਵੀਹ ਸੌ ਉਨੀ ਬਿਕਰਮੀ ਆਪ ਖੇਲ ਵਖੌਣਾ, ਹਾੜ ਸਤਾਰਾਂ ਵੰਡ ਵੰਡਾਈਆ । ਸਾਚੇ ਭਗਤਾਂ ਮਾਣ ਦਿਵੌਣਾ, ਭਗਤ ਭਗਵਾਨ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਸੁਹਾਇੰਦਾ । ਸਾਚਾ ਦਰ ਸੁਹਾਏ ਜਗਦੀਸ਼, ਜਗਦੀਸ਼ ਆਪਣੇ ਹੱਥ ਰੱਖੇ ਵਡਿਆਈਆ । ਸਾਹਿਬ ਸੁਲਤਾਨ ਛਤਰ ਝੁਲਾਏ ਸੀਸ, ਛੱਤਰਧਾਰੀ ਇਕ ਹੋ ਜਾਈਆ । ਦੋ ਜਹਾਨਾਂ ਮੰਨਣੀ ਪਏ ਹਦੀਸ, ਕੋਇ ਸਕੇ ਨਾ ਸੀਸ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੇ ਕਰਤਾਰ, ਵਰਤਾਵਣਹਾਰ ਆਪ ਅਖਵਾਇਆ । ਚੁਹੱਤਰਾਂ ਕਰੇ ਆਪ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਆਪ ਮਿਲਾਇਆ । ਤ੍ਰੈਗੁਣ ਤੇਰਾ ਸਤਿ ਭੰਡਾਰ, ਪੰਜ ਤਤ ਲੇਖਾ ਰਿਹਾ ਚੁਕਾਇਆ । ਗੁਰ ਅਵਤਾਰ ਹੋਏ ਬੇਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਯਾਰੀ ਯਾਰ ਨਾਲ ਵਖਾਇਆ । ਭਗਤ ਅਠਾਰਾਂ ਦੇ ਆਧਾਰ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਦਸ ਗੁਰੂ ਕਰੋ ਵਿਚਾਰ, ਵੇਲਾ ਅੰਤਮ ਨੇੜੇ ਆਇਆ । ਸਭ ਦਾ ਲਹਿਣਾ ਮੁਕਿਆ ਅੰਤ ਸੰਸਾਰ, ਲੇਖਾ ਕੋਇ

ਰਹਿਣ ਨਾ ਪਾਇਆ । ਉਠੋ ਸਾਰੇ ਕਰੋ ਇਕਰਾਰ, ਇਕਰਾਰਨਾਮਾ ਹਰਿ ਜੂ ਰਿਹਾ ਲਿਖਾਇਆ । ਦੀਨ ਮਜ਼੍ਹਬ ਸਭ ਨੂੰ ਛੱਡਣਾ ਪਏ ਵਿਹਾਰ, ਬਿਵਹਾਰੀ ਆਪਣਾ ਵਿਹਾਰ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਜਣਾਈਆ । ਸਾਰੇ ਉਠਣ ਉਠ ਉਠ ਵੇਖਣ, ਇਕ ਦੂਜੇ ਵਲ ਧਿਆਨ ਲਗਾਈਆ । ਕਲਜੁਗ ਅੰਤਮ ਮਿਟਣ ਲੱਗੀ ਰੇਖਣ, ਹਰਿ ਜੂ ਹਰਿ ਹਰਿ ਆਪ ਮਿਟਾਈਆ । ਨਿਰਗੁਣ ਭੇਖ ਧਾਰਿਆ ਭੇਖਣ, ਭੇਖਾਧਾਰੀ ਭੇਸ ਵਟਾਈਆ । ਮੁੱਛ ਦਾੜ੍ਹੀ ਨਾ ਕੇਸਨ, ਨਾ ਕੋਈ ਮੂੰਡ ਮੁੰਡਾਈਆ । ਇਕੋ ਰਾਮ ਇਕ ਰਹੀਮ ਇਕੋ ਦਸ ਦਸਮੇਸ਼ਨ, ਇਕੋ ਗੋਬਿੰਦ ਖੇਲ ਕਰਾਈਆ । ਆਦਿ ਜੁਗਾਦਿ ਰਹੇ ਹਮੇਸ਼ਨ, ਨਾ ਮਰੇ ਨਾ ਜਾਈਆ । ਸਭ ਦਾ ਲੇਖਾ ਆਇਆ ਮੇਟਣ, ਮੇਟਣਹਾਰ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦੀ ਸਰਨ ਲੇਟਣ, ਸਚ ਸਿੰਘਾਸਣ ਰਿਹਾ ਵਿਛਾਈਆ । ਸਚ ਦੁਆਰੇ ਲਏ ਲਪੇਟਣ, ਆਪਣਾ ਪਰਦਾ ਇਕੋ ਪਾਈਆ । ਛੋਟੇ ਬਾਲੇ ਬਣ ਬਣ ਖੇਡਣ, ਪੁਰਖ ਅਬਿਨਾਸ਼ੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਸੱਚੀ ਕੁੜਮਾਈਆ । ਕਰੇ ਕੁੜਮਾਈ ਬਣ ਮਲਾਹ, ਹਰਿ ਜੂ ਖੇਲ ਕਰਾਇੰਦਾ । ਗੁਰ ਅਵਤਾਰ ਪੈਗ਼ੰਬਰ ਕਰੋ ਸਲਾਹ, ਸਾਚਾ ਨਾਤਾ ਆਪ ਜੜਾਇੰਦਾ । ਇਕ ਦੂਜੇ ਦੀ ਪਕੜੋ ਬਾਂਹ, ਹੱਥ ਨਾਲ ਹੱਥ ਮਿਲਾਇੰਦਾ । ਅੱਲਾ ਮੀਆਂ ਸਭ ਦਾ ਬਣੇ ਪਿਤਾ ਮਾਂ, ਨਾਰੀ ਕੰਤ ਵੇਸ ਵਟਾਇੰਦਾ । ਰਾਮ ਕ੍ਰਿਸ਼ਨ ਆਪ ਅਖਵਾ, ਨਾਨਕ ਗੋਬਿੰਦ ਰੰਗ ਰੰਗਾਇੰਦਾ । ਚਾਰ ਜੁਗ ਦੇ ਗੁਰ ਅਵਤਾਰ ਆਪਣੀ ਗੋਦ ਬਹਾ, ਅਗਲਾ ਲੇਖਾ ਆਪ ਜਣਾਇੰਦਾ । ਖਾਣੀ ਬਾਣੀ ਦੋ ਜਹਾਨੀ ਸ਼ਾਹ ਸੁਲਤਾਨੀ ਦੇਵੇ ਪੰਧ ਮੁਕਾ, ਬਣ ਪਾਂਧੀ ਫੇਰਾ ਪਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੇਂਦਾ ਆਇਆ ਪਨਾਹ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਭੇਵ ਚੁਕਾ, ਨੇਤਰ ਨੈਣ ਨੈਣ ਉਠਾਇੰਦਾ । ਕੋਈ ਸਕੇ ਨਾ ਸਿਰ ਉਠਾ, ਹੁਕਮੀ ਹੁਕਮ ਆਪ ਜਣਾਇੰਦਾ । ਚੌਦਾਂ ਤਬਕ ਢੇਰੀ ਬੈਠਾ ਢਾਹ, ਚੌਦਾਂ ਲੋਕ ਸਰਬ ਕੁਰਲਾਇੰਦਾ । ਰਾਏ ਧਰਮ ਦੋਏ ਜੋੜ ਪਏ ਸਰਨਾ, ਚਿੱਤਰ ਗੁਪਤ ਆਪਣਾ ਲੇਖ ਨਾ ਕੋਈ ਵਖਾਇੰਦਾ । ਪੁਰਖ ਅਬਿਨਾਸ਼ੀ ਖੇਲ ਰਿਹਾ ਕਰਾ, ਆਪ ਆਪਣੀ ਧਾਰ ਚਲਾਇੰਦਾ । ਕਬੀਰ ਜੁਲਾਹੇ ਦਏ ਵਖਾ, ਨੇਤਰ ਨੈਣ ਇਕ ਖੁਲ੍ਹਾਇੰਦਾ । ਨਾਮੇ ਉਠ ਵੇਖ ਮਾਰ ਧਿਆਨ, ਧਿਆਨ ਧਿਆਨ ਨਾਲ ਰਲਾਇੰਦਾ । ਧੰਨੇ ਜੱਟ ਤੇਰਾ ਪਿਛਲਾ ਲੇਖਾ ਦਏ ਮੁਕਾ, ਜੱਟ ਜੱਟਾਂ ਨਾਲ ਮਿਲਾਇੰਦਾ । ਕਰੇ ਖੇਲ ਬੇਪਰਵਾਹ, ਆਪ ਆਪਣੀ ਕਲ ਧਰਾਇੰਦਾ । ਹਰਿ ਭਗਤ ਲਏ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਸਤਿਜੁਗ ਸਾਚਾ ਮਾਰਗ ਦਏ ਚਲਾ, ਕਲਜੁਗ ਲੇਖਾ ਪੂਰ ਕਰਾਇੰਦਾ । ਸਿਰ ਸਕੇ ਨਾ ਕੋਈ ਉਠਾ, ਸੀਸ ਜਗਦੀਸ਼ ਸਰਬ ਝੁਕਾਇੰਦਾ । ਗੋਬਿੰਦ ਪੁਰਖ ਅਕਾਲ ਰਿਹਾ ਸੁਣਾ, ਜੁਗ ਜੁਗ ਆਪਣਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਦੋ ਜਹਾਨਾਂ ਵਾਲੀ ਨਿਰਗੁਣ ਨੂਰ ਜੋਤ ਅਕਾਲ, ਸ੍ਰੀ ਭਗਵਾਨ ਭਗਤ ਅਧਾਰ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਜਨ ਆਏ ਦੁਆਰ, ਹਰਿ ਹਰਿ ਮਾਣ ਰਖਾਇੰਦਾ । ਲੋਕਮਾਤ ਦਾ ਸਚ ਵਿਹਾਰ, ਬਣ ਵਿਵਹਾਰੀ ਆਪ ਵਖਾਈਆ । ਸਚਖੰਡ ਦਾ ਸਚ ਦੁਆਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਰਵਦਾਸ ਚੁਮਿਆਰ ਬਣ ਲਿਖਾਰ, ਸਾਢੇ ਤਿੰਨ ਗਿਆ ਸਮਝਾਈਆ । ਨਿਰਗੁਣ ਨਾਨਕ ਕੂਕ ਕੂਕ ਪੁਕਾਰ, ਏਕਾ ਸੋਹਲਾ ਗਿਆ ਸੁਣਾਈਆ । ਸੋਹੰ ਢੋਲਾ ਅਪਰ ਅਪਾਰ, ਕਾਇਆ ਚੋਲਾ ਦਏ ਬਦਲਾਈਆ । ਵੇਦ ਵਿਆਸਾ ਬੰਨ੍ਹੇ

ਧਾਰ, ਵੇਦ ਕਤੇਬ ਮੁਖ ਸ਼ਰਮਾਈਆ । ਤੂਹੀ ਤੂਹੀ ਕਰ ਪੁਕਾਰ, ਗੋਬਿੰਦ ਗੋਬਿੰਦ ਗਿਆ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਕਰੋ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਇਕੋ ਸ਼ਰਅ ਇਕ ਅਮਾਮ, ਇਬਕੁਲ ਵਕਤ ਇਕ ਸਮਝਾਇੰਦਾ । ਏਕਾ ਇਸਮ ਆਜ਼ਮ ਕਰਨਾ ਪਰਨਾਮ, ਇਸਲਾਮ ਏਕਾ ਘਰ ਵਖਾਇੰਦਾ । ਏਕਾ ਹੁਜ਼ਰੇ ਬਹਿ ਬਹਿ ਦਏ ਪੈਗ਼ਾਮ, ਏਕਾ ਕਾਅਬਾ ਆਪ ਵਖਾਇੰਦਾ । ਏਕਾ ਪੈਗ਼ੰਬਰ ਬਣੇ ਅਮਾਮ, ਆਪ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਗੁਰ ਅਵਤਾਰ ਏਕਾ ਰਾਗ, ਹਰਿ ਜੂ ਆਪ ਸੁਣਾਈਆ । ਪਿਛਲਾ ਲੇਖਾ ਦਿਓ ਤਿਆਗ, ਅਗਲਾ ਮਾਰਗ ਰਿਹਾ ਜਣਾਈਆ । ਆਤਮ ਪਰਮਾਤਮ ਉਪਜੇ ਵੈਰਾਗ, ਵੈਰਾਗੀ ਰਿਹਾ ਸਮਝਾਈਆ । ਸੁਰਤ ਸੁਵਾਣੀ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਬਣ ਬਣ ਹੰਸ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਘਰ ਵਿਚ ਘਰ ਜਗਾਏ ਚਿਰਾਗ, ਏਕਾ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾਏ ਆਗ, ਅਗਨੀ ਅੱਗ ਨਾ ਕੋਈ ਲਗਾਈਆ । ਚਰਨ ਧੂੜ ਕਰਾਏ ਮਜਨ ਮਾਘ, ਦੁਰਮਤ ਮੈਲ ਧੁਵਾਈਆ । ਏਥੇ ਓਥੇ ਬਣੇ ਸੱਜਣ ਸਾਕ, ਸਚ ਸੰਦੇਸ਼ਾ ਇਕ ਸੁਣਾਈਆ । ਨੂਰੀ ਖ਼ੁਦਾਇਆ ਪਾਕ, ਏਕਾ ਅਲਫ਼ੀ ਤਨ ਹੰਢਾਈਆ । ਪਿਛਲੇ ਔਗਣ ਕਰੇ ਮੁਆਫ਼, ਮੁਫ਼ਤ ਸੌਦਾ ਰਿਹਾ ਵਰਤਾਈਆ । ਅੱਗੇ ਕੋਈ ਨਾ ਰਹੇ ਗੁਸਤਾਖ਼, ਗੁਸਾ ਕੋਈ ਰਹਿਣ ਨਾ ਪਾਈਆ । ਕਲਜੁਗ ਵੇਖਣ ਆਇਆ ਘਾਟ, ਨਿਰਗੁਣ ਨੂਰ ਕਰ ਰੁਸ਼ਨਾਈਆ । ਕਬੀਰ ਜੁਲਾਹੇ ਵੇਖ ਨੈਣਾਂ ਸਾਥ, ਜਨ ਭਗਤਾਂ ਰਿਹਾ ਤਰਾਈਆ । ਲੇਖਾ ਮੁਕਿਆ ਸਾਢੇ ਤਿੰਨ ਤਿੰਨ ਹੱਥ, ਸੱਚਾ ਆਪਣਾ ਦਰਸ ਦਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਰਹੇ ਕਰਾਮਾਤ, ਸੋ ਕਰਾਮਾਤ ਆਪਣਾ ਰੰਗ ਰਿਹਾ ਵਖਾਈਆ । ਉਠੋ ਵੇਖੋ ਮਾਰ ਝਾਤ, ਝਾਕੀ ਅੰਦਰ ਨਜ਼ਰੀ ਆਈਆ । ਸ਼ਾਹ ਅਸਵਾਰਾ ਪਾਕੀ ਪਾਕ, ਪੀਰ ਪੈਗ਼ੰਬਰ ਮੇਲ ਮਿਲਾਈਆ । ਭਗਤ ਭਗਵੰਤ ਉਤਾਰੇ ਇਕੋ ਘਾਟ, ਪਤਨ ਇਕੋ ਇਕ ਅਖਵਾਈਆ । ਚਾਰ ਵਰਨ ਖੋਲ੍ਹਿਆ ਇਕੋ ਹਾਟ, ਸਾਚਾ ਹੱਟ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਸਾਚਾ ਹੁਕਮ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਸੁਣਾਇੰਦਾ । ਸ਼ਬਦੀ ਸੁਤ ਇਕ ਬਲਵਾਨ, ਥਿਰ ਘਰ ਦੁਵਾਰੇ ਇਕ ਰਖਾਇੰਦਾ । ਵਿਸ਼ਨੂੰ ਤੇਰਾ ਤੋੜੇ ਮਾਣ, ਬ੍ਰਹਮੇ ਤੇਰਾ ਮੋਹ ਮਿਟਾਇੰਦਾ । ਸਤਿਜੁਗ ਤੇਰੀ ਕਰ ਕਲਿਆਣ, ਕੁਲਾ ਆਪਣੀ ਆਪ ਰਖਾਇੰਦਾ । ਤੇਈ ਅਵਤਾਰ ਦੇ ਦੇ ਦਾਨ, ਗੁਰ ਅਵਤਾਰ ਸੰਗ ਰਖਾਇੰਦਾ । ਉਠੋ ਸਾਰੇ ਇਕੋ ਵਾਰ ਕਰੋ ਪਰਨਾਮ, ਹੱਥ ਪਰਵਾਨਾ ਨਾਮ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਇੰਦਾ । ਸਤਿ ਸੰਦੇਸ਼ਾ ਇਕਵੰਜਾ ਬਵੰਜਾ ਧਾਰ, ਸਤਿ ਸੱਤ ਚਾਰ ਵੱਜੀ ਵਧਾਈਆ । ਚਾਰ ਜੁਗ ਦਾ ਮੀਤ ਮੁਰਾਰ, ਅੰਤਮ ਵੇਖਣ ਆਈਆ । ਕਰਨੀ ਕਰਤਾ ਪਾਵੇ ਸਾਰ, ਕਾਦਰ ਕਰੀਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੁਹੱਤਰ ਸਾਰੇ ਗਏ ਮਿਲ, ਮਿਲ ਮਿਲ ਹਾਲ ਸੁਣਾਇਆ । ਤੇਰਾ ਨੂਰ ਸਦਾ ਬਿਸਮਿਲ, ਬਿਸਮਿਲ ਤੇਰਾ ਰੰਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,

ਦਰ ਬੈਠੇ ਅਲਖ ਜਗਾਇਆ । ਦਰ ਜਗਾਈ ਇਕ ਅਲਖ, ਅਲੱਖ ਨਿਰੰਜਣ ਦਏ ਵਡਿਆਈਆ । ਅਗਲਾ ਮਾਰਗ ਦੇਣਾ ਦੱਸ, ਆਪਣੀ ਦੱਸਣੀ ਪੜ੍ਹਾਈਆ । ਤੇਰੇ ਅੱਗੇ ਸਾਡੀ ਬਸ, ਚਲੇ ਨਾ ਕੋਈ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮਿਲੇ ਓਟ ਸ਼ਰਨਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਏਕਾ ਹੁਕਮ ਜਣਾਇੰਦਾ । ਚੁਹੱਤਰਾਂ ਮਿਲੇ ਇਕ ਮਲਾਹ, ਮਲਾਹਗੀਰ ਆਪ ਅਖਵਾਇੰਦਾ । ਇਕ ਦੂਜੇ ਦੀ ਪਕੜੇ ਬਾਂਹ, ਮੇਲ ਵਿਛੋੜਾ ਆਪ ਕਰਾਇੰਦਾ । ਇਕ ਸਾਰੇ ਗੌਂਦੇ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਇਕੋ ਬਣਿਆ ਸੱਚਾ ਥਾਂ, ਥਾਨ ਥਨੰਤਰ ਇਕ ਸੁਹਾਇੰਦਾ । ਇਕ ਬਣਾਨਾ ਪਿਤਾ ਮਾਂ, ਪਿਤਾ ਮਾਂ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਸੁਣ ਦਾਤਾਰ, ਸਭ ਨੇ ਸੀਸ ਝੁਕਾਇਆ । ਗੋਬਿੰਦ ਸੂਰਾ ਉਠ ਬਲਕਾਰ, ਨੇਤਰ ਨੈਣ ਨੈਣ ਉਠਾਇਆ । ਤੇਰਾ ਰੂਪ ਪੁਰਖ ਅਕਾਲ, ਅਕਾਲ ਤੇਰੀ ਵਡਿਆਇਆ । ਤੇਰੀ ਸਿਫ਼ਤ ਨਾ ਦੀਨ ਦਿਆਲ, ਸਿਫ਼ਤੀ ਸਿਫ਼ਤ ਨਾ ਕੋਈ ਸਾਲਾਹਿਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇਆ । ਮੈਂ ਛੋਟਾ ਤੇਰਾ ਲਾਲ, ਲਾਲ ਨੀਹਾਂ ਹੇਠ ਦਬਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਕਰ ਤੇਰੀ ਭਾਲ, ਨਿਰਗੁਣ ਸਰਗੁਣ ਖੋਜ ਖੁਜਾਇਆ । ਕਲਜੁਗ ਬਣੇ ਇਕ ਦਲਾਲ, ਆਪ ਆਪਣਾ ਵੇਸ ਵਟਾਇਆ । ਸੰਗ ਰਖਾਏ ਕਾਲ ਮਹਾਕਾਲ, ਮਹਾਬੀਰ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤੇ ਪਾਇਆ । ਤੇਰੇ ਅੱਗੇ ਵਾਸਤਾ ਮੋਰ, ਦੋਏ ਜੋੜ ਸੀਸ ਝੁਕਾਇਆ । ਤੂੰ ਚੜ੍ਹਿਆ ਸਾਚੇ ਘੋੜ, ਸ਼ਾਹ ਅਸਵਾਰ ਬੇਪਰਵਾਹਿਆ । ਤੇਰੀ ਲੱਗੀ ਨਿਭੇ ਤੋੜ, ਮੇਰੀ ਸਕੇ ਨਾ ਕੋਈ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਦਰ ਤੇਰੇ ਸੀਸ ਗਿਆ ਝੁਕ, ਹਰਿ ਸਤਿਗੁਰ ਮੀਤ ਮੁਰਾਰ । ਤੇਰਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟਣਹਾਰ । ਸੁਤ ਤੇਰਾ ਦੁਲਾਰ ਆਪਣੀ ਗੋਦੀ ਲੈਣਾ ਚੁੱਕ, ਦੇਣਾ ਇਕ ਹੁਲਾਰ । ਕਲਜੁਗ ਪੰਧ ਜਾਏ ਮੁੱਕ, ਅੰਤ ਰਹੇ ਨਾ ਵਿਚ ਸੰਸਾਰ । ਲੱਖ ਚੁਰਾਸੀ ਨਾਤਾ ਜਾਏ ਛੁੱਟ, ਕੂੜੀ ਕਿਰਿਆ ਕੂੜ ਪਸਾਰ । ਬਲ ਬਲਵਾਨ ਜਾਏ ਉਠ, ਨਿਹਕਲੰਕ ਨਰਾਇਣ ਨਰ ਅਵਤਾਰ, ਨੌਂ ਖੰਡ ਪ੍ਰਿਥਮੀ ਵੇਖੇ ਰੁਖ, ਸੱਤਾਂ ਦੀਪਾਂ ਬੋਲ ਜੈਕਾਰ । ਸਾਡੇ ਵਸ ਨਾ ਚਲੇ ਕੁੱਛ, ਕਰਤਾ ਕੀਮਤ ਪਾਵੇ ਸਾਰ । ਤੇਰੇ ਕੋਲੋਂ ਸਕੇ ਨਾ ਕੋਈ ਲੁੱਕ, ਲੁਕਿਆ ਰਹੇ ਨਾ ਸਮੁੰਦ ਸਾਗਰ ਡੂੰਘੀ ਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਚਰਨ ਹੋਇਆ ਪਨਿਹਾਰ । ਪੁਰਖ ਅਬਿਨਾਸ਼ੀ ਦਇਆ ਕਮਾ, ਰਸਨਾ ਹੁਕਮ ਸੁਣਾਇੰਦਾ । ਤੇਰਾ ਮੇਲਾ ਸਹਿਜ ਸੁਭਾ, ਘਰ ਸਾਚੇ ਆਪ ਕਰਾਇੰਦਾ । ਤੇਰੇ ਮੰਦਰ ਡੇਰਾ ਲਾ, ਤੇਰਾ ਲਹਿਣਾ ਆਪ ਮੁਕਾਇੰਦਾ । ਗੁਰ ਚੇਲਾ ਰੂਪ ਆਪ ਵਟਾ, ਸੱਜਣ ਸਈਆ ਲੋਕਮਾਤ ਫੇਰਾ ਪਾ, ਸੰਬਲ ਨਗਰੀ ਇਕ ਵਖਾਇੰਦਾ । ਭਗਤ ਭਗਵੰਤ ਲਏ ਜਗਾ, ਜੀਵਣ ਜੁਗਤ ਇਕ ਸਮਝਾਇੰਦਾ । ਚਾਰ ਜੁਗ ਦੇ ਵਿਛੜੇ ਲਏ ਮਿਲਾ, ਲੱਖ ਚੁਰਾਸੀ ਵਿਚੋਂ ਖੋਜ ਖੁਜਾਇੰਦਾ । ਸੱਤਰ ਬਹੱਤਰ ਚੁਹੱਤਰ ਏਕਾ ਗੰਢ ਦਏ ਪੁਆ, ਆਪਣੀ ਹੱਥੀਂ ਗੰਢ ਵਖਾਇੰਦਾ । ਸਚਖੰਡ ਸਚ ਦੁਆਰਾ ਲੋਕਮਾਤ ਦਏ ਪਰਗਟਾ, ਪਰਗਟ ਆਪਣਾ ਨੂਰ ਵਖਾਇੰਦਾ । ਤਿਸ ਦੁਆਰੇ ਆਸਣ ਲਏ ਲਗਾ, ਸਚ ਸਿੰਘਾਸਣ ਸੋਭਾ ਪਾਇੰਦਾ ।

੩੮੭
੧੨

ਗੁਰ ਅਵਤਾਰ ਪੀਰ ਪੈਗ਼ੰਬਰ ਦਰ ਲਏ ਬੁਲਾ, ਪਿਛਲਾ ਲੇਖਾ ਆਪ ਚੁਕਾਇੰਦਾ । ਸੁਲਾਹਕੁਲ ਬਣ ਖ਼ੁਦਾ, ਸੁਲਾ ਸਭ ਦੀ ਆਪ ਕਰਾਇੰਦਾ । ਮੁਲਾ ਮੁਸਾਇਕ ਪੀਰ ਕੋਈ ਦਿਸੇ ਨਾ, ਸ਼ੇਖ਼ ਨਜ਼ਰ ਕੋਈ ਨਾ ਆਇੰਦਾ । ਪੰਡਤ ਪਾਂਧੇ ਦਏ ਮੁਕਾ, ਥੱਕਾ ਮਾਂਦਾ ਪਾਰ ਕਰਾ, ਗ੍ਰੰਥੀ ਪੰਥੀ ਸਾਚੀ ਸੈਂਚੀ ਇਕ ਵਖਾਇੰਦਾ । ਈਸਾ ਮੂਸਾ ਲਏ ਜਗਾ, ਪਰਵਰਦਿਗਾਰ ਹੁਕਮ ਮਨਾਇੰਦਾ । ਕਾਲਾ ਸੂਸਾ ਤਨ ਛੁਹਾ, ਮੁਖ ਨਕਾਬ ਪਰਦਾ ਲਾਹਿੰਦਾ । ਸਾਚਾ ਢੋਲਾ ਏਕਾ ਗਾ, ਦੋ ਜਹਾਨ ਸੁਣਾਇੰਦਾ । ਮੌਲਾ ਰੂਪ ਆਪ ਵਟਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਦੋ ਜਹਾਨਾਂ ਨਾਅਰੇ ਲਾ, ਸ੍ਰਿਸ਼ਟ ਸਬਾਈ ਆਪ ਜਗਾਇੰਦਾ । ਕਰ ਖੇਲ ਬੇਪਰਵਾਹ, ਖ਼ਾਲਕ ਖ਼ਲਕ ਆਪ ਹਿਲਾਇੰਦਾ । ਪਹਿਲਾ ਦੂਜਾ ਦਰ ਖੁਲ੍ਹਾ, ਤੀਜੇ ਆਪਣੇ ਨੈਣ ਜਣਾਇੰਦਾ । ਚੌਥੇ ਦਰ ਸੋਭਾ ਪਾ, ਪੰਚਵੇਂ ਆਪਣਾ ਰਾਗ ਅਲਾਇੰਦਾ । ਛੇ ਸੱਤ ਜੋਤ ਜਗਾ, ਅੱਠ ਨੌਂ ਵੰਡ ਵੰਡਾ, ਦਸਵੇਂ ਲਹਿਣਾ ਮੂਲ ਚੁਕਾ, ਦਸਮ ਦੁਆਰੀ ਕੁੰਡਾ ਲਾਹਿੰਦਾ । ਗੋਬਿੰਦ ਸਾਚੇ ਸੁਤ ਜਗਾ, ਦਸ ਇਕ ਗਿਆਰਾਂ ਜਗਤ ਤਨ ਮੁਨਾਰ ਆਪ ਬਣਾਇੰਦਾ । ਦਸ ਦਸ ਦੋ ਬਾਰਾਂ, ਬਾਰਾਂ ਬਾਰਾਂ ਲੇਖਾ ਲਾ, ਨੌਂ ਦਰ ਦਰਬਾਰ ਸੁਹਾਇੰਦਾ । ਤੇਰਾਂ ਤੇਰਾਂ ਲੇਖਾ ਦਏ ਮੁਕਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਾਧਾਂ ਸੰਤਾਂ ਖ਼ਾਕ ਮਿਲਾਇੰਦਾ । ਚੌਦਾਂ ਚੌਦਾਂ ਦਇਆ ਕਮਾ, ਇਕੀ ਇਕੀ ਵੰਡ ਵੰਡਾ, ਪੰਦਰਾਂ ਪੰਦਰਾਂ ਤੀਰਥ ਤੱਟਾਂ ਵੇਖ ਵਖਾ, ਅਠਸਠ ਗੰਗਾ ਗੁਦਾਵਰੀ ਜਮਨਾ ਸੁਰਸਤੀ ਆਪਣੇ ਵਿਚ ਸਮਾਇੰਦਾ । ਸੰਮਤ ਸੋਲਾਂ ਭਰ ਭੰਡਾਰ, ਮਸਤੂਆਣੇ ਆਪ ਵਰਤਾਇੰਦਾ । ਸੰਮਤ ਸੱਤਰਾਂ ਖੇਲ ਕਰਤਾਰ, ਸੂਲਾਂ ਸੱਥਰ ਇਕ ਵਿਛਾਇੰਦਾ । ਸੰਮਤ ਅਠਾਰਾਂ ਲਏ ਮੁਕਾ, ਭਾਰਤ ਖੰਡ ਆਪਣਾ ਹੁਕਮ ਜਣਾਇੰਦਾ । ਸੰਮਤ ਉਨੀ ਆਪਣਾ ਪਰਦਾ ਦੇਵੇ ਲਾਹ, ਪੁਰਖ ਅਕਾਲ ਆਪਣਾ ਨੂਰ ਵਖਾਇੰਦਾ । ਸਤਿਜੁਗ ਸਾਚਾ ਮਾਰਗ ਦੇਵੇ ਲਾ, ਕਲਜੁਗ ਕੂੜੀ ਕਿਰਿਆ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਝੋਲੀ ਪਾ, ਆਪਣੇ ਘਰ ਬਹਾਇੰਦਾ । ਸਾਚੇ ਭਗਤ ਕਰ ਰੁਸ਼ਨਾ, ਜ਼ਾਤ ਪਾਤ ਮੇਟ ਮਿਟਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਮਜ਼੍ਹਬ ਗਵਾ, ਮਜ਼ਾ ਇਕ ਚਖਾਇੰਦਾ । ਸ਼ਾਹ ਰਗ ਉਪਰ ਬੈਠਾ ਦਿਸੇ ਖ਼ੁਦਾ, ਆਪਣੀ ਨੌਬਤ ਨਾਮ ਵਜਾਇੰਦਾ । ਅਨਹਦ ਰਾਗ ਰਿਹਾ ਸੁਣਾ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਪੜ੍ਹ ਪੜ੍ਹ ਪਾਰ ਸਕੇ ਨਾ ਕੋਈ ਕਰਾ, ਪੜ੍ਹਨਾ ਲਿਖਣਾ ਕੰਮ ਕਿਸੇ ਨਾ ਆਇੰਦਾ । ਜਿਸ ਜਿਸ ਸਤਿਗੁਰ ਪੂਰਾ ਮਿਲੇ ਆ, ਅੰਤ ਆਪਣੀ ਗੋਦ ਬਹਾਇੰਦਾ । ਸਤਿਜੁਗ ਸਾਚਾ ਚਲੇ ਰਾਹ, ਹਰਿ ਸਾਚਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਤੇਰਾ ਹੁਕਮ ਸੱਚੀ ਸਰਕਾਰ, ਸੁਣਿਆ ਧੁਰ ਫ਼ਰਮਾਣਾ । ਆਏ ਚਲ ਤੇਰੇ ਦੁਆਰ, ਮੰਨਿਆਂ ਤੇਰਾ ਭਾਣਾ । ਚਾਰ ਜੁਗ ਦੇ ਵਿਛੜੇ ਮੇਲੇ ਯਾਰ, ਗੁਰ ਅਵਤਾਰ ਕਰ ਪਿਆਰ, ਏਕਾ ਦੇਣਾ ਸਚ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਦਰ ਮੰਗ ਮੰਗਾਨਾ । ਮੰਗੀ ਮੰਗ ਸਾਚੇ ਘਰ, ਹਰਿ ਸਤਿਗੁਰ ਦਇਆ ਕਮਾਈਆ । ਦੀਨ ਮਜ਼੍ਹਬ ਦਾ ਚੁੱਕਾ ਡਰ, ਸ਼ਰਅ ਕਰੇ ਨਾ ਕੋਈ ਲੜਾਈਆ । ਤੁਸਾਂ ਰਲ ਕੇ ਬਹਿਣਾ ਇਕੋ ਘਰ, ਘਰ ਮੇਰੇ ਵੱਜੇ ਵਧਾਈਆ । ਜਿਸ ਨੇ ਘਾੜਨ ਲਿਆ ਘੜ, ਸੋ ਵੇਖੇ ਥਾਉਂ ਥਾਈਆ । ਉਠੋ ਸਾਰੇ ਰਲ ਕੇ ਇਕੋ ਸ਼ਬਦ ਲਓ ਪੜ੍ਹ, ਹਰਿ ਸਤਿਗੁਰ ਆਪ ਸੁਣਾਈਆ । ਸਚ ਦੁਆਰੇ ਜਾਣਾ ਵੜ, ਬਿਨ ਹਰਿ ਫਿਰ ਬਾਹਰ ਨਾ ਕੋਈ ਕਢਾਈਆ । ਸਤਿ ਸਤਿਵਾਦੀ ਪੱਲੂ ਲੈਣਾ ਫੜ, ਘਰ ਸਾਚੇ ਗੰਢ ਪੁਆਈਆ । ਏਕਾ ਮਿਲੇ ਨਰਾਇਣ

੩੯੯
੧੨

ਨਰ, ਬਣ ਨਾਰੀ ਸੇਵ ਕਮਾਈਆ । ਸਚਖੰਡ ਵਿਚ ਲੱਗੇ ਜੜ੍ਹ, ਨਾ ਸਕੇ ਕੋਈ ਉਖੜਾਈਆ । ਲੇਖਾ ਜਾਣੇ ਸੀਸ ਧੜ, ਸੀਸ ਧੜ ਕਰੇ ਵਡਿਆਈਆ । ਜਗਤ ਵਿਹਾਰ ਵਿਚ ਨਾ ਜਾਣਾ ਅੜ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਵਾਹ ਵਾਹ ਤੇਰੀ ਵਡ ਵਡਿਆਈਆ । ਪ੍ਰਭ ਦਰਸ ਪਾਇਆ ਤੇਰਾ ਨੈਣ, ਨੈਣ ਤੇਰਾ ਕਵਲ ਰੁਸ਼ਨਾਈਆ । ਧੰਨ ਭਾਗ ਤੂੰ ਆਇਆ ਲੈਣ, ਬਣ ਬਣ ਆਏਂ ਪਾਂਧੀ ਰਾਹੀਆ । ਕਲਜੁਗ ਅੰਤਮ ਬਣ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਈਆ । ਸਭ ਨੇ ਮੰਨਿਆ ਤੇਰਾ ਕਹਿਣ, ਤੇਰਾ ਕੀਤਾ ਕਥਨ ਨਾ ਜਾਈਆ । ਤੇਰਾ ਨਾਮ ਸਾਚਾ ਕਹਿਣ, ਬਸ ਤੇਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਪੱਲੂ ਲਈਏ ਫੜ, ਤੇਰੇ ਭਗਤਾਂ ਨਾਲ ਮਿਲ ਜਾਈਆ । ਤੇਰੇ ਭਗਤਾਂ ਮਿਲਣ ਆਏ, ਮੱਲਿਆ ਸਚ ਦੁਆਰ । ਲੋਕਮਾਤ ਫੇਰੇ ਪਾਏ, ਨਿਰਗੁਣ ਨਿਰਗੁਣ ਨਿਰਗੁਣ ਧਾਰ । ਜੇ ਕੋਈ ਵੇਖੇ ਨਜ਼ਰ ਨਾ ਆਏ, ਦਰ ਬੈਠੇ ਗੁਰ ਅਵਤਾਰ । ਪੁਰਖ ਅਬਿਨਾਸ਼ੀ ਖੇਲ ਕਰਾਏ, ਖੇਲਣਹਾਰ ਏਕੰਕਾਰ । ਸਾਚੇ ਭਗਤਾਂ ਰਿਹਾ ਜਗਾਏ, ਦੇਵੇ ਨਾਮ ਹੁਲਾਰ । ਆਓ ਉਠੋ ਲਹਿਣਾ ਦੇਣਾ ਦਏ ਚੁਕਾਏ, ਪ੍ਰਭ ਆਇਆ ਚੁਕਾਵਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਦਏ ਸਹਾਰ । ਉਠੋ ਭਗਤ ਕਰੋ ਤਿਆਰੀ, ਹਰਿ ਸਾਚਾ ਆਪ ਕਰਾਇੰਦਾ । ਪਹਿਲੋਂ ਆਈ ਬਹੱਤਰਾਂ ਵਾਰੀ, ਸੱਤਰਾਂ ਫੇਰ ਨਾਲ ਰਲਾਇੰਦਾ । ਚੁਹੱਤਰਾਂ ਆਤਮ ਰਹੇ ਨਾ ਕੁਆਰੀ, ਪਰਮਾਤਮ ਆਪਣੀ ਗੰਢ ਪੁਆਇੰਦਾ । ਨਾਲ ਰਲਾਏ ਸੰਗਤ ਸਾਰੀ, ਜੋ ਸੋਹੰ ਢੋਲਾ ਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਣਿਆ ਸਿਕਦਾਰੀ, ਸਾਚਾ ਹੁਕਮ ਆਪ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕਾ ਘਰ ਬਹਿ ਬਹਿ ਕਰਨ ਵਿਚਾਰੀ, ਵਿਚਾਰਿਆਂ ਵਿਚਾਰ ਵਿਚ ਕਿਸੇ ਨਾ ਆਇੰਦਾ । ਸਭ ਦੀ ਆਤਮਾ ਕਹੇ ਤੂੰ ਜਿਤਿਆ ਮੈਂ ਹਾਰੀ, ਤੇਰੀ ਜਿਤ ਸਾਡੀ ਹਾਰ ਖ਼ੁਸ਼ੀ ਮਨਾਇੰਦਾ । ਤੇਰੀ ਸੋਹੇ ਉਚ ਅਟਾਰੀ, ਜਿਸ ਦੁਆਰੇ ਬਹਿ ਬਹਿ ਖ਼ੁਸ਼ੀ ਕਰਾਇੰਦਾ । ਤੇਰੇ ਭਗਤਾਂ ਮਿਲੀ ਸਰਦਾਰੀ, ਲੋਕਮਾਤ ਬੇੜਾ ਪਾਰ ਕਰਾਇੰਦਾ । ਤੂੰ ਦਾਤਾ ਪਰਵਰਦਿਗਾਰੀ, ਤੇਰਾ ਅੰਤ ਨਾ ਕੋਈ ਪਾਇੰਦਾ । ਤੂੰ ਫਿਰੇ ਪਿਛੇ ਅਗਾੜੀ, ਅੱਗੇ ਪਿੱਛੇ ਸੇਵ ਕਮਾਇੰਦਾ । ਅਸੀਂ ਖ਼ੁਸ਼ੀ ਕਰੀਏ ਸਤਾਰਾਂ ਹਾੜੀ, ਬਹੱਤਰ ਸੱਤਰ ਚੁਹੱਤਰ ਜੈ ਜੈ ਜੈਕਾਰ ਕਰਾਇੰਦਾ । ਵਿਸ਼ਨੂੰ ਦੋਏ ਜੋੜ ਫਿਰੇ ਗੁਰਸਿਖਾਂ ਦੁਆਰੀ, ਆਪ ਆਪਣਾ ਫੇਰਾ ਪਾਇੰਦਾ । ਬ੍ਰਹਮਾ ਖ਼ਾਲੀ ਝੋਲੀ ਰਿਹਾ ਵਖਾਲੀ, ਦੋਏ ਜੋੜ ਮੰਗ ਮੰਗਾਇੰਦਾ । ਸ਼ੰਕਰ ਕਹੇ ਮੈਂ ਵਾਰੀ, ਆਪਣਾ ਮਾਣ ਗਵਾਇੰਦਾ । ਹਰਿ ਸੰਗਤ ਉਠੋ ਦਰਸ਼ਨ ਕਰੋ ਜੋਤ ਨਿਰੰਕਾਰੀ, ਨਿਰਗੁਣ ਲੋਕਮਾਤ ਫੇਰਾ ਪਾਇੰਦਾ । ਨਾਨਕ ਕਹੇ ਜੋਧਾ ਬਲਕਾਰੀ, ਜਿਸ ਗੋਬਿੰਦ ਪਿਤਾ ਮਨਾਇੰਦਾ । ਜਨ ਭਗਤਾਂ ਕਰੇ ਰਖਵਾਲੀ, ਪ੍ਰਿਤਪਾਲਣਹਾਰ ਆਪ ਅਖਵਾਇੰਦਾ । ਸਤਿਜੁਗ ਸਾਚੀ ਲਾਏ ਫੁਲਵਾੜੀ, ਸਾਧ ਸੰਗਤ ਮੇਲ ਮਿਲਾਇੰਦਾ । ਸੰਮਤ ਵੀਹ ਸੌ ਉਨੀ ਸਭ ਦੀ ਚੋਟੀ ਗਈ ਮੁੰਨੀ, ਨਾ ਕੋਈ ਮੁਸਲਿਮ ਨਾ ਕੋਈ ਸੁੰਨੀ, ਹਿੰਦੂ ਸਿਖ ਨਾ ਕੋਈ ਅਖਵਾਇੰਦਾ । ਕਰੇ ਖੇਲ ਵਡ ਗੁਣ ਗੁਣੀ, ਨਿਰਗੁਣ ਆਪਣੀ ਧਾਰ ਚਲਾਇੰਦਾ । ਜਨ ਭਗਤਾਂ ਪੈਜ ਸੁਆਰੀ, ਅੰਦਰ ਵੜ ਵੜ ਮੇਲ ਮਿਲਾਇੰਦਾ । ਨਿਰਗੁਣ ਬਣ ਕੇ ਆਏ ਨਾਰ ਮੁਟਿਆਰੀ, ਪੁਰਖ ਅਬਿਨਾਸ਼ੀ ਜੋਤ ਸ਼ਬਦ ਧਾਰ ਲੋਕਮਾਤ ਨਾ ਕੋਈ ਪਰਨਾਇੰਦਾ । ਜਨ ਭਗਤਾਂ ਮਿਲਿਆ ਆਪਣੀ ਵਾਰੀ, ਸੱਤਰਾਂ ਮਿਲੇ ਦਿਨ

੩੯੯
੧੨

ਦਿਹਾੜੀ, ਬਹੱਤਰਾਂ ਕਰੇ ਸਚ ਪਿਆਰੀ, ਚੁਹੱਤਰਾਂ ਨੇੜ ਨਾ ਆਏ ਮੌਤ ਲਾੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤੇਰਾ ਖੇਲ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਵੇਖ ਵਖਾਇਆ । ਚਾਰ ਜੁਗ ਤੇਰਾ ਪਕਵਾਨ, ਲੱਖ ਚੁਰਾਸੀ ਰਿਜ਼ਕ ਸਬਾਇਆ । ਕਲਜੁਗ ਅੰਤਮ ਹੋਇਆ ਮਿਹਰਵਾਨ, ਮਿਹਰਵਾਨ ਵੇਸ ਵਟਾਇਆ । ਨਿਰਗੁਣ ਨੂਰ ਹੋ ਪਰਧਾਨ, ਲੋਕਮਾਤ ਫੇਰਾ ਪਾਇਆ । ਜਨ ਭਗਤਾਂ ਦਿਤਾ ਦਾਨ, ਬਿਨ ਭਗਤੀ ਝੋਲੀ ਪਾਇਆ । ਬਿਨ ਪੜ੍ਹਿਆਂ ਦਿਤਾ ਗਿਆਨ, ਏਕਾ ਅੱਖਰ ਆਪ ਪੜ੍ਹਾਇਆ । ਰਾਤੀਂ ਸੁਤਿਆਂ ਮਿਲੇ ਆਣ, ਦਿਨੇ ਹੱਥ ਕਿਸੇ ਨਾ ਆਇਆ । ਜੇ ਕੋਈ ਪੁੱਛੇ ਕਿਥੇ ਵਸੇ ਭਗਵਾਨ, ਸਭ ਤੋਂ ਬੈਠਾ ਮੁਖ ਲੁਕਾਇਆ । ਗੁਰਮੁਖਾਂ ਲੇਖ ਚੁਕਾਇਆ ਆਣ, ਆਪ ਆਪਣਾ ਪਰਦਾ ਲਾਹਿਆ । ਅਸੀਂ ਚਲ ਕੇ ਆਏ ਦਰ ਦਰਬਾਨ, ਦਰ ਦਰਵੇਸ਼ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਮੰਗਣ ਮੰਗ ਮੰਗਾਇਆ । ਤੇਰੇ ਘਰ ਸਚ ਭੰਡਾਰ, ਹਰਿ ਜੂ ਇਕੋ ਮੰਗ ਮੰਗਾਈਆ । ਕਲਜੁਗ ਆਇਉਂ ਨਿਹਕਲੰਕ ਨਰਾਇਣ ਨਰ ਅਵਤਾਰ, ਬੇਅੰਤ ਤੇਰੀ ਵਡਿਆਈਆ । ਉਨੀ ਹਾੜ ਦਿਵਸ ਵਿਚਾਰ, ਸਤਾਰਾਂ ਹਾੜ ਖ਼ੁਸ਼ੀ ਮਨਾਈਆ । ਤੇਰਿਆਂ ਭਗਤਾਂ ਸਚ ਭੰਡਾਰ, ਚੁਹੱਤਰਾਂ ਏਕਾ ਵੰਡ ਵੰਡਾਈਆ । ਅਸੀਂ ਮੰਗਣ ਆਏ ਚਲ ਦੁਆਰ, ਤੂੰ ਆਪਣੇ ਆਪ ਵਰਤਾਈਆ । ਸਾਡਾ ਬਣਿਆ ਰਹੇ ਪਿਆਰ, ਪਿਆਰ ਤੋੜ ਸਕੇ ਨਾ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਦੀਨ ਦਿਆਲ ਦਇਆ ਕਮਾਈਆ । ਚੁਹੱਤਰਾਂ ਭਗਤਾਂ ਕਰ ਪਿਆਰ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਦੁਹਾਈਆ । ਤੋਬਾ ਤੋਬਾ ਤੇਰੇ ਅੱਗੇ ਸਾਂਝੇ ਯਾਰ, ਤੇਰੇ ਅੱਗੇ ਰਹੇ ਸੁਣਾਈਆ । ਸੋਭਾ ਕਰੇ ਸਰਬ ਸੰਸਾਰ, ਸਚ ਭੰਡਾਰ ਇਕੋ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਵਰਤਾਈਆ । ਸਚ ਭੰਡਾਰ ਆਪਣਾ ਖੁਲ੍ਹਾ, ਬਣ ਖ਼ਾਕੀ ਖ਼ਾਕ ਵਖਾਇੰਦਾ । ਸਭ ਨੂੰ ਮਿਲੇ ਇਕੋ ਰਾਹ, ਰਹਿਬਰ ਇਕੋ ਨਜ਼ਰੀ ਆਇੰਦਾ । ਆਪਣਾ ਪੱਲੂ ਦਏ ਫੜਾ, ਆਪ ਆਪਣੀ ਗੰਢ ਦੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪ ਸੁਹਾਇੰਦਾ । ਸਚ ਭੰਡਾਰ ਰਸਨਾ ਚੱਖ, ਹਰਿ ਜੂ ਹਰਿ ਹਰਿ ਆਪ ਜਣਾਈਆ । ਚਾਰ ਜੁਗ ਜੋ ਬੈਠੇ ਰਹੇ ਵੱਖ ਵੱਖ, ਭਗਤ ਦੁਆਰੇ ਲਏ ਮਿਲਾਈਆ । ਆਪੇ ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਦਏ ਕਰਾਈਆ । ਰਲ ਮਿਲ ਸਾਰੇ ਜਾਣ ਵਸ, ਘਰ ਸਾਚੇ ਵਿਚ ਵਡਿਆਈਆ । ਪਾਰਬ੍ਰਹਮ ਦਾ ਗਾਉਣਾ ਜਸ, ਪੁਰਖ ਅਕਾਲ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੌਣਾ ਹੱਸ, ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਆਪਣੀ ਰਸਨਾ ਦੇਵੇ ਰਸ, ਬਿਨ ਰਸਨਾ ਜਿਹਵਾ ਰਸ ਰਸਕਾਈਆ । ਘਰ ਸਾਚੇ ਪੂਰੀ ਕਰੇ ਆਸ, ਨਿਰਾਸਾ ਕੋਈ ਰਹਿਣ ਨਾ ਪਾਈਆ । ਪਿਛਲਾ ਕਰੇ ਨਾ ਕੋਈ ਕਿਆਸ, ਲੋਕਮਾਤ ਹੋਈ ਜੁਦਾਈਆ । ਚਾਰ ਜੁਗ ਗੁਰ ਅਵਤਾਰ ਮੇਰੀ ਬਣੇ ਰਹੇ ਸ਼ਾਖ਼, ਅੰਤਮ ਬੂਟਾ ਏਕਾ ਫੂਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੰਮਤ ਉਨੀ ਖੇਲ ਏਕਾ, ਏਕਾ ਨਾਇਆ ਮੰਗ ਮੰਗਾਇੰਦਾ । ਗੁਰ ਅਵਤਾਰ ਪੜ੍ਹੇ ਹਦੀਸਾ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਦੋ ਜਹਾਨਾਂ ਖ਼ਾਲੀ ਖ਼ੀਸਾ, ਖ਼ਾਲਕ ਖ਼ਲਕ ਭੇਵ ਚੁਕਾਇੰਦਾ । ਲਹਿਣਾ ਚੁੱਕੇ ਬੀਸ ਬੀਸਾ, ਈਸਾ ਮੂਸਾ

ਮੋਹ ਤੁੜਾਇੰਦਾ । ਛੱਤਰ ਝੁੱਲੇ ਏਕਾ ਸੀਸਾ, ਜਗਦੀਸ਼ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਸਾਚਾ ਖੇਲ ਕਰਾਇੰਦਾ । ਤੇਰਾ ਢੋਲਾ ਗਾਈਏ ਨਿਰੰਕਾਰ, ਨਿਰਗੁਣ ਤੇਰੀ ਵਡ ਵਡਿਆਈਆ । ਤੇਰਾ ਬੋਲਾ ਇਕ ਜੈਕਾਰ, ਜੈ ਜੈ ਜੈਕਾਰ ਵੱਜੇ ਵਧਾਈਆ । ਤੇਰਾ ਸੋਹਲਾ ਅਗੰਮ ਅਪਾਰ, ਅਲੱਖ ਅਗੋਚਰ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਘਰ ਸਾਚੇ ਸੱਚਾ ਇਕੋ ਰਾਗ, ਏਕਾ ਏਕ ਜਣਾਇੰਦਾ । ਘਰ ਸਾਚੇ ਉਪਜਾਏ ਇਕ ਵੈਰਾਗ, ਵੈਰਾਗ ਇਕੋ ਇਕ ਜਣਾਇੰਦਾ । ਘਰ ਸਾਚੇ ਇਕ ਸਾਕ, ਹਰਿ ਸੱਜਣ ਸੰਗ ਨਿਭਾਇੰਦਾ । ਘਰ ਸਾਚੇ ਸੱਚਾ ਇਕੋ ਤਾਕ, ਬਿਨ ਤਾਕੀ ਆਪ ਖੁਲ੍ਹਾਇੰਦਾ । ਘਰ ਸਾਚੇ ਇਕੋ ਸਾਚਾ ਘਾਟ, ਕਿਨਾਰਾ ਇਕੋ ਨਜ਼ਰੀ ਆਇੰਦਾ । ਘਰ ਸਾਚੇ ਇਕੋ ਖਾਟ, ਸਚ ਖਟੋਲਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਹਰਿ ਜੂ ਵਰ, ਤੇਰਾ ਨਾਮ ਅਭੁੱਲ, ਭੁੱਲ ਕਦੇ ਨਾ ਜਾਇੰਦਾ । ਤੇਰੇ ਨਾਮ ਨਾ ਭੁੱਲੇ ਗੀਤ, ਹਰਿ ਜੂ ਤੇਰੀ ਵਡ ਵਡਿਆਈਆ । ਸਾਡਾ ਨਾਤਾ ਕੱਟਿਆ ਮੰਦਰ ਮਸੀਤ, ਮੱਠ ਸ਼ਿਵਦੁਆਲੇ ਫੇਰਾ ਕੋਇ ਨਾ ਪਾਈਆ । ਪਾਰਬ੍ਰਹਮ ਤੇਰੀ ਸਾਚੀ ਰੀਤ, ਬ੍ਰਹਮ ਮੰਨੇ ਚਾਈਂ ਚਾਈਂਆ । ਤੂੰ ਬੈਠਾ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਕਲਜੁਗ ਅੰਤਮ ਲਿਆ ਜੀਤ, ਸਤਿਜੁਗ ਸਾਚਾ ਰਾਹ ਚਲਾਈਆ । ਜਨ ਭਗਤਾਂ ਚਰਨ ਕਵਲ ਬੰਧਾਏ ਪ੍ਰੀਤ, ਪ੍ਰੀਤੀ ਆਪਣੀ ਆਪ ਸਮਝਾਈਆ । ਸਦੀ ਚੌਧਵੀਂ ਰਹੀ ਬੀਤ, ਇਕ ਅੱਠ ਵੰਡ ਵੰਡਾਈਆ । ਲੱਖ ਚੁਰਾਸੀ ਪਰਖੇ ਨੀਤ, ਨੀਤੀਵਾਨ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਖੇਲ ਵਖਾਈਆ । ਹਰਿ ਜੂ ਤੇਰਾ ਭੰਡਾਰਾ ਤੇਰਾ ਭਗਤ, ਲੋਕਮਾਤ ਵਰਤਾਇਆ । ਤੇਰਾ ਨਾਮ ਤੇਰੀ ਸ਼ਕਤ, ਤੇਰਾ ਰੰਗ ਵਖਾਇਆ । ਤੇਰਾ ਨੂਰ ਆਦਿ ਅੰਤ, ਜੁਗਾ ਜੁਗੰਤ ਹੋਏ ਰੁਸ਼ਨਾਇਆ । ਤੇਰਾ ਭੇਵ ਸਾਧ ਸੰਤ, ਹਰਿਜਨ ਸਾਚੇ ਰਹੇ ਖੁਲ੍ਹਾਇਆ । ਤੇਰਾ ਨਾਉਂ ਮਣੀਆ ਮੰਤ, ਰਸਨਾ ਜਿਹਵਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਇਆ । ਸਾਚਾ ਮੰਤਰ ਸੋਹੰ ਧਾਰ, ਹਰਿ ਹਰਿ ਆਪ ਜਣਾਈਆ । ਮਹਾਰਾਜ ਸ਼ੇਰ ਸਿੰਘ ਵਡ ਬਲਕਾਰ, ਬਲ ਆਪਣਾ ਆਪ ਵਖਾਈਆ । ਵਿਸ਼ਨੂੰ ਵਿਸ਼ਵ ਕਰੇ ਵਿਚਾਰ, ਵਾਸਤਵ ਆਪਣਾ ਰੂਪ ਦਰਸਾਈਆ । ਭਗਵਾਨ ਰੂਪ ਜੋਤ ਉਜਿਆਰ, ਆਦਿ ਜੁਗਾਦਿ ਸਮਾਈਆ । ਜੈ ਜੈਕਾਰ ਬ੍ਰਹਮ ਬ੍ਰਹਿਮਾਦ, ਬ੍ਰਹਿਮਾਦੀ ਬ੍ਰਹਿਮਾਦ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਉਡੀਕ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਦਏ ਤਾਰੀਖ਼, ਵੇਲਾ ਵਕਤ ਸਚ ਸਮਝਾਇੰਦਾ । ਹਾੜ ਸਤਾਰਾਂ ਇਕੱਠੇ ਹੋਏ ਚਾਰ ਜੁਗ ਦੇ ਫ਼ਰੀਕ, ਫਿਰਕੇ ਸਭ ਦੇ ਆਪ ਗੁਆਇੰਦਾ । ਹਾੜ ਅਠਾਰਾਂ ਆਇਆ ਨਜ਼ਦੀਕ, ਹਰਿ ਜੂ ਸਾਚੀ ਦਇਆ ਕਮਾਇੰਦਾ । ਨੇੜੇ ਹੋਏ ਵਸੇ ਬਾਰੀਕ, ਨਿਜ ਘਰ ਆਪਣਾ ਆਪ ਵਖਾਇੰਦਾ । ਬਾਰਾਂ ਵਜੇ ਅੰਮ੍ਰਿਤ ਪਿਆਲੇ ਭਰ ਕੇ ਪੀਣੇ ਠੀਕ, ਅਤੋਟ ਅਤੁਟ ਆਪ ਰਖਾਇੰਦਾ । ਸਭ ਦਾ ਲੇਖਾ ਰੱਖੇ ਠੀਕ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਅਵਤਾਰਾਂ ਆਪ ਸਮਝਾਇੰਦਾ । ਸੰਮਤ ਅਠਾਰਾਂ ਸਚ ਧਾਰਾ,

੩੯੧
੧੨

ਹਾੜ ਅਠਾਰਾਂ ਨਾਲ ਰਲਾਈਆ । ਵਕਤ ਵਖਾਏ ਵਕਤ ਬਾਰਾਂ, ਬਾਰਾਂ ਬਾਰੀ ਪਰਦਾ ਲਾਹੀਆ । ਆਪਣੀ ਹੱਥੀਂ ਬਣੇ ਵਰਤਾਰਾ, ਗੁਰ ਅਵਤਾਰਾਂ ਭੰਡਾਰ ਦਏ ਖੁਆਈਆ । ਸਾਰੇ ਮਿਲ ਮਿਲ ਲਾਓ ਇਕ ਜੈਕਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵਡਿਆਈਆ । ਨੌਂ ਖੰਡ ਪ੍ਰਿਥਮੀ ਹੋਏ ਸਹਾਰਾ, ਸੱਤਾਂ ਦੀਪਾਂ ਹੋਏ ਸਹਾਈਆ । ਦੋ ਜਹਾਨਾਂ ਇਕ ਨਜ਼ਾਰਾ, ਨਾਮ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਖ਼ੁਸ਼ੀ ਮਨਾਉਂਦੇ, ਰਸਨਾ ਜਿਹਵਾ ਰੰਗ ਰੰਗਾਇਆ । ਪੁਰਖ ਅਬਿਨਾਸ਼ੀ ਢੋਲੇ ਗਾਉਂਦੇ, ਅੰਤਮ ਵੇਲਾ ਨੇੜੇ ਆਇਆ । ਚਾਰ ਜੁਗ ਰਹੇ ਪਛਤਾਉਂਦੇ, ਪਛਤਾਵਾ ਦਏ ਮੁਕਾਇਆ । ਜਿਸ ਦੇ ਸਦ ਰਹੇ ਗਾਉਂਦੇ, ਸੋ ਆਪਣਾ ਢੋਲਾ ਰਿਹਾ ਗਾਇਆ । ਜਿਸ ਦੇ ਅੱਗੇ ਵਾਸਤਾ ਰਹੇ ਪਾਉਂਦੇ, ਸੋ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਇਆ । ਸੁਣੋ ਛੋਟੇ ਬਾਲੇ ਬਾਲ, ਹਰਿ ਜੂ ਹਰਿ ਹਰਿ ਆਖ ਸੁਣਾਈਆ । ਚਾਰ ਜੁਗ ਕਰਦੇ ਰਹੇ ਸੰਭਾਲ, ਜੁਗ ਜੁਗ ਵੇਖ ਵਖਾਈਆ । ਕਲਜੁਗ ਅੰਤਮ ਬਣ ਦਲਾਲ, ਇਕੱਠੇ ਕੀਤੇ ਏਕਾ ਥਾਈਆ । ਲੇਖੇ ਲਾਈ ਘਾਲੀ ਘਾਲ, ਆਪਣੇ ਥਾਏਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਜਣਾਈਆ । ਹਾੜ ਅਠਾਰਾਂ ਚੜ੍ਹਨਾ ਚਾਅ, ਗੁਰ ਅਵਤਾਰ ਖ਼ੁਸ਼ੀ ਮਨਾਇੰਦਾ । ਸਚ ਭੰਡਾਰਾ ਲੈਣਾ ਖਾ, ਭਗਤਾਂ ਘਰ ਰੰਗ ਰੰਗਾਇੰਦਾ । ਪੁਰਖ ਅਬਿਨਾਸ਼ੀ ਬਣਿਆ ਮਲਾਹ, ਨੇਤਰ ਨੈਣਾਂ ਦਰਸ਼ਨ ਪਾਇੰਦਾ । ਸਭ ਨਾਲ ਇਕੱਠੀ ਕਰੇ ਸਲਾਹ, ਸਲਾਹਗੀਰ ਆਪ ਬਣ ਜਾਇੰਦਾ । ਨਾਨਕ ਸਤਿਗੁਰ ਲਏ ਮਨਾ, ਗਲ ਪੱਲੂ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਨਾਨਕ ਗੁਰੂ ਇਕ ਮਨਾਓ, ਚੁਹੱਤਰ ਕਰਨ ਸਾਲਾਹੀਆ । ਪੁਰਖ ਅਕਾਲ ਮਿਲਾਏ ਫੜ ਕੇ ਬਾਹੋਂ, ਘਰ ਮੇਲਾ ਸਹਿਜ ਸੁਭਾਈਆ । ਗ਼ਰੀਬ ਨਿਮਾਣਿਆਂ ਕਰੇ ਸਚ ਨਿਆਉਂ, ਨਰ ਨਿਰੰਕਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਨਾਉਂ ਨਿਰੰਕਾਰ ਕਰ ਵੀਚਾਰ, ਨਾਨਕ ਨਿਰਗੁਣ ਵੇਖ ਵਖਾਇਆ । ਤੇਰੇ ਅੱਗੇ ਇਕ ਪੁਕਾਰ, ਆਪਣਾ ਹਾਲ ਰਿਹਾ ਸੁਣਾਇਆ । ਤੂੰ ਦੱਸ ਸੱਚਾ ਵਰਤਾਰ, ਦਰ ਤੇਰੇ ਆਸਣ ਲਾਇਆ । ਸਾਡਾ ਪਿਛਲਾ ਲੇਖ ਦੇ ਨਿਵਾਰ, ਅੱਗੇ ਕੋਇ ਰਹਿਣ ਨਾ ਪਾਇਆ । ਸਚਖੰਡ ਦੁਆਰੇ ਸੇਵਾਦਾਰ, ਚਰਨ ਸੇਵਕ ਸੇਵ ਕਮਾਇਆ । ਲੋਕਮਾਤ ਨਾ ਕੋਈ ਧਾਰ, ਚਿੰਤਾ ਸੋਗ ਨਾ ਕੋਇ ਰਖਾਇਆ, ਲੱਖ ਚੁਰਾਸੀ ਭਾਵੇਂ ਰੱਖ ਭਾਵੇਂ ਮਾਰ, ਤੇਰੇ ਹੱਥ ਤੇਰੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਇਆ । ਨਾਨਕ ਨਿਰਗੁਣ ਸਚ ਸੰਦੇਸ਼ਾ, ਜਨ ਸੱਜਣ ਆਪ ਸੁਣਾਈਆ । ਮੇਰਾ ਪੁਰਖ ਇਕ ਨਰੇਸ਼ਾ, ਨਰ ਨਰਾਇਣ ਵਡੀ ਵਡਿਆਈਆ । ਆਦਿ ਜੁਗਾਦੀ ਸਦਾ ਹਮੇਸ਼ਾ, ਬਣ ਸ਼ਹਿਨਸ਼ਾਹ ਖੇਲ ਖਲਾਈਆ । ਕੋਟਨ ਕੋਟ ਬ੍ਰਹਿਮੰਡ ਜਪਾਏ ਜਾਪ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਚਰਨਾਂ ਹੇਠ ਦਬਾਈਆ । ਕੋਟਨ ਕੋਟ ਪ੍ਰਗਟਾਏ ਬ੍ਰਹਮਾ ਵਿਸ਼ਨ ਮਹੇਸ਼, ਕੋਟਨ ਕੋਟ ਗੁਰ ਅਵਤਾਰ ਸੇਵ ਲਗਾਈਆ । ਕੋਟਨ ਕੋਟ ਦਰ ਮੰਗਣ ਬਣ ਬਣ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਮੇਰਾ ਸਾਹਿਬ ਇਕ ਆਦੇਸਾ, ਸੀਸ ਜਗਦੀਸ਼ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪੇ ਦੇਵੇ ਸਾਚਾ ਵਰ, ਨਾਨਕ ਮੰਗਣ ਕਦੇ ਨਾ ਜਾਈਆ । ਨਾਨਕ ਮੰਗਣ ਨਾ ਜਾਏ ਦਰ, ਹਰਿ ਦਰਵਾਜ਼ਾ ਨਾ ਕੋਇ ਖੜਕਾਇੰਦਾ । ਨਿਰਭੈ ਕੋਲੋਂ ਰਹੇ ਡਰ, ਅੱਗੇ ਹੋ ਨਾ ਕੋਇ ਸੁਣਾਇੰਦਾ । ਜਿਸ ਨੇ ਘਾੜਨ ਲਿਆ ਘੜ, ਸੋ ਘੜਨਹਾਰ ਖੇਲ ਕਰਾਇੰਦਾ । ਰਲ ਮਿਲ ਚਰਨੀ ਡਿਗੀਏ ਦੜ, ਸੀਸ ਜਗਦੀਸ਼ ਇਕ ਸੁਹਾਇੰਦਾ । ਜੇ ਕੋਈ ਅੱਗੇ ਗਿਆ ਅੜ, ਬਚਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਾ ਕਲਮਾ ਰਹੇ ਪੜ੍ਹ, ਸੋ ਕਲਮਾ ਆਪ ਸੁਣਾਇੰਦਾ । ਭਗਤਾਂ ਅੰਦਰ ਬਹੇ ਰਲ, ਰਲ ਮਿਲ ਸਾਚਾ ਘਰ ਸੁਹਾਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਡੇਰਾ ਲਾਇੰਦਾ । ਕਲਜੁਗ ਕਰਿਆ ਅਛਲ ਅਛੱਲ, ਵਲ ਛਲ ਆਪਣਾ ਖੇਲ ਖਲਾਇੰਦਾ । ਜੋਤੀ ਸ਼ਬਦੀ ਗਿਆ ਰਲ, ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਪੱਲੂ ਰਿਹਾ ਫੜ, ਆਪਣਾ ਪੱਲੂ ਭਗਤਾਂ ਫੇਰ ਫੜਾਇੰਦਾ । ਡੂੰਘੀ ਕੰਦਰ ਵੇਖੇ ਵੜ, ਉਚੇ ਟਿੱਲੇ ਡੇਰਾ ਲਾਇੰਦਾ । ਨਾ ਕੋਈ ਕੋਟ ਨਾ ਕੋਈ ਗੜ੍ਹ, ਕਿਲਾ ਕੋਈ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਕੋਈ ਨਾ ਪਾਇੰਦਾ । ਸਾਚਾ ਭੇਵ ਨਾ ਕੋਈ ਕਰਤਾਰ, ਭੇਵ ਅਭੇਵ ਨਾ ਕੋਈ ਜਣਾਈਆ । ਅਸੀਂ ਮੰਗਣ ਆਏ ਚਲ ਦੁਆਰ, ਬਣ ਭਿਖਾਰੀ ਅੱਗੇ ਖ਼ਾਲੀ ਝੋਲੀ ਡਾਹੀਆ । ਕਿਰਪਾ ਕਰ ਆਪ ਦਾਤਾਰ, ਦਾਤਾ ਦਾਨੀ ਆਪ ਅਖਵਾਈਆ । ਹੁਕਮੇ ਅੰਦਰ ਖੇਲ ਨਿਆਰ, ਹੁਕਮੇ ਅੰਦਰ ਸੂਰਜ ਚੰਨ ਭੱਜਣ ਵਾਹੋ ਦਾਹੀਆ । ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਫੇਰਾ ਪਾਈਆ । ਹੁਕਮੇ ਅੰਦਰ ਖੇਲ ਸਰਬ ਸੰਸਾਰ, ਹੁਕਮੇ ਅੰਦਰ ਵੇਖ ਵਖਾਈਆ । ਹੁਕਮੇ ਅੰਦਰ ਕਲਜੁਗ ਅੰਤ, ਭਗਤ ਭਗਵੰਤ ਭੰਡਾਰ, ਹੁਕਮੇ ਅੰਦਰ ਬਹੱਤਰ ਚੁਹੱਤਰ ਸੱਤਰ ਮਿਲੇ ਵਡਿਆਈਆ । ਹੁਕਮੇ ਅੰਦਰ ਖੋਲ੍ਹ ਦੁਆਰ, ਹੁਕਮੇ ਅੰਦਰ ਬਣ ਵਰਤਾਰਾ ਸੇਵ ਕਮਾਈਆ । ਹੁਕਮੇ ਅੰਦਰ ਸੀਸ ਨਿਵੌਂਦੇ ਤੇਈ ਅਵਤਾਰ, ਆਪ ਆਪਣਾ ਰੰਗ ਰੰਗਾਈਆ । ਹੁਕਮੇ ਅੰਦਰ ਖਾਣਾ ਪੀਣਾ ਦੇਵੇ ਅਠਾਰਾਂ ਹਾੜ, ਆਪ ਆਪਣੀ ਦਇਆ ਕਮਾਈਆ । ਨਾਤਾ ਛੁਟੇ ਝੂਠੇ ਯਾਰ, ਸਾਚੀ ਯਾਰੀ ਇਕ ਨਿਭਾਈਆ । ਰਲ ਮਿਲ ਬੋਲੀਏ ਇਕ ਜੈਕਾਰ, ਜੈ ਜੈ ਜੈਕਾਰ ਕਰੇ ਲੋਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲੀ ਲਿਖਤ ਹਾੜ ਅਠਾਰਾਂ ਦਏ ਕਰਾਈਆ ।

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਹਰਿ ਦਰਬਾਰੀ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਭਗਤ ਭੰਡਾਰ, ਵਡ ਭੰਡਾਰੀ ਆਪ ਵਰਤਾਇੰਦਾ । ਏਕੰਕਾਰ ਕਰ ਪਸਾਰ, ਹਰਿ ਪਸਰ ਪਸਾਰੀ ਵੇਖ ਵਖਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤ ਸਰੂਪੀ ਘਟ ਘਟ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰ ਧਾਮ ਨਿਆਰ, ਸਚ ਸਿੰਘਾਸਣ ਇਕ ਸੁਹਾਇੰਦਾ । ਸ੍ਰੀ ਭਗਵਾਨ ਖੇਲ ਅਪਾਰ, ਆਪ ਆਪਣਾ ਵੇਸ ਵਟਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਏਕਾ ਬ੍ਰਹਮ ਦਏ ਆਧਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਇੰਦਾ । ਸਾਚਾ ਬੰਧਨ ਪਾਏ ਬੰਧ, ਬੰਨਣਹਾਰ ਆਪ ਅਖਵਾਇੰਦਾ । ਲੇਖਾ ਜਾਣੇ ਰਵ ਸਸ ਸੂਰਜ ਚੰਨ, ਨੂਰ ਨੁਰਾਨਾ ਡਗਮਗਾਇੰਦਾ । ਵੇਖਣਹਾਰਾ ਬ੍ਰਹਿਮੰਡ ਖੰਡ, ਜੇਰਜ ਅੰਡ ਫੋਲ ਫੁਲਾਇੰਦਾ । ਆਦਿ ਜੁਗਾਦੀ ਗਾਵਣਹਾਰਾ

ਛੰਦ, ਗੀਤ ਆਪਣਾ ਆਪ ਸੁਣਾਇੰਦਾ । ਸਦਾ ਸੁਹੇਲਾ ਸੂਰਾ ਸਰਬੰਗ, ਸਰਬ ਦਿਆਲ ਵੇਸ ਵਟਾਇੰਦਾ । ਦੋ ਜਹਾਨਾਂ ਇਕ ਅਨੰਦ, ਤ੍ਰੈਭਵਨ ਧਨੀ ਆਪ ਜਣਾਇੰਦਾ । ਜੁਗ ਚੌਕੜੀ ਮਿਟੇ ਪੰਧ, ਪਾਂਧੀ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਰਾਹ ਚਲਾਇੰਦਾ । ਨਿਰਗੁਣ ਰਾਹ ਚਲੇ ਅਪਾਰਾ, ਆਪਣੀ ਖੇਲ ਕਰਾਈਆ । ਨੌਂ ਨਵ ਚਾਰ ਪਾਰ ਕਿਨਾਰਾ, ਨਈਆ ਆਪਣਾ ਨਾਮ ਵਖਾਈਆ । ਸਾਚਾ ਸਈਆ ਪਰਵਰਦਿਗਾਰਾ, ਸਾਂਝਾ ਯਾਰ ਆਪ ਅਖਵਾਈਆ । ਭੈਣਾਂ ਭਈਆ ਬਣਾਏ ਸਰਬ ਸੰਸਾਰਾ, ਸੱਜਣ ਮੀਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਈਆ । ਦਰ ਸਾਚਾ ਸੋਹੇ ਦਰਵਾਜ਼ਾ, ਦਰ ਦੁਆਰ ਆਪ ਖੁਲ੍ਹਾਇੰਦਾ । ਪ੍ਰਗਟ ਹੋਏ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਇਕ ਵਜਾਏ ਅਗੰਮੀ ਵਾਜਾ, ਤਾਰ ਸਤਾਰ ਨਾ ਕੋਈ ਹਿਲਾਇੰਦਾ । ਭਗਤਾਂ ਪਿੱਛੇ ਫਿਰੇ ਭਾਜਾ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੁਗ ਜੁਗ ਰੱਖੇ ਲਾਜਾ, ਜੁਗ ਜੁਗ ਸਾਚੀ ਸੇਵ ਕਮਾਇੰਦਾ । ਲੱਖ ਚੁਰਾਸੀ ਸਾਜਣ ਸਾਜਾ, ਗੁਰ ਅਵਤਾਰ ਵੰਡ ਵੰਡਾਇੰਦਾ । ਭੂਪਤ ਭੂਪ ਰਾਜਨ ਰਾਜਾ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣੀ ਖੇਲ ਖਿਲਾਇੰਦਾ । ਕਰੇ ਖੇਲ ਪੁਰਖ ਨਿਰੰਜਣ ਸਮਰਥ, ਬੇਪਰਵਾਹ ਵਡੀ ਵਡਿਆਈਆ । ਆਦਿ ਜੁਗਾਦੀ ਮਹਿਮਾ ਅਕੱਥ, ਜੁਗਾ ਜੁਗਤੰਰ ਕਰੇ ਪੜ੍ਹਾਈਆ । ਆਤਮ ਪਰਮਾਤਮ ਇਕੋ ਮਤ, ਬ੍ਰਹਮ ਮਤ ਇਕ ਸਮਝਾਈਆ । ਅੰਤਰ ਅੰਤਰ ਇਕੋ ਤਤਵ ਤਤ, ਤਤਵ ਤਤ ਦਏ ਸਮਝਾਈਆ । ਸੁਰਤੀ ਸ਼ਬਦੀ ਮੇਲਾ ਕਰੇ ਹਰਿ ਪ੍ਰਗਟ, ਪ੍ਰਗਟ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਸਾਚਾ ਮੰਦਰ ਸੋਹੇ ਦੁਆਰ, ਬੰਕ ਦੁਵਾਰੀ ਆਪ ਸੁਹਾਇੰਦਾ । ਤਖ਼ਤ ਨਿਵਾਸੀ ਹਰਿ ਨਿਰੰਕਾਰ, ਸਾਚਾ ਮੰਦਰ ਆਪ ਵਡਿਆਇੰਦਾ । ਚਾਰੇ ਖਾਣੀ ਵੇਖਣਹਾਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਜਨ ਭਗਤ ਦੁਆਰੇ ਹੋਏ ਮੰਗਤ, ਜਨ ਭਗਤ ਦੁਆਰੇ ਫੇਰਾ ਪਾਇੰਦਾ । ਹਰਿਜਨ ਮੇਲਾ ਸਾਚੀ ਸੰਗਤ, ਸੰਗਤ ਆਪਣਾ ਆਪ ਵਖਾਇੰਦਾ । ਮਾਨਸ ਜਨਮ ਨਾ ਹੋਏ ਭੰਗਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਪੰਚ ਵਿਕਾਰਾ ਕਰੇ ਖੰਡਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਚਾੜ੍ਹੇ ਚਲੂਲ, ਉਤਰ ਕਦੇ ਨਾ ਜਾਈਆ । ਵਿਸ਼ਨੂੰ ਤੇਰਾ ਚੁਕਾਏ ਮੂਲ, ਬ੍ਰਹਮੇ ਤੇਰਾ ਲੇਖਾ ਤੇਰੀ ਝੋਲੀ ਪਾਈਆ । ਸ਼ੰਕਰ ਤੇਰੇ ਹੱਥ ਤ੍ਰਸ਼ੂਲ, ਤ੍ਰੈਗੁਣ ਪੰਜ ਤਤ ਅਸਲੀਅਤ ਆਪਣੀ ਦਏ ਸਮਝਾਈਆ । ਸਭ ਨੂੰ ਕਰਨੀ ਪਏ ਕਬੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਵਡਿਆਈਆ । ਹਰਿ ਵੱਡਾ ਵਡ ਵਡਿਆਈ, ਭੇਵ ਕੋਈ ਨਾ ਪਾਈਆ । ਕਰੇ ਖੇਲ ਬੇਪਰਵਾਹੀ, ਨਿਰਗੁਣ ਸਰਗੁਣ ਜੋਤ ਰੁਸ਼ਨਾਈਆ । ਸਾਚੀ ਸਿਖਿਆ ਇਕ ਸਮਝਾਈ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਪ ਜਣਾਈਆ । ਨਿਰਗੁਣ ਮੇਲਾ ਗੁਰੂ ਗੁਰ ਚੇਲਾ, ਭਗਤ ਭਗਵੰਤ ਆਪ ਜਣਾਇੰਦਾ । ਪਰਮ ਪੁਰਖ ਪਰਮਾਤਮ ਸੱਜਣ ਸੁਹੇਲਾ, ਸਾਚਾ ਸੰਗ ਨਿਭਾਇੰਦਾ । ਵਸਣਹਾਰਾ ਧਾਮ ਨਵੇਲਾ, ਸਾਚੇ ਕੋਟ ਡੇਰਾ ਲਾਇੰਦਾ । ਅਚਰਜ ਖੇਲ ਆਪੇ ਖੇਲਾ, ਖੇਲਣਹਾਰ ਦਿਸ ਨਾ ਆਇੰਦਾ ।

੩੯੪
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਸਾਚੇ ਤਾਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਬਣ ਮਾਈ ਬਾਪ, ਪਿਤਾ ਪੂਤ ਖੇਲ ਖਲਾਈਆ । ਕਲਜੁਗ ਅੰਤ ਮੇਟੇ ਸੰਤਾਪ, ਸਹਿੰਸਾ ਰੋਗ ਰਹੇ ਨਾ ਰਾਈਆ । ਨਾਮ ਜਣਾਏ ਸਾਚਾ ਜਾਪ, ਏਕਾ ਅੱਖਰ ਕਰੇ ਪੜ੍ਹਾਈਆ । ਜਨਮ ਜਨਮ ਦੇ ਉਤਾਰ ਪਾਪ, ਘਰ ਸਰੋਵਰ ਤਾਲ ਨੁਹਾਈਆ । ਬਜ਼ਰ ਕਪਾਟੀ ਜਾਏ ਪਾਟ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋ ਜਨ ਗਾਏ ਸਾਚੀ ਗਾਥ, ਏਥੇ ਓਥੇ ਹੋਏ ਸਹਾਈਆ । ਸਦਾ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਈਆ । ਲੇਖਾ ਚੁਕੇ ਆਣ ਬਾਟ, ਮਾਤ ਗਰਭ ਕਦੇ ਨਾ ਆਈਆ । ਅਗਨੀ ਤਪੇ ਨਾ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਈਆ । ਲੇਖਾ ਚੁਕੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ ।

ਸਤਾਰਾਂ ਹਾੜ ਫੜਾਏ ਲੜ, ਫੜਿਆ ਲੜ ਛੁੱਟ ਨਾ ਜਾਈਆ । ਸਚਖੰਡ ਦੁਆਰੇ ਸਾਚੇ ਮੰਦਰ ਜਾਣਾ ਵੜ, ਜਿਸ ਦਾ ਡੰਡਾ ਨਜ਼ਰ ਨਾ ਆਈਆ । ਹਰਿ ਜੂ ਦਰਸ ਦਖਾਏ ਅੱਗੇ ਖੜ, ਸੱਵਛ ਸਰੂਪੀ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਨਾ ਕੋਈ ਰਖਾਈਆ । ਜਗਤ ਵਿਦਿਆ ਨਾ ਰਿਹਾ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰ ਕਿਰਪਾ ਲਏ ਫੜ, ਮੇਲ ਮਿਲਾਏ ਥਾਉਂ ਥਾਈਂਆ । ਲੇਖਾ ਜਾਣੇ ਨਾਰੀ ਨਰ, ਬਾਲ ਬਿਰਧ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੋਏ ਜੋੜ ਪਏ ਸਰਨਾਈਆ । ਦਰ ਆਏ ਹੋਏ ਪਰਵਾਨ, ਸਤਾਰਾਂ ਹਾੜ ਖ਼ੁਸ਼ੀ ਮਨਾਈਆ । ਅੰਤਮ ਲੇਖਾ ਚੁੱਕੇ ਜਹਾਨ, ਰਾਏ ਧਰਮ ਨਾ ਦਏ ਸਜਾਈਆ । ਅਮਰ ਪਦ ਸਾਚਾ ਪਾਣ, ਜੋ ਸੋਹੰ ਸੋਹਲਾ ਗਾਈਆ । ਜਮ ਦੀ ਆਪ ਚੁਕਾਏ ਕਾਨ, ਕਾਨ ਅੰਦਰ ਨਾ ਕੋਈ ਰਖਾਈਆ । ਜਿਸ ਜਿਸ ਦਰਸ਼ਨ ਕੀਤਾ ਆਣ, ਤਿਸ ਤ੍ਰਿਸ਼ਨਾ ਭੁੱਖ ਗਵਾਈਆ । ਅੰਤ ਕੰਤ ਭਗਵੰਤ ਕਰੇ ਕਲਿਆਣ, ਕਾਇਆ ਕੱਪੜ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਮਿਹਰਵਾਨ ਦਇਆ ਕਮਾਈਆ । ਦਇਆਵਾਨ ਪੁਰਖ ਇਕੋ ਦਾਤਾ, ਆਦਿ ਅੰਤ ਅਖਵਾਇੰਦਾ । ਕਲਜੁਗ ਅੰਤਮ ਹੋਇਆ ਗਿਆਤਾ, ਘਰ ਘਰ ਖੋਜ ਖੁਜਾਇੰਦਾ । ਭਗਤ ਭਗਵੰਤ ਬੰਧਾਏ ਨਾਤਾ, ਹਰਿ ਸੰਗਤ ਮੇਲ ਮਿਲਾਇੰਦਾ । ਆਤਮ ਪਰਮਾਤਮ ਸੁਣਾਏ ਗਾਥਾ, ਸੋਹੰ ਅੱਖਰ ਇਕ ਪੜ੍ਹਾਇੰਦਾ । ਆਤਮ ਨੂਰ ਇਕ ਜ਼ਾਤਾ, ਵਰਨ ਗੋਤ ਨਾ ਵੰਡ ਵੰਡਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਏ ਲੇਖੇ ਲਾਇੰਦਾ । ਦਰ ਆਏ ਹੋਏ ਮਨਜ਼ੂਰ, ਜਗਤ ਮਜ਼ਦੂਰੀ ਲੇਖੇ ਲਾਈਆ । ਜਨਮ ਜਨਮ ਦਾ ਮੁਆਫ਼ ਕਰੇ ਕਸੂਰ, ਸੀਸ ਜਗਦੀਸ਼ ਹੱਥ ਰਖਾਈਆ । ਸਤਿਗੁਰ ਪੂਰਾ ਸਰਬ ਕਲਾ ਭਰਪੂਰ, ਸਮਰਥ ਹੱਥ ਵਡੀ ਵਡਿਆਈਆ । ਨੌਂ ਸੌ ਚਰਾਨਵੇਂ ਚੌਕੜੀ ਜੁਗ ਵਸਦਾ ਰਿਹਾ ਦੂਰ, ਅੰਤਮ ਕਲਜੁਗ ਨੇੜਨ ਨੇੜ ਦਰਸ ਦਖਾਈਆ । ਹਰਿਜਨ ਆਸਾ ਕਰ ਪੂਰ, ਹਰਿ ਸੰਗਤ ਮੇਲ ਮਿਲਾਈਆ । ਮਸਤਕ ਲਾਏ ਸਾਚੀ ਧੂੜ, ਕੌਸਤਕ ਮਣੀਆ ਮੁਖ ਸ਼ਰਮਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹ, ਉਤਰ ਕਦੇ ਨਾ ਜਾਈਆ । ਜੋਤੀ ਬਖ਼ਸ਼ੇ ਸਾਚਾ ਨੂਰ, ਜਿਸ ਜਨ ਆਪਣਾ ਭੇਵ ਖੁਲ੍ਹਾਈਆ । ਕਿਸੇ ਨਾ ਮਿਲੇ ਬਹਿਸ਼ਤੀ ਹੂਰ, ਹਰਿ ਕੀ ਪ੍ਰੀਤ ਹਰਿ ਚਰਨ ਕਵਲ ਆਦਿ ਅੰਤ ਸੱਚੀ ਸਰਨਾਈਆ । ਅੰਤ ਮੁਹੰਮਦ ਰਿਹਾ ਝੂਰ, ਚਾਰ ਯਾਰੀ ਨਾ ਸੰਗ ਨਿਭਾਈਆ । ਅੱਲਾ ਰਾਣੀ

ਨਾ ਹੋਈ ਮਨਜ਼ੂਰ, ਅੰਤਮ ਫਤਵਾ ਇਕੋ ਲਾਈਆ । ਕੁਆਰੀ ਕੰਨਿਆਂ ਦੂਰ ਦੂਰ ਰਹੀ ਘੂਰ, ਨੇਤਰ ਨੈਣ ਨੈਣ ਸ਼ਰਮਾਈਆ । ਮੇਰਾ ਸਾਹਿਬ ਪੈਗ਼ੰਬਰ ਹਜ਼ਰਤ ਮਿਲੇ ਜ਼ਰੂਰ, ਹਾਜ਼ਰੀ ਲਏ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਸਮਝਾਈਆ । ਹਰਿਜਨ ਤੇਰਾ ਇਕੋ ਰੰਗ, ਹਰਿ ਸਤਿਗੁਰ ਆਪ ਰੰਗਾਇਆ । ਤੇਰੀ ਸੇਜ ਤੇਰਾ ਪਲੰਘ, ਨਿਰਗੁਣ ਨਿਰਗੁਣ ਆਪ ਹੰਢਾਇਆ । ਸ਼ਬਦ ਅਨਾਦ ਵਜਾਏ ਮਰਦੰਗ, ਅਨਹਦ ਨਾਦੀ ਨਾਦ ਵਜਾਇਆ । ਤੇਰੇ ਅੰਦਰ ਇਕੋ ਅਨੰਦ, ਨੌਬਤ ਨਾਮ ਰਿਹਾ ਵਜਾਇਆ । ਤੇਰੇ ਅੰਦਰ ਸੁੱਤਾ ਦੇ ਕਰ ਕੰਡ, ਆਪਣਾ ਮੁਖ ਛੁਪਾਇਆ । ਤੇਰੇ ਅੰਦਰ ਸਾਚਾ ਚੰਦ, ਨੂਰੀ ਦਰਸ ਦਏ ਕਰਾਇਆ । ਕਲਜੁਗ ਅੰਤਮ ਟੁੱਟੀ ਗੰਢ, ਸਤਿਜੁਗ ਸਾਚਾ ਲਏ ਉਠਾਇਆ । ਜਨ ਭਗਤਾਂ ਆਤਮ ਪਾਏ ਠੰਡ, ਪਰਮਾਤਮ ਹੋਏ ਸਹਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇਆ । ਸ੍ਰਿਸ਼ਟ ਸਬਾਈ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੌਣਾ ਛੰਦ, ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਦਏ ਸਮਝਾਇਆ । ਨਾ ਕੋਈ ਪੂਜਾ ਕਰੀਰ ਜੰਡ, ਸੂਰਜ ਜਲ ਨਾ ਕੋਈ ਚੜ੍ਹਾਇਆ । ਨਾ ਕੋਈ ਪਿੰਡੀ ਵੰਡੇ ਵੰਡ, ਇਸ਼ਟ ਦੇਵ ਨਾ ਕੋਈ ਮਨਾਇਆ । ਨਾ ਕੋਈ ਵਿਸ਼ਨ ਬ੍ਰਹਮਾ ਗਾਏ ਛੰਦ, ਸ਼ੰਕਰ ਸੀਸ ਨਾ ਕੋਇ ਝੁਕਾਇਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਸੁਆਮੀ ਇਕੋ ਸੁਣਾਏ ਛੰਦ, ਪਰਵਰਦਿਗਾਰ ਢੋਲਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਏ ਲੇਖੇ ਲਏ ਲਗਾਇਆ । ਦਰ ਆਏ ਆਪਣੇ ਲਾਏ ਲੇਖੇ, ਲੇਖਾ ਲਿਖਣਹਾਰ ਕਰਤਾਰਾ । ਕੋਈ ਨਾ ਰਹੇ ਭਰਮ ਭੁਲੇਖੇ, ਪ੍ਰਗਟ ਹੋਇਆ ਨਰ ਨਿਰੰਕਾਰਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਸੰਦੇਸ਼ੇ, ਸਚ ਸੰਦੇਸ਼ਾ ਵਿਚ ਸੰਸਾਰਾ । ਵੇਖਣਹਾਰਾ ਔਲੀਏ ਪੀਰ ਸ਼ੇਖ਼ੇ, ਨੂਰੀ ਜਲਵਾ ਕਰੇ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਸਹਾਰਾ । ਭਗਤ ਸਹਾਰਾ ਦੇਵੇ ਸਹਾਇਕ, ਹਰਿ ਸਾਚਾ ਦਇਆ ਕਮਾਈਆ । ਸਦਾ ਸੁਹੇਲਾ ਇਕੋ ਨਾਇਕ, ਭੇਵ ਅਭੇਦ ਇਕ ਖੁਲ੍ਹਾਈਆ । ਏਥੇ ਓਥੇ ਦੋ ਜਹਾਨਾਂ ਸਦਾ ਸੁਖਦਾਇਕ, ਸੁਖ ਸਾਗਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਹਰਿਜਨ ਰੰਗ ਚੜ੍ਹੇ ਅਗੰਮਾ, ਅਗੰਮੜਾ ਰੂਪ ਚੜ੍ਹਾਇੰਦਾ । ਕਾਇਆ ਚੋਲੀ ਰੰਗੇ ਚੰਮਾ, ਚੰਮ ਦ੍ਰਿਸ਼ਟੀ ਨਾ ਕੋਈ ਰਖਾਇੰਦਾ । ਸਤਿਜੁਗ ਬੇੜਾ ਸਾਚਾ ਬੰਨ੍ਹਾ, ਭਗਤ ਭਗਵੰਤ ਸੇਵ ਕਮਾਇੰਦਾ । ਏਕਾ ਰਾਗ ਸੁਣਾਇਆ, ਲੱਗ ਮਾਤਰ ਨਾ ਕੋਇ ਲਗਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨਾ, ਸਾਚਾ ਚੰਦ ਆਪ ਚੜ੍ਹਾਇੰਦਾ । ਪੰਚ ਵਿਕਾਰਾ ਗੁਰਮੁਖ ਡੰਨਾ, ਖੰਡਾ ਇਕੋ ਨਾਮ ਚਮਕਾਇੰਦਾ । ਭਗਤ ਸੁਹੇਲਾ ਇਕ ਇਕੇਲਾ ਲੋਕਮਾਤ ਆਇਆ ਭੰਨਾ, ਨਿਰਗੁਣ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਬਿਨ ਛੱਪਰ ਛੰਨਾ, ਸਾਚਾ ਮੰਦਰ ਇਕ ਸੁਹਾਇੰਦਾ । ਛੱਪਰ ਛੰਨ ਵਸੇ ਦੁਆਰ, ਦੁਆਰਕਾ ਰੂਪ ਵਟਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਵੇਖੇ ਚਾਈਂ ਚਾਈਂਆ । ਭਗਤਾਂ ਮੇਲਾ ਵਿਚ ਸੰਸਾਰ, ਹਰਿ ਭਗਵਾਨ ਆਪ ਕਰਾਈਆ । ਭਗਤ ਵੇਖ ਨੌਜਵਾਨ, ਨਵ ਨੌਂ ਚਾਰ ਰਿਹਾ ਫੇਰਾ ਪਾਈਆ । ਸਤਿ ਸਰੂਪੀ ਸਾਚਾ ਕਾਹਨ, ਖੇਲੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਦੇ ਪੈਗ਼ਾਮ, ਪੀਰ ਦਸਤਗੀਰ ਕਰੇ ਸ਼ਨਵਾਈਆ । ਏਕਾ ਮੰਤਰ ਬੋਲ ਜੈਕਾਰ, ਨਾਅਰਾ ਇਕੋ ਇਕ ਸੁਣਾਈਆ । ਵੱਜੇ ਡੰਕਾ ਫ਼ਤਹਿ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਜਾਈਆ ।


੩੯੬ ੧੨

ਰਾਓ ਰੰਕਾਂ ਦੇ ਗਿਆਨ, ਜੀਵਾਂ ਜੰਤਾਂ ਲਏ ਸਮਝਾਈਆ । ਪ੍ਰਗਟ ਹੋ ਸ੍ਰੀ ਭਗਵਾਨ, ਸਾਖਯਾਤ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖੇ ਲਏ ਲਗਾਈਆ । ਹਰਿਜਨ ਲੇਖਾ ਇਕ ਦੁਆਰ, ਹਰਿਮੰਦਰ ਆਪ ਲਿਖਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰ, ਬਿਰਧ ਬਾਲ ਨਾ ਕੋਈ ਵਖਾਇੰਦਾ । ਏਕਾ ਮੰਤਰ ਨਾਮ ਆਧਾਰ, ਏਕਾ ਇਸ਼ਟ ਦੇਵ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਆਪਣੇ ਦਰ ਸੁਹਾਇੰਦਾ । ਹਰਿ ਸੰਗਤ ਸੋਹੇ ਸਾਚੇ ਦਰ, ਹਰਿ ਦਰਦੀ ਦਰਦ ਵੰਡਾਈਆ । ਅੰਤਮ ਮੇਲਾ ਲਏ ਕਰ, ਨਿਹਕਰਮੀ ਕਰਮ ਕਮਾਈਆ । ਜਿਸ ਨੇ ਘਾੜਨ ਲਿਆ ਘੜ, ਘੜ ਘੜ ਵੇਖ ਵਖਾਈਆ । ਸਾਚੇ ਪੌੜੇ ਜਾਏ ਚੜ੍ਹ, ਸਾਚੇ ਮੰਦਰ ਆਸਣ ਲਾਈਆ । ਆਤਮ ਪਰਮਾਤਮ ਏਕਾ ਅੱਖਰ ਰਿਹਾ ਪੜ੍ਹ, ਸਾਚੀ ਕਰੇ ਪੜ੍ਹਾਈਆ । ਏਕਾ ਜਾਣੇ ਚੋਟੀ ਜੜ੍ਹ, ਆਪ ਆਪਣੀ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਸਾਚਾ ਦਾਨ, ਆਤਮ ਪਰਮਾਤਮ ਇਕ ਗਿਆਨ, ਜਗਤ ਨਾਤਾ ਤੋੜ ਤੁੜਾਈਆ । ਜਗਤ ਨਾਤਾ ਤੋੜੇ ਆਪ, ਹਰਿ ਜੂ ਆਪਣੀ ਦਇਆ ਕਮਾਇੰਦਾ । ਅੰਧ ਅੰਧੇਰ ਕਰ ਪਰਤਾਪ, ਕਾਇਆ ਮੰਦਰ ਆਪ ਸੁਹਾਇੰਦਾ । ਇਕ ਜਪਾਏ ਸਾਚਾ ਜਾਪ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੋਹੰ ਸੋ ਮਾਈ ਬਾਪ, ਹੰ ਬ੍ਰਹਮ ਪਿਤਾ ਪੂਤ ਖੇਲ ਖਲਾਇੰਦਾ । ਸਤਿ ਸਤਿਵਾਦੀ ਸਾਚਾ ਸਾਥ, ਸਦਾ ਸੰਗ ਰਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਗ੍ਰਿਹਿ ਮੰਦਰ ਝੋਲੀ ਪਾਇੰਦਾ । ਗ੍ਰਿਹਿ ਮੰਦਰ ਸੋਹੇ ਸਚ ਮਹੱਲਾ, ਸਤਿਗੁਰ ਆਪ ਸੁਹਾਈਆ । ਵਸਣਹਾਰਾ ਇਕ ਇਕੱਲਾ, ਏਕਾ ਘਰ ਮਿਲੇ ਵਡਿਆਈਆ । ਪਾਵੇ ਸਾਰ ਡੂੰਘੀ ਡੱਲਾ, ਸਮੁੰਦ ਸਾਗਰ ਖੋਜ ਖੁਜਾਈਆ । ਜੋਤੀ ਸ਼ਬਦੀ ਨਿਰਗੁਣ ਧਾਰ ਆਪੇ ਰੱਲਾ, ਮੇਲ ਮਿਲਾਵਾ ਸਹਿਜ ਸੁਭਾਈਆ । ਲੇਖਾ ਜਾਣੇ ਜਲਾਂ ਥਲਾਂ, ਗੁਰਮੁਖ ਸਾਚੇ ਲਏ ਮਿਲਾਈਆ । ਲਹਿਣਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਇਕ ਖ਼ੁਦਾਈਆ । ਭਗਤ ਫੜਾਏ ਆਪਣਾ ਪੱਲਾ, ਪੱਲੂ ਏਕਾ ਏਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਜਗ ਦੇਵੇ ਵਰ, ਦਰ ਆਇਆਂ ਕਰੇ ਪਰਵਾਨ, ਗੁਰਮੁਖ ਬੇਮੁਖ ਲਏ ਤਰਾਈਆ । ਗੁਰਮੁਖ ਮੰਗੇ ਆਤਮ ਦਰਸ, ਏਕਾ ਓਟ ਤਕਾਈਆ । ਮਨਮੁਖ ਲੱਗੀ ਜਗਤ ਹਰਸ, ਹਿਰਸ ਹਵਸ ਵਧਾਈਆ । ਪੁਰਖ ਅਬਿਨਾਸ਼ੀ ਦੋਹਾਂ ਕਰੇ ਤਰਸ, ਦਰ ਆਇਆਂ ਲੇਖੇ ਪਾਈਆ । ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕੁਰਾ ਖੋਜ ਖੁਜਾਈਆ । ਮਾਤ ਗਰਭ ਨਾ ਆਏ ਨਰਕ, ਅਗਨੀ ਅੱਗ ਨਾ ਕੋਇ ਜਲਾਈਆ । ਜੂਨੀ ਜੂਨ ਨਾ ਜਾਏ ਧੜਕ, ਜਿਸ ਜਨ ਆਪਣਾ ਦਰਸ ਦਖਾਈਆ । ਅੱਧਵਿਚਕਾਰ ਨਾ ਜਾਏ ਅਟਕ, ਸਚ ਦੁਆਰੇ ਦਏ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਾਕਾਰ ਨਿਰਵੈਰ ਪੁਰਖ ਜੂਨੀ ਰਹਿਤ ਆਪਣਾ ਪੂਰਾ ਕਰਨ ਆਇਆ ਫ਼ਰਜ਼, ਫ਼ਰਜ਼ ਆਪਣਾ ਪੂਰਾ ਦਏ ਕਰਾਈਆ । ਆਪਣਾ ਫ਼ਰਜ਼ ਕਰੇ ਪ੍ਰਭ ਪੂਰਾ, ਪੂਰਨ ਆਪਣੀ ਦਇਆ ਕਮਾਇੰਦਾ । ਆਦਿ ਅੰਤ ਨਾ ਰਹੇ ਅਧੂਰਾ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਦਰ ਆਇਆਂ ਬਖ਼ਸ਼ੇ ਸਰਬ ਕਸੂਰਾ, ਜੋ ਜਨ ਨਿਉਂ ਨਿਉਂ ਸੀਸ ਝੁਕਾਇੰਦਾ । ਜਨਮ ਜਨਮ ਦਾ ਹੂੰਝੇ ਕੂੜਾ, ਦੁਰਮਤ

ਮੈਲ ਧੁਆਇੰਦਾ । ਜਨ ਭਗਤਾਂ ਪਿਛੇ ਅੰਤ ਹੋਇਆ ਮਜ਼ਬੂਰਾ, ਮਜ਼ਬੂਰੀ ਆਪਣੀ ਨਾ ਕਿਸੇ ਜਣਾਇੰਦਾ । ਸੇਵਕ ਬਣੇ ਬਣ ਬਣ ਮਜ਼ਦੂਰਾ, ਹਰਿਜਨ ਸੇਵਕ ਬਣ ਬਣ ਤੇਰੀ ਸੇਵ ਕਮਾਇੰਦਾ । ਗੁਰਮੁਖ ਉਪਜੇ ਸਾਚਾ ਨੂਰਾ, ਬਿਨ ਗੁਰਮੁਖ ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਸਦ ਹਾਜ਼ਰ ਹਜ਼ੂਰਾ, ਆਪਣਾ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਇਕ ਗਿਆਨ, ਆਤਮ ਅੰਤਰ ਮੇਲ ਮਿਲਾਇੰਦਾ ।

✳ ੧੮ ਹਾੜ ੨੦੧੯ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ✳

ਤੇਰਾ ਖੇਲ ਪੁਰਖ ਸਮਰਥ, ਜੁਗ ਚੌਕੜੀ ਭੇਵ ਕਿਸੇ ਨਾ ਪਾਇਆ । ਕਰ ਕਿਰਪਾ ਅੰਤਮ ਲਿਆ ਸੱਦ, ਦਰ ਸਾਚਾ ਇਕ ਸੁਹਾਇਆ । ਦੂਰ ਦੁਰਾਡਾ ਮੁਕਾ ਕੇ ਆਏ ਪੰਧ, ਬਣ ਪਾਂਧੀ ਫੇਰਾ ਪਾਇਆ । ਲੰਘ ਕੇ ਵੇਖੀ ਤੇਰੀ ਹੱਦ, ਪਾਰ ਕਿਨਾਰਾ ਨਜ਼ਰੀ ਆਇਆ । ਦਰਸ਼ਨ ਕਰਕੇ ਹੋਏ ਗਦ ਗਦ, ਨੂਰੀ ਨੂਰ ਨੂਰ ਰੁਸ਼ਨਾਇਆ । ਸਤਿ ਸਤਿਵਾਦੀ ਵੇਖੀ ਤੇਰੀ ਯੱਦ, ਵਿਸ਼ਨੂੰ ਖੇਲ ਰਿਹਾ ਕਰਾਇਆ । ਇਕੋ ਦਰ ਇਕੋ ਪਦ, ਏਕਾ ਘਰ ਸੋਭਾ ਪਾਇਆ । ਇਕੋ ਗੀਤ ਸਾਚਾ ਛੰਦ, ਨਾਦ ਅਨਾਦੀ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰਾ ਇਕ ਸੁਹਾਇਆ । ਆਏ ਦਰ ਬਣ ਭਿਖਾਰੀ, ਭਿਖਕ ਤੇਰੀ ਵਡ ਵਡਿਆਈਆ । ਆਦਿ ਜੁਗਾਦਿ ਖੇਲ ਨਿਆਰੀ, ਨਿਰਗੁਣ ਨਿਰਵੈਰ ਆਪ ਕਰਾਈਆ । ਚੁਗ ਚੌਕੜੀ ਵੇਖੇ ਵਾਰੋ ਵਾਰੀ, ਭੇਦ ਅਭੇਦ ਨਾ ਕੋਈ ਸਮਝਾਈਆ । ਕਲਜੁਗ ਆਈ ਅੰਤਮ ਵਾਰੀ, ਨਵ ਨੌਂ ਚਾਰ ਡੇਰਾ ਢਾਹੀਆ । ਸਭਨਾ ਮਿਲੇ ਗੁਰ ਅਵਤਾਰੀ, ਪੀਰ ਪੈਗੰਬਰ ਲੇਖਾ ਰਹੇ ਚੁਕਾਈਆ । ਬਣਿਆ ਭੂਪ ਵਡ ਸਿਕਦਾਰੀ, ਸ਼ਹਿਨਸ਼ਾਹ ਆਪਣਾ ਨਾਉਂ ਰਖਾਈਆ । ਭਗਤਾਂ ਦੇਵੇ ਮਾਣ ਲੋਕਮਾਤ ਕਰੇ ਉਜਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਆਏ ਦੁਆਰੇ ਚੜ੍ਹਿਆ ਚਾਅ, ਹਰਿ ਸੱਜਣ ਨਜ਼ਰੀ ਆਇਆ । ਜੁਗ ਚੌਕੜੀ ਡੇਰਾ ਢਾਹ, ਆਪਣਾ ਖੇਲ ਰਚਾਇਆ । ਪੂਰਬ ਲਹਿਣਾ ਸਰਬ ਮੁਕਾ, ਅੱਗੇ ਲੇਖਾ ਰਿਹਾ ਜਣਾਇਆ । ਨੇਤਰ ਨੈਣਾ ਇਕ ਖੁਲ੍ਹਾ, ਆਤਮ ਪਰਮਾਤਮ ਵੇਖ ਵਖਾਇਆ । ਸਾਚਾ ਗਹਿਣਾ ਬਸਤਰ ਪਾ, ਸ਼ੈਲ ਸ਼ਬੀਲਾ ਏਕਾ ਤਨ ਰੰਗ ਰੰਗਾਇਆ । ਭਗਤ ਕਬੀਲਾ ਮਾਤ ਬਣਾ, ਲੋਕਮਾਤ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਡਿਆਇਆ । ਘਰ ਸਾਚਾ ਤੇਰਾ ਸਚ ਮਹੱਲਾ, ਮਹਿਫਲ ਸਾਚੀ ਹਰਿ ਲਗਾਈਆ । ਭਗਤ ਭਗਵੰਤ ਫੜਾਏ ਪੱਲਾ, ਪੱਲੂ ਏਕਾ ਰਿਹਾ ਵਖਾਈਆ । ਨੈਣ ਸ਼ਰਮਾਏ ਰਾਣੀ ਅੱਲਾ, ਮੁਹੰਮਦ ਸੀਸ ਰਿਹਾ ਝੁਕਾਈਆ । ਤੇਈ ਅਵਤਾਰ ਚਰਨ ਕਵਲ ਹੋਇਆ ਝੱਲਾ, ਢਹਿ ਢਹਿ ਸੀਸ ਝੁਕਾਈਆ । ਨਾਨਕ ਗੋਬਿੰਦ ਦਰ ਏਕਾ ਮੱਲਾ, ਘਰ ਵੱਜਦੀ ਰਹੇ ਵਧਾਈਆ । ਭਗਤ ਭਗਵਾਨ ਮੇਟੇ ਸੱਲਾ, ਦੂਈ ਦਵੈਤੀ ਰਹਿਣ ਨਾ ਪਾਈਆ । ਆਪਣੀ ਫੁਲਵਾੜੀ ਆਪੇ ਰਲਾ, ਪਤ ਡਾਲੀ ਫੁੱਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਲਿਖਣ ਆਏ ਦਰ ਦੁਆਰੀ । ਇਕੋ ਨੂਰ ਕਰ ਉਜਿਆਰ, ਨੂਰੋ ਨੂਰ ਜੋਤ

ਉਜਿਆਰੀ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਕਰੇ ਕਰਾਏ ਸਚ ਵਿਹਾਰੀ । ਭਗਤ ਦੁਆਰ ਕਰ ਪਸਾਰ, ਲੋਕਮਾਤ ਬਣਾਏ ਅਟੱਲ ਅਟਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰੀ । ਅਗੰਮ ਅਪਾਰ ਖੇਲ ਕਰਦਾ, ਕਰਨਹਾਰ ਇਕ ਅਖਵਾਇੰਦਾ । ਆਦਿ ਜੁਗਾਦੀ ਕਦੇ ਨਾ ਡਰਦਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਭਗਵੰਤ ਆਪਣੇ ਫੜਦਾ, ਫੜ ਫੜ ਬਾਹੋਂ ਬਾਹਰ ਕਢਾਇੰਦਾ । ਕਰੇ ਖੇਲ ਨਰ ਹਰਿ ਨਰਾਇਣ ਨਰ ਦਾ, ਨਰ ਹਰਿ ਆਪਣੀ ਸੇਵ ਕਮਾਇੰਦਾ । ਅਗਨੀ ਹਵਨ ਕਦੇ ਨਾ ਸੜਦਾ, ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਭਗਤ ਦੁਆਰੇ ਆਪੇ ਵੜਦਾ, ਬਹਿ ਬਹਿ ਆਪਣਾ ਆਸਣ ਲਾਇੰਦਾ । ਸਤਿ ਸਰੂਪੀ ਅੱਖਰ ਪੜ੍ਹਦਾ, ਪੜ੍ਹ ਪੜ੍ਹ ਅੱਖਰ ਆਪ ਸੁਣਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ ਦਾ, ਗੜ੍ਹ ਹੰਕਾਰੀ ਮੇਟ ਮਿਟਾਇੰਦਾ । ਲੇਖਾ ਜਾਣੇ ਚੋਟੀ ਜੜ੍ਹ ਦਾ, ਅੰਦਰ ਬਾਹਰ ਵੇਖ ਵਖਾਇੰਦਾ । ਮਰਦ ਮਰਦਾਨਾ ਆਪ ਬਣਦਾ, ਸਚ ਮਰਦਾਨਗੀ ਆਪ ਕਮਾਇੰਦਾ । ਜੁਗ ਚੌਕੜੀ ਪਾਣੀ ਭਰਦਾ, ਬਣ ਸੇਵਕ ਸੇਵ ਕਮਾਇੰਦਾ । ਆਪਣੀ ਕਰਨੀ ਆਪੇ ਕਰਦਾ, ਕਰਤਾ ਪੁਰਖ ਨਾਉਂ ਰਖਾਇੰਦਾ । ਭਗਤ ਦੁਆਰੇ ਆਪੇ ਖੜਦਾ, ਖੜ ਖੜ ਆਪਣਾ ਦਰਸ ਵਖਾਇੰਦਾ । ਬਿਨ ਤੀਰ ਕਮਾਨੋਂ ਆਪੇ ਲੜਦਾ, ਖੰਡਾ ਸ਼ਸਤਰ ਨਾ ਕੋਈ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਬੰਧਾਇੰਦਾ । ਸਾਚੀ ਧਾਰ ਬੰਨ੍ਹੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਸੱਦਾ ਦੇ ਗੁਰ ਅਵਤਾਰ, ਪੀਰ ਪੈਗ਼ੰਬਰ ਦਰ ਬੁਲਾਈਆ । ਚਾਰ ਜੁਗ ਦੇ ਵਿਛੜੇ ਯਾਰ, ਭਗਤ ਭਗਵੰਤ ਲਏ ਜਗਾਈਆ । ਬਹੱਤਰਾਂ ਦੇਵੇ ਇਕ ਆਧਾਰ, ਸੱਤਰਾਂ ਅੱਖ ਖੁਲ੍ਹਾਈਆ । ਚੁਹੱਤਰਾਂ ਕਰਾਏ ਸਚ ਪਿਆਰ, ਸਾਤਾ ਚੌਕਾ ਨਾਲ ਰਲਾਈਆ । ਸਤਿ ਪੁਰਖ ਦੀ ਸਾਚੀ ਕਾਰ, ਚੌਥੇ ਜੁਗ ਰਿਹਾ ਸਮਝਾਈਆ । ਚਾਰ ਵਰਨ ਦਾ ਇਕ ਦੁਆਰ, ਸਤਿ ਸੰਤੋਖ ਧੀਰ ਧਰਾਈਆ । ਸਤਿ ਸਤਿ ਦੀ ਸਾਚੀ ਕਾਰ, ਚਾਰ ਚਾਰ ਚਾਰ ਜਣਾਈਆ । ਕਰੇ ਖੇਲ ਅਪਰ ਅਪਾਰ, ਲੇਖਾ ਲਿਖ ਲਿਖ ਰਿਹਾ ਸਮਝਾਈਆ । ਕਲਜੁਗ ਆਈ ਅੰਤਮ ਵਾਰ, ਸਭ ਦਾ ਲੇਖਾ ਰਿਹਾ ਮੁਕਾਈਆ । ਵੰਡਣ ਵੰਡ ਵੰਡੇ ਸੰਸਾਰ, ਵੰਡ ਵੰਡ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਕਰੇ ਖ਼ਬਰਦਾਰ, ਬੇਖ਼ਬਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨੇ ਆਇਆ, ਨਿਰਗੁਣ ਰੂਪ ਅਗੰਮ ਅਪਾਰ । ਚਾਰ ਜੁਗ ਦੀ ਧਾਰਾ ਆਪਣੇ ਅੰਦਰ ਧਰਨੇ ਆਇਆ, ਨਿਰਗੁਣ ਨਿਰਵੈਰ ਨਿਰਾਕਾਰ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਫੜਨੇ ਆਇਆ, ਜੋਧਾ ਸੂਰਬੀਰ ਬਲੀ ਬਲਕਾਰ । ਸਾਚੇ ਅਸਵ ਘੋੜੇ ਚੜ੍ਹ ਕੇ ਆਇਆ, ਮਹਾਬਲੀ ਹੋ ਤਿਆਰ । ਆਪਣੀ ਕਰਨੀ ਕਰਨੇ ਆਇਆ, ਕਰਨਹਾਰ ਇਕ ਓਅੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਆਪਾਰਾ ਹਰਿ ਜੂ ਹਰਿ, ਹਰਿ ਹਰਿ ਆਪ ਕਰਾਈਆ । ਜੁਗ ਜੁਗ ਵੰਡਦਾ ਰਿਹਾ ਭੰਡਾਰਾ, ਗੁਰ ਅਵਤਾਰਾਂ ਝੋਲੀ ਪਾਈਆ । ਕਲਜੁਗ ਅੰਤਮ ਇਕ ਦੁਆਰਾ, ਸਭ ਨੂੰ ਦਏ ਵਖਾਈਆ । ਭਗਤ ਭਗਵਾਨ ਕਰੇ ਇਸ਼ਾਰਾ, ਏਕਾ ਰਾਹ ਚਲਾਈਆ । ਸਚਖੰਡ ਨਿਵਾਸੀ ਬਣ ਵਣਜਾਰਾ, ਲੋਕਮਾਤ ਫੇਰਾ ਪਾਈਆ । ਹੋਕਾ ਦੇਵੇ ਬੈਠ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਲਗਾਈਆ । ਕਰੇ ਕਰਾਏ ਸਚ ਵਿਹਾਰਾ, ਬਿਵਹਾਰੀ ਬਣਿਆ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਰੀਤੀ ਰਿਹਾ ਮੁਕਾਈਆ । ਜਗ ਰੀਤੀ ਲਹਿਣਾ ਜਾਏ ਚੁੱਕ,

ਹਰਿ ਹਰਿ ਜੂ ਆਪ ਚੁਕਾਇੰਦਾ । ਕਲਜੁਗ ਪੈਂਡਾ ਜਾਏ ਮੁੱਕ, ਅੰਤ ਅਖੀਰ ਆਪ ਮੁਕਾਇੰਦਾ । ਲੱਖ ਚੁਰਾਸੀ ਬੂਟੇ ਜਾਣੇ ਸੁੱਕ, ਗੁਰ ਅਵਤਾਰ ਪੀਰ ਪੈਗ਼ੰਬਰ ਹਰਿਆ ਸਿੰਚ ਨਾ ਕੋਇ ਕਰਾਇੰਦਾ । ਗੁਰਮੁਖਾਂ ਆਪਣੀ ਗੋਦੀ ਲਏ ਚੁੱਕ, ਮੁਖ ਫੇਰ ਨਾ ਉਲਟਾਇੰਦਾ । ਇਕੋ ਹਰਿ ਰੱਖੇ ਕੁੱਖ, ਜਨ ਜਨਨੀ ਰੂਪ ਵਟਾਇੰਦਾ । ਜੀਵ ਜੰਤ ਵੇਖੇ ਲੁਕ, ਘਰ ਘਰ ਅਗਨੀ ਅੰਤ ਤਪਾਇੰਦਾ । ਵੇਲਾ ਅੰਤਮ ਗਿਆ ਢੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰਣੇ ਯੋਗ, ਜੁਗਤ ਆਪਣੇ ਹੱਥ ਰਖਾਈਆ । ਜੈ ਜੈਕਾਰ ਕਰਨ ਚੌਦਾਂ ਲੋਕ, ਚੌਦਾਂ ਤਬਕ ਨਾਅਰਾ ਲਾਈਆ । ਅਲਫ਼ ਯੇ ਇਕ ਸਲੋਕ, ਤਿੰਨ ਪੰਜ ਕਰੇ ਪੜ੍ਹਾਈਆ । ਬਾਵਨ ਰੂਪ ਕਰੇ ਖੇਲ ਨਾ ਕੋਈ ਸਕੇ ਰੋਕ, ਰੋਕਣਹਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਆਪ ਕਰਾਈਆ । ਸਾਚਾ ਵਣਜ ਸਚ ਵਣਜਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਗੁਰ ਅਵਤਾਰਾਂ ਦੇ ਭੰਡਾਰਾ, ਬਣ ਭੰਡਾਰੀ ਵੇਖ ਵਖਾਇੰਦਾ । ਜਗਤ ਦੁਆਰਾ ਖੋਲ੍ਹ ਕਿਵਾੜਾ, ਘਰ ਸਾਚਾ ਇਕ ਸੁਹਾਇੰਦਾ । ਚਲ ਕੇ ਆਏ ਵਿਚ ਸੰਸਾਰਾ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਚੁਹੱਤਰਾਂ ਦੇਵੇ ਇਕ ਸਹਾਰਾ, ਧੀਰਜ ਧੀਰ ਇਕ ਧਰਾਇੰਦਾ । ਸ਼ਾਸਤਰ ਸਿਮਰਤ ਲਿਖ ਲਿਖ ਆਪ ਲਿਖਾਰਾ, ਬ੍ਰਹਮਾ ਵੇਤਾ ਬ੍ਰਹਮ ਸਮਝਾਇੰਦਾ । ਇਕੀ ਇਕੀ ਹਰਿ ਕਰਤਾਰਾ, ਦਰ ਏਕਾ ਬੰਧਨ ਪਾਇੰਦਾ । ਇਕ ਇਕੱਲਾ ਏਕਓਅੰਕਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਪੰਜ ਤਤ ਵੇਖੇ ਜਗਤ ਟਿਕਾਣਾ, ਕਾਇਆ ਮੰਦਰ ਸੋਭਾ ਪਾਇੰਦਾ । ਸਾਚੇ ਭਗਤਾਂ ਕਰ ਪਿਆਰਾ, ਪਿਆਰ ਪਿਆਰ ਨਾਲ ਵਟਾਇੰਦਾ । ਰੰਗ ਰੱਤੜਾ ਏਕ ਓਅੰਕਾਰਾ, ਰੰਗ ਰੰਗੀਲਾ ਰੰਗ ਰੰਗਾਇੰਦਾ । ਦਰ ਘਰ ਸੁਹਾਏ ਠਾਂਡਾ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਅਗਨੀ ਤਤ ਮਿਟੇ ਹਾੜਾ, ਸਾਂਤਕ ਸਤਿ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਆਪ ਵਖਾਇੰਦਾ । ਗੁਰ ਅਵਤਾਰ ਖੋਲ੍ਹੋ ਅੱਖ, ਹਰਿ ਸਤਿਗੁਰ ਆਪ ਸੁਣਾਇਆ । ਭਗਤ ਭਗਵਾਨ ਕਰੇ ਪ੍ਰਤੱਖ, ਪ੍ਰਤੱਖ ਆਪਣੇ ਨਾਲ ਮਿਲਾਇਆ । ਨਿਰਗੁਣ ਹੋ ਕੇ ਗਾਏ ਜਸ, ਜਸ ਵੇਦ ਪੁਰਾਨ ਭੁਲਾਇਆ । ਲਹਿਣਾ ਚੁਕਾਏ ਤਤ ਅੱਠ, ਨੌਂ ਦੁਆਰੇ ਖੋਜ ਖੁਜਾਇਆ । ਅਠਸਠ ਖੇੜਾ ਕਰੇ ਭੱਠ, ਗੁਰਮੁਖ ਖੇੜਾ ਦਏ ਵਡਿਆਇਆ । ਸਚਖੰਡ ਨਿਵਾਸੀ ਆਇਆ ਨੱਠ, ਬਣ ਪਾਂਧੀ ਪੰਧ ਮੁਕਾਇਆ । ਦਿਵਸ ਰੈਣ ਨਾਮ ਰਿਹਾ ਰਟ, ਜਨ ਭਗਤਾਂ ਮਾਲਾ ਇਕ ਪਹਿਨਾਇਆ । ਸਾਚੀ ਸੇਜਾ ਸੋਹਵੇ ਖਾਟ, ਆਤਮ ਅੰਤਰ ਆਸਣ ਲਾਇਆ । ਸਚ ਪਿਆਏ ਇਕੋ ਅੰਮ੍ਰਿਤ ਬਾਟ, ਨਿਝਰ ਝਿਰਨਾ ਦਏ ਝਿਰਾਇਆ । ਅੰਤਮ ਨੇੜੇ ਰੱਖੀ ਵਾਟ, ਦੂਰ ਦੁਰਾਡਾ ਪੰਧ ਗੁਆਇਆ । ਆਓ ਰਲ ਕੇ ਸਾਰੇ ਪੁੱਛੇ ਵਾਤ, ਦਾਤਾ ਦਰ ਆਪਣਾ ਪਰਦਾ ਲਾਹਿਆ । ਜੁਗ ਜੁਗ ਖੇਲੇ ਖੇਲ ਬਹੁ ਬਿਧ ਭਾਂਤ, ਆਪਣਾ ਭੇਵ ਨਾ ਕਿਸੇ ਜਣਾਇਆ । ਕਲਜੁਗ ਵੇਖ ਅੰਧੇਰੀ ਰਾਤ, ਨਿਰਗੁਣ ਆਪਣਾ ਵੇਸ ਵਟਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਝਗੜਾ ਪਾਏ ਜ਼ਾਤ ਪਾਤ, ਅੰਤਮ ਬੈਠੇ ਮੁਖ ਛੁਪਾਇਆ । ਨਿਰਗੁਣ ਸਾਰੇ ਗਾਉਣ ਗਾਥ, ਸਰਗੁਣ ਕੰਮ ਕਿਸੇ ਨਾ ਆਇਆ । ਮਾਣ ਤੁਟੇ ਤ੍ਰਲੋਕੀ ਨਾਥ, ਕੋਟਨ ਕੋਟ ਤ੍ਰਲੋਕੀ ਨਾਥ ਨੇਤਰ ਨੈਣਾਂ ਨੀਰ ਵਹਾਇਆ । ਕੋਟਨ ਕੋਟ ਬ੍ਰਹਮੇ ਵੇਦ ਮੁਖ ਮੁਖ ਕਰਨ ਪਾਠ, ਆਪਣਾ ਭੇਵ ਕਿਸੇ ਨਾ ਆਇਆ । ਕੋਟਨ ਕੋਟ ਪੀਰ ਪੈਗ਼ੰਬਰ ਗੁਰ ਗੁਰ ਕਰ ਕਰ ਯਾਦ, ਆਪਣੀ ਯਾਦ ਗਏ ਚੁਕਾਇਆ । ਕੋਟਨ ਕੋਟ ਵਜਾ ਨਾਦ,

ਆਪਣਾ ਨਾਦ ਗਏ ਸੁਣਾਇਆ। ਕੋਟਨ ਕੋਟ ਗਾ ਗਾ ਗਾਥ, ਵਾਹਿਦ ਇਕੋ ਨਾਮ ਧਿਆਇਆ। ਕੋਟਨ ਕੋਟ ਰਸਨਾ ਜਿਹਵਾ ਗਏ ਆਰਾਧ, ਅਰਾਧਨਹਾਰਾ, ਨਜ਼ਰ ਕਿਸੇ ਨਾ ਆਇਆ। ਕੋਟਨ ਕੋਟ ਭਗਤ ਭਗਵੰਤ ਦਰ ਵੇਖੇ ਸੰਤ ਸਾਧ, ਖ਼ਾਲੀ ਝੋਲੀ ਰਹੇ ਵਖਾਈਆ। ਕਲਜੁਗ ਅੰਤਮ ਸੁਣੇ ਆਪ ਫਰਿਯਾਦ, ਪਾਰਬ੍ਰਹਮ ਪ੍ਰਭ ਵੇਸ ਵਟਾਇਆ। ਜਨ ਭਗਤਾਂ ਕਰੇ ਸਾਚਾ ਲਾਡ, ਪੂਤ ਸਪੂਤੇ ਗੋਦ ਉਠਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ। ਗੁਰ ਅਵਤਾਰ ਮਲਣ ਹੱਥ, ਹੱਥ ਹੱਥ ਨਾਲ ਰਗੜਾਈਆ। ਸਾਡਾ ਚਲੇ ਨਾ ਕੋਈ ਵਸ, ਬੇਵਸ ਹੋਈ ਲੋਕਾਈਆ। ਤੇਰੀ ਮਾਇਆ ਅੰਦਰ ਗਏ ਫਸ, ਸਾਡਾ ਨਾਮ ਕੰਮ ਕਿਸੇ ਨਾ ਆਈਆ। ਜਗਤ ਵਿਕਾਰੇ ਪਾਈ ਨੱਥ, ਨਾ ਸਕੇ ਕੋਇ ਤੁੜਾਈਆ। ਖ਼ਾਲੀ ਹੋਏ ਮੰਦਰ ਮਸਜਿਦ ਮੱਠ, ਸ਼ਿਵਦੁਆਲੇ ਦੇਣ ਦੁਹਾਈਆ। ਪੱਥਰ ਪਾਹਨ ਠਾਕਰ ਗਏ ਨੱਠ, ਸਾਚਾ ਠਾਕਰ ਨਜ਼ਰ ਕਿਸੇ ਨਾ ਆਈਆ। ਕਲਮ ਸ਼ਾਹੀ ਗਾਥ ਲਿਖ ਤੇਰੇ ਟਿੱਕੇ ਲਾਏ ਤਿਲਕ, ਤੇਰਾ ਭੇਵ ਕੋਇ ਨਾ ਪਾਈਆ। ਪੂਜਾ ਕਰ ਕਰ ਥੱਕੇ ਪਿੱਪਲ ਪੱਤ, ਪੱਤ ਡਾਲੀ ਸੇਵ ਕਮਾਈਆ। ਫਿਰ ਫਿਰ ਥੱਕੇ ਤੀਰਥ ਤੱਟ, ਦੁਰਮਤ ਮੈਲ ਨਾ ਕੋਇ ਧੁਆਈਆ। ਜਿਧਰ ਵੇਖੀਏ ਅੱਗੋਂ ਮਾਰੇ ਕਲਜੁਗ ਸੱਟ, ਹੁਕਮੇ ਬੱਧਾ ਸੇਵ ਕਮਾਈਆ। ਕਾਇਆ ਮੰਦਰ ਦਿਸੇ ਨਾ ਕੋਈ ਹੱਟ, ਕਲਜੁਗ ਸਾਧ ਸੰਤ ਬੈਠੇ ਅੰਦਰ ਕੁੰਡਾ ਲਾਈਆ। ਅਸੀਂ ਸਰਗੁਣ ਨਾਲੋਂ ਨਿਰਗੁਣ ਹੋ ਕੇ ਤੇਰੀ ਚਰਨੀ ਆਏ ਢੱਠ, ਵੱਖਰਾ ਤੇਰਾ ਰਾਹ ਵਖਾਈਆ। ਦਰ ਤੇਰੇ ਤੇ ਆ ਕੇ ਵੇਖਿਆ ਤੂੰ ਭਗਤਾਂ ਕਰੇਂ ਵੱਖ, ਦੀਨ ਮਜ਼੍ਹਬ ਜ਼ਾਤ ਪਾਤ ਧੱਕਾ ਦਿਤਾ ਲਾਈਆ। ਜਗਤ ਵਿਦਿਆ ਖ਼ਾਲੀ ਹੱਥ, ਚਾਰੋਂ ਕੁੰਟ ਰਹੀ ਕੁਰਲਾਈਆ। ਸ਼ਾਹ ਪਾਤਸ਼ਾਹ ਕਿਸੇ ਨਾ ਮਿਲੇ ਕੁੱਲੀ ਕੱਖ, ਛੱਪਰੀ ਨਾਮੇ ਵਡ ਵਡਿਆਈਆ। ਅੰਤਮ ਖੇੜਾ ਹੋਣਾ ਭੱਠ, ਭਠਿਆਰਾ ਏਕਾ ਅਗਨੀ ਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ। ਸਾਚਾ ਖੇਲ ਦੱਸ ਭਗਵਾਨ, ਆਏ ਤੇਰੇ ਦੁਆਰੇ। ਸਾਡਾ ਚੁੱਕਿਆ ਜਗਤ ਨਿਸ਼ਾਨ, ਨਾ ਕੋਈ ਦਿਸੇ ਵਿਚ ਸੰਸਾਰੇ। ਲੱਖ ਚੁਰਾਸੀ ਹੋਈ ਬੇਈਮਾਨ, ਬੇਵਾ ਰੂਪ ਨਾਰ ਵਿਭਚਾਰੇ ਨਜ਼ਰ ਨਾ ਆਏ ਸਾਚਾ ਕਾਹਨ, ਗੋਪੀ ਨੈਣ ਨਾ ਕੋਈ ਸ਼ਿੰਗਾਰੇ। ਸੀਤਾ ਮਿਲੇ ਨਾ ਸਈਆ ਰਾਮ, ਰਾਮ ਕਰੇ ਨਾ ਕੋਈ ਪਿਆਰੇ। ਈਸਾ ਮੂਸਾ ਦਏ ਨਾ ਕੋਈ ਪੈਗ਼ਾਮ, ਹੱਕ ਹਕ਼ੀਕਤ ਨਾ ਕੋਈ ਵਿਚਾਰੇ। ਮੁਹੰਮਦ ਸੁਣੇ ਨਾ ਕੋਈ ਕਲਾਮ, ਕਲਮਾ ਨਬੀ ਨਾ ਕੋਈ ਜੈਕਾਰੇ। ਨਾਨਕ ਮੰਤਰ ਨਾ ਕੋਈ ਸਤਿਨਾਮ, ਮਾਰਗ ਭੁੱਲਿਆ ਸਰਬ ਸੰਸਾਰੇ। ਗੋਬਿੰਦ ਡੰਕਾ ਨਾ ਕਿਸੇ ਜ਼ਬਾਨ, ਆਤਮ ਪਰਮਾਤਮ ਕਰੇ ਵਣਜ ਨਾ ਕੋਈ ਵਣਜਾਰੇ। ਨੌਂ ਖੰਡ ਪ੍ਰਿਥਮੀ ਹੋਈ ਸ਼ੈਤਾਨ, ਸ਼ਰਅ ਸ਼ਰੀਅਤ ਦੇਵੇ ਸਰਬ ਹੁਲਾਰੇ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸਦਾ ਸਦਾ ਕਰੀਏ ਨਿਮਸਕਾਰੇ। ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਹਰਿ ਜੂ ਆਪਣੀ ਦਇਆ ਕਮਾਇੰਦਾ। ਸਾਰੇ ਉਠ ਕੇ ਕਰੋ ਪਰਨਾਮ, ਹਰਿ ਪੁਰਖ ਆਪ ਸਮਝਾਇੰਦਾ। ਸਾਰੇ ਮੰਨੋ ਇਕ ਇਸਲਾਮ, ਇਸਮ ਆਜ਼ਮ ਇਕ ਜਣਾਇੰਦਾ। ਸਾਰੇ ਜਾਣੋ ਇਕ ਭਗਵਾਨ, ਇਕੋ ਨਜ਼ਰੀ ਆਇੰਦਾ। ਸਾਰੇ ਮੰਨੋ ਏਕਾ ਰਾਮ, ਏਕਾ ਘਰ ਡੇਰਾ ਲਾਇੰਦਾ। ਸਾਰੇ ਵੇਖੋ ਇਕ ਨਿਸ਼ਾਨ, ਸੋ ਪੁਰਖ ਨਿਰੰਜਣ ਆਪ ਝੁਲਾਇੰਦਾ। ਸਾਰੇ ਖਾਓ ਇਕ ਪਕਵਾਨ, ਸ਼ਰਅ ਵੰਡ ਨਾ ਕੋਇ ਵੰਡਾਇੰਦਾ। ਸੂਰ ਦੇਵੇ ਨਾ ਕੋਇ ਦਾਨ, ਗਊ ਭੇਟ ਨਾ ਕੋਇ ਚੜ੍ਹਾਇੰਦਾ। ਜ਼ਬਾਹ ਕਰੇ ਨਾ ਕੋਈ ਕਿਰਪਾਨ, ਸੀਸ ਧੜ ਨਾ ਕੋਇ

ਕਟਾਇੰਦਾ । ਮਾਰਨਹਾਰ ਇਕ ਭਗਵਾਨ, ਜੀਵਣ ਜੁਗਤ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਹੁਕਮ ਸੁਣਿਆ ਧੁਰ ਫ਼ਰਮਾਣਾ, ਸਾਰੇ ਨੈਣ ਰਹੇ ਉਠਾਈਆ । ਪ੍ਰਭ ਜੀ ਮੰਨੀਏ ਤੇਰਾ ਭਾਣਾ, ਤੇਰੇ ਚਰਨ ਮਿਲੇ ਸਰਨਾਈਆ । ਤੂੰ ਸਾਹਿਬ ਸੁਲਤਾਨਾ ਸਾਚਾ ਰਾਣਾ, ਹਉਂ ਰਈਅਤ ਰੂਪ ਵਟਾਈਆ । ਪੀਰ ਪੈਗ਼ੰਬਰ ਨਾ ਕੋਈ ਅਖਵਾਨਾ, ਗੁਰ ਅਵਤਾਰ ਨਾ ਕੋਇ ਵਡਿਆਈਆ । ਤੇਰੇ ਦਰ ਰਹੀਏ ਬਣ ਬਣ ਬਾਲਕ ਅਵਾਣਾ, ਬਾਲੀ ਬੁੱਧ ਇਕ ਵਖਾਈਆ । ਲੋਕਮਾਤ ਨਾ ਵੇਖੀਏ ਮਾਰ ਧਿਆਨਾ, ਧਿਆਨ ਧਿਆਨ ਨਾ ਕੋਇ ਜਣਾਈਆ । ਸੰਮਤ ਵੀਹ ਸੌ ਵੀਹ ਬਿਕਰਮੀ ਸਾਡਾ ਚੁੱਕੇ ਪੀਣਾ ਖਾਣਾ, ਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਦੱਸੇ ਹਾਲ, ਸੁਣੋ ਮੀਤ ਮੁਰਾਰ । ਅੰਤਮ ਸਭ ਨੂੰ ਖਾਏ ਕਾਲ, ਕੋਈ ਰਹੇ ਨਾ ਵਿਚ ਸੰਸਾਰ । ਲੱਖ ਚੁਰਾਸੀ ਹੋਏ ਬੇਹਾਲ, ਨੇਤਰ ਨੈਣ ਰੋਵੇ ਜ਼ਾਰੋ ਜ਼ਾਰ । ਫਲ ਨਾ ਦਿਸੇ ਕਿਸੇ ਡਾਲ, ਸ੍ਰਿਸ਼ਟ ਸਬਾਈ ਮਾਰੇ ਮਾਰ । ਸਾਰੇ ਆਏ ਚਲ ਦੁਆਰ, ਕਿਰਪਾ ਕਰੇ ਆਪ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਧੁਰ ਫ਼ਰਮਾਣ । ਧੁਰ ਫ਼ਰਮਾਣਾ ਇਕੋ ਵਾਰ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਕਲਜੁਗ ਅੰਤਮ ਸੋਹੇ ਦਰਬਾਰ, ਦਰ ਸਾਚੇ ਆਪ ਬਹਾਇੰਦਾ । ਚਾਰ ਜੁਗ ਦਾ ਝਗੜਾ ਮੇਟ ਨਿਰੰਕਾਰ, ਅਗਲਾ ਮਾਰਗ ਆਪ ਲਗਾਇੰਦਾ । ਨਾਤਾ ਤੁਟਾ ਮੁਹੰਮਦ ਯਾਰ, ਸ਼ਰਅ ਸ਼ਰੀਅਤ ਨਾ ਕੋਇ ਵਖਾਇੰਦਾ । ਕਲਮਾ ਨਬੀ ਨਾ ਕੋਈ ਪੁਕਾਰ, ਅਲਫ਼ ਯੇ ਨਾ ਕੋਇ ਪੜ੍ਹਾਇੰਦਾ । ਦਰ ਸਜਦਾ ਕਰੇ ਦਰਬਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤੇਰਾ ਬਰਦਾ ਹੋਇਆ ਫ਼ਰਮਾਂਬਰਦਾਰ, ਬਣ ਸੇਵਕ ਸੇਵ ਕਮਾਇੰਦਾ । ਡਰਦਾ ਡਰਦਾ ਕਰੇ ਪੁਕਾਰ, ਹੌਲੀ ਹੌਲੀ ਆਖ ਸੁਣਾਇੰਦਾ । ਸਦੀ ਚੌਧਵੀਂ ਗਈ ਹਾਰ, ਚੌਦਾਂ ਤਬਕ ਸਭ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਕਲਮਾ ਤੇਰੇ ਅੱਗੇ ਰਖਾਇੰਦਾ । ਤੇਰਾ ਕਲਮਾ ਤੇਰੀ ਆਇਤ, ਤੇਰੇ ਅੱਗੇ ਟਿਕਾਈਆ । ਸਚ ਖ਼ੁਦਾਏ ਦਿਤੀ ਇਨਾਇਤ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਚੌਦਾਂ ਤਬਕ ਇਕ ਅਸ਼ਾਇਤ, ਸ਼ਰੀਅਤ ਇਕ ਪੜ੍ਹਾਈਆ । ਲੇਖਾ ਮੁਕਿਆ ਕਾਏਨਾਤ, ਕਾਨੀ ਤੀਰ ਹੱਥ ਸੁਟਾਈਆ । ਫਾਤਿਆ ਪੜ੍ਹਿਆ ਏਕ ਫਾਤ, ਫਤਹਿ ਤੇਰੀ ਸਰਬ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਆਸ ਰਖਾਈਆ । ਪੁਰਖ ਅਬਿਨਾਸ਼ੀ ਕਰੇ ਪੁਕਾਰ, ਏਕਾ ਸ਼ਬਦ ਜਣਾਇਆ । ਤੇਰੀ ਮੇਰੀ ਨਿਰਗੁਣ ਗੁਫ਼ਤਾਰ, ਰਾਗ ਰਾਗ ਨਾ ਕੋਇ ਸੁਣਾਇਆ । ਲਹਿਣਾ ਦੇਵੇ ਵਾਰੋ ਵਾਰ, ਲੇਖਾ ਸਭ ਦਾ ਰਿਹਾ ਮੁਕਾਇਆ । ਨਾਤਾ ਤੋੜ ਤੇਰਾ ਸੰਸਾਰ, ਚਰਨ ਕਵਲ ਰਹੇ ਬਹਾਇਆ । ਪਿਛੋਂ ਮਾਰੇ ਸਭ ਨੂੰ ਮਾਰ, ਨਾਮ ਖੰਡਾ ਇਕ ਉਠਾਇਆ । ਮੁਸਲਿਮ ਸੁੰਨੀ ਜਾਏ ਹਾਰ, ਹਰਿ ਜੂ ਆਪਣਾ ਹੁਕਮ ਵਰਤਾਇਆ । ਵੀਹ ਸੌ ਉਨੀ ਕਰ ਖੁਆਰ, ਜਗਤ ਖੁਆਰੀ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਇਕ ਸੁਣਾਇਆ । ਸਚ ਸੁਨੇਹੜਾ ਬਾਤਨ ਬਾਤ, ਹਰਿ ਜੂ ਹਰਿ ਹਰਿ ਆਖ ਸੁਣਾਈਆ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਸਮਾਈਆ । ਅੰਤਮ ਕਰੇ ਪੂਰੀ ਆਸ, ਬੇਪਰਵਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲਏ ਲਗਾਈਆ । ਲੇਖਾ ਲੇਖੇ ਜਾਏ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ ।

੪੦੨
੧੨

ਕਰੇ ਖੇਲ ਸੂਰਾ ਸਰਬੱਗ, ਰੂਪ ਅਨੂਪ ਆਪ ਵਖਾਇੰਦਾ । ਸਚ ਦੁਆਰੇ ਆਪੇ ਸੱਦ, ਚਰਨ ਸਰਨ ਇਕ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਆਪ ਵਖਾਇੰਦਾ । ਏਕਾ ਘਰ ਨੇਤਰ ਪੇਖ, ਹਰਿ ਸਤਿਗੁਰ ਆਪ ਜਣਾਇੰਦਾ । ਭਗਤ ਭਗਵਾਨ ਦਾ ਖੇਲ ਵੇਖ, ਲੋਕਮਾਤ ਆਪ ਕਰਾਇੰਦਾ । ਸਭ ਦੀ ਮੇਟਣਹਾਰਾ ਰੇਖ, ਰੇਖਾ ਆਪਣੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਸਾਚਾ ਰਾਹ ਸਤਿ ਸਤਿਵਾਦ, ਏਕਾ ਏਕ ਏਕ ਜਣਾਈਆ । ਏਕਾ ਹੁਕਮ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਸਮਝਾਈਆ । ਏਕਾ ਪੁਰਖ ਆਦਿ ਆਦਿ, ਏਕਾ ਅੰਤ ਬਣੇ ਮਾਈਆ । ਏਕਾ ਲੇਖਾ ਜਾਣੇ ਜੁਗਾਦਿ, ਜੁਗ ਜੁਗ ਵੇਖੇ ਥਾਉਂ ਥਾਈਆ । ਏਕਾ ਆਪਣੇ ਵਿਚੋਂ ਲਏ ਕਾਢ, ਏਕਾ ਅੰਤਮ ਆਪਣੇ ਵਿਚ ਲਏ ਮਿਲਾਈਆ । ਦਰ ਦੁਆਰੇ ਆਪਣੇ ਸੱਦ, ਗੁਰ ਅਵਤਾਰ ਗੋਦ ਬਹਾਈਆ । ਏਕਾ ਦੇਵਣਹਾਰਾ ਦਾਦ, ਵਸਤ ਅਮੋਲਕ ਆਪ ਵਰਤਾਈਆ । ਏਕਾ ਵੇਖਣਹਾਰਾ ਹਾਦ, ਪਾਰ ਕਿਨਾਰੇ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਹਰਿ ਜੂ ਕਰਨਾ, ਕਰਨ ਕਰਾਵਣ ਆਇਆ । ਕਲਜੁਗ ਅੰਤਮ ਹਰਿਜਨ ਵਰਨਾ, ਭਗਤ ਭਗਵੰਤ ਹੋਏ ਸਹਾਇਆ । ਇਕ ਖੁਲ੍ਹਾਏ ਸਾਚਾ ਦਰਨਾ, ਸਚਖੰਡ ਸਚ ਨਿਸ਼ਾਨ ਝੁਲਾਇਆ । ਗੁਰਮੁਖ ਗੁਰਸਿਖ ਲਾਲ ਦੁਲਾਰੇ ਮਿਲ ਮਿਲ ਇਕੋ ਅੱਖਰ ਏਕੋ ਪੜ੍ਹਨਾ, ਸਾਚਾ ਸੋਹਲਾ ਆਪ ਸੁਣਾਇਆ । ਸਾਚੇ ਮੰਦਰ ਏਕੋ ਵੜਨਾ, ਘਰ ਮੰਦਰ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇਆ । ਸਾਚਾ ਖੇਲ ਏਕਓਅੰਕਾਰ, ਗੁਰ ਅਵਤਾਰ ਆਪ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਕਰ ਕਰ ਖੇਲ ਅਪਾਰ, ਆਪਣਾ ਆਪ ਰਿਹਾ ਛੁਪਾਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਚ ਭੰਡਾਰਾ ਦਏ ਵਰਤਾਰ, ਬਣ ਵਰਤਾਰਾ ਸੇਵ ਕਮਾਈਆ । ਚੁਹੱਤਰਾਂ ਸਿਖਾਂ ਦੇਵੇ ਏਕਾ ਵਾਰ, ਘਰ ਸਾਚੇ ਝੋਲੀ ਆਪ ਭਰਾਈਆ । ਇਕੀ ਇਕੀ ਕਰ ਪਰਵਾਨ, ਸਾਚੀ ਸਿਖੀ ਲਏ ਬਣਾਈਆ । ਤਿਖੀ ਰੱਖੇ ਦੋ ਜਹਾਨ, ਧਾਰ ਆਪਣੇ ਨਾਮ ਰਗੜਾਈਆ । ਦੇਖੋ ਉਠ ਕੇ ਸਾਰੇ ਕ੍ਰਿਸ਼ਨ ਰਾਮ, ਹਰਿ ਸਾਚਾ ਕੀ ਕੀ ਖੇਲ ਰਿਹਾ ਰਚਾਈਆ । ਪੀਰ ਪੈਗ਼ੰਬਰ ਸਾਰੇ ਉਠ ਕੇ ਕਰੋ ਸਲਾਮ, ਸਯਦਾ ਇਕੋ ਵਾਰ ਵਖਾਈਆ । ਗੁਰੂ ਗੁਰ ਕਰੋ ਪਰਨਾਮ, ਪਰਮ ਪੁਰਖ ਰਿਹਾ ਸਮਝਾਈਆ । ਜਿਸ ਦਾ ਗੌਂਦੇ ਆਏ ਨਾਮ, ਸੋ ਨਾਮੇ ਛੱਪਰ ਰਿਹਾ ਛਾਈਆ । ਬਹੱਤਰ ਜਾਮੇ ਦਿਤਾ ਦਾਨ, ਏਕਾ ਵਾਰ ਜਨਮ ਲਏ ਬਦਲਾਈਆ । ਕਰਿਆ ਖੇਲ ਵਿਚ ਜਹਾਨ, ਦੋ ਜਹਾਨਾਂ ਕਰੇ ਰੁਸ਼ਨਾਈਆ । ਵਿਸ਼ਨੂੰ ਹੱਥੋਂ ਖੋਹ ਕੇ ਦਾਨ, ਜਨ ਭਗਤਾਂ ਹੱਥ ਫੜਾਈਆ । ਲੋਕਮਾਤ ਪਕਾਏ ਪਕਵਾਨ, ਬਣ ਸੇਵਕ ਸੇਵ ਕਮਾਈਆ । ਚਾਰ ਜੁਗ ਦੇ ਵਿਛੜੇ ਗੁਰਮੁਖ ਖਾਣ, ਜਿਸ ਰਸਨਾ ਖਾਧਾ ਜਨਮ ਮਰਨ ਵਿਚ ਨਾ ਆਈਆ । ਆਦਿ ਜੁਗਾਦੀ ਦੁਖੜੇ ਸਰਬ ਮਿਟ ਜਾਣ, ਦੁਖੀਆਂ ਦੁੱਖ ਰਿਹਾ ਮਿਟਾਈਆ । ਸਤਿਗੁਰ ਮਿਲਿਆ ਹਾਣੀ ਹਾਣ, ਸੁਰਤੀ ਸ਼ਬਦ ਕਰੇ ਕੁੜਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਕੇ ਕਰੋ ਪਛਾਣ, ਹਰਿ ਆਪਣਾ ਰੂਪ ਰਿਹਾ ਦਰਸਾਈਆ । ਇਕੋ ਜੋਤ ਨੂਰ ਨੁਰਾਨ, ਪੰਜ ਤਤ ਨਾ ਕੋਇ ਵਡਿਆਈਆ । ਭਗਤਾਂ ਅੰਦਰ ਵੜ ਵੜ ਖੇਲ ਕਰੇ ਮਹਾਨ, ਸਚਖੰਡ ਦੁਆਰ ਆਪਣਾ ਘਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਉਠੋ ਵੇਖੋ ਚੜ੍ਹਦਾ ਰੰਗ, ਹਰਿ ਜੂ ਆਪ ਰੰਗਾਇੰਦਾ ।

ਬਣ ਭਿਖਾਰੀ ਮੰਗੋ ਮੰਗ, ਭਗਤ ਦੁਆਰਾ ਇਕ ਸੁਹਾਇੰਦਾ । ਪੁਰਖ ਅਬਿਨਾਸ਼ੀ ਬੈਠਾ ਸਚ ਪਲੰਘ, ਕੰਤ ਕੰਤੂਹਲ ਆਪ ਅਖਵਾਇੰਦਾ । ਜਿਸ ਦੀ ਰਸਨਾ ਜਿਹਵਾ ਪਾਉਂਦੇ ਡੰਡ, ਸੋ ਡੰਡਾ ਆਪਣਾ ਹੱਥ ਉਠਾਇੰਦਾ । ਜਿਸ ਦੀ ਕਿਸੇ ਨਾ ਦਿਸੀ ਕੰਡ, ਸੋ ਆਪਣਾ ਮੁਖ ਵਖਾਇੰਦਾ । ਜਿਸ ਦੇ ਪਿਛੇ ਬਣੇ ਨਾਰ ਦੁਹਾਗਣ ਰੰਡ, ਕੰਤ ਅੰਤ ਪਰਣਾਇੰਦਾ । ਜਿਸ ਦੇ ਪਿੱਛੇ ਪੰਜ ਤਤ ਕਾਇਆ ਜੁਆਨੀ ਗਈ ਹੰਢ, ਲੱਭਿਆਂ ਹੱਥ ਕਿਸੇ ਨਾ ਆਇੰਦਾ । ਜਿਸ ਦੇ ਪਿੱਛੇ ਲੋਆਂ ਪੁਰੀਆਂ ਬ੍ਰਹਿਮੰਡ ਖੰਡ ਕੱਟਿਆ ਪੰਧ, ਸੋ ਪਾਂਧੀ ਬਣ ਕੇ ਪੰਧ ਮੁਕਾਇੰਦਾ । ਅੰਦਰ ਵੜ ਵੜ ਢੋਲੇ ਗਾਉਂਦੇ ਛੰਦ, ਸੋ ਆਪਣਾ ਰਾਗ ਅਲਾਇੰਦਾ । ਜਿਸ ਦੇ ਪਿਛੇ ਘਸ ਗਏ ਬੱਤੀ ਦੰਦ, ਬਿਨ ਦੰਦਾਂ ਰਾਗ ਅਲਾਇੰਦਾ । ਜਿਸ ਦੇ ਪਿਛੇ ਪੂਜਦੇ ਸੂਰਜ ਚੰਦ, ਸੋ ਸਾਚੀ ਜੋਤ ਜਗਮਗਾਇੰਦਾ । ਜਿਸ ਦੇ ਪਿਛੇ ਲੱਭਦੇ ਆਤਮ ਅਨੰਦ, ਸੋ ਪਰਮਾਨੰਦ ਵਖਾਇੰਦਾ । ਜਿਸ ਦੇ ਪਿਛੇ ਆਪਣੀ ਤੁੱਟੀ ਲਈ ਗੰਢ, ਗੰਢਣਹਾਰ ਫੇਰਾ ਪਾਇੰਦਾ । ਗੁਰ ਅਵਤਾਰ ਉਠੋ ਮੰਗ ਲਓ ਮੰਗ, ਵੇਲਾ ਗਿਆ ਹੱਥ ਨਾ ਆਇੰਦਾ । ਪ੍ਰਭ ਢਾਵਣ ਆਇਆ ਕੰਧ, ਮਾਰ ਠੋਕਰ ਉਪਰ ਉਠਾਇੰਦਾ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਹਰਿ ਜੂ ਆਪਣੇ ਕੰਧ ਉਠਾਇੰਦਾ । ਬਹੱਤਰ ਗੁਰਮੁਖ ਚੜ੍ਹੇ ਚੰਨ, ਲੋਕਮਾਤ ਆਪ ਚੜ੍ਹਾਇੰਦਾ । ਸੇਵਾ ਕਰੇ ਸ੍ਰੀ ਭਗਵੰਨ, ਦੂਜਾ ਸੰਗ ਨਾ ਕੋਈ ਰਖਾਇੰਦਾ । ਨਜ਼ਰ ਨਾ ਆਏ ਨੇਤਰ ਅੰਨ੍ਹ, ਗੁਰਮੁਖ ਗਿਆਨ ਨੇਤਰ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਆਪ ਕਰਾਇੰਦਾ । ਸਚ ਵਿਹਾਰ ਕਰੇ ਮਾਤ, ਮਾਤਰ ਭੂਮੀ ਦਏ ਵਡਿਆਈਆ । ਚੁਹੱਤਰਾਂ ਬਣਾਈ ਇਕ ਜ਼ਾਤ, ਸਾਚੀ ਜ਼ਾਤ ਇਕ ਸਮਝਾਈਆ । ਨੇੜ ਨਾ ਆਏ ਸ਼ਰਅ ਨਾਰ ਕਮਜ਼ਾਤ, ਦੁਹਾਗਣ ਦਰ

੪੦੪

੧੨

ਰਹਿਣ ਨਾ ਪਾਈਆ । ਅੰਤਰ ਆਤਮ ਇਕੋ ਪਾਠ, ਹਰਿ ਸਤਿਗੁਰ ਆਪ ਸੁਣਾਈਆ । ਸਰੋਵਰ ਨੁਹਾਏ ਸਾਚੇ ਤਾਟ, ਤੀਰਥ ਇਕ ਅਸ਼ਨਾਨ ਕਰਾਈਆ । ਫੜ ਉਤਾਰੇ ਆਪਣੇ ਘਾਟ, ਮੰਝਧਾਰ ਨਾ ਕੋਈ ਰੁੜ੍ਹਾਈਆ । ਅੱਗੇ ਨੇੜੇ ਰੱਖੇ ਵਾਟ, ਪਿਛਲਾ ਪੰਧ ਮੁਕਾਈਆ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਮਾਣ ਵਡਿਆਈਆ । ਜਨ ਭਗਤ ਭੰਡਾਰ ਗਿਆ ਖੁਲ੍ਹ, ਹਰਿ ਭੰਡਾਰੀ ਆਪ ਖੁਲ੍ਹਾਇੰਦਾ । ਤਾਰਨਹਾਰਾ ਇਕੀ ਇਕੀ ਕੁਲ, ਇਕੀ ਇਕੀ ਕੁਲਾ ਸੇਵਾ ਲਾਇੰਦਾ । ਕਰਤਾ ਕੀਮਤ ਪਾਏ ਮੁਲ, ਲੇਖਾ ਆਪਣੇ ਹੱਥ ਰਖਾਇੰਦਾ । ਗੁਰਮੁਖ ਵੇਖੇ ਸਾਚੇ ਫੁੱਲ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਚਾਰ ਜੁਗ ਬੂਟਾ ਨਾ ਜਾਏ ਹੁਲ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਸਤਿਜੁਗ ਤੇਰੀ ਸਾਚੀ ਕੁਲ, ਸੱਤਰ ਬਹੱਤਰ ਚੁਹੱਤਰ ਜੋੜ ਜੁੜਾਇੰਦਾ । ਇਕ ਭੰਡਾਰ ਦਏ ਅਤੁਲ, ਤੋਲਣਹਾਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਚ ਭੰਡਾਰ ਹਰਿ ਅਤੁਟ, ਜਨ ਭਗਤਾਂ ਝੋਲੀ ਪਾਈਆ । ਆਦਿ ਜੁਗਾਦਿ ਰਹੇ ਨਿਖੁਟ, ਨਿਖੁਟ ਕਦੇ ਨਾ ਜਾਈਆ । ਕਲਜੁਗ ਕਿਰਿਆ ਜੜ੍ਹ ਪੁੱਟ, ਭਗਤ ਬੂਟਾ ਇਕੋ ਲਾਈਆ । ਚਾਰ ਵਰਨ ਸੁਹਾਏ ਰੁੱਤ, ਬਰਨ ਅਠਾਰਾਂ ਲਏ ਮਹਿਕਾਈਆ । ਆਤਮ ਪਰਮਾਤਮ ਵਖਾਏ ਇਕੋ ਰੁੱਤ, ਏਕਾ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਭੰਡਾਰ ਆਪ ਵਖਾਈਆ । ਸਤਿ ਭੰਡਾਰਾ ਆਟਾ ਦਾਲ, ਘਿਰਤ ਆਪਣਾ ਪ੍ਰੇਮ ਵਖਾਇੰਦਾ । ਜਗਤ ਅਵੱਲੜੀ ਚਲੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਬਣ ਮੁਰਸ਼ਦ

ਫੇਰਾ ਪਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਸਾਚੀ ਵਸਤ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭੰਡਾਰ ਆਪ ਵਰਤਾਇੰਦਾ । ਭਗਤ ਭੰਡਾਰ ਹਰਿ ਨਿਰੰਕਾਰ, ਆਪਣੀ ਹੱਥੀਂ ਆਪ ਵਰਤਾਈਆ । ਖਾ ਕੇ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਖ਼ੁਸ਼ੀ ਮਨਾਈਆ । ਜ਼ਾਤ ਪਾਤ ਨਾਤਾ ਤੁਟਾ ਸੰਸਾਰ, ਸ਼ਰਅ ਵੰਡ ਨਾ ਕੋਈ ਵੰਡਾਈਆ । ਆਪਣਾ ਆਪ ਗਏ ਹਾਰ, ਬਲਹੀਣ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਕਰੇ ਸਾਚੀ ਕਾਰ, ਕਰਤਾ ਪੁਰਖ ਕਾਰ ਕਮਾਈਆ । ਜੁਗ ਚੌਕੜੀ ਅਸੀਂ ਕੱਟ ਕੇ ਆਏ ਵਗਾਰ, ਬਣ ਵੈਗਾਰੀ ਫੇਰਾ ਪਾਈਆ । ਲਿਖ ਲਿਖ ਸੰਦੇਸ਼ਾ ਦੇਂਦੇ ਆਏ ਸੰਸਾਰ, ਕਲਮ ਸ਼ਾਹੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਸੇਵਾਦਾਰ, ਬਣ ਸੇਵਕ ਆਪ ਕਰਾਇੰਦਾ । ਭਗਤ ਭਗਵਾਨ ਇਕ ਭੰਡਾਰ, ਬਣ ਭੰਡਾਰੀ ਆਪ ਵਰਤਾਇੰਦਾ । ਏਕਾ ਘਰ ਖਾਇਣ ਗੁਰ ਅਵਤਾਰ, ਦੂਸਰ ਦਰ ਨਾ ਕੋਈ ਜਣਾਇੰਦਾ । ਇਕੋ ਦਰ ਕਰਨ ਨਿਮਸਕਾਰ, ਇਕੋ ਦਰ ਸੀਸ ਝੁਕਾਇੰਦਾ । ਏਕਾ ਬੋਲ ਸਰਬ ਜੈਕਾਰ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਰਤਾਰਾ ਆਪ ਅਖਵਾਇੰਦਾ । ਸਚ ਵਰਤਾਰ ਆਪ ਕਰਤਾਰ, ਕਰਨੀ ਆਪਣੀ ਆਪ ਕਮਾਈਆ । ਇਕੋ ਵਸਤ ਦਏ ਖੁਵਾਲ, ਅਨਡਿਠ ਆਪਣੀ ਦਇਆ ਕਮਾਈਆ । ਆਪਣਾ ਕਰੇ ਹੱਲ ਸੁਆਲ, ਸੁਆਲੀ ਬਣ ਮੰਗਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਭੰਡਾਰ ਏਕਾ ਘਰ ਵਖਾਈਆ । ਹਰਿ ਭਗਤ ਭੰਡਾਰਾ ਦਾਲ ਰੋਟੀ, ਹਰਿ ਜੂ ਆਪਣੀ ਵੰਡ ਵੰਡਾਇੰਦਾ । ਵੇਖਣਹਾਰਾ ਚੜ੍ਹ ਕੇ ਉਪਰ ਚੋਟੀ, ਕੋਟ ਕੋਟੀ ਨਾਲ ਰਲਾਇੰਦਾ । ਸਭ ਦੇ ਵਿਚੋਂ ਕੱਢੇ ਵਾਸਨਾ ਖੋਟੀ, ਜੋ ਜਨ ਰਸਨਾ ਨਾਲ ਰਲਾਇੰਦਾ । ਅੰਤਮ ਮਿਲਾਏ ਨਿਰਮਲ ਜੋਤੀ, ਲੱਖ ਚੁਰਾਸੀ ਗੇੜ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਸੁਹਾਇੰਦਾ । ਸਚ ਭੰਡਾਰਾ ਚੁਹੱਤਰ ਧਾਰ, ਦਰ ਏਕਾ ਬੰਧਨ ਪਾਈਆ । ਹਰਿਸੰਗਤ ਤੇਰਾ ਵਰਤਾਰ, ਸਤਿਗੁਰ ਬਣੇ ਸੱਚਾ ਮਾਹੀਆ । ਸੰਮਤ ਉਨੀ ਹੋ ਨਿਹਾਲ, ਨਿਰਗੁਣ ਆਪਣੀ ਦਇਆ ਕਮਾਈਆ । ਸਰਗੁਣ ਕਰੇ ਆਪ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਹਰਿਜਨ ਅੰਤ ਨਾ ਖਾਏ ਕਾਲ, ਕਾਲ ਗਰਾਸ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦੇਵੇ ਝੋਲੀ ਪਾਈਆ । ਸਾਚੀ ਵਸਤ ਪਾਏ ਝੋਲੀ, ਝੂਲਾ ਆਪਣੇ ਨਾਮ ਦੁਆਇੰਦਾ । ਆਤਮ ਪਰਮਾਤਮ ਹੋਈ ਗੋਲੀ, ਸਾਚੀ ਸੇਵਾ ਇਕ ਰਖਾਇੰਦਾ । ਸੁਰਤੀ ਸ਼ਬਦੀ ਜਾਏ ਮੌਲੀ, ਮੌਲਾ ਆਪਣੇ ਘਰ ਮਿਲਾਇੰਦਾ । ਅੰਦਰ ਲੰਘ ਸੁਣਾਵੇ ਬੋਲੀ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਬਜ਼ਰ ਕਪਾਟੀ ਪਰਦਾ ਰਿਹਾ ਫੋਲੀ, ਨਾਮ ਸੰਦੇਸ਼ਾ ਹੱਥ ਉਠਾਇੰਦਾ । ਉਲਟੀ ਕਰੇ ਨਾਭੀ ਕਵਲੀ, ਕਵਲ ਨਾਭ ਆਪ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਆਪ ਖੁਵਾਇੰਦਾ । ਸਚ ਭੰਡਾਰਾ ਅੰਮ੍ਰਿਤ ਰਸ, ਰਸ ਆਪਣਾ ਆਪ ਖੁਵਾਇੰਦਾ । ਗੁਰ ਅਵਤਾਰ ਇਕ ਦੂਜੇ ਦੇ ਹੋਣ ਵਸ, ਵਸੀਕਾਰ ਆਪ ਕਰਾਇੰਦਾ । ਅੱਗੋਂ ਸਾਰੇ ਕਹਿਣ ਬਸ, ਲੋਕਮਾਤ ਨਾਤਾ ਤੋੜ ਤੁੜਾਇੰਦਾ । ਤੇਰੇ ਭਗਤਾਂ ਅੰਦਰ ਬਹੀਏ ਫਸ, ਸਗਲਾ ਸੰਗ ਜਣਾਇੰਦਾ । ਜਿਨ੍ਹਾਂ ਗਵਾਵੇਂ ਤੂੰ ਸਾਹਿਬ ਜਸ, ਜਿਸ ਦੁਆਰੇ ਚਰਨ ਟਿਕਾਇੰਦਾ । ਅਸੀਂ ਮਿਲੀਏ ਹੱਸ ਹੱਸ, ਗਲਵਕੜੀ ਏਕਾ ਪਾਇੰਦਾ । ਸਾਚਾ ਮਾਰਗ

ਦੇਣਾ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਰਾਹ, ਰਹਿਬਰ ਆਪ ਜਣਾਈਆ । ਭਗਤਾਂ ਨਾਲ ਕਰੇ ਸਲਾਹ, ਸਲਾਹਗੀਰ ਆਪ ਹੋ ਜਾਈਆ । ਨਿਰਗੁਣ ਸਰਗੁਣ ਬਣੇ ਮਲਾਹ, ਬੇੜਾ ਲੋਕਮਾਤ ਚਲਾਈਆ । ਸਾਰੇ ਰਲ ਕੇ ਇਕੋ ਖਾਣਾ ਲਓ ਖਾ, ਜ਼ਾਤ ਪਾਤ ਛੂਤ ਛਾਤ ਰਹੇ ਨਾ ਰਾਈਆ । ਵੱਡਾ ਛੋਟਾ ਨਾ ਕੋਈ ਅਖਵਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਅਖਵਾਈਆ । ਸੂਰ ਗਾਂ ਉਪਰ ਹੱਥ ਨਾ ਸਕੇ ਕੋਈ ਉਠਾ, ਹਿੰਦੂ ਮੁਸਲਿਮ ਦੇਣ ਸਾਰੇ ਗਵਾਹੀਆ । ਮੁਹੰਮਦ ਅੱਗੋਂ ਸੀਸ ਝੁਕਾ, ਮੇਰੀ ਉਮਤ ਛੁਰੀ ਹੱਥ ਨਾ ਕੋਈ ਉਠਾਈਆ । ਗੋਬਿੰਦ ਦੋਏ ਜੋੜ ਮੰਗੇ ਪਨਾਹ, ਮੇਰਾ ਸਿਖ ਤੇਰੇ ਜੀਵ ਉਤੇ ਖੰਡਾ ਨਾ ਕੋਇ ਚਮਕਾਈਆ । ਮੇਰੇ ਮਿਲਣ ਦੀ ਰੱਖਣ ਭੁੱਖ, ਮੈਂ ਸਭ ਦੀ ਤ੍ਰਿਸ਼ਨਾ ਦਿਆਂ ਬੁਝਾਈਆ । ਨੌਂ ਸੌ ਚੁਰਾਨਵੇ ਚੌਕੜੀ ਰੱਖੇ ਕੁੱਖ, ਕੁੱਖ ਨਜ਼ਰ ਕਿਸੇ ਨਾ ਆਈਆ । ਇਕੋ ਵਾਰ ਮਾਤ ਜਨਮ ਦਿਤਾ ਮਾਤ ਗਰਭ ਉਲਟਾ ਰੁੱਖ, ਦਸ ਦਸ ਮਾਸ ਅਗਨ ਤਪਾਈਆ । ਕਲਜੁਗ ਅੰਤਮ ਬਣਾਏ ਆਪਣੇ ਪੁੱਤ, ਸੁਤ ਦੁਲਾਰੇ ਗੋਬਿੰਦ ਭੇਟ ਚੜ੍ਹਾਈਆ । ਸਾਰੇ ਨੇਤਰ ਵੇਖੋ ਉਠ, ਹਰਿ ਜੂ ਆਪਣੀ ਦਇਆ ਕਮਾਈਆ । ਜਿਹੜਾ ਲੁਕਿਆ ਰਿਹਾ ਸਚਖੰਡ ਦੁਆਰੇ ਸਾਚੀ ਗੁੱਠ, ਸਾਖਯਾਤ ਆਪਣਾ ਨੂਰ ਕਰੇ ਰੁਸ਼ਨਾਈਆ । ਕਿਸੇ ਕੋਲੋਂ ਨਾ ਲੈਣਾ ਪੁੱਛ, ਘਰ ਮਿਲਿਆ ਸੱਚਾ ਮਾਹੀਆ । ਆਓ ਸਾਰੇ ਦੱਸੋ ਦੁੱਖ, ਦੁਖੜੇ ਦਏ ਗਵਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਗਤ ਜਹਾਨੋਂ ਕੱਢੇ ਕੁੱਟ, ਨਾਮ ਖੰਡਾ ਇਕ ਚਮਕਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁੱਟ, ਕਲਜੁਗ ਅੰਤ ਰਹਿਣ ਨਾ ਪਾਈਆ । ਗੁਰਮੁਖਾਂ ਰਾਤੀ ਸੁਤਿਆਂ ਪਿਆਏ ਅੰਮ੍ਰਿਤ ਘੁੱਟ, ਦੁਰਮਤ ਮੈਲ ਧੁਵਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਛੁੱਟੀ ਸਭ ਦੇ ਕੋਲੋਂ ਦਏ ਕਰਾਈਆ । ਮਨਮੁਖ ਜੀਵ ਜਗਤ ਨਾਰ ਦੁਹਾਗਣ ਵੱਡੇ ਨੱਕ ਗੁੱਤ, ਹਰਿ ਜੂ ਬਣਿਆ ਆਪ ਕਸਾਈਆ । ਗੁਰ ਅਵਤਾਰ ਹਰਿ ਆਪਣੇ ਅੰਦਰ ਲਏ ਸੁੱਟ, ਨਾ ਕੋਈ ਸਕੇ ਬਾਹਰ ਕਢਾਈਆ । ਸਤਿਜੁਗ ਸੁਹਾਏ ਆਪਣੀ ਰੁੱਤ, ਫੱਲ ਫੁਲਵਾੜੀ ਆਪ ਮਹਿਕਾਈਆ । ਹਰਿ ਭਗਤ ਭੰਡਾਰਾ ਏਕਾ ਏਕ ਅਤੁੱਟ, ਹਰਿ ਜੂ ਆਪਣੀ ਹੱਥੀਂ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਤੇਰੀ ਸੁੱਖਣਾ ਰਿਹਾ ਸੁੱਖ, ਆਪਣੀ ਸੁੱਖ ਨਾ ਕਦੇ ਮੰਗਾਈਆ ।



✳ ਨੀਚੇ ਵਾਲਾ ਸ਼ਬਦ ਚਰਨ ਸਿੰਘ ਹੇਮਰਾਜ ਪੁਰ ਜ਼ਿਲਾ ਗੁਰਦਾਸਪੁਰ ਵਾਲੇ ਨੇ ਬੇਮੁਖ ਹੋ ਕੇ ਚਿਠੀ ਪਾਤਸ਼ਾਹ ਜੀ ਨੂੰ ਲਿਖੀ ੧੮ ਹਾੜ ੨੦੧੯ ਨੂੰ ਬੇਨਤੀ ਕਰ ਕੇ ਪੜਵਾਈ ਗਈ ✳

ਸਾਚੀ ਚਿੱਠੀ ਸਤਿਗੁਰ ਤਾਜ, ਤਖ਼ਤ ਨਿਵਾਸੀ ਆਪ ਸੁਹਾਇੰਦਾ । ਜਿਸ ਅੰਤਰ ਲੁਕਿਆ ਗੁਰੂ ਮਹਾਰਾਜ, ਨਜ਼ਰ ਕਿਸੇ ਨਾ ਆਇੰਦਾ । ਜਿਸ ਕਲਮ ਸ਼ਾਹੀ ਨਾਲ ਮਾਰੀ ਆਵਾਜ਼, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਕਰੇ ਖੇਲ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਵੇਖ ਵਖਾਇੰਦਾ । ਜਿਸ ਦੇ ਪਿਛੇ ਆਪਣਾ ਕਰਦਾ ਰਿਹਾ ਕਾਜ, ਬਣ ਕਰਤਾ ਖੇਲ ਕਰਾਇੰਦਾ । ਜਿਸ ਦੇ ਪਿਛੇ ਤਾਰਿਆ ਇਕ ਜਹਾਜ਼, ਆਪਣਾ ਬੇੜਾ ਆਪ ਉਠਾਇੰਦਾ । ਤਿਸ ਰੱਖਣਹਾਰਾ ਲਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਖਰ ਅੱਖਰ ਨਾਲ ਪੜ੍ਹਾਇੰਦਾ । ਚਿੱਠੀ ਅੱਖਰ ਸ਼ਬਦ ਗਿਆਨ,

ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਗੁਰਮੁਖ ਗੁਰ ਗੁਰ ਕਰ ਧਿਆਨ, ਗੁਰ ਗੁਰ ਏਕਾ ਓਟ ਤਕਾਇੰਦਾ । ਦਰਦੀ ਦਰਦ ਵੰਡੇ ਆਣ, ਬੇਦਰਦ ਨਾ ਕੋਇ ਅਖਵਾਇੰਦਾ । ਭਗਤ ਭਗਵੰਤ ਮੇਲ ਦੋ ਜਹਾਨ, ਦੋਏ ਦੋਏ ਆਪਣੇ ਸੁਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖ ਵੇਖੇ ਬਾਲ ਅਵਾਣ, ਬਾਲੀ ਬੁੱਧ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਗਿਣਾਇੰਦਾ । ਬਾਲੀ ਬੁੱਧ ਬਾਲ ਅਵਾਣਾ, ਭੇਵ ਕੋਇ ਨਾ ਰਾਈਆ । ਪੁਰਖ ਅਬਿਨਾਸ਼ੀ ਸੁਘੜ ਸਿਆਨਾ, ਭੁੱਲ ਕਦੇ ਨਾ ਜਾਈਆ । ਦਰ ਆਇਆਂ ਘਰ ਦਏ ਮਾਣਾ, ਨਿਮਾਣਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਕਰੇ ਪੜ੍ਹਾਈਆ । ਇਕੋ ਅੱਖਰ ਸੁਣਾਇਆ ਆਖਰ, ਏਕਾ ਏਕ ਜਣਾਈਆ । ਤੋੜਨਹਾਰਾ ਬਜ਼ਰ ਕਪਾਟੀ ਪੱਥਰ, ਪਾਥਰ ਆਪਣਾ ਦਏ ਟਿਕਾਈਆ । ਸੁਖ ਸੰਦੇਸ਼ਾ ਦਿਤਾ ਪਾਤਰ, ਪਤਨੀ ਗੁਰਮੁਖ ਲਏ ਬਣਾਈਆ । ਬਿਨ ਸਤਿਗੁਰ ਬਣੇ ਨਾ ਕੋਈ ਚਾਤਰ, ਜਗਤ ਚਾਤਰੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਚੁਕਾਈਆ । ਆਪਣਾ ਲੇਖਾ ਗੁਰਸਿਖ ਮੰਗ, ਹਰਿ ਸਤਿਗੁਰ ਆਪ ਜਣਾਇੰਦਾ । ਮਾਨਸ ਜਨਮ ਨਾ ਹੋਵੇ ਭੰਗ, ਜਿਸ ਜਨ ਆਪਣੀ ਗੋਦ ਬਹਾਇੰਦਾ । ਕਰੇ ਖੇਲ ਸੂਰਾ ਸਰਬੰਗ, ਜ਼ਿਮੀ ਅਸਮਾਨਾ ਵੇਖ ਵਖਾਇੰਦਾ । ਆਪੇ ਨੰਗੀ ਕਰਨਹਾਰਾ ਕੰਡ, ਆਪੇ ਸਿਰ ਸਮਰਥ ਹੱਥ ਟਿਕਾਇੰਦਾ । ਆਪੇ ਕਰੇ ਨਾਰ ਦੁਹਾਗਣ ਰੰਡ, ਆਪੇ ਬਣ ਬਣ ਕੰਤ ਸੇਜ ਸੁਹਾਇੰਦਾ । ਆਪੇ ਗੀਤ ਸੁਣਾਏ ਛੰਦ, ਆਪੇ ਮੁਖੜਾ ਮੁਖ ਭੁਵਾਇੰਦਾ । ਆਪੇ ਦੇਵਣਹਾਰਾ ਦੰਡ, ਹਰਿ ਆਪੇ ਸੁਖ ਉਪਜਾਇੰਦਾ । ਆਪੇ ਰੈਣ ਅਮਾਵਸ ਅੰਧੇਰੀ ਚਾੜ੍ਹੇ ਚੰਦ, ਨੂਰੋ ਨੂਰ ਆਪ ਚਮਕਾਇੰਦਾ । ਆਪੇ ਕਰੇ ਭਾਗਾਂ ਮੰਦ, ਆਪੇ ਉਜਲ ਮੁਖ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਯਾਤਰਾ ਇਕ ਵਖਾਇੰਦਾ । ਸਚ ਯਾਤਰਾ ਸਾਚੀ ਧਾਰ, ਸਾਚੇ ਸਚ ਜਣਾਈਆ । ਗੁਰਮੁਖ ਕਰੇ ਨਾ ਕੋਈ ਹੰਕਾਰ, ਪ੍ਰਭ ਦਰ ਚਲੇ ਨਾ ਕੋਇ ਚਤੁਰਾਈਆ । ਜਿਸ ਭਾਵੇ ਤਿਸ ਲਵੇ ਤਾਰ, ਡੋਬਣਹਾਰ ਸਰਬ ਲੋਕਾਈਆ । ਅੱਠੇ ਪਹਿਰ ਮੰਗੋ ਚਰਨ ਧੂੜੀ ਛਾਰ, ਮਸਤਕ ਟਿੱਕਾ ਰੇਣ ਲਗਾਈਆ । ਕੋਈ ਨਾ ਕਹੇ ਗੁਰੂ ਕਰੇ ਵਿਭਚਾਰ, ਸਤਿਗੁਰ ਵਿਭਚਾਰ ਨਾ ਕੋਇ ਕਮਾਈਆ । ਗੁਰਮੁਖ ਵੇਖੇ ਸਾਚੀ ਨਾਰ, ਆਤਮ ਸੇਜਾ ਰਿਹਾ ਹੰਢਾਈਆ । ਪਾ ਗਲਵਕੜੀ ਕਰੇ ਪਿਆਰ, ਚਤੁਰਭੁਜ ਆਪਣੀ ਭੁਜਾਂ ਰਿਹਾ ਉਠਾਈਆ । ਸੋਇਆ ਰਹੇ ਪੈਰ ਪਸਾਰ, ਨਜ਼ਰ ਕਿਸੇ ਨਾ ਆਈਆ । ਕੋਈ ਕਹੇ ਪੁਰਖ ਅਬਿਨਾਸ਼ੀ ਸੁੱਤਾ ਗ਼ਾਫ਼ਲ ਵਿਚ ਸੰਸਾਰ, ਗ਼ਫ਼ਲਤ ਵਿਚ ਕਦੇ ਨਾ ਆਈਆ । ਮਹਿਫ਼ਲ ਝੂਠੀ ਦਿਸੇ ਸੰਸਾਰ, ਜਗਤ ਸੰਸਾਰੀ ਕੰਮ ਕੋਈ ਨਾ ਆਈਆ । ਅੰਤਮ ਛੱਡ ਜਾਣ ਸਰਬ ਯਾਰ, ਯਾਰੀ ਯਾਰ ਨਾ ਕੋਈ ਨਿਭਾਈਆ । ਬਿਨ ਸਤਿਗੁਰ ਚਰਨ ਚਰਨ ਹੋਏ ਖੁਆਰ, ਖੁਆਰੀ ਕੋਈ ਨਾ ਸਕੇ ਕਟਾਈਆ । ਸਿੰਘ ਕਿਸ਼ਨ ਕੋਲੋਂ ਪੁੱਛ ਸਚ ਦੀਦਾਰ, ਜਿਸ ਕੀਤਾ ਦਰਸ ਸੱਚੇ ਮਾਹੀਆ । ਜਿਸ ਪਿਛਲਾ ਲਹਿਣਾ ਦਿਤਾ ਉਤਾਰ, ਫੜ ਬਾਹੋਂ ਮੇਲ ਮਿਲਾਈਆ । ਰਸਨਾ ਕਹੇ ਜੈ ਬੋਲ ਇਕ ਵਾਰ, ਸਾਧ ਸੰਗਤ ਨਾਲ ਰਲਾਈਆ । ਬਿਨ ਹਰਿ ਸੰਗਤ ਤੇਰਾ ਲੇਖਾ ਹਰਿ ਨਾ ਸਕੇ ਪਾੜ, ਸੰਗਤ ਦੇਵੇ ਮਾਣ ਵਡਿਆਈਆ । ਦਰ ਖਲੋਤੇ ਤੇਈ ਅਵਤਾਰ, ਨਾ ਕੋਈ ਦੇਵੇ ਅੱਗੇ ਹੋ ਗਵਾਹੀਆ । ਪੀਰ ਪੈਗ਼ੰਬਰ ਮੰਨ ਕੇ ਬੈਠੇ ਹਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਗੋਬਿੰਦ ਮੁਖ ਨਾ ਕੋਇ ਵਖਾਈਆ ।

ਜਿਸ ਦੁਆਰੇ ਬੈਠਾ ਨਿਹਕਲੰਕ ਨਰਾਇਣ ਨਰ ਅਵਤਾਰ, ਦੂਜਾ ਸਕੇ ਨਾ ਕੋਈ ਛੁਡਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਕੱਟਣ ਨਹੀਂ ਆਇਆ ਵਗਾਰ, ਜਨ ਭਗਤਾਂ ਆਪਣੇ ਅੰਗ ਲਗਾਈਆ । ਹਰਿ ਸੰਗਤ ਜੈਕਾਰਾ ਅਠਾਰਾਂ ਹਾੜ, ਇਕ ਅੱਠ ਬੰਧਨ ਤੁੜਾਈਆ । ਜਗਤ ਲੇਖਾ ਦੇਵੇ ਪਾੜ, ਪਾੜਾ ਜ਼ਿਮੀ ਅਸਮਾਨ ਚੁਕਾਈਆ । ਗੁਰਮੁਖ ਗੁਰ ਸਤਿਗੁਰ ਘੋੜੇ ਦੇਵੇ ਚਾੜ੍ਹ, ਕਲਜੁਗ ਡੂੰਘੀ ਖੱਡ ਲਏ ਉਠਾਈਆ । ਹਰਿਜਨ ਕਰੇ ਹਰਿ ਪਿਆਰ, ਹਰਿ ਕਾ ਪੌੜਾ ਇਕ ਵਖਾਈਆ । ਲੰਬਾ ਚੌੜਾ ਦਿਸੇ ਨਾ ਵਿਚ ਸੰਸਾਰ, ਨੇਤਰ ਨੈਣ ਨਾ ਕੋਈ ਜਣਾਈਆ । ਮਿੱਠਾ ਕੌੜਾ ਦਰ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਚਰਨ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਚਰਨ ਸਰਨਾਈਆ । ਮੂਰਖ ਮੁਗਧ ਦਏ ਗਿਆਨ, ਅਗਿਆਨ ਅੰਧੇਰ ਮਿਟਾਈਆ । ਹਰਿ ਸਤਿਗੁਰ ਧੂੜੀ ਕਰਾਏ ਅਸ਼ਨਾਨ, ਦੁਰਮਤ ਮੈਲ ਧੁਆਈਆ । ਦਰ ਆਇਆਂ ਘਰ ਦੇਵੇ ਮਾਣ, ਨਿਮਾਣਿਆਂ ਹੋਏ ਸਹਾਈਆ । ਕੂੜੀ ਕਿਰਿਆ ਪੀਣ ਖਾਣ, ਖਾਣਾ ਪੀਣਾ ਰਸਨ ਹਲਕਾਈਆ । ਆਤਮ ਸੁਖ ਸ੍ਰੀ ਭਗਵਾਨ, ਸਾਂਤਕ ਸਤਿ ਸਤਿ ਕਰਾਈਆ । ਅੱਗੇ ਭੁੱਲ ਨਾ ਜਾਣਾ ਬਣ ਨਾਦਾਨ, ਗੁਰਸਿਖਾਂ ਹਰਿ ਜੂ ਰਿਹਾ ਸੁਣਾਈਆ । ਮਾਸ ਸ਼ਰਾਬ ਨਾ ਹੁਣ ਖਾਣਾ ਖਾਣ, ਰਸਨਾ ਰਸ ਨਾ ਕੋਈ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਰਿਹਾ ਸੁਣਾਈਆ । ਹਰਿ ਸੰਗਤ ਸੁਣ ਲਾ ਕਰ ਕੰਨ, ਹਰਿ ਹਰਿ ਆਪ ਸੁਣਾਇੰਦਾ । ਪੁਰਖ ਅਬਿਨਾਸ਼ੀ ਦੇਵਣ ਆਇਆ ਡੰਨ, ਏਕਾ ਡੰਡਾ ਹੱਥ ਉਠਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਭੰਨਣਹਾਰ ਫੇਰਾ ਪਾਇੰਦਾ । ਜੋ ਜਨ ਕਹਿਣਾ ਜਾਏ ਮੰਨ, ਤਨ ਆਪਣੇ ਚਰਨ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਇੰਦਾ । ਜੋ ਜਨ ਖਾਏ ਪੀਏ ਮਾਸ ਸ਼ਰਾਬ, ਹਰਿ ਜੂ ਦੇਵੇ ਆਪ ਸਜਾਈਆ । ਏਥੇ ਓਥੇ ਦਏ ਅਜ਼ਾਬ, ਅਜ਼ਮਤ ਆਪਣੇ ਹੱਥ ਰਖਾਈਆ । ਛੁਡਾ ਸਕੇ ਨਾ ਕੋਈ ਨਵਾਬ, ਪੀਰ ਪੈਗ਼ੰਬਰ ਨਾ ਕੋਈ ਸਹਾਈਆ । ਚਾਰ ਜੁਗ ਮਾਨਸ ਜਨਮ ਮਿਲੇ ਨਾ ਵਿਚ ਖ਼ੁਵਾਬ, ਜੂਨੀ ਜੂਨ ਵਿਚ ਭੁਵਾਈਆ । ਮੁਖ ਰਸਨਾ ਵਿਸ਼ਟਾ ਰੱਖੇ ਪੇਸ਼ਾਬ, ਸਾਚਾ ਰਸ ਨਾ ਕੋਈ ਚਖਾਈਆ । ਜਨਮ ਜਨਮ ਰਹੇ ਬੇਤਾਬ, ਆਬੇਹਯਾਤ ਨਾ ਕੋਈ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਅਤੀਤਾ ਫੇਰਾ ਪਾਈਆ । ਜੇ ਕੋਈ ਰਸਨਾ ਲਾਏ ਚਾਹ, ਸਤਿਗੁਰ ਸਾਚਾ ਆਖ ਸੁਣਾਇੰਦਾ । ਵੇਖੋ ਧਰਮ ਰਾਏ ਦੇਵਣਹਾਰਾ ਫਾਹ, ਗਲ ਫਾਂਸੀ ਆਪ ਲਟਕਾਇੰਦਾ । ਲਾੜੀ ਮੌਤ ਨਾਲ ਕਰੇ ਨਕਾਹ, ਫਾਤਿਆ ਇਕੋ ਵਾਰ ਪੜ੍ਹਾਇੰਦਾ । ਸਤਿਗੁਰ ਪੂਰਾ ਫੇਰ ਨਾ ਪੁੱਛੇ ਸਲਾਹ, ਸਾਚਾ ਹੁਕਮ ਆਪ ਸੁਣਾਇੰਦਾ । ਪਿਛਲਾ ਲੇਖਾ ਏਕਾ ਵਾਰ ਲਿਆ ਪੜਵਾ, ਦੂਜੀ ਵਾਰ ਪੜਵਾਵਣ ਫੇਰ ਕੋਈ ਨਾ ਆਇੰਦਾ । ਪੁਰਖ ਅਬਿਨਾਸ਼ੀ ਫੜ ਫੜ ਦਰਵਾਜਿਉਂ ਬਾਹਰ ਦੇਵੇ ਕਢਾ, ਅੱਗੇ ਹੋ ਨਾ ਕੋਈ ਛੁਡਾਇੰਦਾ । ਗੁਰਮੁਖ ਹੋ ਜੋ ਚੋਰੀ ਚੋਰੀ ਲਾਏ ਦਾਅ, ਲੱਗਾ ਦਾਅ ਕੰਮ ਕਿਸੇ ਨਾ ਆਇੰਦਾ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਗੁਰਮੁਖਾਂ ਨਾਲ ਆਪ ਕਰੇ ਨਕਾਹ, ਗੁਰਮੁਖ ਆਪਣੇ ਅੰਗ ਲਗਾਇੰਦਾ । ਜਿਸ ਜਨ ਰਸਨਾ ਮਾਸ ਸ਼ਰਾਬ ਚਾਹ ਲਿਆ ਲਗਾ, ਮੁਖ ਕਾਲਾ ਦਰ ਦੁਆਰਾ ਰਹਿਣ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਹੁਕਮ ਆਪਣੇ ਹੱਥ ਰਖਾਇੰਦਾ । ਸਤਾਰਾਂ ਹਾੜ ਵੀਹ ਸੌ ਉਨੀ, ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਗਏ ਚੁਕਾਈਆ । ਸਭ ਦੀ ਚੋਟੀ ਹਰਿ ਜੀ ਮੁੰਨੀ, ਮੁਨੀ ਰਿਖੀ ਦੇਣ ਦੁਹਾਈਆ ।

ਭਗਤ ਭਗਵਾਨ ਪੁਕਾਰ ਇਕੋ ਸੁਣੀ, ਸੁਣ ਸੁਣ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਗੁਣ ਗੁਣੀ, ਗੁਣਵੰਤਾ ਬੇਪਰਵਾਹੀਆ । ਭੁਵਾਵਣਹਾਰਾ ਜੂਨ ਜੂਨੀ, ਅਜੂਨੀ ਰਹਿਤ ਵੇਸ ਵਟਾਈਆ । ਸਾਚੇ ਦਰ ਨਾ ਬਣੇ ਕੋਈ ਕਾਨੂੰਨੀ, ਜਗਤ ਕਾਨੂੰਨ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਰੱਖੇ ਲਾ, ਲਾਸ਼ਰੀਕ ਆਪ ਜਣਾਇੰਦਾ । ਕਿਸੇ ਕੋਲੋਂ ਨਾ ਲਏ ਸਲਾਹ, ਸਲਾਹਗੀਰ ਨਾ ਕੋਈ ਰਖਾਇੰਦਾ । ਫੜ ਫੜ ਦੇਵੇ ਅੰਤ ਆਪ ਸਜ਼ਾ, ਜੋ ਗੁਰਸਿਖ ਗੁਰਮੁਖ ਹੁਕਮ ਉਲਟਾਇੰਦਾ । ਨਿਰਗੁਣ ਬੈਠਾ ਆਪ ਮਲਾਹ, ਸਰਗੁਣ ਬੇੜਾ ਪਾਰ ਕਰਾਇੰਦਾ । ਮਾਸ ਸ਼ਰਾਬ ਦਿਤੀ ਛੁਡਾ, ਪੱਲੂ ਆਪਣਾ ਆਪ ਫੜਾਇੰਦਾ । ਜੋ ਜਨ ਕਲਜੁਗ ਅੰਤਮ ਰਸਨਾ ਲਾਏ ਚਾਹ, ਤਿਸ ਆਪਣੀ ਚਾਹ ਨਾ ਕੋਈ ਰਖਾਇੰਦਾ । ਫੜ ਫੜ ਦੇਵੇ ਆਪ ਸਜ਼ਾ, ਜੋ ਗੁਰਮੁਖ ਗੁਰਸਿਖ ਹੁਕਮ ਉਲਟਾਇੰਦਾ । ਵੇਖੇ ਕਰੇ ਕੀ ਖੇਲ ਬੇਪਰਵਾਹ, ਬੇਪਰਵਾਹੀ ਆਪਣੇ ਹੱਥ ਰਖਾਇੰਦਾ । ਅੱਗੇ ਭੁੱਲ ਨਾ ਸਕੇ ਕੋਈ ਬਖ਼ਸ਼ਾ, ਪਿਛਲੀ ਭੁੱਲ ਆਪਣੇ ਲੇਖੇ ਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲੋਕਮਾਤ ਲਏ ਪ੍ਰਗਟਾ, ਹੀਰੇ ਲਾਲ ਮਾਣਕ ਮੋਤੀ ਨਿਰਮਲ ਜੋਤੀ ਆਪ ਜਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਵਖਾਏ ਇਕੋ ਸੋਟੀ, ਸੋ ਸੋਟੀ ਹੰ ਬ੍ਰਹਮ ਆਪ ਡਰਾਇੰਦਾ ।

### ✳ ੧੮ ਹਾੜ ੨੦੧੯ ਬਿਕਰਮੀ ਜੇਠੂਵਾਲ ਦਰਬਾਰ ਵਿਚ ਰਾਤ ਨੂੰ ਭਗਤ ਦੁਆਰ ਪੰਚਮ ਘਰ ✳



ਸੋ ਪੁਰਖ ਨਿਰੰਜਣ ਸਤਿ ਵਿਹਾਰਾ, ਆਦਿ ਆਦਿ ਹਰਿ ਕਰਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਜੁਗਾਦਿ ਜੁਗਾਦਿ ਵੇਖ ਵਖਾਇੰਦਾ । ਏਕੰਕਾਰ ਕਰ ਪਸਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਅਨਭਵ ਪਰਕਾਸ਼ ਕਰਾਇੰਦਾ । ਸ੍ਰੀ ਭਗਵਾਨ ਪਾਵੇ ਸਾਰਾ, ਭਗਵਨ ਆਪਣਾ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਰਖਾਇੰਦਾ । ਪਾਰਬ੍ਰਹਮ ਪ੍ਰਭ ਹੋ ਨਿਆਰਾ, ਨਿਰਾਕਾਰਾ ਰੂਪ ਧਰਾਇੰਦਾ । ਸਚ ਸਿੰਘਾਸਣ ਅਗੰਮ ਅਪਾਰਾ, ਅਲੱਖ ਅਗੋਚਰ ਆਪ ਪਰਗਟਾਇੰਦਾ । ਮਹੱਲ ਅਟੱਲ ਉਚ ਮਨਾਰਾ, ਸਾਚਾ ਮੰਦਰ ਆਪ ਉਪਾਇੰਦਾ । ਨਾਉਂ ਰੱਖ ਸਚਖੰਡ ਦੁਆਰਾ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਦੀਆ ਬਾਤੀ ਇਕ ਉਜਿਆਰਾ, ਕਮਲਾਪਾਤੀ ਆਪ ਕਰਾਇੰਦਾ । ਰਵ ਸਸ ਨਾ ਕੋਈ ਅਧਾਰਾ, ਮੰਡਲ ਮੰਡਪ ਨਾ ਕੋਈ ਵਡਿਆਇੰਦਾ । ਇਕ ਇਕੱਲਾ ਖੇਲ ਨਿਆਰਾ, ਅਨਕ ਕਲ ਆਪਣੀ ਆਪ ਜਣਾਇੰਦਾ । ਭੂਪਤ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਰਾਜਨ ਰਾਜ ਵਡ ਬਲਕਾਰਾ, ਬਲ ਆਪਣਾ ਆਪ ਵਖਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਦਰ ਦਰਵੇਸ਼ ਬਣ ਦਰਬਾਨਾ, ਘਰ ਸਾਚੇ ਅਲੱਖ ਜਗਾਇੰਦਾ । ਨਿਉਂ ਨਿਉਂ ਚਰਨ ਕਰੇ ਨਿਮਸਕਾਰਾ, ਸੀਸ ਸੀਸ ਜਗਦੀਸ਼ ਝੁਕਾਇੰਦਾ । ਲੇਖਾ ਜਾਣੇ ਸਚ ਦਰਬਾਰਾ, ਦਰਗਹਿ ਸਾਚੀ ਧਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸੋ ਪੁਰਖ ਨਿਰੰਜਣ ਕਰਨੀ ਕਰਦਾ, ਕਰਤਾ ਆਪਣੀ ਖੇਲ ਆਪ ਕਰਾਈਆ । ਹਰਿ ਪੁਰਖ ਅਬਿਨਾਸ਼ੀ ਨਿਰਭੈ ਹੋ ਕਦੇ ਨਾ ਡਰਦਾ, ਭੈ ਅਵਰ ਨਾ ਕੋਈ ਰਖਾਈਆ । ਅਜੂਨੀ ਰਹਿਤ ਕਦੇ ਨਾ ਮਰਦਾ,

ਜੀਵਣ ਮਰਨ ਨਾ ਕੋਇ ਵਡਿਆਈਆ । ਆਦਿ ਨਿਰੰਜਣ ਇਕੋ ਨੂਰ ਧਰਦਾ, ਨੂਰ ਨੁਰਾਨਾ ਸੱਚਾ ਮਾਹੀਆ । ਅਬਿਨਾਸ਼ੀ ਕਰਤਾ ਘਰ ਸਾਚੇ ਵੜਦਾ, ਸਾਚੇ ਮੰਦਰ ਡੇਰਾ ਲਾਈਆ । ਅਬਿਨਾਸ਼ੀ ਕਰਤਾ ਆਪਣਾ ਨੂਰ ਆਪੇ ਵਰਦਾ, ਨਾਰ ਕੰਤ ਖੇਲ ਵਖਾਈਆ । ਸ੍ਰੀ ਭਗਵਾਨ ਸਚ ਸਿੰਘਾਸਣ ਆਪੇ ਚੜ੍ਹਦਾ, ਨਿਰਗੁਣ ਆਪਣੀ ਸੇਜ ਹੰਢਾਈਆ । ਦਰ ਦਰਵੇਸ਼ ਬਣੇ ਬਰਦਾ, ਘਰ ਸੇਵਕ ਸੇਵ ਕਮਾਈਆ । ਆਪਣਾ ਅੱਖਰ ਨਿਸ਼ਅੱਖਰ ਆਪੇ ਪੜ੍ਹਦਾ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦਰ ਸੱਚਾ ਇਕ ਸੁਹਾਈਆ । ਸੋ ਪੁਰਖ ਨਿਰੰਜਣ ਸਾਚਾ ਘਰ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਵਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਏਕੰਕਾਰਾ ਵੇਖੇ ਘਰ ਘਰ, ਰੂਪ ਰੰਗ ਰੇਖ ਨਾ ਕੋਈ ਰਖਾਇੰਦਾ । ਆਦਿ ਨਿਰੰਜਣ ਨੂਰ ਧਰ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪਣਾ ਨਾਉਂ ਆਪੇ ਪੜ੍ਹ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਸ੍ਰੀ ਭਗਵਾਨ ਆਪਣਾ ਨਿਸ਼ਾਨ ਸਚਖੰਡ ਦੁਆਰੇ ਆਪੇ ਧਰ, ਸਤਿ ਸੁਆਮੀ ਆਪ ਝੁਲਾਇੰਦਾ । ਪਾਰਬ੍ਰਹਮ ਭੈ ਮੰਨੇ ਆਪਣਾ ਡਰ, ਭੌ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਸਾਚੀ ਰਚਨਾ ਸਚਖੰਡ, ਹਰਿ ਸਾਚੀ ਸਚ ਕਰਾਈਆ । ਨਿਰਗੁਣ ਨਿਰਗੁਣ ਵੰਡੇ ਵੰਡ, ਵੰਡਣਹਾਰਾ ਬੇਪਰਵਾਹੀਆ । ਏਕਾ ਰਾਗ ਗਾਏ ਛੰਦ, ਸਾਚਾ ਸੋਹਲਾ ਆਪ ਸੁਣਾਈਆ । ਏਕਾ ਨੂਰ ਇਕ ਅਨੰਦ, ਏਕਾ ਮੰਦਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਸਾਚੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਨਿਰਗੁਣ ਨਰ, ਨਰ ਹਰਿ ਆਪਣਾ ਆਪ ਰੂਪ ਵਟਾਇੰਦਾ । ਕਰਤਾ ਪੁਰਖ ਕਰਨੀ ਕਰ, ਕਾਦਰ ਆਪਣਾ ਭੇਵ ਚੁਕਾਇੰਦਾ । ਪਰਵਰਦਿਗਾਰ ਨੂਰ ਧਰ, ਮੁਕਾਮੇ ਹੱਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਡਿਆਇੰਦਾ । ਸਚਖੰਡ ਦੁਆਰਾ ਸਾਚਾ ਮੰਦਰ, ਗ੍ਰਿਹ ਮੰਦਰ ਇਕ ਉਪਾਈਆ । ਹਰਿ ਪੁਰਖ ਨਿਰੰਜਣ ਵਸੇ ਅੰਦਰ, ਅੰਤਰ ਆਪਣਾ ਨੂਰ ਧਰਾਈਆ । ਏਕੰਕਾਰ ਕਰੇ ਖੇਲ ਡੂੰਘੀ ਕੰਦਰ, ਭੇਦ ਅਭੇਦ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਸਾਚਾ ਪਰਦਾ ਹਰਿ ਨਿਰੰਕਾਰ, ਨਿਰਗੁਣ ਆਪਣਾ ਆਪ ਉਠਾਇੰਦਾ । ਸਚਖੰਡ ਦੁਆਰਾ ਕਰ ਤਿਆਰ, ਘਰ ਸਾਚੇ ਸੋਭਾ ਪਾਇੰਦਾ । ਸਚ ਸਿੰਘਾਸਣ ਕਰ ਪਸਾਰ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਜੋਤ ਅਗੰਮੀ ਕਰ ਉਜਿਆਰ, ਨੂਰ ਨੁਰਾਨਾ ਨੂਰ ਰੁਸ਼ਨਾਇੰਦਾ । ਸੀਸ ਜਗਦੀਸ਼ ਸੋਹੇ ਦਸਤਾਰ, ਪੰਚਮ ਆਪਣਾ ਰੰਗ ਵਖਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰ, ਸਚ ਸੰਦੇਸ਼ਾ ਇਕ ਅਲਾਇੰਦਾ । ਆਪਣੀ ਇਛਿਆ ਭਰ ਭੰਡਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਨਾਰ ਕੰਤ ਕਰ ਵਿਹਾਰ, ਰੁੱਤ ਬਸੰਤੀ ਆਪ ਵਖਾਇੰਦਾ । ਨਿਰਗੁਣ ਕਰ ਪਿਆਰ, ਸਾਚੀ ਸੇਜ ਸੇਜ ਹੰਢਾਇੰਦਾ । ਦਾਈ ਦਾਇਆ ਅਗੰਮ ਅਪਾਰ, ਬਣ ਸੇਵਕ ਸੇਵ ਕਮਾਇੰਦਾ । ਜਨਣੀ ਜਨ ਖੇਲ ਕਰੇ ਕਰਤਾਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਸਤਿ ਦੁਲਾਰਾ ਕਰ ਤਿਆਰ, ਪੂਤ ਸਪੂਤਾ ਗੋਦ ਉਠਾਇੰਦਾ । ਸ਼ਬਦੀ ਨਾਉਂ ਰੱਖ ਅਪਰ ਅਪਾਰ, ਆਪ ਆਪਣੇ ਅੰਗਣ ਲਾਇੰਦਾ । ਸਾਚੇ ਮੰਦਰ ਦਏ ਆਧਾਰ, ਘਰ ਘਰ ਵਿਚ ਆਪ ਪਰਗਟਾਇੰਦਾ । ਸਚ ਅੰਦਰ ਖੋਲ੍ਹ ਕਿਵਾੜ, ਥਿਰ ਘਰ ਏਕਾ ਏਕ ਪ੍ਰਗਟਾਇੰਦਾ । ਬਾਲ ਅਞਾਣਾ ਦੇਵੇ ਵਾੜ, ਸੁਤ

ਦੁਲਾਰਾ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਿਖਾਇੰਦਾ । ਸਚਖੰਡ ਅੰਦਰ ਥਿਰ ਘਰ, ਧੁਰਦਰਬਾਰੀ ਆਪ ਬਣਾਈਆ । ਸ਼ਬਦ ਸੁਤ ਅੰਦਰ ਵੜ, ਬਹਿ ਬਹਿ ਖ਼ੁਸ਼ੀ ਮਨਾਈਆ । ਏਕਾ ਅੱਖਰ ਰਿਹਾ ਪੜ੍ਹ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਹੰ ਬ੍ਰਹਮ ਆਪੇ ਕਰ, ਰੂਪ ਅਨੂਪ ਆਪ ਜਣਾਈਆ । ਘਰ ਵਿਚ ਕਾਇਆ ਸਾਚਾ ਦਰ, ਘਰ ਵੱਜਦੀ ਰਹੇ ਵਧਾਈਆ । ਪਿਤਾ ਪੂਤ ਵੇਖੇ ਖੜ੍ਹ, ਮਾਤ ਆਪਣਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਥਿਰ ਘਰ ਵਸੇ ਛੋਟਾ ਬਾਲਾ, ਹਰਿ ਜੂ ਹਰਿ ਹਰਿ ਆਪ ਬਹਾਇਆ । ਸ਼ਬਦੀ ਸੁਤ ਖੇਲ ਨਿਰਾਲਾ, ਨਿਰਗੁਣ ਰਿਹਾ ਕਰਾਇਆ । ਆਦਿ ਅੰਤ ਹੋਏ ਰਖਵਾਲਾ, ਸਿਰ ਆਪਣਾ ਹੱਥ ਉਠਾਇਆ । ਇਕ ਬਣਾਈ ਸੱਚੀ ਧਰਮਸਾਲਾ, ਸਚ ਦੁਆਰਾ ਅੰਦਰ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਡਿਆਇਆ । ਸਾਚਾ ਮੰਦਰ ਥਿਰ ਘਰ ਦੁਆਰ, ਸੋ ਪੁਰਖ ਨਿਰੰਜਣ ਆਪ ਬਣਾਈਆ । ਹਰਿ ਪੁਰਖ ਨਿਰੰਜਣ ਕਰ ਤਿਆਰ, ਵੇਖੇ ਚਾਈਂ ਚਾਈਂਆ । ਏਕੰਕਾਰ ਖੇਲ ਕਰੇ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਆਦਿ ਨਿਰੰਜਣ ਏਕਾ ਦੀਆ ਦੇਵੇ ਬਾਲ, ਤੇਲ ਬਾਤੀ ਨਾ ਕੋਈ ਰਖਾਈਆ । ਅਬਿਨਾਸ਼ੀ ਕਰਤਾ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਸ੍ਰੀ ਭਗਵਾਨ ਸਾਚਾ ਨੂਰ ਦਏ ਜਮਾਲ, ਜਲਵਾ ਨੂਰ ਨੂਰ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਖੇਲ ਕਰੇ ਬੇਮਿਸਾਲ, ਮਿਸਲ ਆਪਣੀ ਆਪ ਬਣਾਈਆ । ਸੁਤ ਦੁਲਾਰੇ ਦੇਵੇ ਧਿਆਨ, ਚਰਨ ਕਵਲ ਕਵਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਬੈਠਾ ਸਾਚਾ ਸੁਤ, ਸਤਿਗੁਰ ਸਾਚਾ ਆਪ ਬਹਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਅਚੁਤ ਦਿਸ ਕਿਸੇ ਨਾ ਆਈਆ । ਆਦਿ ਸੁਹਾਈ ਆਪਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਸਚਖੰਡ ਦੁਆਰਿਉਂ ਆਪੇ ਉਠ, ਨਿਰਗੁਣ ਵੇਖੇ ਚਾਈਂ ਚਾਈਂਆ । ਦੀਨ ਦਿਆਲ ਠਾਕਰ ਸੁਆਮੀ ਆਪੇ ਤੁਠ, ਰੂਪ ਅਨੂਪ ਪ੍ਰਗਟਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਲੇਖਾ ਜਾਣੇ ਸਤਿ ਪੂਤ, ਪੂਤ ਸਪੂਤਾ ਆਪੇ ਜਾਈਆ । ਆਪ ਬਿਠਾਏ ਸਾਚੀ ਕੂਟ, ਕਿਲਾ ਮੰਦਰ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚਾ ਸੋਭਾਵੰਤ, ਸਤਿ ਸਤਿਵਾਦੀ ਆਪ ਸੁਹਾਈਆ । ਕਰੇ ਖੇਲ ਬੇਅੰਤ, ਬੇਅੰਤ ਬੇਪਰਵਾਹੀਆ । ਆਪਣੀ ਰਚਨਾ ਰਚੀ ਆਦਿ ਵੇਖਣਹਾਰ ਅੰਤ, ਮਧ ਆਪਣਾ ਖੇਲ ਖਲਾਈਆ । ਲੇਖਾ ਜਾਣ ਨਾਰ ਕੰਤ, ਕੰਤ ਕੰਤੂਹਲ ਸਹਿਜ ਸੁਭਾਈਆ । ਸੁਤ ਦੁਲਾਰੇ ਬਣਾਈ ਬਣਤ, ਘਰ ਸਾਚੇ ਸਾਚੇ ਲਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਕਰੇ ਪੜ੍ਹਾਈਆ । ਸਾਚੇ ਸੁਤ ਕਰ ਪੜ੍ਹਾਈ, ਹਰਿ ਹਰਿ ਨਾਮ ਜਣਾਇੰਦਾ । ਨਾਮ ਅਨਾਦੀ ਤੇਰੀ ਕੁੜਮਾਈ, ਘਰ ਮੰਦਰ ਮੇਲ ਮਿਲਾਇੰਦਾ । ਆਦਿ ਜੁਗਾਦਿ ਨਾ ਹੋਏ ਜੁਦਾਈ, ਜੁਦਾ ਭੇਵ ਨਾ ਕੋਈ ਰਖਾਇੰਦਾ । ਏਕਾ ਨੂਰ ਹੋਏ ਰੁਸ਼ਨਾਈ, ਰੋਸ਼ਨ ਜ਼ਮੀਰ ਆਪ ਕਰਾਇੰਦਾ । ਏਕਾ ਮੰਦਰ ਬਹਿਣਾ ਚਾਈਂ ਚਾਈਂ, ਦੂਜਾ ਘਰ ਨਾ ਕੋਈ ਵਡਿਆਇੰਦਾ । ਦਰਸ਼ਨ ਪਾਇਣ ਹਰ ਘਟ ਥਾਈਂ, ਘਟ ਘਟ ਆਪਣਾ ਰੂਪ ਹਰਿ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਆਪ ਜਣਾਇੰਦਾ । ਛੋਟਾ ਬਾਲਾ ਸੁਤ ਦੁਲਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਥਿਰ

ਘਰ ਵੇਖੇ ਤੇਰਾ ਦੁਆਰਾ, ਘਰ ਸਾਚੇ ਮਿਲੀ ਵਡਿਆਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੇਰੇ ਚਰਨ ਕਰਾਂ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਹਉਂ ਸੇਵਕ ਸੇਵਾ ਸੇਵਾਦਾਰਾ, ਬਣ ਯਾਚਕ ਸੇਵ ਕਮਾਈਆ । ਤੂੰ ਬਖ਼ਸ਼ੀਂ ਬਖ਼ਸ਼ਣਹਾਰਾ, ਬਖ਼ਸ਼ਿਸ਼ ਹੱਥ ਤੇਰੀ ਵਡਿਆਈਆ । ਏਕਾ ਦੇਣਾ ਸਚ ਭੰਡਾਰਾ, ਦਰ ਸਾਚਾ ਮੰਗ ਮੰਗਾਈਆ । ਏਕਾ ਦੇਣਾ ਦਰਸ ਦੀਦਾਰਾ, ਦਰਸ ਹਰਸ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਦਏ ਸਮਝਾਈਆ । ਸੁਤ ਸ਼ਬਦ ਜਾਣਾ ਜਾਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰੇ ਹੱਥ ਫੜਾਵਾਂ ਵਾਗ, ਆਪਣੀ ਡੋਰ ਇਕ ਉਠਾਇੰਦਾ । ਤੇਰੇ ਮੰਦਰ ਲਾਵਾਂ ਭਾਗ, ਸਾਚਾ ਮੰਦਰ ਆਪ ਸੁਹਾਇੰਦਾ । ਤੇਰੇ ਅੰਤਰ ਇਕ ਵੈਰਾਗ, ਵੈਰਾਗੀ ਆਪਣਾ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਆਪ ਜਣਾਇੰਦਾ । ਸਾਚਾ ਖੇਲ ਜਾਣਾ ਜਾਣ, ਹਰਿ ਸਾਚਾ ਸਚ ਜਣਾਈਆ । ਸਿਰ ਰੱਖੇ ਹੱਥ ਭਗਵਾਨ, ਭਗਵਾਨ ਆਪਣੀ ਦਇਆ ਕਮਾਈਆ । ਥਿਰ ਘਰ ਤੇਰਾ ਝੁੱਲੇ ਨਿਸ਼ਾਨ, ਸਚਖੰਡ ਮੇਰੀ ਵੱਜੇ ਵਧਾਈਆ । ਮੇਰਾ ਨਾਉਂ ਹੋਏ ਪਰਧਾਨ, ਤੇਰੀ ਕਰੇ ਵਡ ਵਡਿਆਈਆ । ਤੇਰੀ ਵਡਿਆਈ ਮੇਰਾ ਚਰਨ ਧਿਆਨ, ਮੇਰਾ ਚਰਨ ਤੇਰੀ ਸਰਨਾਈਆ । ਮੇਰਾ ਹੁਕਮ ਤੇਰਾ ਫ਼ਰਮਾਣ, ਧੁਰ ਫ਼ਰਮਾਣਾ ਇਕ ਸੁਣਾਈਆ । ਸਾਹਿਬ ਸੁਲਤਾਨ ਸਤਿਗੁਰ ਸੱਚਾ ਨਿਰਗੁਣ ਦੇਵੇ ਦਾਨ, ਸਾਚੀ ਵੰਡ ਵੰਡਾਈਆ । ਤੂੰ ਬਹਿਣਾ ਬਣ ਕੇ ਕਾਹਨ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਕਰੇ ਖੇਲ ਹਰਿ ਦੋ ਜਹਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਏਕਾ ਏਕ ਵਰਤਾਈਆ । ਵਸਤ ਅਮੋਲਕ ਹਰਿ ਜੂ ਦੱਸੇ, ਥਿਰ ਘਰ ਵੱਜੇ ਵਧਾਈਆ । ਨਰ ਨਰਾਇਣ ਨਿਰਗੁਣ ਬਹਿ ਹੱਸੇ, ਆਪਣੀ ਖ਼ੁਸ਼ੀ ਮਨਾਈਆ । ਸਚਖੰਡ ਦੁਆਰੇ ਸਦਾ ਵਸੇ, ਥਿਰ ਘਰ ਆਪਣਾ ਫੇਰਾ ਪਾਈਆ । ਸੁਤ ਦੁਆਰੇ ਦੇਵੇ ਰਸੇ, ਰਸ ਰਸੀਆ ਏਕਾ ਰਸ ਵਖਾਈਆ । ਤੇਰਾ ਮੇਰਾ ਇਕੋ ਹਿੱਸੇ, ਜਿਸ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਹੇ ਖੁਲ੍ਹਾਈਆ । ਆਪਣਾ ਭੇਵ ਹਰਿ ਜੂ ਖੋਲ੍ਹੇ, ਖੋਲ੍ਹੇ ਖੋਲ੍ਹਣਹਾਰ । ਥਿਰ ਘਰ ਸਾਚੇ ਆਪੇ ਮੌਲੇ, ਆਪਣੀ ਕਿਰਪਾ ਧਾਰ । ਪੁਰਖ ਅਬਿਨਾਸ਼ੀ ਕੁੰਡਾ ਖੋਲ੍ਹੇ, ਆਪਣਾ ਪਰਦਾ ਦਏ ਉਤਾਰ । ਆਪ ਗਾਏ ਸਾਚੇ ਢੋਲੇ, ਢੋਲਾ ਬੋਲੇ ਏਕਾ ਵਾਰ । ਨਿਰਗੁਣ ਨਿਰਗੁਣ ਵਸੇ ਤੇਰੇ ਚੋਲੇ, ਚੋਲਾ ਵੇਖੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਪਾਵੇ ਤੇਰੀ ਸਾਰ । ਥਿਰ ਘਰ ਪਾਵੇ ਸਾਰ, ਸਾਰ ਸਮਾਲਿਆ । ਦੇਵੇ ਦਰਸ ਦੀਦਾਰ, ਜੋਤ ਅਕਾਲਿਆ । ਕਰੇ ਖੇਲ ਅਪਰ ਅਪਾਰ, ਪੁਰਖ ਅਬਿਨਾਸ਼ੀ ਸਚਖੰਡ ਵਸਣਹਾਰ ਸੱਚੀ ਧਰਮਸਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚੀ ਡਾਲੀਆ । ਸਾਚੀ ਡਾਲੀ ਵਸਤ ਅਮੋਲਕ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਥਿਰ ਘਰ ਲਗਾਏ ਏਕਾ ਗੋਲਕ, ਦੂਸਰ ਨਜ਼ਰ ਕਿਸੇ ਨਾ ਆਈਆ । ਨਾਦ ਅਨਾਦੀ ਵਜਾਏ ਢੋਲਕ, ਰਾਗੀ ਰਾਗ ਸੁਣਾਈਆ । ਰਸਨਾ ਬਿਨ ਦੰਦ ਬੋਲਤ, ਅਨਬੋਲਤ ਭੇਵ ਮੁਕਾਈਆ । ਸਚ ਦੁਆਰਾ ਏਕਾ ਖੋਲ੍ਹਤ, ਖੋਲ੍ਹ ਖੋਲ੍ਹ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਇਆ । ਤੇਰਾ ਲੇਖਾ ਹਰਿ ਬੇਅੰਤ, ਸਮਝ ਵਿਚ ਨਾ ਆਇੰਦਾ । ਤੂੰ ਸਾਹਿਬ ਸੁਲਤਾਨ ਸਾਚਾ

੪੧੩
੧੨

ਕੰਤ, ਦਰ ਘਰ ਸਾਚਾ ਸੋਭਾ ਪਾਇੰਦਾ । ਮੈਂ ਬਾਲ ਨਿਧਾਨ ਦਰ ਦਰਵੇਸ਼ ਮੰਗਤ, ਬਣ ਭਿਖਾਰੀ ਝੋਲੀ ਡਾਹਿੰਦਾ । ਮੇਰੀ ਚੋਲੀ ਚਾੜ੍ਹ ਰੰਗ, ਮੰਗ ਇਕੋ ਇਕ ਮੰਗਾਇੰਦਾ । ਆਦਿ ਜੁਗਾਦਿ ਲਗੌਣਾ ਅੰਗ, ਅੰਗੀਕਾਰ ਇਕ ਅਖਵਾਇੰਦਾ । ਮੇਰਾ ਨੂਰ ਨਾ ਹੋਵੇ ਭੰਗ, ਤੇਰਾ ਨੂਰ ਯਾਰ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਹੋ ਦਿਆਲ, ਆਦਿ ਆਪਣੀ ਦਇਆ ਕਮਾਈਆ । ਸੁਤ ਦੁਲਾਰੇ ਸਾਚੇ ਲਾਲ, ਥਿਰ ਘਰ ਤੇਰਾ ਰੰਗ ਰੰਗਾਈਆ । ਤੇਰਾ ਜਲਵਾ ਨੂਰ ਜਲਾਲ, ਜ਼ਾਹਿਰ ਜ਼ਹੂਰ ਕਰੇ ਰੁਸ਼ਨਾਈਆ । ਤੇਰੇ ਅੰਤਰ ਦੀਪਕ ਬਾਲ, ਏਕਾ ਮੰਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦਏ ਵਰਤਾਈਆ । ਸਾਚੀ ਵਸਤ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਉਤਮ ਰੱਖੇ ਤੇਰੀ ਜ਼ਾਤ, ਆਪਣਾ ਰੂਪ ਵਖਾਇੰਦਾ । ਚਰਨ ਕਵਲ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਇਕ ਇਕੇਲਾ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਕਰੇ ਖੇਲ ਪੁਰਖ ਸਮਰਾਥ, ਸਮਰਥ ਆਪਣਾ ਰਾਹ ਚਲਾਇੰਦਾ । ਤੇਰੇ ਅੰਦਰ ਰੱਖੇ ਵਥ, ਵਸਤੂ ਆਪਣੀ ਆਪ ਪਰਗਟਾਇੰਦਾ । ਵਿਸ਼ਨੂੰ ਤੇਰੀ ਝੋਲੀ ਘੱਤ, ਵਿਸ਼ਵ ਆਪਣਾ ਖੇਲ ਕਰਾਇੰਦਾ । ਸਾਚਾ ਅੰਮ੍ਰਿਤ ਦੇਵੇ ਝੱਟ, ਚਰਨ ਚਰਨ ਨਾਲ ਰਗੜਾਇੰਦਾ । ਨਿਰਮਲ ਨੂਰ ਜੋਤ ਕਰ ਪਰਕਾਸ਼, ਪਰਕਾਸ਼ ਆਪਣਾ ਨੂਰ ਵਖਾਇੰਦਾ । ਕਵਲ ਕਵਲ ਖੇਲ ਤਮਾਸ਼, ਪਾਰਬ੍ਰਹਮ ਬ੍ਰਹਮ ਵੇਸ ਵਟਾਇੰਦਾ । ਧੁਆਂਧਾਰ ਸੁਨ ਅਗੰਮ ਪੂਰੀ ਆਸ, ਸ਼ੰਕਰ ਭੋਗ ਬਲਾਸ ਕਰਾਇੰਦਾ । ਤੇਰੇ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਰਾਸ, ਤੇਰੀ ਝੋਲੀ ਪਾਇੰਦਾ । ਹਰਿ ਜੂ ਵੇਖੇ ਖੇਲ ਤਮਾਸ਼, ਤ੍ਰੈ ਤ੍ਰੈ ਏਕਾ ਰੰਗ ਰੰਗਾਇੰਦਾ । ਪੰਜ ਤਤ ਵੇਖੇ ਰਾਸ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਇੰਦਾ । ਮੰਡਲ ਮੰਡਪ ਗਗਨ ਗਗਨੰਤਰ ਵੇਖੇ ਖੇਲ ਤਮਾਸ਼, ਨੂਰ ਨੁਰਾਨਾ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਆਪ ਵਡਿਆਇੰਦਾ । ਸਾਚੇ ਸੁਤ ਤੇਰੀ ਆਸ, ਹਰਿ ਜੂ ਹਰਿ ਹਰਿ ਪੂਰ ਕਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਰਕਾਸ਼, ਸੂਰਜ ਚੰਦ ਕਿਰਨ ਕਿਰਨ ਰੁਸ਼ਨਾਈਆ । ਮੰਡਲ ਮੰਡਪ ਖੇਲ ਤਮਾਸ਼, ਖੇਲਣਹਾਰਾ ਵੇਖ ਵਖਾਈਆ । ਜਲ ਥਲ ਮਹੀਅਲ ਉਚੇ ਟਿੱਲੇ ਧਰਨੀ ਧਰਤ ਧਵਲ ਦਏ ਧਰਵਾਸ, ਧਰਵਾਸਾ ਆਪ ਬੰਧਾਈਆ । ਸਤਿ ਸਤਿਵਾਦੀ ਸਾਚੀ ਰਾਸ, ਵਸਤ ਅਗੰਮੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਵਡਿਆਈਆ । ਸ਼ਬਦ ਸੁਤ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਆਪਣੇ ਅੰਤਰ ਆਪੇ ਕੱਢ, ਆਪੇ ਵੇਖ ਵਖਾਇੰਦਾ । ਆਪ ਲਡਾਏ ਸਾਚਾ ਲਡ, ਸਿਰ ਆਪਣਾ ਹੱਥ ਰਖਾਇੰਦਾ । ਆਪ ਸੁਹਾਏ ਆਪਣੀ ਯਦ, ਸਾਚੀ ਯਦ ਆਪ ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਗਟ, ਪਰਗਟ ਆਪਣੀ ਖੇਲ ਕਰਾਇੰਦਾ । ਤ੍ਰੈਗੁਣ ਮਾਇਆ ਬੰਨ੍ਹੇ ਨੱਤ, ਪੰਚਮ ਨਾਤਾ ਜੋੜ ਜੁੜਾਇੰਦਾ । ਖੇਲੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸਾਚੀ ਵੰਡ ਵੰਡਾਇੰਦਾ । ਸ਼ਬਦੀ ਵੰਡ ਸਾਚੀ ਧਾਰ, ਹਰਿ ਹਰਿ ਆਪ ਜਣਾਈਆ । ਵਿਸ਼ਨੂੰ ਕਰਨਾ ਇਕ ਪਿਆਰ, ਏਕਾ ਘਰ ਰਿਹਾ ਜਣਾਈਆ । ਸਾਚੀ ਵਸਤ ਏਕਾ ਵਾਰ, ਹਰਿ ਸਾਚਾ ਝੋਲੀ ਪਾਈਆ । ਬ੍ਰਹਮੇ ਦੇਣਾ ਬ੍ਰਹਮ ਦੁਆਰ, ਬ੍ਰਹਮੇ ਬੰਸ ਬੰਸ ਵਖਾਈਆ । ਸ਼ੰਕਰ

ਕਰੇ ਇਕ ਬਲਕਾਰ, ਬਲ ਦੇਣਾ ਚਾਈਂ ਚਾਈਆ । ਤਿੰਨਾਂ ਵਿਚੋਲਾ ਏਕੰਕਾਰ, ਸਾਚਾ ਢੋਲਾ ਰਿਹਾ ਸੁਣਾਈਆ । ਕਰੇ ਕੌਲਾ ਇਕ ਇਕਰਾਰ, ਕੀਤਾ ਕੌਲ ਭੁੱਲ ਨਾ ਜਾਈਆ । ਤੇਰਾ ਕਰੇ ਸਤਿ ਪਸਾਰ, ਸਤਿ ਸਤਿਵਾਦੀ ਦਇਆ ਕਮਾਈਆ । ਲੱਖ ਚੁਰਾਸੀ ਕਰੇ ਤਿਆਰ, ਤ੍ਰੈਗੁਣ ਅਤੀਤਾ ਸੱਚਾ ਮਾਹੀਆ । ਅੰਡਜ ਜੇਰਜ ਉਤਭੁਜ ਸੇਤਜ ਭਾਂਡੇ ਘੜੇ ਬਣ ਠਠਿਆਰ, ਦਰ ਘਰ ਸਾਚੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚੇ ਸੁਤ ਕਰ ਧਿਆਨ, ਹਰਿ ਜੂ ਆਖ ਜਣਾਇਆ । ਲੱਖ ਚੁਰਾਸੀ ਤੇਰਾ ਨਿਸ਼ਾਨ, ਨਿਰਗੁਣ ਸਰਗੁਣ ਦਏ ਝੁਲਾਇਆ । ਕਰੇ ਖੇਲ ਸ੍ਰੀ ਭਗਵਾਨ, ਚਾਰੇ ਵਰਨ ਵੰਡ ਵੰਡਾਇਆ । ਚਾਰੇ ਬਾਣੀ ਬੋਲ ਬੇਜ਼ਬਾਨ, ਜ਼ਬਾਨ ਸ਼ਰਅ ਦਏ ਜਣਾਇਆ । ਚਾਰੇ ਜੁਗ ਕਰ ਪਰਧਾਨ, ਚਾਰੇ ਵੇਦਾਂ ਭੇਵ ਖੁਲ੍ਹਾਇਆ । ਚਾਰ ਕੁੰਟਾਂ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਇਆ । ਸੁਤ ਸ਼ਬਦ ਰੱਖਣਾ ਯਾਦ, ਹਰਿ ਸਾਚਾ ਯਾਦ ਕਰਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਆਪਣੀ ਖੇਲ ਕਰਾਇੰਦਾ । ਵੇਖੇ ਵਿਗਸੇ ਹਰਿ ਬ੍ਰਿਹਿਮਾਦ, ਬ੍ਰਹਿਮੰਡ ਆਪਣੇ ਰੰਗ ਰੰਗਾਇੰਦਾ । ਨਾਉਂ ਵਜਾਏ ਨਾਦ, ਅਗੰਮ ਢੋਲਾ ਆਪੇ ਗਾਇੰਦਾ । ਜੀਵ ਜੰਤ ਸਾਜਣ ਸਾਜ, ਨੌਂ ਦਰ ਕਾਇਆ ਖੋਜ ਖੁਜਾਇੰਦਾ । ਆਤਮ ਪਰਮਾਤਮ ਦੇਵੇ ਦਾਦ, ਰਸਨਾ ਜਿਹਵਾ ਜੋੜ ਜੁੜਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਸੱਜਣ ਸਾਕ, ਸਾਚਾ ਬੰਧਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰਾਹ ਚਲਾਇੰਦਾ । ਸ਼ਬਦ ਸੁਤ ਤੇਰਾ ਚਲੇ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਬਣੇ ਮਲਾਹ, ਬੇੜਾ ਦੋ ਜਹਾਨ ਉਠਾਇੰਦਾ । ਏਕੰਕਾਰਾ ਦਏ ਸਲਾਹ, ਸਲਾਹਗੀਰ ਆਪ ਹੋ ਆਇੰਦਾ । ਆਦਿ ਨਿਰੰਜਣ ਕਰੇ ਰੁਸ਼ਨਾ, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੇਪਰਵਾਹ, ਪਰਦਾਨਸ਼ੀਂ ਆਪ ਹੋ ਜਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਂ, ਨਿਸ਼ਾਨਾ ਇਕੋ ਇਕ ਉਠਾਇੰਦਾ । ਪਾਰਬ੍ਰਹਮ ਬ੍ਰਹਮ ਲਏ ਪ੍ਰਗਟਾ, ਘਟ ਮੰਦਰ ਜੋਤ ਜਗਾਇੰਦਾ । ਸਾਚੀ ਸੇਜਾ ਲਏ ਸੁਹਾ, ਸਚ ਸਿੰਘਾਸਣ ਸੋਭਾ ਪਾਇੰਦਾ । ਤੇਰੀ ਨੌਬਤ ਦਏ ਵਜਾ, ਏਕੰਕਾਰਾ ਆਪ ਸੁਣਾਇੰਦਾ । ਜੁਗ ਚੌਕੜੀ ਖੇਲ ਖਿਲਾ, ਵੇਸ ਅਨੇਕਾ ਰੂਪ ਵਟਾਇੰਦਾ । ਸ਼ਬਦੀ ਸੁਤ ਨਾਉਂ ਧਰਾ, ਅਬਿਨਾਸ਼ੀ ਅਚੁਤ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਣਾਇੰਦਾ । ਸੁਤ ਦੁਲਾਰੇ ਵੇਖ ਹਰਿ ਹਰਿ ਧਾਰ, ਨਰ ਨਿਰੰਕਾਰ ਆਪ ਚਲਾਈਆ । ਜੁਗ ਜੁਗ ਖੇਲ ਕਰੇ ਅਪਾਰ, ਤੇਰੇ ਨਾਉਂ ਦਏ ਵਡਿਆਈਆ । ਨਾਉਂ ਧਰ ਗੁਰ ਅਵਤਾਰ, ਪੀਰ ਪੈਗ਼ੰਬਰ ਲਏ ਪ੍ਰਗਟਾਈਆ । ਤੇਰਾ ਸੋ ਵੇਲਾ ਵਿਚ ਸੰਸਾਰ, ਬਣ ਵਿਚੋਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚੇ ਸੁਤ ਤੇਰੀ ਸ਼ਕਤ, ਹਰਿ ਜੂ ਹਰਿ ਹਰਿ ਆਪ ਭਰਾਇੰਦਾ । ਜੁਗਾ ਜੁਗੰਤਰ ਤੇਰੀ ਸੁਹਾਏ ਰੁੱਤ, ਵੇਲਾ ਆਪਣੇ ਹੱਥ ਰਖਾਇੰਦਾ । ਮੇਲ ਮਿਲਾਵਾ ਸਾਚੇ ਭਗਤ, ਪੰਜ ਤਤ ਕਾਇਆ ਜੋੜ ਜੁੜਾਇੰਦਾ । ਲੇਖੇ ਲਾਏ ਬੂੰਦ ਰਕਤ, ਰੱਤ ਰੱਤੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਤੇਰਾ ਰੂਪ, ਸਾਚੇ ਸੁਤ ਜਣਾਈਆ । ਕਰੇ ਖੇਲ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਜੁਗ ਜੁਗ ਦੇਵੇ ਸਚ ਸਬੂਤ, ਗੁਰ ਪੀਰ ਅੰਦਰ ਗੋਝ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਸਾਚੀ ਸਿਖਿਆ ਗੁਰਸਿਖ ਧਾਰ, ਹਰਿ ਹਰਿ ਆਪ ਜਣਾਇੰਦਾ । ਸਾਚੇ ਸੰਤ ਤੇਰਾ ਪਿਆਰ, ਹਰਿਜਨ ਸਾਚੇ ਆਪ ਕਰਾਇੰਦਾ । ਖੇਲੇ ਖੇਲ ਅਪਰ ਅਪਾਰ, ਬੇਅੰਤ ਅਥਾਹ ਰਾਹ ਚਲਾਇੰਦਾ । ਨਾਰ ਕੰਤ ਇਕ ਆਧਾਰ, ਕੰਤ ਕੰਤੂਹਲ ਸੇਜ ਹੰਢਾਇੰਦਾ । ਰੰਗ ਬਸੰਤੀ ਸਾਚਾ ਚਾੜ੍ਹ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਕਿਰਪਾ ਕਰ ਏਕੰਕਾਰ, ਨਾਮ ਸੁਗੰਧੀ ਤੇਰੀ ਇਕ ਮਹਿਕਾਇੰਦਾ । ਵਾਸਨਾ ਗੰਦੀ ਕੱਢੇ ਵਿਚ ਸੰਸਾਰ, ਸਾਚਾ ਛੰਦੀ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਤੇਰੀ ਝੋਲੀ ਪਾਇੰਦਾ । ਜੁਗ ਚੌਕੜੀ ਤੇਰੀ ਝੋਲੀ, ਸੋ ਸਤਿਗੁਰ ਆਪੇ ਪਾਈਆ । ਸਾਚੇ ਸੁਤ ਬਣਨਾ ਗੋਲੀ, ਜੁਗ ਜੁਗ ਸੇਵ ਕਮਾਈਆ । ਆਪਣੇ ਰੰਗ ਖਡੌਣੀ ਹੋਲੀ, ਰੰਗਣ ਸਚ ਚੜ੍ਹਾਈਆ । ਏਕਾ ਤੋਲਣਾ ਸਾਚਾ ਤੋਲ ਆਪਣੇ ਕੰਡੇ ਲੈਣਾ ਤੋਲੀ, ਕੰਡਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸਮਝਾਈਆ । ਸਚ ਸੰਦੇਸ਼ਾ ਸੁਣਿਆ ਹਰਿ, ਸੁਤ ਸ਼ਬਦੀ ਸੀਸ ਝੁਕਾਇਆ । ਧੰਨ ਭਾਗ ਪ੍ਰਭ ਦਿਤਾ ਵਰ, ਮੇਰਾ ਸਾਹਿਬ ਮੇਰੀ ਝੋਲੀ ਰਿਹਾ ਭਰਾਇਆ । ਨਿਰਭੌ ਹੋ ਚੁਕਾਇਆ ਡਰ, ਭੈ ਅਵਰ ਨਾ ਕੋਈ ਜਣਾਇਆ । ਕਰ ਕਿਰਪਾ ਪੱਲੂ ਲਿਆ ਫੜ, ਨਾ ਸਕੇ ਕੋਈ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੁਕਮੇ ਅੰਦਰ ਕਾਰ ਕਮਾਇਆ । ਤੇਰੇ ਹੁਕਮੇ ਅੰਦਰ ਕਰਾਂ ਕਾਰ, ਕਰਤਾ ਪੁਰਖ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਾਂ ਤਿਆਰ, ਤ੍ਰੈਗੁਣ ਪੰਜ ਤਤ ਸਹਿਜ ਸੁਭਾਈਆ । ਲੱਖ ਚੁਰਾਸੀ ਭਰਾਂ ਭੰਡਾਰ, ਖਾਣੀ ਬਾਣੀ ਨਾਲ ਮਿਲਾਈਆ । ਗੁਰ ਅਵਤਾਰ ਦਏ ਆਧਾਰ, ਪੀਰ ਪੈਗ਼ੰਬਰ ਕਰਾਂ ਪੜ੍ਹਾਈਆ । ਜੁਗ ਚੌਕੜੀ ਵੇਖਾਂ ਵਾਰੋ ਵਾਰ, ਲੋਕਮਾਤ ਫੇਰਾ ਪਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਇਕੋ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਲਏਂ ਮਿਲਾਈਆ । ਤੇਰਾ ਵਿਛੋੜਾ ਨਾ ਸਕਾਂ ਜਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਜਣਾਈਆ । ਸਾਚੇ ਸੁਤ ਸੁਣ ਸੁਣ ਦੂਤ, ਹਰਿ ਸਾਚਾ ਸਚ ਜਣਾਇੰਦਾ । ਜੁਗ ਚੌਕੜੀ ਖੇਲ ਤੇਰਾ ਪੰਜ ਤਤ, ਕਾਇਆ ਰੂਪ ਵਟਾਇੰਦਾ । ਏਕਾ ਤਾਣਾ ਪੇਟਾ ਸੂਤ, ਏਕਾ ਰੰਗ ਵਖਾਇੰਦਾ । ਵਸਣਹਾਰਾ ਜਗਤ ਕਲਬੂਤ, ਕਾਇਆ ਕੱਪੜ ਆਪ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰਦਰਗਾਹੀ ਆਪ ਜਣਾਈਆ । ਸਾਚੇ ਸੁਤ ਬਣ ਜਾ ਰਾਣਾ, ਹਰਿ ਰਾਜਨ ਰਾਜ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਤੇਰਾ ਭਾਣਾ, ਤੇਰੇ ਭਾਣੇ ਵਿਚ ਰਖਾਈਆ । ਤੇਰਾ ਨਾਉਂ ਗਾਇਣ ਗਾਣਾ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਿਖਿਆ ਇਕ ਜਣਾਈਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਸ਼ਬਦੀ ਆਪ ਜਣਾਇੰਦਾ । ਬਿਨ ਕਲਮ ਸ਼ਾਹੀ ਲੇਖਾ ਦੇਵੇ ਲਿਖ, ਲਿਖਣਹਾਰਾ ਨਜ਼ਰ ਨਾ ਆਇੰਦਾ । ਸਚਖੰਡ ਨਿਵਾਸੀ ਵੰਡੇ ਸਾਚਾ ਹਿੱਸ, ਹਿੱਸਾ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਪੀਸਨ ਲਿਆ ਪੀਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੱਕੀ ਆਪ ਚਲਾਇੰਦਾ । ਕਰ ਕਿਰਪਾ ਭੇਜੇ ਜਿਸ ਜਿਸ, ਹੁਕਮੀ ਹੁਕਮ ਹੁਕਮ ਸੁਣਾਇੰਦਾ । ਫੜ ਫੜ ਸੇਵਾ ਲਾਏ ਤਿਸ, ਸਾਚੀ ਸੇਵਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਵੰਡ ਵੰਡਾਇੰਦਾ ।

੪੧੬
੧੨

ਸ਼ਬਦੀ ਸੁਤ ਤੇਰੀ ਵੰਡ, ਹਰਿ ਸਾਚਾ ਆਪ ਕਰਾਈਆ । ਤੇਰਾ ਲੇਖ ਵਿਚ ਬ੍ਰਹਿਮੰਡ, ਬ੍ਰਹਿਮੰਡ ਤੇਰੀ ਸ਼ਨਵਾਈਆ । ਤੇਰਾ ਲਹਿਣਾ ਵਿਚ ਵਰਭੰਡ, ਵਰਭੰਡੀ ਦਏ ਚੁਕਾਈਆ । ਤੇਰਾ ਨਾਮ ਤੇਜ਼ ਚੰਡ, ਪਰਚੰਡ ਚੰਡਕਾ ਰੂਪ ਵਟਾਈਆ । ਤੇਰਾ ਚਿਲਾ ਸਚਖੰਡ, ਤੀਰ ਨਿਰਾਲਾ ਇਕ ਵਖਾਈਆ । ਤੇਰਾ ਨਾਉਂ ਸੁਹਾਗੀ ਛੰਦ, ਗੁਰ ਅਵਤਾਰ ਕਰੇ ਪੜ੍ਹਾਈਆ । ਤੇਰਾ ਨੂਰ ਸਾਚਾ ਚੰਦ, ਪੀਰ ਪੈਗ਼ੰਬਰ ਸੀਸ ਝੁਕਾਈਆ । ਤੇਰਾ ਰਸ ਸਾਚਾ ਅਨੰਦ, ਅਨੰਦ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਸੁਤ ਦਏ ਸਮਝਾਈਆ । ਸਾਚੇ ਸੁਤ ਸੁਣ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਚਲਾਏ ਤੇਰੀ ਰੀਤ, ਹੱਥ ਤੇਰੇ ਵਾਗ ਫੜਾਇੰਦਾ । ਆਪ ਬੈਠਾ ਰਹਾਂ ਅਤੀਤ, ਸਚਖੰਡ ਸਾਚੇ ਡੇਰਾ ਲਾਇੰਦਾ । ਲੋਕਮਾਤ ਧਾਰ ਵਿਖਾਵਾਂ ਮੰਦਰ ਮਸੀਤ, ਮਸਲਾ ਏਕਾ ਨਾਮ ਸੁਣਾਇੰਦਾ । ਕਰਾਂ ਖੇਲ ਪਾਕ ਪਲੀਤ, ਪਤਤ ਆਪਣਾ ਭੇਵ ਜਣਾਇੰਦਾ । ਲੇਖਾ ਜਾਣਾ ਹਸਤ ਕੀਟ, ਕੀਟਾਂ ਅੰਦਰ ਆਪਣਾ ਆਸਣ ਲਾਇੰਦਾ । ਸਦ ਵਸਾਂ ਧਾਮ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਸੁੱਤਾ ਰਹਾਂ ਦੇ ਕਰ ਪੀਠ, ਕਰਵਟ ਮਾਤ ਨਾ ਕੋਈ ਬਦਲਾਇੰਦਾ । ਗੁਰ ਅਵਤਾਰਾਂ ਦੱਸਾਂ ਇਕ ਪ੍ਰੀਤ, ਚਰਨ ਕਵਲ ਕਵਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਚਾਰ ਵੇਦ ਨਾ ਪਾਵਣ ਸਾਰ, ਬ੍ਰਹਮਾ ਬੈਠਾ ਮੁਖ ਸ਼ਰਮਾਈਆ । ਸ਼ਸਤਰ ਸਿਮਰਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਵੇਦ ਵਿਆਸਾ ਬਣ ਲਿਖਾਰ, ਲੇਖਾ ਪੁਰਾਨ ਅਠਾਰਾਂ ਗਿਆ ਸਮਝਾਈਆ । ਕ੍ਰਿਸ਼ਨਾ ਦੇ ਇਕ ਸਹਾਰ, ਨਾਮ ਬੰਸਰੀ ਇਕ ਪਿਆਰ, ਅਠਾਰਾਂ ਧਿਆਏ ਬਣ ਵਣਜਾਰ, ਆਪਣੀ ਵਡਿਆਈ ਗਿਆ ਸਮਝਾਈਆ । ਮੂਸਾ ਤੱਕਿਆ ਜਲਵਾ ਨੂਰ ਅਪਾਰ, ਵਡ ਪੈਗ਼ੰਬਰ ਸ਼ਾਹ ਸਿਕਦਾਰ, ਸ਼ਾਹ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਈਸਾ ਕਹੇ ਮੇਰੇ ਪਰਵਰਦਿਗਾਰ, ਆਦਿ ਜੁਗਾਦੀ ਮਦਦਗਾਰ, ਸਿਰ ਮੇਰੇ ਹੱਥ ਟਿਕਾਈਆ । ਮੁਹੰਮਦ ਸਜਦਾ ਸੀਸ ਝੁਕਾ ਵਾਹ ਵਾਹ ਕੁਦਰਤ ਤੇਰੀ ਯਾਰ, ਯਾਰੀ ਯਾਰਾਂ ਨਾਲ ਬੰਧਾਈਆ । ਹੱਕ ਹਕ਼ੀਕ਼ਤ ਤੇਰਾ ਨਾਅਰ, ਲਾਸ਼ਰੀਕ ਇਕ ਵਣਜਾਰ, ਸਰਕਤ ਅਵਰ ਨਾ ਕੋਇ ਵਧਾਈਆ । ਮੁਕਾਮੇ ਹੱਕ ਤੇਰਾ ਪਸਾਰ, ਮਹਿਬਾਨ ਬੀਦੋ ਬੀਖੈਰ ਯਾ ਅੱਲਾ ਅਲਾਹੀ ਨੂਰ ਰੁਸ਼ਨਾਈਆ । ਨਿਰਗੁਣ ਤੇਰਾ ਵੇਖਿਆ ਇਕ ਦੁਆਰ, ਉਚੀ ਕੂਕ ਕੂਕ ਕਰੇ ਪੁਕਾਰ, ਏਕੰਕਾਰ ਏਕਾ ਨੂਰ ਨਜ਼ਰੀ ਆਈਆ । ਚਰਨ ਕਵਲ ਢਹਿ ਢਹਿ ਪਿਆ ਦੁਆਰ, ਸ਼ਬਦ ਸੁਤ ਆਪਣੀ ਝੋਲੀ ਅੱਗੇ ਡਾਹੀਆ । ਦੇਵਣਹਾਰ ਅਗੰਮ ਅਪਾਰ, ਨਾਮ ਸਤਿ ਭਰੇ ਭੰਡਾਰ, ਸਾਚੀ ਵਸਤ ਦਏ ਵਰਤਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਪਾਵੇ ਸਾਰ, ਆਪ ਆਪਣੇ ਰੰਗ ਰੰਗਾਈਆ । ਨਾਨਕ ਨਿਰਗੁਣ ਸਰਗੁਣ ਦਏ ਆਧਾਰ, ਨਿਰਗੁਣ ਨਾਨਕ ਕਰੇ ਜਗਤ ਪਿਆਰ, ਪੰਜ ਤਤ ਕਾਇਆ ਚੋਲਾ ਇਕ ਹੰਢਾਈਆ । ਏਕਾ ਜੋਤੀ ਦਸ ਅਵਤਾਰ, ਦਸ ਦਸ ਆਪਣਾ ਭੇਵ ਵਖਾਈਆ । ਦਸਮ ਦੁਆਰੀ ਪਾਰ ਕਿਨਾਰ, ਏਕਾ ਮੰਦਰ ਕਰ ਉਜਿਆਰ, ਗੋਬਿੰਦ ਬੋਲੇ ਸਚ ਜੈਕਾਰ, ਜੈ ਜੈ ਜੈਕਾਰ ਕਰੇ ਲੋਕਾਈਆ । ਪੁਰਖ ਅਕਾਲ ਬਣਨਾ ਸਹਾਰ, ਨਾ ਕੋਈ ਮਸਜਿਦ ਠਾਕਰਦੁਆਰ, ਠਾਕਰ ਇਕੋ ਰਿਹਾ ਮਨਾਈਆ । ਉਚੀ ਕੂਕ ਕੂਕ ਬੁਲਾਵੇ ਨਾਅਰਾ, ਸਾਚਾ ਢੋਲਾ ਗਾਏ ਸਾਚੇ ਮਾਹੀਆ । ਫਤਹਿ ਡੰਕਾ ਵੱਜੇ ਵਿਚ ਸੰਸਾਰਾ, ਰਾਓ ਰੰਕਾਂ ਕਰੇ ਖ਼ਬਰਦਾਰਾ, ਬੇਖ਼ਬਰ ਸਭ ਨੂੰ ਰਿਹਾ ਜਗਾਈਆ । ਸ਼ਬਦ ਅਗੰਮੀ ਖੰਡਾ ਤਿਖੀ ਧਾਰਾ, ਉਚੇ

ਟਿੱਲੇ ਪ੍ਰਬਤ ਪਾਵੇ ਸਾਰਾ, ਡੂੰਘੀ ਕੰਦਰ ਫੋਲ ਫੁਲਾਈਆ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਜੁਗ ਜੁਗ ਵੇਖੇ ਵੇਖਣਹਾਰਾ, ਸਚਖੰਡ ਬੈਠਾ ਆਸਣ ਲਾਈਆ । ਸ਼ਬਦੀ ਸੁਤ ਤੇਰਾ ਵਣਜਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚੇ ਸੁਤ ਤੇਰਾ ਰੰਗ, ਹਰਿ ਜੂ ਹਰਿ ਜਣਾਇੰਦਾ । ਨਵ ਨੌਂ ਜਾਏ ਲੰਘ, ਵੇਲਾ ਅੰਤ ਅੰਤ ਸਮਝਾਇੰਦਾ । ਗੋਬਿੰਦ ਸੇਜਾ ਸਚ ਪਲੰਘ, ਸਤਿਗੁਰ ਆਪ ਹੰਢਾਇੰਦਾ । ਪੁਰਖ ਅਕਾਲ ਸੂਰਾ ਸਰਬੰਗ, ਮਰਦ ਮਰਦਾਨਾ ਸੇਵ ਕਮਾਇੰਦਾ । ਸਾਚੇ ਮੰਦਰ ਆਪੇ ਲੰਘ, ਸਤਿ ਸਤਿਵਾਦੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਲੈਣਾ ਜਾਣ, ਆਦਿ ਪੁਰਖ ਸਮਝਾਇਆ । ਸ਼ਬਦੀ ਤੇਰਾ ਬਲ ਬਲਵਾਨ, ਬਲਧਾਰੀ ਲਏ ਪ੍ਰਗਟਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਗੁਰ ਅਵਤਾਰ ਨਾਉਂ ਰਖਾਇਆ । ਅੰਤਮ ਲੇਖਾ ਵੇਖੇ ਆਣ, ਨਿਰਗੁਣ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਸਿਖਾਇਆ । ਸਾਚੀ ਸਿਖਿਆ ਸੁਣੀ ਨਿਰੰਕਾਰ, ਨਿਰਗੁਣ ਭੁੱਲ ਕਦੇ ਨਾ ਜਾਈਆ । ਤੇਰੇ ਹੁਕਮੇ ਅੰਦਰ ਗੁਰ ਅਵਤਾਰ, ਜੁਗ ਚੌਕੜੀ ਸੇਵ ਕਮਾਈਆ । ਅੰਤਮ ਲੇਖਾ ਵਿਚ ਸੰਸਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਚੇਲਾ ਗੁਰ ਬਣ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੱਖ ਚੁਰਾਸੀ ਫੋਲ ਫੁਲਾਈਆ । ਵਰਨ ਬਰਨ ਦਏ ਆਧਾਰ, ਜ਼ਾਤ ਪਾਤ ਨਾ ਕੋਈ ਰਖਾਈਆ । ਏਕਾ ਪਿਤਾ ਪੁਰਖ ਅਕਾਲ, ਪਰਮ ਪੁਰਖ ਦਏ ਸਮਝਾਈਆ । ਗੁਰ ਅਵਤਾਰਾਂ ਪੰਜ ਤਤ ਚੋਲਾ ਖਾਏ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਸਤਿ ਸਤਿਵਾਦੀ ਸਚਖੰਡ ਵਸੇ ਸੱਚੀ ਧਰਮਸਾਲ, ਦਰ ਘਰ ਸਾਚੇ ਆਸਣ ਲਾਈਆ । ਸੁਤ ਦੁਲਾਰਾ ਕਰੇ ਪ੍ਰਿਤਪਾਲ, ਜੁਗ ਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲਾਈਆ । ਤੇਰਾ ਭੇਵ ਪੁਰਖ ਅਗੰਮ, ਮੇਰੀ ਸਮਝ ਵਿਚ ਨਾ ਆਇੰਦਾ । ਕਵਣ ਵੇਲਾ ਕਰੇ ਕੰਮ, ਕਵਣ ਖੇਲ ਕਰਾਇੰਦਾ । ਕਵਣ ਵੇਲਾ ਬੇੜਾ ਦੇਵੇ ਬੰਨ੍ਹ, ਬੇੜਾ ਆਪਣੇ ਕੰਧ ਉਠਾਇੰਦਾ । ਕਵਣ ਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਸਾਚਾ ਵੇਲਾ ਦੱਸ ਭਗਵਾਨ, ਸੁਤ ਦੁਲਾਰਾ ਆਪ ਸੁਣਾਈਆ । ਜੁਗ ਜੁਗ ਤੇਰਾ ਖੇਲ ਮਹਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਕਰੋੜ ਤੇਤੀਸਾ ਮੰਨੇ ਆਣ, ਸੁਰਪਤ ਇੰਦ ਨਾਲ ਰਲਾਈਆ । ਤੇਈ ਅਵਤਾਰ ਕਰਨ ਪਰਵਾਨ, ਨਿਉਂ ਨਿਉਂ ਸੀਸ ਜਗਦੀਸ਼ ਝੁਕਾਈਆ । ਬ੍ਰਹਮਾ ਸੁਤ ਬਾਲ ਨਿਧਾਨ, ਬਰਾਹ ਚਲੇ ਨਾ ਕੋਈ ਚਤੁਰਾਈਆ । ਯਗੈ ਪੁਰਸ਼ ਹੈਰਾਨ, ਹਾਵ ਗ਼ਰੀਵ ਨਾ ਕੋਈ ਵਡਿਆਈਆ । ਨਰ ਨਰਾਇਣ ਖੇਲ ਮਹਾਨ, ਕਪਲ ਮੁਨ ਦਇਆ ਕਮਾਈਆ । ਦਤਾ ਤ੍ਰੈ ਦੇਵੇ ਗਿਆਨ, ਰਿਖਪ ਦੇਵ ਆਪ ਸਮਝਾਈਆ । ਪ੍ਰਿਥੂ ਵੇਖੇ ਆਪੇ ਆਣ, ਮਤਸਯ ਲੇਖਾ ਸਹਿਜ ਸੁਭਾਈਆ । ਕਛਪ ਦੇਵੇ ਸੱਚਾ ਦਾਨ, ਧਨੰਤਰ ਦੁਆਵੇ ਮਾਣ ਵਡਿਆਈਆ । ਮੋਹਣੀ ਰੂਪ ਕਰੇ ਮਿਹਰਵਾਨ, ਤੇਰਾ ਭੇਵ ਕੋਈ ਨਾ ਪਾਈਆ । ਬਾਵਨ ਖੇਲੇ ਖੇਲ ਮਹਾਨ, ਬਲ ਆਪਣੀ ਲੇਖੇ ਲਾਈਆ । ਹੰਸਾ ਬੋਲੇ ਇਕ ਜ਼ਬਾਨ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਨਰ ਸਿੰਘ ਭੇਖ ਧਰੇ ਬਲਵਾਨ, ਰੂਪ ਰੰਗ ਰੇਖ ਨਾ ਕਿਸੇ ਸਮਝਾਈਆ । ਨਰ ਨਰਾਇਣ ਤੇਰਾ ਨਿਸ਼ਾਨ, ਧਰੂ ਬਾਲੇ ਸਾਰ ਨਾ ਰਾਈਆ । ਗਜ ਬੰਧਨ ਕੱਟੇ ਆਣ, ਤੰਦਵੇ ਤੰਦ ਤੰਦ ਤੁੜਾਈਆ । ਪਰਸ ਰਾਮ ਦੇਵੇ ਮਾਣ, ਬ੍ਰਹਿਮਣ ਏਕਾ ਗੁਣ ਸਮਝਾਈਆ ।


੪੧੭
੧੨

ਸ਼ੱਤਰੀ ਬਣੇ ਵਡ ਬਲਵਾਨ, ਰਾਮ ਦਸਰਥ ਬੇਟਾ ਜਾਈਆ । ਵੇਦ ਵਿਆਸਾ ਲਿਖੇ ਲੇਖ ਮਹਾਨ, ਕੁਵਾਰੀ ਕੰਨਿਆ ਮਾਤ ਉਠਾਈਆ । ਕਾਹਨਾ ਕ੍ਰਿਸ਼ਨਾ ਬਣ ਜਵਾਨ, ਸੇਵਾ ਕਰੇ ਬਣ ਰਖਵਾਹੀਆ । ਭਗਤ ਭਗਵੰਤ ਦੇ ਗਿਆਨ, ਗੀਤਾ ਗਿਆਨ ਗਿਆ ਦ੍ਰਿੜਾਈਆ । ਮੂਸਾ ਈਸਾ ਇਕ ਪੈਗ਼ਾਮ, ਬਣ ਪੈਗ਼ੰਬਰ ਗਏ ਸੁਣਾਈਆ । ਮੁਹੰਮਦ ਦੇਵੇ ਸਚ ਕਲਾਮ, ਕਲਮਾ ਨਬੀ ਪੜ੍ਹਾਈਆ । ਨਾਨਕ ਨਿਰਗੁਣ ਝੋਲੀ ਪਾਏ ਸਤਿਨਾਮ, ਨਾਮ ਸਤਿ ਇਕ ਵਖਾਈਆ । ਗੋਬਿੰਦ ਫਤਹਿ ਡੰਕਾ ਵਜਾਏ ਦੋ ਜਹਾਨ, ਦੋ ਜਹਾਨਾਂ ਆਪਣਾ ਭੇਵ ਚੁਕਾਈਆ । ਜੁਗ ਚੌਕੜੀ ਤੇਰਾ ਖੇਲ ਮਹਾਨ, ਗੁਰ ਅਵਤਾਰ ਭੇਵ ਪਾ ਨਾ ਸਕੇ ਰਾਈਆ । ਬੇਅੰਤ ਬੇਅੰਤ ਕਹਿ ਕੇ ਸਾਰੇ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਮੈਂ ਛੋਟਾ ਬਾਲ ਨਿਧਾਨ, ਸੁਤ ਦੁਲਾਰਾ ਚਰਨਾਂ ਉਪਰ ਸੀਸ ਟਿਕਾਈਆ । ਜੁਗ ਚੌਕੜੀ ਵੰਡੇ ਵੰਡ ਵਿਚ ਜਹਾਨ, ਸ਼ਬਦ ਸ਼ਬਦੀ ਰੂਪ ਵਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਮਾਣ, ਚਾਰ ਵਰਨ ਅਠਾਰਾਂ ਬਰਨ ਨੌਂ ਅਠਾਰਾਂ ਖ਼ੁਸ਼ੀ ਮਨਾਈਆ । ਚੌਦਾਂ ਵਰਨ ਬਣਾਏ ਵਧਾਨ, ਵਿਦਤ ਆਪਣੀ ਧਾਰ ਚਲਾਈਆ । ਚੌਦਾਂ ਲੋਕ ਖੋਲ੍ਹ ਦੁਕਾਨ, ਚੌਦਾਂ ਹੱਟ ਆਪ ਚਲਾਈਆ । ਚੌਦਾਂ ਤਬਕਾਂ ਇਕ ਗਿਆਨ, ਏਕਾ ਕਲਮਾ ਨਬੀ ਪੜ੍ਹਾਈਆ । ਕਰੇ ਖੇਲ ਸ੍ਰੀ ਭਗਵਾਨ, ਤੇਰਾ ਅੰਤ ਕੋਈ ਨਾ ਪਾਈਆ । ਆਪਣਾ ਅੰਤ ਦੱਸ ਨਿਸ਼ਾਨ, ਜਿਸ ਵੇਲੇ ਲਏ ਮਿਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸ਼ਬਦੀ ਸੁਤ ਰਿਹਾ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਮਾਣ, ਲੇਖਾ ਲਿਖ ਲਿਖ ਲੋਕਮਾਤ ਸਮਝਾਈਆ । ਕਲਜੁਗ ਅੰਤਮ ਚਾਰ ਕੁੰਟ ਹੋਏ ਹੈਰਾਨ, ਹਰਿ ਕਾ ਭੇਵ ਕੋਈ ਨਾ ਪਾਈਆ । ਘਰ ਘਰ ਵੜੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਸਾ ਤ੍ਰਿਸ਼ਨਾ ਪੀਣ ਖਾਣ, ਹਉਮੇ ਹੰਗਤਾ ਕਰੇ ਕੁੜਮਾਈਆ । ਗੁਰੂਦੁਆਰ ਮੰਦਰ ਮਸਜਿਦ ਸਿਆਸਤ ਚਲੇ ਦੁਕਾਨ, ਹਰਿ ਕਾ ਨਾਉਂ ਦਰ ਇਸ਼ਟ ਨਾ ਕੋਈ ਵਖਾਈਆ । ਧੀਆਂ ਭੈਣਾਂ ਤੱਕਣ ਨੌਜਵਾਨ, ਨੇਤਰ ਨੈਣ ਨਾ ਕੋਈ ਸ਼ਰਮਾਈਆ । ਵੇਸਵਾ ਰੂਪ ਸਰਬ ਬਣ ਜਾਣ, ਵਿਭਚਾਰ ਜਗਤ ਹੰਢਾਈਆ । ਧਰਤੀ ਰੋਵੇ ਬੇਜ਼ਬਾਨ, ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖ ਸਾਚੇ ਅੰਦਰ ਵੜ ਵੜ ਸਰਬ ਕੁਰਲਾਣ, ਉਚੀ ਕੂਕ ਕੂਕ ਸੁਣਾਈਆ । ਗੁਰ ਪੀਰ ਅਵਤਾਰ ਮੁਖ ਛੁਪਾਨ, ਅੱਗੇ ਹੋ ਨਾ ਕੋਈ ਬਚਾਈਆ । ਸਾਰੇ ਕਹਿਣ ਏਕੋ ਏਕ ਸ੍ਰੀ ਭਗਵਾਨ, ਆਦਿ ਅੰਤ ਵਡੀ ਵਡਿਆਈਆ । ਲਿਖ ਲਿਖ ਲੇਖ ਦੱਸ ਦੱਸ ਜਾਣ ਜਹਾਨ, ਕਲਜੁਗ ਅੰਤਮ ਆਵੇ ਫੇਰਾ ਪਾਈਆ । ਨਾਉਂ ਰੱਖੇ ਨਿਹਕਲੰਕ ਬਲੀ ਬਲਵਾਨ, ਬਲ ਸਭ ਦਾ ਦਏ ਮਿਟਾਈਆ । ਦੀਨ ਮਜ਼੍ਹਬ ਦਾ ਮਿਟੇ ਨਿਸ਼ਾਨ, ਸ਼ਰਅ ਸ਼ਰੀਅਤ ਦਏ ਗਵਾਈਆ । ਚਾਰ ਜੁਗ ਦਾ ਲੇਖੇ ਮੰਗੇ ਆਣ, ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾਈਆ । ਲੋਕਮਾਤ ਵਖਾਏ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਭਗਤ ਭਗਵੰਤ ਕਰ ਪਰਵਾਨ, ਦਰ ਪਰਵਾਨਗੀ ਇਕ ਕਰਾਈਆ । ਸਾਚਾ ਤਖ਼ਤ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਬਣਾਈਆ । ਪਿਛਲਾ ਲੇਖਾ ਚੁੱਕੇ ਵਿਚ ਜਹਾਨ, ਚੁਕਾਵਣਹਾਰਾ ਫੇਰਾ ਪਾਈਆ । ਦੋ ਜਹਾਨਾਂ ਬਣੇ ਹੁਕਮਰਾਨ, ਹੁਕਮੀ ਏਕਾ ਹੁਕਮ ਸੁਣਾਈਆ । ਕਰੇ ਖੇਲ ਨੌਜਵਾਨ, ਰੂਪ ਰੰਗ ਰੇਖ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਬਣੇ ਸਾਚਾ ਕਾਹਨ, ਗੋਪੀ ਏਕਾ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਜਣਾਈਆ । ਸੁਤ ਦੁਲਾਰੇ ਅੰਤਮ ਔਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਚ ਵਿਹਾਰਾ


੪੧੮
੧੨

ਮਾਤ ਕਰੌਣਾ, ਲੱਗ ਮਾਤਰ ਮੇਟ ਮਿਟਾਇੰਦਾ । ਅਲਫ਼ ਯੇ ਮੋਹ ਚੁਕੌਣਾ, ਤਤ ਪੰਜ ਭੇਵ ਚੁਕਾਇੰਦਾ । ਆਪਣੀ ਸੋ ਆਪ ਸੁਣੌਣਾ, ਆਪਣਾ ਖੇਲ ਆਪ ਸਮਝਾਇੰਦਾ । ਆਪਣੇ ਜੇਹਾ ਆਪੇ ਹੋ ਫੇਰਾ ਪੌਣਾ, ਦੂਜਾ ਸੰਗ ਨਾ ਕੋਈ ਰਖਾਇੰਦਾ । ਗੁਰਮੁਖ ਸਾਚਾ ਮਾਤ ਉਠਾਉਣਾ, ਫੜ ਬਾਹੋਂ ਗਲੇ ਲਗਾਇੰਦਾ । ਭਗਤ ਭਗਵੰਤ ਮੇਲ ਮਿਲੌਣਾ, ਮਿਲ ਮਿਲ ਆਪਣਾ ਰਾਹ ਜਣਾਇੰਦਾ । ਸੰਤ ਕੰਤ ਰੰਗ ਲਗੌਣਾ, ਅੰਗੀਕਾਰ ਆਪ ਕਰਾਇੰਦਾ । ਗੁਰਮੁਖ ਗੁਰ ਗੁਰ ਗੋਦ ਬਹੌਣਾ, ਗੁਰਸਿਖ ਆਪਣੀ ਧਾਰ ਜਣਾਇੰਦਾ । ਸੁਰਤ ਸੁਹਾਗੀ ਸ਼ਬਦ ਵਖੌਣਾ, ਆਤਮ ਪਰਮਾਤਮ ਖੋਜ ਖੁਜਾਇੰਦਾ । ਆਦਿ ਜੋਧਾ ਹਰਿ ਆਪਣਾ ਨਾਉਂ ਧਰੌਣਾ, ਸੂਰਬੀਰ ਵੇਸ ਵਟਾਇੰਦਾ । ਨਾਮ ਖੰਡਾ ਇਕ ਚਮਕੌਣਾ, ਬ੍ਰਹਿਮੰਡਾਂ ਆਪ ਡਰਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖੌਣਾ, ਚਾਰੇ ਖਾਣੀ ਫੋਲ ਫੁਲਾਇੰਦਾ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਦੂਈ ਕੰਢਾ ਢੌਹਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਸਾਚਾ ਮਾਨਸ ਬੰਦਾ ਇਕ ਬਣੌਣਾ, ਗੰਦਾ ਕੋਈ ਰਹਿਣ ਨਾ ਪਾਇੰਦਾ । ਖੰਡਾ ਗੋਬਿੰਦ ਹੱਥ ਉਠੌਣਾ, ਲੇਖਾ ਪੂਰ ਕਰਾਇੰਦਾ । ਸਾਚਾ ਸ਼ਬਦ ਇਕ ਸੁਣੌਣਾ, ਸੋਹੰ ਢੋਲਾ ਗਾਇੰਦਾ । ਪਰਮਾਨੰਦ ਇਕ ਉਪਜੌਣਾ, ਨਿਜਾਨੰਦ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਜਣਾਇੰਦਾ । ਸੁਤ ਦੁਲਾਰੇ ਕਲਜੁਗ ਅੰਤਮ ਆਵਾਂਗਾ, ਹਰਿ ਜੂ ਆਖ ਸੁਣਾਈਆ । ਸਾਚਾ ਰਾਗ ਇਕ ਸੁਣਾਵਾਂਗਾ, ਆਪਣਾ ਨਾਉਂ ਪ੍ਰਗਟਾਈਆ । ਸਚ ਦਰਬਾਰ ਇਕ ਲਗਾਵਾਂਗਾ, ਵੇਖੇ ਸਰਬ ਲੋਕਾਈਆ । ਸਚ ਸਿੰਘਾਸਣ ਇਕ ਵਿਛਾਵਾਂਗਾ, ਸਚਖੰਡ ਰੂਪ ਵਟਾਈਆ । ਨਿਰਗੁਣ ਨੂਰ ਜੋਤ ਚਮਕਾਵਾਂਗਾ, ਜੋਤੀ ਜੋਤ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾਵਾਂਗਾ, ਹੁਕਮੀ ਹੁਕਮ ਹੁਕਮ ਫਿਰਾਈਆ । ਪਿਛਲਾ ਲੇਖਾ ਸਰਬ ਚੁਕਾਵਾਂਗਾ, ਲੇਖਾ ਲੇਖ ਨਾ ਕੋਈ ਮਿਟਾਈਆ । ਅੱਗੇ ਸੱਚਾ ਹੁਕਮ ਵਰਤਾਵਾਂਗਾ, ਏਕਾ ਹੁਕਮ ਕਰੇ ਸ਼ਨਵਾਈਆ । ਆਪਣਾ ਬਲ ਆਪ ਵਖਾਵਾਂਗਾ, ਬਲ ਆਪਣਾ ਆਪ ਧਰਾਈਆ । ਜਨ ਭਗਤਾਂ ਲੇਖੇ ਲਾਵਾਂਗਾ, ਲੇਖਾ ਇਕੋ ਇਕ ਜਣਾਈਆ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਬਹਾਵਾਂਗਾ, ਦਰ ਇਕੋ ਇਕ ਖੁਲ੍ਹਾਈਆ । ਇਕੋ ਗੀਤ ਸੁਣਾਵਾਂਗਾ, ਇਕੋ ਵੱਜੇ ਵਧਾਈਆ । ਇਕੋ ਮੰਦਰ ਬਣਾਵਾਂਗਾ, ਏਕਾ ਰੁੱਤ ਸੁਹਾਈਆ । ਸ਼ਬਦੀ ਸੁਤ ਤੇਰਾ ਨਾਉਂ ਪ੍ਰਗਟਾਵਾਂਗਾ, ਪੰਜ ਤਤ ਨਾ ਕੋਈ ਵਡਿਆਈਆ । ਗੁਰ ਪੀਰ ਅਵਤਾਰ ਤੇਰੀ ਗੋਦ ਬਹਾਵਾਂਗਾ, ਸਚ ਅਦਾਲਤ ਇਕ ਲਗਾਈਆ । ਉਚੀ ਕੂਕ ਕੂਕ ਸੁਣਾਵਾਂਗਾ, ਭੁੱਲਾ ਰਹੇ ਨਾ ਕੋਈ ਜੀਵ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਕਲਜੁਗ ਅੰਤਮ ਪੌਣਾ ਫੇਰਾ, ਹਰਿ ਜੂ ਹਰਿ ਹਰਿ ਇਕ ਸੁਣਾਇੰਦਾ । ਸ਼ਬਦੀ ਏਕਾ ਘੇਰਾ, ਦੋ ਜਹਾਨ ਆਪ ਰਖਾਇੰਦਾ । ਸੋਹੰ ਰੂਪ ਤੇਰਾ ਮੇਰਾ, ਮੇਰਾ ਤੇਰਾ ਭੇਵ ਚੁਕਾਇੰਦਾ । ਨਾਉਂ ਰੱਖ ਸਿੰਘ ਸ਼ੇਰਾ, ਸ਼ੇਰ ਭੱਬਕ ਇਕ ਲਗਾਇੰਦਾ । ਆਦਿ ਜੁਗਾਦੀ ਬਣ ਦਲੇਰਾ, ਆਪਣਾ ਬਲ ਆਪ ਧਰਾਇੰਦਾ । ਚਾਰ ਜੁਗ ਦਾ ਢਾਹੇ ਡੇਰਾ, ਢਾਹ ਢੇਰੀ ਖ਼ਾਕ ਮਿਲਾਇੰਦਾ । ਏਕਾ ਦੇਵੇ ਆਪਣਾ ਗੇੜਾ, ਗੇੜਨਹਾਰ ਆਪ ਅਖਵਾਇੰਦਾ । ਲੱਖ ਚੁਰਾਸੀ ਖੁਲ੍ਹਾ ਵੇਹੜਾ, ਧਰਤ ਮਾਤ ਸੋਭਾ ਪਾਇੰਦਾ । ਹੋ ਕੇ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਪਣਾ ਲੇਖਾ ਅੰਤਮ ਕਲ, ਹਰਿ ਜੂ ਆਪਣੇ ਹੱਥ ਰਖਾਈਆ । ਜੁਗ ਚੌਕੜੀ ਅਛਲ ਅਛੱਲ, ਵਲ ਛਲ ਧਾਰ ਚਲਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਘੱਲ, ਜਗਤ ਸੰਦੇਸ਼ਾ ਦਏ ਸੁਣਾਈਆ । ਦਰਸ਼ਨ ਦੇ ਦੇ ਘੜੀ ਘੜੀ ਪਲ ਪਲ, ਪਲਕ ਪਲਕ ਪੜ੍ਹਾਈਆ । ਹਰਿ ਕੀ ਕੋਈ ਨਾ ਸਕੇ ਝਾਲ ਝੱਲ, ਝਲਕ ਨੂਰ ਨੂਰ ਰੁਸ਼ਨਾਈਆ । ਸਚਖੰਡ ਦੁਆਰ ਬੈਠਾ ਮਲ, ਸਚ ਸਿੰਘਾਸਣ ਸੋਭਾ ਪਾਈਆ । ਕਿਰਨ ਨੂਰ ਜੋਤ ਪਰਕਾਸ਼ ਕਰੇ ਪੰਜ ਤਤ ਮਾਟੀ ਕਾਇਆ ਖੱਲ, ਖ਼ਾਲਕ ਦਏ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਸਮਝਾਈਆ । ਕਲਜੁਗ ਅੰਤਮ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰੌਣਾ । ਜਨ ਭਗਤ ਫੜਾਏ ਆਪਣਾ ਪੱਲਾ, ਦੂਸਰ ਨਜ਼ਰ ਕਿਸੇ ਨਾ ਔਣਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਵੇਸ ਵਟੌਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਛਲ ਅਛੱਲਾ । ਅਛਲ ਅਛਲ ਖੇਲ ਸੰਸਾਰ, ਕਲਜੁਗ ਅੰਤ ਦਏ ਕਰਾਈਆ । ਸਾਚੇ ਭਗਤ ਕਰ ਤਿਆਰ, ਭਗਵਨ ਮੇਲਾ ਲਏ ਮਿਲਾਈਆ । ਚਾਰ ਜੁਗ ਦਾ ਲਹਿਣਾ ਦਏ ਉਤਾਰ, ਕਰਜ਼ਾ ਮਕਰੂਜ਼ ਨਾ ਕੋਈ ਰਖਾਈਆ । ਨੇਤਰ ਨੈਣਾਂ ਦਰਸ ਦਏ ਵਖਾਲ, ਰੂਪ ਅਨੂਪ ਆਪ ਵਟਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਬਣੇ ਦਲਾਲ, ਲੋਕਮਾਤ ਫੇਰਾ ਪਾਈਆ । ਹਰਿਜਨ ਸਾਚੇ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਗੁਰਮੁਖ ਉਠਾਏ ਆਪਣੇ ਲਾਲ, ਗੋਬਿੰਦ ਮੇਲਾ ਸਹਿਜ ਸੁਭਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਘਰ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲਹਿਣਾ ਆਪ ਚੁਕਾਈਆ । ਕਲਜੁਗ ਅੰਤਮ ਜਾਏ ਆ, ਥਿਰ ਕੋਇ ਰਹਿਣ ਨਾ ਪਾਇਆ । ਕਰੇ ਖੇਲ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਇਆ । ਪੀਰ ਪੈਗ਼ੰਬਰ ਜੋ ਕਰੇ ਜੁਦਾ, ਅੰਤਮ ਚਰਨਾ ਹੇਠ ਦਏ ਦਬਾਇਆ । ਸੂਫ਼ੀ ਜਿਸ ਦੇ ਉਤੋਂ ਹੁੰਦੇ ਰਹੇ ਫਿਦਾ, ਸੋ ਹਜ਼ਰਤ ਦਏ ਗਵਾਹਿਆ । ਆਪਣਾ ਰਾਹ ਵਖਾਏ ਸੰਸਾਰ ਸਿਦਾ, ਪੀਰ ਪੈਗ਼ੰਬਰ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤਰ ਆਪ ਚੁਕਾਇਆ । ਕਲਜੁਗ ਅੰਤਮ ਜਾਣਾ ਜਾਣ, ਜਾਨਣਹਾਰ ਆਪ ਜਣਾਈਆ । ਪ੍ਰਗਟ ਹੋਵੇ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਰਖਾਈਆ । ਭਗਤ ਦੁਆਰ ਬਣਾਏ ਆਣ, ਛੱਤੀ ਜੁਗ ਦਾ ਲੇਖ ਮੁਕਾਈਆ । ਬਹੱਤਰ ਦੇਵੇ ਦਾਨ, ਬਹੱਤਰ ਨਾੜ ਕਰੇ ਰੁਸ਼ਨਾਈਆ । ਸੱਤਰਾਂ ਇਕੋ ਇਕ ਗਿਆਨ, ਮੰਤਰ ਇਕੋ ਇਕ ਪੜ੍ਹਾਈਆ । ਚੁਹੱਤਰਾਂ ਦੇਵੇ ਦਾਨ, ਸਚ ਭੰਡਾਰ ਇਕ ਵਰਤਾਈਆ । ਸੇਵਕ ਬਣੇ ਨੌਂ ਜਵਾਨ, ਆਪ ਆਪਣਾ ਬਲ ਧਰਾਈਆ । ਸਾਚੇ ਘਰ ਪੱਕੇ ਪਕਵਾਨ, ਪੱਕਾ ਰਿੱਧਾ ਆਪੇ ਵੇਖ ਵਖਾਈਆ । ਚਾਰ ਜੁਗ ਦੀ ਪਿਛਲੀ ਮੇਟੇ ਮੁਕਾਣ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਆਪਣੇ ਪੇਟੇ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਔਲੀਏ ਸਚ ਦਏ ਫ਼ਰਮਾਣ, ਦੇ ਫ਼ਰਮਾਣਾ ਆਪਣੇ ਦਰ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਹੁਕਮੇ ਅੰਦਰ ਔਣਾ ਗੁਰ ਅਵਤਾਰ, ਸਤਿਗੁਰ ਸਾਚਾ ਆਪ ਮੰਗਾਈਆ । ਭਗਤ ਦੁਆਰੇ ਬਹਿ ਨਿਰੰਕਾਰ, ਹਰਿ ਕਰਤਾਰ ਆਸਣ ਲਾਈਆ । ਪਿਛਲਾ ਲੇਖਾ ਮੰਗੇ ਵਾਰੋ ਵਾਰ, ਲੁਕਿਆ ਕੋਇ ਰਹਿਣ ਨਾ ਪਾਈਆ । ਅੰਤਮ ਸਾਰੇ ਹੋਏ ਸ਼ਰਮਸ਼ਾਰ, ਨੇਤਰ ਨੈਣ ਨਾ ਸਕੇ ਕੋਈ ਉਠਾਈਆ । ਫਤਵਾ ਦਿਤਾ ਇਕੋ ਵਾਰ, ਏਕਾ ਹੁਕਮ ਸੁਣਾਈਆ । ਹੱਕੋ ਹੱਕ ਕਰੇ ਨਬੇੜ, ਨਖੇੜਾ ਇਕੋ ਇਕ ਜਣਾਈਆ । ਕਿਹੜਾ ਕਿਹੜਾ ਦੱਸ ਕੇ ਆਇਆ ਵਿਚ ਸੰਸਾਰ, ਜੀਵਾਂ

ਜੰਤਾਂ ਜਗਤ ਕਰ ਪੜ੍ਹਾਈਆ । ਪੁਰਖ ਅਬਿਨਾਸ਼ੀ ਵਸੇ ਸਭ ਤੋਂ ਬਾਹਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਕਰਾਈਆ । ਅੰਤਮ ਲੇਖਾ ਕਰਨੇ ਆਇਆ, ਕਰਤਾ ਪੁਰਖ ਕਰਤਾਰ । ਗੁਰ ਅਵਤਾਰਾਂ ਵੇਖਣ ਆਇਆ, ਨਿਰਗੁਣ ਨੂਰ ਜਾਮਾ ਧਾਰ । ਪੀਰ ਪੈਗ਼ੰਬਰ ਨਜ਼ਰ ਨਾ ਆਇਆ, ਜੋਧਾ ਸੂਰਬੀਰ ਬਲਕਾਰ । ਲਾਸ਼ਰੀਕ ਲੜਨੇ ਆਇਆ, ਖੇਲੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਅੰਤਮ ਵਾਰ । ਕਲਜੁਗ ਵੇਲਾ ਅੰਤਮ ਜੱਗ, ਹਰਿ ਜਾਗਰਤ ਜੋਤ ਜਗਾਇੰਦਾ । ਕਰੇ ਖੇਲ ਸੂਰਾ ਸਰਬੱਗ, ਦੂਸਰ ਸੰਗ ਨਾ ਕੋਈ ਰਖਾਇੰਦਾ । ਲੰਮਾ ਉਚਾ ਕੋਈ ਨਾ ਜਾਣੇ ਕੱਦ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦੀ ਕਿਸੇ ਨਾ ਲੱਭੀ ਹੱਦ, ਗੁਰ ਅਵਤਾਰ ਅੱਧਵਿਚਕਾਰ ਰਖਾਇੰਦਾ । ਇਕੋ ਨਾਨਕ ਦਰ ਸੱਦ, ਘਰ ਸਾਚਾ ਇਕ ਵਖਾਇੰਦਾ । ਨਾਮ ਨਿਧਾਨ ਸਾਚੀ ਮਦਿ, ਗੋਬਿੰਦ ਰੰਗ ਚੜ੍ਹਾਇੰਦਾ । ਅੰਤਮ ਵੇਲੇ ਲੱਜਿਆ ਲਏ ਰੱਖ, ਸਿਰ ਆਪਣੇ ਹੱਥ ਟਿਕਾਇੰਦਾ । ਪੁਰਖ ਅਗੰਮਾ ਹੋ ਪ੍ਰਤੱਖ, ਪ੍ਰਤੱਖ ਆਪਣੀ ਖੇਲ ਕਰਾਇੰਦਾ । ਨਿਰਗੁਣ ਨਾਲੋਂ ਸਰਗੁਣ ਵੱਖ, ਸਰਗੁਣ ਨਾਲੋਂ ਨਿਰਗੁਣ ਵੱਖ ਵਖਾਇੰਦਾ । ਦਰ ਦੁਆਰੇ ਆਪਣੇ ਸੱਦ, ਬੇਹੱਦ ਹੱਦ ਪਾਰ ਕਰਾਇੰਦਾ । ਸਾਚੀ ਝੋਲੀ ਲਓ ਅੱਡ, ਹਰਿ ਜੂ ਆਖ ਸੁਣਾਇੰਦਾ । ਆਪਣਾ ਕਲਮਾ ਆਪਣੀ ਕਲਾਮ ਪਿਛਲੀ ਦਿਓ ਛੱਡ, ਲੇਖਾ ਪਿਛਲਾ ਹੱਥ ਨਾ ਕਿਸੇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਇੰਦਾ । ਸਚ ਸੁਨੇਹੜਾ ਦਿਤਾ ਆਪ, ਆਪਣਾ ਰਾਗ ਅਲਾਈਆ । ਪੀਰ ਪੈਗ਼ੰਬਰਾਂ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਸਾਰੇ ਵੇਖੇ ਬਸ ਮੇਰੀ ਜ਼ਾਤ, ਕਿਉਂ ਜ਼ਾਤ ਪਾਤ ਮਾਤ ਵੰਡ ਵੰਡਾਈਆ । ਸਾਰੇ ਬਹਿ ਜਾਓ ਇਕੋ ਜਮਾਤ, ਪੁਰਖ ਅਬਿਨਾਸ਼ੀ ਪੱਟੀ ਰਿਹਾ ਪੜ੍ਹਾਈਆ । ਇਕੋ ਢੋਲਾ ਗਾਓ ਗਾਥ, ਇਕੋ ਨਾਅਰਾ ਰਿਹਾ ਸਮਝਾਈਆ । ਦਰ ਬੈਠਾ ਸੱਚਾ ਮਾਹੀ ਸਦਾ ਸੁਹੇਲਾ ਦੇਵੇ ਸਾਥ, ਵਿਛੜ ਕਦੇ ਨਾ ਜਾਈਆ । ਕੋਈ ਗਾ ਨਾ ਸਕੇ ਤ੍ਰਿਲੋਕੀ ਨਾਥ, ਕੋਟਨ ਕੋਟ ਤ੍ਰਿਲੋਕੀ ਨਾਥ ਚਰਨਾਂ ਹੇਠ ਰਖਾਈਆ । ਕੋਟਨ ਕੋਟ ਬੇਟੇ ਦਸਰਥ ਰਾਮ, ਕੋਟਨ ਕੋਟ ਰਾਮ ਰਮਈਆ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖਣ ਆਇਆ, ਨਿਰਗੁਣ ਆਪਣਾ ਜਾਮਾ ਧਾਰ । ਗੁਰ ਅਵਤਾਰ ਪੇਖਣ ਆਇਆ, ਸਤਿ ਸਤਿਵਾਦੀ ਸਚਖੰਡ ਸੱਚੇ ਦਰਬਾਰ । ਪਿਛਲਾ ਲੇਖਾ ਮੰਗਣ ਆਇਆ, ਅੱਗੇ ਬੰਨ੍ਹੇ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦੇਵੇ ਸੁਤ ਦੁਲਾਰ । ਸੁਤ ਦੁਲਾਰੇ ਚੜ੍ਹਿਆ ਚਾਅ, ਚਾਓ ਘਨੇਰਾ ਇਕ ਰਖਾਈਆ । ਪਾਰਬ੍ਰਹਮ ਪ੍ਰਭ ਬਣਿਆ ਮਲਾਹ, ਕਲਜੁਗ ਅੰਤਮ ਫੇਰਾ ਪਾਈਆ । ਚਾਰ ਜੁਗ ਦੇ ਰਾਹ ਦਏ ਮਿਟਾ, ਇਕੋ ਮਾਰਗ ਦਏ ਵਖਾਈਆ । ਇਕੋ ਇਸ਼ਟ ਲਏ ਪਰਗਟਾ, ਸਭ ਦੀ ਦ੍ਰਿਸ਼ਟ ਲਏ ਖੁਲ੍ਹਾਈਆ । ਇਕੋ ਨਾਮ ਦਏ ਦ੍ਰਿੜਾ, ਦ੍ਰਿੜ ਆਪਣਾ ਨਾਮ ਜਪਾਈਆ । ਇਕੋ ਮੰਦਰ ਲਏ ਸੁਹਾ, ਘਰ ਮੰਦਰ ਸੋਭਾ ਪਾਈਆ । ਇਕੋ ਜੋਤ ਦਏ ਜਗਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਇਕੋ ਨਾਦ ਦਏ ਵਜਾ, ਅਨਹਦ ਰਾਗ ਸੁਣਾਈਆ । ਏਕਾ ਸਾਜ ਦਏ ਖੜਕਾ, ਪੰਚ ਪੰਚ ਕਰੇ ਸ਼ਨਵਾਈਆ । ਏਕਾ ਮੇਲਾ ਲਏ ਮਿਲਾ, ਮਿਲਿਆ ਮੇਲ ਧੁਰਦਰਗਾਹੀਆ । ਗੁਰ ਚੇਲਾ ਏਕਾ ਘਰ ਦਏ ਬਹਾ, ਗੁਰ ਗੋਬਿੰਦ ਦਏ ਸਾਲਾਹੀਆ । ਪਾਰਬ੍ਰਹਮ ਖੇਲੇ ਖੇਲ ਬੇਪਰਵਾਹ, ਭੇਵ ਕੋਇ ਨਾ

ਪਾਈਆ । ਆਪਣੀ ਵਾਰੀ ਗਿਆ ਆ, ਜਨ ਭਗਤਾਂ ਵਾਰਤਾ ਰਿਹਾ ਲਿਖਾਈਆ । ਸਾਚੀ ਇਬਾਰਤ ਲਈ ਬਣਾ, ਨਾ ਕੋਈ ਲਿਖੇ ਕਲਮ ਸ਼ਾਹੀਆ । ਸਫ਼ਾਰਸ਼ ਕਰੇ ਨਾ ਕੋਈ ਆ, ਸਚ ਅਦਾਲਤ ਹਰਿ ਜੂ ਰਿਹਾ ਕਮਾਈਆ । ਆਰਫ਼ ਸਕੇ ਨਾ ਕੋਈ ਪੜ੍ਹਾ, ਆਲਮ ਚਲੇ ਨਾ ਕੋਈ ਵਡਿਆਈਆ । ਜਨ ਭਗਤਾਂ ਆਪਣਾ ਤੁਆਰਫ਼ ਰਿਹਾ ਕਰਾ, ਤੋਬਾ ਤੋਬਾ ਕਰਨ ਪੀਰ ਪੈਗ਼ੰਬਰ ਦੇਣ ਦੁਹਾਈਆ । ਤੇਰੀ ਸੋਭਾ ਸੁਣ ਕੇ ਗਏ ਆ, ਖ਼ੁਦਾਵੰਦ ਕਰੀਮ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਗਣਾਈਆ । ਲੇਖਾ ਦੇਵੇ ਗਿਣ ਗਿਣ, ਅਣਗਿਣਤ ਖੇਲ ਕਰਾਇੰਦਾ । ਗੁਰ ਅਵਤਾਰ ਦੇ ਦੇ ਭੇਜੇ ਚਿੰਨ ਚਿੰਨ, ਪੰਜ ਤਤ ਕਾਇਆ ਮੇਲ ਮਿਲਾਇੰਦਾ । ਵੇਸ ਵਟਾਇਆ ਭਿੰਨ ਭਿੰਨ, ਭਿੰਨੜੀ ਰੈਣ ਵੇਖ ਵਖਾਇੰਦਾ । ਹਰਿ ਕਾ ਨਾਮ ਜਣਾਇਆ ਜਿਨ ਜਿਨ, ਤਿਨ੍ਹ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਲੇਖਾ ਆਪ ਮੁਕਾਇੰਦਾ । ਅੰਤਮ ਲੇਖਾ ਸ਼ਬਦੀ ਧਾਰ, ਤੇਰੇ ਸੰਗ ਮੁਕਾਈਆ । ਤੂੰ ਸਾਹਿਬ ਸੁਤ ਦੁਲਾਰ, ਤੇਰੇ ਹੱਥ ਮੇਰੀ ਵਡਿਆਈਆ । ਚਾਰ ਜੁਗ ਦਾ ਜਗਤ ਪਿਆਰ, ਕਲਜੁਗ ਅੰਤਮ ਲਹਿਣਾ ਦਏ ਮੁਕਾਈਆ । ਜੁਗਤ ਭੁਗਤ ਅਪਰ ਅਪਾਰ, ਭਗਵਾਨ ਵੇਖੇ ਥਾਉਂ ਥਾਈਂਆ । ਸਾਚੇ ਸੰਤ ਲਏ ਉਠਾਲ, ਉਠ ਉਠ ਆਪਣਾ ਮੇਲ ਮਿਲਾਈਆ । ਭਗਤਾਂ ਬਣੇ ਆਪ ਦਲਾਲ, ਦਿਲਬਰ ਹੋ ਸੇਵ ਕਮਾਈਆ । ਗੁਰਸਿਖਾਂ ਚਲੇ ਨਾਲ ਨਾਲ, ਗੁਰ ਗੁਰ ਸਿਖਿਆ ਇਕ ਪੜ੍ਹਾਈਆ । ਗੁਰਸਿਖ ਨੇੜ ਨਾ ਆਏ ਕਾਲ, ਮਹਾਕਾਲ ਨੈਣ ਸ਼ਰਮਾਈਆ । ਸਤਿਗੁਰ ਸੱਚਾ ਕਰੇ ਭਾਲ, ਆਦਿ ਅੰਤ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਵਡਿਆਈਆ । ਸ਼ਬਦ ਸੁਤ ਤੇਰਾ ਵੇਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਘਰ ਮੇਲਾ ਗੁਰੂ ਗੁਰ ਚੇਲਾ, ਗੁਰ ਚੇਲਾ ਖੇਲ ਖਲਾਇੰਦਾ । ਪ੍ਰਭ ਮਿਲਿਆ ਸੱਜਣ ਸੁਹੇਲਾ, ਹਰਿ ਸੱਜਣ ਦਇਆ ਕਮਾਇੰਦਾ । ਅਚਰਜ ਖੇਲ ਪ੍ਰਭੂ ਕਲ ਖੇਲਾ, ਜਨ ਆਪਣੇ ਰੰਗ ਰੰਗਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦਾ ਅੰਤਮ ਮੇਲਾ, ਕਲਜੁਗ ਹਰਿ ਹਰਿ ਆਪ ਕਰਾਇੰਦਾ । ਕਲਜੁਗ ਅੰਤਮ ਵੇਲਾ ਸਤਾਰਾਂ ਹਾੜ, ਹਰਿ ਜੂ ਹਰਿ ਹਰਿ ਆਪ ਕਰਾਈਆ । ਭਗਤਾਂ ਫਿਰੇ ਪਿਛੇ ਅਗਾੜ, ਅੱਗੇ ਪਿੱਛੇ ਫੇਰੀ ਪਾਈਆ । ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ, ਨਾ ਸਕੇ ਕੋਈ ਬਚਾਈਆ । ਲੱਗੇ ਅੱਗ ਬਹੱਤਰ ਨਾੜ, ਅਗਨੀ ਤਤ ਰਿਹਾ ਜਲਾਈਆ । ਵਿਸ਼ਨੂੰ ਚਲ ਕੇ ਆਏ ਦੁਆਰ, ਬ੍ਰਹਮਾ ਬੈਠਾ ਮਾਣ ਗਵਾਈਆ । ਸ਼ੰਕਰ ਸੁੱਟ ਆਪਣਾ ਹਥਿਆਰ, ਬਾਸ਼ਕ ਤਸ਼ਕਾ ਗਲ ਵਿਚੋਂ ਲਾਹੇ ਹਾਰ, ਮਾਲਾ ਕੰਠ ਨਾ ਕੋਈ ਸੁਹਾਈਆ । ਤੇਈ ਅਵਤਾਰ ਕਰਨ ਪੁਕਾਰ, ਤੇਰਾ ਭੇਵ ਨਾ ਜਾਣੇ ਕੋਈ ਰਾਈਆ । ਈਸਾ ਮੂਸਾ ਕਰ ਕੇ ਗਏ ਵਿਚਾਰ, ਤੇਰਾ ਕੰਡਾ ਨਜ਼ਰ ਕੋਈ ਨਾ ਆਈਆ । ਮੁਹੰਮਦ ਕਲਮਾ ਗਿਆ ਹਾਰ, ਹਰਜਾਨਾ ਕੋਈ ਭਰਨ ਨਾ ਜਾਈਆ । ਚਾਰ ਯਾਰੀ ਹੋਈ ਬੇਜ਼ਾਰ, ਬੇਵਾ ਰੂਪ ਅੱਲਾ ਰਾਣੀ ਰਹੀ ਕੁਰਲਾਈਆ । ਖ਼ਾਵੰਦ ਮਿਲਿਆ ਨਾ ਹਰਿ ਨਿਰੰਕਾਰ, ਬੇਖ਼ੌਫ਼ ਨਾ ਹੋਏ ਰਾਈਆ । ਨਾਨਕ ਸਚ ਦੱਸ ਕੇ ਗਿਆ ਧਾਰ, ਨਾਮ ਸਤਿ ਸਤਿ ਪੜ੍ਹਾਈਆ । ਵਰਨ ਬਰਨ ਨਾ ਕੋਈ ਸੰਸਾਰ, ਆਤਮ ਪਰਮਾਤਮ ਇਕ ਵਖਾਈਆ । ਗੋਬਿੰਦ ਕਰੇ ਖੇਲ ਨਿਆਰ, ਅੰਮ੍ਰਿਤ ਆਤਮ ਜਾਮ ਪਿਆਈਆ । ਗ਼ਰੀਬ ਨਿਮਾਣਿਆਂ ਦੇ ਦੇ ਮਾਣ, ਜਗਤ ਨਿਮਾਣਿਆਂ ਗਲੇ ਲਗਾਈਆ । ਪੁਰਖ ਅਕਾਲ ਲੈਣਾ ਪਛਾਣ, ਉਚੀ

੪੨੩
੧੨

ਕੂਕ ਕੂਕ ਗਿਆ ਸੁਣਾਈਆ । ਸਤਿ ਸਰੂਪੀ ਦਏ ਗਿਆਨ, ਭਗਤਾਂ ਕਰੇ ਜਗਤ ਪੜ੍ਹਾਈਆ । ਗੁਰੂ ਗ੍ਰੰਥ ਗੁਰ ਮਾਰੇ ਬਾਣ, ਅਣਿਯਾਲਾ ਤੀਰ ਚਲਾਈਆ । ਹਰਿ ਕਾ ਅੱਖਰ ਕੋਈ ਨਾ ਸਕੇ ਪਛਾਣ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਜਿਸ ਜਨ ਉਪਰ ਹੋਏ ਆਪ ਮਿਹਰਬਾਨ, ਤਿਸ ਆਪਣਾ ਪਰਦਾ ਦਏ ਖੁਲ੍ਹਾਈਆ । ਕਲਜੁਗ ਅੰਤਮ ਨਿਹਕਲੰਕ ਬਲੀ ਬਲਵਾਨ, ਲੋਕਮਾਤ ਫੇਰਾ ਪਾਈਆ । ਪਿਛਲਾ ਮੇਟੇ ਸਰਬ ਵਿਧਾਨ, ਪਿਛਲੀ ਮੁਕੇ ਸਰਬ ਪੜ੍ਹਾਈਆ । ਚਾਰ ਜੁਗ ਦੀ ਲਿਖਤ ਨਾ ਕਰੇ ਕੋਈ ਕਲਿਆਣ, ਕਲਮਾ ਹੋਏ ਨਾ ਕੋਈ ਸਹਾਈਆ । ਜਿਸ ਸੰਦੇਸ਼ਾ ਦਿਤਾ ਧੁਰ ਫ਼ਰਮਾਣ, ਜੁਗ ਜੁਗ ਕਰੇ ਪੜ੍ਹਾਈਆ । ਸੋ ਅੰਤ ਲੇਖਾ ਮੁਕਾਏ ਆਣ, ਲੇਖਾ ਆਪਣੀ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਈਆ । ਕਲਜੁਗ ਅੰਤਮ ਮੰਦਰ ਮਸਜਿਦ ਮੱਠ ਚੁੱਕੇ ਕਾਣ, ਭਗਤ ਦੁਆਰ ਦਏ ਵਡਿਆਈਆ । ਜਿਸ ਦੁਆਰੇ ਹਿੰਦੂ ਮੁਸਲਿਮ ਸਿਖ ਈਸਾਈ ਡਿਗਣ ਆਣ, ਅੱਗੇ ਸ਼ਰਅ ਨਾ ਕੋਈ ਵਖਾਈਆ । ਸਰਬ ਜੀਆਂ ਦਾ ਇਕ ਭਗਵਾਨ, ਇਕੋ ਨਜ਼ਰੀ ਆਈਆ । ਨਾਨਕ ਨਿਰਗੁਣ ਕਰੇ ਪਰਵਾਨ, ਪਰਵਾਨਗੀ ਆਪਣੇ ਹੱਥ ਰਖਾਈਆ । ਸਯਦਾ ਕਰੇ ਸੀਸ ਆਣ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕਾਹਨਾ ਕ੍ਰਿਸ਼ਨਾ ਗਾਏ ਗਾਨ, ਵਾਹ ਵਾਹ ਦਾਤਾ ਬੇਪਰਵਾਹੀਆ । ਰਾਮਾ ਕਹੇ ਰਾਮ ਮਹਾਨ, ਰਾਮ ਰਮਇਆ ਹਰ ਘਟ ਥਾਈਂਆ । ਪੁਰਖ ਅਬਿਨਾਸ਼ੀ ਹਰ ਘਟ ਆਤਮ ਦੇਵੇ ਧਿਆਨ, ਧਿਆਨ ਵਿਚ ਕਦੇ ਨਾ ਆਈਆ । ਸਚ ਭੰਡਾਰਾ ਸਚ ਪਕਵਾਨ, ਪੁਰਖ ਅਬਿਨਾਸ਼ੀ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਬਿਨ ਦੰਦਾਂ ਬਹਿ ਬਹਿ ਖਾਣ, ਖਾ ਖਾ ਖ਼ੁਸ਼ੀ ਮਨਾਈਆ । ਇਕੋ ਵਾਰ ਕਰਨ ਧਿਆਨ, ਦੋਏ ਜੋੜ ਸੀਸ ਝੁਕਾਈਆ । ਸਾਡਾ ਅਰਦਾਸਾ ਚੁੱਕਿਆ ਵਿਚ ਜਹਾਨ, ਸਾਡੀ ਓਟ ਨਾ ਕੋਈ ਤਕਾਈਆ । ਤੇਰੇ ਹੱਥ ਤੇਰੀ ਅਮਾਨਤ ਦਿਤੀ ਆਣ, ਆਪਣੀ ਵਸਤ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾ, ਏਕਾ ਹੁਕਮ ਜਣਾਇੰਦਾ । ਸਾਰੇ ਮੰਨੋਂ ਇਕ ਖ਼ੁਦਾ, ਏਕਾ ਨਜ਼ਰੀ ਆਇੰਦਾ । ਪੁਰਖ ਅਕਾਲ ਲੈਣਾ ਧਿਆ, ਦੂਜਾ ਇਸ਼ਟ ਨਾ ਕੋਈ ਵਖਾਇੰਦਾ । ਏਕਾ ਸੋਹਲਾ ਲੈਣਾ ਗਾ, ਗਾਵਣਹਾਰਾ ਆਪ ਜਣਾਇੰਦਾ । ਚਰਨ ਧਿਆਨ ਲੈਣਾ ਲਗਾ, ਜਗਤ ਚਰਨ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਗੁਰ ਅਵਤਾਰ ਚਰਨੀ ਗਏ ਲੱਗ, ਘਰ ਸਾਚੇ ਵੱਜੀ ਵਧਾਈਆ । ਭਗਤ ਭੰਡਾਰਾ ਖਾ ਕੇ ਗਏ ਰੱਜ, ਤ੍ਰਿਸ਼ਨਾ ਹੋਰ ਨਾ ਰਹੀ ਰਾਈਆ । ਪਿਛਲਾ ਖਹਿੜਾ ਦਿਤਾ ਛੱਡ, ਲੋਕਮਾਤ ਨਾ ਧਿਆਨ ਲਗਾਈਆ । ਸਰਗੁਣ ਨਿਰਗੁਣ ਨਾਲੋਂ ਹੋ ਕੇ ਅੱਡ, ਨਿਰਗੁਣ ਨਿਰਗੁਣ ਤੇਰੇ ਵਿਚ ਸਮਾਈਆ । ਤੇਰੇ ਹੁਕਮੇ ਅੰਦਰ ਗਏ ਤੂੰ ਹੁਕਮੇ ਅੰਦਰ ਲਏ ਸੱਦ, ਤੇਰਾ ਹੁਕਮ ਸਾਡੀ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਦਰ ਤੇਰੇ ਆਸ ਰਖਾਈਆ । ਦਰ ਤੇਰੇ ਰੱਖੀ ਆਸ ਪ੍ਰਭ, ਇਕੋ ਓਟ ਜਣਾਇਆ । ਧੰਨ ਭਾਗ ਤੂੰ ਲਿਆ ਸੱਦ, ਦਰ ਸਾਚੇ ਮੇਲ ਮਿਲਾਇਆ । ਜੁਗ ਚੌਕੜੀ ਵਿਛੜੇ ਲਏ ਲੱਭ, ਦਰ ਭਗਤਾਂ ਫੇਰਾ ਪਾਇਆ । ਸ਼ਰਅ ਸ਼ਰੀਅਤ ਦਿਤੀ ਵੱਢ, ਦੀਨ ਮਜ਼੍ਹਬ ਮੋਹ ਚੁਕਾਇਆ । ਸਭ ਦੀ ਬਣਾਈ ਇਕੋ ਯਦ, ਵਿਸ਼ਨੂੰ ਆਪਣੀ ਰੰਗ ਰੰਗਾਇਆ । ਪਾਰ ਕਿਨਾਰਾ ਹੋਈ ਹੱਦ, ਹੱਦ ਹਦੂਦ ਨਾ ਕੋਈ ਵੰਡਾਇਆ । ਤੇਰਾ ਗਾਈਏ ਸਾਚਾ ਛੰਦ, ਬੱਤੀ ਦੰਦ ਨਾ ਕੋਇ ਵਖਾਇਆ ।

ਪਿਛਲਾ ਮਿਟਿਆ ਸਾਡਾ ਪੰਧ, ਅੱਗੇ ਤੇਰੀ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਲੈਣਾ ਮਿਲਾਇਆ । ਆਪਣੇ ਦਰ ਮਿਲੌਣਾ ਜੋਤ, ਜੋਤੀ ਜਾਤਾ ਜੋਤ ਮਿਲਾਈਆ । ਗੁਰ ਅਵਤਾਰ ਇਕੋ ਗੋਤ, ਪੀਰ ਪੈਗ਼ੰਬਰ ਇਕ ਰੁਸ਼ਨਾਈਆ । ਪੁਰਖ ਅਕਾਲ ਸਤਿਗੁਰ ਸੱਚਾ ਇਕੋ ਬਹੁਤ, ਦੂਜਾ ਗੁਰੂ ਰਹਿਣ ਕੋਈ ਨਾ ਪਾਈਆ । ਕਲਜੁਗ ਅੰਤਮ ਲੱਖ ਚੁਰਾਸੀ ਕੱਢੇ ਖੋਟ, ਖੋਟੀ ਦਿਸ਼ਾ ਦਏ ਘਢਾਈਆ । ਆਲਣਿਉਂ ਡਿੱਗੇ ਵੇਖੇ ਬੋਟ, ਗੁਰਮੁਖ ਸਾਚੇ ਲਏ ਉਠਾਈਆ । ਆਪੇ ਖੋਲ੍ਹਣਹਾਰਾ ਸੋਤ, ਪਰਦਾ ਦਵੈਤੀ ਦਏ ਉਠਾਈਆ । ਕਰੇ ਪ੍ਰਕਾਸ਼ ਨਿਰਮਲ ਜੋਤ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚੇ ਘਰ ਹਰਿ ਕਾ ਰਾਗ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਗੁਰ ਅਵਤਾਰਾਂ ਕੀਤਾ ਤਿਆਗ, ਪਿਛਲਾ ਧਿਆਨ ਨਾ ਕੋਈ ਲਗਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਪ੍ਰਭ ਮਿਲਿਆ ਪਾਕੀ ਪਾਕ, ਆਪ ਆਪਣੇ ਦਰ ਬਹਾਇੰਦਾ । ਜਗਤ ਸਨੇਹਾ ਪਾਤਰ ਪਾਤ, ਲਿਖ ਲਿਖ ਲੇਖ ਆਪ ਜਣਾਇੰਦਾ । ਅੰਤਮ ਸਭ ਦਾ ਕਰੇ ਘਾਤ, ਘਾਓ ਡੂੰਘਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਹਰਿ ਚਲਾਵਣਾ, ਹਰਿ ਪੌੜਾ ਇਕ ਲਗਾਈਆ । ਸਚਖੰਡ ਦੁਵਾਰ ਇਕ ਸੁਹਾਵਣਾ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਗੁਰ ਅਵਤਾਰ ਖ਼ੁਸ਼ੀ ਮਨਾਵਣਾ, ਨੇਤਰ ਪੇਖ ਪੇਖ ਬਿਗਸਾਈਆ । ਪੁਰਖ ਅਕਾਲ ਮਾਣ ਦਵਾਵਣਾ, ਦੋ ਜਹਾਨ ਵੱਜੇ ਵਧਾਈਆ । ਮਿਲ ਮਿਲ ਢੋਲਾ ਇਕੋ ਗਾਵਣਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਜੈਕਾਰ ਕਰਾਈਆ । ਮਿਲ ਮਿਲ ਪੰਗਤ ਮਿਲ ਮਿਲ ਸੰਗਤ ਰੰਗ ਚੜ੍ਹਾਉਣਾ, ਪੰਗਤ ਸੰਗਤ ਏਕਾ ਰੰਗ ਰੰਗਾਈਆ । ਚਹੁੱਤਰਾਂ ਦਾਨ ਲੇਖੇ ਲੌਣਾ, ਸਾਚਾ ਲੇਖਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਰੇ ਉਠੇ ਆਏ ਦਰ, ਦਰ ਤੇਰਾ ਇਕ ਸੁਹਾਈਆ । ਅੱਗੇ ਪ੍ਰਭ ਜੂ ਦੇਵੇ ਵਰ, ਵਰ ਦਾਤਾ ਬੇਪਰਵਾਹਿਆ । ਕਵਣ ਨਾਮ ਲਈਏ ਪੜ੍ਹ, ਕਵਣ ਕਲਮਾ ਨਾਲ ਮਿਲਾਇਆ । ਕਵਣ ਮੰਦਰ ਬਹੀਏ ਚੜ੍ਹ, ਕਵਣ ਦੁਆਰੇ ਆਸਣ ਲਾਇਆ । ਕਵਣ ਘਰ ਦਰਸ਼ਨ ਕਰੀਏ ਖੜ, ਕਵਣ ਨੈਣ ਉਠਾਇਆ । ਕਵਣ ਰੂਪ ਚੁਕਾਏ ਡਰ, ਭੈ ਭਿਆਨਕ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਇਆ । ਸੰਮਤ ਵੀਹ ਸੌ ਉਨੀ ਬਿਕਰਮੀ ਸਤਾਰਾਂ ਹਾੜ, ਹਰਿ ਪਿਛਲਾ ਲੇਖ ਚੁਕਾਈਆ । ਕਰੇ ਖੇਲ ਆਪ ਕਰਤਾਰ, ਕਰਨਹਾਰ ਵਡ ਵਡਿਆਈਆ । ਕਲਜੁਗ ਲੇਖਾ ਦਏ ਨਿਵਾਰ, ਨਵ ਨੌਂ ਪੰਧ ਮੁਕਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਵੀਹ ਸੌ ਵੀਹ ਬਿਕਰਮੀ ਮਾਣ ਰਖਾਈਆ । ਪੰਦਰਾਂ ਕੱਤਕ ਕਰੇ ਸਚ ਵਿਹਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਗਲੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਤਾਰੀਖ਼ ਆਪ ਜਣਾਈਆ । ਸਚ ਤਾਰੀਖ਼ ਦੇ ਆਪ, ਆਪਣਾ ਭੇਵ ਖੁਲ੍ਹਾਇਆ । ਵੀਹ ਸੌ ਵੀਹ ਬਿਕਰਮੀ ਕਰੇ ਵਡ ਪ੍ਰਤਾਪ, ਵਡ ਪ੍ਰਤਾਪੀ ਫੇਰਾ ਪਾਇਆ । ਸ੍ਰਿਸ਼ਟ ਸਬਾਈ ਦੱਸੇ ਇਕੋ ਜਾਪ, ਸ਼ਾਹ ਪਾਤਸ਼ਾਹ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਾਚਾ ਪਾਠ ਦੱਸੇ ਹਰਿ, ਹਰਿ ਜੂ ਹਰਿ ਹਰਿ ਆਪ ਜਣਾਈਆ । ਪਹਿਲੀ ਚੇਤਰ ਵੀਹ ਸੌ ਵੀਹ ਬਿਕਰਮੀ ਦੇਵੇ ਵਰ, ਵਰ ਦਾਤਾ ਵਡ ਵਡਿਆਈਆ । ਦਿਲੀ

ਦੁਆਰੇ ਜਾਏ ਖੜ, ਨੌਂ ਖੰਡ ਸੱਤ ਦੀਪ ਦਏ ਸਮਝਾਈਆ । ਅੱਗੇ ਸਕੇ ਨਾ ਕੋਈ ਅੜ, ਸਭ ਦਾ ਡੇਰਾ ਦੇਵੇ ਢਾਹੀਆ । ਸਰਨ ਸਰਨਾਈ ਜਾਣਾ ਪੜ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਭੇਵ ਕਿਸੇ ਨਾ ਆਇੰਦਾ । ਪਹਿਲੀ ਚੇਤਰ ਹੋ ਪਰਧਾਨਾ, ਨਾਮ ਪਰਧਾਨਗੀ ਇਕ ਜਣਾਇੰਦਾ । ਸਾਚਾ ਲਿਖਤ ਲੇਖ ਲਿਖਾਣਾ, ਪਿਛਲਾ ਲੇਖਾ ਕੱਢ ਵਖਾਇੰਦਾ । ਰਾਸ਼ਟਰਪਤ ਨਾ ਰਹੇ ਅਞਾਣਾ, ਬਾਲੀ ਬੁੱਧ ਆਪ ਸਮਝਾਇੰਦਾ । ਵੇਖੋ ਹਰਿ ਦਾ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਾ ਕੋਈ ਸੁਘੜ ਨਾ ਸਿਆਣਾ, ਗਿਆਨ ਧਿਆਨ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸੁਣਾਵਣ ਜਾਏ, ਹਰਿ ਜੂ ਆਪਣਾ ਫੇਰਾ ਪਾਈਆ । ਅਗਲਾ ਲੇਖਾ ਕੱਢ ਵਖਾਏ, ਭੁੱਲ ਰਹੇ ਨਾ ਰਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਚਰਨ ਛੁਹਾਏ, ਚਰਨ ਕਵਲ ਕਵਲ ਚਰਨ ਮਿਲੇ ਸਰਨਾਈਆ । ਅਬਿਨਾਸ਼ੀ ਕਰਤਾ ਫੇਰੀ ਪਾਏ, ਫੇਰੀ ਫੇਰੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਡੰਕਾ ਇਕ ਵਜਾਏ । ਸਾਚਾ ਡੰਕਾ ਵੱਜੇ ਮਾਤ, ਹਰਿ ਸਤਿਗੁਰ ਮਾਤ ਵਜਾਇੰਦਾ । ਸ਼ਾਹ ਸੁਲਤਾਨਾ ਰਲਾਏ ਨਾਲ ਖ਼ਾਕ, ਖ਼ਾਕੀ ਰੂਪ ਸਰਬ ਵਖਾਇੰਦਾ । ਗੁਰਸਿਖ ਸੱਜਣ ਲਏ ਰਾਖ, ਰਾਖਾ ਬਣ ਬਣ ਸੇਵ ਕਮਾਇੰਦਾ । ਨਾਨਕ ਗੋਬਿੰਦ ਲਿਖਿਆ ਭਵਿਖਤ ਵਾਕ, ਪੁਰਖ ਅਬਿਨਾਸ਼ੀ ਪੂਰ ਕਰਾਇੰਦਾ । ਵੇਦ ਵਿਆਸਾ ਬਣਿਆ ਸਾਕ, ਸੱਜਣ ਆਪਣੇ ਰੰਗ ਰੰਗਾਇੰਦਾ । ਈਸਾ ਮੇਲਾ ਪਾਕੀ ਪਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਇੰਦਾ । ਸਾਚਾ ਰਾਹ ਭਗਤ ਭਗਵੰਤ, ਸਤਿਜੁਗ ਆਪ ਸੁਹਾਈਆ । ਸ੍ਰਿਸ਼ਟ ਸਬਾਈ ਇਕੋ ਮੰਤ, ਮੰਤਰ ਨਾਮ ਇਕ ਦ੍ਰਿੜਾਈਆ । ਲੱਖ ਚੁਰਾਸੀ ਇਕੋ ਕੰਤ, ਏਕਾ ਵਾਰ ਲਏ ਪ੍ਰਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਗੁਰਮੁਖ ਰੰਗ ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਅਵਤਾਰ ਭਗਤ ਭਗਵੰਤ ਬਿਠਾਏ ਇਕੋ ਪੰਗਤ, ਏਕੋ ਭੋਜਨ ਦਏ ਖਵਾਈਆ । ਏਕਾ ਭੋਜਨ ਹਰਿ ਕਾ ਨਾਉਂ, ਹਰਿ ਸਤਿਗੁਰ ਆਪ ਖੁਵਾਇੰਦਾ । ਏਕਾ ਭੋਜਨ ਹਰ ਘਟ ਥਾਉਂ, ਘਰ ਘਰ ਆਪ ਰਿਜ਼ਕ ਪੁਚਾਇੰਦਾ । ਏਕਾ ਭੋਜਣ ਪੁਤਰਾਂ ਮਾਉਂ, ਪਿਤਾ ਪੂਤ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰ ਆਪ ਵਖਾਇੰਦਾ । ਸ਼ਬਦ ਭੰਡਾਰ ਏਕਾ ਭੋਜਣ ਸ੍ਰੀ ਭਗਵਾਨ, ਆਪ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੈਂਡਾ ਕੱਟ ਕੇ ਆਏ ਕੋਟਨ ਜੋਜਨ, ਜੁਜ਼ ਆਪਣੇ ਨਾਲ ਰਲਾਈਆ । ਅੱਗੇ ਰੱਖੇ ਇਕ ਸੋਚਣ, ਸੋਚ ਸੋਚਿਆਂ ਸੋਚ ਵਿਚ ਨਾ ਆਈਆ । ਦਰਸ ਦਖਾਏ ਆਪਣੇ ਗੋਚਰ, ਨੇਤਰ ਨੈਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਕਰਨੀ ਆਪ ਕਰਾਇੰਦਾ । ਚਾਰ ਵਰਨਾਂ ਆਪੇ ਵਰਨਾ, ਦਰ ਘਰ ਆਪਣੇ ਦਰ ਬਹਾਇੰਦਾ । ਭਗਤ ਭਗਵਾਨ ਚੁਕਾਏ ਡਰਨਾ, ਡਰ ਭੈ ਨਾ ਕੋਈ ਰਖਾਇੰਦਾ । ਗੁਰਮੁਖ ਸਾਚੇ ਘਾੜਨ ਘੜਨਾ, ਘੜ ਘੜ ਆਪਣੇ ਰੰਗ ਰੰਗਾਇੰਦਾ । ਸਚਖੰਡ ਦੁਆਰੇ ਹਰਿਜਨ ਵੜਨਾ, ਸਤਿਗੁਰ ਪੂਰਾ ਪਾਰ ਕਰਾਇੰਦਾ । ਜੈ ਜੈਕਾਰ ਸਭ ਨੇ

੪੨੬
੧੨

ਕਰਨਾ, ਦੂਜਾ ਨਾਅਰਾ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਾਚਾ ਕਾਹਨ, ਬ੍ਰਹਮ ਬ੍ਰਹਿਮਾਦੀ ਵੇਖੇ ਮਾਰ ਧਿਆਨ, ਬੋਧ ਅਗਾਧੀ ਦੇਵੇ ਸ਼ਬਦ ਨਿਸ਼ਾਨ, ਸਚ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਏਕੰਕਾਰ, ਓਅੰਕਾਰ ਕਰੇ ਪੜ੍ਹਾਈਆ । ਜਿਸ ਨੇ ਪਸਰਿਆ ਆਪ ਪਸਾਰ, ਸੋ ਵੇਖੇ ਚਾਈਂ ਚਾਈਂਆ । ਵੀਹ ਸੌ ਉਨੀ ਬਿਕ੍ਰਮੀ ਰੁੱਤ ਸੁਹਾਏ ਸਤਾਰਾਂ ਹਾੜ, ਹਰਿ ਜੂ ਹਰਿ ਹਰਿ ਦਇਆ ਕਮਾਈਆ । ਗੁਰਸਿਖ ਉਠਾਏ ਸਾਚੇ ਲਾੜ, ਲਾੜੀ ਮੌਤ ਨੇੜ ਨਾ ਆਈਆ । ਸ਼ਬਦੀ ਘੋੜੇ ਦੇਵੇ ਚਾੜ੍ਹ, ਵਾਗ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲੇਖੇ ਲਾਈਆ । ਹਰਿ ਸੰਗਤ ਅੰਦਰ ਬਿਰਧ ਬਾਲ, ਜਵਾਨੀ ਆਪਣਾ ਰੰਗ ਵਖਾਇੰਦਾ । ਮਾਤ ਗਰਭ ਕਰੇ ਪ੍ਰਿਤਪਾਲ, ਅਗਨੀ ਹਵਨ ਕੁੰਡ ਬਚਾਇੰਦਾ । ਵੇਲੇ ਅੰਤ ਬਣੇ ਦਲਾਲ, ਬਣ ਵਿਚੋਲਾ ਸੇਵ ਕਮਾਇੰਦਾ । ਗੁਰਮੁਖ ਗੁਰ ਗੁਰ ਵੇਖੇ ਲਾਲ, ਲਾਲ ਅਨਮੁਲੜੇ ਆਪ ਜਗਾਇੰਦਾ । ਜੁਗ ਜੁਗ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਜਨ ਭਗਤਾਂ ਪਿਛੇ ਘਾਲਣ ਘਾਲ, ਆਪਣੀ ਸੇਵਾ ਆਪ ਕਮਾਇੰਦਾ । ਆਪੇ ਬਣ ਮੁਰਸ਼ਦ ਮੁਰੀਦਾਂ ਪੁੱਛੇ ਹਾਲ, ਭੇਵ ਅਭੇਦ ਭੇਵ ਖੁਲ੍ਹਾਇੰਦਾ । ਨੀਆਂ ਹੇਠ ਦੇ ਦੇ ਆਪਣੇ ਬਾਲ, ਭਗਤ ਦੁਆਰ ਆਪ ਸੁਹਾਇੰਦਾ । ਗੋਬਿੰਦ ਰੱਤ ਰੰਗੇ ਰੰਗ ਲਾਲ, ਮਸਤਕ ਤੀਰ ਇਕ ਛੁਹਾਇੰਦਾ । ਤ੍ਰੈਗੁਣ ਮਾਇਆ ਦੱਬੀ ਨਾਲ, ਜਗਤ ਰੁਪਿਆ ਬੰਦ ਕਰਾਇੰਦਾ । ਸਾਚਾ ਸਈਆ ਖੇਲ ਕਰੇ ਕਮਾਲ, ਨਈਆ ਆਪਣੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਮਾਰਗ ਹਰਿ ਕੀ ਸੰਗਤ, ਹਰਿ ਜੂ ਹਰਿ ਹਰਿ ਆਪ ਬਣਾਈਆ । ਦੂਜੇ ਦਰ ਨਾ ਜਾਣਾ ਮੰਗਤ, ਦੇਵਣਹਾਰ ਇਕ ਅਖਵਾਈਆ । ਨਾਤਾ ਤੋੜ ਭੁੱਖ ਨੰਗਤ, ਭੁਖਿਆਂ ਨੰਗਿਆਂ ਗਲੇ ਲਗਾਈਆ । ਮੇਲ ਮਿਲਾਏ ਸਾਚੀ ਸੰਗਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਈ ਜਣਾਈਆ । ਜਿਵੇਂ ਨਾਨਕ ਅੰਗ ਲਗਾਇਆ ਅੰਗਦ, ਤਿਉਂ ਹਰਿ ਜੂ ਹਰਿ ਅੰਗ ਲਗਾਈਆ । ਮਾਨਸ਼ ਜਨਮ ਨਾ ਹੋਏ ਭੰਗਤ, ਲੇਖਾ ਆਪਣੇ ਹੱਥ ਰਖਾਈਆ । ਕਿਸੇ ਕੋਲ ਨਾ ਜਾਣਾ ਪੰਡਤ, ਪੰਡਤ ਵਿਦਿਆ ਨਾ ਕੋਇ ਪੜ੍ਹਾਈਆ । ਮੁਲਾਂ ਸ਼ੇਖ਼ ਨਾ ਦੇਵੇ ਕੋਈ ਸਾਚੀ ਸੰਗਤ, ਸਾਚੀ ਸ਼ਰਅ ਨਾ ਕੋਈ ਵਖਾਈਆ । ਗ੍ਰੰਥੀ ਪੰਥੀ ਕੋਇ ਨਾ ਜਾਣੇ ਸੰਤ, ਮਨ ਕਾ ਮਣਕਾ ਨਾ ਕੋਈ ਭੁਆਈਆ । ਚਾਰੋਂ ਕੁੰਟ ਸ੍ਰਿਸ਼ਟ ਸਬਾਈ ਹੋਈ ਨੰਗਤ, ਹਰਿ ਕਾ ਨਾਮ ਦੋਸ਼ਾਲਾ ਉਪਰ ਕੋਈ ਨਾ ਪਾਈਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਕੱਢ ਕੇ ਬੈਠੀ ਘੁੰਘਟ, ਨੇਤਰ ਨੈਣ ਨੈਣ ਸ਼ਰਮਾਈਆ । ਗੁਰੂ ਦੁਆਰ ਮੰਦਰ ਮਸਜਿਦ ਰੋਵਨ ਮੁੰਮਟ, ਉਚੀ ਕੂਕ ਕੂਕ ਕੁਰਲਾਈਆ । ਦੂਈ ਦਵੈਤੀ ਅੰਤਮ ਮੁੱਕੀ ਰਸੂਲ ਉਮਤ, ਕਲਮਾ ਸਕੇ ਨਾ ਕੋਈ ਪੜ੍ਹਾਈਆ । ਸਤਿਜੁਗ ਕਰੇ ਨਾ ਕੋਈ ਸੁੰਨਤ, ਸੁੰਨੀ ਰੂਪ ਨਾ ਕੋਈ ਵਟਾਈਆ । ਸੀਸ ਕਰੇ ਨਾ ਕੋਈ ਮੁੰਡਤ, ਸੀਸ ਜਗਦੀਸ਼ ਇਕ ਸੁਹਾਈਆ । ਨਾਤਾ ਤੋੜ ਕੂੜੋ ਕੂੜਤ, ਸਚ ਸੁੱਚ ਕਰੇ ਕੁੜਮਾਈਆ । ਦਰ ਆਈ ਸੰਗਤ ਮਸਤਕ ਲਾ ਕੇ ਜਾਏ ਧੂੜਤ, ਧੂੜ ਚਰਨ ਖ਼ਾਕ ਰਮਾਈਆ । ਸਭ ਦੀ ਆਸਾ ਕਰੇ ਪੂਰਤ, ਨਿਰਾਸਾ ਕੋਈ ਰਹਿਣ ਨਾ ਪਾਈਆ । ਨਾ ਜਾਣੇ ਨੇੜੇ ਦੂਰਤ, ਦੂਰ ਦੁਰਾਡਾ ਹੋ ਹੋ ਨੇੜੇ ਆਈਆ । ਮਨਮੁਖ ਜੀਵ ਰਹੇ ਝੂਰਤ, ਹਰਿ ਜੂ ਹਰਿ ਨਜ਼ਰ ਨਾ ਆਈਆ । ਸਰਬ ਕਲਾ ਆਪੇ ਭਰਪੂਰਤ, ਭੰਡਾਰਾ ਸਰਬ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਸਭ ਦਾ ਲੇਖਾ ਰਿਹਾ ਮੁਕਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੋ ਜੈਕਾਰੇ, ਜੈ ਜੈ ਜੈਕਾਰ ਕਰੇ ਬ੍ਰਹਿਮੰਡ ਖੰਡ ਥਿਰ ਘਰ ਵੱਜੇ ਸਚ ਵਧਾਈਆ । ਸਚਖੰਡ ਸੁਣੇ ਆਪ ਨਿਰੰਕਾਰੇ, ਨਿਰਗੁਣ ਬੈਠਾ ਆਸਣ ਲਾਈਆ । ਗੁਰਸਿਖ ਹੋਏ ਪਿਆਰੇ, ਜਿਸ ਮਿਲਿਆ ਗੋਬਿੰਦ ਸੱਚਾ ਮਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਦੇਂਦਾ ਰਿਹਾ ਨਿਰਗੁਣ ਸਰੂਪ ਲਾਰੇ, ਲਾ ਲਾ ਲਾਰੇ ਵਕਤ ਲੰਘਾਈਆ । ਕਲਜੁਗ ਅੰਤਮ ਗੁਰਸਿਖ ਸੁਤਿਆਂ ਆਣ ਉਠਾਲੇ, ਬਾਹੋਂ ਫੜ ਫੜ ਗਲੇ ਲਗਾਈਆ । ਲੇਖਾ ਚੁਕਾਏ ਸ਼ਾਹ ਕੰਗਾਲੇ, ਕੰਗਾਲ ਸ਼ਾਹ ਰੂਪ ਵਟਾਈਆ । ਇਕ ਵਖਾਏ ਸੱਚੀ ਧਰਮਸਾਲੇ, ਧਰਮ ਦੁਆਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਚਨਾ ਆਪ ਰਚਾਈਆ ।

### ❋ ੧੯ ਹਾੜ ੨੦੧੯ ਬਿਕਰਮੀ ਜੇਠੂਵਾਲ ਹਰਿ ਭਗਤ ਦੁਆਰ ਵਿਚ ਦਇਆ ਹੋਈ ❋

ਸੋ ਪੁਰਖ ਨਿਰੰਜਣ ਤੇਰਾ ਸਹਾਰਾ, ਸੱਤ ਚਾਰ ਓਟ ਤਕਾਈਆ । ਹਰਿ ਪੁਰਖ ਨਿਰੰਜਣ ਤੇਰਾ ਦੁਆਰਾ, ਨਵ ਚਾਰ ਭੁੱਲ ਨਾ ਜਾਈਆ । ਏਕੰਕਾਰ ਤੇਰਾ ਪਿਆਰਾ, ਘਰ ਸਾਚੇ ਮਿਲੇ ਸਰਨਾਈਆ । ਆਦਿ ਨਿਰੰਜਣ ਤੇਰਾ ਉਜਿਆਰਾ, ਗ੍ਰਿਹ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਹੁਲਾਰਾ, ਸਚਖੰਡ ਸਾਚੇ ਦਏ ਵਡਿਆਈਆ । ਅਬਿਨਾਸ਼ੀ ਕਰਤੇ ਤੇਰਾ ਕਿਨਾਰਾ, ਦੂਰ ਦੁਰਾਡਾ ਨੇੜੇ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ ਤੇਰਾ ਵਣਜਾਰਾ, ਸਾਚਾ ਵਣਜ ਦੇਣਾ ਕਰਾਈਆ । ਸਾਹਿਬ ਸੁਲਤਾਨ ਤੇਰਾ ਸਚ ਮਨਾਰਾ, ਸਚਖੰਡ ਵਡੀ ਵਡਿਆਈਆ । ਸਤਿ ਸਤਿਵਾਦੀ ਸਤਿ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਆਦਿ ਜੁਗਾਦਿ ਅਗੰਮ ਅਥਾਹ ਬੇਪਰਵਾਹ ਤੇਰਾ ਭੰਡਾਰਾ, ਦੀਨ ਦਿਆਲ ਮੁੱਕ ਕਦੇ ਨਾ ਜਾਈਆ । ਜੁਗ ਚੌਕੜੀ ਦੇਵਣਹਾਰਾ, ਸਦਾ ਸਦ ਸਦ ਵਰਤਾਈਆ । ਖੇਲੇ ਖੇਲ ਅਪਰ ਅਪਾਰਾ, ਨਿਰਗੁਣ ਸਰਗੁਣ ਰਾਹ ਚਲਾਈਆ । ਸਰਗੁਣ ਮੇਲਾ ਵਿਚ ਸੰਸਾਰਾ, ਸੰਸਾਰ ਸਾਗਰ ਵੇਖੇ ਥਾਉਂ ਥਾਈਆ । ਤਤਵ ਤਤ ਤਤ ਪਸਾਰਾ, ਬ੍ਰਹਮ ਬ੍ਰਹਮ ਬ੍ਰਹਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਸੱਤ ਚਾਰ ਏਕਾ ਮੰਗ, ਏਕਾ ਓਟ ਤਕਾਈਆ । ਸੱਤ ਚਾਰ ਏਕਾ ਮਰਦੰਗ, ਏਕਾ ਨਾਦ ਧੁਨ ਸ਼ਨਵਾਈਆ । ਸੱਤ ਚਾਰ ਏਕਾ ਸੰਗ, ਦੋ ਜਹਾਨਾਂ ਸੰਗ ਰਖਾਈਆ । ਸੱਤ ਚਾਰ ਇਕ ਅਨੰਦ, ਘਰ ਮੰਦਰ ਆਪ ਦਰਸਾਈਆ । ਸੱਤ ਚਾਰ ਇਕ ਛੰਦ, ਏਕੰਕਾਰ ਕਰੇ ਪੜ੍ਹਾਈਆ । ਸੱਤ ਚਾਰ ਮੁੱਕੇ ਪੰਧ, ਪਾਂਧੀ ਹੋਏ ਨਾ ਕੋਇ ਰਾਹੀਆ । ਸੱਤ ਚਾਰ ਇਕ ਚੰਦ, ਏਕਾ ਨੂਰ ਕਰੇ ਰੁਸ਼ਨਾਈਆ । ਸੱਤ ਚਾਰ ਏਕਾ ਵੰਡ, ਪੁਰਖ ਅਕਾਲ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਇਆ ਕਮਾਈਆ । ਸੱਤ ਚਾਰ ਏਕਾ ਧਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸੱਤ ਚਾਰ ਏਕਾ ਕਾਰ, ਹਰਿ ਪੁਰਖ ਨਿਰੰਜਣ ਆਪ ਸਮਝਾਇੰਦਾ । ਸੱਤ ਚਾਰ ਇਕ ਪਿਆਰ, ਏਕੰਕਾਰ ਆਪ ਬਣਾਇੰਦਾ । ਸੱਤ ਚਾਰ ਇਕ ਉਜਿਆਰ, ਆਦਿ ਨਿਰੰਜਣ ਆਪ ਵਖਾਇੰਦਾ । ਸੱਤ ਚਾਰ ਇਕ ਸ਼ਿੰਗਾਰ, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਸੱਤ ਚਾਰ ਇਕ ਵਿਹਾਰ, ਸ੍ਰੀ ਭਗਵਾਨ ਆਪ

ਵਖਾਇੰਦਾ । ਸੱਤ ਚਾਰ ਇਕ ਸਤਾਰ, ਪਾਰਬ੍ਰਹਮ ਪ੍ਰਭ ਆਪ ਸੁਣਾਇੰਦਾ । ਸੱਤ ਚਾਰ ਇਕ ਦੁਆਰ, ਸਚਖੰਡ ਦੁਆਰਾ ਆਪ ਵਖਾਇੰਦਾ । ਸੱਤ ਚਾਰ ਇਕ ਜੈਕਾਰ, ਥਿਰ ਘਰ ਵਾਸੀ ਸ਼ਬਦ ਨਾਦ ਅਲਾਇੰਦਾ । ਸੱਤ ਚਾਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸੱਤ ਚਾਰ ਏਕਾ ਓਟ, ਏਕਾ ਏਕ ਸਹਾਈਆ । ਸੱਤ ਚਾਰ ਏਕਾ ਜੋਤ, ਨਿਰਮਲ ਬਿਮਲ ਰੂਪ ਵਖਾਈਆ । ਸੱਤ ਚਾਰ ਏਕਾ ਗੋਤ, ਏਕਾ ਨਾਤਾ ਜੋੜ ਜੁੜਾਈਆ । ਸੱਤ ਚਾਰ ਏਕਾ ਸੋਤ, ਸੁਰਤੀ ਸੁਰਤ ਸ਼ਬਦ ਮਿਲਾਈਆ । ਸੱਤ ਚਾਰ ਏਕਾ ਹੋਏ ਮੋਹਤ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤ ਚਾਰ ਏਕਾ ਰਾਹ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਸੱਤ ਚਾਰ ਇਕ ਸਲਾਹ, ਹਰਿ ਹਰਿ ਆਪ ਕਰਾਇੰਦਾ । ਸੱਤ ਚਾਰ ਇਕ ਮਲਾਹ, ਏਕੰਕਾਰਾ ਬੇੜਾ ਆਪ ਚਲਾਇੰਦਾ । ਸੱਤ ਚਾਰ ਏਕਾ ਥਾਂ, ਆਦਿ ਨਿਰੰਜਣ ਆਪ ਵਖਾਇੰਦਾ । ਸੱਤ ਚਾਰ ਏਕਾ ਪਿਤਾ ਏਕਾ ਮਾਂ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਸੱਤ ਚਾਰ ਜਪਾਵੇ ਏਕਾ ਨਾਂ, ਸ੍ਰੀ ਭਗਵਾਨ ਭੇਵ ਖੁਲ੍ਹਾਇੰਦਾ । ਸੱਤ ਚਾਰ ਪਕੜੇ ਬਾਂਹ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸੱਤ ਚਾਰ ਦੇਵੇ ਠੰਡੀ ਛਾਂ, ਸਿਰ ਸਮਰਥ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਆਪ ਤਰਾਇੰਦਾ । ਸੱਤ ਚਾਰ ਤਾਰੇ ਗੁਰ, ਸਤਿਗੁਰ ਆਪਣੇ ਹੱਥ ਰੱਖੇ ਵਡਿਆਈਆ । ਸੱਤ ਚਾਰ ਜੋੜ ਗਿਆ ਜੁੜ, ਜੁੜਿਆ ਜੋੜ ਵਿਛੜ ਨਾ ਜਾਈਆ । ਸੱਤ ਚਾਰ ਚੜ੍ਹੇ ਘੋੜ, ਸਾਚੇ ਘੋੜੇ ਆਪ ਚੜ੍ਹਾਈਆ । ਸੱਤ ਚਾਰ ਜਾਏ ਬੌਹੜ, ਬੌਹੜੀ ਬੌਹੜੀ ਕਰੇ ਸਰਬ ਲੋਕਾਈਆ । ਸੱਤ ਚਾਰ ਬੁਝਾਏ ਔੜ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਸੱਤ ਚਾਰ ਵੇਖੇ ਦੌੜ ਦੌੜ, ਦੋ ਜਹਾਨਾਂ ਫੇਰਾ ਪਾਈਆ । ਸੱਤ ਚਾਰ ਲਗਾਏ ਏਕਾ ਪੌੜ, ਉਚ ਮਹੱਲੇ ਸੋਭਾ ਪਾਈਆ । ਸੱਤ ਚਾਰ ਵੇਖੇ ਕਰ ਕੇ ਗ਼ੌਰ, ਨੇਤਰ ਨੈਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸੱਤ ਚਾਰ ਏਕਾ ਨਾਦ, ਅਨਾਦੀ ਆਪ ਵਜਾਇੰਦਾ । ਸੱਤ ਚਾਰ ਇਕ ਸੁਆਦ, ਬਿਨ ਰਸਨਾ ਆਪ ਚਖਾਇੰਦਾ । ਸੱਤ ਚਾਰ ਮਾਰ ਆਵਾਜ਼, ਸ਼ਬਦ ਅਗੰਮੀ ਆਪ ਉਠਾਇੰਦਾ । ਸੱਤ ਚਾਰ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਸੱਤ ਚਾਰ ਰੱਖੇ ਲਾਜ, ਲਾਜਾਵੰਤ ਆਪ ਹੋ ਆਇੰਦਾ । ਸੱਤ ਚਾਰ ਰਚਿਆ ਕਾਜ, ਕਰਤਾ ਪੁਰਖ ਕਰਨੀ ਆਪ ਕਮਾਇੰਦਾ । ਸੱਤ ਚਾਰ ਬਣੇ ਸਮਾਜ, ਵਰਨ ਬਰਨ ਨਾ ਕੋਇ ਬਣਾਇੰਦਾ । ਸੱਤ ਚਾਰ ਸਾਚਾ ਹਾਜ, ਬਣ ਹਾਜੀ ਫੇਰਾ ਪਾਇੰਦਾ । ਸੱਤ ਚਾਰ ਸਤਿ ਨਿਮਾਜ਼, ਨਿਉਂ ਨਿਉਂ ਸਯਦਾ ਸੀਸ ਇਕ ਝੁਕਾਇੰਦਾ । ਸੱਤ ਚਾਰ ਵਖਾਏ ਇਕ ਮਹਿਰਾਬ, ਮਹਿਬੂਬ ਆਪਣਾ ਪਰਦਾ ਲਾਹਿੰਦਾ । ਸੱਤ ਚਾਰ ਵਖਾਏ ਇਕ ਨਵਾਬ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਸੱਤ ਚਾਰ ਦੇਵੇ ਏਕਾ ਰਾਜ, ਭੂਪਤ ਭੂਪ ਦਇਆ ਕਮਾਇੰਦਾ । ਸੱਤ ਚਾਰ ਰੱਖੇ ਯਾਦ, ਯਾਦਦਾਸ਼ਤ ਆਪਣੀ ਆਪਣੇ ਵਿਚ ਲੁਕਾਇੰਦਾ । ਸੱਤ ਚਾਰ ਕਰੇ ਲਾਡ, ਪੂਤ ਸਪੂਤਾ ਗੋਦ ਉਠਾਇੰਦਾ । ਸੱਤ ਚਾਰ ਮੇਟੇ ਵਾਦ ਵਿਵਾਦ, ਵਿਖ ਰੂਪ ਨਾ ਕੋਇ ਰਖਾਇੰਦਾ । ਸੱਤ ਚਾਰ ਆਪੇ ਲਾਧ, ਲੱਖ ਚੁਰਾਸੀ ਫੋਲ ਫੁਲਾਇੰਦਾ । ਸੱਤ ਚਾਰ ਸਾਜਣ ਸਾਜ, ਘੜ ਭਾਂਡੇ ਵਸਤ ਟਿਕਾਇੰਦਾ । ਸੱਤ ਚਾਰ ਚਲਾਏ ਜਹਾਜ, ਬਣ ਖੇਵਟ ਖੇਟਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਵੰਡ ਵੰਡਾਇੰਦਾ । ਸੱਤ ਚਾਰ ਸਾਚਾ ਜੋਗ, ਜੋਗੀ ਜੁਗਤ ਆਪ

ਜਣਾਇੰਦਾ । ਸੱਤ ਚਾਰ ਸਾਚਾ ਭੋਗ, ਭੋਗੀ ਭਸਮੜ ਖੇਲ ਕਰਾਇੰਦਾ । ਸੱਤ ਚਾਰ ਇਕ ਸੰਜੋਗ, ਬਣ ਸੰਜੋਗੀ ਮੇਲ ਮਿਲਾਇੰਦਾ । ਸੱਤ ਚਾਰ ਇਕ ਸਲੋਕ, ਸਾਚਾ ਸੋਹਲਾ ਨਾਮ ਸੁਣਾਇੰਦਾ । ਸੱਤ ਚਾਰ ਏਕਾ ਕੋਟ, ਏਕਾ ਮੰਦਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਵੇਖ ਵਖਾਇੰਦਾ । ਸੱਤ ਚਾਰ ਇਕ ਜਾਤਾ, ਜੋਤੀ ਜਾਤਾ ਦਇਆ ਕਮਾਈਆ । ਸੱਤ ਚਾਰ ਇਕੋ ਦਾਤਾ, ਦਾਤਾ ਦਾਨੀ ਵੇਖ ਵਖਾਈਆ । ਸੱਤ ਚਾਰ ਇਕੋ ਗਾਥਾ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਸੱਤ ਚਾਰ ਇਕੋ ਨਾਥਾ, ਅਨਾਥਾਂ ਹੋਏ ਸਹਾਈਆ । ਸੱਤ ਚਾਰ ਇਕੋ ਨਾਤਾ, ਹਰਿ ਚਰਨ ਮਿਲੀ ਸਰਨਾਈਆ । ਸੱਤ ਚਾਰ ਸੁਣਾਏ ਹਰਿ ਜੂ ਬਾਤਾਂ, ਭੇਵ ਅਭੇਦਾ ਆਪ ਖੁਲ੍ਹਾਈਆ । ਸੱਤ ਚਾਰ ਪੁੱਛੇ ਵਾਤਾਂ, ਦਰ ਦਰ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਸੱਤ ਚਾਰ ਇਕ ਮਹੱਲ, ਮਹਿਫ਼ਲ ਆਪਣੀ ਆਪ ਜਣਾਇੰਦਾ । ਸੱਤ ਚਾਰ ਮੇਟੇ ਸਲ, ਦੂਈ ਦਵੈਤੀ ਮੋਹ ਚੁਕਾਇੰਦਾ । ਸੱਤ ਚਾਰ ਜਾਏ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਸੱਤ ਚਾਰ ਲਾਏ ਫਲ, ਫੁੱਲ ਫਲਵਾੜੀ ਮਾਤ ਮਹਿਕਾਇੰਦਾ । ਸੱਤ ਚਾਰ ਦੇਵੇ ਨਾਮ ਧਨ, ਧਨ ਖ਼ਜ਼ੀਨਾ ਇਕ ਲੁਟਾਇੰਦਾ । ਸੱਤ ਚਾਰ ਚਾੜ੍ਹੇ ਚੰਨ, ਜਗਤ ਅੰਧੇਰ ਆਪ ਮਿਟਾਇੰਦਾ । ਸੱਤ ਚਾਰ ਜਗਤ ਵਿਕਾਰਾਂ ਦੇਵੇ ਡੰਨ, ਭਾਂਡਾ ਭਰਮ ਭੌ ਭੰਨਾਇੰਦਾ । ਸੱਤ ਚਾਰ ਕਰੇ ਪਰਕਾਸ਼ ਨੇਤਰ ਅੰਨ੍ਹ, ਆਤਮ ਗਿਆਨ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਖੇਲ ਖਲਾਇੰਦਾ । ਸੱਤ ਚਾਰ ਉਚ ਅਟਾਰੀ, ਮਹੱਲ ਅਟੱਲ ਦਏ ਵਡਿਆਈਆ । ਸੱਤ ਚਾਰ ਜੋਤ ਨਿਰੰਕਾਰੀ, ਨਿਰਗੁਣ ਆਪਣੇ ਰੰਗ ਰੰਗਾਈਆ । ਸੱਤ ਚਾਰ ਮਿਲੇ ਸਰਦਾਰੀ, ਦੋ ਜਹਾਨਾਂ ਮਾਣ ਰਖਾਈਆ । ਸੱਤ ਚਾਰ ਖੇਲ ਨਿਆਰੀ, ਨਿਰਾਕਾਰ ਆਪ ਕਰਾਈਆ । ਸੱਤ ਚਾਰ ਜਾਏ ਬਲਿਹਾਰੀ, ਬਲ ਬਲ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਸੱਤ ਚਾਰ ਚੜ੍ਹਿਆ ਚਾਅ, ਪਾਇਆ ਪੁਰਖ ਅਬਿਨਾਸ਼ਾ । ਸੱਤ ਚਾਰ ਮਿਲਿਆ ਮਲਾਹ, ਪ੍ਰਭ ਹੋਇਆ ਦਾਸਨ ਦਾਸਾ । ਸੱਤ ਚਾਰ ਮਿਲੀ ਸਲਾਹ, ਗੁਰਚਰਨ ਇਕ ਭਰਵਾਸਾ । ਸੱਤ ਚਾਰ ਪਕੜੀ ਬਾਂਹ, ਦਇਆ ਕਰੇ ਸ਼ਾਹੋ ਸ਼ਾਬਾਸਾ । ਸੱਤ ਚਾਰ ਜਪਿਆ ਨਾਂ ਸੋਹੰ ਪੂਰੀ ਕਰੇ ਆਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਖੇਲ ਤਮਾਸ਼ਾ । ਸੱਤ ਚਾਰ ਸਾਜਣ ਸਾਜ, ਹਰਿ ਸੱਜਣ ਖੇਲ ਕਰਾਇੰਦਾ । ਸੱਤ ਚਾਰ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸੱਤ ਚਾਰ ਸੀਸ ਟਿਕਾਏ ਤਾਜ, ਤਖ਼ਤ ਤਾਜ ਖ਼ਾਕ ਮਿਲਾਇੰਦਾ । ਸੱਤ ਚਾਰ ਦੇਵੇ ਰਾਜ, ਦੋ ਜਹਾਨਾਂ ਮਾਣ ਜਣਾਇੰਦਾ । ਸੱਤ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸੱਤ ਚਾਰ ਖੋਲ੍ਹੇ ਭੇਵ, ਅਭੇਦ ਆਪ ਜਣਾਈਆ । ਸੱਤ ਚਾਰ ਵਡ ਦੇਵੀ ਦੇਵ, ਦੇਵਤ ਸੁਰ ਸੀਸ ਝੁਕਾਈਆ । ਸੱਤ ਚਾਰ ਖੇਲ ਅਹੰਮੇਵ, ਹੰ ਬ੍ਰਹਮ ਦਏ ਵਡਿਆਈਆ । ਸੱਤ ਚਾਰ ਅਲੱਖ ਅਭੇਵ, ਅਗੰਮ ਅਥਾਹ ਬਖ਼ਸ਼ੇ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਏਕਾ ਘਰ ਵਖਾਈਆ । ਸੱਤ ਚਾਰ ਏਕਾ ਘਰ, ਘਰ ਬਾਰੀ ਆਪ ਵਖਾਇੰਦਾ । ਸੱਤ ਚਾਰ ਏਕਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਸੱਤ ਚਾਰ ਏਕਾ ਵਰ, ਪੁਰਖ ਅਬਿਨਾਸ਼ੀ ਝੋਲੀ ਪਾਇੰਦਾ । ਸੱਤ ਚਾਰ ਬੰਨ੍ਹੇ ਲੜ, ਏਕਾ ਪੱਲੂ ਗੰਢ ਦਿਵਾਇੰਦਾ । ਸੱਤ

ਚਾਰ ਅੰਦਰ ਵੜ, ਵੜ ਵੜ ਆਪਣੀ ਖ਼ੁਸ਼ੀ ਮਨਾਇੰਦਾ । ਸੱਤ ਚਾਰ ਗੁਰਮੁਖ ਫੜ, ਗੁਰ ਗੁਰ ਗੋਦ ਬਹਾਇੰਦਾ । ਸੱਤ ਚਾਰ ਲਾਏ ਜੜ੍ਹ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸੱਤ ਚਾਰ ਖੇਲੇ ਖੇਲ, ਖੇਲਣਹਾਰਾ ਆਪ ਖਿਲਾਇੰਦਾ । ਸੱਤ ਚਾਰ ਸਾਚਾ ਮੇਲ, ਮੇਲ ਮਿਲਾਵਾ ਆਪ ਜਣਾਇੰਦਾ । ਸੱਤ ਚਾਰ ਸੱਜਣ ਸੁਹੇਲ, ਘਰ ਸਾਚੇ ਸੋਭਾ ਪਾਇੰਦਾ । ਸੱਤ ਚਾਰ ਚਾੜ੍ਹੇ ਤੇਲ, ਥਿਰ ਘਰ ਵਾਸੀ ਸਗਨ ਮਨਾਇੰਦਾ । ਸੱਤ ਚਾਰ ਮੇਲ ਮਿਲਾਵਾ ਇਕ ਅਕੇਲ, ਇਕ ਅਕੇਲਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਵੰਡ ਵੰਡਾਇੰਦਾ । ਸੱਤ ਚਾਰ ਸਾਚੀ ਵੰਡ, ਵੰਡਣਹਾਰ ਆਪ ਕਰਾਈਆ । ਸੱਤ ਚਾਰ ਵਿਚ ਬ੍ਰਹਿਮੰਡ, ਬ੍ਰਹਿਮਾਂਡ ਕਰੇ ਰੁਸ਼ਨਾਈਆ । ਸੱਤ ਚਾਰ ਲੇਖਾ ਚੁੱਕੇ ਜੇਰਜ ਅੰਡ, ਅੰਡਜ ਜੇਰਜ ਨਾ ਫੇਰਾ ਪਾਈਆ । ਸੱਤ ਚਾਰ ਪਾਏ ਬੰਧ, ਬੰਧਨ ਆਪਣਾ ਨਾਉਂ ਰਖਾਈਆ । ਸੱਤ ਚਾਰ ਨੰਗੀ ਨਾ ਹੋਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤ ਚਾਰ ਡੂੰਘਾ ਸਾਗਰ, ਗਹਿਰ ਗੰਭੀਰ ਇਕ ਜਣਾਇੰਦਾ । ਸੱਤ ਚਾਰ ਭਾਗ ਲਗਾਏ ਕਾਇਆ ਗਾਗਰ, ਗ੍ਰਿਹਿ ਮੰਦਰ ਫੇਰਾ ਪਾਇੰਦਾ । ਸੱਤ ਚਾਰ ਦੇਵੇ ਆਦਰ, ਦਰਗਹਿ ਸਾਚੀ ਮਾਣ ਦਿਵਾਇੰਦਾ । ਸੱਤ ਚਾਰ ਪੂਤ ਸਪੂਤਾ ਵੇਖੇ ਤੇਗ਼ ਬਹਾਦਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸੱਤ ਚਾਰ ਕਰੇ ਉਜਾਗਰ, ਗੋਬਿੰਦ ਆਪਣੇ ਰੰਗ ਰੰਗਾਇੰਦਾ । ਸੱਤ ਚਾਰ ਮੇਲਾ ਕਰੀਮ ਕਾਦਰ, ਕਰਤਾ ਪੁਰਖ ਰੰਗ ਰੰਗਾਇੰਦਾ । ਸੱਤ ਚਾਰ ਬਣੇ ਸੌਦਾਗਰ, ਸਾਚੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਜੋੜ ਜੁੜਾਇੰਦਾ । ਸੱਤ ਚਾਰ ਜੁੜਿਆ ਜੋੜਾ, ਹਰਿ ਜੂ ਹਰਿ ਹਰਿ ਆਪ ਜੁੜਾਈਆ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਵੇਖ ਵਖਾਈਆ । ਹੰ ਬ੍ਰਹਮ ਆਪੇ ਬੌਹੜਾ, ਬੌਹੜੀ ਬੌਹੜੀ ਦਏ ਵਖਾਈਆ । ਲੱਖ ਚੁਰਾਸੀ ਵਿਚੋਂ ਵੇਖੇ ਮਿੱਠਾ ਕੌੜਾ, ਗੁਰਮੁਖ ਮਿੱਠਾ ਰਸ ਆਪਣੇ ਰੰਗ ਰੰਗਾਈਆ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨਾ ਨਿਰਗੁਣ ਸਰਗੁਣ ਅੰਦਰ ਫਿਰੇ ਦੌੜਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਜੀਵ ਜੰਤ ਆਦਿ ਅੰਤ ਜੁਗਾ ਜੁਗੰਤ ਰਸਨਾ ਕਹਿਣ ਰਾਹ ਬੜਾ ਭੀੜਾ, ਅੱਗੇ ਲੰਘ ਕੋਇ ਨਾ ਜਾਇੰਦਾ । ਜਗਤ ਵਿਕਾਰ ਮਾਰੇ ਜ਼ੰਜੀਰਾ, ਅੱਗੇ ਹੋ ਨਾ ਕੋਇ ਛੁਡਾਇੰਦਾ । ਕੋਟਨ ਕੋਟ ਅੱਧਵਿਚਕਾਰ ਬੈਠੇ ਪੀਰ ਪੈਗ਼ੰਬਰ ਪੀਰਾ, ਨੇਤਰ ਨੈਣ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੋਟੀ ਚੜ੍ਹ ਕੇ ਬੈਠਾ ਆਪ ਅਖ਼ੀਰਾ, ਆਖ਼ਰ ਆਪਣਾ ਹਾਲ ਸੁਣਾਇੰਦਾ । ਆਖ਼ਰ ਹਾਲ ਸੱਤ ਚਾਰ, ਚਾਰ ਚਾਰ ਚਾਰ ਜਣਾਇੰਦਾ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੂਪ ਵਖਾਇੰਦਾ । ਪਰਗਟ ਹੋ ਹੋ ਗੋਪੀ ਕਾਹਨ, ਸਾਚੀ ਸਖੀਆਂ ਅੰਗ ਲਗਾਇੰਦਾ । ਸਾਚੇ ਮੰਦਰ ਵੇਖੇ ਮਾਰ ਧਿਆਨ, ਅੰਦਰੇ ਅੰਦਰ ਵੇਖ ਵਖਾਇੰਦਾ । ਅਗੰਮ ਅਗੰਮੜਾ ਗਾਏ ਗਾਨ, ਬੋਧ ਅਗਾਧਾ ਰਾਗ ਅਲਾਇੰਦਾ । ਖੇਲੇ ਖੇਲ ਨੌਜਵਾਨ, ਮਰਦ ਮਰਦਾਨਾ ਵੇਸ ਵਟਾਇੰਦਾ । ਸਤਿ ਸਤਿਵਾਦੀ ਸਤਿ ਝੁਲਾਏ ਨਿਸ਼ਾਨ, ਚਾਰ ਕੁੰਟ ਕੁੰਟ ਵਖਾਇੰਦਾ । ਆਦਿ ਜੁਗਾਦੀ ਸੂਰਬੀਰ ਵਡ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਸੱਤ ਚਾਰ ਕਰ ਪਰਵਾਨ, ਪੜ੍ਹੇ ਆਪਣੀ ਆਪ ਬਣਾਇੰਦਾ । ਚਾਰ ਜੁਗ ਦਾ ਲੇਖਾ ਚੁਕਾਏ ਵਿਚ ਜਹਾਨ, ਪ੍ਰਭ ਆਪਣਾ ਖੇਲ ਕਰਾਇੰਦਾ । ਗੁਰ

ਅਵਤਾਰ ਪੀਰ ਪੈਗ਼ੰਬਰ ਮੰਨਣ ਆਣ, ਸਿਰ ਸਿਰ ਆਪਣਾ ਹੁਕਮ ਮਨਾਇੰਦਾ । ਨਾ ਕੋਈ ਚਿੱਲਾ ਤੀਰ ਕਮਾਨ, ਸ਼ਸਤਰ ਬਸਤਰ ਤਨ ਨਾ ਕੋਇ ਸਜਾਇੰਦਾ । ਹੁਕਮੇ ਅੰਦਰ ਰੱਖੇ ਜ਼ਿਮੀ ਅਸਮਾਨ, ਸੂਰਜ ਚੰਨ ਆਪਣੇ ਹੁਕਮੇ ਅੰਦਰ ਫਿਰਾਇੰਦਾ । ਸ਼ਾਹ ਸਵਾਰਾ ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਏਕਾ ਦੇਵੇ ਸਤਿ ਲਗਾਮ, ਵਾਗਾਂ ਆਪਣੇ ਹੱਥ ਰਖਾਇੰਦਾ । ਅਸਵ ਘੋੜੇ ਚੜ੍ਹੇ ਵਡ ਅਮਾਮ, ਅਮਾਮ ਆਪਣਾ ਫੇਰਾ ਪਾਇੰਦਾ । ਚਾਰ ਜੁਗ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਫੜ ਕੇ ਕਰੇ ਗ਼ੁਲਾਮ, ਗੁਰਬਤ ਸਭ ਦੀ ਆਪ ਮਿਟਾਇੰਦਾ । ਉਠ ਕੇ ਸਾਰੇ ਕਰਨ ਸਲਾਮ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪੁਰਖ ਅਬਿਨਾਸ਼ੀ ਸੁਣਾਏ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਪਿਛਲਾ ਲੇਖਾ ਚੁੱਕਿਆ ਤਮਾਮ, ਤਮਾਂ ਹੋਰ ਨਾ ਕੋਇ ਵਧਾਇੰਦਾ । ਪੁਰਖ ਇਕੱਲਾ ਆਦਿ ਜੁਗਾਦੀ ਅਮਾਮ, ਆਮਦ ਆਪਣੀ ਨਾ ਕਿਸੇ ਜਣਾਇੰਦਾ । ਖ਼ੁਸ਼ਾਮਦ ਕਰਾਏ ਨਾ ਵਿਚ ਜਹਾਨ, ਖ਼ੁਸ਼ੀ ਆਪਣੇ ਰੰਗ ਰੰਗਾਇੰਦਾ । ਸਹੀ ਸਲਾਮਤ ਨੌਜਵਾਨ, ਜਨਮ ਮਰਨ ਵਿਚ ਨਾ ਆਇੰਦਾ । ਜੁਗ ਜੁਗ ਮੰਨੇ ਨਾ ਕਿਸੇ ਦੀ ਆਣ, ਆਪਣੀ ਆਣ ਸਰਬ ਮਨਾਇੰਦਾ । ਉਠੋ ਵੇਖੋ ਮਾਰ ਧਿਆਨ, ਧਰਨੀ ਧਰਤ ਧਵਲ ਉਪਰ ਡੇਰਾ ਲਾਇੰਦਾ । ਸੱਤ ਚਾਰ ਵੇਖੇ ਆਣ, ਵੇਖਣਹਾਰਾ ਨਜ਼ਰ ਨਾ ਆਇੰਦਾ । ਸਤਿ ਸਤਿਵਾਦੀ ਸਾਤੇ ਅੱਗੇ ਸਿਫ਼ਰਾ ਲਾ ਵਖਾਏ ਨਿਸ਼ਾਨ, ਨਿਸ਼ਾਨਾ ਸਿਫ਼ਰੇ ਨਾਲ ਮਿਟਾਇੰਦਾ । ਏਕਾ ਸਾਤਾ ਕਰ ਪਰਵਾਨ, ਦੂਆ ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨ, ਸ਼ਾਹੋ ਸ਼ਾਬਾਸ਼ੀ ਖੇਲ ਖਲਾਇੰਦਾ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਬਣ ਹੁਕਮਰਾਨ, ਹੁਕਮੀ ਹੁਕਮ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪੇ ਲਾਇੰਦਾ । ਸਾਚੇ ਮਾਰਗ ਲਾਏ ਮੌਲਾ, ਰਹਿਮਤ ਆਪਣੀ ਆਪ ਕਮਾਈਆ । ਸਾਰੇ ਦਰ ਤੇ ਕਰੋ ਕੌਲਾ, ਕੀਤਾ ਕੌਲ ਭੁੱਲ ਕੋਇ ਨਾ ਜਾਈਆ । ਨਾ ਕੋਈ ਮੁੜ ਕੇ ਜਾਏ ਉਪਰ ਧੌਲਾ, ਧਰਨੀ ਧਿਆਨ ਨਾ ਕੋਇ ਲਗਾਈਆ । ਪੁਰਖ ਅਬਿਨਾਸ਼ੀ ਸਭ ਦਾ ਆਪਣੀ ਹੱਥੀਂ ਚੁੱਕ ਕੇ ਲਿਆਂਦਾ ਡੋਲਾ, ਆਪਣੇ ਘਰ ਲਏ ਬਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਏ ਕੋਇ ਨਾ ਰੌਲਾ, ਆਪਣਾ ਰਾਗ ਕੋਇ ਨਾ ਸੁਣਾਈਆ । ਪੁਰਖ ਅਬਿਨਾਸ਼ੀ ਕਰਿਆ ਭਾਰ ਹੌਲਾ, ਹੌਲੀ ਹੌਲੀ ਆਪਣੇ ਚਰਨਾਂ ਹੇਠ ਦਬਾਈਆ । ਸਾਰੇ ਮਿਲ ਕੇ ਗਾਓ ਇਕੋ ਬੋਲਾ, ਬੋਲੀ ਆਪਣੀ ਦਏ ਸਮਝਾਈਆ । ਚਾਰ ਜੁਗ ਦਾ ਲਹਿਣਾ ਅੰਦਰ ਵੜ ਵੜ ਫੋਲਾ, ਫੋਲੀ ਸਰਬ ਲੋਕਾਈਆ । ਦੀਨ ਮਜ਼੍ਹਬ ਸਭ ਦਾ ਨਿਕਲਿਆ ਪੋਲਾ, ਪੌਹਲ ਛਕਾਈ ਕੰਮ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਿਰ ਦਰਦ ਹੋ ਗਿਆ ਧੌਲਾ, ਧਰਨੀ ਵੰਡ ਨਾ ਕੋਇ ਵੰਡਾਈਆ । ਪੁਰਖ ਅਬਿਨਾਸ਼ੀ ਵੇਖੇ ਅੰਤਮ ਤੁਹਾਡਾ ਹੋਲਾ, ਹੋਲੀ ਆਪਣੀ ਦਏ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਹਕਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਆਪਣੇ ਅੱਗੇ ਸਭ ਨੂੰ ਲਾਈਆ । ਫੜ ਫੜ ਹਰਿ ਜੂ ਲਾਏ ਅੱਗੇ, ਏਕਾ ਹੁਕਮ ਸੁਣਾਇਆ । ਏਕਾ ਡੋਰੀ ਬੰਨ੍ਹੇ ਤਗੇ, ਨਾ ਕੋਈ ਤੋੜ ਤੁੜਾਇਆ । ਈਸਾ ਮੂਸਾ ਮੁਹੰਮਦ ਤਨ ਨਾ ਦਿਸੇ ਝੱਗੇ, ਅਲਫ਼ੀ ਚੀਰ ਨਾ ਕੋਇ ਵਖਾਇਆ । ਸਿਰੋਂ ਪੈਰੋਂ ਫਿਰਦੇ ਨੰਗੇ, ਬਸਤਰ ਤਨ ਨਾ ਕੋਇ ਛੁਹਾਇਆ । ਸਾਡਾ ਪਰਦਾ ਕਵਣ ਕੱਜੇ, ਮਾਹੀ ਪਰਵਰਦਿਗਾਰ ਨਜ਼ਰ ਨਾ ਆਇਆ । ਦੱਸ ਕੇ ਆਏ ਕਾਇਆ ਕਾਅਬਾ ਇਕੋ ਹੱਜੇ, ਹਾਜੀ ਬਣ ਕੇ ਫੇਰਾ ਕੋਇ ਨਾ ਪਾਇਆ । ਪੰਜ ਤਤ ਕਾਇਆ ਕਲਬੂਤ ਸਭ ਦੇ ਭੱਜੇ, ਜਗਤ ਮਹਿਰਾਬ

ਨਾ ਕੋਇ ਦਸਾਇਆ । ਚਾਰ ਕੁੰਟ ਫਿਰਦੇ ਨੱਸੇ, ਨੱਸ ਨੱਸ ਪੰਧ ਨਾ ਕਿਸੇ ਮੁਕਾਇਆ । ਪੁਰਖ ਅਬਿਨਾਸ਼ੀ ਬਹਿ ਬਹਿ ਹੱਸੇ, ਆਪਣਾ ਖੇਲ ਰਚਾਇਆ । ਕਲਜੁਗ ਮਾਣ ਦਿਤਾ ਇਕੋ ਸੱਸੇ, ਸਤਿਗੁਰ ਆਪਣਾ ਮਾਣ ਮਿਲਾਇਆ । ਸੱਸਾ ਕਿਲਾ ਸਾਚਾ ਮਾਰਗ ਦੱਸੇ, ਫੜ ਫੜ ਅੰਦਰ ਲਏ ਬਹਾਇਆ । ਬਾਹਰ ਨਿਕਲ ਕੋਈ ਨਾ ਨੱਸੇ, ਦਰਵਾਜ਼ਾ ਖੋਲ੍ਹ ਨਾ ਕੋਈ ਜਣਾਇਆ । ਰਲ ਮਿਲ ਪ੍ਰਭ ਸਾਚੇ ਦਾ ਗਾਵਣ ਜੱਸੇ, ਏਕਾ ਸੋਹਲਾ ਢੋਲਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਚਾਰ ਆਪਣਾ ਰਾਹ ਚਲਾਇਆ । ਨੰਗੇ ਖੜੇ ਇਕ ਦੂਜੇ ਨੂੰ ਮਾਰਨ ਸੈਨਤ, ਇਸ਼ਾਰੇ ਨਾਲ ਸਮਝਾਈਆ । ਬਿਗਲੀ ਕੁੜਤੀ ਨਾ ਤੇੜ ਤਹਿਮਤ, ਨੇਤਰ ਵੇਖ ਦੇਣ ਦੁਹਾਈਆ । ਰਸਨਾ ਕਹਿਣ ਖ਼ੁਦਾਵੰਦ ਕਰੀਮ ਕਰ ਰਹਿਮਤ, ਤੁਧ ਬਿਨ ਹੋਰ ਨਾ ਕੋਇ ਸਹਾਈਆ । ਅਸੀਂ ਸਾਰੇ ਤੇਰੇ ਹੁਕਮ ਨਾਲ ਹੋਏ ਸਹਿਮਤ, ਆਪਣੀ ਛੱਡੀ ਸਰਬ ਚਤੁਰਾਈਆ । ਚੌਦਾਂ ਤਬਕ ਦਿਸੇ ਜ਼ਹਿਮਤ, ਬਿਨ ਤੇਰੇ ਚਰਨ ਸੁਖ ਨਜ਼ਰ ਕਿਤੇ ਨਾ ਆਈਆ । ਤੇਰਾ ਨੂਰ ਐਨ ਸਾਚੀ ਐਨਕ, ਅਨਕ ਕਲ ਕਰੇ ਰੁਸ਼ਨਾਈਆ । ਤੇਰੀ ਗ਼ੈਨ ਮੇਟੇ ਗ਼ਫ਼ਲਤ, ਗ਼ੈਨ ਗ਼ਲਬਾ ਏਕਾ ਪਾਈਆ । ਸਾਡੀ ਕਿਸੇ ਕੰਮ ਨਾ ਆਈ ਮਿਹਨਤ, ਜਗਤ ਮਸੱਲਾ ਵਿਛਾ ਵਿਛਾ ਕਰੀ ਪੜ੍ਹਾਈਆ । ਤੇਰੇ ਹੱਥ ਸਾਡੀ ਕਿਆਮਤ, ਕਿਆਮਗਾਹ ਤੇਰੇ ਚਰਨ ਸਰਨਾਈਆ । ਦਰੋਹੀ ਖ਼ੁਦਾਏ ਹਉਂ ਤੇਰੀ ਅਮਾਨਤ, ਤੇਰੇ ਅੱਗੇ ਭੇਟ ਚੜ੍ਹਾਈਆ । ਤੂੰ ਸਾਹਿਬ ਸਦਾ ਸਲਾਮਤ, ਸਹੀ ਆਪਣਾ ਰੂਪ ਵਖਾਈਆ । ਹਉਂ ਬਾਲੀ ਬੁੱਧ ਬਾਲ ਅੰਜਾਣਤ, ਤੇਰਾ ਭੇਵ ਕੋਇ ਨਾ ਪਾਈਆ । ਅਸੀਂ ਕਰ ਕੇ ਆਏ ਮਮਾਨਤ, ਦੂਈ ਦਵੈਤ ਨਾ ਕੋਇ ਲੜਾਈਆ । ਕਲਜੁਗ ਜੀਵਾਂ ਅਮਾਨਤ ਕਰੀ ਖ਼ਿਆਨਤ, ਭੈ ਭੌ ਨਾ ਕੋਇ ਰਖਾਈਆ । ਸਰਬ ਜੀਆਂ ਪ੍ਰਭ ਆਪੇ ਜਾਣਤ, ਜਾਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਇਕ ਤਕਾਈਆ । ਕਰ ਕਿਰਪਾ ਸਾਡਾ ਢਕ ਦੇ ਨੰਗ, ਨਾਅਰਾ ਇਕ ਸੁਣਾਇਆ । ਬਿਨ ਤੇਰੇ ਪਰਦੇ ਹੋਏ ਮਲੰਘ, ਸ਼ਰਅ ਮਤੈਹਰਾ ਹੱਥ ਉਠਾਇਆ । ਤੇਰਾ ਕਲਮਾ ਕਰੇ ਜੰਗ, ਤਿੱਖੀ ਧਾਰ ਧਾਰ ਚਮਕਾਇਆ । ਅੰਤ ਅੰਤ ਪ੍ਰਭ ਟੁੱਟੀ ਗੰਢ, ਗੰਢਣਹਾਰ ਇਕ ਅਖਵਾਇਆ । ਚੌਦਾਂ ਤਬਕ ਦਿਸਣ ਰੰਡ, ਸੁਹਾਗ ਕੰਤ ਨਾ ਕੋਇ ਹੰਢਾਇਆ । ਸਾਡੀ ਔਧ ਗਈ ਲੰਘ, ਵੇਲਾ ਵਕਤ ਨੇੜੇ ਆਇਆ । ਅੰਤ ਮੁਕੌਣਾ ਏਥੋਂ ਪੰਧ, ਥਿਰ ਕੋਇ ਰਹਿਣ ਨਾ ਪਾਇਆ । ਨਜ਼ਰ ਆਏ ਨਾ ਚੌਧਵੀਂ ਚੰਦ, ਜਗ ਅਮਾਵਸ ਅੰਧੇਰਾ ਛਾਇਆ । ਸਾਡੀ ਕਿਸੇ ਕੰਮ ਨਾ ਆਈ ਪਾਈ ਡੰਡ, ਉਚੀ ਕੂਕ ਕੂਕ ਅਲਾਇਆ । ਬਿਨ ਤੇਰੀ ਰਹਿਮਤ ਨੰਗੀ ਹੋਈ ਕੰਡ, ਸਿਰ ਹੱਥ ਨਾ ਕੋਇ ਟਿਕਾਇਆ । ਜਗਤ ਸ਼ਰੀਅਤ ਪਾਈ ਵੰਡ, ਅਸਲੀਅਤ ਰਾਹ ਨਾ ਕੋਇ ਰਖਾਇਆ । ਰਸਨਾ ਗਾ ਗਾ ਥੱਕੀ ਬੱਤੀ ਦੰਦ, ਬੰਦੀਖ਼ਾਨਾ ਨਾ ਕੋਇ ਤੁੜਾਇਆ । ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਇਆ । ਸਾਡਾ ਵੇਖ ਨੰਗ ਨੰਗੇਜ਼, ਨਿਗਹ ਆਪਣੀ ਆਪ ਉਠਾਈਆ । ਪਰਦਾ ਮਿਲੇ ਨਾ ਬਿਨ ਤੇਰੀ ਸੇਜ, ਪਰਵਰਦਿਗਾਰ ਸੱਚੇ ਮਾਹੀਆ । ਆਪਣਾ ਦੁਸ਼ਾਲਾ ਇਕੋ ਭੇਜ, ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪਰਵਰਦਿਗਾਰ ਪਾਏ ਪਰਦਾ, ਏਕਾ ਹੁਕਮ ਸੁਣਾਇੰਦਾ ।


੪੩੨ ੧੨

ਚੌਦਾਂ ਤਬਕ ਵੇਖੇ ਸੜਦਾ, ਅਗਨੀ ਅੱਗ ਲਗਾਇੰਦਾ । ਪੀਰ ਪੈਗ਼ੰਬਰ ਵੇਖੋ ਡਰਦਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਕਲਮਾ ਕਲਾਮ ਵੇਖੋ ਹਰਦਾ, ਆਪਣਾ ਬਲ ਨਾ ਕੋਇ ਧਰਾਇੰਦਾ । ਸਾਹਿਬ ਸੁਲਤਾਨ ਵਡ ਮਿਹਰਵਾਨ ਆਪਣਾ ਖੇਲ ਆਪੇ ਕਰਦਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਫੜ ਫੜ ਬਾਹੋਂ ਸਭ ਨੂੰ ਬਣਾਏ ਬਰਦਾ, ਬਰਦੀ ਆਪਣੇ ਨਾਮ ਤਨ ਪਹਿਨਾਇੰਦਾ । ਆਪਣੀ ਕਰਨੀ ਆਪੇ ਕਰਦਾ, ਕਰਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਤੇਰਾ ਪਰਦਾ ਮਿਲੇ ਸ਼ਿੰਗਾਰ, ਅਲਫ਼ੀ ਅਵਰ ਨਾ ਕੋਇ ਜਣਾਈਆ । ਤੇਰਾ ਜਲਵਾ ਮਿਲੇ ਦੀਦਾਰ, ਦੀਦ ਈਦ ਚੰਦ ਨਾ ਕੋਇ ਚੜ੍ਹਾਈਆ । ਤੇਰੀ ਸ਼ੁਨੀਦ ਸੁਣੀਏ ਗੁਫ਼ਤਾਰ, ਸ਼ਰਅ ਭੁੱਲੇ ਸਰਬ ਲੋਕਾਈਆ । ਤੇਰੀ ਈਦ ਮੁਬਾਰਕ ਹੋਵੇ ਏਕਾ ਵਾਰ, ਏਕਾ ਨੂਰ ਨੂਰ ਰੁਸ਼ਨਾਈਆ । ਕਰ ਤਾਈਦ ਮੇਰੇ ਮਿਹਰਵਾਨ, ਦਰ ਤੇਰੇ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਮੇਰਾ ਪਰਦਾ ਸਭ ਨੂੰ ਢਕੇ, ਢਕਣਹਾਰ ਇਕ ਅਖਵਾਇੰਦਾ । ਪੀਰ ਪੈਗ਼ੰਬਰ ਕੋਈ ਨਾ ਪਿਛਾ ਤੱਕੇ, ਤਾਕਤ ਸਭ ਦੀ ਆਪ ਮੁਕਾਇੰਦਾ । ਖ਼ਾਲੀ ਦਿਸਣ ਮਦੀਨੇ ਮੱਕੇ, ਸਭ ਦੇ ਮਕਬਰੇ ਆਪ ਬਣਾਇੰਦਾ । ਆਪਣੀ ਹੱਥੀਂ ਪਿਛਲਾ ਲੇਖਾ ਦਿਤੇ ਕੱਟੇ, ਅੱਗੇ ਆਪਣੀ ਵੰਡ ਵੰਡਾਇੰਦਾ । ਚੌਦਾਂ ਸਦੀਆਂ ਬਣੇ ਰਹੇ ਹੱਟੇ ਕੱਟੇ, ਅੰਤਮ ਮਾਣ ਗਵਾਇੰਦਾ । ਬਿਨ ਛੁਰੀ ਕਰਦ ਪ੍ਰਭ ਆਪੇ ਫਟੇ, ਜਗਤ ਹਲਾਲੀ ਵੇਖ ਵਖਾਇੰਦਾ । ਸਭ ਦੇ ਦੰਦ ਕਰੇ ਖੱਟੇ, ਬਲ ਆਪਣਾ ਆਪ ਧਰਾਇੰਦਾ । ਫੜ ਫੜ ਬਾਹੋਂ ਚਰਨਾਂ ਹੇਠ ਸੱਟੇ, ਸੀਸ ਧੜ ਨਾ ਕੋਇ ਉਠਾਇੰਦਾ । ਨੇਜ਼ਿਆਂ ਨਾਲ ਪੁੱਟੇ ਗੱਟੇ, ਪਾਣੀ ਹੁੱਕੇ ਨਾ ਕੋਇ ਭਰਾਇੰਦਾ । ਸੂਟਾ ਮਾਰ ਕੋਇ ਨਾ ਖਿਚੇ, ਅਗਨੀ ਸੀਸ ਨਾ ਕੋਇ ਸੁਹਾਇੰਦਾ । ਕੋਲਾ ਚਿਮਟੇ ਨਾਲ ਨਾ ਕੋਇ ਚੁੱਕੇ, ਸਭ ਦਾ ਚੰਮ ਆਪੇ ਲਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿ ਗਏ ਕੱਚੇ, ਬਿਨ ਸਤਿਗੁਰ ਅਗਨੀ ਤਤ ਨਾ ਕੋਇ ਤਪਾਇੰਦਾ । ਪੰਜ ਤਤ ਕਾਇਆ ਚੋਲੇ ਸਭ ਦੇ ਮੱਚੇ, ਜਗਤ ਮੁਵਾਤਾ ਆਪੇ ਲਾਇੰਦਾ । ਲੋਕਮਾਤ ਖਾ ਕੇ ਆਏ ਭੱਤੇ, ਸਰਗੀ ਵੇਲਾ ਆਪ ਚਖਾਇੰਦਾ । ਕਿਸੇ ਨੂੰ ਕਹਿ ਕੇ ਆਏ ਤੇਰੀ ਅੱਲਾ ਰਾਖੀ ਰੱਖੇ, ਰੱਖਣਹਾਰਾ ਦਿਸ ਨਾ ਆਇੰਦਾ । ਅੱਖਰਾਂ ਨਾਲ ਕਲਮੇ ਲਿਖ ਲਿਖ ਫਸੇ, ਬਿਨ ਅੱਖਰ ਕਲਮਾ ਲੇਖੇ ਕੋਇ ਨਾ ਪਾਇੰਦਾ । ਕਿੱਲੀਆਂ ਨਾਲ ਟੰਗੇ ਛਿਕੇ, ਸ਼ੀਆ ਸੁੰਨੀ ਮੁਸਲਿਮ ਰੂਪ ਵਟਾਇੰਦਾ । ਕੋਈ ਨਾ ਜਾਣੇ ਪ੍ਰਭ ਕੇ ਪਾਏ ਹਿੱਸੇ, ਲੋਕਮਾਤ ਰਾਹ ਚਲਾਇੰਦਾ । ਅੰਤਮ ਅੰਤ ਸਭ ਦੀ ਵਰਾਸਤ ਆਪਣੀ ਹੱਥੀਂ ਖਿਚੇ, ਖ਼ਾਲੀ ਹੱਥ ਸਰਬ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਾਲੇ ਨਿੱਕੇ ਨਿੱਕੇ, ਨਿੱਕੀ ਨਿੱਕੀ ਨੰਨ੍ਹੀ ਨੰਨ੍ਹੀ ਗੁਫ਼ਤਾਰ ਸੁਣਾਇੰਦਾ । ਲੋਕਮਾਤ ਜੀਵ ਜੰਤ ਕਹਿਣ ਗੁਰੂ ਗ੍ਰੰਥ ਲਿਖੇ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸਾਹਿਬ ਸੁਲਤਾਨ ਜਿਧਰ ਵੇਖੋ ਓਧਰ ਦਿਸੇ, ਘਟ ਘਟ ਆਪਣਾ ਆਸਣ ਲਾਇੰਦਾ । ਜਨ ਭਗਤਾਂ ਫਲ ਖੁਵਾਏ ਮਿੱਠੇ, ਮਿੱਠਾ ਆਪਣਾ ਨਾਉਂ ਵਡਿਆਇੰਦਾ । ਕਰੇ ਖੇਲ ਇਕ ਅਨਡਿਠੇ, ਅਨਡਿਠੜੀ ਧਾਰ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭੇਜੇ ਹੱਥੀਂ ਦੇ ਦੇ ਛਿੱਟੇ, ਬਣ ਹਲਕਾਰੇ ਸੇਵਾ ਲਾਇੰਦਾ । ਕਿਤਿਆਂ ਵਿਚ ਵੰਡੇ ਹਿੱਸੇ, ਹਿੱਸਾ ਸਭ ਦੀ ਵੰਡ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਆਦਿ ਪੁਰਖ ਏਕਾ ਹਰਿ, ਹਰਿ ਜੂ ਆਪਣਾ ਭੇਵ ਨਾ ਕਿਸੇ ਜਣਾਇੰਦਾ ।

## ✳ ੨੩ ਹਾੜ ੨੦੧੯ ਬਿਕਰਮੀ ਮੱਸਾ ਸਿੰਘ ਦੇ ਗ੍ਰਿਹ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ✳

ਸਤਿ ਸਤਿਵਾਦੀ ਸਾਚੀ ਧਾਰਾ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਆਦਿ ਜੁਗਾਦੀ ਖੇਲ ਅਪਾਰਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਰੂਪ ਅਨੂਪ ਵੇਸ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਖੜੇ ਦੁਆਰਾ, ਚਰਨ ਕਵਲ ਧਿਆਨ ਲਗਾਇੰਦਾ । ਨੇਤਰ ਨੈਣ ਤੱਕਣ ਗੁਰ ਅਵਤਾਰਾ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਬੇਅੰਤ ਹਰਿ ਹਰਿ ਆਪਣਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਨਿਰਾਕਾਰਾ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਭੇਵ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਆਦਿ ਜੁਗਾਦੀ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਏਕੰਕਾਰਾ ਸੋਭਾ ਪਾਇੰਦਾ । ਨਿਰਗੁਣ ਪਰਕਾਸ਼ ਦੀਪਕ ਜੋਤ ਆਪੇ ਬਲਾ, ਆਦਿ ਨਿਰੰਜਣ ਡਗਮਗਾਇੰਦਾ । ਸਚ ਸੰਦੇਸ਼ ਨਰ ਨਰੇਸ਼ ਪੁਰਖ ਅਬਿਨਾਸ਼ੀ ਏਕਾ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਏਥੇ ਓਥੇ ਦੋ ਜਹਾਨ ਅਛਲ ਅਛੱਲਾ, ਸ੍ਰੀ ਭਗਵਾਨ ਆਪਣੇ ਰੰਗ ਆਪ ਸਮਾਇੰਦਾ । ਪਾਰਬ੍ਰਹਮ ਨਿਰਗੁਣ ਨਿਰਗੁਣ ਫੜਾਏ ਪੱਲਾ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਕਰਾਇੰਦਾ । ਸਾਚੀ ਖੇਲ ਸ੍ਰੀ ਭਗਵਾਨ, ਏਕੰਕਾਰਾ ਆਪ ਕਰਾਈਆ । ਤਖ਼ਤ ਨਿਵਾਸੀ ਵਡ ਮਿਹਰਵਾਨ, ਸ਼ਾਹੋ ਭੂਪ ਵਡ ਵਡਿਆਈਆ । ਸਤਿ ਸਤਿਵਾਦੀ ਹੁਕਮਰਾਨ, ਸਚਖੰਡ ਵਸੇ ਸੱਚਾ ਮਾਹੀਆ । ਧੁਰਦਰਗਾਹੀ ਸ਼ਾਹ ਸੁਲਤਾਨ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਪੈਗ਼ਾਮ, ਪਾਰਬ੍ਰਹਮ ਪ੍ਰਭ ਕਰੇ ਪੜ੍ਹਾਈਆ । ਏਕਾ ਮੰਤਰ ਸਤਿਨਾਮ, ਨਾਮ ਸਤਿ ਸਤਿ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ੍ਰੀ ਭਗਵਾਨ, ਦੂਸਰ ਨਜ਼ਰ ਕੋਇ ਨਾ ਆਇੰਦਾ । ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਭੂਪਤ ਭੂਪ ਰਾਜ ਰਾਜਾਨ, ਹੁਕਮੀ ਹੁਕਮ ਹੁਕਮ ਮਨਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਆਕਾਸ਼ ਪਰਕਾਸ਼ ਆਪਣਾ ਵੇਸ ਵਟਾਇੰਦਾ । ਸਤਿ ਸੰਦੇਸ਼ਾ ਦੇਵੇ ਦੋ ਜਹਾਨ, ਦੋਏ ਦੋਏ ਧਾਰ ਵੇਖ ਵਖਾਇੰਦਾ । ਜੋਤੀ ਸ਼ਬਦੀ ਹੋ ਪਰਧਾਨ, ਏਕਾ ਡੰਕਾ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਵੱਜੇ ਵਧਾਈਆ । ਕਰੇ ਖੇਲ ਸ੍ਰੀ ਭਗਵੰਤ, ਨਿਰਗੁਣ ਆਪਣਾ ਵੇਸ ਵਟਾਈਆ । ਲੇਖਾ ਜਾਣ ਨਾਰ ਕੰਤ, ਨਰ ਨਰਾਇਣ ਖ਼ੁਸ਼ੀ ਮਨਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਏਕਾ ਦ੍ਰਿੜਾਏ ਸਾਚਾ ਮੰਤ, ਮੰਤਰ ਨਾਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪਾਰਬ੍ਰਹਮ, ਭੇਵ ਕੋਇ ਨਾ ਪਾਇੰਦਾ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਕਰਾਇੰਦਾ । ਸਦਾ ਸੁਹੇਲਾ ਜਾਣੇ ਆਪਣਾ ਕੰਮ, ਇਕ ਅਕੇਲਾ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਲੇਖਾ ਜਾਣੇ ਸੂਰਜ

ਚੰਨ, ਮੰਡਲ ਮੰਡਪ ਸੋਭਾ ਪਾਇੰਦਾ । ਭੇਵ ਚੁਕਾਏ ਪੰਜ ਤਤ ਤਨ, ਤ੍ਰੈਗੁਣ ਆਪਣਾ ਪਰਦਾ ਲਾਹਿੰਦਾ । ਏਕਾ ਰਾਗ ਸੁਣਾਏ ਕੰਨ, ਅਨਾਦ ਅਨਾਦੀ ਧੁਨ ਵਜਾਇੰਦਾ । ਕਰੇ ਵਸੇਰਾ ਬਿਨ ਛੱਪਰ ਛੰਨ, ਸਾਚਾ ਮੰਦਰ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਵਡ ਦਾਤਾ ਬੇਪਰਵਾਹੀਆ । ਜੁਗਾ ਜੁਗੰਤਰ ਹੋ ਉਜਿਆਰ, ਨਿਰਗੁਣ ਸਰਗੁਣ ਵੇਸ ਵਟਾਈਆ । ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਭਗਤ ਭਗਵੰਤ ਦੇ ਦੀਦਾਰ, ਨੇਤਰ ਨੈਣ ਨੈਣ ਬਿਗਸਾਈਆ । ਸਾਚੇ ਸੰਤਾਂ ਖੋਲ੍ਹ ਕਿਵਾੜ, ਆਤਮ ਪਰਮਾਤਮ ਜੋੜ ਜੁੜਾਈਆ । ਗੁਰਮੁਖਾਂ ਚਲੇ ਨਾਲ ਨਾਲ, ਹਰਿ ਜੂ ਵਿਛੜ ਕਦੇ ਨਾ ਜਾਈਆ । ਗੁਰਸਿਖ ਸੱਜਣ ਆਪੇ ਭਾਲ, ਪ੍ਰਭ ਲੋਕਮਾਤ ਦਏ ਵਡਿਆਈਆ । ਲੇਖਾ ਜਾਣੇ ਸ਼ਾਹ ਕੰਗਾਲ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਖੇਲ ਕਮਾਲ, ਖੇਲਣਹਾਰਾ ਦਿਸ ਨਾ ਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਲੋਕਮਾਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵਸੇ ਸਚ ਸਿੰਘਾਸਣ ਆਸਣ ਲਾਈਆ । ਸਚ ਸਿੰਘਾਸਣ ਉਚ ਮਹੱਲਾ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ । ਏਕੰਕਾਰਾ ਇਕ ਇਕੱਲਾ, ਅਲੱਖ ਅਗੋਚਰ ਡੇਰਾ ਲਾਇੰਦਾ । ਸਚ ਸੰਦੇਸ਼ ਏਕਾ ਘੱਲਾ, ਜੁਗਾ ਜੁਗੰਤਰ ਰਾਗ ਅਲਾਇੰਦਾ । ਗੁਰ ਅਵਤਾਰ ਫੜਾਏ ਪੱਲਾ, ਏਕਾ ਪੱਲੂ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚੀ ਖੇਲ ਹਰਿ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਸਚਖੰਡ ਖੋਲ੍ਹੇ ਆਪ ਕਿਵਾੜਾ, ਥਿਰ ਘਰ ਸ਼ਬਦੀ ਰੰਗ ਰੰਗਾਈਆ । ਸੁੰਨ ਅਗੰਮੀ ਪਾਵੇ ਸਾਰਾ, ਬੇਅੰਤ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਨਾਮ ਹੁਲਾਰਾ ਇਕ ਵਖਾਈਆ । ਲੱਖ ਚੁਰਾਸੀ ਕਰ ਤਿਆਰਾ, ਤ੍ਰੈਗੁਣ ਅਤੀਤਾ ਵੇਖੇ ਥਾਉਂ ਥਾਈਂਆ । ਅੰਡਜ ਜੇਰਜ ਉਤਭੁਜ ਸੇਤਜ ਭਰ ਭੰਡਾਰਾ, ਵਸਤ ਅਮੋਲਕ ਆਪ ਵਰਤਾਈਆ । ਨਿਰਗੁਣ ਦੀਆ ਕਮਲਾਪਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਅਨਹਦ ਨਾਦੀ ਨਾਦ ਧੁਨਕਾਰਾ, ਬੋਧ ਅਗਾਧਾ ਰਾਗ ਸੁਣਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਬਾਣ ਆਪਣੇ ਹੱਥ ਰਖਾਈਆ । ਜੁਗ ਚੌਕੜੀ ਪਾਵੇ ਸਾਰਾ, ਕੋਟਨ ਕੋਟ ਕਾਲ ਬਿਤਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ ਆਪਣੀ ਵਾਰਾ, ਕਲਜੁਗ ਵੇਲਾ ਅੰਤਮ ਆਈਆ । ਲੇਖਾ ਲਿਖ ਲਿਖ ਗਏ ਗੁਰ ਅਵਤਾਰਾ, ਜੀਵ ਜੰਤ ਜੰਤ ਪੜ੍ਹਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਬਲ ਰਖਾਈਆ । ਜ਼ਿਮੀ ਅਸਮਾਨਾ ਮੇਟੇ ਪਾੜਾ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਆਪਣਾ ਵੇਸ ਆਪੇ ਰੱਖ, ਨਰ ਹਰਿ ਨਰਾਇਣ ਆਪਣਾ ਖੇਲ ਕਰਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੋ ਪਰਤੱਖ, ਚਾਰੋਂ ਕੁੰਟ ਵੇਖ ਵਖਾਇੰਦਾ । ਨਵ ਨੌਂ ਲੱਖ ਚੁਰਾਸੀ ਬੈਠੀ ਸੱਥਰ ਘੱਤ, ਸੱਥਰ ਯਾਰ ਨਾ ਕੋਇ ਹੰਢਾਇੰਦਾ । ਜੀਵ ਜੰਤ ਸਾਧ ਸੰਤ ਕਾਇਆ ਉਬਲੇ ਬਹੱਤਰ ਨਾੜੀ ਰੱਤ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਗ੍ਰਿਹ ਗ੍ਰਿਹ ਮੰਦਰ ਘਰ ਘਰ ਹੋਈ ਮਨ ਮਤ, ਬ੍ਰਹਮ ਮਤ ਨਾ ਕੋਇ ਸਮਝਾਇੰਦਾ । ਕੂੜ ਕੁੜਿਆਰਾ ਬੱਝਾ ਨਾਤ, ਸਚ ਸੁੱਚ ਨਾ ਕੋਇ ਦ੍ਰਿੜਾਇੰਦਾ । ਆਤਮ ਬੀਜ ਨਾ ਬੀਜੇ ਕੋਇ ਵਤ, ਸਤਿ ਕਿਰਸਾਣਾ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਸ੍ਰੀ ਭਗਵਾਨ, ਨਿਰਗੁਣ ਸਰਗੁਣ ਆਪ ਵਟਾਈਆ । ਕਲਜੁਗ ਅੰਤਮ ਹੋ ਪਰਧਾਨ, ਕਰੇ ਖੇਲ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਚਰਨ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਗੁਰ ਅਵਤਾਰਾਂ ਦੇਵੇ ਮਾਣ, ਸ੍ਰੀ ਭਗਵਾਨ ਸਿਰ ਹੱਥ ਟਿਕਾਈਆ । ਸਚ ਸੰਦੇਸ਼ਾ ਧੁਰ ਫ਼ਰਮਾਣ, ਪੁਰਖ ਅਬਿਨਾਸ਼ੀ ਆਪ ਸੁਣਾਈਆ । ਉਠੋ ਵੇਖੋ ਨੇਤਰ ਖੋਲ੍ਹੋ ਕਰੋ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਹੋਏ ਵੈਰਾਨ, ਪੁਰਖ ਅਬਿਨਾਸ਼ੀ ਲੇਖਾ ਰਿਹਾ ਚੁਕਾਈਆ । ਲੇਖਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਗੀਤਾ ਗਿਆਨ ਭੇਵ ਅਭੇਦ ਦਏ ਚੁਕਾਈਆ । ਤੇਈ ਅਵਤਾਰ ਨਾ ਰਹਿਣ ਨਾਦਾਨ, ਅਠਾਰਾਂ ਭਗਤ ਵੇਖੇ ਪ੍ਰਭ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਸਮਝਾਈਆ । ਸਾਚਾ ਘਰ ਸਚ ਦਰਵਾਜ਼ਾ, ਧੁਰ ਦਰਬਾਰੀ ਆਪ ਜਣਾਇੰਦਾ । ਆਦਿ ਜੁਗਾਦੀ ਗ਼ਰੀਬ ਨਿਵਾਜ਼ਾ, ਗੁਰ ਗੁਰ ਰੂਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਜਿਸ ਸਾਜਣ ਸਾਜਾ, ਤ੍ਰੈਗੁਣ ਮਾਇਆ ਪੰਜ ਤਤ ਬੰਧਨ ਆਤਮ ਪਰਮਾਤਮ ਜੋੜ ਜੁੜਾਇੰਦਾ । ਈਸ਼ ਜੀਵ ਰਚਿਆ ਕਾਜਾ, ਬ੍ਰਹਮ ਪਾਰਬ੍ਰਹਮ ਖੇਲ ਕਰਾਇੰਦਾ । ਪਵਣ ਅਗੰਮੀ ਵਜਾਏ ਵਾਜਾ, ਸੁਰ ਤਾਲ ਨਾ ਕੋਇ ਰਖਾਇੰਦਾ । ਦੋ ਜਹਾਨ ਫਿਰੇ ਭਾਜਾ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਹਰਿ ਜੂ ਚੁੱਕ, ਗੁਰ ਅਵਤਾਰ ਦਏ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਰਿਹਾ ਲੁਕ, ਸਚਖੰਡ ਆਪਣਾ ਆਸਣ ਲਾਈਆ । ਕਲਜੁਗ ਅੰਤਮ ਨਿਰਗੁਣ ਨੂਰ, ਸਤਿ ਸਰੂਪ ਹੋ ਹੋ ਪਿਆ ਬੁੱਕ, ਏਕਾ ਭਬਕ ਨਾਮ ਰਖਾਈਆ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵੇਖਣਹਾਰਾ ਕਿਲਾ ਕੋਟ, ਘਰ ਘਰ ਆਪਣਾ ਫੇਰਾ ਪਾਈਆ । ਜਨ ਭਗਤਾਂ ਉਪਰ ਹੋਏ ਮੋਹਤ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਰੰਗ ਰੰਗਾਈਆ । ਸਾਚਾ ਰੰਗ ਰੰਗੇ ਨਿਰੰਕਾਰ, ਰੰਗਣਹਾਰਾ ਇਕ ਅਖਵਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਨਿਹਕਲੰਕ ਲੈ ਅਵਤਾਰ, ਰੂਪ ਅਨੂਪ ਆਪ ਵਟਾਇੰਦਾ । ਪੂਰਬ ਲੇਖਾ ਲਹਿਣਾ ਲਏ ਵਿਚਾਰ, ਗੁਰ ਅਵਤਾਰ ਮਾਤ ਸੁਣਾਇੰਦਾ । ਪੀਰ ਪੈਗ਼ੰਬਰ ਖੋਲ੍ਹ ਕਿਵਾੜ, ਦਸਤਗੀਰ ਵੰਡ ਵੰਡਾਇੰਦਾ । ਮੁਕਾਮੇ ਹੱਕ ਹੋ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਲਾਸ਼ਰੀਕ ਪਰਵਰਦਿਗਾਰ, ਪਰਦਾਨਸ਼ੀਂ ਆਪਣਾ ਪਰਦਾ ਆਪ ਉਠਾਇੰਦਾ । ਸਚਖੰਡ ਨਿਵਾਸੀ ਕਰੇ ਸਾਚੀ ਕਾਰ, ਸਤਿ ਸਤਿਵਾਦੀ ਆਪਣਾ ਰਾਹ ਚਲਾਇੰਦਾ । ਕਲਜੁਗ ਕੂੜੀ ਕਿਰਿਆ ਦਏ ਨਵਾਰ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸਤਿਜੁਗ ਸਾਚਾ ਕਰੇ ਉਜਿਆਰ, ਸਤਿ ਸਤਿਵਾਦੀ ਚੰਦ ਚੜ੍ਹਾਇੰਦਾ । ਲੋਕਮਾਤ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਗਿਆਨ, ਵਰਨ ਬਰਨ ਆਪ ਪੜ੍ਹਾਇੰਦਾ । ਆਤਮ ਪਰਮਾਤਮ ਵਖਾਏ ਨਿਸ਼ਾਨ, ਸਚ ਨਿਸ਼ਾਨਾ ਇਕ ਜਣਾਇੰਦਾ । ਨਾਦ ਧੁਨ ਸੁਣਾਏ ਰਾਗ ਕਾਨ, ਅਨਹਦ ਆਪਣਾ ਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਹਰਿ ਗੋਬਿੰਦ, ਵੇਖਣਹਾਰਾ

ਵੇਸ ਵਟਾਈਆ । ਜਨ ਭਗਤਾਂ ਲਾਹੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਜਣਾਈਆ । ਗੁਰਮੁਖ ਵੇਖੇ ਆਪਣੀ ਬਿੰਦ, ਪੂਰਬ ਲਹਿਣਾ ਝੋਲੀ ਪਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਪੁਰਖ ਅਬਿਨਾਸ਼ੀ ਸਾਗਰ ਸਿੰਧ, ਕੋਟਨ ਕੋਟ ਗੁਰ ਅਵਤਾਰ ਬੈਠਾ ਆਪਣੇ ਵਿਚ ਛੁਪਾਈਆ । ਦੀਨ ਦਿਆਲ ਠਾਕਰ ਸੁਆਮੀ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪ੍ਰਭ ਖੇਲ ਕਰਨਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਲਹਿਣਾ ਦੇਣਾ ਚੁਕੇ ਵਰਨਾਂ ਬਰਨਾਂ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਨੇਤਰ ਖੋਲ੍ਹੇ ਹਰਨਾ ਫਰਨਾ, ਨੇਤਰ ਨੈਣ ਨੈਣ ਮਿਲਾਇੰਦਾ । ਸੰਤ ਕੰਤ ਮਿਟਾਵੇ ਮਰਨਾ ਡਰਨਾ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਗੁਰਮੁਖ ਇਕ ਵਖਾਏ ਸਾਚੀ ਸਰਨਾ, ਚਰਨ ਸਰਨ ਕਵਲ ਧਿਆਨ ਲਗਾਇੰਦਾ । ਗੁਰਮੁਖ ਗੁਰ ਚਰਨ ਦੁਆਰੇ ਸਾਚੇ ਵੜਨਾ, ਘਰ ਮੰਦਰ ਇਕ ਵਖਾਇੰਦਾ । ਭੈ ਭਿਆਨਕ ਕਦੇ ਨਾ ਡਰਨਾ, ਭੌ ਅਵਰ ਨਾ ਕੋਇ ਜਣਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਅੱਖਰ ਏਕਾ ਪੜ੍ਹਨਾ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਪ੍ਰਭ ਤਰਨੀ ਤਰਨਾ, ਤਾਰਨਹਾਰ ਆਪ ਹੋ ਜਾਇੰਦਾ । ਮਹੱਲ ਅਟੱਲ ਉਚ ਮਨਾਰ ਗੁਰਮੁਖ ਸੱਜਣ ਸਾਚੇ ਚੜ੍ਹਨਾ, ਸਤਿ ਸਤਿਵਾਦੀ ਸਤਿ ਆਪ ਚੜ੍ਹਾਇੰਦਾ । ਊਚੀ ਕੂਕ ਰਸਨਾ ਜਿਹਵਾ ਨਿਸ਼ਅੱਖਰ ਅੱਖਰ ਪੜ੍ਹਨਾ, ਆਖ਼ਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਇੰਦਾ । ਆਪ ਨਿਭਾਵੇ ਸਾਚਾ ਸੰਗ, ਸਤਿਗੁਰ ਹੱਥ ਵਡੀ ਵਡਿਆਈਆ । ਅੱਠੇ ਪਹਿਰ ਵਜਾਏ ਮਰਦੰਗ, ਧੁਨ ਨਾਦ ਸ਼ਨਵਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਦਿਵਸ ਰੈਣ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਕਰੇ ਪਰਕਾਸ਼ ਨੂਰੀ ਚੰਦ, ਅਗਿਆਨ ਅੰਧੇਰ ਮਿਟਾਈਆ । ਤ੍ਰੈਗੁਣ ਮਾਇਆ ਤੋੜੇ ਫੰਦ, ਅਗਨੀ ਤਤ ਨਾ ਕੋਇ ਜਲਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਹਰਿ ਰਘੁਰਾਈਆ । ਦੂਈ ਦਵੈਤ ਹਉਮੇ ਹੰਗਤਾ ਝੂਠੀ ਢਾਏ ਕੰਧ, ਭਾਂਡਾ ਭਰਮ ਭੌ ਭੰਨਾਈਆ । ਗੀਤ ਸੁਹਾਗੀ ਇਕ ਸੁਣਾਏ ਛੰਦ, ਆਤਮ ਪਰਮਾਤਮ ਕਰੇ ਪੜ੍ਹਾਈਆ । ਸਤਿਜੁਗ ਸਚ ਦੁਆਰੇ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਨੰਗੀ ਨਾ ਹੋਵੇ ਕੰਡ, ਸਮਰਥ ਤੇਰੀ ਓਟ ਤਕਾਈਆ । ਏਕਾ ਵਸਤ ਸਾਚੀ ਵੰਡ, ਅਤੋਟ ਅਤੁਟ ਰਖਾਈਆ । ਤੇਰੇ ਮੰਦਰ ਤੇਰੇ ਗ੍ਰਿਹਿ ਤੇਰਾ ਗਾਏ ਤੇਰਾ ਛੰਦ, ਦੂਸਰ ਓਟ ਨਾ ਕੋਇ ਰਖਾਈਆ । ਕਲਜੁਗ ਕਿਰਪਾ ਕਰ ਖੰਡ ਖੰਡ, ਖੰਡਾ ਆਪਣਾ ਨਾਮ ਚਮਕਾਈਆ । ਲੱਖ ਚੁਰਾਸੀ ਜੀਵ ਜੰਤ ਨਾਰ ਦੁਹਾਗਣ ਹੋਈ ਰੰਡ, ਹਰਿ ਕੰਤ ਨਾ ਕੋਇ ਮਨਾਈਆ । ਨੌਂ ਖੰਡ ਪ੍ਰਿਥਮੀ ਦਿਸੇ ਭੇਖ ਪਖੰਡ, ਤੇਰਾ ਭੇਵ ਕੋਇ ਨਾ ਪਾਈਆ । ਮਨਮੁਖ ਜੀਵ ਭਾਗਾਂ ਮੰਦ, ਭਾਗ ਆਪਣਾ ਨਾ ਸਕੇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਵੇਖੇ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਾਨਕ ਗੋਬਿੰਦ ਮੇਲਾ ਸਚ ਦਰਬਾਰ, ਦਰ ਦੁਆਰਾ ਆਪ ਸੁਹਾਇੰਦਾ । ਸੰਬਲ ਨਗਰ ਹੋ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਸਾਢੇ ਤਿੰਨ ਹੱਥ ਵੇਖੇ ਜਗਤ ਮਨਾਰ, ਰਵਦਾਸ ਚੁਮਾਰਾ ਨਾਲ ਮਿਲਾਇੰਦਾ । ਛੱਤੀ ਜੁਗ ਦਾ ਸਚ ਵਿਹਾਰ, ਲੋਕ ਪਰਲੋਕ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ

ਨੈਣ ਹੋਏ ਸ਼ਰਮਸ਼ਾਰ, ਸੀਸ ਜਗਦੀਸ਼ ਨਾ ਅੱਗੇ ਕੋਇ ਉਠਾਇੰਦਾ । ਦੋਏ ਜੋੜ ਕਰਨ ਨਿਮਸਕਾਰ, ਪਾਰਬ੍ਰਹਮ ਪ੍ਰਭ ਬੋਲ ਇਕ ਜੈਕਾਰ, ਜੈ ਜੈਕਾਰ ਆਪਣਾ ਨਾਉਂ ਕਰਾਇੰਦਾ । ਸਚਖੰਡ ਨਿਵਾਸੀ ਸਚ ਵਿਹਾਰ, ਸਚ ਦੁਆਰੇ ਆਪ ਜਣਾਇੰਦਾ । ਥਿਰ ਘਰ ਪਾਵਣਹਾਰਾ ਸਾਰ, ਦਰ ਦਰਵੇਸ਼ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਰਹਿਬਰ ਚਲਾਏ ਰਾਹ, ਰਹਿਮਤ ਆਪਣੀ ਆਪ ਕਮਾਈਆ । ਕਲਜੁਗ ਲੇਖਾ ਦਏ ਮੁਕਾ, ਲੋਕਮਾਤ ਰਹਿਣ ਨਾ ਪਾਈਆ । ਵਰਨ ਬਰਨ ਦਏ ਮਿਟਾ, ਚਾਰ ਅਠਾਰਾਂ ਵੰਡ ਨਾ ਕੋਇ ਵੰਡਾਈਆ । ਚਾਰੇ ਖਾਣੀ ਦਏ ਸਮਝਾ, ਚਾਰੇ ਬਾਣੀ ਕਰ ਪੜ੍ਹਾਈਆ । ਚਾਰ ਯਾਰੀ ਦਏ ਮਿਟਾ, ਚਾਰ ਕੁੰਟ ਵੇਖ ਵਖਾਈਆ । ਚਾਰੇ ਵੇਦਾਂ ਭੇਵ ਦਏ ਜਣਾ, ਭੇਵ ਅਭੇਦ ਆਪਣੇ ਹੱਥ ਰਖਾਈਆ । ਜੁਗ ਚੌਕੜੀ ਪੰਧ ਮੁਕਾ, ਬਣ ਪਾਂਧੀ ਫੇਰਾ ਪਾਈਆ । ਨਾਮ ਮਰਦੰਗ ਇਕ ਵਜਾ, ਵਡ ਮਰਦਾਨਗੀ ਆਪ ਵਖਾਈਆ । ਸੰਬਲ ਨਗਰ ਡੇਰਾ ਲਾ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ਼ਾਹ ਸੁਲਤਾਨ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਸਰਬ ਸਲਾਮ, ਸਜਦਾ ਸੀਸ ਜਗਦੀਸ਼ ਝੁਕਾਇੰਦਾ । ਕਲਜੁਗ ਅੰਤਮ ਵੇਖੇ ਕਲਾਮ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਚੌਦਾਂ ਤਬਕ ਹੋਏ ਹੈਰਾਨ, ਹਰਿ ਜੂ ਕੀ ਖੇਲ ਕਰਾਇੰਦਾ । ਚੌਦਾਂ ਲੋਕ ਮਿਟੇ ਨਿਸ਼ਾਨ, ਚੌਦਸ ਚੰਦ ਨਾ ਕੋਇ ਚੜ੍ਹਾਇੰਦਾ । ਚੌਦਾਂ ਵਿਦਿਆ ਜਗਤ ਨਾਦਾਨ, ਆਤਮ ਗਿਆਨ ਨਾ ਕੋਇ ਦ੍ਰਿੜਾਇੰਦਾ । ਭਗਤ ਦੁਆਰਾ ਇਕ ਮਹਾਨ, ਸ੍ਰੀ ਭਗਵਾਨ ਆਪ ਖੁਲ੍ਹਾਇੰਦਾ । ਸਚਖੰਡ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਵੇਖਣਹਾਰਾ ਦੋ ਜਹਾਨ, ਲੋਕਮਾਤ ਫੇਰਾ ਪਾਇੰਦਾ । ਆਤਮ ਪਰਮਾਤਮ ਕਰੇ ਪਰਵਾਨ, ਪਰਮ ਪੁਰਖ ਪ੍ਰਭ ਦਇਆ ਕਮਾਇੰਦਾ । ਏਕਾ ਮੰਦਰ ਇਕ ਮਕਾਨ, ਗੁਰੂਦੁਆਰਾ ਇਕ ਸੁਹਾਇੰਦਾ । ਏਕਾ ਠਾਕਰ ਸਵਾਮੀ ਹੋਏ ਪਰਧਾਨ, ਇਸ਼ਟ ਗੁਰਦੇਵ ਏਕਾ ਨਜ਼ਰੀ ਆਇੰਦਾ । ਏਕਾ ਪੈਗ਼ੰਬਰ ਦੇਵੇ ਦਾਨ, ਦਸਤਗੀਰ ਏਕਾ ਦਸਤ ਮਿਲਾਇੰਦਾ । ਏਕਾ ਚਤੁਰਭੁਜ ਵਖਾਏ ਨਿਸ਼ਾਨ, ਆਦਿ ਸ਼ਕਤ ਏਕਾ ਨੂਰ ਧਰਾਇੰਦਾ । ਏਕਾ ਅੱਖਰ ਕਰ ਪਰਧਾਨ, ਜਗਤ ਵੱਖਰ ਆਪ ਪੜ੍ਹਾਇੰਦਾ । ਰਾਗ ਰਾਗਨੀ ਹੋਏ ਹੈਰਾਨ, ਗਾ ਗਾ ਹਰਿ ਕਾ ਅੰਤ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਣ, ਸ਼ਹਿਨਸ਼ਾਹ ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਅੰਤਮ ਸਾਰੇ ਰੱਖ ਕੇ ਗਏ ਧਿਆਨ, ਨਿਗਾਹਬਾਨ ਕਵਣ ਵੇਸ ਵਟਾਇੰਦਾ । ਵਡ ਪੈਗ਼ੰਬਰ ਹੋਏ ਮਿਹਰਵਾਨ, ਮਿਹਬਾਨ ਬੀਦੋ ਆਪਣੀ ਖੇਲ ਕਰਾਇੰਦਾ । ਸ਼ਰਅ ਸ਼ਰੀਅਤ ਵੇਖੇ ਆਣ, ਲਾਸ਼ਰੀਕ ਫੇਰਾ ਪਾਇੰਦਾ । ਰਾਮ ਰਮੱਯਾ ਇਕ ਭਗਵਾਨ, ਕਾਹਨਾ ਕੰਸਾ ਲਹਿਣਾ ਦੇਣਾ ਮੂਲ ਮੁਕਾਇੰਦਾ । ਈਸਾ ਮੂਸਾ ਇਕ ਪੈਗਾਮ, ਸੰਗ ਮੁਹੰਮਦ ਆਪ ਪੜ੍ਹਾਇੰਦਾ । ਨਾਨਕ ਨਿਰਗੁਣ ਸਤਿਨਾਮ, ਸਤਿ ਸਤਿ ਜਣਾਇੰਦਾ । ਗੋਬਿੰਦ ਡੰਕਾ ਵਿਚ ਜਹਾਨ, ਫ਼ਤਹਿ ਆਪਣਾ ਰੂਪ ਵਖਾਇੰਦਾ । ਸਤਿ ਸੰਦੇਸ਼ਾ ਨੌਜਵਾਨ, ਨੌਂ ਨੌਂ ਧਾਰ ਆਪ ਜਣਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਕੁਲਵੰਤਾ ਆਪ ਕਰਾਇੰਦਾ । ਬੇਅੰਤਾ ਪਰਵਰਦਿਗਾਰ, ਬੇਪਰਵਾਹ ਰਾਹ ਚਲਾਇੰਦਾ । ਕਲ ਕਲਕੀ ਲੈ ਅਵਤਾਰ, ਅਕਲ ਕਲਾ ਖੇਲ ਕਰਾਇੰਦਾ । ਪਿਛਲਾ ਲੇਖਾ ਮੇਟੇ ਸਰਬ ਸੰਸਾਰ, ਅਗਲਾ ਮਾਰਗ ਆਪੇ ਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ੁਵਾਰ,

ਸੀਸ ਤਾਜ ਨਾ ਕੋਇ ਟਿਕਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਵੇਖੇ ਵਾਰੋ ਵਾਰ, ਅਠਸਠ ਤੀਰਥ ਆਪਣਾ ਫੇਰਾ ਪਾਇੰਦਾ । ਨਵ ਨੌਂ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਦੇਵੇ ਨਾ ਕੋਇ ਸਹਾਰ, ਸਿਰ ਹੱਥ ਨਾ ਕੋਇ ਟਿਕਾਇੰਦਾ । ਕਾਗਦ ਕਲਮ ਨਾ ਕੋਇ ਆਧਾਰ, ਲਿਖ ਲਿਖ ਸ਼ਾਹੀ ਗਈ ਹਾਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਜਿਸ ਜਨ ਉਪਰ ਕਿਰਪਾ ਕਰੇ ਆਪ ਨਿਰੰਕਾਰ, ਤਿਸ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਹੋ ਖ਼ਬਰਦਾਰ, ਬੇਖ਼ਬਰ ਆਪ ਜਗਾਇੰਦਾ । ਭਗਤ ਭਗਵੰਤ ਲਏ ਉਠਾਲ, ਭਗਵਨ ਆਪਣੇ ਰੰਗ ਰੰਗਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਲਾਲਣ ਆਪਣੀ ਗੋਦ ਸੁਹਾਇੰਦਾ । ਨੇੜ ਨਾ ਆਏ ਕਾਲ ਮਹਾਕਾਲ, ਕਲਜੁਗ ਅੰਤਮ ਹੱਲ ਕਰੇ ਸਵਾਲ, ਜਿਸ ਜਨ ਆਪਣੇ ਅੰਗ ਲਗਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਆਤਮ ਪਰਮਾਤਮ ਜੋੜ ਜੁੜਾਇੰਦਾ । ਵੇਖਣਹਾਰਾ ਹੱਕ ਹਲਾਲ, ਹੱਕ ਹਕੀਕਤ ਖੋਜ ਖੁਜਾਇੰਦਾ । ਏਥੇ ਓਥੇ ਦੋ ਜਹਾਨਾਂ ਚਲੇ ਨਾਲ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਧਾਰਾ ਆਪ ਸਮਝਾਇੰਦਾ । ਸਾਚੀ ਧਾਰਾ ਸਾਚੇ ਮੰਦਰ, ਹਰਿ ਸਤਿਗੁਰ ਆਪ ਜਣਾਈਆ । ਕਾਇਆ ਮਾਟੀ ਡੂੰਘੀ ਕੰਦਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਾਗ ਲਗਾਏ ਖੇੜੇ ਖੰਡਰ, ਖੰਡਾ ਏਕਾ ਨਾਮ ਚਮਕਾਈਆ । ਮਨ ਵਾਸਨਾ ਮੇਟੇ ਬੰਦਰ, ਬੰਦੀਖ਼ਾਨਾ ਏਕਾ ਪਾਈਆ । ਮੇਲ ਮਿਲਾਵਾ ਅੰਦਰੇ ਅੰਦਰ, ਘਰ ਘਰ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮਾਰਗ ਲਾਈਆ । ਅੰਦਰੇ ਅੰਦਰ ਮਿਲੇ ਪ੍ਰਭ ਆਪ, ਆਪਣੀ ਦਇਆ ਆਪ ਕਮਾਇੰਦਾ । ਜਨਮ ਜਨਮ ਦਾ ਮੇਟੇ ਸੰਤਾਪ, ਰੋਗ ਸੋਗ ਨਾ ਕੋਇ ਵਖਾਇੰਦਾ । ਸੁਰਤੀ ਸ਼ਬਦੀ ਮੇਲਾ ਕਮਲਾਪਾਤ, ਕਵਲ ਨੈਣ ਨੈਣ ਨੈਣ ਮਟਕਾਇੰਦਾ । ਫੜ ਉਤਾਰੇ ਆਪਣੇ ਘਾਟ, ਪਿਛਲਾ ਘਾਟਾ ਪੂਰ ਕਰਾਇੰਦਾ । ਅੱਗੇ ਨੇੜੇ ਦਿਸੇ ਵਾਟ, ਕਲਜੁਗ ਕੂੜਾ ਪੰਧ ਮੁਕਾਇੰਦਾ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਇੰਦਾ । ਆਤਮ ਸੇਜਾ ਵੇਖੇ ਖਾਟ, ਆਤਮ ਪਰਮਾਤਮ ਜੋੜ ਜੁੜਾਇੰਦਾ । ਈਸ਼ ਜੀਵ ਬੰਨ੍ਹੇ ਨਾਤ, ਜਗਦੀਸ਼ ਰੰਗ ਰੰਗਾਇੰਦਾ । ਸਦਾ ਸੁਹੇਲਾ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਲੇਖਾ ਜਾਣੇ ਅਨਾਥਾਂ ਨਾਥ, ਨਾਥ ਅਨਾਥਾਂ ਆਪਣੇ ਗਲੇ ਲਗਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਏਕਾ ਰੰਗ ਰੰਗਾਏ ਕਾਇਨਾਤ, ਚਾਰ ਕੁੰਟ ਦਹਿ ਦਿਸ਼ਾ ਦੂਸਰ ਵੰਡ ਨਾ ਕੋਇ ਵੰਡਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਆਤਮ ਤਾਕੀ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਪੜ੍ਹਾਏ ਸਾਚੀ ਗਾਥ, ਸੋਹੰ ਢੋਲਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਸੰਸਾਰ, ਸਤਿ ਸਤਿਵਾਦੀ ਆਪ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਆਪਣਾ ਰੂਪ ਵਟਾਈਆ । ਫੜ ਫੜ ਬਾਹੋਂ ਆਪਣੇ ਅੰਦਰ ਲਏ ਵਾੜ, ਬਚਿਆ ਕੋਇ ਰਹਿਣ ਨਾ ਪਾਈਆ । ਚਾਰ ਜੁਗ ਦੇ ਵਿਛੜੇ ਕਰ ਨਿਮਸਕਾਰ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਜਗਤ ਬਲ ਮੇਟੇ ਹੰਕਾਰ, ਅਛਲ ਅਛੱਲ ਵੇਸ ਵਟਾਈਆ । ਜਲ ਥਲ ਮਹੀਅਲ ਪਾਵੇ ਸਾਰ, ਉਚੇ

ਟਿੱਲੇ ਪਰਬਤ ਡੂੰਘੇ ਸਾਗਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਸਮਰਥ, ਅੰਤਮ ਆਪਣੇ ਹੱਥ ਰਖਾਇੰਦਾ । ਸੱਤ ਚਾਰ ਪਾਏ ਨੱਥ, ਏਕਾ ਡੋਰੀ ਨਾਮ ਰਖਾਇੰਦਾ । ਆਪਣੇ ਖਾਤੇ ਲਏ ਘੱਤ, ਡੂੰਘਾ ਖ਼ਾਤਾ ਆਪ ਵਖਾਇੰਦਾ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਹੱਡ ਮਾਸ ਨਾੜੀ ਨਾ ਕੋਈ ਰੱਤ, ਮਨ ਮਤ ਬੁਧ ਨਾ ਕੋਇ ਦ੍ਰਿੜਾਇੰਦਾ । ਪੁਰਖ ਅਕਾਲ ਦੀਨ ਦਿਆਲ, ਏਕਾ ਨਿਰਗੁਣ ਨੂਰ ਜੋਤ ਕਰ ਪਰਕਾਸ਼, ਪਰਕਾਸ਼ਵਾਨ ਆਪਣਾ ਰੂਪ ਪਰਗਟਾਇੰਦਾ । ਜੁਗ ਚੌਕੜੀ ਕਰ ਕਰ ਦਾਸੀ ਦਾਸ, ਸੇਵਕ ਸਾਚੀ ਸੇਵ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵੇਖ ਖੇਲ ਤਮਾਸ਼, ਖ਼ਾਲਕ ਖ਼ਲਕ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪ ਜਣਾਇੰਦਾ । ਕਲਜੁਗ ਅੰਤਮ ਜਾਣਾ ਜਾਣ, ਜਾਨਣਹਾਰ ਆਪ ਜਣਾਈਆ । ਪਰਗਟ ਹੋ ਸ੍ਰੀ ਭਗਵਾਨ, ਭਗਤਨ ਮੇਲਾ ਚਾਈਂ ਚਾਈਂਆ । ਏਕਾ ਜਾਣੇ ਗੋਪੀ ਕਾਹਨ, ਬੰਸਰੀ ਨਾਮ ਇਕ ਸੁਣਾਈਆ । ਲੱਖ ਚੁਰਾਸੀ ਪਰਨਾਏ ਸੁਰਤੀ ਸੀਤਾ ਰਾਮ, ਰਮੱਯਾ ਆਪਣੀ ਕਰੇ ਆਪ ਕੁੜਮਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਕਾਇਆ ਮੰਦਰ ਖੇੜਾ ਵੇਖੇ ਗਰਾਮ, ਘਟ ਘਟ ਆਪਣਾ ਡੇਰਾ ਲਾਈਆ । ਮਧਸੂਦਨ ਦਾਮੋਦਰ ਸੁਆਮੀ ਪਿਆਵਣਹਾਰਾ ਏਕਾ ਜਾਮ, ਮਧੁ ਪਿਆਲਾ ਦੀਨ ਦਿਆਲਾ ਆਤਮ ਰਸ ਹੋ ਬੇਵਸ, ਬੇਦਰਦੀ ਦਰਦੀਆਂ ਦਰਦ ਵੰਡਾਈਆ । ਆਦਿ ਜੁਗਾਦਿ ਨਾ ਹੋਏ ਵਿਨਾਸ਼, ਜੁਗ ਚੌਕੜੀ ਵੇਖੇ ਖੇਲ ਤਮਾਸ਼, ਤੇਈ ਅਵਤਾਰਾਂ ਦੇਵੇ ਰਾਸ, ਭਗਤ ਅਠਾਰਾਂ ਕਰੇ ਬੰਦ ਖ਼ੁਲਾਸ, ਈਸਾ ਮੂਸਾ ਮੁਹੰਮਦ ਏਕਾ ਨੂਰ ਕਰੇ ਪਰਕਾਸ਼, ਨਾਨਕ ਗੋਬਿੰਦ ਮੇਲ ਮਿਲਾਏ ਸ਼ਾਹੋ ਸ਼ਾਬਾਸ਼, ਸਚਖੰਡ ਵਸੇ ਸੱਚਾ ਮਾਹੀਆ । ਕਲਜੁਗ ਅੰਤਮ ਚੌਥੇ ਜੁਗ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਗੁਰਸਿਖਾਂ ਲਹਿਣਾ ਦੇਣਾ ਚੁਕਾਏ ਦਸ ਦਸ ਮਾਸ, ਮਾਤ ਗਰਭ ਨਾ ਫੇਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਰੰਗ ਰੰਗਾਈਆ । ਦੀਨਨ ਰੰਗ ਚਾੜ੍ਹੇ ਮਜੀਠ, ਲੋਕਮਾਤ ਉਤਰ ਕਦੇ ਨਾ ਜਾਇੰਦਾ । ਪ੍ਰਭ ਕਰੇ ਖੇਲ ਅਨਡੀਠ, ਜਗਤ ਨੇਤਰ ਦਿਸ ਨਾ ਆਇੰਦਾ । ਕਰਵਟ ਲੈ ਨਾ ਬਦਲੇ ਪੀਠ, ਭੇਵ ਅਭੇਦ ਨਾ ਕੋਇ ਖੁਲਾਇੰਦਾ । ਪਾਰਬ੍ਰਹਮ ਬ੍ਰਹਮ ਸੁਣਾਏ ਸਾਚਾ ਗੀਤ, ਹੱਡ ਮਾਸ ਨਾੜੀ ਚੰਮ ਪਰਦਾ ਪਾਇੰਦਾ । ਜੁਗਾ ਜੁਗੰਤਰ ਜਾਣੇ ਆਪਣੀ ਰੀਤ, ਮੰਦਰ ਮਸਜਿਦ ਮੱਠ ਸ਼ਿਵਦੁਆਲੇ ਬਣਾਇੰਦਾ । ਵਸਣਹਾਰਾ ਹਸਤ ਕੀਟ, ਊਚ ਨੀਚ ਭੇਵ ਚੁਕਾਇੰਦਾ । ਸਦਾ ਸੁਹੇਲਾ ਇਕ ਇਕੇਲਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਕਲਜੁਗ ਅੰਤਮ ਜਨ ਭਗਤਾਂ ਕਰੇ ਸਚ ਪ੍ਰੀਤ, ਪਰਮ ਪੁਰਖ ਆਪਣਾ ਮੇਲ ਮਿਲਾਇੰਦਾ । ਸੋਹੰ ਢੋਲਾ ਗਾਏ ਗੀਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਲੋਕ ਸਰਬ ਕੁਰਲਾਇੰਦਾ । ਚੌਦਾਂ ਤਬਕ ਪਰਖਣਹਾਰਾ ਨੀਤ, ਨੀਤੀਵਾਨ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰ ਗੁਰ ਅਵਤਾਰ ਸਾਚੇ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲੱਗੇ ਜਗ, ਜਗਜੀਵਣ ਦਾਤਾ ਆਪ ਲਗਾਈਆ । ਹੰਸ ਬਣਾਏ ਫੜ ਫੜ ਕੱਗ, ਕਾਗੋਂ ਹੰਸ ਆਪ ਉਡਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦੁਆਰੇ ਮੋਹ ਮਿਟਾਈਆ । ਜਨਮ ਜਨਮ ਦੀ ਬੁਝਾਵਣਹਾਰਾ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਜੋ ਜਨ ਸਰਨਾਈ ਗਿਆ ਲੱਗ, ਜਨਮ ਮਰਨ ਵਿਚ ਨਾ ਆਈਆ । ਏਕਾ ਅੰਮ੍ਰਿਤ ਜਾਮ ਪਿਆਏ

ਮਦਿ, ਮਧੁਰ ਨੈਣ ਆਪਣਾ ਦਰਸ ਦਖਾਈਆ । ਜਗਤ ਤ੍ਰਿਸ਼ਨਾ ਪਾਰ ਹੱਦ, ਅੱਧਵਿਚਕਾਰ ਨਾ ਕੋਇ ਅਟਕਾਈਆ । ਗ੍ਰਿਹਿ ਮੰਦਰ ਵੱਜੇ ਸਾਚਾ ਨਦ, ਅਨਹਦ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਵਿਸ਼ਨੂੰ ਯਦ, ਵਿਸ਼ਵ ਆਪਣਾ ਭੇਵ ਚੁਕਾਈਆ । ਵਿਸ਼ਨ ਵਿਸ਼ਵ ਵੇਖ ਕਲ, ਅਕਲ ਕਲ ਧਾਰੀ ਖੇਲ ਕਰਾਇੰਦਾ । ਜੁਗ ਚੌਕੜੀ ਅਛਲ ਅਛੱਲ, ਵਲ ਛਲ ਆਪਣਾ ਰੂਪ ਪਰਗਟਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਲੋਕਮਾਤ ਫੇਰਾ ਪਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵੰਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਘੱਲ, ਜਗਤ ਸੰਦੇਸ਼ਾ ਸ਼ਬਦ ਸੁਣਾਇੰਦਾ । ਲੱਖ ਚੁਰਾਸੀ ਜੀਵ ਜੰਤ ਮਾਇਆ ਮਮਤਾ ਹਉਮੇ ਹੰਗਤਾ ਗਏ ਰਲ, ਆਤਮ ਪਰਮਾਤਮ ਗਿਆਨ ਨਾ ਕੋਇ ਦ੍ਰਿੜਾਇੰਦਾ । ਕੂੜੀ ਕਿਰਿਆ ਚੜ੍ਹਿਆ ਰੰਗ, ਕਾਇਆ ਮਾਟੀ ਝੂਠੀ ਖੱਲ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਇੰਦਾ । ਸਤਿ ਸੰਤੋਖ ਧੀਰਜ ਜਤ ਚਾਰ ਕੁੰਟ ਗਿਆ ਹਲ, ਦਹਿ ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਪੁਰਖ ਅਬਿਨਾਸ਼ੀ ਵਡ ਪਰਬਲ, ਪਰਮ ਪੁਰਖ ਪੁਰਖ ਅਬਿਨਾਸ਼ਾ ਆਪਣਾ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਰਬਤ ਦੇਵੇ ਹਲ, ਰਵ ਸਸ ਸੂਰਜ ਚੰਨ ਮੰਡਲ ਮੰਡਪ ਚਰਨਾਂ ਹੇਠ ਦਬਾਇੰਦਾ । ਲੇਖਾ ਜਾਣੇ ਧਰਨੀ ਜਲ, ਧਵਲ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਹਰਿ ਹਰਿ ਆਪਣਾ ਰਾਗ ਅਲਾਇੰਦਾ । ਹਰਿ ਮੰਦਰ ਹਰਿ ਟਿਕਾਣਾ, ਹਰਿ ਜੂ ਬੈਠਾ ਆਸਣ ਲਾਈਆ । ਸ਼ਬਦ ਅਗੰਮੀ ਇਕ ਬਬਾਣਾ, ਆਦਿ ਜੁਗਾਦਿ ਉਡਾਈਆ । ਨਾ ਕੋਈ ਵੇਖੇ ਰਾਜਾ ਰਾਣਾ, ਗੁਰਮੁਖ ਵੇਖਣ ਚਾਈਂ ਚਾਈਂਆ । ਜਿਸ ਜਨ ਮਿਲਿਆ ਸ੍ਰੀ ਭਗਵਾਨਾ, ਭਗਵਨ ਆਪਣੀ ਗੋਦ ਬਹਾਈਆ । ਲੇਖਾ ਚੁੱਕੇ ਦੋ ਜਹਾਨਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਪ੍ਰਭ ਸਰਨ ਹਰਿ ਚਰਨ ਕਵਲ ਮਿਲੇ ਧਿਆਨਾ, ਆਤਮ ਨੇਤਰ ਕਾਇਆ ਖੇਤਰ ਇਕ ਵਖਾਈਆ । ਏਕਾ ਏਕ ਪਦ ਨਿਰਬਾਣਾ, ਪਰਮ ਪੁਰਖ ਦਏ ਵਡਿਆਈਆ । ਏਕਾ ਸਤਿ ਸੰਤੋਖੀ ਬੰਨ੍ਹੇ ਗਾਨਾ, ਹਰਿਜਨ ਸਾਚਾ ਸਗਨ ਮਨਾਈਆ । ਏਕਾ ਘਰ ਸੋਹੇ ਮਕਾਨਾ, ਮਕਬਰਾ ਹੋਰ ਨਾ ਕੋਇ ਵਖਾਈਆ । ਸਾਚਾ ਹੁਜਰਾ ਕਰ ਪਰਵਾਨਾ, ਸਚ ਮਹਿਰਾਬੇ ਰੰਗ ਚੜ੍ਹਾਈਆ । ਸਾਚਾ ਕਾਅਬਾ ਖੇਲ ਮਹਾਨਾ, ਦੋਏ ਦੋਏ ਆਬਾ ਵੇਖ ਵਖਾਈਆ । ਸ਼ਾਹ ਨਵਾਬਾ ਹੋ ਪਰਧਾਨਾ, ਰਹਿਮਤ ਆਪਣੀ ਆਪ ਕਮਾਈਆ । ਨਾਦ ਬਾਂਗ ਧੁਨ ਅਜ਼ਾਂ ਏਕਾ ਗਾਣਾ, ਜੁਗ ਜੁਗ ਆਪ ਸੁਣਾਈਆ । ਪੀਰ ਪੈਗ਼ੰਬਰ ਸੰਗ ਮੁਹੰਮਦ ਚਾਰ ਯਾਰ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਤੇਰੀ ਕੁਦਰਤ ਤੇਰਾ ਖੇਲ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਜਾਏ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਜਗਤ ਤ੍ਰਿਸ਼ਨਾ ਬੁਝੇ ਅੱਗ, ਹਰਿ ਪੁਰਖ ਨਿਰੰਜਣ ਆਪ ਬੁਝਾਇੰਦਾ । ਭਗਤ ਭਗਵਾਨ ਦਰ ਸਾਚੇ ਸੱਦ, ਏਕੰਕਾਰ ਪਰਦਾ ਲਾਹਿੰਦਾ । ਆਦਿ ਨਿਰੰਜਣ ਚਾੜ੍ਹੇ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਅਬਿਨਾਸ਼ੀ ਕਰਤਾ ਸੁਣਾਏ ਛੰਦ, ਸਾਚਾ ਢੋਲਾ ਆਪ ਅਲਾਇੰਦਾ । ਸ੍ਰੀ ਭਗਵਾਨ ਮੁਕਾਏ ਪੰਧ, ਨੇੜਾ ਦੂਰ ਨਾ ਕੋਇ ਜਣਾਇੰਦਾ । ਪਾਰਬ੍ਰਹਮ ਬ੍ਰਹਮ ਵੰਡਣ ਵੰਡ, ਬ੍ਰਹਮ ਲੇਖਾ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਅੰਤਮ ਜੁਗ, ਜਗ ਕਰਤਾ ਆਪ ਕਰਾਈਆ । ਕਲਜੁਗ

ਔਧ ਗਈ ਪੁਗ, ਚਾਰ ਬੱਤੀ ਨਾ ਕੋਇ ਜਣਾਈਆ । ਬਿਨ ਹਰਿ ਨਾਮੇ ਬੂਟਾ ਰਿਹਾ ਸੁੱਕ, ਹਰਾ ਸਿੰਚ ਨਾ ਕੋਇ ਕਰਾਈਆ । ਸਚ ਸੁਚ ਬੈਠਾ ਲੁਕ, ਜੂਠ ਝੂਠ ਹੋਈ ਰੁਸ਼ਨਾਈਆ । ਪੰਚ ਵਿਕਾਰਾ ਰਿਹਾ ਲੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਨਾ ਕੋਈ ਜਾਏ ਸਾਚਾ ਸੁਤ, ਪਿਤਾ ਪੂਤ ਨਾ ਕੋਇ ਵਡਿਆਈਆ । ਨਾਰ ਕੰਤ ਨਾ ਸੋਹੇ ਰੁੱਤ, ਵਿਭਚਾਰ ਰਹੀ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਨਿਰਾਕਾਰ ਏਕਾ ਪਿਆ ਉਠ, ਬਲ ਆਪਣਾ ਆਪ ਪਰਗਟਾਈਆ । ਚਾਰ ਜੁਗ ਦੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਰਿਹਾ ਪੁੱਛ, ਲੁਕਿਆ ਕੋਇ ਰਹਿਣ ਨਾ ਪਾਈਆ । ਲੋਕਮਾਤ ਕਵਣ ਨਾਮ ਕਵਣ ਧਨ ਕਵਣ ਵਸਤ ਰੱਖੀ ਕੋਲ, ਪਰਦਾ ਪਰਦਾ ਰਿਹਾ ਉਠਾਈਆ । ਪਾਰਬ੍ਰਹਮ ਪ੍ਰਭ ਤੋਲਣ ਆਇਆ ਸਾਚਾ ਤੋਲ, ਨਾਮ ਕੰਡਾ ਹੱਥ ਉਠਾਈਆ । ਜੀਵ ਜੰਤ ਸਾਧ ਸੰਤ ਰਹੇ ਅਨਭੋਲ, ਹਰਿ ਕਾ ਭੇਵ ਕੋਇ ਨਾ ਪਾਈਆ । ਕੂੜੀ ਕਿਰਿਆ ਕਰਿਆ ਘੋਲ, ਪ੍ਰਭ ਚਰਨ ਘੋਲੀ ਘੋਲ ਨਾ ਕੋਇ ਘੁਮਾਈਆ । ਹਰਿ ਕਾ ਭੇਵ ਨਾ ਪਾਏ ਕੋਈ ਪੰਡਤ ਪਾਂਧਾ ਰੌਲ, ਮੁਲਾਂ ਸ਼ੇਖ਼ ਮੁਸਾਇਕ ਪੀਰ ਫ਼ਤਵਾ ਸਕੇ ਨਾ ਕੋਇ ਲਾਈਆ । ਅੰਤਮ ਪਰਗਟ ਹੋਇਆ ਉਪਰ ਧੌਲ, ਧਰਨੀ ਹੌਲਾ ਭਾਰ ਕਰਾਈਆ । ਦਰ ਘਰ ਸਾਚੇ ਬੈਠਾ ਰਹੇ ਅਡੋਲ, ਅਡੋਲ ਡੁਲ ਕਦੇ ਨਾ ਜਾਈਆ । ਭਗਤ ਦੁਆਰਾ ਏਕਾ ਖੋਲ੍ਹ, ਸਚ ਮਹੱਲੇ ਦਏ ਵਡਿਆਈਆ । ਸੋਹੰ ਸ਼ਬਦ ਸਾਚਾ ਬੋਲ, ਚਾਰ ਵਰਨ ਕਰੇ ਪੜ੍ਹਾਈਆ । ਦੇਵੇ ਵਸਤ ਇਕ ਅਨਮੋਲ, ਅਨਮੁਲੜੀ ਦਾਤ ਆਪ ਵਰਤਾਈਆ । ਸਦਾ ਸੁਹੇਲਾ ਰੱਖੇ ਆਪਣੇ ਕੋਲ, ਨਾਨਕ ਨਿਰਗੁਣ ਗਿਆ ਸਮਝਾਈਆ । ਮੌਲਾ ਰੂਪ ਹੋ ਕੇ ਜਾਏ ਮੌਲ, ਮਵਲ ਆਪਣਾ ਭੇਵ ਚੁਕਾਈਆ । ਆਦਿ ਪੁਰਖ ਆਦਿ ਕਰਿਆ ਕੌਲ, ਅੰਤ ਆਪਣਾ
੪੪੨ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਦਾਨ, ਈਸ਼ ਜੀਵ ਜਗਦੀਸ਼ ਮੇਲੇ ਆਣ, ਬ੍ਰਹਮ ਪਾਰਬ੍ਰਹਮ ਪ੍ਰਭ ਆਪਣੇ ਵਿਚ ਸਮਾਈਆ । ੪੪੨



## ✳ ੨੪ ਹਾੜ ੨੦੧੯ ਬਿਕਰਮੀ ਲਛਮਣ ਸਿੰਘ ਦੇ ਗ੍ਰਿਹ ਪਿੰਡ ਧਨੌਰੀ ਜ਼ਿਲਾ ਅੰਬਾਲਾ ✳

ਸਚਖੰਡ ਦੁਆਰੇ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਅਲੱਖ ਅਗੋਚਰ ਆਪ ਕਰਾਇੰਦਾ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਹੁਕਮੀ ਹੁਕਮ ਅਪਰ ਅਪਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਘਰ ਠਾਕਰ ਸਵਾਮੀ ਜੋਤੀ ਜੋਤ ਡਗਮਗਾਇੰਦਾ । ਥਿਰ ਘਰ ਖੋਲ੍ਹਣਹਾਰ ਕਿਵਾੜ, ਵੇਖੇ ਵਿਗਸੇ ਵੇਖਣਹਾਰ, ਆਪਣੀ ਕਲ ਆਪ ਧਰਾਇੰਦਾ । ਰੂਪ ਅਨੂਪ ਸ਼ਾਹੋ ਭੂਪ ਬੇਅੰਤ ਬੇਐਬ ਪਰਵਰਦਿਗਾਰ, ਜਲਵਾ ਨੂਰ ਨੂਰ ਚਮਕਾਇੰਦਾ । ਮੁਕਾਮੇ ਹੱਕ ਵਸੇ ਸਾਂਝਾ ਯਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਮਹੱਲ ਅਟੱਲ ਉਚ ਮਨਾਰ, ਇਕ ਇਕੱਲਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਇੰਦਾ । ਸਚਖੰਡ ਦੁਆਰੇ ਹੋ ਪਰਧਾਨ, ਸਤਿ ਸਤਿਵਾਦੀ ਵੇਸ ਵਟਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਨਿਰਗੁਣ ਨਿਰਗੁਣ

ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਧਰਾਇੰਦਾ । ਸਾਚੀ ਕਲ ਆਪੇ ਰੱਖ, ਹਰਿ ਕਰਤਾ ਖੇਲ ਕਰਾਈਆ । ਸਚਖੰਡ ਦੁਆਰੇ ਹੋ ਪਰਤੱਖ, ਸਤਿ ਸਤਿਵਾਦੀ ਸੋਭਾ ਪਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕੱਥ ਕੱਥੀ ਨਾ ਜਾਈਆ । ਆਪਣੇ ਅੰਤਰ ਆਪਣੀ ਵਥ, ਵਸਤ ਅਮੋਲਕ ਆਪ ਪਰਗਟਾਈਆ । ਆਪਣਾ ਮਾਰਗ ਆਪੇ ਦੱਸ, ਬਣ ਰਹਿਬਰ ਸੇਵ ਕਮਾਈਆ । ਨਿਰਗੁਣ ਜੋਤ ਨੂਰ ਪਰਕਾਸ਼, ਆਦਿ ਨਿਰੰਜਣ ਵਡ ਵਡਿਆਈਆ । ਥਿਰ ਘਰ ਸਾਚੇ ਪਾਵੇ ਰਾਸ, ਗੋਪੀ ਕਾਹਨ ਵੇਖ ਵਖਾਈਆ । ਕਰੇ ਖੇਲ ਖੇਲ ਤਮਾਸ਼, ਵਡ ਖ਼ਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਪਰੰਪਰ ਸਵਾਮੀ, ਨਿਹਕਰਮੀ ਆਪਣਾ ਕਰਮ ਕਮਾਈਆ । ਸਚਖੰਡ ਦੁਆਰਾ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਇੰਦਾ । ਏਕੰਕਾਰਾ ਕਰ ਪਸਾਰ, ਇਕ ਇਕੱਲਾ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਵਸਣਹਾਰਾ ਧਾਮ ਨਿਆਰ, ਉਚ ਮਹੱਲਾ ਆਪ ਉਪਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਨਿਰਗੁਣ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣੀ ਇਛਿਆ ਆਪ ਪਰਗਟਾਇੰਦਾ । ਸਾਚੀ ਭਿਛਿਆ ਦੇਵਣਹਾਰ, ਵਸਤ ਅਮੋਲਕ ਆਪ ਵਰਤਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਭੇਵ ਕੋਇ ਨਾ ਆਇੰਦਾ । ਅਲੱਖ ਅਗੋਚਰ ਅਗੰਮ ਅਪਾਰ, ਬੇਐਬ ਖ਼ੁਦਾਈ ਪਰਵਰਦਿਗਾਰ, ਹੱਕ ਹਕ਼ੀਕਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਘਾੜਨ ਘੜ, ਘਰ ਮੰਦਰ ਸੋਭਾ ਪਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰ ਘਾੜਨ ਘੜਿਆ, ਘੜ ਘੜ ਆਪੇ ਵੇਖ ਵਖਾਇੰਦਾ । ਹਰਿ ਸਾਚਾ ਅੰਦਰ ਵੜਿਆ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਨਿਸ਼ਅੱਖਰ ਆਪਣਾ ਆਪੇ ਪੜ੍ਹਿਆ, ਅੱਖਰ ਰੂਪ ਨਾ ਕੋਇ ਵਟਾਇੰਦਾ । ਸਾਚਾ ਪੱਲੂ ਆਪੇ ਫੜਿਆ, ਫੜ ਪੱਲੂ ਸਗਨ ਮਨਾਇੰਦਾ । ਨਿਰਗੁਣ ਨਾਰੀ ਨਿਰਗੁਣ ਕੰਤ ਕੰਤੂਹਲ ਏਕਾ ਵਰਿਆ, ਘਰ ਮੰਦਰ ਆਪ ਸੁਹਾਇੰਦਾ । ਦਾਈ ਦਾਇਆ ਪੁਰਖ ਅਬਿਨਾਸ਼ੀ ਆਪੇ ਬਣਿਆ, ਦੂਸਰ ਨਜ਼ਰ ਕੋਇ ਨਾ ਆਇੰਦਾ । ਜਨਨੀ ਜਨ ਸੁਤ ਦੁਲਾਰਾ ਏਕਾ ਜਣਿਆ, ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰੇ ਸਾਚਾ ਸੁਤ, ਸੋ ਪੁਰਖ ਨਿਰੰਜਣ ਆਪ ਉਪਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਚਲਾਈਆ । ਨਿਰਵੈਰ ਸੁਹਾਈ ਆਪਣੀ ਰੁੱਤ, ਪੁਰਖ ਅਕਾਲ ਵਡੀ ਵਡਿਆਈਆ । ਸਚ ਦੁਆਰੇ ਹੋ ਉਤਪਤ, ਆਪੇ ਵੇਖੇ ਚਾਈਂ ਚਾਈਆ । ਪੰਜ ਤਤ ਨਾ ਕੋਇ ਬੁੱਤ, ਤ੍ਰੈਗੁਣ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸਾਚਾ ਸੁਤ ਸ਼ਬਦੀ ਧਾਰ, ਧਾਰ ਧਾਰ ਵਿਚ ਪਰਗਟਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਕੋਇ ਨਾ ਆਇੰਦਾ । ਸੁਤ ਦੁਲਾਰਾ ਕਰ ਤਿਆਰ, ਹਰਿ ਨਿਰੰਕਾਰਾ ਹੁਕਮ ਜਣਾਇੰਦਾ । ਤੇਰਾ ਮੇਰਾ ਇਕ ਪਿਆਰ, ਹਰਿ ਜੂ ਏਕਾ ਬੰਧਨ ਪਾਇੰਦਾ । ਥਿਰ ਘਰ ਸਾਚੇ ਖੋਲ੍ਹ ਕਿਵਾੜ, ਗ੍ਰਿਹ ਮੰਦਰ ਆਪ ਬਹਾਇੰਦਾ । ਵੇਖੇ ਵਿਗਸੇ ਵੇਖਣਹਾਰ, ਨੇਤਰ ਨੈਣ ਨੈਣ ਮਿਲਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਜੁਗ ਕਰਤਾ ਆਪ ਕਰਾਇੰਦਾ । ਸੁਤ ਦੁਲਾਰੇ ਰਹਿਣਾ ਖ਼ਬਰਦਾਰ, ਬੇਖ਼ਬਰ ਆਪ

ਉਠਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਕਰਨੀ ਕਰੇ ਆਪ ਨਿਰੰਕਾਰ, ਨਿਰਗੁਣ ਤੇਰਾ ਵੇਸ ਵਟਾਇੰਦਾ । ਸਾਚੀ ਸਿਖਿਆ ਏਕਾ ਵਾਰ, ਸਾਖਯਾਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਆਦਿ ਨਿਰੰਜਣ, ਆਦਿ ਆਦਿ ਆਪ ਕਰਾਈਆ । ਬੋਧ ਅਗਾਧਾ ਦਰਦ ਦੁੱਖ ਭੈ ਭੰਜਣ, ਅਨਭਵ ਆਪਣਾ ਰੂਪ ਦਰਸਾਈਆ । ਨੇਤਰ ਪਾਏ ਏਕਾ ਅੰਜਨ, ਅੰਜਨ ਆਪਣਾ ਨਾਉਂ ਰਖਾਈਆ । ਚਰਨ ਧੂੜ ਕਰਾਏ ਮਜਨ, ਸਰ ਸਰੋਵਰ ਇਕ ਨੁਹਾਈਆ । ਦੋ ਜਹਾਨਾਂ ਬਣ ਬਣ ਸੱਜਣ, ਸਗਲਾ ਸੰਗ ਨਿਭਾਈਆ । ਆਪੇ ਹੋਏ ਪਰਦੇ ਕੱਜਣ, ਸਮਰਥ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਰੱਖੇ ਲੱਜਣ, ਲਾਜਾਵੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਸਮਝਾਈਆ । ਸੁਤ ਦੁਲਾਰੇ ਉਠ ਉਠ ਜਾਗ, ਆਦਿ ਪੁਰਖ ਆਪ ਜਗਾਇੰਦਾ । ਤੇਰੇ ਗ੍ਰਿਹਿ ਲੱਗੇ ਭਾਗ, ਤੇਰਾ ਮੰਦਰ ਆਪ ਵਡਿਆਇੰਦਾ । ਤੇਰਾ ਰੂਪ ਕੰਤ ਸੁਹਾਗ, ਨਰ ਨਰਾਇਣ ਖ਼ੁਸ਼ੀ ਮਨਾਇੰਦਾ । ਤੇਰੇ ਅੰਤਰ ਇਕ ਆਵਾਜ਼, ਬੇਅਵਾਜ਼ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਦੇਸ਼ਾ ਨਰ ਨਰੇਸ਼ਾ ਏਕੰਕਾਰ ਆਪ ਜਣਾਇੰਦਾ । ਸਤਿ ਸੰਦੇਸ਼ਾ ਏਕੰਕਾਰ, ਅਕਲ ਕਲ ਧਾਰੀ ਆਪ ਜਣਾਈਆ । ਸਾਚੇ ਸੁਤ ਕਰ ਵਿਚਾਰ, ਸਤਿ ਸਤਿਵਾਦੀ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਧਾਰ, ਧਾਰ ਧਾਰ ਨਾਲ ਪਰਗਟਾਈਆ । ਤ੍ਰੈਗੁਣ ਮਾਇਆ ਤੇਰਾ ਭੰਡਾਰ, ਵਡ ਭੰਡਾਰੀ ਝੋਲੀ ਪਾਈਆ । ਪੰਜ ਤਤ ਤੇਰਾ ਸ਼ਿੰਗਾਰ, ਤਤਵ ਤਤ ਆਪ ਰਖਾਈਆ । ਲੱਖ ਚੁਰਾਸੀ ਤੇਰਾ ਆਧਾਰ, ਜੀਵ ਜੰਤ ਦਏ ਵਡਿਆਈਆ । ਰਵ ਸਸ ਤੇਰਾ ਉਜਿਆਰ, ਮੰਡਲ ਮੰਡਪ ਸੋਭਾ ਪਾਈਆ । ਗਗਨ ਮੰਡਲ ਤੇਰਾ ਅਖਾੜ, ਧਰਨੀ ਧਰਤ ਧਵਲ ਸੁਹਾਈਆ । ਜਲ ਥਲ ਮਹੀਅਲ ਪਾਵੇ ਸਾਰ, ਬੇਪਰਵਾਹ ਬੇਪਰਵਾਹੀਆ । ਨੱਯਾ ਚਲੇ ਅਗੰਮ ਅਪਾਰ, ਅਲੱਖ ਅਗੋਚਰ ਆਪ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਵਿਸ਼ਵ ਏਕਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਹਰਿ ਸਮਝਾਈਆ । ਸ਼ਬਦ ਸੁਤ ਉਠ ਨੇਤਰ ਖੋਲ੍ਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਨਿਰਵੈਰ ਰਹੇ ਕੋਲ, ਵਿਛੜ ਕਦੇ ਨਾ ਜਾਇੰਦਾ । ਆਦਿ ਜੁਗਾਦਿ ਦੋ ਜਹਾਨ ਤੋਲੇ ਤੇਰਾ ਤੋਲ, ਤੋਲਣਹਾਰਾ ਇਕ ਅਖਵਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਗ੍ਰਿਹਿ ਮੰਦਰ ਸਾਚੇ ਜਾਏ ਮੌਲ, ਮੌਲਾ ਆਪਣਾ ਵੇਸ ਵਟਾਇੰਦਾ । ਤੇਰੇ ਸੰਗ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣ ਪੁਰਖ ਸਮਰਥ, ਹਰਿ ਜੂ ਹਰਿ ਹਰਿ ਆਪ ਜਣਾਈਆ । ਸੁਤ ਦੁਲਾਰੇ ਤੇਰਾ ਰਥ, ਰਥ ਰਥਵਾਹੀ ਵੇਖ ਵਖਾਈਆ । ਬੋਧ ਅਗਾਧ ਮਹਿਮਾ ਅਕੱਥ, ਨਾਦ ਸ਼ਬਦ ਧੁਨ ਸ਼ਨਵਾਈਆ । ਕਰੇ ਖੇਲ ਅਲੱਖਣਾ ਅਲੱਖ, ਅਲੱਖ ਅਲੱਖਣਾ ਵਡ ਵਡਿਆਈਆ । ਆਪਣਾ ਮਾਰਗ ਆਪੇ ਦੱਸ, ਸਾਚੇ ਧੰਦੇ ਆਪੇ ਲਗਾਈਆ । ਨਿਰਗੁਣ ਨਿਰਵੈਰ ਅਜੂਨੀ ਰਹਿਤ ਸਚਖੰਡ ਦੁਆਰੇ ਆਪੇ ਵਸ, ਥਿਰ ਘਰ ਵੇਖੇ ਚਾਈਂ ਚਾਈਆ । ਆਤਮ ਪਰਮਾਤਮ ਏਕਾ ਰਸ, ਪਾਰਬ੍ਰਹਮ ਬ੍ਰਹਮ ਲਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਜਾਣ, ਹਰਿ ਸਤਿਗੁਰ ਆਪ ਜਣਾਇੰਦਾ । ਖੇਲੇ ਖੇਲ ਦੋ ਜਹਾਨ, ਤ੍ਰੈਭਵਨ ਧਨੀ ਆਪਣੀ ਕਾਰ ਕਮਾਇੰਦਾ । ਚੌਦਾਂ ਲੋਕ

ਕਰਨ ਪਰਵਾਨ, ਨਾਮ ਪਰਵਾਨਾ ਇਕ ਫੜਾਇੰਦਾ । ਚੌਦਾਂ ਤਬਕ ਖੇਲ ਮਹਾਨ, ਚਾਰ ਕੁੰਟ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਇਕ ਗਿਆਨ, ਅੰਤਰ ਆਤਮ ਆਪ ਪੜ੍ਹਾਇੰਦਾ । ਲੇਖਾ ਲਿਖਣਹਾਰ ਮਹਾਨ, ਲਿਖ ਲਿਖ ਲੇਖ ਆਪ ਸਮਝਾਇੰਦਾ । ਵੰਡਣ ਵੰਡ ਵੰਡੇ ਨੌਜਵਾਨ, ਵੰਡਣਹਾਰਾ ਦਿਸ ਨਾ ਆਇੰਦਾ । ਚਾਰੇ ਵੇਦ ਕਰ ਪਰਧਾਨ, ਚਾਰੇ ਖਾਣੀ ਦੇਵੇ ਮਾਣ, ਚਾਰੇ ਬਾਣੀ ਰੱਖੇ ਆਣ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਚਾਰੇ ਜੁਗ ਵੇਖੇ ਆਣ, ਚਾਰ ਵਰਨ ਦੇਵੇ ਦਾਨ, ਚਾਰ ਯਾਰੀ ਖੇਲ ਮਹਾਨ, ਚਾਰ ਚਾਰ ਆਪਣੇ ਰੰਗ ਰੰਗਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਆਤਮ ਪਰਮਾਤਮ ਵਡ ਬਲਵਾਨ, ਲੇਖਾ ਜਾਣੇ ਜੀਵ ਜਹਾਨ, ਜੁਗਤੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦੇਵਣਹਾਰਾ ਸਾਚਾ ਵਰ, ਸਾਚੇ ਮਾਰਗ ਆਪੇ ਲਾਇੰਦਾ । ਸਾਚੇ ਮਾਰਗ ਛੋਟਾ ਬਾਲਾ, ਹਰਿ ਜੂ ਹਰਿ ਹਰਿ ਆਪ ਲਗਾਈਆ । ਵੇਖੇ ਖੇਲ ਹਰਿ ਗੋਪਾਲਾ, ਗੁਰ ਗੁਰ ਆਪਣਾ ਵੇਸ ਵਟਾਈਆ । ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਆਪਣੀ ਦਇਆ ਕਮਾਈਆ । ਜੁਗਾ ਜੁਗੰਤਰ ਵੇਸ ਅਵਲੜਾ ਲੇਖਾ ਜਾਣੇ ਸ਼ਾਹ ਕੰਗਾਲਾ, ਸ਼ਹਿਨਸ਼ਾਹ ਆਪਣਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਏਕਾ ਤਤਵ ਤਤ ਦਏ ਸਮਝਾਈਆ । ਸਾਚਾ ਤਤ ਬ੍ਰਹਮ ਨਾਦ, ਪਾਰਬ੍ਰਹਮ ਜਣਾਇੰਦਾ । ਪੁਰਖ ਅਬਿਨਾਸ਼ੀ ਖੇਲ ਖੇਲ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਗੁਰ ਅਵਤਾਰ ਦੇਵੇ ਦਾਦ, ਪੀਰ ਪੈਗ਼ੰਬਰ ਰੰਗ ਰੰਗਾਇੰਦਾ । ਘਟ ਘਟ ਸਦਾ ਰਹੇ ਵਿਸਮਾਦ, ਬਿਸਮਿਲ ਆਪਣੀ ਖੇਲ ਕਰਾਇੰਦਾ । ਮੇਟਣਹਾਰਾ ਵਾਦ ਵਿਵਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸਾਚਾ ਸੁਤ ਸ਼ਬਦ ਦੁਲਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਠਾਕਰ ਸੁਆਮੀ ਵਡ ਸਿਕਦਾਰਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਸੇਵਕ ਭਿਖਕ ਬਣ ਭਿਖਾਰਾ, ਦਰ ਏਕਾ ਮੰਗ ਮੰਗਾਈਆ । ਜੁਗ ਚੌਕੜੀ ਤੇਰਾ ਖੇਲ ਨਿਆਰਾ, ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰੇ ਬਣ ਸੇਵਾਦਾਰਾ, ਸੇਵਕ ਸਾਚੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਹਿ ਤੇਰੇ ਮੰਗ ਮੰਗਾਈਆ । ਸਾਚੀ ਮੰਗ ਮੰਗੇ ਦਾਤ, ਸੁਤ ਸ਼ਬਦੀ ਝੋਲੀ ਡਾਹਿੰਦਾ । ਪਾਰਬ੍ਰਹਮ ਪ੍ਰਭ ਤੇਰੇ ਚਰਨ ਕਵਲ ਸਾਚਾ ਨਾਤ, ਦੂਸਰ ਨਾਤਾ ਨਾ ਕੋਇ ਰਖਾਇੰਦਾ । ਤੇਰੀ ਮੇਰੀ ਇਕ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਤੂੰ ਪਿਤਾ ਸਾਚਾ ਮਾਤ, ਹਉਂ ਬਾਲਕ ਨਾਉਂ ਰਖਾਇੰਦਾ । ਖੇਲ ਖੇਲੇਂ ਆਦਿ ਜੁਗਾਦਿ, ਜੁਗ ਜੁਗ ਤੇਰਾ ਖੇਲ ਮੋਹੇ ਭਾਇੰਦਾ । ਲੋਕਮਾਤ ਵੱਜੇ ਨਾਦ, ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਕਵਣ ਵੇਲਾ ਦੇਵੇਂ ਦਾਦ, ਆਪ ਆਪਣਾ ਰੰਗ ਵਖਾਇੰਦਾ । ਥਿਰ ਘਰ ਦੁਆਰੇ ਵਿਚੋਂ ਕਾਢ, ਲੋਕਮਾਤ ਵੇਖ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤਮ ਦੱਸ ਆਪਣੀ ਹਾਦ, ਤੇਰੀ ਹਦੂਦ ਪਾਰ ਨਾ ਕੋਈ ਕਰਾਇੰਦਾ । ਜੁਗ ਚੌਕੜੀ ਰੱਖਾਂ ਤੇਰੀ ਯਾਦ, ਤੇਰਾ ਨਾਉਂ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰ, ਏਕਾ ਵਾਰ ਜਣਾਈਆ । ਸੁਤ ਦੁਲਾਰੇ ਕਰ ਪਿਆਰ, ਪਰਮ ਪੁਰਖ ਦਏ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਖੇਲ ਅਪਾਰ, ਖ਼ਾਲਕ ਖ਼ਲਕ ਰੰਗ ਰੰਗਾਈਆ । ਤੇਰਾ ਮਾਣ ਤੇਰਾ ਧਿਆਨ ਤੇਰਾ ਗਿਆਨ ਗੁਰ ਅਵਤਾਰ, ਗੁਰ ਗੁਰ ਤੇਰੀ ਬੂਝ ਬੁਝਾਈਆ । ਪੀਰ ਪੈਗ਼ੰਬਰ ਸਾਰੇ

ਗਾਣ, ਸੱਚਾ ਢੋਲਾ ਸੱਚੇ ਮਾਹੀਆ । ਭਗਤ ਭਗਵਾਨ ਮੰਗਣ ਦਾਨ, ਦਰ ਬੈਠੇ ਸੀਸ ਝੁਕਾਈਆ । ਸਾਚੇ ਸੰਤ ਕਰਨ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਗੁਰਮੁਖਾਂ ਦੇਵੇਂ ਇਕ ਗਿਆਨ, ਆਤਮ ਅੰਤਰ ਬੂਝ ਬੁਝਾਈਆ । ਗੁਰਸਿਖ ਸਾਚੇ ਕਰ ਪਰਵਾਨ, ਸਾਚੀ ਵਸਤ ਇਕ ਵਖਾਈਆ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਾਚਾ ਖੇਲ ਕਰਤਾ ਪੁਰਖ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਜੁਗ ਚੌਕੜੀ ਨਾ ਕੋਈ ਸੋਗ ਨਾ ਕੋਈ ਹਰਖ਼, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਸੇਵਾ ਲਾਇੰਦਾ । ਆਤਮ ਪਰਮਾਤਮ ਦੇ ਦੇ ਦਰਸ, ਅਗਿਆਨ ਅੰਧੇਰਾ ਅੰਧ ਮਿਟਾਇੰਦਾ । ਤ੍ਰੈਗੁਣ ਮਾਇਆ ਮੇਟੇ ਹਰਸ, ਹਵਸ ਹੋਰ ਨਾ ਕੋਇ ਜਣਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੂਰਾ ਖੋਜ ਖੁਜਾਇੰਦਾ । ਅੰਮ੍ਰਿਤ ਮੇਘ ਏਕਾ ਬਰਸ, ਅਗਨੀ ਤਤ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਸ੍ਰੀ ਭਗਵੰਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਆਦਿ ਅੰਤ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਸੇਵਾ ਲਾਏ ਸਾਧ ਸੰਤ, ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਬੋਧ ਅਗਾਧੀ ਹਰਿ ਕਾ ਨਾਉਂ ਮਣੀਆਂ ਮੰਤ, ਮਨ ਵਾਸਨਾ ਮੇਟ ਮਿਟਾਇੰਦਾ । ਮਾਰਗ ਧੰਦੇ ਲਾਏ ਜੀਵ ਜੰਤ, ਜੀਵਣ ਜੁਗਤ ਜਗਤ ਸਮਝਾਇੰਦਾ । ਅੰਤਮ ਖੇਲ ਕਰੇ ਆਪਣਾ ਆਪ ਭਗਵੰਤ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਜਾਏ ਚੁੱਕ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਜਾਏ ਮੁੱਕ, ਜੁਗ ਚੌਕੜੀ ਰਹਿਣ ਨਾ ਪਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਸਚਖੰਡ ਦੁਆਰੇ ਜੋ ਬੈਠਾ ਲੁਕ, ਨਿਰਗੁਣ ਨੂਰ ਨੂਰ ਕਰੇ ਰੁਸ਼ਨਾਈਆ । ਕਰੇ ਪਰਕਾਸ਼ ਸਾਚੀ ਜੋਤ, ਜੋਤੀ ਜੋਤ ਡਗਮਗਾਈਆ । ਸਾਚਾ ਮੰਦਰ ਕਿਲਾ ਕੋਟ, ਘਰ ਘਰ ਵਿਚ ਦਏ ਵਡਿਆਈਆ । ਨਾਮ ਨਿਧਾਨ ਲਗਾਏ ਚੋਟ, ਤਨ ਨਗਾਰਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਆਪਣਾ ਲੇਖਾ ਹਰਿ ਜੂ ਦੱਸ, ਸਚਖੰਡ ਦੁਆਰੇ ਖ਼ੁਸ਼ੀ ਮਨਾਇੰਦਾ । ਸੁਤ ਦੁਲਾਰੇ ਥਿਰ ਘਰ ਜਾਣਾ ਵਸ, ਹਰਿ ਮੰਦਰ ਆਪ ਬਣਾਇੰਦਾ । ਦੋ ਜਹਾਨਾਂ ਫਿਰਨਾ ਨੱਸ ਨੱਸ, ਆਵਣ ਜਾਵਣ ਪਤਤ ਪਾਵਣ ਤੇਰਾ ਰਾਹ ਚਲਾਇੰਦਾ । ਲੱਖ ਚੁਰਾਸੀ ਮਾਰਗ ਦੇਣਾ ਦੱਸ, ਜੀਵ ਜੰਤ ਜੁਗਤ ਜਣਾਇੰਦਾ । ਗੁਰ ਅਵਤਾਰ ਮਿਲਾਵਾ ਹੱਸ ਹੱਸ, ਆਪ ਆਪਣਾ ਬੰਧਨ ਪਾਇੰਦਾ । ਨਾਮ ਨਿਧਾਨਾ ਗਾਏ ਜਸ, ਰਸਨਾ ਜਿਹਵਾ ਹੁਕਮ ਸੁਣਾਇੰਦਾ । ਆਤਮ ਪਰਮਾਤਮ ਪੂਰੀ ਕਰੇ ਆਸ, ਈਸ਼ ਜੀਵ ਜੋੜ ਜੁੜਾਇੰਦਾ । ਬ੍ਰਹਮ ਪਾਰਬ੍ਰਹਮ ਹੋਏ ਦਾਸ, ਬਣ ਦਾਸੀ ਸੇਵ ਕਮਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸੰਦੇਸ਼ਾ ਇਕ ਸੁਣਾਇੰਦਾ । ਸਚ ਸੰਦੇਸ਼ਾ ਹਰਿ ਨਰਾਇਣ, ਏਕਾ ਏਕ ਜਣਾਈਆ । ਜੁਗ ਚੌਕੜੀ ਵਹੇ ਵਹਿਣ, ਲੋਕਮਾਤ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸਾਰੇ ਰਸਨਾ ਕਹਿਣ, ਲਿਖ ਲਿਖ ਹੁਕਮੀ ਹੁਕਮ ਮਨਾਈਆ । ਆਦਿ ਅੰਤ ਜੁਗਾ ਜੁਗੰਤ ਨਾ ਕੋਇ ਚੁਕਾਏ ਲਹਿਣ ਦੇਣ, ਹਰਿ ਕੰਤ ਨਾ ਕੋਇ ਮਿਲਾਈਆ । ਪੰਜ ਤਤ ਕਾਇਆ ਚੋਲਾ ਪਾ ਪਾ ਗਹਿਣ, ਜਗਤ ਬਸਤਰ ਗਏ ਹੰਢਾਈਆ । ਅੰਤਮ

ਲਾੜੀ ਮੌਤ ਖਾਏ ਡੈਣ, ਥਿਰ ਕੋਇ ਰਹਿਣ ਨਾ ਪਾਈਆ । ਭਗਤ ਭਗਵੰਤ ਮਿਲੇ ਸੱਜਣ ਸਾਕ ਸੱਚਾ ਸੈਣ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਤ ਰਿਹਾ ਸਮਝਾਈਆ । ਸਾਚਾ ਭੇਵ ਹਰਿ ਨਿਰੰਕਾਰ, ਏਕੰਕਾਰਾ ਆਪ ਜਣਾਈਆ । ਜਗਤ ਜੁਗਤ ਕਰ ਤਿਆਰ, ਤੇਰੀ ਧਾਰ ਵਖਾਈਆ । ਸੇਵਾ ਲਾ ਤੇਈ ਅਵਤਾਰ, ਭਗਤ ਅਠਾਰਾਂ ਦਏ ਵਡਿਆਈਆ । ਈਸਾ ਮੂਸਾ ਕਰ ਖ਼ਬਰਦਾਰ, ਸੰਗ ਮੁਹੰਮਦ ਕਰ ਕੁੜਮਾਈਆ । ਚਾਰ ਯਾਰੀ ਵੇਖੇ ਵੇਖਣਹਾਰ, ਯਾਰੀ ਯਾਰਾਂ ਨਾਲ ਨਿਭਾਈਆ । ਨਾਨਕ ਨਿਰਗੁਣ ਹੋ ਤਿਆਰ, ਦੋ ਜਹਾਨਾਂ ਫੇਰਾ ਪਾਈਆ । ਨਾਮ ਸਤਿ ਵਣਜ ਵਪਾਰ, ਚਾਰ ਵਰਨ ਦਏ ਕਰਾਈਆ । ਊਚ ਨੀਚ ਭੇਵ ਨਿਵਾਰ, ਜ਼ਾਤ ਪਾਤ ਦਏ ਮਿਟਾਈਆ । ਏਕਾ ਸਤਿ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਕਲਜੁਗ ਕੂੜ ਕੁੜਿਆਰਾ ਵੇਖੇ ਵਿਚ ਸੰਸਾਰ, ਜੂਠ ਝੂਠ ਰਹਿਣ ਨਾ ਪਾਈਆ । ਏਕਾ ਚੰਦ ਹੋਏ ਉਜਿਆਰ, ਸਤਿਗੁਰ ਸਚ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਦਿਸ ਨਾ ਆਈਆ । ਪੀਰ ਪੈਗ਼ੰਬਰ ਕਰ ਕਰ ਗਏ ਪੁਕਾਰ, ਨਵ ਨਵ ਗਏ ਸੁਣਾਈਆ । ਸੋਭਾ ਤੇਰੀ ਪਰਵਰਦਿਗਾਰ, ਅੰਜੀਲ ਕੁਰਾਨ ਕਰ ਪੜ੍ਹਾਈਆ । ਮਸਲਾ ਲਿਖ ਲਿਖ ਕਰ ਤਿਆਰ, ਮੁਸੱਲਾ ਜਗਤ ਗਏ ਵਿਛਾਈਆ । ਤੀਸ ਬਤੀਸਾ ਇਕ ਵਿਹਾਰ, ਬਿਵਹਾਰੀ ਹਰਿ ਵਖਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਨਾਨਕ ਨਿਰਗੁਣ ਪਾਇਆ ਦਰਸ ਦੀਦਾਰ, ਦੀਦ ਈਦ ਇਕ ਮਨਾਈਆ । ਤੂ ਹੀ ਤੂ ਕਰ ਪੁਕਾਰ, ਮੈਂ ਮਮਤਾ ਗਿਆ ਮਿਟਾਈਆ । ਸੋਹੰ ਰੂਪ ਤੇਰਾ ਕਰਤਾਰ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਹੰ ਬ੍ਰਹਮ ਤੇਰਾ ਪਸਾਰ, ਲੱਖ ਚੁਰਾਸੀ ਜੀਵ ਜੰਤ ਜਣਾਈਆ । ਕਲਜੁਗ ਖੇਲ ਅੰਤ ਅਪਾਰ, ਹਰਿ ਕਰਤਾ ਵੇਖੇ ਚਾਈਂ ਚਾਈਂਆ । ਨਿਰਗੁਣ ਲੋਕਮਾਤ ਲੈ ਅਵਤਾਰ, ਮਹਾਬਲੀ ਫੇਰਾ ਪਾਈਆ । ਗੋਬਿੰਦ ਏਕਾ ਬੋਲ ਜੈਕਾਰ, ਫ਼ਤਹਿ ਡੰਕਾ ਨਾਮ ਵਜਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਦੋ ਜਹਾਨਾਂ ਆਪਣੇ ਚਰਨਾਂ ਹੇਠ ਦਬਾਈਆ । ਸੰਬਲ ਵਸੇ ਧਾਮ ਨਿਆਰ, ਮਹੱਲ ਅਟੱਲ ਡੇਰਾ ਲਾਈਆ । ਦਿਸ ਨਾ ਆਏ ਵਿਚ ਸੰਸਾਰ, ਜੁਗ ਜੁਗ ਨੇਤਰ ਦੇਣ ਦੁਹਾਈਆ । ਸ਼ਬਦੀ ਸੁਤ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਲਏ ਮਨਾਈਆ । ਗੋਬਿੰਦ ਤੇਰਾ ਰੰਗ ਅਪਾਰ, ਹਰਿ ਗੋਬਿੰਦ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖਾ ਆਪਣੇ ਲੇਖੇ ਲਾਈਆ । ਨਵ ਨੌਂ ਚਾਰ ਪਾਰ ਕਿਨਾਰਾ, ਅੰਤਮ ਹਰਿ ਜੂ ਹਰਿ ਜਣਾਇੰਦਾ । ਸੁਤ ਸ਼ਬਦ ਤੇਰਾ ਸਚ ਪਿਆਰਾ, ਪਰਮ ਪੁਰਖ ਆਪ ਨਿਭਾਇੰਦਾ । ਨਿਹਕਲੰਕ ਨਰ ਨਰਾਇਣ ਲੈ ਅਵਤਾਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਦੋ ਜਹਾਨਾਂ ਦਏ ਹੁਲਾਰਾ, ਚੌਦਾਂ ਤਬਕ ਆਪ ਹਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣ ਨੀਰ ਸਰਬ ਵਹਾਇੰਦਾ । ਕਰੋੜ ਤੇਤੀਸ ਨਾ ਕੋਇ ਆਧਾਰਾ, ਸੁਰਪਤ ਇੰਦ ਸਰਬ ਕੁਰਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰਾ, ਸਜਦਾ ਸੀਸ ਸਰਬ ਝੁਕਾਇੰਦਾ । ਸਾਚੇ ਤਖ਼ਤ ਬਹੇ ਆਪ ਕਰਤਾਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਕਲਜੁਗ ਅੰਤਮ ਵੇਖੇ ਵੇਖਣਹਾਰਾ, ਨਵ ਨੌਂ ਆਪਣਾ ਰਾਹ ਚਲਾਇੰਦਾ । ਮੰਦਰ ਮਸਜਿਦ ਸ਼ਿਵਦੁਆਲੇ ਮੱਠ ਫੇਰਾ ਪਾਏ ਗੁਰੂਦੁਆਰਾ, ਗੁਰ ਗੁਰ ਆਪਣਾ ਭੇਵ ਜਣਾਇੰਦਾ । ਅਠਸਠ ਵੇਖੇ ਤੱਟ ਕਿਨਾਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਸ਼ਬਦ ਅਨਾਦ ਅਨਾਦੀ ਧੁਨਕਾਰਾ, ਘਰ ਮੰਦਰ ਆਪ ਅਲਾਇੰਦਾ । ਪੂਤ ਸਪੂਤਾ ਮੇਲ ਮਿਲਾਵਾ ਏਕਾ

ਧਾਰਾ, ਧਾਰ ਧਾਰ ਨਾਲ ਰਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਕੋਟਨ ਕੋਟ ਬ੍ਰਹਮਾ ਦਰ ਬੈਠਾ ਸੀਸ ਝੁਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਇਕੋ ਢੋਲਾ ਗਾਇਣ ਸਾਚੀ ਵਾਰਾ, ਵਾਹ ਵਾ ਹਰਿ ਹਰਿ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਅੰਤਮ ਮੇਲਾ ਆਪ ਮਿਲਾਇੰਦਾ । ਅੰਤਮ ਮੇਲਾ ਕਲਜੁਗ ਅੰਤ, ਸੋ ਪੁਰਖ ਨਿਰੰਜਣ ਆਪ ਮਿਲਾਈਆ । ਹਰਿ ਪੁਰਖ ਨਿਰੰਜਣ ਖੇਲੇ ਖੇਲ ਖੇਲ ਬੇਅੰਤ, ਬੇਪਰਵਾਹ ਵਡੀ ਵਡਿਆਈਆ । ਏਕੰਕਾਰ ਆਪਣੀ ਮਹਿਮਾ ਗਣਾਏ ਅਗਣਤ, ਵੇਦ ਪੁਰਾਨ ਭੇਵ ਨਾ ਰਾਈਆ । ਆਦਿ ਨਿਰੰਜਣ ਕਰੇ ਪਰਕਾਸ਼ ਸਾਚਾ ਧਾਮ ਸੁਹੰਤ, ਦਰ ਘਰ ਸਾਚੇ ਹੋਏ ਰੁਸ਼ਨਾਈਆ । ਅਬਿਨਾਸ਼ੀ ਕਰਤਾ ਏਕਾ ਨਾਮ ਜਣਾਏ ਮਣੀਆ ਮੰਤ, ਵਰਨ ਬਰਨ ਕਰੇ ਪੜ੍ਹਾਈਆ । ਸ੍ਰੀ ਭਗਵਾਨ ਵੇਖੇ ਸਾਚੇ ਸੰਤ, ਸੰਤ ਸਤਿਗੁਰ ਲਏ ਮਿਲਾਈਆ । ਪਾਰਬ੍ਰਹਮ ਬ੍ਰਹਮ ਮੇਲਾ ਨਾਰੀ ਕੰਤ, ਆਤਮ ਸੇਜਾ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਗੜ੍ਹ ਤੁੱਟੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਕੋਈ ਨਾ ਜਾਣੇ ਭੇਵ ਪਾਂਧਾ ਪੰਡਤ, ਮੁਲਾਂ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਖੇਲੇ ਖੇਲ ਬੇਪਰਵਾਹੀਆ । ਸ਼ਬਦੀ ਖੇਲ ਅਗੰਮ ਅਥਾਹ, ਨਿਰਗੁਣ ਨਰ ਹਰਿ ਆਪ ਕਰਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਸਤਿ ਪੁਰਖ ਨਿਰੰਜਣ ਬੇੜਾ ਆਪ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਦਏ ਪੜ੍ਹਾ, ਨਿਸ਼ਅੱਖਰ ਆਪ ਜਣਾਇੰਦਾ । ਏਕਾ ਸੋਹਲਾ ਸਾਚਾ ਢੋਲਾ ਲੈਣਾ ਗਾ, ਗਾਵਣਹਾਰਾ ਗੀਤ ਅਲਾਇੰਦਾ । ਹੌਲੀ ਹੌਲੀ ਚੋਲਾ ਲੈਣਾ ਬਦਲਾ, ਥਿਰ ਕੋਇ ਰਹਿਣ ਨਾ ਪਾਇੰਦਾ । ਮੌਲਾ ਰੂਪ ਨਜ਼ਰੀ ਆਏ ਇਕ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਪਰਮਾਤਮਾ ਆਤਮਾ ਨਾਲੋਂ ਨਾ ਹੋਏ ਜੁਦਾ, ਜੁਜ ਵੰਡ ਨਾ ਕੋਇ ਵੰਡਾਇੰਦਾ । ਰਾਮ ਰਮੱਯਾ ਵੇਖਣਹਾਰਾ ਥਾਉਂ ਥਾਂ, ਰਹਿਮਤ ਆਪਣੀ ਆਪ ਕਮਾਇੰਦਾ । ਨਾਨਕ ਨਿਰਗੁਣ ਗਿਆ ਸਮਝਾ, ਗੋਬਿੰਦ ਪੁਰਖ ਅਕਾਲ ਧਿਆਇੰਦਾ । ਸਚਖੰਡ ਬੈਠਾ ਡੇਰਾ ਲਾ, ਥਿਰ ਘਰ ਸ਼ਬਦੀ ਸੁਤ ਵਡਿਆਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਰਿਹਾ ਕਰਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸ਼ਬਦ ਅਨਾਦੀ ਬੋਧ ਅਗਾਧਾ ਨਾਦ ਰਿਹਾ ਸੁਣਾ, ਧੁਨ ਆਤਮਕ ਰਾਗ ਅਲਾਇੰਦਾ । ਪੰਚਮ ਸਖੀਆਂ ਮਿਲ ਮਿਲ ਮੰਗਲ ਰਿਹਾ ਗਾ, ਗੀਤ ਗੋਬਿੰਦ ਆਪ ਅਲਾਇੰਦਾ । ਡੂੰਘੇ ਸਾਗਰ ਵੇਖੇ ਨੇਤਰ ਨੈਣ ਉਠਾ, ਉਚੇ ਟਿੱਲੇ ਪਰਬਤ ਫੇਰਾ ਪਾਇੰਦਾ । ਜੰਗਲ ਜੂਹ ਉਜਾੜ ਪਹਾੜ ਪਕੜਨਹਾਰਾ ਬਾਂਹ, ਬਣ ਸੇਵਕ ਸੇਵਾ ਆਪ ਕਮਾਇੰਦਾ । ਕਲਜੁਗ ਅੰਤਮ ਫੇਰੀ ਪਾਏ ਆ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਇੰਦਾ । ਨਿਹਕਲੰਕ ਨਰਾਇਣ ਨਰ, ਸਾਚਾ ਡੰਕਾ ਦਏ ਵਜਾ, ਡੌਰੂ ਏਕਾ ਏਕ ਰਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਦੇਵੇ ਲਾਹ, ਤਖ਼ਤ ਤਾਜ ਸੀਸ ਨਾ ਕੋਇ ਹੰਢਾਇੰਦਾ । ਵਰਨ ਬਰਨ ਜ਼ਾਤ ਪਾਤ ਦਏ ਗਵਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਏਕਾ ਰਸਨਾ ਏਕਾ ਜਿਹਵਾ ਏਕਾ ਹਰਿ ਕਾ ਨਾਉਂ ਦਏ ਸਮਝਾ, ਹਰਿ ਜੂ ਘਟ ਘਟ ਅੰਦਰ ਆਸਣ ਲਾਇੰਦਾ । ਏਕਾ ਮੰਦਰ ਏਕਾ ਮਸਜਿਦ ਏਕਾ ਗੁਰੂਦੁਆਰਾ ਦਏ ਬਣਾ, ਏਕਾ ਠਾਕਰ ਸਵਾਮੀ ਨਜ਼ਰੀ ਆਇੰਦਾ । ਏਕਾ ਆਤਮ ਏਕਾ ਪਰਮਾਤਮ ਏਕਾ ਪਰਦਾ ਦਏ ਚੁਕਾ, ਬਜ਼ਰ ਕਪਾਟੀ ਕੁੰਡਾ ਲਾਹਿੰਦਾ । ਏਕਾ ਸਾਕੀ ਏਕਾ ਜਾਮ ਦਏ ਪਿਆ, ਅੰਮ੍ਰਿਤ ਆਬੇ ਹਯਾਤ ਮੁਖ ਚੁਆਇੰਦਾ । ਏਕਾ ਕਾਗਦ ਏਕਾ ਕਲਮ ਏਕਾ ਲਿਖਣਹਾਰਾ ਛਾਹ, ਲੇਖਾ ਲਿਖ ਲਿਖ ਇਕ ਸੁਣਾਇੰਦਾ ।

ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਹੰਢਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਪੀਰ ਪੈਗ਼ੰਬਰ ਔਲੀਆ ਨਾਉਂ ਰੱਖੇ ਖ਼ੁਦਾ, ਏਕਾ ਰਹਿਮਤ ਰਹਿਮਾਨ ਆਪ ਜਣਾਇੰਦਾ । ਏਕਾ ਗੁਰ ਅਵਤਾਰਾਂ ਸਿਖਿਆ ਰਿਹਾ ਪੜ੍ਹਾ, ਮੰਤਰ ਅੰਤਰ ਆਪਣਾ ਨਾਉਂ ਦ੍ਰਿੜਾਇੰਦਾ । ਏਕਾ ਮਸਜਿਦ ਸ਼ਿਵਦੁਆਲੇ ਮੱਠ ਰਿਹਾ ਬਣਾ, ਏਕਾ ਲੇਖਾ ਆਪਣੇ ਲੇਖੇ ਪਾਇੰਦਾ । ਏਕਾ ਰਾਮਾ ਕ੍ਰਿਸ਼ਨਾ ਵੇਖਣਹਾਰਾ ਥਾਉਂ ਥਾਂ, ਅਨਭਵ ਆਪਣੀ ਧਾਰ ਚਲਾਇੰਦਾ । ਏਕਾ ਨਾਨਕ ਨਿਰਗੁਣ ਸਚਖੰਡ ਦੁਆਰੇ ਮੇਲ ਮਿਲਾਵਾ ਸਹਿਜ ਸੁਭਾ, ਏਕਾ ਗੋਬਿੰਦ ਸੁਤ ਦੁਲਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੁਤ ਦੁਲਾਰੇ ਦੇਵੇ ਵਰ, ਹਰਿ ਜੂ ਆਪਣੀ ਬੂਝ ਬੁਝਾਇੰਦਾ । ਸੁਤ ਦੁਲਾਰਾ ਕਰ ਪਰਨਾਮ, ਹਰਿ ਚਰਨ ਮੰਗੇ ਸਰਨਾਈਆ । ਪੁਰਖ ਅਬਿਨਾਸ਼ੀ ਤੇਰਾ ਨਾਮ, ਜੁਗਾ ਜੁਗੰਤਰ ਮਾਤ ਵਡਿਆਈਆ । ਹਉਂ ਸੇਵਕ ਬਣਾਂ ਗ਼ੁਲਾਮ, ਬਣ ਬਰਦਾ ਸੇਵ ਕਮਾਈਆ । ਗੁਰ ਅਵਤਾਰ ਤੇਰਾ ਨਿਸ਼ਾਨ, ਪੀਰ ਪੈਗ਼ੰਬਰ ਨੂਰ ਰੁਸ਼ਨਾਈਆ । ਸਤਿ ਸੰਦੇਸ਼ਾ ਦੋ ਜਹਾਨ, ਸਤਿ ਸਤਿਵਾਦੀ ਇਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਲ ਖੇਲ ਮਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਜਣਾਈਆ । ਕਲਜੁਗ ਅੰਤ ਹੋ ਪਰਧਾਨ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਈਆ । ਬ੍ਰਹਮਾ ਮਨਵੰਤਰ ਮਿਲੇ ਨਾ ਕੋਇ ਨਿਸ਼ਾਨ, ਜਗਤ ਨਿਸ਼ਾਨਾ ਸਰਬ ਮਿਟਾਈਆ । ਕਰੇ ਖੇਲ ਆਪ ਭਗਵਾਨ, ਭਾਵੀ ਆਪਣੇ ਹੱਥ ਰਖਾਈਆ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਆਪਣੀ ਕਲ ਵਰਤਾਈਆ । ਨਿਹਕਲੰਕ ਬਲੀ ਬਲਵਾਨ, ਬਲ ਬਾਵਨ ਦਏ ਮਿਟਾਈਆ । ਲੇਖਾ ਚੁੱਕੇ ਸੀਤਾ ਰਾਮ, ਕਾਹਨਾ ਕ੍ਰਿਸ਼ਨਾ ਆਪਣੀ ਗੋਦ ਸੁਹਾਈਆ । ਸ਼ਬਦ ਅਗੰਮੀ ਮਾਰੇ ਬਾਣ, ਤੀਰ ਨਿਰਾਲਾ ਇਕ ਚਲਾਈਆ । ਚੌਦਾਂ ਤਬਕ ਹੋਣ ਵੈਰਾਨ, ਵੈਰੀ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰ ਕਰਨ ਸਲਾਮ, ਅਲੈਕਮ ਦੇਣ ਸਦਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਸੁਤ ਦੇਵੇ ਵਰ, ਅੰਤ ਅੰਤ ਦਏ ਜਣਾਈਆ । ਕਲਜੁਗ ਵੇਲਾ ਅੰਤਮ ਔਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਜੁਗਾਦੀ ਵੇਸ ਵਟੌਣਾ, ਬ੍ਰਹਮ ਬ੍ਰਹਿਮਾਦੀ ਵੇਖ ਵਖਾਇੰਦਾ । ਨੌਬਤ ਨਾਮ ਇਕ ਵਜੌਣਾ, ਸਾਚਾ ਡੰਕਾ ਹੱਥ ਉਠਾਇੰਦਾ । ਆਤਮ ਪਰਮਾਤਮ ਆਪ ਉਠੌਣਾ, ਸਾਚੀ ਸਿਖਿਆ ਸਿਖ ਜਣਾਇੰਦਾ । ਕੂੜ ਕੁੜਿਆਰਾ ਡੇਰਾ ਢੌਣਾ, ਮਾਇਆ ਮਮਤਾ ਮੋਹ ਮਿਟਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਬਾਹਰ ਕਢੌਣਾ, ਆਤਮ ਅੰਤਰ ਏਕਾ ਰੰਗ ਰੰਗਾਇੰਦਾ । ਜਗਤ ਬਸੰਤਰ ਆਪ ਬੁਝੌਣਾ, ਸੋਹੰ ਮੰਤਰ ਇਕ ਪੜ੍ਹਾਇੰਦਾ । ਸਤਿਜੁਗ ਸਾਚੀ ਬਣਤ ਬਣੌਣਾ, ਚਾਰ ਵਰਨ ਖੋਲ੍ਹੇ ਹਰਨ ਫਰਨ ਨੇਤਰ ਨੈਣ ਏਕਾ ਰੂਪ ਦਰਸਾਇੰਦਾ । ਕਰੇ ਖੇਲ ਹਰਿ ਕਰਨੀ ਕਰਨ, ਕਰਤਾ ਪੁਰਖ ਫੇਰੀ ਪਾਇੰਦਾ । ਨਿਰਭੌ ਭੈ ਚੁਕਾਏ ਮਰਨ ਡਰਨ, ਜੂਨ ਅਜੂਨ ਪੰਧ ਮੁਕਾਇੰਦਾ । ਵੇਖਣਹਾਰਾ ਘੜਨ ਭੰਨਣ, ਘੜਨ ਭੰਨਣ ਆਪਣੇ ਹੱਥ ਰਖਾਇੰਦਾ । ਗੁਰਮੁਖ ਗੁਰ ਗੁਰ ਸਾਚੀ ਚੋਟੀ ਚੜ੍ਹਨ, ਭਗਤ ਭਗਵਾਨ ਆਪ ਮਿਲਾਇੰਦਾ । ਦਿਆਲ ਦਿਆਲ ਪ੍ਰਭ ਸਾਚੀ ਸਰਨ, ਸਤਿ ਸਤਿਵਾਦੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਭੇਵ ਖੁਲ੍ਹਾਇੰਦਾ । ਸੁਤ ਦੁਲਾਰੇ ਖੁਲ੍ਹਿਆ ਭੇਤ, ਹਰਿ ਜੂ ਹਰਿ ਹਰਿ ਆਪ ਖੁਲ੍ਹਾਇਆ । ਪਾਰਬ੍ਰਹਮ ਤੇਰਾ ਅੰਤਰ ਹੇਤ, ਦਰ ਤੇਰੇ ਹੋਏ ਸਹਾਇਆ । ਨਾਤਾ ਤੁਟੇ ਪੰਜ ਤਤ ਕਾਇਆ ਖੇਤ, ਹੱਡ ਮਾਸ ਨਾੜੀ ਬੰਧਨ

ਨਾ ਕੋਇ ਰਖਾਇਆ । ਤੇਰਾ ਨੂਰ ਚੇਤਨ ਚੇਤ, ਚਿਤ ਵਿਤ ਠਗੌਰੀ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਲੇ ਅੰਤ ਤੇਰਾ ਦਰਸ ਨੇਤਰ ਪਾਇਆ । ਨੇਤਰ ਦਰਸ ਅੰਤਮ ਵਾਰ, ਏਕਾ ਮੰਗ ਮੰਗਾਈਆ । ਨਾਤਾ ਤੁੱਟੇ ਸਰਬ ਸੰਸਾਰ, ਸੰਸਾ ਰੋਗ ਰਹੇ ਨਾ ਰਾਈਆ । ਘਰ ਮੰਦਰ ਹੋਏ ਉਜਿਆਰ, ਗ੍ਰਿਹਿ ਆਪਣੀ ਖ਼ੁਸ਼ੀ ਮਨਾਈਆ । ਕਮਲਾਪਾਤੀ ਦੇਣਾ ਦਰਸ ਦੀਦਾਰ, ਕਲਜੁਗ ਰੈਣ ਅੰਧੇਰੀ ਰਾਤੀ ਦੇਣੀ ਖਪਾਈਆ । ਬਹੁ ਬਹੁ ਭਾਂਤੀ ਤੇਰਾ ਖੇਲ ਵੇਖਿਆ ਅਪਰ ਅਪਾਰ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ ਧਿਆਈਆ । ਕਲਜੁਗ ਅੰਤਮ ਆਵੇਂ ਆਪਣੀ ਧਾਰ, ਮਾਤ ਪਿਤ ਨਾ ਗੋਦ ਸੁਹਾਈਆ । ਜਨਨੀ ਬਣੇ ਨਾ ਕੋਇ ਵਿਚ ਸੰਸਾਰ, ਰਸਨਾ ਸੀਰ ਨਾ ਕੋਇ ਚਖਾਈਆ । ਗੋਬਿੰਦ ਕਰ ਕੇ ਗਿਆ ਵਿਹਾਰ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਮਹਾਬਲੀ ਆਵੇ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਪਿਛਲਾ ਲੇਖਾ ਦਏ ਨਿਵਾਰ, ਅਗਲਾ ਮਾਰਗ ਆਪੇ ਲਾਈਆ । ਸ੍ਰਿਸ਼ਟ ਸਬਾਈ ਮੰਨੇ ਏਕਾ ਪੁਰਖ ਅਕਾਲ, ਅਕਲ ਕਲਾ ਵੱਜੇ ਵਧਾਈਆ । ਭਗਤ ਭਗਵੰਤ ਵੇਖੇ ਸਾਚੇ ਲਾਲ, ਲਾਲਣ ਆਪਣੀ ਗੋਦ ਬਹਾਈਆ । ਨੇੜ ਨਾ ਆਏ ਕਾਲ ਮਹਾਕਾਲ, ਮਹਾਬਲੀ ਹੋਏ ਸਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਤ੍ਰੈਭਵਣ ਧਨੀ ਦਏ ਵਡਿਆਈਆ । ਏਥੇ ਓਥੇ ਸਦਾ ਸੁਹੇਲਾ ਚਲੇ ਨਾਲ ਨਾਲ, ਪੁਰਖ ਅਬਿਨਾਸ਼ੀ ਵਿਛੜ ਕਦੇ ਨਾ ਜਾਈਆ । ਗੁਰਮੁਖ ਗੁਰ ਗੁਰ ਹਰਿ ਕਾ ਨਾਉਂ ਸਾਚੀ ਘਾਲਣ ਰਹੇ ਘਾਲ, ਕੀਤੀ ਘਾਲ ਥਾਏਂ ਪਾਈਆ । ਚਾਰ ਵਰਨ ਇਕੋ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਰਿਹਾ ਲੁਟਾਈਆ । ਗੋਬਿੰਦ ਗੁਰ ਗੁਰ ਕਰੇ ਸਦਾ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਸੁਣੇ ਸੁਣਾਏ ਮੁਰੀਦਾਂ ਹਾਲ, ਮੁਰਸ਼ਦ ਬਣਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਸ਼ਬਦ ਲਏ ਮਿਲਾਈਆ । ਸ਼ਬਦ ਮਿਲਾਵਾ ਨਿਰਗੁਣ ਧਾਰ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਨਿਰਗੁਣ ਅੰਦਰ ਨਿਰਗੁਣ ਬਾਹਰ ਨਿਰਗੁਣ ਗੁਪਤ ਨਿਰਗੁਣ ਜ਼ਾਹਰ, ਨਿਰਗੁਣ ਨੂਰ ਨੂਰ ਚਮਕਾਇੰਦਾ । ਨਿਰਗੁਣ ਪਿਤਾ ਨਿਰਗੁਣ ਪੂਤ ਨਿਰਗੁਣ ਕਰੇ ਪਿਆਰ, ਨਿਰਗੁਣ ਸਾਚੇ ਧਾਮ ਸੁਹਾਇੰਦਾ । ਨਿਰਗੁਣ ਹੱਟ ਨਿਰਗੁਣ ਵਣਜਾਰ, ਨਿਰਗੁਣ ਵੇਖੇ ਵੇਖਣਹਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਨਿਰਗੁਣ ਗੁਰ ਨਿਰਗੁਣ ਅਵਤਾਰ, ਨਿਰਗੁਣ ਪੀਰ ਪੈਗ਼ੰਬਰ ਦਏ ਸਹਾਰ, ਪਰਾ ਪਸੰਤੀ ਮਧਮ ਬੈਖ਼ਰੀ ਆਪਣਾ ਰਾਗ ਅਲਾਇੰਦਾ । ਨਿਰਗੁਣ ਮੰਦਰ ਨਿਰਗੁਣ ਗੁਰੂਦੁਆਰ, ਨਿਰਗੁਣ ਠਾਕਰ ਸਵਾਮੀ ਆਪਣਾ ਆਸਣ ਲਾਇੰਦਾ । ਨਿਰਗੁਣ ਖੋਲ੍ਹਣਹਾਰ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਸ਼ਬਦੀ ਸ਼ਬਦੀ ਜੋਤੀ ਏਕਾ ਰੰਗ ਵਖਾਇੰਦਾ । ਜੋਤੀ ਸ਼ਬਦੀ ਸਾਚੀ ਕਲ, ਹਰਿ ਕਰਤਾ ਆਪ ਕਰਾਈਆ । ਜੁਗਾ ਜੁਗੰਤਰ ਅਛਲ ਅਛੱਲ, ਵਲ ਛਲ ਧਾਰੀ ਭੇਵ ਨਾ ਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਸਚਖੰਡ ਵਸੇ ਸੱਚਾ ਮਾਹੀਆ । ਆਪਣੇ ਦੀਪਕ ਆਪੇ ਬਲ, ਜੋਤੀ ਜੋਤ ਕਰੇ ਰੁਸ਼ਨਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਘੱਲ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਅੰਤਮ ਜੋਤੀ ਜਾਏ ਰਲ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੋਤੀ ਸ਼ਬਦੀ ਏਕਾ ਮੰਤਰ, ਮੰਤਰ ਨਾਮ ਸਤਿ ਸਮਝਾਈਆ । ਸ਼ਬਦੀ ਅੰਦਰ ਜੋਤੀ ਰੰਗ, ਜੋਤੀ ਰੰਗ ਸ਼ਬਦ ਚੜ੍ਹਾਇੰਦਾ । ਏਕਾ ਸੇਜ ਇਕ ਪਲੰਘ, ਏਕਾ ਕੰਤ ਹਰਿ ਹੰਢਾਇੰਦਾ । ਏਕਾ ਨਾਮ ਇਕ ਮਰਦੰਗ, ਏਕਾ


੪੫੦
੧੨

ਨੌਬਤ ਨਾਦ ਵਜਾਇੰਦਾ । ਏਕਾ ਮੰਦਰ ਵੇਖੇ ਅੰਦਰ ਲੰਘ, ਏਕਾ ਦੀਪਕ ਡਗਮਗਾਇੰਦਾ । ਏਕਾ ਸਤਿਗੁਰ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਏਕਾ ਦੇਵੇ ਸਚ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਏਕਾ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰਗਹਿ ਸਾਚੀ ਸਚਖੰਡ ਸਾਰੇ ਗਾਵਣ ਇਕੋ ਛੰਦ, ਦੂਜਾ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਆਪਣਾ ਰੰਗ ਵਖਾਇੰਦਾ । ਜੋਤੀ ਸ਼ਬਦੀ ਰੰਗ ਪੇਖ, ਹਰਿ ਜੂ ਪੇਖਤ ਪੇਖ ਖ਼ੁਸ਼ੀ ਮਨਾਈਆ । ਆਦਿ ਜੁਗਾਦੀ ਲਿਖਣਹਾਰਾ ਲੇਖ, ਲੇਖਾ ਲਿਖ ਲਿਖ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਦਰ ਦਰਵੇਸ਼, ਬਣ ਦਰਬਾਨ ਸੀਸ ਝੁਕਾਈਆ । ਸਹੰਸਰ ਮੁੱਖ ਥੱਕਾ ਸ਼ੇਸ਼, ਦੋਏ ਸਹੰਸਰ ਜਿਹਵਾ ਗੁਣ ਕਹਿਣ ਨਾ ਸਕੇ ਰਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਪਾਰਬ੍ਰਹਮ ਸ੍ਰੀ ਭਗਵੰਤ ਮੇਟਣਹਾਰ ਰੇਖ, ਰੇਖਾ ਆਪਣੀ ਲਏ ਪਰਗਟਾਈਆ । ਲਹਿਣਾ ਦੇਣਾ ਜਾਣੇ ਗੁਰ ਦਸਮੇਸ਼, ਦਹਿ ਦਿਸ਼ਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਦੋ ਜਹਾਨ ਨੌਂ ਖੰਡ ਪ੍ਰਿਥਮੀ ਖੋਲ੍ਹੇ ਭੇਤ, ਅਭੇਵ ਦਏ ਜਣਾਈਆ । ਸਤਿਗੁਰ ਵਸਣਹਾਰਾ ਨੇਤਨ ਨੇਤ, ਨਿਜ ਘਰ ਬੈਠਾ ਡੇਰਾ ਲਾਈਆ । ਸਦਾ ਸੁਹੇਲਾ ਇਕ ਇਕੇਲਾ ਜੁਗ ਚੌਕੜੀ ਖੇਲੇ ਖੇਡ, ਲੱਖ ਚੁਰਾਸੀ ਪਾਵੇ ਸਾਰਾ, ਵਰਭੰਡੀ ਬ੍ਰਹਿਮੰਡੀ ਆਪਣਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਚਾਰ ਵਰਨ ਸੁਣੌਣਾ ਏਕਾ ਛੰਦੀ ਛੰਦ, ਏਕਾ ਰਾਗ ਅਲਾਈਆ । ਚਾਰ ਵਰਨ ਸਾਚਾ ਛੰਦ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਭਗਤ ਬ੍ਰਹਮ ਪ੍ਰਭ ਦੇਵੇ ਅਨੰਦ, ਅਨੰਦ ਕਾਰਜ ਆਪ ਕਰਾਇੰਦਾ । ਜਗਤ ਜੁਗ ਜਨਮ ਦੀ ਟੁੱਟੀ ਗੰਢ, ਘਰ ਸਾਚੇ ਮੇਲ ਮਿਲਾਇੰਦਾ । ਨਿਰਗੁਣ ਪਰਕਾਸ਼ ਚੜ੍ਹੇ ਚੰਦ, ਜੋਤ ਨਿਰੰਜਣ ਡਗਮਗਾਇੰਦਾ । ਦੂਈ ਦਵੈਤੀ ਜੂਠੀ ਝੂਠੀ ਢਾਏ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਲੇਖਾ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਨਾ ਕੋਇ ਭੁਆਇੰਦਾ । ਸ਼ਬਦੀ ਸੁਤ ਤੇਰਾ ਪਰਮਾਨੰਦ, ਪਰਮ ਪੁਰਖ ਰਸ ਚਖਾਇੰਦਾ । ਖ਼ੁਸ਼ੀ ਕਰੇ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਰਬ ਜੀਆਂ ਦਾ ਇਕੋ ਛੰਦ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਸੁਤ ਅਬਿਨਾਸ਼ੀ ਅਚੁਤ, ਕਲਜੁਗ ਅੰਤ ਸੁਹਾਏ ਤੇਰੀ ਰੁੱਤ, ਭਗਤ ਭਗਵਾਨ ਝੁਲਾਏ ਨਿਸ਼ਾਨ, ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੂਪ ਸ਼ਾਹੋ ਭੂਪ ਸਤਿ ਸਰੂਪ ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਏਕਾ ਰੰਗ ਜ਼ਿਮੀ ਅਸਮਾਨ ਵੱਜੇ ਮਰਦੰਗ, ਬ੍ਰਹਿਮੰਡ ਖੰਡ ਏਕਾ ਧਾਰ ਵਖਾਇੰਦਾ । ਭਗਤ ਭਗਵੰਤ ਲੋਕਮਾਤ ਚੜ੍ਹੇ ਚੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸੱਚਾ ਵਰ, ਵਰ ਘਰ ਸਾਚਾ ਆਪ ਵਖਾਇੰਦਾ । ਮਾਤ ਪਿਤ ਪੰਜ ਤਤ ਤਤ ਹੱਡ ਮਾਸ ਨਾੜੀ ਰਕਤ ਬੂੰਦ ਖੇਲ ਕਰਾਇੰਦਾ । ਪੁਤਰ ਧੀਆਂ ਜਗਤ ਨਤ, ਸਾਕ ਸੱਜਣ ਸੈਣ ਬੰਧਨ ਇਕ ਵਖਾਇੰਦਾ । ਸਾਢੇ ਤਿੰਨ ਹੱਥ ਕਾਇਆ ਚਲੇ ਰਥ, ਪਵਣ ਸਵਾਸੀ ਸੇਵ ਕਮਾਇੰਦਾ । ਰਸਨਾ ਜਿਹਵਾ ਗਾਏ ਜਸ, ਬੱਤੀ ਦੰਦ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਨਾਤਾ ਜੀਵ ਜੁੜਾਇੰਦਾ । ਜਗ ਨਾਤਾ ਕਾਇਆ ਜੋੜ, ਤਤਵ ਤਤ ਤਤ ਜਣਾਈਆ । ਮਨ ਵਾਸਨਾ ਚੜ੍ਹੇ


੪੫੧
੧੨

ਘੋੜ, ਚਾਰੋਂ ਕੁੰਟ ਫੇਰਾ ਪਾਈਆ । ਮਤ ਮਤਵਾਲੀ ਨਾ ਸਕੇ ਹੋੜ, ਬੈਠੀ ਮਾਣ ਗਵਾਈਆ । ਬੁੱਧੀ ਰੱਖੇ ਨਾ ਕੋਇ ਜ਼ੋਰ, ਜਾਬਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਤ ਪਿਤ ਪੂਤ ਕਲਜੁਗ ਨਾਤਾ ਦਏ ਸਮਝਾਈਆ । ਕਲਜੁਗ ਮੰਗੀ ਮੰਗ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਲੇਖਾ ਮੇਰੀ ਅੰਤਮ ਵਾਰ, ਪਿਤਾ ਪੂਤ ਮਾਤ ਦਏ ਨਾ ਕੋਇ ਵਡਿਆਈਆ । ਨਾਰ ਕੰਤ ਨਾ ਕਰੇ ਪਿਆਰ, ਸੁਹਾਗ ਸਚ ਨਾ ਕੋਇ ਹੰਢਾਈਆ । ਘਰ ਘਰ ਹੋਏ ਕਰੋਧ ਹੰਕਾਰ, ਗੜ੍ਹ ਕੂੜਾ ਨਜ਼ਰੀ ਆਈਆ । ਝੂਠਾ ਨਾਤਾ ਦਿਸੇ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਝੂਠਾ ਨਾਤਾ ਜਗਤ ਜਗ, ਜਗ ਜੀਵਣ ਦਾਤਾ ਇਕ ਸਮਝਾਇੰਦਾ । ਘਰ ਘਰ ਵੇਖੇ ਲੱਗੀ ਅੱਗ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਕੂੜੀ ਕਿਰਿਆ ਜੀਵ ਜੰਤ ਗਿਆ ਬੱਝ, ਸਚ ਸੁਚ ਨਾ ਕੋਇ ਦ੍ਰਿੜਾਇੰਦਾ । ਮਾਂ ਪੁੱਤ ਕੋਲੋਂ ਜਾਣ ਭੱਜ, ਫੜ ਬਾਹੋਂ ਗਲੇ ਨਾ ਕੋਇ ਲਗਾਇੰਦਾ । ਕਲਜੁਗ ਵੇਖੇ ਆਪਣਾ ਹੱਜ, ਬਣ ਹਾਜੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਦੇਵੇ ਕੱਢ, ਮਾਣ ਅਭਿਮਾਣ ਦਏ ਮਿਟਾਈਆ । ਪੂਤ ਸਪੂਤ ਦੁਆਰੇ ਸੱਦ, ਦਰ ਸਾਚੇ ਦਏ ਸਮਝਾਈਆ । ਬਾਲੀ ਬੁੱਧ ਰੱਖੇ ਲਜ, ਬਿਰਧ ਅਵਸਥਾ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੇਲਾ ਦਏ ਮਿਲਾਈਆ । ਅੰਤ ਸਰੀਰ ਮਿਲੇ ਕੋ ਪਾਸਾ, ਪਾਸਾ ਹਰਿ ਜੂ ਆਪ ਜਣਾਈਆ । ਚਰਨ ਕਵਲ ਕਵਲ ਭਰਵਾਸਾ, ਧਰਨੀ ਧਰਤ ਧਵਲ ਦਏ ਵਡਿਆਈਆ । ਮਨ ਮਨਸਾ ਪੂਰੀ ਹੋਏ ਆਸਾ, ਆਸਾ ਆਸਾ ਨਾਲ ਮਿਲਾਈਆ । ਏਥੇ ਓਥੇ ਮੇਲਾ ਸ਼ਾਹੋ ਸ਼ਾਬਾਸ਼ਾ, ਹਰਿ ਸਤਿਗੁਰ ਹੋਏ ਸਹਾਈਆ । ਗੁਰਸਿਖ ਕਦੇ ਨਾ ਹੋਏ ਨਿਰਾਸਾ, ਜੋ ਜਨ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਾਇਆ ਰੋਗ ਦਏ ਮਿਟਾਈਆ । ਕਾਇਆ ਰੋਗ ਮਿਟੇ ਦੁੱਖ, ਦੁੱਖ ਤਨ ਨਾ ਲਾਗੇ ਰਾਇਆ । ਸੋਹੰ ਜਪ ਸਾਚਾ ਸੁਖ, ਆਤਮ ਪਰਮਾਤਮ ਹੋਏ ਸਹਾਇਆ । ਮਾਤ ਗਰਭ ਕੱਟੇ ਉਲਟਾ ਰੁਖ, ਗੇੜਾ ਗੇੜੇ ਨਾ ਕੋਇ ਭੁਆਇਆ । ਆਪਣੀ ਗੋਦੀ ਲਏ ਚੁੱਕ, ਵੇਲੇ ਅੰਤ ਅੰਤ ਸਹਾਇਆ । ਲੇਖੇ ਲੱਗੇ ਕਾਇਆ ਬੁੱਤ, ਪੰਜ ਤਤ ਆਪਣੀ ਗੰਢ ਪੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਏਕਾ ਵਰ, ਤਿਸ ਜਨ ਦੁੱਖ ਨਾ ਲਾਗੇ ਰਾਇਆ ।



੪੫੨ ੧੨

### ❊ ੨੫ ਹਾੜ ੨੦੧੯ ਬਿਕਰਮੀ ਬਚਨ ਸਿੰਘ ਦੇ ਗ੍ਰਿਹ ਧਿਆਨ ਪੁਰ ਜ਼ਿਲਾ ਅੰਬਾਲਾ ❊

ਆਦਿ ਜੁਗਾਦੀ ਏਕੰਕਾਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਵਸਣਹਾਰ ਸਚਖੰਡ ਸੱਚੇ ਦੁਆਰ, ਧੁਰ ਦਰਬਾਰੇ ਆਸਣ ਲਾਇੰਦਾ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਦੁਆਰ, ਕਲਜੁਗ ਆਪਣਾ ਰੰਗ ਰੰਗਾਇੰਦਾ । ਵਿਸ਼ਨ ਕਰੇ ਖ਼ਬਰਦਾਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕ ਸੁਣਾਇੰਦਾ । ਤ੍ਰੈਗੁਣ ਮਾਇਆ ਖੋਲ੍ਹ ਕਿਵਾੜ, ਪੰਜ ਤਤ ਆਪਣਾ ਭੇਵ ਚੁਕਾਇੰਦਾ ।

ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰ, ਸਤਿ ਸਤਿਵਾਦੀ ਰਾਹ ਚਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਜਾਣੇ ਗੀਤਾ ਗਿਆਨ, ਗੁਰ ਗੁਰ ਅੰਜਨ ਨੇਤਰ ਨਾਮ, ਨਾਮ ਨਿਧਾਨਾ ਇਕ ਰਖਾਇੰਦਾ । ਲੇਖਾ ਜਾਣੇ ਦੋ ਜਹਾਨ, ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਈਆ । ਵੇਖਣਹਾਰ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਰਚਨ ਰਚਾਈਆ । ਸ਼ਬਦ ਅਗੰਮੀ ਏਕਾ ਨਾਦ, ਦੋ ਜਹਾਨਾਂ ਆਪ ਸੁਣਾਈਆ । ਭਗਤ ਭਗਵੰਤ ਸੰਤ ਸੱਜਣ ਸਾਚੇ ਲਾਧ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਹਰਿ ਕਰਤਾਰਾ, ਕਰਨੀ ਆਪਣੀ ਕਿਰਤ ਕਮਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੁਗਾ ਜੁਗੰਤਰ ਵੇਖੇ ਵਿਗਸੇ ਵੇਖਣਹਾਰਾ, ਵੇਦ ਕਤੇਬ ਭੇਵ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਿਆ ਪਾਰ ਕਿਨਾਰਾ, ਨਵ ਨੌਂ ਚਾਰ ਆਪਣਾ ਰੰਗ ਰੰਗਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣਾ ਭੇਵ ਨਾ ਕਿਸੇ ਜਣਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਉਚੀ ਕੂਕ ਕੂਕ ਸਰਬ ਸੰਸਾਰਾ, ਗੁਰ ਅਵਤਾਰ ਕਰਨ ਨਿਮਸਕਾਰਾ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਇੰਦਾ । ਮੁਕਾਮੇ ਹੱਕ ਵਸੇ ਪਰਵਰਦਿਗਾਰਾ, ਜਲਵਾ ਨੂਰ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਰਾਹ ਚਲਾਇੰਦਾ । ਸਤਿ ਸਤਿਵਾਦੀ ਸਾਚਾ ਰਾਹ, ਜੁਗ ਜੁਗ ਆਪ ਚਲਾਇੰਦਾ । ਗੁਰ ਅਵਤਾਰਾਂ ਦੇ ਸਲਾਹ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਭਗਤ ਭਗਵੰਤ ਭੇਵ ਖੁਲ੍ਹਾ, ਆਤਮ ਪਰਦਾ ਤਾਕੀ ਲਾਹਿੰਦਾ । ਸਾਚੇ ਸੰਤਾਂ ਸਤਿ ਜਣਾ, ਸਤਿ ਸਤਿਵਾਦੀ ਰੰਗ ਵਖਾਇੰਦਾ । ਗੁਰਮੁਖ ਗੁਰ ਗੁਰ ਲਏ ਮਿਲਾ, ਗੁਰ ਏਕਾ ਹੱਟ ਖੁਲ੍ਹਾਇੰਦਾ । ਗੁਰਸਿਖ ਸੱਜਣ ਲਏ ਜਗਾ, ਜਾਗਰਤ ਜੋਤ ਜੋਤ ਜਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਕਰਨੀ ਕਰਤਾ ਆਪ ਕਰਾਇੰਦਾ । ਕਰਨੀ ਕਰਤਾ ਕਰੇ ਭਗਵਾਨ, ਪਾਰਬ੍ਰਹਮ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਤਖ਼ਤ ਨਿਵਾਸੀ ਸਾਚਾ ਤਖ਼ਤ ਇਕ ਸੁਹਾਈਆ । ਆਦਿ ਨਿਰੰਜਣ ਦੇਵੇ ਦਾਨ, ਜੋਤ ਨਿਰੰਜਣ ਕਰ ਰੁਸ਼ਨਾਈਆ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਇਕ ਸੁਣਾਏ ਧੁਰ ਫ਼ਰਮਾਣ, ਸਚ ਸੰਦੇਸ਼ਾ ਸੱਚਾ ਮਾਹੀਆ । ਪਾਰਬ੍ਰਹਮ ਪ੍ਰਭ ਕਰੇ ਪਰਵਾਨ, ਆਪਣਾ ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਅਬਿਨਾਸ਼ਾ, ਇਕ ਇਕੱਲਾ ਆਪ ਕਰਾਇੰਦਾ । ਕਲਜੁਗ ਵੇਖੇ ਅੰਤ ਤਮਾਸ਼ਾ, ਤ੍ਰੈਗੁਣ ਅਤੀਤਾ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਠਾਂਡਾ ਸੀਤਾ, ਤ੍ਰੈਗੁਣ ਅਗਨੀ ਨਾ ਤਤ ਬਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਆਪੇ ਜਾਣੇ ਆਪਣੀ ਰੀਤਾ, ਵੇਦ ਕਤੇਬ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਇ ਨਾ

ਆਇੰਦਾ । ਜੁਗਾ ਜੁਗੰਤਰ ਸਾਹਿਬ ਸੁਲਤਾਨਾ ਪਤਤ ਪੁਨੀਤਾ, ਪਤਤ ਪਾਪੀ ਪਾਰ ਕਰਾਇੰਦਾ । ਨਿਰਧਨ ਸਰਧਨ ਹੋਏ ਮੀਤਾ, ਮਿੱਤਰ ਪਿਆਰਾ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਕਰਿਆ ਵੇਸ, ਵੇਸ ਅਨੇਕਾ ਆਪ ਵਟਾਈਆ । ਵਸਣਹਾਰਾ ਸੰਬਲ ਦੇਸ, ਸਾਚੇ ਬੰਕ ਦਏ ਵਡਿਆਈਆ । ਦੋ ਜਹਾਨਾਂ ਨਰ ਨਰੇਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਚਾਈਂ ਚਾਈਂਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਦੀ ਸਿਫ਼ਤ ਸਾਲਾਹ ਕਰੇ ਗੁਰ ਗੁਰ ਦਸਮੇਸ਼, ਦਹਿ ਦਿਸ਼ਾ ਵੇਖੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਲਾਈਆ । ਦੂਸਰ ਸੰਗ ਨਾ ਕੋਇ ਸਾਥ, ਹਰਿ ਜੂ ਆਪਣਾ ਖੇਲ ਖਲਾਇੰਦਾ । ਕਲਜੁਗ ਅੰਤਮ ਵੇਖੇ ਮਾਰ ਝਾਤ, ਨਿਰਗੁਣ ਨਿਰਗੁਣ ਆਪਣਾ ਪਰਦਾ ਲਾਹਿੰਦਾ । ਦੋ ਜਹਾਨਾਂ ਖੋਲਣਹਾਰਾ ਤਾਕ, ਤ੍ਰੈਭਵਨ ਧਨੀ ਆਪਣਾ ਰਾਹ ਚਲਾਇੰਦਾ । ਭਗਤ ਭਗਵੰਤ ਸੱਜਣ ਸਾਕ, ਹਰਿਜਨ ਮੇਲਾ ਮੇਲ ਮਿਲਾਇੰਦਾ । ਆਤਮ ਪਰਮਾਤਮ ਸੁਣਾਏ ਸਾਚਾ ਨਾਦ, ਧੁਨ ਆਤਮਕ ਰਾਗ ਅਲਾਇੰਦਾ । ਬ੍ਰਹਮ ਪਾਰਬ੍ਰਹਮ ਮੇਲ ਮਿਲਾਏ ਹੋ ਵਿਸਮਾਦ, ਬਿਸਮਿਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਜੁਗ ਜੁਗ ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਦਿ ਅੰਤ ਖੇਲ ਅਪਾਰਾ, ਸ੍ਰੀ ਭਗਵਾਨ ਆਪ ਕਰਾਈਆ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਵੱਜੇ ਵਧਾਈਆ । ਮਹੱਲ ਅਟੱਲ ਉਚ ਮਨਾਰਾ, ਸਚਖੰਡ ਵੇਖੇ ਬੇਪਰਵਾਹੀਆ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਸ਼ਬਦੀ ਸੁਤ ਸੁਤ ਉਠਾਈਆ । ਨਾਤਾ ਚੁੱਕੇ ਪੁਰਖ ਨਾਰਾ, ਨਾਰ ਕੰਤ ਸ੍ਰੀ ਭਗਵੰਤ ਏਕਾ ਏਕ ਏਕ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਵੇਸ ਆਪ ਰਖਾਈਆ । ਸਾਚਾ ਵੇਸ ਸ੍ਰੀ ਭਗਵਾਨ, ਕਲਜੁਗ ਅੰਤ ਅੰਤ ਕਰਾਇੰਦਾ । ਪੂਰਬ ਲੇਖਾ ਲਿਖਤ ਮਹਾਨ, ਲਿਖਿਆ ਲੇਖ ਲੇਖੇ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮੰਗਿਆ ਦਾਨ, ਕਲਜੁਗ ਅੰਤਮ ਝੋਲੀ ਪਾਇੰਦਾ । ਤੇਈ ਅਵਤਾਰ ਕਰਨ ਪਰਨਾਮ, ਭਗਤ ਅਠਾਰਾਂ ਸੀਸ ਝੁਕਾਇੰਦਾ । ਈਸਾ ਮੂਸਾ ਸੰਗ ਮੁਹੰਮਦ ਸਯਦਾ ਸੀਸ ਸਲਾਮ, ਬਰਦਾ ਆਪਣਾ ਹੁਕਮ ਵਰਤਾਇੰਦਾ । ਨਾਨਕ ਗੋਬਿੰਦ ਏਕਾ ਅੱਖਰ ਕਰ ਪਰਵਾਨ, ਪਰਮ ਪੁਰਖ ਸਤਿ ਪਰਵਾਨਾ ਹੱਥ ਫੜਾਇੰਦਾ । ਸਰਗੁਣ ਨਿਰਗੁਣ ਕਰ ਕਰ ਧਿਆਨ, ਧਿਆਨੀ ਧਿਆਨ ਧਿਆਨ ਮਿਲਾਇੰਦਾ । ਉਚੀ ਕੂਕ ਕੂਕ ਸੁਣਾਣ, ਅੱਖਰ ਵੱਖਰ ਜੋੜ ਜੁੜਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਰਗੁਣ ਖੇਲੇ ਖੇਲ ਸ੍ਰੀ ਭਗਵਾਨ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਵੇ ਆਣ, ਉਤਭੁਜ ਸੇਤਜ ਆਪਣਾ ਹੁਕਮ ਮਨਾਇੰਦਾ । ਲੱਖ ਚੁਰਾਸੀ ਦੇਵੇ ਦਾਨ, ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਆਪ ਪੜ੍ਹਾਇੰਦਾ । ਆਤਮ ਪਰਮਾਤਮ ਸਾਚਾ ਗਾਨ, ਬ੍ਰਹਮ ਪਾਰਬ੍ਰਹਮ ਵੇਖੇ ਮਾਰ ਧਿਆਨ, ਈਸ਼ ਜੀਵ ਜਗਦੀਸ਼ ਬੰਧਨ ਜੁਗ ਕਰਤਾ ਆਪ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਇੰਦਾ ।

੪੫੪ ੧੨

ਕਲਜੁਗ ਅੰਤਮ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਵਟਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਸ਼ਬਦੀ ਜੋਤੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਵਟਾਈਆ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲਾ, ਸਚਖੰਡ ਦੁਆਰੇ ਏਕਾ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸਚ ਸੰਦੇਸ਼ ਏਕਾ ਘੱਲਾ, ਬ੍ਰਹਿਮੰਡ ਖੰਡ ਕਰੇ ਪੜ੍ਹਾਈਆ । ਸ੍ਰੀ ਭਗਵਾਨ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਫੜਾਏ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਪਾਰਬ੍ਰਹਮ ਬ੍ਰਹਮ ਮੇਟਣਹਾਰਾ ਸੱਲਾ, ਦੂਈ ਦਵੈਤੀ ਦਏ ਗਵਾਈਆ । ਪਾਵੇ ਸਾਰ ਜਲਾ ਥਲਾ, ਜਲ ਥਲ ਮਹੀਅਲ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਬੇਅੰਤ ਬੇਅੰਤ ਬੇਅੰਤ ਆਪਣੀ ਮਹਿਮਾ ਆਪਣੇ ਹੱਥ ਰਖਾਈਆ । ਆਪਣੀ ਮਹਿਮਾ ਰੱਖੇ ਹੱਥ, ਸਤਿਗੁਰ ਵੱਡਾ ਵਡ ਵਡਿਆਈਆ । ਜੁਗ ਕਰਤਾ ਚਲਾਏ ਜੁਗ ਜੁਗ ਰਥ, ਗੁਰ ਅਵਤਾਰ ਸੇਵ ਲਗਾਈਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਆਪਣੇ ਹੱਥ ਰਖਾਈਆ । ਬੋਧ ਅਗਾਧੀ ਮਹਿਮਾ ਅਕੱਥ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਪੀਰ ਪੈਗ਼ੰਬਰ ਮਾਰਗ ਦੱਸ, ਅਲਫ਼ ਯੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਮਧ ਆਪਣੀ ਧਾਰ ਚਲਾਈਆ । ਸਾਚੀ ਧਾਰ ਹਰਿ ਕਰਤਾਰ, ਏਕੰਕਾਰ ਆਪ ਚਲਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਕਲ ਕਲਕੀ ਲੈ ਅਵਤਾਰ, ਰੂਪ ਅਨੂਪ ਵੇਸ ਵਟਾਇੰਦਾ । ਸੰਬਲ ਨਗਰੀ ਹੋ ਉਜਿਆਰ, ਬੰਕ ਦੁਆਰਾ ਇਕ ਸੁਹਾਇੰਦਾ । ਸਚਖੰਡ ਨਿਵਾਸੀ ਸਚ ਬਣਾਏ ਇਕ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਭਗਤ ਭਗਵੰਤ ਦਏ ਦੀਦਾਰ, ਆਤਮ ਦਰਸੀ ਦਰਸ ਕਰਾਇੰਦਾ । ਮੇਟੇ ਹਰਸ ਸਰਬ ਸੰਸਾਰ, ਸੰਸਾ ਰੋਗ ਮੋਹ ਚੁਕਾਇੰਦਾ । ਕਾਗਦ ਕਲਮ ਨਾ ਪਾਵੇ ਸਾਰ, ਲਿਖ ਲਿਖ ਸਿਆਹੀ ਮੁਖ ਸ਼ਰਮਾਇੰਦਾ । ਪਾਰਬ੍ਰਹਮ ਪ੍ਰਭ ਬੇਐਬ ਪਰਵਰਦਿਗਾਰ, ਨੂਰੀ ਜਲਵਾ ਨੂਰ ਧਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਹੱਕ ਹਕ਼ੀਕਤ ਵੇਖ ਵਖਾਇੰਦਾ । ਵਡ ਅਮਾਮ ਬਣ ਸਿਕਦਾਰ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਖੇਲ ਰਚਾਇੰਦਾ । ਨਿਰਗੁਣ ਖੇਲ ਅੰਤਮ ਕਲ, ਕਲ ਕਰਤਾ ਆਪ ਕਰਾਈਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲ, ਅਛਲ ਛਲਧਾਰੀ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਅੰਤਰ ਜੋਤੀ ਜੋਤ ਜਾਏ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਦਰਸ ਦਖਾਏ ਘੜੀ ਘੜੀ ਪਲ ਪਲ, ਪਲਕ ਆਪਣੀ ਆਪ ਉਠਾਈਆ । ਸਚ ਸੁਨੇਹੜਾ ਏਕਾ ਘੱਲ, ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦੁਆਰੇ ਔਣਾ ਚਲ, ਸਚ ਦਰਬਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਕਲਜੁਗ ਅੰਤ ਅੰਤ ਸੁਣਾਈਆ । ਸਚ ਸੰਦੇਸ਼ਾ ਏਕੰਕਾਰ, ਅਕਲ ਕਲਧਾਰੀ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਹੋਏ ਖੁਵਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਪੀਰ ਪੈਗ਼ੰਬਰ ਆਪ ਆਪਣਾ ਗਏ ਹਾਰ, ਸ਼ਰਅ ਸ਼ਰੀਅਤ ਵੰਡਣ ਵੰਡ ਨਾ ਕੋਇ ਵੰਡਾਇੰਦਾ । ਗਾ ਗਾ ਥੱਕੇ ਵੇਦ ਚਾਰ, ਵੇਦ ਵਿਆਸਾ ਲਿਖ ਲਿਖ ਪੁਰਾਨ ਅਠਾਰਾਂ ਪੁਰਾਨ ਪੁਰਾਨੀ ਨਾ ਕੋਇ ਮਿਲਾਇੰਦਾ । ਗੀਤਾ ਗਿਆਨ ਹਾਹਾਕਾਰ, ਕਾਹਨਾ ਰੂਪ ਨਜ਼ਰ ਕੋਇ ਨਾ ਆਇੰਦਾ । ਅੰਜੀਲ ਕੁਰਾਨ ਮਸਲਾ

ਹੱਕ ਨਾ ਕਿਸੇ ਵਿਚਾਰਾ, ਮੁਸਲਿਮ ਸੁੰਨੀ ਨੇਤਰ ਰੋ ਰੋ ਨੈਣ ਨੈਣ ਸਰਬ ਕੁਰਲਾਇੰਦਾ । ਨਜ਼ਰ ਨਾ ਆਏ ਪਰਵਰਦਿਗਾਰਾ, ਰਹਿਮਤ ਰਹੀਮ ਰਹਿਮਾਨ ਨਾ ਕੋਇ ਵਖਾਇੰਦਾ । ਨਾਨਕ ਨਿਰਗੁਣ ਭੁੱਲਿਆ ਸਰਬ ਸੰਸਾਰਾ, ਗੋਬਿੰਦ ਗੁਰ ਗੁਰ ਚਰਨ ਕਵਲ ਧਿਆਨ ਨਾ ਕੋਇ ਲਗਾਇੰਦਾ । ਮੰਦਰ ਮਸਜਿਦ ਮੱਠ ਗੁਰੂਦੁਆਰਾ ਸ਼ਿਵਦੁਆਲਾ ਹਰਿ ਕਾ ਰੰਗ ਨਾ ਕੋਇ ਵਖਾਇੰਦਾ । ਜਗਤ ਸਿਆਸਤ ਝੂਠ ਅਖਾੜਾ, ਧੀਰਜ ਧਰਮ ਨਾ ਕੋਇ ਧਰਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਨਿਹਕਲੰਕਾ ਆਪਣਾ ਨਾਉਂ ਰਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਸਾਚਾ ਮਾਰਗ ਆਪੇ ਲਾਇੰਦਾ । ਸਤਿਜੁਗ ਵਰਤੇ ਸਚ ਵਰਤਾਰਾ, ਰਾਉ ਰੰਕ ਸੋਹੇ ਇਕ ਦੁਆਰਾ, ਜ਼ਾਤ ਪਾਤ ਊਚ ਨੀਚ ਵਰਨ ਬਰਨ ਸਰਬ ਮੇਟ ਮਿਟਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਸੋਹੰ ਸ਼ਬਦ ਸਚ ਜੈਕਾਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਲੱਗੇ ਮਾਤ, ਹਰਿ ਸਤਿਗੁਰ ਆਪ ਲਗਾਈਆ । ਬੀਸ ਬੀਸਾ ਦੇਵੇ ਦਾਤ, ਜਗਤ ਜਗਦੀਸ਼ਾ ਵਡ ਵਡਿਆਈਆ । ਕਲਜੁਗ ਮਿਟੇ ਅੰਧੇਰੀ ਰਾਤ, ਜੂਠ ਝੂਠ ਦਏ ਖਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੰਧਾਏ ਨਾਤ, ਜ਼ਾਤ ਪਾਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਨਿਹਕਲੰਕ ਨਰ ਨਰਾਇਣ, ਨਿਰਗੁਣ ਆਪਣਾ ਵੇਸ ਵਟਾਇੰਦਾ । ਵੱਜੇ ਡੰਕ ਰਾਉ ਰੰਕ ਜੀਵ ਜੰਤ ਰਸਨਾ ਕਹਿਣ, ਵਾਹਵਾ ਤੇਰੀ ਕੁਦਰਤ ਤੇਰਾ ਭੇਵ ਕੋਇ ਨਾ ਪਾਇੰਦਾ । ਭਗਤ ਭਗਵੰਤ ਸਾਚੇ ਸੰਤ ਦਰਸ਼ਨ ਪੇਖਣ ਨੈਣ, ਨੇਤਰ ਨੈਣ ਨਿਜ ਆਤਮ ਆਪ ਖੁਲ੍ਹਾਇੰਦਾ । ਆਵਣ ਜਾਵਣ ਪਤਤ ਪਾਵਣ ਚੁਕਾਏ ਲੈਣ ਦੇਣ, ਲੱਖ ਚੁਰਾਸੀ ਫੰਦ ਕਟਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣੇ ਸਾਕ ਸੱਜਣ ਸੈਣ, ਆਤਮ ਨਾਤਾ ਜੁੜਿਆ ਨਾ ਕੋਇ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਧਾਰ ਲਗਾਇੰਦਾ । ਸਤਿਜੁਗ ਧਾਰ ਜਾਏ ਲੱਗ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਰੇ ਖੇਲ ਸੂਰਾ ਸਰਬੱਗ, ਸੂਰਬੀਰ ਬੇਪਰਵਾਹੀਆ । ਤ੍ਰੈਗੁਣ ਅਗਨੀ ਬੁਝਾਏ ਅੱਗ, ਸਾਂਤਕ ਸਤਿ ਸਤਿ ਕਰਾਈਆ । ਪੰਚ ਵਿਕਾਰਾ ਦੇਵੇ ਦਝ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਗ਼ਰੀਬ ਨਿਮਾਣਿਆਂ ਅੰਤਰ ਬਹੇ ਸਜ, ਸਚ ਸਿੰਘਾਸਣ ਸੋਭਾ ਪਾਈਆ । ਚਾਰ ਵਰਨ ਇਕ ਨਗਾਰਾ ਜਾਏ ਵੱਜ, ਚਾਰ ਕੁੰਟ ਖ਼ੁਸ਼ੀ ਮਨਾਈਆ । ਅੰਤਮ ਲੇਖਾ ਚੁੱਕੇ ਮੱਕਾ ਕਾਅਬਾ ਹਾਜੀ ਹੱਜ, ਕਾਇਆ ਹੁਜਰਾ ਸਚ ਮਹਿਰਾਬੇ, ਨਿਰਗੁਣ ਨੂਰ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਲੇਖਾ ਸ੍ਰੀ ਭਗਵਾਨ, ਸ੍ਰਿਸ਼ਟ ਸਬਾਈ ਆਪ ਜਣਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਪੁਰਖ ਅਕਾਲ ਖੇਲ ਕਰਾਇੰਦਾ । ਪਰਵਰਦਿਗਾਰ ਹੋ ਮਿਹਰਵਾਨ, ਮਿਹਬਾਨ ਬੀਦੋ ਆਪਣਾ ਰੰਗ ਰੰਗਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਲੋਕਮਾਤ ਮਾਤ ਝੁਲਾਇੰਦਾ । ਜੀਵ ਜੰਤ ਦੇਵੇ ਇਕ ਧਿਆਨ, ਹਰਿ ਚਰਨ ਸਰਨ ਸਰਨ ਚਰਨ ਹਰਿ ਸਮਝਾਇੰਦਾ । ਇਸ਼ਟ ਦੇਵ ਸ੍ਰੀ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇੰਦਾ । ਨੌਂ



੪੫੬
੧੨

ਖੰਡ ਪ੍ਰਿਥਮੀ ਸੱਤ ਦੀਪ ਗਾਇਣ ਏਕਾ ਗਾਨ, ਅੰਤਰ ਮੰਤਰ ਅੱਖਰ ਵੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਕਰੇ ਪਰਵਾਨ, ਪਾਰਬ੍ਰਹਮ ਬ੍ਰਹਮ ਵੇਖੇ ਮਾਰ ਧਿਆਨ, ਈਸ਼ ਜੀਵ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਆਪਣਾ ਭੇਵ ਆਪ ਚੁਕਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਬਣਾਏ ਸਚ ਵਿਧਾਨ, ਵਿਧਾਤਾ ਆਪਣੀ ਦਇਆ ਕਮਾਇੰਦਾ ।

✳ ੨੫ ਹਾੜ ੨੦੧੯ ਬਿਕਰਮੀ ਹਰਬੰਸ ਸਿੰਘ ਦੇ ਗ੍ਰਿਹ ਪਿੰਡ ਚੈੜੀਆਂ ਜ਼ਿਲਾ ਅੰਬਾਲਾ ✳

ਨਰ ਨਰਾਇਣ ਹਰਿ ਆਦਿ ਜੁਗਾਦਿ, ਨਿਰਵੈਰ ਪੁਰਖ ਖੇਲ ਕਰਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸਾਚਾ ਮੇਲਾ ਸੰਤ ਸਾਧ, ਸਤਿਗੁਰ ਪੂਰਾ ਆਪ ਕਰਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਜਣਾਇੰਦਾ । ਗੁਰਮੁਖ ਸੱਜਣ ਆਪੇ ਲਾਧ, ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਵੇਸ ਵਟਾਇੰਦਾ । ਨਰ ਨਰਾਇਣ ਇਕ ਇਕੱਲਾ, ਏਕੰਕਾਰ ਵਡ ਵਡਿਆਈਆ । ਵਸਣਹਾਰਾ ਸਚਖੰਡ ਸਚ ਮਹੱਲਾ, ਥਿਰ ਘਰ ਆਪਣਾ ਭੇਵ ਜਣਾਈਆ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਡੂੰਘੇ ਸਾਗਰ ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਭਗਤ ਭਗਵੰਤ ਫੜਾਏ ਪੱਲਾ, ਨਾਮ ਪੱਲੂ ਇਕ ਵਖਾਈਆ । ਜੋਤੀ ਸ਼ਬਦੀ ਨਿਰਗੁਣ ਸਰਗੁਣ ਆਤਮ ਪਰਮਾਤਮ ਆਪੇ ਰਲਾ, ਬ੍ਰਹਮ ਪਾਰਬ੍ਰਹਮ ਭੇਵ ਖੁਲ੍ਹਾਈਆ । ਦੂਈ ਦਵੈਤੀ ਸ਼ਰਅ ਸ਼ਰੈਅਤੀ ਜ਼ਾਤ ਪਾਤ ਮੇਟਣਹਾਰਾ ਸੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਸੋਭਾ ਪਾਇੰਦਾ । ਨਰ ਨਰਾਇਣ ਪੁਰਖ ਅਬਿਨਾਸ਼ਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਘਟ ਘਟ ਅੰਦਰ ਰੱਖੇ ਵਾਸਾ, ਲੱਖ ਚੁਰਾਸੀ ਡੇਰਾ ਲਾਇੰਦਾ । ਆਦਿ ਨਿਰੰਜਣ ਨੂਰ ਪਰਕਾਸ਼ਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦਾਸੀ ਦਾਸਾ, ਬਣ ਸੇਵਕ ਸੇਵ ਕਮਾਇੰਦਾ । ਸ੍ਰੀ ਭਗਵਾਨ ਸ਼ਾਹੋ ਸ਼ਾਬਾਸ਼ਾ, ਸਚਖੰਡ ਦੁਆਰੇ ਦਰਗਹਿ ਸਾਚੀ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਪੂਰੀ ਕਰੇ ਆਸਾ, ਵਸਤ ਅਮੋਲਕ ਝੋਲੀ ਪਾਇੰਦਾ । ਬ੍ਰਹਮ ਬ੍ਰਹਮ ਕਰੇ ਖੇਲ ਬ੍ਰਹਿਮੰਡ ਖੰਡ ਜੇਰਜ ਅੰਡ ਸ਼ਾਹੋ ਸ਼ਾਬਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰ ਘਰ ਸਾਚਾ ਆਪ ਸੁਹਾਇੰਦਾ । ਨਰ ਨਰਾਇਣ ਏਕੰਕਾਰ, ਅਕਲ ਕਲਾ ਵਡਿਆਈਆ । ਸਚਖੰਡ ਨਿਵਾਸੀ ਸਚਖੰਡ ਦੁਆਰੇ ਵਸਣੇਹਾਰ, ਨਿਰਗੁਣ ਨੂਰ ਨਿਰਵੈਰ ਪੁਰਖ ਬੇਅੰਤ ਬੇਪਰਵਾਹੀਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦੀ ਜੁਗਾ ਜੁਗੰਤਰ ਸਾਚੀ ਕਾਰ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪਣੀ ਕਰਨੀ ਆਪ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਤ੍ਰੈਗੁਣ ਮੇਲਾ ਕੰਤ ਭਤਾਰ, ਪੰਚਮ ਨਾਤਾ ਜੋੜ ਸੰਸਾਰ, ਸਾਚੀ ਵੰਡਣ ਵੰਡ ਵੰਡਾਈਆ । ਨਿਰਗੁਣ ਸਰਗੁਣ ਦੇ ਆਧਾਰ, ਲੱਖ ਚੁਰਾਸੀ ਖੇਲ ਅਪਾਰ, ਪਰਮ ਪੁਰਖ ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਨਰ ਨਰਾਇਣ ਵਡ ਵਡਿਆਈਆ । ਨਰ ਨਰਾਇਣ ਇਕੋ ਦਾਤਾ, ਆਦਿ ਜੁਗਾਦਿ ਸਮਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਪੂਤ ਸਪੂਤ ਗੋਦ ਬਹਾਇੰਦਾ । ਚਰਨ ਕਵਲ ਕਵਲ ਚਰਨ ਬੰਧੇ ਨਾਤਾ, ਭਗਤ ਭਗਵੰਤ ਜੋੜ ਜੁੜਾਇੰਦਾ । ਏਥੇ ਓਥੇ ਦੋ ਜਹਾਨ ਰੱਖੇ ਸਾਥਾ, ਸਗਲਾ ਸੰਗ ਆਪ ਹੋ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗਾਏ ਗਾਥਾ, ਗੁਰ ਗੁਰ ਸਤਿਗੁਰ ਆਪ ਪੜ੍ਹਾਇੰਦਾ । ਲਹਿਣਾ ਦੇਣਾ ਜਾਣੇ ਤ੍ਰਲੋਕੀ ਨਾਥਾ, ਤ੍ਰੈਭਵਣ ਧਨੀ ਲੋਕ ਪਰਲੋਕ ਬ੍ਰਹਿਮੰਡ ਖੰਡ ਲੋਅ ਪੁਰੀ ਭੇਵ ਅਭੇਦ ਆਪ ਚੁਕਾਇੰਦਾ । ਚੌਦਾਂ ਲੋਕ ਗਾਏ ਸਾਕਾ, ਚੌਦਾਂ ਤਬਕ ਖੋਲ੍ਹੇ ਤਾਕਾ, ਜ਼ਿਮੀਂ ਅਸਮਾਨ ਖੇਲ ਮਹਾਨ, ਰਵ ਸਸ ਸੂਰਜ ਚੰਦ ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਆਪਣਾ ਨਾਉਂ ਪਰਗਟਾਇੰਦਾ । ਨਾਉਂ ਨਰਾਇਣ ਹਰਿ ਜੂ ਰੱਖ, ਆਪਣੀ ਦਇਆ ਆਪ ਕਮਾਈਆ । ਸਚਖੰਡ ਨਿਵਾਸੀ ਹੋ ਪਰਤੱਖ, ਪਾਰਬ੍ਰਹਮ ਭੇਵ ਅਭੇਦ ਖੁਲ੍ਹਾਈਆ । ਸੰਤ ਭਗਤ ਭਗਵੰਤ ਸੱਜਣ ਸਾਚੇ ਲਏ ਰੱਖ, ਜੁਗ ਜੁਗ ਆਪਣਾ ਭੇਵ ਚੁਕਾਈਆ । ਲਹਿਣਾ ਦੇਣਾ ਚੁਕਾਏ ਮਸਤਕ ਮੱਥ, ਧੁਰ ਮਸਤਕ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਬਣ ਰਹਿਬਰ ਰਾਹ ਚਲਾਈਆ । ਨਿਰਗੁਣ ਅੰਦਰ ਸਰਗੁਣ ਵਸ, ਸਰਗੁਣ ਨਿਰਗੁਣ ਏਕਾ ਰਸ, ਰਸ ਰਸੀਯਾ ਏਕਾ ਗੁਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਵਡ ਵੱਡਾ ਬੇਪਰਵਾਹੀਆ । ਬੇਪਰਵਾਹ ਹਰਿ ਨਿਰੰਕਾਰਾ, ਨਰ ਨਰਾਇਣ ਆਪ ਅਖਵਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਗੁਰ ਅਵਤਾਰ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰਾ, ਕਲਜੁਗ ਆਪਣਾ ਭੇਵ ਚੁਕਾਇੰਦਾ । ਮਹਾਬਲੀ ਅਛਲ ਅਛੱਲ ਵਸਣਹਾਰਾ ਧਾਮ ਨਿਆਰਾ, ਨਿਹਚਲ ਧਾਮ ਮਹੱਲ ਅਟੱਲ ਸਚਖੰਡ ਸਾਚੇ ਸੋਭਾ ਪਾਇੰਦਾ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਵੇਖੇ ਵਿਗਸੇ ਵੇਖਣਹਾਰਾ, ਆਦਿ ਪੁਰਖ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਆਪਣਾ ਪਰਦਾ ਆਪ ਉਠਾਇੰਦਾ । ਨਰ ਨਰਾਇਣ ਪਰਦਾ ਚੁੱਕ, ਚਾਰ ਕੁੰਟ ਕਰੇ ਰੁਸ਼ਨਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਲੁਕ, ਕਲਜੁਗ ਅੰਤਮ ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਨਿਰਮਲ ਨੂਰ ਜੋਤ ਕਰੇ ਪਰਕਾਸ਼, ਭਾਗ ਲਗਾਏ ਸਾਚੇ ਕਾਇਆ ਕੰਚਨ ਕੋਟ, ਕਿਲਾ ਗੜ੍ਹ ਦਏ ਸੁਹਾਈਆ । ਸ਼ਬਦ ਅਗੰਮੀ ਤਨ ਨਗਾਰੇ ਲੱਗੇ ਚੋਟ, ਅਨਹਦ ਨਾਦੀ ਧੁਨ ਆਤਮਕ ਏਕਾ ਰਾਗ ਸੁਣਾਈਆ । ਸ੍ਰਿਸ਼ਟ ਸਬਾਈ ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਿਰਗੁਣ ਨੂਰ ਵਖਾਏ ਸਾਚੀ ਗੋਤ, ਆਤਮ ਪਰਮਾਤਮ ਪੂਤ ਸਪੂਤਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗਾ ਜੁਗੰਤਰ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵਲੜਾ, ਕਰੇ ਕਰਾਏ ਕਰਨੇਹਾਰ । ਪੁਰਖ ਅਕਾਲ ਇਕ ਇਕੱਲੜਾ, ਲੋਕਮਾਤ ਲਏ ਅਵਤਾਰ, ਜਨ ਭਗਤਾਂ ਮਾਰਗ ਦਏ ਸੁਖੱਲੜਾ, ਨਿਰਗੁਣ ਸਰਗੁਣ ਕਰ ਪਿਆਰ, ਅੰਤਰ ਆਤਮ ਫੜਾਏ ਪੱਲੜਾ, ਸ਼ਬਦੀ ਸ਼ਬਦ ਹੋ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਇਕ ਅਵਤਾਰ । ਨਰ ਨਰਾਇਣ ਨਿਹਕਲੰਕ, ਆਦਿ ਜੁਗਾਦਿ ਵਡੀ ਵਡਿਆਈਆ । ਜੁਗਾ ਜੁਗੰਤਰ

ਵਜਾਏ ਡੰਕ, ਡੰਕਾ ਏਕਾ ਨਾਮ ਖ਼ੁਦਾਈਆ । ਲੇਖਾ ਜਾਣੇ ਰਾਉ ਰੰਕ, ਰਾਜ ਰਾਜਾਨ ਸ਼ਾਹ ਸੁਲਤਾਨ, ਲੇਖਾ ਸਭ ਦਾ ਆਪ ਮੁਕਾਈਆ । ਕਲਜੁਗ ਅੰਤਮ ਇਕ ਸੁਹਾਏ ਦੁਆਰ ਬੰਕ, ਬੰਕ ਦੁਆਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਕਰੇ ਖੇਲ ਬੇਪਰਵਾਹੀਆ । ਨਰ ਨਰਾਇਣ ਸੂਰਾ ਸਰਬੰਗ, ਸਰਬ ਕਲਾ ਅਖਵਾਇੰਦਾ । ਆਦਿ ਜੁਗਾਦਿ ਨਾ ਹੋਏ ਭੰਗ, ਸੈਭੰ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਸ੍ਰੀ ਭਗਵੰਤ ਆਤਮ ਪਰਮਾਤਮ ਦੇਵੇ ਇਕ ਅਨੰਦ, ਅਨੰਦ ਘਾਲ ਇਕ ਵਖਾਇੰਦਾ । ਨਿਰਗੁਣ ਨਿਰਾਕਾਰ ਆਦਿ ਨਿਰੰਜਣ ਨੂਰ ਨੁਰਾਨਾ ਚਾੜ੍ਹੇ ਚੰਦ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਗੰਮੀ ਸਾਚਾ ਛੰਦ, ਬਿਨ ਰਸਨਾ ਜਿਹਵਾ ਗਾਇੰਦਾ । ਜੁਗ ਚੌਕੜੀ ਮੇਟੇ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਖੇਲ ਖਲਾਇੰਦਾ । ਨਰ ਨਰਾਇਣ ਏਕੋ ਏਕ, ਇਕ ਇਕ ਅਖਵਾਈਆ । ਭਗਤ ਭਗਵੰਤ ਸਾਚੀ ਟੇਕ, ਦਰ ਘਰ ਸਾਚੇ ਵੱਜੀ ਵਧਾਈਆ । ਸੰਤ ਸੁਹੇਲਾ ਸਦਾ ਬਬੇਕ, ਵਵੇਕੀ ਆਪਣਾ ਭੇਵ ਚੁਕਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਜਿਸ ਸਿਰ ਆਪਣਾ ਹੱਥ ਟਿਕਾਈਆ । ਸੋ ਸੱਜਣ ਸਤਿਗੁਰ ਪੁਰਖ ਲਏ ਪੇਖ, ਪੇਖ ਆਪਣੇ ਨੈਣ ਖ਼ੁਸ਼ੀ ਮਨਾਈਆ । ਜਗਤ ਨੇਤਰ ਨਜ਼ਰ ਨਾ ਆਏ ਰੂਪ ਰੇਖ, ਰੰਗ ਕਰਤਾ ਨਾ ਕੋਇ ਦਸਾਈਆ । ਅਨਭਵ ਪਰਕਾਸ਼ ਅਵੱਲੜਾ ਭੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਖੇਲੇ ਖੇਲ ਬੇਪਰਵਾਹੀਆ । ਨਰ ਨਰਾਇਣ ਗਹਿਰ ਗੰਭੀਰ, ਗੁਣ ਸਾਗਰ ਵਡ ਵਡਿਆਇੰਦਾ । ਵਸਣਹਾਰਾ ਪੰਜ ਤਤ ਕਾਇਆ ਤਤ ਸਰੀਰ, ਤਤਵ ਤਤ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਇਕੋ ਧੀਰ, ਧੀਰਜ ਸਤਿ ਸੰਤੋਖ ਗਿਆਨ ਦ੍ਰਿੜਾਇੰਦਾ । ਸ਼ਬਦ ਅਣਯਾਲਾ ਬਿਰਹੋਂ ਮਾਰੇ ਤੀਰ, ਬਜ਼ਰ ਕਪਾਟੀ ਚੀਰ ਚਰਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਦੂਈ ਦਵੈਤੀ ਜੂਠੀ ਝੂਠੀ ਕੱਢੇ ਪੀੜ, ਸਚ ਸੁਚ ਇਕ ਦ੍ਰਿੜਾਇੰਦਾ । ਅੰਮ੍ਰਿਤ ਆਤਮ ਪਿਆਏ ਠੰਡਾ ਸੀਰ, ਨਿਝਰ ਝਿਰਨਾ ਆਪ ਝਿਰਾਇੰਦਾ । ਫੜ ਚੋਟੀ ਚਾੜ੍ਹੇ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਬਦਲਣਹਾਰਾ ਤਕਸੀਰ, ਤਦਬੀਰ ਆਪਣੀ ਆਪ ਜਣਾਇੰਦਾ । ਕਲਜੁਗ ਅੰਤਮ ਘੱਤ ਵਹੀਰ, ਦੋ ਜਹਾਨਾਂ ਪੰਧ ਮੁਕਾਇੰਦਾ । ਲੇਖਾ ਜਾਣੇ ਪੀਰ ਪੈਗ਼ੰਬਰ ਦਸਤਗੀਰ, ਦਸਤਯਾਬ ਆਪਣਾ ਦਸਤ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਨਰਾਇਣ ਆਪਣਾ ਰੰਗ ਰੰਗਾਇੰਦਾ । ਨਰ ਨਰਾਇਣ ਏਕਾ ਰੰਗ, ਹਰਿ ਜੂ ਹਰਿ ਹਰਿ ਆਪ ਰੰਗਾਈਆ । ਆਤਮ ਸੇਜਾ ਸਚ ਪਲੰਘ, ਸੋ ਪੁਰਖ ਨਿਰੰਜਣ ਆਸਣ ਲਾਈਆ । ਦਿਵਸ ਰੈਣ ਅੱਠੇ ਪਹਿਰ ਨਾਮ ਮਰਦੰਗ, ਮਰਦ ਮਰਦਾਨਾ ਆਪ ਵਜਾਈਆ । ਸਾਚੇ ਅਸਵ ਕਸੇ ਤੰਗ, ਸ਼ਾਹ ਸਵਾਰ ਸਚ ਸਿੰਘਾਸਣ ਆਸਣ ਲਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਆਪੇ ਲੰਘ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੀਤ ਸੁਹਾਗੀ ਗਾਏ ਛੰਦ, ਆਤਮ ਪਰਮਾਤਮ ਇਕ ਅਨੰਦ, ਘਰ ਮੇਲਾ ਸਹਿਜ ਸੁਭਾਈਆ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਨਿਹਕਰਮੀ ਆਪਣਾ ਕਰਮ ਕਮਾਈਆ । ਦੀਨ ਦਿਆਲ ਠਾਕਰ ਸੁਆਮੀ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਲੇਖਾ ਜਾਣੇ ਗੁਜਰੀ ਚੰਦ, ਗੋਬਿੰਦ ਵੇਖੇ ਥਾਉਂ ਥਾਈਆ । ਸ੍ਰਿਸ਼ਟ ਸਬਾਈ ਭਾਗਾਂਮੰਦ, ਕਲਜੁਗ ਅੰਤਮ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਗੁਰਮੁਖ ਵਿਰਲੇ ਮਿਲੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ


੪੫੯
੧੨

੪੯੦
੧੨

ਸੱਚਾ ਸ਼ਹਿਨਸ਼ਾਹੀਆ । ਨਾਮ ਵਖਾਏ ਚੰਡ ਪਰਚੰਡ, ਸਾਚਾ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਘਰ ਸਾਚੇ ਖ਼ੁਸ਼ੀ ਮਨਾਈਆ । ਨਰ ਨਰਾਇਣ ਚਾਉ ਘਨੇਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਜਨ ਭਗਤਾਂ ਦਿਸੇ ਨੇਰਨ ਨੇਰਾ, ਮਨਮੁਖਾਂ ਨਜ਼ਰ ਕਿਤੇ ਨਾ ਆਇੰਦਾ । ਆਤਮ ਪਰਮਾਤਮ ਘਰ ਘਰ ਵਖਾਏ ਖੁਲ੍ਹਾ ਵਿਹੜਾ, ਗ੍ਰਿਹ ਮੰਦਰ ਅੰਦਰ ਆਪਣਾ ਡੇਰਾ ਲਾਇੰਦਾ । ਦਿਵਸ ਰੈਣ ਰੈਣ ਦਿਵਸ ਆਪਣਾ ਰੰਗ ਵਖਾਏ ਸੰਞ ਸਵੇਰਾ, ਸਚ ਪਰਭਾਤੀ ਆਪਣਾ ਪਰਦਾ ਲਾਹਿੰਦਾ । ਗੁਰਮੁਖ ਗੁਰ ਗੁਰ ਕਹੇ ਤੂੰ ਮੇਰਾ ਮੈਂ ਤੇਰਾ, ਨਾਨਕ ਢੋਲਾ ਸਾਚਾ ਸੋਹਲਾ, ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਏਕਾ ਧਾਰ ਏਕਾ ਰਾਗ ਅਲਾਇੰਦਾ । ਸੋਹੰ ਸਦ ਸਚ ਵਿਚੋਲਾ, ਆਦਿ ਜੁਗਾਦਿ ਬਣਿਆ ਤੋਲਾ, ਗੁਰ ਅਵਤਾਰ ਪੀਰ ਪੈਗ਼ੰਬਰ ਬਦਲਣਹਾਰਾ ਚੋਲਾ, ਕਾਇਆ ਚੋਲਾ ਤਨ ਨਾ ਕੋਇ ਹੰਢਾਇੰਦਾ । ਪੁਰਖ ਅਬਿਨਾਸ਼ੀ ਰੱਖਣਹਾਰਾ ਪਰਦਾ ਓਹਲਾ, ਬ੍ਰਹਮ ਪਾਰਬ੍ਰਹਮ ਆਪਣੀ ਵੰਡ ਵੰਡਾਇੰਦਾ । ਹਰਿਜਨ ਹਰਿ ਜੂ ਵਸੇ ਕੋਲਾ, ਨਿਜ ਘਰ ਆਤਮ ਡੇਰਾ ਲਾਇੰਦਾ । ਨਰ ਨਰਾਇਣ ਨਿਰਗੁਣ ਰੂਪ ਹੋ ਹੋ ਮੌਲਾ, ਬਿਸਮਿਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਰ ਨਰਾਇਣ ਜਪਤ ਜਪ ਜੀਵ, ਜੀਵਣ ਜੁਗਤ ਜਗਤ ਜਣਾਈਆ । ਅੰਤਮ ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂਵ, ਰਵਦਾਸ ਚੁਮਾਰਾ ਦਏ ਗਵਾਹੀਆ । ਗੋਬਿੰਦ ਸੂਰਾ ਸੁਤ ਦੁਲਾਰੇ ਰੱਖ ਕੇ ਗਿਆ ਹੇਠਾਂ ਨੀਂਵ, ਸਤਿਜੁਗ ਸਾਚੀ ਨੀਂਹ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਏਕੋ ਅੱਖਰ ਰਿਹਾ ਪੜ੍ਹਾਈਆ । ਨਰ ਨਰਾਇਣ ਸਾਚਾ ਅੱਖਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਦਿ ਜੁਗਾਦਿ ਰੱਖੇ ਵੱਖਰ, ਵੱਖਰੀ ਧਾਰ ਆਪ ਪਰਗਟਾਇੰਦਾ । ਪਾੜਨਹਾਰਾ ਬਜ਼ਰ ਕਪਾਟੀ ਪੱਥਰ, ਦੂਈ ਦਵੈਤੀ ਪਰਦਾ ਲਾਹਿੰਦਾ । ਨੇਤਰ ਨੀਰ ਵਿਰੋਲੇ ਅੱਥਰ, ਨਿਝਰ ਝਿਰਨਾ ਆਪ ਝਿਰਾਇੰਦਾ । ਗੋਬਿੰਦ ਵੇਖੇ ਸਾਚਾ ਸੱਥਰ, ਸੱਥਰ ਯਾਰੜਾ ਆਪ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਇਕੋ ਜਾਪ ਜਪਾਇੰਦਾ । ਨਰ ਨਰਾਇਣ ਇਕੋ ਜਾਪ, ਜੀਵਣ ਮੁਕਤ ਆਪ ਜਣਾਈਆ । ਤ੍ਰੈ ਤ੍ਰੈ ਮੇਟਣਹਾਰਾ ਤੀਨੋਂ ਤਾਪ, ਅਗਨੀ ਤਤ ਨਾ ਲਾਗੇ ਰਾਈਆ । ਪਰਗਟ ਹੋਏ ਪ੍ਰਭ ਆਪੇ ਆਪ, ਆਪਣੀ ਕਲ ਆਪ ਰਖਾਈਆ । ਪੂਤ ਸਪੂਤਾ ਗੋਦ ਸੁਹਾਏ ਬਣ ਬਣ ਮਾਈ ਬਾਪ, ਪਿਤਾ ਪੂਤ ਸਦਾ ਸਖਾਈਆ । ਚਰਨ ਕਵਲ ਧਰਤ ਧਵਲ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਨਾ ਕੋਇ ਤੁੜਾਈਆ । ਚਾਰ ਵਰਨ ਵਖਾਏ ਇਕ ਜ਼ਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਨਰ ਨਰਾਇਣ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਖੇਲ ਕਰਾਈਆ । ਘਟ ਘਟ ਅੰਦਰ ਜੋਤ ਪਰਕਾਸ਼, ਪਰਕਾਸ਼ਵਾਨ ਬੇਪਰਵਾਹੀਆ । ਗੁਰਮੁਖਾਂ ਪੂਰੀ ਕਰੇ ਆਸ, ਗੁਰ ਗੁਰ ਆਪਣਾ ਦਰਸ ਕਰਾਈਆ । ਕਲਜੁਗ ਅੰਤਮ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼, ਦੋਏ ਦੋਏ ਧਾਰ ਆਪ ਪਰਗਟਾਈਆ । ਪਾਵੇ ਸਾਰ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰਾਇਣ ਨਰ ਨਰ ਨਰਾਇਣ ਏਕਾ ਘਰ ਸੋਭਾ ਪਾਈਆ । ਏਕਾ ਘਰ ਸੋਭਾਵੰਤ, ਨਰ ਹਰਿ ਨਰਾਇਣ ਆਪ ਸੁਹਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਮੇਲ ਮਿਲਾਏ ਸਾਚੇ ਸੰਤ, ਸੰਤ ਸਾਜਣ ਆਪਣੀ

ਬੂਝ ਬੁਝਾਇੰਦਾ । ਲੇਖਾ ਜਾਣ ਨਾਰ ਕੰਤ, ਕੰਤੂਹਲ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਾਏ ਬਣਤ, ਅੰਤਮ ਲੇਖਾ ਆਪ ਮੁਕਾਇੰਦਾ । ਤੋੜਣਹਾਰਾ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਨਰ ਨਰਾਇਣ ਬਣਾਏ ਸਾਚੀ ਸੰਗਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਮੁਖ ਦੂਜੇ ਦਰ ਨਾ ਹੋਏ ਮੰਗਤ, ਵਸਤ ਅਮੋਲਕ ਝੋਲੀ ਪਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਮਜੀਠੀ ਆਪ ਰੰਗਾਇੰਦਾ । ਮਾਣਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਦਇਆ ਕਮਾਇੰਦਾ । ਨਰ ਹਰਿ ਦੀਨ ਦਿਆਲ, ਠਾਕਰ ਆਪਣਾ ਰੰਗ ਰੰਗਾਈਆ । ਭਗਤ ਭਗਵੰਤ ਵੇਖੇ ਸਾਚੇ ਲਾਲ, ਲਾਲਣ ਆਪਣੀ ਗੋਦ ਸੁਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਦੇਵੇ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਸ਼ਾਹੋਂ ਕਰੇ ਕੰਗਾਲ, ਕੰਗਾਲ ਸ਼ਾਹ ਦਏ ਬਣਾਈਆ । ਜਨ ਭਗਤਾਂ ਹਲ ਕਰੇ ਸਵਾਲ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਹਰਿ ਵਸੇ ਸਾਚੇ ਘਰ, ਘਰ ਸਾਚਾ ਸਚਖੰਡ ਦੁਆਰੇ ਦਏ ਵਡਿਆਈਆ । ਗੁਰਮੁਖ ਕਦੇ ਨਾ ਕਰੇ ਬਸ, ਇਕੋ ਆਸ ਤਕਾਈਆ । ਹਰਿ ਜੂ ਹਿਰਦੇ ਅੰਦਰ ਜਾਏ ਵਸ, ਘਰ ਸਾਚੇ ਦਏ ਵਡਿਆਈਆ । ਮੇਟੇ ਰੈਣ ਅੰਧੇਰੀ ਮੱਸ, ਸਾਚਾ ਚੰਦ ਕਰੇ ਰੁਸ਼ਨਾਈਆ । ਅਗਲਾ ਮਾਰਗ ਦੇਵੇ ਦੱਸ, ਪਿਛਲਾ ਲੇਖਾ ਰਹੇ ਨਾ ਰਾਈਆ । ਦਿਵਸ ਰੈਣ ਅੱਠੇ ਪਹਿਰ ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਗਾਏ ਜਸ, ਜਸ ਵੇਦ ਪੁਰਾਨ ਗਾ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਜਣਾਈਆ । ਬਸ ਨਾ ਕਰੇ ਗੁਰਸਿਖ ਮੀਤ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਿਵਸ ਰੈਣ ਗਾਏ ਗੋਬਿੰਦ ਗੀਤ, ਗੋਬਿੰਦ ਆਪਣਾ ਰੰਗ ਵਟਾਇੰਦਾ । ਸਦਾ ਸੁਹੇਲਾ ਇਕ ਇਕੇਲਾ ਨਜ਼ਰੀ ਆਏ ਬੈਠਾ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਿੰਦਾ । ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲੇਖਾ ਜਾਣੇ ਪਤਤ ਪੁਨੀਤ, ਪਤਤ ਪਾਵਣ ਆਪਣਾ ਨਾਉਂ ਧਰਾਇੰਦਾ । ਦੋ ਜਹਾਨ ਚਲਾਏ ਸਾਚੀ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਬਸ ਬਸ ਨਾ ਗੁਰਮੁਖ ਕਰ, ਹਰਿ ਹਰਿ ਹਰਿ ਖੇਲ ਕਰਾਇੰਦਾ । ਪ੍ਰਭ ਮਿਲਣ ਦਾ ਇਕੋ ਦਰ, ਘਰ ਘਰ ਵਿਚ ਆਪ ਜਣਾਇੰਦਾ । ਨਿਰਭੌ ਚੁਕਾਏ ਭੈ ਡਰ, ਭੈ ਅਵਰ ਨਾ ਕੋਇ ਰਖਾਇੰਦਾ । ਆਤਮ ਅੰਤਰ ਨੁਹਾਏ ਸਾਚੇ ਸਰ, ਕਾਗੋਂ ਹੰਸ ਬਣਾਇੰਦਾ । ਸੁਰਤੀ ਸ਼ਬਦੀ ਲਏ ਫੜ, ਆਤਮ ਪਰਮਾਤਮ ਜੋੜ ਜੁੜਾਇੰਦਾ । ਲੇਖਾ ਚੁੱਕੇ ਪੰਜ ਤਤ ਕਾਇਆ ਸਰੀਰ ਧੜ, ਜਗਦੀਸ਼ ਆਪਣੀ ਦਇਆ ਕਮਾਇੰਦਾ । ਸਚਖੰਡ ਦੁਆਰੇ ਜਾਣਾ ਵੜ, ਰਾਹ ਵਿਚ ਨਾ ਕੋਇ ਅਟਕਾਇੰਦਾ । ਗੁਰਮੁਖ ਸੱਜਣ ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਮਰਨ ਜਨਮ ਸਤਿਗੁਰ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਵਿਚ ਕੁੰਡਾ ਲਾਹਿੰਦਾ । ਘਰ ਵਿਚ ਕੁੰਡਾ ਘਰ ਵਿਚ ਤਾਕੀ, ਘਰ ਘਰ ਵਿਚ ਪਰਦਾ ਲਾਹਿੰਦਾ । ਪਕੜ ਚੜ੍ਹਾਏ ਉਚੀ ਘਾਟੀ, ਗ੍ਰਿਹ ਮੰਦਰ ਆਪ ਜਣਾਇੰਦਾ । ਨਿਰਗੁਣ ਨੂਰ ਜੋਤ ਜਗਾਏ ਲਲਾਟੀ, ਅਗਿਆਨ ਅੰਧੇਰ ਗਵਾਇੰਦਾ । ਮੇਲ ਮਿਲਾਏ ਕਮਲਾਪਾਤੀ, ਕਵਲ ਨੈਣ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਥੇ ਓਥੇ ਸਦਾ ਸਾਥੀ, ਸਦਾ ਸੰਗ ਰਖਾਇੰਦਾ । ਕਿਰਪਾ ਅੰਦਰ ਸਦਾ ਸੁਆਮੀ, ਆਪਣਾ ਖੇਲ ਕਰਾਈਆ । ਆਦਿ ਜੁਗਾਦਿ ਸਦਾ ਸਦ ਨੇਹਕਾਮੀ, ਨਿਹਕਰਮੀ ਕਰਮ ਕਮਾਈਆ । ਘਟ ਘਟ ਬੈਠਾ ਅੰਤਰਜਾਮੀ, ਅੰਤਰ ਗਤ ਆਪ ਜਣਾਈਆ । ਦਿਵਸ ਰੈਣ ਰੈਣ ਦਿਵਸ ਗਾਏ ਸਾਚੀ ਬਾਣੀ, ਅਨਹਦ ਨਾਦੀ ਨਾਦ ਸੁਣਾਈਆ । ਸੁਰਤ ਸਵਾਣੀ ਸੁਘੜ ਸੁਚੱਜੀ ਹੋਏ ਰਾਣੀ, ਘਰ ਮਿਲੇ ਸੱਚਾ ਮਾਹੀਆ । ਆਤਮ ਪਰਮਾਤਮ ਪਿਆਏ ਠੰਡਾ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਲੇਖਾ ਚੁੱਕੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾਤਾ ਦਏ ਤੁੜਾਈਆ । ਸਤਿਗੁਰ ਮਿਲੇ ਸ਼ਬਦ ਹਾਣੀ, ਸੁਰਤ ਸਵਾਣੀ ਆਪਣੇ ਸੰਗ ਰਖਾਈਆ । ਦੋਹਾਂ ਵਿਚੋਲਾ ਪੁਰਖ ਅਬਿਨਾਸ਼ੀ ਇਕ ਵਖਾਏ ਪਦ ਨਿਰਬਾਣੀ, ਨਿਰਬਾਣ ਪਦ ਆਪਣਾ ਚਰਨ ਵਖਾਈਆ । ਏਥੇ ਓਥੇ ਅਕੱਥ ਕਹਾਣੀ, ਬਿਨ ਰਸਨਾ ਜੇਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸੱਚਾ ਵਰ, ਘਰ ਮੰਦਰ ਕਰੇ ਜੋਤ ਰੁਸ਼ਨਾਈਆ ।

### ✳ ੨੫ ਹਾੜ ੨੦੧੯ ਬਿਕਰਮੀ ਜਗੀਰ ਸਿੰਘ ਦੇ ਗ੍ਰਿਹਿ ਰੰਗੀਲ ਪੁਰ ਜ਼ਿਲਾ ਅੰਬਾਲਾ ✳

ਸਤਿ ਪੁਰਖ ਨਿਰੰਜਣ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਨਿਰਵੈਰ ਪੁਰਖ ਵੇਸ ਵਟਾਇੰਦਾ । ਸੰਬਲ ਨਗਰ ਧਾਮ ਨਿਆਰ, ਦਰ ਘਰ ਸਾਚੇ ਆਸਣ ਲਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰਾ ਏਕਾ ਨਾਉਂ ਅਲਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਨਜ਼ਰ ਕਿਸੇ ਨਾ ਆਇੰਦਾ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤਤ ਤਤ ਬਣੇ ਦਲਾਲ, ਕਰੇ ਖੇਲ ਸ੍ਰੀ ਭਗਵਾਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਸੋਭਾ ਪਾਇੰਦਾ । ਸੋਭਾਵੰਤ ਸ੍ਰੀ ਭਗਵਾਨ, ਹਰਿ ਵੱਡਾ ਵਡ ਵਡਿਆਈਆ । ਨਿਰਗੁਣ ਨਿਰਾਕਾਰ ਹੋ ਪਰਧਾਨ, ਅਕਲ ਕਲ ਖੇਲੇ ਖੇਲ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸਾ ਨਰ ਨਰੇਸ਼ਾ ਲੱਖ ਚੁਰਾਸੀ ਸੁਣਾਏ ਕਾਨ, ਚਾਰੇ ਖਾਣੀ ਕਰੇ ਪੜ੍ਹਾਈਆ । ਆਤਮ ਪਰਮਾਤਮ ਇਕ ਗਿਆਨ, ਪਰਮ ਪੁਰਖ ਮੇਲਾ ਸਹਿਜ ਸੁਭਾਈਆ । ਪਾਰਬ੍ਰਹਮ ਬ੍ਰਹਮ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਈਸ਼ ਜੀਵ ਇਕ ਨਿਸ਼ਾਨ, ਜਗਦੀਸ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਦਏ ਵਡਿਆਈਆ । ਦਰ ਘਰ ਸਾਚਾ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਇੰਦਾ । ਸਚਖੰਡ ਦੁਆਰ ਬਣਾਈ ਬਣਤ, ਸਚ ਸਿੰਘਾਸਣ ਆਸਣ ਲਾਇੰਦਾ । ਕਰੇ ਖੇਲ ਆਦਿ ਅੰਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸ਼ਬਦ ਅਗੰਮੀ ਮਣੀਆ ਮੰਤ, ਗੁਰ ਅਵਤਾਰ ਪੀਰ ਪੈਗੰਬਰ ਆਪ ਪੜ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਸਾਧਨ ਸੰਤ, ਸੰਤ ਸਾਜਣ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿ ਹਰਿ ਆਪਣਾ ਵੇਸ ਵਟਾਇੰਦਾ । ਵੇਸ ਅਪਾਰਾ ਹਰਿ ਨਿਰੰਕਾਰਾ, ਨਿਰਗੁਣ ਧਾਰਾ ਜੋਤ ਜਗਾਈਆ । ਪਰਗਟ ਹੋ ਵਿਚ

ਸੰਸਾਰਾ, ਜੁਗ ਚੌਕੜੀ ਵੇਖੇ ਵਾਰੋ ਵਾਰਾ, ਨਿਤ ਨਵਿਤ ਫੇਰਾ ਪਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਲੋਆਂ ਪੁਰੀਆਂ ਦਏ ਹੁਲਾਰਾ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਰਵ ਸਸ ਕਰਨ ਨਿਮਸਕਾਰਾ, ਮੰਡਲ ਮੰਡਪ ਢਹਿ ਢਹਿ ਪਏ ਚਰਨ ਦੁਆਰਾ, ਚਰਨ ਧੂੜੀ ਮਸਤਕ ਟਿੱਕਾ ਏਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਬੈਠਾ ਆਸਣ ਲਾਈਆ । ਹਰਿ ਮੰਦਰ ਸੋਹੇ ਹਰਿ ਨਿਰੰਕਾਰ, ਸਚ ਸਿੰਘਾਸਣ ਆਸਣ ਲਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਤਿਆਰ, ਤ੍ਰੈਗੁਣ ਅਤੀਤਾ ਡਗਮਗਾਇੰਦਾ । ਠਾਂਡਾ ਸੀਤਾ ਵਸਣਹਾਰਾ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਕੁਦਰਤ ਕਾਦਰ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਦਿਸ ਨਾ ਆਇੰਦਾ । ਜੁਗ ਚੌਕੜੀ ਹੋ ਤਿਆਰ ਸਤਿਜੁਗ ਤ੍ਰੇਤਾ ਦੁਆਪਰ ਲਏ ਹੁਦਾਰ, ਕਲਜੁਗ ਅੰਤਮ ਵੇਲਾ ਆਇੰਦਾ । ਸੇਵਾ ਕਰ ਕਰ ਥੱਕੇ ਗੁਰ ਅਵਤਾਰ, ਪੀਰ ਪੈਗ਼ੰਬਰ ਗਏ ਹਾਰ, ਜੀਵ ਜੰਤ ਲੱਖ ਚੁਰਾਸੀ ਗ੍ਰਹਿ ਮੰਦਰ ਘਰ ਘਰ ਸਰਬ ਕੁਰਲਾਇੰਦਾ । ਆਤਮ ਕਰੇ ਨਾ ਕੋਈ ਠੰਡੀ ਠਾਰ, ਨੇਤਰ ਲੋਚਣ ਨੈਣ ਦੇਵੇ ਨਾ ਕੋਇ ਦਰਸ ਦੀਦਾਰ, ਈਦ ਦੀਦ ਚੰਦ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਪਰਗਟਾਇੰਦਾ । ਸਾਚੀ ਧਾਰ ਪਰਗਟ ਜੋਤ, ਜੋਤੀ ਜਾਤਾ ਖੇਲ ਕਰਾਇੰਦਾ । ਲੱਖ ਚੁਰਾਸੀ ਏਕਾ ਓਟ, ਏਕਾ ਇਸ਼ਟ ਮਨਾਇੰਦਾ । ਵਰਨ ਬਰਨ ਨਾਤਾ ਤੋੜੇ ਝੂਠੀ ਗੋਤ, ਆਤਮ ਪਰਮਾਤਮ ਏਕਾ ਗੰਢ ਪਵਾਇੰਦਾ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਕੱਢੇ ਖੋਟ, ਦੂਈ ਦਵੈਤੀ ਪੜਦਾ ਲਾਹਿੰਦਾ । ਤਨ ਨਗਾਰੇ ਸ਼ਬਦ ਅਗੰਮੀ ਲਾਏ ਚੋਟ, ਅਨਾਦ ਅਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਪੁਰਖ ਸਮਰਥ, ਕਲਜੁਗ ਅੰਤ ਅੰਤ ਜਣਾਈਆ । ਸਤਿਜੁਗ ਤ੍ਰੇਤਾ ਦਆਪਰ ਲੋਕਮਾਤ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਈਆ । ਕਲਜੁਗ ਅੰਤਮ ਹੋ ਪਰਗਟ, ਪਰਮ ਪੁਰਖ ਆਪਣਾ ਵੇਸ ਵਟਾਈਆ । ਕਰੇ ਪਰਕਾਸ਼ ਨਿਰਮਲ ਜੋਤ, ਪੰਜ ਤਤ ਨਾ ਕੋਇ ਵਡਿਆਈਆ । ਵਸਣਹਾਰਾ ਸਾਚੇ ਕੋਟ, ਸੰਬਲ ਡੇਰਾ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਵਸੇ ਸੱਚਾ ਮਾਹੀਆ । ਸੰਬਲ ਨਗਰ ਸਚ ਟਿਕਾਣਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਸ਼ਬਦ ਅਗੰਮੀ ਇਕ ਬਬਾਣਾ, ਹਰਿ ਪੁਰਖ ਨਿਰੰਜਣ ਆਪ ਉਡਾਇੰਦਾ । ਏਕੰਕਾਰਾ ਹੋ ਪਰਧਾਨਾ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਜਾਣੀ ਜਾਣਾ, ਸ੍ਰੀ ਭਗਵਾਨ ਸੇਵ ਕਮਾਇੰਦਾ । ਪਾਰਬ੍ਰਹਮ ਬਣ ਮਰਦ ਮਰਦਾਨਾ, ਵਡ ਮਰਦਾਨਗੀ ਆਪ ਰਖਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਨਿਸ਼ਾਨਾ, ਲੱਖ ਚੁਰਾਸੀ ਘਰ ਘਰ ਆਪ ਟਿਕਾਇੰਦਾ । ਬੋਧ ਅਗਾਧੀ ਏਕਾ ਗਾਣਾ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਰਮ ਪੁਰਖ ਵੇਖੇ ਮਾਰ ਧਿਆਨਾ, ਧਿਆਨ ਧਿਆਨ ਨਾਲ ਮਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਖੇਲ ਸ੍ਰੀ ਭਗਵਾਨਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਦੋ ਜਹਾਨ ਝੁਲਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਉਠਾਇੰਦਾ । ਲੇਖਾ ਜਾਣੇ ਗੋਪੀ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸੱਚਾ ਸਚਖੰਡ, ਹਰਿ ਸਾਚਾ ਸਚ ਜਣਾਇੰਦਾ ।

ਪੁਰਖ ਅਬਿਨਾਸ਼ੀ ਵੰਡੇ ਵੰਡ, ਦੂਸਰ ਸੰਗ ਨਾ ਕੋਇ ਵਖਾਇੰਦਾ । ਥਿਰ ਘਰ ਸਾਚੇ ਬਹਿ ਬਹਿ ਗਾਏ ਛੰਦ, ਗੀਤ ਗੋਬਿੰਦ ਅਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਲਹਿਣਾ ਦੇਣਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਆਪ ਵਡਿਆਇੰਦਾ । ਘਰ ਮੰਦਰ ਵੇਖੇ ਖੋਲ੍ਹੇ ਤਾਕ, ਘਰ ਘਰ ਵੱਜੇ ਵਧਾਈਆ । ਘਰ ਮੇਲਾ ਸੱਜਣ ਪਾਕੀ ਪਾਕ, ਪੱਤਤ ਪੁਨੀਤ ਲਏ ਤਰਾਈਆ । ਘਰ ਸੋਹਲਾ ਢੋਲਾ ਗਾਏ ਭਵਿਖਤ ਵਾਕ, ਅਨਭਵ ਆਪਣਾ ਭੇਵ ਜਣਾਈਆ । ਘਰ ਆਤਮ ਪਰਮਾਤਮ ਦੱਸੇ ਇਕੋ ਜ਼ਾਤ, ਵਰਨ ਬਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚੇ ਦਏ ਵਡਿਆਈਆ । ਦਰ ਸਾਚੇ ਵਡਿਆਈ ਵੱਡਾ ਵਡ, ਹਰਿ ਸੱਜਣ ਆਪ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਅੰਤਰ ਆਪੇ ਕੱਢ, ਲੋਕਮਾਤ ਵੇਖ ਵਖਾਇੰਦਾ । ਜੁਗਾ ਜੁਗੰਤਰ ਧੁਰ ਦਰਬਾਰੀ ਧੁਰ ਦੁਆਰੇ ਲਏ ਸੱਦ, ਸਚ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਜਣਾਇੰਦਾ । ਕਲਜੁਗ ਖੇਲ ਲੈਣਾ ਜਾਣ, ਜਾਨਣਹਾਰ ਆਪ ਜਣਾਈਆ । ਪੁਰਖ ਅਬਿਨਾਸ਼ੀ ਹੋ ਪਰਧਾਨ, ਦੋ ਜਹਾਨ ਵੇਖੇ ਚਾਈਂ ਚਾਈਂਆ । ਸਚਖੰਡ ਦਆਰੇ ਸਚ ਨਿਸ਼ਾਨ, ਲੋਕਮਾਤ ਦਏ ਝੁਲਾਈਆ । ਸਤਿਜੁਗ ਮਾਰਗ ਲਾਏ ਹੋ ਮਿਹਰਵਾਨ, ਦੀਨਨ ਆਪਣੀ ਦਇਆ ਕਮਾਈਆ । ਭਗਤ ਭਗਵੰਤ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਵਸਤ ਅਗੰਮੀ ਦੇਵੇ ਦਾਨ, ਨਿਝ ਘਰ ਸਾਚੇ ਆਪ ਵਰਤਾਈਆ । ਸੁਰਤੀ ਸ਼ਬਦੀ ਮੇਲਾ ਗੋਪੀ ਕਾਹਨ, ਏਕਾ ਬੰਸਰੀ ਨਾਮ ਸੁਣਾਈਆ । ਪੀਰ ਪੈਗ਼ੰਬਰ ਦਏ ਪੈਗ਼ਾਮ, ਕਲਮਾ ਨਬੀ ਆਪ ਪੜ੍ਹਾਈਆ । ਮੁਕਾਮੇ ਹੱਕ ਵਸੇ ਧਾਮ, ਦਰਗਹਿ ਸਾਚੀ ਆਸਣ ਲਾਈਆ । ਕਲਜੁਗ ਅੰਤਮ ਵੇਖੇ ਆਣ, ਨਿਹਕਲੰਕਾ ਨਾਉਂ ਰਖਾਈਆ । ਗੁਰਮੁਖ ਸੱਜਣ ਲਏ ਪਛਾਣ, ਜੁਗ ਵਿਛੜੇ ਮੇਲਾ ਲਏ ਮਿਲਾਈਆ । ਏਕਾ ਰਾਗ ਸੁਣਾਏ ਕਾਨ, ਸੋਹੰ ਢੋਲਾ ਸੋ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਨਗਰ ਧਾਮ ਨਿਆਰਾ, ਸਾਢੇ ਤਿੰਨ ਹੱਥ ਆਸਣ ਲਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਆਪ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਕਰੋੜ ਤੇਤੀਸਾ ਸੀਸ ਝੁਕਾਇੰਦਾ । ਤੇਈ ਅਵਤਾਰ ਖੜੇ ਦੁਆਰਾ, ਭਗਤ ਅਠਾਰਾਂ ਨਾਲ ਮਿਲਾਇੰਦਾ । ਈਸਾ ਮੂਸਾ ਕਰੇ ਪੁਕਾਰਾ, ਮੁਹੰਮਦ ਏਕਾ ਓਟ ਰਖਾਇੰਦਾ । ਨਾਨਕ ਗੋਬਿੰਦ ਬੋਲ ਜੈਕਾਰਾ, ਡੰਕਾ ਫਤਹਿ ਇਕ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਏ ਕਲਕੀ ਅਵਤਾਰਾ, ਕਲ ਆਪਣੀ ਆਪ ਧਰਾਇੰਦਾ । ਮਹਾਬਲੀ ਛਲੇ ਸਰਬ ਸੰਸਾਰਾ, ਵਲ ਛਲ ਆਪਣਾ ਖੇਲ ਵਖਾਇੰਦਾ । ਸ਼ਾਹ ਸੁਲਤਾਨਾ ਕਰੇ ਖੁਆਰਾ, ਰਾਜ ਰਾਜਾਨਾਂ ਮੇਟ ਮਿਟਾਇੰਦਾ । ਗ਼ਰੀਬ ਨਿਮਾਣਿਆਂ ਦਏ ਹੁਲਾਰਾ, ਫੜ ਬਾਂਹੋਂ ਗਲੇ ਲਗਾਇੰਦਾ । ਉਚਾਂ ਨੀਚਾਂ ਵਖਾਏ ਇਕ ਦਰਬਾਰਾ, ਜ਼ਾਤ ਪਾਤ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਦੇ ਸਹਾਰਾ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਆਪ ਵਡਿਆਇੰਦਾ । ਹਰਿ ਮੰਦਰ ਵੇਖੇ ਕਾਇਆ ਤਨ, ਤਤਵ ਤਤ ਤਤ ਜਣਾਈਆ ।

ਆਸਾ ਤ੍ਰਿਸਨਾ ਮੇਟੇ ਮਨ, ਮਨ ਵਾਸਨਾ ਦਏ ਖਪਾਈਆ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਕਰੇ ਵਸੇਰਾ ਸਾਚੀ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਰਖਾਈਆ । ਹੋਏ ਪਰਕਾਸ਼ ਕੋਟਨ ਕੋਟ ਸੂਰਜ ਚੰਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚਾ ਦੇਵੇ ਨਾਮ ਧਨ, ਧਨ ਖ਼ਜ਼ੀਨਾ ਇਕ ਲੁਟਾਈਆ । ਚਾਰ ਵਰਨਾਂ ਬੇੜਾ ਦੇਵੇ ਬੰਨ੍ਹ, ਬਰਨ ਅਠਾਰਾਂ ਲੇਖੇ ਪਾਈਆ । ਸਾਚਾ ਰਾਗ ਸੁਣਾਏ ਕੰਨ, ਸੋਹੰ ਅੱਖਰ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਕਹਿਣ ਧੰਨ ਧੰਨ, ਪਾਰਬ੍ਰਹਮ ਤੇਰੀ ਸਰਨਾਈਆ । ਜੋ ਘੜਿਆ ਸੋ ਦੇਵੇ ਭੰਨ, ਭੰਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲਾ ਲਏ ਮਿਲਾਈਆ । ਘੜਨ ਭੰਨਣਹਾਰ ਸਮਰਥ, ਲੱਖ ਚੁਰਾਸੀ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਲਜੁਗ ਅੰਤਮ ਸੀਆਂ ਵੰਡੀ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਲੇਖ ਲਿਖਾਇੰਦਾ । ਕਲਜੁਗ ਅੰਤਮ ਖੇੜਾ ਹੋਣਾ ਭੱਠ, ਤ੍ਰੈਗੁਣ ਅਗਨੀ ਤਤ ਤਪਾਇੰਦਾ । ਪੁਰਖ ਅਬਿਨਾਸ਼ੀ ਗੇੜਨਹਾਰਾ ਉਲਟੀ ਲੱਠ, ਉਲਟਾ ਗੇੜਾ ਆਪ ਦਿਵਾਇੰਦਾ । ਜਨ ਭਗਤਾਂ ਮਾਰਗ ਦੱਸੇ ਸਚ ਸੱਚ, ਸਚ ਨਾਮ ਸਮਝਾਇੰਦਾ । ਕਾਇਆ ਮਾਟੀ ਭਾਂਡਾ ਕੱਚ, ਥਿਰ ਕੋਇ ਰਹਿਣ ਨਾ ਪਾਇੰਦਾ । ਮਨੂਆ ਨਟੂਆ ਰਿਹਾ ਨੱਚ, ਨੱਚ ਨੱਚ ਆਪਣਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਆਪ ਜਣਾਇੰਦਾ । ਗੁਰਮੁਖ ਮੀਤਾ ਗੁਰ ਗੁਰ ਸੱਜਣ, ਹਰਿ ਸੱਜਣ ਦਇਆ ਕਮਾਇੰਦਾ । ਕਲਜੁਗ ਅੰਤਮ ਆਇਆ ਪੜਦੇ ਕੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣ, ਦੁਰਮਤ ਮੈਲ ਧੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਏਕਾ ਘਰ, ਘਰ ਸਾਚੇ ਵੱਜੇ ਵਧਾਈਆ । ਦੀਨ ਮਜ਼੍ਹਬ ਚੁੱਕੇ ਡਰ, ਜ਼ਾਤ ਪਾਤ ਨਾ ਕੋਇ ਲੜਾਈਆ । ਪੁਰਖ ਅਬਿਨਾਸ਼ੀ ਕਿਰਪਾ ਰਿਹਾ ਕਰ, ਪਿਛਲੀ ਰੀਤੀ ਦਏ ਖਪਾਈਆ । ਮੰਦਰ ਮਸੀਤੀ ਏਕਾ ਨਜ਼ਰੀ ਆਏ ਹਰਿ, ਠਾਕਰ ਦੁਆਰੇ ਠਾਕਰ ਆਪਣਾ ਰੂਪ ਵਖਾਈਆ । ਸ਼ਿਵਦਵਾਲੇ ਸਾਚੇ ਟਿੱਲੇ ਬਹੇ ਚੜ੍ਹ, ਉਚ ਮਹੱਲੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਏਕਾ ਇਸ਼ਟ ਦ੍ਰਿੜਾਈਆ । ਏਕਾ ਇਸ਼ਟ ਆਤਮ ਗੁਰਦੇਵ, ਹਰਿ ਸਤਿਗੁਰ ਆਪ ਜਣਾਇੰਦਾ । ਆਦਿ ਜੁਗਾਦਿ ਅਲੱਖ ਅਭੇਵ, ਅਗੰਮ ਅਥਾਹ ਖੇਲ ਕਰਾਇੰਦਾ । ਹਰਿਜਨ ਲੇਖੇ ਲਾਏ ਸੇਵ, ਸੇਵਕ ਆਪਣਾ ਰੂਪ ਵਟਾਇੰਦਾ । ਅੰਮ੍ਰਿਤ ਆਤਮ ਦੇਵੇ ਮੇਵ, ਹੰ ਬ੍ਰਹਮ ਏਕਾ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚਾ ਜਾਏ ਜਾਗ, ਸਤਿਗੁਰ ਪੂਰਾ ਆਪ ਜਗਾਈਆ । ਸਾਢੇ ਤਿੰਨ ਹੱਥ ਮੰਦਰ ਲੱਗੇ ਭਾਗ, ਗ੍ਰਿਹਿ ਮੰਦਰ ਹੋਏ ਰੁਸ਼ਨਾਈਆ । ਦੀਪਕ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਮਿਟਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਰਹਿਣ ਨਾ ਪਾਈਆ । ਲੱਖ ਚੁਰਾਸੀ ਵਿਚੋਂ ਕਾਢ, ਏਕਾ ਬਖ਼ਸ਼ੇ ਸਰਨ ਸਰਨਾਈਆ । ਪਿਤਾ ਪੂਤ ਲਡਾਏ ਲਾਡ, ਗੋਦ ਸੁਹੰਜਣੀ ਆਪ ਸੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਪੂਰਬ ਲੇਖਾ ਰੱਖੇ ਯਾਦ, ਕਲਜੁਗ ਅੰਤਮ ਲਹਿਣਾ ਦਏ

੪੬੫
੧੨

ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਸਤਿਗੁਰ ਤਾਰ, ਤਾਰਨਹਾਰ ਦਇਆ ਕਮਾਇੰਦਾ । ਲੱਖ ਚੁਰਾਸੀ ਗੇੜ ਨਵਾਰ, ਆਵਣ ਜਾਵਣ ਫੰਦ ਕਟਾਇੰਦਾ । ਨਿਤ ਨਵਿਤ ਦੇਵੇ ਦਰਸ ਦੀਦਾਰ, ਨਿਜ ਨੇਤਰ ਨੈਣ ਖੁਲ੍ਹਾਇੰਦਾ । ਕਰ ਕਿਰਪਾ ਲਾਏ ਪਾਰ, ਬੇੜਾ ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਕਲਜੁਗ ਅੰਤਮ ਪਾਵੇ ਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸਤਿਜੁਗ ਸਾਚੀ ਕਰੇ ਕਾਰ, ਕਰਨੀ ਕਰਤਾ ਆਪ ਕਮਾਇੰਦਾ । ਚਾਰ ਵਰਨਾਂ ਦਏ ਅਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਅੰਗ ਲਗਾਇੰਦਾ । ਸਰਬ ਜੀਆਂ ਦਾ ਇਕ ਪਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੋਹੰ ਸ਼ਬਦ ਸਤਿ ਜੈਕਾਰ, ਜੈ ਜੈਕਾਰਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਨਿਸ਼ਾਨਾ ਹਰਿਜਨ ਸਾਚਾ ਆਪ ਪਰਗਟਾਇੰਦਾ । ਹਰਿਜਨ ਸਾਚਾ ਸਚ ਨਿਸ਼ਾਨ, ਹਰਿ ਜੂ ਲੋਕਮਾਤ ਝੁਲਾਈਆ । ਸ੍ਰਿਸ਼ਟ ਸਬਾਈ ਦਏ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਘਟ ਘਟ ਬੈਠਾ ਵੇਖੇ ਮਾਰ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਲੱਖ ਚੁਰਾਸੀ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਨਾਤਾ ਜੁੜਿਆ ਪੰਜ ਸ਼ੈਤਾਨ, ਆਸਾ ਤ੍ਰਿਸ਼ਨਾ ਕਰੇ ਲੜਾਈਆ । ਨਜ਼ਰ ਨਾ ਆਏ ਸ੍ਰੀ ਭਗਵਾਨ, ਭਰਮੇ ਭੁੱਲੀ ਸਰਬ ਲੋਕਾਈਆ । ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜੀਵਣ ਜੁਗਤ ਨਾ ਕੋਇ ਜਣਾਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਪੂਰਬ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਵੇਖੇ ਥਾਉਂ ਥਾਈਆਂ । ਗੁਰਮੁਖ ਵੇਖੇ ਥਾਨ ਥਨੰਤਰ, ਸ੍ਰਿਸ਼ਟ ਸਬਾਈ ਫੋਲ ਫੋਲਾਇੰਦਾ । ਆਪ ਬੁਝਾਏ ਜਗਤ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਸੋਹੰ ਸੁਣਾਏ ਸਾਚਾ ਮੰਤਰ, ਮੰਤਰ ਏਕਾ ਨਾਮ ਜਣਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਪੜਦਾ ਉਹਲਾ ਨਾ ਕੋਇ ਵਖਾਇੰਦਾ । ਖੇਲੇ ਖੇਲ ਗਗਨ ਗਗਨੰਤਰ, ਮੰਡਲ ਮੰਡਪ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸੱਜਣ ਮੇਲੇ ਆਣ, ਲੱਖ ਚੁਰਾਸੀ ਫੋਲ ਫੋਲਾਇੰਦਾ । ਲੱਖ ਚੁਰਾਸੀ ਫੋਲਣ ਫੋਲੇ, ਨਿਰਗੁਣ ਵਡੀ ਵਡਿਆਈਆ । ਸ਼ਬਦ ਅਗੰਮੀ ਕੰਡੇ ਤੋਲੇ, ਤੋਲਣਹਾਰਾ ਨਜ਼ਰ ਕਿਸੇ ਨਾ ਆਈਆ । ਸਾਚੀ ਧਾਰਨ ਇਕੋ ਬੋਲੇ, ਨਾ ਕੋਈ ਮਾਤ ਸਕੇ ਬਦਲਾਈਆ । ਭਾਗ ਲਗਾਏ ਕਾਇਆ ਚੋਲੇ, ਚੋਲਾ ਆਪਣਾ ਲਏ ਵਟਾਈਆ । ਗੁਰਮੁਖ ਬਿਠਾਏ ਸਾਚੇ ਡੋਲੇ, ਸ਼ਬਦੀ ਡੋਲਾ ਇਕ ਬਣਾਈਆ । ਏਥੇ ਓਥੇ ਵਸੇ ਕੋਲੇ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵੇਖੇ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ ।

### ✳ ੨੬ ਹਾੜ ੨੦੧੫ ਬਿਕ੍ਰਮੀ ਸੁਰਜੀਤਮ ਸਿੰਘ ਦੇ ਗ੍ਰਿਹ ਰਾਜੋ ਮਾਜਰਾ ਜ਼ਿਲਾ ਅੰਬਾਲਾ ✳

ਸਤਿਜੁਗ ਦਾ ਸਤਿ ਵਿਹਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਦੋ ਜਹਾਨਾਂ ਵੇਖ ਵਖਾਇੰਦਾ ।

ਏਕੰਕਾਰਾ ਖੋਲ੍ਹ ਕਿਵਾੜਾ, ਆਦਿ ਨਿਰੰਜਣ ਦੀਪ ਜਗਾਇੰਦਾ । ਅਬਿਨਾਸ਼ੀ ਕਰਤਾ ਦੇ ਸਹਾਰਾ, ਸ੍ਰੀ ਭਗਵਾਨ ਓਟ ਰਖਾਇੰਦਾ । ਪਾਰਬ੍ਰਹਮ ਬ੍ਰਹਮ ਬਣ ਵਣਜਾਰਾ, ਲੱਖ ਚੁਰਾਸੀ ਹੱਟ ਚਲਾਇੰਦਾ । ਆਤਮ ਪਰਮਾਤਮ ਇਕ ਜੈਕਾਰਾ, ਜੈ ਜੈ ਆਪਣਾ ਨਾਉਂ ਅਲਾਇੰਦਾ । ਸਾਚਾ ਮਾਰਗ ਵਿਚ ਸੰਸਾਰਾ, ਮਹਾਸਾਰਥੀ ਆਪ ਰਖਾਇੰਦਾ । ਕਲਜੁਗ ਉਤਰੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਰ ਹਰਿ ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚੇ ਸਾਚੀ ਦਾਤ, ਸਤਿਗੁਰ ਪੂਰਾ ਆਪ ਦਿਵਾਈਆ । ਏਕਾ ਅੱਖਰ ਵਡ ਕਰਾਮਾਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਨਾਤਾ ਤੋੜੇ ਜ਼ਾਤ ਪਾਤ, ਦੀਨ ਮਜ਼੍ਹਬ ਦਏ ਮਿਟਾਈਆ । ਸਰਬ ਜੀਆਂ ਪ੍ਰਭ ਦੇਵੇ ਸਾਥ, ਸਗਲਾ ਸੰਗ ਆਪ ਅਖਵਾਈਆ । ਲੇਖਾ ਜਾਣ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਪੂਜਾ ਪਾਠ, ਸਾਚਾ ਮੰਤਰ ਦਏ ਪੜ੍ਹਾਈਆ । ਲੇਖਾ ਚੁੱਕੇ ਤੀਰਥ ਅਠਸਾਠ, ਆਤਮ ਸਰੋਵਰ ਏਕਾ ਦਏ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇਲ ਰਚਾਈਆ । ਸਤਿਜੁਗ ਸਾਚਾ ਸਤਿ ਸਤਿਵਾਦ, ਸਤਿ ਸਤਿਵਾਦੀ ਮਾਤ ਲਗਾਇੰਦਾ । ਕਲਜੁਗ ਮੇਟੇ ਵਾਦ ਵਿਵਾਦ, ਕੂੜ ਕੁੜਿਆਰਾ ਮੋਹ ਤੁੜਾਇੰਦਾ । ਸ੍ਰਿਸ਼ਟ ਸਬਾਈ ਵੱਜੇ ਏਕਾ ਨਾਦ, ਧੁੰਨ ਆਤਮਕ ਰਾਗ ਸੁਣਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਸੋ ਪੁਰਖ ਨਿਰੰਜਣ ਆਪ ਦ੍ਰਿੜਾਇੰਦਾ । ਭਗਤ ਭਗਵੰਤ ਮੇਲ ਮਿਲਾਵਾ ਮੋਹਣ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰੰਗ ਰੰਗਾਇੰਦਾ । ਸਤਿਜੁਗ ਸਾਚਾ ਚਾੜ੍ਹੇ ਰੰਗ, ਰੰਗਣਹਾਰ ਆਪ ਅਖਵਾਇੰਦਾ । ਕਲਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਮੋਹ ਚੁਕਾਇੰਦਾ । ਸਰਬ ਜੀਆਂ ਸੁਣਾਏ ਏਕਾ ਛੰਦ, ਜੀਵ ਜੰਤ ਜੰਤ ਜਣਾਇੰਦਾ । ਭਾਂਡਾ ਭਰਮ ਭੌ ਢਾਹੇ ਦੂਈ ਦਵੈਤੀ ਕੰਧ, ਗੜ੍ਹ ਹੰਕਾਰ ਆਪ ਤੁੜਾਇੰਦਾ । ਜੀਵ ਜੰਤ ਆਤਮ ਪਰਮਾਤਮ ਦੇਵੇ ਸਚ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਬੰਧਨ ਪਾਇੰਦਾ । ਸਤਿਜੁਗ ਸਾਚਾ ਬੰਧਨ ਪਾ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਮਿਟਾ, ਆਤਮ ਪਰਮਾਤਮ ਜੋੜ ਜੋੜਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵੇਖੇ ਥਾਉਂ ਥਾਂ, ਗੁਰ ਦਰ ਆਪਣਾ ਵੇਸ ਵਟਾਇੰਦਾ । ਸਾਚਾ ਇਸ਼ਟ ਇਕ ਪਰਗਟਾ, ਪੁਰਖ ਅਕਾਲ ਦੀਨ ਦਿਆਲ ਨੂਰ ਨੁਰਾਨਾ ਡਗਮਗਾਇੰਦਾ । ਸ੍ਰਿਸ਼ਟ ਸਬਾਈ ਲਏ ਜਗਾ, ਜਾਗਰਤ ਜੋਤ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਲਏ ਪੜ੍ਹਾ, ਪੁਸਤਕ ਹੱਥ ਨਾ ਕੋਇ ਰਖਾਇੰਦਾ । ਸੱਤਾਂ ਦੀਪਾਂ ਦਏ ਸਲਾਹ, ਸਲਾਹਗੀਰ ਫੇਰਾ ਪਾਇੰਦਾ । ਸਾਚਾ ਮਾਰਗ ਦੇਵੇ ਲਾ, ਦੋ ਜਹਾਨਾਂ ਸਾਚੇ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਸੰਗ ਨਿਭਾਇੰਦਾ । ਸਤਿਜੁਗ ਤੇਰਾ ਸਾਚਾ ਸੰਗ, ਹਰਿ ਸਤਿਗੁਰ ਆਪ ਨਿਭਾਈਆ । ਘਰ ਘਰ ਵੱਜੇ ਇਕ ਮਰਦੰਗ, ਗ੍ਰਿਹ ਗ੍ਰਿਹ ਨਾਦ ਸੁਣਾਈਆ । ਨਵ ਦੁਆਰੇ ਆਪੇ ਲੰਘ, ਘਰ ਦੱਸਵੇਂ ਬੂਝ ਬੁਝਾਈਆ । ਗੀਤ ਸੁਹਾਗੀ ਸਾਚਾ ਛੰਦ, ਗੋਬਿੰਦ ਗੋਬਿੰਦ ਅਲਾਈਆ । ਜਨਮ ਜਨਮ ਦੀ ਟੁੱਟੀ ਗੰਢ, ਹਰਿਜਨ ਸਾਚੇ ਲਏ ਮਿਲਾਈਆ । ਨਾਤਾ ਤੁਟੇ ਬੱਤੀ ਦੰਦ, ਅਜਪਾ ਜਾਪ ਆਪ ਕਰਾਈਆ । ਲੱਖ ਚੁਰਾਸੀ ਆਵਣ ਜਾਵਣ ਮੁੱਕੇ ਪੰਧ, ਗੇੜਾ ਗੇੜ ਦਏ ਚੁਕਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਹੋਏ ਸੰਗ,


੪੬੭ ੧੨

ਸਗਲਾ ਸੰਗ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਧੰਦੇ ਲਾਈਆ । ਸਤਿਜੁਗ ਸਾਚੇ ਸਾਚੀ ਓਟ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਧਰਮ ਦੁਆਰਾ ਕਿਲਾ ਕੋਟ, ਏਕਾ ਬੰਕ ਸੁਹਾਇੰਦਾ । ਨਾਮ ਨਿਧਾਨਾ ਲੱਗੇ ਚੋਟ, ਚੋਟ ਨਗਾਰੇ ਆਪ ਲਗਾਇੰਦਾ । ਲੱਖ ਚੁਰਾਸੀ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਵੇਸ ਵਟਾਇੰਦਾ । ਸਤਿਜੁਗ ਸਾਚਾ ਵੇਸ ਪੁਰਖ ਅਗੰਮ, ਅਲੱਖ ਅਗੋਚਰ ਆਪ ਕਰਾਈਆ । ਜਨ ਭਗਤਾਂ ਮੇਲਾ ਕਰ ਸ੍ਰੀ ਭਗਵਨ, ਭਗਵਨ ਆਪਣਾ ਰੰਗ ਰੰਗਾਈਆ । ਕਰ ਪਰਕਾਸ਼ ਬਿਨ ਸੂਰਜ ਚੰਨ, ਚੰਦ ਚਾਂਦਨੀ ਇਕ ਚਮਕਾਈਆ । ਪੰਚ ਵਿਕਾਰਾ ਦਏ ਡੰਨ, ਆਸਾ ਤ੍ਰਿਸ਼ਨਾ ਦਏ ਮਿਟਾਈਆ । ਲੇਖਾ ਜਾਣੇ ਜਨਨੀ ਜਨ, ਧਨ ਧਨ ਜਣੇਂਦੀ ਮਾਈਆ । ਏਕਾ ਰਾਗ ਸੁਣਾਏ ਕੰਨ, ਸੋਹੰ ਅੱਖਰ ਕਰੇ ਪੜ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਅੰਤਮ ਜਾਇਣ ਮੰਨ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਰੰਗ ਵਖਾਈਆ । ਸਤਿਜੁਗ ਸਾਚੇ ਚੜ੍ਹੇ ਚਾ, ਭਗਤ ਭਗਵੰਤ ਆਪ ਵਡਿਆਇੰਦਾ । ਪਾਰਬ੍ਰਹਮ ਪ੍ਰਭ ਮਿਲੇ ਮਲਾਹ, ਬਣ ਖੇਵਟ ਖੇਟਾ ਬੇੜਾ ਕੰਧ ਉਠਾਇੰਦਾ । ਆਤਮ ਪਰਮਾਤਮ ਦੇਵੇ ਸਚ ਸਲਾਹ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਸ਼ਬਦ ਵਿਚੋਲਾ ਇਕ ਬਣਾ, ਗੁਰ ਗੁਰ ਨਾਉਂ ਧਰਾਇੰਦਾ । ਪਿਛਲਾ ਲਹਿਣਾ ਦਏ ਚੁਕਾ, ਚਾਰ ਯੁਗ ਆਪਣੀ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਪਾਰ ਕਰਾ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚਾ ਲਏ ਪਰਗਟਾ, ਲੋਕਮਾਤ ਧਰਤ ਮਾਤ ਗੋਦ ਸੁਹਾਇੰਦਾ । ਸਾਚੀ ਸਿਖਿਆ ਇਕ ਜਣਾ, ਸਾਖਆਤ ਖੇਲ ਕਰਾਇੰਦਾ । ਨਿਰਗੁਣ ਭਿਛਿਆ ਆਪਣੀ ਪਾ, ਸਰਗੁਣ ਝੋਲੀ ਆਪ ਭਰਾਇੰਦਾ । ਊਚ ਨੀਚ ਰਾਉ ਰੰਕ ਦਿਸੇ ਕੋਈ ਨਾ, ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਦਰ ਸੁਹਾਇੰਦਾ । ਹਰਿਜਨ ਵੇਖੇ ਥਾਉਂ ਥਾਂ, ਨੌਂ ਖੰਡ ਪ੍ਰਿਥਮੀ ਫੋਲ ਫੋਲਾਇੰਦਾ । ਕਰ ਕਿਰਪਾ ਪਕੜੇ ਬਾਂਹ, ਪਕੜਨਹਾਰਾ ਦਿਸ ਕਿਸੇ ਨਾ ਆਇੰਦਾ । ਦੋ ਜਹਾਨਾਂ ਕਰੇ ਸਚ ਨਿਆਂ ਸਾਚੇ ਤਖ਼ਤ ਸੋਭਾ ਪਾਇੰਦਾ । ਗੁਰਮੁਖਾਂ ਸਿਰ ਰੱਖੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਇੰਦਾ । ਕਲਜੁਗ ਲਹਿਣਾ ਦੇਣਾ ਦਏ ਮੁਕਾ, ਸਤਿਜੁਗ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਰਤਾਇੰਦਾ । ਸਾਚੀ ਵਸਤ ਸਤਿਜੁਗ ਧਾਰ, ਸਤਿ ਪੁਰਖ ਨਿਰੰਜਣ ਆਪ ਵਰਤਾਈਆ । ਸਰਬ ਜੀਆਂ ਦਾ ਇਕ ਪਿਆਰ, ਪਿਆਰ ਪਿਆਰ ਨਾਲ ਬੰਧਾਈਆ । ਸ੍ਰਿਸ਼ਟ ਸਬਾਈ ਇਕ ਧਾਰ, ਏਕਾ ਧੰਦੇ ਦਏ ਲਗਾਈਆ । ਆਤਮ ਪਰਮਾਤਮ ਇਕ ਜੈਕਾਰ, ਸਾਚਾ ਸੋਹਲਾ ਇਕ ਸੁਣਾਈਆ । ਈਸ਼ ਜੀਵ ਦਏ ਅਧਾਰ, ਜਗਦੀਸ ਵਡੀ ਵਡਿਆਈਆ । ਬ੍ਰਹਮ ਪਾਰਬ੍ਰਹਮ ਮੇਲ ਮਿਲਾਏ ਮੇਲਣਹਾਰ, ਘਰ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਸੋਹੇ ਇਕ ਦੁਆਰ, ਘਰ ਠਾਕਰ ਸੁਆਮੀ ਵੇਖੇ ਚਾਈਂ ਚਾਈਂਆ । ਆਤਮ ਸੇਜਾ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਘਰ ਘਰ ਵਿਚ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਆਪਣਾ ਭੇਵ ਚੁਕਾਈਆ । ਸਤਿਜੁਗ ਖੋਲ੍ਹੇ ਹਰਿ ਜੂ ਭੇਵ, ਭੇਵ ਅਵੱਲੜਾ ਆਪ ਜਣਾਇੰਦਾ । ਆਦਿ ਪੁਰਖ ਵਡ ਦੇਵੀ ਦੇਵ, ਦੇਵਤ ਸੁਰ ਸੀਸ

ਨਿਵਾਇੰਦਾ । ਅਲੱਖ ਅਗੰਮ ਅਥਾਹ ਅਭੇਵ, ਅਗੋਚਰ ਆਪਣੀ ਕਾਰ ਕਰਾਇੰਦਾ । ਜਨ ਭਗਤਾਂ ਦੇਵੇ ਸਾਚਾ ਮੇਵ, ਰਸਨਾ ਰਸ ਇਕ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਵੰਡ ਵੰਡਾਇੰਦਾ । ਸਤਿਜੁਗ ਸਾਚੀ ਵੰਡੇ ਵੰਡ, ਕਲਜੁਗ ਲਹਿਣਾ ਦਏ ਮੁਕਾਈਆ । ਪੁਰਖ ਅਬਿਨਾਸ਼ੀ ਸੁੱਤਾ ਦੇ ਕਰ ਕੰਡ, ਅੰਤ ਕਰਵਟ ਲਏ ਬਦਲਾਈਆ । ਨੌਂ ਖੰਡ ਪ੍ਰਿਥਮੀ ਮੇਟੇ ਭੇਖ ਪਖੰਡ, ਜੂਠ ਝੂਠ ਦਏ ਗਵਾਈਆ । ਸਤਿਜੁਗ ਸਾਚਾ ਚੜ੍ਹੇ ਚੰਦ, ਸਚ ਸੁੱਚ ਕਰੇ ਰੁਸ਼ਨਾਈਆ । ਭਗਤ ਭਗਵੰਤ ਜਣਾਏ ਇਕ ਅਨੰਦ, ਅਨੰਦ ਅਨੰਦ ਇਕ ਦਰਸਾਈਆ । ਬਿਨ ਅੱਖਰ ਸੁਣਾਏ ਸੋਹਲਾ ਛੰਦ, ਗੀਤ ਗੋਬਿੰਦ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਹਰਿ ਕਰਤਾਰ, ਆਦਿ ਜੁਗਾਦਿ ਵਟਾਇੰਦਾ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਹਕਲੰਕ ਹੋ ਉਜਿਆਰ, ਨਾਮ ਡੰਕਾ ਇਕ ਸੁਣਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਤਿਜੁਗ ਆਵੇ ਆਪਣੀ ਵਾਰ, ਥਿਤ ਵਾਰ ਵੇਲਾ ਵਕਤ ਨਾ ਕੋਇ ਵਖਾਇੰਦਾ । ਕਿਰਪਾ ਕਰੇ ਆਪ ਨਿਰੰਕਾਰ, ਕਰ ਕਿਰਪਾ ਵੇਖ ਵਖਾਇੰਦਾ । ਬੀਸ ਬੀਸਾ ਪਾਵੇ ਸਾਰ, ਜਗਤ ਜਗਦੀਸਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਦੇਵੇ ਦਾਨ, ਕਲਜੁਗ ਮਿਟੇ ਅੰਤ ਨਿਸ਼ਾਨ, ਕੂੜੀ ਕਿਰਿਆ ਆਪ ਮਿਟਾਇੰਦਾ ।



✳ ੨੬ ਹਾੜ ੨੦੧੯ ਬਿਕ੍ਰਮੀ ਭਜਨ ਸਿੰਘ ਦੇ ਗ੍ਰਿਹਿ ਸ਼ੇਖ਼ ਪੁਰ ਜ਼ਿਲਾ ਅੰਬਾਲਾ ✳

ਸਤਿਜੁਗ ਚਲੇ ਸਾਚਾ ਨਾਉਂ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਕਰੇ ਖੇਲ ਅਗੰਮ ਅਥਾਹੋ, ਬੇਪਰਵਾਹ ਭੇਵ ਚੁਕਾਇੰਦਾ । ਆਤਮ ਪਰਮਾਤਮ ਪਕੜੇ ਬਾਂਹੋਂ, ਨਿਰਗੁਣ ਨਿਰਗੁਣ ਗੋਦ ਬਹਾਇੰਦਾ । ਦਰਗਹਿ ਸਾਚੀ ਦੇਵੇ ਸੱਚਾ ਥਾਉਂ, ਥਾਨ ਥਨੰਤਰ ਆਪ ਵਡਿਆਇੰਦਾ । ਦੋ ਜਹਾਨਾਂ ਪਿਤਾ ਮਾਉਂ, ਪੂਤ ਸਪੂਤਾ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚੇ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਭਗਤ ਭਗਵੰਤ ਬੰਨ੍ਹੇ ਨਾਤ, ਪੁਰਖ ਬਿਧਾਤਾ ਜੋੜ ਜੋੜਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਸ੍ਰਿਸ਼ਟ ਸਬਾਈ ਏਕਾ ਗਾਥ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਪੂਜਾ ਏਕਾ ਪਾਠ, ਇਸ਼ਟ ਗੁਰਦੇਵ ਇਕ ਵਖਾਇੰਦਾ । ਏਕਾ ਤੀਰਥ ਏਕਾ ਤਾਟ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇਲ ਵਖਾਇੰਦਾ । ਸਤਿਜੁਗ ਸਾਚੇ ਦੇਵੇ ਦਾਨ, ਦੇਵਣਹਾਰ ਹਰਿ ਅਖਵਾਇੰਦਾ । ਕਲਜੁਗ ਮੇਟੇ ਕੂੜ ਨਿਸ਼ਾਨ, ਚਾਰੋਂ ਕੁੰਟ ਫੇਰਾ ਪਾਇੰਦਾ । ਵੇਖਣਹਾਰਾ ਦੋ ਜਹਾਨ, ਦੋਏ ਦੋਏ ਆਪਣਾ ਰੂਪ ਧਰਾਇੰਦਾ । ਨਿਰਗੁਣ ਸਰਗੁਣ ਹੋ ਬਲਵਾਨ, ਸਰਗੁਣ ਨਿਰਗੁਣ ਆਪਣਾ ਬਲ ਰਖਾਇੰਦਾ । ਸ਼ਬਦ ਅਗੰਮੀ ਵਡ ਮਿਹਰਵਾਨ ਮਿਹਰਵਾਨ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਜਾਏ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਸਤਿਜੁਗ ਦੇਵੇ ਨਾਮ ਅਨਮੁਲ, ਅਨਮੁਲੜੀ ਦਾਤ ਆਪ ਵਰਤਾਈਆ । ਲੱਖ ਚੁਰਾਸੀ ਬਣਾਏ ਏਕਾ ਕੁੱਲ, ਵਰਨ ਬਰਨ ਨਾ ਵੰਡ ਵੰਡਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਾ ਕਹੇ ਭੁੱਲ, ਆਤਮ ਪਰਮਾਤਮ ਸਾਚਾ ਨਾਤਾ ਜੋੜ ਜੋੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਲਏ ਪਰਗਟਾਈਆ । ਸਤਿਜੁਗ ਸਾਚਾ ਮਾਤ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਮਹਾਬਲੀ ਹੋ ਪਰਤੱਖ, ਰੂਪ ਅਨੂਪ ਆਪ ਜਣਾਇੰਦਾ । ਭਗਤ ਭਗਵੰਤ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਸਾਚੇ ਰਾਹੇ ਆਪੇ ਪਾਇੰਦਾ । ਏਕਾ ਨਾਮ ਸੁਣਾਏ ਸਾਚਾ ਜਸ, ਜਸ ਵੇਦ ਪੁਰਾਨ ਚੁਕਾਇੰਦਾ । ਸੰਤਨ ਮੇਲਾ ਹੱਸ ਹੱਸ, ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਆਪਣਾ ਨਾਉਂ ਚਲਾਇੰਦਾ । ਸਤਿਜੁਗ ਨਾਉਂ ਸੋਹੰ ਸੋ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਆਤਮ ਪਰਮਾਤਮ ਬੀਜ ਦੇਵੇ ਬੋ, ਪੱਤ ਡਾਲ੍ਹੀ ਫੁਲ ਮਹਿਕਾਈਆ । ਨਿਰਗੁਣ ਜੇਹਾ ਨਿਰਗੁਣ ਹੋ, ਸਰਗੁਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਤਿਜੁਗ ਧਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਚਾਰ ਵਰਨਾਂ ਦਏ ਅਧਾਰ, ਏਕਾ ਘਰ ਬਹਾਇੰਦਾ । ਚਾਰ ਵਰਨਾਂ ਇਕ ਪਿਆਰ, ਏਕਾ ਨੈਣ ਨੈਣ ਮਿਲਾਇੰਦਾ । ਚਾਰ ਵਰਨਾਂ ਇਕ ਜੈਕਾਰ, ਏਕਾ ਅੱਖਰ ਨਾਮ ਸੁਣਾਇੰਦਾ । ਚਾਰ ਵਰਨਾਂ ਇਕ ਸ਼ੰਗਾਰ, ਏਕਾ ਬਸਤਰ ਤਨ ਹੰਢਾਇੰਦਾ । ਚਾਰ ਵਰਨਾਂ ਇਕ ਵਣਜਾਰ, ਨਾਮ ਹੱਟ ਇਕ ਖੁਲ੍ਹਾਇੰਦਾ । ਚਾਰ ਵਰਨਾਂ ਇਕ ਦਾਤਾਰ, ਨਿਰਗੁਣ ਦਾਤਾ ਨਜ਼ਰੀ ਆਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਸੱਤਾਂ ਦੀਪਾਂ ਹੋ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਪੂਰਬ ਲਹਿਣਾ ਦੇਣਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਨਵਾਰ, ਲੇਖਾ ਲੇਖੇ ਸਭ ਦਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਨਿਰਗੁਣ ਆਪਣਾ ਆਸਣ ਲਾਇੰਦਾ । ਸਚ ਸਿੰਘਾਸਣ ਆਸਣ ਲਾ, ਸੋ ਪੁਰਖ ਨਿਰੰਜਣ ਖੇਲ ਖਲਾਇੰਦਾ । ਸ਼ਾਹੋ ਭੂਪ ਬਣ ਮਲਾਹ, ਸਤਿਗੁਰ ਆਪਣਾ ਨਾਉਂ ਚਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਦਰ ਲਏ ਬੁਲਾ, ਭਗਤ ਭਗਵੰਤ ਪੜਦਾ ਲਾਹਿੰਦਾ । ਏਕਾ ਅੱਖਰ ਏਕਾ ਵਾਰ ਏਕੰਕਾਰਾ ਦਏ ਸੁਣਾ, ਆਖਰ ਆਪਣਾ ਭੇਵ ਚੁਕਾਇੰਦਾ । ਸਿਫ਼ਤ ਸਾਲਾਹੀ ਬੇਪਰਵਾਹ, ਸਿਫ਼ਤੀ ਸਿਫ਼ਤ ਨਾ ਕੋਇ ਜਣਾਇੰਦਾ । ਰਹਿਬਰ ਬਣੇ ਆਪ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਕਲਜੁਗ ਅੰਤਮ ਫੇਰਾ ਪਾ, ਨਿਹਕਲੰਕ ਆਪਣਾ ਨਾਉਂ ਵਡਿਆਇੰਦਾ । ਅਮਾਮ ਅਮਾਮਾਂ ਆਪ ਅਖਵਾ, ਸ਼ਾਹ ਸੁਲਤਾਨਾ ਭੇਵ ਚੁਕਾਇੰਦਾ । ਸ਼ਬਦ ਦਮਾਮਾ ਇਕ ਵਜਾ, ਦੋ ਜਹਾਨਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਸਾਚਾ ਵਰ, ਧਰਤ ਮਾਤ ਸਾਚੀ ਗੋਦ ਸੁਹਾਇੰਦਾ । ਸਤਿਜੁਗ ਛੋਟਾ ਵੇਖੇ ਬਾਲਾ, ਬਾਲਕ ਆਪਣੀ ਦਇਆ ਕਮਾਈਆ । ਕਰੇ ਖੇਲ ਹਰਿ ਗੋਪਾਲਾ, ਗੋਬਿੰਦ ਵਡ ਵਡਿਆਈਆ । ਨੌਂ ਖੰਡ ਪ੍ਰਿਥਮੀ ਬਣਾਏ ਸੱਚੀ ਧਰਮਸਾਲਾ, ਧਰਮ ਦੁਆਰਾ ਇਕ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਹਰਿਜਨ ਜਾਗਰਤ ਜੋਤ ਕਰੇ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਸ਼ਾਹ ਕੰਗਾਲਾ, ਗ਼ਰੀਬ ਨਿਮਾਣੇ ਗੋਦ ਉਠਾਈਆ । ਨੇੜ ਨਾ ਆਏ

ਕਾਲ ਮਹਾਕਾਲਾ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਜੁਗ ਦੱਸੇ ਰਾਹ ਸੁਖਾਲਾ, ਏਕਾ ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁੱਚ ਰਿਹਾ ਦ੍ਰਿੜਾਈਆ । ਸਚ ਸੁੱਚ ਸਾਚਾ ਮੰਤਰ, ਨਮੋ ਸਤਿ ਸਤਿ ਜਣਾਇੰਦਾ । ਸਰਬ ਜੀਆਂ ਗਤ ਜਾਣੇ ਅੰਤਰ, ਘਟ ਘਟ ਡੇਰਾ ਲਾਇੰਦਾ । ਕਲਜੁਗ ਮੇਟੇ ਅਗਨ ਬਸੰਤਰ, ਅੰਮ੍ਰਿਤ ਮੇਘ ਬਰਸਾਇੰਦਾ । ਸਰਬ ਜੀਆਂ ਦਾ ਇਕੋ ਮੰਤਰ, ਸੋਹੰ ਸੋ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚੇ ਵਡ ਵਡਿਆਈ, ਸੋ ਪੁਰਖ ਨਿਰੰਜਣ ਆਪ ਦਿਵਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਚਾਈਂ ਚਾਈਂ, ਨੇਤਰ ਨੈਣ ਸਰਬ ਉਠਾਇੰਦਾ । ਪੁਰਖ ਅਬਿਨਾਸ਼ੀ ਖੇਲ ਰਚਾਈ, ਲੋਕਮਾਤ ਵੰਡ ਵੰਡਾਇੰਦਾ । ਕਲਜੁਗ ਅੰਤਮ ਹੋਏ ਜੁਦਾਈ, ਜੁਦਾ ਆਪਣਾ ਅੰਗ ਵਖਾਇੰਦਾ । ਸਤਿਜੁਗ ਸਾਚੇ ਕਰੇ ਕੁੜਮਾਈ, ਘਰ ਸਾਚੇ ਆਪ ਬਹਾਇੰਦਾ । ਧਰਨੀ ਧਰਤ ਧਵਲ ਮੇਲਾ ਰਿਹਾ ਮਿਲਾਈ, ਮਿਲ ਮਿਲ ਆਪਣਾ ਰਾਗ ਅਲਾਇੰਦਾ । ਦੋਹਾਂ ਵਿਚੋਲਾ ਸੱਚਾ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਹੁਕਮ ਚਲਾਇੰਦਾ । ਸਤਿਜੁਗ ਹੁਕਮ ਏਕਾ ਵਾਰ, ਸਤਿਗੁਰ ਪੂਰਾ ਆਪ ਸੁਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਦਏ ਬਹਾਲ, ਏਕਾ ਮੰਦਰ ਸੋਭਾ ਪਾਈਆ । ਸ੍ਰਿਸ਼ਟ ਸਬਾਈ ਵਖਾਏ ਇਕ ਧਰਮਸਾਲ, ਧਰਮ ਦੁਆਰਾ ਆਪ ਸੁਹਾਈਆ । ਦਿਵਸ ਰੈਣ ਰੈਣ ਦਿਵਸ ਕਰੇ ਪ੍ਰਿਤਪਾਲ, ਸਮਰਥ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਮਾਣ ਵਡਿਆਈਆ । ਸਤਿਜੁਗ ਸੋਇਆ ਕਲਜੁਗ ਅੰਤਮ ਉਠੇ, ਚੌਥਾ ਯੁਗ ਲਏ ਅੰਗੜਾਈਆ । ਕਰੇ ਖੇਲ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਦਇਆ ਕਮਾਈਆ । ਲੋਕਮਾਤ ਸੁਹਾਏ ਸਾਚੀ ਰੁੱਤੇ, ਰੁੱਤ ਰੁੱਤੜੀ ਆਪ ਮਹਿਕਾਈਆ । ਕੂੜ ਕੁੜਿਆਰਾ ਜੜ ਆਪੇ ਪੁੱਟੇ, ਸ਼ੌਹ ਦਰਯਾਏ ਦਏ ਰੁੜ੍ਹਾਈਆ । ਪੰਚ ਵਿਕਾਰਾ ਫੜ ਫੜ ਕੁੱਟੇ, ਨਾਮ ਖੰਡਾ ਹੱਥ ਚਮਕਾਈਆ । ਗੁਰਮੁਖ ਵੇਖੇ ਜਨਮ ਜੁਗ ਦੇ ਰੁੱਸੇ, ਫੜ ਬਾਂਹੋਂ ਗਲੇ ਲਗਾਈਆ । ਪੂਰਬ ਲੇਖਾ ਆਪੇ ਪੁੱਛੇ, ਦੂਸਰ ਸੰਗ ਨਾ ਕੋਇ ਰਲਾਈਆ । ਦੇਵੇ ਦਰਸ ਜੋ ਅੰਦਰ ਬੈਠਾ ਲੁਕੇ, ਆਪਣਾ ਪਰਦਾ ਦਏ ਚੁਕਾਈਆ । ਸਿੰਘ ਰੂਪ ਹੋ ਹੋ ਬੁੱਕੇ, ਸ਼ਹਿਨਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਆਪ ਜਗਾਈਆ । ਸਤਿਜੁਗ ਸਾਚਾ ਜਾਏ ਜਾਗ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਅੰਤਰ ਉਪਜੇ ਇਕ ਵੈਰਾਗ, ਬਣ ਵੈਰਾਗੀ ਨੈਣਾਂ ਨੀਰ ਵਹਾਇੰਦਾ । ਚਾਰੋਂ ਕੁੰਟ ਵੇਖੇ ਨਜ਼ਰ ਨਾ ਆਏ ਕੋਈ ਸੱਜਣ ਸਾਕ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਪੀਰ ਫ਼ਕੀਰ ਨਾ ਕੋਇ ਪਾਕੀ ਪਾਕ, ਖ਼ਾਕੀ ਤਨ ਸਰਬ ਡਰਾਇੰਦਾ । ਕੋਇ ਨਾ ਚੜ੍ਹੇ ਸਾਚੇ ਰਾਕ, ਅਸਵ ਘੋੜਾ ਨਾ ਕੋਇ ਦੌੜਾਇੰਦਾ । ਸ਼ਰਅ ਸ਼ਰੀਅਤ ਬੱਧਾ ਨਾਤ, ਕਲਜੁਗ ਕਲਮਾ ਆਪ ਪੜ੍ਹਾਇੰਦਾ । ਸ੍ਰਿਸ਼ਟ ਸਬਾਈ ਨਾਤਾ ਜੁੜਿਆ ਜ਼ਾਤ ਪਾਤ, ਵਰਨ ਬਰਨ ਸੰਗ ਨਾ ਕੋਇ ਛੁਡਾਇੰਦਾ । ਕੋਇ ਨਾ ਜਾਣੇ ਹਰਿ ਕੀ ਜ਼ਾਤ, ਅਜ਼ਾਤੀ ਭੇਵ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਤਿਜੁਗ ਉਠ ਉਠ ਨੇਤਰ ਰੋਵੇ, ਨੈਣ ਨੈਣਾਂ ਨੀਰ ਵਹਾਈਆ । ਕਵਣ ਬੀਜ ਸਾਚਾ ਬੋਵੇ, ਪੱਤ ਡਾਲ੍ਹੀ ਦਏ ਮਹਿਕਾਈਆ । ਆਪਣੇ ਜੇਹਾ ਆਪੇ ਹੋਵੇ, ਗੁਰਮੁਖ ਆਪਣੇ ਰੰਗ ਰੰਗਾਈਆ । ਕਲਜੁਗ ਕੂੜੀ ਦੁਰਮਤ ਮੈਲ

ਧੋਵੇ, ਨਿਰਮਲ ਨੀਰ ਸੀਰ ਪਿਆਈਆ । ਅੰਮ੍ਰਿਤ ਰਸ ਨਿਝਰ ਚੋਵੇ, ਝਿਰਨਾ ਏਕਾ ਨਾਮ ਝਿਰਾਈਆ । ਨਿਰਗੁਣ ਜੋਤ ਆਤਮ ਬਲੋਵੇ, ਅੰਧ ਅੰਧੇਰ ਮਿਟਾਈਆ । ਆਤਮ ਸੇਜਾ ਸਚ ਸਿੰਘਾਸਣ ਆਪੇ ਸੋਵੇ, ਆਲਸ ਨਿੰਦਰਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਸਤਿਜੁਗ ਸਾਚੇ ਦਏ ਜਣਾਈਆ । ਸਤਿਜੁਗ ਸਾਚਾ ਗਿਆ ਜਾਣ, ਪ੍ਰਭ ਅੱਗੇ ਸੀਸ ਝੁਕਾਇੰਦਾ । ਹਉਂ ਬਾਲਕ ਬਾਲ ਨਾਦਾਨ, ਤੇਰਾ ਭੇਵ ਕੋਇ ਨਾ ਆਇੰਦਾ । ਤੂੰ ਸਾਹਿਬ ਚਤੁਰ ਸੁਘੜ ਸੁਜਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਜੁਗ ਜੁਗ ਖੇਲ ਕਰੇ ਮਹਾਨ, ਤੇਰੀ ਮਹਿਮਾ ਗਣਤ ਨਾ ਕੋਇ ਗਣਾਇੰਦਾ । ਕਲਜੁਗ ਅੰਤਮ ਮੇਟ ਕੂੜ ਨਿਸ਼ਾਨ, ਸਤਿਜੁਗ ਸਾਚਾ ਰਾਹ ਚਲਾਇੰਦਾ । ਚਾਰ ਵਰਨ ਕਰੇ ਪਰਵਾਨ, ਊਚ ਨੀਚ ਨਾ ਕੋਇ ਰਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿੱਖ ਈਸਾਈ ਤੇਰਾ ਨਾਉਂ ਸਾਰੇ ਗਾਣ, ਏਕਾ ਨਾਉਂ ਆਪ ਸਮਝਾਇੰਦਾ । ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਸੰਗ ਮੁਹੰਮਦ ਦਰ ਦਰਬਾਰ ਮੰਗਣ ਦਾਨ, ਗੁਰ ਅਵਤਾਰ ਸੀਸ ਝੁਕਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਪਰਮ ਪੁਰਖ ਪਤਿਪਰਮੇਸ਼ਵਰ ਆਪਣਾ ਬਲ ਆਪ ਜਣਾਇੰਦਾ । ਏਥੇ ਓਥੇ ਦੋ ਜਹਾਨਾਂ ਹੋ ਪਰਧਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਏਕਾ ਨਾਉਂ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਨਾਉਂ ਗੁਣ ਨਿਧਾਨ, ਗੁਣਵੰਤਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨ, ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਸਾਚੇ ਸੰਤ ਸਾਰੇ ਗਾਣ, ਉਚੀ ਕੂਕ ਕੂਕ ਸੁਣਾਈਆ । ਸਤਿਜੁਗ ਮਿਲਿਆ ਇਕੋ ਦਾਨ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਸੋਹੰ ਸ਼ਬਦ ਹੋਏ ਪਰਧਾਨ, ਲੱਖ ਚੁਰਾਸੀ ਦਏ ਵਡਿਆਈਆ । ਪਿਛਲਾ ਮਿਟੇ ਸਰਬ ਨਿਸ਼ਾਨ, ਅੱਗੇ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਨਾਉਂ ਦਏ ਸਮਝਾਈਆ । ਏਕਾ ਨਾਉਂ ਹਰਿ ਨਿਰੰਕਾਰ, ਦੂਸਰ ਅਵਰ ਨਾ ਕੋਇ ਰਖਾਇੰਦਾ । ਸੋ ਪੁਰਖ ਨਿਰੰਜਣ ਨਿਰਾਕਾਰ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਹੰ ਬ੍ਰਹਮ ਕਰ ਪਸਾਰ, ਲੱਖ ਚੁਰਾਸੀ ਡੇਰਾ ਲਾਇੰਦਾ । ਕਾਇਆ ਮਾਟੀ ਦੇ ਆਧਾਰ, ਨਾੜੀ ਚਮੜਾ ਸੋਭਾ ਪਾਇੰਦਾ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਵੇਸ ਵਟਾਇੰਦਾ । ਇਕ ਇਕਾਂਤਾ ਵੇਖਣਹਾਰ, ਅਕਲ ਕਲ ਭੇਵ ਚੁਕਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖੁਆਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਜਗਤ ਨਤਾਣਿਆਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਝੋਲੀ ਆਪ ਭਰਾਇੰਦਾ । ਸਤਿਜੁਗ ਝੋਲੀ ਨਾਮ ਭੰਡਾਰਾ, ਹਰਿ ਜੂ ਹਰਿ ਹਰਿ ਆਪ ਭਰਾਈਆ । ਲੋਕਮਾਤ ਦਾ ਸਚ ਵਿਹਾਰਾ, ਬਣ ਬਿਵਹਾਰੀ ਆਪ ਸਮਝਾਈਆ । ਭਗਤ ਭਗਵੰਤ ਕਰੇ ਉਜਿਆਰਾ, ਭਗਵਨ ਮੇਲਾ ਸਹਿਜ ਸੁਭਾਈਆ । ਸਚ ਧਰਮ ਦਾ ਇਕ ਦੁਆਰਾ, ਸਤਿ ਸਤਿਵਾਦੀ ਦਏ ਵਖਾਈਆ । ਸਾਢੇ ਤਿੰਨ ਹੱਥ ਕਰ ਤਿਆਰਾ, ਤ੍ਰੈਗੁਣ ਅਤੀਤਾ ਵੇਖੇ ਚਾਈਂ ਚਾਈਂਆ । ਅੰਦਰ ਬਾਹਰ ਗੁਪਤ ਜ਼ਾਹਰ ਇਕੋ ਲਾਏ ਸੱਚਾ ਨਾਅਰਾ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਮੰਦਰ ਇਕ ਸੁਹਾਈਆ । ਸਤਿਜੁਗ ਮੰਦਰ ਸਚ ਮਹੱਲਾ, ਸਾਢੇ ਤਿੰਨ ਤਿੰਨ ਬੰਕ ਸੁਹਾਇਆ । ਪੁਰਖ ਅਬਿਨਾਸ਼ੀ

ਇਕ ਇਕੱਲਾ, ਬਣ ਸੇਵਕ ਸੇਵ ਕਮਾਇਆ । ਭਗਤ ਫੜਾਏ ਆਪਣਾ ਪੱਲਾ, ਭਗਵਨ ਆਪਣੀ ਦਇਆ ਕਮਾਇਆ । ਸਤਿਜੁਗ ਦੱਸੇ ਰਾਹ ਸੁਖੱਲਾ, ਸਾਚਾ ਮਾਰਗ ਇਕ ਦ੍ਰਿੜਾਇਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਟੱਲ ਪਦਵੀ ਦਏ ਵਖਾਇਆ । ਆਪਣੇ ਪਰਕਾਸ਼ ਆਪੇ ਬੱਲਾ, ਜੋਤੀ ਜੋਤ ਰੁਸ਼ਨਾਇਆ । ਸਚ ਸੰਦੇਸ ਏਕਾ ਘੱਲਾ, ਸੋ ਪੁਰਖ ਨਿਰੰਜਣ ਗੀਤ ਗੋਬਿੰਦ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਸਾਚਾ ਦਾਨ, ਗੋਪੀ ਕਾਹਨ ਵੇਖ ਵਖਾਇਆ । ਗੋਪੀ ਕਾਹਨ ਭਗਤ ਭਗਵੰਤ, ਘਰ ਏਕਾ ਸੋਭਾ ਪਾਈਆ । ਏਕਾ ਸੇਜਾ ਸੋਭਾਵੰਤ, ਏਕਾ ਮੰਦਰ ਖ਼ੁਸ਼ੀ ਵਖਾਈਆ । ਏਕਾ ਗ੍ਰਿਹਿ ਬਣਾਏ ਬਣਤ, ਏਕਾ ਦਰ ਮਿਲੇ ਵਡਿਆਈਆ । ਏਕਾ ਨਾਮ ਏਕਾ ਮੰਤ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਕਰਨਹਾਰ ਬੇਪਰਵਾਹੀਆ ।

## ❊ ੨੯ ਹਾੜ ੨੦੧੯ ਬਿਕ੍ਰਮੀ ਮੇਹਰ ਸਿੰਘ ਦੇ ਗ੍ਰਿਹਿ ਸ਼ੇਖ਼ ਪੁਰ ਜ਼ਿਲਾ ਅੰਬਾਲਾ ❊



ਸਚਖੰਡ ਨਿਵਾਸੀ ਸਚ ਦਰਬਾਰ, ਦਰਗਹਿ ਸਾਚੀ ਆਪ ਲਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਇੰਦਾ । ਸ਼ਬਦੀ ਸੁਤ ਕਰ ਤਿਆਰ, ਸਚ ਸੰਦੇਸਾ ਇਕ ਅਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਖ਼ਬਰਦਾਰ, ਦੋ ਜਹਾਨਾਂ ਵੇਖ ਵਖਾਇੰਦਾ । ਚੌਦਾਂ ਲੋਕ ਦਏ ਆਧਾਰ, ਚੌਦਾਂ ਤਬਕ ਭੇਵ ਚੁਕਾਇੰਦਾ । ਗੁਰ ਪੀਰ ਦਏ ਉਠਾਲ, ਪੈਗ਼ੰਬਰ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਲਗਾਇੰਦਾ । ਸਚ ਦਰਬਾਰ ਲਾਏ ਕਰਤਾਰ, ਕਰਤਾ ਪੁਰਖ ਵਡੀ ਵਡਿਆਈਆ । ਤਖ਼ਤ ਨਿਵਾਸੀ ਏਕੰਕਾਰ, ਅਕਲ ਕਲ ਆਪਣੀ ਖੇਲ ਕਰਾਈਆ । ਜੁਗ ਜੁਗ ਲਹਿਣਾ ਦੇਣਾ ਦਏ ਉਤਾਰ, ਕਰਜ਼ਾ ਮਕਰੂਜ਼ ਨਾ ਕੋਇ ਰਖਾਈਆ । ਕਲਜੁਗ ਅੰਤਮ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਨਰ ਹਰਿ ਆਪਣਾ ਵੇਸ ਵਟਾਈਆ । ਬੋਧ ਅਗਾਧਾ ਬੋਲ ਜੈਕਾਰ, ਸ਼ਬਦ ਅਨਾਦੀ ਨਾਦ ਸੁਣਾਈਆ । ਸ੍ਰਿਸ਼ਟ ਸਬਾਈ ਪਾਏ ਸਾਰ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਹੁਕਮੀ ਹੁਕਮ ਕਰੇ ਵਰਤਾਰ, ਸਚ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਵਸੇ ਸਾਚਾ ਮਾਹੀਆ । ਸਚਖੰਡ ਵਸੇ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਹੁਕਮਰਾਨਾ, ਜੁਗ ਜੁਗ ਹੁਕਮ ਚਲਾਇੰਦਾ । ਕਲਜੁਗ ਅੰਤਮ ਹੋ ਪਰਧਾਨਾ, ਦੋ ਜਹਾਨਾਂ ਵੇਖ ਵਖਾਇੰਦਾ । ਸ਼ਬਦ ਅਗੰਮੀ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਇੰਦਾ । ਕਰੇ ਖੇਲ ਵਡ ਬਲਵਾਨਾ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਇੰਦਾ । ਸਚ ਦੁਆਰੇ ਰਾਜਨ ਰਾਜ, ਸ਼ਾਹੋ ਭੂਪ ਆਸਣ ਲਾਈਆ । ਪਾਰਬ੍ਰਹਮ ਪ੍ਰਭ ਰੱਚਿਆ ਕਾਜ, ਸ੍ਰੀ ਭਗਵਾਨ ਵੇਖੇ ਚਾਈਂ ਚਾਈਂਆ । ਜਨ ਭਗਤਾਂ ਰੱਖੇ ਲਾਜ, ਸਮਰਥ ਹੱਥ

ਵਡੀ ਵਡਿਆਈਆ । ਨਿਰਗੁਣ ਸਰਗੁਣ ਮਾਰੇ ਅਵਾਜ਼, ਸਰਗੁਣ ਨਿਰਗੁਣ ਲਏ ਜਗਾਈਆ । ਸਤਿ ਸਤਿਵਾਦੀ ਸਤਿ ਚਲਾਏ ਜਹਾਜ਼, ਹਰਿਜਨ ਬੇੜਾ ਆਪਣੇ ਕੰਧ ਉਠਾਈਆ । ਲੋਕਮਾਤ ਵੇਖੇ ਮਾਰ ਝਾਤ, ਨੇਤਰ ਨੈਣ ਨੈਣ ਖੁਲ੍ਹਾਈਆ । ਗੁਰਮੁਖ ਬਣਾਏ ਸੱਜਣ ਸਾਕ, ਸਗਲਾ ਸੰਗ ਆਪ ਨਿਭਾਈਆ । ਪਾਕ ਰਸੂਲ ਪਾਕੀ ਪਾਕ, ਕਲਮਾ ਨਬੀ ਨਬੀ ਪੜ੍ਹਾਈਆ । ਪਤਿਪਰਮੇਸ਼ਵਰ ਪਰਗਟ ਹੋਇਆ ਸਾਖਆਤ, ਸਾਖੀ ਸਤਿਜੁਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਸੋਭਾ ਪਾਈਆ । ਸਚ ਦਰਬਾਰੇ ਏਕੰਕਾਰ, ਇਕ ਇਕੱਲਾ ਆਸਣ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੋਏ ਦੋਏ ਜੋੜ ਕਰਨ ਨਿਮਸਕਾਰ, ਚਰਨੀ ਸੀਸ ਸਰਬ ਝੁਕਾਇੰਦਾ । ਕਰੋੜ ਤੇਤੀਸਾ ਰੋਵੇ ਜ਼ਾਰੋ ਜ਼ਾਰ, ਸੁਰਪਤ ਇੰਦ ਨਾਲ ਮਿਲਾਇੰਦਾ । ਤੇਈ ਅਵਤਾਰ ਬਣਨ ਭਿਖਾਰ, ਦਰ ਦਰ ਅਲਖ ਸਰਬ ਜਗਾਇੰਦਾ । ਈਸਾ ਮੂਸਾ ਮੁਹੰਮਦ ਗਲ ਅਲਫ਼ੀ ਏਕਾ ਡਾਰ, ਅਲਫ਼ ਯੇ ਪੰਧ ਮੁਕਾਇੰਦਾ । ਉਚੀ ਕੂਕ ਕੂਕ ਪੁਕਾਰ, ਆਲਮੀਨ ਇਲਾਹੀ ਨੂਰ ਇਕ ਦਰਸਾਇੰਦਾ । ਮੁਕਾਮੇ ਹੱਕ ਖੇਲ ਅਪਾਰ, ਹੱਕ ਹਕ਼ੀਕਤ ਆਪ ਜਣਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਕਲਜੁਗ ਅੰਤਮ ਹੋ ਤਿਆਰ, ਮਹਾਬਲੀ ਆਪਣਾ ਵੇਸ ਵਟਾਇੰਦਾ । ਅਮਾਮ ਅਮਾਮਾਂ ਵਡ ਸਿਕਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ, ਸਾਚੇ ਤਖ਼ਤ ਸੋਭਾ ਪਾਇੰਦਾ । ਸਚਖੰਡ ਦੁਆਰੇ ਹਰਿ ਜੂ ਚੜ੍ਹਿਆ, ਸਚ ਸਿੰਘਾਸਣ ਸੋਭਾ ਪਾਈਆ । ਨਿਰਗੁਣ ਪੱਲੂ ਨਿਰਗੁਣ ਫੜਿਆ, ਨਿਰਗੁਣ ਨਿਰਗੁਣ ਬੰਧ ਬੰਧਾਈਆ । ਨਿਰਗੁਣ ਘਾੜਨ ਨਿਰਗੁਣ ਘੜਿਆ, ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਅੱਖਰ ਨਿਰਗੁਣ ਪੜ੍ਹਿਆ, ਚੌਦਾਂ ਵਿਦਿਆ ਨਾ ਕੋਇ ਵਡਿਆਈਆ । ਅਗਨੀ ਹਵਨ ਕਦੇ ਨਾ ਸੜਿਆ, ਜਨਮ ਮਰਨ ਵਿਚ ਨਾ ਫੇਰਾ ਪਾਈਆ । ਨਿਰਭੌ ਹੋ ਕਦੇ ਨਾ ਡਰਿਆ, ਭੈ ਆਪਣਾ ਸਰਬ ਵਖਾਈਆ । ਆਪਣਾ ਖੇਲ ਆਪੇ ਕਰਿਆ, ਕਰਤਾ ਪੁਰਖ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਗ੍ਰਿਹ ਮੰਦਰ ਸੋਭਾ ਪਾਈਆ । ਗ੍ਰਿਹ ਮੰਦਰ ਸਚ ਮਹੱਲਾ, ਸਚਖੰਡ ਨਿਵਾਸੀ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਆਦਿ ਜੁਗਾਦੀ ਸੋਭਾ ਪਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਚਰਨ ਕਵਲ ਕਵਲ ਚਰਨ ਚਰਨ ਚਰਨ ਆਪ ਟਿਕਾਇੰਦਾ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਆਪੇ ਰੱਲਾ, ਸਰਗੁਣ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਆਪ ਵਡਿਆਇੰਦਾ । ਸਚ ਦੁਆਰਾ ਸੋਭਨੀਕ, ਸੋਭਾਵੰਤ ਆਪ ਸੁਹਾਈਆ । ਬੇਐਬ ਪਰਵਰਦਿਗਾਰ ਲਾਸ਼ਰੀਕ, ਇਕ ਇਕੱਲਾ ਖੇਲ ਕਰਾਈਆ । ਮੇਟਣਹਾਰਾ ਜਗਤ ਅੰਧੇਰਾ ਤਾਰੀਕ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮਾਰਗ ਦੱਸੇ ਇਕ ਬਾਰੀਕ, ਆਤਮ ਪਰਮਾਤਮ ਮੇਲ ਮਿਲਾਈਆ । ਸਤਿਜੁਗ ਮਾਰਗ ਲਾਏ ਠੀਕ, ਕਲਜੁਗ ਠੀਕਰ ਭੰਨ ਵਖਾਈਆ । ਦੂਰ ਦੁਰਾਡਾ ਦਿਸੇ ਨਜ਼ਦੀਕ, ਨੇਰਨ ਨੇਰਾ ਆਪਣਾ ਫੇਰਾ ਪਾਈਆ । ਅੱਠੇ ਪਹਿਰ ਵਸੇ ਚੀਤ, ਗੁਰਮੁਖ ਸੱਜਣ ਆਪ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਣੇ ਸਾਚੀ ਰੀਤ, ਰੀਤੀਵਾਨ ਵਡ ਵਡਿਆਈਆ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਧਾਰ ਚਲਾਈਆ । ਸਰਬ ਜੀਆਂ ਦਾ ਇਕੋ ਗੀਤ, ਸੋਹੰ ਸੋ ਕਰੇ ਪੜ੍ਹਾਈਆ । ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ

੪੭੪
੧੨

ਚੁਰਾਸੀ ਪਰਖਣਹਾਰਾ ਨੀਤ, ਘਰ ਘਰ ਬੈਠਾ ਡੇਰਾ ਲਾਈਆ । ਘਰ ਘਰ ਅੰਦਰ ਵਸੇ ਭਗਵਾਨ, ਨੇਤਰ ਲੋਚਣ ਨੈਣ ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਚਤਰ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਆਤਮ ਅੰਤਰ ਦੇਵੇ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਰਾਗ ਸੁਣਾਏ ਕਾਨ, ਛੱਤੀ ਰਾਗ ਮੁਖ ਸ਼ਰਮਾਇੰਦਾ । ਅਨਹਦ ਨਾਦ ਵਜਾਏ ਸੱਚੀ ਧੁੰਨਕਾਨ, ਧੁੰਨ ਆਤਮਕ ਆਪ ਅਲਾਇੰਦਾ । ਪੰਚਮ ਸਖ਼ੀਆਂ ਮੇਲਾ ਸਾਚੇ ਕਾਹਨ, ਘਰ ਮੰਦਰ ਸੋਭਾ ਪਾਇੰਦਾ । ਆਤਮ ਸੇਜਾ ਕਰ ਪਰਵਾਨ, ਸੇਜ ਸੁਹੰਜਣੀ ਆਪ ਹੰਢਾਇੰਦਾ । ਸਤਿਜੁਗ ਸਾਚੇ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਸੁਰਤ ਸਵਾਣੀ ਮਿਲੇ ਹਾਣੀ ਰਾਮ, ਰਮੱਯਾ ਰਾਮ ਆਪਣੇ ਰੰਗ ਰੰਗਾਇੰਦਾ । ਇਲਾਹੀ ਕਲਮਾ ਦਏ ਪੈਗ਼ਾਮ, ਸਦਾ ਅਜ਼ਾਂ ਬਾਂਗ ਆਪ ਸੁਣਾਇੰਦਾ । ਨਾਨਕ ਗੋਬਿੰਦ ਕਰ ਪਰਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਖੜ, ਸਵੱਛ ਸਰੂਪ ਰੂਪ ਦਰਸਾਇੰਦਾ । ਸਚਖੰਡ ਦੁਆਰੇ ਸਵੱਛ ਸਰੂਪ, ਸਵੈ ਸ਼ਕਤੀ ਆਪ ਜਣਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਨਜ਼ਰੀ ਆਈਆ । ਮੇਟਣਹਾਰਾ ਜੂਠ ਝੂਠ, ਸਚ ਸੁੱਚ ਲਏ ਪਰਗਟਾਈਆ । ਪਾਵੇ ਸਾਰ ਪੰਜ ਤਤ ਕਾਇਆ ਕਲਬੂਤ, ਕਲਮਾ ਨਬੀ ਆਪ ਪੜ੍ਹਾਈਆ । ਆਤਮ ਆਤਮ ਦੇਵੇ ਸਚ ਸਬੂਤ, ਪਰਮਾਤਮ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਬੈਠਾ ਸੋਭਾ ਪਾਈਆ । ਸਚਖੰਡ ਦੁਆਰਾ ਲੋਕਮਾਤ, ਮਾਤਰ ਭੂਮੀ ਆਪ ਬਣਾਇੰਦਾ । ਨਿਰਗੁਣ ਵੇਖੇ ਮਾਰ ਝਾਤ, ਨੌਂ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਕੁੰਡਾ ਲਾਹਿੰਦਾ । ਚੌਦਾਂ ਤਬਕ ਖੋਲ੍ਹੇ ਤਾਕ, ਚੌਦਾਂ ਹੱਟ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਮੇਲਾ ਗੁਰ ਗੁਰ ਧਾਰ, ਗੁਰ ਸਤਿਗੁਰ ਦਏ ਵਡਿਆਈਆ । ਵਰਨ ਬਰਨ ਕਰੇ ਪਿਆਰ, ਸਾਚੀ ਸਰਨ ਇਕ ਸਮਝਾਈਆ । ਏਕਾ ਅੱਖਰ ਕਰ ਤਿਆਰ, ਪੰਚ ਵਿਕਾਰਾ ਸੱਬਰ ਦਏ ਕਰਾਈਆ । ਬਜਰ ਕਪਾਟੀ ਪੱਥਰ ਦੇਵੇ ਪਾੜ, ਦੂਈ ਦੂਈ ਦਵੈਤੀ ਪੜਦਾ ਲਾਹੀਆ । ਅਗਨੀ ਲੱਗੇ ਨਾ ਤਤੀ ਹਾੜ, ਅੰਮ੍ਰਿਤ ਮੇਘ ਇਕ ਬਰਸਾਈਆ । ਕਰੇ ਪਰਕਾਸ਼ ਬਹੱਤਰ ਨਾੜ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਗੁਰਮੁਖ ਵੇਖੇ ਸਾਚੇ ਲਾੜ, ਸ਼ਬਦੀ ਘੋੜੇ ਆਪ ਚੜ੍ਹਾਈਆ । ਏਥੇ ਓਥੇ ਚਲੇ ਨਾਲ ਨਾਲ, ਦੋ ਜਹਾਨਾਂ ਵਿਛੜ ਕਦੇ ਨਾ ਜਾਈਆ । ਰਾਤੀਂ ਸੁੱਤਿਆਂ ਦਰਸ ਦਏ ਦਿਖਾਲ, ਅਨਦਰਸੀ ਆਪਣੀ ਦਇਆ ਆਪ ਕਮਾਈਆ । ਸਦਾ ਸੁਹੇਲਾ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਗੁਰੂਦੁਆਰਾ ਮੰਦਰ ਮਸਜਦ ਮੱਠ ਸ਼ਿਵਦਵਾਲਾ ਏਕਾ ਨਜ਼ਰੀ ਆਈਆ । ਸਮਰਥ ਪੁਰਖ ਦੀਨ ਦਿਆਲ, ਸਾਚੀ ਸੇਜਾ ਬੈਠਾ ਆਸਣ ਲਾਈਆ । ਗੁਰਮੁਖ ਵੇਖੇ ਛੋਟੇ ਬਾਲ, ਬਾਲ ਅਞਾਣੇ ਗੋਦ ਉਠਾਈਆ । ਏਕਾ ਮਾਰਗ ਦਏ ਸਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਮੇਲਾ ਸਹਿਜ ਸੁਭਾਈਆ । ਸਚਖੰਡ ਮੇਲਾ ਗੁਰ ਗੁਰ ਧਾਮ, ਗੁਰ ਮੂਰਤ ਅਕਾਲ ਦ੍ਰਿੜ੍ਹਾਇੰਦਾ । ਘਰ ਠਾਕਰ ਸੁਆਮੀ ਮਿਲੇ ਰਾਮ, ਘਰ ਮੰਦਰ ਇਕ ਵਡਿਆਇੰਦਾ । ਘਰ ਮੇਲਾ ਘਨੱਯਾ ਨਿਰਗੁਣ ਸ਼ਾਮ, ਸਾਚੀ ਬੰਸਰੀ ਨਾਮ ਸੁਣਾਇੰਦਾ । ਘਰ ਪੀਰ ਪੈਗ਼ੰਬਰ ਦਏ ਕਲਾਮ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਘਰ ਨਾਨਕ ਨਿਰਗੁਣ ਜਣਾਏ ਸਤਿ ਨਾਮ,

੪੭੫
੧੨

ਨਾਮ ਸਤਿ ਸਤਿ ਬੁਝਾਇੰਦਾ । ਘਰ ਗੋਬਿੰਦ ਗੁਰ ਗੁਰ ਕਰੇ ਪਰਨਾਮ, ਪੁਰਖ ਅਕਾਲ ਸੀਸ ਝੁਕਾਇੰਦਾ । ਬਣ ਵਿਚੋਲਾ ਦੋ ਜਹਾਨ, ਦੋਏ ਦੋਏ ਵੇਸ ਵਟਾਇੰਦਾ । ਕਲਜੁਗ ਅੰਤਮ ਮਿਟੇ ਨਿਸ਼ਾਨ, ਪੁਰਖ ਅਬਿਨਾਸ਼ੀ ਆਪ ਮਿਟਾਇੰਦਾ । ਸਤਿਜੁਗ ਸਚ ਕਰੇ ਪਰਧਾਨ, ਸਤਿ ਸਤਿਵਾਦੀ ਰਾਹ ਚਲਾਇੰਦਾ । ਸ੍ਰਿਸ਼ਟ ਸਬਾਈ ਦਏ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਸੱਜਣ ਆਪ ਪਛਾਣ, ਗੁਰ ਚੇਲਾ ਰੂਪ ਵਟਾਇੰਦਾ । ਪੂਰਬ ਜਨਮ ਦਾ ਲਹਿਣਾ ਦੇਵੇ ਆਣ, ਲੇਖਾ ਸਭ ਦਾ ਆਪ ਮੁਕਾਇੰਦਾ । ਭਗਤ ਭਗਵੰਤ ਮਿਲ ਮਿਲ ਖ਼ੁਸ਼ੀ ਮਨਾਣ, ਗੀਤ ਗੋਬਿੰਦ ਆਪ ਅਲਾਇੰਦਾ । ਸਾਢੇ ਤਿੰਨ ਹੱਥ ਮੰਦਰ ਮਕਾਨ, ਬੰਕ ਦੁਆਰੀ ਬੰਕ ਸੁਹਾਇੰਦਾ । ਰਵਦਾਸ ਚੁਮਾਰਾ ਲਿਖ ਲਿਖ ਲੇਖ ਮਹਾਨ, ਸਾਢੇ ਤਿੰਨ ਤਿੰਨ ਵੰਡ ਵੰਡਾਇੰਦਾ । ਸੰਬਲ ਖੇੜਾ ਵਸੇ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਤਿਜੁਗ ਸਾਚਾ ਕਰੇ ਪਰਵਾਨ, ਸਾਚਾ ਲੇਖਾ ਇਕ ਸਮਝਾਇੰਦਾ । ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸੋਹੰ ਢੋਲਾ ਸਾਰੇ ਗਾਣ, ਆਤਮ ਪਰਮਾਤਮ ਪਰਮ ਪੁਰਖ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਦੇਵੇ ਵਰ, ਵਰ ਦਾਤਾ ਆਪਣੀ ਦਇਆ ਕਮਾਇੰਦਾ । ਵਰ ਦਾਤਾ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਗੁਰਸਿਖ ਗੁਰ ਗੁਰ ਲਏ ਉਠਾਲ, ਗੁਰ ਮੰਤਰ ਬੂਝ ਬੁਝਾਈਆ । ਵੇਲੇ ਅੰਤ ਨਾ ਖਾਏ ਕਾਲ, ਮਹਾਕਾਲ ਨਾ ਭੈ ਜਣਾਈਆ । ਸਤਿਗੁਰ ਪੂਰਾ ਵੇਲੇ ਅੰਤ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਫਲ ਲਗਾਏ ਕਾਇਆ ਡਾਲ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰ ਗੁਰ ਲਏ ਉਠਾਈਆ । ਗੁਰਮੁਖ ਗੁਰ ਗੁਰ ਏਕਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗੁਰਮੁਖ ਗੁਰ ਗੁਰ ਏਕਾ ਘਰ, ਘਰ ਏਕਾ ਸੋਭਾ ਪਾਇੰਦਾ । ਗੁਰਮੁਖ ਗੁਰ ਗੁਰ ਏਕਾ ਵਰ, ਨਾਰ ਕੰਤ ਰੂਪ ਵਟਾਇੰਦਾ । ਗੁਰ ਗੁਰ ਗੁਰਸਿਖ ਇਕੋ ਅੱਖਰ ਪੜ੍ਹ, ਆਖਰ ਆਪਣਾ ਮੇਲ ਮਿਲਾਇੰਦਾ । ਗੁਰ ਗੁਰ ਗੁਰਸਿਖ ਇਕ ਦੁਆਰੇ ਖੜ, ਸਚ ਦੁਆਰਾ ਨਜ਼ਰੀ ਆਇੰਦਾ । ਨਾਤਾ ਤੁੱਟੇ ਸੀਸ ਧੜ, ਜਗਦੀਸ ਆਪਣਾ ਰੰਗ ਰੰਗਾਇੰਦਾ । ਸੁਰਤੀ ਸ਼ਬਦੀ ਮੇਲਾ ਕਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣਹਾਰਾ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਸਾਚਾ ਮਾਤ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾਇਣ ਸਾਚੀ ਵਾਰਾ, ਵਾਰਾ ਇਕੋ ਇਕ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਪਾਰ ਕਿਨਾਰਾ, ਖਾਣੀ ਬਾਣੀ ਦੋ ਜਹਾਨੀ ਆਪਣੇ ਲੇਖੇ ਲਾਈਆ । ਚੌਦਾਂ ਹੱਟ ਹੱਟ ਵਣਜਾਰਾ, ਚੌਦਾਂ ਤਬਕ ਤਬਕ ਨਾਅਰਾ, ਹੱਕ ਹਕ਼ੀਕ਼ਤ ਲਾਸ਼ਰੀਕਤ ਸ਼ਰਅ ਆਪਣੀ ਆਪ ਜਣਾਈਆ । ਇਕੋ ਤੌਫ਼ੀਕ ਪਰਵਰਦਿਗਾਰ ਕਰੇ ਖੇਲ ਅਗੰਮ ਅਪਾਰ ਅਲੱਖ ਅਗੋਚਰ ਜਾਣੇ ਸਾਚੀ ਧਾਰਾ, ਧਾਰ ਧਾਰ ਵਿਚੋਂ ਪਰਗਟਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਨਾਅਰਾ, ਉਤਰ ਪੂਰਬ ਪੱਛਮ ਦੱਖਣ ਨਵ ਨੌਂ ਸੱਤ ਸਤਿ ਸਰਬ ਜੀਵ ਆਤਮ ਪਰਮਾਤਮ ਦਏ ਪੜ੍ਹਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਆਪ ਨਿਰੰਕਾਰਾ, ਕਾਗਦ ਕਲਮ ਨਾ ਲਿਖਣਹਾਰਾ, ਸਮੁੰਦ ਮਸ ਰਹੀ ਕੁਰਲਾਈਆ । ਬਨਾਸਪਤ

ਕਰੇ ਹਾਹਾਕਾਰਾ, ਹਰਿ ਕਾ ਅੰਤ ਨਾ ਪਾਰਾਵਾਰਾ, ਗੁਰ ਅਵਤਾਰ ਪੀਰ ਪੈਗੰਬਰ ਰਹੇ ਭਿਖਾਰਾ, ਦਰ ਬੈਠੇ ਅਲਖ ਜਗਾਈਆ । ਜਨ ਭਗਤਾਂ ਕਰੇ ਆਪ ਪਿਆਰਾ, ਨਿਹਕਲੰਕ ਲੈ ਅਵਤਾਰਾ, ਸਤਿਜੁਗ ਦੱਸੇ ਰਾਹ ਨਿਆਰਾ, ਏਕਾ ਨੱਯਾ ਨਾਮ ਚਲਾਈਆ । ਕੁਦਰਤ ਕਾਦਰ ਵੇਖਣਹਾਰਾ, ਵੇਖੇ ਵਿਗਸੇ ਪਾਵੇ ਸਾਰਾ, ਭਗਤ ਸੁਹਾਏ ਭਗਤ ਦੁਆਰਾ, ਭਗਵਨ ਦੇਵੇ ਮਾਣ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕ ਸਹਾਰਾ, ਗੁਰਮੁਖਾਂ ਲਾਏ ਪਾਰ ਕਿਨਾਰਾ, ਅਧਵਿਚਕਾਰ ਨਾ ਕੋਇ ਡੁਬਾਈਆ । ਸਚਖੰਡ ਮਿਲੇ ਘਰ ਬਾਰਾ, ਜੋਤੀ ਜੋਤ ਜੋਤ ਉਜਿਆਰਾ, ਸ਼ਬਦੀ ਨਾਦ ਨਾਦ ਧੁੰਨਕਾਰਾ, ਰਾਗੀ ਨਾਦੀ ਵਸੇ ਬਾਹਰਾ, ਗੁਣ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਲੇਖਾ ਜਾਣੇ ਜੀਵ ਜੰਤ, ਗੁਰਮੁਖ ਬਣਾਏ ਸਾਚੀ ਬਣਤ, ਬੇਅੰਤ ਆਪਣੇ ਵਿਚ ਮਿਲਾਈਆ ।

### ✳ ੨੬ ਹਾੜ ੨੦੧੯ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਿਹ ਖਰੜ ਜ਼ਿਲਾ ਅੰਬਾਲਾ ✳

ਸਾਚਾ ਕਿਲਾ ਸਚਖੰਡ, ਦਰ ਘਰ ਸਾਚੇ ਸਤਿਗੁਰ ਆਸਣ ਲਾਇੰਦਾ । ਜੁਗਾ ਜੁਗੰਤਰ ਵੰਡੇ ਵੰਡ, ਵੰਡਣਹਾਰਾ ਖੇਲ ਕਰਾਇੰਦਾ । ਜੁਗ ਚੌਕੜੀ ਮੁੱਕੇ ਪੰਧ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਗਾਇਣ ਛੰਦ, ਹਰਿ ਜੂ ਢੋਲਾ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਵਡਿਆਈ ਬੱਤੀ ਦੰਦ, ਆਤਮ ਅਨੰਦ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਗੁਜਰੀ ਚੰਦ, ਦੋ ਜਹਾਨਾਂ ਖੇਲ ਕਰਾਇੰਦਾ । ਪੰਜ ਤਤ ਕਾਇਆ ਜੀਉ ਪਿੰਡ, ਜਗਤ ਖੇੜਾ ਵੇਖ ਵਖਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਵਡ ਸਾਗਰ ਰੂਪ ਵਖਾਇੰਦਾ । ਤੇਗ ਬਹਾਦਰ ਏਕਾ ਬਿੰਦ, ਜਗਤ ਨਾਤਾ ਜੋੜ ਜੋੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਕਿਲਾ ਸਾਚਾ ਕੋਟ, ਹਰਿ ਮੰਦਰ ਦਏ ਵਡਿਆਈਆ । ਇਕ ਜਗਾਏ ਨਿਰਮਲ ਜੋਤ, ਨੂਰੋ ਨੂਰ ਕਰੇ ਰੁਸ਼ਨਾਈਆ । ਸਚ ਨਗਾਰੇ ਲਾਏ ਚੋਟ, ਏਕਾ ਧੌਂਸਾ ਨਾਮ ਵਜਾਈਆ । ਸਾਹਿਬ ਦਿਆਲ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਕਿਲੇ ਦਏ ਵਡਿਆਈਆ । ਸਾਚਾ ਕਿਲਾ ਸਚ ਮਹੱਲਾ, ਸਚਖੰਡ ਦੁਆਰਾ ਆਪ ਜਣਾਇੰਦਾ । ਵਸਣਹਾਰਾ ਇਕ ਇਕੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੁਗਾ ਜੁਗੰਤਰ ਆਪ ਫੜਾਏ ਆਪਣਾ ਪੱਲਾ, ਪੱਲੂ ਆਪਣੀ ਗੰਢ ਦਿਵਾਇੰਦਾ । ਨਿਰਗੁਣ ਸਰਗੁਣ ਕਰ ਕਰ ਹੱਲਾ, ਭੈ ਭਿਆਨਕ ਰੂਪ ਜਣਾਇੰਦਾ । ਵਸਣਹਾਰਾ ਜਲਾਂ ਥਲਾਂ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਸਚ ਸੰਦੇਸਾ ਨਰ ਨਰੇਸਾ, ਪੁਰਖ ਅਕਾਲ ਦੀਨ ਦਿਆਲ ਏਕਾ ਘੱਲਾ, ਗੋਬਿੰਦ ਗੁਰ ਗੁਰ ਆਪ ਪੜ੍ਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਸਾਚਾ ਕਿਲਾ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਵੇਖਣਹਾਰਾ ਏਕੰਕਾਰ, ਦੂਸਰ ਸੰਗ ਨਾ ਕੋਇ ਰਲਾਈਆ । ਘਾੜਤ ਘੜੇ ਨਾ ਕੋਇ ਵਿਚ ਸੰਸਾਰ, ਬਾਢੀ ਬਣਤ ਨਾ ਕੋਇ ਬਣਾਈਆ । ਰਵ ਸਸ ਨਾ ਕੋਇ ਉਜਿਆਰ, ਸੂਰਜ ਚੰਦ ਨਾ ਕੋਇ ਰੁਸ਼ਨਾਈਆ ।

ਦੀਆ ਬਾਤੀ ਨਾ ਦੇਵੇ ਕੋਈ ਬਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਕਿਲਾ ਸਾਚਾ ਬੰਕ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਗੋਬਿੰਦ ਮੇਲਾ ਆਦਿ ਅੰਤ, ਗੁਰ ਚੇਲਾ ਵੇਖ ਵਖਾਇੰਦਾ । ਸ਼ਬਦ ਅਗੰਮੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਜੁਗਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਸਚਖੰਡ ਨਿਵਾਸੀ ਦਇਆ ਕਮਾਈਆ । ਪੂਤ ਸਪੂਤਾ ਸੁਤ ਦੁਲਾਰ, ਬਾਲੀ ਬਾਲਾ ਲਏ ਉਠਾਈਆ । ਲਾਲ ਗੋਪਾਲਾ ਹੋ ਉਜਿਆਰ, ਲਾਲਨ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਲੱਖ ਅਗੋਚਰ ਆਪ ਕਰਾਇੰਦਾ । ਲੇਖਾ ਜਾਣੇ ਜਨਨੀ ਜਨ, ਪੂਤ ਸਪੂਤਾ ਗੋਦ ਬਹਾਇੰਦਾ । ਪੁਰਖ ਅਕਾਲ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਸਚ ਸੰਦੇਸਾ ਦੇਵੇ ਮਨ, ਏਕਾ ਰਾਗ ਅਲਾਇੰਦਾ । ਹਰਿ ਕਾ ਭਾਣਾ ਲੈਣਾ ਮੰਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਚ ਵਸੇਰਾ ਬਿਨ ਛੱਪਰੀ ਛੰਨ, ਮਹੱਲ ਅਟੱਲ ਕੰਮ ਕਿਸੇ ਨਾ ਆਇੰਦਾ । ਏਕਾ ਨਾਮ ਸੱਚਾ ਧੰਨ, ਸਾਚੀ ਵਸਤ ਆਪ ਦਰਸਾਇੰਦਾ । ਕੂੜੀ ਕਿਰਿਆ ਦੇਣਾ ਡੰਨ, ਖੰਡਾ ਖੜਗ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਅਕਾਲ ਪੁਰਖ, ਪੁਰਖ ਪੁਰਖੋਤਮ ਆਪ ਜਣਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਚਿਖਾ ਨਾ ਕੋਇ ਜਲਾਈਆ । ਆਪੇ ਕਰੇ ਆਪਣੀ ਪਰਖ, ਪਰਖਣਹਾਰਾ ਵਡ ਵਡਿਆਈਆ । ਆਪੇ ਦੇਵੇ ਆਪਣਾ ਦਰਸ, ਦਰਸੀ ਆਪਣਾ ਦਰਸ ਕਰਾਈਆ । ਆਪੇ ਮੇਟੇ ਜਗਤ ਹਰਸ, ਤ੍ਰਿਸਨਾ ਹਰਸ ਨਾ ਕੋਇ ਵਖਾਈਆ । ਆਪੇ ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕੁਰਾ ਫੋਲ ਫੋਲਾਈਆ । ਅੰਮ੍ਰਿਤ ਮੇਘ ਏਕਾ ਬਰਸ, ਸਾਂਤਕ ਸਤਿ ਸਤਿ ਵਰਤਾਈਆ । ਜੁਗਾ ਜੁਗੰਤਰ ਲਾਹੇ ਕਰਜ਼, ਲਹਿਣਾ ਦੇਣਾ ਦਏ ਮੁਕਾਈਆ । ਕਲਜੁਗ ਆਪਣਾ ਪੂਰਾ ਕਰੇ ਫ਼ਰਜ਼, ਗੋਬਿੰਦ ਸੂਰਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਏਕੰਕਾਰ, ਅਕਲ ਕਲਧਾਰੀ ਆਪ ਜਣਾਇੰਦਾ । ਪੂਤ ਸਪੂਤਾ ਕਰ ਤਿਆਰ, ਸੀਸ ਜਗਦੀਸ ਹੱਥ ਟਿਕਾਇੰਦਾ । ਗੁਰ ਚੇਲਾ ਸੋਹੇ ਇਕ ਦੁਆਰ, ਵੇਲਾ ਵਕਤ ਆਪਣੇ ਹੱਥ ਰਖਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਜਣਾਇੰਦਾ । ਖੜਗ ਖੰਡਾ ਤੇਜ਼ ਕਟਾਰ, ਚੰਡ ਪਰਚੰਡ ਆਪ ਚਮਕਾਇੰਦਾ । ਬ੍ਰਹਿਮੰਡ ਖੰਡ ਵੇਖਣਹਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਇੰਦਾ । ਅੰਡਜ ਜੇਰਜ ਦਏ ਹੁਲਾਰ, ਉਤਭੁਜ ਸੇਤਜ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸਾ ਏਕਾ ਏਕ ਸੁਣਾਇੰਦਾ । ਸਚ ਸੰਦੇਸਾ ਹਰਿ ਜੂ ਗੀਤ, ਗੁਰ ਗੁਰ ਆਪ ਜਣਾਈਆ । ਪਾਰਬ੍ਰਹਮ ਪ੍ਰਭ ਸਾਚਾ ਮੀਤ, ਦੂਸਰ ਸੰਗ ਨਾ ਕੋਇ ਰਖਾਈਆ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਦਾ ਸੁਹੇਲਾ ਠਾਂਡਾ ਸੀਤ, ਸਚਖੰਡ ਵਸੇ ਸੱਚਾ ਮਾਹੀਆ । ਚਰਨ ਕਵਲ ਕਵਲ ਪ੍ਰੀਤ, ਕਵਲ ਨੈਣ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਪੁਰਖ ਅਕਾਲ, ਏਕੰਕਾਰਾ ਆਪ ਜਣਾਇੰਦਾ । ਗੋਬਿੰਦ ਸੂਰਾ ਵੇਖੇ ਲਾਲ, ਲਾਲਨ

ਆਪਣੇ ਅੰਗ ਲਗਾਇੰਦਾ । ਸੇਵਾ ਲਾਏ ਕਾਲ ਮਹਾਕਾਲ, ਹੁਕਮੀ ਹੁਕਮ ਆਪ ਵਰਤਾਇੰਦਾ । ਗੁਰਸਿਖ ਵੇਖੇ ਸਾਚੇ ਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਈਆ । ਏਕਾ ਨਾਮ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਜੁਗਾਦਿ ਜੁਗ ਜੁਗ ਖੇਲ ਸ੍ਰੀ ਭਗਵੰਤ, ਪੇਖਣਹਾਰਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਰਹਿਣ ਮੰਗਤ, ਆਪਣੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਗੁਰ ਏਕਾ ਬੂਝ ਬੁਝਾਈਆ । ਗੁਰ ਗੁਰ ਬੂਝ ਦੇਵੇ ਕਰਤਾਰ, ਕਰਤਾ ਪੁਰਖ ਦਇਆ ਕਮਾਇੰਦਾ । ਅੰਤਮ ਮੇਲਾ ਵਿਚ ਸੰਸਾਰ, ਗੁਰ ਚੇਲਾ ਨਾਉਂ ਧਰਾਇੰਦਾ । ਕੂੜੀ ਕਿਰਿਆ ਜਗਤ ਵਿਹਾਰ, ਜਗਤ ਨਾਤਾ ਤੋੜ ਤੁੜਾਇੰਦਾ । ਸਚ ਸੁੱਚ ਸਚ ਵਣਜਾਰ, ਬਣ ਵਣਜਾਰਾ ਹੱਟ ਚਲਾਇੰਦਾ । ਆਤਮ ਪਰਮਾਤਮ ਕਰ ਪਿਆਰ, ਗੁਰਮੁਖ ਗੁਰ ਗੁਰ ਆਪ ਪਰਨਾਇੰਦਾ । ਕਿਲਾ ਕੋਟ ਨਾ ਕੋਇ ਆਧਾਰ, ਇੱਟ ਗਾਰਾ ਕੰਮ ਕਿਸੇ ਨਾ ਆਇੰਦਾ । ਹੁਕਮੇ ਅੰਦਰ ਫ਼ਰਮਾਬਰਦਾਰ, ਬਣ ਸੇਵਕ ਸੇਵ ਕਮਾਇੰਦਾ । ਝੂਠਾ ਕਿਲਾ ਤਜ ਵਿਚ ਸੰਸਾਰ, ਸਾਚਾ ਛਿਲਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਆਪਣੀ ਕਾਰੇ ਲਾਇੰਦਾ । ਗੋਬਿੰਦ ਕਿਲਾ ਦੇਣਾ ਤਜ, ਪੁਰਖ ਅਕਾਲ ਤਜਾਈਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਈਆ । ਸਚਖੰਡ ਦੁਆਰੇ ਬਹਿਣਾ ਸਜ, ਪੁਰਖ ਅਕਾਲ ਗੋਦ ਸੁਹਾਈਆ । ਕੂੜ ਨਗਾਰਾ ਰਿਹਾ ਵੱਜ, ਚਾਰੋਂ ਕੁੰਟ ਕਰੇ ਸ਼ਨਵਾਈਆ । ਦੀਨ ਦਿਆਲ ਤੇਰੀ ਰੱਖੇ ਲਜ, ਸਿਰ ਆਪਣਾ ਹੱਥ ਟਿਕਾਈਆ । ਫ਼ਤਹਿ ਡੰਕਾ ਜਾਏ ਵੱਜ, ਦੋ ਜਹਾਨਾਂ ਕਰੇ ਸ਼ਨਵਾਈਆ । ਕਰੇ ਖੇਲ ਪੂਰਾ ਸਮਰਥ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਪਾਏ ਨੱਥ, ਲੱਖ ਚੁਰਾਸੀ ਆਪ ਭੁਵਾਈਆ । ਸਾਚਾ ਮਾਰਗ ਦਏ ਦੱਸ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਹੁਕਮ ਇਕ ਮਨਾਈਆ । ਜਗਤ ਕਿਲਾ ਪੁਰੀ ਅਨੰਦ, ਚਾਰ ਦੀਵਾਰੀ ਆਪ ਜਣਾਇੰਦਾ । ਹਰਿ ਕਾ ਕਿਲਾ ਸਚਖੰਡ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਨਿਰਗੁਣ ਨੂਰ ਡਗਮਗਾਇੰਦਾ । ਇਕੋ ਪੁਰਖ ਅਕਾਲ ਗਾਏ ਛੰਦ, ਗੋਬਿੰਦ ਗੀਤ ਇਕ ਅਲਾਇੰਦਾ । ਦੋ ਜਹਾਨਾਂ ਮੁੱਕੇ ਪੰਧ, ਦਰ ਦੁਆਰ ਆਪ ਸੁਹਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਦੂਈ ਦਵੈਤ ਝੂਠੀ ਢੋਣੀ ਕੰਧ, ਕਲਰ ਕੰਧ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਜਣਾਇੰਦਾ । ਕਲਜੁਗ ਕਿਲਾ ਦੇਣਾ ਤਿਆਗ, ਤਿਆਗੀ ਤੇਰੇ ਨਾਮ ਵਡਿਆਈਆ । ਦੋ ਜਹਾਨਾਂ ਲਗੇ ਭਾਗ, ਭਾਗ ਆਪਣਾ ਲੈਣਾ ਵੰਡਾਈਆ । ਤੇਰਾ ਨੂਰੀ ਜਗੇ ਚਿਰਾਗ਼, ਦੋ ਜਹਾਨ ਕਰੇ ਰੁਸ਼ਨਾਈਆ । ਕਲਜੁਗ ਜੀਵਾਂ ਧੋਣਾ ਦਾਗ਼, ਦੁਰਮਤ ਮੈਲ ਲੁਹਾਈਆ । ਤ੍ਰੈਗੁਣ ਅਗਨੀ ਬੁਝੇ ਆਗ, ਤਤਵ ਤਤ ਨਾ ਲਾਗੇ ਰਾਈਆ । ਗੁਰਮੁਖਾਂ ਦੇਣਾ ਸਾਚਾ ਰਾਜ, ਦਰਗਹਿ ਸਾਚੀ ਆਪ ਬਹਾਈਆ । ਪੁਰਖ ਅਬਿਨਾਸ਼ੀ ਰਚਿਆ ਕਾਜ, ਲੋਕਮਾਤ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਚਲਾਏ ਜਹਾਜ਼, ਸਾਚਾ ਬੇੜਾ ਆਪਣੇ ਕੰਧ ਉਠਾਈਆ । ਸ਼ਬਦ ਅਗੰਮੀ ਮਾਰੇ ਇਕ ਆਵਾਜ਼, ਆਤਮ ਪਰਮਾਤਮ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਹਰਿ ਨਰਾਇਣ, ਗੁਰ ਗੋਬਿੰਦ ਆਪ ਜਣਾਇੰਦਾ । ਗੋਬਿੰਦ ਪੇਖੇ ਆਪਣੇ ਨੈਣ, ਨਿਜ ਨੇਤਰ ਦਰਸ ਕਰਾਇੰਦਾ । ਲੋਕਮਾਤ ਚੁਕੇ ਲੈਣ ਦੇਣ, ਲਹਿਣਾ ਦੇਣਾ ਪਾਰ ਕਰਾਇੰਦਾ । ਪੁਰਖ ਅਕਾਲ ਸਾਕ ਸੈਣ, ਸੱਜਣ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਮਾਤ ਪਿਤ ਭਾਈ ਭੈਣ, ਪੂਤ ਸਪੂਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਗੋਬਿੰਦ ਕਿਲਾ ਦੇਣਾ ਛੱਡ, ਪੁਰਖ ਅਕਾਲ ਜਣਾਈਆ । ਪਾਰ ਕਿਨਾਰਾ ਤੇਰਾ ਹੱਦ, ਅਧਵਿਚਕਾਰ ਨਾ ਕੋਇ ਅਟਕਾਈਆ । ਪਿਤਾ ਪੂਤ ਰਿਹਾ ਸੱਦ, ਘਰ ਸਾਚੇ ਵੱਜੇ ਵਧਾਈਆ । ਸਚਖੰਡ ਦੁਆਰੇ ਬਹਿਣਾ ਸਜ, ਸਚ ਸਿੰਘਾਸਣ ਸੋਭਾ ਪਾਈਆ । ਦਰਸਨ ਕਰਨਾ ਰੱਜ ਰੱਜ, ਨੇਤਰ ਨੈਣ ਖੁਲ੍ਹਾਈਆ । ਗ਼ਰੀਬ ਨਿਮਾਣਿਆਂ ਪੜਦਾ ਲੈਣਾ ਕਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਸੁਣ ਗੋਬਿੰਦ, ਗੁਰ ਆਪਣੀ ਖੁਸ਼ੀ ਮਨਾਇੰਦਾ । ਕਵਣ ਵੇਲਾ ਪ੍ਰਭ ਮੇਟੇ ਚਿੰਦ, ਚਿੰਤਾ ਅਵਰ ਨਾ ਕੋਇ ਰਖਾਈਆ । ਆਪਣੇ ਲੇਖੇ ਲਾਏ ਆਪਣੀ ਬਿੰਦ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਗਹਿਰ ਗੰਭੀਰ ਤੂੰ ਸਾਗਰ ਸਿੰਧ, ਤੇਰਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਮੰਗਾਂ ਮੰਗ ਦਰ ਜਗਦੀਸ, ਦੋਏ ਜੋੜ ਜੋੜ ਨਿਮਸਕਾਰ । ਤੇਰਾ ਹੁਕਮ ਮੰਨੀ ਹਦੀਸ, ਮੇਰੇ ਸਾਹਿਬ ਪਰਵਰਦਿਗਾਰ । ਕਵਣ ਵੇਲਾ ਛਤਰ ਸੋਹੇ ਸੀਸ, ਸਚਖੰਡ ਸੱਚੇ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਦੇਵੇ ਆਪਣੀ ਵਾਰ, ਸਚ ਸੰਦੇਸਾ ਸ੍ਰੀ ਭਗਵਾਨ, ਗੁਰ ਗੋਬਿੰਦ ਆਪ ਜਣਾਈਆ । ਪੁਰੀ ਅਨੰਦ ਛੱਡ ਨਿਸ਼ਾਨ, ਸਚ ਨਿਸ਼ਾਨ ਦਏ ਵਖਾਈਆ । ਸਚਖੰਡ ਦੁਆਰ ਸਤਿ ਮਕਾਨ ਸਤਿ ਸਤਿਵਾਦੀ ਆਪ ਬਣਾਈਆ । ਆਦਿ ਜੁਗਾਦਿ ਵਸੇ ਭਗਵਾਨ, ਨਾ ਮਰੇ ਨਾ ਜਾਈਆ । ਗੁਰ ਅਵਤਾਰਾਂ ਦੇਵੇ ਦਾਨ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਕਲਜੁਗ ਅੰਤਮ ਲੇਖਾ ਚੁਕਾਏ ਵਿਚ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਸਾਚਾ ਕਿਲਾ ਕਰ ਤਿਆਰ, ਕੋਟ ਆਪਣੀ ਬਣਤ ਵਖਾਈਆ । ਏਕਾ ਸੱਸਾ ਗੁਣ ਨਿਧਾਨ, ਸਤਿਗੁਰ ਆਪਣੇ ਰੰਗ ਰੰਗਾਈਆ । ਹੋੜਾ ਉਪਰ ਵਡ ਬਲਵਾਨ, ਨਿਰਗੁਣ ਸਰਗੁਣ ਮੇਲ ਮਿਲਾਈਆ । ਦੋ ਜਹਾਨਾਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਆਪਣਾ ਨੈਣ ਉਠਾਈਆ । ਸੰਬਲ ਖੇੜਾ ਇਕ ਮਹਾਨ, ਗੁਰ ਚੇਲਾ ਮੇਲ ਮਿਲਾਈਆ । ਦਾਤਾ ਦਾਨੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਪੁਰਖ ਅਕਾਲ ਹੋ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖ ਇਕ ਸਮਝਾਈਆ । ਸਾਚੀ ਸਿਖਿਆ ਲਈ ਸਿਖ, ਹਰਿ ਜੂ ਤੇਰੀ ਵਡ ਵਡਿਆਈਆ । ਆਪਣੀ ਹੱਥੀਂ ਲੇਖਾ ਦੇ ਲਿਖ, ਲੇਖਾ ਲਿਖਣਾ ਬਿਨ ਕਲਮ ਸ਼ਾਹੀਆ । ਲੋਕਮਾਤ ਗੁਰਮੁਖ ਬਣਾਏ ਸਿਖ, ਸਿਖ ਆਪਣਾ ਰੂਪ ਵਟਾਈਆ । ਦਰ ਦੁਆਰੇ ਮੰਗੀ ਭਿਖ, ਸਾਚੀ ਭਿਛਿਆ ਇਕ ਵਰਤਾਈਆ । ਜਿਸ ਤੇ ਕਿਰਪਾ ਤਿਸ ਤਿਸ ਮਿਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਪੁਰੀ ਅਨੰਦ ਦਾ ਅੰਤ ਤਿਆਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰਾ ਲੇਖਾ ਕੰਤ ਸੁਹਾਗ, ਘਰ ਮੰਦਰ ਸੋਭਾ ਪਾਇੰਦਾ । ਪੁਰਖ ਅਕਾਲ ਚਲਾਏ ਤੇਰਾ ਜਹਾਜ਼, ਬਣ

ਖੇਵਟ ਖੇਟਾ ਸੇਵ ਕਮਾਇੰਦਾ । ਵੇਲੇ ਅੰਤਮ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਤੇਰਾ ਨਾਉਂ ਰੱਖ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸੰਦੇਸਾ ਨਰ ਨਰੇਸ਼ਾ ਏਕੋ ਵਾਰ ਜਣਾਇੰਦਾ । ਅੰਤ ਸੰਦੇਸਾ ਏਕੰਕਾਰ, ਏਕਾ ਵਾਰ ਜਣਾਈਆ । ਗੋਬਿੰਦ ਤੇਰਾ ਸਚ ਦੁਆਰ, ਦਰਗਹਿ ਸਾਚੀ ਦਏ ਵਖਾਈਆ । ਪੁਰਖ ਅਕਾਲ ਵੇਖਣਹਾਰ, ਨੇਤਰ ਪੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਮੇਲੇ ਚਾਈਂ ਚਾਈਂਆ । ਚਾਉ ਘਨੇਰਾ ਘਰ ਸੱਚ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਮਾਰਗ ਦੱਸ, ਏਕੰਕਾਰਾ ਅੰਗ ਲਗਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਦੀਪਕ ਜੋਤ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਕਰ ਕਰ ਵਾਸ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਸ੍ਰੀ ਭਗਵਾਨ ਬਣ ਬਣ ਦਾਸ, ਸੇਵਕ ਸੇਵ ਆਪ ਕਮਾਇੰਦਾ । ਪਾਰਬ੍ਰਹਮ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਗੋਬਿੰਦ ਮੰਡਲ ਸਾਚੀ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਇਕ ਇਕੇਲਾ ਵਸੇ ਪਾਸ, ਹਰਿ ਜੂ ਵਿਛੜ ਕਦੇ ਨਾ ਜਾਇੰਦਾ । ਸਰਗੁਣ ਪੂਰੀ ਕਰੇ ਆਸ, ਨਿਰਗੁਣ ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਗੋਬਿੰਦ ਮੇਲਾ ਵਿਚ ਸੰਸਾਰ, ਸੋ ਪੁਰਖ ਨਿਰੰਜਣ ਮੇਲ ਮਿਲਾਵਾ ਕਰੇ ਸਾਚੇ ਥਾਈਂਆ । ਪੁਰੀ ਅਨੰਦ ਅਨੰਦ ਵਿਹਾਰ, ਗੁਜਰੀ ਚੰਦ ਮਿਲੇ ਵਡਿਆਈਆ । ਪੰਜ ਤਤ ਤਤ ਪਸਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਕਰੀ ਕੁੜਮਾਈਆ । ਗੁਰ ਮੂਰਤ ਨਿਰਾਕਾਰ, ਅਨਭਵ ਪਰਕਾਸ਼ ਰਿਹਾ ਸਮਾਈਆ । ਅਜੂਨੀ ਰਹਿਤ ਨਜ਼ਰ ਨਾ ਆਏ ਵਿਚ ਸੰਸਾਰ, ਗੋਬਿੰਦ ਅੰਦਰ ਬੈਠਾ ਡੇਰਾ ਲਾਈਆ । ਕਾਇਆ ਕਿਲਾ ਨਾ ਕੋਇ ਵਿਚਾਰ, ਬੰਕ ਦੁਆਰ ਨਾ ਕੋਇ ਸੁਹਾਈਆ । ਏਕਾ ਮੰਦਰ ਕਰ ਤਿਆਰ, ਤ੍ਰੈਭਵਣ ਧਨੀ ਆਪਣੇ ਅੰਦਰ ਰਿਹਾ ਛੁਪਾਈਆ । ਸਾਚਾ ਬੋਲਾ ਬੋਲ ਜੈਕਾਰ, ਏਕਾ ਡੰਕਾ ਫ਼ਤਹਿ ਵਜਾਈਆ । ਬਦਲੇ ਚੋਲਾ ਆਪ ਕਰਤਾਰ, ਹੌਲਾ ਭਾਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਦਰਸਾਈਆ । ਸਾਚਾ ਮੰਦਰ ਸਚ ਸਿੰਘਾਸਣ, ਦਰ ਘਰ ਸਾਚੇ ਆਪ ਬਹਾਇੰਦਾ । ਲੇਖਾ ਜਾਣੇ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕੇ ਪ੍ਰਿਥਮੀ ਅਕਾਸ਼, ਆਕਾਸ਼ਨ ਗਗਨ ਮੰਡਲ ਡੇਰਾ ਢਾਹਿੰਦਾ । ਗੁਰ ਗੁਰ ਜੋਤ ਨੂਰ ਪਰਕਾਸ਼ਨ, ਅਗਿਆਨ ਅੰਧੇਰ ਚੁਕਾਇੰਦਾ । ਗੋਬਿੰਦ ਮੇਲਾ ਪੁਰਖ ਅਕਾਲ, ਨਿਰਗੁਣ ਸਰਗੁਣ ਬਣੇ ਸਾਥਨ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਿਲਾ ਆਪ ਤਜਾਇੰਦਾ । ਜਗਤ ਕਿਲਾ ਡੇਰਾ ਢਾਹ, ਪੁਰੀ ਅਨੰਦ ਤਜਾਈਆ । ਗੁਰਸਿਖਾਂ ਬਣਿਆ ਆਪ ਮਲਾਹ, ਗੋਬਿੰਦ ਦਾਤਾ ਬੇਪਰਵਾਹੀਆ । ਸਾਚੀ ਸਿਖਿਆ ਇਕ ਸਮਝਾ, ਸਾਚੀ ਕਰੇ ਨਾਮ ਪੜ੍ਹਾਈਆ । ਮਾਇਆ ਮਮਤਾ ਮੋਹ ਤਜਾ, ਪੁਰਖ ਅਕਾਲ ਓਟ ਜਣਾਈਆ । ਡੂੰਘੇ ਸਾਗਰ ਵੜਨਾ ਅੰਤਰ ਇਕੋ ਚਾ, ਭੈ ਭੌ ਨਾ ਕੋਇ ਜਣਾਈਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹ, ਅੱਗੇ ਬੈਠਾ ਸਾਚਾ ਮਾਹੀਆ । ਪੁਰਖ ਅਕਾਲ ਲੈਣਾ ਧਿਆ, ਧਿਆਨ ਧਿਆਨ ਨਾਲ ਮਿਲਾਈਆ । ਸਾਚੇ ਮੰਦਰ ਲਏ ਬਹਾ, ਸਚ ਦੁਆਰਾ ਇਕ ਵਖਾਈਆ । ਜਿਸ ਘਰ ਵਸੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ

੪੮੧
੧੨

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਕਰਾਈਆ । ਪੁਰੀ ਅਨੰਦ ਵਿਚੋਂ ਗੁਰਮੁਖ ਕੱਢ, ਗੁਰ ਗੋਬਿੰਦ ਖੇਲ ਕਰਾਇੰਦਾ । ਮਾਤਲੋਕ ਦੀ ਪਾਰ ਹੱਦ, ਆਪਣੀ ਹੱਥੀਂ ਪਾਰ ਕਰਾਇੰਦਾ । ਸਾਚੇ ਕਿਲੇ ਆਵੇ ਛੱਡ, ਸਚਖੰਡ ਦੁਆਰੇ ਆਪ ਬਹਾਇੰਦਾ । ਅੱਠੇ ਪਹਿਰ ਰਹੇ ਅਨੰਦ, ਅਨੰਦ ਅਨੰਦ ਵਿਚ ਮਿਲਾਇੰਦਾ । ਗੁਜਰੀ ਨੂਰ ਚਾੜ੍ਹੇ ਚੰਦ, ਅਗਿਆਨ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਧਾਮ ਸੁਹਾਇੰਦਾ । ਪੁਰੀ ਅਨੰਦ ਤੁਟਾ ਨਾਤਾ, ਗੁਰਸਿਖਾਂ ਗੁਰ ਸਮਝਾਈਆ । ਅੱਗੇ ਮਿਲੇ ਪੁਰਖ ਬਿਧਾਤਾ, ਆਪਣੀ ਗੋਦੀ ਰਿਹਾ ਟਿਕਾਈਆ । ਇਕੋ ਪਿਤਾ ਇਕੋ ਮਾਤਾ, ਜਨ ਜਣੇਂਦੀ ਮੱਯਾ ਇਕ ਅਖਵਾਈਆ । ਏਕਾ ਚਰਨ ਏਕਾ ਨਾਤਾ, ਏਕਾ ਬੰਧਨ ਰਿਹਾ ਪਾਈਆ । ਏਕਾ ਮੇਲ ਪੁਰਖ ਸਮਰਾਥਾ, ਮਿਲਿਆ ਮੇਲ ਵਿਛੜ ਨਾ ਜਾਈਆ । ਗੁਰਮੁਖਾਂ ਦੇਵੇ ਸਾਚੀ ਦਾਤਾ, ਸਤਿ ਸੰਤੋਖ ਧੀਰਜ ਜਤ ਆਪ ਵਰਤਾਈਆ । ਵੇਲੇ ਅੰਤਮ ਪੁੱਛੇ ਵਾਤਾ, ਪੁਰਖ ਅਕਾਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਕਿਲੇ ਦਏ ਵਡਿਆਈਆ । ਕਿਲਾ ਛੱਡਿਆ ਅਨੰਦ ਪੁਰ, ਪੁਰੀ ਗੋਬਿੰਦ ਆਪ ਵਸਾਈਆ । ਗੁਰਸਿਖਾਂ ਲੇਖਾ ਲਿਖਿਆ ਧੁਰ, ਧੁਰ ਮਸਤਕ ਲੇਖ ਜਣਾਈਆ । ਚਰਨ ਕਵਲ ਪ੍ਰਭ ਜਾਣਾ ਜੁੜ, ਜੋੜੀ ਆਤਮ ਪਰਮਾਤਮ ਦਏ ਜੁੜਾਈਆ । ਪੁਰਖ ਅਕਾਲ ਪਏ ਬੌਹੜ, ਦੀਨ ਦਿਆਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵਖਾਇਆ ਆਪਣਾ ਘਰ, ਗੋਬਿੰਦ ਗੁਰਮੁਖਾਂ ਰਿਹਾ ਜਣਾਈਆ । ਪੁਰ ਅਨੰਦ ਕਿਲਾ ਦੂਰ, ਦੂਰ ਦੁਰਾਡਾ ਆਪ ਜਣਾਇੰਦਾ । ਪੁਰਖ ਅਕਾਲ ਹਾਜ਼ਰ ਹਜ਼ੂਰ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜੋ ਜਨ ਸਰਸੇ ਲੱਥੇ ਪਹਿਲੇ ਪੂਰ, ਪਿਛਲਾ ਆਪਣਾ ਅੰਕ ਪੜ੍ਹਾਇੰਦਾ । ਅੰਤਮ ਮੇਲਾ ਮਿਲੇ ਜ਼ਰੂਰ, ਜ਼ਰੂਰਤ ਆਪਣੀ ਆਪ ਵਧਾਇੰਦਾ । ਸਰਬ ਕਲਾ ਹਰਿ ਭਰਪੂਰ, ਪਰਮ ਪੁਰਖ ਭੇਵ ਖੁਲ੍ਹਾਇੰਦਾ । ਸਚਖੰਡ ਦੁਆਰੇ ਗੁਰਸਿਖ ਖੜੇ ਜ਼ਰੂਰ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਕਲਜੁਗ ਕਿਲਾ ਤਪੇ ਵਾਂਗ ਤੰਦੂਰ, ਅਗਨੀ ਤਤ ਨਾਲ ਰਲਾਇੰਦਾ । ਗੋਬਿੰਦ ਪੁਰਖ ਅਕਾਲ ਕਰੇ ਮਨਜ਼ੂਰ, ਮੁਫ਼ਤ ਆਪਣਾ ਨਾਮ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵਖਾਏ ਸਾਚਾ ਹਰਿ, ਸਚਖੰਡ ਦੁਆਰਾ ਆਪ ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਲੇਖਾ ਵਿਚ ਜਹਾਨ, ਕਲਜੁਗ ਅੰਤਮ ਵੇਖੇ ਆਣ, ਨਿਹਕਲੰਕ ਬਲੀ ਬਲਵਾਨ, ਕਿਲਾ ਕੋਟ ਸਚ ਨਿਸ਼ਾਨ, ਸਾਢੇ ਤਿੰਨ ਹੱਥ ਮੰਦਰ ਮਕਾਨ, ਉਪਰ ਵਸੇ ਸ੍ਰੀ ਭਗਵਾਨ, ਦੀਪਕ ਜੋਤ ਜਗੇ ਮਹਾਨ, ਅਨਹਦ ਰਾਗ ਸੁਣਾਏ ਧੁੰਨਕਾਨ, ਬੋਧ ਅਗਾਧਾ ਏਕਾ ਰਾਗ ਅਲਾਇੰਦਾ । ਕਿਲਾ ਛੱਡਿਆ ਜਗਤ ਜਹਾਨ, ਅੱਗੇ ਮੇਲਾ ਪੁਰਖ ਸੁਜਾਨ, ਦੋਹਾਂ ਵਿਚੋਲਾ ਨੌਜਵਾਨ, ਗੁਰਸਿਖ ਗੁਰ ਗੁਰ ਮਿਲ ਮਿਲ ਖ਼ੁਸ਼ੀ ਮਨਾਣ, ਪਾਇਆ ਪੁਰਖ ਹਰਿ ਮਿਹਰਵਾਨ, ਹਰਖ਼ ਸੋਗ ਸਰਬ ਮਿਟ ਜਾਣ, ਇਕੋ ਸੱਸਾ ਕਰੇ ਕਲਿਆਣ, ਚਾਰ ਦੀਵਾਰੀ ਨਾ ਕੋਇ ਨਿਸ਼ਾਨ, ਹੰ ਬ੍ਰਹਮ ਦੇਵੇ ਦਾਨ, ਪਾਰਬ੍ਰਹਮ ਬ੍ਰਹਮ ਆਪਣੀ ਖੇਲ ਖਿਲਾਇੰਦਾ । ਗੋਬਿੰਦ ਵੇਖੇ ਸੂਰਾ ਆਣ, ਸ਼ਬਦੀ ਚਿੱਲਾ ਤੀਰ ਕਮਾਨ, ਉਚੇ ਟਿੱਲੇ ਖੇਲ ਮਹਾਨ, ਪਰਬਤ ਚੋਟੀ ਹੋਏ ਹੈਰਾਨ, ਸਮੁੰਦ ਸਾਗਰ ਸਰਬ ਪਛਤਾਣ, ਹਰਿ ਹਰਿ ਭੇਵ ਕੋਇ ਨਾ ਆਇੰਦਾ । ਗੁਰਮੁਖ ਗੁਰ ਚਰਨੀ ਬਹਿ ਬਹਿ ਖ਼ੁਸ਼ੀ ਮਨਾਣ, ਸਾਚਾ ਕਿਲਾ ਮਿਲਿਆ ਵਿਚ ਜਹਾਨ, ਨੇੜ ਨਾ ਆਏ ਪੰਜ ਸ਼ੈਤਾਨ, ਆਸਾ ਤ੍ਰਿਸਨਾ ਹੋਏ ਵੈਰਾਨ, ਹਉਮੇਂ ਹੰਗਤਾ ਮਾਇਆ ਮਮਤਾ ਪੋਹ ਨਾ ਸਕੇ ਰਾਈਆ ।

੪੮੨
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਸਚਖੰਡ ਦੁਆਰ, ਜਿਸ ਗ੍ਰਿਹਿ ਵਸੇ ਆਪ ਨਿਰੰਕਾਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਆਸਣ ਲਾਈਆ ।

### ✳ ੨੭ ਹਾੜ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਚੰਡੀਗੜ੍ਹ ✳

ਜੈ ਜੈਕਾਰ ਜਗਤ ਜੁਗ ਚਾਰ, ਚਾਰ ਵਰਨ ਜਣਾਈਆ । ਜੈ ਜੈਕਾਰ ਗੁਰ ਅਵਤਾਰ, ਪੀਰ ਪੈਗ਼ੰਬਰ ਰਹੇ ਗਾਈਆ । ਜੈ ਜੈਕਾਰ ਵਿਸ਼ਨ ਬ੍ਰਹਮਾ ਸ਼ਿਵ ਅਧਾਰ, ਜੈ ਜੈਕਾਰ ਬ੍ਰਹਿਮੰਡ ਕਰੇ ਰੁਸ਼ਨਾਈਆ । ਜੈ ਜੈਕਾਰ ਸ੍ਰਿਸ਼ਟ ਸਬਾਈ ਸੰਸਾਰ, ਲੱਖ ਚੁਰਾਸੀ ਜੀਵਣ ਜੀਵ ਜੁਗਤ ਵਡਿਆਈਆ । ਜੈ ਜੈਕਾਰ ਆਤਮ ਪਰਮਾਤਮ ਆਧਾਰ, ਪਾਰਬ੍ਰਹਮ ਬ੍ਰਹਮ ਸਮਝਾਈਆ । ਜੈ ਜੈਕਾਰ ਘਰ ਮੰਦਰ ਦੁਆਰ, ਨਿਜ ਘਰ ਏਕਾ ਨਾਦ ਸੁਣਾਈਆ । ਜੈ ਜੈਕਾਰ ਸ਼ਬਦ ਧੁੰਨਕਾਰ, ਬੋਧ ਅਗਾਧਾ ਰਾਗ ਅਲਾਈਆ । ਜੈ ਜੈਕਾਰ ਗੁਰਮੁਖ ਪਿਆਰ, ਗੁਰ ਗੁਰ ਮੇਲ ਮਿਲਾਈਆ । ਜੈ ਜੈਕਾਰ ਹਰੀ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੈ ਜੈਕਾਰ ਮਿਲੇ ਨਿਰੰਕਾਰ, ਨਿਰਗੁਣ ਸਰਗੁਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਜੈਕਾਰਾ ਇਕ ਲਗਾਈਆ । ਜੈ ਜੈਕਾਰ ਸ੍ਰੀ ਭਗਵੰਤ, ਭਗਵਨ ਆਪਣਾ ਰਾਗ ਅਲਾਇੰਦਾ । ਜੈ ਜੈਕਾਰ ਸਾਚੇ ਸੰਤ, ਸਤਿਗੁਰ ਆਪਣੀ ਬੂਝ ਬੁਝਾਇੰਦਾ । ਜੈ ਜੈਕਾਰ ਹਰਿ ਕਾ ਮੰਤ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਜੈ ਜੈਕਾਰ ਆਦਿ ਅੰਤ, ਪੁਰਖ ਅਕਾਲ ਇਕ ਵਖਾਇੰਦਾ । ਜੈ ਜੈਕਾਰ ਮਹਿਮਾ ਅਗਣਤ, ਲੇਖਾ ਲਿਖ ਨਾ ਕੋਇ ਮੁਕਾਇੰਦਾ । ਜੈ ਜੈਕਾਰ ਬਣਾਏ ਬਣਤ, ਮੂਰਖ ਮੂੜ੍ਹ ਚਤਰ ਸੁਜਾਨ ਵਡਿਆਇੰਦਾ । ਜੈ ਜੈਕਾਰ ਤੋੜੇ ਗੜ੍ਹ ਹਉਮੇਂ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਜੈ ਜੈਕਾਰ ਗਿਆਨ ਬੋਧ ਆਤਮ ਪੰਡਤ, ਆਤਮ ਪਰਮਾਤਮ ਖੇਲ ਕਰਾਇੰਦਾ । ਜੈ ਜੈਕਾਰ ਨਾਤਾ ਤੋੜੇ ਜੇਰਜ ਅੰਡਤ, ਉਤਭੁਜ ਸੇਤਜ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਸੁਣਾਇੰਦਾ । ਜੈ ਜੈਕਾਰ ਗੁਰ ਗੁਰਦੇਵ, ਨਮੋ ਨਮੋ ਨਮੋ ਵਡਿਆਈਆ । ਜੈ ਜੈਕਾਰ ਅਲੱਖ ਅਭੇਵ, ਪਾਰਬ੍ਰਹਮ ਬੇਪਰਵਾਹੀਆ । ਜੈ ਜੈਕਾਰ ਸਾਚੀ ਸੇਵ, ਰਸਨਾ ਜਿਹਵਾ ਕਾਰ ਕਮਾਈਆ । ਜੈ ਜੈਕਾਰ ਆਤਮ ਮੇਵ, ਪਰਮਾਤਮ ਰਸ ਵਖਾਈਆ । ਜੈ ਜੈਕਾਰ ਨਿਹਚਲ ਧਾਮ ਵਖਾਏ ਇਕ ਨਿਹਕੇਵ, ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਅਲਾਈਆ । ਜੈ ਜੈਕਾਰ ਸਰਬ ਗੁਣਵੰਤ, ਗੁਣਵੰਤਾ ਆਪ ਜਣਾਇੰਦਾ । ਜੈ ਜੈਕਾਰ ਸ੍ਰੀ ਭਗਵੰਤ, ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਗਾਇੰਦਾ । ਜੈ ਜੈਕਾਰ ਮਣੀਆਂ ਮੰਤ, ਮਨ ਵਾਸਨਾ ਮੇਟ ਮਿਟਾਇੰਦਾ । ਜੈ ਜੈਕਾਰ ਮਾਣਸ ਜਨਮ ਬਣਾਏ ਬਣਤ, ਮਾਨੁਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਲਗਾਇੰਦਾ । ਜੈ ਜੈਕਾਰ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਸੁਣਾਇੰਦਾ । ਜੈ ਜੈਕਾਰ ਖੇਲ ਭਗਵਾਨ, ਭਗਵਨ ਆਪਣਾ ਭੇਵ ਚੁਕਾਇੰਦਾ । ਜੈ ਜੈਕਾਰ ਨਾਮ ਨਿਧਾਨ, ਗੁਣ ਨਿਧਾਨਾ ਵੇਖ ਵਖਾਇੰਦਾ । ਜੈ ਜੈਕਾਰ ਕਰਾਏ ਹਰਿ ਸੁਲਤਾਨ, ਸ਼ਾਹ ਸੁਲਤਾਨ ਆਪਣਾ ਨਾਉਂ ਵਡਿਆਇੰਦਾ । ਜੈ ਜੈਕਾਰ ਹਰਿਜਨ ਸੱਜਣ ਮੇਲੇ ਆਣ, ਮੇਲ ਮਿਲਾਵਾ ਆਪ ਕਰਾਇੰਦਾ । ਜੈ


੪੮੩
੧੨

ਜੈਕਾਰ ਲੇਖਾ ਜਾਣੇ ਜੀਵ ਜਹਾਨ, ਜੀਵਣ ਜੁਗਤ ਜਗਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਜੈਕਾਰਾ ਇਕ ਅਲਾਇੰਦਾ । ਜੈ ਜੈਕਾਰ ਚਾਰ ਵਰਨ, ਸਤਿ ਜੈਕਾਰਾ ਆਪ ਜਣਾਈਆ । ਜੈ ਜੈਕਾਰ ਚੁਕਾਏ ਮਰਨ ਡਰਨ, ਜਿਸ ਜਨ ਸਤਿਗੁਰ ਬੂਝ ਬੁਝਾਈਆ । ਜੈ ਜੈਕਾਰ ਖੋਲ੍ਹੇ ਹਰਨ ਫਰਨ, ਨੇਤਰ ਗਿਆਨ ਇਕ ਦ੍ਰਿੜਾਈਆ । ਜੈ ਜੈਕਾਰ ਕਰਤਾ ਪੁਰਖ ਮਿਲੇ ਕਰਨੀ ਕਰਨ, ਕੀਮਤ ਕਰਤਾ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਸੁਣਾਈਆ । ਜੈ ਜੈਕਾਰ ਗੋਬਿੰਦ ਗੀਤ, ਹਰਿ ਸਤਿਗੁਰ ਆਪ ਅਲਾਇੰਦਾ । ਜੈ ਜੈਕਾਰ ਸਤਿਜੁਗ ਰੀਤ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਜੈ ਜੈਕਾਰ ਖੇਲ ਅਨਡੀਠ, ਅਨਡਿਠੜੇ ਧਾਮ ਆਪ ਕਰਾਇੰਦਾ । ਜੈ ਜੈਕਾਰ ਕਰੇ ਕਰਾਏ ਪੱਤਤ ਪੁਨੀਤ, ਪੱਤਤ ਪਾਪੀ ਆਪ ਤਰਾਇੰਦਾ । ਜੈ ਜੈਕਾਰ ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਏਕਾ ਨਾਮ ਅਲਾਇੰਦਾ । ਜੈ ਜੈਕਾਰ ਸਾਚਾ ਨਾਉਂ, ਹਰਿ ਨਿਰੰਕਾਰ ਆਪ ਜਣਾਇੰਦਾ । ਜੈ ਜੈਕਾਰ ਸਭਨੀ ਥਾਉਂ, ਪੁਰਖ ਅਕਾਲ ਆਪ ਰਖਾਇੰਦਾ । ਜੈ ਜੈਕਾਰ ਕਰੇ ਸਚ ਨਿਆਉਂ, ਸਚ ਅਦਾਲਤ ਆਪ ਕਮਾਇੰਦਾ । ਜੈ ਜੈਕਾਰ ਭਗਤ ਭਗਵੰਤ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਇੰਦਾ । ਜੈ ਜੈਕਾਰ ਨਿਥਾਵਿਆਂ ਦੇਵੇ ਸਾਚਾ ਥਾਉਂ, ਨਿਮਾਣਿਆਂ ਆਪਣਾ ਰੰਗ ਰੰਗਾਇੰਦਾ । ਜੈ ਜੈਕਾਰ ਕਰੇ ਕਰਾਏ ਸੱਚਾ ਸ਼ਾਹੋ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਏਕਾ ਲਾਇੰਦਾ । ਸਤਿ ਜੈਕਾਰਾ ਸੋਹੰ ਸੋ, ਸਤਿਗੁਰ ਪੂਰਾ ਆਪ ਲਗਾਈਆ । ਸਤਿਜੁਗ ਬੀਜ ਸਾਚਾ ਬੋ, ਹਰਿਜਨ ਬੂਟਾ ਮਾਤ ਵਖਾਈਆ । ਦੁਰਮਤ ਮੈਲ ਦੁਰਜਨ ਧੋ, ਨਿਰਮਲ ਨੀਰ ਸੀਰ ਪਿਆਈਆ । ਪੰਚ ਵਿਕਾਰਾ ਦੇਵੇ ਕੋਹ, ਨਾਮ ਖੰਡਾ ਇਕ ਚਮਕਾਈਆ । ਗੁਰਸਿਖ ਗੁਰ ਚਰਨ ਜਾਏ ਛੋਹ, ਆਤਮ ਪਰਮਾਤਮ ਬੂਝ ਬੁਝਾਈਆ । ਗਿਆਨ ਨੇਤਰ ਕਰੇ ਲੋ, ਅਗਿਆਨ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਸੁਣਾਈਆ । ਸੋਹੰ ਸੋ ਸਚ ਜੈਕਾਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਤਿਜੁਗ ਕਰੇ ਸਚ ਵਿਹਾਰਾ, ਸਤਿ ਸਤਿਵਾਦੀ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਕਰੇ ਪਿਆਰਾ, ਊਚ ਨੀਚ ਨਾ ਕੋਇ ਜਣਾਇੰਦਾ । ਰਾਉ ਰੰਕ ਇਕ ਅਧਾਰਾ, ਬ੍ਰਹਮ ਪਾਰਬ੍ਰਹਮ ਵੰਡ ਵੰਡਾਇੰਦਾ । ਖ਼ਾਲਕ ਖ਼ਲਕ ਵੇਖਣਹਾਰਾ, ਮਖ਼ਲੂਕ ਆਪਣਾ ਭੇਵ ਚੁਕਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਏਕਾ ਅੱਖਰ ਕਰ ਤਿਆਰਾ, ਤ੍ਰੈਗੁਣ ਮਾਇਆ ਪੜਦਾ ਲਾਹਿੰਦਾ । ਉਚੀ ਕੂਕ ਬੋਲ ਜੈਕਾਰਾ, ਸਾਚਾ ਨਾਅਰਾ ਆਪ ਸੁਣਾਇੰਦਾ । ਜੈ ਜੈਕਾਰ ਹੋਏ ਸੰਸਾਰਾ, ਬ੍ਰਹਿਮੰਡ ਖੰਡ ਗੀਤ ਗੋਬਿੰਦ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਏਕੰਕਾਰਾ, ਅਕਲ ਕਲ ਧਾਰੀ ਆਪਣਾ ਨਾਉਂ ਵਡਿਆਇੰਦਾ । ਸਤਿ ਜੈਕਾਰਾ ਨਾਮ ਅਨਮੁਲਾ, ਸ੍ਰੀ ਭਗਵਾਨ ਆਪ ਜਣਾਇੰਦਾ । ਆਦਿ ਜੁਗਾਦਿ ਕਦੇ ਨਾ ਤੁਲਾ, ਜਗਤ ਤੋਲ ਨਾ ਕੋਇ ਵਖਾਇੰਦਾ । ਜਨ ਭਗਤਾਂ ਦੇਵੇ ਆਪ ਬੌਹ ਮੁਲਾ, ਕਰਤਾ ਕੀਮਤ ਨਾ ਕੋਇ ਲਾਇੰਦਾ । ਆਤਮ ਪਰਮਾਤਮ ਕਰਾਏ ਸੁਲਾਹ, ਦੂਈ ਦਵੈਤ ਮੇਟ ਮਿਟਾਇੰਦਾ । ਭਾਗ ਲਗਾਏ ਹਰਿਜਨ ਕੁਲਾ, ਕੁਲ ਸਾਚੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਜੈਕਾਰਾ ਇਕ ਸੁਣਾਇੰਦਾ । ਨਾਮ ਜੈਕਾਰਾ



੪੬੪ ੧੨

ਹਰਿਜਨ ਸੁਣ, ਸੁੰਨ ਅਗੰਮ ਤਜਾਈਆ । ਲੇਖਾ ਚੁਕੇ ਅੰਤਰ ਮੁਨ, ਨੇਤਰ ਮਿਲੇ ਨਾ ਕੋਇ ਵਡਿਆਈਆ । ਸਾਹਿਬ ਜਣਾਏ ਆਪਣਾ ਗੁਣ, ਗੁਣਵੰਤਾ ਬੇਪਰਵਾਹੀਆ । ਸਚ ਅਨਾਦ ਏਕਾ ਧੁੰਨ, ਧੁੰਨ ਰਾਗੀ ਰਾਗ ਸੁਣਾਈਆ । ਸੰਤ ਸੁਹੇਲੇ ਗੁਰਮੁਖ ਚੁਣ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਹਰਿਜਨ ਆਪ ਸੁਣਾਈਆ । ਸਚ ਜੈਕਾਰਾ ਨਾਮ ਨਿਧਾਨ, ਜਨ ਭਗਤਾਂ ਆਪ ਸੁਣਾਇੰਦਾ । ਦਿਸ ਨਾ ਆਏ ਜੀਵ ਜਹਾਨ, ਜਾਗਰਤ ਜੋਤ ਡਗਮਗਾਇੰਦਾ । ਕਾਇਆ ਮੰਦਰ ਵਸੇ ਮਕਾਨ, ਸਾਚਾ ਖੇੜਾ ਆਪ ਸੁਹਾਇੰਦਾ । ਅੰਦਰ ਵੜ ਵੜ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਗੁਰਮੁਖ ਵਿਰਲਾ ਵੇਖੇ ਆਣ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸੋਹੰ ਅੱਖਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਗਾਣ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਸੋਹੰ ਰੂਪ ਆਪ ਭਗਵਾਨ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਵਿਸ਼ਨੂੰ ਵੇਖੇ ਮਾਰ ਧਿਆਨ, ਵਿਸ਼ਵ ਆਪਣਾ ਨੈਣ ਖੁਲ੍ਹਾਇੰਦਾ । ਭਗਵਨ ਜੈ ਜੈਕਾਰ ਦੋ ਜਹਾਨ, ਆਦਿ ਜੁਗਾਦਿ ਆਪਣਾ ਰੰਗ ਵਖਾਇੰਦਾ । ਕਲਜੁਗ ਅੰਤਮ ਗੁਰਮੁਖ ਵੇਖੇ ਬਾਲ ਅਵਾਣ, ਫੜ ਬਾਂਹੋਂ ਗਲੇ ਲਗਾਇੰਦਾ । ਵਸਤ ਅਮੋਲਕ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਜੈ ਜੈਕਾਰ ਸਚ ਨਿਸ਼ਾਨ, ਜਗਤ ਨਿਸ਼ਾਨਾ ਹੱਥ ਵਖਾਇੰਦਾ । ਗੁਰਮੁਖ ਗੁਰ ਗੁਰ ਮੇਲੇ ਆਣ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਆਪਣਾ ਨਾਉਂ ਵਖਾਇੰਦਾ ।


੪੯੫

੧੨

ਮਿਹਰ ਕਰੇ ਹਰਿ ਮਿਹਰਵਾਨ, ਮਹਿਮਾ ਆਪਣੀ ਆਪ ਜਣਾਇੰਦਾ । ਆਤਮ ਅੰਤਰ ਦੇ ਗਿਆਨ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਦੀਪਕ ਜੋਤੀ ਨੂਰ ਮਹਾਨ, ਗ੍ਰਿਹ ਮੰਦਰ ਆਪ ਟਿਕਾਇੰਦਾ । ਅਨਹਦ ਸ਼ਬਦ ਨਾਦ ਧੁੰਨਕਾਨ, ਰਾਗ ਅਨਾਦੀ ਆਪ ਅਲਾਇੰਦਾ । ਆਤਮ ਸੇਜਾ ਕਰ ਪਰਵਾਨ, ਸੇਜ ਸੁਹੰਜਣੀ ਆਪ ਹੰਢਾਇੰਦਾ । ਬ੍ਰਹਮ ਪਾਰਬ੍ਰਹਮ ਵੇਖੇ ਮਾਰ ਧਿਆਨ, ਈਸ਼ ਜੀਵ ਜੋੜ ਜੋੜਾਇੰਦਾ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਬੰਕ ਇਕ ਸੁਹਾਇੰਦਾ । ਮਿਹਰਵਾਨ ਸ੍ਰੀ ਭਗਵੰਤ, ਪਾਰਬ੍ਰਹਮ ਵਡੀ ਵਡਿਆਈਆ । ਗੁਰਮੁਖ ਮੇਲਾ ਨਾਰ ਕੰਤ, ਘਰ ਮੰਦਰ ਖ਼ੁਸ਼ੀ ਮਨਾਈਆ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਦਏ ਸਮਝਾਈਆ । ਆਤਮ ਪਰਮਾਤਮ ਸਾਚਾ ਮੰਤ, ਗੁਰ ਮੰਤਰ ਨਾਮ ਦ੍ਰਿੜ੍ਹਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿਜਨ ਮੇਲੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਬੇਨਜ਼ੀਰ, ਨਜ਼ਰ ਆਪਣੀ ਆਪ ਉਠਾਇੰਦਾ । ਬਦਲਣਹਾਰਾ ਤਕਦੀਰ ਤਕਸੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਤ੍ਰੈਗੁਣ ਮਾਇਆ ਕੱਟੇ ਜ਼ੰਜੀਰ, ਪੰਜ ਤਤ ਆਪਣੇ ਰੰਗ ਰੰਗਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਸੀਰ, ਨਿਝਰ ਝਿਰਨਾ ਆਪ ਝਿਰਾਇੰਦਾ । ਹਉਮੇ ਹੰਗਤਾ ਕੱਢੇ ਝੂਠੀ ਪੀੜ, ਸਚ ਸੁੱਚ ਆਪ ਸਮਝਾਇੰਦਾ । ਚੋਟੀ ਚਾੜ੍ਹੇ ਫੜ ਅਖ਼ੀਰ, ਅਧਵਿਚਕਾਰ

ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਰਖਾਇੰਦਾ । ਮਿਹਰ ਨਜ਼ਰ ਰੱਖੇ ਕਰਤਾਰ, ਹਰਿਜਨ ਸਾਚੇ ਵਡ ਵਡਿਆਈਆ । ਨਾਤਾ ਤੋੜ ਸਰਬ ਸੰਸਾਰ, ਸਤਿਗੁਰ ਆਪਣੇ ਚਰਨ ਬੰਧਾਈਆ । ਹਰਨ ਫਰਨ ਨੇਤਰ ਖੋਲ੍ਹ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹ ਆਪਣੀ ਬੂਝ ਬੁਝਾਈਆ । ਆਤਮ ਪਰਮਾਤਮ ਕਰ ਉਜਿਆਰ, ਨਿਜ ਨੇਤਰ ਦਰਸ ਵਖਾਈਆ । ਘਰ ਵਿਚ ਘਰ ਖੇਲ ਕਰੇ ਅਪਾਰ, ਅਪਰੰਪਰ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਏਕਾ ਨੈਣ ਤਕਾਈਆ । ਏਕਾ ਨੈਣ ਏਕਾ ਅੱਖ, ਏਕਾ ਅੱਖਰ ਹਰਿ ਪੜ੍ਹਾਇੰਦਾ । ਹਰਿਜਨ ਕਰੇ ਹਰਿ ਜੂ ਵੱਖ, ਵੱਖਰ ਆਪਣੀ ਧਾਰ ਚਲਾਇੰਦਾ । ਦਰਸਨ ਦੇਵੇ ਹੋ ਪਰਤੱਖ, ਪਰਤੱਖ ਆਪਣਾ ਰੂਪ ਵਟਾਇੰਦਾ । ਅੰਤਰ ਅੰਤਰ ਮਾਰਗ ਦੱਸ, ਜਗਤ ਬਸੰਤਰ ਆਪ ਬੁਝਾਇੰਦਾ । ਰੈਣ ਅੰਧੇਰੀ ਮੇਟੇ ਮੱਸ, ਜੋਤ ਨਿਰੰਜਣ ਚੰਦ ਚੜ੍ਹਾਇੰਦਾ । ਤੀਰ ਨਿਰਾਲਾ ਮਾਰੇ ਕਸ, ਸ਼ਬਦੀ ਬਾਣ ਚਲਾਇੰਦਾ । ਘਰ ਵਿਚ ਘਰ ਮੇਲਾ ਹੱਸ ਹੱਸ, ਗੁਰਮੁਖ ਗੁਰ ਗੁਰ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੱਸ ਨੱਸ, ਦੋ ਜਹਾਨਾਂ ਬਣ ਬਣ ਪਾਂਧੀ ਪੰਧ ਮੁਕਾਇੰਦਾ । ਮਿਹਰਵਾਨ ਦਇਅਨਿਧ ਠਾਕਰ ਸੁਆਮੀ, ਆਪਣੀ ਦਇਆ ਆਪ ਕਮਾਈਆ । ਸਰਬ ਜੀਆਂ ਘਟ ਅੰਤਰਜਾਮੀ, ਘਰ ਘਰ ਵਸੇ ਸੱਚਾ ਮਾਹੀਆ । ਸ਼ਬਦ ਅਗੰਮੀ ਜਾਣੇ ਬਾਣੀ, ਬੋਧ ਅਗਾਧਾ ਕਰੇ ਪੜ੍ਹਾਈਆ । ਅੰਮ੍ਰਿਤ ਦੇਵੇ ਸੱਚਾ ਪਾਣੀ, ਸਰ ਸਰੋਵਰ ਇਕ ਨੁਹਾਈਆ । ਆਵਣ ਜਾਵਣ ਚੁੱਕੇ ਕਾਣੀ, ਲੱਖ ਚੁਰਾਸੀ ਫੰਦ ਕਟਾਈਆ । ਸੁਰਤੀ ਸ਼ਬਦੀ ਸਾਚਾ ਹਾਣੀ, ਮੇਲ ਮਿਲਾਵਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਜਿਸ ਜਨ ਉਪਰ ਆਪੇ ਪਾਈਆ । ਮਿਹਰ ਨਜ਼ਰ ਰੱਖੇ ਪ੍ਰਭ ਆਪ, ਆਪਣੀ ਦਇਆ ਆਪ ਕਮਾਇੰਦਾ । ਕੋਟਨ ਜਨਮ ਦਾ ਮੇਟੇ ਪਾਪ, ਪੱਤਤ ਪਾਪੀ ਪਾਰ ਤਰਾਇੰਦਾ । ਰਸਨਾ ਜਿਹਵਾ ਦੱਸੇ ਜਾਪ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਮੇਟੇ ਸੰਤਾਪ, ਸੰਸਾ ਰੋਗ ਨਾ ਕੋਇ ਰਖਾਇੰਦਾ । ਏਕਾ ਮੰਤਰ ਏਕਾ ਪੂਜਾ ਏਕਾ ਪਾਠ, ਗੁਰਦੇਵ ਇਸ਼ਟ ਇਕ ਵਖਾਇੰਦਾ । ਇਕ ਸਰੋਵਰ ਮਾਰੇ ਠਾਠ, ਤਟ ਕਿਨਾਰਾ ਇਕ ਜਣਾਇੰਦਾ । ਏਕਾ ਸਤਿਗੁਰ ਵਖਾਏ ਸਾਚਾ ਹਾਟ, ਚੌਦਾਂ ਲੋਕ ਮੁਖ ਸ਼ਰਮਾਇੰਦਾ । ਚੌਦਾਂ ਤਬਕ ਵਖਾਏ ਡੂੰਘੇ ਖਾਤ, ਮੁਕਾਮੇ ਹੱਕ ਆਪਣਾ ਆਸਣ ਲਾਇੰਦਾ । ਮਿਹਰਵਾਨ ਪਾਕੀ ਪਾਕ, ਪਰਵਰਦਿਗਾਰ ਆਪਣੀ ਰਹਿਮਤ ਆਪ ਕਮਾਇੰਦਾ । ਮੁਰੀਦ ਮੁਰਸ਼ਦ ਬਣਾਏ ਸੱਜਣ ਸਾਕ, ਸਗਲਾ ਸੰਗ ਆਪ ਨਿਭਾਇੰਦਾ । ਗੁਰ ਪੀਰ ਦੇਵੇ ਸਾਚਾ ਸਾਥ, ਹਰਿ ਸੱਜਣ ਮੇਲ ਮਿਲਾਇੰਦਾ । ਮਿਹਰਵਾਨ ਆਤਮ ਕਾਇਆ ਤਾਕੀ ਖੋਲ੍ਹੇ ਤਾਕ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਨਜ਼ਰੀ ਆਏ ਸਾਖਆਤ, ਸਵੱਛ ਸਰੂਪੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਨੇਤਰ ਨੈਣ ਨੈਣ ਮਿਲਾਇੰਦਾ । ਹਰਿ ਨੈਣ ਮੇਲ ਅੱਖ, ਆਖਰ ਆਪਣਾ ਰੰਗ ਵਖਾਈਆ । ਕਰਨਹਾਰਾ ਲੱਖੋਂ ਕੱਖ, ਕੱਖੋਂ ਲੱਖ ਦਏ ਬਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਘਰ ਸਾਚੇ ਕਰੇ ਰੁਸ਼ਨਾਈਆ । ਗੁਰਸਿਖ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਕਰੇ ਬੰਦ ਖੁਲਾਸ, ਬੰਦੀਖਾਨਾ ਰਾਏ ਧਰਮ ਦਏ ਤੁੜਾਈਆ । ਏਥੇ ਓਥੇ ਦੋ ਜਹਾਨ ਵਸੇ ਪਾਸ, ਆਦਿ ਅੰਤ ਆਪਣਾ ਸੰਗ ਵਖਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਖੇਲਣਹਾਰਾ ਖੇਲ ਤਮਾਸ਼, ਲੋਆਂ ਪੁਰੀਆਂ

ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾ ਆਪਣਾ ਫੇਰਾ ਪਾਈਆ । ਮਿਹਰਵਾਨ ਮਿਹਰਵਾਨ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨੂਰ ਨੂਰ ਨੂਰ ਰੁਸ਼ਨਾਈਆ । ਮਿਹਰਵਾਨ ਨਿਰਗੁਣ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਖੇਲ ਕਰਾਇੰਦਾ । ਸਰਬ ਕਲਾਂ ਆਪੇ ਭਰਪੂਰ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਨਾਤਾ ਤੋੜੇ ਕੂੜੇ ਕੂੜ, ਕੂੜੀ ਕਿਰਿਆ ਮੋਹ ਚੁਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧੂੜ, ਮਸਤਕ ਟਿੱਕਾ ਏਕਾ ਲਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਆਪੇ ਆਪਣਾ ਗੁਣ ਜਣਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹ, ਉਤਰ ਕਦੇ ਨਾ ਜਾਇੰਦਾ । ਸਤਿਗੁਰ ਪੂਰਾ ਸਰਬੱਗ ਸੂਰ, ਸੂਰਬੀਰ ਇਕ ਅਖਵਾਇੰਦਾ । ਅਨਹਦ ਅਨਾਦ ਵਜਾਏ ਸਾਚੀ ਤੂਰ, ਤੁਰੀਆ ਰਾਗ ਆਪ ਅਲਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਮੇਟਣਹਾਰਾ ਸਰਬ ਕਸੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਿਹਰਵਾਨ ਦੀਨ ਦਿਆਲ, ਪਾਰਬ੍ਰਹਮ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਖੇਲ ਮਹਾਨ, ਹਰਿ ਪੁਰਖ ਨਿਰੰਜਣ ਵੇਖੇ ਚਾਈਂ ਚਾਈਂਆ । ਏਕੰਕਾਰਾ ਦੇਵੇ ਦਾਨ, ਦਾਤਾ ਦਾਨੀ ਵਡ ਵਡਿਆਈਆ । ਆਦਿ ਨਿਰੰਜਣ ਨੂਰ ਮਹਾਨ, ਘਰ ਘਰ ਦੀਪ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਡ ਬਲਵਾਨ, ਬਲ ਬਲ ਆਪਣਾ ਆਪ ਪਰਗਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਘਰ ਸਾਚੇ ਦਏ ਵਖਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਬ੍ਰਹਮ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਨਿਰਗੁਣ ਸਰਗੁਣ ਕਿਰਪਾ ਕਰੇ ਆਣ, ਕਿਰਪਨ ਆਪਣੇ ਅੰਗ ਲਗਾਈਆ । ਸਚ ਸੰਦੇਸਾ ਦੇਵੇ ਧੁਰ ਫ਼ਰਮਾਣ, ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਪੁਰਖੋਤਮ ਸੀਸ ਸਰਬ ਝੁਕਾਨ, ਦਰ ਬੈਠੇ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਮੰਗਣ ਦਾਨ, ਖਾਲੀ ਝੋਲੀ ਅੱਗੇ ਡਾਹੀਆ । ਮਿਹਰਵਾਨ ਇਕ ਭਗਵਾਨ, ਦੇਵਣਹਾਰਾ ਸਭਨੀ ਥਾਈਂਆ । ਜੁਗ ਜੁਗ ਲੋਕਮਾਤ ਹੋਏ ਪਰਧਾਨ, ਵੇਸ ਅਵੱਲੜਾ ਰੂਪ ਵਟਾਈਆ । ਭਗਤ ਭਗਵੰਤ ਰਖਾਏ ਆਣ, ਅੰਤਰ ਆਤਮ ਬੂਝ ਬੁਝਾਈਆ । ਸਾਚੇ ਸੰਤਾਂ ਦੇਵੇ ਗਿਆਨ, ਸਤਿ ਮੰਤਰ ਇਕ ਦ੍ਰਿੜਾਈਆ । ਗੁਰਮੁਖ ਸੁਣਾਏ ਰਾਗ ਸਾਚੇ ਕਾਨ, ਅਨਹਦ ਨਾਦੀ ਨਾਦ ਵਜਾਈਆ । ਗੁਰਸਿਖਾਂ ਉਪਰ ਹੋਏ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਏਕਾ ਨੂਰ ਇਲਾਹੀਆ । ਮਿਹਰਵਾਨ ਬਿਸਮਲ ਧਾਰ, ਵਿਸ਼ਵ ਆਪਣੀ ਖੇਲ ਕਰਾਇੰਦਾ । ਗੁਰਮੁਖ ਗੁਰ ਗੁਰ ਕਰ ਪਿਆਰ, ਹਰਿਜਨ ਹਰਿ ਹਰਿ ਰੰਗ ਰੰਗਾਇੰਦਾ । ਘਰ ਵਿਚ ਘਰ ਵੇਖੇ ਵਿਗਸੇ ਪਾਵੇ ਸਾਰ, ਮੰਦਰ ਅੰਦਰ ਡੂੰਘੀ ਕੰਦਰ ਸੋਭਾ ਪਾਇੰਦਾ । ਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਗੀਤ ਧੁੰਨਕਾਰ ਸੰਗੀਤ ਆਪਣਾ ਰਾਗ ਅਲਾਇੰਦਾ । ਸੁਣੇ ਸੁਣਾਏ ਸੁਣਨੇਹਾਰ, ਅੰਦਰ ਬਾਹਰ ਪਾਵੇ ਸਾਰ, ਗੁਪਤ ਜ਼ਾਹਰ ਖੇਲ ਖਲਾਇੰਦਾ । ਗੁਰਮੁਖ ਗੁਰ ਗੁਰ ਲਏ ਉਠਾਲ, ਆਪ ਆਪਣਾ ਮੇਲ ਮਿਲਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਪੂਤ ਸਪੂਤਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਮਿਹਰਵਾਨ ਆਪਣੇ ਹੱਥ ਰਖਾਇੰਦਾ ।

## ✳ ੨੭ ਹਾੜ ੨੦੧੯ ਬਿਕ੍ਰਮੀ ਨੱਥਾ ਸਿੰਘ ਦੇ ਗ੍ਰਿਹ ਪਿੰਡ ਬੜਹੇੜੀ ਜ਼ਿਲਾ ਅੰਬਾਲਾ ✳

ਸੋ ਪੁਰਖ ਨਿਰਗੁਣ ਵਡ ਮਿਹਰਵਾਨ, ਨਿਰਗੁਣ ਆਪਣੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਧੁਰ ਫ਼ਰਮਾਣ, ਸਤਿ ਸਤਿਵਾਦੀ ਆਪ ਜਣਾਇੰਦਾ । ਏਕੰਕਾਰਾ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਨੂਰ ਨੁਰਾਨਾ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਖੇਲ ਮਹਾਨ, ਦੋ ਜਹਾਨਾਂ ਆਪ ਕਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਖੇਲੇ ਖੇਲ ਸਚਖੰਡ ਸੱਚੇ ਮਕਾਨ, ਸਚ ਦੁਆਰਾ ਆਪ ਵਡਿਆਇੰਦਾ । ਭੂਪਤ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਹਰਿ ਨਿਰੰਕਾਰ, ਆਦਿ ਪੁਰਖ ਆਪਣੇ ਹੱਥ ਰਖਾਈਆ । ਸਚਖੰਡ ਦੁਆਰੇ ਹੋ ਉਜਿਆਰ, ਥਿਰ ਘਰ ਆਪਣਾ ਕੁੰਡਾ ਲਾਹੀਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਪੂਤ ਸਪੂਤਾ ਕਰ ਤਿਆਰ, ਸੁਤ ਦੁਲਾਰਾ ਇਕ ਪਰਗਟਾਈਆ । ਥਿਰ ਘਰ ਸਾਚੇ ਦੇਵੇ ਵਾੜ, ਗ੍ਰਿਹ ਮੰਦਰ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਹਰਿ ਨਿਰੰਕਾਰ, ਆਦਿ ਜੁਗਾਦੀ ਇਕ ਸੁਣਾਇੰਦਾ । ਸਚਖੰਡ ਸੋਹੇ ਸਤਿ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਸ਼ਾਹ ਸਿਕਦਾਰ, ਹੁਕਮ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪੁਰਖ ਅਕਾਲ, ਇਕ ਇਕੱਲਾ ਆਪ ਕਰਾਈਆ । ਸਚਖੰਡ ਵਸਣਹਾਰਾ ਸੱਚੀ ਧਰਮਸਾਲ, ਦਰਗਹਿ ਬੈਠਾ ਆਸਣ ਲਾਈਆ । ਕਰੇ ਖੇਲ ਬੇਮਿਸਾਲ, ਬੇਨਜ਼ੀਰ ਬੇਪਰਵਾਹੀਆ । ਮੁਕਾਮੇ ਹੱਕ ਨੂਰੀ ਜਲਵਾ ਜਲਾਲ, ਪਰਵਰਦਿਗਾਰ ਆਪਣਾ ਵੇਸ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਈਆ । ਦਰਗਹਿ ਸਾਚੀ ਸੋਭਾਵੰਤ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ ਮੇਲਾ ਨਾਰੀ ਕੰਤ, ਕੰਤ ਕੰਤੂਹਲ ਸਾਚੀ ਸੇਜ ਆਪ ਹੰਢਾਇੰਦਾ । ਸਤਿ ਦੁਆਰ ਬਣਾਏ ਬਣਤ, ਘੜਨ ਭੰਨਣਹਾਰ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਆਪਣਾ ਮਾਰਗ ਆਪੇ ਦੱਸ, ਸਾਚਾ ਰਾਹ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਪੇ ਵੜ, ਅੰਦਰ ਮੰਦਰ ਸੋਭਾ ਪਾਇੰਦਾ । ਸਚਖੰਡ ਦੁਆਰਾ ਊਚ ਮਹੱਲਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਸਚ ਸੰਦੇਸ ਨਰ ਨਰੇਸ਼ ਏਕੰਕਾਰਾ ਏਕਾ ਘੱਲਾ, ਏਕਾ ਏਕ ਕਰੇ ਪੜ੍ਹਾਈਆ । ਪੂਤ ਸਪੂਤ ਫੜਾਏ ਪੱਲਾ, ਸ਼ਬਦੀ ਸ਼ਬਦ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਜੁਗ ਜੁਗ ਆਪਣੀ ਕਾਰ ਕਮਾਈਆ । ਆਦਿ ਅੰਤ ਸ੍ਰੀ ਭਗਵਾਨ, ਨਿਰਗੁਣ ਆਪਣਾ

ਖੇਲ ਕਰਾਇੰਦਾ । ਵੇਖੇ ਵਿਗਸੇ ਦੋ ਜਹਾਨ, ਦੋਏ ਦੋਏ ਧਾਰ ਆਪ ਹੋ ਆਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਪਰਮ ਪੁਰਖ ਵੇਸ ਵਟਾਇੰਦਾ । ਸ਼ਬਦੀ ਸੁਤ ਵਡ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਵਸਤ ਅਮੋਲਕ ਦੇ ਦੇ ਦਾਨ, ਦਾਤਾ ਦਾਨੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰੇ ਆਪਣਾ ਰੰਗ ਰੰਗਾਇੰਦਾ । ਸਚ ਦੁਆਰੇ ਸਾਚਾ ਰੰਗ, ਸਤਿਗੁਰ ਪੂਰਾ ਆਪ ਰੰਗਾਈਆ । ਖੇਲੇ ਖੇਲ ਸੂਰਾ ਸਰਬੰਗ, ਪਾਰਬ੍ਰਹਮ ਵਡ ਵਡਿਆਈਆ । ਸ਼ਬਦ ਅਗੰਮੀ ਵਜਾਏ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਈਆ । ਨਿਰਗੁਣ ਜੋਤ ਚਾੜ੍ਹੇ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਦੀਨ ਦਿਆਲ ਠਾਕਰ ਸੁਆਮੀ ਬਣ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਸਮਝਾਈਆ । ਆਦਿ ਜੁਗਾਦੀ ਗੀਤ ਸੁਹਾਗੀ ਛੰਦ, ਸਾਚਾ ਸੋਹਲਾ ਆਪੇ ਗਾਈਆ । ਅੰਤਰ ਅੰਤਰ ਪਰਮਾਨੰਦ, ਏਕਾ ਸੁਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਜੁਗ ਜੁਗ ਆਪਣਾ ਵੇਸ ਵਟਾਈਆ । ਆਦਿ ਅੰਤ ਵੇਸ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਦੁਆਰੇ ਡੇਰਾ ਲਾਇੰਦਾ । ਸ਼ਬਦੀ ਸੁਤ ਫੜਾਏ ਪੱਲਾ, ਥਿਰ ਘਰ ਆਪਣਾ ਬੰਧਨ ਪਾਇੰਦਾ । ਜਲ ਥਲ ਮਹੀਅਲ ਆਪੇ ਰੱਲਾ, ਡੂੰਘੀ ਕੰਦਰ ਸਮੁੰਦ ਸਾਗਰ ਉਚੇ ਟਿੱਲੇ ਪਰਬਤ ਆਪਣਾ ਫੇਰਾ ਪਾਇੰਦਾ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਵਿਸ਼ਵ ਧਾਰ, ਪਾਰਬ੍ਰਹਮ ਪ੍ਰਭ ਆਪ ਸਮਝਾਈਆ । ਨਿਸ਼ਅੱਖਰ ਅੱਖਰ ਕਰ ਤਿਆਰ, ਆਖ਼ਰ ਆਪਣੀ ਵਿਦਿਆ ਆਪ ਜਣਾਈਆ । ਲਿਖਣ ਪੜ੍ਹਨ ਤੋਂ ਵਸੇ ਬਾਹਰ, ਬੇਅੰਤ ਬੇਪਰਵਾਹੀਆ । ਜੁਗਾ ਜੁਗੰਤਰ ਖੇਲ ਅਪਾਰ, ਤ੍ਰੈਭਵਣ ਧਨੀ ਨਿਰਗੁਣ ਆਪਣਾ ਮਾਰਗ ਆਪੇ ਲਾਈਆ । ਏਕਾ ਸੁਤ ਦੇ ਸਹਾਰ, ਅਬਿਨਾਸ਼ੀ ਅਚੁੱਤ ਕਰੇ ਪਿਆਰ, ਪੂਤ ਸਪੂਤਾ ਗੋਦ ਬਹਾਈਆ । ਰੁੱਤ ਸੁਹਾਏ ਖਿੜੇ ਗੁਲਜ਼ਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਉਭਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਵੇਖੇ ਆਪ ਅਖਾੜ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਆਪਣਾ ਬੰਧਨ ਪਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਲੱਖ ਚੁਰਾਸੀ ਕਰ ਤਿਆਰ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਨਰ ਨਰਾਇਣ, ਏਕੰਕਾਰ ਇਕ ਅਖਵਾਇੰਦਾ । ਰਸਨਾ ਕੋਇ ਨਾ ਸਕੇ ਕਹਿਣ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪ ਚੁਕਾਏ ਲਹਿਣ ਦੇਣ, ਸਭ ਦਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਸੋਭਾ ਪਾਇੰਦਾ । ਸਚਖੰਡ ਦੁਆਰੇ ਹਰਿ ਜੂ ਵੜਿਆ, ਨਿਰਗੁਣ ਆਪਣਾ ਰੂਪ ਦਰਸਾਈਆ । ਸਾਚੇ ਪੌੜੇ ਆਪੇ ਚੜ੍ਹਿਆ, ਨਜ਼ਰ ਕਿਸੇ ਨਾ ਆਈਆ । ਆਪਣੀ ਵਿਦਿਆ ਆਪੇ ਪੜ੍ਹਿਆ, ਆਦਿ ਜੁਗਾਦਿ ਕਰੇ ਪੜ੍ਹਾਈਆ । ਸਚਖੰਡ ਦੁਆਰੇ ਆਪੇ ਖੜ੍ਹਿਆ, ਸਾਖਿਆਤ ਨਿਰਗੁਣ ਨੂਰ ਕਰ ਰੁਸ਼ਨਾਈਆ । ਆਪਣਾ ਘਾੜਨ ਆਪੇ ਘੜਿਆ, ਘੜ ਵੇਖੇ ਚਾਈਂ ਚਾਈਆ । ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਏਕਾ ਏਕ ਸੁਹਾਈਆ । ਸਚ ਦੁਆਰਾ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਸੁਹਾਇੰਦਾ । ਨਿਰਗੁਣ ਸਰਗੁਣ ਕਰ ਪਰਧਾਨ, ਲੱਖ ਚੁਰਾਸੀ ਖੇਲ ਕਰਾਇੰਦਾ । ਬੋਧ ਅਗਾਧਾ ਇਕ ਗਿਆਨ, ਅੰਤਰ ਆਤਮ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਇੰਦਾ । ਰਵ ਸਸ ਸੂਰਜ ਚੰਨ ਦੇਵੇ ਪਰਕਾਸ਼ ਸਾਚੇ ਭਾਨ, ਜੋਤੀ ਨੂਰ ਨੂਰ ਡਗਮਗਾਇੰਦਾ । ਕਰੇ ਖੇਲ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਧਰਤ ਧਵਲ ਵੇਖੇ ਆਣ, ਧਰਨੀ ਆਪਣੇ ਰੰਗ ਰੰਗਾਇੰਦਾ । ਵੇਦ ਸ਼ਾਸਤਰ ਸਿਮਰਤ ਦੇ ਗਿਆਨ, ਜੀਵ ਜੰਤ ਹਰਿ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਤ ਨਿਸ਼ਾਨ, ਨਿਰਗੁਣ ਸਰਗੁਣ ਨਿਸ਼ਾਨਾ ਇਕ ਵਖਾਇੰਦਾ । ਸ਼ਬਦ ਸਰੂਪੀ ਦੇਵੇ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਰਸਨਾ ਜਿਹਵਾ ਸਾਰੇ ਕਹਿਣ, ਬੱਤੀ ਦੰਦ ਸਿਫ਼ਤ ਸਲਾਹਿੰਦਾ । ਜੁਗ ਚੌਕੜੀ ਹੋ ਪਰਧਾਨ, ਨਿਰਗੁਣ ਸਰਗੁਣ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਵਖਾਇੰਦਾ । ਜੁਗ ਜੁਗ ਖੇਲ ਅਵੱਲੜਾ, ਕਰੇ ਕਰਾਏ ਹਰਿ ਨਿਰੰਕਾਰ । ਆਦਿ ਜੁਗਾਦੀ ਗੁਰ ਅਵਤਾਰ ਪੀਰ ਪੈਗ਼ੰਬਰ ਫੜਾਏ ਪਲੜਾ, ਸ਼ਬਦ ਅਗੰਮੀ ਕਰ ਤਿਆਰ । ਸਚ ਸੰਦੇਸਾ ਏਕਾ ਘਲੜਾ, ਧੁਰ ਦੀ ਬਾਣੀ ਬੋਲ ਜੈਕਾਰ । ਜੋਤੀ ਸ਼ਬਦੀ ਆਪੇ ਰਲੜਾ, ਨਿਰਗੁਣ ਰੂਪ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਜਗਤ ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਬਰਸੇ ਠੰਡਾ ਠਾਰ । ਅੰਮ੍ਰਿਤ ਮੇਘ ਦੇਵੇ ਬਰਸ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਭਗਤ ਭਗਵੰਤ ਮਿਟਾਏ ਹਰਸ, ਸਾਂਤਕ ਸਤਿ ਸਤਿ ਕਰਾਈਆ । ਘਰ ਘਰ ਵਿਚ ਵਖਾਏ ਦਰਸ, ਆਤਮ ਪਰਮਾਤਮ ਪੜਦਾ ਲਾਹੀਆ । ਲੇਖਾ ਚੁਕਾਏ ਅਰਸ਼ ਫਰਸ਼, ਜਲਵਾ ਨੂਰ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਕਰਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖੇ ਵਾਰੋ ਵਾਰ, ਲੋਕਮਾਤ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਖ਼ਬਰਦਾਰ, ਸਾਚੀ ਖ਼ਬਰ ਆਪ ਸੁਣਾਇੰਦਾ । ਬਣਿਆ ਰਹੇ ਮਦਦਗਾਰ, ਸਿਰ ਆਪਣਾ ਹੱਥ ਟਿਕਾਇੰਦਾ । ਰਾਤੀ ਰੁਤੀ ਥਿਤੀ ਜਾਣੇ ਵਾਰ, ਅਗਨੀ ਪੌਣ ਪਾਣੀ ਆਪਣੇ ਹੁਕਮ ਰਖਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਚੌਦਾਂ ਲੋਕ ਖੇਲ ਨਿਰੰਕਾਰ, ਅੱਖਰ ਆਪਣਾ ਆਪ ਸੁਣਾਇੰਦਾ । ਚੌਦਾਂ ਤਬਕ ਏਕਾ ਨਾਅਰ, ਨਾਅਰਾ ਹਰਿ ਹਰਿ ਆਪ ਅਲਾਇੰਦਾ । ਹੱਕ ਹਕ਼ੀਕ਼ਤ ਕਰ ਵਿਚਾਰ, ਲਾਸ਼ਰੀਕ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਦਰਗਹਿ ਸਾਚੀ ਆਪ ਵਡਿਆਇੰਦਾ । ਦਰਗਹਿ ਸਾਚੀ ਸਚ ਟਿਕਾਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ਼ਾਹੋ ਭੂਪ ਬਣ ਸਾਚਾ ਰਾਣਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਗੁਰ ਅਵਤਾਰ ਰੱਖੇ ਆਪਣੇ ਭਾਣਾ, ਸਾਚਾ ਭਾਣਾ ਆਪ ਮਨਾਇੰਦਾ । ਸ਼ਬਦ ਅਨਾਦੀ ਦੇਵੇ ਗਾਣਾ, ਆਤਮ ਰਾਗੀ ਰਾਗ ਅਲਾਇੰਦਾ । ਅੰਮ੍ਰਿਤ ਰਸ ਪੀਣਾ ਖਾਣਾ, ਤ੍ਰਿਸਨਾ ਤ੍ਰਿਖਾ ਭੁੱਖ ਮਿਟਾਇੰਦਾ । ਨਿਰਮਲ ਜੋਤ ਨੂਰ ਮਹਾਨਾ, ਘਰ ਘਰ ਵਿਚ ਆਪ ਟਿਕਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਖ਼ਾਲਕ ਖ਼ਲਕ ਵੇਖ ਵਖਾਇੰਦਾ ।

੪੯੦
੧੨

ਆਦਿ ਜੁਗਾਦੀ ਵਡ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਪਰਗਟਾਇੰਦਾ । ਸਚ ਦੁਆਰਾ ਸਾਚਾ ਘਰ, ਹਰਿ ਸਤਿਗੁਰ ਆਪ ਪਰਗਟਾਈਆ । ਸਚ ਸਿੰਘਾਸਣ ਬੈਠਾ ਚੜ੍ਹ, ਨਿਰਗੁਣ ਆਪਣਾ ਆਸਣ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਸਰੂਪੀ ਆਪੇ ਫੜ, ਆਪਣਾ ਬੰਧਨ ਪਾਈਆ । ਜੁਗਾ ਜੁਗੰਤਰ ਦੇਵਣਹਾਰਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਸਤਿਗੁਰ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਵੇ ਭਿਖ, ਭਿਖਕ ਝੋਲੀ ਸਰਬ ਭਰਾਇੰਦਾ । ਜੋਤ ਸਰੂਪੀ ਨਿਰਗੁਣ ਧਾਰ ਨਿਰਵੈਰ ਏਕਾ ਆਏ ਦਿਸ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਲੈਣਾ ਜਾਣ, ਸ੍ਰੀ ਭਗਵਾਨ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਨਿਰਗੁਣ ਸਰਗੁਣ ਹੋਏ ਪਰਧਾਨ, ਨਾਮ ਪਰਧਾਨਗੀ ਆਪ ਕਮਾਇੰਦਾ । ਲਿਖ ਲਿਖ ਲੇਖਾ ਜਗਤ ਮਹਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰ ਅਕਲ ਕਲ ਧਾਰੀ ਆਪ ਜਣਾਇੰਦਾ । ਅਕਲ ਕਲਧਾਰੀ ਹਰਿ ਜੂ ਆਪ, ਆਪਣਾ ਭੇਵ ਆਪ ਜਣਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਲੱਖ ਚੁਰਾਸੀ ਗੋਦ ਉਠਾਈਆ । ਜੁਗ ਜੁਗ ਮੇਟਣਹਾਰਾ ਰੋਗ ਸੰਤਾਪ, ਸੰਸਾ ਦੁੱਖ ਦਏ ਮਿਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਜਾਪ, ਆਪਣਾ ਨਾਮ ਕਰੇ ਪੜ੍ਹਾਈਆ । ਮੇਟਣਹਾਰਾ ਤੀਨੋਂ ਤਾਪ, ਤ੍ਰੈਗੁਣ ਮਾਇਆ ਬੰਧਨ ਦਏ ਤੁੜਾਈਆ । ਆਪਣਾ ਰੱਖੇ ਵਡ ਪਰਤਾਪ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਧਾਰ ਚਲਾਈਆ । ਨਿਰਗੁਣ ਧਾਰ ਅਲੱਖਣਾ ਅਲੱਖ, ਅਲੱਖ ਅਗੋਚਰ ਆਪ ਚਲਾਇੰਦਾ । ਸਤਿ ਸਰੂਪੀ ਹੋ ਪਰਤੱਖ, ਜੋਤੀ ਜਾਮਾ ਵੇਸ ਵਟਾਇੰਦਾ । ਕਰੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਦਾ ਸੁਹੇਲਾ ਮਾਰਗ ਦੱਸ, ਬਣ ਰਹਿਬਰ ਰਾਹ ਵਖਾਇੰਦਾ । ਕਲਜੁਗ ਅੰਤਮ ਹੋ ਪਰਗਟ, ਪਰਗਟ ਆਪਣਾ ਖੇਲ ਵਖਾਇੰਦਾ । ਪਾਵੇ ਸਾਰ ਚੌਦਾਂ ਹੱਟ, ਚੌਦਾਂ ਤਬਕਾਂ ਪੜਦਾ ਲਾਹਿੰਦਾ । ਲੇਖਾ ਜਾਣੇ ਤੀਰਥ ਅਠਸਠ, ਸਰ ਸਰੋਵਰ ਫੋਲ ਫੋਲਾਇੰਦਾ । ਵਸਣਹਾਰਾ ਘਟ ਘਟ, ਘਰ ਘਰ ਆਪਣਾ ਭੇਵ ਚੁਕਾਇੰਦਾ । ਖੇਲੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਇੰਦਾ । ਜਨ ਭਗਤਾਂ ਮਾਰਗ ਸਾਚਾ ਦੱਸ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਸੁਰਤੀ ਸ਼ਬਦੀ ਸਾਚੇ ਮੰਡਲ ਪਾਏ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਆਤਮ ਪਰਮਾਤਮ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਬ੍ਰਹਮ ਪਾਰਬ੍ਰਹਮ ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਆਪਣਾ ਗੁਣ ਆਪ ਸਮਝਾਇੰਦਾ । ਈਸ਼ ਜੀਵ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਦੋ ਜਹਾਨਾਂ ਫੇਰੀ ਪਾਇੰਦਾ । ਹਰਿਜਨ ਪੂਰੀ ਕਰੇ ਆਸ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਸਚਖੰਡ ਦੁਆਰੇ ਸਾਚੇ ਖੜ, ਦੋ ਜਹਾਨਾਂ ਏਕਾ ਨੈਣ ਉਠਾਇੰਦਾ । ਦੋ

ਜਹਾਨਾਂ ਏਕਾ ਅੱਖ, ਨੇਤਰ ਨੇਤਰ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਹੋ ਪਰਤੱਖ, ਨਿਰਗੁਣ ਆਪਣੀ ਧਾਰ ਚਲਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਨਾਲੋਂ ਕਰੇ ਵੱਖ, ਫੜ ਫੜ ਬਾਂਹੋਂ ਬਾਹਰ ਕਢਾਈਆ । ਆਤਮ ਪਰਮਾਤਮ ਮਾਰਗ ਸਾਚਾ ਦੱਸ, ਸੋਹੰ ਅੱਖਰ ਕਰੇ ਪੜ੍ਹਾਈਆ । ਕਲਜੁਗ ਮੇਟੇ ਰੈਣ ਅੰਧੇਰੀ ਮਸ, ਸਾਚਾ ਨੂਰ ਕਰੇ ਰੁਸ਼ਨਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਨਿਰਗੁਣ ਧਾਰੋਂ ਨਿਰਗੁਣ ਜੰਮ, ਮਾਤ ਪਿਤ ਨਾ ਕੋਇ ਬਣਾਇੰਦਾ । ਜਨ ਭਗਤਾਂ ਬੇੜਾ ਜੁਗ ਜੁਗ ਬੰਨ੍ਹ, ਸਿਰ ਆਪਣੇ ਭਾਰ ਉਠਾਇੰਦਾ । ਏਕਾ ਨਾਮ ਦੇਵੇ ਧਨ, ਧਨ ਖ਼ਜ਼ੀਨਾ ਇਕ ਲੁਟਾਇੰਦਾ । ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਭੇਵ ਨਾ ਆਇੰਦਾ । ਆਪੇ ਬਣੇ ਜਨਨੀ ਜਨ, ਗੁਰਮੁਖ ਗੁਰ ਗੁਰ ਗੋਦ ਉਠਾਇੰਦਾ । ਆਸਾ ਮਨਸਾ ਤ੍ਰਿਸਨਾ ਦੇਵੇ ਬੰਨ੍ਹ, ਮਨ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਜਗਾਇੰਦਾ । ਹਰਿਜਨ ਸਾਚਾ ਜਾਏ ਜਾਗ, ਜਾਗਰਤ ਜੋਤ ਆਪ ਜਗਾਇੰਦਾ । ਮਨ ਵੈਰਾਗੀ ਹੋਏ ਵੈਰਾਗ, ਜਗਤ ਵੈਰਾਗ ਨਾ ਕੋਇ ਰਖਾਇੰਦਾ । ਝੂਠੀ ਤ੍ਰਿਸਨਾ ਬੁਝੇ ਆਗ, ਅਗਨੀ ਤਤ ਨਾ ਕੋਇ ਤਪਾਇੰਦਾ । ਚਰਨ ਧੂੜ ਕਰਾਏ ਮਜਨ ਮਾਘ, ਦੁਰਮਤ ਮੈਲ ਧੁਵਾਇੰਦਾ । ਘਰ ਦੀਪਕ ਜੋਤ ਜਗੇ ਚਿਰਾਗ਼, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਜੁਗ ਜੁਗ ਵੇਖੇ ਵੇਖਣ ਯੋਗ, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਅੰਤਮ ਜਨ ਭਗਤਾਂ ਮੇਲਾ ਧੁਰ ਸੰਜੋਗ, ਗੁਰ ਚੇਲਾ ਜੋੜ ਜੁੜਾਇੰਦਾ । ਆਤਮ ਪਰਮਾਤਮ ਸੋਹੰ ਸਾਚੀ ਚੋਗ, ਹੰਸਾ ਮਾਣਕ ਮੋਤੀ ਮੁਖ ਰਖਾਈਆ । ਲੇਖਾ ਚੁਕੇ ਤ੍ਰੈ ਤ੍ਰੈ ਲੋਕ, ਲੋਕ ਪਰਲੋਕ ਦਏ ਵਡਿਆਈਆ । ਸਤਿਜੁਗ ਸੁਣਾਏ ਸਚ ਸਲੋਕ, ਸਾਚਾ ਸੋਹਲਾ ਆਪੇ ਗਾਈਆ । ਹਰਿ ਕਾ ਭਾਣਾ ਕੋਇ ਨਾ ਸਕੇ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਲੋਕਮਾਤ ਸਚਖੰਡ ਦੁਆਰਾ ਬਣਾਏ ਸੱਚਾ ਕੋਟ, ਜਿਸ ਦੁਆਰੇ ਚਰਨ ਛੁਹਾਈਆ । ਗੁਰਮੁਖਾਂ ਬਖ਼ਸ਼ੇ ਇਕੋ ਓਟ, ਪੁਰਖ ਅਕਾਲ ਹੋਏ ਸਹਾਈਆ । ਨਾਤਾ ਤੁਟੇ ਵਰਨ ਗੋਤ, ਜਾਤ ਪਾਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਆਪਣਾ ਰੰਗ ਵਖਾਈਆ । ਆਦਿ ਅੰਤ ਹਰਿ ਹਰਿ ਰੰਗ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸੇਜਾ ਸਚ ਪਲੰਘ, ਸਤਿਗੁਰ ਪੂਰਾ ਸੇਜ ਹੰਢਾਇੰਦਾ । ਅੰਤਰ ਆਤਮ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਸਤਿ ਸਰੂਪੀ ਚੜ੍ਹੇ ਚੰਦ, ਚੰਦ ਚਾਂਦਨੀ ਆਪ ਚਮਕਾਇੰਦਾ । ਗੀਤ ਸੁਹਾਗੀ ਗਾਏ ਛੰਦ, ਗੋਬਿੰਦ ਸੋਹਲਾ ਰਾਗ ਅਲਾਇੰਦਾ । ਪੰਚ ਵਿਕਾਰਾ ਖੰਡ ਖੰਡ, ਨਾਮ ਖੰਡਾ ਇਕ ਚਮਕਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸਚ ਦੁਆਰ, ਸਤਿ ਸਤਿਵਾਦੀ ਆਪ ਸੁਹਾਈਆ । ਗੁਰਮੁਖਾਂ ਕਰੇ ਆਪ ਪਿਆਰ, ਗੁਰਸਿਖ ਮੇਲੇ ਚਾਈਂ ਚਾਈਂਆ । ਹਰਿਜਨ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਵੱਜੇ ਵਧਾਈਆ । ਭਗਤ ਭਗਵੰਤ ਪੈਜ ਸੁਆਰ, ਦਰ ਘਰ ਸਾਚੇ ਦੇਵੇ ਮਾਣ ਵਡਿਆਈਆ ।

ਸਾਢੇ ਤਿੰਨ ਹੱਥ ਦੇਵੇ ਇਕ ਆਧਾਰ, ਸਿਰ ਆਪਣਾ ਹੱਥ ਰਖਾਈਆ । ਸਮਰਥ ਪੁਰਖ ਕਰੇ ਸਾਚੀ ਕਾਰ, ਕਰਤਾ ਕੀਮਤ ਆਪੇ ਪਾਈਆ । ਜੁਗ ਚੌਕੜੀ ਵਿਛੜੇ ਲਏ ਉਠਾਲ, ਕਲਜੁਗ ਅੰਤਮ ਮੇਲਾ ਸਹਿਜ ਸੁਭਾਈਆ । ਗੁਰ ਗੁਰ ਵੇਖੇ ਸਾਚੇ ਲਾਲ, ਲਾਲ ਗੁਲਾਲਾ ਆਪਣਾ ਰੰਗ ਰੰਗਾਈਆ । ਏਥੇ ਓਥੇ ਦੋ ਜਹਾਨ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਨਾਤਾ ਤੋੜ ਸ਼ਾਹ ਕੰਗਾਲ, ਰਾਓ ਰੰਕ ਰਾਜ ਰਾਜਾਨ ਏਕਾ ਘਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਬਣ ਆਪ ਦਲਾਲ, ਜਗਤ ਦਲਾਲੀ ਆਪ ਕਮਾਈਆ । ਜਗਤ ਦਲਾਲ ਸ੍ਰੀ ਭਗਵਾਨ, ਜਨ ਭਗਤਾਂ ਆਪ ਕਮਾਇੰਦਾ । ਸਚ ਧਰਮ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਇੰਦਾ । ਆਤਮ ਪਰਮਾਤਮ ਇਕ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਚੌਦਾਂ ਵਿਦਿਆ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨੇਤਰ ਨੈਣ ਨਾ ਕੋਇ ਉਠਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਮੰਗਣ ਦਾਨ, ਖਾਲੀ ਝੋਲੀ ਸਰਬ ਭਰਾਇੰਦਾ । ਕਰੇ ਖੇਲ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਇੰਦਾ । ਜੁਗ ਚੌਕੜੀ ਲੇਖਾ ਪੂਰਾ ਕਰੇ ਆਣ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਗਿਆਨ, ਸੋਹੰ ਅੱਖਰ ਇਕ ਪੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਬਣਾਏ ਆਪ ਵਿਧਾਨ, ਸੱਤਾਂ ਦੀਪਾਂ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਦੂਸਰ ਵੰਡ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਕਰੇ ਪਿਆਰ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸਤਿਜੁਗ ਬੰਨ੍ਹਾਏ ਸਾਚੀ ਧਾਰ, ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਸ੍ਰਿਸ਼ਟ ਸਬਾਈ ਵਖਾਏ ਇਕ ਦੁਆਰ, ਏਕਾ ਮੰਦਰ ਸੋਭਾ ਪਾਈਆ । ਏਕਾ ਨਾਮ ਜੈ ਜੈਕਾਰ, ਰਸਨਾ ਜਿਹਵਾ ਹਰਿ ਗੁਣ ਗਾਈਆ । ਸਤਿਜੁਗ ਸਾਚਾ ਧਰੇ ਵਿਚ ਸੰਸਾਰ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਭਗਤ ਭਗਵੰਤ ਵੇਖੇ ਸਾਚੇ ਲਾਲ, ਗੁਰਸਿਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਏਕਾ ਮੰਤਰ ਅੰਤਰ ਨਾਮ ਦ੍ਰਿੜਾਈਆ ।

## ✳ ੨੮ ਹਾੜ ੨੦੧੯ ਬਿਕ੍ਰਮੀ ਵੀਰ ਸਿੰਘ ਦੇ ਗ੍ਰਿਹਿ ਪਿੰਡ ਬਠਲਾਣਾ ✳

ਸੋ ਪੁਰਖ ਨਿਰੰਜਣ ਬੇਪਰਵਾਹ, ਸਚਖੰਡ ਦੁਆਰੇ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਨਾਉਂ ਪਰਗਟਾਇੰਦਾ । ਏਕੰਕਾਰਾ ਹੁਕਮੀ ਹੁਕਮ ਦਏ ਜਣਾ, ਧੁਰ ਸੰਦੇਸਾ ਆਪ ਅਲਾਇੰਦਾ । ਆਦਿ ਨਿਰੰਜਣ ਨੇਤਰ ਨੈਣ ਲਏ ਖੁਲ੍ਹਾ, ਰੂਪ ਅਨੂਪ ਆਪ ਵਟਾਇੰਦਾ । ਅਬਿਨਾਸ਼ੀ ਕਰਤਾ ਪੜਦਾ ਦਏ ਚੁਕਾ, ਅਨਭਵ ਪਰਕਾਸ਼ ਆਪ ਕਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਲਏ ਝੁਲਾ, ਸਤਿ

ਸਤਿਵਾਦੀ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਕਰੇ ਖੇਲ ਅਗੰਮ ਅਥਾਹ, ਅਲੱਖ ਅਗੋਚਰ ਆਪਣਾ ਰੰਗ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਸੋ ਪੁਰਖ ਨਿਰੰਜਣ ਸਾਚਾ ਦਰ, ਦਰਗਹਿ ਸਾਚੀ ਧਾਮ ਸੁਹਾਈਆ । ਨਿਰਗੁਣ ਨਿਰਾਕਾਰ ਕਿਰਪਾ ਕਰ, ਨੂਰੋ ਨੂਰ ਕਰੇ ਰੁਸ਼ਨਾਈਆ । ਸਚ ਦੁਆਰੇ ਆਪੇ ਖੜ, ਸਵੱਛ ਸਰੂਪੀ ਵੇਸ ਵਟਾਈਆ । ਸੀਸ ਜਗਦੀਸ ਤਾਜ ਧਰ, ਤਖ਼ਤ ਨਿਵਾਸੀ ਸੋਭਾ ਪਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸਾਚਾ ਭੇਵ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਜੁਗ ਕਰਤਾ ਆਪ ਕਰਾਇੰਦਾ । ਸਚ ਦੁਆਰੇ ਹੋ ਪਰਧਾਨ, ਆਪ ਆਪਣਾ ਬਲ ਰਖਾਇੰਦਾ । ਇਕ ਇਕੱਲਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਦਾ ਸੁਹੇਲਾ ਸਦ ਮਿਹਰਵਾਨ, ਮਿਹਰ ਨਜ਼ਰ ਨੈਣ ਇਕ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਉਪਾਇੰਦਾ । ਸਚ ਦੁਆਰ ਆਪ ਉਪਾ, ਹਰਿ ਜੂ ਆਪਣੀ ਦਇਆ ਕਮਾਈਆ । ਛੱਪਰ ਛੰਨ ਨਾ ਕੋਇ ਛੁਹਾ, ਚਾਰ ਦੀਵਾਰ ਨਾ ਵੰਡ ਵੰਡਾਈਆ । ਦੀਵਾ ਬਾਤੀ ਨਾ ਕੋਇ ਟਿਕਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਉਪਜਾਈਆ । ਸਾਚਾ ਘਰ ਸਚ ਦਰਬਾਰਾ, ਵਡ ਦਰਬਾਰੀ ਆਪ ਉਪਾਇੰਦਾ । ਕਰੇ ਖੇਲ ਏਕੰਕਾਰਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਆਪੇ ਵਣਜ ਆਪ ਵਣਜਾਰਾ, ਸਾਚਾ ਹੱਟ ਆਪ ਚਲਾਇੰਦਾ । ਆਪੇ ਵਸਤ ਰੱਖੇ ਹਰਿ ਥਾਰਾ, ਆਪਣੀ ਵਸਤ ਆਪਣੇ ਵਿਚ ਛੁਪਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਬਣਾਇੰਦਾ । ਦਰ ਘਰ ਸਾਚਾ ਬਣਾਏ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਲੇਖਾ ਜਾਣੇ ਆਦਿ ਅੰਤ, ਅੰਤ ਆਦਿ ਆਪਣਾ ਰੂਪ ਵਟਾਇੰਦਾ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਲਿਖ ਲਿਖ ਲੇਖਾ ਨਾ ਕੋਇ ਜਣਾਇੰਦਾ । ਕਰੇ ਖੇਲ ਨਾਰ ਕੰਤ, ਕੰਤ ਨਾਰ ਏਕਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਆਸਣ ਲਾਇੰਦਾ । ਸਚ ਸਿੰਘਾਸਣ ਏਕੰਕਾਰ, ਆਪਣਾ ਆਸਣ ਲਾਈਆ । ਸਚਖੰਡ ਦੁਆਰਾ ਕਰ ਤਿਆਰ, ਸਤਿ ਸਤਿਵਾਦੀ ਦਏ ਵਡਿਆਈਆ । ਆਪੇ ਵੇਖੇ ਵੇਖਣਹਾਰ, ਦੂਜਾ ਨਜ਼ਰ ਕੋਇ ਨਾ ਆਈਆ । ਸੂਰਜ ਚੰਦ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਰਖਾਈਆ । ਕਮਲਾਪਾਤੀ ਹੋ ਤਿਆਰ, ਤ੍ਰੈਭਵਣ ਧਨੀ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਦਰ ਦਰਵਾਜ਼ਾ ਆਪ ਸੁਹਾਈਆ । ਸਚਖੰਡ ਦੁਆਰ ਕਰ ਤਿਆਰ, ਹਰਿ ਸਾਚਾ ਖੇਲ ਖਲਾਇੰਦਾ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਨੂਰੋ ਨੂਰ ਡਗਮਗਾਇੰਦਾ । ਹੁਕਮੇ ਅੰਦਰ ਕਰ ਵਰਤਾਰ, ਹੁਕਮੀ ਹੁਕਮ ਵੇਖ ਵਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜਨ ਰਾਜ ਵੇਸ ਵਟਾਇੰਦਾ । ਦਰ ਦਰਵਾਜ਼ਾ ਖੋਲ੍ਹ ਕਿਵਾੜ, ਗ਼ਰੀਬ ਨਿਵਾਜ਼ਾ ਵੇਖ ਵਖਾਇੰਦਾ । ਰਚਿਆ ਕਾਜਾ ਆਪ ਕਰਤਾਰ, ਕਰਤਾ ਪੁਰਖ ਆਪਣੀ ਧਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਚਖੰਡ ਦੁਆਰੇ ਦੇਵੇ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਸਚਖੰਡ ਦੁਆਰਾ ਦੋਏ ਜੋੜ ਕਰੇ ਪਰਨਾਮ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਵਡਿਆਈਆ । ਹਉਂ ਮੰਗਾਂ ਚਰਨ ਧਿਆਨ, ਬਣ ਯਾਚਕ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮੰਗ ਮੰਗਾਈਆ । ਸਚਖੰਡ ਦੁਆਰ ਨਿੱਕਾ ਬਾਲਾ, ਪ੍ਰਭ ਅੱਗੇ ਮੰਗ ਮੰਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਬਣਿਆ ਰਹੇ ਰਖਵਾਲਾ, ਇਕੋ ਤੇਰੀ ਓਟ ਤਕਾਇੰਦਾ । ਤੇਰਾ ਨੂਰ ਸੱਚੀ ਧਰਮਸਾਲਾ, ਦਰ ਮੰਦਰ ਸੋਭਾ ਪਾਇੰਦਾ । ਏਕਾ ਦੇਣਾ ਸੱਚਾ ਧੰਨ ਮਾਲਾ, ਸਾਚੀ ਵਸਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਸਚਖੰਡ ਦੁਆਰੇ ਕਰ ਧਿਆਨ, ਹਰਿ ਸੱਜਣ ਦਏ ਸਮਝਾਈਆ । ਕਰੇ ਖੇਲ ਨੌਜਵਾਨ, ਵਡ ਦਾਤਾ ਬੇਪਰਵਾਹੀਆ । ਏਕਾ ਦੇਵੇ ਸੱਚਾ ਦਾਨ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਪੂਤ ਸਪੂਤਾ ਕਰ ਬਲਵਾਨ, ਸੁਤ ਦੁਲਾਰਾ ਏਕਾ ਜਾਈਆ । ਘਰ ਵਿਚ ਘਰ ਖੋਲ੍ਹੇ ਦੁਕਾਨ, ਸਚਖੰਡ ਅੰਦਰ ਥਿਰ ਘਰ ਦਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਹਿ ਮੰਦਰ ਸੋਭਾ ਪਾਈਆ । ਸਚਖੰਡ ਦੁਆਰੇ ਤੇਰੀ ਦਾਦ, ਹਰਿ ਸਤਿਗੁਰ ਤੇਰੀ ਝੋਲੀ ਪਾਇੰਦਾ । ਆਪਣੇ ਵਿਚੋਂ ਆਪਾ ਕਾਢ, ਸ਼ਬਦੀ ਸੁਤ ਨਾਉਂ ਰਖਾਇੰਦਾ । ਲੇਖਾ ਜਾਣੇ ਬੋਧ ਅਗਾਧ, ਬੋਧ ਅਗਾਧੀ ਆਪਣਾ ਨਾਉਂ ਸਮਝਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਦਾ ਸੁਹੇਲਾ ਸੁਣੇ ਤੇਰੀ ਫ਼ਰਯਾਦ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਆਪ ਜਣਾਇੰਦਾ । ਸਚਖੰਡ ਦੁਆਰੇ ਤੇਰਾ ਛੱਪਰ ਛੰਨ, ਹਰਿ ਜੂ ਹਰਿ ਹਰਿ ਆਪ ਸੁਹਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਏਕਾ ਰਾਗ ਸੁਣਨਾ ਕੰਨ, ਰਾਗ ਅਨਾਦੀ ਰਿਹਾ ਜਣਾਈਆ । ਸਚ ਸੰਦੇਸਾ ਲੈਣਾ ਮੰਨ, ਸਦ ਚਲਣਾ ਹੁਕਮ ਰਜ਼ਾਈਆ । ਕਰੇ ਖੇਲ ਸ੍ਰੀ ਭਗਵਨ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਦਏ ਸਮਝਾਈਆ । ਸਚਖੰਡ ਦੁਆਰ ਕਰ ਨਿਮਸਕਾਰ, ਦੋਏ ਦੋਏ ਸੀਸ ਝੁਕਾਇੰਦਾ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰ, ਅਲੱਖ ਅਗੋਚਰ ਤੇਰਾ ਭੇਵ ਕੋਇ ਨਾ ਪਾਇੰਦਾ । ਕਰ ਕਿਰਪਾ ਮੇਰੀ ਪੌਣੀ ਸਾਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਹਉਂ ਧੂੜੀ ਮੰਗਾਂ ਛਾਰ, ਖ਼ਾਕੀ ਖ਼ਾਕ ਮਸਤਕ ਟਿੱਕਾ ਲਾਇੰਦਾ । ਤੂੰ ਦੇਵਣਹਾਰ ਦਾਤਾਰ, ਵਡ ਦਾਨੀ ਤੂੰ ਅਖਵਾਇੰਦਾ । ਹਉਂ ਭਿੱਖਕ ਸੇਵਾਦਾਰ, ਸਾਚੀ ਸੇਵਾ ਦਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਇੰਦਾ । ਸਚਖੰਡ ਦੁਆਰੇ ਹੋ ਤਿਆਰ, ਸਤਿਗੁਰ ਆਪਣਾ ਭੇਵ ਚੁਕਾਈਆ । ਤੇਰੇ ਅੰਤਰ ਖੇਲ ਅਪਾਰ, ਨਿਰਗੁਣ ਨਿਰਗੁਣ ਦਏ ਵਖਾਈਆ । ਨਾਰੀ ਕੰਤ ਬਣ ਨਿਰੰਕਾਰ, ਸਾਚੀ ਸੇਜ ਲਏ ਹੰਢਾਈਆ । ਦਾਈ ਦਾਇਆ ਅਗੰਮ ਅਪਾਰ, ਬਣ ਸੇਵਕ ਸੇਵ ਕਮਾਈਆ । ਸੁਤ ਦੁਲਾਰਾ ਜਣੇ ਆਪਣੀ ਵਾਰ, ਬਣੇ ਧੰਨ ਜਣੇਂਦੀ ਮਾਈਆ । ਥਿਰ ਘਰ ਖੋਲ੍ਹੇ ਆਪ ਕਿਵਾੜ, ਸਾਚੇ ਮੰਦਰ ਦਏ ਵਡਿਆਈਆ । ਪੂਤ ਸਪੂਤਾ ਅੰਦਰ ਵਾੜ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ

ਦੁਆਰੇ ਦਏ ਵਡਿਆਈਆ । ਸਚਖੰਡ ਦੁਆਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਤੇਰੇ ਅੰਤਰ ਆਪਣਾ ਨੂਰ ਕੱਢ, ਨੂਰੋ ਨੂਰ ਡਗਮਗਾਇੰਦਾ । ਤੇਰੇ ਅੰਤਰ ਰਖਾ ਆਪਣੀ ਯਦ, ਸ਼ਬਦੀ ਸੁਤ ਸੁਤ ਬਹਾਇੰਦਾ । ਤੇਰੀ ਰੱਖਾਂ ਪਾਰ ਕਿਨਾਰਾ ਹੱਦ, ਹਦੂਦ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਸਾਚੀ ਵਸਤ ਤੇਰੇ ਵਿਚ ਟਿਕਾਇੰਦਾ । ਸਾਚੀ ਵਸਤ ਝੋਲੀ ਪਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਸੁਤ ਦੁਲਾਰੇ ਦਏ ਸਮਝਾ, ਹਰਿ ਸ਼ਬਦੀ ਬੂਝ ਬੁਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਪਰਗਟਾ, ਤੇਰੀ ਧਾਰ ਧਾਰ ਧਾਰ ਨਾਲ ਮਿਲਾਇੰਦਾ । ਤ੍ਰੈਗੁਣ ਲੇਖਾ ਲੇਖ ਵਖਾ, ਲਿਖ ਲਿਖ ਆਪਣਾ ਭੇਵ ਚੁਕਾਇੰਦਾ । ਪੰਚਮ ਨਾਤਾ ਜੋੜ ਜੁੜਾ, ਪੁਰਖ ਬਿਧਾਤਾ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਗਗਨ ਮੰਡਲ ਤੇਰਾ ਰਚਨ ਦਏ ਰਚਾ, ਰਚ ਰਚ ਆਪਣਾ ਰੰਗ ਰੰਗਾਇੰਦਾ । ਸੁਤ ਦੁਲਾਰਾ ਸੇਵਾ ਲਏ ਕਮਾ, ਬਣ ਸੇਵਕ ਸੇਵ ਕਮਾਇੰਦਾ । ਰਵ ਸਸ ਲਏ ਚਮਕਾ, ਕਿਰਨ ਕਿਰਨ ਨਾਲ ਪਰਗਟਾਇੰਦਾ । ਲੱਖ ਚੁਰਾਸੀ ਘਾੜਣ ਲਏ ਘੜਾ, ਉਤਭੁਜ ਸੇਤਜ ਜੇਰਜ ਅੰਡਜ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਭੇਵ ਚੁਕਾ, ਰੂਪ ਅਨੂਪ ਸਤਿ ਸਰੂਪ ਸ਼ਾਹੋ ਭੂਪ, ਆਪਣਾ ਪਰਦਾ ਆਪੇ ਲਾਹਿੰਦਾ । ਆਤਮ ਪਰਮਾਤਮ ਖੇਲੇ ਖੇਲ ਬੇਪਰਵਾਹ, ਬ੍ਰਹਮ ਪਾਰਬ੍ਰਹਮ ਆਪਣੀ ਅੰਸ ਸੁਹਾਇੰਦਾ । ਈਸ਼ ਜੀਵ ਜਗਦੀਸ ਬਣਤ ਲਏ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਤੇਰਾ ਮਾਣ ਵਧਾਇੰਦਾ । ਸਚਖੰਡ ਦੁਆਰੇ ਤੇਰਾ ਮਾਣ, ਹਰਿ ਚਰਨ ਮਿਲੀ ਸਰਣਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਵਡ ਦੀਨਨ ਦਇਆ ਕਮਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਰਖਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਆਤਮ ਅੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਤੇਰਾ ਸਚ ਮਹੱਲਾ, ਸਤਿਗੁਰ ਪੂਰਾ ਆਪ ਸੁਹਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਏਕੰਕਾਰਾ ਡੇਰਾ ਲਾਇੰਦਾ । ਵਸਣਹਾਰਾ ਜਲਾਂ ਥਲਾਂ, ਘਟ ਘਟ ਆਪਣੀ ਜੋਤ ਜਗਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣਾ ਰੰਗ ਰੰਗਾਇੰਦਾ । ਸਚ ਸੰਦੇਸ ਨਰ ਨਰੇਸ਼ ਆਦਿ ਜੁਗਾਦਿ ਜੁਗ ਘੱਲਾ, ਬੋਧ ਅਗਾਧੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਤੇਰਾ ਮਾਣ ਰਖਾਇੰਦਾ । ਸਚਖੰਡ ਦੁਆਰੇ ਤੇਰੀ ਧਾਰ, ਹਰਿ ਜੂ ਹਰਿ ਹਰਿ ਆਪ ਪਰਗਟਾਈਆ । ਤੇਰੇ ਅੰਤਰੋਂ ਕੱਢੇ ਗੁਰ ਅਵਤਾਰ, ਸਤਿਗੁਰ ਆਪਣੀ ਗੋਦ ਸੁਹਾਈਆ । ਪੀਰ ਪੈਗ਼ੰਬਰ ਦੇ ਸਹਾਰ, ਲੋਕਮਾਤ ਕਰੇ ਰੁਸ਼ਨਾਈਆ । ਦੀਵਾ ਬਾਤੀ ਕਮਲਾਪਾਤੀ ਕਰ ਉਜਿਆਰ, ਆਤਮ ਤਾਕੀ ਦਏ ਖੁਲ੍ਹਾਈਆ । ਸਾਚਾ ਸਾਕੀ ਬਣ ਬਣ ਅੰਮ੍ਰਿਤ ਦੇਵੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਤ੍ਰੈਗੁਣ ਅਗਨੀ ਦੇਵੇ ਸਾੜ, ਸਾਂਤਕ ਸਤਿ ਸਤਿ ਵਰਤਾਈਆ । ਏਕਾ ਨਾਦ ਸ਼ਬਦ ਧੁੰਨਕਾਰ, ਗ੍ਰਹਿ ਮੰਦਰ ਆਪ ਸੁਣਾਈਆ । ਸਚ ਸੰਦੇਸਾ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਪੜ੍ਹਾਈਆ । ਸਚਖੰਡ ਵਸੇ ਆਪ ਨਿਰੰਕਾਰ, ਨਿਰਗੁਣ ਬੈਠਾ ਜੋਤ ਜਗਾਈਆ । ਜੁਗਾ ਜੁਗੰਤਰ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਦਿਸ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਪਨਿਹਾਰ, ਬਣ ਯਾਚਕ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ

੪੯੭
੧੨

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਦੁਆਰ ਸੁਹਾਵਣਾ, ਹਰਿ ਸਾਚਾ ਆਪ ਸੁਹਾਏ । ਗੁਰ ਅਵਤਾਰ ਸਰਬ ਉਪਾਵਣਾ, ਪੀਰ ਪੈਗ਼ੰਬਰ ਨਾਲ ਰਲਾਏ । ਜੋਤੀ ਜੋਤ ਡਗਮਗਾਵਣਾ, ਨਿਰਗੁਣ ਨੂਰ ਕਰੇ ਰੁਸ਼ਨਾਏ । ਨਿਰਗੁਣ ਸਰਗੁਣ ਖੇਲ ਕਰਾਵਣਾ, ਸਰਗੁਣ ਨਿਰਗੁਣ ਵਸੇ ਏਕਾ ਥਾਏ । ਗੁਰ ਪੀਰ ਅਵਤਾਰ ਹੁਕਮ ਸੁਣਾਵਣਾ, ਸ਼ਬਦ ਸੰਦੇਸਾ ਇਕ ਅਲਾਏ । ਸ੍ਰਿਸ਼ਟ ਸਬਾਈ ਮਾਰਗ ਇਕ ਵਖਾਵਣਾ, ਜੁਗਾ ਜੁਗੰਤਰ ਵੇਸ ਵਟਾਏ । ਸ਼ਾਸਤਰ ਸਿਮਰਤ ਵੇਦ ਪੁਰਾਨ ਆਪੇ ਗਾਵਣਾ, ਮੰਤਰ ਨਾਮ ਇਕ ਦ੍ਰਿੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਸਮਝਾਏ । ਸਚਖੰਡ ਦੁਆਰੇ ਉਠ ਉਠ ਵੇਖ, ਹਰਿ ਜੂ ਹਰਿ ਹਰਿ ਆਪ ਜਣਾਈਆ । ਤੇਰੇ ਅੰਦਰ ਨਿਰਗੁਣ ਭੇਖ, ਪੁਰਖ ਅਬਿਨਾਸ਼ੀ ਬੈਠਾ ਆਸਣ ਲਾਈਆ । ਦੋ ਜਹਾਨਾਂ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਸ੍ਰਿਸ਼ਟ ਸਬਾਈ ਖੇਲਾਂ ਰਿਹਾ ਖੇਡ, ਨਿਰਗੁਣ ਸਰਗੁਣ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸਾਹਿਬ ਸੁਲਤਾਨ, ਪ੍ਰਭ ਤੇਰੀ ਮੋਹੇ ਭਾਈਆ । ਕਰ ਕਿਰਪਾ ਗੁਣ ਨਿਧਾਨ, ਤੇਰੇ ਹੱਥ ਵਡੀ ਵਡਿਆਈਆ । ਸਚਖੰਡ ਤੇਰਾ ਮਕਾਨ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਨੂਰ ਮਹਾਨ, ਘਰ ਘਰ ਬੈਠਾ ਜੋਤ ਟਿਕਾਈਆ । ਕਵਣ ਵੇਲਾ ਹੋਏ ਪਰਧਾਨ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਮੇਲਾ ਮਿਲੇ ਵਿਚ ਜਹਾਨ, ਧਰਤ ਧਵਲ ਧਵਲ ਸੁਹਾਈਆ । ਸਰਗੁਣ ਆਪ ਕਰੇਂ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਦਰ ਤੇਰੇ ਮੰਗੀ ਮੰਗ, ਇਕੋ ਆਸ ਰਖਾਈਆ । ਤੂੰ ਸਾਹਿਬ ਸੂਰਾ ਸਰਬੰਗ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੂੰ ਦੇਵਣਹਾਰ ਸਰਬ ਵਰਭੰਡ, ਬ੍ਰਹਿਮੰਡ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਮੇਲਾ ਲਏਂ ਮਿਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸੁਤ ਸਾਚੇ ਕਰ ਧਿਆਨ, ਨਰ ਹਰਿ ਨਰਾਇਣ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਗੁਰ ਅਵਤਾਰਾਂ ਦੇਵੇ ਦਾਨ, ਲੋਕਮਾਤ ਸੇਵ ਲਗਾਇੰਦਾ । ਪੀਰ ਪੈਗ਼ੰਬਰ ਦੱਸ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਮੁਕਾਮੇ ਹੱਕ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਜਣਾਇੰਦਾ । ਉਮਤ ਉਮਤੀ ਦੇ ਪੈਗ਼ਾਮ, ਸਚ ਸੰਦੇਸਾ ਆਪ ਸੁਣਾਇੰਦਾ । ਰਹਿਮਤ ਕਰ ਰਹੀਮ ਰਹਿਮਾਨ, ਏਕਾ ਅਲਫ਼ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਜਾਏ ਚੁੱਕ, ਸਤਿਗੁਰ ਪੂਰਾ ਆਪ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪ੍ਰਭ ਕਰੇ ਖੇਲ ਲੁਕ ਲੁਕ, ਨਿਰਗੁਣ ਆਪਣਾ ਮੁਖ ਛੁਪਾਈਆ । ਸਰਗੁਣ ਦੇਵੇ ਏਕਾ ਆਪਣਾ ਨਾਮ ਸਾਚੀ ਤੁਕ, ਲਗ ਮਾਤਰ ਨਾ ਕੋਇ ਲਗਾਈਆ । ਪੰਚਮ ਅੰਤਰ ਆਪੇ ਉਠ, ਉਠ ਆਪਣਾ ਭੇਵ ਖੁਲ੍ਹਾਈਆ । ਆਤਮ ਪਰਮਾਤਮ ਜਾਏ ਤੁਠ, ਪਰਮ ਪੁਰਖ ਹੋਏ ਸਹਾਈਆ । ਸਾਚਾ ਜਾਮ ਪਿਆਏ ਘੁੱਟ, ਅੰਮਿਉਂ ਰਸ ਆਪਣਾ ਰਸ ਚਖਾਈਆ । ਨਿਰਮਲ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਦਿਸੇ ਖ਼ੁਦਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਵੇਖਣਹਾਰਾ

ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੇਰਾ ਪਾਈਆ । ਸਾਚੇ ਮੰਡਲ ਪਾਵੇ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਸਚਖੰਡ ਦੁਆਰੇ ਰਹਿਣਾ ਤਿਆਰ, ਹਰਿ ਸਾਚਾ ਸਚ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਕਰੋੜ ਤੇਤੀਸਾ ਲਏ ਉਠਾਲ, ਸੁਰਪਤ ਇੰਦ ਨਾਲ ਮਿਲਾਇੰਦਾ । ਤੇਈ ਅਵਤਾਰ ਲਏ ਦਲਾਲ, ਜਗਤ ਦਲਾਲੀ ਵੇਖ ਵਖਾਇੰਦਾ । ਈਸਾ ਮੂਸਾ ਸੰਗ ਮੁਹੰਮਦ ਪਰਖਣਹਾਰਾ ਜਲਵਾ ਨੂਰ ਜਲਾਲ, ਹੱਕ ਹਕ਼ੀਕ਼ਤ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਹਰਿ ਹਰਿ ਵੰਡ, ਬ੍ਰਹਿਮੰਡ ਵੰਡ ਵੰਡਾਈਆ । ਨਵ ਨੌਂ ਚਾਰ ਸੁੱਤਾ ਰਹੇ ਦੇ ਕਰ ਕੰਡ, ਆਪਣੀ ਕਰਵਟ ਨਾ ਹਰਿ ਬਦਲਾਈਆ । ਗੁਰ ਅਵਤਾਰ ਸੁਣਾਵਣ ਛੰਦ, ਸੋਹਲਾ ਢੋਲਾ ਮਾਤ ਅਲਾਈਆ । ਲੇਖਾ ਜਾਣੇ ਬੱਤੀ ਦੰਦ, ਤੀਸ ਬਤੀਸ ਕਰੇ ਕੁੜਮਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਾਚਾ ਭੇਵ ਲੈਣਾ ਜਾਣ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸੱਤ ਚਾਰ ਹੋ ਪਰਧਾਨ, ਸਤਿ ਸਤਿਵਾਦੀ ਪੜਦਾ ਲਾਹਿੰਦਾ । ਤ੍ਰੈ ਤ੍ਰੈ ਦੇਵੇ ਏਕਾ ਦਾਨ, ਪੰਚਮ ਆਪਣੀ ਬੂਝ ਬੁਝਾਇੰਦਾ । ਤੇਈ ਅਵਤਾਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਭਗਤ ਅਠਾਰਾਂ ਦੇਵੇ ਦਾਨ, ਦਾਤਾ ਦਾਨੀ ਨਜ਼ਰ ਕਿਸੇ ਨਾ ਆਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਦਏ ਪੈਗ਼ਾਮ, ਕਲਮਾ ਨਬੀ ਆਪ ਸਮਝਾਇੰਦਾ । ਨਾਨਕ ਨਿਰਗੁਣ ਬੋਲੇ ਸਤਿਨਾਮ, ਨਾਮ ਸਤਿ ਸਰਗੁਣ ਮੰਤਰ ਆਪ ਪੜ੍ਹਾਇੰਦਾ । ਏਕਾ ਜੋਤੀ ਖੇਲ ਮਹਾਨ, ਦਸ ਦਸ ਰੂਪ ਨੌਜਵਾਨ, ਦੋ ਜਹਾਨਾਂ ਫੇਰੀ ਪਾਇੰਦਾ । ਗੋਬਿੰਦ ਸੂਰਾ ਵਡ ਬਲਵਾਨ, ਏਕਾ ਫੜ ਤੀਰ ਕਮਾਨ, ਸ਼ਬਦ ਨਿਰਾਲਾ ਆਪ ਉਠਾਇੰਦਾ । ਦਰਸਨ ਪੇਖ ਪੁਰਖ ਅਕਾਲ, ਉਚੀ ਬੋਲ ਬੋਲ ਜੈਕਾਰ, ਫਤਹਿ ਡੰਕਾ ਇਕ ਵਜਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਸੋਇਆ ਰਹੇ ਨਾ ਕੋਈ ਜੀਵ ਗਵਾਰ, ਜੀਵਣ ਜੁਗਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਤੇਰਾ ਪੜਦਾ ਲਾਹਿੰਦਾ । ਸਚਖੰਡ ਦੁਆਰੇ ਸੁਣ ਲੈ ਸੁਣ ਰੱਖਣਾ ਯਾਦ, ਯਾਦਦਾਸ਼ਤ ਨਾ ਹਰਿ ਭੁਲਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਵੇਖ ਵਖਾਇੰਦਾ । ਆਪਣੇ ਅੰਦਰ ਰੱਖੇ ਕੋਟਨ ਕੋਟ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਕਲ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗਾ ਜੁਗੰਤਰ ਦੇਵੇ ਦਾਦ, ਵਸਤ ਅਮੋਲਕ ਆਪਣਾ ਨਾਮ ਵਰਤਾਇੰਦਾ । ਵੇਖਣਹਾਰਾ ਭਗਤ ਭਗਵੰਤ ਸੱਜਣ ਸਾਧ, ਸਾਂਤਕ ਸਤਿ ਸਤਿ ਕਰਾਇੰਦਾ । ਗੁਰਮੁਖ ਗੁਰ ਗੁਰ ਆਪੇ ਲਾਧ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਗੁਰਸਿਖ ਵਜਾਏ ਘਰ ਸਾਚਾ ਨਾਦ, ਅਨਾਦ ਅਨਾਦੀ ਰਾਗ ਸੁਣਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੀ ਗੋਦ ਬਹਾਇੰਦਾ । ਏਥੇ ਓਥੇ ਦੋ ਜਹਾਨ ਕਰੇ ਲਾਡ, ਪਿਤਾ ਪੂਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਜਣਾਇੰਦਾ । ਸਚਖੰਡ ਦੁਆਰੇ ਵੇਖ ਅਨੰਦ, ਸਤਿਗੁਰ ਪੂਰਾ ਆਪ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜਾਏ ਲੰਘ, ਕੋਟਨ ਕੋਟ ਕਾਲ ਬਿਤਾਈਆ । ਕਰੇ ਖੇਲ ਸੂਰਾ ਸਰਬੰਗ, ਬੇਅੰਤ ਵਡ ਵਡਿਆਈਆ । ਸਚ ਦੁਆਰਾ ਵੇਖੇ ਲੰਘ, ਘਰ ਮੰਦਰ ਫੇਰਾ ਪਾਈਆ । ਦੋ ਜਹਾਨਾਂ ਸੇਜ ਪਲੰਘ, ਸਚ

ਸੁਹੰਜਣੀ ਇਕ ਸੁਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਗੰਮੀ ਵੱਜੇ ਤਰੰਗ, ਤੁਰੀਆ ਰਾਗ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਏਕਾ ਓਟ ਤਕਾਈਆ । ਸਚਖੰਡ ਦੁਆਰੇ ਰੱਖਣੀ ਓਟ, ਹਰਿ ਸਤਿਗੁਰ ਆਪ ਜਣਾਇੰਦਾ । ਨਵ ਨੌਂ ਚਾਰ ਝੂਠਾ ਦਿਸੇ ਕਿਲਾ ਕੋਟ, ਥਿਰ ਕੋਇ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਓਤ ਪੋਤ, ਪੁਰਖ ਅਬਿਨਾਸ਼ੀ ਆਪਣਾ ਬੰਸ ਸੁਹਾਇੰਦਾ । ਗੁਰ ਅਵਤਾਰਾਂ ਦੇ ਦੇ ਨਿਰਮਲ ਜੋਤ, ਪੰਜ ਤਤ ਕਾਇਆ ਮਾਣ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਕਰੇ ਕਰਤਾਰ, ਸਤਿ ਸਤਿਵਾਦੀ ਆਪ ਜਣਾਈਆ । ਨਵ ਨੌਂ ਚਾਰ ਉਤਰੇ ਪਾਰ, ਪਾਰ ਕਿਨਾਰਾ ਆਪ ਵਖਾਈਆ । ਲਿਖ ਲਿਖ ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਅੰਤਮ ਪਰਗਟ ਹੋਵੇ ਮਹਾਬਲੀ ਅਵਤਾਰ, ਨਿਹਕਲੰਕਾ ਆਪਣਾ ਨਾਉਂ ਰਖਾਈਆ । ਦੋ ਜਹਾਨਾਂ ਪਾਵੇ ਸਾਰ, ਲੁਕਿਆ ਕੋਇ ਰਹਿਣ ਨਾ ਪਾਈਆ । ਕਰੇ ਖੇਲ ਅਪਰ ਅਪਾਰ, ਭੇਵ ਅਭੇਦਾ ਆਪ ਛੁਪਾਈਆ । ਲੋਕਮਾਤ ਦਏ ਆਧਾਰ, ਧਰਨੀ ਧਰਤ ਧਵਲ ਸੁਹਾਈਆ । ਸਾਢੇ ਤਿੰਨ ਹੱਥ ਵੇਖੇ ਅੰਤ ਮੁਨਾਰ, ਰਵਦਾਸ ਚੁਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਤੇਰਾ ਮੇਲਾ ਲਏ ਮਿਲਾਈਆ । ਸਚਖੰਡ ਤੇਰਾ ਅੰਤਮ ਮੇਲਾ, ਸਤਿਗੁਰ ਪੂਰਾ ਆਪ ਮਿਲਾਇੰਦਾ । ਸਾਢੇ ਤਿੰਨ ਹੱਥ ਅੰਦਰ ਵਸੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣੇ ਰੰਗ ਰੰਗਾਇੰਦਾ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਮਿਲ ਮਿਲ ਆਪਣੇ ਗੀਤ ਸੁਣਾਇੰਦਾ । ਆਦਿ ਅੰਤ ਆਪਣੇ ਹੱਥ ਰਖਾਏ ਆਪਣਾ ਵੇਲਾ, ਵੇਦ ਕਤੇਬ ਭੇਦ ਨਾ ਆਇੰਦਾ । ਕਰੇ ਖੇਲ ਇਕ ਇਕੇਲਾ, ਨਿਰਗੁਣ ਨਿਰਗੁਣ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਸਾਢੇ ਤਿੰਨ ਹੱਥ, ਹਰਿ ਜੂ ਹਰਿ ਹਰਿ ਆਪ ਸੁਹਾਈਆ । ਅੰਦਰ ਵੜ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇਵੇ ਨਾਮ ਵੱਥ, ਆਤਮ ਪਰਮਾਤਮ ਮੇਲ ਮਿਲਾਈਆ । ਸਤਿਜੁਗ ਸੁਣਾਏ ਸਾਚੀ ਗਾਥ, ਕਲਜੁਗ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰਾ ਇਕ ਸੁਹਾਉਣਾ, ਲੋਕਮਾਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਡੇਰਾ ਲਾਉਣਾ, ਜੋਤੀ ਨੂਰ ਨੂਰ ਰੁਸ਼ਨਾਈਆ । ਸੰਬਲ ਨਗਰ ਨਾਉਂ ਧਰਾਉਣਾ, ਗੁਰੂ ਗੋਬਿੰਦ ਦਏ ਗਵਾਹੀਆ । ਵੇਦ ਵਿਆਸਾ ਪੰਧ ਮੁਕਾਉਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਵੇਖੇ ਚਾਈਂ ਚਾਈਆ । ਸਚ ਅਮਾਮ ਫੇਰਾ ਪਾਉਣਾ, ਚੌਦਾਂ ਤਬਕਾਂ ਲੇਖਾ ਦਏ ਚੁਕਾਈਆ । ਸ੍ਰਿਸ਼ਟ ਸਬਾਈ ਕਲਮਾ ਇਕ ਪੜ੍ਹਾਉਣਾ, ਕਾਇਨਾਤ ਦਏ ਸਮਝਾਈਆ । ਲੱਖ ਚੁਰਾਸੀ ਏਕਾ ਮਾਰਗ ਪਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਏਕਾ ਗੁਣ ਜਣਾਈਆ । ਸਚਖੰਡ ਦੁਆਰਾ ਬਣੇ ਮਾਤ, ਮਾਤਰ ਭੂਮੀ ਹਰਿ ਵਡਿਆਇੰਦਾ । ਚਾਰ ਵਰਨਾਂ ਬੰਨ੍ਹੇ ਇਕੋ ਨਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਰਖਾਇੰਦਾ । ਲਹਿਣਾ ਦੇਣਾ ਚੁਕੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਵਖਾਇੰਦਾ । ਨੌਂ ਖੰਡ ਪ੍ਰਿਥਮੀ ਵਖਾਏ ਏਕਾ ਘਾਟ, ਸਰ ਸਰੋਵਰ ਇਕ ਨੁਹਾਇੰਦਾ । ਏਕਾ ਮੰਤਰ ਏਕਾ ਪਾਠ, ਏਕਾ ਅੱਖਰ ਆਪ ਪੜ੍ਹਾਇੰਦਾ । ਏਕਾ ਪਿਤਾ ਏਕਾ ਮਾਤ, ਪੂਤ ਸਪੂਤਾ ਆਪ ਸੁਹਾਇੰਦਾ । ਏਕਾ ਮੇਟੇ ਅੰਧੇਰੀ ਰਾਤ, ਕਲਜੁਗ ਅੰਧ ਅੰਧੇਰ ਗਵਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਧਰਨੀ ਧਵਲ, ਹਰਿ ਧਰਤ ਦਏ ਵਡਿਆਈਆ । ਜਨ ਭਗਤਾਂ ਉਲਟਾ ਕਰੇ ਨਾਭ ਕਵਲ, ਕਵਲੀ ਨਾਭ ਆਪ ਉਲਟਾਈਆ । ਨਜ਼ਰੀ ਆਏ ਸਾਂਵਲ ਸਵਲ, ਨਿਰਗੁਣ ਦਾਤਾ ਵਡ ਵਡਿਆਈਆ । ਨੂਰ ਇਲਾਹੀ ਏਕਾ ਅਵੱਲ, ਆਲਮੀਨ ਵੇਖੇ ਸਰਬ ਖ਼ੁਦਾਈਆ । ਗੁਰਸਿਖਾਂ ਪਿਆਏ ਅੰਮ੍ਰਿਤ ਪਾਹੁਲ, ਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪਣੇ ਹੱਥ ਰਖਾਈਆ । ਸਾਚਾ ਖੇਲ ਹਰਿ ਜੂ ਕਰਨਾ, ਕਲਜੁਗ ਅੰਤ ਅੰਤ ਜਣਾਇੰਦਾ । ਸ੍ਰਿਸ਼ਟ ਸਬਾਈ ਆਪੇ ਵਰਨਾ, ਵਰ ਆਪਣਾ ਵੇਖ ਵਖਾਇੰਦਾ । ਨਾਮ ਖੰਡਾ ਏਕਾ ਫੜਨਾ, ਚੰਡ ਪਰਚੰਡ ਆਪ ਚਮਕਾਇੰਦਾ । ਨਿਰਭੌ ਹੋ ਕਦੇ ਨਾ ਡਰਨਾ, ਭੈ ਆਪਣਾ ਸਰਬ ਵਖਾਇੰਦਾ । ਜਨ ਭਗਤਾਂ ਚੁਕਾਏ ਮਰਨ ਡਰਨਾ, ਜੀਵਣ ਮੁਕਤ ਆਪ ਕਰਾਇੰਦਾ । ਨੇਤਰ ਖੋਲ੍ਹੇ ਹਰਨਾ ਫਰਨਾ, ਨਿਜ ਨੇਤਰ ਦਰਸ ਕਰਾਇੰਦਾ । ਜਿਸ ਜਨ ਬਖ਼ਸ਼ੇ ਆਪਣੀ ਸਰਨਾ, ਦੂਸਰ ਓਟ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਬਣਾਇੰਦਾ । ਸਚਖੰਡ ਦੁਆਰਾ ਸਤਿਗੁਰ ਚਰਨ, ਲੋਕਮਾਤ ਮਿਲੇ ਵਡਿਆਈਆ । ਘਰ ਖੁਲ੍ਹੇ ਨੇਤਰ ਹਰਨ ਫਰਨ, ਅਗਿਆਨ ਅੰਧੇਰ ਚੁਕਾਈਆ । ਸੁਆਮੀ ਠਾਕਰ ਤਰਨੀ ਤਰਨ, ਤਾਰਨਹਾਰਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਜੁਗਾ ਜੁਗੰਤ ਜੁਗ ਕਰਤਾ ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਜਾਏ ਲੱਗ, ਨਿਰਗੁਣ ਸਰਗੁਣ ਆਪ ਜਣਾਇੰਦਾ । ਕਲਜੁਗ ਅਗਨੀ ਬੁਝੇ ਅੱਗ, ਸਤਿਜੁਗ ਸਤਿ ਸਤਿ ਵਰਤਾਇੰਦਾ । ਸ੍ਰਿਸ਼ਟ ਸਬਾਈ ਸੋਹੰ ਹੰਸਾ ਚੋਗ ਚੁਗੇ ਸ਼ਾਹ ਰਗ, ਉਪਰ ਆਪਣਾ ਆਸਣ ਲਾਇੰਦਾ । ਭਗਤ ਭਗਵੰਤ ਦਰ ਸਾਚੇ ਸੱਦ, ਸਚ ਸੰਦੇਸਾ ਇਕ ਸੁਣਾਇੰਦਾ । ਕੂੜੀ ਕਿਰਿਆ ਪਾਰ ਹੱਦ, ਜੂਠਾ ਝੂਠਾ ਮੋਹ ਤੁੜਾਇੰਦਾ । ਪੰਚ ਵਿਕਾਰਾ ਦੇਵੇ ਕੱਢ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਘਰ ਵਿਚ ਘਰ ਕਰਾਏ ਸਾਚਾ ਹੱਜ, ਮੱਕਾ ਕਾਅਬਾ ਆਪ ਸੁਹਾਇੰਦਾ । ਸਾਚੇ ਮੰਦਰ ਬਹੇ ਸਜ, ਠਾਕਰ ਆਪਣਾ ਡੇਰਾ ਲਾਇੰਦਾ । ਏਕਾ ਨਾਮ ਦੱਸੇ ਸਤਿ, ਸਤਿਨਾਮ ਆਪ ਪੜ੍ਹਾਇੰਦਾ । ਗੁਰਮੁਖ ਵਿਰਲਾ ਜਾਣੇ ਬ੍ਰਹਮ ਮਤ, ਮਨ ਮਤ ਜੀਵ ਸਰਬ ਕੁਰਲਾਇੰਦਾ । ਲੱਖ ਚੁਰਾਸੀ ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਨਾ ਕੋਇ ਸੁਕਾਇੰਦਾ । ਕਲਜੁਗ ਕੂੜ ਕੁੜਿਆਰ ਘਰ ਘਰ ਰਿਹਾ ਨੱਚ, ਚਾਰੋਂ ਕੁੰਟ ਡੌਰੂ ਵਾਇੰਦਾ । ਤ੍ਰੈਗੁਣ ਮਾਇਆ ਸ੍ਰਿਸ਼ਟ ਸਬਾਈ ਗਈ ਫਸ, ਬਿਨ ਸਤਿਗੁਰ ਪੂਰੇ ਫੰਦ ਨਾ ਕੋਇ ਕਟਾਇੰਦਾ । ਵਰਨ ਬਰਨ ਰੈਣ ਅੰਧੇਰੀ ਹੋਈ ਮਸ, ਨਿਰਗੁਣ ਚੰਦ ਨਾ ਕੋਇ ਚੜ੍ਹਾਇੰਦਾ । ਭੋਗ ਬਲਾਸ ਹੋਏ ਵਸ, ਆਤਮ ਰਸ ਨਾ ਕੋਇ ਚਖਾਇੰਦਾ । ਸਤਿ ਧਰਮ ਗਿਆ ਨੱਸ, ਨੇਤਰ ਆਪਣਾ ਨੈਣ ਛੁਪਾਇੰਦਾ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਖੇੜਾ ਹੋਣ ਵਾਲਾ ਭੱਠ, ਕੂੜ ਕੁੜਿਆਰਾ ਅਗਨੀ ਹੇਠਾਂ ਡਾਹਿੰਦਾ । ਅੰਤਮ ਸੜਨਾ ਪੰਜ ਤਤ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਕੰਮ ਕਿਸੇ ਨਾ ਆਇੰਦਾ । ਕਰੇ ਖੇਲ ਪੁਰਖ ਸਮਰਥ, ਨਾ ਕੋਇ ਮੇਟੇ ਮੇਟ ਮਿਟਾਇੰਦਾ । ਦੋ ਜਹਾਨਾਂ ਵਾਲੀ ਹੋਏ ਆਪ ਪਰਗਟ, ਪਰਗਟ ਆਪਣੀ ਧਾਰ ਵਖਾਇੰਦਾ । ਚੌਦਾਂ ਲੋਕ ਚੌਦਾਂ ਤਬਕ ਖਾਲੀ ਕਰੇ ਹੱਟ, ਪੀਰ ਪੈਗ਼ੰਬਰ ਖਾਲੀ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ

ਵਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਬੈਠਾ ਆਸਣ ਲਾਈਆ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਵਖਾਈਆ । ਨੇਤਰ ਰੋਵੇ ਮੰਦਰ ਮਸਜਿਦ ਗੁਰੂਦੁਆਰਾ, ਸਾਂਤਕ ਸਤਿ ਨਾ ਕੋਇ ਕਰਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਤੇਰੀ ਕੁਦਰਤ ਤੂੰ ਹੀ ਜਾਣੇ ਪਰਵਰਦਿਗਾਰਾ, ਤੇਰਾ ਅੰਤ ਕੋਇ ਨਾ ਪਾਈਆ । ਨਾਨਕ ਗੋਬਿੰਦ ਬਣ ਲਿਖਾਰਾ, ਲਿਖ ਲਿਖ ਲੇਖਾ ਗਿਆ ਸਮਝਾਈਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲ ਕਲਕੀ ਆਪਣਾ ਨਾਉਂ ਰਖਾਈਆ । ਸੰਬਲ ਵਸੇ ਧਾਮ ਨਿਆਰਾ, ਸਾਚੇ ਮੰਦਰ ਆਸਣ ਲਾਈਆ । ਸ਼ਬਦ ਅਗੰਮੀ ਤੇਜ਼ ਕਟਾਰਾ, ਦੋ ਧਾਰਾ ਆਪ ਉਠਾਈਆ । ਸਾਚੇ ਅਸਵ ਹੋਏ ਅਸਵਾਰਾ, ਸ਼ਾਹ ਸੁਆਰਾ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਦਏ ਸਹਾਰਾ, ਸ਼ਾਹ ਸੁਲਤਾਨਾ ਖ਼ਾਕ ਮਿਲਾਈਆ । ਕਲਜੁਗ ਅੰਤਮ ਕਰ ਪਾਰ ਕਿਨਾਰਾ, ਕੂੜੀ ਕਿਰਿਆ ਦਏ ਖਪਾਈਆ । ਸ੍ਰਿਸ਼ਟ ਸਬਾਈ ਦਏ ਹੁਲਾਰਾ, ਏਕਾ ਧੱਕਾ ਨਾਮ ਲਗਾਈਆ । ਨੌਂ ਖੰਡ ਪ੍ਰਿਥਮੀ ਵਖਾਏ ਇਕ ਸਚ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਘਰ ਘਰ ਵਸੇ ਆਪ ਨਿਰੰਕਾਰਾ, ਸਾਢੇ ਤਿੰਨ ਹੱਥ ਅੰਦਰ ਬੈਠਾ ਡੇਰਾ ਲਾਈਆ । ਜੋ ਜਨ ਆਤਮ ਪਰਮਾਤਮ ਕਰੇ ਪਿਆਰਾ, ਪਰਮਾਤਮ ਆਤਮ ਲਏ ਮਿਲਾਈਆ । ਸੋਹੰ ਸ਼ਬਦ ਸਚ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਸਤਿਜੁਗ ਵਰਤੇ ਸਤਿ ਵਿਹਾਰਾ, ਪਿਛਲੀ ਭੁੱਲੇ ਸਰਬ ਪੜ੍ਹਾਈਆ । ਨਜ਼ਰੀ ਆਏ ਪੁਰਖ ਅਕਾਲ ਪਰਵਰਦਿਗਾਰਾ, ਰਾਮ ਰਹੀਮ ਏਕਾ ਨੂਰ ਧਰਾਈਆ । ਭਗਤਾਂ ਵਖਾਏ ਭਗਤ ਦੁਆਰਾ, ਜਿਸ ਘਰ ਵਸੇ ਆਪ ਮੁਰਾਰਾ, ਬਣ ਬਣ ਮਿੱਤਰ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰੇ ਦੇਵੇ ਵਰ, ਤੇਰਾ ਘਾੜਨ ਲਏ ਘੜ, ਘੜ ਘਾੜਤ ਆਪੇ ਵੇਖ ਵਖਾਈਆ । ਕਲਜੁਗ ਆਯੂ ਲੱਖ ਚਾਰ, ਬੱਤੀ ਹਜ਼ਾਰ ਨਾਲ ਮਿਲਾਈਆ । ਸ਼ਾਸਤਰ ਸਿਮਰਤ ਕਰਨ ਵੀਚਾਰ, ਹਰਿ ਵੀਚਾਰ ਵਿਚ ਕਦੇ ਨਾ ਆਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਕਲਜੁਗ ਦੇਵੇ ਵਸਤ ਅਪਾਰ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਤੇਰਾ ਖੇਲ ਵਿਚ ਸੰਸਾਰ, ਸਦਾ ਸੁਹੇਲਾ ਲਏ ਸਮਝਾਈਆ । ਜੂਠ ਝੂਠ ਕਰ ਤਿਆਰ, ਮਾਇਆ ਮਮਤਾ ਨਾਲ ਮਿਲਾਈਆ । ਹਉਮੇ ਹੰਗਤਾ ਗੜ੍ਹ ਤੇਰਾ ਉਸਾਰ, ਪੰਚ ਵਿਕਾਰ ਤੇਰੀ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਕਲਜੁਗ ਉਮਰ ਜਾਨਣਹਾਰਾ, ਏਕਾ ਏਕ ਅਖਵਾਇੰਦਾ । ਕਲਜੁਗ ਵਰ ਦੇਵੇ ਸੰਸਾਰਾ, ਸੰਸਾਰ ਸਾਗਰ ਫੋਲ ਫੋਲਾਇੰਦਾ । ਨਾਲ ਰਲਾਏ ਮੁਹੰਮਦੀ ਯਾਰਾ, ਯਾਰੀ ਯਾਰਾਂ ਨਾਲ ਹੰਢਾਇੰਦਾ । ਕਲਮਾ ਕਲਾਮ ਕਰ ਤਿਆਰਾ, ਸ਼ਰਾਇਤ ਆਇਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਖੋਲ੍ਹੇ ਸਮਰਥ, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਲੇਖਾ ਹੱਥੋ ਹੱਥ, ਗੁਰ ਗੋਬਿੰਦ ਗਿਆ ਮੁਕਾਈਆ । ਸ੍ਰਿਸ਼ਟ ਸਬਾਈ ਪਾ ਪਾ ਨੱਥ, ਏਕਾ ਬੰਧਨ ਗਿਆ ਜਣਾਈਆ । ਛੋਟੇ ਬਾਲੇ ਨੀਹਾਂ ਹੇਠਾਂ ਰੱਖ, ਕਲਜੁਗ ਜੜ੍ਹ ਆਪ ਉਖੜਾਈਆ । ਗੋਬਿੰਦ ਮਾਰ ਨਾ ਸਕੇ ਕੋਈ ਰੱਖ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਕੂੜ ਕੁੜਿਆਰਾ ਉਖੜੇ ਜੜ, ਸਤਿਗੁਰ ਪੂਰਾ ਆਪ ਉਖੜਾਇੰਦਾ । ਨਾਨਕ ਨਿਰਗੁਣ ਏਕਾ

ਅੱਖਰ ਪੜ੍ਹ, ਜੀਵਾਂ ਜੰਤਾਂ ਆਪ ਸਮਝਾਇੰਦਾ । ਚਾਰ ਵਰਨ ਸੋਹੇ ਏਕਾ ਦਰ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਘਰ ਘਰ ਅੰਦਰ ਨਿਰਗੁਣ ਨੂਰ ਬੈਠਾ ਵੜ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਨਾ ਜਨਮੇ ਨਾ ਜਾਏ ਮਰ, ਪੁਰਖ ਅਕਾਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਜਗ, ਜਗ ਜੀਵਣ ਦਾਤਾ ਆਪ ਕਮਾਈਆ । ਕਲਜੁਗ ਜੀਵ ਬਣਾਏ ਕੱਗ, ਮਨ ਮਤ ਕਰੇ ਲੜਾਈਆ । ਤ੍ਰੈਗੁਣ ਮਾਇਆ ਲੱਗੀ ਅੱਗ, ਨਾ ਸਕੇ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਰਿਹਾ ਜਣਾਈਆ । ਨਾਨਕ ਨਿਰਗੁਣ ਸਤਿਨਾਮ, ਚਾਰ ਵਰਨ ਆਪ ਪੜ੍ਹਾਇੰਦਾ । ਧੁਰਦਰਗਾਹੀ ਇਕ ਕਲਾਮ, ਅੰਤਰ ਆਤਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਵੰਡ ਵੰਡੀ ਨਿਰੰਕਾਰ, ਆਪਣੇ ਹੱਥ ਰੱਖੇ ਵਡਿਆਈਆ । ਨਾਨਕ ਨਿਰਗੁਣ ਸ਼ਬਦ ਆਧਾਰ, ਸਰਗੁਣ ਕਰੇ ਸਚ ਪੜ੍ਹਾਈਆ । ਗੋਬਿੰਦ ਲੇਖਾ ਵਿਚ ਸੰਸਾਰ, ਅੰਤਮ ਅੰਤ ਗਿਆ ਮੁਕਾਈਆ । ਊਚਾਂ ਨੀਚਾਂ ਦੇ ਅਧਾਰ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਨਾ ਕੋਇ ਵੀਚਾਰ, ਆਤਮ ਪਰਮਾਤਮ ਮੇਲ ਮਿਲਾਈਆ । ਏਕਾ ਇਸ਼ਟ ਪੁਰਖ ਅਕਾਲ, ਦੂਸਰ ਦੇਵ ਨਾ ਕੋਇ ਮਨਾਈਆ । ਰਾਹ ਤੱਕੇ ਸਾਂਝੇ ਯਾਰ, ਸੱਥਰ ਯਾਰੜਾ ਆਪ ਹੰਢਾਈਆ । ਦੋਏ ਜੋੜ ਕਰੇ ਪਰਨਾਮ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਕੂੜ ਹੋਇਆ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਬਾਲੇ ਤੇਰੀ ਉਮਤ ਨੀਹਾਂ ਹੇਠਾਂ ਦਿਤੇ ਸੁਆਲ, ਪੀਰ ਪੈਗ਼ੰਬਰ ਨਾ ਕੋਇ ਸਹਾਈਆ । ਮੁਹੰਮਦ ਸਦੀ ਚੌਧਵੀਂ ਕਲਜੁਗ ਅੰਤ ਜ਼ਵਾਲ, ਜ਼ੋਰ ਜ਼ਬਰ ਨਾ ਕੋਇ ਕਰਾਈਆ । ਚੌਦਾਂ ਤਬਕ ਹੋਏ ਹਲਾਲ, ਛੁਰੀ ਕਰਦ ਹੱਥ ਚਮਕਾਈਆ । ਤੇਰਾ ਜਲਵਾ ਨੂਰ ਜਲਾਲ, ਨੂਰ ਇਲਾਹੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪਣਾ ਆਪ ਮੁਕਾਈਆ । ਕਲਜੁਗ ਲੇਖਾ ਜੀਵ ਕਰਮ, ਕੁਕਰਮਾਂ ਨਾਮ ਮਿਟਾਇੰਦਾ । ਸਚ ਨਾ ਦਿਸੇ ਕੋਇ ਧਰਮ, ਧਰਮੀ ਧਰਮ ਨਾ ਕੋਇ ਵਖਾਇੰਦਾ । ਸਤਿਗੁਰ ਮੰਗੇ ਨਾ ਕੋਇ ਸਰਨ, ਆਪਣਾ ਬਲ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪ ਚੁਕਾਇੰਦਾ । ਕਲਜੁਗ ਲੇਖਾ ਕੂੜ ਕੁੜਿਆਰ, ਜੀਵ ਜੰਤ ਰਿਹਾ ਚੁਕਾਈਆ । ਚਾਰੋਂ ਕੁੰਟ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਧੀਆਂ ਭੈਣਾਂ ਕਰਨ ਵਪਾਰ, ਨਾਮ ਹੱਟ ਨਾ ਕੋਇ ਖੁਲ੍ਹਾਈਆ । ਗੁਰਦਰ ਮੰਦਰ ਮਸਜਿਦ ਅੰਦਰ ਹਾਹਾਕਾਰ, ਸਤਿ ਸਤਿ ਨਾ ਕੋਇ ਵਰਤਾਈਆ । ਪਿਤਾ ਪੂਤ ਨਾ ਕੋਇ ਅਧਾਰ, ਮਾਤ ਪੁਤ ਸੇਜ ਸੁਹਾਈਆ । ਗੁਰ ਮੰਤਰ ਨਾ ਗਾਏ ਕੋਇ ਆਪਣੀ ਵਾਰ, ਰਸਨਾ ਜਿਹਵਾ ਕਰੇ ਲੜਾਈਆ । ਪੰਡਤ ਬ੍ਰਹਿਮਣ ਮੁੱਲਾ ਸ਼ੇਖ਼ ਮੁਸਾਇਕ ਪੀਰ ਹੋਣ ਖੁਆਰ, ਧੀਆਂ ਭੈਣਾਂ ਰਹੇ ਤਕਾਈਆ । ਨਜ਼ਰ ਨਾ ਆਏ ਹਰਿ ਕਰਤਾਰ, ਭਰਮੇ ਭੁੱਲੀ ਸਰਬ ਲੋਕਾਈਆ । ਅੰਦਰ ਆਪਣੇ ਵੇਖੇ ਮਾਰ ਧਿਆਨ, ਘਰ ਘਰ ਵਿਚ ਮਿਲੇ ਨਾ ਸੱਚਾ ਮਾਹੀਆ । ਅੱਠੇ ਪਹਿਰ ਨਚਦਾ ਰਹੇ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜਿਸ ਜਨ ਗੁਰ ਕਾ ਸ਼ਬਦ ਮਿਲਿਆ ਗਿਆਨ, ਤਿਸ ਕਲਜੁਗ ਨੇੜ ਨਾ ਲਾਗੇ ਰਾਈਆ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ ਵੇਖੇ ਮਾਰ ਧਿਆਨ, ਸਚਖੰਡ ਬੈਠਾ ਆਸਣ ਲਾਈਆ । ਕਲਜੁਗ

ਅੰਤਮ ਕੂੜੀ ਕਿਰਿਆ ਮੇਟੇ ਝੂਠ ਨਿਸ਼ਾਨ, ਸਚ ਸੁੱਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਯੂ ਲੱਖ ਚਾਰ ਬੱਤੀ ਹਜ਼ਾਰ, ਅੰਕ ਅੰਕ ਨਾਲ ਕਟਾਈਆ । ਅਨੇਕ ਗੁਰ ਅਨੇਕ ਲੇਖਾ, ਹਰਿ ਸਤਿਗੁਰ ਆਪ ਜਣਾਇੰਦਾ । ਗੁਰਮੁਖ ਦੁਆਰੇ ਨਿਕਲੇ ਭਰਮ ਭੁਲੇਖਾ, ਜਿਸ ਜਨ ਸਤਿਗੁਰ ਦਇਆ ਕਮਾਇੰਦਾ । ਜਿਸ ਗੁਰਸਿਖ ਗੋਬਿੰਦ ਨੇਤਰ ਪੇਖਾ, ਸੋ ਗੁਰਸਿਖ ਕਲਜੁਗ ਵੰਡ ਵਿਚ ਨਾ ਆਇੰਦਾ । ਲੇਖੇ ਲੱਗੇ ਮੁੱਛ ਦਾੜ੍ਹੀ ਕੇਸਾ, ਚਰਨ ਕਵਲ ਕਵਲ ਚਰਨ ਸੀਸ ਝੁਕਾਇੰਦਾ । ਤਿਸ ਸਾਹਿਬ ਕੋ ਕਰੇ ਆਦੇਸਾ, ਜੋ ਜੁਗ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗੰਬਰ ਭਗਤ ਭਗਵਾਨ ਗੁਰਮੁਖ ਗੁਰਸਿਖ ਆਪਣੇ ਹੁਕਮ ਚਲਾਇੰਦਾ । ਹੁਕਮੇ ਅੰਦਰ ਕੋਟਨ ਜੁਗ, ਬਣ ਪਾਂਧੀ ਪੰਧ ਮੁਕਾਈਆ । ਹੁਕਮੇ ਅੰਦਰ ਕੋਟਨ ਬੂਟੇ ਗਏ ਸੁੱਕ, ਹਰੇ ਸਿੰਚ ਨਾ ਕੋਇ ਕਰਾਈਆ । ਹੁਕਮੇ ਅੰਦਰ ਬੈਠਾ ਰਿਹਾ ਲੁਕ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਕੋਟਨ ਜੁਗ ਹੁਕਮੇ ਅੰਦਰ ਰਹੇ ਫਿਰ, ਸਚ ਸੰਦੇਸਾ ਦਏ ਸੁਣਾਈਆ । ਕਲਜੁਗ ਅੰਤ ਕਿਸੇ ਪਾਸ ਨਾ ਦਿਸੇ ਕੁਛ, ਖਾਲੀ ਹੱਥ ਫਿਰੇ ਲੋਕਾਈਆ । ਨਜ਼ਰ ਨਾ ਆਏ ਅਬਿਨਾਸ਼ੀ ਅਚੁੱਤ, ਚੇਤਨ ਰੂਪ ਨਾ ਕੋਇ ਜਣਾਈਆ । ਕਲਜੁਗ ਆਯੂ ਕੂੜ ਕੁੜਿਆਰੇ ਲਈ ਲੁੱਟ, ਦਿਨ ਦਿਹਾੜੇ ਲੁੱਟ ਮਚਾਈਆ । ਗੋਬਿੰਦ ਸੂਰਾ ਫੜਕੇ ਲੋਕਮਾਤ ਵਿਚੋਂ ਕੱਢੇ ਕੁੱਟ, ਨਾ ਸਕੇ ਕੋਇ ਬਚਾਈਆ । ਹਰਿ ਕਾ ਹੁਕਮ ਕਿਸੇ ਕੋਲੋਂ ਨਾ ਸਕੇ ਛੁਪ, ਸੂਰਜ ਚੰਦ ਚਲ ਚਲ ਥੱਕੇ ਪਾਂਧੀ ਰਾਹੀਆ । ਜਿਸ ਜਨ ਅੰਮ੍ਰਿਤ ਆਤਮ ਜਾਮ ਪਿਆਏ ਘੁੱਟ, ਸੋ ਗੁਰਸਿਖ ਸਤਿਜੁਗ ਵੇਖੇ ਚਾਈਂ ਚਾਈਆ । ਘਰ ਵਿਚ ਘਰ ਕਰੇ ਨਿਰਮਲ ਪਰਕਾਸ਼ ਜੋਤ, ਜੁਗਤ ਜੋਤ ਨਾਲ ਮਿਲਾਈਆ । ਕਲਜੁਗ ਜੀਵ ਆਹਲਣਿਉਂ ਡਿਗੇ ਬੋਟ, ਬਿਨ ਸਤਿਗੁਰ ਪੂਰੇ ਗੋਦ ਨਾ ਕਿਸੇ ਕੋਇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਇਆ ਰਿਹਾ ਖਪਾਈਆ । ਕਲਜੁਗ ਕਾਇਆ ਜਾਏ ਸੜ, ਹਰਿ ਸਤਿਗੁਰ ਆਪ ਜਲਾਇੰਦਾ । ਅਧਵਿਚਕਾਰ ਨਾ ਜਾਏ ਅੜ, ਮਧ ਧਾਰ ਨਾ ਕੋਇ ਵਖਾਇੰਦਾ । ਸਤਿਜੁਗ ਸਤਿ ਸਤਿਵਾਦੀ ਫੜੇ ਲੜ, ਪੱਲੂ ਆਪਣੀ ਗੰਢ ਪੁਆਇੰਦਾ । ਭਗਤ ਭਗਵੰਤ ਏਕਾ ਅੰਦਰ ਬਹਿਣ ਵੜ, ਕਾਇਆ ਮੰਦਰ ਸਾਢੇ ਤਿੰਨ ਹੱਥ ਇਕ ਸੁਹਾਇੰਦਾ । ਨਾਨਕ ਨਿਰਗੁਣ ਗੋਬਿੰਦ ਵੇਖੇ ਚੜ੍ਹ, ਮਹੱਲ ਅਟੱਲ ਫੇਰਾ ਪਾਇੰਦਾ । ਆਪਣੀ ਕਰਨੀ ਕਰਤਾ ਪੁਰਖ ਲਏ ਕਰ, ਆਪੇ ਘੜੇ ਆਪੇ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਆਪ ਚੁਕਾਇੰਦਾ । ਕਲਜੁਗ ਚੁੱਕੇ ਲਹਿਣਾ ਦੇਣਾ, ਹਰਿ ਜੂ ਹਰਿ ਹਰਿ ਆਪ ਚੁਕਾਈਆ । ਗੁਰਮੁਖ ਵੇਖੇ ਆਪਣੇ ਨੈਣਾ, ਹਰਿ ਸਤਿਗੁਰ ਆਪ ਵਖਾਈਆ । ਪੁਰਖ ਅਕਾਲ ਮੰਨਣਾ ਕਹਿਣਾ, ਦੂਸਰ ਓਟ ਨਾ ਕੋਇ ਜਣਾਈਆ । ਲੱਖ ਚੁਰਾਸੀ ਖਾਏ ਲਾੜੀ ਮੌਤ ਡੈਣਾ, ਘਰ ਘਰ ਫੇਰਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਦਰਗਹਿ ਸਾਚੀ ਘਰ ਸਾਚੇ ਬਹਿਣਾ, ਦਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਵਿਚ ਸਤਿਜੁਗ ਧਰ, ਧਰਨੀ ਧਰਤ ਦਏ ਸਹਾਈਆ । ਧਰਨੀ ਧਵਲ ਹਰਿ ਦਏ ਸਹਾਰਾ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸਤਿਜੁਗ ਸਾਚਾ ਸਚ ਵਰਤਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਗੁਰਮੁਖ ਗੁਰ ਗੁਰ ਮੇਲਾ ਇਕ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਨਜ਼ਰੀ ਆਏ ਏਕਓਅੰਕਾਰਾ, ਬੇਨਜ਼ੀਰ ਆਪਣੀ ਨਜ਼ਰ ਨਜ਼ਰ ਨਾਲ ਮਿਲਾਇੰਦਾ । ਖੇਲੇ ਖੇਲ ਪਰਵਰਦਿਗਾਰਾ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਭੇਵ ਚੁਕਾਇੰਦਾ । ਸਤਿਜੁਗ ਸੱਚਾ ਸਚ ਅਮਾਮ, ਆਪ ਆਪਣਾ ਭੇਵ ਖੁਲ੍ਹਾਈਆ । ਪਰਗਟ ਨਜ਼ਰੀ ਆਏ ਰਾਮ, ਰਮਈਆ ਬੈਠਾ ਜੋਤ ਜਗਾਈਆ । ਹਰਿ ਗ੍ਰਿਹਿ ਖੇਲੇ ਕ੍ਰਿਸ਼ਨਾ ਕਾਹਨ, ਗੋਪੀ ਕਾਹਨ ਨਾਚ ਨਚਾਈਆ । ਹਰਿ ਦਰ ਦੇਵੇ ਸਚ ਪੈਗ਼ਾਮ, ਈਸਾ ਮੂਸਾ ਕਰੇ ਪੜ੍ਹਾਈਆ । ਬਣ ਬਰਦਾ ਦਏ ਸਲਾਮ, ਅਲੈਕਮ ਆਪਣਾ ਸੀਸ ਝੁਕਾਈਆ । ਨਾਨਕ ਨਿਰਗੁਣ ਬੋਲ ਸਤਿਨਾਮ, ਸਰਗੁਣ ਕਰੇ ਸਰਬ ਪੜ੍ਹਾਈਆ । ਗੋਬਿੰਦ ਡੰਕਾ ਦੋ ਜਹਾਨ, ਨਿਰਗੁਣ ਸਰਗੁਣ ਆਪ ਵਜਾਈਆ । ਕਲਜੁਗ ਅੰਦਰ ਸਤਿਜੁਗ ਕਰ ਪਰਧਾਨ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਚੌਦਾਂ ਤਬਕ ਹੋਏ ਹੈਰਾਨ, ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਣ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਦਰ ਬੈਠੇ ਸੀਸ ਝੁਕਾਈਆ । ਕਲਜੁਗ ਅੰਤਮ ਖੇਲ ਕਰੇ ਸ੍ਰੀ ਭਗਵਾਨ, ਆਪਣੀ ਕਲ ਆਪ ਵਰਤਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਰਨੀ ਕਲਜੁਗ ਆਯੂ ਜਾਏ ਹਰ, ਹਰਿ ਆਪਣਾ ਹੁਕਮ ਵਰਤਾਈਆ ।

### ❋ ੨੮ ਹਾੜ ੨੦੧੯ ਬਿਕ੍ਰਮੀ ਜੇਠਾ ਸਿੰਘ ਦੇ ਗ੍ਰਿਹਿ ਬਠਲਾਣਾ ❋

ਸਤਿਗੁਰ ਪੂਰਾ ਦੀਨ ਦਿਆਲ, ਹਰਿ ਦੀਨਨ ਦਇਆ ਕਮਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਲੱਖ ਚੁਰਾਸੀ ਫੋਲ ਫੋਲਾਇੰਦਾ । ਏਕਾ ਦੇਵੇ ਨਾਮ ਸੱਚਾ ਧੰਨ ਮਾਲ, ਸਚ ਖਜ਼ਾਨਾ ਆਪ ਵਰਤਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਸਦਾ ਸੁਹੇਲਾ ਵਸੇ ਨਾਲ, ਅੰਦਰ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਆਪ ਉਠਾਇੰਦਾ । ਗੁਰਸਿਖ ਵੇਖੇ ਕਿਰਪਾਨਿਧ, ਆਪ ਆਪਣੀ ਦਇਆ ਕਮਾਈਆ । ਪ੍ਰਭ ਮਿਲਣ ਦੀ ਸਾਚੀ ਬਿਧ, ਗੁਰ ਸਤਿਗੁਰ ਦਏ ਦ੍ਰਿੜਾਈਆ । ਮਾਤਲੋਕ ਕਰੇ ਕਾਰਜ ਸਿਧ, ਦਰਗਹਿ ਸਾਚੀ ਦਏ ਵਡਿਆਈਆ । ਘਰ ਉਪਜਾਏ ਨੌਂ ਨਿਧ, ਅਠਾਰਾਂ ਸਿਧ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਤਿਗੁਰ ਧਾਮ, ਪ੍ਰਭ ਚਰਨ ਸੱਚੀ ਸਰਨਾਈਆ । ਪੂਰਬ ਵਿਛੜੇ ਮੇਲੇ ਆਣ, ਕਲਜੁਗ ਅੰਤਮ ਹੋਏ ਸਹਾਈਆ । ਗੁਰਸਿਖ ਬਖ਼ਸ਼ੇ ਨਾਮ ਦਾਨ, ਦਾਤਾ ਦਾਨੀ ਆਪ ਵਰਤਾਈਆ । ਸਤਿ ਵਖਾਏ ਧਰਮ ਨਿਸ਼ਾਨ, ਧਰਮ ਦੁਆਰੇ ਆਪ ਬੁਝਾਈਆ । ਆਤਮ ਪਰਮਾਤਮ ਦੇਵੇ ਦਾਨ, ਸੋਹੰ ਅੱਖਰ ਕਰੇ ਪੜ੍ਹਾਈਆ । ਸਰਬ ਜੀਆ ਦਾ ਇਕ ਭਗਵਾਨ, ਮਹਾਰਾਜ ਸ਼ੇਰ ਸਿੰਘ ਸਚ ਸਰਨਾਈਆ । ਕਾਗਦ ਕਲਮ ਹੋਏ ਹੈਰਾਨ, ਲਿਖ ਲਿਖ ਭੇਖ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੇਅੰਤ ਬੇਅੰਤ ਸਾਰੇ ਗਾਣ, ਦਰ ਬੈਠੇ ਸੀਸ ਝੁਕਾਈਆ । ਸ੍ਰਿਸ਼ਟ ਸਬਾਈ ਏਕਾ ਕਾਹਨ, ਪੁਰਖ ਅਬਿਨਾਸ਼ੀ ਲੱਖ ਚੁਰਾਸੀ ਗੋਪੀ ਮਾਤ ਹੰਢਾਈਆ । ਸਚਖੰਡ ਵਸੇ ਸਚ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਜਗਤ ਵਿਛੋੜਾ ਦਏ ਕਟਾਈਆ । ਗੁਰਸਿਖ ਜਗਤ ਵਿਛੋੜਾ ਕੱਟ, ਸਤਿਗੁਰ ਆਪਣਾ ਮੇਲ ਮਿਲਾਇੰਦਾ ।

ਦੂਈ ਦਵੈਤੀ ਮੇਟੇ ਫਟ, ਨਾਮ ਪੱਟੀ ਇਕ ਬੰਧਾਇੰਦਾ । ਅਨਹਦ ਸ਼ਬਦ ਲਗਾਏ ਸੱਟ, ਬਜਰ ਕਪਾਟੀ ਤੋੜ ਤੁੜਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਤਮ ਅੰਦਰ ਕਰ ਕਰ ਵਾਸ, ਧੀਰਜ ਧੀਰ ਧੀਰ ਧਰਾਇੰਦਾ । ਗੁਰਸਿਖ ਕਦੇ ਨਾ ਹੋਏ ਨਿਰਾਸ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨਾਤਾ ਤੋੜੇ ਦਸ ਦਸ ਮਾਸ, ਮਾਤ ਗਰਭ ਨਾ ਫੇਰਾ ਪਾਇੰਦਾ । ਲੇਖੇ ਲਾਏ ਰਸਨ ਸਵਾਸ, ਸਵਾਸ ਸਵਾਸਾਂ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਗੁਰਮੁਖ ਗੁਰ ਗੁਰ ਗੋਦ ਬਹਾਇੰਦਾ । ਗੁਰਸਿਖ ਤੇਰਾ ਸੱਚਾ ਨਾਤਾ, ਗੁਰ ਚਰਨ ਮਿਲੇ ਸਰਨਾਈਆ । ਪਾਰਬ੍ਰਹਮ ਪ੍ਰਭ ਮਿਲੇ ਬਿਧਾਤਾ, ਪਰਮ ਪੁਰਖ ਵਡ ਵਡਿਆਈਆ । ਸਾਚਾ ਮੰਤਰ ਸੁਣਾਏ ਗਾਥਾ, ਸੋਹੰ ਸੋ ਕਰੇ ਪੜ੍ਹਾਈਆ । ਹੋਏ ਸਹਾਈ ਸਗਲਾ ਸਾਥਾ, ਅੰਗ ਸੰਗ ਸੰਗ ਅੰਗ ਆਪਣਾ ਬੰਧਨ ਪਾਈਆ । ਪਾਰ ਉਤਾਰੇ ਕਲਜੁਗ ਘਾਟਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਪਾਰ ਲੰਘਾਈਆ । ਗੁਰਸਿਖ ਪਾਰ ਜਾਣਾ ਲੰਘ, ਸਤਿਗੁਰ ਪੂਰਾ ਆਪ ਲੰਘਾਇੰਦਾ । ਨਾਮ ਵਖਾਏ ਮੁਹਾਣਾ ਵੰਜ, ਦੋ ਜਹਾਨਾਂ ਆਪ ਲਗਾਇੰਦਾ । ਸਚਖੰਡ ਸੁਹਾਏ ਸੇਜ ਪਲੰਘ, ਸੇਜ ਸੁਹੰਜਣੀ ਆਪ ਵਡਿਆਇੰਦਾ । ਗੁਰਸਿਖਾਂ ਦੇਵੇ ਇਕ ਅਨੰਦ, ਰਸਨਾ ਜਿਹਵਾ ਰਸ ਨਾ ਕੋਇ ਚਖਾਇੰਦਾ । ਲੱਖ ਚੁਰਾਸੀ ਮੁੱਕੇ ਪੰਧ, ਜਨਮ ਮਰਨ ਗੇੜ ਕਟਾਇੰਦਾ । ਸਚਖੰਡ ਦੁਆਰੇ ਇਕ ਸੁਣਾਏ ਸੁਹਾਗੀ ਛੰਦ, ਸੋਹੰ ਅੱਖਰ ਆਪ ਪੜ੍ਹਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਗੁਰਮੁਖ ਆਪਣਾ ਬੰਧਨ ਪਾਇੰਦਾ । ਦਰਗਹਿ ਸਾਚੀ ਬਣ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਪਾਰ ਕਰਾਇੰਦਾ । ਗੁਰਸਿਖ ਤੇਰਾ ਸਾਚਾ ਰਾਹ, ਹਰਿ ਸਤਿਗੁਰ ਆਪ ਬਣਾਇੰਦਾ । ਪਾਰਬ੍ਰਹਮ ਪ੍ਰਭ ਬਣ ਮਲਾਹ, ਬੇੜਾ ਪਾਰ ਕਰਾਇੰਦਾ । ਜੁਗ ਜੁਗ ਦੇਵੇ ਸਚ ਸਲਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਹਰਿਜਨ ਸੱਜਣ ਲਏ ਉਠਾ, ਫੜ ਬਾਂਹੋਂ ਗਲੇ ਲਗਾਇੰਦਾ । ਕਲਜੁਗ ਅੰਤਮ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜ੍ਹਾਏ ਏਕਾ ਮੰਤਰ, ਮੰਤਰ ਆਪਣਾ ਆਪ ਸਮਝਾਇੰਦਾ । ਸਾਚਾ ਮੰਤਰ ਅਲੱਖ ਅਭੇਵ, ਅਗੰਮ ਅਥਾਹ ਆਪ ਜਣਾਈਆ । ਚਰਨ ਸਰਨ ਗੁਰ ਸਾਚੀ ਸੇਵ, ਸੇਵਕ ਸੇਵਾ ਇਕ ਰਖਾਈਆ । ਮੇਲ ਮਿਲਾਏ ਵਡ ਦੇਵੀ ਦੇਵ, ਦੇਵ ਆਤਮਾ ਹੋ ਸਹਾਈਆ । ਅੰਮ੍ਰਿਤ ਰਸ ਦੇਵੇ ਸਾਚਾ ਮੇਵ, ਸੋਹੰ ਹੰਸਾ ਫਲ ਖੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਗਾਏ ਆਪਣੇ ਲੜ ਆਪਣਾ ਨਾਤਾ ਪੁਰਖ ਬਿਧਾਤਾ, ਨਿਹਕਰਮੀ ਬਿਨ ਕਰਮਾਂ ਜੋੜ ਜੋੜਾਈਆ ।

ਭੂਤ ਪ੍ਰੇਤ ਨਾ ਰਹੇ ਜਿਨ ਖਵੀਸ, ਹਾਕਣ ਡਾਕਣ ਸਿਰ ਮੁੰਡਵਾਇੰਦਾ । ਸ਼ਬਦੀ ਸ਼ਬਦ ਸੁਣਾਏ ਸਚ ਹਦੀਸ, ਹਜ਼ਰਤ ਆਪਣਾ ਨਾਉਂ ਪੜ੍ਹਾਇੰਦਾ । ਪ੍ਰਿਥਮੀ ਅਕਾਸ਼ ਵੇਖਣਹਾਰਾ ਬੀਸਨ ਬੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਭੂਤ ਪ੍ਰੇਤ ਦੱਸੇ ਰਾਹ, ਫੜ ਬਾਂਹੋਂ ਆਪ ਉਠਾਈਆ । ਸਤਿਗੁਰ ਪੂਰਾ ਮਿਲੇ ਮਲਾਹ, ਲੇਖਾ ਸਭ ਦਾ ਦਏ ਚੁਕਾਈਆ । ਮੇਰਾ ਜਾਮਾ ਦਏ ਬਦਲਾ, ਬਦਲੀ

ਕਰੇ ਥਾਉਂ ਥਾਈਆ । ਗੁਰਸਿਖ ਸਤਿਗੁਰ ਅੱਗੇ ਇਕ ਅਰਦਾਸਾ ਦਏ ਕਰਾ, ਮੇਰੀ ਕੱਟੇ ਪਿਛਲੀ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਦੋਹਾਂ ਦਏ ਮੁਕਾਈਆ ।

### ❇ ੨੮ ਹਾੜ ੨੦੧੯ ਬਿਕ੍ਰਮੀ ਰਾਮ ਸਿੰਘ, ਗੁਰਦੇਵ ਸਿੰਘ ਦੇ ਗ੍ਰਿਹ ਮਾਣਕ ਪੁਰ ਕੱਲਰ ❇

ਸਤਿ ਪੁਰਖ ਹਰਿ ਸ਼ਾਹ ਸੁਲਤਾਨ, ਸਤਿ ਸਤਿਵਾਦੀ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਹਰਿ ਪੁਰਖ ਨਿਰੰਜਣ ਭੇਵ ਚੁਕਾਇੰਦਾ । ਏਕੰਕਾਰ ਵਡ ਬਲਵਾਨ, ਆਦਿ ਨਿਰੰਜਣ ਨੂਰ ਪਰਗਟਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਸ੍ਰੀ ਭਗਵਾਨ ਸਚਖੰਡ ਦੁਆਰੇ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਗੁਣ ਨਿਧਾਨ, ਨਿਰਗੁਣ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਹੋ ਪਰਧਾਨ, ਅਕਲ ਕਲ ਆਪਣੀ ਖੇਲ ਕਰਾਇੰਦਾ । ਭੂਪਤ ਭੂਪ ਬਣ ਰਾਜਾਨ, ਸੀਸ ਜਗਦੀਸ ਤਾਜ ਸੁਹਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸੋ ਪੁਰਖ ਨਿਰੰਜਣ ਸਾਚਾ ਰੰਗ, ਸਤਿ ਸਤਿਵਾਦੀ ਆਪ ਰੰਗਾਈਆ । ਹਰਿ ਪੁਰਖ ਨਿਰੰਜਣ ਸਚ ਪਲੰਘ, ਸਚਖੰਡ ਦੁਆਰੇ ਆਪ ਸੁਹਾਈਆ । ਏਕੰਕਾਰਾ ਸੂਰਾ ਸਰਬੰਗ, ਕਰੇ ਖੇਲ ਬੇਪਰਵਾਹੀਆ । ਆਦਿ ਨਿਰੰਜਣ ਨੂਰੀ ਚੰਦ, ਨਿਰਾਕਾਰ ਆਪ ਚਮਕਾਈਆ । ਅਬਿਨਾਸ਼ੀ ਕਰਤਾ ਆਪਣੀ ਵੰਡਣ ਆਪੇ ਵੰਡ, ਸ੍ਰੀ ਭਗਵਾਨ ਨਾਲ ਮਿਲਾਈਆ । ਪਾਰਬ੍ਰਹਮ ਪ੍ਰਭ ਜਾਣੇ ਸਚ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਹਰਿ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਆਦਿ ਪੁਰਖ ਪੁਰਖ ਉਜਿਆਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਸੋਭਾਵੰਤ ਆਪ ਸੁਹਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਰਾਜਨ ਰਾਜ ਨਾਉਂ ਧਰਾਇੰਦਾ । ਹੁਕਮੇ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਦਰ ਦਰਵੇਸ਼ ਬਣ ਦਰਬਾਨਾ, ਘਰ ਸਾਚੇ ਅਲਖ ਜਗਾਇੰਦਾ । ਨਿਉਂ ਨਿਉਂ ਸੀਸ ਜਗਦੀਸ ਕਰੇ ਨਿਮਸਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪੁਰਖ ਅਗੰਮ, ਅਲੱਖ ਅਗੋਚਰ ਆਪ ਕਰਾਈਆ । ਨਿਰਗੁਣ ਰੂਪ ਸ੍ਰੀ ਭਗਵਨ, ਸਚਖੰਡ ਵਸੇ ਸੱਚਾ ਮਾਹੀਆ । ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜੋਤ ਡਗਮਗਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਜਣਾਈਆ । ਸਾਚਾ ਲੇਖਾ ਸ੍ਰੀ ਭਗਵੰਤ, ਆਪ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਕੰਤੂਹਲ ਸੇਜ ਸੁਹਾਇੰਦਾ । ਕਰੇ ਖੇਲ ਬੇਅੰਤ ਬੇਅੰਤ, ਬੇਅੰਤ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਇੰਦਾ । ਸਾਚੀ ਕਰਨੀ ਰੱਖੇ ਹੱਥ, ਪ੍ਰਭ ਵਡੀ ਵਡ ਵਡਿਆਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਸਚਖੰਡ ਦੁਆਰੇ ਸਾਚੇ ਵਸ, ਛੱਪਰ ਛੰਨ ਨਾ ਕੋਈ ਛੁਹਾਈਆ । ਏਕਾ ਨੂਰ ਕਰ ਪਰਕਾਸ਼,

ਪਰਕਾਸ਼ਵਾਨ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਰਚਨਾ ਆਪ ਰਚਾਈਆ । ਰਚਨਾ ਰਚ ਆਦਿ ਆਦਿ, ਹਰਿ ਜੂ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਜੁਗਾਦਿ ਜੁਗਾਦਿ, ਭੇਵ ਕੋਇ ਨਾ ਪਾਇੰਦਾ । ਦੇਵਣਹਾਰਾ ਸਾਚੀ ਦਾਦ, ਵਸਤ ਅਮੋਲਕ ਆਪ ਵਰਤਾਇੰਦਾ । ਨਿਰਗੁਣ ਨਿਰਗੁਣ ਕਰੇ ਲਾਡ, ਘਰ ਸਾਚੇ ਬੰਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪ ਵਡਿਆਇੰਦਾ । ਗ੍ਰਿਹ ਮੰਦਰ ਵੇਖੇ ਹਰਿ ਮਨਾਰ, ਮਹਿਮਾ ਅਗਣਤ ਗਣੀ ਨਾ ਜਾਈਆ । ਪਰਗਟ ਹੋ ਏਕੰਕਾਰ, ਅਕਲ ਕਲ ਆਪਣੀ ਖੇਲ ਕਰਾਈਆ । ਸਾਚੇ ਮੰਦਰ ਨਿਰਗੁਣ ਧਾਰ, ਨਿਰਾਕਾਰ ਆਪ ਪਰਗਟਾਈਆ । ਅਜੂਨੀ ਰਹਿਤ ਹੋ ਤਿਆਰ, ਅਨੁਭਵ ਪਰਕਾਸ਼ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਪੇ ਖੜ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਸਚਖੰਡ ਦੁਆਰੇ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਏਕ ਓਅੰਕਾਰਾ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਫੜਾਏ ਪੱਲਾ, ਪੱਲੂ ਆਪਣੇ ਗੰਢ ਬੰਧਾਇੰਦਾ । ਜੋਤੀ ਧਾਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕਾ ਮੱਲਾ, ਮੁਕਾਮੇ ਹੱਕ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਆਪਣਾ ਵੇਸ ਵਟਾਇੰਦਾ । ਨਰ ਨਰਾਇਣ ਵੇਸ ਅਪਾਰਾ, ਅਪਰੰਪਰ ਆਪਣੀ ਧਾਰ ਚਲਾਈਆ । ਸੋ ਪੁਰਖ ਨਿਰੰਜਣ ਹੋ ਤਿਆਰਾ, ਹਰਿ ਪੁਰਖ ਨਿਰੰਜਣ ਲਏ ਉਠਾਈਆ । ਏਕੰਕਾਰਾ ਕਰ ਪਸਾਰਾ, ਆਪਣਾ ਵੇਖੇ ਆਪੇ ਥਾਉਂ ਥਾਈਆ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਸਚ ਭੰਡਾਰਾ, ਦਰ ਘਰ ਸਾਚੇ ਆਪ ਪਰਗਟਾਈਆ । ਅਬਿਨਾਸ਼ੀ ਕਰਤਾ ਬਣ ਵਰਤਾਰਾ, ਆਪਣੀ ਝੋਲੀ ਆਪ ਭਰਾਈਆ । ਪਾਰਬ੍ਰਹਮ ਪ੍ਰਭ ਬਣ ਭਿਖਾਰਾ, ਦਰ ਬੈਠਾ ਅਲੱਖ ਜਗਾਈਆ । ਕਰੇ ਖੇਲ ਅਪਰ ਅਪਾਰਾ, ਦਿਸ ਕਿਸੇ ਨਾ ਆਈਆ । ਆਦਿ ਪੁਰਖ ਬਣ ਵਣਜਾਰਾ, ਸਾਚਾ ਹੱਟ ਆਪ ਚਲਾਈਆ । ਸਚਖੰਡ ਦੁਆਰ ਖੋਲ੍ਹ ਕਿਵਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਭੇਵ ਆਪ ਚੁਕਾਈਆ । ਹਰਿ ਜੂ ਭੇਵ ਆਪਣਾ ਚੁੱਕ, ਅਭੇਦ ਆਪ ਜਣਾਇੰਦਾ । ਨਿਰਗੁਣ ਅੰਦਰ ਨਿਰਗੁਣ ਲੁਕ, ਆਪਣਾ ਮੁੱਖ ਛੁਪਾਇੰਦਾ । ਕਿਸੇ ਨਜ਼ਰ ਨਾ ਆਏ ਚਾਰ ਕੁੰਟ, ਦਹਿ ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਏਕਾ ਏਕ, ਏਕੰਕਾਰ ਦਏ ਵਡਿਆਈਆ । ਆਦਿ ਜੁਗਾਦੀ ਸਾਚੀ ਟੇਕ, ਸਮਰਥ ਹੱਥ ਵਡੀ ਵਡਿਆਈਆ । ਆਪੇ ਲਿਖਣਹਾਰਾ ਲੇਖ, ਲੇਖਾ ਆਪਣਾ ਨਾ ਕਿਸੇ ਜਣਾਈਆ । ਆਪਣੇ ਅੰਤਰ ਆਪਣਾ ਭੇਖ, ਬਣ ਭੇਖੀ ਵੇਸ ਵਟਾਈਆ । ਕਰੇ ਖੇਲ ਆਦਿ ਅੰਤ ਹਮੇਸ਼, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਘਰ ਬੈਠਾ ਆਸਣ ਲਾਈਆ । ਘਰ ਆਸਣ ਲਾਏ ਹਰਿ ਨਿਰੰਕਾਰ, ਭੇਵ ਕੋਇ ਨਾ ਪਾਇੰਦਾ । ਸਚਖੰਡ ਦੁਆਰਾ ਕਰ ਤਿਆਰ, ਚਾਰ ਦੁਆਰ ਨਾ ਕੋਇ ਵਖਾਇੰਦਾ । ਆਪਣੀ ਇਛਿਆ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਾਚੀ ਭਿਛਿਆ ਨਿਰਗੁਣ ਧਾਰ, ਵਸਤ ਅਮੋਲਕ ਆਪ ਵਰਤਾਇੰਦਾ ।

ਖੇਲੇ ਖੇਲ ਅਗੰਮ ਅਪਾਰ, ਆਪ ਆਪਣੀ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਸਾਚਾ ਹੱਟ ਚਲਾਇੰਦਾ । ਸਚਖੰਡ ਦੁਆਰ ਸਾਚਾ ਹੱਟ, ਹਰਿ ਜੂ ਹਰਿ ਹਰਿ ਆਪ ਖੁਲ੍ਹਾਈਆ । ਆਪਣੀ ਵਸਤ ਅੰਦਰ ਘਤ, ਆਪੇ ਵੇਖੇ ਚਾਈਂ ਚਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਦਾਤਾ ਬੇਪਰਵਾਹੀਅ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਜਸ, ਆਪੇ ਹੋਏ ਸਿਫ਼ਤ ਸਲਾਹੀਆ । ਆਪੇ ਸਿਫ਼ਤ ਸਲਾਹ, ਦਇਆ ਕਮਾਇੰਦਾ । ਆਪੇ ਬਣੇ ਸਚ ਮਲਾਹ, ਸਚਖੰਡ ਸਾਚੇ ਡੇਰਾ ਲਾਇੰਦਾ । ਆਪ ਜਣਾਏ ਆਪਣਾ ਰਾਹ, ਸਾਚਾ ਮਾਰਗ ਆਪ ਵਖਾਇੰਦਾ । ਆਪ ਸੁਹਾਏ ਸਾਚਾ ਥਾਂ, ਥਾਨ ਥਨੰਤਰ ਆਪ ਵਡਿਆਇੰਦਾ । ਆਪੇ ਪਿਤਾ ਆਪੇ ਮਾਂ, ਨਾਰ ਕੰਤ ਆਪਣੀ ਸੇਜ ਸੁਹਾਇੰਦਾ । ਆਪੇ ਨਿਰਗੁਣ ਨਿਰਗੁਣ ਪਕੜੇ ਬਾਂਹ, ਬਾਂਹੋਂ ਪਕੜ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਗ੍ਰਿਹ ਮੰਦਰ ਆਪ ਵਡਿਆਇੰਦਾ । ਗ੍ਰਿਹ ਮੰਦਰ ਵੜਿਆ ਹਰਿ ਜੂ ਹਰਿ, ਨਿਰਗੁਣ ਆਪਣਾ ਵੇਸ ਵਟਾਈਆ । ਆਪੇ ਦੇਵਣਹਾਰਾ ਵਰ, ਆਪੇ ਝੋਲੀ ਰਿਹਾ ਭਰਾਈਆ । ਆਪੇ ਪੁਰਖ ਨਾਰੀ ਨਰ, ਨਰ ਨਰਾਇਣ ਵਡੀ ਵਡਿਆਈਆ । ਆਪੇ ਸੇਜਾ ਬੈਠਾ ਚੜ੍ਹ, ਸੇਜ ਸੁਹੰਜਣੀ ਆਪ ਸੁਹਾਈਆ । ਆਪਣੀ ਕਿਰਪਾ ਆਪੇ ਕਰ, ਕਿਰਪਨ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਨਰ, ਨਰ ਨਿਰੰਕਾਰ ਬੇਪਰਵਾਹੀਆ । ਆਦਿ ਪੁਰਖ ਏਕੰਕਾਰਾ, ਆਪਣੀ ਕਲ ਧਰਾਇੰਦਾ । ਸਚਖੰਡ ਦੁਆਰਾ ਕਰ ਤਿਆਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਨਾਰੀ ਕੰਤ ਬਣ ਭਤਾਰਾ, ਹਰਿ ਆਪਣਾ ਰੂਪ ਵਟਾਇੰਦਾ । ਦਾਈ ਦਾਇਆ ਬਣ ਸੇਵਾਦਾਰਾ, ਸਾਚੀ ਸੇਵਾ ਆਪ ਕਮਾਇੰਦਾ । ਜਨਨੀ ਜਨ ਜਣੇ ਸੁਤ ਦੁਲਾਰਾ, ਪੂਤ ਸਪੂਤਾ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਆਪਣਾ ਪੜਦਾ ਆਪ ਉਠਾਇੰਦਾ । ਸਾਚਾ ਪੜਦਾ ਹਰਿ ਜੂ ਲਾਹ, ਆਪਣੀ ਦਇਆ ਆਪ ਕਮਾਈਆ । ਪੂਤ ਸਪੂਤਾ ਆਪੇ ਜਾਅ, ਹਰਿ ਸ਼ਬਦੀ ਨਾਉਂ ਧਰਾਈਆ । ਜੋਤੀ ਪਿਤਾ ਜੋਤੀ ਮਾਂ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜਾਤਾ ਵੇਖੇ ਨੈਣ ਉਠਾ, ਨਿਜ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਘਾੜਣ ਆਪ ਘੜਾਈਆ । ਘਾੜਨ ਘੜਿਆ ਅਬਿਨਾਸ਼ੀ ਅਚੁੱਤ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਏਕਾ ਜਣਿਆ ਸਾਚਾ ਸੁਤ, ਸ਼ਬਦੀ ਨਾਉਂ ਰਖਾਇੰਦਾ । ਆਪ ਸੁਹਾਏ ਆਪਣੀ ਰੁੱਤ, ਆਪੇ ਵੇਖ ਵਖਾਇੰਦਾ । ਪੰਜ ਤਤ ਨਾ ਕੋਇ ਬੁੱਤ, ਨਿਰਗੁਣ ਨੂਰ ਡਗਮਗਾਇੰਦਾ । ਸਾਚੀ ਧਾਰੋਂ ਆਪੇ ਉਠ, ਪਰਗਟ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਆਪ ਪਰਗਟਾਇੰਦਾ । ਸਾਚਾ ਸੁਤ ਸੁਤ ਦੁਲਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਸਚਖੰਡ ਦੁਆਰੇ ਦਏ ਹੁਲਾਰਾ, ਹਰਿ ਹਰਿ ਆਪਣੀ ਗੋਦ ਸੁਹਾਈਆ । ਕਰੇ ਖੇਲ ਅਗੰਮੜੀ ਕਾਰਾ, ਅਗੰਮ ਅਗੰਮੜੀ ਕਾਰ ਕਮਾਈਆ । ਘਰ ਵਿਚ ਘਰ ਕਰੇ ਪਿਆਰਾ, ਘਰ ਮੰਦਰ ਦਏ ਵਡਿਆਈਆ । ਸਚਖੰਡ ਅੰਦਰ ਥਿਰ ਘਰ ਦੁਆਰਾ, ਧੁਰ ਦਰਬਾਰੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਥਿਰ ਘਰ ਦੇਵੇ ਹਰਿ ਜੂ ਮਾਣ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਸੁਤ ਦੁਲਾਰੇ

ਵੇਖ ਮਾਰ ਧਿਆਨ, ਧਿਆਨ ਨਾਲ ਰਲਾਇੰਦਾ । ਸਾਚਾ ਮੰਦਰ ਇਕ ਮਕਾਨ, ਤੇਰੀ ਵੰਡ ਵੰਡਾਇੰਦਾ । ਅੱਠੇ ਪਹਿਰ ਰਹੇ ਨਿਗਹਬਾਨ, ਆਦਿ ਜੁਗਾਦਿ ਵੇਖ ਵਖਾਇੰਦਾ । ਤੇਰਾ ਲੇਖਾ ਜਾਣੇ ਸ੍ਰੀ ਭਗਵਾਨ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਥਿਰ ਘਰ ਸਾਚੇ ਆਪ ਬਹਾਇੰਦਾ । ਸੁਤ ਦੁਲਾਰਾ ਦੋਏ ਜੋੜ, ਪ੍ਰਭ ਮੰਗੇ ਸਰਨ ਸਰਨਾਈਆ । ਪੁਰਖ ਅਬਿਨਾਸ਼ੀ ਏਕਾ ਤੇਰੀ ਲੋੜ, ਦੂਜਾ ਸੰਗ ਨਾ ਕੋਇ ਰਖਾਈਆ । ਆਦਿ ਜੁਗਾਦਿ ਜਾਣਾ, ਬੌੜ੍ਹ, ਚਰਨ ਕਵਲ ਧਿਆਨ ਰਿਹਾ ਲਗਾਈਆ । ਤੇਰੇ ਦਰਸ ਏਕਾ ਔੜ, ਮੇਰੀ ਤ੍ਰਿਖਾ ਨਾ ਕੋਇ ਬੁਝਾਈਆ । ਥਿਰ ਘਰ ਅੰਦਰ ਤੇਰਾ ਪੌੜ, ਸਚਖੰਡ ਦੁਆਰੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਸੁਤ ਦੁਲਾਰਾ ਸ਼ਬਦ ਨਾਦਾਨ, ਪ੍ਰਭ ਅੱਗੇ ਸੀਸ ਝੁਕਾਇੰਦਾ । ਹਉਂ ਬਾਲਕ ਰੂਪ ਅਞਾਣ, ਤੇਰਾ ਅੰਤ ਕੋਇ ਨਾ ਆਇੰਦਾ । ਥਿਰ ਘਰ ਵਸਾਂ ਤੇਰੇ ਮਕਾਨ, ਇਕ ਤੇਰੀ ਓਟ ਤਕਾਇੰਦਾ । ਸਚ ਸੰਦੇਸਾ ਦੇਣਾ ਹਰਿ ਜੂ ਆਣ, ਇਕੋ ਦਰ ਤੇਰੇ ਆਸ ਰਖਾਇੰਦਾ । ਤੂੰ ਸ਼ਾਹ ਪਾਤਸ਼ਾਹ ਰਾਜ ਰਾਜਾਨ, ਹਉਂ ਰਈਅਤ ਰੂਪ ਵਟਾਇੰਦਾ । ਨਿਤ ਗਾਵਾਂ ਤੇਰਾ ਗਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਲਗਾਇੰਦਾ । ਦਰ ਤੇਰੇ ਲੱਗੀ ਆਸ, ਪ੍ਰਭ ਵੱਡੇ ਵਡ ਵਡਿਆਈਆ । ਆਦਿ ਜੁਗਾਦਿ ਬੁਝਾਏ ਪਿਆਸ, ਤ੍ਰਿਸਨਾ ਤ੍ਰਿਖਾ ਨਾ ਲਾਗੇ ਰਾਈਆ । ਤੇਰਾ ਰੂਪ ਮੇਰਾ ਸਾਥ, ਨਿਰਗੁਣ ਨਿਰਗੁਣ ਵਿਛੜ ਕਦੇ ਨਾ ਜਾਈਆ । ਸਾਹਿਬ ਦਾਤਾਰ ਠਾਕਰ ਸੁਆਮੀ ਪੁਰਖ ਸਮਰਾਥ, ਨਿਹਚਲ ਤੇਰਾ ਥਾਮ ਜਿਸ ਦਰ ਬੈਠਾ ਆਸਣ ਲਾਈਆ । ਮੈਂ ਸੁਣਾਂ ਤੇਰਾ ਇਕ ਪੈਗ਼ਾਮ, ਸਚ ਸੰਦੇਸਾ ਦੇਣਾ ਅਲਾਈਆ । ਮੈਂ ਬਣਿਆ ਰਹਾਂ ਗੁਲਾਮ, ਬਣ ਬਰਦਾ ਸੇਵ ਕਮਾਈਆ । ਤੇਰਾ ਪਕੜੀ ਰੱਖਾਂ ਦਾਮ, ਦਾਮਨ ਛੁੱਟ ਕਦੇ ਨਾ ਜਾਈਆ । ਤੇਰੇ ਹੁਕਮੇ ਅੰਦਰ ਮੰਨਾ ਤੇਰਾ ਨਿਜ਼ਾਮ, ਹਕੂਮਤ ਤੇਰੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕ਼ਤ ਆਪਣਾ ਮੇਲਾ ਲਏ ਮਿਲਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਥਿਰ ਘਰ ਦੁਆਰੇ ਸੁਣੇ ਹਾਲ, ਘਰ ਘਰ ਵਿਚ ਮੇਲ ਮਿਲਾਇੰਦਾ । ਪੂਤ ਸਪੂਤੇ ਸਾਚੇ ਲਾਲ, ਲਾਲਨ ਤੇਰਾ ਰੰਗ ਰੰਗਾਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲ, ਧੁਰ ਦਰਬਾਰਾ ਆਪ ਖੁਲ੍ਹਾਇੰਦਾ । ਵਸਤ ਅਮੋਲਕ ਤੇਰੀ ਝੋਲੀ ਡਾਲ, ਸਚ ਖਜ਼ੀਨਾ ਇਕ ਭਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਦੀਪਕ ਦੇਵੇ ਬਾਲ, ਜੋਤੀ ਜੋਤ ਜੋਤ ਡਗਮਗਾਇੰਦਾ । ਤ੍ਰੈਗੁਣ ਮਾਇਆ ਦੇਵੇ ਨਾਲ, ਪੰਚਮ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਸੁਣਾਇੰਦਾ । ਧੁਰ ਸੰਦੇਸਾ ਆਦਿ ਪੁਰਖ, ਸਚਖੰਡ ਦੁਆਰੇ ਆਪ ਸੁਣਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਚਿਖਾ ਨਾ ਕੋਇ ਜਲਾਈਆ । ਪੂਤ ਸਪੂਤੇ ਕਰ ਕਰ ਤਰਸ, ਰਹਿਮਤ ਤੇਰੇ ਉਤੇ ਕਮਾਈਆ । ਅੰਮ੍ਰਿਤ ਮੇਘ ਏਕਾ ਬਰਸ, ਸਾਂਤਕ ਸਤਿ ਸਤਿ ਵਰਤਾਈਆ । ਤੇਰੀ ਅੰਤਮ ਮੇਟੇ ਹਰਸ, ਹਰਿ ਜੂ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਾਚਾ ਭੇਵ ਹਰਿ ਜੂ ਖੋਲ੍ਹੇ, ਨਿਰਗੁਣ ਨਿਰਗੁਣ ਸ਼ਬਦ ਅਲਾਇੰਦਾ । ਸਚਖੰਡ ਦੁਆਰੇ ਆਪੇ ਬੋਲੇ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸ਼ਬਦ

ਅਗੰਮੀ ਸ਼ਬਦੀ ਕੰਡੇ ਤੋਲੇ, ਸਾਚਾ ਕੰਡਾ ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ, ਏਕਾ ਵਾਰ ਜਣਾਇੰਦਾ । ਸਚ ਸੰਦੇਸ਼ਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਚਲਾਏ ਰੀਤ, ਰੀਤੀਵਾਨ ਆਪ ਹੋ ਜਾਈਆ । ਏਕੰਕਾਰਾ ਖੇਲ ਕਰੇ ਅਣਡੀਠ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਆਦਿ ਨਿਰੰਜਣ ਬੈਠਾ ਰਹੇ ਅਤੀਤ, ਤ੍ਰੈਭਵਨ ਧਨੀ ਵਡ ਵਡਿਆਈਆ । ਅਬਿਨਾਸ਼ੀ ਕਰਤਾ ਜਣਾਏ ਸਚ ਪ੍ਰੀਤ, ਪ੍ਰੀਤੀਵਾਨ ਇਕ ਹੋ ਜਾਈਆ । ਸ੍ਰੀ ਭਗਵਾਨ ਆਦਿ ਜੁਗਾਦਿ ਸਭ ਨੂੰ ਜਾਏ ਜੀਤ, ਹਾਰ ਨਜ਼ਰ ਕਿਤੇ ਨਾ ਆਈਆ । ਪਾਰਬ੍ਰਹਮ ਗਾਏ ਸਾਚਾ ਗੀਤ, ਸੋਹਲਾ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਏ ਵਡਿਆਈਆ । ਸੁਤ ਦੁਲਾਰੇ ਜਾਣਾ ਜਾਗ, ਹਰਿ ਜੂ ਹਰਿ ਹਰਿ ਆਪ ਜਗਾਇੰਦਾ । ਥਿਰ ਘਰ ਲੱਗੇ ਭਾਗ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਗਾਏ ਚਿਰਾਗ਼, ਤੇਲ ਬਾਤੀ ਆਪ ਟਿਕਾਇੰਦਾ । ਤ੍ਰੈਗੁਣ ਮਾਇਆ ਬਣਾਏ ਸਾਕ, ਪੰਚਮ ਨਾਤਾ ਜੋੜ ਜੋੜਾਇੰਦਾ । ਲੱਖ ਚੁਰਾਸੀ ਖੋਲ੍ਹੇ ਤਾਕ, ਘਰ ਘਰ ਆਪਣਾ ਆਸਣ ਲਾਇੰਦਾ । ਦੋ ਜਹਾਨਾਂ ਵੇਖੇ ਖੇਲ ਤਮਾਸ਼, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਰੰਗ ਰੰਗਾਇੰਦਾ । ਰਵ ਸਸ ਕਰੇ ਪਰਕਾਸ਼, ਕਿਰਨ ਕਿਰਨ ਕਿਰਨ ਚਮਕਾਇੰਦਾ । ਨਿਰਗੁਣ ਸਰਗੁਣ ਕਰੇ ਵਾਸ, ਸਰਗੁਣ ਆਪਣੀ ਕਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਸਮਝਾਇੰਦਾ । ਸੁਤ ਦੁਲਾਰੇ ਕਰ ਧਿਆਨ, ਹਰਿ ਸਤਿਗੁਰ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਤੇਰੀ ਮਹਿਮਾ ਆਪ ਬਣਾਈਆ । ਲੋਕ ਪਰਲੋਕ ਦੇਵੇ ਤੇਰਾ ਗਿਆਨ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੇ ਤੀਰ ਇਕ ਨਿਸ਼ਾਨ, ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਸਮਝਾਈਆ । ਸ਼ਬਦੀ ਸੁਤ ਵੇਖ ਵਿਚਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰੇ ਅੰਤਰ ਮੇਰੀ ਧਾਰ, ਮੇਰੀ ਧਾਰ ਤੇਰਾ ਰੂਪ ਵਖਾਇੰਦਾ । ਮੇਰਾ ਨਾਉਂ ਏਕੰਕਾਰ, ਏਕੰਕਾਰਾ ਤੇਰਾ ਰੂਪ ਵਟਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਰ ਘਰ ਆਪਣਾ ਖੇਲ ਕਰਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਪਰਮ ਪੁਰਖ ਪ੍ਰਭ ਭੇਵ ਚੁਕਾਇੰਦਾ । ਪਰਮਾਤਮ ਆਤਮ ਦਏ ਅਧਾਰ, ਧੀਰਜ ਧੀਰ ਇਕ ਰਖਾਇੰਦਾ । ਬ੍ਰਹਮ ਪਾਰਬ੍ਰਹਮ ਵੇਖੇ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਈਸ਼ ਜੀਵ ਕਰਾਏ ਵਣਜ ਵਾਪਾਰ, ਜਗਦੀਸ ਸਾਚਾ ਹੱਟ ਚਲਾਇੰਦਾ । ਅੰਸ ਬੰਸ ਤੇਰਾ ਪਰਵਾਰ, ਸਹੰਸ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਲੈਣਾ ਜਾਣ, ਜਾਨਣਹਾਰਾ ਆਪ ਜਣਾਈਆ । ਆਦਿ ਪੁਰਖ ਤੇਰੀ ਰਚਨਾ ਰਚੀ ਆਣ, ਆਪੇ ਵੇਖੇ ਚਾਈਂ ਚਾਈਆ । ਲੱਖ ਚੁਰਾਸੀ ਕਰ ਪਰਧਾਨ, ਸਚ ਪਰਧਾਨਗੀ ਇਕ ਵਖਾਈਆ । ਨਿਰਗੁਣ ਸਰਗੁਣ ਕਰ ਪਰਵਾਨ, ਮਾਨਸ ਮਾਨੁਖ ਦਏ ਵਡਿਆਈਆ । ਪੰਜ ਤਤ ਜਗਤ ਨਿਸ਼ਾਨ, ਸਤਿ ਨਿਸ਼ਾਨਾ ਇਕ ਝੁਲਾਈਆ । ਆਤਮ ਪਰਮਾਤਮ ਮੇਲ ਮਿਲਾਏ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਰਿਹਾ ਜਣਾਈਆ । ਸ਼ਬਦ ਸੁਤ ਹਰਿ ਵਿਹਾਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਨਿਰਗੁਣ

ਸਰਗੁਣ ਆਪ ਕਰਾਇੰਦਾ । ਸੇਵਾ ਲਾਏ ਗੁਰ ਅਵਤਾਰਾ, ਗੁਰ ਗੁਰ ਤੇਰਾ ਨਾਉਂ ਪਰਗਟਾਇੰਦਾ । ਚਾਰ ਕੁੰਟ ਕੁੰਟ ਜੈਕਾਰਾ, ਜੈ ਜੈਕਾਰਾ ਤੇਰਾ ਨਾਉਂ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਦੱਸ, ਸ੍ਰੀ ਭਗਵਾਨ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਸ, ਬਿਨ ਰਸਨਾ ਆਪ ਚਖਾਇੰਦਾ । ਅੰਤਰ ਆਤਮ ਹਿਰਦੇ ਵਸ ਵਸ, ਹਰੀ ਹਰਿ ਆਪਣਾ ਰੰਗ ਰੰਗਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਗੁਆਇੰਦਾ । ਸਦਾ ਸੁਹੇਲਾ ਰੱਖੇ ਸਾਥ, ਸਗਲਾ ਸੰਗ ਨਿਭਾਇੰਦਾ । ਤੇਰਾ ਮੰਤਰ ਪੂਜਾ ਪਾਠ, ਇਸ਼ਟ ਦੇਵ ਤੇਰਾ ਨਾਉਂ ਰਖਾਇੰਦਾ । ਸਰ ਸਰੋਵਰ ਤੀਰਥ ਤਾਟ, ਤਟ ਕਿਨਾਰਾ ਤੇਰੇ ਅੰਗ ਲਗਾਇੰਦਾ । ਜੁਗਾ ਜੁਗੰਤਰ ਵੇਖੇ ਵਾਟ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਇੰਦਾ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਤੇਰੀ ਰਚਨਾ ਆਪ ਰਚਾਇੰਦਾ । ਸਾਚੇ ਮੰਦਰ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਲਹਿਣਾ ਦੇਣਾ ਜਾਣੇ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਆਪਣੇ ਹੁਕਮ ਭੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਵਾਰ ਸਮਝਾਇੰਦਾ । ਸਚ ਸੰਦੇਸਾ ਸੁਣਿਆ ਕੰਨ, ਹਰਿ ਸ਼ਬਦ ਧਿਆਨ ਲਗਾਈਆ । ਸੀਸ ਜਗਦੀਸ ਝੁਕਾਇਆ ਮੰਨ, ਮਨਸਾ ਹੋਰ ਨਾ ਕੋਇ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਮੇਰਾ ਬੇੜਾ ਦੇਣਾ ਬੰਨ੍ਹ, ਦੋ ਜਹਾਨ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਉਂ ਰਹਿਣ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਆਪੇ ਘੜੇਂ ਆਪੇ ਲਏਂ ਭੰਨ, ਭੰਨਣ ਘੜਨਹਾਰ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਦਰ ਤੇਰੇ ਝੋਲੀ ਦਿਤੀ ਅੱਡ, ਮੇਰੇ ਸਾਹਿਬ ਸੱਚੇ ਸੁਲਤਾਨਾ । ਥਿਰ ਘਰ ਦੁਆਰਿਉਂ ਨਾ ਲੈਣਾ ਕੱਢ, ਮੈਂ ਬਣਿਆ ਰਹਾਂ ਮਰਦ ਮਰਦਾਨਾ । ਨਾਤਾ ਜੁੜੇ ਨਾ ਹੱਡ ਮਾਸ ਨਾੜੀ ਤਤ, ਤਤਵ ਤਤ ਨਾ ਕੋਇ ਰਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੂਸਰ ਓਟ ਨਾ ਕੋਇ ਤਕਾਨਾ । ਦੂਸਰ ਓਟ ਨਾ ਰੱਖੀ ਆਸ, ਪ੍ਰਭ ਸਰਨ ਸੱਚੀ ਸਰਨਾਈਆ । ਜੁਗ ਜੁਗ ਵੇਖਾਂ ਖੇਲ ਤਮਾਸ਼, ਮੰਡਲ ਮੰਡਪ ਫੇਰਾ ਪਾਈਆ । ਸੇਵਾ ਕਰਾਂ ਬਣ ਬਣ ਦਾਸ, ਸੇਵਕ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਵੱਜੇ ਤੇਰੀ ਵਧਾਈਆ । ਜਿਸ ਘਰ ਵੱਜੇ ਤੇਰਾ ਨਾਦ, ਤੇਰੇ ਨਾਮ ਵਡਿਆਈਆ । ਸੋ ਘਰ ਸੱਜਣ ਲੈਣਾ ਲਾਦ, ਮਿਲ ਮਿਲ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਰੱਖੇ ਲਾਜ, ਸਮਰਥ ਹੱਥ ਵਡੀ ਵਡਿਆਈਆ । ਸਾਚੀ ਸਾਜਨ ਲਏ ਸਾਜ, ਸਾਜਨਹਾਰਾ ਦੇਰ ਨਾ ਲਾਈਆ । ਭਗਤ ਭਗਵੰਤ ਰਚੇ ਕਾਜ, ਲੋਕਮਾਤ ਖ਼ੁਸ਼ੀ ਮਨਾਈਆ । ਅੰਦਰ ਵੜ ਵੜ ਮਾਰੇ ਆਵਾਜ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਵਾਨ ਖ਼ੁਸ਼ੀ ਮਨਾਈਆ । ਸ਼ਬਦ ਸੁਤ ਤੇਰੀ ਪੂਰੀ ਕਰੇ ਆਸ, ਜਨ ਭਗਤਾਂ ਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਸ੍ਰੀ ਭਗਵਾਨ, ਆਦਿ ਪੁਰਖ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਮਹਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਗੁਰ ਗੁਰ ਰੂਪ ਵਿਚ ਜਹਾਨ, ਪੰਜ ਤਤ ਕਾਇਆ ਮਾਣ ਵਡਿਆਇੰਦਾ । ਪੀਰ ਪੈਗ਼ੰਬਰ ਦੇ ਦੇ ਮਾਣ, ਸਯਦਾ ਸੀਸ ਜਗਦੀਸ ਝੁਕਾਇੰਦਾ । ਬੋਧ

ਅਗਾਧਾ ਇਕ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਾਚਾ ਖੇਲ ਜੁਗ ਚੌਕੜੀ ਚਾਰ, ਚਾਰ ਵਰਨ ਜਣਾਈਆ । ਵੇਦ ਸ਼ਾਸਤਰ ਸਿਮਰਤ ਕਰ ਪਿਆਰ, ਗੀਤਾ ਗਿਆਨ ਦਏ ਸਮਝਾਈਆ । ਅੰਜੀਲ ਕੁਰਾਨ ਦਏ ਅਧਾਰ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਖਾਣੀ ਬਾਣੀ ਖੋਲ੍ਹ ਕਿਵਾੜ, ਏਕਾ ਮੰਤਰ ਦਏ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਹਰਿ ਅਖਵਾਈਆ । ਕੋਟਨ ਕੋਟ ਜੁਗ ਕਰੇ ਪਾਰ, ਥਿਰ ਕੋਇ ਰਹਿਣ ਨਾ ਪਾਈਆ । ਸ਼ਬਦੀ ਸੁਤ ਤੇਰੀ ਧਾਰ, ਅਬਿਨਾਸ਼ੀ ਅਚੁੱਤ ਆਪ ਚਲਾਈਆ । ਕਲਮ ਸ਼ਾਹੀ ਬਣ ਬਣ ਲਿਖਾਰ, ਤੇਰਾ ਲੇਖਾ ਕੋਇ ਨਾ ਸਕੇ ਮੁਕਾਈਆ । ਬੇਅੰਤ ਬੇਅੰਤ ਕਹਿ ਕਹਿ ਕਰਨ ਪੁਕਾਰ, ਊਚੀ ਕੂਕ ਕੂਕ ਅਲਾਈਆ । ਪ੍ਰਭ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰੇ ਪਾਰ, ਤੇਈ ਅਵਤਾਰ ਸੇਵ ਕਮਾਈਆ । ਭਗਤ ਅਠਾਰਾਂ ਬਣ ਵਣਜਾਰ, ਲੋਕਮਾਤ ਹੱਟ ਚਲਾਈਆ । ਈਸਾ ਮੂਸਾ ਸੰਗ ਮੁਹੰਮਦ ਬੋਲ ਜੈਕਾਰ, ਚਾਰ ਯਾਰੀ ਕਲਮਾ ਨਬੀ ਪੜ੍ਹਾਈਆ । ਨਾਨਕ ਨਿਰਗੁਣ ਸਤਿਨਾਮ ਬੋਲ ਸਰਬ ਸੰਸਾਰ, ਸਾਚੀ ਸਿਖਿਆ ਗਿਆ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਪਿਆਰ, ਆਤਮ ਪਰਮਾਤਮ ਜੋੜ ਜੋੜਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਹੰ ਬ੍ਰਹਮ ਆਪਣੀ ਗੋਦ ਸੁਹਾਈਆ । ਸੋਹੰ ਰੂਪ ਆਪ ਨਿਰੰਕਾਰ, ਨਿਰਗੁਣ ਨਿਰਗੁਣ ਮੇਲਾ ਚਾਈਂ ਚਾਈਆ । ਗੋਬਿੰਦ ਡੰਕਾ ਵੱਜੇ ਵਿਚ ਸੰਸਾਰ, ਸੰਸਾ ਕੋਇ ਰਹਿਣ ਨਾ ਪਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਬੇਖ਼ਬਰ ਆਪ ਜਣਾਈਆ । ਸੁਤ ਸ਼ਬਦ ਤੇਰਾ ਸਚ ਪਿਆਰ, ਪੁਰਖ ਅਕਾਲ ਆਪ ਵਖਾਈਆ । ਕਲਜੁਗ ਅੰਤਮ ਵੇਖੇ ਵਿਚ ਸੰਸਾਰ, ਸੰਸਾਰ ਸਾਗਰ ਫੋਲ ਫੋਲਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਡਗਮਗਾਈਆ । ਤੇਰਾ ਖੇੜਾ ਅਪਰ ਅਪਾਰ, ਅਲੱਖ ਅਗੋਚਰ ਆਪ ਵਸਾਈਆ । ਸਾਢੇ ਤਿੰਨ ਹੱਥ ਮੰਦਰ ਮੀਨਾਰ, ਨਿਰਗੁਣ ਸਰਗੁਣ ਦਏ ਜਣਾਈਆ । ਸਾਚੀ ਸੇਜਾ ਬੈਠ ਨਿਰੰਕਾਰ, ਤਖ਼ਤ ਨਿਵਾਸੀ ਆਸਣ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਨਾਦ ਧੁੰਨ ਤੇਰੀ ਸ਼ਨਵਾਈਆ । ਮੇਲ ਮਿਲਾਵਾ ਅੰਤਮ ਵਾਰ, ਅੰਤਮ ਦ੍ਰਿਸ਼ਟੀ ਇਕ ਖੁਲ੍ਹਾਈਆ । ਸ੍ਰਿਸ਼ਟ ਸਬਾਈ ਕਰੇ ਬੇਹਾਲ, ਬਿਹਬਲ ਰੋਵੇ ਸਰਬ ਲੋਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਕੂਕੇ ਕਾਲ, ਕਾਲ ਨਗਾਰਾ ਇਕ ਵਜਾਈਆ । ਘਰ ਘਰ ਵੱਜੇ ਮਮਤਾ ਤਾਲ, ਜੂਠ ਝੂਠ ਨਾਚ ਵਖਾਈਆ । ਕੋਈ ਨਜ਼ਰ ਨਾ ਆਏ ਸੱਚੀ ਧਰਮਸਾਲ, ਧਰਮ ਦੁਆਰਾ ਮਾਤ ਨਾ ਕੋਇ ਵਡਿਆਈਆ । ਚਾਰ ਕੁੰਟ ਹੋਏ ਵੈਰਾਨ, ਹਰਿ ਕਾ ਨਾਮ ਹੱਟ ਨਾ ਕਿਸੇ ਵਿਕਾਈਆ । ਪੀਰ ਪੈਗ਼ੰਬਰ ਭੁੱਲਣ ਸਰਬ ਕਲਾਮ, ਕਲਮਾ ਕਾਇਨਾਤ ਨਾ ਕੋਇ ਸੁਣਾਈਆ । ਨਜ਼ਰੀ ਆਏ ਨਾ ਸਚ ਇਮਾਮ, ਮਿਹਬਾਨ ਬੀਦੋ ਬੀ ਖੈਰ ਯਾ ਅਲਾ ਆਲਮੀਨ ਏਕਾ ਰੰਗ ਨਾ ਕੋਇ ਰੰਗਾਈਆ । ਘਰ ਮੰਦਰ ਮਿਲੇ ਨਾ ਕਿਸੇ ਰਾਮ, ਸੀਤਾ ਸੁਰਤੀ ਨਾ ਕਿਸੇ ਪਰਣਾਈਆ । ਬੰਸਰੀ ਵਜਾਏ ਨਾ ਕੋਇ ਸ਼ਾਮ, ਰਾਧਾ ਕ੍ਰਿਸ਼ਨ ਨਾ ਕੋਇ ਮਿਲਾਈਆ । ਨਾਨਕ ਮੰਤਰ ਭੁੱਲੇ ਸਤਿਨਾਮ, ਨਾਮ ਸਤਿ ਹਿਰਦੇ ਹਰਿ ਨਾ ਕੋਇ ਵਸਾਈਆ । ਗੋਬਿੰਦ ਸਿਖਿਆ ਲੱਗੇ ਕੂੜਾ ਫੱਟ, ਜਗਤ ਸਿਆਸਤ ਕਰੇ ਲੜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਆਪ ਸਮਰਥ, ਸਮਰਥ ਦਾਤਾ ਇਕ ਅਖਵਾਈਆ । ਸ਼ਬਦ ਸੁਤ ਤੇਰੀ ਦੇਵੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ ।


੫੧੨
੧੨

੫੧੩
੧੨

ਭਗਤ ਭਗਵੰਤ ਲਏ ਰੱਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਨੇਤਰ ਖੋਲ੍ਹੇ ਗਿਆਨ ਅੱਖ, ਨਿਜ ਨੇਤਰ ਆਪ ਖੁਲ੍ਹਾਈਆ । ਪੰਚ ਵਿਕਾਰਾ ਸੁਆਏ ਸੱਥਰ ਸੱਥ, ਸੱਥਰ ਯਾਰੜਾ ਆਪ ਹੰਢਾਈਆ । ਪੂਤ ਸਪੂਤੇ ਤੇਰਾ ਵਸੂਰਾ ਜਾਏ ਲੱਥ, ਪ੍ਰਭ ਸਾਚਾ ਦਰਸ ਕਰਾਈਆ । ਮੰਦਰ ਵੇਖਣਾ ਸਾਢੇ ਤਿੰਨ ਹੱਥ, ਹਰਿ ਜੂ ਆਪਣਾ ਘਾੜਣ ਆਪ ਘੜਾਈਆ । ਨਿਰਗੁਣ ਅੰਦਰ ਰਿਹਾ ਵਸ, ਸੇਜ ਸੁਹੰਜਣੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਮੇਲਾ ਲਏ ਮਿਲਾਈਆ । ਅੰਤਮ ਮੇਲਾ ਕਲਜੁਗ ਕਲ, ਹਰਿ ਕਰਤਾ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਅਛਲ ਅਛੱਲ ਭੇਵ ਕੋਇ ਨਾ ਪਾਇੰਦਾ । ਭਗਤ ਸਿੰਘਾਸਣ ਪੁਰਖ ਅਬਿਨਾਸ਼ਨ ਆਤਮ ਸੇਜਾ ਬੈਠਾ ਮੱਲ, ਦਰ ਘਰ ਸਾਚੇ ਸੋਭਾ ਪਾਇੰਦਾ । ਸਚ ਸੁਨੇਹੜਾ ਏਕਾ ਘੱਲ, ਆਤਮ ਪਰਮਾਤਮ ਜੋੜ ਜੋੜਾਇੰਦਾ । ਪਾਵੇ ਸਾਰ ਡੂੰਘੀ ਡਲ, ਕਾਇਆ ਕੱਲਰ ਫੋਲ ਫੋਲਾਇੰਦਾ । ਅੰਮ੍ਰਿਤ ਸੀਰ ਪਿਆਏ ਠੰਡਾ ਜਲ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤ ਨਿਰੰਜਣ ਜਾਏ ਬਲ, ਦੀਪਕ ਦੀਆ ਆਪ ਪਰਗਟਾਇੰਦਾ । ਜੁਗ ਜਨਮ ਦਾ ਮੇਟੇ ਸਲ, ਦੂਈ ਦਵੈਤੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪੇ ਰਲ, ਜੋਤੀ ਜੋਤ ਖੇਲ ਕਰਾਇੰਦਾ । ਜੋਤੀ ਸ਼ਬਦੀ ਨਿਹਕਲੰਕ, ਨਿਰਗੁਣ ਨਰਾਇਣ ਧਾਰ ਚਲਾਈਆ । ਸਚਖੰਡ ਨਿਵਾਸੀ ਸੁਹਾਏ ਸਾਚਾ ਬੰਕ, ਬੰਕ ਦੁਆਰੀ ਭੇਵ ਨਾ ਰਾਈਆ । ਸ੍ਰਿਸ਼ਟ ਸਬਾਈ ਵਖਾਏ ਏਕਾ ਅੰਕ, ਅੱਖਰ ਏਕਾ ਕਰੇ ਪੜ੍ਹਾਈਆ । ਏਕਾ ਰੰਗ ਰੰਗਾਏ ਰਾਉ ਰੰਕ, ਰਾਜ ਰਾਜਾਨ ਸ਼ਾਹ ਸੁਲਤਾਨ ਖ਼ਾਕ ਮਿਲਾਈਆ । ਇਕ ਨਗਾਰਾ ਵਜਾਏ ਸਾਚਾ ਡੰਕ, ਦੋ ਜਹਾਨਾਂ ਆਪ ਸੁਣਾਈਆ । ਇਕ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਏਕਾ ਮੇਲ ਕਰਾਏ ਭਗਤ ਭਗਵੰਤ, ਭਗਵਨ ਆਪਣੀ ਬੂਝ ਬੁਝਾਈਆ । ਏਕਾ ਗੁਰਮੁਖ ਖੇਲ ਖੇਲੇ ਨਾਰੀ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਏਕਾ ਗੁਰਸਿਖ ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਏਕਾ ਮੇਲ ਮਿਲਾਵੇ ਸਾਚੀ ਸੰਗਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਰਖਾਈਆ । ਏਕਾ ਅੰਗੀਕਾਰ ਕਰੇ ਅੰਗਤ, ਜੋਤੀ ਜਾਤਾ ਜੋਤੀ ਜੋਤ ਲਏ ਪਰਗਟਾਈਆ । ਕਲਜੁਗ ਅੰਤਮ ਲੱਖ ਚੁਰਾਸੀ ਮਾਨਸ ਜਨਮ ਹੋਵੇ ਭੰਗਤ, ਜੀਵ ਜੰਤ ਦਏ ਦੁਹਾਈਆ । ਲਹਿਣਾ ਦੇਣਾ ਚੁਕੇ ਅੰਡਜ ਜੇਰਜ, ਉਤਭੁਜ ਸੇਤਜ ਸਾਰ ਕੋਇ ਨਾ ਪਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਵਿਦਿਆ ਹੋਏ ਹਲਕਾਈਆ । ਮੁੱਲਾਂ ਸ਼ੇਖ਼ ਪੀਰ ਦਸਤਗੀਰ ਹੋਏ ਪੰਡਤ, ਦਸਤ ਬਦਸਤ ਲਹਿਣਾ ਦੇਣਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਮੇਲਾ ਗੁਰੂ ਗੁਰ ਚੇਲਾ, ਘਰ ਸਾਚੇ ਖ਼ੁਸ਼ੀ ਮਨਾਈਆ । ਘਰ ਸਾਚਾ ਸੋਹੇ ਹਰੀ ਦੁਆਰ, ਆਦਿ ਪੁਰਖ ਆਪ ਜਣਾਇੰਦਾ । ਅੰਤਮ ਖੇਲ ਕਰੇ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੁਗ ਚੌਕੜੀ ਪਾਵੇ ਸਾਰ, ਪੂਰਬ ਲੇਖਾ ਵੇਖ ਵਖਾਇੰਦਾ । ਸਤਿ ਸਤਿਵਾਦੀ ਲਾ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਸਚ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰ ਵਡਿਆਇੰਦਾ । ਸ਼ਬਦ ਗੁਰ ਤੇਰਾ ਸਾਚਾ ਬਲ, ਕਲਜੁਗ ਅੰਤ ਹਰਿ ਜਣਾਈਆ । ਸਦਾ ਵਸਣਾ ਨਿਹਚਲ ਧਾਮ ਅਟੱਲ, ਅਟੱਲ ਪਦਵੀ ਇਕ ਰਖਾਈਆ । ਬੋਧ ਅਗਾਧਾ ਸੰਦੇਸਾ ਘੱਲ, ਜੀਵ ਜੰਤ ਜਗਤ ਪੜ੍ਹਾਈਆ । ਆਤਮ

ਪਰਮਾਤਮ ਜਾਣਾ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਜੁਗ ਚੌਕੜੀ ਮਿਟੇ ਸੱਲ, ਦੂਈ ਦਵੈਤੀ ਭਾਂਡਾ ਭਰਮ ਭੰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਜਿਸ ਦਿਤੇ ਘਲ, ਅੰਤਮ ਸਭ ਦਾ ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਅਖਵਾਈਆ । ਸ਼ਬਦ ਗੁਰ ਆਦਿ ਜੁਗਾਦਿ, ਜੁਗ ਜੁਗ ਖੇਲ ਕਰਾਇੰਦਾ । ਕਲਜੁਗ ਅੰਤ ਵਜਾਏ ਨਿਰਗੁਣ ਨਾਦ, ਪੰਜ ਤਤ ਨਾ ਕੋਇ ਵਖਾਇੰਦਾ । ਭੇਵ ਖੁਲ੍ਹਾਏ ਬ੍ਰਹਮ ਬ੍ਰਹਿਮਾਦਿ, ਬ੍ਰਹਿਮਾਂਡ ਆਪਣੀ ਕਾਰ ਕਮਾਇੰਦਾ । ਪਕੜ ਉਠਾਏ ਸੰਤ ਸਾਧ, ਸਾਧਨਾ ਆਪਣੇ ਵਿਚ ਜਣਾਇੰਦਾ । ਭਗਤ ਭਗਵੰਤ ਦੇਵੇ ਦਾਦ, ਨਿਸ਼ਅੱਖਰ ਆਪ ਸੁਣਾਇੰਦਾ । ਗੁਰਮੁਖ ਸੱਜਣ ਗੁਰ ਗੁਰ ਲਾਧ, ਗੁਰ ਸ਼ਬਦੀ ਮੇਲ ਮਿਲਾਇੰਦਾ । ਗੁਰਸਿਖ ਪਾਰ ਕਿਨਾਰਾ ਕਰੇ ਹਾਦ, ਨੌਂ ਦੁਆਰੇ ਪੰਧ ਮੁਕਾਇੰਦਾ । ਸਚ ਦੁਆਰੇ ਆਪੇ ਸੱਦ, ਦਸਮ ਦੁਆਰੀ ਕੁੰਡਾ ਲਾਹਿੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਸਚ ਖੁਮਾਰ ਇਕ ਵਖਾਇੰਦਾ । ਲੇਖਾ ਚੁੱਕੇ ਮਾਸ ਨਾੜੀ ਹੱਡ, ਆਤਮ ਪਰਮਾਤਮ ਜੋੜ ਜੋੜਾਇੰਦਾ । ਜਗਤ ਵਾਸਨਾ ਵਿਚੋਂ ਕੱਢ, ਸਤਿਗੁਰ ਆਪਣੇ ਚਰਨ ਲਗਾਇੰਦਾ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਇਕ ਵਡਿਆਇੰਦਾ । ਸ਼ਬਦ ਗੁਰੂ ਵਡ ਬਲਵਾਨਾ, ਬਲ ਏਕਾ ਏਕ ਰਖਾਈਆ । ਏਕਾ ਚਿੱਲਾ ਤੀਰ ਕਮਾਨਾ, ਇਕ ਨਿਸ਼ਾਨਾ ਰਿਹਾ ਲਗਾਈਆ । ਏਕਾ ਖੰਡਾ ਤੇਜ਼ ਕਿਰਪਾਨਾ, ਚੰਡ ਪਰਚੰਡ ਇਕ ਚਮਕਾਈਆ । ਏਕਾ ਹੁਕਮ ਏਕਾ ਹੁਕਮਰਾਨਾ, ਹੁਕਮੇ ਹੁਕਮ ਇਕ ਭੁਆਈਆ । ਏਕਾ ਮਰਦ ਇਕ ਮਰਦਾਨਾ, ਸਚ ਮਰਦਾਨਗੀ ਇਕ ਕਮਾਈਆ । ਏਕਾ ਪੁਰਖ ਇਕ ਸੁਲਤਾਨਾ, ਸ਼ਾਹ ਪਾਤਸ਼ਾਹ ਇਕ ਹੋ ਆਈਆ । ਏਕਾ ਵੇਖੇ ਦੋ ਜਹਾਨਾਂ, ਨਿਰਗੁਣ ਬੈਠਾ ਬੇਪਰਵਾਹੀਆ । ਏਕਾ ਗਾਏ ਰਾਗ ਤਰਾਨਾ, ਛੱਤੀ ਰਾਗ ਭੇਵ ਨਾ ਆਈਆ । ਏਕਾ ਗੁਰ ਅਵਤਾਰਾਂ ਦੇਵੇ ਦਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਆਪਣੀ ਵਸਤ ਆਪ ਵਰਤਾਈਆ । ਏਕਾ ਪੀਰ ਪੈਗ਼ੰਬਰ ਸੁਣਾਏ ਸਚ ਕਲਾਮਾ, ਕਲਮਾ ਨਬੀ ਰਸੂਲ ਪੜ੍ਹਾਈਆ । ਏਕਾ ਹੋਏ ਅੰਤਰਜਾਮਾ, ਘਟ ਘਟ ਬੈਠਾ ਸੇਜ ਸੁਹਾਈਆ । ਏਕਾ ਖੇਲੇ ਖੇਲ ਸ੍ਰੀ ਭਗਵਾਨਾ, ਕਲਜੁਗ ਅੰਤਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਬਦ ਗੁਰ ਇਕ ਸਲਾਹੀਆ । ਸ਼ਬਦ ਗੁਰ ਸਿਫ਼ਤ ਸਲਾਹ, ਸਿਫ਼ਤੀ ਸਿਫ਼ਤ ਸਲਾਹਿੰਦਾ । ਬੇਐਬ ਖ਼ੁਦਾਈ ਬੇਪਰਵਾਹ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਮੁਕਾਮੇ ਹੱਕ ਡੇਰਾ ਲਾ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਲਾਸ਼ਰੀਕ ਇਕ ਖ਼ੁਦਾ, ਜਲਵਾ ਨੂਰ ਨੂਰ ਪਰਗਟਾਇੰਦਾ । ਮੁਰੀਦ ਮੁਰਸ਼ਦ ਵੇਖੇ ਥਾਉਂ ਥਾਂ, ਮੁਰਦਾ ਰੂਪ ਨਾ ਕਦੇ ਵਖਾਇੰਦਾ । ਮੜ੍ਹੀ ਗੋਰ ਲਹਿਣਾ ਦਏ ਚੁਕਾ, ਆਪ ਆਪਣੀ ਗੋਦ ਸੁਹਾਇੰਦਾ । ਸਾਚੀ ਨੌਬਤ ਏਕਾ ਦਏ ਵਜਾ, ਦੋ ਜਹਾਨਾਂ ਆਪ ਸੁਣਾਇੰਦਾ । ਚੌਦਾਂ ਤਬਕ ਦਏ ਹਿਲਾ, ਏਕਾ ਡੰਕਾ ਆਪ ਵਜਾਇੰਦਾ । ਕਾਗਦ ਕਲਮ ਲੇਖਾ ਚੁਕੇ ਸ਼ਾਹ, ਸ਼ਾਹੀ ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਨੇਤਰ ਰੋਵੇ ਅੱਲਾ ਰਾਣੀ ਮਾਰੇ ਧਾਅ, ਸਾਚਾ ਖਾਵੰਦ ਨਜ਼ਰ ਕਿਸੇ ਨਾ ਆਇੰਦਾ । ਬੀਵੀ ਆਪਣਾ ਖਾਵੰਦ ਲੈ ਪਰਣਾ, ਬੇਵਾ ਰੰਗ ਨਾ ਕੋਇ ਵਖਾਇੰਦਾ । ਸਦੀ ਚੌਧਵੀ ਪੈਂਡਾ ਰਿਹਾ ਮੁਕਾ, ਬਣ ਪਾਂਧੀ ਫੇਰਾ ਪਾਇੰਦਾ । ਮੁਹੰਮਦ ਨੇਤਰ ਨੈਣ ਨਾ ਸਕੇ ਉਠਾ, ਨੈਣੀ ਨੈਣ ਨੈਣ ਸ਼ਰਮਾਇੰਦਾ । ਚਾਰ ਯਾਰ ਯਾਰੀ ਗਏ ਤੁੜਾ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਉਮਤ ਉਮਤੀ ਦਏ ਸਜ਼ਾ, ਪੁਰਖ ਅਬਿਨਾਸ਼ੀ ਆਪਣਾ

ਹੁਕਮ ਵਰਤਾਇੰਦਾ । ਅਮਾਮ ਅਮਾਮਾ ਸਿਰ ਫੇਰਾ ਪਾ, ਆਪਣੀ ਖੇਲ ਆਪ ਸਮਝਾਇੰਦਾ । ਨਾਨਕ ਗੋਬਿੰਦ ਲੇਖਾ ਪੂਰ ਕਰਾ, ਪੂਰਬ ਲਹਿਣਾ ਸਰਬ ਮੁਕਾਇੰਦਾ । ਕੂੜ ਕੁੜਿਆਰਾ ਡੇਰਾ ਦੇਵੇ ਢਾਹ, ਕਲਜੁਗ ਜੜ੍ਹ ਆਪ ਉਖੜਾਇੰਦਾ । ਸਤਿਜੁਗ ਸਾਚਾ ਮਾਰਗ ਲਾ, ਧਰਤੀ ਧਰਤ ਧਵਲ ਸੁਹਾਇੰਦਾ । ਭਗਤਾਂ ਮੇਲਾ ਦਏ ਕਰਾ, ਭਗਵਨ ਆਪਣੀ ਬੂਝ ਬੁਝਾਇੰਦਾ । ਸਾਚਾ ਢੋਲਾ ਲਏ ਗਾ, ਗਾ ਗਾ ਆਪਣਾ ਗੀਤ ਅਲਾਇੰਦਾ । ਸੋ ਪੁਰਖ ਨਿਰੰਜਣ ਖੇਲ ਰਿਹਾ ਖਿਲਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਹੰ ਬ੍ਰਹਮ ਲਏ ਪਰਣਾ, ਪਰਮਾਤਮ ਆਤਮ ਜੋੜ ਜੋੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਭੇਵ ਚੁਕਾਇੰਦਾ । ਸ਼ਬਦ ਗੁਰ ਜੋਧਾ ਸੂਰ, ਸੂਰਬੀਰ ਵਡੀ ਵਡਿਆਈਆ । ਸਰਬ ਕਲਾਂ ਆਪੇ ਭਰਪੂਰ, ਦੂਜੇ ਦਰ ਨਾ ਮੰਗਣ ਜਾਈਆ । ਪੁਰਖ ਅਕਾਲ ਜੋਤੀ ਨੂਰ, ਨੂਰੋ ਨੂਰ ਕਰੇ ਰੁਸ਼ਨਾਈਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਅੰਤਮ ਪਰਗਟ ਹੋ ਕੇ ਹੋਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਜਨ ਭਗਤਾਂ ਮਿਲੇ ਜ਼ਰੂਰ, ਜ਼ਰੂਰਤ ਆਪਣੀ ਪੂਰੀ ਆਪ ਕਰਾਈਆ । ਮਾਇਆ ਮਮਤਾ ਮਾਣ ਤੋੜੇ ਗ਼ਰੂਰ, ਗੁਰਬਤ ਸਭ ਦੀ ਦਏ ਗੁਆਈਆ । ਜਨਮ ਜਨਮ ਦੇ ਬਖ਼ਸ਼ੇ ਆਪ ਕਸੂਰ, ਜੋ ਜਨ ਚਰਨੀ ਸੀਸ ਝੁਕਾਈਆ । ਤ੍ਰੈਗੁਣ ਅੱਗ ਨਾ ਤਪੇ ਤੰਦੂਰ, ਸਾਂਤਕ ਸਤਿ ਸਤਿ ਵਰਤਾਈਆ । ਨਾਤਾ ਤੋੜ ਕਲਜੁਗ ਕੂੜ, ਸਚ ਸੁੱਚ ਕਰੇ ਕੁੜਮਾਈਆ । ਜਿਸ ਜਨ ਮਸਤਕ ਲਾਏ ਚਰਨ ਧੂੜ, ਦੁਰਮਤ ਮੈਲ ਦਏ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਗੁਰ ਦੇਵੇ ਏਕਾ ਵਰ, ਏਕਾ ਘਰ ਵੱਜੇ ਵਧਾਈਆ । ਏਕਾ ਘਰ ਵੱਜੇ ਵਧਾਈ, ਹਰਿ ਜੂ ਹਰਿ ਹਰਿ ਆਪ ਵਜਾਇੰਦਾ । ਸੁਰਤੀ ਸ਼ਬਦ ਹੋਏ ਕੁੜਮਾਈ, ਘਰ ਸਾਚੇ ਸਗਨ ਮਨਾਇੰਦਾ । ਗੁਰਮੁਖ ਵੇਖਣ ਚਾਈਂ ਚਾਈਂ, ਮਨਮੁਖ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਰੈਣ ਅੰਧੇਰੀ ਛਾਈ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਭਰਮੇ ਭੁੱਲੇ ਪਾਂਧੀ ਰਾਹੀ, ਸਾਚਾ ਪੰਧ ਨਾ ਕੋਇ ਮੁਕਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ ਥਾਉਂ ਥਾਈਂ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਗੁਰਮੁਖ ਗੁਰਸਿਖ ਇਕੋ ਧਿਆਨ ਰਹੇ ਲਗਾਈ, ਏਕਾ ਆਸ ਜਣਾਇੰਦਾ । ਜਨਮ ਜਨਮ ਦੀ ਮੇਟ ਜੁਦਾਈ, ਆਪਣਾ ਮੇਲ ਮਿਲਾਇੰਦਾ । ਘਰ ਵਿਚ ਘਰ ਰਿਹਾ ਵਖਾਈ, ਹਰਿ ਅੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਸਾਚੇ ਹਰਿ ਜੂ ਤਾਰ, ਤਾਰਨਹਾਰਾ ਦਇਆ ਕਮਾਈਆ । ਅੰਤ ਕਿਨਾਰੇ ਲਾਏ ਪਾਰ, ਅਧਵਿਚਕਾਰ ਨਾ ਕੋਇ ਰੁੜ੍ਹਾਈਆ । ਨੇਤਰ ਦੇਵੇ ਦਰਸ ਦੀਦਾਰ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖਾ ਨਾ ਸਕੇ ਵਖਾਲ, ਜਿਸ ਸਿਰ ਆਪਣਾ ਹੱਥ ਟਿਕਾਈਆ । ਲਾੜੀ ਮੌਤ ਨਾ ਕਰੇ ਭਾਲ, ਗੁਰਸਿਖ ਦੁਆਰੇ ਫੇਰਾ ਨਾ ਪਾਈਆ । ਸਤਿਗੁਰ ਸੱਚਾ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਅੰਤਮ ਗੋਦੀ ਲਏ ਉਠਾਲ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਗੁਰਸਿਖ ਵੇਖੇ ਸਾਚੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਫੜ ਬਹਾਏ ਸਚਖੰਡ ਸੱਚੀ ਧਰਮਸਾਲ, ਧਰਮ ਦੁਆਰਾ ਆਪ ਸੁਹਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਜੋ ਜਨ ਦੁਆਰੇ ਕਰੇ ਸੁਆਲ, ਲੱਖ ਚੁਰਾਸੀ ਦਏ ਤੁੜਾਈਆ । ਵੇਲੇ ਅੰਤ ਨਾ ਖਾਏ ਕਾਲ, ਮਹਾਕਾਲ ਨਾ ਫੇਰਾ ਪਾਈਆ । ਗੋਬਿੰਦ ਗੋਦੀ ਦਏ ਸੁਆਲ, ਸੋਇਆ ਪੂਤ ਨਾ ਕੋਇ ਜਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾ ਹਰਿਜਨ ਮੇਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਖੇਲ ਕਰਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਆਵੇ ਜਾਵੇ ਇਕ ਇਕੇਲਾ, ਅਕਲ ਕਲ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਆਇਆ ਵੇਲਾ, ਭੇਵ ਅਭੇਦਾ ਭੇਵ ਜਣਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਨਿਰਗੁਣ ਜਾਮਾ ਜੋਤੀ ਜੋਤ ਆਪ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰ ਗੁਰ ਵੇਖੇ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਜਣਾਇੰਦਾ ।



### ✳ ੨੯ ਹਾੜ ੨੦੧੯ ਬਿਕ੍ਰਮੀ ਸੰਤੋਖ ਸਿੰਘ ਦੇ ਗ੍ਰਹਿ ਪਿੰਡ ਸੋਡੀਆਂ ✳

ਸਚਖੰਡ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਆਪ ਉਠਾਇੰਦਾ । ਸ਼ਾਹੋ ਭੂਪ ਬਣ ਸੁਲਤਾਨ, ਰਾਜਨ ਰਾਜ ਭੇਵ ਚੁਕਾਇੰਦਾ । ਆਦਿ ਜੁਗਾਦੀ ਵਡ ਪਰਧਾਨ, ਹੁਕਮੀ ਹੁਕਮ ਖੇਲ ਕਰਾਇੰਦਾ । ਜੋਧਾ ਸੂਰਬੀਰ ਵਡ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਦਰਗਹਿ ਸਾਚੀ ਸਚ ਨਿਸ਼ਾਨ, ਧਰਮ ਦੁਆਰੇ ਆਪ ਝੁਲਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਦੋ ਜਹਾਨਾਂ ਵੇਖ ਵਖਾਇੰਦਾ । ਸ਼ਬਦੀ ਮੇਲਾ ਸੁਤ ਨਿਧਾਨ, ਬਾਲੀ ਬਾਲਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਹਰਿ ਸਚਖੰਡ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਇਕ ਇਕੱਲਾ ਵੰਡੇ ਵੰਡ, ਦੂਸਰ ਸੰਗ ਨਾ ਕੋਇ ਰਖਾਈਆ । ਕਰੇ ਖੇਲ ਸੂਰਾ ਸਰਬੰਗ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸਚਖੰਡ ਨਿਵਾਸੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਬੇਐਬ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰਾ, ਨਰ ਹਰਿ ਨਰਾਇਣ ਨਜ਼ਰ ਕਿਸੇ ਨਾ ਆਇੰਦਾ । ਏਕੰਕਾਰਾ ਕਰ ਪਾਸਾਰਾ, ਭੇਵ ਅਭੇਦਾ ਆਪ ਜਣਾਇੰਦਾ । ਆਦਿ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਬੇਪਰਵਾਹ ਆਪਣਾ ਪਰਦਾ ਆਪ ਉਠਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਦਏ ਹੁਲਾਰਾ, ਸਤਿ ਸਤਿਵਾਦੀ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਵੇਖਣਹਾਰਾ, ਵੇਖ ਵੇਖ ਪੇਖ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਆਸਣ ਲਾਇੰਦਾ । ਸਚਖੰਡ ਦੁਆਰੇ ਆਸਣ ਲਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦੀ ਬਣ ਮਲਾਹ, ਜੁਗ ਜੁਗ ਬੇੜਾ ਆਪ ਚਲਾਈਆ । ਸ਼ਬਦ ਅਗੰਮੀ ਨਾਉਂ ਧਰਾ, ਨਾਮ ਨਿਰੰਕਾਰ ਪੜਦਾ ਲਾਹੀਆ । ਸਾਚਾ ਮਾਰਗ ਆਪੇ ਲਾ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਵੜ, ਨਿਰਗੁਣ ਆਪਣੀ ਕਲ ਆਪ ਧਰਾਈਆ । ਨਿਰਗੁਣ ਕਲ ਅਕਲ ਕਲ ਧਾਰ, ਸਚਖੰਡ ਦੁਆਰੇ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਹਰਿ ਕਰਤਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰ ਅਧਾਰ, ਤ੍ਰੈ ਪੰਜ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਖੋਲ੍ਹ ਕਿਵਾੜ, ਦੁਆਰ ਬੰਕ ਆਪ ਸੁਹਾਇੰਦਾ । ਜੁਗ ਚੌਕੜੀ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਰੂਪ ਅਨੂਪ ਆਪ ਧਰਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਮਹਾਸਾਰਥੀ ਬਣ ਬਣ ਸੇਵ ਕਮਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਤਿਆਰ, ਤ੍ਰੈਭਵਣ ਧਨੀ ਆਪਣਾ ਨਾਮ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਵੇਖ ਵਖਾਇੰਦਾ । ਦੋ ਜਹਾਨਾਂ ਹਰਿ ਜੂ ਵਾਲੀ, ਏਕੰਕਾਰਾ ਖੇਲ ਕਰਾਇੰਦਾ । ਨਿਰਗੁਣ ਨੂਰ ਜੋਤ ਅਕਾਲੀ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਅਨਭਵ ਪਰਕਾਸ਼ ਖੇਲ ਨਿਰਾਲੀ, ਨਿਰਗੁਣ ਆਪਣੀ ਆਪ ਕਰਾਇੰਦਾ । ਜੁਗ ਚੌਕੜੀ ਅਵੱਲੜੀ ਚਾਲੀ, ਚਾਲ ਨਿਰਾਲੀ ਇਕ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦਲਾਲੀ, ਬਣ ਵਣਜਾਰਾ ਹੱਟ ਚਲਾਇੰਦਾ । ਲੱਖ ਚੁਰਾਸੀ ਵੇਖਣਹਾਰਾ ਹੱਕ ਹਲਾਲੀ, ਹਕ਼ੀਕਤ ਆਪਣਾ ਪੜਦਾ ਲਾਹਿੰਦਾ । ਨਿਰਗੁਣ ਸਰਗੁਣ ਬਣ ਬਣ ਮਾਲੀ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣਾ ਰੂਪ ਪਰਗਟਾਇੰਦਾ । ਸਚਖੰਡ ਦੁਆਰੇ ਸਾਚਾ ਰੂਪ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਨਿਰਗੁਣ ਨੂਰ ਸਚ ਸਰੂਪ, ਸਵੱਛ ਸਰੂਪੀ ਭੇਵ ਨਾ ਰਾਈਆ । ਮਾਤ ਪਿਤਾ ਬਣ ਸਪੂਤ, ਪੂਤ ਸਪੂਤਾ ਗੋਦ ਬਹਾਈਆ । ਤਾਣਾ ਪੇਟਾ ਏਕਾ ਸੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਰੰਗ ਰੰਗਾਈਆ । ਸਚਖੰਡ ਦੁਆਰ ਸਚ ਮਹੱਲਾ, ਸੋ ਸਤਿਗੁਰ ਪੁਰਖ ਆਪ ਸੁਹਾਇੰਦਾ । ਵਸਣਹਾਰਾ ਇਕ ਇਕੱਲਾ, ਅਕਲ ਕਲ ਆਪਣੀ ਖੇਲ ਖਲਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਬਿਸਮਲ ਆਪਣਾ ਆਪ ਵਖਾਇੰਦਾ । ਸਚ ਸੰਦੇਸ ਨਰ ਨਰੇਸ਼ ਆਦਿ ਜੁਗਾਦਿ ਜੁਗਾ ਜੁਗੰਤਰ ਘੱਲਾ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਆਤਮ ਪਰਮਾਤਮ ਪਕੜੇ ਪੱਲਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਮੇਟਣਹਾਰਾ ਸੱਲਾ, ਜਗਦੀਸ ਆਪਣਾ ਸੰਗ ਨਿਭਾਇੰਦਾ । ਹਰਿ ਜਗਦੀਸ ਖੇਲ ਅਪਾਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਭੇਵ ਚੁਕਾਈਆ । ਆਦਿ ਅੰਤ ਇਕ ਦਾਤਾਰਾ, ਗੁਰ ਗੁਰ ਏਕਾ ਬੂਝ ਬੁਝਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਕਰੇ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਡਾਈਆ । ਸੇਵਾ ਲਾ ਤੇਈ ਅਵਤਾਰਾ, ਮਾਰਗ ਦੇ ਭਗਤ ਅਠਾਰਾਂ, ਗੁਰ ਦਸ ਦਸ ਕਰੇ ਪੜ੍ਹਾਈਆ । ਈਸਾ ਮੂਸਾ ਇਕ ਸਹਾਰਾ, ਸੰਗ ਮੁਹੰਮਦ ਦੇ ਕਿਨਾਰਾ, ਚਾਰ ਯਾਰੀ ਏਕਾ ਘਰ ਬਹਾਈਆ । ਕਾਤਬ ਬਣ ਬਣ ਲੇਖ ਲਿਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਭੇਵ ਚੁਕਾਈਆ । ਜੁਗ ਚੌਕੜੀ ਖੇਲ ਕਰਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

੫੧੮
੧੨

ਆਪ ਕਰਾਇੰਦਾ । ਸਚ ਸੰਦੇਸਾ ਨਰ ਨਰੇਸਾ ਦੇਵੇ ਵਾਰੋ ਵਾਰ, ਬੋਧ ਅਗਾਧਾ ਅੱਖਰ ਨਾਮ ਪੜ੍ਹਾਇੰਦਾ । ਲਿਖ ਲਿਖ ਲੇਖਾ ਕਰ ਤਿਆਰ, ਭਰਮ ਭੁਲੇਖਾ ਕੱਢ ਸੰਸਾਰ, ਸਾਚੀ ਸਾਚੀ ਇਕ ਸਮਝਾਇੰਦਾ । ਪੰਜ ਤਤ ਮੇਲਾ ਗੁਰ ਅਵਤਾਰ, ਜੋਤੀ ਸ਼ਬਦੀ ਇਕ ਸਿਤਾਰ, ਅਨਾਦ ਅਨਾਦੀ ਨਾਦ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਰਾਹ ਪੁਰਖ ਅਗੰਮ, ਏਕੰਕਾਰਾ ਆਪ ਚਲਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਪਵਣ ਸਵਾਸ ਨਾ ਲਏ ਦਮ, ਮੜੀ ਗੋਰ ਨਾ ਕੋਇ ਦਬਾਈਆ । ਨੇਤਰ ਨੀਰ ਨਾ ਰੋਵੇ ਛੰਮ ਛੰਮ, ਛਹਿਬਰ ਨੈਣ ਨਾ ਕੋਇ ਲਗਾਈਆ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਨਿਰਗੁਣ ਨੂਰ ਸ੍ਰੀ ਭਗਵਨ, ਸਚਖੰਡ ਵਸੇ ਸੱਚਾ ਮਾਹੀਆ । ਦੋ ਜਹਾਨਾਂ ਬੇੜਾ ਬੰਨ੍ਹ, ਪੁਰਖ ਅਬਿਨਾਸ਼ੀ ਆਪਣੇ ਕੰਧ ਉਠਾਈਆ । ਗੁਰ ਅਵਤਾਰ ਦੇਵੇ ਨਾਮ ਧੰਨ, ਵਸਤ ਅਮੋਲਕ ਝੋਲੀ ਪਾਈਆ । ਏਕਾ ਰਾਗ ਸੁਣਾਏ ਕੰਨ, ਕੰਨਾ ਮੁਕਤਾ ਨਾ ਕੋਇ ਰਖਾਈਆ । ਲੇਖਾ ਜਾਣੇ ਜਨਨੀ ਜਨ, ਪਾਰਬ੍ਰਹਮ ਵਡ ਵਡਿਆਈਆ । ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਈਆ । ਵਸਣਹਾਰਾ ਸਚਖੰਡ ਦੁਆਰਾ ਬਿਨ ਛੱਪਰ ਛੰਨ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲ ਕਰ, ਜੁਗ ਕਰਤਾ ਵੇਖ ਵਖਾਈਆ । ਜੁਗ ਕਰਤਾ ਹਰਿ ਕਰਨੇ ਜੋਗ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਭੋਗੇ ਭੋਗ, ਭਸਮੜ ਆਪਣਾ ਰੂਪ ਵਟਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਧੁਰ ਸੰਜੋਗ, ਆਤਮ ਪਰਮਾਤਮ ਮੇਲਾ ਮੇਲ ਮਿਲਾਇੰਦਾ । ਭਗਤ ਭਗਵੰਤ ਕੱਟਣਹਾਰਾ ਹਉਮੇ ਰੋਗ, ਮਾਇਆ ਮਮਤਾ ਮੋਹ ਚੁਕਾਇੰਦਾ । ਸਤਿ ਸਤਿਵਾਦੀ ਦੇਵੇ ਏਕਾ ਜੋਗ, ਜੀਵਣ ਜੁਗਤ ਆਪ ਜਣਾਇੰਦਾ । ਕਰੇ ਪਰਕਾਸ਼ ਕਾਇਆ ਕੋਟ, ਪੰਜ ਤਤ ਅਗਨੀ ਨੂਰ ਵਖਾਇੰਦਾ । ਸ਼ਬਦ ਨਗਾਰੇ ਲਾਏ ਚੋਟ, ਅਨਹਦ ਨਾਦੀ ਨਾਦ ਵਜਾਇੰਦਾ । ਜਨਮ ਜਨਮ ਦਾ ਕੱਢੇ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਇਕ ਵਖਾਏ ਸਾਚੀ ਗੋਤ, ਬ੍ਰਹਮ ਪਾਰਬ੍ਰਹਮ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਹਰਿ ਨਿਰੰਕਾਰ, ਦੋ ਜਹਾਨਾਂ ਆਪ ਜਣਾਈਆ । ਬ੍ਰਹਿਮੰਡ ਖੰਡ ਖੇਲ ਕਰੇ ਅਪਾਰ, ਲੋਆਂ ਪੁਰੀਆਂ ਆਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਕਰ ਪਿਆਰ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਸਭ ਦਾ ਲਹਿਣਾ ਚੁਕਾਏ ਵਿਚ ਸੰਸਾਰ, ਦੇਣਾ ਆਪਣੇ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਵੇਲਾ ਆਈਆ । ਲਿਖ ਲਿਖ ਲੇਖਾ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਖੇਲ ਕਰੇ ਨਿਰੰਕਾਰ, ਨਿਰਗੁਣ ਅਪਣਾ ਰੂਪ ਵਟਾਈਆ । ਜੋਤੀ ਜਾਤਾ ਵਡ ਬਲਕਾਰ, ਬਲ ਬਾਵਨ ਭੇਖ ਚੁਕਾਈਆ । ਮਹਾਬਲੀ ਉਤਰੇ ਆਪਣੀ ਵਾਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਕਲ ਕਲਕੀ ਲੈ ਅਵਤਾਰ, ਕਰੇ ਖੇਲ ਬੇਪਰਵਾਹੀਆ । ਸੰਬਲ ਵਸੇ ਧਾਮ ਨਿਆਰ, ਸਚ ਸਿੰਘਾਸਣ ਆਸਣ ਲਾਈਆ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਚਮਕਾਈਆ । ਸਚਖੰਡ ਵਸੇ ਆਪ ਕਰਤਾਰ, ਸਾਚੇ ਤਖ਼ਤ ਸੋਭਾ ਪਾਈਆ । ਭਗਤ ਭਗਵੰਤ ਲਏ ਉਠਾਲ, ਲੋਕਮਾਤ ਵੇਖ ਵਖਾਈਆ । ਨਿਰਗੁਣ ਹੋ ਹੋ ਬਣੇ

ਦਲਾਲ, ਭੇਵ ਅਭੇਦਾ ਆਪ ਜਣਾਈਆ । ਗੁਰਸਿਖ ਵੇਖੇ ਛੋਟੇ ਬਾਲ, ਬਾਲ ਅਵਾਣੇ ਲਏ ਮਿਲਾਈਆ । ਏਕਾ ਦੇਵੇ ਸਾਚਾ ਦਾਨ, ਨਾਮ ਅਮੋਲਕ ਝੋਲੀ ਪਾਈਆ । ਸੁਰਤੀ ਮੇਲਾ ਸ਼ਬਦੀ ਕਾਹਨ, ਘਰ ਬੰਸਰੀ ਨਾਮ ਵਜਾਈਆ । ਆਤਮ ਪਰਮਾਤਮ ਗੀਤ ਸੁਹਾਗੀ ਏਕਾ ਗਾਣ, ਗੋਬਿੰਦ ਵੇਖੇ ਚਾਈਂ ਚਾਈਂਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਕਾਨ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਜ਼ਰ ਕਿਤੇ ਨਾ ਆਈਆ । ਕਰੇ ਖੇਲ ਪੁਰਖ ਅਕਾਲ, ਅਕਲ ਕਲ ਆਪਣਾ ਵੇਸ ਵਟਾਈਆ । ਦੀਨਾਂ ਬੰਧਪ ਹੋ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਇਕ ਸੁਹਾਏ ਸੱਚੀ ਧਰਮਸਾਲ, ਚਾਰ ਵਰਨ ਦਏ ਵਡਿਆਈਆ । ਏਕਾ ਘਰ ਸ਼ਾਹ ਕੰਗਾਲ, ਰਾਜ ਰਾਜਾਨ ਇਕ ਦਏ ਵਖਾਈਆ । ਕਰੇ ਖੇਲ ਸ੍ਰੀ ਭਗਵਾਨ, ਸਭ ਦਾ ਲੇਖਾ ਆਪ ਚੁਕਾਈਆ । ਕਲਜੁਗ ਅੰਤ ਹੋ ਪਰਧਾਨ, ਦੋ ਜਹਾਨਾਂ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਥਾਉਂ ਥਾਈਂ ਲੇਖਾ ਚਾਰ ਯੁਗ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਔਧ ਜਾਏ ਪੁਗ, ਵੇਲਾ ਅੰਤਮ ਅੰਤ ਵਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੋ ਬੈਠਾ ਰਿਹਾ ਲੁਕ, ਨਿਰਗੁਣ ਆਪਣਾ ਰੂਪ ਪਰਗਟਾਇੰਦਾ । ਸ਼ਬਦ ਸਰੂਪੀ ਹੋ ਹੋ ਰਿਹਾ ਬੁੱਕ, ਦੋ ਜਹਾਨਾਂ ਆਪ ਜਗਾਇੰਦਾ । ਕੂੜੀ ਕਿਰਿਆ ਕੱਢੇ ਕੁੱਟ, ਮਾਇਆ ਮਮਤਾ ਮੋਹ ਮਿਟਾਇੰਦਾ । ਸੰਤ ਸੁਹੇਲੇ ਗੋਦੀ ਲਏ ਚੁੱਕ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਰਿਹਾ ਪੁੱਛ, ਪਿਛਲਾ ਲੇਖਾ ਮੰਗ ਮੰਗਾਇੰਦਾ । ਇਕੋ ਵਾਰ ਸਾਰੇ ਪਓ ਉਠ, ਸੋਇਆ ਕੋਇ ਰਹਿਣ ਨਾ ਪਾਇੰਦਾ । ਠਾਕਰ ਸੁਆਮੀ ਦੀਨ ਦਿਆਲ ਗਿਆ ਤੁਠ, ਮਿਹਰਵਾਨ ਆਪਣੀ ਮਿਹਰ ਨਜ਼ਰ ਉਠਾਇੰਦਾ । ਵੇਖਣਹਾਰਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਗੁੱਠ, ਦਹਿ ਦਿਸ਼ਾ ਪੜਦਾ ਲਾਹਿੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਚਿਤਵਿਤ ਠਗੋਰੀ ਕੋਇ ਨਾ ਪਾਇੰਦਾ । ਆਪ ਸੁਹਾਏ ਸੁਹੰਜਣੀ ਰੁੱਤ, ਜੋਤ ਨਿਰੰਜਣ ਨੂਰ ਪਰਗਟਾਇੰਦਾ । ਭਾਗ ਲਗਾਏ ਕਾਇਆ ਬੁੱਤ, ਸਾਢੇ ਤਿੰਨ ਹੱਥ ਮੰਦਰ ਆਪ ਸੁਹਾਇੰਦਾ । ਗੋਬਿੰਦ ਸੂਰਾ ਪੁਰਖ ਅਕਾਲ ਵੇਖੇ ਸਾਚਾ ਸੁਤ, ਜਨ ਜਨਨੀ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਜੁਗਾ ਜੁਗੰਤ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਪੁਰਖ ਅਕਾਲ, ਅਕਲ ਕਲਧਾਰੀ ਆਪ ਜਣਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰਗਹਿ ਸਾਚੀ ਆਸਣ ਲਾਈਆ । ਕਲਜੁਗ ਅੰਤਮ ਹੋ ਦਿਆਲ, ਦੀਨਨ ਆਪਣਾ ਭੇਵ ਖੁਲ੍ਹਾਈਆ । ਗੁਰਸਿਖ ਵੇਖੇ ਗੁਰ ਗੁਰ ਲਾਲ, ਪੂਰਬ ਲਹਿਣਾ ਆਪ ਚੁਕਾਈਆ । ਅੰਤ ਨੇੜ ਨਾ ਆਏ ਕਾਲ, ਮਹਾਕਾਲ ਨਾ ਦਏ ਸਜ਼ਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਜਨਮ ਜਨਮ ਦੀ ਲੇਖੇ ਪਾਏ ਘਾਲ, ਜਿਸ ਜਨ ਆਪਣਾ ਦਰਸ ਕਰਾਈਆ । ਫਲ ਲਗਾਏ ਸਾਚੇ ਡਾਲ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਨਿਰਗੁਣ ਫੇਰਾ, ਨਿਰਵੈਰ ਪੁਰਖ ਆਪੇ ਪਾਇੰਦਾ । ਗੁਰਸਿਖਾਂ ਮਨ ਚਾਓ ਘਨੇਰਾ, ਘਰ ਸੁਹੰਜਣੀ ਰੁੱਤ ਸੁਹਾਇੰਦਾ । ਪ੍ਰਭ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਲੱਖ ਚੁਰਾਸੀ ਕੱਟੇ ਗੇੜਾ, ਰਾਏ ਧਰਮ ਨਾ ਫੰਦ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਜੂ ਆਪਣਾ ਖੇਲ ਵਖਾਇੰਦਾ । ਸਾਚਾ


੫੧੯ ੧੨

ਖੇਲ ਕਰੇ ਨਿਰੰਕਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਚੌਦਾਂ ਲੋਕਾਂ ਡੇਰਾ ਢਾਹੀਆ । ਚੌਦਾਂ ਵਿਦਿਆ ਕਰ ਖੁਆਰ,
ਚੌਦਸ ਚੰਦ ਮੁਖ ਸ਼ਰਮਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਨਾ ਰਾਈਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ
ਵਹਾਈਆ । ਵਿਸ਼ਨੂੰ ਦਰ ਕਰੇ ਪੁਕਾਰ, ਦੋਏ ਜੋੜ ਪਿਆ ਸਰਨਾਈਆ । ਸ਼ੰਕਰ ਲਾਹ ਕੇ ਬਾਸ਼ਕ ਤਸ਼ਕਾ ਹਾਰ, ਹੱਥ ਤ੍ਰਿਸੂਲ ਨਾ ਕੋਇ ਉਠਾਈਆ ।
ਕਲਜੁਗ ਵੇਲਾ ਅੰਤਮ ਆਇਆ ਪੰਜ ਤਤ ਧੂੜੀ ਮੰਗੇ ਖ਼ਾਕ ਸ਼ਾਰ, ਮਸਤਕ ਟਿੱਕਾ ਏਕਾ ਲਾਈਆ । ਤੇਈ ਅਵਤਾਰ ਵੇਖਣ ਨੈਣ ਉਠਾਲ, ਕਰੇ
ਖੇਲ ਬੇਪਰਵਾਹੀਆ । ਭਗਤ ਅਠਾਰਾਂ ਹੋਏ ਹੈਰਾਨ, ਹਰਿ ਜੂ ਆਪਣੀ ਕਾਰ ਕਮਾਈਆ । ਈਸਾ ਮੂਸਾ ਨਜ਼ਰ ਨਾ ਆਏ ਸਚ ਨਿਸ਼ਾਨ, ਮੁਕਾਮੇ
ਹੱਕ ਨਾ ਨੈਣ ਉਠਾਈਆ । ਮੁਹੰਮਦ ਕਰੇ ਗਿਰਿਆਜ਼ਾਰ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਨਾਨਕ ਨਿਰਗੁਣ ਵੇਖ ਸਰਬ ਸੰਸਾਰ,
ਸ੍ਰਿਸ਼ਟ ਸਬਾਈ ਲੇਖਾ ਰਿਹਾ ਚੁਕਾਈਆ । ਕਿਸੇ ਘਰ ਨਜ਼ਰ ਨਾ ਆਏ ਕਰਤਾਰ, ਬੇਮੁਖ ਬੈਠੇ ਮੁਖ ਭੁਆਈਆ । ਗੋਬਿੰਦ ਵੇਖੇ ਖੋਲ੍ਹ ਕਿਵਾੜ,
ਆਤਮ ਤਾਕੀ ਏਕਾ ਲਾਹੀਆ । ਕਿਸੇ ਮੰਦਰ ਸ਼ਬਦ ਧੁੰਨ ਨਾ ਕੋਇ ਜੈਕਾਰ, ਅਨਹਦ ਰਾਗ ਨਾ ਕੋਇ ਸੁਣਾਈਆ । ਫਤਹਿ ਡੰਕਾ ਨਾ ਵੱਜੇ
ਨੌਂ ਦੁਆਰ, ਜਗਤ ਵਾਸਨਾ ਨਾ ਕੋਇ ਕਢਾਈਆ । ਸ੍ਰਿਸ਼ਟ ਸਬਾਈ ਆਪਾ ਗਈ ਹਾਰ, ਪੁਰਖ ਅਕਾਲ ਨਾ ਕੋਇ ਮਨਾਈਆ । ਪੰਚਮ ਖੇਲ
ਕਰੇ ਕਰਤਾਰ, ਪੰਚਮ ਮੀਤਾ ਵਡ ਵਡਿਆਈਆ । ਦਰਗਹਿ ਸਾਚੀ ਹੋ ਤਿਆਰ, ਸਚ ਸੰਦੇਸਾ ਇਕ ਸੁਣਾਈਆ । ਕਲਜੁਗ ਕਲ ਕਲਕੀ ਲੈ
ਅਵਤਾਰ, ਕਲ ਕਲੇਸ਼ ਦਏ ਮਿਟਾਈਆ । ਨਾਮ ਡੰਕਾ ਵਿਚ ਸੰਸਾਰ, ਰਾਉ ਰੰਕਾਂ ਆਪ ਸੁਣਾਈਆ । ਏਕਾ ਬੰਸ ਬਣਾਏ ਆਪ ਕਰਤਾਰ, ਚਾਰ
ਵਰਨ ਅਠਾਰਾਂ ਬਰਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰਾ
ਵੇਖੇ ਚਾਈਂ ਚਾਈਂਆ । ਸਚਖੰਡ ਦੁਆਰਾ ਸਾਚਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪੁਰਖ ਅਬਿਨਾਸ਼ੀ ਘਾੜਨ ਘੜ, ਘੜ ਘੜ ਆਪੇ
ਵੇਖ ਵਖਾਇੰਦਾ । ਸਤਿ ਸਤਿਵਾਦੀ ਅੰਦਰ ਵੜ, ਵੜ ਵੜ ਖ਼ੁਸ਼ੀ ਮਨਾਇੰਦਾ । ਸ਼ਬਦ ਅਗੰਮੀ ਏਕਾ ਪੜ੍ਹ, ਏਕਾ ਰਾਗ ਅਲਾਇੰਦਾ । ਲੱਖ
ਚੁਰਾਸੀ ਜਮ ਕੀ ਫਾਸੀ ਹਰਿਜਨ ਚੁਕਾਏ ਭੌ ਡਰ, ਭੈ ਅਵਰ ਨਾ ਕੋਇ ਰਖਾਇੰਦਾ । ਭਗਤ ਭਗਵੰਤ ਆਪੇ ਬੰਨ੍ਹੇ ਆਪਣੇ ਲੜ, ਸਾਚੇ ਪੱਲੂ ਗੰਢ
ਦੁਆਇੰਦਾ । ਨਿਰਗੁਣ ਸਰਗੁਣ ਕਿਰਪਾ ਕਰ, ਕਿਰਪਾਨਿਧ ਠਾਕਰ ਸੁਆਮੀ ਦੀਨਨ ਆਪਣੇ ਰੰਗ ਰੰਗਾਇੰਦਾ । ਕਰੇ ਖੇਲ ਸਾਚਾ ਹਰਿ, ਸਰਬ
ਜੀਆਂ ਘਟ ਘਟ ਅੰਤਰਜਾਮੀ ਘਟ ਘਟ ਆਪਣੀ ਜੋਤ ਜਗਾਇੰਦਾ । ਸਤਿ ਸਤਿਵਾਦੀ ਹਰਿਜਨ ਸਾਚੇ ਦੇਵੇ ਵਰ, ਬੋਧ ਅਗਾਧ ਏਕਾ ਬਾਣੀ ਅਨਹਦ
ਨਾਦੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ
ਨਰ, ਆਪਣਾ ਵੇਸ ਆਪ ਵਟਾਇੰਦਾ । ਸਾਚਾ ਵੇਸ ਸ੍ਰੀ ਭਗਵੰਤ, ਨਿਰਗੁਣ ਆਪਣਾ ਆਪ ਪਰਗਟਾਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ
ਕਰਤਾ ਬੇਪਰਵਾਹੀਆ । ਕਲਜੁਗ ਮਹਿਮਾ ਜਾਣੇ ਬੇਅੰਤ, ਬੇਅੰਤ ਆਪਣੀ ਖੇਲ ਕਰਾਈਆ । ਲੱਖ ਚੁਰਾਸੀ ਮਾਇਆ ਪਾਏ ਗੜ ਬਣਾਏ ਹਉਮੇ
ਹੰਗਤ, ਹੰ ਬ੍ਰਹਮ ਨਾ ਕੋਇ ਦਰਸਾਈਆ । ਗੁਰਮੁਖ ਵਿਰਲੇ ਲਾਏ ਆਪਣੇ ਅੰਗ ਅੰਗੀਕਾਰ ਕਰੇ ਅੰਗਤ, ਦੂਸਰ ਓਟ ਨਾ ਕੋਇ ਜਣਾਈਆ ।
ਦੂਜੇ ਦਰ ਨਾ ਜਾਏ ਮੰਗਤ, ਜਿਸ ਮਿਲਿਆ ਹਰਿ ਰਘਰਾਈਆ । ਸਚਖੰਡ ਸਤਿ ਸਤਿਵਾਦੀ ਭਗਤ ਭਗਵੰਤ, ਬਣਾਏ ਸਾਚੀ ਸੰਗਤ, ਸਗਲਾ

ਸੰਗ ਆਪ ਨਿਭਾਈਆ । ਪੰਜ ਤਤ ਕਾਇਆ ਚੋਲੀ ਚਾੜ੍ਹੇ ਰੰਗਤ, ਰੰਗ ਮਜੀਠੀ ਇਕ ਰੰਗਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪਾਂਧਾ ਪੰਡਤ, ਮੁੱਲਾਂ ਸ਼ੇਖ਼ ਮੁਸਾਇਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚੀ ਧਾਰਾ ਆਪ ਚਲਾਈਆ । ਸਾਚੀ ਧਾਰਾ ਸਤਿ ਸਤਿਵਾਦ, ਸਤਿਜੁਗ ਸਾਚਾ ਰਾਹ ਚਲਾਇੰਦਾ । ਕਲਜੁਗ ਮੇਟੇ ਵਾਦ ਵਿਵਾਦ, ਕੂੜ ਕੁੜਿਆਰਾ ਡੇਰਾ ਢਾਹਿੰਦਾ । ਦੋ ਜਹਾਨ ਵਜਾਏ ਸਾਚਾ ਨਾਦ, ਲੋਆਂ ਪੁਰੀਆਂ ਆਪ ਸੁਣਾਇੰਦਾ । ਜੇਰਜ ਅੰਡਾਂ ਦੇਵੇ ਦਾਦ, ਉਤਭੁਜ ਸੇਤਜ ਝੋਲੀ ਆਪ ਭਰਾਇੰਦਾ । ਵੇਖਣਹਾਰਾ ਸੰਤ ਸਾਧ, ਗੁਰ ਚੇਲੇ ਆਪਣਾ ਰੰਗ ਵਖਾਇੰਦਾ । ਸਚ ਨਿਸ਼ਾਨਾ ਏਕਾ ਗਾਡ, ਦੋ ਜਹਾਨਾਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਸਾਚੀ ਦਾਤ ਆਪ ਵਰਤਾਇੰਦਾ । ਸਾਚੀ ਵਸਤ ਨਾਮ ਧਨ, ਧਨ ਖ਼ਜ਼ੀਨਾ ਆਪ ਲੁਟਾਈਆ । ਚਾਰ ਵਰਨ ਜਾਏ ਮੰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਏਕਾ ਰਾਗ ਸੁਣਾਏ ਕੰਨ, ਰਾਗ ਰਾਗਨੀ ਮੁਖ ਸ਼ਰਮਾਈਆ । ਏਕਾ ਨੂਰ ਚਾੜ੍ਹੇ ਚੰਨ, ਅੰਧ ਅੰਧੇਰਾ ਦਏ ਗੁਆਈਆ । ਏਕਾ ਮੰਦਰ ਵਖਾਏ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਛੁਹਾਈਆ । ਜਨ ਭਗਤਾਂ ਹਰਿ ਜੂ ਬੇੜਾ ਬੰਨ੍ਹ, ਲੋਕਮਾਤ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਹਰਿ ਜੂ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਫੇਰਾ ਪਾ, ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਸਚਖੰਡ ਦੁਆਰੇ ਲਏ ਬੁਲਾ, ਨਾਮ ਸੰਦੇਸਾ ਇਕ ਸੁਣਾਇੰਦਾ । ਰਲ ਮਿਲ ਸਾਰੇ ਕਰੋ ਸਲਾਹ, ਇਕੋ ਨਾਮ ਪੜ੍ਹਾਇੰਦਾ । ਸੋਹੰ ਢੋਲਾ ਲੈਣਾ ਗਾ, ਸ਼ਬਦ ਵਿਚੋਲਾ ਇਕ ਬਣਾਇੰਦਾ । ਮੌਲਾ ਰੂਪ ਆਪ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਨਾਮ ਸਤਿ ਮੰਤਰ ਦ੍ਰਿੜ੍ਹਾ, ਸਤਿਨਾਮ ਆਪਣਾ ਨਾਮ ਵਖਾਇੰਦਾ । ਰਾਮ ਰੂਪ ਵੇਖੇ ਥਾਉਂ ਥਾਂ, ਰਾਮ ਰਮਈਆ ਘਟ ਘਟ ਆਪਣਾ ਆਸਣ ਲਾਇੰਦਾ । ਕਾਹਨਾ ਕ੍ਰਿਸ਼ਨਾ ਵੇਸ ਵਟਾ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਅਖਵਾ, ਨਾਮ ਬੰਸਰੀ ਆਪ ਵਜਾਇੰਦਾ । ਸਾਚੀ ਸਖ਼ੀਆਂ ਮੰਗਲ ਗਾ, ਮੰਡਲ ਰਾਸ ਆਪ ਨਚਾ, ਆਪ ਆਪਣਾ ਪਰਦਾ ਲਾਹਿੰਦਾ । ਆਦਿ ਜੁਗਾਦੀ ਏਕਾ ਨਾਮ ਬ੍ਰਹਮ ਬ੍ਰਹਿਮਾਦੀ ਦਏ ਸੁਣਾ, ਵਿਸ਼ਨ ਬ੍ਰਹਮਾ ਸ਼ਿਵ ਰਹੇ ਧਿਆ, ਧਿਆਨ ਧਿਆਨ ਨਾਲ ਮਿਲਾਇੰਦਾ । ਕਲਜੁਗ ਅੰਤਮ ਵੇਖਣਹਾਰਾ ਉਚੇ ਟਿੱਲੇ ਪਰਬਤ ਡੂੰਘੇ ਜਲ ਥਲ ਅਸਗਾਹ, ਭਵਰੀ ਆਪਣਾ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਪਕੜ ਉਠਾਏ ਬਾਂਹ, ਲੱਖ ਚੁਰਾਸੀ ਆਪਣਾ ਭੇਵ ਚੁਕਾਇੰਦਾ । ਆਤਮ ਪਰਮਾਤਮ ਦਏ ਮਿਲਾ, ਦੂਈ ਦਵੈਤੀ ਪੜਦਾ ਆਪੇ ਲਾਹਿੰਦਾ । ਬਜਰ ਕਪਾਟੀ ਕੁੰਡਾ ਦਏ ਖੁਲ੍ਹਾ, ਘਰ ਘਰ ਵਿਚ ਮੰਦਰ ਆਪ ਸੁਹਾਇੰਦਾ । ਨਿਰਗੁਣ ਦੀਵਾ ਬਾਤੀ ਦਏ ਜਗਾ, ਕਮਲਾਪਾਤੀ ਆਪਣਾ ਨੂਰ ਵਖਾਇੰਦਾ । ਬਣ ਸਾਕੀ ਸਾਚਾ ਜਾਮ ਦਏ ਪਿਆ, ਅੰਮ੍ਰਿਤ ਰਸ ਨਿਝਰ ਝਿਰਨਾ ਆਪ ਝਿਰਾਇੰਦਾ । ਸਾਚੀ ਸੇਜਾ ਦਏ ਸੁਹਾ, ਆਤਮ ਖਾਟ ਆਪ ਵਖਾਇੰਦਾ । ਨਿਰਗੁਣ ਨਿਰਗੁਣ ਮੇਲ ਮਿਲਾ, ਮਿਲ ਮਿਲ ਆਪਣਾ ਰੰਗ ਰੰਗਾਇੰਦਾ । ਗੁਰ ਚੇਲਾ ਵਸੇ ਏਕਾ ਥਾਂ, ਏਕਾ ਮੰਦਰ ਵਡਿਆਇੰਦਾ । ਜਿਥੇ ਕੋਈ ਦੂਸਰ ਨਾ, ਪੁਰਖ ਅਕਾਲ ਏਕੋ ਨਜ਼ਰੀ ਆਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਰਾ ਨਾ ਕੋਇ ਵਖਾਇੰਦਾ । ਨਾ ਕੋਈ ਨਾਰ ਕੰਤ ਰਹੀ ਹੰਢਾ, ਨਾ ਕੋਈ ਪੂਤ ਗੋਦ ਉਠਾਇੰਦਾ । ਪੁਰਖ ਅਬਿਨਾਸ਼ੀ ਬੈਠਾ ਇਕੋ

ਸ਼ਹਿਨਸ਼ਾਹ, ਸਚਖੰਡ ਆਪਣਾ ਡੇਰਾ ਲਾਇੰਦਾ । ਜੁਗ ਜੁਗ ਲੇਖਾ ਦਏ ਮੁਕਾ, ਗੁਰ ਪੀਰ ਅਵਤਾਰ ਪੈਗ਼ੰਬਰ ਕੋਇ ਰਹਿਣ ਨਾ ਪਾਇੰਦਾ । ਪੰਜ ਤਤ ਕਾਇਆ ਮਾਟੀ ਕਰੇ ਸੁਆਹ, ਅੰਤਮ ਖਾਕੀ ਖ਼ਾਕ ਮਿਲਾਇੰਦਾ । ਏਕਾ ਨਾਮ ਸ਼ਬਦ ਜਪਾ, ਗੁਰ ਸ਼ਬਦੀ ਆਪ ਪਰਗਟਾਇੰਦਾ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਅੰਤਮ ਆਸਾ ਪੂਰ ਦਏ ਕਰਾ, ਨਿਹਕਲੰਕਾ ਫੇਰਾ ਪਾਇੰਦਾ । ਬੰਕ ਦੁਆਰਾ ਦਏ ਸੁਹਾ, ਸੰਬਲ ਆਪਣਾ ਡੇਰਾ ਲਾਇੰਦਾ । ਗੁਰਸਿਖ ਗੁਰ ਗੁਰ ਲਏ ਜਗਾ, ਜਾਗਰਤ ਜੋਤ ਆਪ ਵਖਾਇੰਦਾ । ਕਾਗੋਂ ਹੰਸ ਲਏ ਬਣਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਚਰਨ ਕਵਲ ਦੇਵੇ ਥਾਂ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਕਰੇ ਪਿਆਰ ਜਿਉਂ ਪੁੱਤਰ ਮਾਂ, ਆਪਣੀ ਗੋਦ ਰਿਹਾ ਸੁਹਾ, ਸੁਹੰਜਣੀ ਰੁੱਤ ਨਾਲ ਮਿਲਾਇੰਦਾ । ਕਾਗ਼ਜ਼ ਕਲਮ ਸ਼ਾਹੀ ਕੋਈ ਲਿਖੇ ਨਾ, ਸਮੁੰਦ ਸਾਗਰ ਮਾਰਨ ਧਾਹ, ਬਨਾਸਪਤ ਹੋਏ ਅੰਤ ਸੁਆਹ, ਭਾਰ ਅਠਾਰਾਂ ਤੋਲ ਨਾ ਕੋਇ ਤੁਲਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਜੁਗ ਜੁਗ ਖੇਲ ਰਿਹਾ ਕਰਾ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਅੰਤਮ ਲੇਖਾ ਆਪ ਮੁਕਾਇੰਦਾ । ਗੁਰਮੁਖਾਂ ਬਖ਼ਸ਼ੇ ਜਨਮ ਜਨਮ ਦੇ ਸਰਬ ਗੁਨਾਹ, ਜਿਸ ਜਨ ਆਪਣਾ ਦਰਸ ਕਰਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਦਰਗਹਿ ਸਾਚੀ ਆਪ ਬਹਾਇੰਦਾ । ਆਤਮ ਪਰਮਾਤਮ ਜਣਾਏ ਸਾਚਾ ਨਾਮ, ਸੋਹੰ ਸੋਹਲਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਦੇਵੇ ਸਾਚਾ ਵਰ, ਗੁਰਮੁਖ ਲਾਏ ਆਪਣੇ ਲੜ, ਆਪਣਾ ਬੰਧਨ ਏਕਾ ਪਾਇੰਦਾ । ਆਪਣਾ ਬੰਧਨ ਨਾਮ ਰਸ, ਰਸ ਰਸੀਆ ਆਪੇ ਪਾਇੰਦਾ । ਆਪੇ ਭਗਤਾਂ ਹੋਏ ਵਸ, ਭਗਤ ਆਪਣੇ ਵਸ ਕਰਾਇੰਦਾ । ਆਤਮ ਅੰਤਰ ਮਾਰਗ ਦੱਸ, ਜਗਤ ਬਸੰਤਰ ਆਪ ਬੁਝਾਇੰਦਾ । ਮੇਟੇ ਰੈਣ ਅੰਧੇਰੀ ਮਸ, ਚੰਦ ਚਾਂਦਨੀ ਨੂਰ ਚਮਕਾਇੰਦਾ । ਤੀਰ ਨਿਰਾਲਾ ਮਾਰੇ ਕੱਸ, ਪੰਚਮ ਡੇਰਾ ਆਪੇ ਢਾਹਿੰਦਾ । ਹਿਰਦੇ ਅੰਦਰ ਹਰਿ ਜੂ ਵਸ, ਹਰਿਜਨ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਗੁਰਸਿਖ ਰੰਗੇ ਸਾਚਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਰਿਹਾ ਸੁਹਾਈਆ । ਧੁੰਨ ਅਨਾਦੀ ਇਕ ਮਰਦੰਗ, ਵਡ ਮਰਦੰਗਾ ਆਪ ਵਜਾਈਆ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭਉਂ ਭੰਨਾਈਆ । ਸੋਹੰ ਢੋਲਾ ਸੁਣਾਏ ਛੰਦ, ਆਤਮ ਪਰਮਾਤਮ ਜੋੜ ਜੋੜਾਈਆ । ਜਨਮ ਜਨਮ ਦੀ ਟੁੱਟੀ ਗੰਢ, ਏਕਾ ਬੰਧਨ ਰਿਹਾ ਵਖਾਈਆ । ਸਾਚਾ ਰਸ ਦੇਵੇ ਨਿਜਾਨੰਦ, ਨਿਜ ਘਰ ਅੰਮ੍ਰਿਤ ਮੁਖ ਚੁਆਈਆ । ਲੱਖ ਚੁਰਾਸੀ ਆਵਣ ਜਾਵਣ ਚੁਕੇ ਪੰਧ, ਮਾਤ ਗਰਭ ਫੇਰਾ ਦਏ ਮੁਕਾਈਆ । ਸਤਿਗੁਰ ਪੂਰਾ ਪੁਰਖ ਅਕਾਲ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਸਤਿਜੁਗ ਸਾਚੇ ਚਾੜ੍ਹੇ ਚੰਦ, ਸਾਚਾ ਨੂਰ ਕਰੇ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨ ਸੂਰਾ ਸਰਬੱਗ, ਸਮਰਥ ਪੁਰਖ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ ।

# ❋ ੩੦ ਹਾੜ ੨੦੧੯ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਕੰਗ ਜ਼ਿਲਾ ਜਲੰਧਰ ❋

ਸਚਖੰਡ ਸੱਚਾ ਦਰਬਾਰ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਇਕੱਠੇ ਕਰ ਗੁਰ ਅਵਤਾਰ, ਦਰ ਸਾਚੇ ਆਪ ਬਹਾਇੰਦਾ । ਪੀਰ ਪੈਗ਼ੰਬਰ ਵੇਖੇ ਯਾਰ, ਪੂਰਬ ਲਹਿਣਾ ਭੇਵ ਚੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੋਲ੍ਹਣਹਾਰ ਕਿਵਾੜ, ਦੋ ਜਹਾਨਾਂ ਕੁੰਡਾ ਲਾਹਿੰਦਾ । ਭਗਤ ਭਗਵੰਤ ਲਏ ਉਠਾਲ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਸਾਚੇ ਸੰਤ ਵੇਖੇ ਲਾਲ, ਲਾਲਨ ਆਪਣਾ ਭੇਵ ਚੁਕਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਚਲਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਰਬ ਜੀਆਂ ਪ੍ਰਭ ਜਾਣੀ ਜਾਣ, ਘਟ ਘਟ ਆਪਣਾ ਆਸਣ ਲਾਇੰਦਾ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਪਹਿਚਾਨ, ਅੰਜੀਲ ਕੁਰਾਨ ਪੜਦਾ ਲਾਹਿੰਦਾ । ਅੰਡਜ ਜੇਰਜ ਉਤਭੁਜ ਸੇਤਜ ਵੇਖਣਹਾਰਾ ਮਾਰ ਧਿਆਨ, ਚਾਰੋਂ ਕੁੰਟ ਨੈਣ ਉਠਾਇੰਦਾ । ਦਹਿ ਦਿਸ਼ਾ ਖੇਲ ਮਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣਾ ਭੇਵ ਚੁਕਾਇੰਦਾ । ਲੇਖਾ ਜਾਣੇ ਜ਼ਿਮੀ ਅਸਮਾਨ, ਗਗਨ ਗਗਨੰਤਰ ਆਪਣਾ ਫੇਰਾ ਪਾਇੰਦਾ । ਚੌਦਾਂ ਤਬਕ ਵੇਖਣਹਾਰ ਦੁਕਾਨ, ਚੌਦਾਂ ਲੋਕਾਂ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਸਾਚੀ ਕਾਰ ਸਚਖੰਡ ਦੁਆਰੇ, ਹਰਿ ਸਾਚਾ ਆਪ ਕਰਾਈਆ । ਇਕੱਠੇ ਕਰ ਗੁਰ ਅਵਤਾਰੇ, ਗੁਰ ਗੁਰ ਬੂਝ ਬੁਝਾਈਆ । ਪੀਰ ਪੈਗ਼ੰਬਰ ਸੋਹਨ ਬੰਕ ਦੁਆਰੇ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਚ ਸੰਦੇਸਾ ਨਰ ਨਰੇਸ਼ਾ ਏਕਾ ਦੇਵੇ ਏਕੰਕਾਰੇ, ਏਕਾ ਹੁਕਮ ਸੁਣਾਈਆ । ਸਾਰੇ ਬੋਲੋ ਇਕ ਜੈਕਾਰੇ, ਜੈ ਜੈਕਾਰ ਕਰੇ ਲੋਕਾਈਆ । ਸੋਹੰ ਸ਼ਬਦ ਅਗੰਮ ਅਪਾਰੇ, ਅਲੱਖ ਅਗੋਚਰ ਕਰੇ ਪੜ੍ਹਾਈਆ । ਆਤਮ ਪਰਮਾਤਮ ਲੱਖ ਚੁਰਾਸੀ ਬਣ ਵਣਜਾਰੇ, ਲੋਕਮਾਤ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਹਰਿ ਹਰਿ ਗੀਤ, ਆਪਣਾ ਨਾਉਂ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਘਰ ਸਾਚੇ ਬਣੋ ਮੀਤ, ਜਗਤ ਵਿਛੋੜਾ ਆਪ ਮੁਕਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦੁਆਲਾ ਮੱਠ ਵੰਡ ਨਾ ਕੋਇ ਵੰਡਾਇੰਦਾ । ਸ੍ਰਿਸ਼ਟ ਸਬਾਈ ਚਲੇ ਏਕਾ ਰੀਤ, ਰੀਤੀਵਾਨ ਆਪ ਚਲਾਇੰਦਾ । ਨਿਰਗੁਣ ਸਰਗੁਣ ਸਚ ਪ੍ਰੀਤ, ਪੁਰਖ ਅਕਾਲ ਆਪ ਵਖਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਏਕਾ ਰੰਗ ਰੰਗਾਇੰਦਾ । ਸਦਾ ਸੁਹੇਲਾ ਵਸੇ ਚੀਤ, ਗ੍ਰਿਹਿ ਮੰਦਰ ਆਸਣ ਲਾਇੰਦਾ । ਕਲਜੁਗ ਅੰਤਮ ਵੇਲਾ ਰਿਹਾ ਬੀਤ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਸਚਖੰਡ ਨਿਵਾਸੀ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਆਪ ਸਮਝਾਇੰਦਾ । ਸਚ ਸੰਦੇਸਾ ਏਕੰਕਾਰ, ਕਲਜੁਗ ਅੰਤਮ ਆਪ ਜਣਾਈਆ । ਸ੍ਰਿਸ਼ਟ ਸਬਾਈ ਏਕਾ ਧਾਰ, ਏਕਾ ਮਾਰਗ ਦਏ ਵਖਾਈਆ । ਪੂਰਬ ਲੇਖਾ ਸਰਬ ਸੰਸਾਰ, ਕਲਜੁਗ ਅੰਤਮ ਦਏ ਮੁਕਾਈਆ । ਸਤਿਜੁਗ ਸਾਚਾ ਬੋਲ ਜੈਕਾਰ, ਜੈ ਜੈਕਾਰ ਕਰੇ ਸ਼ਨਵਾਈਆ । ਗੁਰ ਅਵਤਾਰ ਕਰੋ ਨਿਮਸਕਾਰ, ਪੀਰ ਪੈਗ਼ੰਬਰ ਸੀਸ ਝੁਕਾਈਆ । ਏਕਾ ਕਲਮਾ ਅਪਰ ਅਪਾਰ, ਪਰਵਰਦਿਗਾਰ ਆਪ ਸੁਣਾਈਆ । ਏਕਾ ਮੰਤਰ ਦਏ ਅਧਾਰ, ਜੀਵਣ ਜੁਗਤ ਜਗਤ ਜਣਾਈਆ । ਏਕਾ ਦੀਪ ਹੋਏ ਉਜਿਆਰ, ਅੰਧ ਅੰਧੇਰ

ਗਵਾਈਆ । ਏਕਾ ਚਰਨ ਕਵਲ ਪਿਆਰ, ਸਤਿਗੁਰ ਏਕਾ ਨਜ਼ਰੀ ਆਈਆ । ਏਕਾ ਧਰਤ ਧਵਲ ਅਖਾੜ, ਏਕਾ ਧਰਨੀ ਸੋਭਾ ਪਾਈਆ । ਏਕਾ ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਆਪਣਾ ਫੇਰਾ ਪਾਈਆ । ਏਕਾ ਸਮੁੰਦ ਸਾਗਰ ਕਰੇ ਵਿਚਾਰ, ਜਲ ਥਲ ਮਹੀਅਲ ਏਕਾ ਵੇਖ ਵਖਾਈਆ । ਏਕਾ ਲੇਖਾ ਜਾਣੇ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪਾਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਏਕਾ ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਲਿਖਾਰ, ਬਣ ਕਾਤਬ ਲੇਖ ਲਿਖਾਈਆ । ਏਕਾ ਗੁਰ ਅਵਤਾਰਾਂ ਦਏ ਅਧਾਰ, ਨਾਮ ਨਿਧਾਨਾ ਝੋਲੀ ਪਾਈਆ । ਏਕਾ ਕਲਜੁਗ ਅੰਤਮ ਪਰਗਟ ਹੋਵੇ ਵਿਚ ਸੰਸਾਰ, ਮਹਾਬਲੀ ਆਪਣਾ ਨਾਉਂ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਆਦਿ ਸ਼ਕਤ ਆਦਿ ਭਵਾਨੀ ਚਤਰਭੁਜ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਹੱਕ ਹਕ਼ੀਕ਼ਤ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਸੁਹਾਈਆ । ਸਚਖੰਡ ਨਿਵਾਸੀ ਏਕੰਕਾਰ, ਆਪਣੀ ਕਲ ਧਰਾਇੰਦਾ । ਲਹਿਣਾ ਦੇਣਾ ਚੁਕਾ ਗੁਰੂ ਅਵਤਾਰ, ਸਾਚਾ ਮਾਰਗ ਆਪੇ ਲਾਇੰਦਾ । ਕਲਜੁਗ ਅੰਤਮ ਕਰੇ ਖੁਆਰ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਚਮਕਾਇੰਦਾ । ਸਾਚਾ ਛੰਦਾ ਬੋਲ ਜੈਕਾਰ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਖਾਇੰਦਾ । ਸਚ ਦੁਆਰਾ ਸਾਚਾ ਰੰਗ, ਹਰਿ ਜੂ ਹਰਿ ਹਰਿ ਆਪ ਰੰਗਾਇੰਦਾ । ਸਤਿਜੁਗ ਮੰਗੇ ਏਕਾ ਮੰਗ, ਆਪਣੀ ਝੋਲੀ ਅੱਗੇ ਡਾਹਿੰਦਾ । ਕਲਜੁਗ ਅੰਤਮ ਹੋਇਆ ਨੰਗ, ਸਿਰ ਹੱਥ ਨਾ ਕੋਇ ਰਖਾਇੰਦਾ । ਚੌਦਾਂ ਲੋਕ ਭਾਗਾਂ ਮੰਦ, ਸਾਚਾ ਸਬਕ ਨਾ ਕੋਇ ਪੜ੍ਹਾਇੰਦਾ । ਸ੍ਰਿਸ਼ਟ ਸਬਾਈ ਹੋਈ ਖੰਡ ਖੰਡ, ਵਰਨ ਬਰਨ ਆਪ ਲੜਾਇੰਦਾ । ਘਰ ਪਰਕਾਸ਼ ਨਾ ਹੋਏ ਸਾਚਾ ਚੰਦ, ਜੋਤ ਨਿਰੰਜਣ ਨੂਰ ਨਾ ਕੋਇ ਵਖਾਇੰਦਾ । ਆਤਮ ਰਸ ਨਾ ਮਿਲੇ ਅਨੰਦ, ਸਾਚਾ ਅੰਮ੍ਰਿਤ ਨਾ ਕੋਇ ਮੁਖ ਚੁਆਇੰਦਾ । ਜਨਮ ਜਨਮ ਦੀ ਟੁੱਟੀ ਦੇਵੇ ਨਾ ਕੋਇ ਗੰਢ, ਗੰਢਣਹਾਰ ਗੋਪਾਲ ਸੁਆਮੀ ਦਿਸ ਕਿਸੇ ਨਾ ਆਇੰਦਾ । ਨੌਂ ਖੰਡ ਹੋਏ ਵੈਰਾਨੀ, ਵੈਰਾਨਗੀ ਭੇਵ ਨਾ ਕੋਇ ਖੁਲ੍ਹਾਇੰਦਾ । ਕਲਜੁਗ ਅੰਤਮ ਅੰਤ ਨਿਸ਼ਾਨੀ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਅਨਹਦ ਨਾਦ ਨਾ ਸੁਣੇ ਕੋਇ ਬਾਣੀ, ਰਸਨਾ ਜਿਹਵਾ ਸਰਬ ਗਾਇੰਦਾ । ਅੰਮ੍ਰਿਤ ਆਤਮ ਸਚ ਸਰੋਵਰ ਮਿਲੇ ਨਾ ਠੰਡਾ ਪਾਣੀ, ਅਠਸਠ ਤੀਰਥ ਸਰਬ ਕੁਰਲਾਇੰਦਾ । ਸਤਿਗੁਰ ਸ਼ਬਦ ਮਿਲੇ ਨਾ ਸਾਚਾ ਹਾਣੀ, ਸੁਰਤੀ ਨਾਰ ਨਾ ਕੋਇ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੋਕਮਾਤ ਨੇਤਰ ਨੈਣ ਆਪ ਵਖਾਇੰਦਾ । ਨੇਤਰ ਵੇਖੋ ਆਪਣਾ ਹਾਲ, ਹਰਿ ਜੂ ਆਪ ਸੁਣਾਈਆ । ਨੌਂ ਖੰਡ ਪ੍ਰਿਥਮੀ ਹੋਏ ਬੇਹਾਲ, ਬੇਹਬਲ ਹੋ ਹੋ ਦਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਅੰਤ ਦਿਸੇ ਨਾ ਕੋਇ ਦਲਾਲ, ਸਭ ਬੈਠੇ ਮੁਖ ਭੁਵਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਦੀਨ ਦਿਆਲ, ਬੇਪਰਵਾਹ ਬੇਪਰਵਾਹੀਆ । ਸ੍ਰਿਸ਼ਟ ਸਬਾਈ ਖ਼ਾਲੀ ਵੇਖੇ ਧਰਮ ਧਰਮਸਾਲ, ਧਰਮ ਦੁਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਸਰਬ ਖੁਲ੍ਹਾਈਆ । ਨੇਤਰ ਖੋਲ੍ਹ ਵੇਖੋ ਅੱਖ, ਹਰਿ ਅੱਖਰ ਅੱਖਰ ਆਪ ਜਣਾਇੰਦਾ । ਕਲਜੁਗ ਕੂੜ ਕੁੜਿਆਰਾ

ਦਿਸੇ ਭੱਠ, ਤ੍ਰੈਗੁਣ ਅਗਨੀ ਤਤ ਤਪਾਇੰਦਾ । ਸਤਿ ਸਰੂਪ ਨਾ ਕੋਇ ਮੰਦਰ ਮਸਜਦ ਮੱਠ, ਗੁਰੁਦੁਆਰ ਗੁਰ ਗੁਰ ਰੰਗ ਨਾ ਕੋਇ ਰੰਗਾਇੰਦਾ । ਜਗਤ ਵਿਭਚਾਰੀ ਹੋਇਆ ਇਕੱਠ, ਨਾਰ ਵੇਸਵਾ ਸਰਬ ਹੰਢਾਇੰਦਾ । ਪਾਰਬ੍ਰਹਮ ਪ੍ਰਭ ਮਿਲੇ ਨਾ ਕਮਲਾਪਤ, ਕਵਲ ਨੈਣ ਨੈਣ ਨਾ ਕੋਇ ਮਿਲਾਇੰਦਾ । ਨਾੜ ਬਹੱਤਰ ਉਬਲੇ ਰੱਤ, ਧੀਰਜ ਧੀਰ ਨਾ ਕੋਇ ਧਰਾਇੰਦਾ । ਸ੍ਰਿਸ਼ਟ ਸਬਾਈ ਖੇੜਾ ਦਿਸੇ ਭੱਠ, ਜਗਤ ਭਠਿਆਲਾ ਆਪ ਤਪਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ੀ ਦੋ ਜਹਾਨ ਸ੍ਰੀ ਭਗਵਾਨ ਪੈਂਡਾ ਵੇਖੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਚਾਰ ਯੁਗ ਦਾ ਪਿਛਲਾ ਲੇਖਾ ਆਪਨੇ ਲੇਖੇ ਲਏ ਘਤ, ਅੱਗੇ ਰਾਹ ਨਾ ਕੋਇ ਜਣਾਇੰਦਾ । ਸ੍ਰਿਸ਼ਟ ਸਬਾਈ ਨਾਤਾ ਜੁੜਿਆ ਮਨ ਮਤ, ਮਨ ਵਾਸਨਾ ਨਾਲ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਬੈਠੇ ਸੱਥਰ ਘਤ, ਕੂੜੀ ਸਫ਼ਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਅਵਤਾਰਾਂ ਭੇਵ ਚੁਕਾਇੰਦਾ । ਗੁਰ ਅਵਤਾਰ ਕਰਨ ਧਿਆਨ, ਲੋਕਮਾਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਹੋਈ ਬੇਈਮਾਨ, ਆਤਮ ਅੰਤਰ ਹਰਿ ਕਾ ਨਾਉਂ ਨਾ ਕੋਇ ਧਿਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੂਕ ਕੂਕ ਕੁਰਲਾਣ, ਕੂੜੀ ਕਿਰਿਆ ਵੰਡ ਵੰਡਾਈਆ । ਨਜ਼ਰ ਨਾ ਆਏ ਸ੍ਰੀ ਭਗਵਾਨ, ਸਾਹਿਬ ਸੁਲਤਾਨ ਬੈਠਾ ਮੁਖ ਛੁਪਾਈਆ । ਜ਼ਾਤ ਪਾਤ ਊਚ ਨੀਚ ਰਾਉਂ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ, ਆਪਣਾ ਕੀਤਾ ਆਪੇ ਪਾਣ, ਲਿਖ ਲਿਖ ਲੇਖਾ ਸਭ ਦਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਚਾਰ ਯੁਗ ਦਾ ਅੰਤ ਕਿਨਾਰਾ, ਅੰਤਮ ਅੰਤ ਆਪ ਵਖਾਇੰਦਾ । ਸ੍ਰਿਸ਼ਟ ਸਬਾਈ ਨੇਤਰ ਰੋਵੇ ਜ਼ਾਰੋ ਜ਼ਾਰਾ, ਨੈਣ ਨੈਣ ਨਾ ਕੋਇ ਉਠਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਭੇਵ ਨਾ ਕੋਇ ਜਣਾਇੰਦਾ । ਬੇਅੰਤ ਬੇਅੰਤ ਕਹਿ ਕਹਿ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਇੰਦਾ । ਰਾਹ ਤੱਕਦੇ ਗਏ ਪਰਵਰਦਿਗਾਰਾ, ਪਰਵਰਦਿਗਾਰ ਆਪਣਾ ਫੇਰਾ ਪਾਇੰਦਾ । ਨਿਹਕਲੰਕ ਨਰਾਇਣ ਨਰ ਲੈ ਅਵਤਾਰਾ, ਰੂਪ ਅਨੂਪ ਆਪ ਪਰਗਟਾਇੰਦਾ । ਜੋਤੀ ਜਾਤਾ ਕਰ ਪਸਾਰਾ, ਪੁਰਖ ਬਿਧਾਤਾ ਖੇਲ ਕਰਾਇੰਦਾ । ਰਾਤੀ ਰੁੱਤੀ ਥਿਤੀ ਨਾ ਜਾਣੇ ਕੋਇ ਵਾਰਾ, ਘੜੀ ਪਲ ਨਾ ਵੰਡ ਵੰਡਾਇੰਦਾ । ਸ਼ਬਦ ਅਗੰਮੀ ਸਾਚੀ ਧਾਰਾ, ਥਿਰ ਘਰ ਵਾਸੀ ਬਾਹਰ ਕਢਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਨੂਰ ਵਖਾਇੰਦਾ । ਪੂਰਬ ਲੇਖਾ ਗੁਰ ਅਵਤਾਰਾ, ਅੰਤਮ ਪੂਰ ਕਰਾਇੰਦਾ । ਸ੍ਰਿਸ਼ਟ ਸਬਾਈ ਵੇਖਣਹਾਰਾ, ਇਸ਼ਟ ਦ੍ਰਿਸ਼ਟ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਆਪ ਵਡਿਆਇੰਦਾ । ਸਾਚਾ ਮੰਦਰ ਉਚ ਮਹੱਲਾ, ਸਤਿਗੁਰ ਸਾਚਾ ਆਪ ਵਸਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਆਦਿ ਜੁਗਾਦਿ ਜੁਗਾ ਜੁਗੰਤਰ ਡੇਰਾ ਲਾਈਆ । ਬੋਧ ਅਗਾਧ ਸ਼ਬਦ ਅਨਾਦ ਸਚ ਸੰਦੇਸ ਏਕਾ ਘੱਲਾ, ਭਗਤ ਭਗਵੰਤ ਸਾਧ ਸੰਤ ਕਰੇ ਪੜ੍ਹਾਈਆ । ਆਤਮ ਸੇਜਾ ਸਚ ਸਿੰਘਾਸਣ ਏਕਾ ਮੱਲਾ, ਘਰ ਘਰ ਵਿਚ ਬੈਠਾ ਜੋਤ ਜਗਾਈਆ । ਨਿਰਗੁਣ ਸਰਗੁਣ ਫੜਾਏ ਪੱਲਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ ਲੋਕਮਾਤ ਵੇਖੇ ਚਾਈਂ ਚਾਈਆ । ਲੋਕਮਾਤ ਹਰਿ ਚਾਉ ਘਨੇਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਹੇਰਾ ਫੇਰਾ, ਅਛਲ

੫੨੬
੧੨

ਛਲ ਆਪਣੀ ਖੇਲ ਕਰਾਇੰਦਾ । ਜਨ ਭਗਤਾਂ ਕਰੇ ਹੱਕ ਨਬੇੜਾ, ਪੂਰਬ ਲੇਖਾ ਝੋਲੀ ਪਾਇੰਦਾ । ਦੇਵੇ ਦਰਸ ਨਾ ਲਾਏ ਦੇਰਾ, ਆਤਮ ਪਰਮਾਤਮ ਜੋੜ ਜੋੜਾਇੰਦਾ । ਕਾਇਆ ਮੰਦਰ ਅੰਦਰ ਮਿਟਾਏ ਜੂਠਾ ਝੂਠਾ ਅੰਧੇਰਾ, ਸਚ ਸੁੱਚ ਦੀਪਕ ਜੋਤ ਆਪ ਜਗਾਇੰਦਾ । ਨਾਤਾ ਤੋੜੇ ਜਗਤ ਵਿਛੋੜੇ ਮੇਲ ਮਿਲਾਏ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਸੁਲਤਾਨ, ਆਦਿ ਅੰਤ ਜਣਾਈਆ । ਕਲਜੁਗ ਮੇਟੇ ਕੂੜ ਦੁਕਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਨਾਤਾ ਤੁਟੇ ਜੀਵ ਸ਼ੈਤਾਨ, ਸ਼ਰਅ ਹੱਦ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਇਕ ਸਰੋਵਰ ਤਟ ਅਸ਼ਨਾਨ, ਇਕ ਕਿਨਾਰਾ ਦਏ ਜਣਾਈਆ । ਏਕਾ ਨਜ਼ਰੀ ਆਏ ਸ੍ਰੀ ਭਗਵਾਨ, ਦੂਸਰ ਰੂਪ ਨਾ ਕੋਇ ਵਖਾਈਆ । ਏਕਾ ਮੇਲਾ ਸਾਚੇ ਕਾਹਨ, ਲੱਖ ਚੁਰਾਸੀ ਗੋਪੀ ਆਪ ਪਰਨਾਈਆ । ਏਕਾ ਵੇਖੇ ਸੀਆ ਸੁਰਤੀ ਸਾਚਾ ਰਾਮ, ਘਟ ਘਟ ਬੈਠਾ ਜੋਤ ਜਗਾਈਆ । ਏਕਾ ਈਸਾ ਮੂਸਾ ਪੀਰ ਪੈਗ਼ੰਬਰ ਸੰਗ ਮੁਹੰਮਦ ਦਏ ਕਲਾਮ, ਕਲਮਾ ਨਬੀ ਇਕ ਪੜ੍ਹਾਈਆ । ਏਕਾ ਨਾਨਕ ਜਾਣੇ ਸਤਿਨਾਮ, ਨਾਮ ਸਤਿ ਸਤਿ ਸਮਝਾਈਆ । ਏਕਾ ਗੋਬਿੰਦ ਜੈ ਜੈਕਾਰ ਕਰੇ ਸ੍ਰੀ ਭਗਵਾਨ, ਪੁਰਖ ਅਕਾਲ ਇਕ ਮਨਾਈਆ । ਸ੍ਰਿਸ਼ਟ ਸਬਾਈ ਦੇ ਕੇ ਗਿਆ ਪੈਗ਼ਾਮ, ਸਚ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤਮ ਪਰਗਟ ਹੋਏ ਮਹਾਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਕੂੜੀ ਕਿਰਿਆ ਮੇਟੇ ਨਿਸ਼ਾਨ, ਸਤਿਜੁਗ ਸਾਚਾ ਰਾਹ ਚਲਾਈਆ । ਨੌਂ ਖੰਡ ਪ੍ਰਿਥਮੀ ਬਣਾਏ ਇਕ ਵਿਧਾਨ, ਰੱਯਤ ਏਕਾ ਰੂਪ ਵਖਾਈਆ । ਆਤਮ ਪਰਮਾਤਮ ਜੀਵ ਜੰਤ ਸਾਰੇ ਗਾਣ, ਸੋਹੰ ਅੱਖਰ ਕਰੇ ਪੜ੍ਹਾਈਆ । ਨਿਮਾਣਿਆਂ ਦੇਵੇ ਸਾਚਾ ਮਾਣ, ਸਿਰ ਆਪਣਾ ਹੱਥ ਟਿਕਾਈਆ । ਸ਼ਾਹ ਸੁਲਤਾਨਾ ਰਾਜ ਰਾਜਾਨਾ ਆਏ ਹਾਣ, ਸੀਸ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਮਾਰਗ ਆਪੇ ਲਾਈਆ । ਸਤਿਜੁਗ ਮਾਰਗ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਦੋ ਜਹਾਨਾਂ ਦੇਵੇ ਦਾਦ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਨਾਮ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹੇ ਆਰਾਧ, ਰਹਿਬਰ ਏਕਾ ਰਾਹ ਵਖਾਇੰਦਾ । ਲੱਖ ਚੁਰਾਸੀ ਅੰਤਰ ਨਾਦ, ਅਨਾਦੀ ਧੁੰਨ ਉਪਜਾਇੰਦਾ । ਕਲਜੁਗ ਖੇਲ ਕਰੇ ਵਿਚ ਬ੍ਰਹਿਮਾਦ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਵੇਖ ਵਖਾਇੰਦਾ । ਗੁਰ ਪੀਰ ਅਵਤਾਰ ਪੈਗ਼ੰਬਰ ਹੋਏ ਵਿਸਮਾਦ, ਬਿਸਮਲ ਆਪਣੀ ਖੇਲ ਜਣਾਇੰਦਾ । ਭਗਤ ਭਗਵੰਤ ਲਏ ਲਾਧ, ਲੱਖ ਚੁਰਾਸੀ ਫੋਲ ਫੋਲਾਇੰਦਾ । ਰਾਤੀ ਸੁੱਤਿਆਂ ਮਾਰ ਆਵਾਜ਼, ਫੜ ਬਾਂਹੋਂ ਆਪ ਉਠਾਇੰਦਾ । ਕਿਰਪਾ ਕਰ ਗ਼ਰੀਬ ਨਿਵਾਜ਼, ਗੁਰਬਤ ਸਭ ਦੀ ਬਾਹਰ ਕਢਾਇੰਦਾ । ਆਤਮ ਅੰਤਰ ਸਾਜਣ ਸਾਜ, ਸਾਚੀ ਸੇਜਾ ਆਪ ਸੁਹਾਇੰਦਾ । ਗੁਰਸਿਖ ਗੁਰ ਗੁਰ ਰਚ ਰਚ ਕਾਜ, ਘਰ ਮੰਦਰ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚਾ ਆਪ ਵਖਾਇੰਦਾ । ਦਰ ਘਰ ਸਾਚਾ ਸਾਢੇ ਤਿੰਨ ਹੱਥ, ਹਰਿ ਜੂ ਹਰਿਜਨ ਬਣਤ ਬਣਾਈਆ । ਅੰਦਰ ਵੜ ਪੁਰਖ ਸਮਰਥ, ਨਿਰਗੁਣ ਬੈਠਾ ਜੋਤ ਜਗਾਈਆ । ਨਾਮ ਨਿਧਾਨ ਦੇਵੇ ਵਥ, ਵਸਤ ਅਮੋਲਕ ਝੋਲੀ ਪਾਈਆ । ਦੇਵਣਹਾਰਾ ਏਕਾ ਬ੍ਰਹਮ ਮਤ, ਗੁਰ ਗਿਆਨ ਸ਼ਬਦ ਦ੍ਰਿੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਏ ਆਪ ਪ੍ਰਭ, ਨਿਰਗੁਣ ਆਪਣਾ ਫੇਰਾ ਪਾਈਆ । ਪੂਰਬ ਲਹਿਣਾ ਮੇਟੇ ਸਭ, ਪਿਛਲਾ ਲੇਖਾ ਦਏ ਚੁਕਾਈਆ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਜਗਤ ਤ੍ਰਿਸਨਾ ਹਿਰਸ ਮਿਟਾਈਆ । ਜਗਤ ਦੁਆਰਾ ਪਾਰ ਹੱਦ, ਜੂਠਾ ਝੂਠਾ ਨਾਤਾ ਦਏ ਤੁੜਾਈਆ । ਅੰਮ੍ਰਿਤ ਜਾਮ ਸਾਚੀ ਮਦਿ, ਮਧੁਰ ਰਸ ਇਕ ਵਖਾਈਆ । ਦਰ ਘਰ ਸਾਚੇ ਲਡਾਏ ਸਾਚਾ ਲਡ, ਪਿਤਾ ਪੂਤ ਵੇਸ ਵਟਾਈਆ । ਲੱਖ ਚੁਰਾਸੀ ਨਾਲੋਂ ਕਰ ਕਰ ਅਡ, ਗੁਰਸਿਖ ਗੁਰ ਗੁਰ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਧਾਮ ਸੁਹੰਜਣਾ, ਘਰ ਸਾਚਾ ਸੋਭਾਵੰਤ । ਪ੍ਰਭ ਮਿਲੇ ਇਕ ਨਿਰੰਜਣਾ, ਮੇਲ ਮਿਲਾਵਾ ਨਾਰ ਕੰਤ । ਹੋਏ ਸਹਾਈ ਦਰਦ ਦੁਖ ਭੈ ਭੰਜਨਾ, ਲੇਖਾ ਜਾਣੇ ਆਦਿ ਅੰਤ । ਚਰਨ ਧੂੜ ਕਰਾਏ ਮਜਨਾ ਗੁਰਮੁਖ ਵੇਖੇ ਸਾਚੇ ਸੰਤ । ਦੋ ਜਹਾਨਾਂ ਬਣ ਬਣ ਸੱਜਣਾ । ਮਹਿਮਾ ਜਣਾਏ ਆਪ ਅਗਣਤ । ਵੇਲੇ ਅੰਤਮ ਪੜਦਾ ਕੱਜਣਾ, ਗੜ੍ਹ ਤੋੜੇ ਹਉਮੇ ਹੰਗਤ । ਤ੍ਰੈਗੁਣ ਅਗਨ ਨਾ ਗੁਰਸਿਖ ਦਝਣਾ । ਹਰਿ ਜੂ ਮੇਲੇ ਸਾਚੀ ਸੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਗੁਰਸਿਖ, ਕਾਇਆ ਚੋਲੀ ਚਾੜ੍ਹੇ ਰੰਗਤ । ਕਾਇਆ ਚੋਲੀ ਰੰਗ ਚਲੂਲ, ਸਤਿਗੁਰ ਪੂਰਾ ਆਪ ਚੜ੍ਹਾਈਆ । ਚਾਰ ਯੁਗ ਦਾ ਲਹਿਣਾ ਅੰਤ ਨਾ ਜਾਏ ਭੂਲ, ਕਲਜੁਗ ਲੇਖਾ ਲੇਖੇ ਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਭਗਤ ਭਗਵੰਤ ਬਰਸਣਹਾਰਾ ਫੂਲ, ਏਕਾ ਛਹਿਬਰ ਆਪਣੇ ਨਾਮ ਲਗਾਈਆ । ਸਤਿਜੁਗ ਦਾ ਸਚ ਅਸੂਲ, ਅਸਲੀਅਤ ਆਪਣਾ ਭੇਵ ਖੁਲ੍ਹਾਈਆ । ਗੁਰਮੁਖ ਵਿਰਲਾ ਕਰੇ ਕਬੂਲ, ਕਾਬਲੀਯਤ ਚਲੇ ਨਾ ਕਿਸੇ ਚਤੁਰਾਈਆ । ਸਚ ਪਘੂੰੜਾ ਲਏ ਝੂਲ, ਸਤਿ ਸਤਿਵਾਦੀ ਆਪ ਝੁਲਾਈਆ । ਜਨਮ ਮਾਣਸ ਦਾ ਲਹਿਣਾ ਦੇਵੇ ਮੂਲ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਪਾਰ ਕਰੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਗੁਰਸਿਖਾਂ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਨਾਤਾ ਤੋੜੇ ਜ਼ਾਤ ਪਾਤ, ਊਚ ਨੀਚ ਨਾ ਕੋਇ ਰਖਾਇੰਦਾ । ਸਰੋਵਰ ਵਖਾਏ ਏਕਾ ਘਾਟ, ਅਠਸਠ ਤੀਰਥ ਪੰਧ ਮੁਕਾਇੰਦਾ । ਨਿਰਮਲ ਨੂਰ ਜੋਤ ਲਲਾਟ, ਘਰ ਘਰ ਵਿਚ ਆਪ ਪਰਗਟਾਇੰਦਾ । ਏਥੇ ਓਥੇ ਬਣੇ ਸੱਜਣ ਸਾਕ, ਕੂੜਾ ਨਾਤਾ ਮੋਹ ਚੁਕਾਇੰਦਾ । ਮੇਲ ਮਿਲਾਵਾ ਕਮਲਾਪਾਤ, ਗੁਰਮੁਖ ਕਮਲੀ ਕੋਝੀ ਨਾਰ ਆਪਣੇ ਅੰਗ ਲਗਾਇੰਦਾ । ਨਾਮ ਅਗੰਮੀ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਚਰਨ ਕਵਲ ਉਪਰ ਧਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਸੋਹੰ ਅੱਖਰ ਪੂਜਾ ਪਾਠ, ਕਾਇਆ ਪਾਠਸ਼ਾਲਾ ਆਪ ਵਖਾਇੰਦਾ । ਵੇਲੇ ਅੰਤਮ ਪੁਛੇ ਵਾਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜਾਨਣਹਾਰਾ ਕਾਇਨਾਤ, ਕਾਇਆ ਕਾਅਬਾ ਡੇਰਾ ਲਾਇੰਦਾ । ਪਿਆਵਣਹਾਰਾ ਆਬੇ ਹਯਾਤ, ਸਚ ਪਿਆਲਾ ਹੱਥ ਉਠਾਇੰਦਾ । ਪਰਗਟ ਹੋ ਸਾਖਿਆਤ, ਸਾਹਿਬ ਸੁਲਤਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਆਪਣੀ ਗੋਦ ਬਹਾਇੰਦਾ । ਹਰਿਜਨ ਗੋਦੀ ਆਪਣੀ ਚੁੱਕ, ਚਾਰ ਵਰਨ ਦਏ ਵਡਿਆਈਆ । ਗੁਰਮੁਖ ਬੂਟਾ ਨਾ ਜਾਏ ਸੁੱਕ, ਸਤਿਜੁਗ ਸਾਚੇ ਹਰਾ ਕਰਾਈਆ । ਪੁਰਖ ਅਬਿਨਾਸ਼ੀ ਰੱਖੇ ਆਪਣੀ ਕੁੱਖ, ਜਨਨੀ ਜਨ ਨਾ ਕੋਇ ਵਡਿਆਈਆ । ਜਨਮ

੫੨੭ ੧੨

ਜਨਮ ਦਾ ਮੇਟੇ ਦੁੱਖ, ਚਿੰਤਾ ਰੋਗ ਨਾ ਲਾਗੇ ਰਾਈਆ । ਇਕ ਉਪਜਾਏ ਸਾਚਾ ਸੁਖ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਪੰਚ ਵਿਕਾਰਾ ਵਿਚੋਂ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਰਹਿਣ ਨਾ ਪਾਈਆ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਈਆ । ਕਰ ਪਰਕਾਸ਼ ਨਿਰਮਲ ਜੋਤ, ਰਾਤੀਂ ਸੁੱਤਿਆਂ ਦਰਸ ਦਿਖਾਈਆ । ਹੋਏ ਵਸੇਰਾ ਕਾਇਆ ਕਿਲਾ ਕੋਟ, ਬੰਕ ਦੁਆਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੇਲਾ ਸਾਚੇ ਘਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਏਕੰਕਾਰ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਧਰਨੀ ਧਰਤ ਧਵਲ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵੇ ਜ਼ਾਰੋ ਜ਼ਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕਹਿ ਸਰਬ ਸੁਣਾਇੰਦਾ । ਸਾਡਾ ਲਹਿਣਾ ਚੁੱਕਿਆ ਅੰਤਮ ਵਾਰ, ਬਾਕੀ ਅਵਰ ਨਾ ਕੋਇ ਕਢਾਇੰਦਾ । ਸਤਿਜੁਗ ਤੇਰਾ ਚਲੇ ਸਚ ਵਿਹਾਰ, ਤੇਰਾ ਤੇਰੇ ਰੰਗ ਸਮਾਇੰਦਾ । ਕਰ ਕਿਰਪਾ ਆਪਣੇ ਅੰਦਰ ਲੈਣਾ ਵਾੜ, ਦਰ ਤੇਰਾ ਏਕਾ ਭਾਇੰਦਾ । ਤੇਰਾ ਗੁਰਮੁਖ ਤੇਰੀ ਬਣੇ ਸੱਚੀ ਸਰਕਾਰ, ਦੋ ਜਹਾਨਾਂ ਹੁਕਮ ਚਲਾਇੰਦਾ । ਅਸੀਂ ਫਿਰ ਕੇ ਆਏ ਆਪਣੀ ਵਾਰ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਸਰਨ ਗਏ ਪੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਵਿਦਿਆ ਰਹੇ ਪੜ੍ਹ, ਏਕਾ ਪੱਲੂ ਨਾਮ ਫੜ, ਸੋਹੰ ਢੋਲਾ ਸਾਚਾ ਗਾ, ਆਪਣਾ ਆਪ ਗਏ ਮਿਟਾ , ਨਿਰਗੁਣ ਵਿਚ ਨਿਰਗੁਣ ਸਮਾ, ਸਰਗੁਣ ਰੂਪ ਨਜ਼ਰ ਕੋਇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਪਣਾ ਖੇਲ ਕਰੇ ਸਹਿਜ ਸੁਭਾ, ਕਲਜੁਗ ਸਤਿਜੁਗ ਸਤਿਜੁਗ ਕਲਜੁਗ ਧਾਰ ਧਾਰ ਨਾਲ ਬਦਲਾਈਆ ।

## ✳ ੩੦ ਹਾੜ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਹਿ ਪਿੰਡ ਦੋਸਾਂਝ ਖ਼ੁਰਦ ✳

ਆਤਮ ਗੁਰ ਸ਼ਬਦ ਸੰਦੇਸ, ਹਰਿ ਸਤਿਗੁਰ ਆਪ ਜਣਾਇੰਦਾ । ਆਤਮ ਪਰਮਾਤਮ ਕਰ ਉਪਦੇਸ਼, ਆਪਣੀ ਮਹਿਮਾ ਆਪ ਜਣਾਇੰਦਾ । ਆਦਿ ਜੁਗਾਦੀ ਵਸਣਹਾਰ ਹਮੇਸ਼, ਦਰ ਘਰ ਸਾਚੇ ਸੋਭਾ ਪਾਇੰਦਾ । ਆਤਮ ਪਰਮਾਤਮ ਲਏ ਵੇਖ, ਨਿਜ ਨੇਤਰ ਪਰਦਾ ਲਾਹਿੰਦਾ । ਜੋਤੀ ਜਾਤਾ ਧਰ ਧਰ ਭੇਖ, ਭੇਖ ਅਵੱਲੜਾ ਵੇਸ ਵਟਾਇੰਦਾ । ਜੁਗ ਚੌਕੜੀ ਮੇਟਣਹਾਰਾ ਰੇਖ, ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਵਸਾਏ ਆਪਣੇ ਦੇਸ, ਚਰਨ ਕਵਲ ਆਪ ਬਹਾਇੰਦਾ । ਪੀਰ ਪੈਗ਼ੰਬਰ ਸਚ ਸੰਦੇਸ, ਜੁਗਾ ਜੁਗੰਤਰ ਆਪ ਸੁਣਾਇੰਦਾ । ਨਿਰਗੁਣ ਸਰਗੁਣ ਖੇਲੇ ਖੇਡ, ਖੇਲਣਹਾਰਾ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਨਣਹਾਰਾ ਚਾਰ ਵੇਦ, ਚਾਰੇ ਯੁਗ ਫੋਲ ਫੋਲਾਇੰਦਾ । ਲੱਖ ਚੁਰਾਸੀ ਪਾਵੇ ਸਾਰ ਕਾਇਆ ਖੇਤ, ਘਟ ਘਟ ਆਪਣਾ ਵੇਸ ਧਰਾਇੰਦਾ । ਵਸਣਹਾਰਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਭਗਤ ਭਗਵੰਤ ਕਰੇ ਸਾਚਾ ਹੇਤ, ਨਿਤ ਨਵਿਤ ਮੇਲ ਮਿਲਾਇੰਦਾ । ਸਾਚੇ ਸੰਤਾਂ ਰੱਖੇ ਰੁੱਤ ਬਸੰਤੀ ਚੇਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਗਿਆਨ ਇਕ ਸਮਝਾਇੰਦਾ । ਸ਼ਬਦ ਗਿਆਨ ਗੁਰ ਆਤਮ ਦੇਵ, ਪਰਮਾਤਮ ਵਡ ਵਡਿਆਈਆ । ਨਿਰਗੁਣ ਸਰਗੁਣ ਕਰ ਕਰ ਸੇਵ, ਸੇਵਕ ਬਣ ਬਣ ਸੇਵ ਕਮਾਈਆ । ਆਦਿ ਜੁਗਾਦੀ ਅਲੱਖ ਅਭੇਵ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਵਸਣਹਾਰਾ ਨਿਹਚਲ ਧਾਮ ਅਟੱਲ ਸਦਾ ਨੇਹਕੇਵ, ਨਿਰਗੁਣ ਦਾਤਾ ਬੇਪਰਵਾਹੀਆ । ਅੰਮ੍ਰਿਤ ਆਤਮ ਸਾਚਾ ਰਸ ਆਪਣਾ ਨਾਉਂ ਦੇਵੇ ਮੇਵ, ਹੰ ਬ੍ਰਹਮ ਆਪਣਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਤਮ ਗੁਰ ਸ਼ਬਦ ਗਿਆਨ, ਹਰਿ ਸਾਚਾ ਸਚ ਦ੍ਰਿੜਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਵਸਣਹਾਰਾ ਸਚ ਮਕਾਨ, ਥਿਰ ਘਰ ਸਾਚੇ ਆਸਣ ਲਾਇੰਦਾ । ਬੋਧ ਅਗਾਧਾ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਸੁਣਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਵੇਸ ਵਟਾਇੰਦਾ । ਭਗਤ ਭਗਵੰਤ ਵੇਖੇ ਆਣ, ਘਰ ਮੰਦਰ ਫੇਰਾ ਪਾਇੰਦਾ । ਏਕਾ ਦੇਵੇ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਇੰਦਾ । ਸਚ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸ਼ਬਦ ਗਿਆਨ ਆਤਮ ਨਾਦ, ਪਰਮ ਪੁਰਖ ਆਪਣਾ ਆਪ ਸੁਣਾਈਆ । ਜੁਗਾ ਜੁਗੰਤਰ ਦੇਵੇ ਦਾਦ, ਸਾਚੀ ਵਸਤ ਆਪ ਵਰਤਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਪੜਦਾ ਦਏ ਉਠਾਈਆ । ਗੁਰਮੁਖ ਗੁਰ ਗੁਰ ਆਪੇ ਲਾਧ, ਗੁਰਸਿਖ ਸਾਚੇ ਲਏ ਸਮਝਾਈਆ । ਲੇਖਾ ਜਾਣੇ ਸੰਤ ਸਾਧ, ਸਾਧਨਾ ਆਪਣੀ ਆਪ ਜਣਾਈਆ । ਭਗਤ ਭਗਵੰਤ ਸਦ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਵਿਚੋਂ ਕਾਢ, ਏਕਾ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਸਮਝਾਈਆ । ਆਤਮ ਪਰਮਾਤਮ ਬੋਧ ਗਿਆਨ ਏਕਾ ਅੱਖਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਲਿਖਣ ਪੜ੍ਹਨ ਤੋਂ ਰੱਖੇ ਵੱਖਰ, ਕਲਮ ਸ਼ਾਹੀ ਨਾ ਰੰਗ ਰੰਗਾਇੰਦਾ । ਜਨ ਭਗਤ ਵਰੋਲੇ ਨੀਰ ਅੱਬਰ, ਨੀਰ ਸੀਰ ਇਕ ਵਖਾਇੰਦਾ । ਬਜਰ ਕਪਾਟੀ ਤੋੜ ਪੱਥਰ, ਪਾਥਰ ਆਪਣਾ ਭੇਵ ਚੁਕਾਇੰਦਾ । ਪੰਚ ਵਿਕਾਰਾ ਕਰੇ ਸੱਥਰ, ਢਹਿ ਢਹਿ ਢੇਰੀ ਖ਼ਾਕ ਕਰਾਇੰਦਾ । ਆਪੇ ਚੋਟੀ ਚੜ੍ਹ ਕੇ ਬੈਠਾ ਸਿਖਰ, ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਕਰੇ ਆਪ ਫ਼ਿਕਰ, ਫ਼ਿਕਰਾ ਲੋਕਮਾਤ ਸੁਣਾਇੰਦਾ । ਸਾਚੇ ਸੰਤਾਂ ਕਰ ਕਰ ਜ਼ਿਕਰ, ਗੁਰ ਬਾਣੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਆਤਮ ਪਰਮਾਤਮ ਸਾਚਾ ਨਾਮ, ਨਿਰਗੁਣ ਸਰਗੁਣ ਆਪ ਜਣਾਈਆ । ਘਰ ਸਖ਼ੀ ਮੇਲਾ ਸਾਚੇ ਕਾਹਨ, ਗ੍ਰਹਿ ਮੰਦਰ ਵੱਜੇ ਵਧਾਈਆ । ਸੁਰਤ ਸਵਾਣੀ ਹਾਣੀ ਮਿਲੇ ਰਾਮ, ਰਮੱਯਾ ਆਪਣੇ ਅੰਗ ਲਗਾਈਆ । ਸਚ ਮੁਹੰਮਦ ਦੇ ਪੈਗ਼ਾਮ, ਏਕਾ ਆਇਤ ਕਰੇ ਪੜ੍ਹਾਈਆ । ਕਰੇ ਖੇਲ ਸ੍ਰੀ ਭਗਵਾਨ, ਜੁਗ ਜੁਗ ਆਪਣੀ ਕਾਰ ਕਮਾਈਆ । ਲੇਖਾ ਜਾਣੇ ਜੀਵ ਜਹਾਨ, ਜੀਵਣ ਜੁਗਤ ਹਰਿਜਨ ਸਾਚੇ ਦਏ ਸਮਝਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਦਏ ਮਿਟਾਈਆ । ਨਿਰਗੁਣ ਜੋਤੀ ਨੂਰ ਮਹਾਨ, ਕਰ ਪਰਕਾਸ਼ ਅੰਧੇਰ ਚੁਕਾਈਆ । ਰਸਨਾ ਜਿਹਵਾ ਏਕਾ ਗਾਣ, ਸੋਹੰ ਅੱਖਰ ਕਰੇ ਪੜ੍ਹਾਈਆ । ਵੇਖਣਹਾਰਾ ਪਵਣ ਮਸਾਣ, ਪਵਣ ਪਵਣਾਂ ਵਿਚ ਸਮਾਈਆ । ਹਰਿਜਨ ਸਾਚੇ ਕਰ ਪਰਵਾਨ, ਪਰਮ ਪੁਰਖ ਹੋਏ ਸਹਾਈਆ । ਏਕਾ ਨਾਦ ਇਕ ਧੁੰਨਕਾਨ, ਏਕਾ ਹਰਿ ਜੂ ਰਾਗ ਅਲਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਵਖਾਏ ਮਕਾਨ, ਮੱਕਾ ਕਾਅਬਾ ਇਕ ਸਮਝਾਈਆ ।

ਸਚ ਦੁਆਰੇ ਵਸੇ ਸਦ ਮਿਹਰਵਾਨ, ਮਿਹਰ ਨਜ਼ਰ ਆਪ ਉਠਾਈਆ । ਜੁਗ ਚੌਕੜੀ ਆਪ ਬਣਿਆ ਰਹੇ ਬੇਜ਼ਬਾਨ, ਜ਼ਬਾਨ ਆਪਣੀ ਨਾ ਕੋਇ ਹਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਕਲਾਮ, ਕਲਮਾ ਨਬੀ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਕਰੇ ਰੁਸ਼ਨਾਈਆ । ਆਤਮ ਪਰਮਾਤਮ ਸਚ ਸੰਦੇਸ, ਨਿਰਗੁਣ ਸਰਗੁਣ ਆਪ ਜਣਾਇੰਦਾ । ਘਰ ਘਰ ਅੰਦਰ ਘਰ ਘਰ ਵੇਖ, ਘਰ ਘਰ ਆਪਣਾ ਆਸਣ ਲਾਇੰਦਾ । ਘਰ ਘਰ ਸੱਜਣ ਮਿਲੇ ਹਮੇਸ, ਘਰ ਘਰ ਆਪਣਾ ਜੋੜ ਜੋੜਾਇੰਦਾ । ਘਰ ਘਰ ਨੇਤਰ ਲਏ ਪੇਖ, ਘਰ ਘਰ ਆਪਣੀ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਦ੍ਰਿੜਾਇੰਦਾ । ਆਤਮ ਪਰਮਾਤਮ ਸਾਚਾ ਨਾਮ, ਸੋ ਪੁਰਖ ਨਿਰੰਜਣ ਆਪ ਜਣਾਈਆ । ਗੁਰਸਿਖ ਗੁਰ ਗੁਰ ਪੀਏ ਏਕਾ ਜਾਮ, ਅੰਮ੍ਰਿਤ ਰਸ ਇਕ ਚਖਾਈਆ । ਏਕਾ ਮੰਦਰ ਵਸੇ ਇਕ ਮਕਾਨ, ਦਰ ਘਰ ਸਾਚੇ ਡੇਰਾ ਲਾਈਆ । ਇਕ ਸੰਦੇਸਾ ਦਏ ਪੈਗ਼ਾਮ, ਏਕਾ ਸੁਣ ਸੁਣ ਖ਼ੁਸ਼ੀ ਮਨਾਈਆ । ਏਕਾ ਨਗਰ ਖੇੜਾ ਵਸੇ ਗਰਾਮ, ਸਾਚੀ ਗਗਰੀਆ ਵੰਡ ਵੰਡਾਈਆ । ਭਾਗ ਲਗਾਏ ਕਾਇਆ ਮਾਟੀ ਚਾਮ, ਸਾਢੇ ਤਿੰਨ ਹੱਥ ਦਏ ਵਡਿਆਈਆ । ਕਰ ਪਰਕਾਸ਼ ਕੋਟਨ ਭਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਸ਼ਬਦ ਅਗੰਮੀ ਮਾਰੇ ਬਾਣ, ਅਣਿਆਲਾ ਤੀਰ ਆਪ ਚਲਾਈਆ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਰਾਤੀਂ ਸੁੱਤਿਆਂ ਕਰੇ ਪਹਿਚਾਨ, ਮੁਖ ਪੜਦਾ ਆਪੇ ਲਾਹੀਆ । ਕਾਗਦ ਕਲਮ ਹੋਏ ਹੈਰਾਨ, ਲਿਖ ਲਿਖ ਸ਼ਾਹੀ ਨਾ ਲੇਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਨਾਮ ਸਤਿ, ਸਤਿ ਸਤਿਵਾਦੀ ਆਪ ਜਣਾਈਆ । ਆਤਮ ਪਰਮਾਤਮ ਮੰਤਰ ਨਾਮ ਸਤਿ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਆਪ ਪੜ੍ਹਾਇੰਦਾ । ਏਕਾ ਨਾਮ ਰੰਗੇ ਰੱਤ, ਰੱਤੀ ਰੱਤ ਨਾ ਕੋਇ ਵਖਾਇੰਦਾ । ਧੀਰਜ ਸੰਤੋਖ ਦੇਵੇ ਸਾਚਾ ਜਤ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਕਵਲ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਸ਼ਬਦ ਅਗੰਮੀ ਸੁਣਾਏ ਗਥ, ਪਿਛਲਾ ਲੇਖਾ ਸਰਬ ਚੁਕਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਵੇਸ ਵਟਾਇੰਦਾ । ਗੁਰਸਿਖ ਸੱਜਣ ਲਏ ਰੱਖ, ਆਪ ਆਪਣੀ ਗੋਦ ਬਹਾਇੰਦਾ । ਜਨ ਭਗਤਾਂ ਜੁਗ ਜੁਗ ਕਰੇ ਪੱਖ, ਲੱਖ ਚੁਰਾਸੀ ਦਰ ਦੁਰਕਾਇੰਦਾ । ਸ੍ਰਿਸ਼ਟ ਸਬਾਈ ਪਾਏ ਨੱਥ, ਚਾਰੋਂ ਕੁੰਟ ਆਪ ਭੁਵਾਇੰਦਾ । ਵਸਣਹਾਰਾ ਘਟ ਘਟ, ਨਵ ਨੌਂ ਆਪਣਾ ਪੜਦਾ ਲਾਹਿੰਦਾ । ਆਪਣੀ ਮਹਿਮਾ ਜਣਾਏ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸੋਹੰ ਸ਼ਬਦ ਸਾਚੀ ਵਥ, ਹਰਿਜਨ ਸਾਚੇ ਝੋਲੀ ਪਾਇੰਦਾ । ਆਪਣੇ ਵਿਚੋਂ ਪੁਰਖ ਅਬਿਨਾਸ਼ੀ ਕੱਢ, ਗੁਰਸਿਖ ਮੰਦਰ ਅੰਦਰ ਆਪ ਟਿਕਾਇੰਦਾ । ਸਾਚਾ ਮਾਰਗ ਨਿਰਗੁਣ ਦੱਸ, ਸਰਗੁਣ ਸਿਖਿਆ ਇਕ ਸਮਝਾਇੰਦਾ । ਮੇਲ ਮਿਲਾਵਾ ਹੱਸ ਹੱਸ, ਚਿੰਤਾ ਦੁਖ ਨਾ ਕੋਇ ਰਖਾਇੰਦਾ । ਜਨ ਭਗਤਾਂ ਕਰੇ ਪੂਰੀ ਆਸ, ਆਸਾ ਆਸਾ ਨਾਲ ਮਿਲਾਇੰਦਾ । ਏਕਾ ਨਾਮ ਕਰ ਪਰਕਾਸ਼, ਸ੍ਰਿਸ਼ਟ ਸਬਾਈ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗਿਆਨ ਗੁਰ ਆਪ ਵਡਿਆਇੰਦਾ । ਸ਼ਬਦ ਗਿਆਨ ਗੁਰੂ ਗੁਰ ਏਕ, ਆਦਿ ਜੁਗਾਦਿ ਸਮਾਈਆ । ਪੀਰ ਪੈਗ਼ੰਬਰਾਂ ਰੱਖੇ ਟੇਕ, ਇਸ਼ਟ ਦੇਵ ਵਡ ਵਡਿਆਈਆ । ਜੁਗਾ ਜੁਗੰਤਰ ਲਿਖਣਹਾਰਾ ਲੇਖ, ਲਿਖ ਲਿਖ ਲੇਖਾ ਦਏ ਸਮਝਾਈਆ । ਵਸਣਹਾਰਾ

੫੩੧
੧੨

ਸਚਖੰਡ ਸਾਚੇ ਦੇਸ, ਮਹੱਲ ਅਟੱਲ ਕਰੇ ਰੁਸ਼ਨਾਈਆ । ਕਲਜੁਗ ਅੰਤਮ ਧਾਰੇ ਭੇਖ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਨਾ ਆਈਆ । ਲੇਖਾ ਜਾਣੇ ਗੁਰ ਦਸਮੇਸ਼, ਗੁਰ ਸ਼ਬਦੀ ਲਏ ਪਰਗਟਾਈਆ । ਲਹਿਣਾ ਚੁਕਾਏ ਵਿਸ਼ਨੂੰ ਬਾਸ਼ਕ ਸੁੱਤਾ ਸੇਜ, ਸੇਜ ਸਾਂਗੋ ਪਾਂਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਪਰਗਟਾਈਆ । ਸਾਚਾ ਮੰਤਰ ਇਕੋ ਇਕ, ਏਕੰਕਾਰ ਪਰਗਟਾਇੰਦਾ । ਗੁਰ ਅਵਤਾਰ ਨਾ ਵੰਡੇ ਕੋਈ ਹਿਸ, ਹਿਸਾ ਹੋਰ ਨਾ ਕੋਇ ਰਖਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨ ਨਿਰਗੁਣ ਰੂਪ ਘਟ ਘਟ ਅੰਦਰ ਆਏ ਦਿਸ, ਪਰਕਾਸ਼ ਪਰਕਾਸ਼ ਨਾਲ ਕਰਾਇੰਦਾ । ਕਰ ਕਿਰਪਾ ਚਰਨ ਲਾਏ ਜਿਸ, ਤਿਸ ਆਪਣਾ ਮੇਲ ਮਿਲਾਇੰਦਾ । ਬਿਨ ਨੇਤਰ ਰਾਤੀਂ ਸੁੱਤਿਆਂ ਪਏ ਦਿਸ, ਦਰ ਦਰ ਘਰ ਘਰ ਫੇਰਾ ਪਾਇੰਦਾ । ਆਤਮ ਪਰਮਾਤਮ ਲਾਈ ਰੱਖੇ ਖਿਚ, ਦੂਜਾ ਸਬਕ ਨਾ ਕੋਇ ਪੜ੍ਹਾਇੰਦਾ । ਗੁਰਮੁਖਾਂ ਅੰਦਰ ਵੜਿਆ ਰਹੇ ਵਿਚ, ਵਿਚਲਾ ਭੇਵ ਨਾ ਕਿਸੇ ਜਣਾਇੰਦਾ । ਬਣਿਆ ਰਹੇ ਮਾਤ ਪਿਤ, ਪੂਤ ਸਪੂਤ ਗੋਦ ਸੁਹਾਇੰਦਾ । ਕਲਜੁਗ ਅੰਤਮ ਕਰੇ ਹਿਤ, ਸੋਹੰ ਅੱਖਰ ਇਕ ਪੜ੍ਹਾਇੰਦਾ । ਕਰੇ ਖੇਲ ਆਪ ਅਨਡਿਠ, ਲੱਖ ਚੁਰਾਸੀ ਭਰਮ ਵਖਾਇੰਦਾ । ਆਪੇ ਸੁੱਤਾ ਦੇ ਕਰ ਪਿੱਠ, ਕਰਵਟ ਆਪਣੀ ਨਾ ਆਪ ਬਦਲਾਇੰਦਾ । ਲੇਖਾ ਜਾਣੇ ਨਿਤ ਨਵਿਤ, ਜੁਗ ਜੁਗ ਅਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਜਣਾਇੰਦਾ । ਸਚ ਗਿਆਨ ਆਤਮ ਰਸ, ਬਿਨ ਰਸਨਾ ਆਪ ਚਖਾਈਆ । ਹਿਰਦੇ ਹਰਿ ਜੂ ਜਾਏ ਵਸ, ਵਸਣਹਾਰਾ ਬੇਪਰਵਾਹੀਆ । ਕਲਜੁਗ ਮੇਟੇ ਰੈਣ ਅੰਧੇਰੀ ਮਸ, ਸਤਿਜੁਗ ਸਾਚਾ ਚੰਦ ਵਖਾਈਆ । ਪੰਚ ਵਿਕਾਰਾ ਚਰਨਾਂ ਹੇਠਾਂ ਦੇਵੇ ਝੱਸ, ਕਰੇ ਖੇਲ ਬੇਪਰਵਾਹੀਆ । ਤ੍ਰੈਗੁਣ ਮਾਇਆ ਕੱਟੇ ਫਾਸ, ਫਾਸੀ ਰਾਏ ਧਰਮ ਨਾ ਕੋਇ ਲਟਕਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਵੇਖ ਵਖਾਈਆ । ਜਨ ਭਗਤਾਂ ਲੇਖੇ ਲਾਏ ਰਸਨ ਸਵਾਸ, ਪਵਣ ਪਵਣ ਨਾਲ ਮਿਲਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਸੇਵਕ ਆਪਣੀ ਘਾਲ ਆਪਣੇ ਲੇਖੇ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਆਤਮ ਦੇਵ, ਆਤਮ ਦੇਵਾ ਆਪ ਜਣਾਇੰਦਾ । ਆਤਮ ਦੇਵਾ ਏਕਾ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਸਾਚੇ ਮੰਦਰ ਵੇਖੇ ਲੰਘ, ਨਿਰਗੁਣ ਆਪਣਾ ਫੇਰਾ ਪਾਈਆ । ਸੁਹਾਏ ਸੁਹੰਜਣੀ ਸੇਜ ਪਲੰਘ, ਪਰਮ ਪੁਰਖ ਵਡ ਵਡਿਆਈਆ । ਦੇਵਣਹਾਰਾ ਇਕ ਅਨੰਦ, ਅਨੰਦ ਆਪਣਾ ਆਪ ਜਣਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੁਰਮੁਖ ਆਪਣਾ ਬੰਧਨ ਪਾਈਆ । ਸੋਹੰ ਗੀਤ ਸੁਹਾਗੀ ਛੰਦ, ਸਾਚਾ ਸੋਹਲਾ ਛੰਦ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਸਦਾ ਬਖ਼ਸ਼ੰਦ, ਵਿਸ਼ਨੂੰ ਵਿਸ਼ਵ ਧਾਰ ਚਲਾਈਆ । ਭਗਵਾਨ ਜੈ ਜੈਕਾਰ ਕਰੇ ਸੂਰਾ ਸਰਬੰਗ, ਬਲ ਆਪਣਾ ਆਪ ਪਰਗਟਾਈਆ । ਲੇਖਾ ਜਾਣੇ ਨਵ ਖੰਡ, ਨੌਂ ਨੌਂ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਤਮ ਅੰਤਰ ਏਕਾ ਏਕ ਕਰੇ ਸ਼ਨਵਾਈਆ । ਸਚ ਸ਼ਨਵਾਈ ਹਰਿ ਕਾ ਨਾਉਂ, ਸੰਸਾ ਰੋਗ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਚਾਰ ਵਰਨ ਪਕੜੇ ਬਾਂਹੋਂ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੂਈ ਦਵੈਤੀ ਭੇਵ ਚੁਕਾਇੰਦਾ । ਏਥੇ ਓਥੇ ਦੋ ਜਹਾਨ ਕਰੇ ਸਚ ਨਿਆਉਂ, ਨਿਆਂਕਾਰ ਆਪਣਾ ਫੇਰਾ ਪਾਇੰਦਾ । ਵੇਖਣਹਾਰਾ ਥਾਈਂ ਥਾਉਂ, ਥਾਨ ਥਨੰਤਰ ਖੋਜ ਖੋਜਾਇੰਦਾ । ਗੁਰਸਿਖ ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਉਡਾਇੰਦਾ । ਕਰੇ ਪਿਆਰ

ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਗੋਦ ਸੁਹਾਇੰਦਾ । ਏਕਾ ਨਾਉਂ ਰਸਨਾ ਗਾਓ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਗੁਰ ਸ਼ਬਦੀ ਗੁਰ ਗੁਰ ਦਇਆ ਕਮਾਇੰਦਾ । ਗੁਰ ਸ਼ਬਦੀ ਗੁਰ ਸਤਿਗੁਰ ਠਾਕਰ, ਬੇਅੰਤ ਵਡੀ ਵਡਿਆਈਆ । ਵੇਖਣਹਾਰਾ ਕਲਜੁਗ ਡੂੰਘੇ ਸਾਗਰ, ਭਵਰੀ ਕਵਰੀ ਆਪਣਾ ਫੇਰਾ ਪਾਈਆ । ਏਕਾ ਦੇਵੇ ਨਾਮ ਰੱਤੀ ਰਤਨਾਗਰ, ਹਰਿਜਨ ਆਪਣੇ ਰੰਗ ਰੰਗਾਈਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਜਨ ਆਪਣਾ ਦਰਸ ਦਿਖਾਈਆ । ਏਕਾ ਨਾਮ ਵਣਜ ਸੌਦਾਗਰ, ਸਤਿਜੁਗ ਸਾਚਾ ਹੱਟ ਚਲਾਈਆ । ਕਾਇਆ ਲੇਖਾ ਜਾਣੇ ਕਾਚੀ ਗਾਗਰ, ਅੰਦਰ ਵੜ ਵੜ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਆਤਮ ਪਰਮਾਤਮ ਇਕ ਪੜ੍ਹਾਈਆ । ਆਤਮ ਪਰਮਾਤਮ ਸਾਚਾ ਜੋੜ, ਸੋ ਪੁਰਖ ਨਿਰੰਜਣ ਆਪ ਜੋੜਾਇੰਦਾ । ਸ੍ਰਿਸ਼ਟ ਸਬਾਈ ਨਾਤਾ ਤੋੜ ਗੁਰਮੁਖ ਆਪਣੇ ਰੰਗ ਰੰਗਾਇੰਦਾ । ਪੰਚ ਵਿਕਾਰਾ ਦੇਵੇ ਹੋੜ, ਏਕਾ ਹੋੜਾ ਮੂਲ ਰਖਾਇੰਦਾ । ਲੱਖ ਚੁਰਾਸੀ ਫਲ ਵੇਖੇ ਮਿੱਠਾ ਕੌੜ, ਕੂੜੀ ਕਿਰਿਆ ਮੋਹ ਤੁੜਾਇੰਦਾ । ਜਨ ਭਗਤਾਂ ਜਨਮ ਜਨਮ ਦੀ ਮੇਟੇ ਔੜ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਦਰਸ ਦਿਖਾਏ ਦੌੜ ਦੌੜ, ਦੋ ਜਹਾਨਾਂ ਪੰਧ ਮੁਕਾਇੰਦਾ । ਸ਼ਬਦ ਅਗੰਮੀ ਚੜ੍ਹਿਆ ਘੋੜ, ਸ਼ਾਹਸਵਾਰਾ ਫੇਰਾ ਪਾਇੰਦਾ । ਸਚਖੰਡ ਨਿਵਾਸੀ ਲਾਇਆ ਪੌੜ, ਗੁਰਮੁਖ ਤਾਕੀ ਆਪ ਖੁਲ੍ਹਾਇੰਦਾ । ਆਪੇ ਵੇਖੇ ਕਰ ਕੇ ਗ਼ੌਰ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਜਾਏ ਬੌਹੜ, ਬਹੁਬਿਧ ਆਪਣਾ ਮੇਲ ਮਿਲਾਇੰਦਾ । ਬਹੁਬਿਧ ਮੇਲ ਸ਼ਬਦ ਗੁਰ ਪੂਰਾ, ਅਨਭਵ ਆਪਣੀ ਖੇਲ ਕਰਾਇੰਦਾ । ਸਤਿ ਸਤਿਵਾਦੀ ਹਾਜ਼ਰ ਹਜ਼ੂਰਾ, ਸਤਿ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿਜਨ ਰੰਗ ਚਾੜ੍ਹੇ ਗੂੜ੍ਹਾ, ਦੋ ਜਹਾਨਾਂ ਆਪ ਰੰਗਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਕਵਲ ਉਪਰ ਧਵਲ ਬਖ਼ਸ਼ੇ ਸਾਚੀ ਧੂੜਾ, ਧੂੜੀ ਮਸਤਕ ਟਿੱਕਾ ਏਕਾ ਲਾਇੰਦਾ । ਨਾਮ ਖੁਮਾਰੀ ਦਏ ਸਰੂਰਾ, ਝੂਠੀ ਮਧ ਨਾ ਕੋਇ ਵਖਾਇੰਦਾ । ਦਿਵਸ ਰੈਣ ਰੈਣ ਦਿਵਸ ਸਦਾ ਸੁਹੇਲਾ ਹਾਜ਼ਰ ਹਜ਼ੂਰਾ, ਹਰਿ ਮੰਦਰ ਆਪਣਾ ਆਸਣ ਲਾਇੰਦਾ । ਸਰਬ ਕਲਾ ਆਪੇ ਭਰਪੂਰਾ, ਪਾਰਬ੍ਰਹਮ ਪ੍ਰਭ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਜਨ ਆਪਣਾ ਨਾਉਂ ਸਮਝਾਇੰਦਾ । ਸਾਚਾ ਨਾਉਂ ਜਨ ਜਾਏ ਜਾਣ, ਲਿਖਣ ਪੜ੍ਹਨ ਵਿਚ ਨਾ ਆਈਆ । ਨਿਸ਼ਅੱਖਰ ਕਰ ਪਰਵਾਨ, ਅੱਖਰ ਅੱਖਰ ਵੰਡ ਵੰਡਾਈਆ । ਘਰ ਸਤਿਗੁਰ ਮਿਲੇ ਆਣ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਘਰ ਖੇਲ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਰੂਪ ਵਟਾਈਆ । ਘਰ ਮੰਦਰ ਹੋਏ ਪਰਵਾਨ, ਪਰਮ ਪੁਰਖ ਪ੍ਰਭ ਫੇਰਾ ਪਾਈਆ । ਗੁਰਮੁਖ ਗੁਰ ਦਰ ਬਹਿ ਬਹਿ ਖ਼ੁਸ਼ੀ ਮਨਾਣ, ਹਰਿ ਪਾਇਆ ਸ਼ਹਿਨਸ਼ਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦਾ ਸਰਬ ਜਸ ਗਾਣ, ਸੋ ਜਸ ਭਗਤਾਂ ਆਪੇ ਗਾਈਆ । ਲੋਕਮਾਤ ਕਰ ਨਾ ਸਕੇ ਕੋਇ ਪਹਿਚਾਨ, ਪਹਿਚਾਣ ਵਿਚ ਕਿਸੇ ਨਾ ਆਈਆ । ਕਲਜੁਗ ਅੰਤ ਸਰਬ ਪਛਤਾਣ, ਵੇਲਾ ਗਿਆ ਹੱਥ ਨਾ ਆਈਆ । ਕਾਗ਼ਜ਼ ਕਲਮ ਸ਼ਾਹੀ ਪਿਛੋਂ ਰਹਿ ਜਾਏ ਨਿਸ਼ਾਨ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਪੜ੍ਹ ਪੜ੍ਹ ਰਸਨਾ ਜਿਹਵਾ ਗਾਣ, ਨੇਤਰ ਨੈਣਾਂ ਰੋ ਰੋ ਨੀਰ ਵਹਾਈਆ ।

ਅਛਲ ਅਛੱਲ ਕਰੇ ਖੇਲ ਆਪ ਭਗਵਾਨ ਬਿਨ ਹਰਿ ਭਗਤਾਂ ਆਪਣਾ ਨਾਉਂ ਨਾ ਕਿਸੇ ਜਣਾਈਆ । ਜਿਸ ਜਨ ਕਿਰਪਾ ਕਰ ਦੇਵੇ ਵਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜੈ ਜੈ ਜੈਕਾਰ ਸੁਣਾਈਆ । ਤਿਸ ਲੇਖਾ ਚੁਕੇ ਦੋ ਜਹਾਨ, ਲੱਖ ਚੁਰਾਸੀ ਫੰਦ ਕਟਾਈਆ । ਅੰਤਮ ਜੋਤੀ ਮੇਲੇ ਆਣ, ਜੋਤੀ ਜੋਤ ਜੋਤ ਸਮਾਈਆ । ਸਚਖੰਡ ਵਸਾਏ ਸਚ ਮਕਾਨ, ਚਰਨ ਕਵਲ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਜਨ ਵਖਾਏ ਆਪਣਾ ਨਾਮ ਦਰ, ਦਰ ਆਪਣੇ ਦਏ ਵਡਿਆਈਆ । ਦਰ ਵਡਿਆਈ ਦਏ ਦੁਆਰ, ਹਰਿ ਦਰਵਾਜ਼ਾ ਆਪ ਖੁਲ੍ਹਾਇੰਦਾ । ਫੜ ਫੜ ਬਾਂਹੋਂ ਲਾਏ ਪਾਰ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਮਾਣਸ ਜਨਮ ਪੈਜ ਸੁਆਰ, ਮਾਨੁਖ ਆਪਣੇ ਰੰਗ ਰੰਗਾਇੰਦਾ । ਜਿਸ ਜਨ ਏਕਾ ਨਾਮ ਦੇਵੇ ਕਰ ਪਿਆਰ, ਸਚ ਪਰੇਮ ਇਕ ਰਖਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਜੈਕਾਰ, ਕਲਜੁਗ ਅੰਤਮ ਵਾਰ ਪੀਰ ਪੈਗ਼ੰਬਰ ਗੁਰ ਅਵਤਾਰ ਦਰ ਬਹਿ ਬਹਿ ਮੰਗ ਮੰਗਾਇੰਦਾ ।



### ✳ ੩੧ ਹਾੜ ੨੦੧੯ ਬਿਕ੍ਰਮੀ ਮੁਨੀ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ ✳

ਹਰਿਜਨ ਮੇਲਾ ਆਦਿ ਜੁਗਾਦਿ, ਜੁਗ ਕਰਤਾ ਆਪ ਕਰਾਇੰਦਾ । ਵੇਖਣਹਾਰਾ ਬ੍ਰਹਮ ਬ੍ਰਹਿਮਾਦਿ, ਦੋ ਜਹਾਨਾਂ ਖੋਜ ਖੋਜਾਇੰਦਾ । ਲੱਖ ਚੁਰਾਸੀ ਵਿਚੋਂ ਲਾਧ, ਹਰਿਜਨ ਆਪਣਾ ਭੇਵ ਚੁਕਾਇੰਦਾ । ਆਤਮ ਅੰਤਰ ਏਕਾ ਨਾਦ, ਧੁੰਨ ਅਨਾਦੀ ਆਪ ਸੁਣਾਇੰਦਾ । ਸ਼ਬਦ ਅਗੰਮੀ ਬੋਧ ਅਗਾਧ, ਅੱਖਰ ਵੱਖਰ ਆਪ ਪੜ੍ਹਾਇੰਦਾ । ਡੂੰਘੀ ਭਵਰੀ ਮੇਟ ਅੰਧੇਰੀ ਰਾਤ, ਨਿਰਗੁਣ ਜੋਤ ਚੰਦ ਚੜ੍ਹਾਇੰਦਾ । ਨਜ਼ਰੀ ਆਏ ਇਕ ਇਕਾਂਤ, ਘਰ ਸੇਜਾ ਡੇਰਾ ਲਾਇੰਦਾ । ਦਰਸ ਦਿਖਾਏ ਬਹੁ ਬਿਧ ਭਾਂਤ, ਰੂਪ ਅਨੂਪ ਆਪ ਪਰਗਟਾਇੰਦਾ । ਸਤਿ ਸਤਿਵਾਦੀ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਨਾਤਾ ਤੁਟੇ ਜਗਤ ਸਾਕ, ਸੱਜਣ ਸੈਣ ਹਰਿ ਜੂ ਇਕੋ ਨਜ਼ਰੀ ਆਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਆਪ ਜਗਾਇੰਦਾ । ਹਰਿਜਨ ਮੇਲਾ ਹਰਿ ਪੁਰਖ, ਸਤਿ ਸਤਿਵਾਦੀ ਆਪ ਕਰਾਈਆ । ਨਿਰਗੁਣ ਸਰਗੁਣ ਦੇ ਦੇ ਦਰਸ, ਸਰਗੁਣ ਨਿਰਗੁਣ ਮੇਲ ਮਿਲਾਈਆ । ਅੰਮ੍ਰਿਤ ਮੇਘ ਏਕਾ ਬਰਸ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਲੇਖਾ ਜਾਣ ਅਰਸ਼ ਫਰਸ਼, ਕਾਇਆ ਕੁਰਾ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਬੇਪਰਵਾਹੀਆ । ਹਰਿਜਨ ਮੇਲਾ ਸਚ ਮਹੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਖੇਲੇ ਖੇਲ ਇਕ ਇਕੱਲਾ, ਨਿਤ ਨਵਿਤ ਵੇਸ ਵਟਾਇੰਦਾ । ਪਾਵੇ ਸਾਰ ਜਲਾਂ ਥਲਾਂ, ਸਮੁੰਦ ਸਾਗਰ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਸੰਤ ਸੁਹੇਲੇ ਆਪ ਫੜਾਏ ਆਪਣਾ ਪੱਲਾ, ਪੱਲੂ ਆਪਣੇ ਨਾਮ ਗੰਢ ਦਿਵਾਇੰਦਾ । ਜੋਤੀ ਸ਼ਬਦੀ ਸ਼ਬਦੀ ਜੋਤ ਨਿਰਗੁਣ ਰੱਲਾ, ਪੰਜ ਤਤ ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਨਿਰਾਕਾਰ ਏਕਾ ਘੱਲਾ, ਏਕੰਕਾਰਾ ਅੱਖਰ ਵੱਖਰ ਆਪ ਪੜ੍ਹਾਇੰਦਾ । ਦੂਈ ਦਵੈਤ ਮੇਟਣਹਾਰਾ ਸੱਲਾ, ਭਾਂਡਾ ਭਰਮ ਭੌ ਭੰਨਾਇੰਦਾ । ਇਕ ਵਖਾਏ ਨਿਹਚਲ ਧਾਮ ਅਟੱਲਾ, ਘਰ ਘਰ ਵਿਚ ਆਪ ਸੁਹਾਇੰਦਾ । ਕਰ ਪਰਕਾਸ਼ ਦੀਪਕ ਜੋਤ ਆਪੇ ਬਲਾ,

ਤੇਲ ਬਾਤੀ ਨਾ ਕੋਇ ਟਿਕਾਇੰਦਾ । ਜੁਗਾ ਜੁਗੰਤਰ ਕਰੇ ਖੇਲ ਅਛੱਲ ਅਛੱਲਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਆਦਿ ਜੁਗਾਦੀ ਸਾਚਾ ਮੇਲਾ, ਗੁਰਮੁਖ ਗੁਰ ਗੁਰ ਆਪ ਕਰਾਇੰਦਾ । ਏਕਾ ਘਰ ਵਖਾਏ ਗੁਰੂ ਗੁਰ ਚੇਲਾ, ਰੂਪ ਅਨੂਪ ਆਪ ਵਟਾਇੰਦਾ । ਨਿਰਗੁਣ ਨਿਰਗੁਣ ਸੱਜਣ ਸੁਹੇਲਾ, ਸਰਗੁਣ ਸਰਗੁਣ ਬੰਧਨ ਪਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਸਗਨ ਮਨਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣੇ ਸੱਜਣ ਸੁਹੇਲਾ, ਆਵਣ ਜਾਵਣ ਪੱਤਤ ਪਾਵਣ ਪੰਧ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਮੇਲਾ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਵੇਖੇ ਚਾਈਂ ਚਾਈਂਆ । ਈਸ਼ ਜੀਵ ਦਏ ਆਧਾਰ, ਜਗਦੀਸ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਈਆ । ਹਰਿਜਨ ਰੰਗ ਇਕ ਮਜੀਠ, ਏਕੰਕਾਰਾ ਆਪ ਰੰਗਾਇੰਦਾ । ਕਰੇ ਖੇਲ ਸਾਹਿਬ ਆਪ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਕਾਇਆ ਮੰਦਰ ਅੰਦਰ ਸਾਚੇ ਟਿੱਲੇ ਚੜ੍ਹ ਚੜ੍ਹ ਗਾਏ ਸੁਹਾਗੀ ਗੀਤ, ਗੋਬਿੰਦ ਆਪਣਾ ਰਾਗ ਅਲਾਇੰਦਾ । ਗੁਰਮੁਖ ਨਾਤਾ ਤੁਟੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਲੇਖਾ ਚੁਕਾਵਣਹਾਰਾ ਅਠਸਠ ਘਰ ਸਰੋਵਰ ਇਕ ਨੁਹਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਹੋਏ ਵਿਨਾਸ, ਚੰਦ ਚਾਂਦਨਾ ਇਕ ਚਮਕਾਇੰਦਾ । ਹਰਿਜਨ ਪੂਰੀ ਕਰੇ ਆਸ, ਮੇਲ ਮਿਲਾਵਾ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਭੇਵ ਚੁਕਾਇੰਦਾ । ਸਾਢੇ ਤਿੰਨ ਹੱਥ ਅੰਦਰ ਪਾਵੇ ਰਾਸ, ਗੋਪੀ ਕਾਹਨ ਖੇਲ ਤਮਾਸ਼, ਸੁਰਤੀ ਸ਼ਬਦੀ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਸਚ ਦੁਆਰਾ ਆਪ ਸੁਹਾਇੰਦਾ । ਹਰਿਜਨ ਸੋਹੇ ਸਚ ਦੁਆਰ, ਹਰਿ ਜੂ ਹਰਿ ਹਰਿ ਆਪ ਸੁਹਾਈਆ । ਜਨਮ ਜਨਮ ਦੇ ਵਿਛੜੇ ਮੇਲੇ ਮੇਲਣਹਾਰ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਜਾਣੇ ਪੁਰਖ ਨਾਰ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਪੁਰਖ ਪੁਰਖੋਤਮ ਹੋ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਵੇਖੇ ਥਾਨ ਥਾਨੰਤਰ, ਦੋ ਜਹਾਨਾਂ ਫੋਲ ਫੋਲਾਇੰਦਾ । ਪਾਵੇ ਸਾਰ ਗਗਨ ਗਗਨੰਤਰ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਆਪਣਾ ਵੇਸ ਵਖਾਇੰਦਾ । ਲੇਖਾ ਜਾਣੇ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਪੜਦਾ ਪਾਇੰਦਾ । ਸਦਾ ਸੁਹੇਲਾ ਹਰਿਜਨ ਪੜ੍ਹਾਏ ਏਕਾ ਮੰਤਰ, ਮੰਤਰ ਅੰਤਰ ਆਪ ਜਣਾਇੰਦਾ । ਜਗਤ ਬੁਝਾਏ ਲੱਗੀ ਬਸੰਤਰ, ਤ੍ਰੈਗੁਣ ਅਗਨੀ ਅੱਗ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਦਇਆ ਕਮਾਇੰਦਾ । ਹਰਿਜਨ ਦਇਆ ਕਰੇ ਆਪ, ਆਪੀਨੜੈ ਰੰਗ ਰੰਗਾਈਆ । ਆਪੇ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਅੰਗ ਲਗਾਈਆ । ਇਕ ਜਪਾਏ ਸਾਚਾ ਜਾਪ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਦੇਵੇ ਦਾਤ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲ ਕਵਲ ਚਰਨ ਉਪਰ ਧਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੋੜਾਈਆ । ਸਦਾ ਸਦਾ ਸਦ ਵਸੇ ਸਾਥ,

੫੩੪
੧੨

ਹਰਿ ਜੂ ਹਰਿਜਨ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਆਦਿ ਅੰਤ ਆਪ ਕਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰਾ, ਏਕਾ ਅੱਖਰ ਨਾਮ ਪੜ੍ਹਾਈਆ । ਭਗਤ ਭਗਵਾਨ ਬਣ ਵਣਜਾਰਾ, ਸਾਚਾ ਹੱਟ ਮਾਤ ਚਲਾਇੰਦਾ । ਸਾਚੇ ਸੰਤਾਂ ਦੇਵੇ ਨਾਮ ਆਧਾਰਾ, ਨਾਮ ਸਤਿ ਝੋਲੀ ਪਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਨੇਤਰ ਨੈਣ ਨੈਣ ਦਰਸਾਇੰਦਾ । ਗੁਰਸਿਖ ਵੇਖੇ ਸਾਚਾ ਲਾੜਾ, ਸਤਿਗੁਰ ਆਪਣੇ ਰੰਗ ਰੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਦਿ ਜੁਗਾਦਿ ਜੁਗ ਜੁਗ ਕਰੇ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਵੇਖੇ ਵਿਗਸੇ ਵੇਖਣਹਾਰਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਕਾਗਦ ਕਲਮ ਲਿਖ ਲਿਖ ਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸਣਹਾਰਾ ਸਭ ਤੋਂ ਬਾਹਰਾ, ਨਿਰਗੁਣ ਨਿਰਾਕਾਰ ਸਚਖੰਡ ਨਿਵਾਸੀ ਸਚ ਦੁਆਰੇ ਆਸਣ ਲਾਇੰਦਾ । ਭਗਤਾਂ ਮੇਲਾ ਅਗੰਮ ਅਪਾਰਾ, ਕਰੇ ਕਰਾਏ ਆਪਣੀ ਧਾਰਾ, ਧਾਰ ਧਾਰ ਵਿਚੋਂ ਪਰਗਟਾਇੰਦਾ । ਆਤਮ ਪਰਮਾਤਮ ਕਰ ਪਿਆਰਾ, ਜੋਤੀ ਜੋਤ ਜੋਤ ਚਮਤਕਾਰਾ, ਸ਼ਬਦੀ ਸ਼ਬਦ ਸ਼ਬਦ ਧੁੰਨਕਾਰਾ, ਅੰਮ੍ਰਿਤ ਆਤਮ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਮੰਦਰ ਆਪ ਸੁਹਾਇੰਦਾ । ਦਰ ਮੰਦਰ ਸੋਹੇ ਕਾਇਆ ਬੰਕ, ਬੰਕ ਦੁਆਰੀ ਦਏ ਵਡਿਆਈਆ । ਆਪਣੀ ਮਹਿਮਾ ਜਣਾਏ ਬੇਅੰਤ, ਬੇਅੰਤ ਆਪਣਾ ਨਾਉਂ ਸੁਣਾਈਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣੀ ਦਇਆ ਕਮਾਈਆ । ਲੋਕਮਾਤ ਬਣਾਏ ਬਣਤ, ਘੜਨ ਭੰਨਣਹਾਰ ਸਮਰਥ, ਮਹਿਮਾ ਅਕਥ ਕਥੀ ਨਾ ਜਾਈਆ । ਹਰਿਜਨ ਹਰਿ ਜੂ ਮਾਰਗ ਦੱਸ, ਹਿਰਦੇ ਅੰਦਰ ਆਪੇ ਵਸ, ਆਤਮ ਪਰਮਾਤਮ ਮੇਲ ਮਿਲਾਈਆ । ਤੀਰ ਨਿਰਾਲਾ ਅਣਿਆਲਾ ਮਾਰੇ ਕਸ, ਸਾਚਾ ਚਿੱਲਾ ਇਕ ਉਠਾਈਆ । ਪੰਚ ਵਿਕਾਰਾ ਕਰੇ ਭੱਠ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਈਆ । ਜਨ ਭਗਤਾਂ ਵਸੇ ਸਦਾ ਸਾਥ, ਹਰਿ ਜੂ ਆਪਣਾ ਸੰਗ ਨਿਭਾਈਆ । ਲੇਖਾ ਜਾਣੇ ਸੀਆਂ ਸਾਢੇ ਤਿੰਨ ਤਿੰਨ ਹੱਥ, ਹੱਥੋ ਹੱਥ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਦਰ ਬੈਠਾ ਵੜ, ਸਚ ਮਹੱਲੇ ਆਪੇ ਚੜ੍ਹ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਨਿਰਗੁਣ ਨਿਰਗੁਣ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਬਦਲਣਹਾਰ ਤਕਦੀਰ, ਤਦਬੀਰ ਆਪਣੀ ਆਪਣੇ ਹੱਥ ਰਖਾਇੰਦਾ । ਨਾਮ ਖੰਡਾ ਸਚ ਸ਼ਮਸ਼ੀਰ, ਸ਼ਾਹ ਪਾਤਸ਼ਾਹ ਇਕ ਚਮਕਾਇੰਦਾ । ਤ੍ਰੈਗੁਣ ਮਾਇਆ ਤੋੜ ਜ਼ੰਜੀਰ, ਜ਼ਰਾ ਜ਼ਰਾ ਆਪ ਕਰਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਸੀਰ, ਸਾਂਤਕ ਸਤਿ ਸਤਿ ਵਰਤਾਇੰਦਾ । ਗੁਰਮੁਖਾਂ ਮਿਲੇ ਪੈਂਡਾ ਚੀਰ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਅੰਗ ਲਗਾਇੰਦਾ । ਅੰਗੀਕਾਰ ਆਪੇ ਕਰ, ਹਰਿ ਕਰਤਾ ਵੇਖ ਵਖਾਇੰਦਾ । ਘਰ ਵਿਚ ਘਰ ਖੋਲ੍ਹੇ ਦਰ, ਦਰ ਮੰਦਰ ਆਪ ਸੁਹਾਇੰਦਾ । ਦਰ ਮੰਦਰ ਸਾਚੇ ਬੈਠਾ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਆਪਣਾ ਅੱਖਰ ਰਿਹਾ ਪੜ੍ਹ,

ਜਗਤ ਵਿਦਿਆ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਖੋਲ੍ਹੇ ਬੰਦ ਕਿਵਾੜ, ਕਾਇਆ ਤਾਕੀ ਆਪੇ ਲਾਹਿੰਦਾ । ਕਾਇਆ ਤਾਕੀ ਦੇਵੇ ਖੋਲ੍ਹ, ਸਤਿਗੁਰ ਪੂਰੇ ਹੱਥ ਵਡਿਆਈਆ । ਸ਼ਬਦ ਅਨਾਦ ਅਨਾਦੀ ਵਜਾਏ ਢੋਲ, ਮਰਦੰਗਾ ਏਕਾ ਤਾਲ ਸੁਣਾਈਆ । ਕਿਰਪਾਨਿਧ ਠਾਕਰ ਸੁਆਮੀ ਸਾਚੇ ਮੰਦਰ ਆਪੇ ਬੋਲ, ਨਾਮ ਜੈਕਾਰਾ ਦਏ ਅਲਾਈਆ । ਆਤਮ ਪਰਮਾਤਮ ਵਸੇ ਕੋਲ ਦੂਰ ਦੁਰਾਡਾ ਪੰਧ ਮੁਕਾਈਆ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣੀ ਖੇਲ ਕਰਾਈਆ । ਕਰਨਹਾਰਾ ਉਲਟਾ ਕੌਲ, ਨਾਭੀ ਕਵਲ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਆਪਣਾ ਘਰ, ਘਰ ਮੰਦਰ ਇਕ ਸੁਹਾਈਆ । ਘਰ ਮੰਦਰ ਕਾਇਆ ਗਾਗਰ, ਗ੍ਰਿਹਿ ਗ੍ਰਿਹਿ ਆਪਣਾ ਖੇਲ ਕਰਾਇੰਦਾ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਹਰਿ ਜੂ ਉਜਰਤ ਨਾ ਕੋਇ ਲਗਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗ਼ਰੀਬ ਨਿਮਾਣਿਆਂ ਦੇਵੇ ਆਦਰ, ਫੜ ਬਾਂਹੋਂ ਗਲੇ ਲਗਾਇੰਦਾ । ਕਲਜੁਗ ਅੰਤਮ ਪਾਰ ਕਿਨਾਰਾ ਕਰੇ ਡੂੰਘਾ ਸਾਗਰ, ਸ਼ੌਹ ਦਰਯਾਏ ਨਾ ਕੋਇ ਰੁੜ੍ਹਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਆਦਰ, ਆਪਣਾ ਆਦਰਸ਼ ਆਪ ਵਖਾਇੰਦਾ । ਕਰਤਾ ਕਰੀਮ ਰਹੀਮ ਕਾਦਰ, ਕੁਦਰਤ ਕਰਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਆਪਣੇ ਸੰਗ ਰਖਾਇੰਦਾ । ਹਰਿਜਨ ਸਾਚੇ ਸੰਗ ਰੱਖ, ਰੱਖਿਆ ਆਪਣੀ ਆਪ ਜਣਾਈਆ । ਨਿਰਗੁਣ ਰੂਪ ਹੋ ਪਰਤੱਖ, ਸਾਖਿਆਤ ਦਰਸ ਕਰਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰ ਕਰ ਵੱਖ, ਵੱਖਰਾ ਰਾਹ ਆਪ ਸਮਝਾਈਆ । ਹਿਰਦੇ ਅੰਦਰ ਆਪੇ ਵਸ ਵਸ, ਆਪ ਆਪਣਾ ਮੇਲ ਮਿਲਾਈਆ । ਦਿਵਸ ਰੈਣ ਅੱਠੇ ਪਹਿਰ ਸਦਾ ਸੁਹੇਲਾ ਗਾਏ ਜਸ, ਜਨ ਭਗਤਾਂ ਆਪ ਸਾਲਾਹੀਆ । ਸਚਖੰਡ ਨਿਵਾਸੀ ਲੋਕਮਾਤ ਨਿਰਗੁਣ ਰੂਪ ਆਇਆ ਨੱਸ, ਬਣ ਪਾਂਧੀ ਪੰਧ ਮੁਕਾਈਆ । ਹਰਿਜਨ ਦੇਵੇ ਸਾਚੀ ਵੱਥ, ਗੁਰਮੁਖ ਝੋਲੀ ਨਾਮ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਉਲਟੀ ਗੇੜਨਹਾਰਾ ਲਠ, ਗੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿ ਜੂ ਆਪਣੇ ਲੇਖੇ ਪਾਈਆ ।

### ❊ ੩੧ ਹਾੜ ੨੦੧੯ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ ਜ਼ਿਲਾ ਜਲੰਧਰ ❊

ਸਚਖੰਡ ਦੁਆਰੇ ਸੱਚਾ ਸ਼ਹਿਨਸ਼ਾਹ, ਹਰਿ ਸਤਿਗੁਰ ਆਸਣ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾ, ਸਚ ਸੰਦੇਸਾ ਆਪ ਜਣਾਇੰਦਾ । ਨੇਤਰ ਨੈਣ ਲਓ ਖੁਲਾ, ਪੂਰਬ ਲੇਖਾ ਸਰਬ ਵਖਾਇੰਦਾ । ਰਲ ਮਿਲ ਸਾਰੇ ਕਰੋ ਸਲਾਹ, ਸਲਾਹਗੀਰ ਆਪ ਜਣਾਇੰਦਾ । ਦੋ ਜਹਾਨਾਂ ਵੇਖੋ ਥਾਉਂ ਥਾਂ, ਥਾਨ ਥਨੰਤਰ ਆਪ ਸਮਝਾਇੰਦਾ । ਆਦਿ ਜੁਗਾਦੀ ਕਵਣ ਮਲਾਹ, ਖੇਵਟ ਖੇਟਾ ਕਵਣ ਅਖਵਾਇੰਦਾ । ਕਵਣ ਫੜ ਫੜ ਪਾਏ ਰਾਹ, ਰਹਿਬਰ ਆਪਣਾ ਰਾਹ ਵਖਾਇੰਦਾ । ਕਵਣ ਨਾਮ ਵਸਤ ਦੇਵੇ ਝੋਲੀ ਪਾ, ਦਸਤ ਬਦਸਤ ਆਪ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ ਸਾਚੇ ਖੇਲ ਕਰਾਇੰਦਾ । ਸਚਖੰਡ ਦੁਆਰੇ ਹਰਿ ਨਿਰੰਕਾਰਾ,

ਏਕਾ ਆਪਣਾ ਖੇਲ ਕਰਾਈਆ । ਅਲੱਖ ਅਗੋਚਰ ਅਗੰਮ ਅਥਾਹ ਹੋ ਉਜਿਆਰਾ, ਨਿਰਗੁਣ ਆਪਣਾ ਪੜਦਾ ਲਾਹੀਆ । ਅਜੂਨੀ ਰਹਿਤ ਕਰ ਪਸਾਰਾ, ਨਿਰਗੁਣ ਵੇਖੇ ਚਾਈਂ ਚਾਈਆ । ਅਨਭਵ ਪਰਕਾਸ਼ ਅਨਡਿਠੜੀ ਧਾਰਾ, ਜੋਤੀ ਜਾਤਾ ਜੋਤ ਰੁਸ਼ਨਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਆਸਣ ਲਾਈਆ । ਸਚ ਸੰਦੇਸਾ ਏਕਾ ਵਾਰਾ, ਨਿਰਗੁਣ ਨਿਰਗੁਣ ਆਪ ਜਣਾਈਆ । ਲੇਖਾ ਜਾਣ ਗੁਰ ਅਵਤਾਰਾ, ਪੀਰ ਪੈਗ਼ੰਬਰ ਸੰਗ ਵਖਾਈਆ । ਵੇਖੇ ਵਿਗਸੇ ਵੇਖਣਹਾਰਾ, ਦਰਗਹਿ ਸਾਚੀ ਧਾਮ ਸੁਹਾਈਆ । ਮੁਕਾਮੇ ਹੱਕ ਇਕ ਨਜ਼ਾਰਾ, ਲਾਸ਼ਰੀਕ ਆਪ ਜਣਾਈਆ । ਸਾਚੀ ਨੌਬਤ ਨਾਮ ਨਗਾਰਾ, ਪਰਵਰਦਿਗਾਰ ਆਪ ਸੁਣਾਈਆ । ਏਕਾ ਨਾਮ ਮੰਤਰ ਆਦਿ ਬੋਲ ਜੈਕਾਰਾ, ਜੈ ਜੈਕਾਰ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ, ਦਰਗਹਿ ਸਾਚੀ ਧਾਮ ਸੁਹਾਈਆ । ਸਚਖੰਡ ਦੁਆਰ ਪੁਰਖ ਅਬਿਨਾਸ਼ਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਨਿਰਗੁਣ ਨੂਰ ਆਪੇ ਜਾਣੇ ਆਪਣੀ ਰਾਸਾ, ਦੂਸਰ ਸੰਗ ਨਾ ਕੋਇ ਵਖਾਇੰਦਾ । ਏਕੰਕਾਰਾ ਵੇਖਣਹਾਰਾ ਖੇਲ ਤਮਾਸ਼ਾ, ਸਾਚਾ ਮੰਦਰ ਆਪ ਸੁਹਾਇੰਦਾ । ਆਦਿ ਨਿਰੰਜਣ ਨੂਰ ਪਰਕਾਸ਼ਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਸ੍ਰੀ ਭਗਵਾਨ ਆਪੇ ਕਰੇ ਆਪਣੀ ਪੂਰੀ ਆਸਾ, ਆਸ਼ਾ ਆਸਾ ਨਾਲ ਮਿਲਾਇੰਦਾ । ਪਾਰਬ੍ਰਹਮ ਪ੍ਰਭ ਦਾਸੀ ਦਾਸਾ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸੋਭਾ ਪਾਇੰਦਾ । ਸਚਖੰਡ ਦੁਆਰ ਸਚ ਮਹੱਲਾ, ਸਤਿ ਸਤਿਵਾਦੀ ਆਪ ਜਣਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਏਕੰਕਾਰਾ ਆਸਣ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਅਗੰਮ ਫੜਾਏ ਪੱਲਾ, ਜੋਤੀ ਜੋਤ ਬੰਧਨ ਪਾਈਆ । ਸਚ ਸੰਦੇਸ ਨਰ ਨਰੇਸ਼ ਨਿਰਗੁਣ ਸਰਗੁਣ ਆਪੇ ਘੱਲਾ, ਨਿਸ਼ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਏਕੰਕਾਰਾ, ਆਪ ਆਪਣਾ ਖੇਲ ਕਰਾਇੰਦਾ । ਆਦਿ ਪੁਰਖ ਵੇਖੇ ਵਿਗਸੇ ਵੇਖਣਹਾਰਾ, ਅੰਤ ਆਪਣੀ ਕਲ ਧਰਾਇੰਦਾ । ਧਰ ਭੇਖ ਨਿਰਗੁਣ ਜੋਤ ਨਿਰਾਕਾਰਾ, ਆਦਿ ਨਿਰੰਜਣ ਆਪਣਾ ਜ਼ੋਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਆਪਣੇ ਹੱਥ, ਆਦਿ ਪੁਰਖ ਆਦਿ ਆਦਿ ਰਖਾਈਆ । ਸਚਖੰਡ ਦੁਆਰੇ ਬੈਠ ਸਮਰਥ, ਸਮਰਥ ਆਪਣੀ ਕਲ ਵਰਤਾਈਆ । ਨਿਰਗੁਣ ਨਿਰਗੁਣ ਸੁਣਾਏ ਮਹਿਮਾ ਅਕੱਥ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਆਪ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਸਾਚਾ ਮਾਰਗ ਆਪੇ ਦੱਸ, ਸਚਖੰਡ ਦੁਆਰੇ ਆਪਣੀ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਵੇਸ ਆਪ ਧਰਾਈਆ । ਆਪਣਾ ਵੇਸ ਆਪੇ ਰੱਖ, ਅਕਲ ਕਲਧਾਰੀ ਖੇਲ ਕਰਾਇੰਦਾ । ਨਿਰਗੁਣ ਨਿਰਾਕਾਰ ਨਿਰਵੈਰ ਹੋ ਪਰਤੱਖ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਸਰਬ ਕਲ ਹੋ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਵੇਖਣਹਾਰਾ ਸਚਖੰਡ, ਖੰਡ ਸੱਚ, ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਪੁਰਖ ਅਗੰਮ, ਅਲੱਖ ਅਗੋਚਰ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰਾਹ ਚਲਾਈਆ । ਨਿਰਗੁਣ ਨਿਰਗੁਣ ਦੇਵੇ ਦਾਨ, ਨਿਰਗੁਣ ਦਾਤਾ ਨਿਰਗੁਣ ਭਿਖਾਰੀ

ਨਿਰਗੁਣ ਬੈਠਾ ਝੋਲੀ ਡਾਹੀਆ । ਨਿਰਗੁਣ ਮੰਦਰ ਨਿਰਗੁਣ ਮਕਾਨ, ਨਿਰਗੁਣ ਵਸੇ ਨੌਜਵਾਨ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਨਿਰਗੁਣ ਨਾਰ ਨਿਰਗੁਣ ਕੰਤ, ਨਿਰਗੁਣ ਖੇਲ ਸ੍ਰੀ ਭਗਵੰਤ, ਨਿਰਗੁਣ ਸੇਜ ਸੁਹੰਜਣੀ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਹਰਿ ਕਰਤਾਰ, ਆਦਿ ਆਪਣੇ ਹੱਥ ਰਖਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਨਜ਼ਰ ਕਿਸੇ ਨਾ ਆਇੰਦਾ । ਨਾਰ ਕੰਤ ਬਣ ਭਤਾਰ, ਸਾਚੀ ਸੇਜ ਆਪ ਹੰਢਾਇੰਦਾ । ਦਾਈ ਦਾਇਆ ਸੇਵਾਦਾਰ, ਬਣ ਸੇਵਕ ਸੇਵ ਕਮਾਇੰਦਾ । ਜਨਨੀ ਜਨ ਪੂਤ ਸਪੂਤਾ ਜਣੇ ਏਕਾ ਵਾਰ, ਦੂਜੀ ਵਾਰ ਕੁੱਖ ਨਾ ਕੋਇ ਬਣਾਇੰਦਾ । ਸਾਚਾ ਸੁਤ ਕਰ ਤਿਆਰ, ਹਰਿ ਸ਼ਬਦੀ ਨਾਉਂ ਧਰਾਇੰਦਾ । ਦੇਵੇ ਵਰ ਏਕੰਕਾਰ, ਸਿਰ ਆਪਣਾ ਹੱਥ ਟਿਕਾਇੰਦਾ । ਤੇਰਾ ਲੇਖਾ ਇਕ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਸਚਖੰਡ ਵਸੇ ਆਪ ਨਿਰੰਕਾਰ, ਥਿਰ ਘਰ ਪੜਦਾ ਤੇਰਾ ਲਾਹਿੰਦਾ । ਬੰਸ ਸਰਬੰਸ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਇੰਦਾ । ਮਹੱਲ ਅਟੱਲ ਤੇਰਾ ਮੁਨਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੇ ਰੰਗ ਰੰਗਾਇੰਦਾ । ਨੂਰੋ ਨੂਰ ਕਿਰਨ ਕਿਰਨ ਉਜਿਆਰ, ਰਵ ਸਸ ਆਪ ਚਮਕਾਇੰਦਾ । ਮੰਡਲ ਮੰਡਪ ਦੇ ਸਹਾਰ, ਆਦਿ ਪੁਰਖ ਆਪਣੀ ਦਇਆ ਆਪ ਕਮਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣ ਆਪਣੇ ਹੱਥ ਰਖਾਇੰਦਾ । ਸੁਤ ਦੁਲਾਰਾ ਸੇਵਾਦਾਰ, ਸਾਚੀ ਸੇਵਾ ਆਪ ਲਗਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਤਨ ਸ਼ੰਗਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਇੰਦਾ । ਪਾਰਬ੍ਰਹਮ ਬ੍ਰਹਮ ਕਰ ਉਜਿਆਰ, ਘਟ ਘਟ

ਆਪਣਾ ਆਸਣ ਲਾਇੰਦਾ । ਆਤਮ ਪਰਮਾਤਮ ਖੇਲ ਅਪਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਈਸ਼ ਜੀਵ ਦੇ ਆਧਾਰ, ਜਗਦੀਸ ਸੋਭਾ ਪਾਇੰਦਾ । ਏਕਾ ਅੱਖਰ ਕਰ ਤਿਆਰ, ਨਿਸ਼ਅੱਖਰ ਆਪ ਜਣਾਇੰਦਾ । ਨਿਰਗੁਣ ਨਾਉਂ ਬੋਲ ਜੈਕਾਰ, ਜੈ ਜੈਕਾਰ ਬਿਨ ਰਸਨਾ ਜਿਹਵਾ ਗਾਇੰਦਾ ।

ਸ਼ਬਦ ਸੁਤ ਕਰੇ ਪਿਆਰ, ਅਬਿਨਾਸ਼ੀ ਅਚੁੱਤ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਹਰਿ ਜੂ ਖੋਲ੍ਹ, ਸਚਖੰਡ ਦੁਆਰ ਸੁਣਾਈਆ । ਸੁਤ ਦੁਲਾਰੇ ਤੇਰਾ ਢੋਲ, ਥਿਰ ਘਰ ਦਏ ਵਜਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਦ ਵਸੇ ਤੇਰੇ ਕੋਲ, ਵਿਛੜ ਕਦੇ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਨੂਰ ਲਏ ਵਰੋਲ, ਨੂਰ ਨੂਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਏਕਾ ਵਾਰ ਸੁਣਾਈਆ । ਸਚ ਸੰਦੇਸਾ ਸਾਚਾ ਗੀਤ, ਆਦਿ ਪੁਰਖ ਆਪ ਜਣਾਇੰਦਾ । ਸਚਖੰਡ ਨਿਵਾਸੀ ਸਾਚੀ ਰੀਤ, ਥਿਰ ਘਰ ਦੁਆਰੇ ਆਪ ਚਲਾਇੰਦਾ । ਨਿਰਗੁਣ ਨਿਰਾਕਾਰ ਬੈਠ ਅਤੀਤ, ਤ੍ਰੈਗੁਣ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਸਾਚੀ ਵਸਤ ਤੇਰੀ ਝੋਲੀ ਪਾਇੰਦਾ । ਸਾਚੀ ਵਸਤ ਦੇਵੇ ਦਾਨ, ਦੇਵਣਹਾਰ ਇਕ ਅਖਵਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਇਕ ਗਿਆਨ, ਅੱਖਰ ਆਖ਼ਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਲੱਖ ਚੁਰਾਸੀ ਸੋਭਾ ਪਾਇੰਦਾ । ਘਟ ਘਟ ਅੰਦਰ ਖੋਲ੍ਹ ਦੁਕਾਨ, ਘਰ ਘਰ ਆਪਣੀ ਵਸਤ ਟਿਕਾਇੰਦਾ । ਘਰ ਘਰ ਅੰਦਰ ਰਾਗ ਧੁਰ ਧੁਨਕਾਨ, ਰਾਗੀ ਆਪਣਾ ਰਾਗ ਸੁਣਾਇੰਦਾ । ਘਰ ਘਰ ਅੰਦਰ ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਆਪ ਭਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੰਡ ਨਿਰਗੁਣ ਹੱਥ ਨਿਰਗੁਣ ਆਪਣੇ ਰੰਗ ਰੰਗਾਇੰਦਾ । ਨਿਰਗੁਣ ਰੰਗ ਅਪਰ ਅਪਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਆਤਮ ਸੇਜਾ ਕਰ ਤਿਆਰ, ਤ੍ਰੈਭਵਣ ਧਨੀ ਬੈਠਾ ਆਸਣ ਲਾਈਆ । ਸ਼ਬਦ ਸੁੱਤ ਕਰ ਪਿਆਰ, ਸਾਚਾ ਵਣਜ ਆਪ ਵਖਾਈਆ । ਘਟ ਘਟ ਅੰਦਰ ਬੋਲ ਜੈਕਾਰ, ਦਿਵਸ ਰੈਣ ਢੋਲਾ ਗਾਈਆ । ਲੁਕਿਆ ਰਹੇ ਨਿਰਗੁਣ ਧਾਰ, ਸਰਗੁਣ ਆਪਣੇ ਉਪਰ ਪੜਦਾ ਪਾਈਆ । ਪੰਜ ਤਤ ਬਾਹਰ ਆਕਾਰ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਨੌਂ ਦੁਆਰੇ ਜਗਤ ਕਿਵਾੜ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇਂ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਸਚ ਦੁਲਾਰੇ ਤੇਰਾ ਖੇਲ ਦਰ ਅਪਾਰੇ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਦਏ ਸਮਝਾਈਆ । ਜੁਗ ਕਰਤਾ ਹਰਿ ਕਰਤਾਰ, ਦੂਸਰ ਨਜ਼ਰ ਕੋਇ ਨਾ ਆਇੰਦਾ । ਵਿਸ਼ਨੂੰ ਦੇਵੇ ਵਿਸ਼ਵ ਭੰਡਾਰ, ਬ੍ਰਹਮਾ ਪਾਰਬ੍ਰਹਮ ਪੜ੍ਹਾਇੰਦਾ । ਏਕਾ ਨਾਦ ਸ਼ਬਦ ਧੁੰਨਕਾਰ, ਅਨਹਦ ਨਾਦੀ ਨਾਦ ਸੁਣਾਇੰਦਾ । ਏਕਾ ਮੰਦਰ ਕਰ ਤਿਆਰ, ਏਕਾ ਘਰ ਬਹਾਇੰਦਾ । ਏਕਾ ਗੁਫ਼ਤ ਸ਼ਨੀਦ ਪਾਵੇ ਸਾਰ, ਅੰਦਰ ਬਾਹਰ ਏਕਾ ਰੰਗ ਰੰਗਾਇੰਦਾ । ਏਕਾ ਬੋਲ ਸਚ ਜੈਕਾਰ, ਜੈ ਜੈਕਾਰ ਆਪਣਾ ਨਾਮ ਸਮਝਾਇੰਦਾ । ਏਕਾ ਵੰਡਾਂ ਪਾਵੇ ਵੰਡਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਏਕਾ ਜਾਣੇ ਧੁਰ ਦੀ ਕਾਰ, ਚਾਰ ਵੇਦਾਂ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਦੇਵਣਹਾਰਾ ਸਾਚਾ ਵਰ, ਥਿਰ ਘਰ ਆਪਣੀ ਵਸਤ ਵਰਤਾਇੰਦਾ । ਸ਼ਬਦੀ ਸੁਤ ਬਾਲ ਅਞਾਣਾ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੁਲਤਾਨ ਸੱਚਾ ਰਾਜਾਣਾ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਹਉਂ ਦਰ ਦਰਵੇਸ਼ ਦਰ ਸੀਸ ਝੁਕਾਨਾ, ਨਿਉਂ ਨਿਉਂ ਸਜਦਾ ਸੀਸ ਕਰਾਈਆ । ਤੂੰ ਸਾਹਿਬ ਸੁਲਤਾਨ ਮਰਦ ਮਰਦਾਨਾ, ਮੁਕਾਮੇ ਹੱਕ ਡੇਰਾ ਲਾਈਆ । ਤੇਰਾ ਨੂਰ ਨੂਰ ਨੁਰਾਨਾ, ਤੇਰੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਲੇਖਾ ਲਏ ਲਗਾਈਆ । ਕਵਣ ਵੇਲਾ ਲੇਖਾ ਜਾਏ ਲੱਗ, ਸ਼ਬਦੀ ਸੁਤ ਮੰਗ ਮੰਗਾਇੰਦਾ । ਤੇਰਾ ਖੇਲ ਸੂਰੇ ਸਰਬੰਗ, ਮੋਹੇ ਬਾਲੇ ਭੇਵ ਨਾ ਆਇੰਦਾ । ਤੇਰੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਲੋਆਂ ਪੁਰੀਆਂ ਬ੍ਰਹਿਮੰਡ ਖੰਡ ਲਏ ਰਚ, ਰਵ ਸਸ ਸੂਰਜ ਚੰਨ ਪ੍ਰਿਥਮੀ ਆਕਾਸ਼ ਗਗਨ ਮੰਡਲ ਆਪ ਸੁਹਾਇੰਦਾ । ਤੇਰਾ ਨਾਉਂ ਪਰਕਾਸ਼ ਕਰ ਸੱਚ, ਸਚ ਸਚ ਸਰਬ ਦ੍ਰਿੜਾਇੰਦਾ । ਤੇਰੇ ਹੁਕਮੇ ਅੰਦਰ ਤ੍ਰੈਗੁਣ ਮਾਇਆ ਪੰਜ ਤਤ, ਮਾਟੀ ਕੱਚ ਲੱਖ ਚੁਰਾਸੀ ਘਾੜਤ ਘੜਤ ਘੜਾਇੰਦਾ । ਮਨ ਮਤ ਬੁਧ ਅੰਦਰ ਰੱਖ, ਉਪਰ ਆਪਣਾ ਪਰਦਾ ਪਾਇੰਦਾ । ਆਤਮ ਪਰਮਾਤਮ ਕਰ ਕਰ ਵੱਖ, ਘਰ ਘਰ ਵਿਚ ਆਪ ਟਿਕਾਇੰਦਾ । ਤੇਰਾ ਖੇਲ ਪੁਰਖ ਸਮਰਥ, ਦੋ ਜਹਾਨਾਂ ਆਪ ਚਲਾਇੰਦਾ । ਕਵਣ ਬਿਧ ਗਾਵੇਂ ਆਪਣਾ ਜਸ, ਸਿਫ਼ਤ ਸਾਲਾਹੀ ਸਿਫ਼ਤ ਵਿਚ ਨਾ ਆਇੰਦਾ । ਪੁਰਖ ਅਬਿਨਾਸ਼ੀ ਪਾਰਬ੍ਰਹਮ ਏਕੰਕਾਰ ਰਿਹਾ ਹੱਸ, ਹੱਸ ਹੱਸ ਆਪਣੀ ਖ਼ੁਸ਼ੀ ਮਨਾਇੰਦਾ । ਨਿਰਗੁਣ ਸਰਗੁਣ ਅੰਦਰ ਜਾਏ ਵਸ, ਵਸ ਵਸ ਆਪਣਾ ਡੇਰਾ ਲਾਇੰਦਾ । ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਸ਼ਬਦ ਸੁਤ ਤੇਰੀ ਸਾਚੀ ਯੱਦ, ਲੋਕਮਾਤ ਆਪ ਪਰਗਟਾਇੰਦਾ । ਗੁਰ ਅਵਤਾਰ ਅੰਤਰ ਅੰਤਰ ਪਾਰ ਕਰਾਏ ਹੱਦ, ਹੱਦ ਆਪਣੀ ਆਪ ਵਖਾਇੰਦਾ । ਤੇਰਾ ਨਾਉਂ ਵਜਾਏ ਨੱਦ, ਅਨਹਦ ਨਾਦੀ ਨਾਦ ਸੁਣਾਇੰਦਾ । ਤੇਰਾ

੫੪੦
੧੨

ਰਸ ਜਾਮ ਪਿਆਏ ਮਧ, ਏਕ ਅੰਮ੍ਰਿਤ ਮੁਖ ਚੁਆਇੰਦਾ । ਤੇਰੀ ਕੁੱਖੋਂ ਆਪੇ ਕੱਢ, ਲੋਕਮਾਤ ਧਰਾਇੰਦਾ । ਨਾਤਾ ਜੋੜ ਰਕਤ ਬੂੰਦ ਮਾਸ ਨਾੜੀ ਹੱਡ, ਪੰਚਮ ਆਪਣਾ ਖੇਲ ਕਰਾਇੰਦਾ । ਬੋਧ ਅਗਾਧਾ ਮਾਰਗ ਦੱਸ, ਸਵੱਛ ਸਰੂਪੀ ਆਪਣਾ ਦਰਸ ਕਰਾਇੰਦਾ । ਕਰੇ ਖੇਲ ਪੁਰਖ ਸਮਰਥ, ਸਿਰ ਤੇਰੇ ਹੱਥ ਟਿਕਾਇੰਦਾ । ਲੱਖ ਚੁਰਾਸੀ ਪਾਏ ਨੱਥ, ਡੋਰੀ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਜਣਾਇੰਦਾ । ਸਾਚੀ ਸਿਖਿਆ ਸ੍ਰੀ ਭਗਵਾਨ, ਸ਼ਬਦੀ ਸੁਤ ਆਪ ਜਣਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਗੁਰ ਅਵਤਾਰ ਮਾਤ ਪਰਗਟਾਈਆ । ਭਗਤ ਭਗਵੰਤ ਕਰ ਪਰਵਾਨ, ਸਾਚੀ ਸਿਖਿਆ ਇਕ ਰਖਾਈਆ । ਸੰਤਾਂ ਦੇਵੇ ਸਤਿ ਦਾਨ, ਨਾਮ ਸਤਿ ਸਤਿ ਝੋਲੀ ਪਾਈਆ । ਗੁਰਮੁਖਾਂ ਬਖ਼ਸ਼ੇ ਇਕ ਧਿਆਨ, ਨਿਜ ਨੇਤਰ ਆਪ ਖੁਲ੍ਹਾਈਆ । ਗੁਰਸਿਖ ਸੱਜਣ ਵੇਖੇ ਆਣ, ਜੁਗ ਜੁਗ ਆਪਣਾ ਵੇਸ ਵਟਾਈਆ । ਏਕਾ ਨਾਮ ਕਰ ਪਰਧਾਨ, ਦੋ ਜਹਾਨਾਂ ਹੁਕਮ ਚਲਾਈਆ । ਸਚ ਸੰਦੇਸਾ ਦੇਵੇ ਆਣ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪਰਵਾਨ, ਸਭ ਬੈਠਣ ਸੀਸ ਝੁਕਾਈਆ । ਦੇਵਣਹਾਰ ਸ੍ਰੀ ਭਗਵਾਨ, ਆਦਿ ਅੰਤ ਆਪ ਵਰਤਾਈਆ । ਜੁਗ ਚੌਕੜੀ ਖੇਲ ਮਹਾਨ, ਨਿਰਗੁਣ ਸਰਗੁਣ ਆਪ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਮਾਰ ਧਿਆਨ, ਸਚਖੰਡ ਬੈਠਾ ਸੱਚਾ ਮਾਹੀਆ । ਨੌਂ ਨੌਂ ਚਾਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਰਸਨ ਪੜ੍ਹਾਈਆ । ਅੰਜੀਲ ਕੁਰਾਨ ਸੰਗ ਜ਼ਬਾਨ, ਬੇਜ਼ਬਾਨ ਆਪ ਵਖਾਈਆ । ਖਾਣੀ ਬਾਣੀ ਕਰ ਪਰਧਾਨ, ਜਗਤ ਨਾਤਾ ਮਾਤ ਜੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਜਾਣ, ਸਚ ਸੰਦੇਸਾ ਲੋਕਮਾਤ ਸੁਣਾਈਆ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਹੋਏ ਬਾਲ ਨਾਦਾਨ, ਸਾਚੀ ਬੁਧ ਨਾ ਕੋਇ ਰਖਾਈਆ । ਮਨ ਮਤ ਦਿਸੇ ਝੂਠ ਨਿਸ਼ਾਨ, ਸਚ ਸੁੱਚ ਨਾ ਕੋਇ ਵਡਿਆਈਆ । ਘਰ ਘਰ ਵੜੇ ਪੰਜ ਸ਼ੈਤਾਨ, ਨਾਰ ਕੰਤ ਨਾ ਕੋਇ ਹੰਢਾਈਆ । ਨਜ਼ਰ ਆਏ ਨਾ ਸ੍ਰੀ ਭਗਵਾਨ, ਸਾਚਾ ਇਸਮ ਨਾ ਕੋਇ ਜਣਾਈਆ । ਨੌਂ ਖੰਡ ਪ੍ਰਿਥਮੀ ਹੋਏ ਵੈਰਾਨ, ਸੱਤ ਦੀਪ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦੇਵੇ ਵਰ, ਤੇਰਾ ਲੇਖਾ ਆਪਣੇ ਹੱਥ ਵਖਾਈਆ । ਸਾਚੇ ਸੁਤ ਵਡ ਬਲਵਾਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਚਲੇ ਦੁਕਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਇੰਦਾ । ਕੋਟਨ ਕੋਟ ਰੂਪ ਧਰ ਸ੍ਰੀ ਭਗਵਾਨ, ਅਨਭਵ ਆਪਣੀ ਖੇਲ ਕਰਾਇੰਦਾ । ਲਿਖ ਲਿਖ ਲੇਖਾ ਜਗਤ ਮਹਾਨ, ਬਣ ਕਾਤਬ ਕਲਮ ਚਲਾਇੰਦਾ । ਰਸਨਾ ਜਿਹਵਾ ਦੇ ਦੇ ਗਿਆਨ, ਉਚੀ ਕੂਕ ਕੂਕ ਸੁਣਾਇੰਦਾ । ਮੰਦਰ ਮਸਜਦ ਮੱਠ ਖੇਲ ਮਹਾਨ, ਚਾਰ ਦੀਵਾਰੀ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇਆ । ਹਰਿ ਪੁਰਖ ਨਿਰੰਜਣ ਹੋ ਹੈਰਾਨ, ਭੇਵ ਅਭੇਦਾ ਆਪ ਖੁਲ੍ਹਾਇਆ । ਏਕੰਕਾਰਾ ਵਡ ਬਲਵਾਨ, ਆਪਣਾ ਪੜਦਾ ਦਏ ਉਠਾਇਆ । ਆਦਿ ਨਿਰੰਜਣ ਨੂਰ ਮਹਾਨ, ਦੋ ਜਹਾਨ ਕਰੇ ਰੁਸ਼ਨਾਇਆ । ਅਬਿਨਾਸ਼ੀ ਕਰਤਾ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇਆ । ਸ੍ਰੀ ਭਗਵਾਨ ਸਚ ਨਿਸ਼ਾਨ, ਦਰਗਹਿ ਸਾਚੀ ਦਏ ਝੁਲਾਇਆ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਬ੍ਰਹਮ ਵੇਖੇ ਮਾਰ ਧਿਆਨ, ਨੇਤਰ ਨੈਣ ਇਕ

ਖੁਲ੍ਹਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦਾ ਲੇਖਾ ਮੰਗੇ ਆਣ, ਬਚਿਆ ਕੋਇ ਰਹਿਣ ਨਾ ਪਾਇਆ । ਪਰਗਟ ਹੋ ਵਡ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਇਆ । ਤੇਰਾ ਲਹਿਣਾ ਚੁੱਕੇ ਅੰਤਮ ਮਾਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਇੰਦਾ । ਕਲਜੁਗ ਕੋਇ ਨਾ ਨਿਭੇ ਸਾਥ, ਸਗਲਾ ਸੰਗ ਸਰਬ ਤਜਾਇੰਦਾ । ਕਿਸੇ ਕੰਮ ਨਾ ਆਵੇ ਚਾਰ ਲੱਖ ਬੱਤੀ ਹਜ਼ਾਰ ਲਿਖੀ ਗਾਥ, ਗਾਥਾ ਜਗਤ ਨਾਲ ਵੰਡਾਇੰਦਾ । ਕਰੇ ਖੇਲ ਏਕਾ ਸਮਰਾਥ, ਸਮਰਥ ਆਪਣੀ ਧਾਰ ਵਖਾਇੰਦਾ । ਕਲਜੁਗ ਅੰਤਮ ਹੋ ਪਰਗਟ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਵੇਖਣਹਾਰਾ ਚੌਦਾਂ ਲੋਕ ਹੱਟ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਇੰਦਾ । ਚੌਦਾਂ ਤਬਕਾਂ ਮਾਰੇ ਏਕਾ ਸੱਟ, ਨਾਮ ਨਿਧਾਨਾ ਹੱਥ ਉਠਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਧੁਆਂਧਾਰ ਸਰਬ ਮਿਟਾਇੰਦਾ । ਲਹਿਣਾ ਦੇਣਾ ਚੁਕਾਏ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਾਤਾਨਾਂ ਕਰੇ ਖ਼ਾਕ, ਸੀਸ ਤਾਜ ਨਾ ਕੋਇ ਟਿਕਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਦਾਤ, ਚਾਰ ਵਰਨ ਅਠਾਰਾਂ ਬਰਨ ਆਪ ਪੜ੍ਹਾਇੰਦਾ । ਸ੍ਰਿਸ਼ਟ ਸਬਾਈ ਬਣਾਏ ਇਕ ਜਮਾਤ, ਜੁਮਲਾ ਅੱਖਰ ਇਕ ਸੁਣਾਇੰਦਾ । ਵੇਖਣਹਾਰਾ ਕਾਇਨਾਤ, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਅੱਠੇ ਪਹਿਰ ਰਖਾਏ ਇਕ ਪਰਭਾਤ, ਪ੍ਰਭ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦੇਵੇ ਵਰ, ਤੇਰਾ ਅੰਤਮ ਰੂਪ ਆਪਣੇ ਨਾਲ ਮਿਲਾਇੰਦਾ । ਅੰਤਮ ਰੂਪ ਹਰਿ ਨਿਰੰਕਾਰ, ਨਿਰਗੁਣ ਨਿਰਗੁਣ ਨਾਲ ਮਿਲਾਈਆ । ਲੇਖਾ ਚੁਕੇ ਗੁਰ ਅਵਤਾਰ, ਪੀਰ ਪੈਗ਼ੰਬਰ ਪੰਧ ਮੁਕਾਈਆ । ਕਲਜੁਗ ਅੰਤਮ ਸਭ ਦਾ ਲਹਿਣਾ ਦੇਣਾ ਕਰਜ਼ਾ ਦਏ ਉਤਾਰ, ਮਕਰੂਜ਼ ਕੋਇ ਰਹਿਣ ਨਾ ਪਾਈਆ । ਸ਼ਬਦ ਸੰਦੇਸਾ ਘੱਲੇ ਏਕਾ ਵਾਰ, ਸਤਿ ਸਤਿਵਾਦੀ ਆਪ ਸੁਣਾਈਆ । ਸਚਖੰਡ ਦੁਆਰੇ ਚਰਨ ਕਵਲ ਚਲ ਕੇ ਔਣਾ ਨਿਰਗੁਣ ਧਾਰ, ਸਰਗੁਣ ਰੂਪ ਨਾ ਕੋਇ ਵਖਾਈਆ । ਕਾਗਦ ਕਲਮ ਸ਼ਾਹੀ ਅੰਤਮ ਗਈ ਹਾਰ, ਲਿਖਿਆ ਲੇਖ ਆਪਣੇ ਲੇਖੇ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਵੰਡਾਂ ਵੰਡਦੇ ਰਹੇ ਵਿਚ ਸੰਸਾਰ, ਹਿੰਦੂ ਮੁਸਲਮ ਸਿੱਖ ਈਸਾਈ ਰੂਪ ਵਟਾਈਆ । ਅੰਤਮ ਸਭ ਦਾ ਲੇਖਾ ਲਿਖਿਆ ਇਕੋ ਵਾਰ, ਪੁਰਖ ਅਬਿਨਾਸ਼ੀ ਆਪ ਮੁਕਾਈਆ । ਇਕ ਵਖਾਏ ਸਚ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਨਜ਼ਰੀ ਆਏ ਪਰਵਰਦਿਗਾਰ, ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰ ਬੈਠੇ ਸੀਸ ਝੁਕਾਈਆ । ਤੇਈ ਅਵਤਾਰ ਕਰਨ ਨਿਮਸਕਾਰ, ਪਾਰਬ੍ਰਹਮ ਤੇਰੀ ਵਡਿਆਈਆ । ਅਠਾਰਾਂ ਭਗਤ ਬੋਲ ਜੈਕਾਰ, ਜੈ ਜੈਕਾਰ ਰਹੇ ਸੁਣਾਈਆ । ਦਸ ਗੁਰ ਇਕ ਗੁਫ਼ਤਾਰ, ਏਕਾ ਸੋਹਲਾ ਢੋਲਾ ਗਾਈਆ । ਪਾਰਬ੍ਰਹਮ ਤੇਰੀ ਸਾਚੀ ਕਾਰ, ਘਰ ਸਾਚੇ ਮੋਹੇ ਭਾਈਆ । ਅੰਤਮ ਲਹਿਣਾ ਚੁੱਕਿਆ ਵਿਚ ਸੰਸਾਰ, ਲੋਕਮਾਤ ਲੇਖਾ ਰਹੇ ਨਾ ਰਾਈਆ । ਨਿਰਗੁਣ ਮਿਲੇ ਨਿਰਗੁਣ ਧਾਰ, ਸਰਗੁਣ ਇਸ਼ਟ ਨਾ ਕੋਇ ਵਖਾਈਆ । ਇਕੋ ਤੇਰਾ ਨਾਉਂ ਪਿਆਰ, ਦੂਜਾ ਮਿੱਤਰ ਨਾ ਕੋਇ ਬਣਾਈਆ । ਸਾਕ ਸੈਣ ਸੱਜਣ ਨਾ ਕੋਇ ਆਧਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਕਰ ਕਿਰਪਾ ਏਕਾ ਬਖ਼ਸ਼ ਚਰਨ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਹਰਿ ਕਰਤਾਰਾ, ਏਕਾ ਏਕ ਜਣਾਇੰਦਾ । ਰਲ ਮਿਲ ਬਹੋ ਗੁਰ ਅਵਤਾਰਾ, ਪੀਰ ਪੈਗ਼ੰਬਰ ਨਾਲ

ਮਿਲਾਇੰਦਾ । ਹਰਿ ਹਰਿ ਗਾਓ ਇਕ ਜੈਕਾਰਾ, ਦੂਜਾ ਨਾਅਰਾ ਨਾ ਕੋਇ ਸੁਣਾਇੰਦਾ । ਮੱਕੇ ਕਾਅਬੇ ਵਸੇ ਪਰਵਰਦਿਗਾਰਾ, ਦੋ ਦੋ ਆਬਾ ਮੇਲ ਮਿਲਾਇੰਦਾ । ਤਨ ਰਬਾਬਾ ਇਕ ਸਿਤਾਰਾ, ਬਣ ਅਹਿਬਾਬ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਸੁਤ ਵਡਿਆਇੰਦਾ । ਸ਼ਬਦ ਸੁਤ ਹਰਿ ਜਾਣਾ ਜਾਗ, ਹਰਿ ਜੂ ਏਕਾ ਵਾਰ ਜਗਾਈਆ । ਕਲਜੁਗ ਅੰਤਮ ਲੱਗੇ ਭਾਗ, ਘਰ ਤੇਰੇ ਵੱਜੇ ਵਧਾਈਆ । ਕਲਜੁਗ ਕੂੜਾ ਮਿਟੇ ਚਿਰਾਗ਼, ਸਤਿਜੁਗ ਸਚ ਕਰੇ ਰੁਸ਼ਨਾਈਆ । ਚਾਰ ਵਰਨ ਧੋਵੇ ਦਾਗ਼, ਦੁਰਮਤ ਮੈਲ ਆਪ ਧੁਵਾਈਆ । ਫੜ ਫੜ ਹੰਸ ਬਣਾਵੇ ਕਾਗ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਈਆ । ਆਤਮ ਪਰਮਾਤਮ ਮੇਲਾ ਕੰਤ ਸੁਹਾਗ, ਘਰ ਸੁਹੰਜਣੀ ਸੇਜ ਹੰਢਾਈਆ । ਤ੍ਰੈਗੁਣ ਮਾਇਆ ਨਾ ਤਪੇ ਆਗ, ਅੰਮ੍ਰਿਤ ਮੇਘ ਆਪ ਬਰਸਾਈਆ । ਲੇਖਾ ਜਾਣੇ ਦੋ ਜਹਾਨ ਆਦਿ ਜੁਗਾਦਿ, ਜੁਗ ਕਰਤਾ ਭੁੱਲ ਨਾ ਜਾਈਆ । ਸਾਚੇ ਭਗਤਾਂ ਦੇਵੇ ਨਾਮ ਦਾਦ, ਮੁਰਸ਼ਦ ਮੁਰੀਦ ਲਏ ਮਿਲਾਈਆ । ਸੂਫ਼ੀ ਵਖਾਏ ਸਾਚਾ ਹਾਜ, ਹੱਕ ਹਕੀਕਤ ਪੜਦਾ ਲਾਹੀਆ । ਏਕਾ ਹੁਜਰੇ ਵਖਾਏ ਸਚ ਨਿਮਾਜ਼, ਨਾਮ ਮੁਸੱਲਾ ਹੇਠ ਵਿਛਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਸੁਰਤੀ ਸ਼ਬਦ ਮੇਲ ਕਰਾਈਆ । ਰਾਮ ਸੀਤਾ ਸੀਤਾ ਰਾਮ ਸੁਰਤ ਸਵਾਣੀ ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮਾਂਡ ਕਰੇ ਆਪ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਤੇਰਾ ਵਰ, ਕਲਜੁਗ ਅੰਤਮ ਪੂਰ ਕਰਾਈਆ । ਕਲਜੁਗ ਅੰਤਮ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਤੇਰਾ ਆਪ ਝੁਲਾਇੰਦਾ । ਲੇਖਾ ਜਾਣੇ ਗੋਪੀ ਕਾਹਨ, ਘਰ ਘਰ ਬੰਸਰੀ ਨਾਮ ਵਜਾਇੰਦਾ । ਸਚ ਸੰਦੇਸਾ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਸੁਣਾਇੰਦਾ । ਨਜ਼ਰੀ ਆਏ ਏਕਾ ਸ਼ਾਮ, ਘਨੱਯਾ ਆਪਣਾ ਰੰਗ ਰੰਗਾਇੰਦਾ । ਏਕਾ ਨਾਮ ਪਿਆਏ ਜਾਮ, ਨਿਰਗੁਣ ਅੰਮ੍ਰਿਤ ਰਸ ਚਖਾਇੰਦਾ । ਨਾਨਕ ਸਰਗੁਣ ਕਰ ਪਰਵਾਨ, ਸਾਖਿਆਤ ਵੇਖ ਵਖਾਇੰਦਾ । ਗੋਬਿੰਦ ਗੁਰ ਗੁਰ ਦੇਵੇ ਦਾਨ, ਪੁਰਖ ਅਕਾਲ ਦਇਆ ਕਮਾਇੰਦਾ । ਸੁਤ ਦੁਲਾਰਾ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਫ਼ਤਹਿ ਡੰਕਾ ਵੱਜੇ ਵਿਚ ਜਹਾਨ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਮਾਤ ਪਿਤ ਨਾ ਕੋਇ ਰਖਾਇੰਦਾ । ਸ੍ਰਿਸ਼ਟ ਸਬਾਈ ਲੇਖਾ ਮੰਗੇ ਆਣ, ਗੁਰ ਅਵਤਾਰ ਪੀਰ ਪੈਗ਼ੰਬਰ ਬਚਿਆ ਕੋਇ ਰਹਿਣ ਨਾ ਪਾਇੰਦਾ । ਕੂੜੀ ਕਿਰਿਆ ਨਾਤਾ ਤੋੜੇ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਫ਼ਾਤਿਆ ਆਪ ਪੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਦੇਵੇ ਇਕ ਗਿਆਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਨਜ਼ਰੀ ਆਏ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਇੰਦਾ । ਰਸਨਾ ਕਿਸੇ ਕਹਿ ਨਾ ਸਕੇ ਜ਼ਬਾਨ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਨਜ਼ਰ ਨਾ ਆਏ ਕਿਸੇ ਵਿਚ ਚਾਰ ਦੀਵਾਰ ਮਕਾਨ, ਤੀਰਥ ਤਟ ਜਲ ਧਾਰ ਨਾ ਡੇਰਾ ਲਾਇੰਦਾ । ਸਾਢੇ ਤਿੰਨ ਹੱਥ ਦੇਵੇ ਮਾਣ, ਘਰ ਘਰ ਵਿਚ ਆਪਣਾ ਨੂਰ ਧਰਾਇੰਦਾ । ਦਿਵਸ ਰੈਣ ਨਾਦ ਸੁਣਾਏ ਸੱਚੀ ਧੁੰਨਕਾਨ, ਧੁੰਨ ਆਤਮਕ ਰਾਗ ਅਲਾਇੰਦਾ । ਏਕਾ ਅੰਮ੍ਰਿਤ ਰਸ ਦੇਵੇ ਪੀਣ ਖਾਣ, ਪੀਆ ਪ੍ਰੀਤਮ ਨਿਝਰ ਝਿਰਨਾ ਆਪ ਝਿਰਾਇੰਦਾ । ਭਗਤ ਭਗਵੰਤ ਮੇਲੇ ਆਣ, ਜਗਤ ਵਿਛੋੜਾ ਪੰਧ ਕਟਾਇੰਦਾ । ਸਾਚੇ ਸੰਤਾਂ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਗੁਰਮੁਖਾਂ ਦੇਵੇ ਏਕਾ ਦਾਨ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਗੁਰਸਿਖ ਗੁਰ ਗੁਰ ਸ਼ਬਦ ਗਿਆਨ, ਅੱਖਰ ਆਖ਼ਰ ਆਪ ਪੜ੍ਹਾਇੰਦਾ । ਸਤਿਜੁਗ ਸਾਚੇ ਕਰੇ ਪਰਧਾਨ, ਸ੍ਰਿਸ਼ਟ ਸਬਾਈ ਹੁਕਮ ਵਰਤਾਇੰਦਾ । ਸੋਹੰ

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਬ੍ਰਹਮ ਬ੍ਰਹਿਮਾਂਡ ਸਰਬ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਤਮ ਰੱਖੇ ਉਤਮ ਜਾਤਾ, ਬ੍ਰਹਮ ਨੀਚ ਰੂਪ ਨਾ ਕੋਇ ਵਖਾਇੰਦਾ । ਨੀਚ ਊਚ ਨਾ ਕੋਇ ਜ਼ਾਤ, ਕੂੜੀ ਕਿਰਿਆ ਦਏ ਮੁਕਾਈਆ । ਸਭ ਦਾ ਮੇਲਾ ਕਰੇ ਕਮਲਾਪਾਤ, ਕਵਲ ਨੈਣ ਆਪਣਾ ਦਰਸ ਦਿਖਾਈਆ । ਆਤਮ ਖੋਲ੍ਹੇ ਕਾਇਆ ਤਾਕ, ਦੂਈ ਦਵੈਤੀ ਪੜਦਾ ਲਾਹੀਆ । ਘਰ ਮਿਲੇ ਸੱਜਣ ਸਾਕ, ਨਿਜ ਘਰ ਬੈਠਾ ਡੇਰਾ ਲਾਈਆ । ਆਦਿ ਜੁਗਾਦੀ ਪਾਕੀ ਪਾਕ, ਪੱਤਤ ਰੂਪ ਨਾ ਕੋਇ ਵਟਾਈਆ । ਕਲਜੁਗ ਅੰਤਮ ਕਰੇ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਗੁਰਮੁਖ ਵਿਰਲੇ ਪੂਰੀ ਕਰੇ ਆਸ, ਜਿਸ ਜਨ ਆਪਣੀ ਦਇਆ ਕਮਾਈਆ । ਲੇਖੇ ਲਾਏ ਸਵਾਸ ਸਵਾਸ, ਸੋਹਬਤ ਆਪਣੇ ਨਾਮ ਜਣਾਈਆ । ਲਹਿਣ ਚੁੱਕੇ ਦਸ ਦਸ ਮਾਸ, ਮਾਤ ਗਰਭ ਨਾ ਫੇਰ ਭੁਵਾਈਆ । ਅੰਤਮ ਕਰੇ ਬੰਦ ਖ਼ੁਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਆਏ ਪਾਸ, ਚਿਤਰ ਗੁਪਤ ਨਾ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਕਰੇ ਪੂਰੀ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਆਦਿ ਅੰਤ ਨਾ ਕੋਇ ਨਿਰਾਸਾ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਏਥੇ ਓਥੇ ਦੋ ਜਹਾਨ ਚਰਨ ਕਵਲ ਦਏ ਭਰਵਾਸਾ, ਭਰਮ ਭੁਲੇਖਾ ਭੌ ਕਢਾਇੰਦਾ । ਸਦਾ ਸੁਹੇਲਾ ਅੰਗ ਸੰਗ ਵਸੇ ਸਾਥਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਵਖਾਇੰਦਾ । ਪਾਰਬ੍ਰਹਮ ਪ੍ਰਭ ਦਾਸੀ ਦਾਸਾ, ਬਣ ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਗੁਰ ਸਤਿਗੁਰ ਤੇਰਾ ਨਾਉਂ ਵਡਿਆਇੰਦਾ । ਸ਼ਬਦ ਸੁਤ ਅੰਤ ਤੇਰਾ ਨਾਉਂ, ਨਰ ਨਿਰੰਕਾਰਾ ਦਏ ਵਡਿਆਈਆ । ਪਰਗਟ ਕਰੇ ਸਭਨੀ ਥਾਉਂ, ਸੋਹੰ ਤੇਰਾ ਰੂਪ ਵਖਾਈਆ । ਕੋਈ ਪਕੜ ਨਾ ਸਕੇ ਬਾਂਹੋਂ, ਹੱਥ ਪੈਰ ਮੂੰਹ ਨੱਕ ਨਜ਼ਰ ਕਿਸੇ ਨਾ ਆਈਆ । ਆਤਮ ਨਿਰਗੁਣ ਪਰਮਾਤਮ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਕਰੇ ਖੇਲ ਜਿਉਂ ਪੁੱਤਰਾਂ ਮਾਉਂ, ਗੁਰਸਿਖ ਬਾਲ ਅਵਾਣੇ ਆਪਣੀ ਗੋਦ ਬਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਰਨਹਾਰਾ ਸਚ ਨਿਆਉਂ, ਨਿਰਗੁਣ ਆਪਣਾ ਵੇਸ ਵਟਾਈਆ । ਨਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਆਪ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਏਕਾ ਅੱਖਰ ਦਏ ਸਮਝਾਈਆ । ਏਕਾ ਅੱਖਰ ਸੋਹੰ ਧਾਰ, ਸਤਿਜੁਗ ਸਤਿ ਸਤਿ ਹਰਿ ਜਣਾਇੰਦਾ । ਗੁਰਮੁਖ ਗੁਰ ਗੁਰ ਕਰ ਵਿਚਾਰ, ਗੁਰ ਚੇਲਾ ਰੰਗ ਰੰਗਾਇੰਦਾ । ਆਤਮ ਪਰਮਾਤਮ ਕਰ ਪਿਆਰ, ਪ੍ਰੇਮ ਪਿਆਰਾ ਮੇਲ ਮਿਲਾਇੰਦਾ । ਲੱਖ ਚੁਰਾਸੀ ਭਰਮੇ ਭੁਲਾ ਸਰਬ ਸੰਸਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਰੋਵੇ ਜ਼ਾਰੋ ਜ਼ਾਰ, ਕੂਕ ਕੂਕ ਕੂਕ ਸੁਣਾਇੰਦਾ । ਧਰਨੀ ਧਾਹਾਂ ਰਹੀ ਮਾਰ, ਸੀਸ ਭਾਰ ਨਾ ਕੋਇ ਉਠਾਇੰਦਾ । ਨਜ਼ਰ ਨਾ ਆਏ ਕੋਇ ਗੁਰ ਅਵਤਾਰ, ਪੀਰ ਪੈਗੰਬਰ ਮੁਖ ਛੁਪਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦੁਆਰੇ ਹਾਹਾਕਾਰ, ਹਰਿ ਕਾ ਨਾਉਂ ਨਜ਼ਰ ਕਿਸੇ ਨਾ ਆਇੰਦਾ । ਜਗਤ ਸਿਆਸਤ ਮਾਰੇ ਮਾਰ, ਵਿਚ ਹਿਰਾਸਤ ਸਰਬ ਵਖਾਇੰਦਾ । ਅੰਤਮ ਲਹਿਣਾ ਦੇਣਾ ਚੁੱਕੇ ਵਿਚ ਸੰਸਾਰ, ਪੁਰਖ ਅਬਿਨਾਸ਼ੀ ਪੰਧ ਮੁਕਾਇੰਦਾ । ਬੀਸ ਬੀਸਾ ਹੋ ਤਿਆਰ, ਸਚ ਹਦੀਸਾ ਆਪ ਸੁਣਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹੋਣਾ ਖ਼ਬਰਦਰ, ਬੇਖ਼ਬਰ ਆਪ

ਜਗਾਇੰਦਾ । ਸ਼ਬਦੀ ਸ਼ਬਦ ਸੁਤ ਆਇਆ ਬਲਕਾਰ, ਸਤਿਗੁਰ ਗੁਰ ਗੁਰ ਰੂਪ ਵਟਾਇੰਦਾ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭੁਜ ਸੇਤਜ ਮਾਰੇ ਮਾਰ, ਹੁਕਮੀ ਹੁਕਮ ਹੁਕਮ ਚਲਾਇੰਦਾ । ਨਾ ਕੋਈ ਮੇਟੇ ਮੇਟਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਸੁਤ ਏਕਾ ਵਰ, ਤੇਰਾ ਦਰ ਆਪ ਖੁਲ੍ਹਾਇੰਦਾ । ਤੇਰਾ ਦਰ ਜਾਏ ਖੁਲ੍ਹ, ਸ਼ਬਦ ਗੁਰ ਇਕ ਵਡਿਆਈਆ । ਪੁਰਖ ਅਬਿਨਾਸ਼ੀ ਤੋਲੇ ਤੋਲ, ਏਕਾ ਕੰਡਾ ਹੱਥ ਉਠਾਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਡੋਲੇ ਨਾ ਕੋਇ ਡੁਲਾਈਆ । ਕਲਜੁਗ ਜੀਵ ਰਹੇ ਅਨਭੋਲ, ਰਾਤੀਂ ਸੁੱਤਿਆਂ ਰੈਣ ਵਿਹਾਈਆ । ਗੁਰਮੁਖਾਂ ਦੇਵੇ ਵਸਤ ਅਨਮੋਲ, ਅਨਮੁਲੜੀ ਦਾਤ ਆਪ ਵਰਤਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਕੋਲ, ਘਰ ਘਰ ਵਿਚ ਡੇਰਾ ਲਾਈਆ । ਅੰਤਰ ਅੰਤਰ ਜਾਏ ਮੌਲ, ਮੌਲਾ ਆਪਣਾ ਖੇਲ ਕਰਾਈਆ । ਉਲਟਾ ਕਰੇ ਨਾਭ ਕੌਲ, ਕਵਲ ਨਾਭ ਆਪ ਉਲਟਾਈਆ । ਸਚ ਪਿਆਏ ਏਕਾ ਪੌਹਲ, ਬਿਨ ਰਸਨਾ ਰਸ ਚਖਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਗ੍ਰੰਥੀ ਪੰਥੀ ਮੁੱਲਾਂ ਸ਼ੇਖ਼ ਮੁਸਾਇਕ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਜਗਤ ਵਿਕਾਰਾ ਕਰਿਆ ਘੋਲ, ਪੰਜ ਤਤ ਤਤ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਬੇਪਰਵਾਹ ਅਗੰਮ ਅਥਾਹ, ਸ੍ਰੀ ਭਗਵਾਨ ਸਚ ਨਿਸ਼ਾਨ ਦੋ ਜਹਾਨ, ਰਹਿਮਤ ਰਹਿਮਾਨ ਰਹੀਮ ਆਪ ਕਮਾਈਆ । ਰਹੀਮ ਰਹਿਮਾਨ ਹਰਿ ਰਹਿਮਾਨਾ, ਇਲਮ ਆਲਮ ਆਪ ਜਣਾਇੰਦਾ । ਪੀਰ ਪੈਗ਼ੰਬਰ ਤਾਲਬ ਤੁਲਬਾ ਕਰ ਪਰਵਾਨਾ, ਸਾਚੇ ਮਕਤਬ ਆਪ ਪੜ੍ਹਾਇੰਦਾ । ਏਕਾ ਅਲਫ਼ ਨੂਰ ਮਹਾਨਾ, ਯੇ ਯੁਕਤੀ ਹੱਥ ਰਖਾਨਾ, ਰਸੂਲ ਆਪਣੇ ਰੰਗ ਰੰਗਾਇੰਦਾ । ਏਕਾ ਅੱਖਰ ਕਰ ਪਰਧਾਨਾ, ਤਿੰਨ ਪੰਜ ਪੈਂਤੀ ਅੱਖਰੀ ਕਰ ਪਰਵਾਨਾ, ਆਖ਼ਰ ਆਪਣਾ ਭੇਵ ਛੁਪਾਇੰਦਾ । ਜੋਧਾ ਸੂਰ ਮਰਦ ਮਰਦਾਨਾ, ਪੀਰ ਪੈਗ਼ੰਬਰ ਵਡ ਸੁਲਤਾਨਾ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਪਹਿਰੇ ਬਾਣਾ, ਸੰਬਲ ਵਸੇ ਸਚ ਮਕਾਨਾ, ਨਾਨਕ ਗੋਬਿੰਦ ਮੇਲ ਮਿਲਾਇੰਦਾ । ਈਸਾ ਮੂਸਾ ਕਰ ਪਰਵਾਨਾ, ਸੰਗ ਮੁਹੰਮਦ ਦੇਵੇ ਦਾਨਾ, ਚੌਦਾਂ ਤਬਕਾਂ ਇਕ ਕਲਾਮਾ, ਨਬੀ ਰਸੂਲ ਆਪ ਪੜ੍ਹਾਇੰਦਾ । ਨਾਨਕ ਨਿਰਗੁਣ ਪਹਿਰੇ ਬਾਣਾ, ਸਤਿ ਸਤਿ ਨਿਸ਼ਾਨਾ, ਸਚਖੰਡ ਵਸੇ ਸ੍ਰੀ ਭਗਵਾਨਾ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਗੋਬਿੰਦ ਸੁਤ ਬਾਲ ਅਵਾਣਾ, ਖੇਲੇ ਖੇਲ ਸ੍ਰੀ ਭਗਵਾਨਾ, ਸਾਚਾ ਛਤਰ ਸੀਸ ਝੁਲਾਇੰਦਾ । ਕਲਜੁਗ ਅੰਤਮ ਵੇਖੇ ਗੁਣ ਨਿਧਾਨਾ, ਨਿਹਕਲੰਕ ਕਲ ਕਲਕੀ ਪਹਿਰੇ ਆਪਣਾ ਬਾਣਾ, ਬਾਵਨ ਲੇਖਾ ਚੁੱਕੇ ਵਿਚ ਜਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਖਾਏ ਸਚ ਨਿਸ਼ਾਨ, ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਮੰਤਰ ਇਕ ਵਿਧਾਨ, ਏਕਾ ਰਸਨਾ ਇਕ ਜ਼ਬਾਨ, ਇਸ਼ਟ ਦੇਵ ਆਤਮ ਪਰਮਾਤਮ ਇਕ ਜਣਾਈਆ ।


੫੪੪ ੧੨

## ✳ ਪਹਿਲੀ ਸਾਵਣ ੨੦੧੯ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ✳

ਸਚਖੰਡ ਦੁਆਰੇ ਖੇਲ ਮਹਾਨ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਏਕੰਕਾਰਾ ਵਡ ਜਵਾਨ, ਬਲਧਾਰੀ ਬਲ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਨੂਰ ਨੁਰਾਨਾ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਦੋ ਜਹਾਨ, ਭੇਵ ਅਭੇਦ ਆਪ ਖੁਲ੍ਹਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਪਰਮ ਪੁਰਖ ਪ੍ਰਭ ਸੀਸ ਝੁਕਾਇੰਦਾ । ਸਚ ਸੰਦੇਸਾ ਧੁਰ ਫ਼ਰਮਾਣ, ਹਰਿ ਸਤਿਗੁਰ ਆਪ ਸੁਣਾਇੰਦਾ । ਬੋਧ ਅਗਾਧੀ ਬੇਜ਼ਬਾਨ, ਬਿਨ ਰਸਨਾ ਜਿਹਵਾ ਗਾਇੰਦਾ । ਸ਼ਾਹ ਪਾਤਸ਼ਾਹ ਹੁਕਮਰਾਨ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਚਤਰਭੁਜ ਖੇਲ ਮਹਾਨ, ਆਦਿ ਸ਼ਕਤ ਪੜਦਾ ਲਾਹਿੰਦਾ । ਮੁਕਾਮੇ ਹੱਕ ਹੋ ਪਰਧਾਨ, ਜਲਵਾ ਨੂਰ ਆਪ ਧਰਾਇੰਦਾ । ਸਚਖੰਡ ਦੁਆਰਾ ਖੋਲ੍ਹ ਦੁਕਾਨ, ਮਹੱਲ ਅਟੱਲ ਆਪ ਵਡਿਆਇੰਦਾ । ਥਿਰ ਘਰ ਅੰਤਰ ਜੋਤ ਮਹਾਨ, ਨੂਰ ਨੁਰਾਨਾ ਨੂਰ ਰਖਾਇੰਦਾ । ਕਰੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਤਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਾਹੋ ਭੂਪ ਆਪੇ ਬਣ, ਤਖ਼ਤ ਨਿਵਾਸੀ ਤਖ਼ਤ ਸੁਹਾਈਆ । ਸੀਸ ਜਗਦੀਸ ਤਾਜ ਧਰ, ਹੁਕਮ ਹਾਕਮ ਆਪ ਸੁਣਾਈਆ । ਸ਼ਬਦ ਸੰਦੇਸਾ ਏਕਾ ਘੱਲ, ਨਰ ਨਰੇਸ਼ਾ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਖੇਲ ਅਗੰਮ ਅਪਰ, ਅਲੱਖ ਅਗੋਚਰ ਆਪ ਕਰਾਈਆ । ਨਿਰਭੌ ਭੈ ਚੁਕਾਏ ਡਰ, ਭੈ ਅਵਰ ਨਾ ਕੋਇ ਰਖਾਈਆ । ਸਚ ਦੁਆਰੇ ਆਪੇ ਖੜ, ਸਵੱਛ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾਰ, ਕਰਤਾ ਪੁਰਖ ਆਪ ਕਰਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰ, ਪਰਦਾ ਆਪਣਾ ਆਪ ਉਠਾਇੰਦਾ । ਹੱਕ ਹਕ਼ੀਕਤ ਪਾਵੇ ਸਾਰ, ਲਾਸ਼ਰੀਕ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰ, ਨਿਰਵੈਰ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦ ਸ੍ਰੀ ਭਗਵਾਨ, ਆਦਿ ਜੁਗਾਦੀ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਨਿਰਗੁਣ ਨਿਰਗੁਣ ਹੋ ਪਰਧਾਨ, ਪਰਮ ਪੁਰਖ ਵੇਸ ਅਨੇਕ ਏਕੰਕਾਰਾ ਆਪ ਵਟਾਈਆ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਖ਼ੁਸ਼ੀ ਮਨਾਈਆ । ਸਚਖੰਡ ਦੁਆਰੇ ਸਾਚਾ ਚਾ, ਸੋ ਪੁਰਖ ਨਿਰੰਜਣ ਆਪ ਮਨਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਆਪਣੀ ਧਾਰਾ ਆਪ ਪਰਗਟਾਇੰਦਾ । ਏਕੰਕਾਰਾ ਨਾਉਂ ਰਖਾ, ਨਾਉਂ ਨਿਰੰਕਾਰ ਆਪ ਸਮਝਾਇੰਦਾ । ਆਦਿ ਨਿਰੰਜਣ ਨੂਰ ਧਰਾ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸ਼ਹਿਨਸ਼ਾਹ, ਰਾਜਨ ਰਾਜ ਵੇਸ ਵਟਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ ਝੁਲਾ, ਦੋ ਜਹਾਨਾਂ ਆਪ ਵਖਾਇੰਦਾ । ਸਾਚੀ ਸਿਖਿਆ ਇਕ ਸਮਝਾ, ਸਾਖਿਆਤ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਲੋਅ ਪੁਰੀ ਰਚਨ ਰਚਾ, ਮੰਡਲ ਮੰਡਪ ਡੇਰਾ ਲਾਇੰਦਾ । ਰਵ ਸਸ ਨੂਰ ਚਮਕਾ, ਧਰਤ ਧਵਲ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਆਪਣਾ ਖੇਲ ਕਰਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਸਾਚਾ ਸੋਹਲਾ ਢੋਲਾ

ਆਪੇ ਗਾ, ਨਾਉਂ ਨਿਧਾਨਾ ਆਪ ਜਣਾਇੰਦਾ । ਪੜਦਾ ਉਹਲਾ ਦਏ ਉਠਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਸਰਗੁਣ ਚੋਲਾ ਆਪ ਬਦਲਾ, ਤ੍ਰੈ ਪੰਜ ਸਾਚਾ ਮੇਲ ਮਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾ, ਸਮਝ ਸਮਝ ਨਾਲ ਮਿਲਾਇੰਦਾ । ਕਾਗ਼ਜ਼ ਕਲਮ ਲਿਖ ਲਿਖ ਸ਼ਾਹ, ਸਾਚੀ ਸਾਖੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਆਪੇ ਰੱਖ, ਹਰਿ ਜੂ ਆਪਣੀ ਖੇਲ ਕਰਾਈਆ । ਸਚਖੰਡ ਨਿਵਾਸੀ ਹੋ ਪਰਤੱਖ, ਥਿਰ ਘਰ ਦੇਵੇ ਮਾਣ ਵਡਿਆਈਆ । ਨਿਰਗੁਣ ਨਾਉਂ ਨਿਰਗੁਣ ਰੱਖ, ਨਿਰਗੁਣ ਮੇਲਾ ਸਹਿਜ ਸੁਭਾਈਆ । ਸਾਚਾ ਮਾਰਗ ਏਕਾ ਦੱਸ, ਏਕੰਕਾਰਾ ਰਾਹ ਚਲਾਈਆ । ਏਕਾ ਨੂਰ ਕਰ ਪਰਕਾਸ਼, ਏਕਾ ਵੇਖੇ ਚਾਈਂ ਚਾਈਂਆ । ਏਕਾ ਹੋਏ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਏਕਾ ਸੇਵਕ ਬਣੇ ਦਾਸੀ ਦਾਸ, ਦਰ ਸਾਚੇ ਫੇਰਾ ਪਾਈਆ । ਏਕਾ ਲੇਖਾ ਜਾਣੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਉਪਰ ਡੇਰਾ ਲਾਈਆ । ਏਕਾ ਵੇਖਣਹਾਰਾ ਖੇਲ ਤਮਾਸ਼, ਖੇਲੇ ਖੇਲ ਖੇਲਣਹਾਰਾ ਨਜ਼ਰ ਕਿਸੇ ਨਾ ਆਈਆ । ਏਕਾ ਜਾਣੇ ਮੰਡਲ ਰਾਸ, ਗੋਪੀ ਕਾਹਨ ਆਪ ਨਚਾਈਆ । ਏਕਾ ਸ਼ਾਹੋ ਸ਼ਹਿਨਸ਼ਾਹ ਬਣੇ ਸ਼ਾਬਾਸ਼, ਸ਼ਾਹ ਪਾਤਸ਼ਾਹ ਆਪਣਾ ਬਲ ਆਪ ਪਰਗਟਾਈਆ । ਏਕਾ ਪੂਰੀ ਕਰੇ ਆਸ, ਆਸਾ ਆਸਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਯੋਗ, ਯੁਗਤੀ ਆਪਣੇ ਹੱਥ ਰਖਾਇੰਦਾ । ਪੁਰਖ ਅਬਿਨਾਸ਼ੀ ਹੈ ਭੀ ਹੋਗ, ਨਿਰਗੁਣ ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਦੁਆਰੇ ਸਚ ਸੰਜੋਗ, ਨਾਰ ਕੰਤ ਰੂਪ ਵਟਾਇੰਦਾ । ਭਸਮੜ ਹੋ ਹੋ ਭੋਗੇ ਭੋਗ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਸਾਚੇ ਵਸੇ ਕਿਲੇ ਕੋਟ, ਛੱਪਰੀ ਛੰਨ ਚਾਰ ਦੀਵਾਰ ਨਾ ਕੋਇ ਬਣਾਇੰਦਾ । ਇਕੋ ਇਕ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦੇਵੇ ਸਾਚਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਵਰ ਦਾਤਾ ਹਰਿ ਦੇਵੇ ਦਾਨ, ਦੇਵਣਹਾਰ ਅਖਵਾਈਆ । ਆਦਿ ਜੁਗਾਦੀ ਏਕਾ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਇਕ ਅਖਵਾਈਆ । ਜੁਗਾ ਜੁਗੰਤਰ ਹੋ ਪਰਧਾਨ, ਜੁਗ ਜੁਗ ਆਪਣਾ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਚਮ ਤਤ ਖੇਲ ਮਹਾਨ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਵੇਖੇ ਆਣ, ਨਿਰਗੁਣ ਸਰਗੁਣ ਫੇਰਾ ਪਾਈਆ । ਲਿਖ ਲਿਖ ਲੇਖਾ ਲੇਖ ਮਹਾਨ, ਸ਼ਬਦ ਅਗੰਮੀ ਦੇਵੇ ਦਾਨ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਏਕਾ ਅੰਤ ਨਿਰਗੁਣ ਨੂਰ ਨੂਰ ਭਗਵਾਨ, ਪੰਜ ਤਤ ਨਾ ਕੋਇ ਨਿਸ਼ਾਨ, ਤਤਵ ਤਤ ਨਾ ਕੋਇ ਕੁੜਮਾਈਆ । ਸਤਿ ਸਤਿਵਾਦੀ ਨੌਜਵਾਨ, ਵਸਣਹਾਰਾ ਸਚਖੰਡ ਸੱਚੇ ਮਕਾਨ, ਬਾਲ ਬਿਰਧ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਆਪੇ ਚੁੱਕ, ਹਰਿ ਜੂ ਆਪਣਾ ਭੇਵ ਚੁਕਾਇੰਦਾ । ਨਿਰਗੁਣ ਅੰਦਰ ਨਿਰਗੁਣ ਲੁਕ, ਨਿਰਗੁਣ ਵੇਖ ਵੇਖ ਖ਼ੁਸ਼ੀ ਮਨਾਇੰਦਾ । ਨਿਰਗੁਣ ਨੂਰ ਨਿਰਗੁਣ ਜੋਤ, ਨਿਰਗੁਣ ਬਿਮਲ ਰੂਪ ਸਮਾਇੰਦਾ । ਨਿਰਗੁਣ ਕਿਲਾ ਨਿਰਗੁਣ ਕੋਟ, ਨਿਰਗੁਣ ਅੰਦਰ ਆਸਣ ਲਾਇੰਦਾ । ਨਿਰਗੁਣ ਸ਼ਬਦ ਨਗਾਰਾ ਚੋਟ, ਨਿਰਗੁਣ ਆਪਣਾ ਰਾਗ ਅਲਾਇੰਦਾ । ਨਿਰਗੁਣ ਲੇਖਾ ਜਾਣੇ ਓਤ ਪੋਤ, ਪੂਤ ਸਪੂਤਾ ਵੇਖ ਵਖਾਇੰਦਾ । ਨਿਰਗੁਣ

੫੪੭
੧੨

ਵਰਨ ਨਿਰਗੁਣ ਗੋਤ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸਾਚੇ ਚੜ੍ਹ, ਏਕੰਕਾਰਾ ਆਸਣ ਲਾਇੰਦਾ । ਏਕੰਕਾਰ ਆਸਣ ਗਿਆ ਲੱਗ, ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਬੈਠ ਸੂਰਾ ਸਰਬੱਗ, ਭੇਵ ਅਭੇਦਾ ਆਪ ਖੁਲ੍ਹਾਈਆ । ਆਪੇ ਜਾਣੇ ਆਪਣੀ ਹੱਦ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਬਣਾ ਬਣਾ ਆਪਣੀ ਯੱਦ, ਲੋਕਮਾਤ ਵਿਸ਼ਵ ਖੇਲ ਕਰਾਈਆ । ਕਾਇਆ ਮੰਦਰ ਅੰਦਰ ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਵਜੌਂਦਾ ਰਹੇ ਨਦ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਆਤਮ ਜਾਮ ਪਿਆਏ ਸਾਚੀ ਮਦਿ, ਮਧੁਰ ਰਸ ਇਕ ਵਖਾਈਆ । ਆਪਣੇ ਵਿਚੋਂ ਆਪੇ ਕੱਢ, ਆਪੇ ਵੇਖੇ ਚਾਈਂ ਚਾਈਂਆ । ਸ਼ਬਦੀ ਗੁਰ ਲੜਾਏ ਲੜ, ਸਤਿਗੁਰ ਆਪਣੀ ਗੋਦ ਸੁਹਾਈਆ । ਪੁਰਖ ਅਕਾਲ ਦੀਨ ਦਿਆਲ ਮਾਸ ਨਾੜੀ ਚੰਮ ਨਾ ਕੋਇ ਹੱਡ, ਰਕਤ ਬੂੰਦ ਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵਸ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਵਸਾਵਣਹਾਰਾ ਸਚ ਮਹੱਲਾ, ਥਿਰ ਘਰ ਸਾਚਾ ਆਪ ਵਡਿਆਇੰਦਾ । ਏਕੰਕਾਰਾ ਫੜਾਵਣਹਾਰਾ ਪੱਲਾ, ਗੁਰ ਪੀਰ ਅਵਤਾਰ ਆਪਣੇ ਲੜ ਬੰਧਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਆਪਣੇ ਪਰਕਾਸ਼ ਆਪੇ ਬੱਲਾ, ਦੀਵਾ ਬਾਤੀ ਕਮਲਾਪਾਤੀ ਸੰਗ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਦੋ ਜਹਾਨ ਝੁਲਾਏ ਆਣ, ਨਿਰਗੁਣ ਆਪਣੀ ਸੇਵ ਕਮਾਇੰਦਾ । ਅਬਿਨਾਸ਼ੀ ਕਰਤਾ ਦੇਵੇ ਦਾਨ, ਪਾਰਬ੍ਰਹਮ ਬ੍ਰਹਮ ਕਰੇ ਪਰਵਾਨ, ਬ੍ਰਹਮ ਵੇਤਾ ਵਸਣਹਾਰਾ ਨੇਤਨ ਨੇਤਾ, ਨੇਰਨ ਨੇਰਾ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਗ੍ਰਿਹਿ ਮੰਦਰ ਆਪ ਸੁਹਾਇੰਦਾ । ਗ੍ਰਿਹਿ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਦਿ ਜੁਗਾਦੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਪੇ ਬਣੇ ਨਾਰ ਕੰਤ, ਦਾਈ ਦਾਇਆ ਆਪ ਅਖਵਾਈਆ । ਆਪੇ ਜਨ ਜਨਨੀ ਬਣ ਬਣਾਏ ਬਣਤ, ਸੁਤ ਦੁਲਾਰਾ ਆਪੇ ਜਾਈਆ । ਆਪੇ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਆਪੇ ਦੇਵੇ ਨਾਮ ਮਣੀਆ ਮੰਤ, ਮਨ ਵਾਸਨਾ ਨਾ ਕੋਇ ਰਖਾਈਆ । ਆਪੇ ਆਦਿ ਆਪੇ ਅੰਤ, ਮਧ ਅਪਣੀ ਧਾਰ ਚਲਾਈਆ । ਆਪੇ ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਹਰਿ ਨਿਰੰਕਾਰਾ, ਨਿਰਗੁਣ ਧਾਰਾ ਨੂਰ ਰੁਸ਼ਨਾਈਆ । ਨਿਰਗੁਣ ਧਾਰ ਪੁਰਖ ਅਕਾਲ, ਦੂਸਰ ਨਜ਼ਰ ਕੋਇ ਨਾ ਆਇੰਦਾ । ਵਸਣਹਾਰਾ, ਸਚਖੰਡ ਸੱਚੀ ਧਰਮਸਾਲ, ਸਚ ਦੁਆਰੇ ਡੇਰਾ ਲਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਠਾਕਰ ਸੁਆਮੀ ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮ ਹੋਏ ਸਦਾ ਨਿਹਕਾਮੀ, ਨਿਰਗੁਣ ਆਪਣਾ ਰੰਗ ਆਪ ਰੰਗਾਇੰਦਾ । ਨਿਰਗੁਣ ਰੰਗ ਅਗੰਮ ਅਪਾਰ, ਨਜ਼ਰ ਕਿਸੇ ਨਾ ਆਈਆ । ਸਚਖੰਡ ਨਿਵਾਸੀ ਵੇਖੇ ਵੇਖਣਹਾਰ, ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਕਿਰਪਾ ਕਰੇ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਨਿਰਗੁਣ ਸਰਗੁਣ ਦਏ ਆਧਾਰ, ਸਿਰ ਸਮਰਥ ਹੱਥ ਟਿਕਾਈਆ । ਨਾਮ ਵਸਤ ਝੋਲੀ ਡਾਰ, ਅਨਡਿਠੜੀ ਦਾਤ ਆਪ ਵਰਤਾਈਆ । ਆਤਮ ਪਰਮਾਤਮ ਕਰ ਪਿਆਰ, ਪਰਮ ਪੁਰਖ ਮੇਲਾ ਲਏ

ਮਿਲਾਈਆ । ਬ੍ਰਹਮ ਪਾਰਬ੍ਰਹਮ ਦਏ ਆਧਾਰ, ਆਪ ਆਪਣੇ ਅੰਗ ਲਗਾਈਆ । ਈਸ਼ ਜੀਵ ਖੋਲ੍ਹ ਕਿਵਾੜ, ਜਗਦੀਸ ਹੋਏ ਸਹਾਈਆ । ਨਾਤਾ ਜੋੜ ਵਿਚ ਸੰਸਾਰ, ਪੰਜ ਤਤ ਕਰੇ ਕੁੜਮਾਈਆ । ਏਕਾ ਅੱਖਰ ਕਰ ਤਿਆਰ, ਨਿਸ਼ਅੱਖਰ ਦਏ ਸਮਝਾਈਆ । ਜਿਸ ਦਾ ਅੰਤ ਨਾ ਪਾਰਾਵਾਰ, ਸੋ ਆਪਣਾ ਭੇਵ ਖੁਲ੍ਹਾਈਆ । ਗੁਰ ਅਵਤਾਰ ਕਰ ਤਿਆਰ, ਤ੍ਰੈਗੁਣ ਅਤੀਤਾ ਦੇਵੇ ਸਤਿ ਸਾਲਾਹੀਆ । ਲੋਕਮਾਤ ਸਚ ਵਿਹਾਰ, ਹਰਿ ਨਾਉਂ ਸ਼ਬਦ ਸ਼ਨਵਾਈਆ । ਹੁਕਮੇ ਅੰਦਰ ਕਰਨੀ ਕਾਰ, ਕਰਤਾ ਪੁਰਖ ਦਏ ਸਮਝਾਈਆ । ਸ੍ਰਿਸ਼ਟ ਸਬਾਈ ਸ੍ਰਿਸ਼ਟ ਵਿਹਾਰ, ਦ੍ਰਿਸ਼ਟ ਦ੍ਰਿਸ਼ਟ ਨਾਲ ਮਿਲਾਈਆ । ਇਸ਼ਟ ਏਕ ਏਕੰਕਾਰ, ਆਦਿ ਜੁਗਾਦਿ ਸਮਾਈਆ । ਸਾਚੀ ਸਿਖਿਆ ਗੁਰ ਅਵਤਾਰ, ਪਾਰਬ੍ਰਹਮ ਪ੍ਰਭ ਏਕਾ ਵਾਰ ਪੜ੍ਹਾਈਆ । ਪੀਰ ਪੈਗ਼ੰਬਰ ਭੁੱਲ ਨਾ ਜਾਏ ਵਿਚ ਸੰਸਾਰ, ਸੰਸਾ ਹੋਰ ਨਾ ਕੋਇ ਰਖਾਈਆ । ਆਤਮ ਤਾਕੀ ਖੋਲ੍ਹ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹੀਆ । ਅੰਮ੍ਰਿਤ ਆਤਮ ਸਚ ਪਿਆਲਾ ਦੇਵੇ ਠੰਡਾ ਠਾਰ, ਨਿਝਰ ਝਿਰਨਾ ਏਕਾ ਵਾਰ ਝਿਰਾਈਆ । ਤ੍ਰੈਗੁਣ ਅਗਨੀ ਨਾ ਸਕੇ ਸਾੜ, ਪੰਜ ਤਤ ਨਾ ਕਰੇ ਲੜਾਈਆ । ਨਾਤਾ ਤੋੜ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਦਏ ਚੁਕਾਈਆ । ਆਤਮ ਪਰਮਾਤਮ ਕਰ ਪਿਆਰ, ਪ੍ਰੇਮ ਰੀਤੀ ਇਕ ਸਿਖਾਈਆ । ਛੋਟੇ ਬਾਲੇ ਉਠਾਏ ਗੁਰ ਅਵਤਾਰ, ਸਤਿਗੁਰ ਆਪਣੀ ਸਿਖਿਆ ਆਪ ਸਮਝਾਈਆ । ਲੋਕਮਾਤ ਕਰੋ ਵਿਹਾਰ, ਕਰਨੀ ਕਰਤਾ ਦਏ ਜਣਾਈਆ । ਰਸਨਾ ਗਾਓ ਇਕ ਕਰਤਾਰ, ਜਿਹਵਾ ਆਪਣੀ ਨਾਲ ਮਿਲਾਈਆ । ਬੱਤੀ ਦੰਦ ਜਗਤ ਵਿਹਾਰ, ਅਨੰਦ ਅਨੰਦ ਵਿਚ ਰਖਾਈਆ । ਗੀਤ ਸੁਹਾਗੀ ਛੰਦ ਘਰ ਘਰ ਕਰੇ ਜੈਕਾਰ, ਜੈ ਜੈਕਾਰ ਆਪਣਾ ਨਾਉਂ ਦ੍ਰਿੜਾਈਆ । ਮੰਦਰ ਅੰਦਰ ਮੰਦਰ ਰੱਖ, ਕਰੇ ਖੇਲ ਪੁਰਖ ਸਮਰਥ, ਘਰ ਘਰ ਵਿਚ ਲਏ ਬਣਾਈਆ । ਕਰ ਪਰਕਾਸ਼ ਕੋਟਨ ਰਵ ਸਸ, ਨੂਰ ਨੂਰ ਨੂਰ ਰੁਸ਼ਨਾਈਆ । ਆਪ ਉਹਲੇ ਹੋ ਹੋ ਰਿਹਾ ਹੱਸ, ਆਪਣਾ ਭੇਵ ਨਾ ਕੋਇ ਜਣਾਈਆ । ਜੇ ਕੋਈ ਗੁਰ ਅਵਤਾਰ ਅੱਗੋਂ ਪੁਛੇ ਪ੍ਰਭ ਮਾਰਗ ਦੱਸ, ਸ਼ਬਦੀ ਸ਼ਬਦ ਦਏ ਸਮਝਾਈਆ । ਇਕੋ ਗੌਣਾ ਮੇਰਾ ਜਸ, ਮੇਰਾ ਜਸ ਤੇਰੀ ਵਡਿਆਈਆ । ਤੇਰਾ ਕਾਇਆ ਤਨ ਚਲਾਵਾਂ ਰਥ, ਬਣ ਰਥਵਾਹੀ ਸੇਵ ਕਮਾਈਆ । ਬਿਨ ਚਰਨੋਂ ਚਰਨੀ ਜਾਣਾ ਢੱਠ, ਹਰਿ ਕਾ ਚਰਨ ਨਜ਼ਰ ਕਿਸੇ ਨਾ ਆਈਆ । ਕਰ ਕਿਰਪਾ ਜਿਸ ਨੂੰ ਆਪਣਾ ਆਪ ਦੇਵੇ ਦੱਸ, ਬਿਨ ਨੇਤਰ ਨਜ਼ਰੀ ਆਈਆ । ਮਿਹਰਵਾਨ ਮਿਹਰਵਾਨ ਕਾਇਆ ਮੰਦਰ ਅੰਦਰ ਜਾਏ ਵਸ, ਸਾਚਾ ਖੇੜਾ ਦਏ ਸੁਹਾਈਆ । ਨਿਰਮਲ ਜੋਤ ਕਰ ਪਰਕਾਸ਼, ਬ੍ਰਹਮ ਪੜਦਾ ਦਏ ਉਠਾਈਆ । ਪਾਰਬ੍ਰਹਮ ਪ੍ਰਭ ਪੂਰੀ ਕਰੇ ਆਸ, ਗੁਰ ਗੁਰ ਆਪਣੇ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਅੰਤਮ ਆਪਣੇ ਅੰਦਰ ਰੱਖੇ ਡੂੰਘਾ ਖ਼ਾਤ, ਜਿਸ ਦਾ ਕਿਨਾਰਾ ਨਜ਼ਰ ਕੋਇ ਨਾ ਆਈਆ । ਜੇ ਕੋਈ ਵੇਖੇ ਮਾਰ ਝਾਤ, ਚਰਨਾਂ ਹੇਠਾਂ ਹੇਠਾਂ ਦਏ ਦਬਾਈਆ । ਜੇ ਕੋਈ ਮੰਗੇ ਪ੍ਰਭ ਤੇਰਾ ਸਾਥ, ਨਿਰਗੁਣ ਨੂਰ ਦਰਸ ਦਰਸ ਦਰਸ ਕਰਾਈਆ । ਜੇ ਕੋਈ ਮੰਗੇ ਰਹਿਵਾਂ ਤੇਰੇ ਸਾਥ, ਛੋਟੇ ਬਾਲੇ ਬਣਾ ਕੇ ਆਪਣੀ ਉਂਗਲੀ ਲਾਈਆ । ਜੇ ਕੋਈ ਮੰਗੇ ਦੱਸ ਆਪਣੀ ਗਾਥ, ਇਕੋ ਨਾਉਂ ਦਏ ਸਮਝਾਈਆ । ਜੇ ਕੋਈ ਪੁੱਛੇ ਦੱਸ ਸਾਚੀ ਜ਼ਾਤ, ਜ਼ਾਤ ਪਾਤ ਨਾ ਕੋਇ ਸਮਝਾਈਆ । ਮੇਰਾ ਦਰਸ ਵਡੀ ਕਰਾਮਾਤ, ਦੂਸਰ ਵਸਤ ਨਾ ਕੋਇ ਵਿਕਾਈਆ । ਗੁਰ ਅਵਤਾਰ ਪਹਿਲੀ ਬਣਾਈ ਇਕ ਜਮਾਤ, ਪਹਿਲਾ ਅੱਖਰ ਆਪ ਪੜ੍ਹਾਈਆ । ਲੇਖਾ ਲਿਖ ਲਿਖ ਦੱਸਿਆ ਬਿਨ ਕਲਮ ਦਵਾਤ, ਨਾ ਕੋਈ ਰੱਖੀ ਨਾਲ ਸ਼ਾਹੀਆ । ਅੰਦਰ ਵੜ ਵੜ ਆਪੇ ਮਾਰੇ

ਝਾਤ, ਝਾਕੀ ਆਪਣੀ ਆਪ ਵਖਾਈਆ । ਕਰ ਕਿਰਪਾ ਖੋਲ੍ਹੇ ਤਾਕ, ਕੁੰਜੀ ਹੱਥ ਨਾ ਕਿਸੇ ਫੜਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਵਾਰ ਦੱਸਿਆ ਪੁਰਖ ਅਕਾਲ ਤੁਹਾਡਾ ਸਾਕ, ਦੂਜਾ ਸੱਜਣ ਨਜ਼ਰ ਕੋਇ ਨਾ ਆਈਆ । ਪੰਜ ਤਤ ਮਾਟੀ ਹੋਏ ਖ਼ਾਕ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਜੇ ਕਿਸੇ ਮਿਲਣਾ ਰਸੂਲ ਪਾਕ, ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਈਆ । ਇਕ ਵਖਾਏ ਸਾਚਾ ਹਾਟ, ਚਰਨ ਦੁਆਰਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਕਰੇ ਸਚ ਪੜ੍ਹਾਈਆ । ਇਕ ਪੜ੍ਹਾਈ ਇਕੋ ਅਲਫ਼, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਾਰੇ ਉਠ ਕੇ ਲਓ ਹਲਫ਼, ਹੁਕਮੀ ਹੁਕਮ ਆਪ ਜਣਾਇੰਦਾ । ਲੋਕਮਾਤ ਜਾਣਾ ਮੁੜ ਕੇ ਔਣਾ ਪਰਤ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਮੇਰਾ ਨਾਉਂ ਲੈਣਾ ਨਿਧੜਕ, ਅੱਖਰ ਆਖਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਸਚ ਦਰਬਾਰ, ਦਰਗਹਿ ਸਾਚੀ ਆਪ ਜਣਾਈਆ । ਜੁਗ ਚੌਕੜੀ ਖੇਲ ਅਪਾਰ, ਨਿਰਗੁਣ ਸਰਗੁਣ ਦਏ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰੇ ਪਾਰ, ਲੋਕਮਾਤ ਫਿਰ ਫਿਰ ਸੇਵ ਕਮਾਈਆ । ਸੋ ਪੁਰਖ ਨਿਰੰਜਣ ਕਰੇ ਆਪਣੀ ਕਾਰ, ਕਰਨੀ ਕਰਤਾ ਆਪ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਪੜ੍ਹਾਈਆ । ਗੀਤਾ ਗਿਆਨ ਕਰ ਉਜਿਆਰ, ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਖਾਣੀ ਬਾਣੀ ਜਗਤ ਵਿਹਾਰ, ਸਚ ਨਿਸ਼ਾਨ ਦਏ ਜਣਾਈਆ । ਹੁਕਮੇ ਅੰਦਰ ਗੁਰ ਅਵਤਾਰ, ਭਗਤ ਭਗਵੰਤ ਲਏ ਪਰਗਟਾਈਆ । ਪੀਰ ਪੈਗ਼ੰਬਰ ਦਸਤਗੀਰ ਖੇਲ ਨਿਆਰ, ਦੋ ਜਹਾਨਾਂ ਵੇਖ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਕਰਤਾ ਪੁਰਖ ਕਰੇ ਆਪਣੀ ਕਾਰ, ਕਰਨੀ ਹਰਿ ਜੂ ਆਪ ਕਮਾਈਆ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨਿਰਗੁਣ ਨਿਰਗੁਣ ਵੇਸ ਲਏ ਵਟਾਈਆ । ਸ੍ਰਿਸ਼ਟ ਸਬਾਈ ਪਾਵੇ ਸਾਰ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਸ੍ਰੀ ਭਗਵੰਤ, ਲਹਿਣਾ ਦੇਣਾ ਨੇਤਰ ਨੈਣਾ ਸਭ ਨੂੰ ਦਏ ਵਖਾਈਆ । ਆਦਿ ਅੰਤ ਹਰਿ ਨਿਰੰਕਾਰ, ਆਪਣਾ ਖੇਲ ਕਰਾਇੰਦਾ । ਜੁਗ ਚੌਕੜੀ ਕਰ ਕਰ ਪਾਰ, ਆਪ ਆਪਣੇ ਵਿਚ ਛੁਪਾਇੰਦਾ । ਲੇਖਾ ਜਾਣ ਗੁਰ ਅਵਤਾਰ, ਧੁਰ ਮਸਤਕ ਵੇਖ ਵਖਾਇੰਦਾ । ਸਚ ਸੰਦੇਸਾ ਦੇਵੇ ਵਾਰੋ ਵਾਰ, ਜੁਗਾ ਜੁਗੰਤਰ ਆਪ ਪੜ੍ਹਾਇੰਦਾ । ਕਲਜੁਗ ਅੰਤਮ ਖੇਲ ਕਰੇ ਅਪਾਰ, ਕਲ ਕਲਕੀ ਵੇਸ ਵਟਾਇੰਦਾ । ਨਿਹਕਲੰਕ ਨਾਉਂ ਨਿਰੰਕਾਰ, ਨਿਰਗੁਣ ਆਪਣਾ ਨੂਰ ਧਰਾਇੰਦਾ । ਨਾਮ ਡੰਕਾ ਵਿਚ ਸੰਸਾਰ, ਵਡ ਸੰਸਾਰੀ ਆਪ ਸੁਣਾਇੰਦਾ । ਕੂੜੀ ਕਿਰਿਆ ਕਰੇ ਖੁਆਰ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸਤਿਜੁਗ ਸਾਚੀ ਕਰੇ ਵਿਚਾਰ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਭਗਤ ਭਗਵੰਤ ਲਏ ਉਠਾਲ, ਉਠ ਉਠ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਰਾਓ ਰੰਕ ਰਾਜ ਰਾਜਾਨ ਏਕਾ ਦਰ ਬਹਾਇੰਦਾ । ਸਾਚਾ ਮਾਰਗ ਦਏ ਸਖਾਲ, ਚਾਰ ਵਰਨ ਸਿਖਿਆ ਇਕ ਸਮਝਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪਣੀ ਸੇਵ ਕਮਾਇੰਦਾ । ਅੰਤਰ ਆਤਮ ਬਣਿਆ ਰਹੇ ਦਲਾਲ, ਬਣ ਵਣਜਾਰਾ ਹੱਟ ਚਲਾਇੰਦਾ । ਭਗਤ ਭਗਵੰਤ ਗੁਰਮੁਖ ਗੁਰ ਗੁਰ ਮੇਲ ਮਿਲਾਏ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਕਲਜੁਗ ਅੰਤਮ ਹੋ ਦਲਾਲ, ਗੁਰਸਿਖ

ਗੁਰ ਗੁਰ ਜੁਗ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਧੁਰ ਦਰਬਾਰਾ ਕੁੰਡਾ ਲਾਹਿੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਅੰਮ੍ਰਿਤ ਆਤਮ ਇਕ ਪਿਆਲ, ਰਸ ਰਸੀਆ ਰਸ ਵਖਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਅੰਤਮ ਕਲ, ਕਲਧਾਰੀ ਆਪ ਰੰਗਾਈਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਅਛਲ ਛਲ ਆਪਣਾ ਖੇਲ ਕਰਾਈਆ । ਜਨ ਭਗਤਾਂ ਅੰਦਰ ਗਿਆ ਰਲ, ਨਜ਼ਰ ਕਿਸੇ ਨਾ ਆਈਆ । ਰਾਤੀ ਸੁੱਤਿਆਂ ਪੁੱਛੇ ਗੱਲ, ਗਲਵਕੜੀ ਆਪਣੀ ਪਾਈਆ । ਵਸਣਹਾਰਾ ਜਲ ਥਲ, ਮਹੀਅਲ ਆਪਣੀ ਖੇਡ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਨਿਹਚਲ ਧਾਮ ਅਟੱਲ, ਹਰਿਜਨ ਉਜਲ ਆਪ ਰਖਾਈਆ । ਨਿਹਚਲ ਧਾਮ ਹਰਿ ਕਾ ਦੁਆਰ, ਦੁਆਰ ਬੰਕ ਆਪ ਸਮਝਾਇੰਦਾ । ਜਿਸ ਦਰ ਬੈਠੇ ਕੋਟਨ ਕੋਟ ਗੁਰ ਅਵਤਾਰ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਜਿਸ ਦਰ ਵਿਸ਼ਨ ਬ੍ਰਹਮਾ ਸ਼ਿਵ ਚਰਨ ਧੂੜੀ ਮੰਗਣ ਛਾਰ, ਨਿਉਂ ਨਿਉਂ ਸਜਦਾ ਸੀਸ ਸਰਬ ਕਰਾਇੰਦਾ । ਜਿਸ ਦਰ ਭਿਖਕ ਬਣੇ ਭਗਤ ਭਿਖਾਰ, ਨਾਮ ਭਿਛਿਆ ਸਾਚੀ ਪਾਇੰਦਾ । ਸੋ ਦਰ ਕਲਜੁਗ ਅੰਤਮ ਖੋਲ੍ਹੇ ਆਪ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਮੇਲੇ ਆਣ, ਆਪ ਆਪਣੇ ਨਾਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਗੁਰ ਚੇਲੇ ਆਪ ਜਗਾਇੰਦਾ । ਸਾਢੇ ਤਿੰਨ ਹੱਥ ਵਖਾਏ ਸੱਚੀ ਧਰਮਸਾਲ, ਘਰ ਘਰ ਅੰਦਰ ਹਰਿ ਜੂ ਡੇਰਾ ਲਾਇੰਦਾ । ਦਿਵਸ ਰੈਣ ਅਨਹਦ ਨਾਦ ਵਜਾਏ ਸੱਚੀ ਧੁੰਨਕਾਨ, ਧੁੰਨ ਆਤਮਕ ਰਾਗ ਸੁਣਾਇੰਦਾ । ਪੰਜ ਤਤ ਕਾਇਆ ਕਿਸੇ ਕੰਮ ਨਾ ਆਇਣ ਕਾਨ, ਬਿਨ ਕੰਨਾਂ ਸ਼ਬਦ ਸੁਣਾਇੰਦਾ । ਆਪੇ ਬੋਲੇ ਬੇਜ਼ਬਾਨ, ਜ਼ਬਾਨ ਜਗਤ ਮੂਲ ਮੁਕਾਇੰਦਾ । ਬਿਨ ਨੇਤਰ ਵੇਖੇ ਮਾਰ ਧਿਆਨ, ਗੁਰਮੁਖ ਨੇਤਰ ਆਪ ਖੁਲ੍ਹਾਇੰਦਾ । ਘਰ ਮੰਦਰ ਬੈਠ ਮਕਾਨ, ਸੇਜ ਸੁਹੰਜਣੀ ਆਪ ਸੁਹਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਪਰਮ ਪੁਰਖ ਆਪਣੀ ਗੋਦ ਬਹਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਘਰ ਬਹਾਇੰਦਾ । ਹਰਿਜਨ ਤੇਰਾ ਸਚ ਦੁਆਰਾ, ਸਤਿ ਸਤਿਵਾਦੀ ਆਪ ਜਣਾਈਆ । ਫੜ ਫੜ ਬਾਂਹੋਂ ਖੜੇ ਆਪ ਨਿਰੰਕਾਰਾ, ਅੰਤ ਆਪਣੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਵਾਰੋ ਵਾਰਾ, ਵਾਹਵਾ ਵੱਜਦੀ ਰਹੇ ਵਧਾਈਆ । ਜਿਸ ਦੀ ਚਾਰ ਯੁਗ ਸਿਫ਼ਤ ਸਲਾਹ ਕਰ ਕਰ ਗੌਂਦੇ ਆਏ ਵਾਰਾ, ਸੋ ਕਲਜੁਗ ਅੰਤਮ ਗੁਰਮੁਖਾਂ ਢੋਲੇ ਆਪੇ ਗਾਈਆ । ਜਿਸ ਦਾ ਨਜ਼ਰ ਨਾ ਆਇਆ ਪਾਰ ਕਿਨਾਰਾ, ਹੱਦ ਹਦੂਦ ਕਿਸੇ ਨਾ ਪਾਈਆ । ਸੋ ਪੁਰਖ ਨਿਰੰਜਣ ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਕਰੇ ਪਿਆਰਾ, ਜ਼ਾਤ ਪਾਤ ਨਾ ਕੋਇ ਵਖਾਈਆ । ਜਿਸ ਨੂੰ ਕਹਿੰਦੇ ਰਹੇ ਪਰਵਰਦਿਗਾਰਾ, ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਸੋ ਨੂਰ ਇਲਾਹੀ ਬਣ ਮਲਾਹੀ ਮੁਰਸ਼ਦ ਮੁਰੀਦਾਂ ਆਪਣੀ ਗੋਦ ਉਠਾਈਆ । ਨਿਰਗੁਣ ਸਰਗੁਣ ਸੂਫ਼ੀ ਸੁਣਾਏ ਏਕਾ ਨਾਅਰਾ, ਹੱਕ ਹਕੀਕ਼ਤ ਪਾਵੇ ਸਾਰਾ, ਲਾਸ਼ਰੀਕ ਆਪਣਾ ਵਜੂਦ ਨਾ ਕੋਇ ਦਰਸਾਈਆ । ਜਿਸ ਦਾ ਗੌਂਦੇ ਆਏ ਸਤਿ ਨਾਮ ਜੈਕਾਰਾ, ਸੋ ਕਰੇ ਖੇਲ ਆਪ ਕਰਤਾਰਾ, ਗੁਰਸਿਖ ਗੁਰ ਗੁਰ ਬਾਲ ਅਞਾਣੇ ਆਪ ਉਠਾਈਆ । ਜਿਸ ਨੂੰ ਗੋਬਿੰਦ ਕਹਿੰਦਾ ਰਿਹਾ

ਪਿਤਾ ਹਮਾਰਾ, ਸੋ ਪਿਤਾ ਪੁਰਖ ਕਲਜੁਗ ਅੰਤਮ ਬਣਿਆ ਆਪ ਵਣਜਾਰਾ, ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਸਾਚੇ ਸੰਤ ਫੜ ਫੜ ਕੰਤ ਨਾਲ ਮਿਲਾਈਆ । ਨਾਤਾ ਤੁਟੇ ਜਗਤ ਵਿਭਚਾਰ ਨਾਰਾ, ਗੁਰਮੁਖ ਸਖ਼ੀ ਕਰੇ ਸੱਚਾ ਸ਼ੰਗਾਰਾ, ਹਰਿ ਜੂ ਮਿਲੇ ਕੰਤ ਭਤਾਰਾ, ਅੰਗੀਕਾਰ ਆਪ ਕਰਾਈਆ । ਲੱਖ ਚੁਰਾਸੀ ਉਤਰੇ ਪਾਰ ਕਿਨਾਰਾ, ਮਾਤ ਗਰਭ ਨਾ ਕੋਇ ਸਹਾਰਾ, ਜੂਨੀ ਜੂਨ ਨਾ ਕੋਇ ਭੁਵਾਈਆ । ਅੰਤਮ ਅੰਤ ਸ੍ਰੀ ਭਗਵੰਤ ਮਿਲੇ ਆਪ ਕਰਤਾਰਾ, ਆਦਿ ਜੁਗਾਦਿ ਜਿਸ ਦਾ ਸਰਬ ਵਿਹਾਰਾ, ਬਣ ਬਿਵਹਾਰੀ ਆਪਣੀ ਕਾਰ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ, ਜਿਸ ਦਾ ਲੇਖਾ ਲਿਖ ਲਿਖ ਦੱਸਿਆ ਵੇਦ ਵਿਆਸਾ ਬਣ ਲਿਖਾਰਾ, ਈਸਾ ਮੂਸਾ ਸੰਗ ਮੁਹੰਮਦ ਬੋਲ ਬੋਲ ਗਏ ਨਾਅਰਾ, ਨਾਨਕ ਗੋਬਿੰਦ ਤੱਕਿਆ ਇਕ ਸਹਾਰਾ, ਪੁਰਖ ਅਕਾਲ ਓਟ ਰਖਾਈਆ । ਸੋ ਸਾਹਿਬ ਪਰਗਟ ਹੋਇਆ ਵਿਚ ਸੰਸਾਰਾ, ਦਿਸ ਨਾ ਆਏ ਜੀਵ ਗਵਾਰਾ, ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਬਿਨ ਗੁਰਮੁਖ ਗੁਰਸਿਖ ਨੇਤਰ ਨੈਣ, ਨੈਣ ਨੇਤਰ ਨਿਜ ਘਰ ਨਿਜ ਆਤਮ ਪਰਮਾਤਮ ਨਜ਼ਰ ਕਿਸੇ ਨਾ ਆਈਆ । ਪਰਮਾਤਮ ਨੇਤਰ ਸਕੇ ਨਾ ਕੋਈ ਪੇਖ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕਾ ਰੂਪ ਨਾ ਕੋਇ ਰੇਖ, ਰੇਖਾ ਸਭ ਦੀ ਆਪ ਬਣਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਆਦਿ ਜੁਗਾਦਿ ਨਾ ਮੂੰਡ ਮੁੰਡਾਈਆ । ਸਦਾ ਸੁਹੇਲਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸਿਫ਼ਤ ਸਾਲਾਹ ਕਰ ਕਰ ਥੱਕੇ ਬ੍ਰਹਮਾ ਵਿਸ਼ਨ ਮਹੇਸ਼, ਸਿਫ਼ਤ ਸਾਲਾਹੀ ਸਿਫ਼ਤ ਵਿਚ ਕਦੇ ਨਾ ਆਈਆ । ਖੇਲੇ ਖੇਲ ਆਦਿ ਅੰਤ ਨਰ ਨਰੇਸ਼, ਨਰ ਨਰਾਇਣ ਵਡੀ ਵਡਿਆਈਆ । ਕਲਜੁਗ ਅੰਤਮ ਆਪਣੇ ਨੂਰ ਹੋ ਪਰਵੇਸ਼, ਨੂਰ ਨੂਰ ਕਰੇ ਰੁਸ਼ਨਾਈਆ । ਜੁਗ ਚੌਕੜੀ ਲਹਿਣਾ ਦੇਣਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵੇਖ, ਪੜਦਾ ਪੜਦੇ ਨਾਲ ਉਠਾਈਆ । ਥੋੜਾ ਥੋੜਾ ਦੱਸ ਦੱਸ ਭੇਤ, ਥੋੜੀ ਥੋੜੀ ਸਿਖਿਆ ਗੁਰ ਅਵਤਾਰਾਂ ਆਪ ਜਣਾਈਆ । ਨਿੱਕਾ ਨਿੱਕਾ ਦੱਸਿਆ ਹੇਤ, ਜਿਉਂ ਬਾਲਾ ਮਾਤ ਕਰੇ ਮੁੱਖ ਮੰਮਾਂ ਸੀਰ ਰਸ ਵਖਾਈਆ । ਪਾਰਬ੍ਰਹਮ ਦੂਰ ਦੁਰਾਡਾ ਦਰਸਨ ਦੇਵੇ ਨੇਤਨ ਨੇਤ, ਨੇੜੇ ਹੋ ਹੋ ਦਇਆ ਕਮਾਈਆ । ਏਥੇ ਵਸੇ ਆਪੇ ਦੇਸ, ਸਚਖੰਡ ਵਸੇ ਸੱਚਾ ਮਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਸੁਣਾਏ ਮੇਰੀ ਕਰੋ ਆਦੇਸ, ਆਦੇਸ ਆਦੇਸ ਕਹਿ ਕਹਿ ਖ਼ੁਸ਼ੀ ਮਨਾਈਆ । ਲੋਕਮਾਤ ਮੈਂ ਖੇਲਾਂ ਆਪਣੀ ਖੇਡ, ਲੱਖ ਚੁਰਾਸੀ ਤੁਹਾਡੀ ਉਂਗਲੀ ਆਪ ਲਗਾਈਆ । ਜੇ ਕੋਈ ਤੁਹਾਨੂੰ ਪੁੱਛੇ ਪ੍ਰਭ ਕੇਵਡ ਕੇਡ, ਬਿਨ ਬੇਅੰਤ ਕਹਿਣ ਤੋਂ ਕਿਛ ਕਹਿਣ ਕਹਿਣ ਨਾ ਜਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਭ ਦੀ ਅੱਖੀਂ ਪਾਵਾਂ ਰੇਤ, ਰੰਗ ਰੂਪ ਨਾ ਕਿਸੇ ਜਣਾਈਆ । ਕਰ ਕਿਰਪਾ ਗੁਰ ਅਵਤਾਰਾਂ ਅੰਦਰ ਕੱਢਾਂ ਛੇਕ, ਸ਼ੰਕਾ ਸਭ ਦਾ ਆਪ ਗਵਾਈਆ । ਪਹਿਲੋਂ ਲਵਾਂ ਆਪ ਪੇਖ, ਫੇਰ ਆਪਣਾ ਦਰਸ ਕਰਾਈਆ । ਘਰ ਵਖਾਵਾਂ ਸਾਚੀ ਸੇਜ, ਬਿਨ ਲੇਫ਼ ਤਲਾਈ ਵਿਛਾਈਆ । ਪਲੰਘ ਰੰਗੀਲਾ ਪਾਵਾ ਚੂਲ ਨਾ ਕੋਈ ਮੇਖ ਸਕੇ ਠੋਕ, ਬਾਢੀ ਬਣਤ ਨਾ ਕੋਇ ਬਣਾਈਆ । ਕਰ ਕਿਰਪਾ ਕਰੇ ਆਪਣਾ ਹੇਤ, ਆਪਣਾ ਆਸਣ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਘਟ ਘਟ ਅੰਤਰ ਆਪਣੀ ਖੇਲ ਕਰਾਈਆ । ਆਦਿ ਅੰਤ ਖੇਲ ਮੌਲਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਉਲਟਾ ਕਰਨਹਾਰਾ ਨਾਭ ਕੌਲਾ, ਨਾਭੀ ਕਵਲ ਆਪ ਉਲਟਾਇੰਦਾ । ਦੇਵੇ ਮਾਣ ਉਪਰ ਧੌਲਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਆਪਣੇ ਅੰਦਰੋਂ ਕੱਢੇ ਕੋਟਨ ਕੋਟ ਕਾਹਨਾ ਕ੍ਰਿਸ਼ਨਾ ਸੌਲਾ, ਕੋਟਨ ਕੋਟ ਰਾਮ ਆਪਣਾ

ਰੂਪ ਵਖਾਇੰਦਾ । ਜੇ ਕੋਈ ਕਹੇ ਭਗਵਾਨ ਬਣਿਆ ਰਹੇ ਬਵਰਾ, ਭੋਲਾ ਭਾਲਾ ਹੱਥ ਕਿਸੇ ਨਾ ਆਇੰਦਾ । ਸਦਾ ਸੁਹੇਲਾ ਇਕ ਇਕੇਲਾ ਗਹਿਰ ਗਵਰਾ, ਗੰਭੀਰ ਆਪਣਾ ਰਾਹ ਚਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਨਾਮ ਦੇਵੇ ਸਬਰਾ, ਸਬਰ ਸਬੂਰੀ ਆਪ ਹੰਢਾਇੰਦਾ । ਹਰਿ ਕਾ ਲੇਖਾ ਕਿਸੇ ਨਾ ਕੱਢਿਆ ਵਿਚ ਜਬਰਾ, ਸਿਫ਼ਰਾ ਸਿਫ਼ਰਾ ਰੂਪ ਵਖਾਇੰਦਾ । ਲੱਭ ਲੱਭ ਥੱਕੇ ਕੋਟਨ ਕੋਟ ਅਰਬਾ, ਅਰਬੀ ਫ਼ਾਰਸੀ ਹਿੰਦੀ ਵਿਚ ਕਦੇ ਨਾ ਆਇੰਦਾ । ਨਿਰਗੁਣ ਨਿਰਗੁਣ ਪਹਿਨੇ ਰੱਖੇ ਆਪਣਾ ਬੁਰਕਾ, ਤੁਰਕੀ ਤੁਰਕ ਨਾ ਰੂਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਪਹਿਨਾਏ ਕੁੜਤਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਬੰਧਨ ਪਾਇੰਦਾ । ਅੰਦਰ ਵੜ ਵੜ ਆਤਮ ਪਰਮਾਤਮ ਨਾਲ ਆਪ ਜੁੜਦਾ, ਬਣ ਜੋੜੀ ਖ਼ੁਸ਼ੀ ਮਨਾਇੰਦਾ । ਸ਼ੌਹ ਦਰਯਾਏ ਕਦੇ ਨਾ ਰੁੜ੍ਹਦਾ, ਡੂੰਘੀ ਧਾਰ ਨਾ ਕੋਇ ਵਹਾਇੰਦਾ । ਆਪਣਾ ਵਰ ਪਾਏ ਆਪੇ ਲੋੜ ਦਾ, ਗੁਰ ਅਵਤਾਰ ਨਾਰ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਨਾਦੀ ਇਕੋ ਮੰਤਰ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਏਕਾ ਘਰ ਵਖਾਇੰਦਾ । ਏਕਾ ਘਰ ਵਖਾਵਣ ਆਇਆ, ਕਲਜੁਗ ਕਲ ਕਲਕੀ ਲੈ ਅਵਤਾਰ । ਜਿਸ ਨੂੰ ਕਹਿੰਦੇ ਰਹੇ ਦਾਈ ਦਾਇਆ, ਸੋ ਭਗਤਾਂ ਰਿਹਾ ਪੈਜ ਸੁਆਰ । ਜਿਸ ਨੇ ਪਰਗਟਾਈ ਤ੍ਰੈਗੁਣ ਮਾਇਆ, ਸੋ ਤ੍ਰੈਗੁਣ ਮਾਇਆ ਰਿਹਾ ਮਾਰ । ਜਿਸ ਨੇ ਪੰਜ ਤਤ ਕਾਇਆ ਖੇਲ ਰਚਾਇਆ, ਸੋ ਖੇਲ ਵੇਖਣ ਆਇਆ ਆਪ ਨਿਰੰਕਾਰ । ਜਿਸ ਜਨ ਆਪਣਾ ਪੜਦਾ ਦਏ ਉਠਾਇਆ, ਸੋ ਅੰਦਰ ਵੜ ਲੁਕ ਲੁਕ ਵੇਖੇ ਘਰ ਮਿਲਿਆ ਪਰਵਰਦਿਗਾਰ । ਪੁਛ ਪੁਛ ਅੰਦਰ ਲੰਘ ਕੋਇ ਨਾ ਜਾਇਆ, ਅੱਗੇ ਖੜੇ ਮਹਾਬਲੀ ਜਗਤ ਵਿਕਾਰ । ਜਿਸ ਜਨ ਆਪਣੀ ਦਇਆ ਕਮਾਇਆ, ਬਿਨ ਭਗਤੀਉਂ ਲਾਏ ਪਾਰ । ਆਪਣੀ ਸ਼ਕਤੀ ਵਿਚ ਟਿਕਾਇਆ, ਸ਼ਰਅ ਸ਼ਰੀਅਤ ਕਰੇ ਖ਼ੁਆਰ । ਆਦਿ ਜੁਗਾਦਿ ਇਕੋ ਵਿਅਕਤੀ ਨਜ਼ਰੀ ਆਇਆ, ਬੇਨਜ਼ੀਰ ਏਕੰਕਾਰ । ਸ੍ਰਿਸ਼ਟ ਸਬਾਈ ਆਪਣੀ ਗ੍ਰਿਫ਼ਤ ਵਿਚ ਰਖਾਇਆ, ਜਿਸ ਨੂੰ ਕੋਈ ਨਾ ਕਰ ਸਕੇ ਗ੍ਰਿਫ਼ਤਾਰ । ਕਲਜੁਗ ਅੰਤਮ ਕੂੜ ਕੁੜਿਆਰਾ ਦਏ ਮਿਟਾਇਆ, ਸਚ ਸੁੱਚ ਪਰਗਟਾਏ ਵਿਚ ਸੰਸਾਰ । ਸ੍ਰਿਸ਼ਟ ਸਬਾਈ ਏਕਾ ਮੰਤਰ ਨਾਮ ਦਏ ਦ੍ਰਿੜਾਇਆ, ਨੌਂ ਖੰਡ ਪ੍ਰਿਥਮੀ ਹੋਏ ਜੈ ਜੈਕਾਰ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਧਿਆਇਆ, ਤਿਸ ਜਨ ਜਨਮ ਮਰਨ ਵਿਚੋਂ ਕੱਢਿਆ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸਾਏ ਸਾਚਾ ਘਰ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਇਆ ।

### ❊ ਪਹਿਲੀ ਭਾਦਰੋਂ ੨੦੧੯ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ❊

ਸਚਖੰਡ ਦੁਆਰੇ ਆਪੇ ਵਸ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਨਿਰਗੁਣ ਰੂਪ ਹੋ ਪਰਤੱਖ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਨਿਰਾਕਾਰ ਖੇਲ ਸਮਰਥ, ਏਕੰਕਾਰਾ ਕਾਰ ਕਮਾਇੰਦਾ । ਸਾਹਿਬ ਸੁਲਤਾਨ ਹੋ ਪਰਗਟ, ਆਦਿ ਨਿਰੰਜਣ ਡਗਮਗਾਇੰਦਾ । ਬੇਪਰਵਾਹ ਮਹਿਮਾ ਅਕੱਥ, ਅਬਿਨਾਸ਼ੀ ਕਰਤਾ ਭੇਵ ਨਾ ਆਇੰਦਾ । ਸਚ ਮਹੱਲੇ ਰਿਹਾ ਵਸ, ਸ੍ਰੀ ਭਗਵਾਨ ਨਿਸ਼ਾਨ ਝੁਲਾਇੰਦਾ । ਪਾਰਬ੍ਰਹਮ ਪ੍ਰਭ ਏਕਾ ਏਕ ਏਕ

ਅਲੱਖ, ਅਲੱਖ ਅਗੋਚਰ ਆਪਣੀ ਧਾਰ ਚਲਾਇੰਦਾ । ਨਿਰਗੁਣ ਨਿਰਗੁਣ ਹੋ ਹੋ ਵਸ, ਬੇਵਸ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਏਕਾ ਏਕ, ਸੋ ਪੁਰਖ ਨਿਰੰਜਣ ਆਪ ਵਸਾਈਆ । ਹਰਿ ਪੁਰਖ ਨਿਰੰਜਣ ਧਰ ਧਰ ਭੇਖ, ਏਕੰਕਾਰਾ ਭੇਵ ਚੁਕਾਈਆ । ਆਦਿ ਨਿਰੰਜਣ ਕਰ ਆਦੇਸ, ਅਬਿਨਾਸ਼ੀ ਕਰਤਾ ਸੀਸ ਝੁਕਾਈਆ । ਸ੍ਰੀ ਭਗਵਾਨ ਨਰ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਾਰਬ੍ਰਹਮ ਪ੍ਰਭ ਰਿਹਾ ਵੇਖ, ਵੇਖਣਹਾਰਾ ਨਜ਼ਰ ਨਾ ਆਈਆ । ਵਸਣਹਾਰਾ ਸਚ ਦੁਆਰੇ ਸਾਚੇ ਦੇਸ, ਦਰਗਹਿ ਸਾਚੀ ਧਾਮ ਸੁਹਾਈਆ । ਰੂਪ ਰੰਗ ਨਾ ਕੋਇ ਰੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪਰਵਰਦਿਗਾਰ, ਨੂਰੋ ਨੂਰ ਨੂਰ ਧਰਾਇੰਦਾ । ਮੁਕਾਮੇ ਹੱਕ ਹੋ ਤਿਆਰ, ਜਲਵਾ ਆਪਣਾ ਆਪ ਪਰਗਟਾਇੰਦਾ । ਖੇਲੇ ਖੇਲ ਅਗੰਮ ਅਪਾਰ, ਨੇਤਰ ਨੈਣ ਨਾ ਕੋਇ ਰਖਾਇੰਦਾ । ਆਪਣੀ ਕਰੇ ਆਪ ਗੁਫ਼ਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰ ਸਚ ਮਹੱਲਾ, ਹਰਿ ਸਾਚਾ ਸਚ ਸੁਹਾਈਆ । ਸੋ ਪੁਰਖ ਨਿਰੰਜਣ ਇਕ ਇਕੱਲਾ, ਹਰਿ ਪੁਰਖ ਨਿਰੰਜਣ ਡੇਰਾ ਲਾਈਆ । ਏਕੰਕਾਰਾ ਵਸਣਹਾਰਾ ਨਿਹਚਲ ਧਾਮ ਅਟੱਲਾ, ਸ੍ਰੀ ਭਗਵਾਨ ਖੇਲੇ ਖੇਲ ਬੇਪਰਵਾਹੀਆ । ਅਬਿਨਾਸ਼ੀ ਕਰਤੇ ਸਚ ਸਿੰਘਾਸਣ ਏਕਾ ਮੱਲਾ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਨਿਰਵੈਰ ਆਪਣਾ ਫੜੇ ਆਪੇ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਈਆ । ਸਚਖੰਡ ਦੁਆਰੇ ਆਪੇ ਵਸ, ਹਰਿ ਜੂ ਆਪਣਾ ਖੇਲ ਕਰਾਇੰਦਾ । ਏਕਾ ਨੂਰ ਕਰ ਪਰਕਾਸ਼, ਨੂਰੋ ਨੂਰ ਨੂਰ ਧਰਾਇੰਦਾ । ਲੇਖਾ ਜਾਣੇ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਇੰਦਾ । ਵੇਖਣਹਾਰਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਸਚ ਮਹੱਲਾ ਆਪ ਵਡਿਆਇੰਦਾ । ਸਚ ਮਹੱਲਾ ਉਚ ਮਨਾਰਾ, ਊਚੋ ਊਚ ਊਚ ਵਡਿਆਈਆ । ਵਸਣਹਾਰਾ ਏਕੰਕਾਰਾ, ਅਕਲ ਕਲ ਬੇਪਰਵਾਹੀਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣੀ ਧਾਰ ਚਲਾਈਆ । ਸਤਿ ਪੁਰਖ ਨਿਰੰਜਣ ਹੋ ਤਿਆਰਾ, ਆਪਣੀ ਕਲ ਆਪ ਪਰਗਟਾਈਆ । ਆਪਣੀ ਇਛਿਆ ਬਣ ਵਰਤਾਰਾ, ਸਾਚੀ ਭਿਛਿਆ ਆਪ ਬਣਾਈਆ । ਸਚਖੰਡ ਦੁਆਰੇ ਖੋਲ੍ਹ ਕਿਵਾੜਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੀ ਬਣਤ ਬਣਾਈਆ । ਸਚਖੰਡ ਦੁਆਰਾ ਸਾਚੀ ਬਣਤ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਆਪੇ ਲੇਖਾ ਜਾਣੇ ਆਦਿ ਅੰਤ, ਆਦਿ ਅੰਤ ਆਪਣਾ ਭੇਵ ਛੁਪਾਇੰਦਾ । ਆਪੇ ਨਾਦ ਆਪੇ ਧੁੰਨ ਆਪੇ ਸ਼ਬਦ ਆਪੇ ਮੰਤ, ਮੰਤਰ ਆਪਣਾ ਨਾਉਂ ਦ੍ਰਿੜਾਇੰਦਾ । ਆਪੇ ਨਾਰ ਆਪੇ ਕੰਤ, ਆਪੇ ਰੰਗ ਰੰਗੇ ਬਸੰਤ, ਰੰਗ ਰੰਗੀਲਾ ਆਪਣਾ ਵੇਸ ਵਟਾਇੰਦਾ । ਆਪੇ ਨਿਰਗੁਣ ਜੋਤ ਸ੍ਰੀ ਭਗਵੰਤ, ਭਗਵਨ ਆਪਣਾ ਨੂਰ ਆਪ ਧਰਾਇੰਦਾ । ਆਪੇ ਮਹਿਮਾ ਜਾਣੇ ਬੇਅੰਤ, ਬੇਅੰਤ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਕਰੇ ਕਰਤਾਰ, ਹਰਿ ਵੱਡਾ ਵਡ ਵਡਿਆਈਆ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਨਿਰਗੁਣ

ਵਸੇ ਸੱਚਾ ਮਾਹੀਆ । ਖੇਲੇ ਖੇਲ ਪੁਰਖ ਨਾਰ, ਕੰਤ ਕੰਤੂਹਲ ਬਣ ਸ਼ਹਿਨਸ਼ਾਹੀਆ । ਰੰਗ ਰਲੀਆਂ ਮਾਣੇ ਅਗੰਮ ਅਪਾਰ, ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਏਕਾ ਨਾਤਾ ਜੋੜ ਧੁਰ ਦਰਬਾਰ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਏਕਾ ਸੇਜਾ ਸੁੱਤਾ ਪੈਰ ਪਸਾਰ, ਸਚਖੰਡ ਦੁਆਰੇ ਆਸਣ ਲਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਦਾਤਾ ਪੁਰਖ ਬਿਧਾਤਾ ਕਰ ਉਜਿਆਰ, ਏਕਾ ਨੂਰ ਕਰੇ ਰੁਸ਼ਨਾਈਆ । ਇਕ ਇਕਾਂਤਾ ਵਸਣਹਾਰਾ ਠਾਂਡੇ ਦਰਬਾਰ, ਦਰ ਦਰਬਾਰ ਇਕ ਸੁਹਾਈਆ । ਅਲੱਖ ਅਲੱਖ ਬੋਲ ਜੈਕਾਰ, ਅਲੱਖ ਅਲੱਖਣਾ ਆਪਣਾ ਰਾਗ ਅਲਾਈਆ । ਪਰਤੱਖ ਪਰਤੱਖ ਨਿਰਗੁਣ ਨਿਰੰਕਾਰ, ਨਿਰਗੁਣ ਏਕਾ ਜੋਤ ਕਰੇ ਰੁਸ਼ਨਾਈਆ । ਵੱਖ ਵੱਖ ਵਸੇ ਵਸਣਹਾਰ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਗ੍ਰਿਹ ਮੰਦਰ ਆਪ ਸੁਹਾਈਆ । ਗ੍ਰਿਹ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਮੇਲ ਮਿਲਾਵਾ ਨਾਰੀ ਕੰਤ, ਨਰ ਹਰਿ ਨਰਾਇਣ ਖ਼ੁਸ਼ੀ ਮਨਾਇਆ । ਆਪ ਬਣਾਏ ਆਪਣੀ ਆਦਿ ਅੰਤ ਬਣਤ, ਭੇਵ ਕੋਇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਘਰ, ਘਰ ਘਰ ਆਪਣਾ ਘਰ ਸੁਹਾਇਆ । ਸਾਚੇ ਘਰ ਕੰਤ ਹਰਿ ਨਾਰ, ਨਰ ਨਰਾਇਣ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਪ੍ਰੇਮ ਪਿਆਰ ਆਪ ਸਮਝਾਇੰਦਾ । ਨਿਰਗੁਣ ਅੰਦਰ ਨਿਰਾਧਾਰ, ਨਿਰਾਕਾਰ ਆਪ ਟਿਕਾਇੰਦਾ । ਨਿਰਗੁਣ ਸੇਵਕ ਬਣੇ ਸੇਵਾਦਾਰ, ਦਾਈ ਦਾਇਆ ਬਣ ਬਣ ਸੇਵ ਕਮਾਇੰਦਾ । ਨਿਰਗੁਣ ਜਨਨੀ ਜਨ ਜਣੇ ਅਪਾਰ, ਗੋਦੀ ਗੋਦ ਗੋਦ ਸੁਹਾਇੰਦਾ । ਨਿਰਗੁਣ ਪੂਤ ਸਪੂਤਾ ਬਣ ਦੁਲਾਰ, ਪਿਤਾ ਪੂਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਪਿਤਾ ਪੂਤ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਜਨਨੀ ਜਨ ਜਨ ਜਣੇ ਦੁਲਾਰਾ, ਹਰਿ ਸ਼ਬਦੀ ਨਾਉਂ ਧਰਾਈਆ । ਸਮਰਥ ਅਕਥ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਏਕਾ ਏਕ ਬਣਾਈਆ । ਏਕਾ ਸੁਤ ਜਣਿਆ ਲਾਲ, ਹਰਿ ਲਾਲਨ ਦਇਆ ਕਮਾਈਆ । ਸਚਖੰਡ ਦੁਆਰੇ ਕਰ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਨਿਰਗੁਣ ਦੀਆ ਬਾਤੀ ਏਕਾ ਬਾਲ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਸਾਚਾ ਮਾਰਗ ਇਕ ਸਖਾਲ, ਸਿਖ ਸਿਖਿਆ ਦਏ ਸਮਝਾਈਆ । ਹਰਿ ਸਤਿਗੁਰ ਵਸੇ ਸਚਖੰਡ ਸੱਚੀ ਧਰਮਸਾਲ, ਦੂਜਾ ਦਰ ਨਾ ਕੋਇ ਸੁਹਾਈਆ । ਨਿਰਗੁਣ ਨਿਰਗੁਣ ਬਣ ਦਲਾਲ, ਵਣਜ ਵਣਜਾਰਾ ਹੱਟ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਹਰਿ ਨਿਰੰਕਾਰ, ਆਦਿ ਆਦਿ ਆਪ ਕਰਾਇੰਦਾ । ਸੁਤ ਦੁਲਾਰਾ ਕਰ ਤਿਆਰ, ਕਰ ਕਿਰਪਾ ਮੇਲ ਮਿਲਾਇੰਦਾ । ਮਿਹਰਵਾਨ ਮਿਹਰਵਾਨ ਮਿਹਰਵਾਨ ਦੀਨ ਦਿਆਲ, ਦਇਆਨਿਧ ਠਾਕਰ ਸੁਆਮੀ ਏਕਾ ਭੇਵ ਚੁਕਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਇੰਦਾ । ਨਿਰਗੁਣ ਨਿਰਗੁਣ ਵਸੇ ਨਾਲ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਪੁਰਖ ਅਬਿਨਾਸ਼ੀ ਸਿਰ ਆਪਣਾ ਹੱਥ ਟਿਕਾਇੰਦਾ । ਸੁਤ ਦੁਲਾਰੇ ਛੋਟੇ ਬਾਲੇ, ਹਰਿ ਸਾਚਾ ਆਦਿ ਜਣਾਇੰਦਾ । ਕਰੇ ਖੇਲ ਖੇਲ ਨਿਰਾਲੇ, ਨਿਰਾਕਾਰ ਦਇਆ ਕਮਾਇੰਦਾ । ਸਚਖੰਡ ਦੁਆਰ ਅੰਦਰ ਖੋਲ੍ਹ ਕਿਵਾੜੇ ਆਪਣਾ

ਪੜਦਾ ਆਪ ਰਖਾਇੰਦਾ । ਥਿਰ ਘਰ ਖੇਲ ਅਪਰ ਅਪਾਰੇ, ਅਪਰੰਪਰ ਆਪਣਾ ਨੂਰ ਰਖਾਇੰਦਾ । ਸੁਤ ਦੁਲਾਰਾ ਅੰਦਰ ਵਾੜੇ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਆਪ ਵਸਾਇੰਦਾ । ਸਚਖੰਡ ਅੰਦਰ ਥਿਰ ਘਰ, ਸਚਖੰਡ ਨਿਵਾਸੀ ਆਪ ਬਣਾਈਆ । ਸੁਤ ਦੁਲਾਰਾ ਅੰਦਰ ਵੜ ਨਿਉਂ ਨਿਉਂ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਪੱਲੂ ਲਿਆ ਫੜ, ਛੁੱਟ ਕਦੇ ਨਾ ਜਾਈਆ । ਸਰਨ ਸਰਨਾਈ ਗਿਆ ਪੜ, ਧੂੜੀ ਮਸਤਕ ਟਿੱਕਾ ਲਾਈਆ । ਦਰਗਹਿ ਸਾਚੀ ਮੱਲਿਆ ਗੜ੍ਹ, ਏਕਾ ਕੋਟ ਵਡ ਵਡਿਆਈਆ । ਨਾ ਕੋਈ ਚੋਟੀ ਨਾ ਕੋਈ ਜੜ, ਆਦਿ ਅੰਤ ਨਾ ਕੋਇ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਏਕਾ ਮੰਗਿਆ ਸਾਚਾ ਵਰ, ਬਣ ਦਰਵੇਸ਼ ਅਲੱਖ ਜਗਾਈਆ । ਚਰਨ ਕਵਲ ਨੁਹੌਣਾ ਸਾਚੇ ਸਰ, ਸਰ ਅੰਮ੍ਰਿਤ ਮੁਖ ਚੁਆਈਆ । ਜਿਉਂ ਭਾਵੇ ਤਿਉਂ ਘਾੜਨ ਲਿਆ ਘੜ, ਘੜਨ ਭੰਨਣਹਾਰ ਤੇਰੀ ਵਡਿਆਈਆ । ਨਾ ਜਨਮਾਂ ਨਾ ਜਾਵਾਂ ਮਰ, ਜਨਮ ਮਰਨ ਵਿਚ ਨਾ ਆਈਆ । ਏਕਾ ਅੱਖਰ ਵੇਤਾ ਨਿਰਗੁਣ ਨਿਰਗੁਣ ਜਾਵਾਂ ਪੜ੍ਹ, ਨਿਸ਼ਅੱਖਰ ਕਰ ਪੜ੍ਹਾਈਆ । ਨਿਰਭੌ ਚੁਕੌਣਾ ਭੈ ਡਰ, ਭਿਆਨਕ ਰੂਪ ਨਾ ਕੋਇ ਵਟਾਈਆ । ਤੇਰਾ ਭਾਣਾ ਲਵਾਂ ਜਰ, ਜ਼ੋਰ ਜ਼ਬਰ ਨਾ ਕੋਇ ਜਣਾਈਆ । ਤੁਧ ਬਿਨ ਕਿਸੇ ਕੋਲੋਂ ਨਾ ਜਾਵਾਂ ਹਰ, ਹਰਿ ਤੇਰੀ ਏਕਾ ਓਟ ਤਕਾਈਆ । ਤੂੰ ਕਰਤਾ ਪੁਰਖ ਆਪਣੀ ਕਰਨੀ ਰਿਹਾ ਕਰ, ਤੇਰੀ ਕਰਨੀ ਮੋਹੇ ਭਾਈਆ । ਖ਼ਾਲੀ ਭੰਡਾਰ ਦੇਣਾ ਭਰ, ਅਤੁਟ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਆਦਿ ਆਦਿ ਮੰਗ ਮੰਗਾਈਆ । ਸੁਤ ਦੁਲਾਰਾ ਨੇਤਰ ਰੋ, ਨੈਣਾਂ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਇਕੋ ਜਾਣਾ ਤੇਰੀ ਸੋ, ਸੋ ਪੁਰਖ ਨਿਰੰਜਣ ਤੇਰਾ ਨਾਉਂ ਵਡਿਆਇੰਦਾ । ਹੰ ਬ੍ਰਹਮ ਤੇਰਾ ਨੂਰ ਹੋ, ਅੰਗ ਅੰਗ ਨਾਲ ਮਿਲਾਇੰਦਾ । ਪੁਰਖ ਨਾਰ ਤੇਰੀ ਛੋਹ, ਛਹਿਬਰ ਤੇਰੇ ਨਾਮ ਜਣਾਇੰਦਾ । ਤੇਰਾ ਪਰਕਾਸ਼ ਮੇਰੀ ਲੋ, ਲੋਇਣ ਹੋਰ ਨਾ ਕੋਇ ਰਖਾਇੰਦਾ । ਤੁਧ ਬਿਨ ਸਾਹਿਬ ਨਾ ਦਿਸੇ ਕੋ, ਦੂਸਰ ਸੰਗ ਨਾ ਕੋਇ ਜਣਾਇੰਦਾ । ਮੈਂ ਮੰਗਾਂ ਢੋਆ ਢੋ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਏਕਾ ਰਸ ਆਪਣਾ ਚੋ, ਅੰਮ੍ਰਿਤ ਨਿਝਰ ਧਾਰ ਚੁਆਇੰਦਾ । ਏਕਾ ਬੀਜ ਸਾਚਾ ਬੋ, ਪਤ ਡਾਲ੍ਹੀ ਫੁਲ ਫਲ ਵੇਖ ਵਖਾਇੰਦਾ । ਦਰ ਤੇਰੇ ਗਿਆ ਖਲੋ, ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰੇ ਚਰਨਾਂ ਲੱਗਾ ਮੋਹ, ਮੋਹ ਮੁਹੱਬਤ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦੁਆਰੇ ਏਕਾ ਝੋਲੀ ਤੇਰੇ ਅੱਗੇ ਡਾਹਿੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਤਿ ਸਤਿਵਾਦੀ ਦਇਆ ਕਮਾਈਆ । ਸੁਤ ਦੁਲਾਰੇ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਸਾਚੀ ਵਸਤ ਇਕ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਏਕਾ ਦੇਵਾਂ ਆਪਣਾ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਈਆ । ਆਦਿ ਜੁਗਾਦੀ ਏਕਾ ਹੁਕਮਰਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਵਸੇ ਸੱਚਾ ਮਾਹੀਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਇਕ ਮਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਜਣਾਈਆ । ਸਾਚਾ ਗੁਣ ਸ੍ਰੀ ਭਗਵਾਨਾ,

ਏਕਾ ਏਕ ਜਣਾਇੰਦਾ । ਸਾਚੇ ਸੁਤ ਵਡ ਬਲਵਾਨਾ, ਸਿਰ ਤੇਰੇ ਹੱਥ ਟਿਕਾਇੰਦਾ । ਤੇਰੇ ਅੰਤਰ ਖੇਲ ਮਹਾਨਾ, ਖੇਲਣਹਾਰਾ ਆਪ ਖਿਲਾਇੰਦਾ । ਮੰਦਰ ਸੋਹੇ ਇਕ ਮਕਾਨਾ, ਥਿਰ ਦਰਬਾਰਾ ਵਡ ਵਡਿਆਇੰਦਾ । ਪੁਰਖ ਅਬਿਨਾਸ਼ੀ ਹੋ ਪਰਧਾਨਾ, ਸਚ ਪਰਧਾਨਗੀ ਇਕ ਕਮਾਇੰਦਾ । ਸਤਿ ਸਰੂਪੀ ਏਕਾ ਕਾਹਨਾ, ਸਤਿ ਪੁਰਖ ਨਿਰੰਜਣ ਨਜ਼ਰੀ ਆਇੰਦਾ । ਸਚਖੰਡ ਵਖਾਏ ਇਕ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਇੰਦਾ । ਚਰਨ ਕਵਲ ਕਵਲ ਧਿਆਨਾ, ਧਿਆਨ ਧਿਆਨ ਨਾਲ ਮਿਲਾਇੰਦਾ । ਪੁਰਖ ਅਬਿਨਾਸ਼ੀ ਬੰਨ੍ਹੇ ਗਾਨਾ, ਦਰਗਹਿ ਸਾਚੀ ਸਗਨ ਮਨਾਇੰਦਾ । ਪੁਰਖ ਪੁਰਖੋਤਮ ਰੱਖੇ ਆਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਪੁਰਖ ਸਮਰਥ, ਆਪਣਾ ਭੇਵ ਆਪ ਜਣਾਈਆ । ਸੁਤ ਦੁਲਾਰੇ ਸਾਚੀ ਵਥ, ਤੇਰਾ ਤੇਰੀ ਝੋਲੀ ਪਾਈਆ । ਏਕਾ ਨਾਉਂ ਗੌਣਾ ਅਕਥ, ਕਥ ਨਾ ਕਥਿਆ ਜਾਈਆ । ਚਰਨ ਦੁਆਰੇ ਜਾਣਾ ਢੱਠ, ਢਹਿ ਢਹਿ ਮਿਲੇ ਸਰਨਾਈਆ । ਖ਼ਾਲੀ ਵਖੌਣੇ ਦੋਵੇਂ ਹੱਥ, ਹੱਥ ਰੱਖੇ ਨਾ ਮਾਣ ਵਡਿਆਈਆ । ਪਾਰਬ੍ਰਹਮ ਦਾ ਗੌਣਾ ਜਸ, ਜਸ ਏਕਾ ਏਕ ਸੁਣਾਈਆ । ਸ੍ਰੀ ਭਗਵਾਨ ਮੇਲਾ ਮੇਲੇ ਹੱਸ ਹੱਸ, ਹੰਸ ਮੁਖ ਆਪ ਹਸਾਈਆ । ਜਿਸ ਨੇ ਪਰਗਟ ਕੀਤਾ ਆਪਣੀ ਕੁੱਖ, ਬਣਿਆ ਧੰਨ ਜਣੇਂਦੀ ਮਾਈਆ । ਆਦਿ ਜੁਗਾਦਿ ਤੇਰੀ ਵਾਤ ਲਏ ਪੁੱਛ, ਪੁੱਛ ਪੁੱਛ ਆਪਣੀ ਖ਼ੁਸ਼ੀ ਮਨਾਈਆ । ਹਰਿ ਕਾ ਬੂਟਾ ਨਾ ਜਾਏ ਸੁੱਕ, ਸ੍ਰੀ ਭਗਵਾਨ ਆਪ ਲਹਿਰਾਈਆ । ਤੇਰੀ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਚਲਾਈਆ । ਤੇਰੇ ਅੰਤਰ ਜਾਏ ਉਠ, ਉਠ ਉਠ ਆਪਣੀ ਖ਼ੁਸ਼ੀ ਮਨਾਈਆ । ਕਿਰਪਾ ਨਿਧਾਨ ਠਾਕਰ ਸੁਆਮੀ ਬੇਪਰਵਾਹ ਪਰਵਰਦਿਗਾਰ ਜਾਏ ਤੁਠ, ਏਕਾ ਵਸਤ ਝੋਲੀ ਪਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਇਕ ਵਖਾਏ ਸਾਚੀ ਓਟ, ਪੁਰਖ ਅਕਾਲ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਸੁਣ ਲੈ ਬਾਲ, ਹਰਿ ਸਾਚਾ ਸਚ ਜਣਾਇੰਦਾ । ਤੇਰੇ ਅੰਦਰ ਨੂਰ ਜੁਮਾਲ, ਜਲਵਾ ਆਪਣੇ ਰੰਗ ਰੰਗਾਇੰਦਾ । ਤੇਰਾ ਮੰਦਰ ਸੱਚੀ ਧਰਮਸਾਲ, ਹਰੀਦੁਆਰ ਆਪ ਬਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਸਦ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਸਚਖੰਡ ਨਿਵਾਸੀ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਆਪੇ ਪੁੱਛੇ ਤੇਰਾ ਹਾਲ, ਹਾਲ ਆਪਣਾ ਤੋਹੇ ਸੁਣਾਇੰਦਾ । ਆਪੇ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਦਰ ਦਰਵੇਸ਼ ਬਣੇ ਦਲਾਲ, ਦਿਲਬਰ ਆਪਣੀ ਗੰਢ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਆਪ ਸੁਣਾਇੰਦਾ । ਸੁਣ ਸੰਦੇਸਾ ਸ੍ਰੀ ਭਗਵਾਨ, ਸ਼ਬਦੀ ਸੁਤ ਸੀਸ ਝੁਕਾਈਆ । ਕਰ ਕਿਰਪਾ ਮੇਰੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਤੇਰੀ ਰਹਿਮਤ ਮਿਲੇ ਦਾਨ, ਰਹੀਮ ਤੇਰੀ ਵਡਿਆਈਆ । ਤੇਰਾ ਨਾਉਂ ਮੇਰੀ ਕਲਾਮ, ਕਲਮਾ ਸਚ ਇਕ ਪੜ੍ਹਾਈਆ । ਮੁਕਾਮੇ ਹੱਕ ਇਕ ਅਮਾਮ, ਨੂਰ ਨੁਰਾਨਾ ਆਸਣ ਲਾਈਆ । ਮੈਂ ਬਰਦਾ ਤੇਰਾ ਗ਼ੁਲਾਮ, ਫ਼ਰਮਾਂਬਰਦਾਰ ਸੇਵ ਕਮਾਈਆ । ਤੇਰਾ ਮਹੱਲ ਅਟੱਲ ਉਚ ਮਕਾਨ, ਤੇਰਾ ਹੁਜਰਾ ਸੋਭਾ ਪਾਈਆ । ਤੇਰੀ ਮਹਿਰਾਬ ਇਕ ਨਿਸ਼ਾਨ, ਮਹਿਬੂਬ ਤੇਰੀ ਸਰਨ ਸਰਨਾਈਆ । ਤੇਰੀ ਰਬਾਬ ਸਚ ਧੁੰਨਕਾਨ, ਰਾਗੀ ਰਾਗ ਰਾਗ ਅਲਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ

ਨੈਣ ਉਠਾਈਆ । ਹਉਂ ਬਾਲਕ ਬਾਲ ਅਵਾਣ, ਤੇਰਾ ਲੇਖ ਨਾ ਲਖਿਆ ਜਾਈਆ । ਤੂੰ ਦੇਵਣਹਾਰ ਦਇਆਵਾਨ, ਦੂਸਰ ਓਟ ਨਾ ਕੋਇ ਤਕਾਈਆ । ਥਿਰ ਘਰ ਰੱਖਣਾ ਮੇਰਾ ਮਾਣ, ਸਚਖੰਡ ਤੇਰੀ ਸੱਚੀ ਸ਼ਹਿਨਸ਼ਾਹੀਆ । ਸਤਿ ਪੁਰਖ ਨਿਰੰਜਣ ਨੌਜਵਾਨ, ਸਤਿ ਸਤਿਵਾਦੀ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਸੱਚੇ ਗੁਸਾਈਂਆ । ਸੋ ਪੁਰਖ ਨਿਰੰਜਣ ਠਾਂਡਾ ਸੀਤ, ਸਤਿਗੁਰ ਆਪਣੀ ਦਇਆ ਕਮਾਇੰਦਾ । ਸੁਤ ਦੁਲਾਰੇ ਤੇਰੀ ਰੀਤ, ਰੀਤੀਵਾਨ ਆਪ ਚਲਾਇੰਦਾ । ਬੈਠਾ ਰਹੇ ਸਦਾ ਅਤੀਤ, ਆਪ ਆਪਣੀ ਖੇਲ ਕਰਾਇੰਦਾ । ਆਦਿ ਜੁਗਾਦੀ ਏਕਾ ਮੀਤ, ਮਿੱਤਰ ਪਿਆਰਾ ਆਪ ਅਖਵਾਇੰਦਾ । ਦੇਵੇ ਦਾਤ ਇਕ ਅਨਡੀਠ, ਨੇਤਰ ਨਜ਼ਰ ਕੋਇ ਨਾ ਆਇੰਦਾ । ਆਪ ਸੁਣਾਏ ਸਾਚਾ ਗੀਤ, ਸੋ ਪੁਰਖ ਨਿਰੰਜਣ ਢੋਲਾ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਸੁਤ ਦੁਲਾਰੇ, ਹਰਿ ਸਾਚਾ ਸਚ ਜਣਾਇੰਦਾ । ਏਕਾ ਹੱਟ ਇਕ ਵਣਜਾਰੇ, ਏਕਾ ਵਸਤ ਆਪ ਵਿਕਾਇੰਦਾ । ਏਕਾ ਤੋਲਾ ਤੋਲਾ ਤੋਲੇ ਤੋਲਣਹਾਰੇ, ਦੂਜਾ ਤੋਲ ਨਾ ਕੋਇ ਰਖਾਇੰਦਾ । ਏਕਾ ਧਾਰਨ ਬੋਲ ਪੁਕਾਰੇ, ਬੋਲ ਆਪਣਾ ਆਪ ਪਰਗਟਾਇੰਦਾ । ਏਕਾ ਵਸਤ ਰੱਖੇ ਹਰਿ ਥਾਰੇ, ਥਿਰ ਘਰ ਸਾਚੇ ਆਪ ਟਿਕਾਇੰਦਾ । ਦੇਵਣਹਾਰ ਆਪ ਨਿਰੰਕਾਰੇ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਆਦਿ ਪੁਰਖ ਕਰੇ ਖੇਲ ਨਿਆਰੇ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਇੰਦਾ । ਸਾਚਾ ਗੁਣ ਗੁਣਾਵੰਤ, ਗੁਣ ਨਿਧਾਨ ਹਰਿ ਆਪ ਜਣਾਈਆ । ਸੁਤ ਦੁਲਾਰੇ ਤੇਰੀ ਬਣਾਈ ਬਣਤ, ਬਿਨ ਜੰਮਾਂ ਪਿਤਾ ਮਾਈਆ । ਆਪਣੀ ਰਚਨਾ ਰਚੀ ਆਪੇ ਆਦਿ ਆਪੇ ਜਾਣਾ ਅੰਤ, ਮਧ ਤੇਰਾ ਖੇਲ ਰਖਾਈਆ । ਮੇਰੀ ਮਹਿਮਾ ਸਦਾ ਬੇਅੰਤ, ਕੋਈ ਕਹਿਣ ਕਥਨ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦੁਆਰੇ ਆਪੇ ਚੜ੍ਹ, ਥਿਰ ਘਰ ਆਪਣਾ ਭੇਵ ਚੁਕਾਈਆ । ਸਚਖੰਡ ਦੁਆਰਾ ਥਿਰ ਘਰ ਧਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੋਤੀ ਮਾਤਾ ਸੁਤ ਦੁਲਾਰ, ਸਤਿ ਸਤਿਵਾਦੀ ਦਇਆ ਕਮਾਈਆ । ਬੋਧ ਅਗਾਧੀ ਇਕ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਤੇਰਾ ਮੇਰਾ ਇਕ ਪਿਆਰ, ਪਿਆਰ ਪਿਆਰ ਨਾਲ ਬਦਲਾਈਆ । ਤੇਰਾ ਮੇਰਾ ਇਕ ਵਿਹਾਰ, ਪੁਰਖ ਅਕਾਲ ਦਏ ਸਮਝਾਈਆ । ਤੇਰਾ ਮੇਰਾ ਇਕ ਦੁਆਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਤੇਰਾ ਮੇਰਾ ਇਕ ਵਣਜਾਰ, ਏਕਾ ਵਣਜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਏਕਾ ਏਕ ਏਕ ਕਰੇ ਪੜ੍ਹਾਈਆ । ਏਕਾ ਏਕ ਏਕ ਅਪਾਰਾ, ਅਪਰੰਪਰ ਭੇਵ ਅਭੇਦ ਜਣਾਇੰਦਾ । ਸੁਤ ਦੁਲਾਰੇ ਤੇਰਾ ਦੁਆਰਾ, ਸਤਿ ਪੁਰਖ ਨਿਰੰਜਣ ਆਪ ਵਸਾਇੰਦਾ । ਤੇਰੀ ਫਲਵਾੜੀ ਵੇਖੇ ਆਪ ਕਰਤਾਰਾ, ਕੁਦਰਤ ਕਾਦਰ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰਾ, ਸ਼ਬਦੀ ਸ਼ਬਦੀ ਵੰਡ ਵੰਡਾਇੰਦਾ । ਵਿਸ਼ਨੂੰ ਵਿਸ਼ਵ ਵਿਸ਼ਵ ਆਕਾਰਾ, ਅਕਲ ਕਲ ਆਪਣੀ ਕਾਰ ਕਰਾਇੰਦਾ । ਪਾਰਬ੍ਰਹਮ ਬ੍ਰਹਮ ਆਧਾਰਾ, ਨਾਭੀ ਕਵਲ ਆਪ ਪਰਗਟਾਇੰਦਾ । ਸ਼ੰਕਰ ਖੇਲ ਅਗੰਮ ਅਪਾਰਾ, ਧੁੰਆਂਧਾਰਾ ਸੁਨ ਅਗੰਮ ਆਪਣਾ ਰੰਗ ਰੰਗਾਇੰਦਾ । ਤ੍ਰੈ ਤ੍ਰੈ ਮੇਲਾ ਇਕ ਦੁਆਰਾ, ਸਚ ਸੰਦੇਸਾ ਏਕੰਕਾਰਾ, ਏਕਾ ਏਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਇੰਦਾ । ਸੁਤ ਦੁਲਾਰੇ ਨੇਤਰ ਖੋਲ੍ਹ, ਸਚਖੰਡ ਨਿਵਾਸੀ ਆਪ

ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੋਲੇ ਤੋਲ, ਹਰਿ ਤੋਲਾ ਏਕਾ ਲਾਈਆ । ਨਾਦ ਅਨਾਦੀ ਵੱਜੇ ਢੋਲ, ਮਰਦ ਮਰਦੰਗਾ ਆਪ ਸੁਣਾਈਆ । ਅਨਭਵ ਪਰਕਾਸ਼ ਪੜਦਾ ਖੋਲ੍ਹ, ਅਬਿਨਾਸ਼ੀ ਆਪਣਾ ਭੇਵ ਚੁਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਜਾਏ ਮੌਲ, ਆਪ ਆਪਣਾ ਸੰਗ ਰਖਾਈਆ । ਆਦਿ ਕਰੇ ਸਾਚਾ ਕੌਲ, ਅੰਤ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸੁਤ ਜਣਾਈਆ । ਸਾਚੇ ਸੁਤ ਲੈਣਾ ਜਾਣ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਿਤਾ ਦਾਨ, ਤ੍ਰੈਗੁਣ ਮਾਇਆ ਝੋਲੀ ਪਾਇੰਦਾ । ਪੰਚਮ ਪੰਚ ਪੰਚ ਪਰਧਾਨ, ਪੰਚਮ ਨਾਤਾ ਜੋੜ ਜੋੜਾਇੰਦਾ । ਲੇਖਾ ਜਾਣੇ ਨੂਰ ਨੁਰਾਨ, ਆਕਾਸ਼ ਪਰਕਾਸ਼ ਆਪ ਪਰਗਟਾਇੰਦਾ । ਕਿਰਨ ਕਿਰਨ ਕਰ ਪਰਧਾਨ, ਰਵ ਸਸ ਡਗਮਗਾਇੰਦਾ । ਚਰਨ ਧੂੜੀ ਧੂੜੀ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਮੰਡਲ ਮੰਡਪ ਆਪ ਸੁਹਾਇੰਦਾ । ਬੋਧ ਅਗਾਧ ਅਗਾਧ ਬੋਧ ਗਿਆਨ, ਸੁੰਨ ਸਮਾਧ ਆਪ ਖੁਲ੍ਹਾਇੰਦਾ । ਗੀਤ ਗੋਬਿੰਦ ਏਕਾ ਗਾਣ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਆਲਮੀਨ ਆਪਣਾ ਭੇਵ ਚੁਕਾਇੰਦਾ । ਏਕਾ ਦੇਵੇ ਸਚ ਸਦਾ ਸਾਹਿਬ ਸੁਲਤਾਨ, ਆਪਣੀ ਆਵਾਜ਼ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਏਕਾ ਵਾਰ, ਸਚਖੰਡ ਨਿਵਾਸੀ ਆਪ ਜਣਾਈਆ । ਸੁਤ ਦੁਲਾਰੇ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮੇਲਾ ਵਿਚ ਸੰਸਾਰ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਵੰਡੇ ਵੰਡ ਅਪਰ ਅਪਾਰ, ਚਾਰੇ ਖਾਣੀ ਰੰਗ ਰੰਗਾਈਆ । ਬ੍ਰਹਮੇ ਬ੍ਰਹਮ ਵਿਦਿਆ ਦਏ ਆਧਾਰ, ਪਾਰਬ੍ਰਹਮ ਕਰੇ ਪੜ੍ਹਾਈਆ । ਨਿਸ਼ਅੱਖਰ ਅੱਖਰ ਕਰ ਤਿਆਰ, ਵੱਖਰ ਵੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਸੁਣਾਈਆ । ਸਾਚੇ ਸੁਤ ਕਰ ਧਿਆਨ, ਹਰਿ ਧਿਆਨੀ ਆਪ ਜਣਾਇੰਦਾ । ਚਾਰੇ ਖਾਣੀ ਕਰ ਪਰਧਾਨ, ਚਾਰੇ ਬਾਣੀ ਵੰਡ ਵੰਡਾਇੰਦਾ । ਚਾਰੇ ਯੁਗ ਯੁਗ ਨਿਸ਼ਾਨ, ਧਰਤ ਧਵਲ ਆਪ ਵਖਾਇੰਦਾ । ਚਾਰੋਂ ਕੁੰਟ ਸ਼ਬਦ ਗਿਆਨ, ਨਾਮ ਨਿਧਾਨ ਇਕ ਵਖਾਇੰਦਾ । ਚਾਰ ਵਰਨ ਕਰ ਪਰਵਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਜੁਗ ਚੌਕੜੀ ਖੇਲ ਤਮਾਸ਼, ਨਿਰਗੁਣ ਸਰਗੁਣ ਵੰਡ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਵੇਖੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੇਰਾ ਪਾਈਆ । ਬ੍ਰਹਿਮੰਡ ਖੰਡ ਰੱਖੇ ਨਿਵਾਸ, ਘਟ ਘਟ ਏਕਾ ਆਸਣ ਲਾਈਆ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੜ੍ਹਾਏ ਆਪਣੀ ਗਾਥ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਸਾਚਾ ਲੇਖਾ ਏਕੰਕਾਰ, ਆਪਣਾ ਆਪ ਜਣਾਇੰਦਾ । ਆਦਿ ਪੁਰਖ ਰਚਨਾ ਰਚ ਸਰਬ ਸੰਸਾਰ, ਬਣ ਸੰਸਾਰੀ ਵੇਖ ਵਖਾਇੰਦਾ । ਨਿਰਗੁਣ ਸਰਗੁਣ ਜਾਣੇ ਧਾਰ, ਧਾਰ ਧਾਰ ਨਾਲ ਮਿਲਾਇੰਦਾ । ਨੌਂ ਦੁਆਰੇ ਖੋਲ੍ਹ ਕਿਵਾੜ, ਜਗਤ ਨਾਤਾ ਤੋੜ ਤੁੜਾਇੰਦਾ । ਪੰਚਮ ਪੰਚ ਪੰਚ ਪਿਆਰ, ਪੰਚਮ ਮੇਲਾ ਮੇਲ ਮਿਲਾਇੰਦਾ । ਮਨ ਮਤ ਬੁਧ ਦੇ ਆਧਾਰ, ਘਰ ਮੰਦਰ ਆਪ ਸੁਹਾਇੰਦਾ । ਆਸਾ ਤ੍ਰਿਸਨਾ ਕਰ ਵਿਚਾਰ, ਹਉਮੇ ਹੰਗਤਾ ਗੜ੍ਹ ਬਣਾਇੰਦਾ । ਨਾਦ ਨਾਦ ਸ਼ਬਦ ਧੁੰਨਕਾਰ, ਘਰ ਘਰ ਵਿਚ

ਰਾਗ ਅਲਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਸਰੋਵਰ ਇਕ ਵਹਾਇੰਦਾ । ਦੀਆ ਬਾਤੀ ਕਰ ਉਜਿਆਰ, ਆਦਿ ਨਿਰੰਜਣ ਨੂਰ ਧਰਾਇੰਦਾ । ਵੇਖਣਹਾਰਾ ਕਾਇਆ ਮੰਦਰ ਮਨਾਰ, ਪੰਜ ਤਤ ਆਪਣਾ ਡੇਰਾ ਲਾਇੰਦਾ । ਈਸ਼ ਜੀਵ ਕਰ ਪਸਾਰ, ਜਗਦੀਸ ਰੰਗ ਰੰਗਾਇੰਦਾ । ਬ੍ਰਹਮ ਪਾਰਬ੍ਰਹਮ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਆਤਮ ਪਰਮਾਤਮ ਕਰ ਉਜਿਆਰ, ਅਗਿਆਨ ਅੰਧੇਰ ਚੁਕਾਇੰਦਾ । ਸਾਚੀ ਸਿਖਿਆ ਸਤਿਗੁਰ ਧਾਰ, ਧਰਨੀ ਧਰਤ ਧਵਲ ਆਪ ਪਰਗਟਾਇੰਦਾ । ਕਿਰਪਾ ਕਰ ਨਿਰਗੁਣ ਨਿਰਾਕਾਰ, ਸਰਗੁਣ ਆਪਣਾ ਰੰਗ ਵਖਾਇੰਦਾ । ਸ਼ਬਦੀ ਸ਼ਬਦ ਤੇਰਾ ਪਸਾਰ, ਹਰਿ ਸ਼ਬਦੀ ਗੁਰ ਵਡਿਆਇੰਦਾ । ਗੁਰ ਸ਼ਬਦ ਨਾਮ ਜੈਕਾਰ, ਜੈ ਜੈਕਾਰ ਇਕ ਸੁਣਾਇੰਦਾ । ਇਸ਼ਟ ਦੇਵ ਰੂਪ ਕਰਤਾਰ, ਕਰਤਾ ਪੁਰਖ ਨਜ਼ਰੀ ਆਇੰਦਾ । ਕਵਲ ਨੈਣ ਨੈਣ ਉਘਾੜ, ਅੱਖ ਅੱਖ ਨਾਲ ਮਿਲਾਇੰਦਾ । ਪਰਤੱਖ ਪਰਤੱਖ ਪਰਤੱਖ ਹੋ ਵਿਚ ਸੰਸਾਰ, ਸਾਖਿਆਤ ਰੂਪ ਧਰਾਇੰਦਾ । ਵੇਸ ਵਟਾ ਗੁਰੂ ਅਵਤਾਰ, ਗੁਰ ਗੁਰ ਮਾਰਗ ਆਪੇ ਲਾਇੰਦਾ । ਸੇਵਾ ਕਰੇ ਬਣ ਬਣ ਸੇਵਾਦਾਰ, ਸੇਵਕ ਸੇਵਾ ਸਚ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਹਰਿ ਮਿਹਰਵਾਨਾ, ਮਿਹਰਵਾਨ ਆਪ ਜਣਾਈਆ । ਸ਼ਬਦੀ ਸ਼ਬਦ ਤੇਰਾ ਨਿਸ਼ਾਨਾ, ਹਰਿ ਸਤਿਗੁਰ ਆਪ ਝੁਲਾਈਆ । ਗੁਰ ਅਵਤਾਰ ਪਹਿਰ ਪਹਿਰ ਜਾਮਾ, ਤਨ ਖ਼ਾਕੀ ਖ਼ਾਕ ਹੰਢਾਈਆ । ਪੰਜ ਤਤ ਖੇਲੇ ਖੇਲ ਮਹਾਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੰਗ ਰੰਗਾਈਆ । ਬੋਧ ਅਗਾਧ ਸ਼ਬਦ ਨਾਦ ਨਾਦ ਧੁੰਨਕਾਨਾ, ਆਤਮ ਨਾਦ ਧੁੰਨ ਸ਼ਨਵਾਈਆ । ਮੰਦਰ ਅੰਦਰ ਸਚ ਮਕਾਨਾ, ਬੰਕ ਕਾਇਆ ਗੜ੍ਹ ਸੁਹਾਈਆ । ਪਰਮ ਪੁਰਖ ਬਣ ਮਰਦ ਮਰਦਾਨਾ, ਸਚ ਮਰਦਾਨਗੀ ਲਏ ਕਮਾਈਆ । ਏਕਾ ਨਾਉਂ ਕਰ ਪਰਧਾਨਾ, ਗੁਰ ਅਵਤਾਰ ਕਰੇ ਪੜ੍ਹਾਈਆ । ਰਸਨਾ ਜਿਹਵਾ ਗਾਏ ਗਾਨਾ, ਗਾ ਗਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਪਰਦਾ ਰਿਹਾ ਚੁਕਾਈਆ । ਸੁਤ ਦੁਲਾਰੇ ਹਰਿ ਸਮਝਾਇਆ, ਸਮਝ ਸਮਝ ਨਾਲ ਮਿਲਾਇੰਦਾ । ਮਿਹਰਵਾਨ ਮਿਹਰਵਾਨ ਰਮਜ਼ ਲਗਾਇਆ, ਰਹਿਮਤ ਰਹਿਮਾਨ ਆਪ ਕਮਾਇੰਦਾ । ਆਪਣਾ ਫ਼ਰਜ਼ ਆਪੇ ਪੂਰ ਕਰਾਇਆ, ਆਪ ਆਪਣੀ ਸੇਵ ਕਮਾਇੰਦਾ । ਆਪਣੀ ਗਰਜ਼ ਸੁਤ ਸ਼ਬਦ ਸੇਵਾ ਲਾਇਆ, ਸਿਰ ਆਪਣਾ ਹੱਥ ਟਿਕਾਇੰਦਾ । ਆਪਣੀ ਤਰਜ਼ ਰਾਗ ਸੁਣਾਇਆ, ਆਦਿ ਪੁਰਖ ਆਪਣਾ ਢੋਲਾ ਆਪੇ ਗਾਇੰਦਾ । ਸੋ ਪੁਰਖ ਨਿਰੰਜਣ ਵਿਚੋਲਾ ਬਣ ਕੇ ਫੇਰਾ ਪਾਇਆ, ਹੰ ਬ੍ਰਹਮ ਮੇਲ ਮਿਲਾਇੰਦਾ । ਸੋਹੰ ਆਪਣਾ ਰੂਪ ਵਖਾਇਆ, ਗੁਰ ਅਵਤਾਰ ਗੰਢ ਪੁਵਾਇੰਦਾ । ਪਰਦਾ ਉਹਲਾ ਦਏ ਚੁਕਾਇਆ, ਏਕਾ ਰੰਗ ਰੰਗਾਇੰਦਾ । ਸਾਚਾ ਸੋਹਲਾ ਏਕਾ ਗਾਇਆ, ਗਾ ਗਾ ਖ਼ੁਸ਼ੀ ਮਨਾਇੰਦਾ । ਅਨੰਦ ਮੰਗਲ ਅਨੰਦ ਇਕ ਵਖਾਇਆ, ਅਨੰਦ ਅਨੰਦ ਵਿਚ ਰਖਾਇੰਦਾ । ਬਿਨ ਸੂਰਜ ਚੰਦ ਪਰਕਾਸ਼ ਕਰਾਇਆ, ਅੰਧ ਅੰਧੇਰ ਮਿਟਾਇੰਦਾ । ਬਿਨ ਬੱਤੀ ਦੰਦ ਆਪਣਾ ਨਾਮ ਜਪਾਇਆ, ਜਿਹਵਾ ਨਾਲ ਨਾ ਕੋਇ ਮਿਲਾਇੰਦਾ । ਸ਼ਬਦ ਸੁਤ ਤੇਰਾ ਖੇੜਾ ਦਏ ਵਸਾਇਆ, ਦੋ ਜਹਾਨਾਂ ਡੇਰਾ ਲਾਇੰਦਾ । ਜੁਗ ਜੁਗ ਬੇੜਾ ਦਏ ਚਲਾਇਆ, ਆਪਣੇ ਕੰਧ ਆਪ ਉਠਾਇੰਦਾ । ਗੁਰ ਅਵਤਾਰ ਲਏ ਪਰਗਟਾਇਆ, ਪਰਗਟ ਆਪਣਾ ਨਾਉਂ ਸੁਣਾਇੰਦਾ । ਹਰ ਘਟ ਵਸਿਆ ਦਏ ਵਖਾਇਆ, ਘਟ ਘਟ ਆਪੇ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਖੋਲ੍ਹੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਏਕਾ ਜਾਪ, ਗੁਰ

੫੫੯
੧੨

ਅਵਤਾਰ ਕਰੇ ਪੜ੍ਹਾਈਆ । ਆਤਮ ਪਰਮਾਤਮ ਵਡ ਪਰਤਾਪ, ਸੋਹੰ ਸਾਚਾ ਰੂਪ ਵਖਾਈਆ । ਨਿਰਗੁਣ ਸਰਗੁਣ ਬਣਾਏ ਪਰਤਾਪ, ਵਡ ਪਰਤਾਪੀ ਦਇਆ ਕਮਾਈਆ । ਲੱਖ ਚੁਰਾਸੀ ਡਾਲ੍ਹੀ ਪਾਤ, ਫੁਲ ਫਲਵਾੜੀ ਮਾਤ ਮਹਿਕਾਈਆ । ਗੁਰ ਅਵਤਾਰ ਪੀਰ ਪੈਗੰਬਰ ਰੱਖੇ ਸਾਥ, ਸਗਲਾ ਸੰਗ ਆਪ ਸਮਝਾਈਆ । ਨਾਮ ਅਮੋਲਕ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਅੰਦਰ ਵੜ ਵੜ ਵੇਖੇ ਮਾਰ ਝਾਤ, ਝਾਕੀ ਆਪਣੀ ਆਪ ਦਰਸਾਈਆ । ਕੁੰਡਾ ਖੋਲ੍ਹੇ ਬੰਦ ਤਾਕ, ਗੁਰ ਅਵਤਾਰ ਪੜਦਾ ਲਾਹੀਆ । ਆਤਮ ਪਰਮਾਤਮ ਬਣਾਏ ਸੱਜਣ ਸਾਕ, ਸਗਲਾ ਸੰਗ ਆਪ ਰਖਾਈਆ । ਪਾਰ ਉਤਾਰੇ ਸਾਚੇ ਘਾਟ, ਘਾਟਾ ਆਪਣਾ ਪੂਰ ਕਰਾਈਆ । ਜੁਗ ਚੌਕੜੀ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਸੁਤ ਸ਼ਬਦ ਦੁਲਾਰੇ ਤੇਰਾ ਜਾਪ, ਗੁਰ ਮੰਤਰ ਨਾਮ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਗਾਏ ਰਸਨਾ ਜਿਹਵਾ ਪਾਠ, ਪਾਠਕ ਹੋਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਚੁਕਾਈਆ । ਸਾਚਾ ਪਰਦਾ ਚੁਕੌਣਾ ਹਰਿ, ਹਰਿ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਦੇ ਦੇ ਵਰ, ਤੇਰਾ ਨਾਉਂ ਵਡਿਆਇੰਦਾ । ਧਰਨੀ ਉਪਰ ਆਪੇ ਧਰ, ਧਰਤ ਧਵਲ ਸੁਹਾਇੰਦਾ । ਡੂੰਘੀ ਕੰਦਰ ਕਾਇਆ ਮੰਦਰ ਆਪੇ ਵੜ, ਉਚੇ ਟਿੱਲੇ ਪਰਬਤ ਫੇਰੀ ਪਾਇੰਦਾ । ਨਿਰਗੁਣ ਅੱਖਰ ਨਿਰਗੁਣ ਪੜ੍ਹ, ਸਰਗੁਣ ਸਰਗੁਣ ਆਪ ਸਮਝਾਇੰਦਾ । ਸਤਿ ਸਤਿਵਾਦੀ ਫੜਾਏ ਲੜ, ਬ੍ਰਹਮ ਬ੍ਰਹਿਮਾਦੀ ਖੋਜ ਖੋਜਾਇੰਦਾ । ਆਦਿ ਜੁਗਾਦੀ ਖੇਲ ਕਰ, ਜੁਗ ਜੁਗ ਵੇਸ ਵਟਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਘਾੜਨ ਘੜ, ਬਣ ਠਠਿਆਰਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਦ੍ਰਿੜਾਇੰਦਾ । ਸਾਚੇ ਸੁਤ ਰੱਖ ਵਿਸ਼ਵਾਸ਼, ਵਿਸ਼ਵ ਆਪਣੀ ਧਾਰ ਜਣਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਤੇਰਾ ਰੰਗ ਰੰਗਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਧਰਤ ਮਾਤ, ਤਨ ਖ਼ਾਕੀ ਰੂਪ ਵਟਾਇੰਦਾ । ਸ਼ਬਦੀ ਨਾਤਾ ਸੱਜਣ ਸਾਕ, ਗੁਰ ਗੁਰ ਬੰਧਨ ਪਾਇੰਦਾ । ਤਖ਼ਤ ਨਿਵਾਸੀ ਪਾਕੀ ਪਾਕ, ਮਹਿਬੂਬ ਘਰ ਸਾਚੇ ਸੋਭਾ ਪਾਇੰਦਾ । ਸਤਿ ਸਤਿਵਾਦੀ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਦੋ ਜਹਾਨਾਂ ਵੇਖੇ ਖਾਤ, ਲੋਕ ਪਰਲੋਕ ਖੇਲ ਕਰਾਇੰਦਾ । ਚੌਦਾਂ ਲੋਕ ਏਕਾ ਤਾਕ, ਚੌਦਾਂ ਤਬਕ ਹੱਟ ਵਖਾਇੰਦਾ । ਹੁਕਮੇ ਅੰਦਰ ਪਾਵੇ ਰਾਸ, ਗੋਪੀ ਕਾਹਨ ਨਚਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਖੇਲ ਤਮਾਸ਼, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤ੍ਰੈਭਵਣ ਧਨੀ ਆਪਣੀ ਕਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਅਲਖਨਾ ਅਲੱਖ, ਅਲੱਖ ਅਗੋਚਰ ਆਪ ਜਣਾਈਆ । ਨਿਰਗੁਣ ਨਾਲੋਂ ਨਿਰਗੁਣ ਵੱਖ, ਨਿਰਗੁਣ ਅੰਦਰ ਨਿਰਗੁਣ ਰਿਹਾ ਸਮਾਈਆ । ਸਰਗੁਣ ਮਾਰਗ ਸਾਰੰਗ ਧਰ ਭਗਵਾਨ ਆਪਣਾ ਦੱਸ, ਸਹਿਜ ਸਹਿਜ ਸਹਿਜ ਗੁਣ ਜਣਾਈਆ । ਗੁਰ ਅਵਤਾਰਾਂ ਦੇਵੇ ਅੰਤਰ ਅੱਖ, ਦੋਏ ਲੋਚਣ ਬੰਦ ਕਰਾਈਆ । ਰਸਨਾ ਜਿਹਵਾ ਖਾਣਾ ਪੀਣਾ ਰਸ, ਭੋਜਨ ਨਾਮ ਵਖਾਈਆ । ਆਤਮ ਪਰਮਾਤਮ ਗਾਏ ਜਸ, ਘਰ ਘਰ ਵਿਚ ਰਾਗ ਅਲਾਈਆ । ਹੰਸ ਮੁਖ ਹਰਿ ਜੂ ਪਏ ਹੱਸ, ਹੰਸ ਸਰੋਵਰ ਏਕਾ ਏਕ ਜਣਾਈਆ । ਸਦਾ ਸੁਹੇਲਾ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਸ਼ਬਦ ਸੁਹੇਲੇ ਰੰਗ ਨਵੇਲੇ ਗੁਰੂ ਗੁਰ ਚੇਲੇ ਤੇਰਾ ਲੇਖਾ ਜਾਣੇ ਦਸ ਦਸ ਮਾਸ, ਦਹਿ ਦਿਸ਼ਾ ਫੋਲ ਫੋਲਾਈਆ । ਪੜਦਾ ਚੁਕੇ ਪ੍ਰਿਥਮੀ ਆਕਾਸ਼,

ਆਕਾਸ਼ ਪਰਕਾਸ਼ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਾਸੀ ਦਾਸ, ਕਰੋੜ ਤੇਤੀਸਾ ਸੁਰਪਤ ਚਰਨ ਸਰਨ ਸਰਨ ਚਰਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰੀ ਸੇਵਾ ਸਾਚੀ ਮਾਤ ਲਗਾਈਆ । ਸਾਚੀ ਸੇਵਾ ਕਰਨੀ ਮਾਤ, ਲਗ ਮਾਤਰ ਨਾ ਕੋਇ ਜਣਾਇੰਦਾ । ਤੇਰਾ ਲੇਖਾ ਲਿਖਿਆ ਬਿਨ ਜੋ ਕਲਮ ਦਵਾਤ, ਕਾਗਦ ਕਲਮ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਦਿਤੀ ਦਾਤ, ਏਕਾ ਵਾਰ ਝੋਲੀ ਪਾਇੰਦਾ । ਗੁਰ ਅਵਤਾਰ ਤੇਰੀ ਜ਼ਾਤ, ਤੇਰਾ ਨੂਰ ਰਖਾਇੰਦਾ । ਗੁਰਮੁਖ ਗੁਰ ਗੁਰ ਬਣਾਏ ਸੱਜਣ ਸਾਕ, ਭਗਤ ਭਗਵਾਨ ਤੇਰੀ ਵੰਡ ਵੰਡਾਇੰਦਾ । ਸਾਚੇ ਸੰਤਾਂ ਬੰਨ੍ਹੇ ਨਾਤ, ਨਾਤਾ ਹੋਰ ਨਾ ਕੋਇ ਜੁੜਾਇੰਦਾ । ਸੁਤ ਸ਼ਬਦ ਤੇਰੀ ਕੋਈ ਨਾ ਜਾਣੇ ਜ਼ਾਤ, ਤੇਰੀ ਵੰਡ ਨਾ ਕੋਇ ਵਖਾਇੰਦਾ । ਤੇਰੇ ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਗਾਥ, ਸਚ ਸੰਦੇਸਾ ਇਕ ਸਮਝਾਇੰਦਾ । ਤੇਰੇ ਹੁਕਮੇ ਅੰਦਰ ਕੋਟਨ ਕੋਟ ਤ੍ਰਿਲੋਕੀ ਨਾਥ, ਬਣ ਅਨਾਥ ਮੰਗ ਮੰਗਾਇੰਦਾ । ਖਾਣੀ ਬਾਣੀ ਤੇਰਾ ਗਾਏ ਜਸ, ਜਸ ਵੇਦ ਪੁਰਾਨ ਹੱਥ ਨਾ ਆਇੰਦਾ । ਪ੍ਰਭੂ ਠਾਕਰ ਤੇਰੇ ਸੰਗ ਰਿਹਾ ਵਸ, ਵਸਣਹਾਰਾ ਆਪਣੀ ਦਇਆ ਕਮਾਇੰਦਾ । ਤੇਰਾ ਪਿਆਰ ਤ੍ਰੈਗੁਣ ਵਿਚ ਨਾ ਜਾਏ ਫਸ, ਫਾਸੀ ਹੋਰ ਨਾ ਕੋਇ ਲਟਕਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਸੋਹੰ ਤੇਰਾ ਰੂਪ ਵਖਾਇੰਦਾ । ਤੇਰੀ ਚਰਨ ਧੂੜੀ ਗੁਰ ਅਵਤਾਰ ਮੰਗਣ ਹੱਸ ਹੱਸ, ਲੋਕਮਾਤ ਤੇਰੀ ਓਟ ਸਰਬ ਤਕਾਇੰਦਾ । ਮੇਰੇ ਰਾਹ ਮੰਜ਼ਲ ਉਤੇ ਅਧਵਿਚਕਾਰੇ ਸਾਰੇ ਜਾਣ ਥੱਕ, ਮੇਰਾ ਪੰਧ ਨਾ ਕੋਇ ਮੁਕਾਇੰਦਾ । ਆਪਣੇ ਮਹੱਲੇ ਉਚ ਅਟੱਲੇ ਨਿਰਗੁਣ ਹੋ ਕੇ ਰਿਹਾ ਵਸ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਜਗਾਇੰਦਾ । ਸੁਤ ਦੁਲਾਰੇ ਜਾਣਾ ਜਾਗ, ਆਦਿ ਪੁਰਖ ਆਦਿ ਜਗਾਇੰਦਾ । ਜੁਗਾ ਜੁਗੰਤਰ ਲਾਵੇ ਭਾਗ, ਭਗਵਨ ਆਪਣਾ ਖੇਲ ਕਰਾਇੰਦਾ । ਲੱਖ ਚੁਰਾਸੀ ਬ੍ਰਹਮ ਚਿਰਾਗ਼, ਪਾਰਬ੍ਰਹਮ ਆਪਣੀ ਕਲ ਆਪ ਧਰਾਇੰਦਾ । ਲੱਖ ਚੁਰਾਸੀ ਤ੍ਰੈਗੁਣ ਆਗ, ਅਗਨੀ ਤਤ ਆਪ ਰਖਾਇੰਦਾ । ਲੱਖ ਚੁਰਾਸੀ ਪੰਜ ਤਤ ਸਾਕ, ਸਾਚਾ ਨਾਤਾ ਜੋੜ ਜੋੜਾਇੰਦਾ । ਲੱਖ ਚੁਰਾਸੀ ਆਤਮ ਪਰਮਾਤਮ ਪਾਕੀ ਪਾਕ, ਪਤਿਤ ਪੁਨੀਤ ਖੇਲ ਵਖਾਇੰਦਾ । ਲੱਖ ਚੁਰਾਸੀ ਗੁਰ ਸ਼ਬਦ ਕਿਨਾਰਾ ਏਕਾ ਘਾਟ, ਦੂਜਾ ਤਟ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਅੰਤਮ ਮੁਕੇ ਵਾਟ, ਥਿਰ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਗੁਰ ਅਵਤਾਰ ਰੱਖੇ ਉਤਮ ਜ਼ਾਤ, ਆਪਣੀ ਜ਼ਾਤ ਨਾਲ ਮਿਲਾਇੰਦਾ । ਲੱਖ ਚੁਰਾਸੀ ਦੇਵਣਹਾਰਾ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਲੱਖ ਚੁਰਾਸੀ ਅੰਤ ਕੰਤ ਭਗਵੰਤ ਮੁਕਾਏ ਵਾਟ, ਪਾਂਧੀ ਕੋਇ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਸੁੱਟੇ ਡੂੰਘੇ ਖਾਤ, ਖਾਤਾ ਆਪਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਗਾਇੰਦਾ । ਸਾਚੇ ਸੁਤ ਜਾਗਰਤ ਜੋਤ, ਜਗ ਜੀਵਣ ਦਾਤਾ ਆਪ ਜਣਾਈਆ । ਆਦਿ ਰੱਖ ਇਕੋ ਓਟ, ਅੰਤ ਹੋਏ ਸਹਾਈਆ । ਚਾਰ ਜੁਗ ਖੇਲਣਾ ਖੇਲ ਹੋ ਬੇਹੋਸ਼, ਸੁਧ ਸਾਰ ਨਾ ਕੋਇ ਰਖਾਈਆ । ਨਿਰਗੁਣ ਹੋ ਕੇ ਰਹਿਣਾ ਖਾਮੋਸ਼, ਸਰਗੁਣ ਕਰਨੀ ਮਾਤ ਪੜ੍ਹਾਈਆ । ਪੰਜ ਤਤ ਕਾਇਆ ਦੇਣਾ ਦੋਸ਼, ਨਿਰਦੋਸ਼ ਆਪਣਾ ਨਾਉਂ ਰਖਾਈਆ । ਗੁਰ ਅਵਤਾਰ ਤੇਰੇ ਦਰਸ਼ਨ ਰਹਿਣ ਲੋਚ, ਲੋਚਾ ਆਪਣੀ ਪੂਰ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਨਿੱਕਾ ਇਕ ਸਲੋਕ, ਤੇਰੀ ਮਹਿਮਾ ਕਥਣ ਨਾ ਜਾਈਆ । ਤ੍ਰਿਲੋਕੀ ਅੰਦਰ ਘੋਖਿਆ ਘੋਖ, ਸੋਚਨੀ ਸੂਚੀ ਸਚ ਜਣਾਈਆ । ਕਾਇਆ ਮਾਟੀ ਭਾਂਡਾ ਲੈਣਾ

ਪੋਚ, ਅੰਦਰ ਵਸਤ ਆਪਣੇ ਵਿਚ ਛੁਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਜਾਣ ਸੋਚ, ਸੋਚ ਵਿਚ ਕਦੇ ਨਾ ਆਈਆ । ਖਾਣੀ ਬਾਣੀ ਤੇਰਾ ਕਰ ਕਰ ਥੱਕੇ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਤੇਰੀ ਮੇਰੀ ਇਕੋ ਮੌਜ, ਮੇਰਾ ਤੇਰਾ ਭੇਵ ਨਾ ਰਾਈਆ । ਨੌਂ ਸੌ ਚੁਰਾਨਵੇ ਚੌਕੜੀ ਤੇਰੇ ਉਤੇ ਰੱਖਣਾ ਬੋਝ, ਗੁਰ ਅਵਤਾਰ ਲੋਕਮਾਤ ਭਾਰ ਆਪਣਾ ਆਪਣਾ ਵੰਡ ਵੰਡਾਈਆ । ਅੰਤਮ ਰੱਖਣੀ ਇਕੋ ਓਟ, ਓਟ ਅਕਾਲ ਤਕਾਈਆ । ਪੁਰਖ ਅਬਿਨਾਸ਼ੀ ਨਿਰਮਲ ਜੋਤ, ਜੋਤੀ ਜਾਤਾ ਹੋਏ ਸਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਸੱਚਾ ਇਕੋ ਬਹੁਤ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਅੰਤਮ ਜਾਣ ਸਾਰੇ ਰੋਤ, ਨੇਤਰ ਨੈਣਾਂ ਨੀਰ ਵਹਾਈਆ । ਆਲਣਿਓਂ ਡਿਗੇ ਬੋਟ, ਫੇਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਭਗਵੰਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਮੇਰਾ ਲੇਖਾ ਆਦਿ ਅੰਤ, ਮਧ ਤੇਰੀ ਧਾਰ ਚਲਾਇੰਦਾ । ਤੇਰੇ ਹੁਕਮੇ ਅੰਦਰ ਗੁਰ ਅਵਤਾਰ ਭਗਤ ਸੰਤ, ਗੁਰਮੁਖ ਗੁਰਸਿਖ ਆਪ ਉਠਾਇੰਦਾ । ਸੁਰਤੀ ਸ਼ਬਦੀ ਮੇਲਾ ਨਾਰੀ ਕੰਤ, ਕੰਤ ਸੁਹਾਗ ਇਕ ਹੰਢਾਇੰਦਾ । ਤਨ ਮਾਟੀ ਕਾਇਆ ਚੋਲੀ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਨਾਮ ਨਿਧਾਨਾ ਮਣੀਆ ਮੰਤ, ਮਨ ਮਣਕਾ ਆਪ ਭੁਆਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਗੁਰ ਅਵਤਾਰ ਦੁਆਰੇ ਰਹਿਣ ਮੰਗਤ, ਬਣ ਸੁਆਲੀ ਝੋਲੀ ਅੱਗੇ ਡਾਹਿੰਦਾ । ਸਚਖੰਡ ਨਿਵਾਸੀ ਆਪੇ ਜਾਣੇ ਸਾਚਾ ਜੰਨਤ, ਸਵਰਗ ਆਪਣੀ ਧਾਰ ਰਖਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮਹਿਮਾ ਸੁਣਾਏ ਅਗਣਤ, ਗਿਣਿਆਂ ਗਣਤ ਨਾ ਕੋਇ ਗਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਵਖਾਇੰਦਾ । ਸਾਚੇ ਸੁਤ ਵੇਖ ਕਰ ਵਿਚਾਰ, ਹਰਿ ਆਪਣਾ ਆਪ ਜਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਸੰਸਾਰ, ਹਰਿ ਸੰਸਾਰੀ ਖੇਲ ਕਰਾਇਆ । ਗੁਰ ਅਵਤਾਰ ਆਵਣ ਵਾਰੋ ਵਾਰ, ਪੀਰ ਪੈਗ਼ੰਬਰ ਰੂਪ ਵਟਾਇਆ । ਭਗਤ ਭਗਵੰਤ ਦਏ ਸਹਾਰ, ਸੰਤ ਸਾਜਣ ਲਏ ਜਗਾਇਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਗੁਰਸਿਖ ਗੁਰ ਗੁਰ ਗੋਦ ਬਹਾਇਆ । ਹਰਿਜਨ ਵਾ ਨਾ ਲੱਗੇ ਤਤੀ ਹਾੜ, ਤ੍ਰੈਗੁਣ ਭੱਠ ਨਾ ਕੋਇ ਤਪਾਇਆ । ਲੇਖਾ ਜਾਣੇ ਬੈਠਾ ਧੁਰ ਦਰਬਾਰ, ਸਚ ਸਿੰਘਾਸਣ ਆਸਣ ਲਾਇਆ । ਸ਼ਾਹੋ ਭੂਪ ਵਡ ਸਿਕਦਾਰ, ਸ਼ਾਹ ਸਹਾਨਾ ਰੂਪ ਵਟਾਇਆ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਮਿਟਾਇਆ । ਦਾਤਾ ਦਾਨੀ ਦੇਵਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇਆ । ਸਾਚਾ ਹੁਕਮ ਅਬਿਨਾਸ਼ੀ ਅਚੁੱਤ, ਆਦਿ ਜੁਗਾਦਿ ਵਰਤਾਈਆ । ਜੁਗ ਚੌਕੜੀ ਵੇਖੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਗੁਰ ਅਵਤਾਰ ਸਾਚੇ ਸੁਤ, ਪੀਰ ਪੈਗ਼ੰਬਰ ਲਏ ਪਰਗਟਾਈਆ । ਸ਼ਬਦ ਗੁਰਦੇਵ ਆਪੇ ਉਠ, ਆਤਮ ਪਰਮਾਤਮ ਲਏ ਮਿਲਾਈਆ । ਸੁਰਤ ਸੁਆਣੀ ਕੋਲੋਂ ਲਏ ਪੁੱਛ, ਸ਼ਬਦ ਹਾਣੀ ਪੜਦਾ ਆਪ ਉਠਾਈਆ । ਪੜਦੇ ਉਹਲੇ ਜੋ ਬੈਠਾ ਲੁਕ, ਬਜਰ ਕਪਾਟੀ ਦਏ ਤੁੜਾਈਆ । ਹਰਿ ਕਾ ਬੂਟਾ ਨਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਈਆ । ਘਰ ਵਿਚ ਘਰ ਰੱਖੇ ਆਪਣੀ ਕੁੱਖ, ਜਨ ਜਨਨੀ ਸੱਚੀ ਮਾਈਆ । ਗੁਰ ਅਵਤਾਰ ਮੇਟੇ ਤ੍ਰਿਸਨਾ ਭੁੱਖ, ਸਾਂਤਕ ਸਤਿ ਸਤਿ ਕਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮਾਇਆ ਮਮਤਾ ਕੱਢੇ ਕੁੱਟ, ਹਉਮੇ ਹੰਗਤਾ


੫੬੨ ੧੨

ਰਹਿਣ ਨਾ ਪਾਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਅਨਹਦ ਸ਼ਬਦ ਅਨਾਦੀ ਲਾਏ ਚੋਟ, ਅਨੁਰਾਗੀ ਰਾਗ ਸੁਣਾਈਆ । ਘਰ ਵਿਚ ਘਰ ਮੇਲਾ ਧੁਰ ਸੰਜੋਗ, ਹਰਿ ਸੰਜੋਗੀ ਆਪ ਮਿਲਾਈਆ । ਪਾਰਬ੍ਰਹਮ ਬ੍ਰਹਮ ਇਕ ਸਲੋਕ, ਹਰਿ ਸਾਚਾ ਦਏ ਪੜ੍ਹਾਈਆ । ਜਗਤ ਵਾਸਨਾ ਕੱਢੇ ਖੋਟ, ਆਸਾ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੇਰੀ ਰੱਖੇ ਮਾਣ ਵਡਿਆਈਆ । ਸਾਚੇ ਸੁਤ ਸੁਤ ਦੁਲਾਰੇ, ਹਰਿ ਵੱਡਾ ਵਡ ਵਡਿਆਇੰਦਾ । ਸਤਿਜੁਗ ਖੇਲ ਕਰੇ ਨਿਆਰੇ, ਨਿਰਗੁਣ ਆਪਣੀ ਕਾਰ ਕਰਾਇੰਦਾ । ਦੁਆਪਰ ਤ੍ਰੇਤਾ ਕਰ ਵਣਜਾਰੇ, ਸਾਚੀ ਸੇਵਾ ਸੇਵ ਸਮਝਾਇੰਦਾ । ਹੁਕਮੇ ਅੰਦਰ ਤੇਈ ਅਵਤਾਰੇ, ਹੁਕਮੀ ਹੁਕਮ ਆਪ ਭੁਆਇੰਦਾ । ਹੁਕਮੇ ਅੰਦਰ ਭਗਤ ਵਣਜਾਰੇ, ਏਕਾ ਆਠਾ ਜੋੜ ਜੋੜਾਇੰਦਾ । ਹੁਕਮੇ ਅੰਦਰ ਈਸਾ ਮੂਸਾ ਸਯਦਾ ਕਰੇ ਪਰਵਰਦਿਗਾਰੇ, ਨਿਉਂ ਨਿਉਂ ਸੀਸ ਝੁਕਾਇੰਦਾ । ਹੁਕਮੇ ਅੰਦਰ ਮੁਹੰਮਦ ਬਣੇ ਭਿਖਾਰੇ, ਕਾਲੀ ਕਫਨੀ ਤਨ ਹੰਢਾਇੰਦਾ । ਹੁਕਮੇ ਅੰਦਰ ਦਸ ਗੁਰੂ ਸੇਵਾ ਕਰਨ ਵਿਚ ਸੰਸਾਰੇ, ਨਾਨਕ ਗੋਬਿੰਦ ਧਾਰ ਚਲਾਇੰਦਾ । ਹੁਕਮੇ ਅੰਦਰ ਵੇਦ ਚਾਰੇ, ਪੁਰਾਨ ਅਠਾਰਾਂ ਹੁਕਮੇ ਬੰਧਨ ਪਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਕਰਨ ਹਾਹਾਕਾਰੇ, ਉਚੀ ਕੂਕ ਕੂਕ ਸੁਣਾਇੰਦਾ । ਹੁਕਮ ਅੰਦਰ ਗੀਤਾ ਗਿਆਨ ਦਏ ਆਧਾਰੇ, ਉਦਰ ਆਤਮ ਵੇਖ ਵਖਾਇੰਦਾ । ਹੁਕਮੇ ਅੰਦਰ ਅੰਜੀਲ ਕੁਰਾਨ ਕਾਇਆ ਕੁਰਾ ਕਰੇ ਖ਼ਬਰਦਾਰੇ, ਕਰਬਲਾ ਜਗਤ ਨਾ ਕੋਇ ਜਣਾਇੰਦਾ । ਹੁਕਮੇ ਅੰਦਰ ਨਾਨਕ ਨਿਰਗੁਣ ਸਤਿਨਾਮ ਪੁਕਾਰੇ, ਪੁਨਹ ਪੁਨਹ ਆਪਣਾ ਵਾਰ ਨਿਮਖ ਨਿਮਖ ਵਾਰ ਕਰਾਇੰਦਾ । ਹੁਕਮੇ ਅੰਦਰ ਅਰਜਨ ਬਣ ਬਣ ਲੇਖ ਲਿਖਾਰੇ, ਲਿਖ ਲਿਖ ਲੇਖਾ ਲਿਖਤ ਲੇਖਾ ਆਪਣਾ ਪੂਰ ਕਰਾਇੰਦਾ । ਹੁਕਮੇ ਅੰਦਰ ਗੋਬਿੰਦ ਬੋਲ ਫਤਹਿ ਜੈਕਾਰੇ, ਏਕਾ ਡੰਕਾ ਡੰਕ ਵਜਾਇੰਦਾ । ਹੁਕਮੇ ਅੰਦਰ ਸਰਬ ਵਣਜਾਰੇ, ਲੋਕਮਾਤ ਫੇਰਾ ਪਾਇੰਦਾ । ਹੁਕਮੇ ਅੰਦਰ ਬਣ ਭਿਖਾਰੇ, ਗੁਰ ਅਵਤਾਰ ਝੋਲੀ ਡਾਹਿੰਦਾ । ਹੁਕਮੇ ਅੰਦਰ ਖੇਲ ਸੰਸਾਰੇ, ਖ਼ਾਲਕ ਖ਼ਲਕ ਆਪ ਕਰਾਇੰਦਾ । ਸੁਤ ਸ਼ਬਦ ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖ ਨਜ਼ਾਰੇ, ਬੇਨਜ਼ੀਰ ਆਪਣੀ ਨਜ਼ਰ ਨਾ ਕਿਸੇ ਵਖਾਇੰਦਾ । ਨਿਰਗੁਣ ਸਰਗੁਣ ਰੱਖੇ ਦੇ ਦੇ ਲਾਰੇ, ਪਰਦਾਨਸ਼ੀਂ ਆਪਣਾ ਪੜਦਾ ਨਾ ਕੋਇ ਉਠਾਇੰਦਾ । ਕੂਕ ਕੂਕ ਕੂਕ ਕਰਨ ਸਰਬ ਪੁਕਾਰੇ, ਆਪਣੀ ਕੂਕ ਨਾ ਕਿਸੇ ਸੁਣਾਇੰਦਾ । ਸਚ ਸੰਦੇਸਾ ਦੇਵੇ ਏਕਾ ਵਾਰੇ, ਏਕੰਕਾਰ ਆਪ ਸੁਣਾਇੰਦਾ । ਅੰਤਮ ਪੰਧ ਮੁਕੇ ਜੁਗ ਚੌਕੜੀ ਚਾਰੇ, ਚਾਰੇ ਕੂਟਾਂ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਹਾਰੇ, ਹਰਿ ਹਰਿ ਆਪਣਾ ਖੇਲ ਵਰਤਾਇੰਦਾ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰੇ, ਨਜ਼ਰ ਕਿਸੇ ਨਾ ਆਇੰਦਾ । ਪੂਰਬ ਲਹਿਣਾ ਚਾਰ ਜੁਗ ਦਾ ਕਰਜ਼ ਉਤਾਰੇ, ਮਕਰੂਜ਼ ਆਪਣਾ ਫਰਜ਼ ਪੂਰ ਕਰਾਇੰਦਾ । ਸਚ ਸੰਦੇਸਾ ਦੇ ਦੇ ਜੋ ਕਰ ਗਿਆ ਉਧਾਰੇ, ਆਪ ਆਪਣਾ ਵੇਲਾ ਆਪ ਸੁਹਾਇੰਦਾ । ਵੇਦ ਵਿਆਸਾ ਲੇਖਾ ਲਿਖ ਲਿਖ ਰਿਹਾ ਵਿਚਾਰੇ, ਪੁਰਾਨ ਅਠਾਰਾਂ ਲੱਖ ਚਾਰ ਸਤਾਰਾਂ ਹਜ਼ਾਰ ਸਲੋਕ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਤੇਰਾ ਲੇਖਾ ਲੇਖੇ ਪਾਇੰਦਾ । ਸੁਤ ਦੁਲਾਰਾ ਕਰ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਤੇਰਾ ਅੰਤ ਨਾ ਪਾਰਾਵਾਰ, ਭੇਵ ਕੋਇ ਨਾ ਆਇੰਦਾ । ਮੈਂ ਸੇਵਾ ਕਰਾਂ ਜੁਗ ਚੌਕੜੀ ਵਿਚ ਸੰਸਾਰ, ਗੁਰ ਅਵਤਾਰ ਨਾਲ ਰਲਾਇੰਦਾ । ਤੇਰਾ ਨਾਮ ਜਪਾਵਾਂ ਵਾਰੋ ਵਾਰ, ਲੱਖ ਚੁਰਾਸੀ ਮਾਤ ਪੜ੍ਹਾਇੰਦਾ । ਹੁਕਮੇ ਅੰਦਰ ਤੇਰੀ ਕਾਰ, ਹਰਿ ਕਰਤੇ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ

ਵਾਰ, ਨਿਤ ਨਵਿਤ ਵੇਸ ਵਟਾਇੰਦਾ । ਭਗਤ ਭਗਵੰਤ ਲੈਣਾ ਉਭਾਰ, ਸਿਰ ਆਪਣਾ ਹੱਥ ਰਖਾਇੰਦਾ । ਨਿਰਗੁਣ ਸਰਗੁਣ ਬਣਨਾ ਯਾਰ, ਯਾਰੜਾ ਸੱਥਰ ਇਕ ਹੰਢਾਇੰਦਾ । ਈਸਾ ਮੂਸਾ ਕਰੇ ਪੁਕਾਰ, ਮੁਹੰਮਦ ਮੁਸੱਲਾ ਹੇਠ ਵਛਾਇੰਦਾ । ਤੇਰੀ ਓਟ ਮਦਦਗਾਰ, ਦਸਤਗੀਰ ਤੁਧ ਬਿਨ ਦਸਤ ਨਾ ਕੋਇ ਮਿਲਾਇੰਦਾ । ਨਾਨਕ ਗੋਬਿੰਦ ਕਰ ਪੁਕਾਰ, ਏਕਾ ਓਟ ਅਕਾਲ ਰਖਾਇੰਦਾ । ਅੰਤਮ ਪਰਗਟ ਹੋਵੇ ਦੀਨ ਦਿਆਲ, ਸੰਬਲ ਆਪਣਾ ਡੇਰਾ ਲਾਇੰਦਾ । ਸੁਤ ਦੁਲਾਰੇ ਵੇਖੇ ਲਾਲ, ਲਾਲ ਆਪਣੀ ਗੋਦ ਸੁਹਾਇੰਦਾ । ਕਲਜੁਗ ਅੰਤ ਹੋ ਪਰਧਾਨ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਝੋਲੀ ਪਾਇੰਦਾ । ਸਚਖੰਡ ਦੁਆਰੇ ਚਰਨ ਕਵਲ ਸਾਰੇ ਬਹਿ ਬਹਿ ਕਰਨ ਧਿਆਨ, ਸੀਸ ਅੱਗੇ ਨਾ ਕੋਇ ਉਠਾਇੰਦਾ । ਚਾਰ ਜੁਗ ਦੀ ਭੁੱਲੇ ਕਲਾਮ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਰਸੂਲ ਨਜ਼ਰ ਨਾ ਆਏ ਅਮਾਮ, ਅਮਾਨਤ ਸਭ ਦੀ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣਾ ਲੇਖਾ ਆਪ ਗਿਣਾਇੰਦਾ । ਸੁਤ ਦੁਲਾਰੇ ਵੇਖ ਲੇਖਾ, ਆਦਿ ਪੁਰਖ ਜਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹੇ ਭਰਮ ਭੁਲੇਖਾ, ਹਰਿ ਕਾ ਅੰਤ ਕਿਸੇ ਨਾ ਪਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਵੰਡ ਵੰਡੇ ਮੁੱਛ ਦਾੜ੍ਹੀ ਕੇਸਾ, ਕੋਇ ਮੁੰਡ ਮੁੰਡਾਇਆ । ਭਗਤ ਭਗਵੰਤ ਨਿਰਗੁਣ ਨਿਰਾਕਾਰ ਏਕਾ ਵੇਖਾ, ਰੂਪ ਰੰਗ ਨਜ਼ਰ ਕੋਇ ਨਾ ਆਇਆ । ਤਿਸ ਸਾਹਿਬ ਕੋ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸਾ, ਜੋ ਸਚਖੰਡ ਦੁਆਰੇ ਬੈਠਾ ਡੇਰਾ ਲਾਇਆ । ਤਿਸ ਅੱਗੇ ਚਲੇ ਨਾ ਕਿਸੇ ਦੀ ਕੋਈ ਪੇਸ਼ਾ, ਪੇਸ਼ੀ ਸਭ ਦੀ ਆਪਣੇ ਅੱਗੇ ਲਏ ਕਰਾਇਆ । ਨੇਤਰ ਰੋਵੇ ਬ੍ਰਹਮਾ ਵਿਸ਼ਨ ਮਹੇਸ਼ਾ, ਗਣਪਤ ਗਣੇਸ਼ਾ ਧੀਰ ਨਾ ਕੋਇ ਧਰਾਇਆ । ਕਲਜੁਗ ਅੰਤਮ ਧਰਿਆ ਭੇਸਾ, ਨਿਰਗੁਣ ਆਪਣਾ ਨੂਰ ਪਰਗਟਾਇਆ । ਆਦਿ ਜੁਗਾਦਿ ਰਹੇ ਹਮੇਸ਼ਾ, ਨਾ ਮਰੇ ਨਾ ਜਾਇਆ । ਲੇਖਾ ਜਾਣੇ ਵਿਸ਼ਨੂੰ ਬਾਸ਼ਕ ਸੇਜਾ, ਸਾਂਗੋਪਾਂਗ ਆਪ ਰਖਾਇਆ । ਸਚ ਸੰਦੇਸਾ ਏਕਾ ਭੇਜਾ, ਭੇਵ ਅਭੇਦ ਖੁਲ੍ਹਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਨਿਰੰਜਣ ਦਰਦ ਦੁਖ ਭੈ ਭੰਜਣ ਨਿਰਗੁਣ ਵਟਾਇਆ ਵੇਸਾ, ਵੇਸ ਅਵੱਲਾ ਆਪ ਕਰਾਈਆ । ਗੋਬਿੰਦ ਕਰਿਆ ਸਾਚਾ ਹੇਤਾ, ਪਿਛਲਾ ਚੇਤਾ ਨਾ ਰਿਹਾ ਭੁਲਾਈਆ । ਸਰਗੁਣ ਅੰਦਰ ਨਿਰਗੁਣ ਖੋਲ੍ਹੇ ਭੇਤਾ, ਅਲੱਖ ਅਲੱਖਣਾ ਵਡ ਵਡਿਆਈਆ । ਕਾਇਆ ਦਿਸੇ ਜੱਟ ਕਿਰਸਾਣਾ ਫਿਰੇ ਵਿਚ ਖੇਤਾ, ਲੱਖ ਚੁਰਾਸੀ ਆਪਣੀ ਖੇਤੀ ਵੇਖੇ ਥਾਉਂ ਥਾਈਂਆ । ਪਾਰਬ੍ਰਹਮ ਦਾ ਸੁਤ ਦੁਲਾਰਾ ਇਕੋ ਪੁਤ ਜੇਠਾ, ਜੇਠ ਪੰਚਮ ਨਾਲ ਮਿਲੇ ਵਡਿਆਈਆ । ਗੁਰ ਅਵਤਾਰ ਕੋਈ ਆਇਆ ਅਗੇਤਾ ਕੋਈ ਪਿਛੇਤਾ, ਸਭੇ ਉਠ ਉਠ ਜਾਈਆ । ਪਾਰਬ੍ਰਹਮ ਦਾ ਲੱਭਦੇ ਰਹੇ ਭੇਤਾ, ਆਪਣਾ ਭੇਵ ਨਾ ਕਿਸੇ ਸਮਝਾਈਆ । ਸਚਖੰਡ ਦੁਆਰੇ ਸੁੱਤਾ ਰਿਹਾ ਹੋ ਕੇ ਘੇਸਲਾ ਘੇਸਾ, ਆਪਣੀ ਕਰਵਟ ਨਾ ਆਪ ਬਦਲਾਈਆ । ਅੰਜੀਲ ਕੁਰਾਨਾ ਪੜ੍ਹ ਪੜ੍ਹ ਥੱਕੇ ਮੁੱਲਾਂ ਸ਼ੇਖ਼ਾ, ਸ਼ਰਅ ਹੱਥ ਕਿਸੇ ਨਾ ਆਈਆ । ਗੁਰ ਅਵਤਾਰਾਂ ਮਿਟ ਗਈ ਰੇਖਾ, ਰੇਖਾ ਰੇਖਾ ਵਿਚ ਰਖਾਈਆ । ਇਕੋ ਵਸਿਆ ਸਾਚਾ ਦੇਸਾ, ਜਿਸ ਦੇਸ ਵਸੇ ਸਾਚਾ ਮਾਹੀਆ । ਕਲਜੁਗ ਅੰਤਮ ਜਨ ਭਗਤਾਂ ਕਰਿਆ ਸਾਚਾ ਹੇਤਾ, ਹਿਤਕਾਰੀ ਆਪ ਹੋ ਜਾਈਆ । ਬਹੱਤਰ ਨਾੜੀ ਲਾਈ ਮੇਖਾ, ਜਨ ਬਹੱਤਰ ਲਏ ਪਰਗਟਾਈਆ । ਸੱਤਰਾਂ ਗੋਬਿੰਦ ਏਕਾ ਵੇਖਾ, ਬਿਨ ਨੇਤਰ ਨਜ਼ਰੀ ਆਈਆ । ਚੌਹੱਤਰਾਂ ਰੱਖਿਆ ਸਾਇਆ ਹੇਠਾਂ, ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਸੱਦੀ ਦੇ ਕੇ ਨਿਉਤਾ, ਨਾਮ ਗੰਢ ਇਕ ਘਲਾਈਆ । ਗੁਰ ਸ਼ਬਦੀ ਮੇਲਾ ਮਾਂ ਪਿਉ ਬੇਟਾ, ਪਿਤ ਪੂਤ ਵੱਜੇ ਵਧਾਈਆ । ਪੁਰਖ ਅਬਿਨਾਸ਼ੀ


੫੬੪
੧੨

੫੬੫
੧੨

ਖੇਵਟ ਖੇਟਾ, ਸਾਚਾ ਬੇੜਾ ਰਿਹਾ ਚਲਾਈਆ । ਕਲਜੁਗ ਅੰਤਮ ਨੌ ਖੰਡ ਪ੍ਰਿਥਮੀ ਦਿਸੇ ਬਰੇਤਾ, ਸਾਚੀ ਨਈਆ ਨਾ ਕੋਇ ਚੜ੍ਹਾਈਆ । ਚਾਰ ਵਰਨ ਚਾਰ ਕੁੰਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਵਰ ਦਾਤਾ ਏਕਾ ਮਾਹੀਆ । ਏਕਾ ਮਾਹੀ ਮਿਹਰਵਾਨ, ਹਰਿ ਜੂ ਹਰਿ ਹਰਿ ਆਪ ਅਖਵਾਇੰਦਾ । ਕਲਜੁਗ ਅੰਤ ਵੇਖੇ ਆਣ, ਬੇਅੰਤ ਰੂਪ ਵਟਾਇੰਦਾ । ਚਾਰ ਜੁਗ ਲੇਖਾ ਚੁਕਾਏ ਆਣ, ਗੁਰ ਅਵਤਾਰ ਆਪਣੇ ਖਾਤੇ ਪਾਇੰਦਾ । ਏਕਾ ਘਰ ਵਖਾਏ ਮਕਾਨ, ਮਕਬਰਾ ਇਕੋ ਨਜ਼ਰੀ ਆਇੰਦਾ । ਇਕ ਪੈਗ਼ੰਬਰ ਖੇਲੇ ਖੇਲ ਮਹਾਨ, ਏਕਾ ਸਤਿਗੁਰ ਰੂਪ ਧਰਾਇੰਦਾ । ਏਕਾ ਲੇਖਾ ਲਿਖੇ ਦੋ ਜਹਾਨ, ਦਰਗਹਿ ਸਾਚੀ ਏਕਾ ਡੇਰਾ ਲਾਇੰਦਾ । ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਰਗੁਣ ਕਰੇ ਪਰਧਾਨ, ਨਿਰਗੁਣ ਏਕਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਘਰ, ਥਿਰ ਘਰ ਸਾਚਾ ਆਪ ਵਸਾਇੰਦਾ । ਥਿਰ ਘਰ ਤੇਰਾ ਸਚ ਦਰਵਾਜ਼ਾ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਹੰ ਬ੍ਰਹਮ ਅਗੰਮੀ ਵਾਜਾ, ਹਰਿ ਪੁਰਖ ਨਿਰੰਜਣ ਅਨਾਦੀ ਨਾਦ ਸੁਣਾਈਆ । ਏਕੰਕਾਰ ਅਕਲ ਕਲ ਧਾਰੀ ਫਿਰੇ ਭਾਜਾ, ਦੋ ਜਹਾਨਾਂ ਫੇਰਾ ਪਾਈਆ । ਆਦਿ ਨਿਰੰਜਣ ਭੂਪਤ ਭੂਪ ਰਾਜਨ ਰਾਜਾ, ਸ਼ਹਿਨਸ਼ਾਹ ਸ਼ਾਹ ਆਪਣਾ ਹੁਕਮ ਵਰਤਾਈਆ । ਅਬਿਨਾਸ਼ੀ ਕਰਤਾ ਰਚ ਰਚ ਕਾਜਾ, ਲੱਖ ਚੁਰਾਸੀ ਵੇਖ ਵਖਾਈਆ । ਸ੍ਰੀ ਭਗਵਾਨ ਜਨ ਭਗਤਾਂ ਦੇਵੇ ਸਾਚਾ ਦਾਜਾ, ਨਾਮ ਵਸਤ ਇਕ ਵਰਤਾਈਆ । ਪਾਰਬ੍ਰਹਮ ਬ੍ਰਹਮ ਰੱਖੇ ਲਾਜਾ, ਆਤਮ ਪਰਮਾਤਮ ਹੋਏ ਸਹਾਈਆ । ਸਤਿ ਸਤਿਵਾਦੀ ਇਕ ਚੜ੍ਹਾਏ ਸਚ ਜਹਾਜ਼ਾ, ਬੇੜਾ ਆਪਣੇ ਕੰਧ ਉਠਾਈਆ । ਮੇਲ ਮਿਲਾਵਾ ਮੋਹਨ ਮਾਧਵ ਮਾਧਾ, ਮੁਕੰਦ ਮਨੋਹਰ ਲੱਖਮੀ ਨਰਾਇਣ ਨੈਣ ਨੈਣ ਨਾਲ ਮਿਲਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣੇ ਵੇਖੇ ਗ਼ਰੀਬ ਨਿਵਾਜ਼ਾ, ਗੁਰ ਸ਼ਬਦ ਤੇਰਾ ਨਾਉਂ ਸੰਦੇਸਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਆਪਣੇ ਹੱਥ ਰਖਾਈਆ । ਅੰਤਮ ਲੇਖਾ ਰੱਖੇ ਹੱਥ, ਹੱਥੋ ਹੱਥ ਮੁਕਾਇੰਦਾ । ਨਿਰਗੁਣ ਰੂਪ ਪੁਰਖ ਸਮਰਥ, ਲੋਕਮਾਤ ਫੇਰਾ ਪਾਇੰਦਾ । ਆਪਣੀ ਮਹਿਮਾ ਇਕ ਅਕੱਥ, ਜੀਵ ਜੰਤ ਸਰਬ ਪੜ੍ਹਾਇੰਦਾ । ਕਲਜੁਗ ਖੇੜਾ ਹੋਇਆ ਭੱਠ, ਸਤਿਜੁਗ ਸਾਚਾ ਰਾਹ ਚਲਾਇੰਦਾ । ਸੋਹੰ ਮਾਰਗ ਸਾਚਾ ਦੱਸ, ਆਤਮ ਪਰਮਾਤਮ ਜੋੜ ਜੁੜਾਇੰਦਾ । ਵਿਸ਼ਨੂੰ ਅੰਦਰ ਵਿਸ਼ਨੂੰ ਵਸ, ਮਹਾਰਾਜ ਆਪਣਾ ਹੁਕਮ ਕਰਾਇੰਦਾ । ਸ਼ੇਰ ਸਿੰਘ ਸ਼ੇਰ ਨਾ ਹੋਏ ਕਿਸੇ ਵਸ, ਬਲ ਆਪ ਨਾਲ ਉਪਾਇੰਦਾ । ਭਗਵਾਨ ਨਿਸ਼ਾਨ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਜੈ ਜੈਕਾਰ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਸਾਧ ਸੰਤ, ਗੁਰਮੁਖ ਗੁਰਸਿਖ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਗਣ ਗੰਧਰਬ ਗਾਵਣ ਜਸ, ਆਪ ਆਪਣੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਾਚੇ ਮੰਦਰ ਬਹਿ ਬਹਿ ਰਿਹਾ ਹੱਸ, ਵੇਖੇ ਸਰਬ ਲੋਕਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਮਾਇਆ ਅੰਦਰ ਗਈ ਫਸ, ਫਾਸੀ ਸਕੇ ਨਾ ਕੋਇ ਤੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਛੱਡ ਗਏ ਆਪਣਾ ਹੱਠ, ਮੰਦਰ ਮਸਜਿਦ ਗੁਰੂਦੁਆਰ ਖਾਲੀ ਮੱਠ ਰਹੇ ਕੁਰਲਾਈਆ । ਪਾਰਬ੍ਰਹਮ ਦੀ ਚਰਨੀ ਗਏ ਢੱਠ, ਗੱਲ ਪੱਲੂ ਏਕਾ ਪਾਈਆ । ਦਰੋਹੀ ਦਰੋਹੀ ਖ਼ੁਦਾ ਦੀ ਵਾਸਤਾ ਰਹੇ ਘੱਤ, ਨਬੀ ਰਸੂਲ ਦੇਣ ਦੁਹਾਈਆ । ਬਿਨ ਤੇਰੇ ਰੱਖੇ ਨਾ ਕੋਈ ਪਤ, ਚਾਰੋਂ ਕੁੰਟ ਹੋਈ ਹਲਕਾਈਆ । ਨੌ ਖੰਡ ਪ੍ਰਿਥਮੀ ਭੁਲੀ ਗੁਰਮਤ, ਮਨ ਮਤ ਘਰ ਘਰ ਕਰੇ ਪੜ੍ਹਾਈਆ । ਗੁਰ ਕਾ ਸ਼ਬਦ ਨਾ ਬੀਜਿਆ

ਕਾਇਆ ਵੱਤ, ਕਾਮ ਕਰੋਧ ਲੋਭ ਮੋਹ ਹੰਕਾਰ ਜਗ ਬੂਟਾ ਰਿਹਾ ਲਾਈਆ । ਧੀਆਂ ਭੈਣਾਂ ਸਾਧ ਸੰਤ ਰਹੇ ਤੱਕ, ਗੁਰ ਗੁਰਬਾਣੀ ਪੜ੍ਹ ਪੜ੍ਹ ਹਿਰਦੇ ਹਰਿ ਨਾ ਕੋਇ ਵਸਾਈਆ । ਗੁਰਦਰ ਮੰਦਰ ਮਸਜਿਦ ਵਿਭਚਾਰ ਰਿਹਾ ਨੱਚ, ਮੁਖ ਬੈਠਾ ਘੁੰਘਟ ਲਾਹੀਆ । ਕਲਜੁਗ ਨੈਣ ਰਿਹਾ ਮਟਕ, ਨੇਤਰ ਨੈਣ ਨੈਣ ਉਠਾਈਆ । ਕੋਈ ਨਾ ਸਕੇ ਅੱਗੋਂ ਹਟਕ, ਬਾਹਰ ਸਕੇ ਨਾ ਕੋਇ ਕਢਾਈਆ । ਬਿਨ ਛੁਰੀਉਂ ਗਏ ਝਟਕ, ਆਪ ਆਪਣਾ ਆਪ ਕਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਜਾ ਕੇ ਫੇਰ ਨਾ ਆਇਆ ਪਰਤ, ਪ੍ਰਤੀਨਿਧ ਨਾ ਫੇਰ ਅਖਵਾਈਆ । ਹਰਿ ਕੇ ਡੂੰਘੇ ਖਾਤੇ ਅੰਦਰ ਕੋਟਨ ਕੋਟ ਗੁਰ ਅਵਤਾਰ ਹੋਏ ਗ਼ਰਕ, ਪੁਰਖ ਅਬਿਨਾਸ਼ੀ ਆਪਣੇ ਚਰਨਾਂ ਹੇਠ ਦਬਾਈਆ । ਲਿਖ ਲਿਖ ਲੇਖਾ ਖਾਣੀ ਬਾਣੀ ਮਾਰਗ ਦੱਸ ਕੇ ਗਏ ਸੜਕ, ਜਗਤ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦੇਵੇ ਵਰ, ਏਕਾ ਸ਼ਬਦ ਤੇਰੀ ਵਡਿਆਈਆ । ਸ਼ਬਦ ਸੁਤ ਮੇਰੇ ਸਾਚੇ ਲਾਲਨ, ਤੇਰਾ ਤੇਰਾ ਰੰਗ ਉਪਾਇੰਦਾ । ਤੇਰਾ ਨੂਰ ਕੋਟਨ ਕੋਟ ਖੇਲ ਗੁਆਲਣ, ਗੋਪਾਲਨ ਆਪਣੀ ਧਾਰ ਚਲਾਇੰਦਾ । ਤੇਰੀ ਸੇਵਾ ਜੋਤ ਅਕਾਲਨ, ਪੁਰਖ ਅਕਾਲ ਸੇਵ ਕਮਾਇੰਦਾ । ਤੇਰੀ ਬਰਦੀ ਬਣੇ ਮਾਲਣ, ਜਗਤ ਬਾਗੀਚਾ ਵੇਖ ਵਖਾਇੰਦਾ । ਤੇਰਾ ਬੂਟਾ ਆਏ ਪਾਲਣ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਤੇਰੀ ਘਾਲਣ ਆਏ ਘਾਲਣ, ਕੀਤੀ ਘਾਲ ਲੇਖੇ ਲਾਇੰਦਾ । ਤੇਰੀ ਚਲੇ ਅਵੱਲੜੀ ਚਾਲਨ, ਚਾਲ ਨਿਰਾਲੀ ਇਕ ਰਖਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਆਪ ਭਗਵਾਨਨ, ਭਗਵਨ ਆਪਣਾ ਰੂਪ ਵਟਾਇੰਦਾ । ਚਾਰ ਜੁਗ ਦੇ ਵਿਛੜੇ ਭਗਤ ਭਗਵੰਤ ਆਏ ਸੰਭਾਲਣ, ਸਭਾ ਸਾਚੀ ਆਪ ਲਗਾਇੰਦਾ । ਸਾਚੇ ਤਖ਼ਤ ਬਹੇ ਬਣ ਨੌਜਵਾਨਨ, ਬਿਰਧ ਬਾਲ ਨਾ ਰੂਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਭਾਲਣ, ਭਾਲਿਆਂ ਹੱਥ ਕਿਸੇ ਨਾ ਆਇੰਦਾ । ਆਪਣਾ ਖੇਲ ਕਰੇ ਕਮਾਲਣ, ਚਾਰ ਜੁਗ ਦੀ ਖਾਣੀ ਬਾਣੀ ਭੇਵ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਆਪਣਾ ਰਾਹ ਏਕੰਕਾਰਾ, ਅਕਲ ਕਲਾ ਵਖਾਈਆ । ਲੋਕਮਾਤ ਹੋਏ ਉਜਿਆਰਾ, ਉਦਰ ਅਗਨ ਨਾ ਕੋਇ ਤਪਾਈਆ । ਮਾਤ ਗੋਦ ਨਾ ਕੋਇ ਸਹਾਰਾ, ਬੂੰਦ ਰਕਤ ਨਾ ਕੋਇ ਵਡਿਆਈਆ । ਜਨਣੀ ਸੀਰ ਨਾ ਕੋਇ ਪਿਆਰਾ, ਰਸ ਏਕਾ ਏਕ ਰਖਾਈਆ । ਨੇਤਰ ਨੈਣ ਨਾ ਕੋਇ ਉਘਾੜਾ, ਬੱਤੀ ਦੰਦ ਨਾ ਕੋਇ ਵਡਿਆਈਆ । ਪੰਜ ਤਤ ਨਾ ਕੋਇ ਅਖਾੜਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਨਾ ਬੰਧਨ ਪਾਈਆ । ਰਜੋ ਤਮੋ ਸਤੋ ਨਾ ਕੋਇ ਵਣਜਾਰਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਨਾ ਕੋਇ ਵਣਜਾਰਾ, ਬ੍ਰਹਮ ਵੰਡ ਨਾ ਕੋਈ ਵੰਡਾਈਆ । ਸ਼ਬਦ ਨਾਦ ਨਾ ਕੋਇ ਧੁੰਨਕਾਰਾ, ਰਾਗੀ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਨਾ ਕੋਇ ਉਜਿਆਰਾ, ਨੂਰ ਨੂਰ ਨਾ ਕੋਇ ਦਰਸਾਈਆ । ਆਦਿ ਜੁਗਾਦੀ ਸਭ ਤੋਂ ਵਸੇ ਬਾਹਰਾ, ਘਰ ਆਪਣੇ ਡੇਰਾ ਲਾਈਆ । ਭਗਤ ਸ਼ੁਨੀਦ ਹੋਏ ਜ਼ਾਹਰਾ, ਦੀਦ ਆਪਣੀ ਦਏ ਕਰਾਈਆ । ਮੁਰਸ਼ਦ ਮੁਰੀਦ ਜਣਾਏ ਨਾਅਰਾ, ਮਹਿਦੂਦ ਆਪਣੀ ਹੱਦ ਰਖਾਈਆ । ਰਸੂਲ ਪੈਗ਼ੰਬਰ ਪਰਵਰਦਿਗਾਰਾ, ਬੇਅਸੂਲ ਨਾ ਕੋਇ ਵਡਿਆਈਆ । ਈਸਾ ਮੂਸਾ ਮੁਹੰਮਦ ਕਰੇ ਕਬੂਲ ਢਹਿ ਢਹਿ ਪਏ ਚਰਨ ਦੁਆਰਾ, ਅੱਲਾ ਰਾਣੀ ਨੈਣ ਸ਼ਰਮਾਈਆ । ਮੇਰਾ ਮੀਆਂ ਆਦਿ ਜੁਗਾਦਿ ਰਿਹਾ ਕੁਆਰਾ, ਨਾਰੀ ਕੰਤ ਨਾ ਕੋਇ ਪਰਣਾਈਆ । ਆਪਣੀ ਸੇਜੇ ਸੁੱਤਾ ਪੈਰ ਪਸਾਰਾ, ਗਲਵਕੜੀ ਨਾ ਕੋਇ ਪਾਈਆ । ਆਪੇ ਪੁਰਖ ਬਣੇ ਭਤਾਰਾ, ਆਪਣਾ ਸਪੁੱਤਰ ਆਪ ਸਹਾਈਆ । ਆਪੇ ਜਣੇ ਸੁਤ


੫੬੬
੧੨

ਦੁਲਾਰਾ, ਸ਼ਬਦੀ ਨਾਉਂ ਰਖਾਈਆ । ਕਲਜੁਗ ਅੰਤ ਕਰ ਪਿਆਰਾ, ਆਪਣੀ ਗੋਦ ਬਹਾਈਆ । ਪਹਿਲੋਂ ਰੱਖਿਆ ਨਾਮ ਗੁਰ ਗੋਬਿੰਦ ਸਿੰਘ ਵਿਚ ਸੰਸਾਰਾ, ਦੁਸ਼ਟ ਦਮਨ ਮਾਣ ਵਡਿਆਈਆ । ਨਾਮ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ ਹੱਥ ਫੜਾਈਆ । ਪੁਰਖ ਅਕਾਲ ਇਕ ਸਹਾਰਾ, ਏਕਾ ਓਟ ਰਖਾਈਆ । ਏਕਾ ਬੋਲੇ ਜੈ ਜੈ ਜੈਕਾਰਾ, ਫਤਹਿ ਏਕਾ ਡੰਕ ਲਗਾਈਆ । ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲ ਕਲਕੀ ਆਪਣੇ ਸੀਸ ਤਾਜ ਟਿਕਾਈਆ । ਪਿਛਲਾ ਲੇਖਾ ਕਰੇ ਪਾਰ ਕਿਨਾਰਾ, ਅੱਗੇ ਅਪਣਾ ਮਾਰਗ ਲਾਈਆ । ਚਾਰ ਵਰਨ ਇਕ ਦੁਆਰਾ, ਚਾਰੋਂ ਕੁੰਟ ਦਏ ਵਖਾਈਆ । ਚਾਰੇ ਬਾਣੀ ਇਕ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਏਕਾ ਗਾਈਆ । ਚਾਰੇ ਯਾਰ ਇਕ ਹੁਲਾਰਾ, ਸਾਚੇ ਹੁਜਰੇ ਦਏ ਵਖਾਈਆ । ਚਾਰ ਯਾਰੀ ਪਾਰ ਕਿਨਾਰਾ, ਲੇਖਾ ਲੇਖੇ ਲਏ ਪਾਈਆ । ਲਹਿਣਾ ਦੇਣਾ ਮੁੱਕੇ ਗੁਰ ਅਵਤਾਰਾ, ਪੀਰ ਪੈਗ਼ੰਬਰ ਨਾ ਕੋਇ ਪੜ੍ਹਾਈਆ । ਨਿਉਂ ਨਿਉਂ ਸਾਰੇ ਕਰਨ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਚੌਦਾਂ ਤਬਕ ਦੇਣ ਦੁਹਾਈਆ । ਚੌਧਵੀਂ ਚੰਦ ਹੋਇਆ ਅੰਧਿਆਰਾ, ਚੌਦਸ ਰੂਪ ਨਾ ਕੋਇ ਵਖਾਈਆ । ਚੌਦਾਂ ਸਦੀਆਂ ਅੰਤ ਅੰਤ ਅਖਾੜਾ, ਏਕ ਅਲਫ਼ ਆਖਰ ਦਏ ਵਖਾਈਆ । ਯੇ ਦਿਸੇ ਨਾ ਕੋਇ ਕਿਨਾਰਾ, ਯੁਕਤੀ ਜੀਵਨ ਨਾ ਕੋਇ ਜਣਾਈਆ । ਅਲਫ਼ੀ ਆਰਫਾ ਮਿਲੇ ਇਕ ਸਹਾਰਾ, ਉਲਫਤ ਕੰਮ ਕਿਸੇ ਨਾ ਆਈਆ । ਨਾਨਕ ਨਿਰਗੁਣ ਕਹੇ ਪੁਕਾਰਾ, ਸਚਖੰਡ ਵਸੇ ਸਾਚਾ ਮਾਹੀਆ । ਮਹਾਬਲੀ ਉਤਰੇ ਆਪਣੀ ਧਾਰਾ, ਮਾਤ ਪਿਤ ਨਾ ਕੋਇ ਜਣਾਈਆ । ਸੋਹੰ ਬੋਲੇ ਸਾਚੀ ਧਾਰਾ, ਨਾਨਕ ਨਿਰਗੁਣ ਸਰਗੁਣ ਸਰਗੁਣ ਰਿਹਾ ਸਮਝਾਈਆ । ਗੁਰ ਗੋਬਿੰਦ ਅੰਤ ਬਣ ਲਿਖਾਰਾ, ਸੋਹੰ ਤੀਰ ਕਮਾਨ ਭੱਥਾ ਇਕ ਵਖਾਈਆ । ਕਰੇ ਖੇਲ ਆਪ ਕਰਤਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਸਤਿਜੁਗ ਵਰਤੇ ਸਚ ਵਰਤਾਰਾ, ਸਾਚੀ ਵਾਰਤਾ ਆਪ ਪਰਗਟਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿਖ ਈਸਾਈ ਪਾਰਸੀ ਲਾਵਣ ਇਕ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਖੁਆਰਾ, ਸੀਸ ਤਾਜ ਨਾ ਕੋਇ ਟਿਕਾਈਆ । ਪਰਗਟ ਹੋਇਆ ਇਕ ਨਿਰੰਕਾਰਾ, ਨਿਰਗੁਣ ਆਪਣਾ ਹੁਕਮ ਵਰਤਾਈਆ । ਠੋਕਰ ਮਾਰੇ ਦੋ ਜਹਾਨ ਤ੍ਰੈਭਵਣ ਧਨੀ ਆਪ ਕਰਤਾਰਾ, ਕਰਨੀ ਆਪਣੀ ਆਪ ਕਮਾਈਆ । ਸਚਖੰਡ ਦਾ ਸਚ ਦੁਆਰਾ, ਲੋਕਮਾਤ ਲਏ ਪਰਗਟਾਈਆ । ਛੱਤੀ ਯੁਗ ਦਾ ਕਰਜ਼ ਉਤਾਰਾ, ਛੱਤੀ ਛੱਤੀ ਪੰਧ ਮੁਕਾਈਆ । ਛੱਤੀ ਛੱਤੀ ਸਚ ਮੁਨਾਰਾ, ਮੁਨੀ ਰਿਖੀ ਦੇਣ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰਾ, ਨਿਉਂ ਨਿਉਂ ਚਰਨ ਧਿਆਨ ਲਗਾਈਆ । ਭਗਤ ਭਗਵੰਤ ਸੁਹਾਏ ਸਚ ਦੁਆਰਾ, ਬਹੱਤਰ ਸੱਤਰ ਚੌਹੱਤਰ ਮਿਲੇ ਵਡਿਆਈਆ । ਪੰਜ ਪੰਜ ਪੰਜ ਅਖਾੜਾ, ਪੰਚਮ ਦੇਵੇ ਸਰਬ ਮਿਟਾਈਆ । ਚਾਰ ਚਾਰ ਚਾਰ ਪਿਆਰਾ, ਚਾਰ ਚੌਕੜ ਚਾਰ ਵਰਨ ਚਾਰ ਕੁੰਟ ਚਾਰ ਜੁਗ ਚਾਰ ਵੇਦ ਚਾਰ ਖਾਣੀ ਚਾਰ ਬਾਣੀ ਚੌਥੇ ਘਰ ਆਪਣਾ ਬੰਧਨ ਪਾਈਆ । ਪੰਚਮ ਮੀਤਾ ਠਾਂਡਾ ਸੀਤਾ, ਅਚਰਜ ਰੀਤਾ ਪਤਿਤ ਪੁਨੀਤਾ, ਬਿਨ ਮੰਦਰ ਮਸੀਤਾ ਲੋਕਮਾਤ ਚਲਾਈਆ । ਦਰਸ ਕਰਾਏ ਗੁਰੂ ਅਨਡੀਠਾ, ਮਿੱਠਾ ਕਰੇ ਕਾਇਆ ਰੀਠਾ, ਨਿਰਗੁਣ ਸਰਗੁਣ ਵਸੇ ਚੀਤਾ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਮਨ ਮਨੂਆਂ ਸਤਿਗੁਰ ਜੀਤਾ, ਗੁਰਮੁਖ ਨਾਮ ਨਿਧਾਨ ਪੀਤਾ, ਤ੍ਰੈਗੁਣ ਤਪੇ ਨਾ ਤਤ ਅੰਗੀਠਾ, ਸਾਂਤਕ ਸਤਿ ਸਤਿ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੁੱਜ ਨਾ ਸਕੇ ਕੋਟਨ ਗੀਤਾ, ਗੁਰਮੁਖ ਮਿਲੇ ਵਡ ਵਡਿਆਈਆ ।

ਸ੍ਰੀ ਭਗਵਾਨ ਸਤਿ ਸਰੂਪ ਜਿਸ ਜਨ ਡੀਠਾ, ਤਿਸ ਦਾ ਜਸ ਛੱਤੀ ਰਾਗ ਨਾ ਸਕਣ ਗਾਈਆ । ਖਾਣੀ ਬਾਣੀ ਹੋਏ ਮੀਤਾ, ਜਿਸ ਮਿਲਿਆ ਪ੍ਰਭ ਸੱਚਾ ਮਾਹੀਆ । ਕਲਜੁਗ ਅੰਦਰ ਸਤਿਜੁਗ ਚਲਾਏ ਸਾਚੀ ਰੀਤਾ, ਰੀਤੀਵਾਨ ਫੇਰਾ ਪਾਈਆ । ਮੁਹੰਮਦ ਲੇਖਾ ਅੰਤਮ ਬੀਤਾ, ਗੋਬਿੰਦ ਲਹਿਣਾ ਰਿਹਾ ਚੁਕਾਈਆ । ਏਕਾ ਢਈਆ ਏਕਾ ਨੱਯਾ ਪੀਸਨ ਪੀਠਾ, ਏਕਾ ਸਈਆ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਸ਼ਬਦ ਗੁਰਦੇਵ ਨਮੋ ਆਦਿ ਆਦਿ ਸਤਿ ਸਤਿ ਸਤਿਵਾਦੀ ਇਕ ਜਣਾਈਆ । ਸਤਿ ਸਤਿ ਸਤਿਗੁਰ ਅਵਤਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਸਤਿ ਸਤਿ ਪੀਰ ਪੈਗ਼ੰਬਰ ਦਏ ਆਧਾਰ, ਦਸਤਗੀਰ ਆਪਣਾ ਬੰਧਨ ਪਾਇੰਦਾ । ਸਤਿ ਸਤਿ ਬੋਧ ਅਗਾਧ, ਸ਼ਬਦ ਜੈਕਾਰ ਨਾਮ ਨਿਧਾਨਾ ਆਪ ਸਮਝਾਇੰਦਾ । ਸਤਿ ਸਤਿ ਕਲਮਾ ਨਬੀ ਰਸੂਲ ਗਏ ਉਚਾਰ, ਆਪਣੀ ਕਲਾਮ ਆਪ ਪੜ੍ਹਾਇੰਦਾ । ਸਤਿ ਸਤਿ ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰ, ਅਸਤਿ ਹਰਿ ਕਾ ਰੂਪ ਨਜ਼ਰ ਨਾ ਆਇੰਦਾ । ਸਤਿ ਗੁਰਦੇਵ ਸਤਿ ਨਾਮ ਸਤਿ ਕਲਮਾ ਸਤਿ ਅਮਾਮ, ਸਤਿ ਕਾਇਨਾਤ ਆਪ ਪਰਗਟਾਇੰਦਾ । ਸਤਿ ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸਤਿ ਸੱਤ ਲੋਕ ਸਤਿ ਆਪ ਸੁਣਾਇੰਦਾ । ਸਤਿ ਦੇਵੇ ਇਕ ਗਿਆਨ, ਗਿਆਨ ਮੰਤਰ ਨਾਮ ਪਰਗਟਾਇੰਦਾ । ਸਤਿ ਨੂਰ ਏਕਾ ਭਾਨ, ਰਵ ਸਸ ਨੂਰ ਧਰਾਇੰਦਾ । ਸਤਿ ਇਕ ਹੁਕਮਰਾਨ, ਸਚ ਤਖ਼ਤ ਸੋਭਾ ਪਾਇੰਦਾ । ਸਤਿ ਸੰਦੇਸਾ ਧੁਰ ਫ਼ਰਮਾਣ, ਆਦਿ ਜੁਗਾਦਿ ਸੁਣਾਇੰਦਾ । ਸਤਿ ਹੁਕਮੇ ਅੰਦਰ ਪਾਵੇ ਆਣ, ਗੁਰ ਅਵਤਾਰ ਹੁਕਮ ਮਨਾਇੰਦਾ । ਸਤਿ ਰੂਪ ਸ੍ਰੀ ਭਗਵਾਨ, ਦੂਜਾ ਕੋਇ ਨਜ਼ਰ ਨਾ ਆਇੰਦਾ । ਸਤਿ ਵਸੇ ਸਚਖੰਡ ਸੱਚੇ ਮਕਾਨ, ਚਾਰ ਦੀਵਾਰੀ ਛੱਪਰ ਛੰਨ ਨਾ ਕੋਇ ਬਣਾਇੰਦਾ । ਸਤਿ ਧਾਰ ਸ਼ਬਦ ਮਹਾਨ, ਸਤਿ ਸੁਤ ਹਰਿ ਜੂ ਹਰਿ ਹਰਿ ਆਪ ਪਰਗਟਾਇੰਦਾ । ਸਤਿ ਕਰੇ ਸਤਿ ਕਲਿਆਣ, ਸਤਿ ਆਪਣਾ ਭੇਵ ਖੁਲ੍ਹਾਇੰਦਾ । ਸਤਿ ਖੇਲ ਵਿਸ਼ਨੂੰ ਭਗਵਾਨ, ਵਿਸ਼ਵ ਆਪਣੇ ਰੰਗ ਰੰਗਾਇੰਦਾ । ਕਲਜੁਗ ਲੇਖਾ ਚੁਕਾਏ ਆਣ, ਚੌਕੜ ਆਪਣੀ ਝੋਲੀ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨ, ਹਰਿ ਕੀ ਖੇਲ ਵਰਤਾਇੰਦਾ । ਜਿਸਦੀ ਦੱਸਦੇ ਗਏ ਪਹਿਚਾਨ, ਸੋ ਬੇਪਹਿਚਾਨ ਫੇਰਾ ਪਾਇੰਦਾ । ਗ਼ਰੀਬ ਨਿਮਾਣੇ ਕੋਝੇ ਕਮਲੇ ਪਕੜੇ ਆਣ, ਕਾਇਆ ਕਪੜਾ ਪੜਦਾ ਆਪ ਉਠਾਇੰਦਾ । ਰਾਤੀ ਸੁੱਤਿਆਂ ਘਰ ਘਰ ਦਏ ਗਿਆਨ, ਰਸਨਾ ਜਿਹਵਾ ਨਾ ਕੋਇ ਸਮਝਾਇੰਦਾ । ਗੁਰਸਿਖ ਸਤਿਗੁਰ ਗੁਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਆਤਮ ਪਰਮਾਤਮ ਏਕਾ ਨੈਣ ਵਖਾਣ, ਸੋਹੰ ਆਪਣੀ ਧਾਰ ਜਣਾਇੰਦਾ । ਬਿਨ ਮੇਲਿਆਂ ਮਿਲਿਆ ਆਣ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਪਣਾ ਨਾਉਂ ਰੱਖ ਵਿਸ਼ਨੂੰ ਭਗਵਾਨ, ਭਗਵਨ ਆਪਣੀ ਖੇਲ ਕਰਾਇੰਦਾ । ਜਿਸ ਦੇ ਕੋਲੋਂ ਸਾਰੇ ਮੰਗਦੇ ਰਹੇ ਦਾਨ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਬਿਨ ਗੁਰ ਨੇਤਰ ਕੋਈ ਨਾ ਕਰੇ ਪਛਾਣ, ਜਗਤ ਨੇਤਰ ਕੰਮ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਥੱਕਾ ਜੀਵ ਜਹਾਨ, ਜੀਵਨ ਜੁਗਤ ਨਾ ਕੋਇ ਸਮਝਾਇੰਦਾ । ਮਰ ਮਰ ਥੱਕਾ ਬਿਰਧ ਬਾਲ ਜੁਆਨ, ਬਿਨ ਸਤਿਗੁਰ ਪੂਰੇ ਮਰਨਾ ਕਿਸੇ ਨਾ ਆਇੰਦਾ । ਨਾਨਕ ਦੇ ਕੇ ਗਿਆ ਇਕ ਬਿਆਨ, ਬਿਆਨਾ ਹਰਿ ਕਾ ਨਾਮ ਲਿਖਾਇੰਦਾ । ਨਿਸ਼ਅੱਖਰ ਕੋਇ ਨਾ ਕਰੇ ਪਹਿਚਾਨ, ਪੈਂਤੀ ਅੱਖਰ ਜਗਤ ਵੰਡ ਵੰਡਾਇੰਦਾ । ਭਗਤ ਪੜ੍ਹਾਏ ਗੁਣ ਨਿਧਾਨ, ਸਾਚੀ ਸਿਖਿਆ ਆਪ ਸਮਝਾਇੰਦਾ । ਆਤਮ ਪਰਮਾਤਮ ਇਕ ਗਿਆਨ, ਆਖਰ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਜਗਤ ਜਹਾਨ, ਜੀਵਨ ਜੁਗਤ ਇਕ ਸਮਝਾਇੰਦਾ । ਕਾਇਆ ਮੰਦਰ ਸਚ ਮਕਾਨ, ਮਹਿਬੂਬ ਦਇਆ ਕਮਾਇੰਦਾ ।

ਏਕਾ ਨੂਰ ਕਰ ਮਹਾਨ, ਜ਼ਹੂਰ ਰੂਪ ਵਖਾਇੰਦਾ । ਸ਼ਾਹ ਗ਼ਫ਼ੂਰ ਵਡ ਸੁਲਤਾਨ, ਆਪਣੀ ਰਹਿਮਤ ਆਪ ਕਮਾਇੰਦਾ । ਆਸਾ ਪੂਰ ਮਿਹਰਵਾਨ, ਸਤਿਗੁਰ ਆਪਣੇ ਰੰਗ ਰੰਗਾਇੰਦਾ । ਆਏ ਨੇੜੇ ਦਿਸੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਕਲਜੁਗ ਅੰਤਮ ਗੁਰਮੁਖਾਂ ਬਖ਼ਸ਼ੇ ਜਨਮ ਜਨਮ ਦੇ ਜਗਤ ਕਸੂਰ, ਪਿਛਲਾ ਕਿੱਸਾ ਨਾ ਕੋਇ ਸੁਣਾਇੰਦਾ । ਦਰਸਨ ਦੇਵੇ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਰੂਪ ਵਟਾਇੰਦਾ । ਫੜ ਬੇੜਾ ਭਰਿਆ ਪੂਰ, ਗ਼ਰੀਬ ਨਿਮਾਣੇ ਉਪਰ ਚੜ੍ਹਾਇੰਦਾ । ਰਾਤੀਂ ਸੁੱਤਿਆਂ ਦਰਸਨ ਦਏ ਜ਼ਰੂਰ, ਗੁਰਸਿਖ ਜ਼ਰੂਰਤ ਪੂਰ ਕਰਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬਣ ਕੇ ਆਇਆ ਮਜ਼ਦੂਰ, ਭਗਤ ਦੁਆਰ ਆਪ ਬਣਾਇੰਦਾ । ਗੁਰਸਿਖਾਂ ਦੀ ਲੈ ਲੈ ਚਰਨ ਧੂੜ, ਸਚਖੰਡ ਦੁਆਰ ਰੰਗ ਰੰਗਾਇੰਦਾ । ਲੇਖੇ ਲਾਏ ਮੂਰਖ ਮੂੜ, ਜਗਤ ਵਿਦਿਆ ਮੋਹ ਚੁਕਾਇੰਦਾ । ਭਾਂਡਾ ਖਾਲੀ ਕਰੇ ਭਰਪੂਰ, ਗੁਰਸਿਖ ਦੂਜੇ ਦਰ ਨਾ ਮੰਗਣ ਜਾਇੰਦਾ । ਨਾਤਾ ਤੋੜੇ ਕੂੜੋ ਕੂੜ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ, ਕਲਜੁਗ ਅੰਤਮ ਮੇਲ ਮਿਲਾਇੰਦਾ । ਕਲਜੁਗ ਅੰਤਮ ਮਿਲਣਾ ਮੇਲਾ, ਸੋ ਪੁਰਖ ਨਿਰੰਜਣ ਆਪ ਜਣਾਇਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰ ਏਕਾ ਰੂਪ ਵਖਾਇਆ । ਆਤਮ ਪਰਮਾਤਮ ਸੱਜਣ ਸੁਹੇਲਾ, ਬ੍ਰਹਮ ਪਾਰਬ੍ਰਹਮ ਬੰਧਨ ਪਾਇੰਦਾ । ਜੁਗ ਚੌਕੜੀ ਜੋ ਵਸਦਾ ਰਿਹਾ ਨਵੇਲਾ, ਨਿਰਗੁਣ ਆਪਣਾ ਆਸਣ ਲਾਇਆ । ਕਲਜੁਗ ਅੰਤ ਸੁਹਾਏ ਸਾਚਾ ਵੇਲਾ, ਸੰਬਲ ਖੇੜਾ ਦਏ ਵਸਾਇਆ । ਜਨ ਭਗਤਾਂ ਧਰਮ ਰਾਏ ਦੀ ਕੱਟੇ ਜੇਲਾ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਤ ਲਏ ਤਰਾਇਆ । ਹਰਿਜਨ ਤਾਰੇ ਅੰਤ ਆਪ, ਪ੍ਰਭ ਆਪਣਾ ਦਇਆ ਕਮਾਈਆ । ਸੋਹੰ ਜਪਾਏ ਸਾਚਾ ਜਾਪ, ਜਪਤ ਜਪਤ ਜੀਵ ਸੁਖ ਪਾਈਆ । ਪਾਰਬ੍ਰਹਮ ਪ੍ਰਭ ਬਣੇ ਮਾਈ ਬਾਪ, ਗੁਰਸਿਖ ਆਪਣੀ ਗੋਦ ਉਠਾਈਆ । ਤ੍ਰੈਗੁਣ ਨਾਤਾ ਤੋੜੇ ਤੀਨੋ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਜਨਮ ਕਰਮ ਦਾ ਮੇਟੇ ਪਾਪ, ਕਰਮ ਕਾਂਡ ਨਾ ਕੋਇ ਰਖਾਈਆ । ਇਕ ਇਕ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਈਆ । ਚਾਰ ਵਰਨ ਬਣਾਏ ਸਾਚੀ ਜ਼ਾਤ, ਅਠਾਰਾਂ ਬਰਨ ਨਾ ਕਰੇ ਲੜਾਈਆ । ਮਨਮਤ ਕੱਢੇ ਨਾਰ ਕਮਜ਼ਾਤ, ਕੁਲੱਖਣੀ ਗੁਰ ਘਰ ਰਹਿਣ ਨਾ ਪਾਈਆ । ਮਨ ਮਨੂਆਂ ਦਹਿ ਦਿਸ਼ਾ ਨਾ ਮਾਰੇ ਝਾਤ, ਪੰਖੀ ਉਠ ਨਾ ਨੱਠ ਨੱਠ ਜਾਈਆ । ਕਾਇਆ ਕਵਰੀ ਡੂੰਘੀ ਭਵਰੀ ਮੇਟੇ ਅੰਧੇਰੀ ਰਾਤ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਨਹਦ ਸੁਣਾਏ ਆਪਣੀ ਗਾਥ, ਪੰਚਮ ਮਿਲ ਮਿਲ ਮੰਗਲ ਇਕ ਅਲਾਈਆ । ਸਾਚੀ ਸਖ਼ੀ ਹਰਿ ਜੂ ਕਾਹਨ, ਪੁਛੇ ਵਾਤ, ਨਾਮ ਬੰਸਰੀ ਇਕ ਵਜਾਈਆ । ਸਾਚੇ ਪਤਣ ਆਵੇ ਘਾਟ, ਜਮਨਾ ਮਥਰਾ ਗੋਕਲ ਬਿੰਦਰਾਬਨ ਏਕਾ ਘਰ ਵਖਾਈਆ । ਏਕਾ ਮੰਡਲ ਪਾਏ ਰਾਸ, ਏਕਾ ਨਾਚ ਨਚਾਈਆ । ਇਕ ਬੁਝਾਏ ਜਨਮ ਜਨਮ ਦੀ ਲੱਗੀ ਪਿਆਸ, ਤ੍ਰਿਸਨਾ ਰੋਗ ਗਵਾਈਆ । ਏਕਾ ਰਾਮ ਪੂਰੀ ਕਰੇ ਆਸ, ਸੀਤਾ ਸੁਰਤੀ ਲਏ ਪਰਣਾਈਆ । ਏਕਾ ਰਾਮ ਕੱਟੇ ਬਨਬਾਸ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਏਕਾ ਰਾਮ ਘਟ ਘਟ ਕਰ ਪਰਕਾਸ਼, ਨੂਰੋ ਨੂਰ ਰਿਹਾ ਧਰਾਈਆ । ਏਕਾ ਰਾਮ ਆਪਣੀ ਪੂਰੀ ਕਰੇ ਆਪੇ ਆਸ, ਆਪ ਆਪਣਾ ਰਿਹਾ ਛੁਪਾਈਆ । ਏਕਾ ਸਤਿਗੁਰ ਹੋਏ ਦਾਸ, ਨਾਨਕ ਨਿਰਗੁਣ ਗਿਆ ਸਮਝਾਈਆ । ਏਕਾ ਪੁਰਖ ਪੁਰਖ ਅਬਿਨਾਸ਼, ਅਬਿਨਾਸ਼ੀ ਏਕਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ

ਵਰ, ਸ਼ਬਦ ਮਿਲਾਵਾ ਸਾਚੇ ਘਰ, ਪਿਤਾ ਪੂਤ ਹੋਏ ਕੁੜਮਾਈਆ । ਪਿਤਾ ਪੂਤ ਏਕਾ ਘਰ ਵਸੇਰਾ, ਹਰਿ ਗੋਬਿੰਦ ਲੇਖ ਚੁਕਾਇੰਦਾ । ਤਤਵ ਤਤ ਵਸੇ ਖੇੜਾ, ਖਿੜਕੀ ਕੁੰਡੀ ਆਪੇ ਲਾਹਿੰਦਾ । ਨਿਰਗੁਣ ਸਰਗੁਣ ਮੁੱਕੇ ਝੇੜਾ, ਘਰ ਘਰ ਵਿਚ ਮੇਲ ਮਿਲਾਇੰਦਾ । ਕਰਨੀ ਕਰਤਾ ਕਰੇ ਖੁਲ੍ਹਾ ਵੇਹੜਾ, ਬੰਦ ਕਿਵਾੜ ਨਾ ਕੋਇ ਵਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰਦਾ ਰਿਹਾ ਹੇਰਾ ਫੇਰਾ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਜਿਸ ਜਨ ਉਪਰ ਆਪਣੀ ਕਰੀ ਮਿਹਰਾ, ਕਰ ਮਿਹਰ ਨਜ਼ਰ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਨਿਰਗੁਣ ਰੂਪ ਸਿੰਘ ਸ਼ੇਰਾ, ਪੁਰਖ ਅਕਾਲ ਆਪਣੀ ਭਬਕ ਲਗਾਇੰਦਾ । ਦੋ ਜਹਾਨਾਂ ਪਾਏ ਘੇਰਾ, ਸ਼ਬਦੀ ਡੋਰ ਹੱਥ ਉਠਾਇੰਦਾ । ਅੰਤਮ ਕਰੇ ਹੱਕ ਨਿਬੇੜਾ, ਹੱਕ ਹਕ਼ੀਕਤ ਵੇਖ ਵਖਾਇੰਦਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨ ਲਾ ਲਾ ਬੈਠੇ ਡੇਰਾ, ਅੰਤ ਕੋਈ ਨਾ ਆਇੰਦਾ । ਜੇ ਕੋਈ ਪੁੱਛੇ ਕਿਹੜਾ ਕੇਹੜਾ, ਕੋਟਨ ਕੋਟ ਰਾਮ ਕ੍ਰਿਸ਼ਨ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਰੂਪ ਧਰਾਇੰਦਾ । ਮਾਤਲੋਕ ਪਾਰਬ੍ਰਹਮ ਦਾ ਨਿੱਕਾ ਖੇੜਾ, ਨਿੱਕੇ ਨਿੱਕੇ ਬਾਲ ਸੇਵਾ ਲਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਪਿਛੋਂ ਆਪਣਾ ਮਾਰੇ ਫੇਰਾ, ਫੇਰੀ ਸਭ ਦੀ ਆਪ ਮੁਕਾਇੰਦਾ । ਨਿਰਗੁਣ ਨਿਰਵੈਰ ਅਜੂਨੀ ਰਹਿਤ ਇਕ ਦਲੇਰਾ, ਬਿਨ ਭਗਤਾਂ ਆਪਣੀ ਦਲੇਰੀ ਨਾ ਕਿਸੇ ਵਖਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਢਾਹਿਆ ਡੇਰਾ, ਢਾਹ ਢਾਹ ਖ਼ਾਕ ਮਿਲਾਇੰਦਾ । ਜੋ ਜਨ ਦਰਸਨ ਦਰ ਤੇ ਕਰਕੇ ਜਾਏ ਇਕ ਵੇਰਾ, ਲੱਖ ਚੁਰਾਸੀ ਵਿਚ ਨਾ ਆਇੰਦਾ । ਮਾਤ ਗਰਭ ਨਾ ਪਾਏ ਫੇਰਾ, ਉਲਟਾ ਰੁਖ ਨਾ ਮੁਖ ਲਟਕਾਇੰਦਾ । ਤਤਵ ਤਤ ਚੁਕਾਏ ਝੇੜਾ, ਝੰਝਟ ਹੋਰ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਚੁਕਾਏ ਡਰ, ਤੇਰਾ ਸੰਸਾ ਸਰਬ ਮਿਟਾਇੰਦਾ । ਪਿਛੇ ਡਰ ਗੁਰ ਅਵਤਰ, ਚਾਰ ਜੁਗ ਜੀਵ ਜੰਤ ਧਿਆਨ ਲਗਾਇੰਦਾ । ਕੋਇ ਰਾਮ ਕ੍ਰਿਸ਼ਨ ਧਿਆਨ ਰਿਹਾ ਧਰ, ਕੋਇ ਪੱਥਰ ਪਾਹਨ ਪੂਜ ਪੁਜਾਇੰਦਾ । ਕੋਇ ਵਿਸ਼ਨ ਬ੍ਰਹਮਾ ਸ਼ਿਵ ਮੰਗੇ ਵਰ, ਕੋਇ ਕਰੋੜ ਤੇਤੀਸਾ ਸੀਸ ਨਿਵਾਇੰਦਾ । ਕੋਇ ਤੇਈ ਅਵਤਾਰ ਲੜ ਰਿਹਾ ਫੜ, ਫੜ ਪੱਲੂ ਗੰਢ ਪੁਆਇੰਦਾ । ਕੋਈ ਕਹੇ ਈਸਾ ਮੂਸਾ ਦਰਗਹਿ ਲਾਉਣ ਜੜ੍ਹ, ਮੁਕਾਮੇ ਹੱਕ ਡੇਰਾ ਲਾਇੰਦਾ । ਕੋਈ ਕਹੇ ਮੁਹੰਮਦ ਸਾਚੇ ਘਰ ਬੈਠਾ ਚੜ੍ਹ, ਮੁਰੀਦ ਮੁਰਸ਼ਦ ਨਾਲ ਰਲਾਇੰਦਾ । ਕੋਈ ਕਹੇ ਨਾਨਕ ਨਿਰਗੁਣ ਨਿਰੰਕਾਰ ਅੰਦਰ ਲਿਆ ਫੜ, ਪੰਜ ਤਤ ਆਪਣਾ ਰੰਗ ਰੰਗਾਇੰਦਾ । ਕੋਈ ਕਹੇ ਗੁਰ ਗੋਬਿੰਦ ਘਾੜਨ ਲਿਆ ਘੜ, ਘਾੜਤ ਘੜਤ ਵੇਖ ਵਖਾਇੰਦਾ । ਪੁਰਖ ਅਕਾਲ ਕਹੇ ਮੈਂ ਆਪਣੀ ਕਰਨੀ ਰਿਹਾ ਕਰ, ਮੇਰਾ ਭੇਵ ਕੋਇ ਨਾ ਪਾਇੰਦਾ । ਬਿਨ ਨਾਨਕ ਕਬੀਰ ਕੋਈ ਨਾ ਪੁੱਜਾ ਸਚਖੰਡ ਦਰ, ਮੇਰੇ ਚਰਨਾਂ ਸੀਸ ਨਾ ਕੋਇ ਟਿਕਾਇੰਦਾ । ਦੂਰ ਦੁਰਾਡੇ ਸਾਰੇ ਰਹੇ ਡਰ, ਨੇਤਰ ਨੈਣ ਨਾ ਕੋਇ ਉਠਾਇੰਦਾ । ਕਲਜੁਗ ਅੰਤਮ ਆਪਣੀ ਕਿਰਪਾ ਦਿਤੀ ਕਰ, ਨਿਰਗੁਣ ਆਪਣਾ ਰੂਪ ਧਰਾਇੰਦਾ । ਗੁਰਸਿਖ ਸੱਜਣ ਲਏ ਫੜ, ਫੜ ਬਾਂਹੋਂ ਗਲੇ ਮਿਲਾਇੰਦਾ । ਸਤਿਜੁਗ ਸਾਚਾ ਮਾਰਗ ਧਰ, ਧਰਨੀ ਧਰਤ ਧਵਲ ਦੁੱਖ ਵੰਡਾਇੰਦਾ । ਉਚੇ ਟਿੱਲੇ ਪਰਬਤ ਸਮੁੰਦ ਸਾਗਰ ਚੁਕੇ ਡਰ, ਜਲ ਥਲ ਮਹੀਅਲ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਲੇਖਾ ਜਾਣੇ ਨਾਰੀ ਨਰ, ਨਰਪਤ ਆਪਣੀ ਕਾਰ ਕਮਾਇੰਦਾ । ਸਤਿਜੁਗ ਸਾਚੇ ਦੇਵੇ ਵਰ, ਸੰਤ ਸੁਹੇਲੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੁਤ ਦੁਲਾਰੇ ਤੇਰਾ ਵਸਿਆ ਇਕ ਘਰ, ਹਰਿ ਖੇੜਾ ਆਪ ਵਸਾਇੰਦਾ ।

੫੭੦
੧੨

ਵਸੇ ਖੇੜਾ ਇਕ ਨਜ਼ਦੀਕ, ਨਜ਼ਰ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਲਾਸ਼ਰੀਕ, ਸ਼ਿਰਕਤ ਹੋਰ ਨਾ ਕੋਇ ਵਧਾਈਆ । ਮਾਰਗ ਦੱਸਿਆ ਇਕ ਬਾਰੀਕ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਿਹਾ ਸਮਝਾਈਆ । ਜਗਤ ਅੰਧੇਰਾ ਮੇਟੇ ਤਾਰੀਕ, ਚੰਦ ਚਾਂਦਨਾ ਨਾਮ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਪਰਗਟ ਹੋਇਆ ਠੀਕ, ਠੀਕਰ ਸਭ ਦਾ ਦਏ ਭੰਨਾਈਆ । ਗੁਰਮੁਖ ਵਿਰਲਾ ਮਾਨਸ ਜਨਮ ਜਾਏ ਜੀਤ, ਜਿਸ ਮਿਲੀ ਹਰਿ ਸਰਨਾਈਆ । ਸੋਹੰ ਢੋਲਾ ਗਾਏ ਗੀਤ, ਆਤਮ ਪਰਮਾਤਮ ਇਕ ਪੜ੍ਹਾਈਆ । ਨਾਤਾ ਤੁਟੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਵੇਖਣ ਕੋਇ ਨਾ ਜਾਈਆ । ਕਾਇਆ ਮੰਦਰ ਅੰਦਰ ਮਿਲੇ ਅਤੀਤ, ਘਰ ਬੈਠਾ ਆਸਣ ਲਾਈਆ । ਗੁਰਸਿਖ ਤੇਰੇ ਮਿਲਣ ਦੀ ਰੱਖੇ ਇਕ ਪ੍ਰੀਤ, ਪ੍ਰਭ ਸੱਚਾ ਸਚ ਗੁਸਾਈਆ । ਨਿਤ ਨਵਿਤ ਕਰੇ ਉਡੀਕ, ਘੜੀ ਪੱਲ ਥਿਤ ਵਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦ ਲਹਿਣਾ ਦਏ ਮੁਕਾਈਆ । ਸ਼ਬਦ ਗੁਰ ਤੇਰਾ ਸਾਚਾ ਲਹਿਣਾ, ਹਰਿ ਲੋਕਮਾਤ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਾਇਆ ਗਹਿਣਾ, ਪੰਜ ਤਤ ਕਾਇਆ ਚੋਲਾ ਰੰਗ ਰੰਗਾਇੰਦਾ । ਅੰਤਮ ਭਾਣਾ ਪਿਆ ਸਹਿਣਾ, ਸਹਿ ਸਹਿ ਸ਼ੁਕਰ ਸਰਬ ਮਨਾਇੰਦਾ । ਵੇਖਿਆ ਖੇਲ ਨੇਤਰ ਨੈਣਾਂ, ਨੈਣ ਨੈਣ ਨੈਣ ਉਠਾਇੰਦਾ । ਅੰਤਮ ਮੰਨਣਾ ਪਏ ਸਭ ਨੂੰ ਕਹਿਣਾ, ਪੁਰਖ ਅਬਿਨਾਸ਼ੀ ਹੁਕਮ ਜਣਾਇੰਦਾ । ਵਰਨ ਬਰਨ ਜ਼ਾਤ ਪਾਤ ਸ੍ਰਿਸ਼ਟ ਸਬਾਈ ਖਾਏ ਬਣ ਬਣ ਡੈਣਾ, ਸਾਚਾ ਰੰਗ ਨਾ ਕੋਇ ਰੰਗਾਇੰਦਾ । ਆਤਮ ਪਰਮਾਤਮ ਨਾਤਾ ਜੋੜ ਗੁਰਮੁਖ ਗੁਰਸਿਖ ਬਣਨਾ ਭਾਈ ਭੈਣਾ, ਭੈਣ ਭਈਆ ਫੜਾਏ ਬਹੀਆ, ਸਾਚਾ ਸਈਆ ਸਿਰ ਆਪਣਾ ਹੱਥ ਰਖਾਇੰਦਾ । ਧਰਮ ਰਾਏ ਨਾ ਕੱਢੇ ਵਈਆ, ਚਿਤਰ ਗੁਪਤ ਨਾ ਲੇਖ ਲਿਖਈਆ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਪੌੜੇ ਆਪ ਚੜ੍ਹਾਇੰਦਾ । ਸਤਿਜੁਗ ਸਾਚਾ ਇਕੋ ਪੌੜਾ, ਪੌੜੀ ਹੋਰ ਨਾ ਕੋਇ ਲਗਾਈਆ । ਲੇਖਾ ਜਾਣੇ ਬ੍ਰਹਿਮਣ ਗੌੜਾ, ਗਉੜੀ ਰਾਗ ਨਾ ਸਕੇ ਸਮਝਾਈਆ । ਛੱਤੀ ਰਾਗ ਨੇੜ ਨਾ ਬਹੁੜਾ, ਬਹੁੜੀ ਬਹੁੜੀ ਕਰੇ ਦੁਹਾਈਆ । ਸਾਹਿਬ ਸਤਿਗੁਰ ਜਿਸ ਜਨ ਬਹੁੜਾ, ਲੱਗੀ ਔੜ ਦਏ ਬੁਝਾਈਆ । ਫਲ ਮਿੱਠਾ ਕਰੇ ਕੌੜਾ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਖੁਲਾਸਾ ਪੁਰਖ ਅਬਿਨਾਸ਼ਾ ਖਾਲਕ ਖਲਕ ਦਏ ਸਮਝਾਈਆ । ਖ਼ਾਲਕ ਖ਼ਲਕ ਆਲਮੀਨ, ਆਲਮ ਉਲਮਾ ਆਪ ਪੜ੍ਹਾਇੰਦਾ । ਨਬੀ ਰਸੂਲਾਂ ਦੇ ਯਕੀਨ, ਸਾਚਾ ਜੁਮਲਾ ਇਕ ਸਿਖਾਇੰਦਾ । ਏਕਾ ਤਸਬੀ ਦੇ ਤਸਕੀਨ, ਤਾਲਬ ਤੁਲਬਾ ਆਪ ਕਮਾਇੰਦਾ । ਏਕਾ ਕਰ ਕੇ ਗਿਆ ਤਲਕੀਨ, ਤੁਅੱਲਕ ਹੋਰ ਨਾ ਕੋਇ ਵਧਾਇੰਦਾ । ਖ਼ੁਦਾਵੰਦ ਨਾ ਹੋਏ ਗ਼ਮਗੀਨ, ਗ਼ਫ਼ਲਤ ਵਿਚ ਨਾ ਕੋਇ ਰਖਾਇੰਦਾ । ਏਕਾ ਅਲਫ਼ ਕਰੇ ਤਰਮੀਮ, ਐਨ ਅੱਖ ਨਾ ਕੋਇ ਵਖਾਇੰਦਾ । ਯੇ ਯੁਕਤੀ ਖਿਚ ਨਾ ਸਕੇ ਹਰਿ ਕਾ ਸੀਨ, ਸਾਬਤ ਸੂਰਤ ਨਾ ਕੋਇ ਧਰਾਇੰਦਾ । ਪਰਵਰਦਿਗਾਰ ਬਣਿਆ ਰਹੇ ਨਾਬੀਨ, ਨਾਬੀਨਾ ਅੱਖ ਨਾ ਕੋਇ ਖੁਲ੍ਹਾਇੰਦਾ । ਮਿਹਬਾਨ ਬੀਦੋ ਪੇਹਰਵਾਨ ਬੀ ਖੈਰ ਯਾ ਅੱਲਾ ਆਲਮੀਨ, ਆਪਣੀ ਖੇਲ ਆਪ ਕਰਾਇੰਦਾ । ਆਪੇ ਹੋਇਆ ਵਡ ਹੁਸੀਨ, ਹੁਸਨ ਆਪਣਾ ਆਪ ਪਰਗਟਾਇੰਦਾ । ਜਲਵਾ ਤਕੇ ਨਾ ਕੋਇ ਨਸੀਮ, ਨਸੀਹਤ ਆਪਣੀ ਨਾ ਕਿਸੇ ਜਣਾਇੰਦਾ । ਗਹਿਰ ਗੰਭੀਰ ਗ਼ਨੀ ਗ਼ਨੀਮ, ਗੁਰਬਤ ਆਪਣੇ ਵਿਚ ਛੁਪਾਇੰਦਾ । ਪਰਦਾਨਸ਼ੀਂ ਬੇਨਗੀਂ, ਨਿਗਹ ਨੈਣ ਨਾ ਕੋਇ ਉਠਾਇੰਦਾ । ਨਾ ਕੋਈ ਮਜ਼੍ਹਬ


੫੭੧
੧੨

ਨਾ ਕੋਇ ਦੀਨ, ਸ਼ਰਅ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਬਕਤਰ ਨਾ ਕੋਈ ਜ਼ੀਨ, ਤਨ ਸੰਗ ਨਾ ਕੋਇ ਵਖਾਇੰਦਾ । ਸ਼ਾਹ ਸੁਆਰਾ ਨਾ ਕੋਇ ਅਜ਼ੀਮ, ਅਜ਼ਮਤ ਆਪਣੀ ਨਾ ਕੋਇ ਵਡਿਆਇੰਦਾ । ਬੇਗ਼ਮ ਕੋਇ ਨਾ ਹੋਏ ਅਧੀਨ, ਬੇ ਗ਼ਮ ਗ਼ਮਖ਼ਾਰ ਆਪ ਹੋ ਜਾਇੰਦਾ । ਮੁਹੰਮਦ ਕੀ ਕਰੇ ਵਿਚਾਰ ਮਸਕੀਨ, ਹਰਿ ਮਸਖ਼ਰਾ ਏਕਾ ਖੇਲ ਕਰਾਇੰਦਾ । ਚੌਦਾਂ ਲੋਕ ਤੜਫੇ ਜਿਉਂ ਜਲ ਮੀਨ, ਚੌਦਾਂ ਤਬਕ ਧੀਰ ਨਾ ਕੋਇ ਧਰਾਇੰਦਾ । ਅੰਤਰ ਅੰਤਰ ਪਰਵਰਦਿਗਾਰ ਤੇਰਾ ਕਲਮਾ ਰਿਹਾ ਚੀਨ, ਚਿਨ੍ਹ ਨਜ਼ਰ ਕੋਇ ਨਾ ਆਇੰਦਾ । ਮਹਿਬੂਬ ਤੇਰਾ ਅਧੀਨ, ਮੈਖਾਨਾ ਜਗਤ ਮੋਹੇ ਨਾ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੁਤ ਦੁਲਾਰੇ ਆਪ ਵਖਾਇੰਦਾ । ਸੁਤ ਦੁਲਾਰੇ ਵੇਖ ਮੇਰਾ ਹਾਲ, ਹਰਿ ਜੂ ਹਰਿ ਹਰਿ ਰਿਹਾ ਜਣਾਈਆ । ਗੁਰ ਅਵਤਾਰ ਹੋਏ ਬੇਹਾਲ, ਬੈਠੇ ਸੀਸ ਝੁਕਾਈਆ । ਨੇਤਰ ਰੋਵੇ ਮਹਾਕਾਲ, ਕੂਕ ਕੂਕ ਦਏ ਦੁਹਾਈਆ । ਵਿਸ਼ਨ ਬ੍ਰਹਮੇ ਸ਼ਿਵ ਆਇਆ ਜ਼ਵਾਲ, ਲੇਖਾ ਸਭ ਦਾ ਰਿਹਾ ਮੁਕਾਈਆ । ਨਾ ਕੋਈ ਖੰਡਾ ਨਾ ਕੋਈ ਢਾਲ, ਤੀਰ ਤਲਵਾਰ ਨਾ ਹੱਥ ਉਠਾਈਆ । ਪੰਜ ਤਤਾ ਨਾ ਕੋਇ ਨਿਸ਼ਾਨ, ਗੁਰੂ ਪੀਰ ਨਾ ਵੰਡ ਵੰਡਾਈਆ । ਮੁਕਾਮੇ ਹੱਕ ਇਕ ਜਲਾਲ, ਨੂਰ ਨੂਰ ਰੁਸ਼ਨਾਈਆ । ਸਚਖੰਡ ਇਕ ਮਕਾਨ, ਸੰਬਲ ਡੇਰਾ ਲਾਈਆ । ਬਣ ਪੈਗ਼ੰਬਰ ਵਡ ਅਮਾਮ, ਇਬਨੁਲਵਕਤ ਵੇਖ ਵਖਾਈਆ । ਮੁਸ਼ਕਲ ਹੋਈ ਵਿਚ ਜਹਾਨ, ਮਸ਼ਵਰਾ ਸਭ ਦਾ ਰਿਹਾ ਭੁਲਾਈਆ । ਮੁੱਲਾਂ ਸ਼ੇਖ਼ ਮੁਸਾਇਕ ਕੂਕਣ ਵਿਚ ਕਬਰਸਤਾਨ, ਕੂਕ ਕੂਕ ਦੇਣ ਦੁਹਾਈਆ । ਜਿਸ ਦਾ ਕਿਸੇ ਨਾ ਮਿਲਿਆ ਕੋਇ ਨਿਸ਼ਾਨ, ਅੰਜੀਲ ਕੁਰਾਨ ਕਰੇ ਪੜ੍ਹਾਈਆ । ਸੋ ਸਾਹਿਬ ਸੁਲਤਾਨ ਪਰਗਟ ਹੋਇਆ ਵਿਚ ਜਹਾਨ, ਸ਼ੁਬਾ ਸਭ ਦਾ ਦਏ ਮਿਟਾਈਆ । ਅੰਦਰ ਬਾਹਰ ਵੇਖੇ ਮਾਰ ਧਿਆਨ, ਸੰਜੀਦਗੀ ਸਭ ਦੀ ਦਏ ਕਢਾਈਆ । ਦੀਦ ਈਦ ਏਕਾ ਚੰਦ ਨਜ਼ਰੀ ਆਏ ਭਾਨ, ਭੂਮਕਾ ਮਿਲੇ ਮਾਣ ਵਡਿਆਈਆ । ਅੰਜੀਲ ਕੁਰਾਨ ਨਿਉਂ ਨਿਉਂ ਕਰੇ ਸਲਾਮ, ਤੀਸ ਬਤੀਸ ਕੰਮ ਕਿਸੇ ਨਾ ਆਈਆ । ਅੱਲਾ ਰਾਣੀ ਨੈਣ ਸ਼ਰਮਾਨ, ਮੁਖ ਘੁੰਗਟ ਰਹੀ ਪਾਈਆ । ਮੇਰਾ ਜੋਬਨ ਲੁੱਟਿਆ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਕਾਗਦ ਕਲਮ ਬੜੀ ਸ਼ੈਤਾਨ, ਸ਼ਰਅ ਜਗਤ ਵੰਡ ਵੰਡਾਈਆ । ਮੈਂ ਭੁੱਲੀ ਬਣ ਅਵਾਣ, ਬਾਲੀ ਬੁਧ ਕੰਮ ਕਿਸੇ ਨਾ ਆਈਆ । ਤੂੰ ਮੀਆਂ ਵਡ ਸੁਲਤਾਨ, ਰਹਿਮਤ ਤੇਰੀ ਮੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਲਏ ਫੜ, ਫੜ ਅੱਖੀਂ ਦਏ ਵਖਾਈਆ । ਅੱਖੀਂ ਵੇਖ ਛੋਟੇ ਪੁੱਤ, ਹਰਿ ਕੀ ਕੀ ਖੇਲ ਰਚਾਇੰਦਾ । ਬਾਰਾਂ ਮਾਸ ਨਾ ਕੋਇ ਰੁੱਤ, ਛੇ ਰੁਤੀ ਨਾ ਵੰਡ ਵੰਡਾਇੰਦਾ । ਜੋਤਸ਼ ਭਵਿਖਤ ਨਾ ਕਿਸੇ ਕੋਲੋਂ ਲਏ ਪੁੱਛ, ਪੁੱਛਣ ਘਰ ਕੋਇ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਬੂਟਾ ਆਪਣੀ ਹੱਥੀ ਦਏ ਪੁੱਟ, ਜੜ ਆਪੇ ਆਪ ਉਖੜਾਇੰਦਾ । ਭਗਤ ਭਗਵੰਤ ਗੁਰਮੁਖ ਗੁਰ ਗੁਰ ਗੋਦੀ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਇੰਦਾ । ਕਲਜੁਗ ਅੰਤਮ ਖੇਲ ਅਧਭੁਤ, ਪੰਜ ਭੂਤਕ ਰੂਪ ਨਾ ਕੋਇ ਧਰਾਇੰਦਾ । ਪਰਗਟ ਹੋ ਅਬਿਨਾਸ਼ੀ ਅਚੁੱਤ, ਚੇਤਨ ਸਭ ਦੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕ ਇਕੱਲਾ ਏਕੰਕਾਰ ਹਰਿ ਕਰਤਾਰ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਚਰਨ ਕਵਲ ਉਪਰ ਧਵਲ ਭਗਤ ਦੁਆਰਾ ਖੇਲ ਅਪਾਰਾ ਅਪਰੰਪਰ ਆਪ ਕਰਾਇੰਦਾ । ਸੁਤ ਸ਼ਬਦ ਵੇਖ ਮਾਰ ਧਿਆਨ, ਹਰਿ ਧਰਨੀ ਧਰਤ ਧਵਲ ਦਏ ਵਡਿਆਈਆ ।


੫੭੨ ੧੨

ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਪਰਗਟਾਈਆ । ਜਿਸ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਬਿਨਾਸ਼ੀ ਸਾਰੇ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਜਿਸ ਗ੍ਰਿਹਿ ਵਿਸ਼ਨ ਬ੍ਰਹਮਾ ਸ਼ਿਵ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਨਿਉਂ ਨਿਉਂ ਕਰਨ ਸਲਾਮ, ਸਯਦਾ ਬਰਦਾ ਸੀਸ ਝੁਕਾਈਆ । ਸੋ ਬੇਪਰਦਾ ਹੋਇਆ ਆਪ ਭਗਵਾਨ, ਆਪਣਾ ਪਰਦਾ ਦਏ ਉਠਾਈਆ । ਸਚਖੰਡ ਦੁਆਰਾ ਸਚ ਮੁਨਾਰਾ ਵਿਚ ਸੰਸਾਰਾ ਅਗੰਮ ਅਪਾਰਾ ਆਪ ਬਣਾਏ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਦੋ ਜਹਾਨਾਂ ਦੇਵੇ ਪੈਗ਼ਾਮ, ਸਚ ਸੰਦੇਸਾ ਇਕ ਸੁਣਾਈਆ । ਸਰਬ ਜੀਆਂ ਦਾ ਸਾਚਾ ਰਾਮ, ਕਾਹਨਾ ਕ੍ਰਿਸ਼ਨਾ ਨਜ਼ਰੀ ਆਈਆ । ਉਮਤ ਨਬੀ ਰਸੂਲ ਇਕ ਅਮਾਮ, ਕਲਮਾ ਕਾਤਬ ਦਏ ਸਮਝਾਈਆ । ਨਾਨਕ ਗੋਬਿੰਦ ਇਕ ਜਮਾਤ, ਚਾਰ ਵਰਨ ਵਰਨ ਪੜ੍ਹਾਈਆ । ਸਤਿਜੁਗ ਸਾਚੇ ਸਾਚੀ ਦਾਤ, ਸਤਿ ਪੁਰਖ ਨਿਰੰਜਣ ਆਪ ਵਰਤਾਈਆ । ਸੋਹੰ ਢੋਲਾ ਗਾਓ ਗਾਥ, ਗੋਬਿੰਦ ਮੇਲਾ ਸਹਿਜ ਸੁਭਾਈਆ । ਨਾਨਕ ਨਿਰਗੁਣ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਬੀਸ ਇਕੀਸਾ ਹਰਿ ਜਗਦੀਸਾ ਏਕਾ ਨੂਰ ਕਰੇ ਪਰਕਾਸ਼, ਪੰਜ ਤਤ ਲਹਿਣਾ ਦਏ ਮੁਕਾਈਆ । ਗੁਰਮੁਖ ਗੁਰਸਿਖ ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੁਰੂ ਗੁਰ ਚੇਲੇ, ਗੁਰ ਸ਼ਬਦ ਮਿਲਾਵਾ ਏਕਾ ਘਰ ਕਰਾਈਆ । ਸ਼ਬਦ ਸੁਤ ਤੇਰਾ ਸੱਚਾ ਮੇਲਾ, ਹਰਿ ਮਿਲਣੀ ਮੇਲ ਕਰਾਇੰਦਾ । ਆਦਿ ਨਿਰੰਜਣ ਚਾੜ੍ਹੇ ਤੇਲਾ, ਜੋਤ ਨਿਰੰਜਣ ਸੰਗ ਵਖਾਇੰਦਾ । ਕਲਜੁਗ ਅੰਤਮ ਆਇਆ ਵੇਲਾ, ਮਿਲ ਸਖੀਆਂ ਗੀਤ ਅਲਾਇੰਦਾ । ਸੋਹੇ ਸਤਿਗੁਰ ਸੱਜਣ ਸੁਹੇਲਾ, ਆਤਮ ਪਰਮਾਤਮ ਜੋੜ ਜੋੜਾਇੰਦਾ । ਸਤਿਨਾਮ ਨਾਮ ਸਤਿ ਅਚਰਜ ਖੇਲ ਆਪੇ ਖੇਲਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਤੇਰਾ ਪਾਰ ਉਤਾਰਾ, ਹਰਿ ਸਤਿਗੁਰ ਆਪ ਕਰਾਈਆ । ਜਗਤ ਪਿਤਾ ਨਾ ਕੋਇ ਸਹਾਰਾ, ਗੁਰ ਗੁਰ ਆਪਣੀ ਗੋਦ ਬਹਾਈਆ । ਕਾਗਦ ਕਲਮ ਨਾ ਕੋਇ ਲਿਖਾਰਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਮੰਦਰ ਮਸਜਦ ਨਾ ਕੋਇ ਦੁਆਰਾ, ਗੁਰੂਦੁਆਰ ਕਾਇਆ ਅੰਦਰ ਦਏ ਵਖਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖੇ ਚਾਈਂ ਚਾਈਂਆ । ਸ਼ਬਦੀ ਨਾਦ ਸੱਚੀ ਧੁੰਨਕਾਰਾ, ਅਨਹਦ ਰਾਗੀ ਰਾਗ ਸੁਣਾਈਆ । ਵਾਹਵਾ ਸਖ਼ੀਆਂ ਮੰਗਲਚਾਰਾ, ਪੰਚਮ ਮਿਲ ਮਿਲ ਖ਼ੁਸ਼ੀ ਮਨਾਈਆ । ਘਰ ਵਿਚ ਘਰ ਖੋਲ੍ਹ ਕਿਵਾੜਾ, ਸਾਚੀ ਸੇਜਾ ਇਕ ਸੁਹਾਈਆ । ਸਾਚੀ ਸੇਜਾ ਸੋਹੇ ਸੋਭਾਵੰਤ ਹਰਿ ਕਰਤਾਰਾ, ਨਿਰਗੁਣ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਗੁਰ ਗੁਰ ਸੰਗ, ਗੁਰ ਗੁਰ ਸੰਗ ਆਤਮ ਰੰਗ, ਆਤਮ ਰੰਗ ਉਮੰਗ ਪੂਰ ਕਰਾਈਆ । ਸਾਚੀ ਮੰਗ ਗੁਰਸਿਖ ਰੰਗਤ, ਜੁਗ ਜੁਗ ਆਪ ਰੰਗਾਇੰਦਾ । ਗੁਰ ਕਾ ਬੇੜਾ ਹਰਿ ਹਰਿ ਸੰਗਤ, ਹਰਿ ਸੰਗਤ ਖੇਵਟ ਖੇਟਾ ਆਪ ਅਖਵਾਇੰਦਾ । ਜਨ ਭਗਤ ਦੁਆਰੇ ਆਏ ਮੰਗਤ, ਬਣ ਮੰਗਤਾ ਫੇਰੀ ਪਾਇੰਦਾ । ਮੇਲ ਮਿਲਾਏ ਸਾਚੇ ਸੰਤ, ਸੰਤ ਸੱਜਣ ਵੇਖ ਵਖਾਇੰਦਾ । ਜਿਸ ਬਣਾਈ ਆਦਿ ਬਣਤ, ਸੋ ਅੰਤ ਫੇਰੀ ਪਾਇੰਦਾ । ਸ੍ਰਿਸ਼ਟ ਸਬਾਈ ਏਕਾ ਪੰਗਤ, ਪੰਡਤ ਰੂਪ ਨਾ ਕੋਇ ਵਟਾਇੰਦਾ । ਚਾਰ ਵਰਨ ਲਾਏ ਅੰਗਤ, ਅੰਗੀਕਾਰ ਕਰੇ ਅੰਗਤ ਅੰਗੀਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਰਾਹ ਚਲਾਇੰਦਾ । ਸਚਖੰਡ ਦਾ ਸਾਚਾ ਰਾਹ, ਸੋ ਪੁਰਖ

ਨਿਰੰਜਣ ਆਪ ਚਲਾਇੰਦਾ । ਸਤਿ ਸਤਿਵਾਦੀ ਬਣ ਮਲਾਹ, ਹਰਿਜਨ ਸਾਚੇ ਪਾਰ ਕਰਾਇੰਦਾ । ਚਰਨ ਦੁਆਰਾ ਦਏ ਵਖਾ, ਕਵਲ ਚਰਨ ਆਪ ਬਹਾਇੰਦਾ । ਦੂਰ ਦੁਰਾਡਾ ਪੰਧ ਮੁਕਾ, ਅਵਣ ਗਵਣ ਡੇਰਾ ਢਾਹਿੰਦਾ । ਸੁੰਨ ਸਮਾਧੀ ਪਾਰ ਕਰਾ, ਅਗਾਧ ਅਗਾਧੀ ਭੇਵ ਖੁਲ੍ਹਾਇੰਦਾ । ਅਨਹਦ ਨਾਦੀ ਬੰਦ ਕਰਾ, ਧੁੰਨ ਨਾਦ ਨਾ ਕੋਇ ਸੁਣਾਇੰਦਾ । ਸੁਰਤੀ ਸੁਰਤ ਦਏ ਖਪਾ, ਮੂਰਤ ਅਕਾਲ ਰੂਪ ਵਟਾਇੰਦਾ । ਹੋਏ ਦਿਆਲ ਆਪਣੇ ਵਿਚ ਲਏ ਮਿਲਾ, ਮੇਲ ਮਿਲਾਵਾ ਆਪ ਕਰਾਇੰਦਾ । ਸਾਚੇ ਪੌੜੇ ਦਏ ਚੜ੍ਹਾ, ਡੰਡਾ ਹੱਥ ਨਾ ਕਿਸੇ ਫੜਾਇੰਦਾ । ਬ੍ਰਹਿਮੰਡਾਂ ਚਰਨਾਂ ਹੇਠ ਦਬਾ, ਗੁਰਮੁਖ ਆਪਣੀ ਉਂਗਲੀ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਰਾਹ, ਜਿਸ ਦੁਆਰੇ ਗੁਰਮੁਖ ਫੇਰਾ ਪਾਇੰਦਾ । ਸਤਿਗੁਰ ਪੂਰਾ ਸਾਚੀ ਬਖ਼ਸ਼ੇ ਇਕ ਸਰਨਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਥਿਰ ਘਰ ਸਾਚੇ ਦਏ ਬਹਾ, ਧਰਮ ਦੁਆਰਾ ਆਪ ਵਡਿਆਇੰਦਾ । ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣੀ ਦਇਆ ਆਪ ਕਮਾਇੰਦਾ । ਕੀਮਤ ਕਰਤਾ ਆਪੇ ਪਾ, ਸਾਚੇ ਹੱਟ ਆਪ ਵਿਕਾਇੰਦਾ । ਸ਼ਾਹੋ ਭੂਪੀ ਅਨਰੰਗ ਰੂਪੀ ਏਕਾ ਨੂਰ ਦਏ ਦਰਸਾ, ਨੂਰ ਨੁਰਾਨਾ ਨਜ਼ਰੀ ਆਇੰਦਾ । ਜ਼ਾਤ ਵਿਚ ਜ਼ਾਤ ਮਿਲਾ, ਸਿਫ਼ਤ ਸਫ਼ਾਤ ਨਾ ਕੋਇ ਸਲਾਹ, ਜ਼ਾਬਤਾ ਜ਼ਬਤ ਜਜ਼ਬ ਆਪਣੇ ਵਿਚ ਕਰਾਇੰਦਾ । ਅੰਤਮ ਫਾਤਿਹਾ ਇਕੋ ਵਾਰ ਪੜ੍ਹਾ, ਪੀਰ ਪੈਗ਼ੰਬਰ ਗੁਰ ਅਵਤਾਰ ਕਰੇ ਨਕਾਹ, ਸਚਖੰਡ ਦੁਆਰੇ ਸਾਰੇ ਕਹਿਣ ਸਾਚਾ ਹੋਇਆ ਵਿਆਹ, ਕੰਤ ਕੰਤੂਹਲ ਵਡ ਰਸੂਲ ਲੈਣਾ ਪਰਨਾ, ਦੋਏ ਜੋੜ ਚਰਨ ਸਰਨ ਮੰਗਣ ਸਰਨਾ, ਚਾਰ ਯੁਗ ਦਾ ਵੇਖ ਹਾਲ ਮੁਖ ਘੁੰਗਟ ਪਰਦਾ ਲੈਣਾ ਪਾ, ਕਰ ਕਿਰਪਾ ਹੋ ਮਿਹਰਵਾਨ ਪੁਰਖ ਅਬਿਨਾਸ਼ੀ ਸਾਡੇ ਵਲ ਜੇ ਕਰੇ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਸਾਡਾ ਅੰਤ ਕੰਮ ਨਾ ਆਇਆ ਗਿਆਨ, ਲੱਖ ਚੁਰਾਸੀ ਫਿਰੇ ਭੁੱਲੀ ਸਰਬ ਲੋਕਾਈਆ । ਕਿਸੇ ਨਜ਼ਰ ਨਾ ਆਏ ਸ੍ਰੀ ਭਗਵਾਨ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਪੰਡਤ ਪਾਂਧਾ ਮੁੱਲਾਂ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਘਰ ਘਰ ਮੰਗਦੇ ਫਿਰਦੇ ਦਾਨ, ਮਾਇਆ ਅੱਗੇ ਆਪਣੀ ਝੋਲੀ ਡਾਹੀਆ । ਸਤਿਗੁਰ ਪੂਰਾ ਇਕੋ ਸਦਾ ਮਿਹਰਵਾਨ, ਸਭ ਦੇ ਖਾਲੀ ਭਾਂਡੇ ਰਿਹਾ ਭਰਾਈਆ । ਕਲਜੁਗ ਅੰਤਮ ਹੋਇਆ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਨਾ ਕੋਈ ਖੰਡਾ ਤੀਰ ਕਿਰਪਾਨ, ਮਿਆਨ ਰੂਪ ਨਾ ਕੋਇ ਵਖਾਈਆ । ਏਕਾ ਹੁਕਮ ਧੁਰ ਫ਼ਰਮਾਣ, ਸਚ ਸੰਦੇਸਾ ਦਏ ਸੁਣਾਈਆ । ਜਨ ਭਗਤਾਂ ਮਿਲਿਆ ਆਣ, ਮਿਲਿਆ ਮੇਲ ਵਿਛੜ ਨਾ ਜਾਈਆ । ਕਰ ਕਿਰਪਾ ਕਰੇ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਜਿਸ ਜਨ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਕਾਲ ਨਾ ਨੇੜੇ ਆਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਰਾਤੀਂ ਸੁੱਤਿਆਂ ਲਏ ਪੜ੍ਹਾਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨ, ਹਰਿ ਕਾ ਪੌੜਾ ਨਜ਼ਰ ਕਿਸੇ ਨਾ ਆਈਆ । ਹਰੀਦੁਆਰ ਨਾ ਮਿਲੇ ਕੰਤ ਭਗਵਾਨ, ਬੇਵਾ ਦਿਸੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਤ ਤੇਰਾ ਵਸਾਏ ਘਰ, ਘਰ ਮੰਦਰ ਇਕ ਬਣਾਈਆ । ਘਰ ਮੰਦਰ ਵਸਣਾ ਇਕੋ ਇਕ, ਹਰਿ ਸਤਿਗੁਰ ਆਪ ਵਸਾਇੰਦਾ । ਨਿਰਗੁਣ ਲੇਖਾ ਰਿਹਾ ਲਿਖ, ਨਾ ਕੋਈ ਮੇਟ ਮਿਟਾਇੰਦਾ । ਸਤਿਜੁਗ ਸਾਚੀ ਸਿਖਿਆ ਲੈਣੀ ਸਿਖ, ਸਾਖਿਆਤ ਆਪ ਸਮਝਾਇੰਦਾ । ਪਾਰਬ੍ਰਹਮ ਪ੍ਰਭ ਆਏ ਦਿਸ, ਨਜ਼ਰੀਆ ਨਜ਼ਰ ਆਪ ਬਦਲਾਇੰਦਾ । ਸੰਤ ਸੁਹੇਲੇ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵੰਤ ਉਠਾਏ ਪੇਖ, ਪੇਖ ਪੇਖਤ ਪੇਖਤ ਆਪਣੀ ਦਇਆ ਕਮਾਇੰਦਾ । ਰੁੱਤ

ਬਸੰਤੀ ਰਹੇ ਚੇਤ, ਗੁਰਸਿਖ ਫੁਲਵਾੜੀ ਆਪ ਮਹਿਕਾਇੰਦਾ । ਭਗਤ ਭਗਵੰਤ ਕਰੇ ਹੇਤ, ਹਿਤਕਾਰੀ ਫੇਰਾ ਪਾਇੰਦਾ । ਵੇਖਣਹਾਰਾ ਨੇਤਨ ਨੇਤ, ਨਿਤ ਨਵਿਤ ਦਇਆ ਕਮਾਇੰਦਾ । ਆਪਣਾ ਦੱਸਣ ਆਇਆ ਭੇਤ, ਭੇਵ ਹਰਿ ਜੂ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਆਪਣਾ ਮਾਣ ਰਖਾਇੰਦਾ । ਸ਼ਬਦ ਸੁਤ ਤੇਰਾ ਮਾਣ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਖ਼ਾਲਕ ਖ਼ਲਕ ਮਖ਼ਲੂਕ ਆਪ ਕਰਾਇੰਦਾ । ਨਰ ਨਰੇਸ਼ਾ ਧੁਰ ਫ਼ਰਮਾਣ, ਸਚ ਸੰਦੇਸਾ ਇਕ ਜਣਾਇੰਦਾ । ਸ਼ਾਹ ਸੁਲਤਾਨ ਰਾਜ ਰਾਜਾਨ ਕੋਈ ਨਾ ਦਿਸੇ ਵਿਚ ਜਹਾਨ, ਸੀਸ ਤਾਜ਼ ਨਾ ਕੋਇ ਟਿਕਾਇੰਦਾ । ਪੁਰਖ ਅਬਿਨਾਸ਼ੀ ਇਕੋ ਆਇਆ ਵਿਚ ਮੈਦਾਨ, ਮਧ ਆਪਣਾ ਡੇਰਾ ਲਾਇੰਦਾ । ਦੋ ਜਹਾਨ ਨੈਣ ਸ਼ਰਮਾਣ, ਆਪਣਾ ਬਲ ਨਾ ਕੋਇ ਰਖਾਇੰਦਾ । ਸਾਚੀ ਚਰਨੀ ਡਿਗੇ ਆਣ, ਬਾਂਹੋਂ ਫੜ ਨਾ ਕੋਇ ਉਠਾਇੰਦਾ । ਜਿਉਂ ਭਾਵੇਂ ਤਿਉਂ ਕਰ ਸ੍ਰੀ ਭਗਵਾਨ, ਤੇਰਾ ਕੀਤਾ ਨਾ ਕੋਇ ਉਲਟਾਇੰਦਾ । ਕਲਜੁਗ ਜੀਵ ਹੋਏ ਸ਼ੈਤਾਨ, ਸ਼ਰਮ ਹਯਾ ਨਾ ਕੋਇ ਵਖਾਇੰਦਾ । ਮੰਦਰ ਮਸਜਦ ਮੱਠ ਜਗਤ ਵਿਕਾਰਾ ਖੋਲ੍ਹੀ ਦੁਕਾਨ, ਦੁਰਾਚਾਰ ਵੰਡ ਵਡਾਇੰਦਾ । ਤੇਰਾ ਇਸ਼ਟ ਨਾ ਮਿਲੇ ਨਿਸ਼ਾਨ, ਦ੍ਰਿਸ਼ਟ ਜੀਵ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਹਿ ਦਿਸ਼ਾ ਵੰਡਾਏ ਹਿੱਸਾ, ਹਰਿਜਨ ਸਾਚੇ ਆਪ ਜਗਾਇੰਦਾ । ਗੁਰਸਿਖ ਜਗਾਵਣ ਆਇਆ, ਹਰਿ ਸਤਿਗੁਰ ਮਿਹਰਵਾਨ । ਦੋ ਜਹਾਨਾਂ ਫੇਰਾ ਪਾਇਆ, ਲੋਆਂ ਪੁਰੀਆਂ ਮਾਰ ਧਿਆਨ । ਰਵ ਸਸ ਮੰਡਲ ਮੰਡਪ ਚਰਨਾਂ ਹੇਠ ਦਬਾਇਆ, ਨਾਤਾ ਤੋੜ ਜ਼ਿਮੀਂ ਅਸਮਾਨ । ਅਵਣ ਗਵਣ ਪੰਧ ਮੁਕਾਇਆ, ਲੋਕ ਪਰਲੋਕ ਹੋ ਪਰਧਾਨ । ਲੋਕਮਾਤ ਵੇਖ ਵਖਾਇਆ, ਪਾਰਬ੍ਰਹਮ ਪੁਰਖ ਸੁਲਤਾਨ । ਚਾਰੇ ਕੁੰਟਾਂ ਪੜਦਾ ਲਾਹਿਆ, ਉਤਰ ਪੂਰਬ ਪੱਛਮ ਦੱਖਣ ਵੇਖੇ ਹੋ ਮਿਹਰਵਾਨ । ਸਾਚੀ ਦਿਸ਼ਾ ਫੋਲ ਫੋਲਾਇਆ, ਦਹਿ ਦਿਸ਼ਾ ਕਰ ਪਰਵਾਨ । ਗੁਰਮੁਖ ਵਿਰਲਾ ਨਜ਼ਰੀ ਆਇਆ, ਜਿਸ ਹਿਰਦੇ ਵਸਿਆ ਆਪ ਭਗਵਾਨ । ਜਨਮ ਜਨਮ ਦਾ ਲੇਖ ਚੁਕਾਇਆ, ਪੂਰਬ ਲਹਿਣਾ ਝੋਲੀ ਪਾਇਆ ਆਣ । ਸੋਹੰ ਅੱਖਰ ਇਕ ਪੜ੍ਹਾਇਆ, ਆਤਮ ਪਰਮਾਤਮ ਵਡ ਗਿਆਨ । ਗਾਇਤਰੀ ਮੰਤਰ ਨਾ ਕੋਇ ਜਣਾਇਆ, ਬਾਰਾਂ ਅੱਖਰ ਨਾ ਕੋਇ ਵਿਧਾਨ । ਜਗਤ ਵਿਦਿਆ ਨਾ ਕੋਇ ਪੜ੍ਹਾਇਆ, ਦੋਏ ਦੋਏ ਨਾ ਸੁਣੇ ਕਾਨ । ਬ੍ਰਹਮ ਪਾਰਬ੍ਰਹਮ ਸਮਝਾਇਆ, ਸ਼ਬਦੀ ਸੁਰਤੀ ਖੇਲ ਮਹਾਨ । ਅਕਾਲ ਮੂਰਤੀ ਰੰਗ ਚੜ੍ਹਾਇਆ, ਨਾਦ ਤੂਰਤੀ ਇਕ ਧੁੰਨ ਕਾਨ । ਆਪਣੀ ਜ਼ਰੂਰਤ ਪੂਰੀ ਲਏ ਕਰਾਇਆ, ਗੁਰਮੁਖ ਸਾਚੇ ਕਰ ਪਰਵਾਨ । ਜਗਤ ਮਹੂਰਤ ਰਿਹਾ ਵਖਾਇਆ, ਸਤਿਜੁਗ ਸਾਚਾ ਝੁੱਲੇ ਨਿਸ਼ਾਨ । ਸੱਤਰ ਬਹੱਤਰ ਚੌਹੱਤਰ ਏਕਾ ਘਰ ਬਹਾਇਆ, ਸਚ ਦੁਆਰੇ ਕਰ ਪਰਵਾਨ । ਭਗਤ ਦੁਆਰਾ ਆਪ ਬਣਾਇਆ, ਸੇਵਾ ਕਰ ਵਿਚ ਜਹਾਨ । ਸਚ ਸਿੰਘਾਸਣ ਡੇਰਾ ਲਾਇਆ, ਸਤਿ ਸਤਿਵਾਦੀ ਨੌਜਵਾਨ । ਹਰਿ ਸੰਗਤ ਹਰਿ ਕਾ ਰੂਪ ਬਣਾਇਆ, ਹਰਿ ਹੋਇਆ ਮਿਹਰਵਾਨ । ਦੁੱਖ ਦਰਦ ਦਏ ਮਿਟਾਇਆ, ਰੋਗ ਸੋਗ ਚਿੰਤਾ ਚਿਖਾ ਨੈਣ ਸ਼ਰਮਾਨ । ਸਫਲ ਕੁੱਖ ਦਏ ਕਰਾਇਆ, ਮਾਤ ਗਰਭ ਨਾ ਫੇਰ ਪਛਤਾਨ । ਚੁੱਕ ਚੁੱਕ ਦਰਗਹਿ ਸਾਚੀ ਦਏ ਬਹਾਇਆ, ਜੋ ਢੋਲਾ ਸਾਚਾ ਗਾਣ । ਹਰਿ ਸੰਗਤ ਮਿਲੇ ਵਡਿਆਇਆ, ਵਡ ਵੱਡਾ ਇਕ ਭਗਵਾਨ । ਬਿਨ ਭਗਤਾਂ ਹੱਥ ਕਿਸੇ ਨਾ ਆਇਆ, ਜੁਗ ਜੁਗ ਖੇਲੇ ਖੇਲ ਮਹਾਨ । ਬਹੱਤਰਾਂ ਆਪਣਾ ਬੰਧਨ ਪਾਇਆ, ਸੱਤਰਾਂ ਪਾਈ ਸਾਚੀ ਆਨ । ਚੌਹੱਤਰਾਂ ਕਿਹਾ ਨੱਠ ਨਾ ਜਾਏ ਸ਼ੈਤਾਨ, ਨਿਰਗੁਣ ਆਪਣਾ

ਮੁੱਖ ਛੁਪਾਇਆ । ਜਿਸ ਦੇ ਪਿਛੇ ਗੋਬਿੰਦ ਛੋਟੇ ਬਾਲੇ ਕੀਤੇ ਕੁਰਬਾਨ, ਨੀਆਂ ਹੇਠ ਨੇਂਹ ਰਖਾਇਆ । ਤਿਸ ਲਹਿਣਾ ਚੁਕਾਏ ਆਣ, ਦੇਣਾ ਦੇਣਾ ਝੋਲੀ ਪਾਇਆ । ਮਸਤਕ ਟਿੱਕਾ ਲਾਇਆ ਵਿਚ ਜਹਾਨ, ਸਾਚਾ ਸਿੱਕਾ ਦਏ ਵਖਾਇਆ । ਨਿੱਕਾ ਨਿੱਕਾ ਖੇਲੇ ਖੇਲ ਮਹਾਨ, ਫਿੱਕਾ ਫਿੱਕਾ ਰਸ ਗਵਾਇਆ । ਜਨ ਭਗਤਾਂ ਦੱਸੇ ਏਕਾ ਗੀਤ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਗਾਣਾ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਗਾਇਆ । ਗਾ ਗਾ ਥੱਕੇ ਪੀਰ ਪੈਗ਼ੰਬਰ, ਪਹਿਰਾ ਆਪਣਾ ਮਾਤ ਜਣਾਈਆ । ਕਰ ਕਰ ਗਏ ਲੋਕਮਾਤ ਸੁਅੰਬਰ, ਗੁਰ ਚੇਲੇ ਬਣ ਅਡੰਬਰ, ਜਗਤ ਵਿਦਿਆ ਕਰੀ ਪੜ੍ਹਾਈਆ । ਪੁਰਖ ਅਕਾਲ ਇਕ ਭਰਤੰਬਰ, ਭਰਪੂਰ ਰਹਿਆ ਸਰਬ ਘਟ ਥਾਈਂਆ । ਨੌਂ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਇਕ ਵਖਾਏ ਗੁਰੂਦੁਆਰਾ ਮੰਦਰ, ਮਸਜਿਦ ਇਕੋ ਨਜ਼ਰੀ ਆਈਆ । ਗੁਰਸਿਖ ਤੇਰਾ ਮਨ ਨਾ ਭਵੇ ਬੰਦਰ, ਸਤਿਗੁਰ ਏਕਾ ਬੰਧਨ ਪਾਈਆ । ਫੜ ਕੇ ਮਾਰੇ ਇਕੋ ਜੰਦਰ, ਨਾ ਕੋਈ ਸਕੇ ਤੁੜਾਈਆ । ਜਿਸ ਨੂੰ ਗੋਰਖ ਮੁਛੰਦਰ ਲੱਭਦੇ ਰਹੇ ਉਚੇ ਟਿੱਲੇ ਮੰਦਰ, ਅੰਤ ਹੱਥ ਕਿਸੇ ਨਾ ਆਈਆ । ਜੋ ਧੰਨੇ ਦੇ ਚਾਰੇ ਵੱਛੇ ਡੰਗਰ, ਸੋ ਸਾਹਿਬ ਫੇਰਾ ਪਾਈਆ । ਜਿਸ ਨਾਮੇ ਦੇਹੁਰਾ ਵਖਾ ਲਿਆ ਆਪਣੇ ਅੰਦਰ, ਪੰਜ ਤਤ ਡੇਰਾ ਢਾਹੀਆ । ਸੋ ਮੰਦਰ ਮਸੀਤਾ ਕਰੇ ਖੰਡਰ, ਖੰਡਾ ਏਕਾ ਨਾਮ ਚਮਕਾਈਆ । ਸ੍ਰਿਸ਼ਟ ਸਬਾਈ ਸੁਣਾਏ ਸਾਚਾ ਛੰਦਨ, ਗੀਤ ਗੋਬਿੰਦ ਅਲਾਈਆ । ਆਤਮ ਪਰਮਾਤਮ ਪਰਮਾਨੰਦਨ, ਨਿਜਾਨੰਦ ਰਸ ਦਏ ਵਖਾਈਆ । ਗੁਰਸਿਖੋ ਤੁਹਾਡੀ ਆਇਆ ਟੁੱਟੀ ਗੰਢਣ, ਘਰ ਗੋਬਿੰਦ ਫੇਰਾ ਪਾਈਆ । ਜੇ ਕੋਈ ਜਾਣੇ ਗੁਜਰੀ ਚੰਦਨ, ਗੁਜਰੀ ਚੰਦਨ ਪੰਜ ਤਤ ਵਡਿਆਈਆ । ਸਚ ਵਖਾਏ ਇਕ ਅਨੰਦਨ, ਪੁਰਖ ਅਕਾਲ ਸਾਚਾ ਸੁਤ ਬਣਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਸਭ ਦੇ ਕੱਟਣਹਾਰਾ ਫੰਧਨ, ਫੰਧ ਏਕਾ ਆਪਣਾ ਪਾਈਆ । ਗੁਰਸਿਖ ਗਾਉ ਬੱਤੀ ਦੰਦਨ, ਰਸਨਾ ਜਿਹਵਾ ਨਾਲ ਮਿਲਾਈਆ । ਪੂਜਾ ਚੁੱਕੀ ਕਰੀਰ ਜੰਡਨ, ਇਸ਼ਟ ਦੇਵ ਨਾ ਕੋਇ ਵਖਾਈਆ । ਲੇਖਾ ਜਾਣੇ ਉਤਭੁਜ ਸੇਤਜ ਜੇਰਜ ਅੰਡਨ, ਅੰਡਜ ਆਪਣਾ ਰੰਗ ਵਖਾਈਆ । ਪੜਦਾ ਖੋਲ੍ਹੇ ਵਿਚ ਬ੍ਰਹਿਮੰਡਨ, ਵਰਭੰਡ ਦਏ ਵਡਿਆਈਆ । ਵੇਖੇ ਦਰ ਖਲੋਤਾ ਤ੍ਰਿਲੋਕੀ ਨੰਦਨ, ਚਰਨੀ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਖਾਏ ਸਾਚਾ ਸਾਗਰ ਡੂੰਘੀ ਅੰਦਰ, ਕਾਇਆ ਗਾਗਰ ਗਹਿਰ ਗੰਭੀਰ ਦਇਆ ਕਮਾਈਆ । ਕਾਇਆ ਗਾਗਰ ਸਾਚਾ ਰਸ, ਹਰਿ ਰਸੀਆ ਆਪ ਭਰਾਇੰਦਾ । ਬਣ ਚਾਤ੍ਰਕ ਹੋਏ ਵਸ, ਬਿਲਪ ਬਿਲਪ ਬਿਰਲਾਇੰਦਾ । ਦੂਰ ਦੁਰਾਡਾ ਆਏ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਗੁਰਸਿਖ ਤੇਰੇ ਪਿਆਰ ਅੰਦਰ ਜਾਏ ਫਸ, ਸਤਿਗੁਰ ਆਪਣਾ ਪਿਆਰ ਆਪ ਵਧਾਇੰਦਾ । ਜੇ ਗੁਰਸਿਖ ਅੱਗੋਂ ਬੋਲੇ ਹੱਸ, ਸਤਿਗੁਰ ਲੱਖ ਲੱਖ ਖ਼ੁਸ਼ੀ ਮਨਾਇੰਦਾ । ਸਤਿਗੁਰ ਪੂਰਾ ਗੁਰਸਿਖਾਂ ਦਾ ਸਦਾ ਗਾਏ ਜਸ, ਆਪਣਾ ਜਸ ਨਾ ਕਿਸੇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਇਕੋ ਘਰ, ਘਰ ਮੰਦਰ ਇਕ ਵਡਿਆਇੰਦਾ । ਘਰ ਮੰਦਰ ਵੱਡਾ ਵਡ, ਹਰਿ ਵੱਡਾ ਵਡ ਵਡਿਆਇੰਦਾ । ਇੱਟਾਂ ਗਾਰੇ ਨਾਲੋਂ ਰੱਖੇ ਅੱਡ, ਲੁਹਾਰ ਤਰਖਾਣ ਨਾ ਕੋਇ ਬਣਾਇੰਦਾ । ਬਾਢੀ ਨੀਂਹ ਨਾ ਦੇਵੇ ਕੋਈ ਰੱਖ, ਸੂਰ ਧਾਰ ਨਾ ਕੋਇ ਜਣਾਇੰਦਾ । ਤੇਸੀ ਕਾਂਡੀ ਨਾ ਸਕੇ ਕੋਈ ਕੱਢ, ਠੋਕਰ ਠਾਕਰ ਨਾ ਕੋਇ ਲਗਾਇੰਦਾ । ਕਰ ਕਿਰਪਾ ਆਪਣੇ ਮੰਦਰ ਅੰਦਰ ਆਪੇ ਜਾਏ ਵਸ, ਵਸੇਰਾ ਆਪਣਾ ਨਾ ਕਿਸੇ ਸਮਝਾਇੰਦਾ । ਜੇ ਕੋਈ ਪੁਛੇ ਸਚ ਦੱਸ, ਅਛੱਲ ਛਲ ਖੇਲ ਕਰਾਇੰਦਾ । ਕਰ ਪਰਕਾਸ਼ ਸਭ

ਨੂੰ ਕਰੇ ਬੇਵਸ, ਪਰਕਾਸ਼ ਆਪਣੇ ਪਰਕਾਸ਼ ਵਿਚ ਛੁਪਾਇੰਦਾ । ਜਨ ਭਗਤਾਂ ਕਲਜੁਗ ਅੰਤਮ ਮਾਰਗ ਦੱਸ, ਮਿਰਗਸ਼ਾਲਾ ਕਾਇਆ ਅੰਦਰ ਵਿਚ ਵਿਛਾਇੰਦਾ । ਮਾਰ ਛਾਲ ਬਹੇ ਨੱਠ, ਆਉਂਦਾ ਜਾਂਦਾ ਨਜ਼ਰ ਨਾ ਆਇੰਦਾ । ਫੜ ਬਾਂਹੋਂ ਕਰ ਇਕੱਠ, ਇਕੱਠੇ ਏਕਾ ਵਾਰ ਕਰਾਇੰਦਾ । ਕਰ ਕਿਰਪਾ ਫੇਰੇ ਉਲਟੀ ਲੱਠ, ਮਨ ਮਨੂਆਂ ਆਪ ਭੁਆਇੰਦਾ । ਕੂੜੀ ਕਿਰਿਆ ਕਰੇ ਭੱਠ, ਸਚ ਸੁੱਚ ਮੰਤਰ ਦ੍ਰਿੜ੍ਹਾਇੰਦਾ । ਲਹਿਣਾ ਚੁਕੇ ਤਤ ਅੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕੰਮ ਕਿਸੇ ਨਾ ਆਇੰਦਾ । ਸੁਰਤੀ ਸ਼ਬਦ ਲਵੇ ਰਸ, ਰਸ ਸੁਰਤ ਸ਼ਬਦ ਆਪ ਚਖਾਇੰਦਾ । ਈਸ਼ ਜੀਵ ਹੋਏ ਵਸ, ਜੀਵ ਈਸ਼ ਆਪ ਕਰਾਇੰਦਾ । ਆਤਮ ਪਰਮਾਤਮ ਪਿਆਰ ਅੰਦਰ ਜਾਏ ਫਸ, ਫਾਸਲਾ ਦੂਰ ਦੁਰਾਡਾ ਪੰਧ ਮੁਕਾਇੰਦਾ । ਬ੍ਰਹਮ ਪਾਰਬ੍ਰਹਮ ਗਾਏ ਜਸ, ਹਰਫ਼ ਬਹਰਫ਼ ਆਪ ਪੜ੍ਹਾਇੰਦਾ । ਅੰਤਮ ਆਪਣਾ ਲੇਖਾ ਕਰ ਕੇ ਬਸ, ਬਸਤਾ ਸਭ ਦਾ ਬੰਦ ਕਰਾਇੰਦਾ । ਵੀਹ ਸੌ ਉਨੀ ਬਿਕ੍ਰਮੀ ਸਾਰੇ ਸੱਥਰ ਬੈਠੇ ਘੱਤ, ਸੱਥਰ ਯਾਰੜਾ ਨਾ ਕੋਇ ਹੰਢਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਥ, ਸਮਰਥ ਆਪਣੀ ਧਾਰ ਦੋ ਜਹਾਨ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਰ ਆਈ ਦੇਵੇ ਨਾਮ ਵੱਥ, ਸਗਲ ਵਿਸੂਰੇ ਆਪ ਮਿਟਾਇੰਦਾ । ਸਗਲ ਵਿਸੂਰੇ ਮਿਟਾਏ ਸੰਤਾਪ, ਸਤਿ ਸਤਿ ਦਏ ਜਣਾਈਆ । ਕਰਮ ਕਾਂਡ ਨਾ ਕੋਇ ਪਾਪ, ਪੁਨੀਤ ਪਤਿਤ ਆਪ ਕਰਾਈਆ । ਫੜ ਬਾਂਹੋਂ ਉਤਾਰੇ ਪਾਰ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਕਲਜੁਗ ਅੰਤਮ ਨੇੜੇ ਵਾਟ, ਗੁਰ ਅਵਤਾਰ ਪੀਰ ਪੈਗੰਬਰ ਰਹੇ ਕੁਰਲਾਈਆ । ਕੋਈ ਨਾ ਦੇਵੇ ਕਿਸੇ ਸਾਥ, ਮਾਤ ਪਿਤ ਝੂਠਾ ਨਾਤਾ ਭੈਣ ਭਾਈਆ । ਕਿਸੇ ਕੰਮ ਨਾ ਆਏ ਜ਼ਾਤ ਪਾਤ, ਵਰਨ ਗੋਤ ਨਾ ਕੋਇ ਵਡਿਆਈਆ । ਸਰਬ ਜੀਆਂ ਦਾ ਏਕੋ ਕਮਲਾਪਾਤ, ਪਰਮ ਪੁਰਖ ਬੇਪਰਵਾਹੀਆ । ਚਰਨ ਕਵਲ ਕਵਲ ਚਰਨ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੋੜਾਈਆ । ਏਥੇ ਓਥੇ ਦੋ ਜਹਾਨ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਸੋਹੰ ਅੱਖਰ ਪੂਜਾ ਪਾਠ, ਆਤਮ ਪਰਮਾਤਮ ਕਰੇ ਪੜ੍ਹਾਈਆ । ਰਾਜ ਰਾਜਾਨਾ ਸੁੱਟੇ ਆਪਣੇ ਖਾਤ, ਖਾਤਾ ਏਕਾ ਰਿਹਾ ਵਖਾਈਆ । ਦੀਨਾਂ ਮਜ਼੍ਹਬਾਂ ਕਰੇ ਘਾਤ, ਛੁਰੀ ਏਕਾ ਕਰਦ ਨਾਮ ਚਲਾਈਆ । ਅੰਤਮ ਸਭ ਦਾ ਫਾਤਿਆ ਪੜ੍ਹ ਪੜ੍ਹ ਕਰੇ ਸਫਾਤ, ਸਿਫ਼ਰਾ ਰੂਪ ਸਰਬ ਲੋਕਾਈਆ । ਇਕੋ ਗੁਰਮੁਖ ਪਾਰਜ਼ਾਤ, ਪਰਮ ਪੁਰਖ ਦਏ ਵਡਿਆਈਆ । ਜੋ ਜਨ ਆਏ ਸਤਿਗੁਰ ਘਾਟ, ਪਿਛਲਾ ਪੰਧ ਮੁਕਾਈਆ । ਸਾਰੇ ਰਲ ਮਿਲ ਗਾਉ ਇਕੋ ਗਾਥ, ਪਾਰਬ੍ਰਹਮ ਪ੍ਰਭ ਇਸ਼ਟ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦੇ ਸੰਸੇ ਰਿਹਾ ਚੁਕਾਈਆ । ਸਭ ਦਾ ਸੰਸਾ ਕਰੇ ਕਾਫੂਰ, ਕਾਫਰ ਕੋਇ ਨਜ਼ਰ ਨਾ ਆਈਆ । ਸ਼ਾਹ ਸੁਲਤਾਨਾ ਬਣਾਏ ਮਜਦੂਰ, ਮਜ਼ਦੂਰੀ ਘਰ ਘਰ ਦਏ ਕਰਾਈਆ । ਅੰਤਮ ਨਾਤਾ ਤੁਟੇ ਕੂੜ, ਸਚ ਸੁੱਚ ਕਰੇ ਕੁੜਮਾਈਆ । ਵੀਹ ਸੌ ਵੀਹ ਬਿਕ੍ਰਮੀ ਆਪਣਾ ਖੇਲ ਕਰੇ ਜ਼ਰੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਹਰਿ ਸੰਗਤ ਗੁਰਮੁਖ ਗੁਰ ਗੁਰ ਇਕ ਦੂਜੇ ਦੀ ਮੰਗਣ ਚਰਨ ਧੂੜ, ਨਿਉਂ ਨਿਉਂ ਲਾਗਣ ਪਾਈਆ । ਨਾ ਕੋਈ ਦਿਸੇ ਮੂਰਖ ਮੂੜ੍ਹ, ਚਤੁਰ ਸੁਘੜ ਸਰਬ ਬਣਾਈਆ । ਆਤਮ ਪਰਮਾਤਮ ਦੇਵੇ ਇਕ ਸਰੂਰ, ਮਦਿ ਪਿਆਲਾ ਨਾ ਕੋਇ ਪਿਆਈਆ । ਅੱਠੇ ਪਹਿਰ ਕਰੇ ਮਖਮੂਰ, ਮੁਫ਼ਤ ਆਪਣਾ ਨਾਮ ਵਿਕਾਈਆ । ਜਨਮ ਜਨਮ ਦੇ ਮੇਟੇ ਕਸੂਰ, ਕਸਰ ਇਸ਼ਾਰੀਆ ਇਸ਼ਾਰੇ ਨਾਲ ਮੇਟੇ ਸਰਬ ਲੋਕਾਈਆ । ਹਰਿ ਸੰਗਤ ਤੇਰਾ ਬੇੜਾ ਪਾਰ ਕਰੇ ਜਰੂਰ, ਗੁਰ ਅਵਤਾਰ

ਪੀਰ ਪੈਗ਼ੰਬਰ ਉਠ ਉਠ ਵੇਖਣ ਚਾਈਂ ਚਾਈਂਆ । ਕਲ ਕਲਕੀ ਅਵਤਾਰ ਆਇਆ ਗੁਰਸਿਖਾਂ ਆਸਾ ਮਨਸਾ ਕਰੇ ਪੂਰ, ਆਪ ਆਪਣੀ ਦਇਆ ਕਮਾਈਆ । ਜਿਸ ਦੀ ਗੁਰ ਗੋਬਿੰਦ ਮੰਗੀ ਚਰਨ ਧੂੜ, ਸੋ ਪੁਰਖ ਅਕਾਲ ਆਪਣਾ ਵੇਸ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਾਜ਼ਰ ਹਜ਼ੂਰ, ਨਿਰਗੁਣ ਜੋਤ ਨਾ ਕੋਈ ਵਰਨ ਨਾ ਕੋਈ ਗੋਤ, ਆਤਮ ਰਤ ਨਾ ਕੋਇ ਰਖਾਈਆ ।

✳ ੧੦ ਭਾਦਰੋਂ ੨੦੧੯ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ ਪਿੰਡ ਪਧਰੀ ਜ਼ਿਲਾ ਫ਼ਿਰੋਜ਼ਪੁਰ ✳

ਸੋ ਇੱਛਾ ਹਰਿ ਆਦਿ ਅੰਤ, ਆਦਿ ਜੁਗਾਦੀ ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਅਗਣਤ, ਬੇਅੰਤ ਬੇਪਰਵਾਹ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਖੇਲੇ ਖੇਲ ਨਾਰ ਕੰਤ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਏਕ ਓਅੰਕਾਰ ਸਾਚਾ ਧਾਮ ਇਕ ਸੋਹੰਤ, ਸੋਭਾਵੰਤ ਆਸਣ ਲਾਇੰਦਾ । ਆਦਿ ਨਿਰੰਜਣ ਨੂਰ ਅਨੰਤ, ਅਨੁਭਵ ਪਰਕਾਸ਼ ਕਰਾਇੰਦਾ । ਸ੍ਰੀ ਭਗਵਾਨ ਆਪਣਾ ਲੇਖਾ ਜਾਣੇ ਅਗਣਤ, ਲਿਖਤ ਵਿਚ ਕਦੇ ਨਾ ਆਇੰਦਾ । ਅਬਿਨਾਸ਼ੀ ਕਰਤਾ ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਪਾਰਬ੍ਰਹਮ ਏਕਾ ਨਾਉਂ ਏਕਾ ਮੰਤ, ਨਿਰਾਕਾਰ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਇਛਿਆ ਆਪਣੀ ਆਪ ਰਖਾਇੰਦਾ । ਸੋ ਇਛਿਆ ਹਰਿ ਨਿਰੰਕਾਰਾ, ਏਕਾ ਏਕ ਰਖਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਈਆ । ਦੀਵਾ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਈਆ । ਮਹੱਲ ਅਟੱਲ ਉਚ ਮਨਾਰਾ, ਸਤਿ ਸਤਿਵਾਦੀ ਆਪ ਸੁਹਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਇਕ ਇਕੱਲਾ ਡੇਰਾ ਲਾਈਆ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਨਜ਼ਰ ਕੋਇ ਨਾ ਆਈਆ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਨਾਉਂ ਧਰਾਈਆ । ਹੁਕਮੀ ਹੁਕਮ ਸਤਿ ਵਰਤਾਰਾ ,ਸਤਿ ਪੁਰਖ ਨਿਰੰਜਣ ਆਪ ਜਣਾਈਆ । ਧੁਰ ਫ਼ਰਮਾਣਾ ਬੋਲ ਜੈਕਾਰਾ, ਜੈ ਜੈਕਾਰ ਇਕ ਅਲਾਈਆ । ਵੇਖੇ ਵਿਗਸੇ ਵੇਖਣਹਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਮੰਡਲ ਮੰਡਪ ਇਕ ਸਹਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਰਵ ਸਸ ਨਾ ਕੋਇ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਆਪਣੇ ਹੱਥ ਰਖਾਈਆ । ਸਾਚੀ ਇਛਿਆ ਸ੍ਰੀ ਭਗਵਾਨ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਏਕ ਓਅੰਕਾਰਾ ਨੂਰੋ ਨੂਰ ਨੂਰ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਆਪ ਆਪਣੇ ਨੂਰ ਡਗਮਗਾਇੰਦਾ । ਵੇਖਣਹਾਰਾ ਖੇਲ ਤਮਾਸ਼ਾ, ਪੂਰੀ ਕਰੇ ਆਪਣੀ ਆਸਾ, ਆਸ਼ਾ ਆਸਾ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਸਾਚੀ ਇਛਿਆ ਆਪਣੀ ਆਪ ਸਮਝਾਇੰਦਾ । ਸਾਚੀ ਇਛਿਆ ਹਰਿ ਨਿਰੰਕਾਰਾ, ਏਕਾ ਏਕ ਜਣਾਈਆ । ਸਚਖੰਡ ਖੋਲ੍ਹੇ ਸਚ ਦੁਆਰਾ, ਦਰਗਹਿ ਸਾਚੀ ਧਾਮ ਸੁਹਾਈਆ । ਮੁਕਾਮੇ ਹੱਕ ਬੇਐਬ ਪਰਵਰਦਿਗਾਰਾ, ਨੂਰੀ ਜਲਵਾ ਨੂਰ ਇਲਾਹੀਆ । ਆਪਣੀ ਇਛਿਆ ਪਾਏ ਭਿਛਿਆ ਭਰੇ ਸਰਬ ਭੰਡਾਰਾ, ਸਤਿ ਸਤਿਵਾਦੀ ਆਪਣੀ ਝੋਲੀ ਅੱਗੇ ਡਾਹੀਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣੀ ਧਾਰ ਚਲਾਈਆ । ਨਿਰਗੁਣ ਨਿਰਗੁਣ ਵੇਖਣਹਾਰਾ, ਨੇਤਰ ਨੈਣ ਨਾ ਕੋਇ ਰਖਾਈਆ ।


੫੭੮ ੧੨

ਬਣ ਵਿਚੋਲਾ ਸੁਣਾਏ ਢੋਲਾ, ਸਾਚਾ ਸੋਹਲਾ ਆਪ ਸੁਣਾਈਆ । ਏਕਾ ਬੋਲਾ ਕਰ ਉਜਿਆਰਾ, ਪੜਦਾ ਓਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਸਾਚੀ ਇੱਛਾ ਸਚਖੰਡ ਦੁਆਰੇ ਆਪਣੀ ਆਪ ਪਰਗਟਾਈਆ । ਸਾਚੀ ਇਛਿਆ ਆਦਿ ਪੁਰਖ, ਆਪਣੀ ਆਪਣੀ ਆਪ ਪਰਗਟਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਇ ਜਣਾਇੰਦਾ । ਗ੍ਰਿਹਿ ਮੰਦਰ ਘਰ ਸੁਆਮੀ ਦੇਵੇ ਦਰਸ, ਦਰਸ ਅਮੋਘ ਆਪਣਾ ਆਪ ਪਰਗਟਾਇੰਦਾ । ਬਿਨ ਨੇਤਰ ਮਿਟਾਏ ਆਪਣੀ ਹਰਸ, ਹਵਸ ਹੋਰ ਨਾ ਕੋਇ ਰਖਾਇੰਦਾ । ਆਪਣੀ ਆਪੇ ਕਰੇ ਪਰਖ, ਹਰਿ ਪਾਰਖੂ ਆਪਣਾ ਭੇਵ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਵਖਾਇੰਦਾ । ਸਾਚੀ ਇਛਿਆ ਏਕਾ ਏਕ, ਏਕ ਓਅੰਕਾਰਾ ਆਪ ਪਰਗਟਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਨਿਉਂ ਨਿਉਂ ਕਰੇ ਨਿਰੰਕਾਰਾ ਆਦੇਸ਼, ਆਦੇਸ ਆਦੇਸ ਹਰਿ ਸੱਚੇ ਸ਼ਹਿਨਸ਼ਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਸੋ ਪੁਰਖ ਨਿਰੰਜਣ ਨਿਰਾਕਾਰ ਕਰ ਕਰ ਵੇਸ, ਵੇਸ ਅਵੱਲੜਾ ਆਪ ਵਟਾਈਆ । ਆਦਿ ਜੁਗਾਦਿ ਰਹੇ ਹਮੇਸ਼, ਸੋ ਪੁਰਖ ਨਿਰੰਜਣ ਆਪਣਾ ਖੇਲ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਹਰਿ ਭਗਵਾਨਾ, ਏਕਾ ਏਕ ਰਖਾਇੰਦਾ । ਸਚਖੰਡ ਦੁਆਰਾ ਖੋਲ੍ਹ ਮਕਾਨਾ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਕਰ ਪਰਵਾਨਾ, ਪਰਮ ਪੁਰਖ ਮੇਲ ਮਿਲਾਇੰਦਾ । ਨਾਰੀ ਕੰਤ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਖੇਲ ਕਰਾਇੰਦਾ । ਆਪਣੀ ਇਛਿਆ ਹਰਿ ਹਰਿ ਖੇਲ, ਇਕ ਇਕੱਲਾ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਕਰ ਮੇਲ, ਮੇਲ ਮਿਲਾਵਾ ਸਹਿਜ ਸੁਭਾਈਆ । ਕਰ ਕੁੜਮਾਈ ਚਾੜ੍ਹੇ ਤੇਲ, ਦਰਗਹਿ ਸਾਚੀ ਸਗਨ ਮਨਾਈਆ । ਵਸਣਹਾਰਾ ਧਾਮ ਨਵੇਲ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਇਛਿਆ ਇਕ ਜਣਾਈਆ । ਸੋ ਇਛਿਆ ਹਰਿ ਭਗਵੰਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਚਖੰਡ ਦੁਆਰੇ ਮੇਲ ਮਿਲਾਵਾ ਨਾਰੀ ਕੰਤ, ਨਰ ਹਰਿ ਆਪਣਾ ਬੰਧਨ ਪਾਇੰਦਾ । ਨਿਰਵੈਰ ਪੁਰਖ ਅਕਾਲ ਏਕਾ ਰੰਗ ਚੜ੍ਹਾਏ ਬਸੰਤ, ਬਸਨ ਬਨਵਾਰੀ ਆਪ ਰੰਗਾਇੰਦਾ । ਏਕਾ ਨਾਉਂ ਏਕਾ ਮੰਤ, ਮੰਤਰ ਨਾਉਂ ਨਿਰੰਕਾਰ ਇਕ ਦ੍ਰਿੜਾਇੰਦਾ । ਏਕਾ ਮਹਿਮਾ ਜਾਣੇ ਅਗਣਤ, ਅਗਣਤ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਨਾਲ ਨਾਰ ਕੰਤ, ਕੰਤ ਕੰਤੂਹਲ ਏਕਾ ਸੇਜ ਸੁਹਾਇੰਦਾ । ਏਕਾ ਸੇਜ ਕੰਤ ਕੰਤੂਹਲ, ਨਰ ਨਿਰੰਕਾਰ ਆਪ ਸੁਹਾਈਆ । ਏਕਾ ਦੇਵੇ ਲਹਿਣਾ ਦੇਣਾ ਮੂਲ, ਏਕਾ ਵਸਤ ਅਮੋਲਕ ਝੋਲੀ ਪਾਈਆ । ਏਕਾ ਭੂਸ਼ਨ ਬਸਤਰ ਦੇਵੇ ਸਾਚੇ ਫੂਲ, ਬਣ ਮਾਲਣ ਸੇਵ ਕਮਾਈਆ । ਏਕਾ ਸਚ ਪੰਘੂੜਾ ਲਏ ਝੂਲ, ਝੂਲਾ ਆਪਣਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਧਰਾਈਆ । ਆਪਣੀ ਇਛਿਆ ਆਪੇ ਰੱਖ, ਆਦਿ ਪੁਰਖ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਹੋਏ ਵਸ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਨਿਰਗੁਣ ਨਿਰਗੁਣ ਦੇਵੇ ਰਸ, ਰਸ ਰਸੀਆ ਰਸ ਚਖਾਇੰਦਾ । ਨਿਰਗੁਣ ਨਿਰਗੁਣ ਮਾਰਗ ਦੇਵੇ ਦੱਸ, ਭੇਵ ਅਭੇਦ ਆਪ ਖੁਲ੍ਹਾਇੰਦਾ । ਨਿਰਗੁਣ

ਨਿਰਗੁਣ ਮਹਿਮਾ ਸੁਣਾਏ ਅਕੱਥ, ਕਥਨੀ ਕਥ ਨਾ ਕੋਇ ਜਣਾਇੰਦਾ । ਨਿਰਗੁਣ ਨਿਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਿਰਗੁਣ ਨਿਰਗੁਣ ਕਹੇ ਪੁਰਖ ਸਮਰਥ, ਦੂਸਰ ਓਟ ਨਾ ਕੋਇ ਧਰਾਇੰਦਾ । ਨਿਰਗੁਣ ਨਿਰਗੁਣ ਗਾਏ ਜਸ, ਜਸ ਆਪਣਾ ਨਾਉਂ ਸੁਣਾਇੰਦਾ । ਨਿਰਗੁਣ ਪਿਆਰ ਨਿਰਗੁਣ ਧਾਰ ਅੰਦਰ ਨਿਰਗੁਣ ਜਾਏ ਫਸ, ਦੂਸਰੀ ਫਾਂਧੀ ਨਾ ਕੋਇ ਬਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸੋ ਪੁਰਖ ਨਿਰੰਜਣ ਆਪਣੀ ਇਛਿਆ ਹੋ ਪਰਗਟ, ਦਰ ਘਰ ਸਾਚਾ ਆਪ ਸੁਹਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰਾ ਖੋਲ੍ਹ ਹੱਟ, ਬਣ ਵਣਜਾਰਾ ਸੇਵ ਕਮਾਇੰਦਾ । ਵਸਤ ਅਮੋਲਕ ਏਕਾ ਘਤ, ਅਤੋਟ ਅਤੁਟ ਆਪ ਵਖਾਇੰਦਾ । ਨਾਰੀ ਨਰ ਨਰਾਇਣ ਰੱਖੇ ਆਪਣੀ ਪਤ, ਨਾਰ ਕੰਤ ਆਪਣੀ ਸੇਜ ਸੁਹਾਇੰਦਾ । ਆਪਣੇ ਅੰਤਰ ਆਪਾ ਕਰ ਉਤਪਤ, ਆਪਣਾ ਖੇਲ ਆਪ ਸੁਹਾਇੰਦਾ । ਆਪੇ ਮਾਤ ਆਪੇ ਪਿਤ, ਪਿਤਾ ਮਾਤ ਆਪ ਹੋ ਜਾਇੰਦਾ । ਆਪ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਪੰਜ ਤਤ ਨਾ ਕੋਇ ਤਤ, ਤ੍ਰੈਗੁਣ ਬੰਧਨ ਨਾ ਕੋਇ ਰਖਾਇੰਦਾ । ਆਪਣੀ ਕੁੱਖੋਂ ਆਪੇ ਫੁਟ, ਜਨ ਜਨਨੀ ਨਾਉਂ ਧਰਾਇੰਦਾ । ਆਪੇ ਲੇਖਾ ਜਾਣੇ ਸਾਚੇ ਸੁਤ, ਸੁਤ ਆਪਣਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪਣੀ ਇਛਿਆ ਆਪ ਸਮਝਾਇੰਦਾ । ਸਾਚੀ ਇਛਿਆ ਸ੍ਰੀ ਭਗਵਾਨਾ, ਆਦਿ ਆਦਿ ਜਣਾਇੰਦਾ । ਸਚਖੰਡ ਦੁਆਰੇ ਖੇਲ ਮਹਾਨਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨਾ, ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਇਲਾਹੀ ਨੂਰ ਆਪ ਪਰਗਟਾਇੰਦਾ । ਏਕ ਓਅੰਕਾਰਾ ਵਡ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਦੇਵੇ ਦਾਨਾ, ਵਸਤ ਅਮੋਲਕ ਇਕ ਵਰਤਾਇੰਦਾ । ਸ੍ਰੀ ਭਗਵਾਨ ਝੁਲਾਏ ਨਿਸ਼ਾਨਾ, ਸਚ ਦੁਆਰੇ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨਾ, ਨੇਤਰ ਨੈਣ ਨਾ ਕੋਇ ਰਖਾਇੰਦਾ । ਸਚਖੰਡ ਦੁਆਰ ਸੋਹੇ ਸਚ ਮਕਾਨਾ, ਸਤਿ ਪੁਰਖ ਨਿਰੰਜਣ ਆਪਣੀ ਧਾਰ ਜਣਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਆਪ ਆਪਣੀ ਕਲ ਵਰਤਾਇੰਦਾ । ਜਨਣੀ ਜਨ ਬਣ ਬਣ ਜਣੇ ਬਾਲਾ, ਜਨ ਜਣੇਂਦੀ ਮਾਈ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਹੱਥ ਰਖਾਇੰਦਾ । ਆਪਣੀ ਇਛਿਆ ਜਣਿਆ ਸੁਤ, ਹਰਿ ਸ਼ਬਦੀ ਨਾਉਂ ਰਖਾਈਆ । ਸਚਖੰਡ ਦੁਆਰੇ ਆਪੇ ਉਠ, ਉਠ ਉਠ ਆਪਣੀ ਖ਼ੁਸ਼ੀ ਮਨਾਈਆ । ਦੀਨ ਦਿਆਲ ਠਾਕਰ ਸੁਆਮੀ ਨਿਹਕਰਮੀ ਨਿਹਕਾਮੀ ਆਪੇ ਗਿਆ ਤੁਠ, ਆਪਣੀ ਇਛਿਆ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਇਛਿਆ ਏਕਾ ਏਕ ਵਖਾਈਆ । ਸੋ ਇਛਿਆ ਸਚਖੰਡ ਦੁਆਰ, ਹਰਿ ਸਾਚਾ ਸਚ ਜਣਾਇੰਦਾ । ਸ਼ਬਦ ਦੁਲਾਰਾ ਕਰ ਤਿਆਰ, ਸਤਿ ਸਤਿਵਾਦੀ ਸਾਚਾ ਹੁਕਮ ਸੁਣਾਇੰਦਾ । ਬਿਨ ਨੇਤਰ ਨੈਣ ਨੈਣ ਉਘਾੜ, ਅੱਖ ਪਰਤੱਖ ਇਕ ਵਖਾਇੰਦਾ । ਜੋਤੀ ਜੋਤ ਦੀਪਕ ਬਾਲ, ਅਗਿਆਨ ਅਗਿਆਨ ਨਾ ਕੋਇ ਰਖਾਇੰਦਾ । ਨਿਰਗੁਣ ਨਿਰਗੁਣ ਵਸੇ ਨਾਲ, ਸਗਲਾ ਸੰਗ ਆਪ ਸਮਝਾਇੰਦਾ । ਸਚਖੰਡ ਦੁਆਰੇ ਪੁਰਖ ਅਕਾਲ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਸਾਚੀ ਧਰਮਸਾਲ ਆਪ ਬਣਾਇੰਦਾ । ਧਰਮਸਾਲਾ ਸਾਚਾ ਧਰਮ, ਹਰਿ ਸਾਚਾ ਸਚ ਜਣਾਈਆ । ਸੁਤ ਦੁਲਾਰੇ ਤੇਰਾ ਨਾਉਂ ਨਿਹਕਰਮੀ

੫੮੦ ੧੨

ਕਰਮ, ਕਰਮ ਕਾਂਡ ਨਾ ਕੋਇ ਵਡਿਆਈਆ । ਨਾ ਕੋਈ ਗੋਤ ਨਾ ਕੋਈ ਵਰਨ, ਵੰਡਣ ਵਿਚ ਕਦੇ ਨਾ ਆਈਆ । ਪਰਮ ਪੁਰਖ ਪ੍ਰਭ ਏਕਾ ਸਰਨ, ਦੂਸਰ ਓਟ ਨਾ ਕੋਇ ਤਕਾਈਆ । ਸਤਿਗੁਰ ਸਾਹਿਬ ਤਰਨੀ ਤਰਨ, ਤਾਰਨਹਾਰ ਹੱਥ ਵਡਿਆਈਆ । ਮਸਤਕ ਧੂੜੀ ਟਿੱਕਾ ਚਰਨ, ਚਰਨ ਚਰਨੋਦਕ ਮੁਖ ਛੁਹਾਈਆ । ਆਦਿ ਪੁਰਖ ਘਾੜਨ ਘੜਨ, ਘੜਨਹਾਰ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਛਿਆ ਦਏ ਜਣਾਈਆ । ਏਕਾ ਇਛਿਆ ਸੁਤ ਦੁਲਾਰੇ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਤੇਰਾ ਮੇਲ ਅਗੰਮ ਅਪਾਰੇ, ਆਦਿ ਜੁਗਾਦਿ ਆਪ ਕਰਾਇੰਦਾ । ਘਰ ਵਿਚ ਘਰ ਕਰ ਤਿਆਰੇ, ਤੇਰਾ ਮੰਦਰ ਆਪ ਸੁਹਾਇੰਦਾ । ਥਿਰ ਘਰ ਖੋਲ੍ਹੇ ਇਕ ਕਿਵਾੜੇ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਕਰ ਕਿਰਪਾ ਅੰਦਰ ਵਾੜੇ, ਸਿਰ ਏਕਾ ਹੱਥ ਟਿਕਾਇੰਦਾ । ਆਦਿ ਜੁਗਾਦਿ ਕਰੇ ਗੁਫ਼ਤਾਰੇ, ਭੇਵ ਅਭੇਦ ਆਪ ਸੁਣਾਇੰਦਾ । ਸਤਿ ਸਤਿਵਾਦੀ ਆਦਿ ਜੁਗਾਦੀ ਇਕ ਇਕੱਲਾ ਬੋਧ ਅਗਾਧੀ ਵਾਜਾਂ ਮਾਰੇ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਦਾ ਸੁਹੇਲਾ ਇਕ ਇਕੇਲਾ ਤੇਰੀ ਪੈਜ ਸੁਆਰੇ, ਸਦਾ ਸਦ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਸਾਚੇ ਸੁਤ ਜਣਾਇੰਦਾ । ਸ਼ਬਦ ਸੁਤ ਉਠ ਕਰ ਧਿਆਨ, ਸਚਖੰਡ ਨਿਵਾਸੀ ਆਪ ਜਣਾਈਆ । ਥਿਰ ਘਰ ਦੁਆਰਾ ਤੇਰਾ ਮਕਾਨ, ਬੇਮੁਕਾਮ ਆਪ ਬਣਾਈਆ । ਜਿਸ ਦਾ ਦਿਸੇ ਨਾ ਕਿਸੇ ਨਿਸ਼ਾਨ, ਨਿਸ਼ਾਨਾ ਤੀਰ ਨਾ ਕੋਇ ਲਗਾਈਆ । ਏਕਾ ਹੁਕਮ ਏਕਾ ਹੁਕਮਰਾਨ, ਏਕਾ ਸ਼ਹਿਨਸ਼ਾਹ ਕਰੇ ਸੱਚੀ ਸ਼ਹਿਨਸ਼ਾਹੀਆ । ਏਕਾ ਦਾਤਾ ਦਾਨੀ ਦੇਵੇ ਦਾਨ, ਦੀਨਨ ਆਪਣੀ ਦਇਆ ਕਮਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਤੇਰੀ ਝੋਲੀ ਪਾਈਆ । ਏਕਾ ਇਛਿਆ ਕਰ ਪਰਵਾਨ, ਸਾਚੀ ਸਿਖਿਆ ਦਏ ਸਮਝਾਈਆ । ਸੋ ਪੁਰਖ ਨਿਰੰਜਣ ਨੌਜਵਾਨ, ਨਿਰਗੁਣ ਨਿਰਗੁਣ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰ ਏਕਾ ਵਾਰ ਸੁਣਾਈਆ । ਸੁਣ ਸੰਦੇਸਾ ਹਰਿ ਨਿਰੰਕਾਰ, ਸ਼ਬਦੀ ਸੁਤ ਸੀਸ ਝੁਕਾਇੰਦਾ । ਤੇਰੀ ਇਛਿਆ ਮੇਰਾ ਭੰਡਾਰ, ਭੰਡਾਰ ਤੁਟ ਕਦੇ ਨਾ ਜਾਇੰਦਾ । ਤੇਰਾ ਨਾਉਂ ਮੇਰਾ ਵਪਾਰ, ਦਰ ਤੇਰੇ ਹੱਟ ਖੁਲ੍ਹਾਇੰਦਾ । ਤੇਰੀ ਕਿਰਪਾ ਮੇਰਾ ਸੁਧਾਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਨਿਤ ਨਵਿਤ ਸਦ ਮੰਗਾਂ ਤੇਰਾ ਦੀਦਾਰ, ਤੇਰੀ ਦੀਦ ਮੇਰਾ ਰੰਗ ਰੰਗ ਨਾਲ ਮਿਲਾਇੰਦਾ । ਤੂੰ ਸਾਹਿਬ ਸੁਲਤਾਨ ਸੱਚੀ ਸਰਕਾਰ, ਤੇਰਾ ਹੁਕਮ ਮੋਹੇ ਭਾਇੰਦਾ । ਹਉਂ ਬਰਦਾ ਖ਼ਾਕ ਛਾਰ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਇਛਿਆ ਸਾਚੀ ਭਿਛਿਆ ਝੋਲੀ ਏਕਾ ਆਪਣੀ ਪਾਇੰਦਾ । ਤੇਰੀ ਇਛਿਆ ਝੋਲੀ ਪਾ, ਪੁਰਖ ਅਬਿਨਾਸ਼ੀ ਸ਼ੁਕਰ ਮਨਾਇਆ । ਸਚਖੰਡ ਦੱਸੇ ਤੇਰਾ ਥਾਂ, ਜਿਸ ਦੁਆਰੇ ਆਸਣ ਲਾਇਆ । ਥਿਰ ਘਰ ਬੈਠਾ ਤੇਰੇ ਗੀਤ ਲਵਾਂ ਗਾ, ਗਾ ਗਾ ਆਪਣੀ ਖ਼ੁਸ਼ੀ ਮਨਾਇਆ । ਤੇਰੇ ਚਰਨ ਕਵਲ ਬਿਨ ਨੇਤਰ ਦਰਸ ਲਵਾਂ ਪਾ, ਆਪਣੀ ਤ੍ਰਿਸਨਾ ਤ੍ਰਿਖਾ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਛੋਟਾ ਬਾਲਾ ਮੰਗ ਮੰਗਾਇਆ । ਸੁਤ ਦੁਲਾਰਾ ਛੋਟਾ ਬਾਲਾ, ਪ੍ਰਭ ਅੱਗੇ ਸੀਸ ਝੁਕਾਈਆ । ਸ੍ਰੀ ਭਗਵਾਨ ਤੇਰਾ ਖੇਲ ਨਿਰਾਲਾ, ਹਉਂ ਭੇਵ ਨਾ ਜਾਣਾਂ ਰਾਈਆ । ਤੇਰੀ ਕਿਰਪਾ ਹੋਇਆ ਉਜਾਲਾ, ਨਿਰਗੁਣ ਮਿਲੀ ਨੂਰ ਰੁਸ਼ਨਾਈਆ । ਤੂੰ ਸਾਹਿਬ ਸਦਾ ਗੋਪਾਲਾ, ਗੋਬਿੰਦ ਆਪਣੀ

੫੮੨
੧੨

ਧਾਰ ਚਲਾਈਆ । ਆਦਿ ਜੁਗਾਦਿ ਬਣੇਂ ਰਖਵਾਲਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦ੍ਰਿੜ ਵਿਸ਼ਵਾਸ਼, ਵਿਸ਼ਵ ਧਾਰੀ ਆਪ ਜਣਾਇੰਦਾ । ਸੁਤ ਦੁਲਾਰੇ ਨਾ ਹੋਣਾ ਉਦਾਸ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਵੇਖੇ ਤੇਰਾ ਖੇਲ ਤਮਾਸ਼, ਭੇਵ ਅਭੇਦ ਆਪ ਖੁਲ੍ਹਾਇੰਦਾ । ਸਤਿ ਸਤਿਵਾਦੀ ਵਸੇ ਪਾਸ, ਸਗਲਾ ਸੰਗ ਨਿਭਾਇੰਦਾ । ਤੇਰੇ ਅੰਤਰ ਸਾਚੀ ਰਾਸ, ਬਣ ਗੋਪੀ ਕਾਹਨ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਇਛਿਆ ਆਪ ਵਖਾਇੰਦਾ । ਸੋ ਇਛਿਆ ਲੈਣੀ ਵੇਖ, ਸ਼ਬਦੀ ਸੁਤ ਜਣਾਈਆ । ਤੇਰਾ ਲਹਿਣਾ ਬਿਨ ਲੇਖ ਰੇਖ, ਰੇਖ ਰੂਪ ਨਾ ਕੋਇ ਵਡਿਆਈਆ । ਤੇਰਾ ਅੰਤਰ ਤੇਰਾ ਮੰਤਰ ਲਏ ਵੇਖ, ਵੇਖਣਹਾਰਾ ਬੇਪਰਵਾਹੀਆ । ਥਿਰ ਘਰ ਵਸੇ ਤੇਰਾ ਦੇਸ, ਦੇਵੇ ਮਾਣ ਵਡਿਆਈਆ । ਤੂੰ ਰਹਿਣਾ ਸਦਾ ਹਮੇਸ਼, ਮਰਨ ਜੰਮਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸੁਤ ਸਮਝਾਈਆ । ਛੋਟੇ ਬਾਲੇ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਈਆ । ਪਾਰਬ੍ਰਹਮ ਪ੍ਰਭ ਮਿਲਿਆ ਮਲਾਹ, ਖੇਵਟ ਖੇਟਾ ਬੇੜਾ ਲਏ ਚਲਾਈਆ । ਸਤਿ ਸਰੂਪੀ ਦੇਵੇ ਸਤਿ ਸਲਾਹ, ਸਾਚੇ ਮਾਰਗ ਆਪੇ ਲਾਈਆ । ਸਮਰਥ ਪੁਰਖ ਮਹਿਮਾ ਅਕੱਥ ਦਏ ਜਣਾ, ਕਥਨੀ ਕਥ ਕਰੇ ਪੜ੍ਹਾਈਆ । ਸਾਚੇ ਰਥ ਦਏ ਚੜ੍ਹਾ, ਮਹਾਸਾਰਥੀ ਸੇਵ ਕਮਾਈਆ । ਥਿਰ ਘਰ ਦੁਆਰੇ ਜਿਸ ਮੇਰੀ ਬਣਤ ਲਈ ਬਣਾ, ਸੋ ਸਾਹਿਬ ਨਜ਼ਰ ਕਿਸੇ ਨਾ ਆਈਆ । ਆਦਿ ਆਦਿ ਏਕਾ ਨਿਸ਼ਅੱਖਰ ਰਿਹਾ ਪੜ੍ਹਾ, ਆਪਣਾ ਭੇਵ ਆਪ ਚੁਕਾਈਆ । ਸਾਚਾ ਵੱਖਰ ਝੋਲੀ ਰਿਹਾ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਇਕ ਵਖਾਈਆ । ਸੋ ਇਛਿਆ ਸ਼ਬਦ ਦੁਲਾਰੇ, ਹਰਿ ਹਰਿ ਆਪ ਜਣਾਇੰਦਾ । ਤੇਰੇ ਖੇਲ ਅਗੰਮ ਅਪਾਰੇ, ਅਲੱਖ ਅਗੋਚਰ ਆਪ ਕਰਾਇੰਦਾ । ਤੇਰੇ ਅੰਦਰ ਨਿਰਗੁਣ ਧਾਰੇ, ਜੋਤੀ ਜੋਤ ਡਗਮਗਾਇੰਦਾ । ਤੇਰੇ ਅੰਦਰ ਨਰ ਨਿਰੰਕਾਰੇ, ਸਾਚੇ ਆਸਣ ਸੋਭਾ ਪਾਇੰਦਾ । ਤੇਰੇ ਗੁਣ ਅਪਰ ਅਪਾਰੇ, ਬਣ ਹੱਟਵਾਣਾ ਹੱਟ ਚਲਾਇੰਦਾ । ਤੇਰਾ ਖੇਲ ਕਰੇ ਆਪ ਕਰਤਾਰੇ, ਕਰਤਾ ਆਪਣੀ ਕਰਨੀ ਆਪ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦੁਲਾਰੇ, ਤ੍ਰੈ ਤ੍ਰੈ ਏਕਾ ਰੰਗ ਵਖਾਇੰਦਾ । ਤ੍ਰੈਗੁਣ ਮਾਇਆ ਤਤ ਭੰਡਾਰੇ, ਪੰਚਮ ਏਕਾ ਜੋੜ ਜੋੜਾਇੰਦਾ । ਰਵ ਸਸ ਕਰ ਉਜਿਆਰੇ, ਕਿਰਨ ਕਿਰਨ ਕਿਰਨ ਟਿਕਾਇੰਦਾ । ਮੰਡਲ ਮੰਡਪ ਤੇਰੇ ਅਖਾੜੇ, ਲੋਆਂ ਪੁਰੀਆਂ ਨਾਚ ਨਚਾਇੰਦਾ । ਦੋ ਜਹਾਨ ਪਾਵੇ ਸਾਰੇ, ਲੋਕ ਪਰਲੋਕ ਆਪਣਾ ਰਾਹ ਚਲਾਇੰਦਾ । ਤ੍ਰੈਭਵਨ ਧਨੀ ਤੇਰਾ ਕਾਜ ਆਪ ਸੁਆਰੇ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਵਖਾਇੰਦਾ । ਸਾਚੀ ਇਛਿਆ ਰੱਖਣੀ ਯਾਦ, ਹਰਿ ਸਾਚਾ ਸਚ ਜਣਾਈਆ । ਆਦਿ ਜੁਗਾਦਿ ਸੁਣੇ ਫ਼ਰਯਾਦ, ਸਚਖੰਡ ਵਾਸੀ ਸੱਚਾ ਮਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਦ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਏਕਾ ਵਸਤ ਨਾਮ ਅਮੋਲਕ ਝੋਲੀ ਪਾਈਆ । ਕਰੇ ਖੇਲ ਪਤਤ ਪੁਨੀਤਾ, ਨਿਰਗੁਣ ਚਲਾਏ ਸਾਚੀ ਰੀਤਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਨਿਰਗੁਣ ਧਾਮ ਵਖਾਏ ਇਕ ਅਨਡੀਠਾ, ਸਰਗੁਣ ਤਪੇ ਇਕ ਅੰਗੀਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਸਤਿ ਸਤਿਵਾਦੀ ਆਦਿ ਜੁਗਾਦੀ ਨਰ ਨਿਰੰਕਾਰਾ ਠਾਂਡਾ ਸੀਤਾ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸੁਤ ਦੁਲਾਰੇ ਪਰਦਾ ਦਏ ਉਠਾਈਆ । ਸੁਤ ਦੁਲਾਰੇ ਪਰਦਾ ਖੋਲ੍ਹ, ਹਰਿ ਸਾਚਾ ਆਪ ਜਣਾਇੰਦਾ । ਥਿਰ ਘਰ ਦੁਆਰੇ ਪਏ ਬੋਲ, ਰਾਗ ਅਨਾਦੀ ਇਕ ਅਲਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਤੋਲੇ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਲੱਖ ਚੁਰਾਸੀ ਕੁੰਡਾ ਦੇਣਾ ਖੋਲ੍ਹ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਤਿ ਪੁਰਖ ਨਿਰੰਜਣ ਏਕੰਕਾਰਾ ਖੇਲ ਅਪਾਰਾ ਸਦਾ ਸੁਹੇਲਾ ਰਹੇ ਅਡੋਲ, ਸਚਖੰਡ ਸਾਚੇ ਸੋਭਾ ਪਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਏਕਾ ਕੰਡਾ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਲੱਖ ਚੁਰਾਸੀ ਕਰੇ ਘੋਲ, ਬਲ ਬਾਵਨ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਏਕਾ ਏਕ ਜਣਾਇੰਦਾ । ਸਾਚੀ ਇਛਿਆ ਪੁਰਖ ਅਬਿਨਾਸ਼ਾ, ਏਕਾ ਏਕ ਜਣਾਈਆ । ਲੱਖ ਚੁਰਾਸੀ ਖੇਲ ਤਮਾਸ਼ਾ, ਬ੍ਰਹਮ ਪਾਰਬ੍ਰਹਮ ਵੇਖ ਵਖਾਈਆ । ਈਸ਼ ਜੀਵ ਜਗਦੀਸ ਪਾਏ ਰਾਸਾ, ਆਤਮ ਪਰਮਾਤਮ ਕਰ ਕੁੜਮਾਈਆ । ਨੌਂ ਦਰ ਰੱਖੇ ਜਗਤ ਵਾਸਾ, ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤ ਬੁਧ ਦਏ ਚਤੁਰਾਈਆ । ਕਾਇਆ ਕਫ਼ਨੀ ਜਾਨਣਹਾਰਾ ਭੇਵ ਖੁਲਾਸਾ, ਪੜਦਾ ਪੜਦਾ ਵਿਚ ਰਖਾਈਆ । ਡੂੰਘੀ ਕੰਦਰ ਪਾਵੇ ਰਾਸਾ, ਨਿਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਇਕ ਏਕਾ ਏਕ ਰਖਾਈਆ । ਸਾਚੀ ਇਛਿਆ ਪੰਜ ਤਤ, ਤਤਵ ਤਤ ਤਤ ਜਣਾਇੰਦਾ । ਲੇਖਾ ਜਾਣੇ ਰਕਤ ਬੂੰਦ ਰੱਤ, ਰੱਤੀ ਰੱਤ ਰੰਗ ਰੰਗਾਇੰਦਾ । ਕਰੇ ਖੇਲ ਦਾਤਾ ਦਾਨੀ ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਆਤਮ ਪਰਮਾਤਮ ਏਕਾ ਘਰ ਜਾਏ ਵਸ, ਬੰਕ ਦੁਆਰੀ ਬੰਕ ਸੁਹਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਕੋਟਨ ਕੋਟ ਭਾਨ ਮੁਖ ਸ਼ਰਮਾਇੰਦਾ । ਅਨਹਦ ਨਾਦੀ ਗਾਏ ਜਸ, ਜਸ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਖਾਣੀ ਬਾਣੀ ਹੁਕਮੀ ਹੁਕਮ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਏਕਾ ਏਕ ਏਕ ਭਿਛਿਆ ਆਪ ਵਰਤਾਇੰਦਾ । ਸੁਤ ਦੁਲਾਰਾ ਚਰਨੀ ਢਹਿ, ਨਿਉਂ ਨਿਉਂ ਸੀਸ ਝੁਕਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਆਦਿ ਜੁਗਾਦੀ ਏਕਾ ਰਹੇ, ਰਹਿਬਰ ਬਣੇ ਸਰਬ ਲੋਕਾਈਆ । ਸਦਾ ਸੁਹੇਲਾ ਸਤਿ ਸਤਿਵਾਦੀ ਭਾਣਾ ਆਪਣਾ ਆਪੇ ਸਹੇ, ਸਦ ਭਾਣੇ ਆਪ ਸਮਾਈਆ । ਸਚਖੰਡ ਦੁਆਰੇ ਸਾਚੇ ਬਹੇ, ਸਚ ਸਿੰਘਾਸਣ ਡੇਰਾ ਲਾਈਆ । ਏਕੰਕਾਰਾ ਸਚ ਜੈਕਾਰਾ, ਸਾਚਾ ਨਾਮ ਬੋਲੇ ਜੈ, ਜੈ ਜੈ ਆਪਣੇ ਨਾਉਂ ਵਡਿਆਈਆ । ਹਰਿ ਕਾ ਮੰਦਰ ਨਾ ਜਾਏ ਢਹਿ, ਸਚਖੰਡ ਦੁਆਰਾ ਮਹੱਲ ਅਟੱਲ ਮੁਨਾਰਾ ਏਕਾ ਏਕ ਏਕ ਰੁਸ਼ਨਾਈਆ । ਸਚ ਸੰਦੇਸਾ ਨਰ ਨਰੇਸ਼ਾ ਸ਼ਬਦੀ ਸੁਤ ਤੇਰੀ ਧਾਰ ਅੰਦਰ ਕਹੇ, ਕਹਿ ਕਹਿ ਆਪਣਾ ਹੁਕਮ ਸੁਣਾਈਆ । ਲੇਖਾ ਜਾਣੇ ਤੂੰ ਮੈਂ, ਮੈਂ ਤੂੰ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਇਛਿਆ ਝੋਲੀ ਪਾਈਆ । ਸਾਚੀ ਇਛਿਆ ਹਰਿ ਕਰਤਾਰ, ਸ਼ਬਦੀ ਸ਼ਬਦ ਸ਼ਬਦ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਹਾਰ, ਪਿਆਰ ਏਕਾ ਏਕ ਜਣਾਇੰਦਾ । ਤ੍ਰੈਗੁਣ ਮਾਇਆ ਤੇਰੀ ਧਾਰ, ਧਾਰ ਧਾਰ ਨਾਲ ਮਿਲਾਇੰਦਾ । ਪੰਜ ਤਤ ਤੇਰਾ ਵਿਹਾਰ, ਬਿਵਹਾਰੀ ਆਪ ਕਰਾਇੰਦਾ । ਨਿਰਗੁਣ ਸਰਗੁਣ ਖੋਲ੍ਹ ਕਿਵਾੜ, ਅੰਗ ਅੰਗ ਨਾਲ ਮਿਲਾਇੰਦਾ । ਘਰ ਵਿਚ ਘਰ ਕਰ ਤਿਆਰ, ਤੇਰਾ ਮੰਦਰ ਆਪ ਸੁਹਾਇੰਦਾ । ਨੌਂ ਦੁਆਰ ਵੇਖੇ ਜਗਤ ਕਿਵਾੜ, ਬੰਦ ਤਾਕੀ ਆਪ ਜਣਾਇੰਦਾ । ਡੂੰਘੀ ਭਵਰੀ ਖੇਲ ਅਪਾਰ, ਸੁਖਮਨ ਟੇਢੀ ਬੰਕ ਸੁਹਾਇੰਦਾ । ਈੜਾ ਪਿੰਗਲ ਪਹਿਰੇਦਾਰ, ਸੇਵਾਦਾਰ ਸੇਵ ਲਗਾਇੰਦਾ । ਬੇਸਬਰ

੫੮੩ ੧੨

ਪਿਆਲਾ ਕਰ ਤਿਆਰ, ਮਦਿ ਜਾਮ ਇਕ ਵਖਾਇੰਦਾ । ਨਿਝਰ ਝਿਰਨਾ ਠੰਡਾ ਠਾਰ, ਆਤਮ ਰਸ ਰਸ ਵਖਾਇੰਦਾ । ਨਿਜ ਨੇਤਰ ਦੇਵੇ ਖੋਲ੍ਹ ਦੀਦਾਰ, ਜਗਤ ਲੋਚਣ ਬੰਦ ਕਰਾਇੰਦਾ । ਬਜਰ ਕਪਾਟੀ ਜੜ੍ਹ ਦਏ ਉਖਾੜ, ਸਾਚੀ ਹਾਟੀ ਆਪ ਜਣਾਇੰਦਾ । ਕਮਲਾਪਾਤੀ ਹੋ ਤਿਆਰ, ਬਣ ਸਾਕੀ ਖੇਲ ਕਰਾਇੰਦਾ । ਅੰਧੇਰ ਰਾਤੀ ਮਿਟੇ ਧੂੰਆਂਧਾਰ, ਸਾਚਾ ਚੰਦ ਆਪ ਚੜ੍ਹਾਇੰਦਾ । ਸ਼ਬਦੀ ਸੁਤ ਤੇਰਾ ਪਿਆਰ, ਸੁਰਤੀ ਸੁਰਤ ਨਾਲ ਕਰਾਇੰਦਾ । ਅਕਾਲ ਮੂਰਤ ਵੇਖਣਹਾਰ, ਮੂਲ ਆਪਣਾ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਘਟ ਘਟ ਅੰਦਰ ਗ੍ਰਿਹ ਗ੍ਰਿਹ ਨਿਰਮਲ ਦੀਆ ਕਰ ਤਿਆਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਜੋਤ ਨਿਰੰਜਣ ਕਰ ਸ਼ੰਗਾਰ, ਵੇਖਣਹਾਰਾ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਘਰ, ਲੱਖ ਚੁਰਾਸੀ ਅੰਦਰ ਆਪ ਬਣਾਇੰਦਾ । ਸੁਤ ਦੁਲਾਰੇ ਤੇਰਾ ਗ੍ਰਿਹਿ, ਘਟ ਘਟ ਅੰਦਰ ਆਪ ਬਣਾਈਆ । ਨਿਰਗੁਣ ਹੋ ਕੇ ਨਿਰਗੁਣ ਬਹੇ, ਜਗਤ ਨੇਤਰ ਨਜ਼ਰ ਨਾ ਆਈਆ । ਮਨਮਤ ਨਾ ਸਕੇ ਕਹੇ, ਬੁੱਧੀ ਚਲੇ ਨਾ ਕੋਇ ਵਡਿਆਈਆ । ਗੁਰ ਸ਼ਬਦ ਜੋ ਤੇਰੀ ਚਰਨੀ ਢਹੇ, ਤਿਸ ਮੇਲਾਂ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਜਣਾਈਆ । ਸੁਤ ਦੁਲਾਰਾ ਮੰਗੇ ਮੰਗ, ਹਰਿ ਅੱਗੇ ਸੀਸ ਝੁਕਾਇੰਦਾ । ਮੇਰਾ ਰੂਪ ਨਾ ਕੋਇ ਰੰਗ, ਰੇਖ ਭੇਖ ਨਾ ਕੋਇ ਜਣਾਇੰਦਾ । ਕਵਣ ਬਿਧ ਵਸਾਂ ਸੰਗ, ਸਾਰੰਗ ਧਰ ਤੇਰਾ ਭੇਵ ਕੋਇ ਨਾ ਆਇੰਦਾ । ਤੁਧ ਬਿਨਾਂ ਹੋਇਆ ਨੰਗ, ਸਿਰ ਪਰਦਾ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਅੰਦਰ ਪੰਚ ਵਿਕਾਰਾ ਤੇਰਾ ਰਚਿਆ ਜੰਗ, ਜੰਗਜੂ ਏਕਾ ਹੁਕਮ ਵਰਤਾਇੰਦਾ । ਅੰਦਰ ਮੰਦਰ ਲਾਈ ਕੰਧ, ਦਵੈਤ ਪੜਦਾ ਨਾ ਕੋਇ ਉਠਾਇੰਦਾ । ਕਵਣ ਬਿਧ ਤੇਰਾ ਗਾਵਾਂ ਛੰਦ, ਸੋਹਲਾ ਢੋਲਾ ਇਕ ਪਰਗਟਾਇੰਦਾ । ਤੁਧ ਬਿਨ ਨਾਰ ਦੁਹਾਗਣ ਹੋਈ ਰੰਡ, ਹਰਿ ਜੂ ਕੰਤ ਨਜ਼ਰ ਕੋਇ ਨਾ ਆਇੰਦਾ । ਮੇਰੀ ਵਿਚ ਸੰਸਾਰ ਪਵੇ ਨਾ ਗੰਢ, ਸ਼ਬਦੀ ਸੁਤ ਪ੍ਰਭ ਅੱਗੇ ਝੋਲੀ ਡਾਹਿੰਦਾ । ਤੇਰਾ ਨੂਰ ਨਿਰਮਲ ਚੰਦ, ਸੀਤਲ ਸੀਤਲ ਧਾਰ ਵਖਾਇੰਦਾ । ਆਦਿ ਜੁਗਾਦਿ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਕਵਣ ਧਾਰ ਕਰ ਪਿਆਰ, ਲੱਖ ਚੁਰਾਸੀ ਆਰ ਪਾਰ ਮੇਟਾਂ ਪੰਧ, ਬਣ ਪਾਂਧੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠਾਕਰ ਸੁਆਮੀ ਹੋ ਬਖ਼ਸ਼ੰਦ, ਸ਼ਬਦੀ ਸੁਤ ਸੁਤ ਆਪ ਦ੍ਰਿੜਾਇੰਦਾ । ਬਖ਼ਸ਼ਿਸ਼ ਕਰੇ ਹਰਿ ਮਿਹਰਵਾਨ, ਸਚਖੰਡ ਨਿਵਾਸੀ ਦਇਆ ਕਮਾਈਆ । ਆਦਿ ਰਚਨਾ ਖੇਲ ਮਹਾਨ, ਨਜ਼ਰ ਕਿਸੇ ਨਾ ਆਈਆ । ਲਿਖ ਲਿਖ ਦੇਵੇ ਨਾ ਕੋਇ ਬਿਆਨ, ਸਿਫ਼ਤ ਕਰੇ ਨਾ ਕਲਮ ਸ਼ਾਹੀਆ । ਵਸਣਹਾਰਾ ਸਚ ਮਕਾਨ, ਬੇਮੁਕਾਮ ਡੇਰਾ ਲਾਈਆ । ਸਤਿ ਸਤਿਵਾਦੀ ਕਰਨਹਾਰਾ ਸਚ ਨਿਜ਼ਾਮ, ਹੁਕਮੀ ਹੁਕਮ ਇਕ ਸੁਣਾਈਆ । ਸ਼ਬਦੀ ਸੁਤ ਦੇਵੇ ਦਾਨ, ਦਾਤਾ ਦਾਨੀ ਬੇਪਰਵਾਹੀਆ । ਪੰਜ ਤਤ ਤੇਰਾ ਨਿਸ਼ਾਨ, ਬ੍ਰਹਮ ਪਾਰਬ੍ਰਹਮ ਵਡਿਆਈਆ । ਜੋਤੀ ਜੋਤ ਜੋਤ ਮਹਾਨ, ਦੀਪਕ ਦੀਪ ਦੀਪ ਰੁਸ਼ਨਾਈਆ । ਜੀਵ ਜੀਵ ਈਸ਼ ਮਿਲੇ ਸਾਚਾ ਕਾਹਨ, ਜਗਦੀਸ ਖੇਲ ਕਰਾਈਆ । ਕਰਾਂ ਖੇਲ ਵਿਚ ਜਹਾਨ, ਦੇਵਾਂ ਮਾਤ ਮਾਤ ਵਡਿਆਈਆ । ਚੌਦਾਂ ਲੋਕ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਸ਼ਰਮਾਣ, ਨੇਤਰ ਸਕੇ ਨਾ ਕੋਇ ਉਠਾਈਆ । ਬਣ ਭਿਖਾਰੀ ਮੰਗਣ ਦਾਨ, ਭਿੱਖਕ ਬੈਠਣ ਡੇਰਾ ਲਾਈਆ । ਤੇਰਾ ਨਾਉਂ ਪਰਗਟ ਕਰਾਂ ਵਡ ਬਲਵਾਨ, ਬਲ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਗੁਰ ਗੁਰ ਤੇਰਾ ਨਾਉਂ ਰਖਾਈਆ । ਸ਼ਬਦ ਸੁਤ ਤੂੰ ਸਾਚਾ ਗੁਰ, ਸ੍ਰੀ ਭਗਵਾਨ ਆਦਿ ਸੁਣਾਇਆ । ਤੇਰਾ ਲੇਖਾ ਲਿਖਿਆ ਧੁਰ, ਨਾ ਕੋਈ ਮੇਟੇ ਮੇਟ ਮਿਟਾਇਆ । ਮੇਰਾ ਨਾਉਂ ਤੇਰੀ ਸੁਰ, ਸੁਰ ਤਾਲ ਸੁਰਤ ਮਿਲਾਇਆ । ਪੁਰਖ ਅਕਾਲ ਚਰਨੀ ਜਾਣਾ ਜੁੜ, ਜੁੜ ਜੁੜ ਆਪਣਾ ਬੰਧਨ ਪਾਇਆ । ਪਾਰਬ੍ਰਹਮ ਨੂੰ ਤੇਰੀ ਲੋੜ, ਤੁਧ ਬਿਨ ਪਾਰਬ੍ਰਹਮ ਕੰਮ ਕਿਸੇ ਨਾ ਆਇਆ । ਅਬਿਨਾਸ਼ੀ ਕਰਤਾ ਵਸਣਹਾਰਾ ਅੰਧ ਘੋਰ, ਚੰਦ ਚਾਂਦਨਾ ਆਪਣਾ ਨੂਰ ਲਏ ਪਰਗਟਾਇਆ । ਨਿਰਗੁਣ ਨਿਰਗੁਣ ਬੰਨ੍ਹੇ ਡੋਰ, ਤੰਦੀ ਤੰਦ ਨਾ ਕੋਇ ਰਖਾਇਆ । ਆਪ ਬੈਠਾ ਰਹੇ ਬਣ ਕੇ ਚੋਰ, ਸਚਖੰਡ ਸਾਚੇ ਮੁੱਖ ਛੁਪਾਇਆ । ਤੇਰਾ ਨਾਉਂ ਪਾਵੇ ਸ਼ੋਰ, ਲੋਕਮਾਤ ਡੰਕ ਵਜਾਇਆ । ਕਰੇ ਪਰਕਾਸ਼ ਕਾਇਆ ਗੋਰ, ਡੂੰਘੀ ਕਵਰੀ ਫੋਲ ਫੋਲਾਇਆ । ਏਕਾ ਉਪਰ ਲਾਏ ਹੋੜ, ਕਾਇਆ ਸੱਸਾ ਕਿਲਾ ਦਏ ਵਖਾਇਆ । ਏਕਾ ਹੋੜਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਾਏ ਬੌਹੜ, ਬੌਹੜੀ ਬੌਹੜੀ ਦੁੱਖ ਦਏ ਮਿਟਾਇਆ । ਹੰ ਬ੍ਰਹਮ ਤੇਰੇ ਅੱਗੇ ਦੇਵੇ ਤੋਰ, ਤੁਰਯਾ ਰਾਗ ਇਕ ਸੁਣਾਇਆ । ਆਪ ਵਖਾਏ ਆਪਣਾ ਜ਼ੋਰ, ਜ਼ੋਰ ਰਹਿਣ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਏਕਾ ਸ਼ਬਦ ਸੋ ਪੁਰਖ ਨਿਰੰਜਣ ਆਪ ਧਰਾਇਆ । ਸਾਚਾ ਸ਼ਬਦ ਆਪੇ ਧਰ, ਧਰ ਧਰ ਵੇਖ ਵਖਾਇੰਦਾ । ਦੇਵਣਹਾਰਾ ਆਪੇ ਵਰ, ਵਰ ਦੇਦੇ ਖ਼ੁਸ਼ੀ ਮਨਾਇੰਦਾ । ਚੁਕਾਵਣਹਾਰਾ ਭੌ ਡਰ, ਨਿਰਭੈ ਆਪਣਾ ਨਾਉਂ ਧਰਾਇੰਦਾ । ਸਚਖੰਡ ਦੁਆਰੇ ਆਪੇ ਖੜ, ਥਿਰ ਘਰ ਆਪਣੀ ਖੇਲ ਰਚਾਇੰਦਾ । ਲੱਖ ਚੁਰਾਸੀ ਅੰਦਰ ਵੜ, ਸਾਚੇ ਮੰਦਰ ਸੋਭਾ ਪਾਇੰਦਾ । ਸੁਤ ਸ਼ਬਦ ਤੇਰਾ ਖੇਲ ਚੇਤਨ ਜੜ, ਚਾਤ੍ਰਕ ਤੇਰੀ ਤ੍ਰਿਖਾ ਆਪ ਬੁਝਾਇੰਦਾ । ਪੰਜ ਤਤ ਤਤ ਲਏ ਫੜ, ਫੜ ਫੜ ਆਪਣਾ ਬੰਧਨ ਪਾਇੰਦਾ । ਰਜੋ ਤਮੋ ਸਤੋ ਤੋੜ ਗੜ੍ਹ, ਗੜ੍ਹ ਹੰਕਾਰੀ ਮੇਟ ਮਿਟਾਇੰਦਾ । ਆਪਣੀ ਅਗਨੀ ਤੇਰੇ ਪ੍ਰੇਮ ਜਾਏ ਸੜ, ਤੇਰਾ ਪ੍ਰੇਮ ਆਪਣੀ ਅਗਨ ਵਖਾਇੰਦਾ । ਸਚ ਮਹੱਲੇ ਜਾਏ ਚੜ੍ਹ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਲੋਕਮਾਤ ਖੋਲ੍ਹ ਤਾਕ, ਪੰਜ ਤਤ, ਬ੍ਰਹਮ ਮਤ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇੱਛਾ ਸਾਚੇ ਸ਼ਬਦ ਝੋਲੀ ਪਾਇੰਦਾ । ਸ਼ਬਦ ਸੁਤ ਸਚ ਤੇਰੀ ਧਾਰ, ਹਰਿ ਸਤਿਗੁਰ ਆਪ ਜਣਾਇੰਦਾ । ਵੰਡਾਂ ਵੰਡ ਅਪਰ ਅਪਾਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਲੱਖ ਚੁਰਾਸੀ ਕਰ ਤਿਆਰ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਚਾਰ ਚਾਰ ਦਾ ਵਣਜ ਵਪਾਰ, ਚਾਰੇ ਮੁਖ ਮੁਖ ਸਾਲਾਹਿੰਦਾ । ਚਾਰ ਚਾਰ ਕਰ ਤਿਆਰ, ਚਾਰੇ ਖਾਣੀ ਭੇਵ ਚੁਕਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਵਸੇ ਵਸਣਹਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਅਲਾਇੰਦਾ । ਸਚ ਸੁਗੰਧੀ ਏਕੰਕਾਰ ਕਮਲਾਪਾਤੀ ਕਵਲ ਕਵਲ ਕਰ ਤਿਆਰ, ਝਿਰਨਾ ਨਿਝਰ ਆਪ ਝਿਰਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਸੀਤਲ ਸੀਤਲ ਏਕਾ ਧਾਰ, ਬਖ਼ਸ਼ਸ਼ ਆਪਣੀ ਆਪਣੇ ਹੱਥ ਰਖਾਇੰਦਾ । ਤੇਰਾ ਨਾਉਂ ਰੱਖ ਗੁਰ ਅਵਤਾਰ, ਪੰਜ ਤਤ ਕਰਾਂ ਸ਼ੰਗਾਰ ਆਤਮ ਦੀਪਕ ਏਕਾ ਬਾਲ, ਜੋਤੀ ਜੋਤ ਨਾਲ ਮਿਲਾਇੰਦਾ । ਕਾਇਆ ਚੋਟੀ ਚੜ੍ਹ ਖੋਲ੍ਹਾਂ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲਾ ਦੀਨ ਦਿਆਲਾ ਸੁਤ ਸ਼ਬਦ ਬਣੇ ਦਲਾਲਾ, ਸਚ ਦਲਾਲੀ ਆਪ ਕਮਾਇੰਦਾ । ਸਚ ਦਲਾਲੀ ਕਰੇ ਅਕਾਲ, ਅਕਲ ਕਲਾ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਥਿਰ ਘਰ ਦੇਵੇ ਮਾਣ ਵਡਿਆਈਆ । ਸੁੰਨ ਅਗੰਮ ਕਰਨਹਾਰਾ ਪਾਰ, ਪਾਰਬ੍ਰਹਮ ਬੇਪਰਵਾਹੀਆ । ਤੋੜਨਹਾਰਾ

ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁਤ ਸ਼ਬਦ ਨੌਂ ਖੰਡ ਪ੍ਰਿਥਮੀ ਵਖਾਏ ਇਕ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਈਆ । ਤੇਰੀ ਚਰਨ ਸਰਨ ਰਖਾਏ ਕਾਲ ਮਹਾਕਾਲ, ਕਾਲ ਤੇਰੇ ਨਾਉਂ ਵਡਿਆਈਆ । ਤੇਰਾ ਰੂਪ ਵੇਖ ਦਿਆਲ, ਦਿਆਲਤਾ ਆਪਣੀ ਦਏ ਸਮਝਾਈਆ । ਜੁਗ ਜੁਗ ਵੇਖੇ ਤੇਰਾ ਕਮਾਲ, ਖ਼ਾਲਕ ਖ਼ਲਕ ਵਿਚ ਸਮਾਈਆ । ਤੇਰੀ ਵਾਗ ਡੋਰ ਲਏ ਸੰਭਾਲ, ਸੰਭਲ ਸੰਭਲ ਆਪਣਾ ਰਾਹ ਜਣਾਈਆ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰ ਤੇਰਾ ਨਾਉਂ ਦਏ ਸਿਖਾਲ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਤੇਈ ਅਵਤਾਰ ਕਰ ਕਰ ਭਾਲ, ਤ੍ਰੈਗੁਣ ਮੇਲਾ ਦਏ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਰਸਨਾ ਜਿਹਵਾ ਗਾਏ ਬੇਮਿਸਾਲ, ਆਪਣਾ ਮਸਲਾ ਆਪ ਜਣਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰੀ ਵੇਖੇ ਹੱਕ ਹਲਾਲ, ਹਕੀਕਤ ਆਪਣਾ ਪੜਦਾ ਲਾਹੀਆ । ਨੂਰੀ ਜਲਵਾ ਇਕ ਜਲਾਲ, ਜ਼ਾਹਰ ਜ਼ਹੂਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਸਾਚੇ ਸੁਤ ਜੁਗਾ ਜੁਗੰਤਰ ਸੁਹਾਏ ਤੇਰੀ ਰੁੱਤ, ਤੇਰੀ ਰੁੱਤ ਆਪਣੇ ਨਾਮ ਮਹਿਕਾਈਆ । ਸਾਚੇ ਸੁਤ ਕਰ ਵਿਚਾਰ, ਹਰਿ ਵਿਚਾਰ ਵਿਚ ਨਾ ਆਇੰਦਾ । ਤੇਰਾ ਨਾਉਂ ਗੁਰ ਅਵਤਾਰ, ਗੁਰ ਗੁਰ ਤੇਰਾ ਖੇਲ ਕਰਾਇੰਦਾ । ਕਲਮਾ ਕਲਾਮ ਕਰ ਤਿਆਰ, ਕਾਇਨਾਤ ਆਪ ਪੜ੍ਹਾਇੰਦਾ । ਸ਼ਰਅ ਸ਼ਰੀਅਤ ਵਸੇ ਬਾਹਰ, ਸ਼ਰਅ ਆਪਣਾ ਹੁਕਮ ਜਣਾਇੰਦਾ । ਪੰਜ ਤਤ ਪੰਜ ਆਧਾਰ, ਪੰਚਮ ਪੰਚਮ ਮੇਲਾ ਹਰਿ ਕਰਤਾਰ, ਪੰਚਮ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਆਪ ਰਖਾਇੰਦਾ । ਸਾਚੀ ਇਛਿਆ ਚਾਰ ਜੁਗ, ਜੁਗ ਚੌਕੜੀ ਆਪ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਔਧ ਜਾਏ ਪੁਗ, ਜੁਗ ਜੁਗ ਗੇੜਾ ਆਪ ਭੁਵਾਈਆ । ਗੁਰ ਅਵਤਾਰ ਪੀਰ ਪੈਗੰਬਰ ਸੇਵਾ ਲਾਏ ਲੁਕ ਲੁਕ, ਸਚਖੰਡ ਵਸੇ ਸੱਚਾ ਮਾਹੀਆ । ਕਲਜੁਗ ਅੰਤਮ ਵੇਲਾ ਆਏ ਢੁਕ, ਵੇਖਣਹਾਰਾ ਖ਼ਲਕ ਖ਼ੁਦਾਈਆ । ਨਾਨਕ ਨਿਰਗੁਣ ਦੱਸਣਹਾਰਾ ਸਾਚੀ ਓਟ, ਓਟ ਏਕਾ ਏਕ ਜਣਾਈਆ । ਪੰਚ ਤਤ ਕਾਇਆ ਕਿਲਾ ਕੋਟ, ਕੋਟ ਬੰਕ ਸੁਹਾਈਆ । ਕਬੀਰ ਜੁਲਾਹਾ ਕਹੇ ਨਿਰਮਲ ਜਗੇ ਜੋਤ, ਜੋਤੀ ਜਾਤਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਤੇਰੀ ਧਾਰ, ਗੁਰ ਅਵਤਾਰ ਵਿਚ ਟਿਕਾਈਆ । ਗੁਰ ਅਵਤਾਰ ਤੇਰਾ ਰੰਗ, ਪੀਰ ਪੈਗ਼ੰਬਰ ਸੋਭਾ ਪਾਇੰਦਾ । ਪੰਜ ਤਤ ਕਾਇਆ ਤੇਰੀ ਸੇਜ ਪਲੰਘ, ਨਿਰਗੁਣ ਸਰਗੁਣ ਆਪ ਜਣਾਇੰਦਾ । ਬੋਧ ਅਗਾਧਾ ਸ਼ਬਦ ਅਗੰਮੀ ਤੇਰਾ ਮਰਦੰਗ, ਅਨਹਦ ਨਾਦੀ ਸੇਵ ਕਮਾਇੰਦਾ । ਆਰ ਪਾਰ ਦੋ ਧਾਰ ਹਰਿ ਨਿਰੰਕਾਰ ਖੰਡਾ ਜਾਏ ਲੰਘ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸ਼ਬਦੀ ਤੂਰਾ ਜੋਤੀ ਨੂਰਾ ਵਸੇ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਮੇਟਣਹਾਰਾ ਭੇਖ ਪਖੰਡ, ਪਰਮ ਪੁਰਖ ਖੇਲ ਕਰਾਇੰਦਾ । ਖਿਚਣਹਾਰਾ ਤੀਰ ਕਮੰਦ, ਸਾਚਾ ਚਿੱਲਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਦੁਲਾਰੇ, ਦੱਸੇ ਖੇਲ ਹਰਿ ਕਰਤਾਰੇ, ਕੁਦਰਤ ਕਾਦਰ ਆਪ ਜਣਾਇੰਦਾ । ਕੁਦਰਤ ਕਾਦਰ ਦੱਸੇ ਭੇਵ, ਅਭੇਦ ਆਪ ਜਣਾਈਆ । ਸ਼ਬਦ ਸੁਤ ਸਾਚੀ ਸੇਵ, ਚਾਕਰ ਚਾਕ ਲਗਾਈਆ । ਕਰੇ ਖੇਲ ਨਿਹਕੇਵਲ ਨਿਹਕੇਵ, ਨਿਹਕਰਮੀ ਆਪਣੇ ਹੱਥ ਰੱਖੇ ਵਡਿਆਈਆ । ਗਾ ਨਾ ਥੱਕੇ ਰਸਨਾ ਜਿਹਵ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਪਾਰਬ੍ਰਹਮ ਪ੍ਰਭ ਆਦਿ ਜੁਗਾਦਿ ਜੁਗਾ ਜੁਗੰਤਰ ਸਾਚਾ ਦੇਵ, ਨਮੋ ਨਮੋ ਕਰੇ ਪੜ੍ਹਾਈਆ ।

ਅਲੱਖ ਅਲੱਖ ਅਲੱਖ ਅਭੇਵ, ਅਗੋਚਰ ਅਗੋਚਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਏਕਾ ਏਕ ਕਰਾਈਆ । ਏਕਾ ਇਛਿਆ ਹਰਿ ਕਰਤਾਰਾ, ਸ਼ਬਦੀ ਸ਼ਬਦ ਜਣਾਇੰਦਾ । ਨੌਂ ਨੌਂ ਚਾਰ ਹੋਏ ਪਾਰ ਕਿਨਾਰਾ, ਨਵ ਸੱਤ ਨਾ ਕੋਇ ਵਡਿਆਇੰਦਾ । ਕਰੇ ਖੇਲ ਅਗੰਮ ਅਪਾਰਾ, ਰੂਪ ਅਨੂਪ, ਆਪ ਵਟਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਗੁਰ ਗੁਰ ਆਪਣਾ ਪੜਦਾ ਲਾਹਿੰਦਾ । ਖਾਣੀ ਬਾਣੀ ਅੰਜੀਲ ਕੁਰਾਨ ਵੇਖਣਹਾਰਾ, ਵੇਖ ਵੇਖ ਪੇਖ ਪੇਖ ਪੇਖਤ ਆਪਣਾ ਰੰਗ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰੀ ਇੱਛਾ ਤੇਰਾ ਤੇਰੀ ਝੋਲੀ ਪਾਇੰਦਾ । ਤੇਰੀ ਇੱਛਾ ਅੰਤਮ ਪੂਰ, ਹਰਿ ਸਤਿਗੁਰ ਪੂਰ ਕਰਾਈਆ । ਨਿਰਗੁਣ ਸਰਗੁਣ ਹਾਜ਼ਰ ਹਜ਼ੂਰ, ਹਰਿ ਹਰਿ ਏਕਾ ਰੰਗ ਰੰਗਾਈਆ । ਨਾਤਾ ਤੋੜ ਕੂੜੇ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਨਾਨਕ ਗੋਬਿੰਦ ਸਾਚੀ ਧੂੜ, ਗੁਰ ਸ਼ਬਦ ਸ਼ਬਦ ਰਮਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮੋਹ ਮਮਤਾ ਮਾਣ ਮਿਟਾਈਆ । ਹਉਮੇ ਹੰਗਤਾ ਤੋੜ ਗ਼ਰੂਰ, ਗ਼ੁਰਬਤ ਸਭ ਦੀ ਦਏ ਗਵਾਈਆ । ਪੀਰ ਪੈਗ਼ੰਬਰ ਕਰ ਕਰ ਥੱਕੇ ਕਸੂਰ, ਸਭ ਦੇ ਉਤੇ ਫ਼ਤਵਾ ਲਾਈਆ । ਕਲਜੁਗ ਤ੍ਰੈਗੁਣ ਤਤ ਤਪੇ ਤੰਦੂਰ, ਸਾਂਤਕ ਸਤਿ ਨਾ ਕੋਇ ਕਰਾਈਆ । ਜਿਸ ਨੇ ਜਲਵਾ ਤੱਕਿਆ ਕੋਹਤੂਰ, ਸੋ ਮੂਸਾ ਧਿਆਨ ਲਗਾਈਆ । ਮੁਹੰਮਦ ਹੱਡੀਆਂ ਹੋਣ ਚੂਰ ਚੂਰ, ਸਦੀ ਚੌਧਵੀਂ ਰਹੀ ਵਿਹਾਈਆ । ਅੱਲਾ ਰਾਣੀ ਨਾ ਦਿਸੇ ਹੂਰ, ਮੁਖ ਘੁੰਗਟ ਨਾ ਕੋਇ ਉਠਾਈਆ । ਤੇਈ ਅਵਤਾਰ ਆਸਾ ਕਰ ਨਾ ਸਕੇ ਪੂਰ, ਆਸਾ ਪੂਰ ਨਾ ਕੋਇ ਕਰਾਈਆ । ਭਗਤ ਅਠਾਰਾਂ ਹੋਏ ਦੂਰ, ਕਬੀਰ ਜੁਲਾਹਾ ਦਏ ਦੁਹਾਈਆ । ਵਰਨ ਬਰਨ ਜ਼ਾਤ ਪਾਤ ਰਹੀ ਝੂਰ, ਝੰਜਟ ਦੇਵੇ ਨਾ ਕੋਇ ਮਿਟਾਈਆ । ਈਸਾ ਮਿਲੇ ਨਾ ਕੋਇ ਨੂਰ, ਇਸਮ ਆਜ਼ਮ ਨਾ ਕੋਇ ਵਖਾਈਆ । ਸਤਿਗੁਰ ਨਾਨਕ ਕਹੇ ਪ੍ਰਭ ਸਭ ਮੇਂ ਰਿਹਾ ਭਰਪੂਰ, ਸਭ ਥਾਈਂ ਹੋਏ ਸਹਾਈਆ । ਗੋਬਿੰਦ ਕਹੇ ਮੇਰਾ ਪਿਤਾ ਪੁਰਖ ਅਕਾਲ ਜ਼ਰੂਰ, ਦੂਜੀ ਜ਼ਰੂਰਤ ਨਾ ਕੋਇ ਰਖਾਈਆ । ਅੰਮ੍ਰਿਤ ਪਿਆਲਾ ਦਿਤਾ ਸਰੂਰ, ਅਠਸਠ ਤੀਰਥ ਰਹੇ ਸ਼ਰਮਾਈਆ । ਗੁਰਮੁਖ ਆਸਾ ਕਰੀ ਪੂਰ, ਪੰਚਮ ਆਪਣਾ ਜੋੜ ਜੋੜਾਈਆ । ਆਤਮ ਪਰਮਾਤਮ ਦਿਤਾ ਨੂਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਾਹਿਬ ਤੁਠਾ ਹੋਇਆ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਪੁਰਖ ਅਬਿਨਾਸ਼ੀ ਹੋਇਆ ਰਿਹਾ ਮਫ਼ਰੂਰ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਵਸਦਾ ਦੂਰ, ਸੋ ਸਤਿਗੁਰ ਨੇਰਨ ਨੇਰ ਦਸਾਈਆ । ਪੰਚ ਵਿਕਾਰਾ ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਚੂਰੋ ਚੂਰ, ਨਾਮ ਖੰਡਾ ਇਕ ਉਠਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਧਰਵਾਸਾ ਆਦਿ ਜੁਗਾਦਿ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਸਤਿਗੁਰ ਕਹੇ ਸ਼ਬਦ ਗੁਰ ਮੀਤਾ, ਗੋਬਿੰਦ ਦੇਵੇ ਮਾਣ ਵਡਿਆਈਆ । ਹਰਿ ਕਾ ਸ਼ਬਦ ਸਦਾ ਅਨਡੀਠਾ, ਨਜ਼ਰ ਕਿਸੇ ਨਾ ਆਈਆ । ਗੋਬਿੰਦ ਪਿਆਲਾ ਜਿਸ ਨੇ ਪੀਤਾ, ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਨਾਨਕ ਧਾਮ ਠਾਂਡਾ ਸੀਤਾ, ਜਿਸ ਘਰ ਮਿਲੇ ਸੱਚਾ ਮਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਚਲਾਏ ਸਾਚੀ ਰੀਤਾ, ਰੀਤੀਵਾਨ ਫੇਰਾ ਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਜਣਾਏ ਇਕ ਪ੍ਰੀਤਾ, ਪਰਮ ਪੁਰਖ ਬੇਪਰਵਾਹੀਆ । ਏਕਾ ਘਰ ਬਹਾਏ ਹਸਤ ਕੀਟਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਨੌਂ ਖੰਡ

ਪ੍ਰਿਥਮੀ ਏਕਾ ਰਾਗ ਸੁਣਾਏ ਗੀਤਾ, ਪੁਰਖ ਅਕਾਲ ਢੋਲਾ ਗਾਈਆ । ਜਿਸ ਬਣਾਈਆਂ ਮੰਦਰ ਮਸੀਤਾਂ, ਸ਼ਿਵਦਵਾਲੇ ਮੱਠ ਸੁਹਾਈਆ । ਸੋ ਸਾਹਿਬ ਘਰ ਘਰ ਅੰਦਰ ਪਰਖਣਹਾਰਾ ਨੀਤਾ, ਨਿਜ ਘਰ ਬੈਠਾ ਡੇਰਾ ਲਾਈਆ । ਗੁਰਸਿਖ ਨਾ ਮਰਿਆ ਨਾ ਜੀਤਾ, ਜਨਮ ਮਰਨ ਵਿਚ ਕਦੇ ਨਾ ਆਈਆ । ਸ਼ਬਦ ਗੁਰ ਸਦਾ ਸਦਾ ਸਦ ਮੀਤਾ, ਮਿੱਤਰ ਪਿਆਰਾ ਇਕ ਹੋ ਜਾਈਆ । ਮੁਰਸ਼ਦ ਮੁਰੀਦ ਮੁਰੀਦ ਮੁਰਸ਼ਦ ਏਕਾ ਧਾਮ ਡੀਠਾ, ਜਿਸ ਧਾਮ ਵਸਿਆ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਇੱਛਾ ਸੁਤ ਦੁਲਾਰੇ ਏਕਾ ਤੇਰੇ ਹੱਥ ਫੜਾਈਆ । ਹਰਿ ਕੀ ਇਛਿਆ ਸ਼ਬਦ ਹੱਥ, ਹਰਿ ਸ਼ਬਦੀ ਖੇਲ ਕਰਾਇੰਦਾ । ਹਰਿ ਕੀ ਇਛਿਆ ਨਾਉਂ ਵੱਥ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਹਰਿ ਕੀ ਇਛਿਆ ਮਹਿਮਾ ਅਕੱਥ, ਵੇਦ ਕਤੇਬ ਭੇਵ ਨਾ ਆਇੰਦਾ । ਹਰਿ ਕੀ ਇਛਿਆ ਸਗਲ ਵਿਸੂਰੇ ਗਏ ਲੱਥ, ਹਰਿ ਜੂ ਹਰਿਜਨ ਮੇਲ ਮਿਲਾਇੰਦਾ । ਹਰਿ ਕੀ ਇਛਿਆ ਹਰਿ ਸਤਿਗੁਰ ਗੁਰ ਗੁਰ ਸਰਨੀ ਜਾਏ ਢੱਠ, ਢਹਿ ਢਹਿ ਸ਼ੁਕਰ ਮਨਾਇੰਦਾ । ਹਰਿ ਕੀ ਇਛਿਆ ਪੰਜ ਤਤ, ਮਨ ਮਤ ਬੁਧ ਨਾਲ ਰਲਾਇੰਦਾ । ਹਰਿ ਕੀ ਇਛਿਆ ਨਿਰਗੁਣ ਸਰਗੁਣ ਕਰ ਪਰਗਟ, ਲੱਖ ਚੁਰਾਸੀ ਵੰਡ ਵੰਡਾਇੰਦਾ । ਹਰਿ ਕੀ ਇਛਿਆ ਘਰ ਘਰ ਨਿਰਮਲ ਜੋਤ ਦਏ ਰੱਖ, ਜੋਤ ਨਿਰੰਜਣ ਡਗਮਗਾਇੰਦਾ । ਹਰਿ ਕੀ ਇਛਿਆ ਤਨ ਕੰਦਰ ਅੰਦਰ ਮਾਰੇ ਅਨਹਦ ਸੱਟ, ਠੋਕਰ ਆਪਣੇ ਨਾਮ ਲਗਾਇੰਦਾ । ਹਰਿ ਕੀ ਇਛਿਆ ਪੰਚ ਵਿਕਾਰਾ ਸੱਥਰ ਬੈਠੇ ਘੱਤ, ਸਫ਼ਾ ਮਲੇਛ ਨਾ ਕੋਇ ਚਲਾਇੰਦਾ । ਹਰਿ ਕੀ ਇਛਿਆ ਉਪਜੇ ਬ੍ਰਹਮ ਮੱਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਹਰਿ ਕੀ ਇਛਿਆ ਨਾ ਉਬਲੇ ਰੱਤ, ਬਹੱਤਰ ਨਾੜ ਨਾ ਅਗਨ ਤਪਾਇੰਦਾ । ਹਰਿ ਕੀ ਇਛਿਆ ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਸਤਿਗੁਰ ਪੂਰੇ ਦਰਸਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸ਼ਬਦ ਤੇਰਾ ਨਾਉਂ ਸਤਿਗੁਰ ਮਾਤ ਸਮਝਾਇੰਦਾ । ਸ਼ਬਦੀ ਨਾਉਂ ਸਤਿਗੁਰ ਮਾਤ, ਗੁਰ ਅਵਤਾਰ ਤਤ ਕੁੜਮਾਈਆ । ਕਰੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦ ਨਾ ਕਿਸੇ ਜਣਾਈਆ । ਗਾ ਗਾ ਥੱਕੇ ਸਾਰੇ ਗਾਥ, ਆਦਿ ਅੰਤ ਨਾ ਕੋਇ ਜਣਾਈਆ । ਸਿਫ਼ਤ ਕਰੇ ਨਾ ਕਲਮ ਦਵਾਤ, ਸੇਵਾ ਕਰੇ ਨਾ ਕਲਮ ਸ਼ਾਹੀਆ । ਬਨਾਸਪਤ ਖੋਲ੍ਹ ਨਾ ਸਕੀ ਆਪਣਾ ਤਾਕ, ਅਠਾਰਾਂ ਭਾਰ ਨਾ ਭਾਰ ਤੁਲਾਈਆ । ਪਾਰਬ੍ਰਹਮ ਪ੍ਰਭ ਇਕੋ ਜ਼ਾਤ, ਗੁਰ ਗੁਰ ਆਪਣੀ ਜ਼ਾਤ ਜਣਾਈਆ । ਚਰਨ ਚਰਨ ਬੰਧਾਏ ਨਾਤ, ਸਰਨ ਸਰਨ ਸਰਨਾਈਆ । ਸ਼ਬਦੀ ਸ਼ਬਦ ਸਾਚਾ ਹਾਟ, ਹਰਿ ਸ਼ਬਦ ਗੁਰੂ ਖੁਲਵਾਈਆ । ਸਰਗੁਣ ਨਿਰਗੁਣ ਦੇਵੇ ਦਾਤ, ਨਿਰਗੁਣ ਦਾਨੀ ਆਪ ਵਰਤਾਈਆ । ਮਨਮਤ ਮੇਟੇ ਨਾਰ ਕਮਜ਼ਾਤ, ਕੁਲੱਖਣੀ ਗ੍ਰਿਹਿ ਰਹਿਣ ਨਾ ਪਾਈਆ । ਗੁਰੂ ਸ਼ਬਦ ਜਿਸ ਵਸਿਆ ਸਾਥ, ਤਿਸ ਨਾਨਕ ਗੋਬਿੰਦ ਹੋਏ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਚਾਰ ਯਾਰ ਨਾਨਕ ਗੋਬਿੰਦ ਮੰਗਦੇ ਗਏ ਪਿਆਰ, ਪੁਰਖ ਅਕਾਲ ਅੰਤਮ ਫੇਰਾ ਪਾਈਆ । ਨਿਹਕਲੰਕ ਮਹਾਬਲੀ ਉਤਰੇ ਆਪਣੀ ਧਾਰ, ਮਾਤ ਪਿਤ ਜਨਨੀ ਜਨ ਨਾ ਕੋਇ ਰਖਾਈਆ । ਗੋਬਿੰਦ ਕਹੇ ਸੰਬਲ ਵਸੇ ਧਾਮ ਨਿਆਰ, ਮਹੱਲ ਅਟੱਲ ਉਚ ਕਰੇ ਰੁਸ਼ਨਾਈਆ । ਕਲ ਕਲਕੀ ਪਾਵੇ ਸਾਰ, ਵੇਦ ਵਿਆਸਾ ਬਣ ਲਿਖਾਰ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਕੂਕ ਕੂਕ ਗਿਆ ਜਣਾਈਆ । ਈਸਾ ਨੇਤਰ ਰੋਵੇ ਗਿਰਿਆਜ਼ਾਰੀ ਕਰੇ ਜ਼ਾਰੋ ਜ਼ਾਰ, ਮੇਰਾ ਖ਼ੁਦਾਏ ਮੇਰੇ ਪਿਛੇ ਫੇਰਾ ਪਾਈਆ । ਮੁਹੰਮਦ ਕਹੇ ਮੇਰਾ ਯਾਰ

੫੮੮ ੧੨

ਮੁਕਾਮੇ ਹੱਕ ਵਸੇ ਪਰਵਰਦਿਗਾਰ, ਮੁਖ ਨਕ਼ਾਬ ਪੜਦਾ ਦਏ ਉਠਾਈਆ । ਸਦੀ ਚੌਧਵੀਂ ਆਏ ਹਾਰ, ਚੌਦਾਂ ਸਦ ਖੇਲ ਕਰਤਾਰ, ਖ਼ੁਦੀ ਖ਼ੁਦਾਏ ਦਏ ਮਿਟਾਈਆ । ਗੋਬਿੰਦ ਸੂਰਾ ਪਰਗਟ ਹੋਏ ਇਕ ਬਲਕਾਰ, ਨੌਂ ਖੰਡ ਪਾਵੇ ਸਾਰ, ਸੱਤਾਂ ਦੀਪਾਂ ਦਏ ਮਾਣ ਵਡਿਆਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਦ ਇਕ ਧੁੰਨਕਾਰ, ਏਕਾ ਰਾਗੀ ਰਾਗ ਸੁਣਾਈਆ । ਏਕਾ ਇਸ਼ਟ ਦੇਵ ਗੁਰ ਕਰਤਾਰ, ਕਰਤਾ ਪੁਰਖ ਇਕ ਸਰਨਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਤਿ ਪੁਰਖ ਨਿਰੰਜਣ ਹਰਿਜਨ ਸਾਚੇ ਸੁਤ ਲਏ ਪਰਗਟਾਈਆ । ਰਾਤੀ ਸੁੱਤਿਆਂ ਦਏ ਦੀਦਾਰ, ਸੁਫਨ ਸਖੋਪਤ ਜਾਗਰਤ ਤੁਰੀਆ ਆਪਣਾ ਖੇਲ ਵਖਾਈਆ । ਗ਼ਫ਼ਲਤ ਵਿਚ ਕਰੇ ਬੇਦਾਰ, ਉਲਫ਼ਤ ਆਪਣੀ ਆਪ ਸਮਝਾਈਆ । ਏਕਾ ਕਲਮਾ ਕਰ ਤਿਆਰ, ਮੁਰੀਦ ਮੁਰਸ਼ਦ ਕਰੇ ਪੜ੍ਹਾਈਆ । ਬੀਸ ਬੀਸਾ ਹਰਿ ਜਗਦੀਸਾ ਕਰੇ ਖੇਲ ਆਪ ਨਿਰੰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋ ਇੱਛਾ ਹਰਿ ਭਗਤ ਭੰਡਾਰ, ਸਾਚੇ ਸੰਤਾਂ ਆਪ ਵਰਤਾਈਆ । ਸੰਤ ਜਨ ਕਿਹਾ ਰਸਨਾ ਦਿਓ ਉਚਾਰ, ਸੋ ਇੱਛਾ ਲੇਖ ਲਿਖਾਈਆ । ਹਰਿ ਸੰਗਤ ਤੇਰਾ ਵੱਡਾ ਦਰਬਾਰ, ਜਿਸ ਦਰਬਾਰ ਗੁਰ ਅਵਤਾਰ ਪੀਰ ਪੈਗ਼ੰਬਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੂਪ ਵਖਾਈਆ ।



## ✳ ੧੦ ਭਾਦਰੋਂ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਮੁੰਡੀ ਜੁਮਾਲ ਜ਼ਿਲਾ ਫਿਰੋਜ਼ਪੁਰ ✳

ਸੁਤ ਸ਼ਬਦ ਤੇਰਾ ਸਚ ਦੁਆਰਾ, ਧੁਰ ਦਰਬਾਰੀ ਆਪ ਬਣਾਇੰਦਾ । ਸਚਖੰਡ ਅੰਦਰ ਖੋਲ੍ਹ ਕਿਵਾੜਾ, ਥਿਰ ਘਰ ਤੇਰਾ ਦਰ ਉਪਾਇੰਦਾ । ਜੋਤੀ ਨੂਰ ਕਰ ਉਜਿਆਰਾ, ਨੂਰੋ ਨੂਰ ਨੂਰ ਧਰਾਇੰਦਾ । ਸਾਚੇ ਮੰਦਰ ਖੇਲ ਅਪਾਰਾ, ਪੁਰਖ ਅਬਿਨਾਸ਼ੀ ਆਪ ਵਖਾਇੰਦਾ । ਸਚ ਸੰਦੇਸਾ ਏਕਾ ਵਾਰਾ, ਨਰ ਨਿਰੰਕਾਰਾ ਆਪ ਸੁਣਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਬੇਪਰਵਾਹ ਬੇਐਬ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰਾ ਘਰ ਗ੍ਰਿਹ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸੁਹਾਏ ਆਪ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਵੇਖੇ ਵਡ ਪਰਤਾਪ, ਬੇਅੰਤ ਕੰਤ ਦਏ ਵਡਿਆਈਆ । ਏਕੰਕਾਰਾ ਨਿਸ਼ਅੱਖਰ ਅੱਖਰ ਕਰਾਏ ਆਪਣਾ ਜਾਪ, ਏਕੰਕਾਰਾ ਆਪ ਪੜ੍ਹਾਈਆ । ਆਦਿ ਨਿਰੰਜਣ ਖੋਲ੍ਹ ਤਾਕ, ਦੀਵਾ ਬਾਤੀ ਕਮਲਾਪਾਤੀ ਦਰ ਘਰ ਸਾਚੇ ਆਪ ਵਖਾਈਆ । ਅਬਿਨਾਸ਼ੀ ਕਰਤਾ ਲਹਿਣਾ ਦੇਣਾ ਚੁਕਾਏ ਬਾਕੀ ਆਦਿ ਜੁਗਾਦਿ, ਸਿਰ ਆਪਣਾ ਹੱਥ ਟਿਕਾਈਆ । ਸ੍ਰੀ ਭਗਵਾਨ ਸਤਿ ਸਰੂਪੀ ਸਤਿ ਸਤਿਵਾਦੀ ਏਕਾ ਬਣੇ ਸੱਜਣ ਸਾਕ, ਸਗਲਾ ਸੰਗ ਆਪ ਰਖਾਈਆ । ਪਾਰਬ੍ਰਹਮ ਪ੍ਰਭ ਬਣੇ ਮਾਈ ਬਾਪ, ਪਿਤਾ ਪੂਤ ਏਕਾ ਗੋਦ ਸੁਹਾਈਆ । ਏਕਾ ਬਸਤਰ ਏਕਾ ਖਾਟ, ਏਕਾ ਸੇਜਾ ਦਏ ਵਖਾਈਆ । ਏਕਾ ਵਸਤ ਏਕਾ ਹਾਟ, ਏਕਾ ਘਰ ਦਏ ਵਡਿਆਈਆ । ਇਕ ਬੰਧਾਏ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੋੜਾਈਆ । ਸ਼ਬਦੀ ਸ਼ਬਦ ਤੇਰੀ ਸਾਚੀ ਜ਼ਾਤ, ਨਿਰਗੁਣ ਨਿਰਗੁਣ ਆਪਣੇ ਹੱਥ ਰਖਾਈਆ । ਵੇਖਣਹਾਰਾ ਖੇਲ ਤਮਾਸ਼, ਬ੍ਰਹਿਮੰਡ ਖੰਡ

ਪੁਰੀ ਲੋਅ ਆਕਾਸ਼ ਗਗਨ ਗਗਨੰਤਰ ਤੇਰੀ ਰਾਸ ਰਚਾਈਆ । ਲੱਖ ਚੁਰਾਸੀ ਕਰ ਪਰਕਾਸ਼ ਘਰ ਘਰ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਪੰਜ ਤਤ ਤੇਰਾ ਦਾਸੀ ਦਾਸ, ਤ੍ਰੈ ਤ੍ਰੈ ਲੇਖਾ ਲੇਖੇ ਲਾਈਆ । ਹੁਕਮੇ ਅੰਦਰ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਆਪ ਫਿਰਾਈਆ । ਕਰੇ ਖੇਲ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਬੇਪਰਵਾਹੀਆ । ਸਦਾ ਸੁਹੇਲਾ ਇਕ ਇਕੇਲਾ ਪਰਗਟ ਹੋਏ ਸਾਖਿਆਤ, ਦਰ ਘਰ ਸਾਚੇ ਆਪਣਾ ਵੇਸ ਵਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਵੇਖੇ ਮਾਰ ਝਾਤ, ਘਰ ਘਰ ਵਿਚ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਏਕਾ ਵਸਤ ਵਸਤੂ ਹਰਿ ਵਰਤਾਈਆ । ਸਾਚੀ ਵਸਤ ਸਾਚੀ ਦਾਤ, ਹਰਿ ਸਾਚਾ ਸਚ ਵਰਤਾਇੰਦਾ । ਆਦਿ ਜੁਗਾਦਿ ਬੰਨ੍ਹੇ ਨਾਤ, ਨਾਤਾ ਬਿਧਾਤਾ ਨਾ ਕੋਇ ਤੁੜਾਇੰਦਾ । ਖ਼ਾਲਕ ਖ਼ਲਕ ਮਖ਼ਲੂਕ ਵੇਖੇ ਖੇਲ ਤਮਾਸ਼, ਬੇਐਬ ਆਪਣਾ ਭੇਵ ਚੁਕਾਇੰਦਾ । ਪਰਵਰਦਿਗਾਰ ਬਣੇ ਸੱਜਣ ਸਾਕ, ਸਾਹਿਬ ਸੁਲਤਾਨ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਵਖਾਏ ਏਕਾ ਘਾਟ, ਸਾਚੇ ਪੱਤਣ ਡੇਰਾ ਲਾਇੰਦਾ । ਆਤਮ ਪਾਰਮਾਤਮ ਬ੍ਰਹਮ ਪਾਰਬ੍ਰਹਮ ਵੇਖੇ ਵਾਟ, ਈਸ਼ ਜੀਵ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦੀ ਆਪ ਜਣਾਇੰਦਾ । ਸ਼ਬਦ ਸੁਤ ਵੇਖ ਉਠ ਬਲ ਧਾਰ, ਬਲਧਾਰੀ ਆਪ ਜਣਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਨਿਰਗੁਣ ਸਰਗੁਣ ਦੇਵੇ ਮਾਣ ਵਡਿਆਈਆ । ਤੇਰਾ ਲੇਖਾ ਵਿਚ ਸੰਸਾਰ, ਵਡ ਸੰਸਾਰੀ ਆਪ ਚੁਕਾਈਆ । ਤੇਰਾ ਲੇਖਾ ਸ਼ਬਦ ਦੁਲਾਰ, ਥਿਰ ਦਰਬਾਰੇ ਦਏ ਵਡਿਆਈਆ । ਘਰ ਘਰ ਅੰਦਰ ਕਰ ਤਿਆਰ, ਸਾਚਾ ਮੰਦਰ ਆਪ ਸੁਹਾਈਆ । ਆਤਮ ਸੇਜਾ ਬੈਠ ਨਿਰੰਕਾਰ, ਨਿਰਗੁਣ ਆਪਣਾ ਰੰਗ ਰੰਗਾਈਆ । ਸਾਰੰਗ ਸਾਰੰਗਾ ਬਿਨ ਤੰਦ ਸਤਾਰ, ਅਨਹਦ ਨਾਦੀ ਨਾਦ ਸੁਣਾਈਆ । ਬ੍ਰਹਮ ਬ੍ਰਹਿਮਾਦੀ ਭੇਵ ਨਿਆਰ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਬੋਧ ਅਗਾਧੀ ਨਾਦ ਧੁਨਕਾਰ, ਧੁੰਨ ਆਤਮਕ ਏਕਾ ਰਾਗ ਅਲਾਈਆ । ਸ਼ਬਦੀ ਸ਼ਬਦ ਸ਼ਬਦ ਵਣਜਾਰ, ਸ਼ਬਦ ਵਣਜਾਰਾ ਏਕਾ ਹੱਟ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਧਾਰ ਆਪ ਸਮਝਾਈਆ । ਸ਼ਬਦੀ ਧਾਰ ਹਰਿ ਹਰਿ ਆਸਾ, ਆਸਾ ਆਸਾ ਵਿਚ ਮਿਲਾਇੰਦਾ । ਸ਼ਬਦੀ ਧਾਰ ਖੇਲ ਪਰਕਾਸ਼ਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ਼ਬਦੀ ਧਾਰ ਸਾਚੇ ਮੰਦਰ ਕਰੇ ਵਾਸਾ, ਥਿਰ ਘਰ ਸਾਚੇ ਡੇਰਾ ਲਾਇੰਦਾ । ਸ਼ਬਦੀ ਪਿਆਰ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਮੰਡਪ ਆਪਣਾ ਰੰਗ ਵਖਾਇੰਦਾ । ਸ਼ਬਦੀ ਪਿਆਰ ਪਵਣ ਸਵਾਸਾ, ਲੱਖ ਚੁਰਾਸੀ ਵਿਚ ਰਖਾਇੰਦਾ । ਸ਼ਬਦੀ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਅਬਿਨਾਸ਼ੀ ਅਚੁੱਤ ਆਪਣਾ ਭੇਵ ਆਪ ਖੁਲ੍ਹਾਇੰਦਾ । ਖੋਲ੍ਹੇ ਭੇਵ ਹਰਿ ਕਰਤਾਰਾ, ਕੁਦਰਤ ਕਾਦਰ ਦਏ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਆਦਿ ਅੰਤ ਮੇਰਾ ਵਿਹਾਰਾ, ਮਧ ਖੇਲ ਗੁਰੂ ਅਵਤਾਰ ਗੁਰ ਗੁਰ ਆਪਣੀ ਸੇਵ ਲਗਾਈਆ । ਸ਼ਬਦੀ ਸ਼ਬਦ ਸਚ ਭੰਡਾਰਾ, ਬ੍ਰਹਮ ਬ੍ਰਹਿਮਾਂਡ ਆਪ ਵਰਤਾਈਆ । ਸ਼ਾਸਤਰ ਸਿਮਰਤ ਵੇਦ ਦਏ ਆਧਾਰਾ, ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਖਾਣੀ ਬਾਣੀ ਬੋਲ ਜੈਕਾਰਾ, ਢੋਲਾ ਸੋਹਲਾ ਇਕ ਸੁਣਾਈਆ । ਆਪੇ ਵਸੇ ਸਭ ਤੋਂ ਬਾਹਰਾ, ਬੇਐਬ ਨਾਮ ਖ਼ੁਦਾਈਆ । ਏਕਾ ਨਾਉਂ ਵਣਜ ਵਪਾਰਾ, ਚੌਦਾਂ ਲੋਕ ਹੱਟ ਚਲਾਈਆ । ਚੌਦਾਂ ਤਬਕ ਤਬਕ ਅਖਾੜਾ, ਸਾਚਾ ਸਬਕ

੫੯੦
੧੨

ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਵਸਾਏ ਤੇਰਾ ਘਰ ਘਰ ਮੰਦਰ ਦੇਵੇ ਵਡਿਆਈਆ । ਸ਼ਬਦ ਸੁਤ ਤੇਰਾ ਸਾਚਾ ਮੰਦਰ, ਹਰਿ ਸਾਚਾ ਸਚ ਵਸਾਇੰਦਾ । ਲੱਖ ਚੁਰਾਸੀ ਡੇਰਾ ਅੰਦਰ, ਘਰ ਘਰ ਸੇਜ ਸੁਹਾਇੰਦਾ । ਵੇਖਣਹਾਰਾ ਅੰਧੇਰੀ ਡੂੰਘੀ ਕੰਦਰ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਤੋੜਨਹਾਰਾ ਕੂੜਾ ਜੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਆਪ ਸਾਲਾਹਿੰਦਾ । ਸ਼ਬਦ ਸੁਤ ਸਿਫ਼ਤ ਸਲਾਹ, ਸਲਾਹਗੀਰ ਆਪ ਜਣਾਈਆ । ਆਦਿ ਜੁਗਾਦਿ ਜੁਗ ਜੁਗ ਮਲਾਹ, ਗੁਰ ਅਵਤਾਰ ਪੀਰ ਪੈਗ਼ੰਬਰ ਬਣ ਬਣ ਸੇਵ ਕਮਾਈਆ । ਭਗਤ ਭਗਵੰਤ ਧਿਆਨ ਲਗਾ, ਧਿਆਨ ਧਿਆਨ ਵਿਚ ਰਖਾਈਆ । ਨਾਮ ਨਿਧਾਨ ਗਿਆਨ ਦ੍ਰਿੜਾ, ਇਸ਼ਟ ਦ੍ਰਿਸ਼ਟ ਇਕ ਖੁਲ੍ਹਾਈਆ । ਜੁਗ ਚੌਕੜੀ ਕਾਲ ਵਿਹਾ, ਕੋਟਨ ਕੋਟ ਚਰਨਾਂ ਹੇਠ ਦਬਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾ, ਵੇਖੇ ਚਾਈਂ ਚਾਈਂਆ । ਨੌਂ ਨੌਂ ਚਾਰ ਪੰਧ ਮੁਕਾ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਦੋ ਜਹਾਨਾਂ ਡੇਰਾ ਢਾਹ, ਸਾਚਾ ਘਰ ਇਕ ਵਸਾਈਆ । ਸਚ ਸੰਦੇਸਾ ਨਰ ਨਰੇਸ਼ਾ ਅਗੰਮ ਅਥਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦੇਵੇ ਵਰ, ਵਰ ਦਾਤਾ ਸੱਚਾ ਮਾਹੀਆ । ਦੇਵੇ ਵਰ ਪੁਰਖ ਸਮਰਥ, ਸ਼ਬਦ ਦੁਲਾਰਾ ਖ਼ੁਸ਼ੀ ਮਨਾਇੰਦਾ । ਦੋ ਜਹਾਨ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਲੱਖ ਚੁਰਾਸੀ ਪਾਏ ਨੱਥ, ਤੰਦੀ ਤੰਦ ਨਾ ਕੋਇ ਬੰਧਾਇੰਦਾ । ਪੰਜ ਤਤ ਅੰਦਰ ਨਿਰਗੁਣ ਵਸ, ਸਰਗੁਣ ਆਪਣਾ ਰੰਗ ਰੰਗਾਇੰਦਾ । ਵੇਖਣਹਾਰਾ ਖੇਲ ਤਮਾਸ਼, ਗੁਰ ਗੁਰ ਆਪਣਾ ਵੇਸ ਵਟਾਇੰਦਾ । ਸਾਚੇ ਮੰਡਲ ਪਾਵੇ ਰਾਸ, ਨਿਰਗੁਣ ਗੋਪੀ ਕਾਹਨ ਨਚਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਸ਼ਬਦ ਸੁਤ ਤੇਰੇ ਵਸੇ ਪਾਸ, ਪਰਮ ਪੁਰਖ ਵਿਛੜ ਕਦੇ ਨਾ ਜਾਇੰਦਾ । ਸਦਾ ਸੁਹੇਲਾ ਇਕ ਇਕੇਲਾ ਆਦਿ ਜੁਗਾਦਿ ਤੇਰੀ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਸਚ ਸੰਦੇਸਾ ਦੇਵੇ ਖ਼ਾਸ, ਨਾਉਂ ਨਿਰੰਕਾਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਤੇਰਾ ਮਾਣ ਆਪਣੇ ਹੱਥ ਰਖਾਇੰਦਾ । ਸਾਚਾ ਮਾਣ ਰੱਖੇ ਹੱਥ ਨਿਰੰਕਾਰ, ਨਿਰਗੁਣ ਨਿਰਗੁਣ ਦਇਆ ਕਮਾਈਆ । ਜੁਗ ਚੌਕੜੀ ਕਰ ਕਰ ਪਾਰ, ਗੁਰ ਅਵਤਾਰ ਸੇਵ ਲਗਾਈਆ । ਪੀਰ ਪੈਗ਼ੰਬਰ ਮੰਗਣ ਧੂੜੀ ਛਾਰ, ਮਸਤਕ ਟਿੱਕਾ ਏਕਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਪੰਜ ਤਤ ਹੋਏ ਖੁਆਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨਾ ਕੋਇ ਵਡਿਆਇਆ । ਕਾਗਦ ਕਲਮ ਨਾ ਕੋਇ ਵਿਚਾਰ, ਲਿਖ ਲਿਖ ਲੇਖ ਸ਼ਾਹੀ ਨਾ ਕੋਇ ਮੁਕਾਈਆ । ਗੁਰ ਅਵਤਾਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਕਹਿਣ ਮਦਦਗਾਰ, ਸਿਰ ਸਭ ਦੇ ਹੱਥ ਟਿਕਾਈਆ । ਮੁਕਾਮੇ ਹੱਕ ਵਸੇ ਸਾਂਝਾ ਯਾਰ, ਲਾਸ਼ਰੀਕ ਇਕ ਖ਼ੁਦਾਈਆ । ਜਲਵਾ ਨੂਰ ਨੂਰ ਜ਼ਹੂਰ ਖੇਲ ਕਰੇ ਅਪਰ ਅਪਾਰ, ਮਹਿਬੂਬ ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾ, ਅਜ਼ਮਤੋ ਅਜ਼ਮਤ ਖੇਲ ਕਰੇ ਬੇਪਰਵਾਹੀਆ । ਬੇਨਜ਼ੀਰ ਸ਼ਾਹ ਹਕੀਰ, ਤੇਰੀ ਤਕਦੀਰ ਤੇਰੀ ਤਕਸੀਰ ਤੇਰੀ ਤਦਬੀਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਵਖਾਏ ਤੇਰਾ ਘਰ, ਦਰ ਮੰਦਰ ਕਰ ਆਪ ਜਣਾਈਆ । ਦਰ ਦੁਆਰ

ਕੀਤਾ ਸਾਚਾ ਚਾਓ, ਹਰਿ ਸ਼ਬਦੀ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਫੜ ਫੜ ਬਾਂਹੋਂ, ਸਚਖੰਡ ਦੁਆਰੇ ਆਪ ਫਿਰਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਉਂ, ਬਾਲਕ ਗੋਦ ਨਾ ਕੋਇ ਸੁਹਾਇੰਦਾ । ਕਰੇ ਖੇਲ ਅਗੰਮ ਅਥਾਹੋ, ਅਲੱਖ ਅਲੱਖਨਾ ਆਪਣੀ ਅਲੱਖ ਲਗਾਇੰਦਾ । ਆਦਿ ਜੁਗਾਦਿ ਕਰਨਹਾਰਾ ਸਚ ਨਿਆਉਂ, ਨੌਬਤ ਆਪਣੇ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਏਕਾ ਘਰ ਵਡਿਆਇੰਦਾ । ਸ਼ਬਦ ਸੁਤ ਛੋਟਾ ਬਾਲਾ, ਘਰ ਸਾਚਾ ਵੇਖ ਵਖਾਈਆ । ਏਕਾ ਦਿਸੇ ਹਰਿ ਗੋਪਾਲਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਦੀਪਕ ਏਕਾ ਬਾਲਾ, ਤੇਲ ਬਾਤੀ ਨਾ ਕੋਇ ਟਿਕਾਈਆ । ਏਕਾ ਮਾਰਗ ਦੱਸੇ ਸੁਖਾਲਾ, ਸਾਚੀ ਸਿਖਿਆ ਕਰੇ ਪੜ੍ਹਾਈਆ । ਨਜ਼ਰ ਨਾ ਆਏ ਕਾਲ ਮਹਾਕਾਲਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਚਖੰਡ ਵਸੇ ਸੱਚੀ ਧਰਮਸਾਲਾ, ਧਰਮ ਦੁਆਰਾ ਇਕ ਬਣਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲਾ, ਬਣ ਪ੍ਰਿਤਪਾਲਕ ਸੇਵ ਕਮਾਈਆ । ਆਪੇ ਫਲ ਆਪੇ ਡਾਲ੍ਹਾ, ਪੱਤ ਟਹਿਣੀ ਆਪ ਮਹਿਕਾਈਆ । ਆਦਿ ਪੁਰਖ ਅਪਰੰਪਰ ਸੁਆਮੀ ਨਿਹਕਰਮੀ ਚਲੇ ਅਵੱਲੜੀ ਚਾਲਾ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ਸ਼ਬਦ ਗੁਰ ਸ਼ਬਦ ਅਵਤਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਸ਼ਬਦ ਨਾਦ ਸ਼ਬਦ ਧੁੰਨਕਾਰ, ਹਰਿ ਸ਼ਬਦ ਰਾਗ ਅਲਾਇੰਦਾ । ਸ਼ਬਦ ਮੇਲਾ ਸਚ ਦਰਬਾਰ, ਸ਼ਬਦ ਗੁਰ ਚੇਲਾ ਰੂਪ ਵਟਾਇੰਦਾ । ਸ਼ਬਦ ਸੱਜਣ ਸੁਹੇਲਾ ਪਾਵੇ ਸਾਰ, ਸਮਰਥ ਮਹਿਮਾ ਅਕੱਥ ਆਪ ਦ੍ਰਿੜਾਇੰਦਾ । ਗੁਰ ਸ਼ਬਦ ਵਸੇ ਧਾਮ ਨਿਆਰ, ਧਾਮ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਸਾਲਾਹਿੰਦਾ । ਸ਼ਬਦ ਸੁਤ ਹਰਿ ਸਾਚੀ ਸੇਵ, ਏਕਾ ਏਕ ਲਗਾਈਆ । ਆਦਿ ਜੁਗਾਦੀ ਅਲੱਖ ਅਭੇਵ, ਆਪਣਾ ਭੇਵ ਆਪ ਖੁਲ੍ਹਾਈਆ । ਦਾਤਾ ਦਾਨੀ ਵਡ ਦੇਵੀ ਦੇਵ, ਦੇਵਤ ਸੁਰ ਹੋਏ ਸਹਾਈਆ । ਮਹੱਲ ਅਟੱਲ ਵਸੇ ਨਿਹਕੇਵ, ਨਿਹਚਲ ਆਪਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਤੇਰਾ ਰੰਗ ਰੰਗ ਲਏ ਪਰਗਟਾਈਆ । ਸ਼ਬਦ ਸੁਤ ਤੇਰਾ ਸਾਚਾ ਰੰਗ, ਨਿਰਗੁਣ ਆਪਣਾ ਰੰਗ ਜਣਾਇੰਦਾ । ਸਤਿ ਸਰੂਪ ਸੂਰਾ ਸਰਬੰਗ, ਸੈਭੰ ਨਾ ਰੂਪ ਵਟਾਇੰਦਾ । ਅੰਤਰ ਅੰਤਰ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਨੂਰੋ ਨੂਰ ਡਗਮਗਾਇੰਦਾ । ਸਤਿ ਸੁਗੰਧੀ ਦਏ ਸੁਗੰਧ, ਵਾਸਨਾ ਵਿਸ਼ਵ ਆਪ ਰਖਾਇੰਦਾ । ਸਚਖੰਡ ਨਿਵਾਸੀ ਥਿਰ ਦੁਆਰ ਮੁਕਾਏ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਪਿਤਾ ਪੂਤ ਦੇਵੇ ਏਕਾ ਗੰਢ, ਦੂਸਰ ਸੰਗ ਨਾ ਕੋਇ ਰਲਾਇੰਦਾ । ਗੀਤ ਸੁਹਾਗੀ ਸਾਚਾ ਛੰਦ, ਹਰਿ ਨਿਰੰਕਾਰਾ ਆਪ ਜਣਾਇੰਦਾ । ਸਾਹਿਬ ਦਿਆਲ ਠਾਕਰ ਸੁਆਮੀ ਹੋ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਰੂਪ ਧਰਾਇੰਦਾ । ਸੁਤ ਸ਼ਬਦ ਤੇਰਾ ਸਾਚਾ ਰੂਪ, ਰੇਖ ਨਜ਼ਰ ਕੋਇ ਨਾ ਆਈਆ । ਤੇਰਾ ਵਾਸਾ ਚਾਰੇ ਕੂਟ, ਦਹਿ ਦਿਸ਼ਾ ਤੇਰੀ ਵਡਿਆਈਆ । ਗੁਰ ਅਵਤਾਰ ਤੇਰਾ ਤਾਣਾ ਪੇਟਾ ਸੂਤ, ਸੂਤਰ ਧਾਰੀ ਆਪ ਬਣਾਈਆ । ਪੰਜ ਤਤ ਤੇਰਾ ਕਲਬੂਤ, ਕਾਇਆ ਬੰਕ ਬੰਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਸ੍ਰੀ ਭਗਵੰਤ, ਆਦਿ ਪੁਰਖ ਆਪ ਜਣਾਇੰਦਾ । ਸ਼ਬਦ ਸੁਤ ਤੇਰੀ

੫੯੩
੧੨

ਸਾਚੀ ਬਣਤ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਨਿਰਗੁਣ ਨਿਰਗੁਣ ਖੇਲ ਨਾਰ ਕੰਤ, ਕੰਤ ਕੰਤੂਹਲ ਸੰਗ ਰਖਾਇੰਦਾ । ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਇਕ ਦ੍ਰਿੜਾਇੰਦਾ । ਸਦਾ ਸੁਹੇਲਾ ਸਾਚਾ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨਾਉਂ ਆਪ ਰਖਾਇੰਦਾ । ਸੋ ਪੁਰਖ ਨਿਰੰਜਣ ਨਾਉਂ ਰੱਖ, ਰੱਖਿਆ ਆਪਣੀ ਆਪ ਕਰਾਈਆ । ਹੰ ਹੰ ਕਰ ਪਰਤੱਖ, ਪਾਰਬ੍ਰਹਮ ਦਏ ਸਮਝਾਈਆ । ਏਕਾ ਨੇਤਰ ਏਕਾ ਅੱਖ, ਏਕਾ ਇਸ਼ਟ ਗੁਰਦੇਵ ਮਨਾਈਆ । ਏਕਾ ਨੂਰ ਇਕ ਪਰਕਾਸ਼, ਏਕਾ ਘਰ ਕਰੇ ਰੁਸ਼ਨਾਈਆ । ਏਕਾ ਖੇਲ ਇਕ ਤਮਾਸ਼, ਏਕਾ ਵੇਖੇ ਚਾਈਂ ਚਾਈਂਆ । ਏਕਾ ਮੰਡਲ ਏਕਾ ਰਾਸ, ਏਕਾ ਗੋਪੀ ਕਾਹਨ ਨਚਾਈਆ । ਏਕਾ ਆਦਿ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਏਕਾ ਖੇਲੇ ਖੇਲ ਪ੍ਰਿਥਮੀ ਆਕਾਸ਼, ਪ੍ਰਿਥਮ ਆਪਣਾ ਨਾਉਂ ਪਰਗਟਾਈਆ । ਏਕਾ ਲੱਖ ਚੁਰਾਸੀ ਦੇਵੇ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਏਕਾ ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਦੇਵੇ ਧਰਵਾਸ, ਧੁਰ ਫ਼ਰਮਾਣਾ ਇਕ ਸੁਣਾਈਆ । ਏਕਾ ਏਕ ਸ਼ਬਦ ਗੁਰ ਤੇਰੀ ਪੂਰੀ ਕਰੇ ਆਸ, ਤ੍ਰਿਸਨਾ ਅਵਰ ਨਾ ਕੋਇ ਵਧਾਈਆ । ਏਥੇ ਓਥੇ ਦੋ ਜਹਾਨ ਤ੍ਰੈਭਵਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਜਾ ਪਾਠ, ਪੂਰਨ ਬ੍ਰਹਮ ਕਰੇ ਪੜ੍ਹਾਈਆ । ਵੇਖਣਹਾਰਾ ਤੀਰਥ ਤਾਟ, ਸਰ ਸਰੋਵਰ ਡੇਰਾ ਲਾਈਆ । ਤੇਰੀ ਰਚਨਾ ਮੰਦਰ ਮਸਜਦ ਮਾਠ, ਸ਼ਿਵਦਵਾਲੇ ਬੰਕ ਵਡਿਆਈਆ । ਸ਼ਾਸਤਰ ਸਿਮਰਤ ਤੇਰੀ ਗਾਥ, ਪੁਰਾਨ ਅਠਾਰਾਂ ਪੁਰਾਨੀ ਕਰੇ ਪੜ੍ਹਾਈਆ । ਗੀਤਾ ਗਿਆਨ ਤੇਰਾ ਘਾਟ, ਘਰ ਘਰ ਦਏ ਸਮਝਾਈਆ । ਅੰਜੀਲ ਕੁਰਾਨ ਤੇਰਾ ਸਾਕ, ਤੀਸ ਬਤੀਸਾ ਬੰਧਨ ਪਾਈਆ । ਖਾਣੀ ਬਾਣੀ ਖੇਲ ਤਮਾਸ਼, ਧੁਰ ਸੰਦੇਸਾ ਸ਼ਬਦ ਅਲਾਈਆ । ਆਦਿ ਜੁਗਾਦਿ ਤੇਰਾ ਨਿਵਾਸ, ਨਿਜ ਘਰ ਨਿਜ ਆਤਮ ਨਿਜ ਮੰਦਰ ਦਏ ਸਮਝਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਸਾਚਾ ਘਰ, ਥਿਰ ਦਰਬਾਰਾ ਆਪ ਬਣਾਈਆ । ਥਿਰ ਦਰਬਾਰਾ ਤੇਰਾ ਗ੍ਰਿਹਿ, ਗ੍ਰਿਹਿ ਮੰਦਰ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਏਕਾ ਰਹੇ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚਖੰਡ ਨਿਵਾਸੀ ਸਾਚੇ ਤਖ਼ਤ ਬਹੇ, ਸੀਸ ਜਗਦੀਸ ਆਪਣੇ ਤਾਜ ਟਿਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਾਣੇ ਅੰਦਰ ਕਰੇ ਖੈ, ਥਿਰ ਕੋਇ ਨਜ਼ਰ ਨਾ ਆਇੰਦਾ । ਰਸਨਾ ਜਿਹਵਾ ਗੀਤ ਗੋਬਿੰਦ ਨਿਰਗੁਣ ਸਰਗੁਣ ਅਕੱਥ ਕਹਾਣੀ ਆਪੇ ਕਹੇ, ਕਹਿ ਕਹਿ ਆਪਣੀ ਧਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਆਪਣਾ ਆਪ ਵਖਾਇੰਦਾ । ਸੁਤ ਦੁਲਾਰਾ ਕਰ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਆਦਿ ਪੁਰਖ ਤੇਰਾ ਖੇਲ ਅਪਾਰ, ਹਉਂ ਬਾਲਕ ਜਾਣਾਂ ਨਾ ਰਾਈਆ । ਦਰ ਦਰਵੇਸ਼ ਬਣ ਭਿਖਾਰ, ਅੱਗੇ ਝੋਲੀ ਡਾਹੀਆ । ਲੇਖਾ ਲਿਖ ਧੁਰ ਦਰਬਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੇ ਹੁਕਮੇ ਅੰਦਰ ਕਰਾਂ ਕਾਰ, ਕਰਨੀ ਕਿਰਤ ਇਕ ਕਮਾਈਆ । ਬ੍ਰਹਿਮੰਡ ਖੰਡ ਮਹੱਲ ਲਵਾਂ ਉਸਾਰ, ਲੋਆਂ ਪੁਰੀਆਂ ਬਣਤ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਪੰਜ ਤਤ ਕਰ ਅਖਾੜ, ਲੱਖ ਚੁਰਾਸੀ ਨਾਚ ਨਚਾਈਆ । ਅੰਡਜ ਜੇਰਜ ਉਤਭੁਜ ਸੇਤਜ ਵੇਖਣਹਾਰ, ਵੇਖ ਵੇਖ ਆਪਣੀ ਖ਼ੁਸ਼ੀ ਮਨਾਈਆ । ਪਰਾ ਪਸੰਤੀ ਮਧਮ ਬੈਖਰੀ ਬੋਲ ਜੈਕਾਰ, ਜੈ ਜੈਕਾਰਾ ਏਕਾ ਲਾਈਆ । ਬ੍ਰਹਮ ਵੇਤਾ ਕਰ ਉਜਿਆਰ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਵਿਸ਼ਨੂੰ

ਵਿਸ਼ਵ ਦੇ ਭੰਡਾਰ, ਵਾਸਤਕ ਆਪਣਾ ਰੰਗ ਰੰਗਾਈਆ । ਸ਼ੰਕਰ ਦੇਵੇ ਇਕ ਹੁਲਾਰ, ਸ਼ਰਅ ਸਭ ਦੀ ਆਪ ਮਿਟਾਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਏਕਾ ਬੰਧਨ ਪਾਈਆ । ਪੰਚਮ ਪੰਚ ਪੰਚ ਅਖਾੜ, ਪੰਚਮ ਮੇਲਾ ਸਹਿਜ ਸੁਭਾਈਆ । ਪਰਗਟ ਕਰ ਗੁਰ ਅਵਤਾਰ, ਗੁਰ ਗੁਰ ਸ਼ਬਦ ਨਾਮ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਈਆ । ਪੀਰ ਪੈਗ਼ੰਬਰ ਦੇ ਸਹਾਰ, ਅਲਫ਼ ਯੇ ਕਰੇ ਪੜ੍ਹਾਈਆ । ਮੁਖ ਨਕ਼ਾਬ ਪੜਦਾ ਦਏ ਉਤਾਰ, ਮਹਿਬੂਬ ਸਤਿ ਸਬੂਤ ਆਪਣਾ ਆਪ ਵਖਾਈਆ । ਤੇਰਾ ਕਲਮਾ ਸੱਚੀ ਗੁਫ਼ਤਾਰ, ਗੁਫ਼ਤ ਸ਼ੁਨੀਦ ਕਰੇ ਪੜ੍ਹਾਈਆ । ਰਹਿਮਤ ਕਰ ਆਪ ਨਿਰੰਕਾਰ, ਰਹਿਮਾਨ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਖੇਲ ਕਰਾਂ ਸੰਸਾਰ, ਜਗ ਸਾਗਰ ਵੇਖ ਵਖਾਈਆ । ਤੇਈ ਅਵਤਾਰਾਂ ਦੇ ਆਧਾਰ, ਤਰਹ ਤਰਹ ਆਪ ਸਮਝਾਈਆ । ਭਗਤ ਅਠਾਰਾਂ ਆਪ ਉਠਾਲ, ਨਿਤ ਨਵਿਤ ਵੇਸ ਵਟਾਈਆ । ਈਸਾ ਮੂਸਾ ਬਣ ਦਲਾਲ, ਜਗਤ ਦਲਾਲੀ ਇਕ ਕਮਾਈਆ । ਮੁਹੰਮਦ ਆਪਣਾ ਰੰਗ ਵਖਾਲ, ਹਕ਼ੀਕ਼ਤ ਆਪਣੇ ਰੰਗ ਰੰਗਾਈਆ । ਪਰਦਾਨਸ਼ੀਂ ਬੇਮਿਸਾਲ, ਪਰਦਾ ਆਪਣਾ ਆਪ ਉਠਾਈਆ । ਨਾਨਕ ਨਿਰਗੁਣ ਵਖਾਏ ਸਚਖੰਡ ਸੱਚੀ ਧਰਮਸਾਲ, ਹਰਿ ਸ਼ਬਦ ਸ਼ਬਦ ਸਮਝਾਈਆ । ਏਕਾ ਦੀਪਕ ਜੋਤੀ ਬਾਲ, ਨੂਰੋ ਨੂਰ ਨੂਰ ਰੁਸ਼ਨਾਈਆ । ਸੁਰਤੀ ਸੁਰਤ ਸੁਰਤ ਸੰਭਾਲ, ਮੂਰਤ ਅਕਾਲ ਕਰ ਕੁੜਮਾਈਆ । ਦੀਨਾ ਬੰਧਪ ਦੀਨ ਦਿਆਲ, ਦਇਆ ਰੂਪ ਰੂਪ ਸਮਝਾਈਆ । ਨਾਤਾ ਤੋੜ ਜਗਤ ਜੰਜਾਲ, ਜੀਵਣ ਜੁਗਤ ਦਏ ਵਡਿਆਈਆ । ਚਰਨਾਂ ਹੇਠ ਦਬਾਏ ਕਾਲ ਮਹਾਕਾਲ, ਮਹਾਕਾਲ ਆਪ ਵਖਾਈਆ । ਗੋਬਿੰਦ ਸੂਰਾ ਸਾਚਾ ਲਾਲ, ਪੂਤ ਸਪੂਤਾ ਆਪੇ ਜਾਈਆ । ਸ਼ਬਦ ਸੁਤ ਤੇਰਾ ਖੇਲ ਕਮਾਲ, ਆਦਿ ਜੁਗਾਦਿ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਵਖਾਈਆ । ਅੰਤ ਪ੍ਰੀਤੀ ਨਿਭੇ ਨਾਲ, ਮਧ ਵਿਚ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸਿਰ ਆਪਣਾ ਹੱਥ ਟਿਕਾਈਆ । ਸੁਤ ਦੁਲਾਰਾ ਸੁਣ ਸੁਣ ਗੀਤ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਪ੍ਰਭ ਮਿਲਿਆ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਜੁਗ ਜੌਕੜੀ ਚਲੇ ਰੀਤ, ਦੋ ਜਹਾਨ ਆਪ ਚਲਾਇੰਦਾ । ਕਰੇ ਖੇਲ ਸਾਹਿਬ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਫੰਦ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਸੁਣਾਏ ਸੁਹਾਗੀ ਗੀਤ, ਸਾਚਾ ਢੋਲਾ ਇਕ ਅਲਾਇੰਦਾ । ਜਗਤ ਵਿਹਾਰਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਬਣਾਇੰਦਾ । ਜਨ ਭਗਤਾਂ ਵਸੇ ਸਦਾ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਵੇਖਣਹਾਰਾ ਨੀਤ, ਨੀਤੀਵਾਨ ਦਇਆ ਕਮਾਇੰਦਾ । ਲੇਖਾ ਜਾਣ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਮਾਣ ਰਖਾਇੰਦਾ । ਸ਼ਬਦ ਗੁਰ ਗੁਰ ਸਾਚੇ ਉਠ, ਹਰਿ ਸਤਿਗੁਰ ਆਖ ਸੁਣਾਇਆ । ਸੋ ਪੁਰਖ ਨਿਰੰਜਣ ਰਿਹਾ ਤੁਠ, ਤੁਠ ਆਪਣੀ ਦਇਆ ਕਮਾਇਆ । ਹਰਿ ਪੁਰਖ ਨਿਰੰਜਣ ਜਾਮ ਪਿਆਏ ਏਕਾ ਘੁੱਟ, ਅਟੋਟ ਅਤੁਟ ਵਰਤਾਇਆ । ਏਕੰਕਾਰਾ ਤੇਰਾ ਨੂਰ ਵਖਾਏ ਨਿਰਮਲ ਜੋਤ, ਅੰਧ ਅੰਧੇਰ ਨਾ ਕੋਇ ਪਰਗਟਾਇਆ । ਆਦਿ ਨਿਰੰਜਣ ਨਿਰਮਲ ਜੋਤ, ਨੂਰ ਨੁਰਾਨਾ ਨੂਰ ਰੁਸ਼ਨਾਇਆ । ਅਬਿਨਾਸ਼ੀ ਕਰਤਾ ਤੇਰਾ ਘਰ ਵਖਾਏ ਸਾਚਾ ਕਿਲਾ ਕੋਟ, ਛੱਪਰ ਛੰਨ ਨਾ ਕੋਇ ਛੁਹਾਇਆ । ਸ੍ਰੀ ਭਗਵਾਨ ਤੇਰਾ ਸਾਹਿਬ ਇਕੋ ਬਹੁਤ, ਜੁਗ ਜੁਗ ਸਚ ਨਿਸ਼ਾਨ ਦਏ ਝੁਲਾਇਆ । ਪਾਰਬ੍ਰਹਮ ਪ੍ਰਭ ਵੇਖੇ ਓਤ ਪੋਤ, ਸ਼ਬਦ ਸੁਤ ਪੂਤ ਸਪੂਤਾ ਗਲੇ ਲਗਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਾਣ ਦੋ ਜਹਾਨ ਆਪ ਰਖਾਇਆ । ਸੁਤ ਸ਼ਬਦ ਚਰਨੀ ਲਾਗ, ਲਾਗਤ ਆਪਣੀ ਖ਼ੁਸ਼ੀ ਮਨਾਇਆ । ਮੇਰਾ ਹੋਇਆ ਵਡ ਵਡ ਭਾਗ, ਵਡ ਭਾਗੀ ਮਿਲਿਆ ਸੱਚਾ ਮਾਹੀਆ । ਘਰ ਮੰਦਰ ਜਗਾਇਆ ਚਿਰਾਗ਼, ਦੀਵਾ ਬਾਤੀ ਨਾ ਕੋਇ ਟਿਕਾਈਆ । ਥਿਰ ਘਰ ਬਣਿਆ ਸੱਜਣ ਸਾਕ, ਬੰਧਨ ਬੰਧਪ ਨਾ ਕੋਇ ਰਖਾਈਆ । ਪੱਤਤ ਪੁਨੀਤ ਪਾਕੀ ਪਾਕ, ਪਾਰਬ੍ਰਹਮ ਬੇਪਰਵਾਹੀਆ । ਆਪ ਸੁਣਾਏ ਆਪਣੀ ਗਾਥ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੀਨਨ ਆਪਣੀ ਦਇਆ ਕਮਾਈਆ । ਦੀਨਨ ਹੋਏ ਦਿਆਲ ਆਪ, ਬਾਲਾ ਬਾਲੀ ਬੁਧ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਤੇਰਾ ਵਡ ਪਰਤਾਪ, ਪੁੱਤ ਪੋਤਰ ਰੂਪ ਵਟਾਇੰਦਾ । ਗੁਰ ਅਵਤਾਰ ਕਰਨ ਤੇਰਾ ਜਾਪ, ਰਸਨਾ ਜਿਹਵਾ ਨਾਲ ਹਿਲਾਇੰਦਾ । ਬੱਤੀ ਦੰਦ ਦੰਦ ਅਲਾਪ, ਭੇਵ ਅਭੇਦਾ ਆਪ ਸੁਣਾਇੰਦਾ । ਅੱਖਰ ਅੱਖਰ ਪੂਜਾ ਪਾਠ, ਵੱਖਰ ਵੱਖਰ ਧਾਰ ਬੰਨ੍ਹਾਇੰਦਾ । ਆਤਮ ਪਰਮਾਤਮ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਬ੍ਰਹਮ ਪਾਰਬ੍ਰਹਮ ਵੇਖੇ ਖੇਲ ਤਮਾਸ਼, ਲੱਖ ਚੁਰਾਸੀ ਡੇਰਾ ਲਾਇੰਦਾ । ਈਸ਼ ਜੀਵ ਜਗਦੀਸ ਪੂਰੀ ਕਰੇ ਆਸ, ਨਿਰਾਸਾ ਰੂਪ ਨਾ ਕੋਇ ਵਟਾਇੰਦਾ । ਗੁਰ ਸ਼ਬਦ ਤੇਰਾ ਇਕੋ ਤਾਕ, ਹਰਿ ਸਤਿਗੁਰ ਆਪਣੇ ਹੱਥ ਰਖਾਇੰਦਾ । ਆਦਿ ਜਣਾਇਆ ਭਵਿਖਤ ਵਾਕ, ਅੰਤ ਪੂਰਾ ਆਪ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕੋਈ ਨਾ ਸਕੇ ਲਿਖ ਕਲਮ ਦਵਾਤ, ਸ਼ਾਹੀ ਲੇਖ ਨਾ ਕੋਇ ਜਣਾਈਆ । ਬੇਅੰਤ ਬੇਅੰਤ ਬੇਅੰਤ ਸਾਰੇ ਕਹਿ ਕਹਿ ਜੋੜਨ ਹਾਥ, ਹਰਿ ਕੀ ਹਾਥ ਕਿਸੇ ਨਾ ਆਈਆ । ਰਸਨਾ ਜਿਹਵਾ ਕਰ ਕਰ ਜਸ, ਜਸ ਵੇਦ ਪੁਰਾਨ ਸੁਣਾਈਆ । ਸੱਤ ਸਮੁੰਦਰ ਰੋਵੇ ਮਸ, ਸੱਤ ਸਾਗਰ ਦੇਣ ਦੁਹਾਈਆ । ਨੇਤਰ ਰੋਵਣ ਤਤ ਅਠ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਹਰਿ ਕਾ ਸ਼ਬਦ ਹਰ ਘਟ ਰਿਹਾ ਵਸ, ਬਿਨ ਸਤਿਗੁਰ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਯੁਗ ਨਿਰਗੁਣ ਸਰਗੁਣ ਕਰ ਪਰਗਟ, ਸਰਗੁਣ ਦੇਵੇ ਮਾਣ ਵਡਿਆਈਆ । ਅੰਤਮ ਸਾਰੇ ਗਲ ਵਿਚ ਪੱਲੂ ਪਾ ਪਾ ਵਾਸਤਾ ਗਏ ਘੱਤ, ਤੇਰੇ ਅੱਗੇ ਨਾ ਕੋਇ ਚਤੁਰਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੀ ਇਕੋ ਓਟ ਤਕਾਈਆ । ਖਾਲੀ ਹੱਥ ਦਿਸਣ ਸੱਖ, ਬਿਨ ਹਰਿ ਨਾਮੇ ਸੰਗ ਨਾ ਕੋਇ ਜਾਈਆ । ਪੁਰਖ ਅਬਿਨਾਸ਼ੀ ਅੱਗੇ ਹੋ ਕੇ ਵੇਖੇ ਆਪ ਸਮਰਥ, ਸਹਿਜ ਸਹਿਜ ਆਪਣਾ ਗੁਣ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਰਨਾਈ ਜਾਇਣ ਢੱਠ, ਢਹਿ ਢਹਿ ਆਪਣਾ ਸੀਸ ਝੁਕਾਈਆ । ਤੇਰਾ ਨੂਰ ਤੇਰੀ ਰੱਤ, ਬਿਨ ਰਕਤ ਬੂੰਦ ਵਡਿਆਈਆ । ਤੇਰਾ ਗਿਆਨ ਤੇਰੀ ਮਤ, ਤੇਰੇ ਮੰਦਰ ਇਕ ਪੜ੍ਹਾਈਆ । ਲੱਖ ਚੁਰਾਸੀ ਖੇੜਾ ਭੱਠ, ਪੰਜ ਤਤ ਰਹਿਣ ਨਾ ਪਾਈਆ । ਨਿਰਗੁਣ ਦੁਆਰੇ ਨਿਰਗੁਣ ਹੋ ਕੇ ਆਏ ਨੱਠ, ਸਰਗੁਣ ਨਾਤਾ ਮਾਤ ਤੁੜਾਈਆ । ਅਗਲਾ ਮਾਰਗ ਸਾਚਾ ਦੱਸ, ਕਵਣ ਬਿਧ ਮਿਲੇ ਵਡਿਆਈਆ । ਇਕਵੰਜਾ ਬਵੰਜਾ ਆਪਣੇ ਚਰਨਾ ਹੇਠਾਂ ਦਏ ਝੱਸ, ਸਿਰ ਸਕੇ ਨਾ ਕੋਇ ਉਠਾਈਆ । ਬਹੱਤਰਾਂ ਹੋਏ ਆਪੇ ਵਸ, ਬਹੱਤਰ ਨਾੜ ਕਰੇ ਕੁੜਮਾਈਆ । ਸੱਤਰਾਂ ਮਾਰਗ ਆਪੇ ਦੱਸ, ਸਤਿ ਸਤਿਵਾਦੀ ਸਿਫ਼ਰਾ ਰੂਪ ਵਟਾਈਆ । ਚੁਹੱਤਰਾਂ ਪੂਰੀ ਕਰੇ ਆਸ, ਚੌਥੇ ਯੁਗ ਸੱਤ ਦੀਪ ਦਏ ਵਡਿਆਈਆ । ਗੁਰ ਅਵਤਾਰਾਂ ਚਰਨ ਦੁਆਰੇ ਸੱਦ, ਸੱਦਾ ਏਕਾ ਨਾਮ ਦਿਵਾਈਆ । ਨੌਂ ਖੰਡ ਪ੍ਰਿਥਮੀ ਵੇਖੇ ਆਪਣੀ ਹੱਦ, ਦੀਨ ਮਜ਼੍ਹਬ ਵੰਡ ਵੰਡਾਈਆ । ਅਕਾਲ ਪੁਰਖ ਦੀ ਇਕੋ ਯੱਦ, ਦੂਜਾ ਬੰਸ ਨਾ

ਕੋਇ ਬਣਾਈਆ । ਅੰਤਮ ਸਾਰੇ ਗਏ ਛੱਡ, ਸ਼ਰਅ ਸੰਗ ਨਾ ਕਿਸੇ ਰਖਾਈਆ । ਖਾਲੀ ਦਿਸਣ ਹੱਡ, ਹਦੂਦ ਅਰਬਾ ਵੰਡ ਨਾ ਕੋਇ ਵੰਡਾਈਆ । ਯਾਮੁਬੀਨ ਮੁਬੀਨ ਮਿਲੇ ਜੀਵ ਜੰਤ ਸੱਚਾ ਰੱਬ, ਰਬੀ ਉਲਸਾਨੀ ਜਮਾਦਉਲਸਾਨੀ ਆਪਣਾ ਜਲਵਾ ਨਾ ਕੋਇ ਦਰਸਾਈਆ । ਨਾਨਕ ਨਿਰਗੁਣ ਵਸੇ ਸਚਖੰਡ, ਸਚ ਦੁਆਰੇ ਸੋਭਾ ਪਾਈਆ । ਗੋਬਿੰਦ ਫੜ ਤੇਜ਼ ਚੰਡ ਪਰਚੰਡ, ਚੰਡਕਾ ਏਕਾ ਰੂਪ ਵਖਾਈਆ । ਸ਼ਬਦ ਗੁਰ ਵਿਚ ਵਰਭੰਡ, ਸਾਚੀ ਭੰਡੀ ਰਿਹਾ ਪਾਈਆ । ਪ੍ਰਭ ਮੇਟਣਹਾਰਾ ਭੇਖ ਪਖੰਡ, ਦੋਏ ਦੋਏ ਆਪਣਾ ਖੇਲ ਕਰਾਈਆ । ਲੱਖ ਚੁਰਾਸੀ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਸਾਧ ਸੰਤ ਘਰ ਘਰ ਰਹੇ ਮੰਗ, ਖਾਲੀ ਝੋਲੀ ਰਹੇ ਵਖਾਈਆ । ਕਿਸੇ ਨਾ ਮਿਲਿਆ ਪਰਮਾਨੰਦ, ਪਰਮ ਪੁਰਖ ਨਾ ਕੋਇ ਮਿਲਾਈਆ । ਕਾਇਆ ਕੂੜ ਕੁੜਿਆਰਾ ਜੂਠ ਝੂਠ ਖਾਧਾ ਗੰਦ, ਸਚ ਸੁੱਚ ਨਾ ਕੋਇ ਵਖਾਈਆ । ਮਾਣਸ ਜਨਮ ਨਾ ਮੁਕਿਆ ਪੰਧ, ਮਨੁਸ਼ ਦੇਵੇ ਨਾ ਕੋਇ ਵਡਿਆਈਆ । ਗਾ ਗਾ ਥੱਕੇ ਬੱਤੀ ਦੰਦ, ਰਸਨਾ ਜਿਹਵਾ ਹੋਈ ਹਲਕਾਈਆ । ਗੁਰ ਸ਼ਬਦ ਨਾ ਮਿਲਿਆ ਸੂਰਾ ਸਰਬੰਗ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸਚ ਸਰੋਵਰ ਨਹਾ ਪਾਏ ਨਾ ਕੋਈ ਠੰਡ, ਅਠਸਠ ਅਗਨੀ ਅਗਨ ਤਪਾਈਆ । ਟੁੱਟੀ ਦੇਵੇ ਨਾ ਕੋਈ ਗੰਢ, ਨਾਮ ਗੰਢ ਨਾ ਕੋਇ ਰਖਾਈਆ । ਕਲਜੁਗ ਮੇਟੇ ਨਾ ਕੋਈ ਝੂਠੀ ਕੰਧ, ਦੂਈ ਦਵੈਤ ਨਾ ਕੋਇ ਹਟਾਈਆ । ਆਤਮ ਪਰਮਾਤਮ ਨਾ ਗਾਏ ਸੁਹਾਗੀ ਛੰਦ, ਬ੍ਰਹਮ ਪਾਰਬ੍ਰਹਮ ਨਾ ਕੋਇ ਸਰਨਾਈਆ । ਸ਼ਬਦ ਸੁਤ ਤੇਰੀ ਪੂਰੀ ਮੰਗ, ਸੋ ਪੁਰਖ ਨਿਰੰਜਣ ਅੰਤ ਕਰਾਈਆ । ਲੱਖ ਚੁਰਾਸੀ ਤੋੜ ਘਮੰਡ, ਘੁੰਮਣ ਘੇਰੀ ਏਕਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਕੋਈ ਨਾ ਦਿਸੇ ਸੰਗ, ਬੈਠੇ ਸੰਗ ਤਜਾਈਆ । ਜੀਵ ਜੰਤ ਭਾਗਾਂਮੰਦ, ਕਾਗ ਬੁੱਧੀ ਕਾਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਖੇੜਾ ਦਏ ਵਸਾਈਆ । ਸ਼ਬਦ ਗੁਰ ਤੇਰਾ ਵਸੇ ਖੇੜਾ, ਹਰਿ ਕਲਜੁਗ ਅੰਤ ਵਸਾਇੰਦਾ । ਚਾਰ ਵਰਨ ਦਾ ਚੁੱਕੇ ਝੇੜਾ, ਚਾਰੋਂ ਕੁੰਟ ਰੰਗ ਰੰਗਾਇੰਦਾ । ਚਾਰ ਯੁਗ ਦਾ ਬੰਨ੍ਹੇ ਬੇੜਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਚਾਰ ਵੇਦ ਦਾ ਚੁਕੇ ਝੇੜਾ, ਚਾਰ ਯੁਗ ਨਾ ਵੰਡ ਵੰਡਾਇੰਦਾ । ਚਾਰ ਖਾਣੀ ਚਾਰ ਬਾਣੀ ਲਹਿਣਾ ਦੇਣ ਮੁਕਾਏ ਹੇਰਾ ਫੇਰਾ, ਫੇਰਾ ਏਕਾ ਵਾਰ ਪਾਇੰਦਾ । ਆਤਮ ਪਰਮਾਤਮ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਏਕਾ ਘਰ ਸੁਹਾਇੰਦਾ । ਸੋ ਪੁਰਖ ਨਿਰੰਜਣ ਨੇਰਨ ਨੇਰਾ, ਹੰ ਬ੍ਰਹਮ ਡੇਰਾ ਆਪੇ ਢਾਹਿੰਦਾ । ਸੋਹੰ ਸ਼ਬਦ ਏਕਾ ਰੰਗ ਰੰਗਾਏ ਸੰਝ ਸਵੇਰਾ, ਦਿਵਸ ਰਾਤ ਨਾ ਰੂਪ ਵਟਾਇੰਦਾ । ਭਗਤ ਭਗਵੰਤ ਕਰੇ ਹੱਕ ਨਬੇੜਾ, ਹੱਕੋ ਹੱਕ ਵੇਖ ਵਖਾਇੰਦਾ । ਆਪਣੀ ਕਰਨੀ ਬੱਧਾ ਬੇੜਾ, ਹਰਿ ਜੂ ਆਪਣੇ ਕੰਧ ਉਠਾਇੰਦਾ । ਗੁਰ ਸ਼ਬਦੀ ਚਾਓ ਘਨੇਰਾ, ਚਾਰੋਂ ਕੁੰਟ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਸ਼ੇਰ ਦਲੇਰਾ, ਸ਼ਹਿਨਸ਼ਾਹ ਆਪਣੀ ਸੇਵ ਕਮਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਹੇਰਾ ਫੇਰਾ, ਹਰਿ ਕੇ ਪੌੜੇ ਨਾ ਕਿਸੇ ਚੜ੍ਹਾਇੰਦਾ । ਜਨ ਭਗਤਾਂ ਉਪਰ ਕਰੇ ਆਪਣੀ ਮਿਹਰਾ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਇੰਦਾ । ਕੂੜੀ ਕਿਰਿਆ ਭਰਮਾਂ ਢਾਏ ਢੇਰਾ, ਢਾਹ ਢਾਹ ਮਾਟੀ ਖ਼ਾਕ ਮਿਲਾਇੰਦਾ । ਆਤਮ ਪਰਮਾਤਮ ਦੇਵੇ ਗੇੜਾ, ਮਨ ਮਨੂਆ ਮੁਖ ਭੁਵਾਇੰਦਾ । ਗੁਰ ਸ਼ਬਦ ਤੇਰਾ ਸਚ ਘਰ ਵਸੇਰਾ, ਹਰਿ ਸਾਚਾ ਆਪ ਵਸਾਇੰਦਾ । ਕਲਜੁਗ ਅੰਤਮ ਮੁੱਕੇ ਝੇੜਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਉਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦੋ ਜਹਾਨ ਪਾਵੇ ਘੇਰਾ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਨਿਰਗੁਣ

ਸਰਗੁਣ ਖੇਲ ਵੇਖਦਾ ਰਿਹਾ ਕਰ ਕਰ ਵੱਡਾ ਜੇਰਾ, ਜ਼ੋਰ ਜ਼ਬਰ ਬੇਸਬਰ ਨਾ ਕੋਇ ਜਣਾਇੰਦਾ । ਕਲਜੁਗ ਅੰਤਮ ਪਰਗਟ ਹੋ ਕੇ ਕਰੇ ਆਪ ਨਬੇੜਾ, ਨਿਜ ਘਰ ਆਪਣਾ ਡੇਰਾ ਲਾਇੰਦਾ । ਪੁਰਖ ਅਕਾਲ ਦੀਨ ਦਿਆਲ ਸਰਬ ਜੀਆਂ ਘਟ ਵਸੇ ਨੇਰਨ ਨੇਰਾ, ਗੁਰਮੁਖ ਵਿਰਲੇ ਨਿਜ ਨੇਤਰ ਨਜ਼ਰੀ ਆਇੰਦਾ । ਸੋਹੰ ਰੂਪ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਵੇਖੇ ਸਾਚੇ ਘਰ, ਘਰ ਬੰਕ ਦੁਆਰ ਏਕੰਕਾਰ ਗੁਰਮੁਖ ਮੰਦਰ ਆਪ ਸੁਹਾਇੰਦਾ ।

✻ ੧੧ ਭਾਦਰੋਂ ੨੦੧੯ ਬਿਕ੍ਰਮੀ ਬਾਗ਼ੀਚਾ ਸਿੰਘ ਦੇ ਗ੍ਰਿਹਿ ਮੁੰਡੀ ਜੁਮਾਲ ਜ਼ਿਲਾ ਫਿਰੋਜ਼ਪੁਰ ✻

ਆਦਿ ਜੁਗਾਦਿ ਜੁਗ ਜੁਗ ਮਾਰਗ ਮਗ, ਹਰਿ ਪੰਥੀ ਪੰਥੀ ਜਣਾਇੰਦਾ । ਸੁਤ ਸ਼ਬਦ ਘਰ ਸਾਚੇ ਸੱਦ, ਸੱਦਾ ਏਕਾ ਵਾਰ ਸਮਝਾਇੰਦਾ । ਥਿਰ ਘਰ ਤੇਰੀ ਵੰਡੀ ਹੱਦ, ਸਚਖੰਡ ਆਪਣਾ ਆਸਣ ਲਾਇੰਦਾ । ਆਪਣੀ ਕੁੱਖੋਂ ਆਪੇ ਕੱਢ, ਸਾਚੇ ਮੰਦਰ ਆਪ ਬਹਾਇੰਦਾ । ਨਿਰਵੈਰ ਪੁਰਖ ਬਣਾਈ ਯੱਦ, ਬੰਸ ਆਪਣਾ ਆਪ ਵਡਿਆਇੰਦਾ । ਨਾ ਕੋਈ ਜਾਣੇ ਨਿੱਕਾ ਵੱਡਾ ਕੱਦ, ਲੇਖਾ ਗਣਤ ਨਾ ਕੋਇ ਗਣਾਇੰਦਾ । ਬੋਧ ਅਗਾਧ ਆਪਣਾ ਨਦ, ਨਾਉਂ ਨਿਰੰਕਾਰ ਆਪ ਸੁਣਾਇੰਦਾ । ਵਸਤ ਅਮੋਲਕ ਏਕਾ ਵੰਡ, ਖ਼ਾਲੀ ਝੋਲੀ ਆਪ ਭਰਾਇੰਦਾ । ਕਰ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਮਾਣ ਰਖਾਇੰਦਾ । ਸ਼ਬਦੀ ਸੁਤ ਤੇਰਾ ਰਾਹ, ਹਰਿ ਰਹਿਬਰ ਆਪ ਜਣਾਈਆ । ਠਾਕਰ ਸੁਆਮੀ ਦਇਆ ਕਮਾ, ਦਰ ਘਰ ਸਾਚੇ ਦਏ ਵਡਿਆਈਆ । ਕਾਗਦ ਕਲਮ ਨਾ ਕੋਇ ਸ਼ਾਹ, ਸ਼ਹਿਨਸ਼ਾਹ ਆਪਣਾ ਲੇਖ ਲਿਖਾਈਆ । ਬਿਨ ਚੱਪੂ ਬੇੜੇ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਥਿਰ ਘਰ ਦੁਆਰੇ ਦਏ ਵਸਾ, ਆਪ ਆਪਣਾ ਬੰਧਨ ਪਾਈਆ । ਤੇਰਾ ਡੰਕਾ ਆਪਣਾ ਨਾਉਂ ਦਏ ਵਜਾ, ਵਾਹ ਵਾਹ ਆਪਣਾ ਗੀਤ ਅਲਾਈਆ । ਸਾਚਾ ਖੇਲ ਦਏ ਖਲਾ, ਖੇਲਣਹਾਰਾ ਇਕ ਹੋ ਜਾਈਆ । ਨਿਰਗੁਣ ਸਰਗੁਣ ਵੇਸ ਵਟਾ, ਵਾਸਤਾ ਆਪਣੇ ਨਾਲ ਮਿਲਾਈਆ । ਕਰੇ ਖੇਲ ਬੇਪਰਵਾਹ, ਪਰਦੇ ਅੰਦਰ ਮੁਖ ਛੁਪਾਈਆ । ਬਰਦਾ ਬਣੇ ਆਪ ਖ਼ੁਦਾ, ਖ਼ੁਦ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਮਰਥ ਹੱਥ ਟਿਕਾਈਆ । ਮਾਰਗ ਪੰਥ ਹਰਿ ਜੂ ਦੱਸ, ਸ਼ਬਦੀ ਸੁਤ ਸੁਤ ਵਡਿਆਇੰਦਾ । ਜੋਤੀ ਨੂਰ ਮੇਰਾ ਪਰਕਾਸ਼, ਪਰਕਾਸ਼ ਤੇਰੀ ਧਾਰ ਵਖਾਇੰਦਾ । ਬਿਨ ਇਛਿਆ ਰੱਖਣੀ ਆਸ, ਬਿਨ ਆਸਾ ਆਸਾ ਪੂਰ ਕਰਾਇੰਦਾ । ਬਿਨ ਸੁਆਸਾਂ ਰੱਖਣਾ ਯਾਦ, ਸਵਾਸ ਸਵਾਸੀ ਆਪਣਾ ਖੇਲ ਵਖਾਇੰਦਾ । ਸਦਾ ਸੁਹੇਲਾ ਇਕ ਇਕੇਲਾ ਸਾਹਿਬ ਸਤਿਗੁਰ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਏਕਾ ਪੱਤਣ ਏਕਾ ਘਾਟ, ਤਟ ਕਿਨਾਰਾ ਇਕ ਵਖਾਇੰਦਾ । ਇਕ ਸਰੋਵਰ ਮਾਰੇ ਠਾਠ, ਲਹਿਰ ਲਹਿਰ ਨਾਲ ਟਕਰਾਇੰਦਾ । ਏਕਾ ਦੀਵਾ ਬਾਤੀ ਕਰੇ ਪਰਕਾਸ਼, ਕਮਲਾਪਾਤ ਕਵਲ ਨੈਣ ਨੈਣ ਖੁਲ੍ਹਾਇੰਦਾ । ਆਦਿ ਜਣਾਏ ਆਪਣੀ ਗਾਥ, ਅੰਤ ਆਪੇ ਵੇਖ ਵਖਾਇੰਦਾ । ਵੇਖਣਹਾਰਾ ਖੇਲ ਤਮਾਸ਼, ਮੰਡਲ ਮੰਡਪ ਰਾਸ ਰਚਾਇੰਦਾ । ਸੁਤ ਸ਼ਬਦ ਤੇਰੀ ਸਾਚੀ ਸ਼ਾਖ਼, ਸ਼ਰਅ ਆਪਣੀ ਆਪ ਬਣਾਇੰਦਾ । ਜਿਉਂ ਭਾਵੇ ਤਿਉਂ ਲਏ ਰਾਖ, ਰੱਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ



੫੯੭ ੧੨

ਘਾੜਨ ਘੜ ਤ੍ਰਿਲੋਕੀ ਨਾਥ, ਅਨਾਥ ਅਨਾਥਾਂ ਦਇਆ ਕਮਾਇੰਦਾ । ਸ਼ਬਦ ਸਾਲਾਹੀ ਬੇਪਰਵਾਹੀ ਇਕ ਸੁਣਾਏ ਆਪਣੀ ਗਾਥ, ਸਚ ਸੰਦੇਸਾ ਸਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਲਗਾਈਆ । ਸ਼ਬਦ ਸੁਤ ਮਾਰਗ ਸੱਚ, ਆਦਿ ਪੁਰਖ ਪੁਰਖ ਜਣਾਇੰਦਾ । ਲੱਖ ਚੁਰਾਸੀ ਖੇਲ ਕਾਇਆ ਮਾਟੀ ਕੱਚ, ਗਗਰੀ ਸਮਗਰੀ ਆਪ ਟਿਕਾਇੰਦਾ । ਤ੍ਰੈਗੁਣ ਮਾਇਆ ਰੱਖੇ ਆਂਚ, ਅਗਨੀ ਤਤ ਤਤ ਤਪਾਇੰਦਾ । ਸਰਗੁਣ ਅੰਦਰ ਨਿਰਗੁਣ ਰਚ, ਰਚ ਰਚ ਆਪਣਾ ਮੁੱਖ ਛੁਪਾਇੰਦਾ । ਅਗੰਮ ਅਥਾਹ ਬੇਪਰਵਾਹ ਸਚ ਮਹੱਲੇ ਆਪੇ ਨੱਚ, ਬਣ ਨਟੂਆ ਰਾਸ ਵਖਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਨਾਉਂ ਨਿਰੰਕਾਰਾ ਗਾਏ ਜਸ, ਜਸ ਆਪਣਾ ਆਪ ਸੁਣਾਇੰਦਾ । ਪੁਰਖ ਪੁਰਖੋਤਮ ਆਪਣੇ ਅੰਤਰ ਹੋ ਕੇ ਵਸ, ਵਸ ਆਪਣਾ ਨਾ ਕੋਇ ਜਣਾਇੰਦਾ । ਸਚ ਸੰਦੇਸਾ ਦੇਵੇ ਹੱਸ ਹੱਸ, ਨਰ ਨਰੇਸ਼ਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਸਾਚਾ ਰਾਹ, ਹਰਿ ਰਹਿਬਰ ਆਪ ਜਣਾਇੰਦਾ । ਕਵਣ ਰਾਹ ਦੱਸ ਭਗਵਾਨ, ਦਰ ਬੈਠਾ ਸੀਸ ਝੁਕਾਈਆ । ਸ਼ਬਦ ਸੁਤ ਬਾਲ ਅਵਾਣ, ਤੇਰੀ ਸਾਰ ਕੋਇ ਨਾ ਆਈਆ । ਨੇਤਰ ਨੈਣ ਨੈਣ ਸ਼ਰਮਾਣ, ਸ਼ਰਅ ਸ਼ਰਅ ਨਾ ਕੋਇ ਵਡਿਆਈਆ । ਚਰਨ ਕਵਲ ਕਵਲ ਧਿਆਨ, ਕਵਲ ਨੈਣ ਨੈਣ ਮਿਲਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਏਕਾ ਮੰਗਾਂ ਸਾਚਾ ਦਾਨ, ਖਾਲੀ ਝੋਲੀ ਅੱਗੇ ਡਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਤੇਰਾ ਵੇਖਾਂ ਇਕ ਨਿਸ਼ਾਨ, ਦੂਜੀ ਵਸਤ ਨਜ਼ਰ ਕੋਇ ਨਾ ਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਦਰਸ ਦਰਸ ਮਹਾਨ, ਦੀਦ ਦੀਦ ਦੀਦ ਕਰਾਈਆ । ਮੇਰੀ ਹਰਸ ਨਾ ਕੋਇ

ਪੀਣ ਖਾਣ, ਤ੍ਰਿਸਨਾ ਹੋਰ ਨਾ ਕੋਇ ਜਣਾਈਆ । ਆਦਿ ਜੁਗਾਦਿ ਸਦ ਮੰਨਾਂ ਤੇਰੀ ਆਣ, ਨਿਉਂ ਨਿਉਂ ਸੱਯਦਾ ਸੀਸ ਝੁਕਾਈਆ । ਕਰ ਕਿਰਪਾ ਸਾਹਿਬ ਭਗਵਾਨ, ਰਹਿਮਤ ਆਪਣੀ ਆਪ ਜਣਾਈਆ । ਪਰਵਰਦਿਗਾਰ ਤੇਰਾ ਨੂਰ ਮਹਾਨ, ਜਲਵਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਿਆ ਸਰਨਾਈਆ । ਸਰਨ ਸਰਨਾਈ ਆਪੇ ਢੱਠ, ਸ਼ਬਦ ਸੁਤ ਸੀਸ ਝੁਕਾਇੰਦਾ । ਤੂੰ ਸਾਹਿਬ ਸੁਲਤਾਨ ਪੁਰਖ ਸਮਰਥ, ਤੇਰਾ ਅੰਤ ਕੋਇ ਨਾ ਆਇੰਦਾ । ਤੇਰੇ ਮੰਦਰ ਬਹਿ ਬਹਿ ਗਾਵਾਂ ਤੇਰਾ ਜਸ, ਤੇਰਾ ਜਸ ਆਪਣੇ ਵਿਚ ਸਮਾਇੰਦਾ । ਤੂੰ ਮਾਰਗ ਦੇਣਾ ਹੱਸ ਹੱਸ, ਹੰਸ ਮੁਖ ਤੇਰਾ ਨਾਉਂ ਵਡਿਆਇੰਦਾ । ਤੇਰੇ ਨਾਮ ਦੁਹਾਈ ਦਰੋਹੀ ਦਰ ਤੇਰੇ ਆਇਆ ਨੱਸ, ਅਵਰ ਪੰਧ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਏਕਾ ਮੰਗ ਮੰਗਾਇੰਦਾ । ਦਰ ਮੰਗਾਂ ਮੰਗ ਦੋਏ ਜੋੜ, ਜੋੜ ਜੋੜ ਵਾਸਤਾ ਪਾਈਆ । ਪੁਰਖ ਅਬਿਨਾਸ਼ੀ ਤੇਰੀ ਲੋੜ, ਤੁਧ ਬਿਨ ਤੇਰਾ ਸੁਤ ਕੰਮ ਕਿਸੇ ਨਾ ਆਈਆ । ਏਕਾ ਦੇਣਾ ਸਾਚਾ ਘੋੜ, ਰਾਸ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਨਿਰਗੁਣ ਜਾਣਾ ਬੌਹੜ, ਸਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇ ਮਤ ਆਪ ਸਮਝਾਈਆ । ਦੇਵੇ ਮਤ ਸਚ ਅਸੀਸ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਕਰੇ ਖੇਲ ਸਾਹਿਬ ਜਗਦੀਸ, ਜਗਦੀਸਰ ਆਪਣੀ ਧਾਰ ਚਲਾਇੰਦਾ । ਏਕਾ ਛਤਰ ਝੁੱਲੇ ਸਾਚੇ ਸੀਸ, ਪੁਰਖ ਅਕਾਲ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ

ਸ਼ਾਹੋ ਸ਼ਾਬਾਸ਼, ਆਪਣਾ ਹੁਕਮ ਆਪ ਵਰਤਾਇੰਦਾ । ਸੁਤ ਸ਼ਬਦ ਉਠ ਮਾਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਸਚਖੰਡ ਦਾ ਸਚ ਨਿਸ਼ਾਨ, ਪੁਰਖ ਅਬਿਨਾਸ਼ੀ ਚਰਨਾਂ ਹੇਠ ਰਖਾਇੰਦਾ । ਥਿਰ ਘਰ ਮੰਦਰ ਕਰ ਪਰਵਾਨ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਦਾਨ, ਤ੍ਰੈ ਪੰਜ ਤੇਰੀ ਝੋਲੀ ਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਅੰਡਜ ਜੇਰਜ ਉਤਭੁਜ ਸੇਤਜ ਖੋਲ੍ਹ ਦੁਕਾਨ, ਵਸਤ ਅਮੋਲਕ ਏਕਾ ਹੱਟ ਵਰਤਾਇੰਦਾ । ਲੱਖ ਚੁਰਾਸੀ ਬਣ ਬਣ ਵੇਖੇ ਸਾਚਾ ਕਾਹਨ, ਘਰ ਘਰ ਆਪਣਾ ਡੇਰਾ ਲਾਇੰਦਾ । ਨਾਦ ਸ਼ਬਦ ਧੁੰਨ ਧੁੰਨਕਾਨ, ਰਾਗ ਅਨਾਦੀ ਨਾਦ ਵਜਾਇੰਦਾ । ਅਨਹਦ ਸੇਵਾ ਕਰੇ ਮਹਾਨ, ਬਣ ਸੇਵਕ ਸੇਵ ਕਮਾਇੰਦਾ । ਸਚ ਸੰਦੇਸਾ ਦੇਵੇ ਆਣ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਨਿਰਗੁਣ ਨਿਰਗੁਣ ਸਰਗੁਣ ਸਰਗੁਣ ਕਰੇ ਪਹਿਚਾਨ, ਬੇਪਹਿਚਾਨ ਆਪਣੇ ਉਪਰ ਪੜਦਾ ਪਾਇੰਦਾ । ਕਰੇ ਖੇਲ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰੀ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਸੁਹਾਇੰਦਾ । ਸਾਚੀ ਰੁੱਤੜੀ ਸੋਹੇ ਬਸੰਤ, ਹਰਿ ਸਾਚਾ ਸਚ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਚਲਾਈਆ । ਏਕਾ ਨਾਉਂ ਮਣੀਆ ਮੰਤ, ਮੰਤਰ ਆਪਣਾ ਨਾਉਂ ਸਮਝਾਈਆ । ਆਦਿ ਜੁਗਾਦਿ ਰਹੇ ਜੁਗਾ ਜੁਗੰਤ, ਜੁਗ ਜੁਗ ਆਪਣਾ ਖੇਲ ਕਰਾਈਆ । ਕਰੇ ਖੇਲ ਖੇਲ ਬੇਅੰਤ, ਬੇਅੰਤ ਵਡ ਵਡਿਆਈਆ । ਆਪ ਬਣਾ ਤੇਰੀ ਬਣਤ, ਘੜਨ ਭੰਨਣਹਾਰ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਏਕਾ ਵਾਰ ਸਮਝਾਈਆ । ਸਾਚਾ ਰਾਹ ਗੁਰੂ ਗੁਰ ਅਵਤਾਰ, ਗੁਰ ਗੁਰ ਭੇਵ ਚੁਕਾਇੰਦਾ । ਪੰਜ ਤਤ ਕਾਇਆ ਹੋ ਉਜਿਆਰ, ਜਾਗਰਤ ਜੋਤ ਡਗਮਗਾਇੰਦਾ । ਸ਼ਬਦ ਅਨਾਦ ਸੱਚੀ ਧੁੰਨਕਾਰ, ਬਿਨ ਤੰਦੀ ਤਾਰ ਸੁਣਾਇੰਦਾ । ਬੰਦ ਕਵਾੜੀ ਖੋਲ੍ਹ ਤਾਕ, ਤਾਕੀ ਆਪਣੀ ਆਪ ਜਣਾਇੰਦਾ । ਬੋਧ ਅਗਾਧ ਭਵਿਖਤ ਵਾਕ, ਭਾਖਿਆ ਆਪਣੀ ਆਪ ਸੁਣਾਇੰਦਾ । ਆਤਮ ਪਰਮਾਤਮ ਬਣੇ ਸੱਜਣ ਸਾਕ, ਬ੍ਰਹਮ ਪਾਰਬ੍ਰਹਮ ਨਾਤਾ ਜੋੜ ਜੁੜਾਇੰਦਾ । ਤ੍ਰੈਭਵਨ ਚੌਦਾਂ ਲੋਕ ਖੋਲ੍ਹੇ ਹਾਟ, ਅਵਣ ਗਵਣ ਵੇਖ ਵਖਾਇੰਦਾ । ਨਵ ਨੌਂ ਵੇਖੇ ਘਾਟ, ਸੱਤ ਸੱਤ ਫੇਰਾ ਪਾਇੰਦਾ । ਬ੍ਰਹਿਮੰਡ ਖੰਡ ਰਚ ਰਚ ਰਾਸ, ਮੰਡਲ ਆਪਣਾ ਡੇਰਾ ਲਾਇੰਦਾ । ਵੇਦ ਪੁਰਾਨ ਸ਼ਾਸਤਰ ਸਿਮਰਤ ਗਾ ਗਾ ਜਸ, ਜਸ ਆਪਣਾ ਆਪ ਜਣਾਇੰਦਾ । ਵੇਖਣਹਾਰਾ ਖੇਲ ਤਮਾਸ਼, ਜੁਗ ਜੁਗ ਆਪਣੀ ਖੇਲ ਕਰਾਇੰਦਾ । ਸ਼ਬਦੀ ਸੁਤ ਤੇਰਾ ਕਰ ਪਰਕਾਸ਼, ਪਰਕਾਸ਼ ਪੰਜ ਤਤ ਜਣਾਇੰਦਾ । ਗੁਰ ਅਵਤਾਰ ਕਰ ਕਰ ਦਾਸੀ ਦਾਸ, ਸੇਵਕ ਸੇਵਾ ਇਕ ਸਮਝਾਇੰਦਾ । ਪੀਰ ਪੈਗ਼ੰਬਰ ਪੂਰੀ ਕਰ ਕਰ ਆਸ, ਮੁਰਸ਼ਦ ਮੁਰੀਦ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਤੇਰਾ ਸਾਚਾ ਦਰ, ਦੋ ਜਹਾਨਾਂ ਆਪ ਵਖਾਇੰਦਾ । ਮਾਰਗ ਪੰਥ ਦੱਸੇ ਮੀਤ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸ਼ਬਦ ਸੁਤ ਤੇਰੀ ਸਾਚੀ ਰੀਤ, ਹਰਿ ਪੁਰਖ ਨਿਰੰਜਣ ਆਪ ਚਲਾਈਆ । ਏਕੰਕਾਰਾ ਖੇਲ ਕਰੇ ਅਨਡੀਠ, ਨੇਤਰ ਨੈਣ ਨਜ਼ਰ ਨਾ ਆਈਆ । ਆਦਿ ਨਿਰੰਜਣ ਇਕ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਮੰਦਰ ਮਸਜਦ ਮਸੀਤ, ਸ਼ਿਵਦਵਾਲੇ ਮੱਠ ਫੇਰਾ ਪਾਈਆ । ਸ੍ਰੀ ਭਗਵਾਨ ਠਾਂਡਾ ਸੀਤ, ਦਰ ਘਰ ਸਾਚਾ ਇਕ ਸੁਹਾਈਆ । ਪਾਰਬ੍ਰਹਮ ਪ੍ਰਭ ਗਾਏ ਗੀਤ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਆਤਮ ਪਰਮਾਤਮ ਵਸੇ ਚੀਤ, ਚੇਤਨ ਆਪਣਾ ਭੇਵ ਖੁਲ੍ਹਾਈਆ । ਪੰਜ ਤਤ ਨੇਤਨ ਨੇਤ, ਨਿਤ ਨਵਿਤ ਵੇਖ

ਵਖਾਈਆ । ਪਾਵੇ ਸਾਰ ਕਾਇਆ ਖੇਤ, ਬੰਕ ਦੁਆਰਾ ਵਡ ਵਡਿਆਈਆ । ਨਿਰਗੁਣ ਸਰਗੁਣ ਕਰ ਕਰ ਹੇਤ, ਆਪ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਨਿਰਗੁਣ ਸਰਗੁਣ ਬੰਨ੍ਹੇ ਨਾਤਾ, ਨਾਤਾ ਆਪਣਾ ਜੋੜ ਜੋੜਾਇੰਦਾ । ਕਰੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਮੇਲ ਮਿਲਾਏ ਸੱਜਣ ਸਾਕਾ, ਸੈਣ ਆਪਣਾ ਰੰਗ ਰੰਗਾਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕਾ, ਬਣ ਵਣਜਾਰਾ ਹੱਟ ਚਲਾਇੰਦਾ । ਸਾਚੀ ਸੇਜ ਸੁਹਾਏ ਖਾਟਾ, ਸਚ ਸਿੰਘਾਸਣ ਆਸਣ ਲਾਇੰਦਾ । ਏਕਾ ਰਸ ਪਿਆਏ ਜਾਮ ਬਾਟਾ, ਅੰਮ੍ਰਿਤ ਚਰਨ ਕਵਲ ਝਿਰਾਇੰਦਾ । ਬੋਧ ਅਗਾਧੀ ਅਨਾਦ ਅਨਾਦੀ ਨਿਰਗੁਣ ਸਰਗੁਣ ਸੁਣਾਏ ਗਾਥਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਪੰਜ ਤਤ ਅੰਦਰ ਕਰ ਕਰ ਵਾਸਾ, ਵਿਸ਼ਵ ਆਪਣਾ ਆਪ ਸਮਝਾਇੰਦਾ । ਆਪੇ ਜਾਣੇ ਭੋਗ ਬਲਾਸਾ, ਸੇਜ ਸੁਹੰਜਣੀ ਡੇਰਾ ਲਾਇੰਦਾ । ਆਪੇ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰਾ ਰਾਹ, ਸਿਫ਼ਤ ਸਾਲਾਹੀ ਦਏ ਚਲਾ, ਚਾਲ ਨਿਰਾਲੀ ਇਕ ਚਲਾਇੰਦਾ । ਚਾਲ ਨਿਰਾਲੀ ਰੱਖੇ ਇਕ, ਏਕੰਕਾਰ ਵਡੀ ਵਡਿਆਈਆ । ਆਦਿ ਪੁਰਖ ਤੇਰਾ ਲੇਖਾ ਦਿਤਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੀ ਸਿਖਿਆ ਪੰਜ ਤਤ ਕਾਇਆ ਗੁਰ ਅਵਤਾਰ ਪੀਰ ਪੈਗ਼ੰਬਰ ਲੈਣੀ ਸਿਖ, ਸਾਖਿਆਤ ਕਰੇ ਪੜ੍ਹਾਈਆ । ਨਿੱਕਾ ਨਿੱਕਾ ਛੋਟਾ ਛੋਟਾ ਲੋਕਮਾਤ ਵੰਡਣਾ ਹਿਸ, ਕਿਣਕਾ ਕਿਣਕਾ ਆਪ ਵਰਤਾਈਆ । ਆਪ ਸੁੱਤਾ ਰਹਿਣਾ ਦੇ ਕਰ ਪਿੱਠ, ਕਰਵਟ ਆਪਣੀ ਨਾ ਮੂਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਹਿੱਸਾ ਸਵਾ ਗਿੱਠ, ਮਾਨੁਖ ਮਾਣਸ ਬੂਝ ਬੁਝਾਈਆ । ਸੁਤ ਸ਼ਬਦ ਨੇਤਰ ਰੋ, ਨੈਣਾਂ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਤੇਰੀ ਸੋ, ਤੁਧ ਬਿਨ ਹੋਰ ਨਾ ਕੋਇ ਜਣਾਇੰਦਾ । ਤੇਰਾ ਨਾਤਾ ਸੱਚਾ ਮੋਹ, ਮੁਹੱਬਤ ਹੋਰ ਨਾ ਕੋਇ ਵਧਾਇੰਦਾ । ਸਚਖੰਡ ਦਿਸੇ ਨਾ ਦੂਸਰ ਕੋ, ਥਿਰ ਘਰ ਡੇਰਾ ਨਾ ਕੋਇ ਵਖਾਇੰਦਾ । ਤੂੰ ਸਾਹਿਬ ਸਾਚਾ ਢੋਆ ਦਿਤਾ ਢੋ, ਖਾਲੀ ਝੋਲੀ ਅੱਗੇ ਡਾਹਿੰਦਾ । ਆਪਣਾ ਅੰਮ੍ਰਿਤ ਰਸ ਚੋ, ਤ੍ਰਿਸਨਾ ਤ੍ਰਿਖਾ ਭੁੱਖ ਗਵਾਇੰਦਾ । ਆਪਣੇ ਜਿਹਾ ਆਪੇ ਹੋ, ਆਪ ਆਪਣਾ ਰੂਪ ਪਰਗਟਾਇੰਦਾ । ਤੇਰੇ ਚਰਨਾ ਜਾਵਾਂ ਛੋਹ, ਦੂਸਰ ਸੰਗ ਨਾ ਕੋਇ ਨਿਭਾਇੰਦਾ । ਤੇਰੀ ਜੋਤ ਸਾਚੀ ਲੋ, ਜੋਤੀ ਜਾਤਾ ਇਕੋ ਨਜ਼ਰੀ ਆਇੰਦਾ । ਮੇਰੇ ਅੰਤਰ ਬੀਜ ਆਪਣਾ ਬੋ, ਰੰਗ ਤੇਰਾ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਭਿੱਖਕ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਪਿਆ ਹੱਸ, ਸਚਖੰਡ ਨਿਵਾਸੀ ਦਇਆ ਕਮਾਈਆ । ਸੁਤ ਸ਼ਬਦ ਉਠ ਉਠ ਨੱਠ, ਪ੍ਰਭ ਠੋਕਰ ਨਾਮ ਲਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਚਰਨ ਦੁਆਰੇ ਤੇਰਾ ਇਕੱਠ, ਦੂਜਾ ਘਰ ਨਾ ਕੋਇ ਬਣਾਈਆ । ਏਕਾ ਜੋਤ ਨੂਰ ਕਰ ਪਰਕਾਸ਼, ਪਰਕਾਸ਼ ਨਾਲ ਵਖਾਈਆ । ਸਾਚਾ ਮਾਰਗ ਦੇਵਾਂ ਦੱਸ, ਦਹਿ ਦਿਸ਼ਾ ਤੇਰੀ ਵਡਿਆਈਆ । ਪੰਜ ਤਤ ਅੰਦਰ ਆਪੇ ਫਸ, ਪਰਦਾ ਰਕਤ ਬੂੰਦ ਟਿਕਾਈਆ । ਅੰਦਰ ਵੜ ਵੜ ਗਾਵਾਂ ਜਸ, ਜਸ ਤੇਰਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮਾਰਗ ਲੋਕਮਾਤ ਆਪ ਲਗਾਈਆ । ਸ਼ਬਦੀ ਮਾਰਗ ਗੁਰ ਅਵਤਾਰ, ਹਰਿ ਹਰਿ ਖੇਲ ਕਰਾਇੰਦਾ । ਭਗਤ ਭਗਵੰਤ ਕਰ ਉਜਿਆਰ, ਭਾਵੀ ਭੌ ਸਰਬ ਸਮਝਾਇੰਦਾ । ਸੰਤ ਕੰਤ ਦੇ ਆਧਾਰ, ਉਦਰ ਅਧਰ ਦਇਆ ਕਮਾਇੰਦਾ ।

ਗੁਰਮੁਖ ਗੁਰ ਗੁਰ ਪਾਵੇ ਸਾਰ, ਨਿਰਗੁਣ ਸਰਗੁਣ ਗੋਦ ਬਹਾਇੰਦਾ । ਗੁਰਸਿਖ ਗੁਰ ਗੁਰ ਕਰ ਵਿਚਾਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਜੁਗਾ ਜੁਗੰਤਰ ਜੈ ਜੈਕਾਰ, ਸੋਹਲਾ ਢੋਲਾ ਆਪ ਦ੍ਰਿੜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਨੌਂ ਸੌ ਚੁਰਾਨਵੇ ਚੌਕੜੀ ਆਪਣਾ ਕਾਲ ਬਿਤਾਇੰਦਾ । ਅੰਤਮ ਬੋਲਾ ਏਕਾ ਵਾਰ, ਏਕੰਕਾਰਾ ਆਪ ਸੁਣਾਇੰਦਾ । ਜਿਸ ਰਚਨਾ ਰਚੀ ਸਰਬ ਸੰਸਾਰ, ਸੋ ਸਾਹਿਬ ਵੇਖ ਵਖਾਇੰਦਾ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਆਪ ਸਮਝਾਇੰਦਾ । ਛੋਟੇ ਬਾਲੇ ਕਰ ਤਿਆਰ, ਗੁਰ ਅਵਤਾਰ ਮਾਤ ਘਲਾਇੰਦਾ । ਹੁਕਮੇ ਅੰਦਰ ਕਰ ਕਰ ਕਾਰ, ਕਰਤਾ ਹੁਕਮੇ ਆਪ ਫਿਰਾਇੰਦਾ । ਅੰਤਮ ਸੱਦੇ ਦਰ ਦੁਆਰ, ਚਰਨਾਂ ਹੇਠ ਰਖਾਇੰਦਾ । ਲਹਿਣਾ ਦੇਣਾ ਮੰਗੇ ਵਾਰੋ ਵਾਰ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਸੁਤ ਸ਼ਬਦ ਸਦ ਪਹਿਰੇਦਾਰ, ਪਹਿਰ ਘੜੀ ਪਲ ਨਾ ਵੰਡ ਵੰਡਾਇੰਦਾ । ਪੀਰ ਪੈਗ਼ੰਬਰ ਆਵਣ ਜਾਵਣ ਵਾਰੋ ਵਾਰ, ਪੰਜ ਤਤ ਕਾਇਆ ਚੋਲਾ ਸਰਬ ਤਜਾਇੰਦਾ । ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਸ਼ਾਸਤਰ ਸਿਮਰਤ ਰਸਨਾ ਜਿਹਵਾ ਕਰ ਤਿਆਰ, ਤ੍ਰੈ ਵੇਲਾ ਗੁਰ ਅਵਤਾਰਾਂ ਬੰਧਨ ਡੋਰੀ ਨਾਮ ਬੰਧਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣੇ ਹੱਥ ਰੱਖੇ ਆਪਣਾ ਵੇਲਾ, ਥਿਤ ਵਾਰ ਨਾ ਕਿਸੇ ਸਮਝਾਇੰਦਾ । ਸ਼ਬਦੀ ਸ਼ਬਦ ਸੱਜਣ ਸੁਹੇਲਾ, ਸਗਲਾ ਸੰਗ ਸੰਗ ਵਖਾਇੰਦਾ । ਨਿਰਗੁਣ ਵਸੇ ਇਕ ਇਕੇਲਾ, ਨਿਰੰਕਾਰ ਨਿਰਾਕਾਰ ਨਿਜ ਘਰ ਆਪਣੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਅਬਿਨਾਸ਼ੀ ਅਚੁੱਤ, ਚਾਤ੍ਰਕ ਕਰ ਚਰਿਤਰ ਤੇਰੀ ਚਿਤਾ ਨਾ ਕੋਇ ਬਣਾਇੰਦਾ । ਸੁਤ ਸ਼ਬਦ ਗਿਆ ਝੁਕ, ਪ੍ਰਭ ਤੇਰੀ ਵਡ ਵਡਿਆਈਆ । ਤੇਰਾ ਮੇਰਾ ਪੈਂਡਾ ਨਾ ਜਾਏ ਮੁੱਕ, ਜੁਗ ਚੌਕੜੀ ਖੇਲ ਕਰਾਈਆ । ਚਿਤਾ ਉਪਰ ਰੱਖੇ ਨਾ ਕੋਈ ਚੁੱਕ, ਮੜ੍ਹੀ ਗੋਰ ਨਾ ਕੋਇ ਦਬਾਈਆ । ਤੇਰੀ ਕਰਨੀ ਪਿਆ ਉਠ, ਤੇਰੀ ਸਰਨ ਸੱਚੀ ਸਰਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਨਾਮ ਦੇਵਾਂ ਨਿੱਕੀ ਨਿੱਕੀ ਮੁੱਠ, ਲੋਕਮਾਤ ਸੇਵ ਲਗਾਈਆ । ਅੰਤਮ ਫੜ ਫੜ ਰੱਖਾਂ ਸਚਖੰਡ ਦੀ ਨਿੱਕੀ ਗੁੱਠ, ਆਪਣੇ ਚਰਨਾਂ ਹੇਠ ਦਬਾਈਆ । ਇਕ ਦੂਜੇ ਨੂੰ ਲੈਣ ਪੁੱਛ, ਹਰਿ ਕਾ ਭੇਵ ਕੋਇ ਨਾ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਅੱਗੇ ਦਿਸੇ ਨਾ ਕੁਛ, ਖਾਲੀ ਹੱਥ ਦੇਣ ਦੁਹਾਈਆ । ਹਰਿ ਕਾ ਨਾਉਂ ਸਚ ਸੁੱਚ, ਮਾਣਕ ਮੋਤੀ ਨੈਣ ਸ਼ਰਮਾਈਆ । ਕਾਇਆ ਮਾਟੀ ਭਾਂਡਾ ਪੋਚ, ਪਾਚ ਤਨ ਖ਼ਾਕੀ ਖ਼ੁਸ਼ੀ ਮਨਾਈਆ । ਹਰਿ ਕਾ ਸ਼ਬਦ ਗੁਰ ਸਤਿਗੁਰ ਕਿਸੇ ਨਾ ਆਵੇ ਸੋਚ, ਸੋਚ ਸੋਚ ਥੱਕੀ ਸਰਬ ਲੋਕਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਸੰਤ ਗੁਰਮੁਖ ਗੁਰਸਿਖ ਪ੍ਰਭ ਦਰਸਨ ਦਰ ਰਹੇ ਲੋਚ, ਨੇਤਰ ਲੋਚਣ ਨੈਣ ਧਿਆਨ ਲਗਾਈਆ । ਕਿਸੇ ਹੱਥ ਨਾ ਆਵੇ ਬੰਕ ਦੁਆਰੇ ਕਿਲੇ ਕੋਟ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਜੇਰਜ ਅੰਡ ਰਹੀ ਕੁਰਲਾਈਆ । ਸਾਚਾ ਮਾਰਗ ਮਗ ਅਨਡਿਠ, ਪੰਥ ਗੁਰਮੁਖਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਵਰ, ਏਕਾ ਸਿਖਿਆ ਸੁਤ ਸ਼ਬਦ ਜਣਾਈਆ ।

### ✳ ੧੧ ਭਾਦਰੋਂ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਮੁੰਡੀ ਜੁਮਾਲ ਜ਼ਿਲਾ ਫਿਰੋਜ਼ਪੁਰ ✳

ਗੁਰ ਅਵਤਾਰ ਤੇਰਾ ਨਾਦ, ਜੁਗਾ ਜੁਗੰਤਰ ਮਾਤ ਵਜਾਈਆ । ਗੁਰ ਅਵਤਾਰ ਤੇਰਾ ਰਾਗ, ਬਣ ਬਣ ਰਾਗੀ ਰਾਗ ਸੁਣਾਈਆ । ਗੁਰ ਅਵਤਾਰ ਤੇਰਾ ਸੁਆਦ, ਬਿਨ ਰਸਨਾ ਜਿਹਵਾ ਖਾਈਆ । ਗੁਰ ਅਵਤਾਰ ਤੇਰਾ ਖੇਲ ਤਮਾਸ਼, ਲੋਕਮਾਤ ਵੇਖਣ ਚਾਈਂ ਚਾਈਂਆ । ਗੁਰ ਅਵਤਾਰ ਤੇਰਾ ਸਾਥ, ਸਰਗੁਣ ਬਣ ਬਣ ਸੇਵ ਕਮਾਈਆ । ਗੁਰ ਅਵਤਾਰ ਤੇਰਾ ਘਾਟ, ਪੱਤਣ ਏਕਾ ਏਕ ਸਮਝਾਈਆ । ਗੁਰ ਅਵਤਾਰ ਤੇਰੀ ਜ਼ਾਤ, ਜ਼ੱਰਾ ਜ਼ੱਰਾ ਨੂਰ ਰੁਸ਼ਨਾਈਆ । ਗੁਰ ਅਵਤਾਰ ਤੇਰੀ ਕਰਾਮਾਤ, ਸਾਚੀ ਕਰਨੀ ਦਏ ਜਣਾਈਆ । ਗੁਰ ਅਵਤਾਰ ਤੇਰੀ ਦਾਤ, ਜੁਗਾ ਜੁਗੰਤਰ ਮਾਤ ਵਰਤਾਈਆ । ਗੁਰ ਅਵਤਾਰ ਤੇਰੀ ਸ਼ਾਖ਼, ਡਾਲ੍ਹੀ ਡਾਲ੍ਹੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਏਕਾ ਘਰ ਵਡਿਆਈਆ । ਗੁਰ ਅਵਤਾਰ ਤੇਰਾ ਸੰਗ, ਨਿਰਗੁਣ ਸਰਗੁਣ ਜੋੜ ਜੋੜਾਇੰਦਾ । ਗੁਰ ਅਵਤਾਰ ਤੇਰਾ ਅਨੰਦ, ਅਨੰਦ ਮੰਗਲ ਇਕ ਸਮਝਾਇੰਦਾ । ਗੁਰ ਅਵਤਾਰ ਤੇਰਾ ਛੰਦ, ਸਾਚਾ ਢੋਲਾ ਏਕਾ ਗਾਇੰਦਾ । ਗੁਰ ਅਵਤਾਰ ਤੇਰਾ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਗੁਰ ਅਵਤਾਰ ਤੇਰਾ ਜਗਤ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਗੁਰ ਅਵਤਾਰ ਤੇਰਾ ਸਿਤਾਰ ਤੰਦ, ਬਿਨ ਤੰਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਗੁਰ ਅਵਤਾਰ ਤੇਰੀ ਵੰਡ, ਵੰਡਣਹਾਰਾ ਆਪ ਵੰਡਾਈਆ । ਗੁਰ ਅਵਤਾਰ ਤੇਰੀ ਹੱਦ, ਹੱਦ ਹੱਦ ਨਾਲ ਮਿਲਾਈਆ । ਗੁਰ ਅਵਤਾਰ ਤੇਰੀ ਯੱਦ, ਯੱਦ ਏਕਾ ਏਕ ਬਣਾਈਆ । ਗੁਰ ਅਵਤਾਰ ਤੇਰੀ ਮਧ, ਮਧ ਰਸਨਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਤੇਰੀ ਕਲ, ਅਕਲ ਕਲਧਾਰੀ ਆਪ ਜਣਾਇੰਦਾ । ਗੁਰ ਅਵਤਾਰ ਖੇਲ ਅਛੱਲ, ਅਛਲ ਅਛੱਲ ਆਪ ਜਣਾਇੰਦਾ । ਗੁਰ ਅਵਤਾਰ ਸਾਚਾ ਫਲ, ਪੰਜ ਤਤ ਬੂਟਾ ਮਾਤ ਮਹਿਕਾਇੰਦਾ । ਗੁਰ ਅਵਤਾਰ ਵਖਾਏ ਧਾਮ ਅਬਚਲ, ਅਬਚਲ ਆਪਣਾ ਡੇਰਾ ਲਾਇੰਦਾ । ਗੁਰ ਅਵਤਾਰ ਅੰਤਰ ਅੰਤਰ ਜਾਏ ਰਲ, ਜੋਤੀ ਜੋਤ ਜੋਤ ਮਿਲਾਇੰਦਾ । ਗੁਰ ਅਵਤਾਰ ਸਚ ਸੰਦੇਸਾ ਘੱਲ, ਜੁਗਾ ਜੁਗੰਤਰ ਆਪ ਜਣਾਇੰਦਾ । ਗੁਰ ਅਵਤਾਰ ਆਤਮ ਸੇਜਾ ਬਹੇ ਮੱਲ, ਘਰ ਸੁਹੰਜਣਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇੜਾ ਆਪ ਵਸਾਇੰਦਾ । ਗੁਰ ਅਵਤਾਰ ਤੇਰਾ ਖੇੜਾ, ਖਿੜਕੀ ਆਪਣੀ ਆਪ ਖੁਲ੍ਹਾਈਆ । ਗੁਰ ਅਵਤਾਰ ਤੇਰਾ ਵੇਹੜਾ, ਪੰਜ ਤਤ ਦੀਵਾਰ ਬਣਾਈਆ । ਗੁਰ ਅਵਤਾਰ ਤੇਰਾ ਡੇਰਾ, ਘਰ ਮੰਦਰ ਸੋਭਾ ਪਾਈਆ । ਗੁਰ ਅਵਤਾਰ ਭੇਵ ਚੁਕਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਵਖਾਈਆ । ਗੁਰ ਅਵਤਾਰ ਦੇਵੇ ਗੇੜਾ, ਜੁਗ ਜੁਗ ਗੇੜਾ ਆਪ ਵਖਾਈਆ । ਗੁਰ ਅਵਤਾਰ ਕਰੇ ਨਬੇੜਾ, ਹੱਕ ਹੱਕ ਹੱਕ ਸਮਝਾਈਆ । ਗੁਰ ਅਵਤਾਰ ਪਾਏਂ ਘੇਰਾ, ਚਾਰੋਂ ਕੁੰਟ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਤੇਰਾ ਸੰਗ, ਸਗਲਾ ਸੰਗ ਨਿਭਾਇੰਦਾ । ਗੁਰ ਅਵਤਾਰ ਤੇਰਾ ਮਰਦੰਗ, ਮਰਦ ਮਰਦਾਨਾ ਆਪ ਜਣਾਇੰਦਾ । ਗੁਰ ਅਵਤਾਰ ਖੇਲ ਵਰਭੰਡ, ਵਰਭੰਡੀ ਕਾਰ ਕਮਾਇੰਦਾ । ਗੁਰ ਅਵਤਾਰ ਦੂਈ ਦਵੈਤੀ ਢਾਏ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਆਪ

ਸੁਹਾਇੰਦਾ । ਗੁਰ ਅਵਤਾਰ ਸਚ ਸੰਦੇਸਾ, ਹਰਿ ਸਚ ਸਚ ਜਣਾਈਆ । ਗੁਰ ਅਵਤਾਰ ਏਕਾ ਪੇਸ਼ਾ, ਬਣ ਪੇਸ਼ਵਾ ਆਪ ਸਮਝਾਈਆ । ਗੁਰ ਅਵਤਾਰ ਵਖਾਏ ਸਾਚਾ ਦੇਸਾ, ਦੇਸ ਦਸੰਤਰ ਆਪ ਫਿਰਾਈਆ । ਗੁਰ ਅਵਤਾਰ ਸੇਵ ਲਗਾਏ ਹਮੇਸ਼ਾ, ਜੁਗ ਜੁਗ ਹੁਕਮ ਚਲਾਈਆ । ਗੁਰ ਅਵਤਾਰ ਅੰਤਮ ਮੇਟੇ ਆਪੇ ਰੇਖਾ, ਰੇਖਾ ਆਪਣੀ ਆਪਣੇ ਵਿਚ ਸਮਾਈਆ । ਗੁਰ ਅਵਤਾਰ ਨਿਉਂ ਨਿਉਂ ਸਯਦਾ ਸੀਸ ਕਰਨ ਆਦੇਸਾ, ਆਦੇਸ ਆਦੇਸ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਤੇਰਾ ਨਾਉਂ ਸਾਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਕਿਰਪਾਨਿਧ ਕਿਰਪਨ ਕਰੇ ਕੁੜਮਾਈਆ ।

✳ ੧੧ ਭਾਦਰੋਂ ੨੦੧੯ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹ ਤਲਵੰਡੀ ਜ਼ਿਲਾ ਫਿਰੋਜ਼ਪੁਰ ✳

ਗੁਰ ਅਵਤਾਰ ਤੇਰਾ ਨਿਸ਼ਾਨ, ਤ੍ਰੈਭਵਨ ਧਨੀ ਆਪ ਪਰਗਟਾਇੰਦਾ । ਗੁਰ ਅਵਤਾਰ ਦੇਣ ਬਿਆਨ, ਰਸਨਾ ਜਿਹਵਾ ਸਿਫ਼ਤ ਸਾਲਾਹਿੰਦਾ । ਗੁਰ ਅਵਤਾਰ ਕਰਨ ਧਿਆਨ, ਦੀਰਘ ਰੋਗ ਇਕ ਲਗਾਇੰਦਾ । ਗੁਰ ਅਵਤਾਰ ਮੰਨਣ ਆਣ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਗੁਰ ਅਵਤਾਰ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਬਾਲ ਅਞਾਣ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਗੁਰ ਅਵਤਾਰ ਤੇਰੇ ਤੇਰੀ ਕਰਨ ਪਹਿਚਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਗ੍ਰਿਹ ਦਏ ਵਡਿਆਈਆ । ਗੁਰ ਅਵਤਾਰ ਦਾਸੀ ਦਾਸ, ਸੇਵਕ ਸੇਵ ਸੇਵ ਜਣਾਇੰਦਾ । ਗੁਰ ਅਵਤਾਰ ਤੇਰੀ ਰਾਸ, ਤੇਰੇ ਮੰਡਲ ਆਪ ਬਹਾਇੰਦਾ । ਗੁਰ ਅਵਤਾਰ ਤੇਰਾ ਸਾਥ, ਸੱਥਰ ਤੇਰਾ ਇਕ ਸੁਹਾਇੰਦਾ । ਗੁਰ ਅਵਤਾਰ ਡਾਲ੍ਹੀ ਪਾਤ, ਪਤ ਡਾਲ੍ਹੀ ਮਾਤ ਮਹਿਕਾਇੰਦਾ । ਗੁਰ ਅਵਤਾਰ ਤੇਰਾ ਨਾਤ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਇੰਦਾ । ਸ਼ਬਦ ਸੁਤ ਸਚ ਦੁਆਰ, ਪ੍ਰਭ ਅੱਗੇ ਸੀਸ ਝੁਕਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਡੇਰਾ ਲਾਈਆ । ਏਕਾ ਨਾਦ ਸਚ ਧੁੰਨਕਾਰ, ਗ੍ਰਿਹ ਗ੍ਰਿਹ ਰਾਗ ਸੁਣਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਮੰਗਲ ਆਪਣੇ ਨਾਉਂ ਵਡਿਆਈਆ । ਖੇਲੇ ਖੇਲ ਅਪਰ ਅਪਾਰ, ਅਪਰੰਪਰ ਰੂਪ ਰੰਗ ਰੇਖ ਨਾ ਕੋਇ ਵਖਾਈਆ । ਪੰਜ ਤਤ ਤਤ ਆਧਾਰ, ਬ੍ਰਹਮ ਬ੍ਰਹਮ ਬ੍ਰਹਮ ਸਹਾਈਆ । ਕਰਮ ਕਰਮ ਕਰ ਵਿਚਾਰ, ਧਰਮ ਧਰਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਰੂਪ ਵੇਸ ਧਰਾਈਆ । ਕਵਣ ਰੂਪ ਵੇਸ ਰੱਖ, ਰੱਖਿਆ ਸਰਬ ਕਰਾਇੰਦਾ । ਕਵਣ ਰੂਪ ਹੋ ਪਰਤੱਖ, ਪਾਰਖੂ ਆਪਣੀ ਦਇਆ ਕਮਾਇੰਦਾ । ਕਵਣ ਰੂਪ ਮਾਰਗ ਦੱਸ, ਮਹਿਮਾ ਸਿਫ਼ਤ ਸਾਲਾਹ ਜਣਾਇੰਦਾ । ਕਵਣ ਰੂਪ ਦੇਵੇਂ ਰਸ, ਬਣ ਰਸੀਆ ਏਕਾ ਰਸ ਚਖਾਇੰਦਾ । ਕਵਣ ਰੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਮੋਹੇ ਭਾਇੰਦਾ । ਦਰ ਤੇਰਾ ਸਦ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਪਰਵਰਦਿਗਾਰ ਲਾਸ਼ਰੀਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰਾ ਮਾਰਗ ਬੇਨਜ਼ੀਰ ਬਾਰੀਕ, ਨਜ਼ਰ ਕਿਸੇ ਨਾ

ਆਈਆ । ਦੋ ਜਹਾਨ ਬਿਨ ਕਲਮ ਸ਼ਾਹੀ ਖਿਚੇਂ ਲੀਕ, ਸਚ ਨਿਸ਼ਾਨਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਅੱਗੇ ਮੇਰੀ ਅਰਜ਼ੋਈਆ । ਤੁਧ ਅੱਗੇ ਅਰਜ਼ੋਈ ਸਾਹਿਬ ਸੁਲਤਾਨ, ਦੋਏ ਦੋਏ ਜੋੜ ਸੀਸ ਝੁਕਾਇਆ । ਕਵਣ ਬਿਧ ਖੇਲ ਕਰੇਂ ਜਹਾਨ, ਦੋਏ ਜਹਾਨਾਂ ਦੋਏ ਦੋਏ ਰੂਪ ਧਰਾਇਆ । ਨਿਰਗੁਣ ਸਰਗੁਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇਆ । ਕਵਣ ਵਸਤ ਅਮੋਲਕ ਦੇਵੇਂ ਦਾਨ, ਦਾਤਾ ਦਾਨੀ ਬਣ ਵਰਤਾਇਆ । ਕਵਣ ਮੰਦਰ ਵਸੇਂ ਮਕਾਨ, ਗ੍ਰਿਹ ਮੰਦਰ ਡੇਰਾ ਲਾਇਆ । ਕਵਣ ਰੂਪ ਝੁਲਾਏਂ ਨਿਸ਼ਾਨ, ਸਚ ਨਿਸ਼ਾਨ ਇਕ ਵਖਾਇਆ । ਕਵਣ ਰੂਪ ਗਾਏਂ ਗਾਨ, ਮੰਤਰ ਅੰਤਰ ਅੰਤਰ ਮੰਤਰ ਨਿਸ਼ਅੱਖਰ ਅੱਖਰ ਵੱਖਰ ਆਪ ਪੜ੍ਹਾਇਆ । ਕਵਣ ਰੂਪ ਆਪਣਾ ਨਾਉਂ ਪਰਸਿਧ ਕਰੇਂ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਇੰਦਾ । ਸ਼ਬਦ ਸੁਤ ਸਾਚੇ ਲਾਲ, ਲਾਲਣ ਏਕਾ ਰੰਗ ਰੰਗਾਇੰਦਾ । ਕਰੇ ਖੇਲ ਗੁਰ ਗੋਪਾਲ, ਗੁਰ ਗੁਰ ਵੇਸ ਧਰਾਇੰਦਾ । ਪੰਜ ਤਤ ਦੁਆਰ ਬਣਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਇੰਦਾ । ਦੀਪਕ ਦੀਆ ਆਪੇ ਬਾਲ, ਜੋਤੀ ਜਾਤਾ ਡਗਮਗਾਇੰਦਾ । ਨਿਰਮਲ ਜੀਆ ਕਰ ਨਿਹਾਲ, ਨਿਹਚਲ ਆਪਣਾ ਧਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਸ੍ਰੀ ਭਗਵਾਨਾ, ਏਕੰਕਾਰਾ ਏਕਾ ਵਾਰ ਜਣਾਈਆ । ਬੋਧ ਅਗਾਧ ਸ਼ਬਦ ਤਰਾਨਾ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਸ਼ਬਦ ਗੁਰ ਗੁਰ ਖੇਲ ਮਹਾਨਾ, ਗੁਰ ਗੁਰ ਵੇਖੇ ਥਾਉਂ ਥਾਈਂਆ । ਸਤਿਗੁਰ ਰੂਪ ਸਦ ਸਦ ਜਣਾਏ ਇਕ ਪਦ ਨਿਰਬਾਣਾ, ਨਿਰਬਾਣ ਪਦ ਇਕ ਪਰਗਟਾਈਆ । ਪੰਜ ਤਤ ਬ੍ਰਹਮ ਮਤ ਪਾਰਬ੍ਰਹਮ ਸੁਣਾਏ ਸਾਚਾ ਗਾਣਾ, ਗਾ ਗਾ ਆਪਣਾ ਹੁਕਮ ਮਨਾਈਆ । ਸਤਿ ਸੰਦੇਸਾ ਨਰ ਨਰੇਸ਼ਾ ਦੇਵਣਹਾਰਾ ਚਤੁਰ ਸੁਜਾਨਾ, ਮੂਰਖ ਮੂੜ੍ਹ ਦਏ ਵਡਿਆਈਆ । ਕਰੇ ਖੇਲ ਵਿਚ ਜਹਾਨਾ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪਹਿਰੇ ਬਾਣਾ, ਬਾਂਹੋਂ ਪਕੜ ਆਪ ਉਠਾਈਆ । ਅੰਤਰ ਆਤਮ ਬੰਨ੍ਹੇ ਗਾਨਾ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਸੇਰਾ ਏਕਾ ਘਰ, ਪੂਤ ਸਪੂਤੇ ਦਏ ਵਡਿਆਈਆ । ਪੂਤ ਸਪੂਤੇ ਤੇਰਾ ਰਾਗ, ਅਨਰਾਗੀ ਆਪ ਜਣਾਇੰਦਾ । ਪੂਤ ਸਪੂਤੇ ਤੇਰਾ ਵੈਰਾਗ, ਬਣ ਵੈਰਾਗੀ ਆਪ ਪਰਗਟਾਇੰਦਾ । ਪੂਤ ਸਪੂਤੇ ਤੇਰਾ ਤਾਗ, ਬਿਨ ਤੰਦੀ ਤੰਦ ਬੰਧਾਇੰਦਾ । ਬਿਨ ਨੇਤਰ ਖੋਲ੍ਹੇ ਜਾਗ, ਬਿਨ ਅੱਖ ਅੱਖ ਪਰਤੱਖ ਮਿਲਾਇੰਦਾ । ਕੰਤ ਸੁਹੇਲਾ ਸਚ ਸੁਭਾਗ, ਘਰ ਸਖ਼ੀਆਂ ਮੇਲ ਮਿਲਾਇੰਦਾ । ਨਿਰਮਲ ਨਿਰਮਲ ਧੋਵਣਹਾਰਾ ਦਾਗ਼, ਉਜਲ ਉਜਲ ਰੂਪ ਵਟਾਇੰਦਾ । ਆਪਣੇ ਅੰਤਰ ਆਪੇ ਕਾਢ, ਆਪ ਆਪਾ ਗੋਦ ਸੁਹਾਇੰਦਾ । ਨਿਰਗੁਣ ਸਰਗੁਣ ਲਡਾਏ ਲਾਡ, ਸਮਰਥ ਪੁਰਖ ਮਹਿਮਾ ਅਕੱਥ, ਕਥ ਕਥ ਆਪਣਾ ਰਾਗ ਅਲਾਇੰਦਾ । ਆਪੇ ਜਾਣੇ ਆਪਣੀ ਆਰ ਪਾਰ ਮਧ ਹੱਦ, ਗ੍ਰਿਹ ਗ੍ਰਿਹ ਘਰ ਘਰ ਆਪਣਾ ਤਾਲ ਵਜਾਇੰਦਾ । ਪੰਚ ਪੰਚਮ ਮਾਰਗ ਏਕਾ ਦੱਸ, ਪੰਚਮ ਪੰਚਮ ਪੰਚ ਜੋੜ ਜੋੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਸਾਲਾਹਿੰਦਾ । ਸ਼ਬਦ ਸਾਲਾਹ ਸਾਹਿਬ ਗੁਰ ਪੀਰ, ਪੈਗ਼ੰਬਰ ਏਕਾ ਰੰਗ ਰੰਗਾਈਆ । ਦੱਸਣਹਾਰ ਆਪ ਤਦਬੀਰ, ਤਰਤੀਬ ਆਪਣੇ ਹੱਥ ਵਖਾਈਆ । ਪੜ੍ਹਨਹਾਰ ਆਪ ਤਕਬੀਰ, ਤਸਬੀ

ਮਾਲਾ ਨਾ ਕੋਇ ਬਣਾਈਆ । ਘੜਨਹਾਰ ਆਪ ਜ਼ੰਜ਼ੀਰ, ਸ਼ਰਅ ਜ਼ੰਜੀਰ ਇਕ ਵਖਾਈਆ । ਵੇਖਣਹਾਰਾ ਅੰਤ ਅਖ਼ੀਰ, ਆਖ਼ਰ ਆਪਣੇ ਹੱਥ ਰੱਖੇ ਵਡਿਆਈਆ । ਵਸੇ ਧਾਮ ਬੇਨਜ਼ੀਰ, ਨਜ਼ਰੀਆ ਰੂਪ ਨਾ ਕੋਇ ਜਣਾਈਆ । ਸਾਹਿਬ ਸੁਲਤਾਨ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਆਦਿ ਜੁਗਾਦਿ ਨਾ ਹੋਏ ਦਿਲਗੀਰ, ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਸ਼ਬਦੀ ਰਾਗ ਸ਼ਬਦੀ ਧੁੰਨ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਸ਼ਬਦੀ ਲੇਖਾ ਸਚਖੰਡ ਦੁਆਰੇ ਥਿਰ ਘਰ ਮੇਲਾ ਸੁਤ ਸੁਤ ਆਪੇ ਚੁਣ, ਅਬਿਨਾਸ਼ੀ ਅਚੁੱਤ ਦਇਆ ਕਮਾਇੰਦਾ । ਸੁਨ ਅਗੰਮ ਨਾ ਕੋਈ ਗੁਣ, ਗੁਣਵੰਤਾ ਭੇਵ ਨਾ ਕੋਇ ਰਖਾਇੰਦਾ । ਲੇਖਾ ਜਾਣੇ ਆਪਣਾ ਫੁਨ, ਫੁਨ ਮੰਤਰ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਸ਼ਬਦ ਗੁਰ ਮੀਤ, ਹਰਿ ਸੱਜਣ ਸਚ ਜਣਾਇੰਦਾ । ਤੇਰੀ ਇਛਿਆ ਸਾਚੀ ਰੀਤ, ਗੁਰ ਅਵਤਾਰ ਰੂਪ ਧਰਾਇੰਦਾ । ਅੰਤਰ ਵੜ ਹਰਿ ਅਨਡੀਠ, ਅਨਡਿਠੜਾ ਧਾਮ ਸੁਹਾਇੰਦਾ । ਬਿਨ ਰਸਨਾ ਗਾਏ ਗੀਤ, ਗੀਤ ਗੋਬਿੰਦ ਅਲਾਇੰਦਾ । ਮਾਣਸ ਜਨਮ ਮਾਨੁਖ ਜੀਤ, ਹਾਰ ਜਿਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸ਼ਬਦ ਸੁਤ ਚਰਨੀ ਢੱਠ, ਮਸਤਕ ਚਰਨਾਂ ਨਾਲ ਛੁਹਾਈਆ । ਸਚਖੰਡ ਦੁਆਰੇ ਰਿਹੋਂ ਵਸ, ਥਿਰ ਘਰ ਦੇਵੇਂ ਮੋਹੇ ਵਡਿਆਈਆ । ਇਕੋ ਮਾਰਗ ਦੇਣਾ ਦਸ, ਜਿਸ ਮਾਰਗ ਨਿਉਂ ਨਿਉਂ ਲਾਗਾਂ ਪਾਈਆ । ਇਕੋ ਨਾਉਂ ਦੇਣਾ ਦੱਸ, ਆਦਿ ਜੁਗਾਦਿ ਸਿਫ਼ਤ ਸਾਲਾਹੀਆ । ਏਕਾ ਮੰਦਰ ਜਾਵਾਂ ਵਸ, ਦੂਸਰ ਛੰਨ ਨਾ ਕੋਇ ਛੁਹਾਈਆ । ਏਕਾ ਢੋਲਾ ਗਾਵਾ ਜਸ, ਲੇਖਾ ਲਿਖੇ ਨਾ ਕਲਮ ਸ਼ਾਹੀਆ । ਅੰਤ ਕੰਤ ਭਗਵੰਤ ਪਾਰਬ੍ਰਹਮ ਮੇਰੀ ਪੂਰੀ ਕਰਨੀ ਆਸ, ਆਸ ਤੇਰੇ ਅੱਗੇ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਉਂ ਨਾਉਂ ਰੁਸ਼ਨਾਈਆ । ਪੁਰਖ ਅਬਿਨਾਸ਼ੀ ਸੱਚਾ ਠਾਕਰ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਮੇਰਾ ਖੇਲ ਅਥਾਹ ਸਾਗਰ, ਡੂੰਘਾ ਨਜ਼ਰ ਕਿਸੇ ਨਾ ਆਇੰਦਾ । ਪੂਤ ਸਪੂਤੇ ਦੇਵੇ ਆਦਰ, ਬਾਲੇ ਬਾਲੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਪਰਦਾ ਆਪ ਚੁਕਾਇੰਦਾ । ਦਰ ਪਰਦਾ ਚੁੱਕੇ ਚੁਕਾਏ ਓਹਲਾ, ਵਾਹ ਵਾ ਆਪਣੇ ਹੱਥ ਰੱਖੇ ਵਡਿਆਈਆ । ਪੁਰਖ ਅਬਿਨਾਸ਼ੀ ਬਣੇ ਗੋਲਾ, ਬਣ ਸੇਵਕ ਸੇਵ ਕਮਾਈਆ । ਸ਼ਬਦੀ ਸੁਤ ਤੇਰਾ ਢੋਲਾ, ਆਪਣਾ ਨਾਉਂ ਪਰਗਟਾਈਆ । ਨਿਰਗੁਣ ਸਰਗੁਣ ਆਪੇ ਮੌਲਾ, ਮੌਲਾ ਆਪਣੀ ਖੇਲ ਕਰਾਈਆ । ਨਿਝਰ ਰੱਖੇ ਅੰਮ੍ਰਿਤ ਕੌਲਾ, ਚਰਨ ਚਰਨ ਨਾਲ ਰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਾਰ ਆਪ ਬੰਧਾਈਆ । ਤੇਰੀ ਧਾਰ ਹਰਿ ਨਿਰੰਕਾਰ, ਵੱਡਾ ਨਿੱਕਾ ਆਪ ਬਣਾਇੰਦਾ । ਆਪਣੀ ਇਛਿਆ ਹੋ ਤਿਆਰ, ਸਾਚੀ ਭਿਛਿਆ ਆਪ ਵਰਤਾਇੰਦਾ । ਅਸੰਖ ਅਸੰਖਾ ਕਿਣਕੇ ਵਿਚੋਂ ਕਿਣਕਾ ਕਿਣਕਾ ਕਰ ਤਿਆਰ, ਭੋਰਾ ਭੋਰਾ ਵੰਡ ਵੰਡਾਇੰਦਾ । ਗੁਰ ਪੀਰ ਅਵਤਾਰਾਂ ਦੇ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬੰਸ ਆਪ ਬਣਾਇੰਦਾ । ਅਸੰਖ ਅਸੰਖਾਂ ਵਿਚੋਂ ਵੰਡ, ਆਪਣੀ ਸਾਚੀ ਵੰਡ ਵੰਡਾਈਆ । ਸਭ ਤੋਂ ਨਿੱਕਾ ਹੋ ਹੋ ਖੰਡ ਖੰਡ, ਖੰਡਾ ਆਪਣਾ ਨਾਮ ਉਠਾਈਆ । ਨਿਰਗੁਣ

ਨਿਰਗੁਣ ਹੋ ਪਰਚੰਡ, ਪਰਚੰਡ ਵੇਸ ਵਟਾਈਆ । ਸਾਹਿਬ ਦਿਆਲ ਸੂਰਾ ਸਰਬੰਗ, ਸੂਰਬੀਰ ਇਕ ਰਘੁਰਾਈਆ । ਕਰ ਕਿਰਪਾ ਸਚਖੰਡ ਦੁਆਰਿਉਂ ਬਾਹਰ ਸੁਣਾਏ ਆਪਣਾ ਛੰਦ, ਬੰਦ ਆਪਣਾ ਬੰਧਨ ਪਾਈਆ । ਨਾਤਾ ਜੋੜ ਬੱਤੀ ਦੰਦ, ਰਸਨਾ ਜਿਹਵਾ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੋਹੇ ਦੇਵੇ ਵਰ, ਗੁਰ ਅਵਤਾਰ ਤੇਰੀ ਝੋਲੀ ਪਾਈਆ । ਗੁਰ ਅਵਤਾਰ ਨਿੱਕੇ ਨਿੱਕੇ, ਨੰਨ੍ਹੇ ਨੰਨ੍ਹੇ ਬਾਲੇ ਆਪ ਪਰਗਟਾਇੰਦਾ । ਪੀਰ ਪੈਗ਼ੰਬਰ ਦਰਗਹਿ ਸਾਚੀ ਇਕੋ ਅੱਖਰ ਸਿੱਖੇ, ਸਿਖਿਆ ਸਿਖ ਸਿਖ ਦ੍ਰਿੜਾਇੰਦਾ । ਬਿਨ ਕਲਮ ਦਵਾਤ, ਸ਼ਾਹੀ ਹਰਫ਼ ਹਰੂਫ਼ ਆਪੇ ਲਿਖੇ, ਅਲਫ਼ ਯੇ ਨਾ ਨਾਲ ਮਿਲਾਇੰਦਾ । ਪੈਂਤੀ ਅੱਖਰ ਨਾ ਕਿਸੇ ਹਿੱਸੇ, ਆਪਣਾ ਹਿੱਸਾ ਨਾ ਕਿਸੇ ਵਖਾਇੰਦਾ । ਦੇਵਣਹਾਰਾ ਜਿਥੇ ਕਿਥੇ, ਇਧਰ ਉਧਰ ਆਪਣੀ ਧਾਰ ਚਲਾਇੰਦਾ । ਗੁਰ ਅਵਤਾਰ ਪੜ੍ਹਾਏ ਆਪਣੇ ਬਾਹਰ ਮੁਖੀ ਚਿਠੇ, ਅੰਤਰ ਹਰਫ਼ ਨਾ ਕਿਸੇ ਦਸਾਇੰਦਾ । ਸਾਰੇ ਅੰਤਮ ਹੋਇਣ ਫਿੱਕੇ, ਮਿੱਠਾ ਰਸ ਆਪਣਾ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਆਪਣੇ ਕਿਸੇ ਉਤੇ ਨਾ ਵਿਸੇ, ਡੋਰੀ ਹੱਥ ਨਾ ਕਿਸੇ ਫੜਾਇੰਦਾ । ਡੋਰੀ ਦੇਵੇ ਨਾ ਹੱਥ ਕਰਤਾਰ, ਬੰਧਨ ਏਕਾ ਆਪਣਾ ਪਾਈਆ । ਸੇਵਾ ਲਾ ਗੁਰ ਅਵਤਾਰ, ਧੁਰ ਸੰਦੇਸਾ ਇਕ ਅਲਾਈਆ । ਹੁਕਮੇ ਅੰਦਰ ਕਰ ਤਿਆਰ, ਤ੍ਰੈਗੁਣ ਮੇਲਾ ਲਏ ਮਿਲਾਈਆ । ਗੁਰ ਚੇਲਾ ਵੇਖਣਹਾਰ, ਸੱਜਣ ਸੁਹੇਲਾ ਦੇਵੇ ਮਾਣ ਵਡਿਆਈਆ । ਵਕਤ ਵੇਲਾ ਵਿਚ ਸੰਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਈਆ । ਸਾਚਾ ਅੱਖਰ ਨਾ ਦੇਵੇ ਦਾਨ, ਅੱਖਰ ਸਿਫ਼ਤ ਨਾ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾਇਣ ਗਾਨ, ਗਾ ਗਾ ਆਪਣਾ ਹੁਕਮ ਮਨਾਇੰਦਾ । ਆਪੇ ਬਣਿਆ ਸਭ ਦਾ ਜਾਣੀ ਜਾਣ, ਆਪਣੀ ਪਛਾਣ ਨਾ ਕਿਸੇ ਵਖਾਇੰਦਾ । ਜਿਉਂ ਭਾਵੇਂ ਤਿਉਂ ਝਲਕ ਦੇਵੇ ਆਣ, ਪਲਕ ਅੱਖ ਅੱਖ ਖੁਲ੍ਹਾਇੰਦਾ । ਸਾਰੇ ਝੋਲੀ ਅੱਡ ਕੇ ਮੰਗਣ ਦਾਨ, ਭਰਿਆ ਨਜ਼ਰ ਕੋਇ ਨਾ ਆਇੰਦਾ । ਵਾਹਵਾ ਖੇਲ ਕਰੇ ਭਗਵਾਨ, ਸੁਤ ਦੁਲਾਰੇ ਜਗਤ ਵਣਜਾਰੇ ਲੋਕਮਾਤ ਮਾਤਰ ਹੱਟ ਚਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਇਕੋ ਯਾਤਰ, ਯਾਤਰਾ ਸਭ ਦੀ ਆਪਣੇ ਹੱਥ ਰਖਾਇੰਦਾ । ਸਚ ਸੰਦੇਸਾ ਦੇਂਦਾ ਰਹੇ ਪਾਤਰ, ਪੱਟੀ ਆਪਣੇ ਨਾਮ ਪੜ੍ਹਾਇੰਦਾ । ਸਿਫ਼ਤ ਸਾਲਾਹ ਕਰ ਕਰ ਜਾਇਣ ਵੇਦ ਸ਼ਾਸਤਰ, ਸਿਮਰਤ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਉਤੇ ਆਪੇ ਹੋਏ ਸ਼ਾਕਿਰ, ਸ਼ੁਕਰੀਆ ਸਭ ਤੋਂ ਆਪਣਾ ਆਪ ਕਰਾਇੰਦਾ ।

## ✳ ੧੧ ਭਾਦਰੋਂ ੨੦੧੯ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹ ਰੱਜੀ ਵਾਲਾ ਜ਼ਿਲਾ ਫਿਰੋਜ਼ਪੁਰ ✳

ਸ਼ਬਦ ਸੁਤ ਦਰ ਮੰਗੇ ਮੰਗ, ਹਰਿ ਚਰਨ ਮਿਲੇ ਸਰਨਾਈਆ । ਕਵਣ ਖੇਲ ਸੂਰਾ ਸਰਬੰਗ, ਸੂਰਬੀਰ ਦਏ ਵਰਤਾਈਆ । ਕਵਣ ਰੂਪ ਗੁਰ ਅਵਤਾਰ ਰੰਗ, ਰੰਗ ਰੰਗੀਲਾ ਇਕ ਚੜ੍ਹਾਈਆ । ਕਵਣ ਸੇਜ ਸੁਹੰਜਣੀ ਪਲੰਘ, ਕਵਣ ਆਸਣ ਡੇਰਾ ਲਾਈਆ । ਕਵਣ ਨਾਦ ਧੁੰਨ ਮਰਦੰਗ, ਕਵਣ ਰਾਗੀ ਰਾਗ ਸੁਣਾਈਆ । ਕਵਣ ਬੋਧ ਅਗਾਧੀ ਛੰਦ, ਛਹਿਬਰ ਆਪਣੇ ਨਾਮ ਲਗਾਈਆ । ਕਵਣ ਦੁਆਰੇ ਸਚ ਅਨੰਦ,

ਅਨੰਦ ਅਨੰਦ ਵਿਚ ਪਰਗਟਾਈਆ । ਕਵਣ ਬੇੜਾ ਦੇਵੇ ਬੰਧ, ਬੰਨ੍ਹਣਹਾਰ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਇਕ ਆਰਜ਼ੂ ਇਕ ਅਰਦਾਸ, ਚਰਨ ਸਰਨ ਸਰਨ ਚਰਨ ਇਕ ਰਖਾਇੰਦਾ । ਕਵਣ ਬਿਧ ਖੇਲ ਤਮਾਸ਼, ਹਰਿ ਜੂ ਹਰਿ ਹਰਿ ਖਿਲਾਇੰਦਾ । ਕਵਣ ਬਿਧ ਪਾਏ ਰਾਸ, ਮੰਡਲ ਮੰਡਪ ਡੇਰਾ ਲਾਇੰਦਾ । ਕਵਣ ਬਿਧ ਕਰ ਪਰਕਾਸ਼, ਨੂਰੋ ਨੂਰ ਨੂਰ ਧਰਾਇੰਦਾ । ਕਵਣ ਬਿਧ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਕਵਣ ਬਿਧ ਸੁਣਾਏ ਗਾਥ, ਭੇਵ ਅਭੇਦ ਖੁਲ੍ਹਾਇੰਦਾ । ਕਵਣ ਬਿਧ ਹੋਏ ਅਨਾਥਾਂ ਨਾਥ, ਸਿਰ ਆਪਣਾ ਹੱਥ ਟਿਕਾਇੰਦਾ । ਕਵਣ ਬਿਧ ਬਣੇ ਪਿਤ ਮਾਤ, ਪਿਤਾ ਪੂਤ ਗੋਦ ਸੁਹਾਇੰਦਾ । ਕਵਣ ਬਿਧ ਕਰੇ ਉਤਮ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਕਵਣ ਬਿਧ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਕਵਣ ਬਿਧ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਕਵਣ ਬਿਧ ਗਾਏ ਜਸ, ਰਸਨਾ ਜਿਹਵਾ ਨਾ ਕੋਇ ਰਖਾਇੰਦਾ । ਕਵਣ ਬਿਧ ਸਚਖੰਡ ਦੁਆਰੇ ਜਾਏ ਵਸ, ਥਿਰ ਘਰ ਆਪਣਾ ਆਸਣ ਲਾਇੰਦਾ । ਕਵਣ ਬਿਧ ਆਦਿ ਜੁਗਾਦਿ ਜੁਗਾ ਜੁਗੰਤਰ ਰਿਹਾ ਨੱਸ, ਦੋ ਜਹਾਨਾਂ ਪੰਧ ਮੁਕਾਇੰਦਾ । ਕਵਣ ਬਿਧ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਕਵਣ ਬਿਧ ਸਾਚੀ ਧਾਰ ਅੰਦਰ ਜਾਏ ਫਸ, ਕਵਣ ਫਾਂਦੀ ਬੰਦ ਬੰਧਾਇੰਦਾ । ਕਵਣ ਬਿਧ ਕਰੇਂ ਖੇਲ ਇਕ ਅਕੱਥ, ਰਸਨਾ ਜਿਹਵਾ ਕਥ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਸ਼ਬਦ ਝੋਲੀ ਡਾਹਿੰਦਾ । ਕਵਣ ਬਿਧ ਖੇਲ ਤਮਾਸ਼ਾ, ਖੇਲਣਹਾਰਾ ਖੇਲ ਕਰਾਈਆ । ਕਵਣ ਬਿਧ ਸਚਖੰਡ ਨਿਵਾਸਾ, ਸੋ ਪੁਰਖ ਨਿਰੰਜਣ ਨਾਉਂ ਧਰਾਈਆ । ਕਵਣ ਬਿਧ ਸਾਚੇ ਮੰਡਲ ਪਾਵੇ ਰਾਸਾ, ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਕਵਣ ਬਿਧ ਏਕੰਕਾਰਾ ਪੂਰੀ ਕਰੇ ਆਪਣੀ ਆਸਾ, ਤ੍ਰਿਸਨਾ ਅਵਰ ਨਾ ਕੋਇ ਜਣਾਈਆ । ਕਵਣ ਬਿਧ ਆਦਿ ਨਿਰੰਜਣ ਨੂਰ ਪਰਕਾਸ਼ਾ, ਪਰਮ ਪੁਰਖ ਬੇਪਰਵਾਹੀਆ । ਕਵਣ ਬਿਧ ਸ੍ਰੀ ਭਗਵਾਨ ਹੋਏਂ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਕਵਣ ਬਿਧ ਸ੍ਰੀ ਭਗਵਾਨ ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਫੇਰਾ ਪਾਈਆ । ਕਵਣ ਬਿਧ ਪਾਰਬ੍ਰਹਮ ਬ੍ਰਹਮ ਦੇਵੇ ਸਚ ਭਰਵਾਸਾ, ਧੀਰਜ ਧੀਰ ਇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕੋ ਤੇਰੀ ਓਟ ਤਕਾਈਆ । ਕਵਣ ਬਿਧ ਤੇਰੀ ਓਟ, ਤੇਰਾ ਤੇਰੀ ਇਕ ਰਖਾਇੰਦਾ । ਕਵਣ ਬਿਧ ਕਿਲਾ ਕੋਟ, ਬੰਕ ਦੁਆਰ ਇਕ ਜਣਾਇੰਦਾ । ਕਵਣ ਬਿਧ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਕਵਣ ਬਿਧ ਨਾਤਾ ਬੰਨ੍ਹਾਏ ਓਤ ਪੋਤ, ਪਿਤਾ ਪੂਤ ਵੇਸ ਵਟਾਇੰਦਾ । ਕਵਣ ਬਿਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਸਾਚੀ ਬਿਧ ਸ੍ਰੀ ਭਗਵਾਨ, ਬਹੁ ਭਾਂਤੀ ਆਪ ਜਣਾਈਆ । ਸਚਖੰਡ ਨਿਵਾਸੀ ਸਚ ਮਕਾਨ, ਸਤਿ ਸਤਿਵਾਦੀ ਡੇਰਾ ਲਾਈਆ । ਸ਼ਾਹੋ ਭੂਪੀ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਨੂਰ ਨੂਰ ਮਹਾਨ, ਪਰਕਾਸ਼ ਪਰਕਾਸ਼ ਵਿਚ ਟਿਕਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਧੁਰ ਦੀ ਧਾਰ ਆਪ ਜਣਾਈਆ । ਦਰ ਦਰਵੇਸਾ ਬਣ ਭਗਵਾਨ, ਬਣ ਸੇਵਕ ਸੇਵ ਕਮਾਈਆ । ਆਦਿ ਆਦਿ ਇਕ ਆਦੇਸਾ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਨਿਰਗੁਣ ਨਿਰਗੁਣ ਕਰ

੬੦੭
੧੨

ਕਰ ਵੇਸਾ, ਵੇਸ ਅਵੱਲੜਾ ਆਪ ਵਟਾਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਸਾਚੇ ਦੇਸਾ, ਦੂਸਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਈਆ । ਸਾਚਾ ਦੇਸ ਸਚ ਮਹੱਲ, ਹਰਿ ਸਾਚਾ ਸਚ ਜਣਾਇੰਦਾ । ਆਦਿ ਜੁਗਾਦਿ ਰਹੇ ਅਟੱਲ, ਜੁਗ ਜੁਗ ਵੇਖ ਵਖਾਇੰਦਾ । ਸਚ ਸਿੰਘਾਸਣ ਬੈਠਾ ਮਲ, ਪਾਵਾ ਚੂਲ ਨਾ ਕੋਇ ਵਖਾਇੰਦਾ । ਦੀਪਕ ਪਰਕਾਸ਼ ਜੋਤੀ ਆਪੇ ਬਲ, ਨਿਤ ਨਵਿਤ ਡਗਮਗਾਇੰਦਾ । ਮੁਕਾਮੇ ਹੱਕ ਹੱਕ ਅਟੱਲ, ਅਟੱਲ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਖੁਲ੍ਹਾਇੰਦਾ । ਸਾਚਾ ਪਰਦਾ ਦੇਵੇ ਲਾਹ, ਕਰੇ ਖੇਲ ਸੱਚਾ ਸ਼ਹਿਨਸ਼ਾਹ, ਹੁਕਮਰਾਨ ਵਡ ਵਡਿਆਈਆ । ਸੁਤ ਦੁਲਾਰਾ ਨਿੱਕਾ ਬਾਲਾ ਦਏ ਸਮਝਾ, ਸਮਝ ਸਮਝ ਨਾਲ ਮਿਲਾਈਆ । ਨਿਰਗੁਣ ਨਿਰਗੁਣ ਰਮਜ਼ ਇਸ਼ਾਰਾ ਇਕ ਵਖਾ, ਰਹੀਮ ਰਹਿਮਾਨ ਦਇਆ ਕਮਾਈਆ । ਅਲਫ਼ ਯੇ ਹਮਜ਼ਾ ਨਾ ਰੂਪ ਸਕੇ ਕੋਇ ਵਖਾ, ਅੱਖਰ ਵੱਖਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪੇ ਲਾਹੀਆ । ਸਾਚਾ ਪੜਦਾ ਦੇਵੇ ਲਾਹ, ਹਰਿ ਸਤਿਗੁਰ ਦਇਆ ਕਮਾਇੰਦਾ । ਸੁਤ ਸ਼ਬਦ ਧਿਆਨ ਲਗਾ, ਧਿਆਨ ਧਿਆਨ ਨਾਲ ਮਿਲਾਇੰਦਾ । ਫੜ ਬਾਂਹੋਂ ਰਾਹੇ ਦਏ ਪਾ, ਰਹਿਬਰ ਆਪਣਾ ਖੇਲ ਕਰਾਇੰਦਾ । ਸਾਚੀ ਸਿਖਿਆ ਇਕ ਜਣਾ, ਸਾਖਿਆਤ ਰੂਪ ਵਟਾਇੰਦਾ । ਨੇਤਰ ਨੈਣ ਦਏ ਵਖਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਜਣਾਇੰਦਾ । ਸਾਚੀ ਧਾਰਾ ਏਕੰਕਾਰ, ਏਕਾ ਏਕ ਜਣਾਈਆ । ਆਦਿ ਆਦਿ ਖੇਲ ਅਪਾਰ, ਅਪਰੰਪਰ ਵੇਖ ਵਖਾਈਆ । ਬੇਐਬ ਬੇਐਬ ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਈਆ । ਕਰੇ ਖੇਲ ਅਪਰ ਅਪਾਰ, ਖਾਲਕ ਆਪਣਾ ਖੇਲ ਕਰਾਈਆ । ਸਾਲਸ ਬਣੇ ਸਚ ਦਰਬਾਰ, ਦਰਗਹਿ ਸਾਚੀ ਡੇਰਾ ਲਾਈਆ । ਪਿਤਾ ਪੂਤ ਕਰੇ ਵਿਹਾਰ, ਬਣ ਵਿਚੋਲਾ ਵੇਸ ਵਟਾਈਆ । ਸਾਚਾ ਢੋਲਾ ਬੋਲ ਜੈਕਾਰ, ਸੋਹਲਾ ਏਕਾ ਨਾਉਂ ਸੁਣਾਈਆ । ਤੋਲਾ ਬਣ ਤੋਲਣਹਾਰ, ਏਕਾ ਕੰਡਾ ਹੱਥ ਉਠਾਈਆ । ਪੜਦਾ ਓਹਲਾ ਦਏ ਨਿਵਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਤ ਸਤ ਕਰ ਪਿਆਰ, ਅਬਿਨਾਸ਼ੀ ਅਚੁੱਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਨਰ ਨਿਰੰਕਾਰਾ ਇਕ ਜਣਾਈਆ । ਸਚ ਸੰਦੇਸਾ ਸਾਚਾ ਮੀਤ, ਹਰਿ ਸਤਿਗੁਰ ਆਪ ਜਣਾਇੰਦਾ । ਗੁਰੂ ਅਵਤਾਰ ਗੁਰ ਗੁਰ ਰੀਤ, ਪੰਜ ਤਤ ਕਾਇਆ ਖੇਲ ਕਰਾਇੰਦਾ । ਧਾਮ ਅਵੱਲੜਾ ਇਕ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਨਿਰਗੁਣ ਨਿਰਗੁਣ ਗਾਏ ਗੀਤ, ਸਰਗੁਣ ਸਰਗੁਣ ਆਪ ਸੁਣਾਇੰਦਾ । ਸਦਾ ਸੁਹੇਲਾ ਚਲਾਏ ਸਾਚੀ ਰੀਤ, ਪੱਤਤ ਪੁਨੀਤ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਇੰਦਾ । ਸਾਚਾ ਰੰਗ ਹਰਿ ਰੰਗ ਰਾਤਾ, ਰੰਗ ਰੰਗੀਲਾ ਇਕ ਜਣਾਈਆ । ਪੰਜ ਤਤ ਮੇਲਾ ਪਿਤਾ ਮਾਤਾ, ਪੰਜ ਤਤ ਤਨ ਕਰੇ ਕੁੜਮਾਈਆ । ਪੰਜ ਤਤ ਖੇਲੇ ਖੇਲ ਤਮਾਸ਼ਾ, ਪੰਚਮ ਆਪਣਾ ਭੇਵ ਛੁਪਾਈਆ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣਾ ਖੇਲ ਤਮਾਸ਼ਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਕਾਇਆ ਬੰਕ ਵੇਖੇ ਕਾਸਾ, ਕਸਬਾ ਆਪਣਾ ਦਏ ਵਸਾਈਆ । ਨਿਰਮਲ ਨੂਰ ਕਰ ਪਰਕਾਸ਼ਾ, ਜੋਤੀ ਜੋਤ ਡਗਮਗਾਈਆ । ਅਨਹਦ ਧੁੰਨ ਧੁੰਨ ਧਰਵਾਸਾ, ਧੁਰ ਦੀ ਬਾਣੀ ਬਾਣ ਅਲਾਈਆ ।


੬੦੮ ੧੨

ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਬੁਝਾਏ ਪਿਆਸਾ, ਤ੍ਰਿਸਨਾ ਰੋਗ ਰਹਿਣ ਨਾ ਪਾਈਆ । ਲੇਖਾ ਜਾਣ ਪਵਣ ਸਵਾਸਾ, ਉਣੰਜਾ ਪਵਣ ਆਪਣੇ ਵਿਚ ਟਿਕਾਈਆ । ਬੋਧ ਅਗਾਧ ਖੋਲ੍ਹ ਖੁਲਾਸਾ, ਸਚ ਸੰਦੇਸਾ ਇਕ ਸੁਣਾਈਆ । ਲੇਖਾ ਜਾਣੇ ਰਕਤ ਬੂੰਦ ਰੱਤੀ ਰੱਤ ਤੋਲਾ ਮਾਸਾ, ਭਾਰ ਤੁਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਤੋਲਣਹਾਰਾ ਤੋਲ ਤੋਲਾ ਮਾਸਾ, ਅਤੁਲ ਦਇਆ ਕਮਾਇੰਦਾ । ਪੰਚ ਤਤ ਤਤ ਪਰਕਾਸ਼ਾ, ਤਤ ਆਪਣਾ ਰੰਗ ਰੰਗਾਇੰਦਾ । ਖੇਲੇ ਖੇਲ ਖੇਲ ਤਮਾਸ਼ਾ, ਮੰਡਲ ਮੰਡਪ ਰਾਸ ਰਚਾਇੰਦਾ । ਪੰਜ ਪੰਚ ਦੇ ਭਰਵਾਸਾ, ਪੰਚਮ ਆਪਣਾ ਭੇਵ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਆਪਣਾ ਘਰ ਵਖਾਇੰਦਾ । ਬ੍ਰਹਮ ਨੇਤਾ ਬ੍ਰਹਮ ਵੇਤਾ ਬ੍ਰਹਮ ਖੇਤਾ ਬ੍ਰਹਮ ਚੇਤਾ, ਬ੍ਰਹਮ ਪਾਰਬ੍ਰਹਮ ਦਏ ਜਣਾਈਆ । ਬ੍ਰਹਮ ਹੇਠਾਂ ਪਾਰਬ੍ਰਹਮ ਲੇਟਾ, ਸੇਜ ਸੁਹੰਜਣੀ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਤਾਣਾ ਪੇਟਾ, ਸੂਤਰਧਾਰੀ ਖੇਲ ਕਰਾਈਆ । ਪਾਰਬ੍ਰਹਮ ਬ੍ਰਹਮ ਏਕਾ ਵੇਖਾ, ਬੰਕ ਆਪਣੇ ਰੰਗ ਰੰਗਾਈਆ । ਅੰਤਰ ਬਾਹਰ ਨਾ ਕੋਇ ਰੇਖਾ, ਰੂਪ ਰੰਗ ਨਾ ਕੋਇ ਜਣਾਈਆ । ਤਤਵ ਤਤ ਵਟਾਏ ਭੇਸਾ, ਪੰਚਮ ਪੰਚ ਕਰੇ ਕੁੜਮਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲੇ ਖੇਲ ਨਰ ਨਰੇਸ਼ਾ, ਨਿਰਗੁਣ ਸਰਗੁਣ ਦੇਵੇ ਮਾਣ ਵਡਿਆਈਆ । ਬ੍ਰਹਮ ਬ੍ਰਹਮ ਕਰ ਕਰ ਹੇਤਾ, ਪਾਰਬ੍ਰਹਮ ਪ੍ਰਭ ਦੇਵੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਬ੍ਰਹਮ ਬਾਲਾ ਬ੍ਰਹਮ ਗੋਪਾਲਾ, ਬ੍ਰਹਮ ਜੋਤ ਪਾਰਬ੍ਰਹਮ ਦਇਆ ਕਮਾਇੰਦਾ । ਬ੍ਰਹਮ ਵਸੇ ਧਰਮਸਾਲਾ, ਬ੍ਰਹਮ ਵੇਖੇ ਜਗਤ ਜੰਜਾਲਾ, ਬ੍ਰਹਮ ਲੇਖਾ ਕਾਲ ਮਹਾਕਾਲਾ, ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛੱਲ ਅਛੇਦਾ, ਪੁਰਖ ਅਕਾਲਾ ਦੀਨ ਦਿਆਲਾ ਦਇਆਨਿਧ ਠਾਕਰ ਸੁਆਮੀ ਪੜਦਾ ਆਪਣਾ ਆਪ ਚੁਕਾਇੰਦਾ । ਸ਼ਬਦ ਸੁਤ ਹਰਿ ਪੜਦਾ ਚੁੱਕ, ਚੁੱਕ ਚੁੱਕ ਦਇਆ ਕਮਾਈਆ । ਆਦਿ ਜੁਗਾਦਿ ਜੁਗ ਜੁਗ ਮੇਟੇ ਤੇਰੀ ਤ੍ਰਿਸਨਾ ਭੁੱਖ, ਭੁੱਖਿਆ ਭੁੱਖ ਗਵਾਈਆ । ਨਿਰਮਲ ਨਿਰਾਕਾਰ ਨੂਰ ਨੁਰਾਨਾ ਜੋਤ ਉਜਾਲਾ ਉਜਲ ਕਰੇ ਮੁਖ, ਮੁੱਖ ਮੁਖੜਾ ਸਿਫ਼ਤ ਸਾਲਾਹੀਆ । ਜਨਨੀ ਜਨ ਬਣ ਬਣ ਰੱਖੇ ਆਪਣੀ ਕੁੱਖ, ਧੰਨ ਧੰਨ ਜਣੇਂਦੀ ਬਣੇ ਮਾਈਆ । ਆਪੇ ਪਿਤਾ ਆਪੇ ਮਾਤ ਆਪੇ ਪੁਤ, ਬਣ ਬਣ ਦਾਈ ਦਾਇਆ ਸੇਵਕ ਸੇਵਾ ਸਚ ਕਮਾਈਆ । ਲੋਕਮਾਤ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਨੇਤਰ ਖੋਲ੍ਹ ਵੇਖ ਉਠ, ਹਰਿ ਜੂ ਆਪਣਾ ਭੇਵ ਚੁਕਾਈਆ । ਪੁਰਖ ਅਬਿਨਾਸ਼ੀ ਏਕਾ ਤੁਠ, ਅਤੁਟ ਭੰਡਾਰ ਵਰਤਾਈਆ । ਲੇਖਾ ਜਾਣੇ ਪੰਜ ਤਤ ਕਾਇਆ ਅਧਭੁਤ, ਭਵਿਖਤ ਭੇਵ ਨਾ ਕੋਇ ਜਣਾਈਆ । ਕਿਸੇ ਦਵਾਰਿਉਂ ਨਾ ਲਏ ਪੁੱਛ, ਸਲਾਹ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸਚ ਦੇਵੇ ਵਰ, ਵਰ ਇਕੋ ਇਕ ਜਣਾਈਆ । ਇਕੋ ਵਰ ਇਕ ਦਾਤਾਰ, ਦੇਵਣਹਾਰਾ ਇਕ ਅਖਵਾਇੰਦਾ । ਏਕਾ ਵਣਜ ਇਕ ਵਪਾਰ, ਏਕਾ ਹੱਟ ਚਲਾਇੰਦਾ । ਏਕਾ ਮੰਦਰ ਇਕ ਦੁਆਰ, ਏਕਾ ਗ੍ਰਿਹਿ ਸੋਭਾ ਪਾਇੰਦਾ । ਏਕਾ ਨੂਰ ਜੋਤ ਉਜਿਆਰ, ਏਕਾ ਨੂਰੋ ਨੂਰ ਸਮਾਇੰਦਾ । ਏਕਾ ਨਾਦ ਸ਼ਬਦ ਧੁੰਨਕਾਰ, ਏਕਾ ਅਨਰਾਗੀ ਰਾਗ ਅਲਾਇੰਦਾ । ਏਕਾ ਆਦਿ ਜੁਗਾਦਿ ਖੇਲੇ ਖੇਲ ਅਪਰ ਅਪਾਰ, ਅਪਰੰਪਰ ਆਪਣੀ ਧਾਰ ਜਣਾਇੰਦਾ । ਏਕਾ ਨਿਰਗੁਣ ਸਰਗੁਣ ਲਏ ਉਭਾਰ, ਤ੍ਰੈ ਪੰਜ ਮੇਲਾ ਮੇਲ ਮਿਲਾਇੰਦਾ । ਏਕਾ

੬੦੯
੧੨

ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਲੱਖ ਚੁਰਾਸੀ ਵੇਖੇ ਅਖਾੜ, ਘਰ ਘਰ ਆਪਣਾ ਨਾਚ ਨਚਾਇੰਦਾ । ਏਕਾ ਲੇਖਾ ਜਾਣੇ ਪੰਚਮ ਧਾੜ, ਪੰਚ ਵਿਕਾਰਾ ਵੰਡ ਵੰਡਾਇੰਦਾ । ਏਕਾ ਵੇਖਣਹਾਰਾ ਡੂੰਘੀ ਗਾਰ, ਕਾਇਆ ਕਵਰੀ ਭਵਰੀ ਫੋਲ ਫੋਲਾਇੰਦਾ । ਏਕਾ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਮੰਦਰ ਅੰਦਰ ਆਪ ਟਿਕਾਇੰਦਾ । ਏਕਾ ਸਾਕੀ ਬਣ ਬਣ ਸਤਿ ਪਿਆਲਾ ਦੇਵੇ ਠੰਡਾ ਠਾਰ, ਮਧੁਰ ਰਸ ਇਕ ਵਖਾਇੰਦਾ । ਏਕਾ ਆਤਮ ਪਰਮਾਤਮ ਕਰ ਪਿਆਰ, ਅੰਤਰ ਆਤਮ ਮੇਲ ਮਿਲਾਇੰਦਾ । ਏਕਾ ਸਤਿ ਸਤਿਵਾਦੀ ਸਤਿ ਸ਼ਿੰਗਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕਾ ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਸਾਚੇ ਡੇਰਾ ਲਾਇੰਦਾ । ਏਕਾ ਸ਼ਾਹੋ ਭੂਪ ਬਣ ਸਿਕਦਾਰ, ਸੀਸ ਜਗਦੀਸ ਤਾਜ ਸੁਹਾਇੰਦਾ । ਏਕਾ ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਆਪ ਸੁਣਾਇੰਦਾ । ਏਕਾ ਹੋਏ ਜਾਣੀ ਜਾਣ, ਘਟ ਘਟ ਆਪਣਾ ਡੇਰਾ ਲਾਇੰਦਾ । ਏਕਾ ਵੇਖਣਹਾਰਾ ਪੰਜ ਤਤ ਮਕਾਨ, ਕਾਇਆ ਮੰਦਰ ਅੰਦਰ ਸੋਭਾ ਪਾਇੰਦਾ । ਏਕਾ ਦੇਵਣਹਾਰਾ ਗਿਆਨ, ਗੁਰੂ ਗਿਆਨ ਆਪ ਹੋ ਜਾਇੰਦਾ । ਏਕਾ ਨਾਉਂ ਕਰੇ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਏਕਾ ਵੇਖਣਹਾਰ ਮਾਰ ਧਿਆਨ, ਲੱਖ ਚੁਰਾਸੀ ਪੜਦਾ ਆਪ ਉਠਾਇੰਦਾ । ਏਕਾ ਖੇਲ ਕਰੇ ਮਹਾਨ, ਮਹਾਬਲੀ ਮਹਾਬੀਰ ਹਰਿ ਆਪਣਾ ਬਲ ਧਰਾਇੰਦਾ । ਏਕਾ ਦੇਵਣਹਾਰਾ ਦਾਨ, ਦਾਤਾ ਆਪਣੀ ਵਸਤ ਆਪ ਵਰਤਾਇੰਦਾ । ਏਕਾ ਲੇਖਾ ਜਾਣੇ ਗੋਪੀ ਕਾਹਨ, ਗੋਪੀ ਕਾਹਨ ਆਪਣਾ ਰੂਪ ਵਟਾਇੰਦਾ । ਏਕਾ ਸਤਿਗੁਰ ਗੁਰ ਗੁਰ ਕਰ ਨਿਸ਼ਾਨ, ਗੁਰ ਆਪਣਾ ਨਾਉਂ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਘਾੜਨ ਘੜ, ਪੰਜ ਤਤ ਤੇਰਾ ਦਰ ਸੁਹਾਇੰਦਾ । ਪੰਜ ਤਤ ਤਤ ਦਰਵਾਜ਼ਾ, ਧੁਰ ਦਰਬਾਰੀ ਆਪ ਜਣਾਈਆ । ਖੇਲੇ ਖੇਲ ਗ਼ਰੀਬ ਨਿਵਾਜਾ, ਭੇਵ ਅਭੇਦ ਆਪ ਖੁਲ੍ਹਾਈਆ । ਨਿਰਗੁਣ ਸਰਗੁਣ ਰਚ ਰਚ ਕਾਜਾ, ਕਰਤਾ ਪੁਰਖ ਕਰਨੀ ਆਪ ਕਰਾਈਆ । ਸ਼ਬਦ ਅਗੰਮੀ ਏਕਾ ਵਾਜਾ, ਬਿਨ ਤਾਰ ਸਿਤਾਰ ਵਜਾਈਆ । ਭੂਪਤ ਭੂਪ ਹਰਿ ਰਾਜਨ ਰਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਾਇਆ ਮੰਦਰ ਸਾਚਾ ਗੜ੍ਹ, ਹਰਿ ਹਰਿ ਜੂ ਆਪ ਬਣਾਇੰਦਾ । ਸਰਗੁਣ ਅੰਦਰ ਨਿਰਗੁਣ ਵੜ, ਨਿਰਾਕਾਰ ਖੇਲ ਕਰਾਇੰਦਾ । ਆਤਮ ਪਰਮਾਤਮ ਆਪੇ ਫੜ, ਆਪ ਆਪਣਾ ਮੇਲ ਮਿਲਾਇੰਦਾ । ਆਪਣਾ ਅੱਖਰ ਨਿਸ਼ ਆਪੇ ਪੜ੍ਹ, ਆਪਣਾ ਰਾਗ ਅਲਾਇੰਦਾ । ਆਪਣੇ ਮਹੱਲੇ ਆਪੇ ਖੜ, ਖੜ ਖੜ ਸੋਭਾ ਪਾਇੰਦਾ । ਆਪਣਾ ਘਾੜਨ ਆਪੇ ਘੜ, ਹਰਿ ਘੜ ਘੜ ਖ਼ੁਸ਼ੀ ਮਨਾਇੰਦਾ । ਸਰਗੁਣ ਨਿਰਗੁਣ ਫੜਾਏ ਲੜ, ਪੱਲੂ ਏਕਾ ਗੰਢ ਪੁਵਾਇੰਦਾ । ਗੁਰ ਅਵਤਾਰ ਨਾਉਂ ਧਰ, ਧਰਨੀ ਧਰਤ ਧਵਲ ਸੁਹਾਇੰਦਾ । ਆਪਣੀ ਮਰਨੀ ਆਪੇ ਮਰ, ਮਰ ਮਰ ਖ਼ੁਸ਼ੀ ਮਨਾਇੰਦਾ । ਸਚ ਸੰਦੇਸਾ ਦੇਵੇ ਘਰ ਘਰ, ਘਰ ਘਰ ਵਿਚ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰੰਗ ਮਹੱਲ, ਪੰਜ ਤਤ ਵਖਾਏ ਇਕ ਅਟੱਲ, ਅਟੱਲ ਅਟੱਲ ਆਪ ਰਖਾਇੰਦਾ । ਅਟੱਲ ਅਟੱਲ ਗੁਰੂ ਗੁਰ ਧਾਰ, ਹਰਿ ਸਤਿਗੁਰ ਆਪ ਜਣਾਈਆ । ਸ਼ਬਦੀ ਸ਼ਬਦ ਸ਼ਬਦ ਪਿਆਰ, ਹਰਿ ਸ਼ਬਦੀ ਆਪ ਜਣਾਈਆ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਪੰਜ ਤਤ ਕਾਇਆ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪ ਵਖਾਈਆ । ਸਚ ਸੰਦੇਸਾ ਦੇਵੇ ਵਾਰੋ ਵਾਰ, ਵਾਰਤਾ ਆਪਣੀ ਆਪ ਜਣਾਈਆ । ਲੋਕਮਾਤ ਸਚ ਵਿਹਾਰ, ਬਿਵਹਾਰੀ ਆਪ ਕਰਾਈਆ ।

ਕਾਗਦ ਕਲਮ ਕਰ ਤਿਆਰ, ਲੇਖਾ ਸ਼ਾਹੀ ਹੱਥ ਫੜਾਈਆ । ਬ੍ਰਹਮ ਵੇਤਾ ਦੇ ਆਧਾਰ, ਨੇਤਰ ਨੈਣਾਂ ਨਜ਼ਰੀ ਆਈਆ । ਗੁਰ ਅਵਤਾਰ ਸੇਵਾਦਾਰ, ਬਣ ਚਾਕਰ ਸੇਵ ਕਮਾਈਆ । ਸਿਫ਼ਤ ਸਾਲਾਹੀ ਸਲਾਹਕਾਰ, ਸਾਚਾ ਮਾਰਗ ਆਪ ਲਗਾਈਆ । ਲਿਖ ਲਿਖ ਸ਼ਾਸਤਰ ਸਿਮਰਤ ਵੇਦ ਚਾਰ, ਚਾਰ ਖਾਣੀ ਚਾਰ ਬਾਣੀ ਚਾਰ ਯੁਗ ਕਰੇ ਪੜ੍ਹਾਈਆ । ਚਾਰ ਕੁੰਟ ਦੇ ਆਧਾਰ, ਚਾਰ ਵਰਨ ਵਰਨ ਸਰਨਾਈਆ । ਸਚ ਸੰਦੇਸਾ ਏਕੰਕਾਰ, ਅਕਲ ਕਲ ਧਾਰੀ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫ਼ਰਮਾਬਰਦਾਰ, ਲੋਕਮਾਤ ਸੇਵਕ ਸਾਚੀ ਸੇਵ ਕਮਾਈਆ । ਦੋਏ ਦੋਏ ਜੋੜ ਪ੍ਰਭ ਦਰ ਮੰਗਣ ਦਰਸ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਹਰਿ ਦੇਵੇ ਵਰ, ਤੇਰਾ ਨਾਉਂ ਗੁਰੂ ਗੁਰੂ ਗੁਰਦੇਵ ਵਡਿਆਈਆ । ਗੁਰਦੇਵ ਨਮੋ ਸਤਿ, ਸਤਿ ਸਤਿਵਾਦੀ ਤੇਰਾ ਨਾਉਂ ਪਰਗਟਾਇੰਦਾ । ਗੁਰਦੇਵ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਆਪ ਦ੍ਰਿੜਾਇੰਦਾ । ਗੁਰਦੇਵ ਅਲੱਖ ਅਭੇਵ ਨਿਰਗੁਣ ਸਰਗੁਣ ਕਰ ਪਰਗਟ, ਪਰਗਟ ਆਪਣਾ ਰੰਗ ਵਖਾਇੰਦਾ । ਤਤ ਤਤ ਚਲਾਏ ਹੱਟ, ਬਣ ਵਣਜਾਰਾ ਹੱਟ ਖੁਲ੍ਹਾਇੰਦਾ । ਸਾਚੀ ਵਸਤ ਇਕੋ ਘੱਤ, ਵਸਤ ਅਮੋਲਕ ਇਕ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਖੇਲ ਤਮਾਸ਼, ਜੁਗ ਜੁਗ ਆਪਣਾ ਨਾਉਂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੇਵਕ ਰੂਪ ਵਟਾਇੰਦਾ । ਸ਼ਬਦੀ ਗੁਰ ਸਤਿਗੁਰ ਸੇਵਾ, ਚਾਕਰ ਖ਼ਾਕ ਪਾ ਖ਼ਾਕ ਜਣਾਈਆ । ਆਦਿ ਜੁਗਾਦਿ ਸਦਾ ਨਿਹਕੇਵਾ, ਨਿਹਚਲ ਬੈਠਾ ਡੇਰਾ ਲਾਈਆ । ਗੀਤ ਗੋਬਿੰਦ ਗਾਏ ਬਿਨ ਰਸਨਾ ਜਿਹਵਾ, ਬੱਤੀ ਦੰਦ ਨਾ ਕੋਇ ਹਿਲਾਈਆ । ਆਦਿ ਅੰਤ ਇਕੋ ਮੇਵਾ, ਮਧ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਸਚ ਕੁੜਮਾਈਆ । ਸ਼ਬਦ ਕੁੜਮਾਈ ਤਤਵ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਸਰਗੁਣ ਸਰਗੁਣ ਕਰ ਪਿਆਰ, ਨਿਰਗੁਣ ਨਿਰਗੁਣ ਭੇਵ ਖੁਲ੍ਹਾਇੰਦਾ । ਗੁਰ ਗੁਰ ਲੇਖਾ ਧੁਰ ਦਰਬਾਰ, ਧੁਰ ਦਰਬਾਰੀ ਆਪ ਜਣਾਇੰਦਾ । ਵੇਖੇ ਵਿਗਸੇ ਵਾਰੋ ਵਾਰ, ਆਵਣ ਜਾਵਣ ਪੱਤਤ ਪਾਵਣ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰੀ ਸਾਚੀ ਸੇਵਾ, ਗੁਰ ਅਵਤਾਰ ਲਗਾਏ ਦੇਵੀ ਦੇਵਾ, ਹੁਕਮੀ ਹੁਕਮ ਆਪ ਜਣਾਇੰਦਾ । ਗੁਰ ਅਵਤਾਰ ਸੇਵਕ ਜੁਗ ਚਾਰ, ਚਾਰ ਚਾਰ ਵੰਡ ਵੰਡਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਸੱਚਾ ਸ਼ਹਿਨਸ਼ਾਹੀਆ । ਨੌਂ ਸੌ ਚੁਰਾਨਵੇ ਚੌਕੜੀ ਵੇਖੇ ਵੇਖਣਹਾਰ, ਨਿਰਗੁਣ ਸਰਗੁਣ ਅੰਦਰ ਡੇਰਾ ਲਾਈਆ । ਭਗਤ ਭਗਵੰਤ ਦੇ ਆਧਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਾਚੇ ਸੰਤਨ ਕਰ ਪਿਆਰ, ਪਰਮ ਪੁਰਖ ਦਏ ਵਡਿਆਈਆ । ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਗੁਰੂਦੁਆਰ ਇਕ ਜਣਾਈਆ । ਗੁਰਸਿਖਾਂ ਕਰੇ ਪਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਦਏ ਮਿਟਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੋਲ ਫੋਲਾਈਆ । ਲੇਖਾ ਜਾਣੇ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਸੁਤ ਦੁਲਾਰਾ ਏਕੰਕਾਰ ਏਕਾ ਵਾਰ, ਬਣ ਜਨਨੀ ਜਨ ਜਾਈਆ । ਜੁਗ ਚੌਕੜੀ ਪਾਵੇ ਸਾਰ, ਨਿਤ ਨਵਿਤ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਆਧਾਰ, ਕਲਮਾ ਨਬੀ ਰਸੂਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਹਰਿ ਦੇਵੇ ਵਰ, ਮਾਕੂਲ ਏਕਾ ਹੁਕਮ ਸੁਣਾਈਆ । ਏਕਾ ਹੁਕਮ ਹਰਿ ਮਾਕੂਲ, ਮਹਿਫਲ ਅਵਰ ਨਾ ਕੋਇ ਲਗਾਇੰਦਾ । ਆਦਿ ਪੁਰਖ ਬੱਧਾ ਅਸੂਲ, ਅਸਲੀਅਤ

ਆਪਣੀ ਆਪ ਜਣਾਇੰਦਾ । ਹੁਕਮੇ ਅੰਦਰ ਕੋਟਨ ਕੋਟ ਰਸੂਲ, ਰਸੂਲਿੱਲਾ ਆਪ ਅਲਾਇੰਦਾ । ਗੁਰ ਅਵਤਾਰਾਂ ਬਣਿਆ ਰਹੇ ਮੂਲ, ਆਪਣਾ ਮੂਲ ਨਾ ਕਿਸੇ ਜਣਾਇੰਦਾ । ਆਦਿ ਜੁਗਾਦਿ ਨਾ ਜਾਏ ਭੂਲ, ਅਭੁੱਲ ਆਪਣੀ ਖੇਲ ਵਖਾਇੰਦਾ । ਕੋਟਨ ਕੋਟ ਸ਼ੰਕਰ ਫੜ ਫੜ ਬੈਠੇ ਤ੍ਰਿਸੂਲ, ਤ੍ਰੈ ਲੋਆਂ ਪਾਰ ਨਾ ਕੋਇ ਕਰਾਇੰਦਾ । ਕੋਟਨ ਕੋਟ ਬ੍ਰਹਮਾ ਬਣ ਬਣ ਬੈਠੇ ਮਜ਼ਦੂਰ, ਲੱਖ ਚੁਰਾਸੀ ਮਜ਼ਦੂਰੀ ਸਰਬ ਕਮਾਇੰਦਾ । ਕੋਟਨ ਕੋਟ ਵਿਸ਼ਨੂੰ ਮੰਗਣ ਚਰਨ ਧੂੜ, ਚਰਨ ਦੁਆਰੇ ਨਿਉਂ ਨਿਉਂ ਸੀਸ ਝੁਕਾਇੰਦਾ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਦਰਸ ਮੰਗਣ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਮੁੱਖ ਛੁਪਾਇੰਦਾ । ਸੁਤ ਸ਼ਬਦ ਤੇਰੀ ਆਰਜ਼ੂ ਕਰੇ ਮਨਜ਼ੂਰ, ਉਜਰਤ ਹਰਿ ਨਾ ਕੋਇ ਲਗਾਇੰਦਾ । ਸਦਾ ਸੁਹੇਲਾ ਸਰਬ ਗੁਣਾਂ ਭਰਪੂਰ, ਭਰਪੂਰੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਜ ਤਤ ਤੇਰੀ ਧਾਰ ਜਣਾਇੰਦਾ । ਪੰਜ ਤਤ ਧਾਰ ਅਲੱਖ ਅਭੇਦ, ਹੰ ਬ੍ਰਹਮ ਚਤੁਰਾਈਆ । ਤੇਰਾ ਖੇਲ ਅਛੱਲ ਅਛੇਦ, ਆਦਿ ਅੰਤ ਨਾ ਕੋਇ ਵਡਿਆਈਆ । ਗੁਰ ਅਵਤਾਰ ਤੇਰੀ ਖੇਡ, ਨਿੱਕੇ ਬਾਲੇ ਮਾਤ ਘਲਾਈਆ । ਕਿਸੇ ਨਾ ਦੱਸੇਂ ਆਪਣਾ ਭੇਤ, ਖੁਲ੍ਹ ਖੁਲ੍ਹ ਨਾ ਹਾਲ ਜਣਾਈਆ । ਨਿੱਕੀ ਮੋਰੀ ਨਿੱਕਾ ਛੇਕ, ਕਾਇਆ ਮੰਦਰ ਘਰ ਘਰ ਵਿਚ ਆਪ ਕਰਾਈਆ । ਨਿੱਕੀ ਜੋਤ ਨਿੱਕਾ ਹੇਤ, ਨਿਜ ਨੇਤਰ ਦਏ ਦਰਸਾਈਆ । ਮਿਹਰ ਨਜ਼ਰ ਮਿਹਰਵਾਨ ਰਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਭੇਵ ਭੇਵ ਖੁਲ੍ਹਾਈਆ । ਆਪਣਾ ਭੇਵ ਦੱਸ ਹਾਲ, ਬੇਹਾਲ ਮੰਗ ਮੰਗਾਇੰਦਾ । ਸੁਤ ਦੁਲਾਰਾ ਤੇਰਾ ਲਾਲ, ਲਾਲਨ ਤੇਰੀ ਆਸ ਤਕਾਇੰਦਾ । ਤੁਧ ਬਿਨ ਹੋਇਆ ਰਹੇ ਕੰਗਾਲ, ਦੋ ਜਹਾਨ ਨਾ ਕੋਇ ਵਡਿਆਇੰਦਾ । ਗੁਰ ਅਵਤਾਰ ਜਗਤ ਦਲਾਲ, ਬਿਨ ਤੇਰੇ ਦਲਾਲੀ ਨਾ ਕੋਇ ਕਮਾਇੰਦਾ । ਤੇਰਾ ਨਾਮ ਹੱਕ ਹਲਾਲ, ਹਕ਼ੀਕਤ ਪੜਦਾ ਆਪ ਉਠਾਇੰਦਾ । ਤੇਰਾ ਨੂਰ ਬੇਮਿਸਾਲ, ਨੇਤਰ ਨੈਣ ਨਜ਼ਰ ਨਾ ਆਇੰਦਾ । ਤੇਰੇ ਹੁਕਮੇ ਅੰਦਰ ਬਾਲ ਨਿਧਾਨ, ਬਾਲੀ ਬਾਲਾ ਸੇਵ ਕਮਾਇੰਦਾ । ਤੂੰ ਸਾਹਿਬ ਬਖ਼ਸ਼ਣਹਾਰਾ ਸੱਚਾ ਦਾਨ, ਦਾਤਾ ਦਾਨੀ ਇਕ ਹੋ ਜਾਇੰਦਾ । ਗੁਰ ਅਵਤਾਰ ਤੇਰਾ ਨਿਸ਼ਾਨ, ਕਾਇਆ ਤਤ ਬੰਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਇਸ਼ਟ ਨਾ ਕੋਇ ਮਨਾਇੰਦਾ । ਤੁਧ ਬਿਨ ਇਸ਼ਟ ਨਾ ਕੋਇ ਜਗਦੀਸ, ਜਗਦੀਸਰ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਪੀਸਣ ਰਹੇ ਪੀਸ, ਜੁਗ ਜੁਗ ਸੇਵਾ ਮਾਤ ਕਮਾਈਆ । ਤੇਰਾ ਕਲਮਾ ਨਾਮ ਸਚ ਹਦੀਸ, ਕਾਇਨਾਤ ਕਰਨ ਪੜ੍ਹਾਈਆ । ਅੰਤ ਕਹਿਣ ਲਾਸ਼ਰੀਕ, ਸ਼ਰਅ ਵਿਚ ਕਦੇ ਨਾ ਆਈਆ । ਸਚ ਨਿਸ਼ਾਨਾ ਤੇਰਾ ਠੀਕ, ਤੁਧ ਬਿਨ ਘਾਇਲ ਨਾ ਕੋਇ ਕਰਾਈਆ । ਸਰਨ ਚਰਨ ਤੇਰੀ ਸਚ ਪ੍ਰੀਤ, ਸੋ ਪੁਰਖ ਨਿਰੰਜਣ ਮੋਹੇ ਭਾਈਆ । ਹੰ ਬ੍ਰਹਮ ਸਾਚੀ ਰੀਤ, ਰੀਤੀਵਾਨ ਇਕ ਜਣਾਈਆ । ਸੋਹੰ ਰੂਪ ਤੇਰਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਨੌਂ ਸੌ ਚੁਰਾਨਵੇ ਚੌਕੜੀ ਜਾਏ ਬੀਤ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਹੋਣ ਭੈ ਭੀਤ, ਭੌ ਭੈ ਤੇਰਾ ਇਕ ਵਖਾਈਆ । ਤੂੰ ਵਸੇਂ ਧਾਮ ਅਨਡੀਠ, ਅਨਡਿਠੜਾ ਆਸਣ ਲਾਈਆ । ਕਰ ਕਿਰਪਾ ਨਾਨਕ ਕਬੀਰੇ ਖੋਲ੍ਹ ਵਖਾਈ ਨਿੱਕੀ ਜੇਹੀ ਝੀਤ, ਬਿਨ ਅੱਖਾਂ ਕਰ ਰੁਸ਼ਨਾਈਆ । ਕਰ ਦਰਸਨ ਹੋਏ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਰਸਨਾ ਜਿਹਵਾ ਕਹਿ ਕਹਿ ਗਏ ਮੇਰਾ ਸਾਹਿਬ ਬੀਠਲੋ

ਬੀਠ, ਬੇਪਰਵਾਹ ਬੇਪਰਵਾਹੀਆ । ਆਦਿ ਅੰਤ ਆਪਣੀ ਦੱਸੇ ਨਾ ਕਿਸੇ ਤਰੀਕ, ਭੇਵ ਅਭੇਦ ਨਾ ਕਿਸੇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਬਣਾਏ ਜਗਤ ਸ਼ਰੀਕ, ਸ਼ਰਅ ਸ਼ਰਅ ਨਾਲ ਟਕਰਾਈਆ । ਆਪੇ ਵਸਣਹਾਰਾ ਨਜ਼ੀਕ, ਦੂਰ ਦੁਰਾਡਾ ਆਪੇ ਡੇਰਾ ਲਾਈਆ । ਆਪੇ ਗਾਏ ਸੁਹਾਗੀ ਗੀਤ, ਸਾਚਾ ਢੋਲਾ ਆਪ ਅਲਾਈਆ । ਆਪ ਬਣਾਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਚਨ ਰਚਾਈਆ । ਆਪੇ ਅਠਸਠ ਤੀਰਥ ਪਰਖੇ ਨੀਤ, ਨੀਤੀਵਾਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਘਰ ਤੇਰਾ ਵਰ ਤੇਰੇ ਗ੍ਰਹਿ ਦਏ ਮਿਲਾਈਆ । ਗ੍ਰਹਿ ਤੇਰੇ ਲੱਗੇ ਭਾਗ, ਵਡ ਭਾਗੀ ਆਪ ਲਗਾਇੰਦਾ । ਨਿਰਮਲ ਦੀਆ ਦੀਪਕ ਜੋਤ ਜਗੇ ਚਿਰਾਗ਼, ਚਾਰੋਂ ਕੁੰਟ ਨੂਰ ਵਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵੰਤ ਰਚ ਰਚ ਕਾਜ, ਜੁਗ ਜੁਗ ਮੇਲਾ ਮੇਲ ਮਿਲਾਇੰਦਾ । ਲੇਖਾ ਜਾਣੇ ਜੀਵ ਸਮਾਜ, ਸਮਝ ਸਮਝ ਵਿਚ ਟਕਰਾਇੰਦਾ । ਮੱਕਾ ਕਾਅਬਾ ਹਾਜ਼ੀ ਹਾਜ਼, ਹੁਜਰਾ ਹਰਿ ਜੂ ਆਪ ਸੁਹਾਇੰਦਾ । ਸ਼ਾਹ ਪਾਤਸ਼ਾਹ ਬਣ ਨਵਾਬ, ਨੌਬਤ ਆਪਣੇ ਨਾਮ ਵਜਾਇੰਦਾ । ਅਹਬਾਬ ਵਜਾਏ ਸਚ ਰਬਾਬ, ਤਾਰ ਸਿਤਾਰ ਨਾ ਕੋਇ ਜਣਾਇੰਦਾ । ਕਲਜੁਗ ਅੰਤਮ ਵੇਖਣਹਾਰਾ ਆਪ ਮਹਾਰਾਜ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿ ਸਰੂਪੀ ਮਾਰ ਆਵਾਜ਼, ਚਾਰ ਯੁਗ ਦੇ ਵਿਛੜੇ ਆਪ ਜਗਾਇੰਦਾ । ਅਭੁੱਲ ਅਭੁੱਲ ਅਭੁੱਲ ਖੁਲ੍ਹਾਏ ਪਿਛਲਾ ਪਾਜ, ਪੜਦਾ ਉਪਰ ਨਾ ਕੋਇ ਰਖਾਇੰਦਾ । ਵਰਨ ਬਰਨ ਨਾ ਰੱਖੇ ਕੋਇ ਲਾਜ, ਦੀਨ ਮਜ਼੍ਹਬ ਮੁਖ ਸ਼ਰਮਾਇੰਦਾ । ਕੂੜੀ ਕਿਰਿਆ ਡੁੱਬੇ ਜਹਾਜ਼, ਚੱਪੂ ਲਾ ਪਾਰ ਨਾ ਕੋਇ ਕਰਾਇੰਦਾ । ਚਾਰ ਕੁੰਟ ਰੱਖੇ ਨਾ ਕੋਇ ਲਾਜ, ਜੀਵ ਜੰਤ ਸਰਬ ਕੁਰਲਾਇੰਦਾ । ਸ਼ਬਦ ਗੁਰੂ ਗੁਰਦੇਵ ਸੱਚਾ ਤਾਜ, ਸੀਸ ਜਗਦੀਸ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਮਹਾਨ, ਜੁਗ ਕਰਤਾ ਜੁਗ ਕਰਨੀ ਕਾਰ ਕਰਤਾ ਪੁਰਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਚੁਕਾਏ ਨਿਰਗੁਣ ਲਹਿਣਾ, ਸਰਗੁਣ ਦੇਵੇ ਸਰਗੁਣ ਦੇਣਾ, ਦੇਣਾ ਲਹਿਣਾ ਲਹਿਣਾ ਦੇਣਾ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਦੋਹਾਂ ਆਪਣੇ ਹੱਥ ਰਖਾਇੰਦਾ ।

### ✳ ੧੨ ਭਾਦਰੋਂ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਮਨਾਵਾਂ ਜ਼ਿਲਾ ਫਿਰੋਜ਼ਪੁਰ ✳

ਆਦਿ ਪੁਰਖ ਆਦਿ ਨਿਰੰਕਾਰਾ, ਏਕੰਕਾਰ ਖੇਲ ਕਰਾਇੰਦਾ । ਆਦਿ ਸ਼ਬਦ ਸੁਤ ਦੁਲਾਰਾ, ਪੂਤ ਸਪੂਤਾ ਏਕਾ ਜਾਇੰਦਾ । ਆਦਿ ਮਹੱਲ ਅਟੱਲ ਮਨਾਰਾ, ਸਚਖੰਡ ਆਪ ਸੁਹਾਇੰਦਾ । ਆਦਿ ਦਰ ਖੋਲ੍ਹ ਕਿਵਾੜਾ, ਥਿਰ ਘਰ ਆਪਣਾ ਬੰਧਨ ਪਾਇੰਦਾ । ਆਦਿ ਦੀਪਕ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਆਦਿ ਸਿੰਘਾਸਣ ਕਰ ਤਿਆਰਾ, ਪਾਵਾ ਚੂਲ ਨਾ ਕੋਇ ਰਖਾਇੰਦਾ । ਆਦਿ ਪੁਰਖ ਹੋ ਤਿਆਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਆਦਿ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਨਾਉਂ ਧਰਾਇੰਦਾ । ਆਦਿ ਹੁਕਮ ਸਤਿ ਵਰਤਾਰਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਆਦਿ ਆਦੇਸ ਕਰ ਨਿਮਸਕਾਰਾ, ਨਿਊਂ ਨਿਊਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ

ਰਖਾਇੰਦਾ । ਆਦਿ ਪੁਰਖ ਅਗੰਮ ਅਥਾਹ, ਅਲੱਖ ਅਗੋਚਰ ਖੇਲ ਕਰਾਈਆ । ਤਖ਼ਤ ਨਿਵਾਸੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਹੁਕਮੀ ਹੁਕਮ ਹੁਕਮ ਜਣਾ, ਹੁਕਮੇ ਅੰਦਰ ਭੇਵ ਜਣਾਈਆ । ਸਚਖੰਡ ਦਵਾਰ ਰਚਨ ਰਚਾ, ਰਚ ਰਚ ਵੇਖ ਵਖਾਈਆ । ਦਰ ਦਰਵਾਜ਼ਾ ਆਪ ਖੁਲ੍ਹਾ, ਗ਼ਰੀਬ ਨਿਵਾਜ਼ਾ ਡੇਰਾ ਲਾਈਆ । ਬੋਧ ਅਗਾਧਾ ਨਾਦ ਸੁਣਾ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਵਖਾਈਆ । ਆਦਿ ਪੁਰਖ ਅਕਲ ਕਲ ਧਾਰ, ਕਲ ਆਪਣੀ ਆਪ ਧਰਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਮੇਲਾ ਮੇਲ ਮਿਲਾਇੰਦਾ । ਨਿਰਗੁਣ ਨਾਰ ਕੰਤ ਭਤਾਰ, ਸਚ ਸੁਹੰਜਣੀ ਸੇਜ ਹੰਢਾਇੰਦਾ । ਨਿਰਗੁਣ ਸੁਤ ਸੁਤ ਦੁਲਾਰ, ਪੂਤ ਸਪੂਤਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚਾ ਖੇਲ ਹਰਿ ਹਰਿ ਕਰਤਾਰ, ਨਰ ਹਰਿ ਨਰਾਇਣ ਆਪ ਰਚਾਈਆ । ਸਚਖੰਡ ਨਿਵਾਸੀ ਹੋ ਤਿਆਰ, ਥਿਰ ਘਰ ਆਪਣਾ ਭੇਵ ਚੁਕਾਈਆ । ਪੂਤ ਸਪੂਤੇ ਦੇ ਆਧਾਰ, ਸੀਸ ਜਗਦੀਸ ਹੱਥ ਟਿਕਾਈਆ । ਇਕ ਅਸੀਸ ਏਕਾ ਵਾਰ, ਏਕੰਕਾਰਾ ਆਪ ਜਣਾਈਆ । ਸਚ ਹਦੀਸ ਅਲੱਖ ਅਗੋਚਰ ਬੇਐਬ ਪਰਵਰਦਿਗਾਰ, ਪਰਮ ਪੁਰਖ ਕਰੇ ਪੜ੍ਹਾਈਆ । ਜੋਧਾ ਸੂਰਬੀਰ ਵਡ ਬਲਕਾਰ, ਬਲ ਏਕਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਮਾਣ ਵਡਿਆਈ ਰੱਖੇ ਹੱਥ, ਦੂਸਰ ਸੰਗ ਨਾ ਕੋਇ ਰਖਾਇੰਦਾ । ਪੁਰਖ ਅਕਾਲ ਅਕਾਲ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਸਚਖੰਡ ਦੁਆਰੇ ਸਾਚੀ ਵਥ, ਨਿਰਗੁਣ ਦਾਤਾ ਆਪ ਪਰਗਟਾਇੰਦਾ । ਆਪਣੀ ਮਹਿਮਾ ਗਾ ਅਕੱਥ, ਕਥ ਕਥ ਆਪ ਸੁਣਾਇੰਦਾ । ਸਤਿ ਸਰੂਪੀ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਦਰ ਦੁਆਰੇ ਹੋ ਪਰਗਟ, ਪਰਗਟ ਆਪਣੀ ਕਲ ਵਰਤਾਇੰਦਾ । ਸੁਤ ਦੁਲਾਰੇ ਦੇਵੇ ਮਤ, ਸਚ ਸੁੱਚ ਇਕ ਦ੍ਰਿੜਾਇੰਦਾ । ਸਤਿ ਪੁਰਖ ਨਿਰੰਜਣ ਏਕਾ ਬੀਜ ਬੀਜੇ ਆਪਣੇ ਵਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚੀ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਆਪ ਕਰਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਖ਼ਸੀਅਤ ਆਪਣੀ ਦਏ ਜਣਾਈਆ । ਦਾਤਾ ਦਾਨੀ ਦੇਵੇ ਦਾਨ, ਦਇਅਵਾਨ ਵਡੀ ਵਡਿਆਈਆ । ਨਿਰਵੈਰ ਪੁਰਖ ਬਣ ਬਣ ਸਾਚਾ ਕਾਹਨ, ਘਨੱਯਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਨੂਰ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਪਰਵਰਦਿਗਾਰ ਵਡ ਮੇਹਬਾਨ, ਹੱਕ ਮੁਕਾਮੇ ਸੋਭਾ ਪਾਈਆ । ਕਲਮਾ ਕਲਾਮ ਇਕ ਨਿਸ਼ਾਨ, ਨਾਦ ਅਨਾਦਾ ਆਪ ਵਜਾਈਆ । ਥਿਰ ਘਰ ਵੇਖੇ ਮਾਰ ਧਿਆਨ, ਧੁਰ ਦਰਬਾਰਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਚ ਰਚਨਾ ਖ਼ੁਸ਼ੀ ਮਨਾਈਆ । ਰਚਨਾ ਰਚ ਸ੍ਰੀ ਭਗਵੰਤ, ਸਚਖੰਡ ਸਾਚੇ ਖ਼ੁਸ਼ੀ ਮਨਾਇੰਦਾ । ਸੱਜਣ ਸੁਹੇਲਾ ਨਾਰ ਕੰਤ, ਕੰਤ ਕੰਤੂਹਲ ਸੋਭਾ ਪਾਇੰਦਾ । ਆਪਣੀ ਮਹਿਮਾ ਗਾ ਬੇਅੰਤ, ਬੇਅੰਤ ਆਪਣਾ ਨਾਉਂ ਰਖਾਇੰਦਾ । ਆਪਣਾ ਨਾਉਂ ਮਣੀਆ ਮੰਤ, ਮੰਤਰ ਇਕੋ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਕਰਨਹਾਰ ਇਕ ਅਖਵਾਈਆ । ਥਿਰ ਘਰ ਸਾਚਾ ਖੋਲ੍ਹ ਦੁਆਰ, ਸ਼ਬਦ ਸੁਤ ਦਏ ਵਡਿਆਈਆ । ਏਕਾ ਵਸਤ ਹੱਟ ਵਣਜਾਰ, ਨਾਮ

ਵਣਜਾਰਾ ਦਏ ਖੁਲ੍ਹਾਈਆ । ਦੇਵਣਹਾਰ ਬਣ ਵਰਤਾਰ, ਦਾਤਾ ਦਾਨੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਆਦਿ ਪੁਰਖ ਏਕਾ ਏਕ ਸੁਣਾਈਆ । ਸਚ ਸੰਦੇਸਾ ਛੋਟੇ ਬਾਲ, ਹਰਿ ਸੱਜਣ ਸਚ ਜਣਾਇੰਦਾ । ਸੁਤ ਦੁਲਾਰੇ ਤੇਰਾ ਤਾਲ, ਤਲਵਾੜਾ ਹੋਰ ਨਾ ਕੋਇ ਰਖਾਇੰਦਾ । ਨੂਰ ਨੁਰਾਨਾ ਏਕਾ ਲਾਲ, ਜੋਤੀ ਜਾਤਾ ਡਗਮਗਾਇੰਦਾ । ਥਿਰ ਘਰ ਵਸਾਏ ਸੱਚੀ ਧਰਮਸਾਲ, ਛਪਰ ਛੰਨ ਨਾ ਕੋਇ ਛੁਹਾਇੰਦਾ । ਇਕ ਇਕੇਲਾ ਸਦ ਵਸੇ ਤੇਰੇ ਨਾਲ, ਪੁਰਖ ਅਬਿਨਾਸ਼ੀ ਵਿਛੜ ਕਦੇ ਨਾ ਜਾਇੰਦਾ । ਆਦਿ ਜੁਗਾਦਿ ਜੁਗ ਜੁਗ ਘਾਲੇ ਤੇਰੀ ਘਾਲ, ਕੀਤੀ ਘਾਲ ਤੇਰੀ ਲੇਖੇ ਪਾਇੰਦਾ । ਸਾਹਿਬ ਸੁਲਤਾਨ ਨਿਹਕਰਮੀ ਬਣੇ ਦਲਾਲ, ਸਚ ਸੁਆਮੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੋਹੇ ਸਮਝਾਇੰਦਾ । ਸੁਣ ਸੁਤ ਮੇਰੀ ਅੰਸ, ਸਰਬੰਸ ਤੇਰਾ ਵਖਾਇੰਦਾ । ਤੇਰੀ ਮਹਿਮਾ ਰੂਪ ਗਾਏ ਸਹੰਸ, ਸਹੰਸਰ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਵਸਤ ਅਮੋਲਕ ਏਕਾ ਵਾਰ ਝੋਲੀ ਪਾਇੰਦਾ । ਝੋਲੀ ਭਰ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਸਰਨ ਚਰਨ ਸਰਨਾਈਆ । ਤੇਰਾ ਖੇਲ ਦੋਏ ਜਹਾਨਾਂ, ਦੋਏ ਦੋਏ ਰੂਪ ਵਟਾਈਆ । ਨਿਰਗੁਣ ਸਰਗੁਣ ਪਹਿਰੇ ਜਾਮਾ, ਬੇਅੰਤ ਬੇਪਰਵਾਹੀਆ । ਖੇਲੇ ਖੇਲ ਗੋਪੀ ਕਾਹਨਾ, ਮੰਡਲ ਮੰਡਪ ਰਾਸ ਰਚਾਈਆ । ਦੇਵਣਹਾਰਾ ਸਚ ਨਿਸ਼ਾਨਾ, ਨਾਮ ਨਿਸ਼ਾਨਾ ਇਕ ਦ੍ਰਿੜਾਈਆ । ਬੋਧ ਅਗਾਧੀ ਇਕ ਗਿਆਨਾ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਛੋਟੇ ਸੁਤ, ਹਰਿ ਹਰਿ ਜੂ ਆਪ ਜਣਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਦੂਸਰ ਸੰਗ ਨਾ ਕੋਇ ਰਖਾਇੰਦਾ । ਪੰਜ ਤਤ ਨਾ ਕਾਇਆ ਬੁੱਤ, ਤ੍ਰੈਗੁਣ ਬੰਧਨ ਨਾ ਕੋਇ ਰਖਾਇੰਦਾ । ਨਿਰਗੁਣ ਅੰਦਰ ਨਿਰਗੁਣ ਉਠ, ਉਠ ਉਠ ਆਪਣੀ ਖ਼ੁਸ਼ੀ ਮਨਾਇੰਦਾ । ਸਚਖੰਡ ਨਿਵਾਸੀ ਸਾਹਿਬ ਤੁਠ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਕਿਸੇ ਕੋਲੋਂ ਨਾ ਲਏ ਪੁਛ, ਮੰਗਣ ਦਰ ਕਿਸੇ ਨਾ ਜਾਇੰਦਾ । ਏਕਾ ਨਾਉਂ ਦੇਵੇ ਸਾਚੀ ਸੁੱਚ, ਆਪਣਾ ਨਾਉਂ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਧਾਰ ਚਲਾਇੰਦਾ । ਸੁਤ ਸ਼ਬਦ ਤੇਰੀ ਸਚ ਦਲੀਲ, ਹਰਿ ਦਿਲਬਰ ਆਪ ਜਣਾਈਆ । ਆਦਿ ਜੁਗਾਦਿ ਨਾ ਕੋਇ ਵਕੀਲ, ਸ਼ਰਅ ਹੋਰ ਨਾ ਕੋਇ ਵੰਡਾਈਆ । ਏਥੇ ਓਥੇ ਨਾ ਕੋਇ ਅਪੀਲ, ਏਕਾ ਹੁਕਮ ਹੁਕਮ ਵਰਤਾਈਆ । ਆਦਿ ਪੁਰਖ ਪੁਰਖ ਅਨੀਲ, ਅਨਹਦ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੱਦਾ ਇਕ ਸੁਣਾਈਆ । ਸਾਚਾ ਸੱਦਾ ਧੁਰ ਫ਼ਰਮਾਨਾ, ਧੁਰ ਦਰਬਾਰੀ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਏਕਾ ਰਾਣਾ, ਏਕਾ ਹੁਕਮ ਵਰਤਾਇੰਦਾ । ਸਚਖੰਡ ਨਿਵਾਸੀ ਸਾਚਾ ਭਾਣਾ, ਪਰਮ ਪੁਰਖ ਆਪ ਸਮਝਾਇੰਦਾ । ਬੋਧ ਅਗਾਧਾ ਏਕਾ ਗਾਣਾ, ਏਕੰਕਾਰਾ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸ਼ਬਦੀ ਸੁਤ ਦੇਵੇ ਮਾਣਾ, ਸਿਰ ਆਪਣਾ ਹੱਥ ਰਖਾਇੰਦਾ । ਲੱਖ ਚੁਰਾਸੀ ਸਾਚਾ ਦਾਨਾ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾਇੰਦਾ । ਤ੍ਰੈ ਤ੍ਰੈ ਮੇਲਾ ਖੇਲ ਮਹਾਨਾ, ਪੰਚਮ ਜੋੜ ਜੋੜਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਨਾ, ਚਾਰੇ ਖਾਣੀ ਰੰਗ ਰੰਗਾਇੰਦਾ । ਚਾਰੇ ਬਾਣੀ ਬੋਲ ਤਰਾਨਾ, ਤੁਰਯਾ ਆਪਣਾ

੬੧੫
੧੨

ਰਾਗ ਅਲਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਰਾਹ ਚਲਾਇੰਦਾ । ਆਪੇ ਮਰਦ ਆਪ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਆਪੇ ਵਰਤੇ ਆਪਣਾ ਭਾਣਾ, ਸਿਰ ਸਿਰ ਭਾਣਾ ਆਪ ਮਨਾਇੰਦਾ । ਆਪੇ ਲੇਖਾ ਲਿਖੇ ਮਹਾਨਾ, ਵੇਦ ਪੁਰਾਨਾ ਆਪੇ ਗਾਇੰਦਾ । ਆਪੇ ਸ਼ਾਸਤਰ ਸਿਮਰਤ ਕਰੇ ਪਰਧਾਨਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਪੇ ਪੰਜ ਤਤ ਕਾਇਆ ਚੋਲਾ ਦੇਵੇ ਮਾਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਨੂਰੋ ਨੂਰ ਨੂਰ ਧਰਾਇੰਦਾ । ਆਪੇ ਮਨ ਮਤ ਬੁਧ ਕਰੇ ਪਰਵਾਨਾ, ਆਪੇ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਨਾ, ਘਟ ਅੰਤਰ ਆਪੇ ਡੇਰਾ ਲਾਇੰਦਾ । ਆਪੇ ਅੰਮ੍ਰਿਤ ਆਤਮ ਦੇਵੇ ਸਚ ਪਿਆਲਾ, ਆਪੇ ਨਿਰਗੁਣ ਦੀਪਕ ਜੋਤ ਕਰੇ ਉਜਿਆਲਾ, ਅੰਧ ਅੰਧੇਰ ਆਪ ਮਿਟਾਇੰਦਾ । ਆਪੇ ਵਸੇ ਸਾਢੇ ਤਿੰਨ ਹੱਥ ਸੱਚੀ ਧਰਮਸਾਲਾ, ਤੋੜਨਹਾਰਾ ਆਪ ਜੰਜਾਲਾ, ਜੀਵਣ ਜੁਗਤ ਆਪ ਜਣਾਇੰਦਾ । ਨਿਰਗੁਣ ਸਰਗੁਣ ਬਣੇ ਦਲਾਲਾ, ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਭੇਵ ਚੁਕਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਹਿਰੇ ਜਾਮਾ, ਰੂਪ ਅਨੂਪ ਸ਼ਾਹੋ ਭੂਪ ਲੋਕਮਾਤ ਆਪ ਵਖਾਇੰਦਾ । ਸਚ ਸੰਦੇਸਾ ਨਰ ਨਰੇਸਾ ਏਕੰਕਾਰ ਕਰ ਪਿਆਰ ਲੱਖ ਚੁਰਾਸੀ ਦੇਵੇ ਦਾਨਾ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਈਸ਼ ਜੀਵ ਬੰਨ੍ਹੇ ਗਾਨਾ, ਕਾਇਆ ਮੰਦਰ ਹੋ ਪਰਧਾਨਾ, ਪਰਮ ਪੁਰਖ ਪੁਰਖੋਤਮ ਆਪਣਾ ਰਾਹ ਆਪ ਜਣਾਇੰਦਾ । ਬੋਧ ਅਗਾਧਾ ਸ਼ਬਦ ਗਿਆਨਾ, ਨਾਦ ਧੁਨ ਸਚ ਤਰਾਨਾ, ਆਤਮ ਅੰਤਰ ਆਪ ਪੜ੍ਹਾਇੰਦਾ । ਕਾਗਦ ਕਲਮ ਹੋਏ ਹੈਰਾਨਾ, ਕਰੇ ਖੇਲ ਨੌਜਵਾਨਾ, ਬਲਧਾਰੀ ਆਪਣਾ ਬਲ ਆਪ ਪਰਗਟਾਇੰਦਾ । ਸੁਤ ਸ਼ਬਦ ਤੇਰਾ ਖੇਲ ਕਰੇ ਵਿਚ ਜਹਾਨਾ, ਚਾਰ ਵਰਨ ਚਾਰ ਯੁਗ ਚਾਰ ਕੁੰਟ ਚਾਰ ਖਾਣੀ ਚਾਰ ਬਾਣੀ ਤੇਰਾ ਨਿਸ਼ਾਨਾ, ਸਚ ਨਿਸ਼ਾਨਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੱਦਾ ਇਕ ਜਣਾਇੰਦਾ । ਸਾਚਾ ਸੱਦਾ ਸਚ ਅਸੀਸ, ਸਚਖੰਡ ਨਿਵਾਸੀ ਆਪ ਜਣਾਈਆ । ਸੁਤ ਸ਼ਬਦ ਤੇਰਾ ਮੇਲਾ ਹਰਿ ਜਗਦੀਸ, ਜਗਦੀਸਰ ਦੇਵੇ ਮਾਣ ਵਡਿਆਈਆ । ਆਦਿ ਜੁਗਾਦੀ ਲੱਖ ਚੁਰਾਸੀ ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪੀਸਣ ਲਏ ਪੀਸ, ਬਣ ਸੇਵਕ ਸੇਵ ਕਮਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇਵੇ ਸਚ ਹਦੀਸ, ਅੱਖਰ ਵੱਖਰ ਕਰ ਪੜ੍ਹਾਈਆ । ਏਕਾ ਛਤਰ ਝੁੱਲੇ ਤੇਰੇ ਸੀਸ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਲਾਈਆ । ਤੇਰਾ ਲੇਖਾ ਲੇਖੇ ਲਾਏ ਭਗਵਾਨ, ਲੇਖਾ ਹੋਰ ਨਾ ਕੋਇ ਜਣਾਈਆ । ਸਚਖੰਡ ਸਚ ਮਕਾਨ, ਸਚ ਸਚ ਸਾਚਾ ਰਾਗ ਅਲਾਈਆ । ਥਿਰ ਘਰ ਤੇਰਾ ਦਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਪੰਜ ਤਤ ਵੇਖੇ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਦੇਵੇ ਵਸਤ ਇਕ ਮਹਾਨ, ਮਹਾਬੀਰ ਹੋ ਸਹਾਈਆ । ਕਰੇ ਖੇਲ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਪੰਚ ਤਤ ਸਤਿ ਦੁਕਾਨ, ਬਣ ਵਣਜਾਰਾ ਆਪ ਖੁਲ੍ਹਾਈਆ । ਗੁਰ ਗੁਰ ਰੂਪ ਹੋ ਪਰਧਾਨ, ਸਤਿਗੁਰ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਲਹਿਣੇ ਪਾਈਆ । ਗੁਰ ਅਵਤਾਰ ਸ਼ਬਦ ਸੁਤ ਤੇਰਾ ਸਾਚਾ ਲਹਿਣਾ, ਲਹਿਣੇਦਾਰ ਹਰਿ ਅਖਵਾਇੰਦਾ । ਪੰਜ ਤਤ ਤਨ ਪਾਏ ਗਹਿਣਾ, ਬਸਤਰ ਹੋਰ ਨਾ ਕੋਇ ਓਢਾਇੰਦਾ । ਸ਼ਬਦ ਅਗੰਮੀ ਦੱਸੇ ਕਹਿਣਾ, ਹੁਕਮੀ ਹੁਕਮ ਹੁਕਮ ਮਨਾਇੰਦਾ । ਨਿਜ ਨੇਤਰ ਵਖਾਏ ਆਪਣਾ ਨੈਣਾਂ, ਦੋਏ ਲੋਚਣ ਬੰਦ ਕਰਾਇੰਦਾ । ਗੁਰਮੁਖ ਗੁਰ

ਗੁਰ ਸਚ ਧਾਮ ਏਕਾ ਬਹਿਣਾ, ਧਾਮ ਅਵੱਲੜਾ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਲ ਆਪ ਰਖਾਇੰਦਾ । ਸਾਚੀ ਕਲ ਕਰਤਾ ਪੁਰਖ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਨਿਰਗੁਣ ਸਰਗੁਣ ਕਰ ਕਰ ਪਰਖ, ਗੁਰ ਅਵਤਾਰ ਲਏ ਪਰਗਟਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਇ ਜਣਾਈਆ । ਜੋਤ ਨਿਰੰਜਣ ਆਦਿ ਨਿਰੰਜਣ ਦਰਸ, ਦਰਸੀ ਦਰਸ ਦਰਸ ਕਰਾਈਆ । ਅੰਮ੍ਰਿਤ ਮੇਘ ਮਿਹਰਵਾਨ ਏਕਾ ਬਰਸ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨਾਉਂ ਲਏ ਪਰਗਟਾਈਆ । ਤੇਰਾ ਨਾਉਂ ਹਰਿ ਜੂ ਰੱਖ, ਗੁਰ ਗੁਰ ਵੇਸ ਵਟਾਇੰਦਾ । ਪੰਜ ਤਤ ਕਾਇਆ ਆਪੇ ਵਸ, ਆਪਣਾ ਰਾਹ ਚਲਾਇੰਦਾ । ਸਤਿ ਸਤਿਵਾਦੀ ਮਾਰਗ ਦੱਸ ਦਹਿ ਦਿਸ਼ਾ ਵੇਖ ਵਖਾਇੰਦਾ । ਪੰਧ ਮੁਕਾਏ ਨੱਸ ਨੱਸ, ਦੋ ਜਹਾਨਾਂ ਫੇਰਾ ਪਾਇੰਦਾ । ਖਾਣੀ ਬਾਣੀ ਗਾਏ ਜਸ, ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਅੰਤਰ ਅੰਤਰ ਏਕਾ ਰਸ, ਰਸ ਰਸੀਆ ਆਪ ਚਖਾਇੰਦਾ । ਕਿਰਪਾਨਿਧ ਠਾਕਰ ਸੁਆਮੀ ਪੁਰਖ ਅਬਿਨਾਸ਼ੀ ਹੋਏ ਵਸ, ਬਣ ਸੇਵਕ ਸੇਵ ਕਮਾਇੰਦਾ । ਲੇਖਾ ਜਾਣੇ ਤਤ ਅੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਹਰਿ ਜੂ ਖੋਲ੍ਹ, ਖਾਲਕ ਖ਼ਲਕ ਦਏ ਜਣਾਈਆ । ਨਾਉਂ ਨਿਰੰਕਾਰਾ ਏਕਾ ਬੋਲ, ਅੱਖਰ ਅੱਖਰ ਕਰੇ ਪੜ੍ਹਾਈਆ । ਲੱਖ ਚੁਰਾਸੀ ਤੋਲੇ ਤੋਲ, ਏਕਾ ਕੰਡਾ ਨਾਮ ਉਠਾਈਆ । ਗੁਰ ਅਵਤਾਰਾਂ ਸਦ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਨਾਦ ਅਨਾਦੀ ਅਗੰਮ ਅਗੰਮੜਾ ਵੱਜੇ ਢੋਲ, ਮਰਦੰਗਾ ਮਰਦੰਗ ਆਪ ਸੁਣਾਈਆ । ਦਿਵਸ ਰੈਣ ਕਰੇ ਚੋਲ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਆਪੇ ਬੋਲ, ਅਨਬੋਲਤ ਰਾਗ ਅਲਾਈਆ । ਕਾਇਆ ਕਵਰੀ ਡੂੰਘੀ ਭਵਰੀ ਆਪਣਾ ਪਰਦਾ ਆਪੇ ਫੋਲ, ਮੁੱਖ ਘੁੰਘਟ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਘਰ, ਗ੍ਰਿਹਿ ਮੰਦਰ ਆਪ ਵਸਾਈਆ । ਗ੍ਰਿਹਿ ਮੰਦਰ ਵਸੇ ਤੇਰਾ ਖੇੜਾ, ਸੋ ਪੁਰਖ ਨਿਰੰਜਣ ਆਪ ਵਸਾਇੰਦਾ । ਹੰ ਬ੍ਰਹਮ ਚੁੱਕੇ ਝੇੜਾ, ਸ਼ਬਦੀ ਸ਼ਬਦੀ ਤਾਰ ਹਿਲਾਇੰਦਾ । ਨਿਰਗੁਣ ਸਰਗੁਣ ਬੰਨ੍ਹੇ ਬੇੜਾ, ਪੁਰਖ ਅਬਿਨਾਸ਼ੀ ਆਪਣੇ ਕੰਧ ਉਠਾਇੰਦਾ । ਦੋ ਜਹਾਨਾਂ ਖੁਲ੍ਹਾ ਰੱਖੇ ਵੇਹੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਕਾਸ਼ ਪਰਕਾਸ਼ਾਂ ਜ਼ਿਮੀਂ ਅਸਮਾਨਾਂ ਆਪਣੀ ਧਾਰ ਜਣਾਇੰਦਾ । ਵਸਣਹਾਰਾ ਨੇਰਨ ਨੇਰਾ, ਦੂਰ ਦੁਰਾਡਾ ਆਪਣਾ ਡੇਰਾ ਲਾਇੰਦਾ । ਸ਼ਬਦ ਸੁਤ ਤੋਹੇ ਚਾਉ ਘਨੇਰਾ, ਨਾਤਾ ਜੁੜਿਆ ਤੇਰਾ ਮੇਰਾ, ਸੋਹੰ ਰੂਪ ਵਖਾਇੰਦਾ । ਗੁਰ ਅਵਤਾਰਾਂ ਪਾਏ ਘੇਰਾ, ਆਪਣਾ ਹੁਕਮ ਮਨਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਇਕੋ ਵੱਡਾ ਰੱਖੇ ਜੇਰਾ, ਅਡੋਲ ਅਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰੱਖ ਹੱਥ ਕਰਤਾਰ, ਕੁਦਰਤ ਕਾਦਰ ਦਏ ਜਣਾਈਆ । ਸੁਤ ਸ਼ਬਦ ਤੇਰਾ ਸਚ ਵਿਹਾਰ, ਲੱਖ ਚੁਰਾਸੀ ਤੇਰੀ ਝੋਲੀ ਪਾਈਆ । ਘਾੜਤ ਘੜਨ ਬਣ ਠਠਿਆਰ, ਘੜ ਭਾਂਡੇ ਵੇਖ ਵਖਾਈਆ । ਅਗਨੀ ਤਤ ਤਤ ਆਧਾਰ, ਬ੍ਰਹਮ ਮਤ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਲੈਣਾ ਜਾਣ, ਆਦਿ ਪੁਰਖ ਜਣਾਇੰਦਾ । ਗੁਰ ਅਵਤਾਰ ਤੇਰਾ ਮਾਣ,

ਪੰਜ ਤਤ ਚੋਲਾ ਆਪ ਹੰਢਾਇੰਦਾ । ਸ਼ਬਦ ਸੰਦੇਸਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਅਲਾਇੰਦਾ । ਕਰੇ ਖੇਲ ਦੋ ਜਹਾਨ, ਦੋਏ ਦੋਏ ਰੂਪ ਵਖਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਨਾਮ ਪਰਧਾਨਗੀ ਹੱਥ ਫੜਾਇੰਦਾ । ਜੁਗ ਜੁਗ ਵੇਖੇ ਵੇਖਣਹਾਰਾ ਆਣ, ਨਿਤ ਨਵਿਤ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਆਪਣੀ ਵਸਤ ਆਪ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਵਲ ਚਰਨ ਸੀਸ ਸਰਬ ਝੁਕਾਣ, ਝੁਕ ਝੁਕ ਸਯਦਾ ਸਰਬ ਕਰਾਇੰਦਾ । ਦਰ ਦਰਵੇਸ਼ ਬਣ ਦਰਬਾਨ ਮੰਗਣ ਦਾਨ, ਦਰਦੀ ਦਰਦ ਦਰਦ ਵੰਡਾਇੰਦਾ । ਇਕ ਇਕੱਲਾ ਹੁਕਮਰਾਨ, ਹੁਕਮੇ ਹੁਕਮ ਸਰਬ ਫਿਰਾਇੰਦਾ । ਤੂੰ ਹੀ ਤੂੰ ਹੀ ਸਾਰੇ ਗਾਣ, ਬੇਅੰਤ ਬੇਅੰਤ ਆਪਣਾ ਨਾਉਂ ਅਖਵਾਇੰਦਾ । ਹੰ ਹੰ ਬਣ ਨਾਦਾਨ, ਬ੍ਰਹਮ ਬ੍ਰਹਮ ਜੀਵ ਅਵਾਣ, ਪੰਜ ਤਤ ਕਾਇਆ ਚੋਲਾ ਡੇਰਾ ਲਾਇੰਦਾ । ਸਾਚਾ ਸੋਹਲਾ ਏਕਾ ਗਾਣ, ਆਦਿ ਪੁਰਖ ਪ੍ਰਭ ਦੇਵੇ ਦਾਨ, ਪੀਰ ਪੈਗ਼ੰਬਰ ਗੁਰ ਅਵਤਾਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਸੁਤ ਵਡਿਆਇੰਦਾ । ਸੁਤ ਸ਼ਬਦ ਤੇਰਾ ਬਲ, ਬਲਧਾਰੀ ਆਪ ਜਣਾਈਆ । ਨਿਰਗੁਣ ਅੰਦਰ ਨਿਰਗੁਣ ਰਲ, ਸਰਗੁਣ ਸਰਗੁਣ ਲਏ ਸਮਝਾਈਆ । ਦਰਸ ਦਿਖਾਏ ਅੱਗੇ ਖਲ, ਖ਼ਾਲਕ ਖ਼ਲਕ ਬੇਪਰਵਾਹੀਆ । ਮਹੱਲ ਮਨਾਰਾ ਇਕ ਅਟੱਲ, ਅਚੱਲ ਬੈਠਾ ਡੇਰਾ ਲਾਈਆ । ਸਚ ਸੰਦੇਸਾ ਆਪੇ ਘੱਲ, ਜੁਗ ਜੁਗ ਕਰੇ ਪੜ੍ਹਾਈਆ । ਬਿਨ ਤੇਲ ਬਾਤੀ ਦੀਪਕ ਜਾਏ ਬਲ, ਸਾਚੇ ਘਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਤੇਰੀ ਸੇਵਾ ਮਾਤ ਲਗਾਈਆ । ਸੇਵਾ ਤੇਰੀ ਕਰਨ ਮਾਤ, ਹਰਿ ਸਤਿਗੁਰ ਆਪ ਲਗਾਇੰਦਾ । ਤੇਰਾ ਨਾਉਂ ਸਾਚੀ ਦਾਤ, ਇਕੋ ਇਕ ਵਰਤਾਇੰਦਾ । ਤੇਰਾ ਰੱਖੇ ਡੂੰਘਾ ਖਾਤ, ਭੇਵ ਅਭੇਦ ਛੁਪਾਇੰਦਾ । ਬਿਨ ਤੇਰੇ ਪੰਜ ਤਤ ਚੋਲੇ ਕੋਇ ਨਾ ਪੁੱਛੇ ਵਾਤ, ਤੇਰਾ ਨਾਉਂ ਗੁਰ ਸ਼ਬਦੀ ਆਪ ਪਰਗਟਾਇੰਦਾ । ਤੇਰੀ ਉਤਮ ਰੱਖੇ ਜ਼ਾਤ, ਅਜ਼ਾਤੀ ਵੰਡ ਨਾ ਕੋਇ ਵੰਡਾਇੰਦਾ । ਤੁਧ ਬਿਨ ਕੋਇ ਨਾ ਮੇਟੇ ਅੰਧੇਰੀ ਰਾਤ, ਅਗਿਆਨ ਅੰਧੇਰ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁੱਛਣਹਾਰਾ ਆਪੇ ਵਾਤ, ਸਦਾ ਸਦ ਤੇਰਾ ਸੰਗ ਨਿਭਾਇੰਦਾ । ਮੇਰਾ ਸੰਗ ਮੇਰੇ ਸੱਜਣ, ਕਵਣ ਬਿਧ ਆਪ ਰਖਾਈਆ । ਕਵਣ ਵੇਲਾ ਹੋਏਂ ਪਰਦੇ ਕੱਜਣ, ਏਕਾ ਪਰਦਾ ਉਪਰ ਪਾਈਆ । ਕਵਣ ਦੁਆਰੇ ਕਰਾਏਂ ਮਜਨ, ਚਰਨ ਧੂੜ ਸਚ ਸਰੋਵਰ ਨੁਹਾਈਆ । ਕਵਣ ਧਾਰ ਖੇਲ ਕਰੇਂ ਘੜਨ ਭੱਜਣ, ਘੜਨ ਭੰਨਣਹਾਰ ਤੇਰੀ ਵਡਿਆਈਆ । ਕਰ ਕਿਰਪਾ ਮੇਰੀ ਰੱਖੇਂ ਲੱਜਣ, ਲਾਜਾਵੰਤ ਤੱਕੀ ਤੇਰੀ ਇਕ ਸਰਨਾਈਆ । ਪੁਰਖ ਅਬਿਨਾਸ਼ੀ ਸਚਖੰਡ ਨਿਵਾਸੀ ਬੈਠਾ ਮਗਨ, ਏਕਾ ਨੂਰ ਜੋਤ ਰੁਸ਼ਨਾਈਆ । ਸਦਾ ਸਦਾ ਸਦ ਤੇਰੀ ਮੇਟੇ ਹਰਸਨ, ਹਿਰਸ ਰਹੇ ਨਾ ਰਾਈਆ । ਨਿਰਗੁਣ ਸਰਗੁਣ ਦੇਵੇ ਆਪ ਦਰਸਨ ਸਵੱਛ ਸਰੂਪੀ ਰੂਪ ਵਟਾਈਆ । ਬਿਨ ਕਸਵਟੀਉਂ ਆਏ ਪਰਖਣ, ਨਾਮ ਪਾਰਖੂ ਸੱਚਾ ਮਾਹੀਆ । ਲੇਖਾ ਜਾਣੇ ਅਰਸ਼ ਫ਼ਰਸ਼ਨ, ਜ਼ਿਮੀ ਅਸਮਾਨ ਫੋਲ ਫੋਲਾਈਆ । ਸੁਤ ਸ਼ਬਦ ਤੇਰਾ ਲਾਹੇ ਕਰਜ਼ਨ, ਕਰਜ਼ਾ ਮਕਰੂਜ਼ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਆਏ ਵਰਜਣ, ਸਚ ਸੁਨੇਹੜਾ ਇਕ ਸੁਣਾਈਆ । ਬਿਨ ਤੇਰੇ ਨਾਮ ਲੋਕਮਾਤ ਨਾ ਪਰਚਣ, ਪਰਚਾ ਹੋਰ ਨਾ ਕੋਇ ਪੜ੍ਹਾਈਆ । ਸੱਚੀ ਵਸਤ ਇਕੋ ਖਰਚਣ, ਖਰਚਾ ਧੁਰ ਦਰਬਾਰੀ ਹੱਥ ਵਖਾਈਆ । ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ ਗੀਤਾ ਗਿਆਨੀ ਰਸਨਾ ਜਿਹਵਾ ਬੱਤੀ ਦੰਦ ਕਰ ਕਰ ਜਾਵਣ ਚਰਚਨ, ਚਰਚਾ


੬੧੮
੧੨

ਲੋਕਮਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਰਚਨਨ, ਰਚ ਰਚ ਰਚਨਾ ਆਦਿ ਜੁਗਾਦਿ ਅੰਤਰ ਵੇਖ ਵਖਾਈਆ ।

### ✳ ੧੨ ਭਾਦਰੋਂ ੨੦੧੯ ਬਿਕ੍ਰਮੀ ਸਦਾ ਸਿੰਘ ਵਾਲਾ ਗੁਰਬਚਨ ਸਿੰਘ ਦੇ ਗ੍ਰਿਹਿ ਜ਼ਿਲਾ ਫਿਰੋਜ਼ਪਰ ✳

ਸੋ ਪੁਰਖ ਤੇਰਾ ਭਰਵਾਸਾ, ਸੁਤ ਦੁਲਾਰਾ ਸ਼ਬਦ ਜਣਾਇੰਦਾ । ਹਰਿ ਪੁਰਖ ਨਿਰੰਜਣ ਤੇਰੀ ਆਸਾ, ਇਕੋ ਓਟ ਤਕਾਇੰਦਾ । ਏਕੰਕਾਰ ਤੇਰਾ ਦਿਲਾਸਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਆਦਿ ਨਿਰੰਜਣ ਤੇਰਾ ਨੂਰ ਪਰਕਾਸ਼ਾ, ਪਰਕਾਸ਼ ਪਰਕਾਸ਼ ਵਿਚ ਰਖਾਇੰਦਾ । ਸ੍ਰੀ ਭਗਵਾਨ ਤੇਰਾ ਤਮਾਸ਼ਾ, ਪੇਖ ਪੇਖ ਖ਼ੁਸ਼ੀ ਮਨਾਇੰਦਾ । ਅਬਿਨਾਸ਼ੀ ਕਰਤਾ ਤੇਰਾ ਦਾਸਾ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਦਾਸੀ ਦਾਸਾ, ਹਉਂ ਸੇਵਕ ਸੇਵ ਕਮਾਇੰਦਾ । ਸਚਖੰਡ ਦੁਆਰੇ ਸਾਚੀ ਰਾਸਾ, ਗੋਪੀ ਕਾਹਨ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਾ ਮੰਗ ਮੰਗਾਇੰਦਾ । ਛੋਟਾ ਬਾਲਾ ਸ਼ਬਦੀ ਧਾਰ, ਨਿਰਗੁਣ ਅੱਗੇ ਕਰੇ ਅਰਜ਼ੋਈਆ । ਸੋ ਪੁਰਖ ਨਿਰੰਜਣ ਖੇਲ ਨਿਆਰ, ਬੇਪਰਵਾਹ ਬੇਪਰਵਾਹੀਆ । ਅਲੱਖ ਅਗੋਚਰ ਅਗੰਮ ਅਪਾਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਕਿਰਪਾ ਧਾਰ, ਏਕੰਕਾਰਾ ਹੋ ਸਹਾਈਆ । ਆਦਿ ਨਿਰੰਜਣ ਖੋਲ੍ਹ ਕਿਵਾੜ, ਅਬਿਨਾਸ਼ੀ ਕਰਤਾ ਪਰਦਾ ਲਾਹੀਆ । ਸ੍ਰੀ ਭਗਵਾਨ ਦੇ ਦੀਦਾਰ, ਅਬਿਨਾਸ਼ੀ ਕਰਤਾ ਤ੍ਰਿਸਨ ਬੁਝਾਈਆ । ਪਾਰਬ੍ਰਹਮ ਖ਼ਬਰਦਾਰ, ਬੇਖ਼ਬਰ ਆਪਣੀ ਆਸ ਦਏ ਮਿਟਾਈਆ । ਸਾਲਸ ਬਣ ਸਚ ਦਰਬਾਰ, ਥਿਰ ਘਰ ਬੇੜਾ ਆਪ ਚਲਾਈਆ । ਦੂਸਰ ਕੋਇ ਨਾ ਮਦਦਗਾਰ, ਚਰਨ ਸਰਨ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੇ ਵਰ, ਹਉਂ ਢਹਿ ਪਿਆ ਸਰਨਾਈਆ । ਸ੍ਰੀ ਭਗਵਾਨ ਵਡ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਸੁਤ ਦੁਲਾਰੇ ਕਰ ਪਰਵਾਨ, ਸੀਸ ਜਗਦੀਸ ਝੁਕਾਇੰਦਾ । ਆਦਿ ਜੁਗਾਦੀ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਸਚਖੰਡ ਵਖਾਏ ਸਚ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਥਿਰ ਘਰ ਤੇਰੀ ਖੋਲ੍ਹ ਦੁਕਾਨ, ਵਸਤ ਅਮੋਲਕ ਵਿਚ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਝੋਲੀ ਪਾਇੰਦਾ । ਸਾਚੀ ਵਸਤ ਹਰਿ ਕਰਤਾਰਾ, ਏਕਾ ਏਕ ਜਣਾਈਆ । ਆਦਿ ਪੁਰਖ ਬਣ ਦਾਤਾ ਏਕੰਕਾਰਾ, ਆਪੇ ਰਿਹਾ ਲੁਟਾਈਆ । ਕਾਗਦ ਕਲਮ ਨਾ ਲਿਖਣਹਾਰਾ, ਅੱਖਰ ਅੱਖਰ ਨਾ ਕੋਇ ਸਾਲਾਹੀਆ । ਖੇਲੇ ਖੇਲ ਅਪਰ ਅਪਾਰਾ, ਅਪਰੰਪਰ ਧਾਰ ਚਲਾਈਆ । ਇਕ ਇਕੱਲਾ ਕਰ ਪਸਾਰਾ, ਵੇਖਣਹਾਰਾ ਚਾਈਂ ਚਾਈਂਆ । ਮਾਤ ਪਿਤਾ ਗੋਦ ਸੁਹਾਏ ਸੁਤ ਦੁਲਾਰਾ, ਜਨ ਜਨਨੀ ਦੇ ਵਡਿਆਈਆ । ਜੈ ਜੈ ਜੈ ਬੋਲ ਜੈਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਭੇਵ ਚੁਕਾਈਆ । ਥਿਰ ਘਰ ਖੋਲ੍ਹ ਹਰਿ ਦਰਵਾਜ਼ਾ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਸੀਸ ਜਗਦੀਸ ਸੁਹਾਏ ਤਾਜਾ, ਭੂਪਤ ਭੂਪ ਆਪਣਾ ਰੰਗ ਵਖਾਇੰਦਾ । ਘਰ ਵਿਚ ਘਰ ਰਚ ਰਚ ਕਾਜਾ, ਕਰਨੀ ਕਰਤਾ ਆਪ ਕਮਾਇੰਦਾ । ਬੋਧ ਅਗਾਧੀ ਨਿਰਗੁਣ ਨਿਰਵੈਰ ਪੁਰਖ ਅਕਾਲ ਅਗੰਮੀ ਅਗੰਮ ਮਾਰੇ ਵਾਜਾਂ, ਤਾਰ ਸਿਤਾਰ

ਨਾ ਕੋਇ ਹਿਲਾਇੰਦਾ । ਸਤਿ ਸਤਿਵਾਦੀ ਆਪਣਾ ਸਾਜਣ ਆਪੇ ਸਾਜਾ, ਆਪੇ ਪੇਖ ਪੇਖ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਆਪ ਸਮਝਾਇੰਦਾ । ਸੁਤ ਦੁਲਾਰੇ ਤੇਰਾ ਮਨਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਥਿਰ ਘਰ ਖੋਲ੍ਹ ਠਾਂਡਾ ਦਰਬਾਰਾ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਆਦਿ ਜੁਗਾਦਿ ਰਹੇ ਰਖਵਾਰਾ, ਏਕੰਕਾਰਾ ਦਇਆ ਕਮਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਦੇ ਸਹਾਰਾ, ਸਦਾ ਸੁਹੇਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਬਣ ਵਣਜਾਰਾ, ਸ੍ਰੀ ਭਗਵਾਨ ਸਾਚੀ ਵਸਤ ਵੰਡ ਵੰਡਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਥਿਰ ਘਰ ਦੇਵੇ ਮਾਣ ਨਿਰੰਕਾਰਾ, ਨਿਰਗੁਣ ਆਪਣਾ ਭੇਵ ਚੁਕਾਈਆ । ਮਹੱਲ ਅਟੱਲ ਉਚ ਦੁਆਰਾ, ਨਿਹਚਲ ਧਾਮ ਇਕ ਸੁਹਾਈਆ । ਛੱਪਰ ਛੰਨ ਨਾ ਕੋਇ ਦੀਵਾਰਾ, ਬਾਢੀ ਬਣਤ ਨਾ ਕੋਇ ਬਣਾਈਆ । ਸੂਰਜ ਚੰਦ ਨਾ ਕੋਇ ਸਿਤਾਰਾ, ਪਰਕਾਸ਼ ਪਰਕਾਸ਼ ਨਾ ਕੋਇ ਵਖਾਈਆ । ਕਰੇ ਖੇਲ ਕਰਨੇਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਆਦਿ ਆਦਿ ਸੁਤ ਦੁਲਾਰੇ ਦੇਵੇ ਦਾਦ, ਥਿਰ ਘਰ ਆਪਣਾ ਰੰਗ ਵਖਾਈਆ । ਥਿਰ ਘਰ ਵਖਾਏ ਸਾਚਾ ਰੰਗ, ਰੰਗ ਰੰਗੀਲਾ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਸੁਹਾਏ ਸੇਜ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਹਰਿ ਪੁਰਖ ਨਿਰੰਜਣ ਸੂਰਾ ਸਰਬੰਗ, ਬਲ ਆਪਣਾ ਆਪ ਧਰਾਇੰਦਾ । ਏਕੰਕਾਰਾ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਆਦਿ ਨਿਰੰਜਣ ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਸਾਚੀ ਵਸਤ ਆਪੇ ਵੰਡ, ਵੰਡ ਵੰਡ ਆਪਣੀ ਖ਼ੁਸ਼ੀ ਮਨਾਇੰਦਾ । ਅਬਿਨਾਸ਼ੀ ਕਰਤਾ ਠਾਕਰ ਸੁਆਮੀ ਦਿਆਲ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਕਰਾਇੰਦਾ । ਪਾਰਬ੍ਰਹਮ ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਚਲਾਇੰਦਾ । ਸੁਤ ਦੁਲਾਰੇ ਦੇਵੇ ਮਾਣ, ਥਿਰ ਘਰ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਸੁਤ ਦੁਲਾਰੇ ਕਰ ਵਿਚਾਰ, ਹਰਿ ਹਰਿ ਜੂ ਆਪ ਜਣਾਇੰਦਾ । ਵਸਦਾ ਰਹੇ ਤੇਰਾ ਦੁਆਰ, ਬਣ ਦਰਦੀ ਦਰਦ ਵੰਡਾਇੰਦਾ । ਆਦਿ ਆਦਿ ਤੇਰੀ ਬੰਨ੍ਹੀ ਧਾਰ, ਮਧ ਕੋਇ ਵੇਖ ਨਾ ਪਾਇੰਦਾ । ਅੰਤ ਆਪੇ ਪਾਵੇ ਸਾਰ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਅਗੰਮ ਅਗੰਮੜੀ ਦੱਸੇ ਕਾਰ, ਕਰਨੀ ਕਰਤਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੇਵ ਅਭੇਦ ਜਣਾਇੰਦਾ । ਛੋਟਾ ਸੁਤ ਸ਼ਬਦ ਧਾਰ, ਪ੍ਰਭ ਅੱਗੇ ਸੀਸ ਝੁਕਾਈਆ । ਏਕਾ ਦੱਸ ਸਚ ਪਿਆਰ, ਦੂਜਾ ਆਪਣਾ ਬੰਧਨ ਪਾਈਆ । ਤੀਜਾ ਨੈਣ ਦਰਸ ਦੀਦਾਰ, ਚੌਥੇ ਆਪਣਾ ਘਰ ਵਸਾਈਆ । ਪੰਚਮ ਮੇਲਾ ਅਪਰ ਅਪਾਰ, ਛੇਵੇਂ ਛਪਰ ਛੰਨ ਨਾ ਕੋਇ ਵਡਿਆਈਆ । ਸੱਤਵੇਂ ਸਤਿ ਸਤਿਵਾਦੀ ਤੇਰੀ ਕਾਰ, ਹਉਂ ਬਾਲਕ ਜਾਣਾਂ ਨਾ ਰਾਈਆ । ਅੱਠਵੇਂ ਅੱਠ ਅੱਠ ਖੇਲੇਂ ਕਰੇਂ ਪਿਆਰ, ਪਾਰਬ੍ਰਹਮ ਨਾਵੇਂ ਨਵ ਨੌਂ ਦੇਵੇਂ ਇਕ ਆਧਾਰ, ਬਿਨ ਉਦਰ ਬਿਨ ਜਨਨੀ ਬਣੇਂ ਪਿਤਾ ਮਾਈਆ । ਦਹਿ ਦਿਸ਼ ਇਕ ਆਕਾਰ, ਨਿਰਾਕਾਰ ਕਰੇ ਰੁਸ਼ਨਾਈਆ । ਸਚਖੰਡ ਤੇਰਾ ਪਸਾਰ, ਪਰਮ ਪੁਰਖ ਤੇਰੀ ਸ਼ਹਿਨਸ਼ਾਹੀਆ । ਥਿਰ ਘਰ ਖੋਲ੍ਹ ਇਕ ਕਿਵਾੜ, ਮੇਰਾ ਆਸਣ ਦਿਤਾ ਲਾਈਆ । ਫੜ ਬਾਂਹੋਂ ਦਿਤਾ ਵਾੜ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਉਂ ਭਾਵੇ ਤਿਉਂ ਲੈਣਾ ਤਾਰ, ਤਾਰਨਹਾਰ ਸੱਚੇ ਮਾਹੀਆ । ਆਦਿ ਜੁਗਾਦਿ ਸਦਾ ਸਦ ਨਿਤ


੬੨੦
੧੨

ਨਵਿਤ ਕਰਾਂ ਦੀਦਾਰ, ਦੀਦ ਦੀਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਪੁਰਖ ਆਦਿ ਤੇਰੇ ਅੱਗੇ ਝੋਲੀ ਡਾਹੀਆ । ਤੇਰੇ ਅੱਗੇ ਇਕੋ ਆਸ, ਆਸਾ ਪੂਰ ਨਾ ਕੋਇ ਰਖਾਇੰਦਾ । ਪਾਰਬ੍ਰਹਮ ਤੇਰੇ ਮਿਲਣ ਦੀ ਬੁੱਝੇ ਪਿਆਸ, ਤ੍ਰਿਸਨਾ ਰੋਗ ਨਾ ਕੋਇ ਜਣਾਇੰਦਾ । ਨਿਰਗੁਣ ਨਿਰਗੁਣ ਵਸਣਾ ਸਾਥ, ਸਗਲਾ ਸੰਗ ਇਕ ਮੰਗਾਇੰਦਾ । ਹਉਂ ਬਾਲਕ ਅਨਾਥਾਂ ਅਨਾਥ, ਤੂੰ ਦਇਆਵਾਨ ਦਇਆ ਕਮਾਇੰਦਾ । ਤੇਰੀ ਸਰਨ ਨਾ ਕੋਇ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਾਚੀ ਦਾਤ ਮੰਗ ਮੰਗਾਇੰਦਾ । ਸਾਚੀ ਵਸਤ ਦੇ ਏਕ, ਮੇਰੇ ਪ੍ਰਭ ਸੱਚੇ ਗੁਸਾਈਆ । ਥਿਰ ਘਰ ਰੱਖੀ ਤੇਰੀ ਟੇਕ, ਸਚਖੰਡ ਵਸੇਂ ਬੇਪਰਵਾਹੀਆ । ਜਿਉਂ ਭਾਵੇਂ ਤਿਉਂ ਲੈਣਾ ਵੇਖ, ਬਿਨ ਨੇਤਰ ਨੈਣ ਨੈਣ ਉਠਾਈਆ । ਮੇਰਾ ਰੂਪ ਰੰਗ ਨਾ ਕੋਇ ਰੇਖ, ਨਾ ਕੋਈ ਪਿਤਾ ਨਾ ਕੋਈ ਮਾਈਆ । ਨਿਰਗੁਣ ਨਿਰਗੁਣ ਤੇਰੇ ਸੰਗ ਸੱਚਾ ਹੇਤ, ਦੂਸਰ ਪ੍ਰੀਤ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਜਿਸ ਬਿਧ ਤੇਰਾ ਮੇਲ ਵਿਛੜ ਨਾ ਜਾਈਆ । ਸੋ ਪੁਰਖ ਨਿਰੰਜਣ ਦਇਆਨਿਧ ਸੁਆਮੀ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਸਚਖੰਡ ਨਿਵਾਸੀ ਨਿਹਕਰਮੀ ਨਿਹਕਾਮੀ, ਕਰਮ ਕਾਂਡ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਅੰਤਰਗਤ ਆਪ ਸਮਝਾਇੰਦਾ । ਸ਼ਬਦ ਸੁਤ ਤੇਰਾ ਪਦ ਨਿਰਬਾਣੀ, ਨਿਰਬਾਣ ਪਦ ਆਪ ਵਖਾਇੰਦਾ । ਸ਼ਹਿਨਸ਼ਾਹ ਸ਼ਾਹੋ ਇਕ ਸੁਲਤਾਨੀ, ਰਾਜ ਰਾਜਾਨ ਇਕ ਹੋ ਆਇੰਦਾ । ਸਤਿ ਸਤਿਵਾਦੀ ਸਤਿ ਕਹਾਣੀ, ਸਤਿ ਪੁਰਖ ਨਿਰੰਜਣ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਚੁਕ ਭਗਵਾਨ, ਸ਼ਬਦੀ ਸੁਤ ਜਣਾਈਆ । ਉਠ ਦੁਲਾਰੇ ਮਾਰ ਧਿਆਨ, ਮਿਹਰਵਾਨ ਦਏ ਵਡਿਆਈਆ । ਸਚਖੰਡ ਦੁਆਰਾ ਸਚ ਮਕਾਨ, ਦੂਸਰ ਨਜ਼ਰ ਕੋਇ ਨਾ ਆਈਆ । ਏਕਾ ਦੀਪਕ ਜਗੇ ਮਹਾਨ, ਨੂਰ ਨੂਰ ਰੁਸ਼ਨਾਈਆ । ਪੁਰਖ ਅਬਿਨਾਸ਼ੀ ਸਾਚਾ ਕਾਹਨ, ਘਰ ਮੰਦਰ ਡੇਰਾ ਲਾਈਆ । ਨਿਰਵੈਰ ਪੁਰਖ ਬੇਪਹਿਚਾਨ, ਨਜ਼ਰ ਵਿਚ ਨਾ ਆਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸਾ ਇਕ ਸੁਣਾਈਆ । ਹੁਕਮੀ ਹੁਕਮ ਕਰਨਾ ਪਰਵਾਨ, ਸਤਿ ਪਰਵਾਨਾ ਇਕ ਫੜਾਈਆ । ਕਰੇ ਖੇਲ ਵਡ ਬਲਵਾਨ, ਬਲ ਆਪਣਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਸੁਣ ਬਾਲੇ ਬਾਲੀ ਬੁਧ, ਨਰ ਹਰਿ ਨਰਾਇਣ ਆਪ ਜਣਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰੇ ਬੈਠਾ ਕੁੱਦ, ਮਹੱਲ ਅਟੱਲ ਸੋਭਾ ਪਾਇੰਦਾ । ਕਰ ਕਿਰਪਾ ਦੇਵੇ ਤੈਨੂੰ ਸੁੱਧ, ਭੇਵ ਅਭੇਦ ਖੁਲ੍ਹਾਇੰਦਾ । ਤੇਰਾ ਮੇਰਾ ਭੇਵ ਕੋਈ ਨਾ ਸਕੇ ਬੁਝ, ਅਲੱਖ ਅਗੋਚਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਖੜ, ਥਿਰ ਘਰ ਸ਼ਬਦੀ ਸੁਤ ਜਣਾਇੰਦਾ । ਸ਼ਬਦ ਸੁਤ ਚਰਨੀ ਢੱਠ, ਨੇਤਰ ਨੈਣ ਨੀਰ ਵਹਾਈਆ । ਸ੍ਰੀ ਭਗਵਾਨ ਮਾਰਗ ਸਾਚਾ ਦੱਸ, ਦਰ ਤੇਰੇ ਮੰਗ ਮੰਗਾਈਆ । ਕਵਣ ਬਿਧ ਕਵਣ ਧਾਰ ਕਵਣ ਘਰ ਦਰ ਆਵਾਂ ਨੱਸ, ਦਰਸਨ ਪੇਖਾਂ ਚਾਈਂ ਚਾਈਂਆ । ਕਵਣ ਵੇਲਾ ਮਿਲੇਂ ਹੱਸ ਹੱਸ, ਪਾਰਬ੍ਰਹਮ ਆਪਣੀ ਆਪ ਦੱਸ ਵਡਿਆਈਆ । ਕਵਣ ਹੁਕਮ ਗਾਵਾਂ ਤੇਰਾ ਜਸ, ਢੋਲਾ ਸੋਹਲਾ ਨਾਉਂ ਧਰਾਈਆ । ਕਰ ਕਿਰਪਾ ਕਰਨੀ ਪੂਰੀ ਆਸ, ਆਸਾ ਆਸਾ ਵਿਚ ਰਖਾਈਆ । ਤੇਰਾ ਨੂਰ ਮੇਰਾ ਪਰਕਾਸ਼, ਥਿਰ ਘਰ ਤੇਰੇ ਨਾਉਂ ਵਧਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਭੇਵ ਜਣਾਈਆ । ਆਪਣਾ ਭੇਵ ਦੱਸਾਂ ਖੋਲ੍ਹ, ਹਰਿ ਹਰਿ ਜੂ ਆਖ ਸੁਣਾਇੰਦਾ । ਮੇਰਾ ਨਾਉਂ ਸਦਾ ਅਨਮੋਲ, ਅਨਮੁਲੜੀ ਵਸਤ ਆਪ ਵਰਤਾਇੰਦਾ । ਸਚਖੰਡ ਦੁਆਰੇ ਤੋਲਾਂ ਤੋਲ, ਦੂਜਾ ਸੰਗ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਰਹਾਂ ਅਡੋਲ, ਅਡੁਲ ਆਪਣੀ ਧਾਰ ਵਖਾਇੰਦਾ । ਏਕਾ ਵਸਤ ਰੱਖਾਂ ਕੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਹਰਿ ਕਰਤਾਰ, ਕਰਤਾ ਪੁਰਖ ਆਪ ਜਣਾਈਆ । ਸਚਖੰਡ ਨਿਵਾਸੀ ਖੇਲ ਅਪਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਤਖ਼ਤ ਨਿਵਾਸੀ ਏਕੰਕਾਰ, ਰਾਜਨ ਰਾਜ ਆਪ ਹੋ ਜਾਈਆ । ਦਾਸਨ ਦਾਸੀ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਸੁਤ ਦੁਲਾਰੇ ਕਰ ਪਿਆਰ, ਪਰਮ ਪੁਰਖ ਦਏ ਵਡਿਆਈਆ । ਆਪਣਾ ਦੱਸੇ ਪਿਛਲਾ ਹਾਲ, ਤੇਰਾ ਅਹਿਵਾਲ ਆਪ ਜਣਾਈਆ । ਥਿਰ ਦਰ ਵਸੇ ਨਾਲ ਨਾਲ, ਘਰ ਘਰ ਵੇਖੇ ਚਾਈਂ ਚਾਈਆ । ਸਤਿ ਸਤਿਵਾਦੀ ਧਰਮਸਾਲ, ਧਰਮ ਦੁਆਰਾ ਆਪ ਸੁਹਾਈਆ । ਅਗੰਮ ਅਗੰਮੜਾ ਦੀਪਕ ਬਾਲ, ਦੀਆ ਬਾਤੀ ਕਰੇ ਰੁਸ਼ਨਾਈਆ । ਕਮਲਾਪਾਤੀ ਹੋ ਤਿਆਰ, ਸਾਚਾ ਸਾਕੀ ਜਾਮ ਪਿਆਈਆ । ਖੋਲ੍ਹੇ ਤਾਕੀ ਬੰਦ ਕਿਵਾੜ, ਆਪਣਾ ਪਰਦਾ ਦਏ ਉਠਾਈਆ । ਕਿਰਪਾ ਕਰ ਦੀਨ ਦਿਆਲ, ਦਰ ਲੇਖਾ ਦਏ ਚੁਕਾਈਆ । ਏਥੇ ਓਥੇ ਦੋ ਜਹਾਨਾਂ ਸਚ ਮੁਕਾਮਾ ਬਣ ਦਲਾਲ, ਦਰਗਹਿ ਸਾਚੀ ਹੋਏ ਸਹਾਈਆ । ਮੁਕਾਮੇ ਹੱਕ ਜਲਵਾ ਜਲਾਲ, ਨੂਰੋ ਨੂਰ ਕਰੇ ਰੁਸ਼ਨਾਈਆ । ਇਕ ਇਕੇਲਾ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਈਆ । ਸਾਚਾ ਭੇਵ ਖੋਲ੍ਹ ਕਰਤਾਰ, ਕਰਤਾ ਪੁਰਖ ਦਇਆ ਕਮਾਇੰਦਾ । ਉਠ ਸੁਤ ਸੁਤ ਕਰ ਦੀਦਾਰ, ਦਰਸੀ ਆਪਣਾ ਦਰਸ ਵਖਾਇੰਦਾ । ਤੇਰਾ ਮੇਰਾ ਮੇਰਾ ਤੇਰਾ ਇਕ ਪਿਆਰ, ਨਾਤਾ ਬਿਧਾਤਾ ਜੋੜ ਜੋੜਾਇੰਦਾ । ਰੂਪ ਰੰਗ ਰੇਖ ਤੋਂ ਵਸੇ ਬਾਹਰ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਆਪੇ ਜਾਣੇ ਆਪਣੀ ਕਾਰ, ਕਰ ਕਰ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਮੰਦਰ ਆਪ ਵਡਿਆਇੰਦਾ । ਘਰ ਮੰਦਰ ਵੇਖ ਬਾਲਾ, ਬਾਲੀ ਬੁਧ ਖ਼ੁਸ਼ੀ ਮਨਾਈਆ । ਪ੍ਰਭ ਮਿਲਿਆ ਦੀਨ ਦਿਆਲਾ, ਵਿਛੜ ਕਦੇ ਨਾ ਜਾਈਆ । ਥਿਰ ਘਰ ਮਿਲੀ ਸੱਚੀ ਧਰਮਸਾਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਇਕ ਰਖਵਾਲਾ, ਰੱਖਕ ਬਣਿਆ ਸੱਚਾ ਮਾਹੀਆ । ਏਕਾ ਮਾਰਗ ਦੱਸੇ ਸੁਖਾਲਾ, ਔਝੜ ਰਾਹ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਦਰਦੀ ਦਰਦ ਵੰਡਾਈਆ । ਦਰਦੀ ਦਰਵੇਸ਼, ਦਇਆਵਾਨ ਖੇਲ ਕਰਾਇੰਦਾ । ਆਦਿ ਜੁਗਾਦੀ ਰਹੇ ਹਮੇਸ਼, ਸਚਖੰਡ ਸਾਚੇ ਡੇਰਾ ਲਾਇੰਦਾ । ਸੁਤ ਦੁਲਾਰੇ ਕਰੇ ਹੇਤ, ਥਿਰ ਘਰ ਆਪਣਾ ਮੇਲ ਮਿਲਾਇੰਦਾ । ਨਜ਼ਰੀ ਆਏ ਨੇਤਨ ਨੇਤ, ਨੇਰਨ ਨੇਰ ਫੇਰਾ ਪਾਇੰਦਾ । ਕਰੇ ਕਰਾਏ ਸਾਚੀ ਖੇਡ, ਖੇਲਣਹਾਰਾ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਅਬਿਨਾਸ਼ੀ ਕਰਤਾ ਆਪਣੀ ਕਰਨੀ ਆਪ ਸਮਝਾਇੰਦਾ । ਸਾਚੀ ਕਰਨੀ ਕਰਨੇ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਨਿਰਗੁਣ ਨਿਰਗੁਣ ਸਚ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਨਾਰੀ ਕੰਤ ਭੋਗੇ ਭੋਗ, ਭਸਮੜ ਆਪਣੀ ਧਾਰ ਚਲਾਈਆ । ਅਗੰਮ ਅਗੰਮੜੀ

੬੨੨
੧੨

ਚੁਗੇ ਚੋਗ, ਤ੍ਰਿਸਨਾ ਭੁੱਖ ਨਾ ਕੋਇ ਰਖਾਈਆ । ਸਚਖੰਡ ਦੁਆਰ ਸਾਚਾ ਕੋਟ, ਕਿਲਾ ਬੰਕ ਦਏ ਵਡਿਆਈਆ । ਸਚ ਨਗਾਰੇ ਏਕਾ ਚੋਟ, ਪੁਰਖ ਅਬਿਨਾਸ਼ੀ ਆਪ ਲਗਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਪੇ ਲੇਖਾ ਜਾਣੇ ਓਤ ਪੋਤ, ਪਿਤਾ ਪੂਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਖੜ, ਥਿਰ ਘਰ ਆਪਣਾ ਦਰ ਖੁਲ੍ਹਾਈਆ । ਥਿਰ ਘਰ ਖੋਲ੍ਹ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਬਾਨ ਬੀਦੋ ਆਪਣਾ ਪੜਦਾ ਆਪ ਚੁਕਾਇੰਦਾ । ਹਰਿ ਪੁਰਖ ਨਿਰੰਜਣ ਵੇਖੇ ਆਣ, ਇਕ ਇਕੱਲਾ ਫੇਰੀ ਪਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਦੇ ਦੇ ਦਾਨ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਕਾਹਨ, ਸਾਚੀ ਸਖ਼ੀਆਂ ਰਾਸ ਰਚਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਨਿਰਗੁਣ ਨਿਰਗੁਣ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਕਰ ਧਿਆਨ, ਬਿਨ ਨੇਤਰ ਵੇਖ ਵਖਾਇੰਦਾ । ਸ਼ਬਦੀ ਸੁਤ ਬਾਲ ਅਵਾਣ, ਫੜ ਬਾਂਹੋਂ ਗਲੇ ਲਗਾਇੰਦਾ । ਕਿਰਪਾ ਨਿਧ ਦੇਵੇ ਵਸਤ ਇਕ ਨਿਧਾਨ, ਨਿਜ ਘਰ ਆਪਣਾ ਡੇਰਾ ਲਾਇੰਦਾ । ਬੋਧ ਅਗਾਧਾ ਇਕ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਆਪਣੀ ਦੱਸੇ ਸਚ ਪਹਿਚਾਨ, ਸੋ ਆਪਣਾ ਰੂਪ ਧਰਾਇੰਦਾ । ਹੰ ਹੰ ਤੇਰਾ ਮਕਾਨ, ਮਕਬਰਾ ਹੋਰ ਨਾ ਕੋਇ ਜਣਾਇੰਦਾ । ਸੋਹੰ ਰੂਪ ਸ੍ਰੀ ਭਗਵਾਨ, ਸਚਖੰਡ ਸਾਚਾ ਸੋਭਾ ਪਾਇੰਦਾ । ਥਿਰ ਘਰ ਦੇਵਣਹਾਰਾ ਮਾਣ, ਮਾਣ ਆਪਣੇ ਹੱਥ ਜਣਾਇੰਦਾ । ਬਣ ਵਿਚੋਲਾ ਗੁਣ ਨਿਧਾਨ, ਪਿਤਾ ਪੂਤ ਜੋੜ ਜੋੜਾਇੰਦਾ । ਤਾਗਾ ਸੂਤ ਇਕ ਦੁਕਾਨ, ਬਣ ਵਣਜਾਰਾ ਹੱਟ ਚਲਾਇੰਦਾ । ਤੰਦੀ ਤੰਦ ਬੰਨ੍ਹੇ ਗਾਨ, ਹੱਥ ਗਾਨਾਂ ਸਗਨ ਮਨਾਇੰਦਾ । ਸਚ ਸੰਦੇਸਾ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਜਣਾਇੰਦਾ । ਅੱਗੇ ਕਰੇ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਆਪਣਾ ਭੇਵ ਚੁਕਾਇੰਦਾ । ਸੋਹੰ ਧਾਰ ਹਰਿ ਨਿਰੰਕਾਰ, ਆਦਿ ਪੁਰਖ ਜਣਾਈਆ । ਜੋਤੀ ਸ਼ਬਦ ਪਿਆਰ ਅਗੰਮ ਆਧਾਰ, ਉਦਰ ਉਧਾਰੀ ਆਪ ਹੋ ਜਾਈਆ । ਵੇਖੇ ਵਿਗਸੇ ਵੇਖਣਹਾਰ, ਪੇਖਤ ਖ਼ੁਸ਼ੀ ਮਨਾਈਆ । ਕਰੇ ਖੇਲ ਸਚਖੰਡ ਸੱਚੇ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਜੋਤ ਜੋਤ ਜੋਤ ਸ਼ਬਦ ਵਿਚ ਸਮਾਈਆ । ਸ਼ਬਦੀ ਜੋਤੀ ਇਕੋ ਨਾਤਾ, ਥਿਰ ਘਰ ਸਾਚੀ ਵੰਡ ਵੰਡਾਈਆ । ਸਚਖੰਡ ਬੈਠ ਪੁਰਖ ਬਿਧਾਤਾ, ਆਪਣੀ ਖੇਲ ਰਿਹਾ ਸਮਝਾਈਆ । ਦੋਹਾਂ ਵਿਚੋਲਾ ਇਕੋ ਜਾਤਾ, ਜੁਗ ਜੁਗ ਨਾ ਅੰਗ ਕਟਾਈਆ । ਇਕੋ ਮੰਦਰ ਇਕੋ ਹਾਤਾ, ਏਕਾ ਘਰ ਵਸਾਈਆ । ਏਕਾ ਵਸਤ ਇਕੋ ਖਾਤਾ, ਏਕਾ ਹੱਟ ਚਲਾਈਆ । ਇਕੋ ਪਿਤਾ ਏਕਾ ਮਾਤਾ, ਏਕਾ ਬਾਲਕ ਰੂਪ ਸਖਾਈਆ । ਇਕੋ ਚਰਨ ਇਕੋ ਨਾਤਾ, ਏਕਾ ਜੋੜ ਜੋੜਾਈਆ । ਏਕਾ ਕਰੇ ਸਚਖੰਡ ਨਿਵਾਸਾ, ਸਚਖੰਡ ਵਸੇ ਸੱਚਾ ਮਾਹੀਆ । ਏਕਾ ਦੇਵੇ ਥਿਰ ਘਰ ਭਰਵਾਸਾ, ਸਿਰ ਆਪਣਾ ਹੱਥ ਟਿਕਾਈਆ । ਏਕਾ ਦੇਵੇ ਸਾਚੀ ਦਾਤਾ, ਬਣ ਦਾਨੀ ਦਇਆ ਕਮਾਈਆ । ਇਕ ਸੁਣਾਏ ਸਾਚੀ ਗਾਥਾ, ਸੋਹੰ ਕਰੇ ਪੜ੍ਹਾਈਆ । ਏਕਾ ਪੁਛਣਹਾਰਾ ਬਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਪਰਦਾ ਦਏ ਚੁਕਾਈਆ । ਪਰਦਾ ਪਰਦਾ ਚੁਕਿਆ ਉਹਲਾ, ਥਿਰ ਘਰ ਸਾਚੇ ਵੱਜੀ ਵਧਾਈਆ । ਸੁਤ ਦੁਲਾਰਾ ਬਣਿਆ ਗੋਲਾ, ਗੋਲਾ ਬਣ ਬਣ ਸੇਵ ਕਮਾਈਆ । ਸਚਖੰਡ ਨਿਵਾਸੀ ਤੇਰਾ ਢੋਲਾ, ਢੋਆ ਮਿਲੇ ਮੇਰੀ ਵਡਿਆਈਆ । ਬੋਧ ਅਗਾਧੀ

ਸਾਚਾ ਸੋਹਲਾ, ਸੋ ਪੁਰਖ ਨਿਰੰਜਣ ਰਿਹਾ ਗਾਈਆ । ਘਰ ਠਾਕਰ ਮਿਲਿਆ ਮੌਲਾ, ਮੋਹ ਮੁਹੱਬਤ ਇਕ ਰਖਾਈਆ । ਸਚ ਦੁਆਰੇ ਕਰ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਥਿਰ ਘਰ ਤੇਰੀ ਮੰਗ ਮੰਗਾਈਆ । ਥਿਰ ਘਰ ਤੇਰੀ ਰੱਖੀ ਓਟ, ਮੇਰੇ ਸਾਹਿਬ ਸੱਚੇ ਸੁਲਤਾਨਾ । ਕਰ ਕਿਰਪਾ ਭਰਦੇ ਪੋਟ, ਤੂੰ ਆਦਿ ਜੁਗਾਦੀ ਬੀਨਾ ਦਾਨਾ । ਦੇ ਵਸਤ ਇਕ ਅਤੋਟ, ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ । ਤੇਰਾ ਵਸੇ ਸਾਚਾ ਕੋਟ, ਸਚਖੰਡ ਸੱਚਾ ਮਕਾਨਾ । ਤੇਰੀ ਨਿਰਮਲ ਇਕੋ ਜੋਤ, ਨੂਰੋ ਨੂਰ ਨੂਰ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਸਦਾ ਮਿਹਰਵਾਨਾ । ਮਿਹਰਵਾਨ ਹਰਿ ਸੱਚਾ ਠਾਕਰ, ਏਕਾ ਗੁਣ ਜਣਾਈਆ । ਏਕਾ ਨਾਉਂ ਰਤਨ ਰਤਨਾਗਰ, ਪੁਰਖ ਅਬਿਨਾਸ਼ੀ ਆਪ ਪਰਗਟਾਈਆ । ਅਗੰਮ ਅਥਾਹ ਡੂੰਘਾ ਸਾਗਰ, ਗਹਿਰ ਗੰਭੀਰ ਰਿਹਾ ਵਖਾਈਆ । ਪੂਤ ਸਪੂਤੇ ਦੇਵੇ ਆਦਰ, ਆਦਰਸ਼ ਆਪਣਾ ਆਪ ਜਣਾਈਆ । ਕਿਰਪਾ ਕਰੇ ਕਰੀਮ ਕਾਦਰ, ਕਰਤਾ ਪੁਰਖ ਹੋਏ ਸਹਾਈਆ । ਲੇਖਾ ਜਾਣੇ ਪਿਦਰ ਮਾਦਰ, ਪਿਸਰ ਆਪਣਾ ਰੰਗ ਰੰਗਾਈਆ । ਬਲਧਾਰੀ ਹੋਏ ਆਪ ਬਹਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਾਚਾ ਭੇਵ ਦੱਸੇ ਦਹਿ ਦਿਸ਼ ਧਾਰ, ਕੁੰਟ ਕੁੰਟ ਨਾ ਵੰਡ ਵੰਡਾਈਆ । ਸੁਤ ਸ਼ਬਦ ਤੇਰਾ ਬਲਕਾਰ, ਬਲ ਆਪਣਾ ਆਪ ਜਣਾਈਆ । ਹੁਕਮੇ ਅੰਦਰ ਕਰ ਤਿਆਰ, ਹਰਿ ਸਾਚੀ ਕਾਰ ਸਮਝਾਈਆ । ਲੋਅ ਪੁਰੀ ਬ੍ਰਹਿਮੰਡ ਖੰਡ ਮਹੱਲ ਅਟੱਲ ਲਏ ਉਸਾਰ, ਰਵ ਸਸ ਕਿਰਨ ਕਿਰਨ ਰੁਸ਼ਨਾਈਆ । ਮੰਡਲ ਮੰਡਪ ਦੇ ਆਧਾਰ, ਜ਼ਿਮੀ ਅਸਮਾਨਾਂ ਦੋ ਜਹਾਨਾਂ ਬੰਧਨ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰ, ਰਜੋ ਤਮੋ ਸਤੋ ਗੰਢ ਪੁਵਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਅਖਾੜ, ਗਗਨ ਗਗਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦਏ ਵਰਤਾਈਆ । ਸਾਚੀ ਵਸਤ ਇਕੋ ਇਕ, ਏਕੰਕਾਰ ਆਪ ਵਰਤਾਇੰਦਾ । ਸਚਖੰਡ ਦੁਆਰੇ ਲੇਖਾ ਦਏ ਲਿਖ, ਥਿਰ ਦੁਆਰੇ ਹੱਥ ਫੜਾਇੰਦਾ । ਸਾਚੀ ਸਿਖਿਆ ਲੈਣੀ ਸਿਖ, ਬਿਨ ਅੱਖਰ ਅੱਖਰ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਦਾ ਵਾਕ ਭਵਿਖਤ, ਹਰਿ ਜੂ ਆਪਣਾ ਆਪ ਜਣਾਇੰਦਾ । ਆਦਿ ਜੁਗਾਦਿ ਜੁਗ ਜੁਗ ਸ਼ਬਦੀ ਗੁਰ ਵਖਾਏ ਇਸ਼ਟ, ਇਸ਼ਟ ਦੇਵ ਆਪ ਮਨਾਇੰਦਾ । ਲੱਖ ਚੁਰਾਸੀ ਵੇਖ ਸ੍ਰਿਸ਼ਟ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਖੇਲਣਹਾਰਾ ਖ਼ਾਲਕ ਦ੍ਰਿਸ਼ਟ, ਮਖ਼ਲੂਕ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਖੇਲ ਜੁਗ ਚਾਰ, ਚੌਕੜੀ ਏਕਾ ਬੰਧਨ ਪਾਈਆ । ਸਾਚਾ ਹੁਕਮ ਅਪਰ ਅਪਾਰ, ਬ੍ਰਹਮਾ ਵੇਤਾ ਕਰੇ ਪੜ੍ਹਾਈਆ । ਸਾਚਾ ਲੇਖਾ ਵਿਚ ਸੰਸਾਰ, ਨਿਰਗੁਣ ਸਰਗੁਣ ਦਏ ਜਣਾਈਆ । ਬਣੇ ਵਿਚੋਲਾ ਏਕੰਕਾਰ, ਗੁਰ ਗੁਰ ਆਪਣਾ ਨਾਉਂ ਧਰਾਈਆ । ਲੇਖਾ ਜਾਣੇ ਸਚ ਦੁਆਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਲੇਖਾ ਜਾਣੇ ਆਪ ਨਿਰੰਕਾਰ, ਨਿਰਗੁਣ ਆਪਣਾ ਪੜਦਾ ਦਏ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਦਿ ਜੁਗਾਦੀ ਵੇਖੇ ਵਾਰੋ ਵਾਰ, ਨਿਤ ਨਵਿਤ ਵੇਸ ਵਟਾਈਆ । ਹੁਕਮੇ ਅੰਦਰ ਪੰਜ ਤਤ ਕਰ ਖ਼ਬਰਦਾਰ, ਬ੍ਰਹਮ ਮਤ ਕਰੇ ਪੜ੍ਹਾਈਆ । ਅਨਾਦ ਧੁੰਨ ਸ਼ਬਦ ਜੈਕਾਰ, ਅਨਹਦ ਰਾਗੀ ਰਾਗ ਸੁਣਾਈਆ । ਬ੍ਰਹਮ ਬ੍ਰਹਿਮਾਦੀ ਦੇ ਆਧਾਰ, ਪਾਰਬ੍ਰਹਮ ਪੜਦਾ

੬੨੫ ੧੨

ਦਏ ਚੁਕਾਈਆ । ਦੀਆ ਬਾਤੀ ਕਰ ਉਜਿਆਰ, ਬੰਦ ਤਾਕੀ ਦਏ ਖੁਲ੍ਹਾਈਆ । ਅੰਮ੍ਰਿਤ ਦੇਵੇ ਠੰਡਾ ਠਾਰ, ਬਣ ਸਾਕੀ ਜਾਮ ਪਿਆਈਆ । ਸ਼ਬਦ ਸੁਣਾਏ ਅਗੰਮੀ ਧਾਰ, ਤੰਦ ਸਤਾਰ ਨਾ ਕੋਇ ਹਿਲਾਈਆ । ਨਿਰਗੁਣ ਸਰਗੁਣ ਦਏ ਆਧਾਰ, ਸਰਗੁਣ ਮੇਲਾ ਸਹਿਜ ਸੁਭਾਈਆ । ਪਰਗਟ ਕਰ ਗੁਰ ਅਵਤਾਰ, ਗੁਰ ਗੁਰ ਸਾਚਾ ਹੱਟ ਚਲਾਈਆ । ਸ਼ਬਦੀ ਸ਼ਬਦ ਤੇਰਾ ਵਪਾਰ, ਲੋਕਮਾਤ ਆਪ ਜਣਾਈਆ । ਕਾਗਦ ਕਲਮ ਕਰ ਤਿਆਰ, ਲੇਖਾ ਸ਼ਾਹੀ ਨਾਲ ਰਲਾਈਆ । ਅੱਖਰ ਅੱਖਰ ਦਏ ਆਧਾਰ, ਵੱਖਰ ਵੱਖਰ ਕਰ ਪੜ੍ਹਾਈਆ । ਗੁਰ ਅਵਤਾਰਾਂ ਸੁਣ ਪੁਕਾਰ, ਪੂਰੀ ਆਸਾ ਦਏ ਕਰਾਈਆ । ਲਿਖ ਲਿਖ ਵੇਦ ਚਾਰ, ਸ਼ਾਸਤਰ ਸਿਮਰਤ ਗੀਤਾ ਗਿਆਨ ਆਪਣਾ ਗੁਣ ਜਣਾਈਆ । ਅੰਜੀਲ ਕੁਰਾਨਾ ਪਾਵੇ ਸਾਰ, ਹੱਕ ਹਕ਼ੀਕ਼ਤ ਫੋਲ ਫੋਲਾਈਆ । ਲਾਸ਼ਰੀਕ ਪਰਵਰਦਿਗਾਰ, ਬੇਪਰਵਾਹ ਆਪਣੇ ਹੱਥ ਰੱਖੇ ਵਡਿਆਈਆ । ਸਚ ਆਵਾਜ਼ ਬੋਲ ਜੈਕਾਰ, ਅਨਾਦੀ ਨਾਦ ਨਾਦ ਸੁਣਾਈਆ । ਕਲਮਾ ਕਾਇਨਾਤ ਕਰ ਤਿਆਰ, ਨਬੀ ਰਸੂਲ ਦੇਣ ਗਵਾਹੀਆ । ਅਲਫ਼ ਯੇ ਪਾਵੇ ਸਾਰ, ਨੁਕਤਾ ਨੂਨ ਨਾ ਕੋਇ ਸਮਝਾਈਆ । ਏਕਾ ਅੱਖਰ ਏਕੰਕਾਰ, ਓਅੰਕਾਰ ਰਿਹਾ ਜਣਾਈਆ । ਨਾਨਕ ਨਿਰਗੁਣ ਦੇ ਆਧਾਰ, ਵਸਤ ਅਮੋਲਕ ਇਕ ਵਰਤਾਈਆ । ਤਿੰਨ ਪੰਜ ਪੰਜ ਤਿੰਨ ਜੋੜਾ ਜੋੜ ਵਿਚ ਸੰਸਾਰ, ਪੈਂਤੀ ਅੱਖਰ ਵੰਡ ਵੰਡਾਈਆ । ਬਾਵਨ ਅੱਖਰ ਖੇਲ ਅਪਾਰ, ਏਕਾ ਸਾਤਾ ਰਿਹਾ ਜਣਾਈਆ । ਗੁਰ ਗੁਰ ਲੇਖਾ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਈਆ । ਬੋਧ ਅਗਾਧਾ ਨਾਦ ਅਨਾਦਾ ਅਗੰਮ ਅਗੰਮੜਾ ਖੇਲੇ ਖੇਲ ਅਪਰ ਅਪਾਰ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਤੇਰਾ ਘਰ, ਘਰ ਸੁਹੰਜਣਾ ਇਕ ਵਸਾਈਆ । ਘਰ ਸੁਹੰਜਣਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਲੱਖ ਚੁਰਾਸੀ ਮੇਲ ਮਿਲਾਵਾ ਹਰਿ ਜੂ ਕੰਤ, ਕੰਤ ਕੰਤੂਹਲ ਆਪਣਾ ਪਰਦਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਕਾਇਆ ਚੋਲੀ ਰੰਗੇ ਬਸੰਤ, ਬਸਨ ਬਨਵਾਰੀ ਆਪਣਾ ਰੰਗ ਰੰਗਾਇੰਦਾ । ਨਮੋ ਸਤਿ ਚਲਾਏ ਮੰਤ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਬ੍ਰਹਮ ਪਾਰਬ੍ਰਹਮ ਮਹਿਮਾ ਸੁਣਾਏ ਅਗਣਤ, ਈਸ਼ ਜੀਵ ਭੇਵ ਚੁਕਾਇੰਦਾ । ਕਰੇ ਖੇਲ ਭਗਤ ਭਗਵੰਤ, ਭਗਵਨ ਆਪਣਾ ਪੜਦਾ ਲਾਹਿੰਦਾ । ਲਹਿਣਾ ਦੇਣਾ ਚੁਕਾ ਸਾਚੇ ਸੰਤ, ਸਤਿ ਅਸਤਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਏਕਾ ਰੰਗ ਜਣਾਇੰਦਾ । ਸ਼ਬਦ ਸੁਤ ਤੇਰਾ ਰੰਗ ਗੂੜ੍ਹ, ਹਰਿ ਨਿਰੰਕਾਰਾ ਆਪ ਚੜ੍ਹਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮਾਇਆ ਮਮਤਾ ਮੋਹ ਚੁਕਾਈਆ । ਅਗਿਆਨ ਅੰਧੇਰਾ ਕਰੇ ਦੂਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਏਕਾ ਬਖ਼ਸ਼ੇ ਸਾਚਾ ਨੂਰ, ਜੋਤੀ ਜੋਤ ਜੋਤ ਰੁਸ਼ਨਾਈਆ । ਅਨਹਦ ਵੱਜੇ ਸਾਚੀ ਤੂਰ, ਰਾਗੀ ਰਾਗ ਨਾ ਕੋਇ ਅਲਾਈਆ । ਸਰਬ ਕਲ ਹੋ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਨਾਉਂ ਧਰਾਈਆ । ਆਦਿ ਜੁਗਾਦੀ ਆਸਾ ਪੂਰ, ਮਨਸਾ ਮਨਸਾ ਵਿਚ ਧਰਾਈਆ । ਤੇਰਾ ਲੇਖਾ ਲੇਖੇ ਪਾਏ ਜ਼ਰੂਰ, ਜ਼ਰੂਰਤ ਤੇਰੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਸੁਤ ਸੁਹੇਲਾ, ਆਦਿ ਜੁਗਾਦੀ ਇਕ ਇਕੇਲਾ, ਅਕਲ ਕਲ ਧਾਰੀ ਹੋਏ ਸਹਾਈਆ । ਅਕਲ ਕਲ ਧਾਰੀ ਖੇਲ ਅਵੱਲਾ, ਆਲਮੀਨ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਮਹਿਫਲ ਆਪਣੀ

ਆਪ ਲਗਾਇੰਦਾ । ਜੁਗਾ ਜੁਗੰਤਰ ਅਛਲ ਅਛੱਲਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫਿਰੇ ਹੋ ਹੋ ਝੱਲਾ, ਆਪਣੀ ਝਲਕ ਨਾ ਕਿਸੇ ਵਖਾਇੰਦਾ । ਸਚ ਸੰਦੇਸਾ ਇਕੋ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਫੜਿਆ ਪੱਲੂ ਛੁੱਟ ਨਾ ਜਾਇੰਦਾ । ਸੰਤਾਂ ਅੰਤਰ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ ਗੁਰਮੁਖ ਪਾਰ ਕਰਾਏ ਡੂੰਘੀ ਡੱਲਾ, ਕਾਇਆ ਕਵਰੀ ਫੋਲ ਫੋਲਾਇੰਦਾ । ਗੁਰਸਿਖਾਂ ਅੰਦਰ ਨਿਰਗੁਣ ਹੋ ਹੋ ਆਪੇ ਬਲਾ, ਅੰਧ ਅੰਧੇਰ ਮਿਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਕਰਦਾ ਰਹੇ ਵਲ ਛੱਲਾ, ਅਛਲ ਛਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਕੰਤ ਭਗਵੰਤ ਤੇਰਾ ਨਾਉਂ ਇਕ ਪਰਗਟਾਇੰਦਾ । ਤੇਰਾ ਨਾਉਂ ਅਪਰ ਅਪਾਰ, ਸਤਿ ਸਤਿ ਵਡਿਆਈਆ । ਗਾ ਗਾ ਥੱਕਣ ਤੇਈ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਭਗਤ ਅਠਾਰਾਂ ਬੋਲ ਜੈਕਾਰ, ਜੈ ਜੈਕਾਰ ਅਲਾਈਆ । ਈਸਾ ਮੂਸਾ ਮੁਹੰਮਦ ਮੰਗਣ ਬਣ ਬਣ ਭਿਖਾਰ, ਦਰ ਦਰਵੇਸ਼ ਝੋਲੀ ਡਾਹੀਆ । ਦਸ ਗੁਰੂ ਗਾ ਗਾ ਤੇਰੀ ਵਾਰ, ਵਾਰਤਾ ਸਕੇ ਨਾ ਕੋਇ ਮੁਕਾਈਆ । ਅੰਤਮ ਉਚੀ ਕੂਕ ਕੂਕ ਗਏ ਪੁਕਾਰ, ਬੇਅੰਤ ਬੇਅੰਤ ਬੇਅੰਤ ਤੇਰੀ ਮਹਿਮਾ ਕਥਨ ਨਾ ਜਾਈਆ । ਆਦਿ ਰੱਚਿਆ ਜਿਸ ਪਸਾਰ, ਜੁਗ ਜੁਗ ਸ਼ਬਦੀ ਧਾਰ ਚਲਾਈਆ । ਸੋ ਪੁਰਖ ਨਿਰੰਜਣ ਵਸੇ ਧਾਮ ਨਿਆਰ, ਸਚਖੰਡ ਸਾਚੇ ਡੇਰਾ ਲਾਈਆ । ਲੱਖ ਚੁਰਾਸੀ ਸਾਂਝਾ ਯਾਰ, ਏਕਾ ਕਲਮਾ ਨਬੀ ਪੜ੍ਹਾਈਆ । ਮੁਕਾਮੇ ਹੱਕ ਪਰਵਰਦਿਗਾਰ, ਪ੍ਰਭ ਬੈਠਾ ਡੇਰਾ ਲਾਈਆ । ਕਲਜੁਗ ਆਏ ਅੰਤਮ ਵਾਰ, ਪੀਰ ਪੈਗ਼ੰਬਰ ਗੁਰ ਅਵਤਾਰ ਬੈਠੇ ਧਿਆਨ ਲਗਾਈਆ । ਨਿਹਕਲੰਕ ਨਾਉਂ ਰੱਖੇ ਅਗੰਮ ਅਪਾਰ, ਮਾਤ ਪਿਤ ਨਾ ਕੋਇ ਬਣਾਈਆ । ਸਾਚੇ ਵਸੇ ਧਾਮ ਨਿਆਰ, ਸੰਬਲ ਆਪਣਾ ਡੇਰਾ ਲਾਈਆ । ਸ਼ਬਦ ਗੁਰੂ ਇਕ ਬਲਕਾਰ, ਬਲ ਆਪਣਾ ਲਏ ਧਰਾਈਆ । ਲੱਖ ਚੁਰਾਸੀ ਜੀਵ ਜੰਤ ਰਾਓ ਰੰਕ ਰਾਜ ਰਾਜਾਨ ਵੇਖ ਸੰਸਾਰ, ਸੰਸਾ ਸਭ ਦਾ ਦਏ ਮੁਕਾਈਆ । ਚਾਰ ਵਰਨ ਕਰੇ ਖੁਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਟ ਮਿਟਾਈਆ । ਅਠਾਰਾਂ ਬਰਨ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰੇ ਮੰਗਣਹਾਰ, ਨਿਉਂ ਨਿਉਂ ਬੈਠਣ ਸੀਸ ਝੁਕਾਈਆ । ਤੇਰਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਤੇਰੀ ਸਰਨਾਈਆ । ਨੌਂ ਖੰਡ ਪ੍ਰਿਥਮੀ ਹਾਹਾਕਾਰ, ਜੀਵ ਜੰਤ ਰਹੇ ਕੁਰਲਾਈਆ । ਸੱਤ ਦੀਪ ਨਾ ਪਾਏ ਕੋਈ ਸਾਰ, ਸਤਿ ਸਤਿਵਾਦੀ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਜਗਤ ਅੰਧੇਰਾ ਧੂੰਆਂਧਾਰ, ਨਿਰਗੁਣ ਚੰਦ ਨਾ ਕੋਇ ਚੜ੍ਹਾਈਆ । ਕਲਜੁਗ ਕੂੜ ਹੋਇਆ ਬਲਕਾਰ, ਬਲ ਆਪਣਾ ਰਿਹਾ ਵਖਾਈਆ । ਉਚੀ ਕੂਕ ਕੂਕ ਕਰੇ ਪੁਕਾਰ, ਮੰਦਰ ਮਸਜਦ ਸ਼ਿਵਦਵਾਲੇ ਮੱਠ ਤੀਰਥ ਅਠਸਠ ਆਪਣਾ ਫੇਰਾ ਪਾਈਆ । ਕਾਗਦ ਕਲਮ ਸ਼ਾਹੀ ਲਿਖ ਲਿਖ ਗਈ ਹਾਰ, ਸੱਤ ਸਮੁੰਦਰ ਰੋਵਣ ਜ਼ਾਰੋ ਜ਼ਾਰ, ਬਨਾਸਪਤ ਦਏ ਦੁਹਾਈਆ । ਬੌਹੜੀ ਬੌਹੜੀ ਬੌਹੜੀ ਸਭ ਤੋਂ ਵਿਛੜਿਆ ਏਕੰਕਾਰ, ਆਤਮਾ ਪਰਮਾਤਮਾ ਗਈ ਭੁਲਾਈਆ । ਬ੍ਰਹਮ ਪਾਰਬ੍ਰਹਮ ਨਾ ਕਰੇ ਪਿਆਰ, ਖ਼ੁਸ਼ੀ ਗ਼ਮ ਨਾ ਰੂਪ ਵਟਾਈਆ । ਜੀਵ ਈਸ਼ ਨਾ ਦਏ ਆਧਾਰ, ਈਸ਼ਰ ਈਸ਼ਵਰ ਬੈਠਾ ਮੁਖ ਛੁਪਾਈਆ । ਸੁਰਤ ਸੁਵਾਣੀ ਸ਼ਬਦ ਹਾਣੀ ਮਿਲੇ ਨਾ ਸਚ ਦੁਆਰ, ਦਰ ਦਰਵਾਜ਼ਾ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰ, ਨਿਝਰ ਝਿਰਨਾ ਨਾ ਕੋਇ ਝਿਰਾਈਆ ।



੬੨੯
੧੨

ਘਰ ਵਿਚ ਘਰ ਨਾ ਮਿਲੇ ਗੁਰੁਦੁਆਰ, ਸਤਿਗੁਰ ਪੂਰਾ ਨਜ਼ਰ ਨਾ ਆਈਆ । ਫੜ ਬਾਂਹੋਂ ਬੇੜਾ ਕਰਦੇ ਪਾਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਪ੍ਰਭ ਅਬਿਨਾਸ਼ੀ ਅੱਗੇ ਕਰਨ ਨਿਮਸਕਾਰ, ਸਯਦਾ ਸੀਸ ਜਗਦੀਸ ਝੁਕਾਈਆ । ਕਲਜੁਗ ਅੰਤਮ ਆਈ ਤੇਰੀ ਵਾਰ, ਸਾਡਾ ਬਲ ਰਿਹਾ ਨਾ ਰਾਈਆ । ਕਰ ਕਿਰਪਾ ਏਕੰਕਾਰ, ਇਕ ਤੇਰੀ ਓਟ ਤਕਾਈਆ । ਰਾਹ ਦੱਸ ਕੇ ਆਏ ਸਰਬ ਸੰਸਾਰ, ਸ੍ਰਿਸ਼ਟ ਸਬਾਈ ਗਈ ਭੁਲਾਈਆ । ਧਰਨੀ ਧਰਤ ਧਵਲ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਖੁਲੜੇ ਕੇਸ ਫਿਰੇ ਦੁਆਰ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਮੈਥੋਂ ਚੁੱਕਿਆ ਨਾ ਜਾਏ ਭਾਰ, ਭਾਵੀ ਤੇਰੀ ਬੇਪਰਵਾਹੀਆ । ਕਰ ਕਿਰਪਾ ਮੇਰੀ ਸਰਕਾਰ, ਸ਼ਹਿਨਸ਼ਾਹ ਸੱਚੀ ਤੇਰੀ ਸ਼ਹਿਨਸ਼ਾਹੀਆ । ਮੇਰਾ ਦੁਖੜਾ ਦੇ ਨਿਵਾਰ, ਦੁਖੀ ਹੋਈ ਸਰਬ ਲੋਕਾਈਆ । ਤੇਰੇ ਭਗਤ ਮੇਰੀ ਛਾਤੀ ਉਤੇ ਬਹਿ ਬਹਿ ਕਰਨ ਪੁਕਾਰ, ਅੰਦਰ ਵੜ ਵੜ ਧਿਆਨ ਲਗਾਈਆ । ਬਾਹਰ ਲੁੱਟਣ ਠੱਗ ਚੋਰ ਯਾਰ, ਅੰਦਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਆਪਣਾ ਬਲ ਵਖਾਈਆ । ਜਿਸ ਦਰ ਜਾਵਾਂ ਚਾਰੋਂ ਕੁੰਟ ਧੱਕੇ ਰਹੇ ਮਾਰ, ਸਿਰ ਹੱਥ ਨਾ ਕੋਇ ਟਿਕਾਈਆ । ਮੱਕੇ ਫਿਰ ਫਿਰ ਆਈ ਵਾਰੋ ਵਾਰ, ਸਾਰੇ ਮਕਬਰਾ ਰਹੇ ਬਣਾਈਆ । ਤਬਸਰਾ ਕਰੇ ਸਰਬ ਜਹਾਨ, ਗ਼ਫ਼ਲਤ ਸੁੱਤੀ ਸਰਬ ਲੋਕਾਈਆ । ਤੇਰਾ ਨਾਉਂ ਨਾ ਵਣਜ ਵਪਾਰ, ਕੂੜੀ ਕਿਰਿਆ ਹੱਟ ਚਲਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਹੋਏ ਠੱਗਣਹਾਰ, ਜਗਤ ਠਗੌਰੀ ਰਿਹਾ ਪਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਕਰ ਥੱਕੇ ਨਿਮਸਕਾਰ, ਨਿਮਖ ਨਿਮਖ ਦੁੱਖ ਨਾ ਕੋਇ ਕਟਾਈਆ । ਹਰਖ ਸੋਗ ਦੀ ਭਰੀ ਆਈ ਤੇਰੇ ਦੁਆਰ, ਦਰਦੀ ਦੇਣਾ ਦਰਦ ਵੰਡਾਈਆ । ਚੌਦਾਂ ਲੋਕ ਹਾਹਾਕਾਰ, ਤ੍ਰੈਕਾਲ ਦਰਸੀ ਤੇਰੀ ਸਾਰ ਕਿਸੇ ਨਾ ਪਾਈਆ । ਚੌਦਾਂ ਤਬਕ ਝੂਠੀ ਕਾਰ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਅੱਲਾ ਰਾਣੀ ਹੋਈ ਖ਼ੁਵਾਰ, ਮੁਖ ਘੁੰਗਟ ਨਾ ਸਕੇ ਉਠਾਈਆ । ਕਿਸੇ ਹੱਥ ਨਾ ਆਇਆ ਪਰਵਰਦਿਗਾਰ, ਪੁਰਖ ਅਬਿਨਾਸ਼ੀ ਬੈਠਾ ਮੁਖ ਛੁਪਾਈਆ । ਕਰ ਕਿਰਪਾ ਦੇ ਦੀਦਾਰ, ਮੁਖ ਨਕ਼ਾਬ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਸੁਣ ਧਰਨੀ ਉਠ ਨੇਤਰ ਨੈਣ ਖੋਲ੍ਹ, ਖ਼ਾਲਕ ਖ਼ਲਕ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਤੋਲਣਹਾਰਾ ਤੋਲ, ਜੁਗ ਜੁਗ ਕੰਡਾ ਹੱਥ ਉਠਾਇੰਦਾ । ਕਲਜੁਗ ਅੰਤ ਸੁੱਤੀ ਰਹੀਂ ਨਾ ਅਨਭੋਲ, ਭੁੱਲੀ ਭਟਕੀ ਰਾਹੇ ਪਾਇੰਦਾ । ਪਾਰਬ੍ਰਹਮ ਪ੍ਰਭ ਵਸੇ ਭਗਤਾਂ ਕੋਲ, ਦੂਜੇ ਦਰ ਨਾ ਫੇਰਾ ਪਾਇੰਦਾ । ਅੰਦਰ ਵੜ ਕੇ ਹੌਲੀ ਹੌਲੀ ਰਿਹਾ ਬੋਲ, ਜਗਤ ਨੇਤਰ ਨਜ਼ਰ ਨਾ ਆਇੰਦਾ । ਉਠ ਸੁਵਾਣੀ ਆਪਣਾ ਕੁੰਡਾ ਖੋਲ੍ਹ, ਖ਼ਾਲਕ ਖ਼ਲਕ ਫੇਰਾ ਪਾਇੰਦਾ । ਦੇਵੇ ਦਰਸ ਇਕ ਅਨਮੋਲ, ਅਮੁਲ ਮੁਲ ਕੋਇ ਨਾ ਲਾਇੰਦਾ । ਤੇਰਾ ਬਦਲ ਦੇਵੇ ਚੋਲਾ ਚੋਲ, ਚੋਲੀ ਆਪਣੇ ਰੰਗ ਰੰਗਾਇੰਦਾ । ਫੜ ਬਾਂਹੋਂ ਉਠਾਏ ਅਡੋਲ, ਆਪਣੀ ਗੋਦ ਬਹਾਇੰਦਾ । ਜਾ ਕੇ ਦੁਖੜਾ ਆਪਣਾ ਫੋਲ, ਦੀਨਾਂ ਨਾਥ ਦੁਖੀਆਂ ਦਰਦ ਵੰਡਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੋਲ, ਮੁੱਲਾਂ ਸ਼ੇਖ਼ ਮੁਸਾਇਕ ਸਿਫ਼ਤ ਨਾ ਕੋਇ ਸਾਲਾਹਿੰਦਾ । ਲੱਖ ਚੁਰਾਸੀ ਕੋਲੋਂ ਕਰ ਕੇ ਬੈਠਾ ਪਰਦਾ ਓਹਲ, ਗੁਰਸਿਖਾਂ ਕੋਲੋਂ ਪਰਦਾ ਆਪ ਉਠਾਇੰਦਾ । ਦਰ ਘਰ ਵਜਾਏ ਸੱਚਾ ਢੋਲ, ਢੋਲਕ ਛੈਣਾ ਨਾ ਕੋਇ ਰਖਾਇੰਦਾ । ਰਾਤੀਂ ਸੁੱਤਿਆਂ ਕਰੇ ਚੋਲ੍ਹ, ਗੁਰਮੁਖ ਬਾਲ ਅਵਾਣੇ ਗੋਦ ਬਹਾਇੰਦਾ । ਆਦਿ ਪੁਰਖ ਸ਼ਬਦ ਦੁਲਾਰੇ ਸੰਗ ਕਰਿਆ ਕੌਲ, ਕਲਜੁਗ ਅੰਤਮ ਕੀਤਾ ਕੌਲ ਭੁੱਲ ਨਾ ਜਾਇੰਦਾ । ਦੇਵੇ ਵਡਿਆਈ

ਸਾਚੀ ਧੌਲ, ਧਰਨੀ ਧਰਤ ਦਇਆ ਕਮਾਇੰਦਾ । ਭਗਤ ਦੁਆਰੇ ਜਾ ਕੇ ਕਰ ਸੇਵਾ ਘੋਲੀ ਘੋਲ, ਕੀਤੀ ਸੇਵਾ ਘਾਲ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸ ਸ੍ਰੀ ਭਗਵਾਨ, ਤੇਰਾ ਮੋਹੇ ਇਕੋ ਭਾਇੰਦਾ । ਕਵਣ ਦੁਆਰੇ ਮਿਲੇ ਗੁਣ ਨਿਧਾਨ, ਕਵਣ ਵੇਲਾ ਵਕ਼ਤ ਸੁਹਾਇੰਦਾ । ਕਵਣ ਝੁਲਾਏ ਸਚ ਨਿਸ਼ਾਨ, ਕਵਣ ਦੁਆਰੇ ਹੱਥ ਉਠਾਇੰਦਾ । ਕਵਣ ਗੁਣ ਜਣਾਏ ਵਿਚ ਜਹਾਨ, ਗੁਣਵੰਤਾ ਫੇਰਾ ਪਾਇੰਦਾ । ਮੈਂ ਕਮਲੀ ਕੋਝੀ ਚਰਨੀ ਡਿਗੀ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਇਛਿਆ ਪੂਰ ਕਰਾਇੰਦਾ । ਇਛਿਆ ਪੂਰ ਕਰੇ ਕਰਤਾਰਾ, ਧਰਨੀ ਧਰਤ ਧਵਲ ਜਣਾਇੰਦਾ । ਪਰਗਟ ਹੋਇਆ ਹਰਿ ਨਿਰੰਕਾਰਾ, ਨਿਹਕਲੰਕ ਨਾਉਂ ਰਖਾਇੰਦਾ । ਜਿਸ ਰਚਿਆ ਆਦਿ ਪਸਾਰਾ, ਸੋ ਅੰਤਮ ਵੇਖ ਵਖਾਇੰਦਾ । ਜਿਸ ਘੱਲੇ ਗੁਰ ਅਵਤਾਰਾ, ਸੋ ਪੁਰਖ ਵੇਸ ਵਟਾਇੰਦਾ । ਜਿਸ ਦਰ ਮੰਗਦੇ ਬਣ ਭਿਖਾਰਾ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹਿੰਦਾ । ਸੋ ਸਾਹਿਬ ਬਣਿਆ ਵਰਤਾਰਾ, ਸਾਚੀ ਵਸਤ ਝੋਲੀ ਪਾਇੰਦਾ । ਜਾ ਕੇ ਕਰ ਚਰਨ ਨਿਮਸਕਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਜੂ ਵਸੇ ਭਗਤ ਦੁਆਰਾ, ਬਿਨ ਭਗਤਾਂ ਹੱਥ ਕਿਸੇ ਨਾ ਆਇੰਦਾ । ਜਿਸ ਗ੍ਰਿਹਿ ਸੁਣਾਏ ਸਚ ਜੈਕਾਰਾ, ਜੈ ਜੈਕਾਰ ਆਪ ਅਲਾਇੰਦਾ । ਸੋਹੰ ਸ਼ਬਦ ਆਦਿ ਜੁਗਾਦਿ ਸਤਿ ਵਰਤਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦੁਖੜਾ ਦੁੱਖ ਮਿਟਾਇੰਦਾ । ਤੇਰਾ ਦੁੱਖ ਮਿਟਾਏ ਦੁਖੜਾ, ਦੀਨਾਂ ਅਨਾਥਾਂ ਹੋਏ ਸਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਦਾ ਪ੍ਰਭ ਜੋ ਭੁਖੜਾ, ਭੁਖਿਆਂ ਭੁੱਖ ਦਏ ਗਵਾਈਆ । ਲਹਿਣਾ ਦੇਣਾ ਚੁਕਾਏ ਮਾਤ ਗਰਭ ਉਲਟਾ ਰੁਖੜਾ, ਲੇਖਾ ਲੇਖੇ ਲਏ ਪਾਈਆ । ਉਜਲ ਕਰਾਏ ਤੇਰਾ ਮੁਖੜਾ, ਦੁਰਮਤ ਮੈਲ ਧੁਵਾਈਆ । ਕਰੇ ਖੇਲ ਅਬਿਨਾਸ਼ੀ ਅਚੁਤੜਾ, ਪਾਰਬ੍ਰਹਮ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਘੁਥੜਾ, ਪਾਂਧੀ ਰਾਹ ਨਾ ਕੋਇ ਵਖਾਈਆ । ਗੁਰਮੁਖ ਰੱਖੇ ਇਕੋ ਮੁਠੜਾ, ਮੁਠੀ ਆਪਣੀ ਵਿਚ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਸਚ ਸੰਦੇਸਾ ਮੇਰੇ ਦਿਆਲ, ਤੇਰਾ ਮੋਹੇ ਭਾਇੰਦਾ । ਚਾਰੋਂ ਕੁੰਟ ਕੂਕੇ ਕਾਲ, ਮਹਾਕਾਲ ਮੋਹੇ ਡਰਾਇੰਦਾ । ਗੁਰਦਰ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਥੱਕੀ ਭਾਲ, ਗੁਰਮੁਖ ਪੂਰਾ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੈਂ ਚਲ ਚਲ ਥੱਕੀ ਆਪਣੀ ਚਾਲ, ਤੇਰਾ ਪੰਧ ਨਾ ਕੋਇ ਮੁਕਾਇੰਦਾ । ਖਾਲੀ ਦਿਸੇ ਦੀਪਕ ਗਗਨ ਥਾਲ, ਜੋਤੀ ਨੂਰ ਨਾ ਕੋਇ ਜਗਾਇੰਦਾ । ਦਰੋਹੀ ਖੁਦਾਏ ਹੋਈ ਬੇਹਾਲ, ਖ਼ੁਦੀ ਤਕੱਬਰ ਨਾ ਕੋਇ ਗਵਾਇੰਦਾ । ਵੇਖ ਵੇਖ ਥੱਕੀ ਸ਼ਾਹ ਕੰਗਾਲ, ਤੇਰੇ ਨਾਮ ਕੰਗਾਲੀ ਝੋਲੀ ਕੋਇ ਨਾ ਪਾਇੰਦਾ । ਲੱਖ ਚੁਰਾਸੀ ਫਲ ਨਾ ਦਿਸੇ ਕਿਸੇ ਪਤ ਡਾਲ, ਸਿਮਲ ਰੁੱਖ ਸਰਬ ਲਹਿਰਾਇੰਦਾ । ਤ੍ਰੈਗੁਣ ਮਾਇਆ ਨਜ਼ਰ ਆਏ ਜੰਜਾਲ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਸਾਧ ਸੰਤ ਹੋਏ ਬੇਹਾਲ, ਬੇਵਾ ਰੂਪ ਸਭ ਹੀ ਨਜ਼ਰੀ ਆਇੰਦਾ । ਤੇਰਾ ਖੇੜਾ ਵਸੇ ਇਕ ਗੋਪਾਲ, ਗੋਬਿੰਦ ਤੇਰਾ ਰੰਗ ਰੰਗਾਇੰਦਾ । ਬਣਨਾ ਵਿਚੋਲਾ ਅੰਤ ਦਲਾਲ, ਸਚ ਦਲਾਲੀ ਇਕ ਵਖਾਇੰਦਾ । ਲਹਿਣਾ ਦੇਣਾ ਚੁਕੌਣਾ ਹੱਕ ਹਲਾਲ, ਹਕੀਕ਼ਤ ਤੇਰੇ ਹੱਥ ਫੜਾਇੰਦਾ । ਗੁਰਮੁਖ ਤੇਰੇ ਗੁਰਸਿਖ ਲਾਲ, ਲਾਲ ਅਨਮੁਲੜੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਅੰਤਮ ਵਾਰ, ਹਰਿ ਜੂ

ਹਰਿ ਹਰਿ ਆਪ ਚੁਕਾਈਆ । ਭਗਤ ਭਗਵੰਤ ਕਰ ਤਿਆਰ, ਭਾਵੀ ਦਏ ਮਿਟਾਈਆ । ਬਹੱਤਰਾਂ ਲੇਖਾ ਅੰਤ ਸੰਸਾਰ, ਵਡ ਸੰਸਾਰੀ ਆਪ ਚੁਕਾਈਆ । ਸੱਤਰਾਂ ਖੋਲ੍ਹੇ ਆਪ ਕਿਵਾੜ, ਘਰ ਮੇਲਾ ਸਹਿਜ ਸੁਭਾਈਆ । ਚੁਹੱਤਰਾਂ ਲੇਖਾ ਆਰ ਪਾਰ, ਦੋ ਜਹਾਨ ਇਕ ਸਰਨਾਈਆ । ਹਰਿ ਸੰਗਤ ਮੇਲਾ ਧੁਰ ਦਰਬਾਰ, ਗੁਰ ਚੇਲਾ ਲਏ ਮਿਲਾਈਆ । ਸੱਜਣ ਸੁਹੇਲਾ ਏਕੰਕਾਰ, ਦੂਜੀ ਓਟ ਨਾ ਕੋਇ ਰਖਾਈਆ । ਕਲਜੁਗ ਅੰਤਮ ਵੇਲਾ ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਨਾਰੀ ਪੁਰਸ਼ ਲਏ ਤਰਾਈਆ । ਜਿਸ ਨੇਤਰ ਦੇਵੇ ਆਪ ਦੀਦਾਰ, ਨਿਜ ਨੇਤਰ ਦਏ ਖੁਲ੍ਹਾਈਆ । ਧਰਨੀ ਤੇਰਾ ਹੌਲਾ ਕਰੇ ਭਾਰ, ਹੌਲੀ ਹੌਲੀ ਸਭ ਦੀ ਸਫਾ ਦਏ ਉਠਾਈਆ । ਬੀਸ ਬੀਸਾ ਖੇਲ ਕਰੇ ਕਰਤਾਰ, ਜਗਤ ਜਗਦੀਸਾ ਸੱਚਾ ਸ਼ਹਿਨਸ਼ਾਹੀਆ । ਹੁਕਮੇ ਅੰਦਰ ਕਰੇ ਕਾਰ, ਖੰਡਾ ਖੜਗ ਨਾ ਕੋਇ ਚਮਕਾਈਆ । ਨਿਧੜਕ ਫਿਰੇ ਆਪ ਨਿਰੰਕਾਰ, ਨਿਰਭੌ ਭੈ ਨਾ ਕੋਇ ਰਖਾਈਆ । ਅਜੂਨੀ ਰਹਿਤ ਹੋ ਤਿਆਰ, ਅਨਭਵ ਪਰਕਾਸ਼ ਇਕ ਕਰਾਈਆ । ਸਾਕਤ ਨਿੰਦਕ ਦੁਸ਼ਟ ਕਰ ਖੁਆਰ, ਗੁਰਮੁਖ ਸਾਚੇ ਲਏ ਉਠਾਈਆ । ਆਤਮ ਪਰਮਾਤਮ ਇਕ ਜੈਕਾਰ, ਸੋਹੰ ਢੋਲਾ ਦਏ ਜਣਾਈਆ । ਸ਼ਬਦ ਸੁਰਤ ਨਾਤਾ ਜੋੜ ਕਰਤਾਰ, ਕੁਦਰਤ ਕਾਦਰ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਦਰਸ ਦੀਦਾਰ, ਜਨਮ ਮਰਨ ਮਰਨ ਜਨਮ ਲੱਖ ਚੁਰਾਸੀ ਜਮ ਕੀ ਫਾਸੀ ਆਵਣ ਜਾਵਣ ਪੱਤਤ ਪਾਵਣ ਗੇੜਾ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਏਕਾ ਜੋਤ ਨੂਰ ਪਰਕਾਸ਼, ਪਰਕਾਸ਼ਵਾਨ ਬੇਐਬ ਨੂਰ ਖ਼ੁਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਗੁਰਮੁਖ ਗੁਰਸਿਖ ਗੁਰਦੇਵ ਸੇਵਕ ਕਰ ਕਰ ਦਾਸਨ ਦਾਸ, ਦਹਿ ਦਿਸ਼ਾ ਵੇਖ ਵਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਏਕੰਕਾਰ ਇਕ ਅਬਿਨਾਸ਼ੀ, ਦੂਸਰ ਕੋਇ ਥਿਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੋਹੰ ਰੂਪ ਪਵਣ ਸਵਾਸ, ਪਵਣ ਪਵਣਾ ਅਵਣ ਗਵਣਾ ਤ੍ਰੈਭਵਨਾ ਲੋਕ ਪਰਲੋਕ ਸਚ ਸਲੋਕ ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਮੋਖ, ਗੁਰ ਅਵਤਾਰ ਪੀਰ ਪੈਗ਼ੰਬਰ ਮਿਟਾ ਮਿਟਾ ਹਰਖ਼ ਸੋਗ, ਲਹਿਣਾ ਦੇਣਾ ਚੁਕਾ ਚੌਦਾਂ ਲੋਕ, ਜੁਗ ਜੁਗ ਸੁਣਾ ਸਚ ਸਲੋਕ, ਸੋਹਲਾ ਢੋਲਾ ਸਾਹਿਬ ਸਤਿਗੁਰ ਸਦਾ ਸਦ ਏਕਾ ਏਕ ਜਣਾਈਆ ।



## ❋ ੧੩ ਭਾਦਰੋਂ ੨੦੧੯ ਬਿਕ੍ਰਮੀ ਜ਼ੋਰਾ ਸਿੰਘ ਦੇ ਗ੍ਰਿਹਿ ਸੱਦੇ ਵਾਲਾ ❋

ਅਕਲ ਕਲ ਧਾਰੀ ਕਲ ਕਰੇ ਘਾਤ, ਘਾਓ ਆਪਣਾ ਨਾਮ ਲਗਾਈਆ । ਜਗਤ ਅੰਧੇਰੀ ਮੇਟੇ ਰਾਤ, ਨਾਮ ਨਿਧਾਨਾ ਚੰਦ ਰੁਸ਼ਨਾਈਆ । ਲਹਿਣਾ ਚੁਕਾਏ ਜ਼ਾਤ ਪਾਤ, ਆਤਮ ਬ੍ਰਹਮ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਦੇਵੇ ਦਾਤ, ਲੱਖ ਚੁਰਾਸੀ ਝੋਲੀ ਪਾਈਆ । ਬੋਧ ਅਗਾਧ ਸੁਣਾਏ ਗਾਥ, ਅੱਖਰ ਵੱਖਰ ਇਕ ਜਣਾਈਆ । ਹਰਿਜਨ ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਇਕ ਵਖਾਏ ਡੂੰਘਾ ਖਾਤ, ਗਹਿਰ ਗੰਭੀਰ ਬੇਪਰਵਾਹੀਆ । ਸਚ ਜੁੜਾਏ ਹਰਿ ਜੂ ਨਾਤ, ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਵਾਹੀਆ । ਲੇਖਾ ਜਾਣੇ ਕਾਇਨਾਤ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਕਲ ਕਲ ਧਾਮ ਖੇਲ ਅਵੱਲਾ,

ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਇਲਾਹੀ ਨੂਰ ਪੜਦਾ ਲਾਹਿੰਦਾ । ਬਿਸਮਿਲ ਹੋ ਹੋ ਆਪੇ ਰਲਾ, ਆਪ ਆਪਣਾ ਭੇਵ ਛੁਪਾਇੰਦਾ । ਵਸਣਹਾਰਾ ਜਲਾ ਥਲਾ, ਘਟ ਘਟ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਜਣਾਇੰਦਾ । ਸਾਚੀ ਧਾਰਾ ਕਲਜੁਗ ਕਲ, ਹਰਿ ਕਰਤਾ ਆਪ ਚਲਾਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਭੇਵ ਨਾ ਜਾਣੇ ਰਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠਾ ਮੱਲ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਰਲ, ਸਰਗੁਣ ਵੇਖੇ ਚਾਈਂ ਚਾਈਂਆ । ਸਤਿ ਪਰਕਾਸ਼ ਦੀਪਕ ਜੋਤ ਆਪੇ ਬਲ, ਬਲ ਆਪਣਾ ਆਪ ਪਰਗਟਾਈਆ । ਸਤਿ ਸੰਦੇਸਾ ਸ੍ਰੀ ਭਗਵਾਨ ਏਕਾ ਘੱਲ, ਬ੍ਰਹਮ ਪਾਰਬ੍ਰਹਮ ਸਮਝਾਈਆ । ਲੱਖ ਚੁਰਾਸੀ ਵੇਖਣਹਾਰਾ ਖਾਣੀ ਬਾਣੀ ਫਲ, ਪੱਤ ਡਾਲ੍ਹੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਲੇਖਾ ਰੱਖੇ ਹੱਥ, ਕੁਲਵੰਤਾ ਆਪਣੀ ਦਇਆ ਕਮਾਈਆ । ਸਦਾ ਸੁਹੇਲਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਆਦਿ ਜੁਗਾਦਿ ਮਹਿਮਾ ਅਕਥ, ਕਥਨੀ ਕਥ ਆਪ ਸਮਝਾਈਆ । ਸਤਿ ਸਤਿਵਾਦੀ ਸਾਚਾ ਮਾਰਗ ਦੱਸ, ਹਰਿਜਨ ਸਾਚੇ ਲਏ ਜਗਾਈਆ । ਤੀਰ ਅਣਿਆਲਾ ਮਾਰੇ ਕਸ, ਬਿਰਹੋਂ ਰੋਗ ਮਿਟਾਈਆ । ਕਰ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰ ਮਿਟਾਈਆ । ਅਨਹਦ ਸ਼ਬਦ ਗਾਏ ਸਾਚਾ ਜਸ, ਜਸ ਵੇਦ ਪੁਰਾਨ ਨਾ ਕੋਇ ਸੁਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹਰਿਭਗਤ ਪਿਆਰ ਜਾਏ ਫਸ, ਦੂਜਾ ਫਾਂਦੀ ਨਜ਼ਰ ਕੋਇ ਨਾ ਆਈਆ । ਲਹਿਣਾ ਦੇਣ ਚੁਕਾਏ ਹੱਥੋ ਹੱਥ, ਪੂਰਬ ਲੇਖਾ ਆਪ ਮੁਕਾਈਆ । ਵੇਖਣਹਾਰਾ ਅਠਸਠ, ਸਠ ਅਠ ਆਪਣਾ ਬੰਧਨ ਪਾਈਆ । ਭੇਵ ਜਣਾਏ ਮੰਦਰ ਮੱਠ, ਮਸਜਦ ਪੜਦਾ ਏਕਾ ਲਾਹੀਆ । ਸਤਿ ਦੁਆਰੇ ਸਤਿ ਇਕੱਠ, ਜਨ ਭਗਤਾਂ ਆਪ ਕਰਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਪਰਕਾਸ਼ਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਦਏ ਮਿਟਾਈਆ । ਕਲ ਕਰਨੀ ਅੰਧੇਰਾ ਚੌਥੇ ਯੁਗ, ਕੂਕ ਕੂਕ ਕੂਕ ਸੁਣਾਈਆ । ਅੰਤਮ ਔਧ ਗਈ ਪੁਗ, ਥਿਰ ਕੋਇ ਰਹਿਣ ਨਾ ਪਾਈਆ । ਕੂੜੀ ਚੋਗ ਜੀਵ ਜੰਤ ਰਹੇ ਚੁਗ, ਸਚ ਸੁੱਚ ਰਸ ਨਾ ਕੋਇ ਰਖਾਈਆ । ਆਪਣਾ ਆਪ ਨਾ ਸਕੇ ਬੁਝ, ਗੁਰ ਮੰਤਰ ਨਾ ਕੋਇ ਦ੍ਰਿੜਾਈਆ । ਕਾਇਆ ਕਵਰੀ ਡੂੰਘੀ ਭਵਰੀ ਬੈਠੇ ਲੁਕ, ਪਾਰ ਕਿਨਾਰਾ ਨਾ ਕੋਇ ਵਖਾਈਆ । ਸਾਹਿਬ ਸਤਿਗੁਰ ਸੀਸ ਗਿਆ ਨਾ ਕਿਸੇ ਝੁਕ, ਸਯਦਾ ਮੁਰਸ਼ਦ ਮੁਰੀਦ ਨਾ ਕੋਇ ਜਣਾਈਆ । ਅੰਦਰ ਵੜ ਵੜ ਗ੍ਰਿਹ ਮੰਦਰ ਹਾਲ ਮੁਰੀਦਾਂ ਕੋਇ ਨਾ ਸਕੇ ਪੁੱਛ, ਬੇਹਬਲ ਹੋਈ ਸਰਬ ਲੋਕਾਈਆ । ਸਾਧਾਂ ਸੰਤਾਂ ਹੱਥ ਨਾ ਵਸਤੂ ਕੁਛ, ਖਾਲੀ ਹੱਥ ਦੇਣ ਦੁਹਾਈਆ । ਰਸਨਾ ਜਿਹਵਾ ਰਹੇ ਬੁੱਕ, ਆਤਮ ਰੋ ਰੋ ਆਪਣਾ ਨੀਰ ਵਹਾਈਆ । ਬਿਨ ਅੰਮ੍ਰਿਤ ਬੂਟੇ ਗਏ ਸੁੱਕ, ਹਰੇ ਸਿੰਚ ਨਾ ਕੋਇ ਕਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਆਏ ਗਏ ਉਠ, ਲੋਕਮਾਤ ਫੇਰਾ ਪਾਈਆ । ਪੁਰਖ ਅਬਿਨਾਸ਼ੀ ਚਰਨਾਂ ਹੇਠਾਂ ਰੱਖੇ ਏਕਾ ਗੁਠ, ਸਿਰ ਆਪਣਾ ਹੱਥ ਟਿਕਾਈਆ । ਨਾ ਕੋਈ ਰੱਖੇ ਕਾਇਆ ਬੁੱਤ, ਪੰਜ ਤਤ ਨਾ ਕੋਇ ਵਡਿਆਈਆ । ਇਕ ਇਕੱਲਾ ਸਚ ਦੁਲਾਰਾ ਸ਼ਬਦੀ ਪੁਤ, ਪੂਤ ਸਪੂਤਾ ਇਕ ਸੁਹਾਈਆ । ਸੁਹਾਵਣਹਾਰਾ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਨਾਮ ਖ਼ਜ਼ਾਨਾ ਗੁਣ ਨਿਧਾਨਾ ਆਦਿ ਜੁਗਾਦੀ ਆਪੇ ਲੁੱਟ, ਜਨ ਭਗਤਾਂ ਝੋਲੀ ਪਾਈਆ ।

੬੩੦
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਵੇਖ ਵਖਾਈਆ । ਕਲਜੁਗ ਕਿਰਿਆ ਕਰੇ ਪੁਕਾਰ, ਨਾਅਰਾ ਏਕਾ ਏਕ ਸੁਣਾਇਆ । ਚਾਰ ਵਰਨ ਹੋਏ ਬੇਜ਼ਾਰ, ਬੇਦਾਰ ਰਹੀ ਕਰਾਇਆ । ਮਾਤ ਪਿਤ ਨਾ ਕੋਇ ਪਿਆਰ, ਭੈਣ ਭਾਈ ਨਾ ਸੰਗ ਰਖਾਇਆ । ਨਾਤਾ ਤੁਟਾ ਪੁਰਖ ਨਾਰ, ਕੰਤ ਕੰਤੂਹਲ ਨਾ ਕੋਇ ਹੰਢਾਇਆ । ਹਰਿ ਜੂ ਮਿਲਿਆ ਨਾ ਸੱਚਾ ਯਾਰ, ਸਤਿਗੁਰ ਸੰਗ ਨਾ ਕੋਇ ਨਿਭਾਇਆ । ਰਸਨਾ ਜਿਹਵਾ ਨਾ ਕੋਇ ਆਧਾਰ, ਆਤਮ ਰਸ ਨਾ ਕੋਇ ਚਖਾਇਆ । ਕਾਗਦ ਕਲਮ ਗਈ ਹਾਰ, ਹਰਿ ਕਾ ਲੇਖ ਨਾ ਕਿਸੇ ਮੁਕਾਇਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਗੁਰੂ ਅਵਤਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਵਾਹਵਾ ਕੁਦਰਤ ਤੇਰੀ ਪਰਵਰਦਿਗਾਰ, ਕਾਦਰ ਤੇਰਾ ਅੰਤ ਕਿਸੇ ਨਾ ਆਇਆ । ਤੇਰੀ ਮਹਿਮਾ ਲਿਖ ਨਾ ਸਕੇ ਵੇਦ ਚਾਰ, ਬ੍ਰਹਮਾ ਵੇਤਾ ਆਪਣਾ ਬਲ ਰਖਾਇਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਉਤਰਿਆ ਪਾਰ, ਆਪ ਆਪਣਾ ਪੰਧ ਮੁਕਾਇਆ । ਕਲਜੁਗ ਆਈ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਸੰਗੀ ਸਗਲੀ ਸਾਥੀ ਗਏ ਹਾਰ, ਸਾਚਾ ਸੰਗ ਨਾ ਕੋਇ ਨਿਭਾਇਆ । ਗੱਲੀਂ ਬਾਤੀਂ ਮੇਲ ਮਿਲਾਵਾ ਦੱਸਣ ਹਰਿ ਕਰਤਾਰ, ਬਾਂਹੋਂ ਫੜ ਨਾ ਕੋਇ ਮਿਲਾਇਆ । ਰਾਤੀਂ ਸੁੱਤਿਆਂ ਕਰਨ ਪੁਕਾਰ, ਆਲਸ ਨਿੰਦਰਾ ਨਾ ਕੋਇ ਮਿਟਾਇਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਵਿਚ ਸੰਸਾਰ, ਪੜ੍ਹ ਪੜ੍ਹ ਪੰਧ ਨਾ ਕਿਸੇ ਮੁਕਾਇਆ । ਅੱਖਰ ਅੱਖਰ ਸਰਗੁਣ ਧਾਰ, ਨਿਰਗੁਣ ਬਿਨ ਅੱਖਰ ਆਪਣਾ ਰਾਹ ਚਲਾਇਆ । ਪੱਟੀ ਲਿਖੇ ਨਾ ਅੱਖਰ ਮੇਟੇ ਕਰ ਪਿਆਰ, ਕਰ ਕਿਰਪਾ ਆਪਣਾ ਨਾਉਂ ਆਪ ਸਮਝਾਇਆ । ਰੱਤੀ ਰੱਤ ਲਏ ਉਭਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣਾ ਵੇਸ ਧਰਾਇਆ । ਕਲ ਕਲਵੰਤਾ ਕਾਲਾ ਮੁਖ, ਕਾਰਨ ਆਪਣਾ ਰਿਹਾ ਛੁਪਾਈਆ । ਨਵ ਨੌਂ ਚਾਰ ਇਕੋ ਦੁੱਖ, ਘਰ ਘਰ ਪਈ ਲੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਤਮ ਪਰਮਾਤਮ ਦੇਵੇ ਨਾ ਕੋਇ ਸੁਖ, ਸੁਖ ਸਾਂਤ ਨਾ ਕੋਇ ਕਰਾਈਆ । ਪ੍ਰਭ ਅਬਿਨਾਸ਼ੀ ਕੋਲੋਂ ਸਾਰੇ ਬੈਠੇ ਲੁਕ, ਆਪਣਾ ਆਪਣਾ ਪੜਦਾ ਪਾਈਆ । ਲੋਕਮਾਤ ਨਾਤਾ ਤੁਟਾ ਗਏ ਰੁੱਠ, ਰੁਠੜਾ ਯਾਰ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਭੇਵ ਜਣਾਈਆ । ਕਲਜੁਗ ਤੇਰਾ ਅੰਤ ਕਿਨਾਰਾ, ਅੰਤ ਅੰਤ ਜਣਾਇੰਦਾ । ਨੇਤਰ ਰੋਵੇ ਗੁਰ ਅਵਤਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਵਲੀ ਗੌਂਸ ਨਾ ਕੋਇ ਪਿਆਰਾ, ਪੀਰ ਪੈਗ਼ੰਬਰ ਨੈਣ ਸ਼ਰਮਾਇੰਦਾ । ਸ਼ਾਸਤਰ ਸਿਮਰਤ ਨਾ ਪਾਵੇ ਕੋਈ ਸਾਰਾ, ਵੇਦ ਪੁਰਾਨ ਰਾਹ ਨਾ ਕੋਇ ਜਣਾਇੰਦਾ । ਗੀਤਾ ਗਿਆਨ ਨਾ ਕੋਇ ਆਧਾਰਾ, ਅੰਜੀਲ ਕੁਰਾਨ ਡੇਰਾ ਢਾਹਿੰਦਾ । ਖਾਣੀ ਬਾਣੀ ਸੁੱਤੀ ਪੈਰ ਪਸਾਰਾ, ਬਿਨ ਸਤਿਗੁਰ ਪੂਰੇ ਅੱਖ ਨਾ ਕੋਇ ਖੁਲ੍ਹਾਇੰਦਾ । ਲੇਖਾ ਚੁੱਕਾ ਗੁਰ ਅਵਤਾਰਾ, ਪੀਰ ਪੈਗ਼ੰਬਰ ਪੰਧ ਮੁਕਾਇੰਦਾ । ਏਕਾ ਹੁਕਮ ਵਰਤੇ ਹਰਿ ਕਰਤਾਰਾ, ਹੁਕਮੀ ਹੁਕਮ ਆਪ ਜਣਾਇੰਦਾ । ਮੇਟਣਹਾਰਾ ਧੂੰਆਂਧਾਰਾ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਭਗਤ ਭਗਵੰਤ ਦਏ ਹੁਲਾਰਾ, ਆਤਮ ਸੇਜਾ ਸੋਭਾ ਪਾਇੰਦਾ । ਸਤਿ ਸਤਿਵਾਦੀ ਕਰੇ ਸਾਚੀ ਕਾਰਾ, ਕਰਤਾ ਪੁਰਖ ਕਰਨੀ ਆਪ ਕਰਾਇੰਦਾ । ਏਕਾ ਸੁਤ ਸ਼ਬਦ ਦੁਲਾਰਾ, ਸਿਰ ਸਭਨਾ ਹੱਥ ਟਿਕਾਇੰਦਾ । ਜੁਗ ਚੌਕੜੀ ਮੇਟੇ ਵਾਰੋ ਵਾਰਾ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਸਤਿਜੁਗ ਸਾਚਾ ਧਰੇ ਸੰਸਾਰਾ, ਸੰਸਾਰ ਸਾਗਰ ਵੇਖ ਵਖਾਇੰਦਾ । ਨਾਮ ਸਤਿ ਇਕ ਜੈਕਾਰਾ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਕਾਇਆ ਮੰਦਰ ਸਚ ਗੁਰੂਦੁਆਰਾ, ਗੁਰ ਸਤਿਗੁਰ ਆਪ ਖੁਲ੍ਹਾਇੰਦਾ ।

ਨਿਤ ਨਵਿਤ ਦਏ ਦੀਦਾਰਾ, ਹਰਿ ਦਰਸੀ ਦਰਸ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਕੂੜੀ ਖਾਣ, ਹਰਿ ਖ਼ਾਕੀ ਖ਼ਾਕ ਮਿਲਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦੀਨ ਦਿਆਲ ਦਇਆ ਕਮਾਈਆ । ਸੰਤ ਸੁਹੇਲੇ ਆਪ ਪਹਿਚਾਨ, ਗੁਰ ਚੇਲੇ ਅੰਗ ਲਗਾਈਆ । ਏਕਾ ਦੇਵੇ ਨਾਮ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਸੋਹੰ ਅੱਖਰ ਸਤਿ ਨਿਸ਼ਾਨ, ਸਤਿ ਸਤਿਵਾਦੀ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਨਾਨਕ ਗੋਬਿੰਦ ਗਿਆ ਸੁਣਾਈਆ । ਤੀਰ ਚਿੱਲਾ ਇਕ ਮਹਾਨ, ਸਾਚਾ ਭੱਥਾ ਵੰਡ ਵੰਡਾਈਆ । ਨਾਮ ਸਤਿ ਸਤਿ ਪਰਧਾਨ, ਸਤਿ ਸਤਿਵਾਦੀ ਹੁਕਮ ਜਣਾਈਆ । ਨਿਰਗੁਣ ਨਿਰਗੁਣ ਕਰ ਪਰਵਾਨ, ਸਰਗੁਣ ਸਰਗੁਣ ਲੇਖੇ ਲਾਈਆ । ਕੂੜੀ ਕਿਰਿਆ ਮੇਟੇ ਦੁਕਾਨ, ਜੂਠ ਝੂਠ ਰਹਿਣ ਨਾ ਪਾਈਆ । ਸਚ ਸੰਦੇਸਾ ਦੇਵੇ ਆਣ, ਪਰਮ ਪੁਰਖ ਵਡੀ ਵਡਿਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਏਕੋ ਗਾਨ, ਏਕਾ ਨਾਮ ਵੱਜੇ ਵਧਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਸਰ ਇਸ਼ਟ ਨਾ ਕੋਇ ਮਨਾਈਆ । ਪੀਰ ਪੈਗ਼ੰਬਰ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਨਾਤਾ ਤੁਟੇ ਸ਼ਰਅ ਈਮਾਨ, ਉਮਤ ਨਬੀ ਨਾ ਕੋਇ ਵਡਿਆਈਆ । ਲੇਖਾ ਚੁੱਕੇ ਅੰਜੀਲ ਕੁਰਾਨ, ਬਿਨ ਲੇਖਿਉਂ ਲੇਖਾ ਦਏ ਸਮਝਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੋਅ ਪੁਰੀ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਗਾਵਣ ਗਾਣ, ਏਕਾ ਰਾਗ ਅਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਖੇਲ ਮਹਾਨ, ਦੋ ਜਹਾਨਾਂ ਦੇਵੇ ਦਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਤਮ ਪਰਮਾਤਮ ਪਰਮਾਤਮ ਆਤਮ ਆਣ, ਬ੍ਰਹਮ ਪਾਰਬ੍ਰਹਮ ਬ੍ਰਹਮ ਕਰੇ ਆਪ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਮਾਤ ਧਰ, ਧਰਨੀ ਧਰਤ ਧਵਲ ਦਏ ਸੁਹਾਈਆ ।



## ✳ ੧੩ ਭਾਦਰੋਂ ੨੦੧੯ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ✳

ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਹਰਿ ਜੂ ਹਰਿ ਹਰਿ ਆਪਣਾ ਖੇਲ ਜਣਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਤਖ਼ਤ ਨਿਵਾਸੀ ਵੇਸ ਵਟਾਇੰਦਾ । ਸਚ ਸੰਦੇਸਾ ਏਕਾ ਵਾਰਾ, ਏਕੰਕਾਰਾ ਆਪ ਸੁਣਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰਾ, ਦਰਗਹਿ ਸਾਚੀ ਧਾਮ ਵਡਿਆਇੰਦਾ । ਸਚ ਸਪੂਤਾ ਇਕ ਦੁਲਾਰਾ, ਧੁਰ ਦਰਬਾਰੀ ਆਪ ਉਪਾਇੰਦਾ । ਜੋਧਾ ਸੂਰਬੀਰ ਵਡ ਬਲਕਾਰਾ, ਬਲ ਆਪਣਾ ਆਪ ਜਣਾਇੰਦਾ । ਕਰਨੀ ਕਰਤਾ ਕਿਰਤ ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਸੁਲਤਾਨਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਆਦਿ ਪੁਰਖ ਪੁਰਖ ਪਰਧਾਨਾ, ਅੰਤ ਵੇਖੇ ਚਾਈਂ ਚਾਈਆ । ਮਧ ਲੇਖਾ ਦੋ ਜਹਾਨਾਂ, ਲੋਆਂ ਪੁਰੀਆਂ ਬਹਿਮੰਡਾਂ ਖੰਡਾਂ ਨਾਚ ਨਚਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਨਿਰਗੁਣ ਸਰਗੁਣ ਸਗਨ ਮਨਾਈਆ । ਸਤਿ ਸਰੂਪੀ ਹੋ ਪਰਧਾਨਾ, ਸ਼ਾਹੋ ਭੂਪੀ ਨਾਉਂ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਤਮ ਅੰਤਰ ਦੇ ਗਿਆਨਾ, ਅੱਖਰ ਵੱਖਰ ਕਰੇ ਪੜ੍ਹਾਈਆ । ਸਤਿ ਸੰਦੇਸਾ ਨਰ ਨਰੇਸ਼ਾ ਏਕਾ ਦੇਵੇ ਦੋ ਜਹਾਨਾਂ, ਦੋਏ ਦੋਏ ਆਪਣਾ

ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਜੁਗ ਚੌਕੜੀ ਵੰਡ ਸੰਸਾਰਾ, ਵੰਡਣ ਆਪਣੇ ਹੱਥ ਰਖਾਇੰਦਾ । ਖਾਣੀ ਬਾਣੀ ਬੋਲ ਜੈਕਾਰਾ, ਜੈ ਜੈ ਆਪਣੇ ਨਾਉਂ ਕਰਾਇੰਦਾ । ਕਾਗਦ ਕਲਮ ਸ਼ਾਹੀ ਸੇਵਾਦਾਰਾ, ਸਾਚੀ ਸੇਵਾ ਸੇਵ ਲਗਾਇੰਦਾ । ਗੁਰ ਅਵਤਾਰ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਲੋਕਮਾਤ ਕਰ ਉਜਿਆਰਾ, ਸਾਚੀ ਸੇਵਾ ਇਕ ਲਗਾਇੰਦਾ । ਸ਼ਾਸਤਰ ਸਿਮਰਤ ਵਸੇ ਬਾਹਰਾ, ਹੱਥ ਕਿਸੇ ਨਾ ਆਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਨਾਚ ਨਚਾਇੰਦਾ । ਅਨਹਦ ਅਨਾਦੀ ਸਾਚੀ ਧਾਰਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਸਾਚੀ ਸਿਖਿਆ ਏਕਾ ਵਾਰਾ, ਏਕੰਕਾਰਾ ਆਪ ਸੁਣਾਇੰਦਾ । ਸ਼ਬਦੀ ਸੁਤ ਸੁਤ ਦੁਲਾਰਾ, ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਆਦਿ ਅੰਤ, ਆਦਿ ਪੁਰਖ ਆਪ ਜਣਾਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਵੇਖ ਵਖਾਈਆ । ਨਿਰਗੁਣ ਬਣਾਏ ਸਰਗੁਣ ਬਣਤ, ਘੜਨ ਭੰਨਣਹਾਰ ਘੜ ਭਾਂਡੇ ਡੇਰਾ ਲਾਈਆ । ਏਕਾ ਨਾਉਂ ਪਰਗਟ ਕਰ ਕਰ ਮਣੀਆ ਮੰਤ, ਗੁਰ ਅਵਤਾਰ ਕਰੇ ਪੜ੍ਹਾਈਆ । ਸਚ ਸੰਦੇਸਾ ਸਾਚੇ ਸੰਤ, ਹਰਿ ਸਤਿਗੁਰ ਆਪ ਸੁਣਾਈਆ । ਚਰਨ ਸਹਾਰਾ ਪੂਰਨ ਭਗਵੰਤ, ਜਨ ਭਗਤ ਮਾਣ ਵਡਿਆਈਆ । ਗੁਰਮੁਖ ਗੜ੍ਹ ਤੋੜ੍ਹੇ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਈਆ । ਗੁਰਸਿਖ ਸਾਚੇ ਮਹਿਮਾ ਸੁਣਾਏ ਅਗਣਤ, ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਸ਼ਬਦੀ ਧਾਰ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਲੇਖਾ ਜਾਣ ਗੁਰੂ ਅਵਤਾਰ, ਗੁਰ ਗੁਰ ਵੇਸ ਵਟਾਇੰਦਾ । ਚਾਕਰ ਖ਼ਾਕ ਸੇਵਾਦਾਰ, ਸੇਵਕ ਸੇਵਾ ਸਚ ਲਗਾਇੰਦਾ । ਨਵ ਨੌਂ ਉਤਰੇ ਅੰਤਮ ਪਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਨਾਚ ਨਚਾਇੰਦਾ । ਕਲਮਾ ਨਬੀ ਇਕ ਜੈਕਾਰ, ਰਸੂਲ ਰਸੂਲਾਂ ਆਪ ਪੜ੍ਹਾਇੰਦਾ । ਤਸਬੀ ਮਣਕਾ ਤੋੜ ਹੰਕਾਰ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਲਾਸ਼ਰੀਕ ਪਰਵਰਦਿਗਾਰ, ਸਚ ਪਰਵਾਨਾ ਇਕ ਫੜਾਇੰਦਾ । ਅਨਾਦ ਅਨਾਦੀ ਤਰਾਨਾ ਗਾਏ ਏਕਾ ਘਰ ਬਾਰ, ਮੰਦਰ ਮਸਜਿਦ ਆਪ ਸੁਹਾਇੰਦਾ । ਗੁਰ ਗੁਰ ਖੋਲ੍ਹੇ ਆਪ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਭਗਵਨ ਦੇਵੇ ਭਗਤਨ ਵਸਤ ਥਾਰ, ਥਿਰ ਘਰ ਸਾਚੇ ਆਪ ਵਰਤਾਇੰਦਾ । ਜੁਗ ਚੌਕੜੀ ਬੀਤੇ ਚਾਰ ਚਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰੇ ਖਾਣੀ ਚਾਰੇ ਬਾਣੀ ਚਾਰੇ ਵਰਨ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਸਰਬ ਵਹਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਹਰਿ ਖ਼ਾਲਕ ਖ਼ਲਕ ਕਰਾਇੰਦਾ । ਧੁਰ ਦਰਬਾਰੀ ਬੋਲ ਜੈਕਾਰ, ਧੁਰ ਦੀ ਬਾਣੀ ਆਪ ਅਲਾਇੰਦਾ । ਸੁਤ ਦੁਲਾਰੇ ਕਰ ਪਿਆਰ, ਹਰਿ ਸ਼ਬਦੀ ਆਪ ਉਠਾਇੰਦਾ । ਨੇਤਰ ਖੋਲ੍ਹ ਕਰ ਦੀਦਾਰ, ਦਰਸੀ ਆਪਣਾ ਦਰਸ ਕਰਾਇੰਦਾ । ਕਲਜੁਗ ਅੰਤਮ ਏਥੇ ਓਥੇ ਦੋ ਜਹਾਨ ਆਈ ਹਾਰ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਰੋਵਣ ਜ਼ਾਰੋ ਜ਼ਾਰ, ਧਰਨੀ ਧਰਤ ਧਵਲ ਬੇੜਾ ਪਾਰ ਨਾ ਕੋਇ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਬੇਜ਼ਾਰ, ਸੀਸ ਜਗਦੀਸ ਹੱਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਆਪਣੀ ਦਇਆ ਆਪ ਕਮਾਇੰਦਾ । ਵੇਖ ਨੇਤਰ ਖੋਲ੍ਹ ਅੱਖ, ਹਰਿ ਆਖ਼ਰ ਆਪ ਜਣਾਈਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਸੱਤ ਦੀਪ ਹਰਿ

ਕਾ ਬੁਰਜ ਰਿਹਾ ਢੱਠ, ਮੰਦਰ ਨਜ਼ਰ ਕੋਇ ਨਾ ਆਈਆ । ਜਗਤ ਅਖਾੜਾ ਹੋਇਆ ਕੱਠ, ਕਲਜੁਗ ਆਪਣਾ ਨਾਚ ਨਚਾਈਆ । ਨਾ ਕੋਈ ਧੀਰਜ ਨਾ ਕੋਈ ਸਤਿ, ਸਤਿ ਸੰਤੋਖ ਨਾ ਕੋਇ ਵਡਿਆਈਆ । ਗੁਰ ਕਾ ਸ਼ਬਦ ਨਾ ਕੋਇ ਮੱਤ, ਮਨਮਤ ਰਹੀ ਕੁਰਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੱਥਰ ਬੈਠੇ ਘੱਤ, ਆਪਣਾ ਬਲ ਨਾ ਕੋਇ ਜਣਾਈਆ । ਲੱਖ ਚੁਰਾਸੀ ਉਬਲੇ ਰੱਤ, ਅਗਨੀ ਤਤ ਰਹੀ ਤਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਬਿਨਾਸ਼ੀ ਕੋਈ ਨਾ ਬੰਨ੍ਹੇ ਨੱਤ, ਨਾਤਾ ਤੁਟਾ ਸਰਬ ਲੋਕਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਨਜ਼ਰ ਨਾ ਆਏ ਕੋਈ ਘਾਟ, ਡੂੰਘੀ ਭਵਰੀ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਵਾਰ, ਹਰਿ ਸ਼ਬਦੀ ਆਪ ਜਣਾਈਆ । ਸ਼ਬਦ ਸੁਤ ਉਠ ਵੇਖ ਵਿਚਾਰ, ਹਰਿ ਹਰਿ ਹਰਿ ਆਖ ਸੁਣਾਇੰਦਾ । ਲਹਿਣਾ ਚੁੱਕੇ ਜੁਗ ਚਾਰ, ਚਾਰ ਯਾਰੀ ਨਾ ਕੋਇ ਨਿਭਾਇੰਦਾ । ਸਦੀ ਚੌਧਵੀਂ ਹੋਏ ਖ਼ਵਾਰ, ਚੌਦਾਂ ਲੋਕਾਂ ਖ਼ਾਕ ਮਿਲਾਇੰਦਾ । ਚੌਦਾਂ ਤਬਕਾਂ ਹਾਹਾਕਾਰ, ਸਹੀ ਸਲਾਮਤ ਨਜ਼ਰ ਕੋਇ ਨਾ ਆਇੰਦਾ । ਚਾਰੋਂ ਕੁੰਟ ਧੂੰਅਾਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਪੀਰ ਪੈਗ਼ੰਬਰ ਹੋਏ ਸ਼ਰਮਸਾਰ, ਨੇਤਰ ਨੈਣ ਨਾ ਕੋਇ ਉਠਾਇੰਦਾ । ਅੱਲਾ ਰਾਣੀ ਹੋਏ ਖੁਵਾਰ, ਮੀਆਂ ਮੁਹੱਬਤ ਮੋਹ ਨਾ ਕੋਇ ਵਧਾਇੰਦਾ । ਖੁਲ੍ਹੀ ਮੀਂਢੀ ਫਿਰੇ ਵਿਚ ਸੰਸਾਰ, ਸੀਸ ਜਗਦੀਸ ਨਾ ਕੋਇ ਗੁੰਦਾਇੰਦਾ । ਮੈਂਹਦੀ ਰੰਗ ਨਾ ਕੋਇ ਗੁਲਾਲ, ਕੱਜਲ ਧਾਰ ਨਾ ਕੋਇ ਵਖਾਇੰਦਾ । ਨਾਤਾ ਛੱਡ ਗਏ ਚਾਰ ਯਾਰ, ਮੁਹੰਮਦ ਨੇਤਰ ਰੋ ਰੋ ਨੈਣਾਂ ਨੀਰ ਵਹਾਇੰਦਾ । ਈਸਾ ਮੂਸਾ ਕਰ ਪੁਕਾਰ, ਇਸਮ ਆਜ਼ਮ ਇਕ ਤਕਾਇੰਦਾ । ਤੇਰੀ ਓਟ ਪਰਵਰਦਿਗਾਰ, ਤੁਧ ਬਿਨ ਪਾਰ ਨਾ ਕੋਇ ਕਰਾਇੰਦਾ । ਕਲਜੁਗ ਖੇਲ ਤੇਰਾ ਕਰਤਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਸ਼ਰਅ ਸ਼ਰੀਅਤ ਗਈ ਹਾਰ, ਸ਼ਰਅ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸਾਚੇ ਚੜ੍ਹ, ਆਪਣਾ ਧਿਆਨ ਆਪ ਲਗਾਇੰਦਾ । ਗੁਰ ਪੀਰ ਅਵਤਾਰ ਪੈਗ਼ੰਬਰ ਰਹੇ ਕੁਰਲਾ, ਉਚੀ ਕੂਕ ਕੂਕ ਸੁਣਾਈਆ । ਨੌਂ ਖੰਡ ਪ੍ਰਿਥਮੀ ਬਣਿਆ ਕਰਬਲਾ, ਕਾਅਬਾ ਨਜ਼ਰ ਕੋਇ ਨਾ ਆਈਆ । ਅੱਗੇ ਦਿਸੇ ਨਾ ਕੋਈ ਆਰਜ਼ੂ ਅਰਬਲਾ, ਸਾਰੇ ਬੈਠੇ ਪੰਧ ਮੁਕਾਈਆ । ਇਕੋ ਓਟ ਤੇਰੀ ਤਕਾ, ਤਕਵਾ ਹੋਰ ਨਾ ਕੋਇ ਜਣਾਈਆ । ਪਰਵਰਦਿਗਾਰ ਸਚ ਖ਼ੁਦਾ, ਖ਼ੁਦੀ ਮਾਣ ਨਾ ਕੋਇ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਕਰਦੇ ਰਹੇ ਜੁਦਾ, ਜੁਦਾ ਜੁਜ਼ ਆਪਣਾ ਆਪ ਬਣਾਈਆ । ਅੰਤਮ ਤੇਰੇ ਚਰਨਾਂ ਉਤੇ ਹੋਏ ਫਿਦਾ, ਫਿਤਰਤ ਆਪਣੀ ਸਰਬ ਮਿਟਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਮਾਰਗ ਦੱਸ ਸਿੱਧਾ, ਸਾਬਤ ਸੂਰਤ ਆਪਣੀ ਆਪ ਜਣਾਈਆ । ਆਪਣੇ ਮਿਲਣ ਦੀ ਇਕੋ ਬਿੱਧਾ, ਏਕਾ ਵਾਰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਵੇਖੇ ਚਾਈਂ ਚਾਈਂਆ । ਪੀਰ ਪੈਗ਼ੰਬਰ ਗੁਰ ਅਵਤਾਰ, ਦੋਏ ਜੋੜ ਜੋੜ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵੇਲਾ ਗਿਆ ਹੱਥ ਨਾ ਆਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਉਤਰੇ ਪਾਰ, ਕਲਜੁਗ ਕੂਕ ਕੂਕ ਸੁਣਾਈਆ । ਸਾਡੀ ਸਿਖਿਆ ਕਿਸੇ ਕੰਮ ਨਾ ਆਈ ਵਿਚ ਸੰਸਾਰ, ਸ੍ਰਿਸ਼ਟ ਸਬਾਈ ਭੁੱਲੀ ਅੰਤ ਲੋਕਾਈਆ । ਕਾਗਦ ਕਲਮ ਸ਼ਾਹੀ ਨਾਲ ਲਿਖ ਲਿਖ ਥੱਕੇ ਤੇਰੀ ਮਹਿਮਾ ਪਰਵਰਦਿਗਾਰ, ਬਿਨ ਤੋਹੇ ਕਿਸੇ ਨਾ ਭਾਈਆ । ਪੜ੍ਹ ਪੜ੍ਹ ਸਾਰੇ ਹੋਏ ਖੁਆਰ, ਖਰ ਕਾ ਰੂਪ ਵਟਾਈਆ । ਨਰ ਮਿਲਿਆ ਨਾ ਏਕੰਕਾਰ, ਨਰਾਇਣ ਅੱਖ ਨਾ

੬੩੫
੧੨

ਕੋਇ ਖੁਲ੍ਹਾਈਆ । ਸਾਕਤ ਨਿੰਦਕ ਦੁਸ਼ਟ ਦੁਰਾਚਾਰ ਹੋਏ ਵਿਭਚਾਰ, ਵਿਭਚਾਰੀ ਕਰਮ ਕਮਾਈਆ । ਕੰਤ ਸੁਹਾਗੀ ਪੀਆ ਪ੍ਰੀਤਮ ਨਾ ਕਰੇ ਪਿਆਰ, ਗਲਵਕੜੀ ਨਾ ਕੋਇ ਪਾਈਆ । ਰਾਤੀਂ ਸੁੱਤਿਆਂ ਨਾ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਮਾਇਆ ਕੁਠਿਆਂ ਕਰੇ ਖੁਵਾਰ, ਏਕਾ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਵੱਜਦੀ ਰਹੇ ਵਧਾਈਆ । ਵੱਜੇ ਵਧਾਈ ਸਚ ਘਰ, ਹਰਿ ਨੌਬਤ ਨਾਮ ਵਜਾਇੰਦਾ । ਪੀਰ ਪੈਗ਼ੰਬਰ ਲਏ ਫੜ, ਗੁਰ ਅਵਤਾਰ ਦਰ ਮੰਗਾਇੰਦਾ । ਸਾਚੇ ਤਖ਼ਤ ਆਪੇ ਚੜ੍ਹ, ਸਚਖੰਡ ਦਵਾਰੇ ਆਸਣ ਲਾਇੰਦਾ । ਨਿਸ਼ਅੱਖਰ ਅੱਖਰ ਆਪੇ ਪੜ੍ਹ, ਸਾਚਾ ਢੋਲਾ ਆਪੇ ਗਾਇੰਦਾ । ਲੱਖ ਚੁਰਾਸੀ ਅੰਦਰ ਵੜ, ਗ੍ਰਿਹ ਗ੍ਰਿਹ ਡੇਰਾ ਲਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਾਰ ਕਮਾਇੰਦਾ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਵਿਚ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਧਰਨੀ ਧਰਤ ਧਵਲ ਉਪਰ ਧਰ, ਧੁਰ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਆਖਰ, ਅਖ਼ੀਰ ਆਪਣੇ ਹੱਥ ਰਖਾਈਆ । ਜੁਗ ਚੌਕੜੀ ਰਿਹਾ ਸ਼ਾਕਰ, ਸ਼ੁਕਰੀਆ ਸਭ ਦੇ ਕੋਲੋਂ ਕਰਾਈਆ । ਨਿਰਗੁਣ ਸਰਗੁਣ ਕਰਦਾ ਆਇਆ ਖ਼ਾਤਰ, ਖ਼ਤਰਾ ਏਕਾ ਏਕ ਸਮਝਾਈਆ । ਨਿੱਕੇ ਬਾਲੇ ਛੋਟੇ ਪੁੱਤ ਗੁਰ ਅਵਤਾਰ, ਦੇ ਦੇ ਘੱਲਦਾ ਰਿਹਾ ਪਾਤਰ, ਪਾਤੀ ਆਪਣਾ ਨਾਮ ਪੜ੍ਹਾਈਆ । ਲੋਕਮਾਤ ਦੀ ਕਰਕੇ ਗਏ ਯਾਤਰ, ਯਾਤਰਾ ਪੰਜ ਤਤ ਹੰਢਾਈਆ । ਅੰਤਮ ਨਿਸ਼ਾਨ ਰਿਹਾ ਨਾ ਕੋਇ ਮਾਤਰ, ਪ੍ਰਭ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਕਰੇ ਕਰਤਾ ਕਾਦਰ, ਕਰੀਮ ਵੱਡਾ ਵਡ ਵਡਿਆਈਆ । ਸਦਾ ਸੁਹੇਲਾ ਇਕ ਸੌਦਾਗਰ, ਵਣਜ ਵਪਾਰ ਇਕ ਅਖਵਾਈਆ । ਬਾਲ ਅਵਾਣਿਆਂ ਦੇਵੇ ਆਦਰ, ਗੁਰ ਅਵਤਾਰਾਂ ਸੀਸ ਹੱਥ ਟਿਕਾਈਆ । ਮਿਹਰ ਨਜ਼ਰ ਕਰੇ ਕਰੀਮ ਕਾਦਰ, ਸਚ ਦੁਸ਼ਾਲਾ ਦੇਵੇ ਚਾਦਰ, ਧਾਰ ਚਿੱਟੀ ਚਿੱਟੀ ਨਾਲ ਬੰਧਾਈਆ । ਕਾਇਆ ਭਾਗ ਲਗਾਏ ਸਾਚੀ ਗਾਗਰ, ਕਾਚੀ ਗਗਰੀਆ ਆਪਣੇ ਲੇਖੇ ਲਾਈਆ । ਨਿਰਮਲ ਜੋਤ ਕਰੇ ਉਜਾਗਰ, ਦੀਆ ਬਾਤੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਬੈਠਾ ਆਸਣ ਲਾਈਆ । ਹਰਿ ਮੰਦਰ ਲਾਏ ਹਰਿ ਜੂ ਆਸਣ, ਸੋਭਾਵੰਤ ਸੋਭਾ ਪਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਕਾਰ ਕਮਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਆਕਾਸ਼ ਆਕਾਸ਼ਾਂ ਫੋਲ ਫੋਲਾਇੰਦਾ । ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ਨ, ਹੁਕਮੀ ਹੁਕਮ ਆਪ ਜਣਾਇੰਦਾ । ਖੇਲੇ ਖੇਲ ਆਪ ਗੁਣਤਾਸ਼ਨ, ਗੁਣਵੰਤਾ ਆਪ ਹੋ ਆਇੰਦਾ । ਲਹਿਣਾ ਦੇਣਾ ਚੁਕਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਖੇਲ ਆਪ ਜਣਾਇੰਦਾ । ਹਰਿ ਹਰਿ ਖੇਲ ਅਵੱਲੜਾ, ਆਦਿ ਜੁਗਾਦੀ ਕਾਰ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਮਹੱਲ ਅਟੱਲ ਉਚ ਮਨਾਰ । ਗੁਰ ਅਵਤਾਰ ਫੜਾਏ ਪਲੜਾ, ਪੀਰ ਪੈਗ਼ੰਬਰ ਦੇ ਸਹਾਰ । ਸਚ ਸੰਦੇਸਾ ਏਕਾ ਘਲੜਾ, ਜੁਗਾ ਜੁਗੰਤਰ ਦੇ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਧੁਰ ਦਰਬਾਰੀ ਆਪ ਹਰਿ, ਵੱਡਾ ਵਡ ਵਡਿਆਈਆ । ਆਪਣੀ ਕਰਨੀ ਆਪੇ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਥ ਚਲਾਈਆ । ਗੁਰ ਅਵਤਾਰ ਧਰਨੀ ਧਰ, ਧਵਲ

ਦਏ ਸੁਹਾਈਆ । ਅੱਖਰ ਵੱਖਰ ਆਪੇ ਪੜ੍ਹ, ਸਾਚੀ ਸਿਖਿਆ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਾਏ ਜੜ੍ਹ, ਖਾਣੀ ਬਾਣੀ ਨਾਲ ਮਿਲਾਈਆ । ਅਠਸਠ ਸਰੋਵਰ ਤੀਰਥ ਤਟ ਸਰ, ਅੰਮ੍ਰਿਤ ਇਕ ਵਖਾਈਆ । ਘੜਨ ਭੰਨਣਹਾਰ ਖੇਲ ਕਰ, ਘੜ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਆਪ ਚੁਕਾਈਆ । ਸਭ ਦਾ ਲਹਿਣਾ ਹਰਿ ਕਰਤਾਰ, ਆਦਿ ਅੰਤ ਚੁਕਾਇੰਦਾ । ਜੁਗ ਚੌਕੜੀ ਬੀਤੇ ਚਾਰ, ਚਾਰ ਚਾਰ ਵੰਡ ਵੰਡਾਇੰਦਾ । ਗੁਰ ਅਵਤਾਰ ਕਰਨ ਪੁਕਾਰ, ਪੀਰ ਪੈਗ਼ੰਬਰ ਮੰਗ ਮੰਗਾਇੰਦਾ । ਪਰਗਟ ਹੋਏ ਹਰਿ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਆਤਮ ਪਰਮਾਤਮ ਆਪ ਸੁਣਾਇੰਦਾ । ਜਗਤ ਵਿਚੋਲਾ ਏਕੰਕਾਰ, ਸਾਚਾ ਸੋਹਲਾ ਆਪ ਪੜ੍ਹਾਇੰਦਾ । ਤੋਲਾ ਬਣਿਆ ਤੋਲਣਹਾਰ, ਨਾਮ ਕੰਡਾ ਹੱਥ ਉਠਾਇੰਦਾ । ਪੜਦਾ ਉਹਲਾ ਖੋਲ੍ਹ ਕਿਵਾੜ, ਘਰ ਮੰਦਰ ਵੇਖ ਵਖਾਇੰਦਾ । ਕੂੜੀ ਕਿਰਿਆ ਕਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਸ਼ਬਦ ਵਡ ਵਡਿਆਇੰਦਾ । ਸੁਤ ਸ਼ਬਦ ਤੇਰਾ ਬਲ ਅਪਾਰ, ਹਰਿ ਜੂ ਹਰਿ ਹਰਿ ਆਪ ਜਣਾਈਆ । ਕਲਜੁਗ ਅੰਤਮ ਖੇਲ ਅਪਾਰ, ਕਰਤਾ ਪੁਰਖ ਪੁਰਖ ਕਰਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਡੰਕ ਅਗੰਮ ਅਪਾਰ, ਅਗੰਮ ਅਗੰਮੜਾ ਇਕ ਸੁਣਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਸੁਰਪਤ ਇੰਦ ਨਾਲ ਮਿਲਾਈਆ । ਗੁਰ ਅਵਤਾਰ ਲਏ ਉਠਾਲ, ਪੀਰ ਪੈਗ਼ੰਬਰ ਨਾਲ ਰਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤਤ ਕਰੇ ਰੁਸ਼ਨਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਰਾਜ ਰਾਜਾਨਾਂ ਪੜਦਾ ਲਾਹੀਆ । ਸਤਿ ਸਰੂਪੀ ਵੱਜੇ ਤਾਲ, ਸਤਿ ਪੁਰਖ ਨਿਰੰਜਣ ਆਪ ਵਜਾਈਆ । ਲਹਿਣਾ ਦੇਣਾ ਚੁਕਾਏ ਕਾਲ ਮਹਾਕਾਲ, ਮਹਿਮਾ ਆਪਣੀ ਸਿਫ਼ਤ ਸਾਲਾਹੀਆ । ਸਾਚਾ ਮਾਰਗ ਦਏ ਵਖਾਲ, ਨੌਂ ਖੰਡ ਪ੍ਰਿਥਮੀ ਨੈਣ ਖੁਲ੍ਹਾਈਆ । ਸ਼ਬਦੀ ਸ਼ਬਦ ਬਣੇ ਦਲਾਲ, ਗੁਰ ਸ਼ਬਦੀ ਰੂਪ ਵਟਾਈਆ । ਲਹਿਣਾ ਜਾਣੇ ਹੱਕ ਹਲਾਲ, ਹਕ਼ੀਕ਼ਤ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਇਕੋ ਧਰਮਸਾਲ, ਘਰ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਤੇਰਾ ਸਾਚਾ ਘਰ, ਦੋ ਜਹਾਨਾਂ ਆਪ ਵਸਾਈਆ ।

✳ ੧੩ ਭਾਦਰੋਂ ੨੦੧੯ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ✳

ਸਾਹਿਬ ਸਤਿਗੁਰ ਤੇਰਾ ਨਾਉਂ, ਕਲਜੁਗ ਅੰਤ ਇਕ ਵਡਿਆਈਆ । ਨਜ਼ਰੀ ਆਏ ਹਰ ਘਟ ਥਾਉਂ, ਥਾਨ ਥਨੰਤਰ ਬੂਝ ਬੁਝਾਈਆ । ਹਰਿਜਨ ਪਕੜੇ ਸਾਚੇ ਬਾਂਹੋਂ, ਫੜ ਬਾਂਹੋਂ ਗਲੇ ਲਗਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਸਹਿਜ ਸੁਖਦਾਈਆ । ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਬਣਾਈਆ । ਸਦਾ ਸੁਹੇਲਾ ਸਿਰ ਦੇਵੇ ਠੰਡੀ ਛਾਉਂ, ਅਗਨੀ ਤਤ ਬੁਝਾਈਆ । ਏਥੇ ਓਥੇ ਦੋ ਜਹਾਨ ਨਿਰਗੁਣ ਸਰਗੁਣ ਕਰੇ ਨਿਆਉਂ, ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਵਡਿਆਈਆ ।

ਹਰਿ ਕਾ ਨਾਉਂ ਹਰਿ ਕਾ ਜਸ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਭਗਤਨ ਅੰਤਰ ਆਪੇ ਵਸ, ਵਸਤ ਆਪਣੀ ਆਪ ਵਖਾਇੰਦਾ । ਆਤਮ ਪਰਮਾਤਮ ਸੱਚਾ ਰਸ, ਰਸ ਰਸੀਆ ਰਸ ਚਖਾਇੰਦਾ । ਤੀਰ ਅਣਿਆਲਾ ਮਾਰੇ ਕਸ, ਬਿਰਹੋਂ ਰੋਗ ਮਿਟਾਇੰਦਾ । ਮੇਟੇ ਰੈਣ ਅੰਧੇਰੀ ਮਸ, ਜੋਤ ਨਿਰੰਜਣ ਡਗਮਗਾਇੰਦਾ । ਕਰ ਪਰਕਾਸ਼ ਕੋਟਨ ਰਵ ਸਸ, ਨੂਰ ਨੁਰਾਨਾ ਡਗਮਗਾਇੰਦਾ । ਮੇਲ ਮਿਲਾਏ ਹੱਸ ਹੱਸ, ਸੰਸਾ ਰੋਗ ਸਰਬ ਚੁਕਾਇੰਦਾ । ਪੰਧ ਮੁਕਾਏ ਨੱਸ ਨੱਸ, ਨਿਰਗੁਣ ਸਰਗੁਣ ਘਰ ਘਰ ਫੇਰਾ ਪਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਇੰਦਾ । ਜਗਤ ਜੁਗ ਬੁਝਾਏ ਤ੍ਰਿਸਨਾ ਪਿਆਸ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਲੇਖੇ ਲਾਏ ਪਵਣ ਸਵਾਸ, ਪਵਣ ਪਵਣਾਂ ਰੰਗ ਰੰਗਾਇੰਦਾ । ਨਾਤਾ ਤੁਟੇ ਦਸ ਦਸ ਮਾਸ, ਮਾਤ ਗਰਭ ਨਾ ਫੇਰ ਲਟਕਾਇੰਦਾ । ਸਦਾ ਸੁਹੇਲਾ ਵਸੇ ਪਾਸ, ਹਰਿ ਸਤਿਗੁਰ ਵਿਛੜ ਕਦੇ ਨਾ ਜਾਇੰਦਾ । ਦਰਸ ਦਿਖਾਏ ਸਾਖਿਆਤ, ਸਵੱਛ ਸਰੂਪੀ ਰੂਪ ਵਟਾਇੰਦਾ । ਚਰਨ ਕਵਲ ਬੰਧਾਏ ਨਾਤ, ਸਾਚਾ ਨਾਤਾ ਜੋੜ ਜੁੜਾਇੰਦਾ । ਨਾਮ ਅਨਮੁਲੀ ਦੇਵੇ ਦਾਤ, ਰਾਮ ਨਾਮ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਹਰਿ ਵਰਤਾਇੰਦਾ । ਹਰਿ ਕਾ ਨਾਉਂ ਏਕਾ ਰਾਮ, ਰਮਤ ਰਮਤ ਆਪਣਾ ਭੇਵ ਚੁਕਾਈਆ । ਹਰਿ ਕਾ ਨਾਮ ਇਕੋ ਸ਼ਾਮ, ਸਾਚੀ ਬੰਸਰੀ ਨਾਦ ਸੁਣਾਈਆ । ਹਰਿ ਕਾ ਨਾਮ ਇਕੋ ਗਾਨ, ਗੀਤ ਗੋਬਿੰਦ ਅਲਾਈਆ । ਹਰਿ ਕਾ ਨਾਮ ਬੇਪਹਿਚਾਨ, ਨਜ਼ਰ ਵਿਚ ਨਾ ਆਈਆ । ਹਰਿ ਕਾ ਨਾਮ ਗੁਰੂ ਗੁਰ ਧਿਆਨ, ਗੁਰ ਅੰਤਰ ਮੇਲ ਮਿਲਾਈਆ । ਹਰਿ ਕਾ ਨਾਮ ਅੰਮ੍ਰਿਤ ਪੀਣ ਖਾਣ, ਤ੍ਰਿਸਨਾ ਭੁੱਖ ਦਏ ਮਿਟਾਈਆ । ਹਰਿ ਕਾ ਨਾਮ ਸਚ ਗਿਆਨ, ਅਗਿਆਨ ਅੰਧੇਰ ਚੁਕਾਈਆ । ਹਰਿ ਕਾ ਨਾਮ ਸਚ ਨਿਸ਼ਾਨ, ਦਰਗਹਿ ਸਾਚੀ ਧਾਮ ਵਖਾਈਆ । ਹਰਿ ਕਾ ਨਾਮ ਸਾਚਾ ਕਾਹਨ, ਸੁਰਤ ਸਵਾਣੀ ਲਏ ਪਰਨਾਈਆ । ਹਰਿ ਕਾ ਨਾਮ ਵਸੇ ਸਚ ਮਕਾਨ, ਥਿਰ ਘਰ ਆਪਣਾ ਡੇਰਾ ਲਾਈਆ । ਹਰਿ ਕਾ ਨਾਮ ਮੇਲ ਮਿਲਾਏ ਸ੍ਰੀ ਭਗਵਾਨ, ਭਗਵਨ ਆਪਣਾ ਪੜਦਾ ਆਪ ਉਠਾਈਆ । ਹਰਿ ਕਾ ਨਾਮ ਚਤੁਰ ਸੁਘੜ ਸੁਜਾਨ, ਮੂਰਖ ਮੂੜ੍ਹੇ ਲਏ ਤਰਾਈਆ । ਹਰਿ ਕਾ ਨਾਮ ਕਾਗ਼ਜ਼ ਕਲਮ ਦਏ ਬਿਆਨ, ਗੁਰ ਅਵਤਾਰ ਦੇਣ ਗਵਾਹੀਆ । ਹਰਿ ਕਾ ਨਾਮ ਪੀਰ ਪੈਗ਼ੰਬਰ ਕਰਨ ਸਲਾਮ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਹਰਿ ਕਾ ਨਾਮ ਸਚ ਪੈਗ਼ਾਮ, ਸਾਚੀ ਸਿਖਿਆ ਦਏ ਸਮਝਾਈਆ । ਹਰਿ ਕਾ ਨਾਮ ਦਾਮਨਗੀਰ ਪਕੜੇ ਦਾਮ, ਦਾਮਨ ਆਪਣਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਾ ਨਾਉਂ ਕਰੇ ਸਚ ਨਜ਼ਾਮ, ਮੇਟ ਮਿਟਾਏ ਝੂਠੀ ਸ਼ਾਹੀਆ । ਹਰਿ ਕਾ ਨਾਉਂ ਸਚ ਨਿਆਮਤ, ਅੰਮ੍ਰਿਤ ਰਸ ਇਕ ਵਖਾਇੰਦਾ । ਹਰਿ ਕਾ ਨਾਉਂ ਸਹੀ ਸਲਾਮਤ, ਆਦਿ ਜੁਗਾਦਿ ਏਕਾ ਰੰਗ ਰੰਗਾਇੰਦਾ । ਹਰਿ ਕਾ ਨਾਉਂ ਹਰਿ ਅਮਾਨਤ, ਜਨ ਭਗਤਾਂ ਹੱਥ ਫੜਾਇੰਦਾ । ਹਰਿ ਕਾ ਨਾਉਂ ਦੇਵੇ ਸਦ ਜ਼ਮਾਨਤ, ਏਥੇ ਓਥੇ ਪੱਲੂ ਆਪ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮਾ ਨਾਮ ਦ੍ਰਿੜਾਇੰਦਾ । ਹਰਿ ਨਾਮਾ ਨਾਮ ਅਗੰਮ ਅਪਾਰ, ਅਪਰੰਪਰ ਆਪ ਜਣਾਇੰਦਾ । ਕਲਜੁਗ ਅੰਤਮ ਬੋਲ ਜੈਕਾਰ, ਜੈ ਜੈਕਾਰਾ ਆਪ ਅਲਾਇੰਦਾ । ਵਰਨ ਬਰਨ ਕਰ ਖੁਆਰ, ਖ਼ਬਰ ਸਾਚੀ ਆਪ ਸੁਣਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜੁਗ ਚੌਕੜੀ ਗਏ ਹਾਰ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਭਿੱਖਕ ਬਣ ਬਣ ਮੰਗਦੇ ਗਏ ਭਿਖਾਰ, ਪੁਰਖ ਅਬਿਨਾਸ਼ੀ ਦੇਵਣਹਾਰਾ ਇਕ ਅਖਵਾਇੰਦਾ । ਦੀਦ ਈਦ ਨੇਤਰ

ਨੈਣ ਮੰਗਦੇ ਗਏ ਦੀਦਾਰ, ਚਰਨ ਕਵਲ ਕਵਲ ਚਰਨ ਸਰਨ ਸਰਨ ਸਰਨ ਤਕਾਇੰਦਾ । ਪਾਰਬ੍ਰਹਮ ਤੇਰਾ ਠਾਂਡਾ ਦਰਬਾਰ, ਦੂਜਾ ਦਰ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਤੇਰੀ ਗੁਲਜ਼ਾਰ, ਗੁਲਸ਼ਨ ਏਕਾ ਏਕ ਮਹਿਕਾਇੰਦਾ । ਫੁਲ ਫਲਵਾੜੀ ਵਿਚ ਸੰਸਾਰ, ਪੱਤ ਡਾਲ੍ਹੀ ਨਾਲ ਰਲਾਇੰਦਾ । ਬਣ ਮਾਲੀ ਏਕੰਕਾਰ, ਹਰਿ ਜੂ ਸਾਚੀ ਸੇਵ ਕਮਾਇੰਦਾ । ਕਲੀ ਕਲੀ ਕਰ ਤਿਆਰ, ਕਲ ਆਪਣੀ ਆਪ ਜਣਾਇੰਦਾ । ਵਲ ਛਲ ਏਕੰਕਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਮਹਾਬਲੀ ਵਡ ਬਲਕਾਰ, ਬਲ ਆਪਣਾ ਆਪ ਜਣਾਇੰਦਾ । ਜੋਧਾ ਸੂਰ ਕਰ ਤਿਆਰ, ਬੀਰਤਾ ਆਪਣਾ ਨਾਉਂ ਭਰਾਇੰਦਾ । ਖੜਗ ਖੰਡਾ ਤੇਜ ਕਟਾਰ, ਨਾਮ ਪਰਚੰਡ ਹੱਥ ਵਖਾਇੰਦਾ । ਤਿੱਖੀ ਰੱਖੇ ਦੋਵੇਂ ਧਾਰ, ਨਿਰਗੁਣ ਸਰਗੁਣ ਧਾਰ ਜਣਾਇੰਦਾ । ਲੇਖਾ ਜਾਣੇ ਆਰ ਪਾਰ, ਮਧ ਆਪਣੀ ਖੇਲ ਕਰਾਇੰਦਾ । ਪੰਜ ਤਤ ਤਤ ਪਿਆਰ, ਪਰਮ ਪੁਰਖ ਮੋਹ ਵਧਾਇੰਦਾ । ਨਾਮ ਸਤਿ ਸਤਿ ਜੈਕਾਰ, ਸਤਿ ਸਤਿਵਾਦੀ ਆਪ ਕਰਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਭੰਡਾਰ, ਸਾਲਾਹਨ ਸਲਾਹਕਾਰ ਸਹਿਜ ਸਹਿਜ ਆਪਣਾ ਗੁਣ ਜਣਾਇੰਦਾ । ਹਰਿ ਕਾ ਨਾਮ ਸੱਚਾ ਸਿਕਦਾਰ, ਸਿਰ ਸਿਰ ਆਪਣਾ ਹੁਕਮ ਮਨਾਇੰਦਾ । ਏਕਾ ਅੱਖਰ ਕਰ ਤਿਆਰ, ਨਿਸ਼ਅੱਖਰ ਭੇਵ ਚੁਕਾਇੰਦਾ । ਆਦਿ ਰਚਨ ਰਚ ਸੰਸਾਰ, ਅੰਤਮ ਨਰ ਹਰਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਉਂ ਸੋਹੰ ਸੋ, ਆਦਿ ਪੁਰਖ ਬੀਜ ਬਜਾਇਆ । ਆਪਣੇ ਜਿਹਾ ਆਪੇ ਹੋ, ਆਪਣਾ ਮੰਤਰ ਆਪ ਪੜ੍ਹਾਇਆ । ਕਰ ਪਰਕਾਸ਼ ਪੁਰੀ ਲੋਅ, ਬ੍ਰਹਿਮੰਡ ਖੰਡ ਵਸਾਇਆ । ਗੁਰ ਅਵਤਾਰਾਂ ਢੋਆਂ ਢੋ, ਸਾਚੀ ਵਸਤ ਝੋਲੀ ਪਾਇਆ । ਅੰਤ ਆਪਣੇ ਖ਼ਜ਼ਾਨੇ ਰੱਖੇ ਖੋਹ, ਬਲ ਆਪਣਾ ਆਪ ਵਖਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਬਿਨ ਹਰਿ ਨਾਮੇ ਬਣਿਆ ਰਹੇ ਨਿਰਮੋਹ, ਮੋਹ ਮੁਹੱਬਤ ਨਾ ਕੋਇ ਵਡਿਆਇਆ । ਬਿਨ ਭਗਤਾਂ ਕਿਸੇ ਅੰਗ ਨਾ ਸਕੇ ਛੋਹ, ਲੱਖ ਚੁਰਾਸੀ ਕਾਇਆ ਚੋਲੀ ਦਏ ਦੁਰਕਾਇਆ । ਏਕੰਕਾਰਾ ਸੰਤ ਪਿਆਰਾ ਨੇਤਰ ਨੈਣਾਂ ਲਵੇ ਰੋ, ਨੀਰ ਨੀਰ ਨੀਰ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਨਾਮ ਰਿਹਾ ਪਰਗਟਾਇਆ । ਏਕਾ ਨਾਮ ਪਰਗਟ ਸੋ, ਹੰ ਬ੍ਰਹਮ ਜਣਾਇੰਦਾ । ਹੰ ਬ੍ਰਹਮ ਪ੍ਰਭ ਆਪੇ ਹੋ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਦੁਰਮਤ ਮੈਲ ਦੇਵੇ ਧੋ, ਧੂੰਆਂਧਾਰ ਗਵਾਇੰਦਾ । ਅੰਮ੍ਰਿਤ ਰਸ ਨਿਝਰ ਚੋ, ਕਵਲ ਮੁਖ ਖਲਾਇੰਦਾ । ਰਾਮ ਨਾਮ ਪ੍ਰਭ ਆਪੇ ਹੋ, ਏਕਾ ਦੇ ਦੇ ਸਰਬ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਜੁਗਾ ਜੁਗੰਤ, ਲੱਖ ਚੁਰਾਸੀ ਕਾਇਆ ਪੰਜ ਤਤ ਮਾਟੀ ਦੇਵੇ ਕੋਹ, ਨਾਮ ਖੰਡਾ ਵਿਚ ਬ੍ਰਹਿਮੰਡਾਂ ਆਪ ਫਿਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਇਕ ਮਿਹਰਵਾਨ, ਮਹਿਵ ਆਪਣਾ ਹੁਕਮ ਏਕਾ ਨਾਉਂ ਵਖਾਇੰਦਾ ।

## ✳ ੧੩ ਭਾਦਰੋਂ ੨੦੧੯ ਬਿਕ੍ਰਮੀ ਸੁਰੈਣ ਸਿੰਘ ਦੇ ਗ੍ਰਹਿ ਨਿਧਾਂਵਾਲੀ ਜ਼ਿਲਾ ਫਿਰੋਜ਼ਪੁਰ ✳

ਸਾਚੇ ਤਖ਼ਤ ਬੈਠ ਸੁਲਤਾਨ, ਆਦਿ ਪੁਰਖ ਆਸਣ ਲਾਈਆ । ਨਿਰਗੁਣ ਨੂਰ ਨੂਰ ਮਹਾਨ, ਜੋਤੀ ਜਾਤਾ ਜੋਤ ਰੁਸ਼ਨਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਰਖਾਈਆ । ਇਕ ਇਕੇਲਾ ਹੁਕਮਰਾਨ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਧਾ ਸੂਰਬੀਰ ਬਲੀ

ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸਤਿ ਸਤਿਵਾਦੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਜਣਾਇੰਦਾ । ਏਕੰਕਾਰ ਬਣਾਏ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਦਿ ਨਿਰੰਜਣ ਨੂਰ ਅਨੰਤ, ਅਨੰਤ ਕਲ ਆਪਣੀ ਆਪ ਧਰਾਇੰਦਾ । ਏਕੰਕਾਰ ਮਹਿਮਾ ਬੇਅੰਤ, ਬੇਅੰਤ ਆਪਣੀ ਖੇਲ ਵਖਾਇੰਦਾ । ਸ੍ਰੀ ਭਗਵਾਨ ਸਾਚਾ ਕੰਤ, ਨਰ ਨਰਾਇਣ ਵੇਸ ਵਟਾਇੰਦਾ । ਅਬਿਨਾਸ਼ੀ ਕਰਤਾ ਆਪੇ ਆਦਿ ਆਪੇ ਅੰਤ, ਆਪਣਾ ਭੇਵ ਆਪ ਛੁਪਾਇੰਦਾ । ਪਾਰਬ੍ਰਹਮ ਪ੍ਰਭ ਬਣ ਮੰਗਤ, ਦਰ ਨਿਉਂ ਨਿਉਂ ਸੀਸ ਝੁਕਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਡੇਰਾ ਲਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਖੇਲੇ ਖੇਲ ਆਦਿ ਅੰਤ, ਅੰਤ ਆਦਿ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਪੁਰਖ ਨਿਰਗੁਣ ਨਾਰ ਨਿਰਗੁਣ ਹਰਿ ਜੂ ਬਣ ਬਣ ਕੰਤ, ਸੇਜ ਸੁਹੰਜਣੀ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਸਾਚਾ ਦਰ ਦਰ ਦਰਵਾਜ਼ਾ, ਧੁਰਦਰਗਾਹੀ ਆਪ ਖੁਲ੍ਹਾਇੰਦਾ । ਹੱਕ ਮੁਕਾਮ ਗ਼ਰੀਬ ਨਿਵਾਜ਼ਾ, ਭੇਵ ਅਭੇਦ ਆਪ ਜਣਾਇੰਦਾ । ਭੂਪਤ ਭੂਪ ਰਾਜਨ ਰਾਜਾ, ਰਾਉ ਰੰਕ ਰੂਪ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਰਚ ਰਚ ਕਾਜਾ, ਆਪਣੀ ਕਰਨੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਤਖ਼ਤ ਆਪੇ ਚੜ੍ਹ, ਸਾਚਾ ਦਰ ਆਪ ਸੁਹਾਇੰਦਾ । ਸਾਚਾ ਦਰ ਸ੍ਰੀ ਭਗਵਾਨ, ਆਦਿ ਪੁਰਖ ਆਪ ਸੁਹਾਈਆ । ਇਕ ਇਕੱਲਾ ਨੌਜਵਾਨ, ਨਿਰਗੁਣ ਆਪਣਾ ਰੂਪ ਪਰਗਟਾਈਆ । ਕਰੇ ਖੇਲ ਵਡ ਮਿਹਰਵਾਨ, ਮਿਹਬਾਨ ਆਪਣੀ ਰਚਨਾ ਆਪ ਸਮਝਾਈਆ । ਇਕ ਇਕੱਲਾ ਜਾਣੀ ਜਾਣ, ਜਾਨਣਹਾਰ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਵਸੇ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਆਦਿ ਪੁਰਖ ਹੋ ਉਜਿਆਰਾ, ਨਿਰਗੁਣ ਨਿਰਗੁਣ ਨੂਰ ਧਰਾਇੰਦਾ । ਭੂਪਤ ਭੂਪ ਬਣ ਸਿਕਦਾਰਾ, ਹੁਕਮ ਹਾਕਮ ਆਪ ਸੁਣਾਇੰਦਾ । ਧੁਰ ਫ਼ਰਮਾਣਾ ਬੋਲ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਅਲਾਇੰਦਾ । ਆਪ ਲਗਾਏ ਸਚ ਦਰਬਾਰਾ, ਧੁਰ ਦਰਬਾਰਾ ਵੇਖ ਵਖਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਏਕਾ ਆਪਣੀ ਅਲੱਖ ਜਗਾਇੰਦਾ । ਅਗੰਮ ਅਗੰਮ ਕਰੇ ਖੇਲ ਨਿਰਾਕਾਰਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣੀ ਧਾਰ ਆਪ ਬੰਧਾਇੰਦਾ । ਆਦਿ ਪੁਰਖ ਸਾਚੀ ਧਾਰ, ਇਕ ਇਕੱਲਾ ਆਪ ਬੰਨ੍ਹਾਈਆ । ਆਪਣੀ ਇਛਿਆ ਕਰ ਵਿਚਾਰ, ਆਪੇ ਵੇਖ ਵਖਾਈਆ । ਰੂਪ ਰੰਗ ਤੇ ਵਸਿਆ ਬਾਹਰ, ਰੇਖ ਨਜ਼ਰ ਕੋਇ ਨਾ ਆਈਆ । ਕਰੇ ਖੇਲ ਅਗੰਮੜੀ ਕਾਰ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਹਰਿ ਭਗਵਾਨਾ, ਭਗਵਨ ਹਰਿ ਜੂ ਆਪ ਜਣਾਇੰਦਾ । ਸੀਸ ਜਗਦੀਸ ਇਕ ਸੁਹਾਨਾ, ਸੋਭਾਵੰਤ ਆਪ ਸੁਹਾਇੰਦਾ । ਆਪਣੀ ਇਛਿਆ ਸਚ ਮਕਾਨਾ, ਬੇਮੁਕਾਮ ਆਪ ਪਰਗਟਾਇੰਦਾ । ਛੱਪਰ ਛੰਨ ਨਾ ਕੋਇ ਛੁਹਾਨਾ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਸੂਰਜ ਚੰਦ

ਨਾ ਕੋਇ ਰੁਸ਼ਨਾਨਾ, ਨੂਰ ਨੂਰ ਨਾ ਕੋਇ ਸਮਾਇੰਦਾ । ਕਰੇ ਖੇਲ ਵਡ ਬਲਵਾਨਾ, ਬਲ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਆਪਣਾ ਮੰਦਰ ਆਪੇ ਆਪ ਉਪਾਇੰਦਾ । ਏਕਾ ਮੰਦਰ ਸਚਖੰਡ, ਸਚਖੰਡ ਨਿਵਾਸੀ ਆਪ ਉਪਾਈਆ । ਆਪੇ ਪਾਏ ਆਪਣੀ ਵੰਡ, ਵੰਡਣਹਾਰ ਆਪ ਅਖਵਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅਗੰਮ ਅਗੰਮੜਾ ਚਾੜ੍ਹੇ ਰੰਗ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਸਤਿ ਸਤਿਵਾਦੀ ਇਕ ਵਖਾਏ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਨਿਰਵੈਰ ਪੁਰਖ ਇਕ ਅਨੰਦ, ਮੂਰਤ ਅਕਾਲ ਕਰੇ ਰੁਸ਼ਨਾਈਆ । ਸਦਾ ਸੁਹੇਲਾ ਨਾ ਹੋਏ ਸੈਭੰ, ਸਾਹਿਬ ਸੁਲਤਾਨ ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਦਾਤ ਆਪੇ ਮੰਗ, ਆਪੇ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਕਰ ਪਸਾਰਾ, ਨਿਰਗੁਣ ਧਾਰਾ ਨੂਰ ਰੁਸ਼ਨਾਈਆ । ਸਚਖੰਡ ਦੁਆਰਾ ਸਚ ਮਹੱਲਾ, ਹਰਿ ਜੂ ਹਰਿ ਹਰਿ ਆਪ ਉਪਾਇੰਦਾ । ਜੋਤੀ ਦੀਪਕ ਆਪੇ ਬਲਾ, ਨੂਰੋ ਨੂਰ ਨੂਰ ਧਰਾਇੰਦਾ । ਪੁਰਖ ਅਕਾਲ ਇਕ ਇਕੱਲਾ, ਸਤਿ ਸਤਿਵਾਦੀ ਆਸਣ ਲਾਇੰਦਾ । ਨਿਰਗੁਣ ਨਿਰਗੁਣ ਫੜ ਫੜ ਪੱਲਾ, ਪੱਲੂ ਆਪਣੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਏਕਾ ਮੱਲਾ, ਅਬਿਨਾਸ਼ੀ ਕਰਤਾ ਆਪਣਾ ਆਸਣ ਲਾਇੰਦਾ । ਸਚ ਸਿੰਘਾਸਣ ਏਕਾ ਏਕ, ਏਕੰਕਾਰਾ ਆਪ ਸੁਹਾਈਆ । ਆਦਿ ਪੁਰਖ ਏਕਾ ਟੇਕ, ਦੂਸਰ ਓਟ ਨਾ ਕੋਇ ਜਣਾਈਆ । ਆਪਣਾ ਮੰਦਰ ਆਪੇ ਵੇਖ, ਹਰਿ ਜੂ ਹਰਿ ਹਰਿ ਖ਼ੁਸ਼ੀ ਮਨਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਲਿਖੇ ਨਾ ਕਲਮ ਸ਼ਾਹੀਆ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਅਨਭਵ ਪਰਕਾਸ਼ ਵਟਾਇਆ ਵੇਸ, ਵੇਸ ਅਵੱਲੜਾ ਆਪ ਕਰਾਈਆ । ਸਤਿ ਸਤਿਵਾਦੀ ਵਸਿਆ ਸਾਚੇ ਦੇਸ, ਦੇਸ ਵਸੇ ਸੱਚਾ ਮਾਹੀਆ । ਆਦਿ ਜੁਗਾਦਿ ਰਹੇ ਹਮੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਘਾੜਤ ਘੜ, ਘੜ ਆਪੇ ਵੇਖ ਵਖਾਈਆ । ਸਚਖੰਡ ਦੁਆਰਾ ਘਾੜਨ ਘੜਿਆ, ਘੜਨਹਾਰ ਆਪ ਅਖਵਾਇੰਦਾ । ਬਿਨ ਪੌੜੀ ਡੰਡੇ ਆਪੇ ਚੜ੍ਹਿਆ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਸਚ ਸਿੰਘਾਸਣ ਆਪੇ ਖੜਿਆ, ਸਵੱਛ ਸਰੂਪੀ ਰੂਪ ਵਟਾਇੰਦਾ । ਆਦਿ ਅੰਤ ਕਦੇ ਨਾ ਮਰਿਆ, ਜਨਮ ਮਰਨ ਵਿਚ ਨਾ ਆਇੰਦਾ । ਆਪਣੀ ਤਰਨੀ ਆਪੇ ਤਰਿਆ, ਤਾਰਨਹਾਰ ਆਪ ਅਖਵਾਇੰਦਾ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਨਾਉਂ ਪਰਗਟਾਇੰਦਾ । ਆਪਣਾ ਵਰ ਆਪੇ ਵਰਿਆ, ਨਾਰ ਕੰਤ ਅੰਗ ਲਗਾਇੰਦਾ । ਸਾਚੀ ਸੇਜਾ ਆਪੇ ਚੜ੍ਹਿਆ, ਸੇਜ ਸੁਹੰਜਣੀ ਆਪ ਹੰਢਾਇੰਦਾ । ਨਿਰਗੁਣ ਅੰਦਰ ਨਿਰਗੁਣ ਵੜਿਆ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਘਾੜਨ ਘੜ, ਘੜ ਘੜ ਆਪਣਾ ਆਪ ਵੇਖ ਵਖਾਇੰਦਾ । ਸਚਖੰਡ ਦੁਆਰਾ ਉਚ ਮਨਾਰਾ, ਊਚੋ ਊਚ ਰਖਾਈਆ । ਕਰੇ ਖੇਲ ਏਕੰਕਾਰਾ, ਅਕਲ ਕਲ ਵਡ ਵਡਿਆਈਆ । ਦੀਆ ਬਾਤੀ ਇਕ ਉਜਿਆਰਾ, ਨਿਰਮਲ ਜੋਤ ਜੋਤ ਰੁਸ਼ਨਾਈਆ । ਕਮਲਾਪਾਤੀ ਵਸੇ ਵਸਣਹਾਰਾ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਈਆ । ਸਾਚਾ ਮੰਦਰ ਸੋਭਨੀਕ, ਹਰਿ ਸਾਚਾ ਸਚ ਸੁਹਾਇੰਦਾ । ਇਕ ਇਕੱਲਾ ਲਾਸ਼ਰੀਕ, ਪਰਵਰਦਿਗਾਰ ਡੇਰਾ ਲਾਇੰਦਾ । ਆਪ ਆਪਣੀ ਰੱਖ ਉਡੀਕ, ਮੇਲ ਮਿਲਾਵਾ ਆਪਣੇ

੬੪੦
੧੨

ਹੱਥ ਜਣਾਇੰਦਾ । ਨਿਰਗੁਣ ਨਿਰਗੁਣ ਕਰ ਪ੍ਰੀਤ, ਪ੍ਰੀਤੀਵਾਨ ਬੰਧਨ ਪਾਇੰਦਾ । ਸਚ ਦੁਆਰਾ ਠਾਂਡਾ ਸੀਤ, ਅਗਨੀ ਤਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਆਪ ਵਡਿਆਇੰਦਾ । ਮਹੱਲ ਅਟੱਲ ਸਚ ਦਰਬਾਰਾ, ਹਰਿ ਦਰਬਾਰੀ ਆਪ ਸੁਹਾਇੰਦਾ । ਇਕ ਇਕੱਲਾ ਕਰ ਪਸਾਰਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਘਾੜਨ ਘੜੇ ਅਗੰਮ ਅਪਾਰਾ, ਘੜ ਘੜ ਆਪੇ ਵੇਖ ਵਖਾਇੰਦਾ । ਜੋਤੀ ਜਾਤਾ ਜੋਤ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਵਡਿਆਈਆ । ਆਪਣੀ ਇਛਿਆ ਕਰ ਪਰਗਟ, ਆਪਣੇ ਅੰਤਰ ਆਪ ਛੁਪਾਈਆ । ਆਪੇ ਖੋਲ੍ਹ ਸਾਚਾ ਹੱਟ, ਨਿਰਗੁਣ ਦਾਤਾ ਆਪ ਚਲਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਬੇਪਰਵਾਹੀਆ । ਆਪਣਾ ਮਾਰਗ ਆਪੇ ਦੱਸ, ਆਪੇ ਵੇਖੇ ਚਾਈਂ ਚਾਈਆ । ਆਪੇ ਜਾਣੇ ਆਪਣਾ ਰਸ, ਰਸ ਰਸਯਾ ਸੱਚਾ ਮਾਹੀਆ । ਨਿਰਗੁਣ ਅੰਦਰ ਨਿਰਗੁਣ ਹੋਵੇ ਵਸ, ਦੂਜਾ ਬੰਧਨ ਨਾ ਕੋਇ ਰਖਾਈਆ । ਪਰੇਮ ਪਿਆਰ ਅੰਦਰ ਪਾਰਬ੍ਰਹਮ ਪ੍ਰਭ ਜਾਏ ਫਸ, ਘਰ ਮੰਦਰ ਸੋਭਾ ਪਾਈਆ । ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਗਾਏ ਜਸ, ਰਾਗੀ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਬਣਤ ਬਣਾਈਆ । ਸਚਖੰਡ ਦੁਆਰ ਬਣਤ, ਹਰਿ ਸੱਜਣ ਦਇਆ ਕਮਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਬੇਅੰਤ ਰੂਪ ਵਟਾਇੰਦਾ । ਮੇਲ ਮਿਲਾਵਾ ਨਾਰ ਕੰਤ, ਕੰਤ ਕੰਤੂਹਲ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਰਾਹ ਚਲਾਇੰਦਾ । ਭਗਵਨ ਚਲੇ ਆਪਣਾ ਰਾਹ, ਰਹਿਬਰ ਏਕਾ ਏਕ ਅਖਵਾਈਆ । ਸਚਖੰਡ ਦੁਆਰਾ ਆਪ ਸੁਹਾ, ਸੁਹਬਤ ਆਪਣੇ ਨਾਉਂ ਵਡਿਆਈਆ । ਸਚ ਸਿੰਘਾਸਣ ਡੇਰਾ ਲਾ, ਤਖ਼ਤ ਨਿਵਾਸੀ ਵੇਖ ਵਖਾਈਆ । ਨਿਰਗੁਣ ਨਿਰਗੁਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਿਫ਼ਤ ਸਾਲਾਹੀ ਦਏ ਸਲਾਹ, ਸਲਾਹਗੀਰ ਇਕ ਰਘੁਰਾਈਆ । ਆਪਣਾ ਮੇਲਾ ਮੇਲ ਮਿਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਨਾਰੀ ਕੰਤ ਲਏ ਹੰਢਾ, ਘਰ ਸਾਚੇ ਵੱਜੇ ਵਧਾਈਆ । ਜਨਨੀ ਜਨ ਬਣੇ ਖ਼ੁਦਾ, ਬੇਨਜ਼ੀਰ ਨਜ਼ਰ ਨੈਣ ਇਕ ਉਠਾਈਆ । ਦਾਈ ਦਾਇਆ ਬਣ ਸੇਵਾ ਲਏ ਕਮਾ, ਸੇਵਕ ਆਪਣਾ ਨਾਉਂ ਰਖਾਈਆ । ਪੂਤ ਸਪੂਤਾ ਲਏ ਜਾ, ਵਾਰ ਥਿਤ ਨਾ ਕੋਇ ਰਖਾਈਆ । ਆਪਣੀ ਗੋਦੀ ਲਏ ਉਠਾ, ਜੋਤੀ ਜਾਤਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਵੇਖੇ ਚਾਈਂ ਚਾਈਆ । ਸਚਖੰਡ ਦੁਆਰੇ ਚਾਉ ਘਨੇਰਾ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਲਹਿਣਾ ਜਾਣੇ ਤੇਰਾ ਮੇਰਾ, ਮੇਰਾ ਤੇਰਾ ਆਪਣਾ ਰੂਪ ਵਟਾਇੰਦਾ । ਨਿਰਗੁਣ ਅੰਦਰ ਨਿਰਗੁਣ ਡੇਰਾ, ਪੁਰਖ ਅਕਾਲ ਆਪ ਲਗਾਇੰਦਾ । ਸਤਿ ਪੁਰਖ ਨਿਰੰਜਣ ਪਾ ਪਾ ਫੇਰਾ, ਪਰਦਾਨਸ਼ੀਂ ਪਰਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਆਪ ਵਡਿਆਇੰਦਾ । ਸਚ ਮਹੱਲਾ ਹਰਿ ਭਗਵਾਨਾ, ਸਚਖੰਡ ਦੁਆਰ ਦਏ ਵਡਿਆਈਆ । ਕਰੇ ਖੇਲ ਇਕ ਮਹਾਨਾ, ਮਹਿਮਾ ਅਕੱਥ ਕਥੀ ਨਾ ਜਾਈਆ । ਸੁਤ ਦੁਲਾਰਾ ਬਾਲ ਅਵਾਣਾ, ਸ਼ਬਦੀ ਸ਼ਬਦ ਉਪਜਾਈਆ । ਕਰੇ ਖੇਲ ਗੋਪੀ ਕਾਹਨਾ, ਘਰ ਮੰਦਰ ਰਾਸ ਰਚਾਈਆ । ਸਾਚੀ ਸਖ਼ੀ ਕਰ ਪਰਵਾਨਾ, ਸਤਿ

੬੪੧
੧੨

੬੪੨
੧੨

ਪਰਵਾਨਗੀ ਇਕ ਜਣਾਈਆ । ਬੋਧ ਅਗਾਧੀ ਦੇ ਦੇ ਦਾਨਾ, ਦਾਤਾ ਦਾਨੀ ਖ਼ੁਸ਼ੀ ਮਨਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਸਚ ਮਰਦਾਨਗੀ ਆਪ ਵਖਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨਾ, ਸਚਖੰਡ ਦੁਆਰੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪਾਏ ਭਿਛਿਆ, ਭਿੱਖਕ ਦੇਵੇ ਮਾਣ ਵਡਿਆਈਆ । ਰਾਜਨ ਸ਼ਾਹੋ ਭੂਪ ਆਪ, ਘਰ ਆਪਣੇ ਦਇਆ ਕਮਾਇੰਦਾ । ਸਚਖੰਡ ਨਿਵਾਸੀ ਵਡ ਪਰਤਾਪ, ਪਰਮ ਪੁਰਖ ਆਪ ਪਰਗਟਾਇੰਦਾ । ਨਿਰਗੁਣ ਨਿਰਗੁਣ ਮਾਈ ਬਾਪ, ਪਿਤਾ ਪੂਤ ਖੇਲ ਕਰਾਇੰਦਾ । ਆਪ ਪਰਗਟਾਏ ਆਪਣੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਧਰਾਇੰਦਾ । ਸਾਚੀ ਕਲ ਅਕਲ ਕਲ ਧਾਰ, ਪੁਰਖ ਅਬਿਨਾਸ਼ੀ ਖੇਲ ਕਰਾਈਆ । ਸਚਖੰਡ ਨਿਵਾਸੀ ਹੋ ਤਿਆਰ, ਨਿਰਗੁਣ ਨਿਰਗੁਣ ਲਏ ਉਪਾਈਆ । ਪੂਤ ਸਪੂਤੇ ਦੇ ਹੁਲਾਰ, ਗੋਦੀ ਗੋਦ ਗੋਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸਚਖੰਡ ਦੁਆਰੇ ਆਪ ਕਰਾਇੰਦਾ । ਸ਼ਬਦੀ ਸੁਤ ਕਰ ਪਿਆਰਾ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਹੱਟ ਖੋਲ੍ਹ ਵਣਜਾਰਾ, ਨਾਮ ਵਸਤ ਵਿਚ ਰਖਾਇੰਦਾ । ਸ਼ਬਦ ਸੰਦੇਸਾ ਏਕੰਕਾਰਾ, ਆਦਿ ਜੁਗਾਦੀ ਆਪ ਸੁਣਾਇੰਦਾ । ਹੁਕਮੀ ਹੁਕਮ ਕਰ ਵਰਤਾਰਾ, ਹੁਕਮੀ ਹੁਕਮ ਆਪ ਭੁਵਾਇੰਦਾ । ਨੇਤਰ ਨੈਣ ਇਕ ਉਘਾੜਾ, ਅੱਖ ਅੱਖ ਨਾਲ ਮਿਲਾਇੰਦਾ । ਸਚਖੰਡ ਵਖਾਏ ਸਚ ਦੁਆਰਾ, ਜਿਸ ਘਰ ਹਰਿ ਜੂ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਏਕੰਕਾਰ, ਏਕਾ ਵਾਰ ਜਣਾਈਆ । ਸੁਤ ਸ਼ਬਦ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਉਠਾਈਆ । ਤੇਰੀ ਮਹਿਮਾ ਅਗੰਮ ਅਪਾਰ, ਅਲੱਖ ਅਗੋਚਰ ਕਰੇ ਪੜ੍ਹਾਈਆ । ਤੇਰੀ ਸਿਫ਼ਤ ਕਰੇ ਆਪ ਕਰਤਾਰ, ਆਪਣੀ ਸਿਫ਼ਤ ਤੋਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਜਣਾਈਆ । ਸਚ ਸੁਨੇਹੜਾ ਇਕ ਇਕੱਲਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਥਿਰ ਘਰ ਤੇਰਾ ਵਸੇ ਮਹੱਲਾ, ਮਹਿਫ਼ਲ ਤੇਰੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਾਖਿਆਤ, ਹਰਿ ਸਤਿਗੁਰ ਆਪ ਜਣਾਇੰਦਾ । ਸਾਚੀ ਸਿਖਿਆ ਸੁਣ ਲੈ ਬਾਲ, ਹਰਿ ਸਾਚਾ ਸਚ ਜਣਾਈਆ । ਪੁਰਖ ਅਬਿਨਾਸ਼ੀ ਉਪਜਿਆ ਇਕੋ ਲਾਲ, ਏਕੰਕਾਰਾ ਹੋਏ ਸਹਾਈਆ । ਸੋ ਪੁਰਖ ਨਿਰੰਜਣ ਬਣ ਦਲਾਲ, ਹਰਿ ਪੁਰਖ ਨਿਰੰਜਣ ਕਰੇ ਕੁੜਮਾਈਆ । ਆਦਿ ਨਿਰੰਜਣ ਦੀਪਕ ਬਾਲ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਹੱਲ ਕਰੇ ਸਵਾਲ, ਦਰ ਤੇਰੇ ਫੇਰਾ ਪਾਈਆ । ਅਬਿਨਾਸ਼ੀ ਕਰਤਾ ਦੇਵੇ ਸੱਚਾ ਧੰਨ ਮਾਲ, ਅਤੋਟ ਅਤੁਟ ਇਕ ਵਖਾਈਆ । ਪਾਰਬ੍ਰਹਮ ਪ੍ਰਭ ਘਾਲੇ ਤੇਰੀ ਘਾਲ, ਬਣ ਸੇਵਕ ਸੇਵ ਕਮਾਈਆ । ਹਰਿ ਕਾ ਨਾਉਂ ਤੇਰਾ ਨਿਸ਼ਾਨ, ਸਚ ਨਿਸ਼ਾਨਾ ਦਏ ਝੁਲਾਈਆ । ਵਸਤ ਅਮੋਲਕ ਦੇਵੇ ਦਾਨ, ਅਨਡਿਠੜੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਈਆ । ਸਾਚਾ ਭੇਵ ਹਰਿ ਕਰਤਾਰਾ, ਆਦਿ ਪੁਰਖ ਚੁਕਾਈਆ । ਸ਼ਬਦੀ ਸੁਤ ਤੇਰਾ ਸਚ ਪਸਾਰਾ, ਹਰਿ ਸਾਚਾ ਸਚ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਤੇਰਾ ਸਹਾਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮੰਡਲ ਮੰਡਪ ਤੇਰਾ ਅਖਾੜਾ, ਵੇਖਣਹਾਰਾ ਚਾਈਂ ਚਾਈਆ । ਰਵ ਸਸ ਸੂਰਜ ਚੰਨ

ਚੰਨ ਸਤਾਰਾ, ਕਿਰਨ ਕਿਰਨ ਨੂਰ ਰੁਸ਼ਨਾਈਆ । ਨਾਦ ਧੁੰਨ ਸ਼ਬਦ ਜੈਕਾਰਾ, ਅਨਰਾਗੀ ਰਾਗ ਅਲਾਈਆ । ਵਿਸ਼ਨੂੰ ਵਿਸ਼ਵ ਤੇਰਾ ਪਸਾਰਾ, ਵਾਸਤਕ ਏਕਾ ਗੰਢ ਰਖਾਈਆ । ਅੰਮ੍ਰਿਤ ਝਿਰਨਾ ਅਗੰਮ ਅਪਾਰ, ਰਿਸਕ ਆਪਣਾ ਆਪ ਰਿਸਾਈਆ । ਬ੍ਰਹਮਾ ਬ੍ਰਹਮ ਪਾਰਬ੍ਰਹਮ ਅਧਾਰਾ, ਬ੍ਰਹਮ ਲੇਖਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੁਣ ਲੈ ਸੁਤ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਤ੍ਰੈ ਪੰਜ ਮੇਲਾ ਅਬਿਨਾਸ਼ੀ ਅਚੁੱਤ, ਹਰਿ ਜੂ ਹਰਿ ਹਰਿ ਆਪ ਮਿਲਾਇੰਦਾ । ਲੱਖ ਚੁਰਾਸੀ ਕਾਇਆ ਬੁੱਤ, ਘੜ ਭਾਂਡੇ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਤੇਰਾ ਹਾਲ ਲਏ ਪੁੱਛ, ਦਰ ਦਰ ਘਰ ਘਰ ਫੇਰਾ ਪਾਇੰਦਾ । ਦੇਵੇ ਵਡਿਆਈ ਇਕੋ ਸੁੱਚ, ਸੁੱਚ ਆਪਣੇ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਹਰਿ ਜੂ ਦੱਸ, ਏਕਾ ਗੁਣ ਜਣਾਈਆ । ਪਾਰਬ੍ਰਹਮ ਪੁਰਖ ਸਮਰਥ ਰਚ, ਰਚਨਾ ਵੇਖ ਵਖਾਈਆ । ਨਿਰਵੈਰ ਪੁਰਖ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਆਪਣੀ ਗਾਥ, ਨਾਉਂ ਨਿਰੰਕਾਰਾ ਆਪ ਪੜ੍ਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਹਰਿ ਜੂ ਵਸੇ ਸਾਥ, ਵਿਛੜ ਕਦੇ ਨਾ ਜਾਈਆ । ਇਕ ਇਕੱਲਾ ਸੁਣੇ ਸਰਬ ਫ਼ਰਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਪੜ੍ਹਾਈਆ । ਸਚ ਸੰਦੇਸਾ ਏਕਾ ਪੜ੍ਹਨਾ, ਬਸਨ ਬਨਵਾਰੀ ਆਪ ਜਣਾਇੰਦਾ । ਸਚਖੰਡ ਦਵਾਰੇ ਸਾਚੇ ਵੜਨਾ, ਰਾਹ ਵਿਚ ਨਾ ਕੋਇ ਅਟਕਾਇੰਦਾ । ਨਿਰਭੌ ਚੁਕਾਏ ਭੈ ਡਰਨਾ, ਭੈ ਭਿਆਨਕ ਨਾ ਕੋਇ ਵਖਾਇੰਦਾ । ਸਰਨ ਮਿਲੇ ਸਾਚੀ ਸਰਨਾ, ਸਰਨਾਈ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਸਚ ਸੰਦੇਸਾ, ਨਰ ਨਰੇਸ਼ਾ ਇਕ ਜਣਾਇੰਦਾ । ਨਰ ਨਰੇਸ਼ਾ ਸਾਚਾ ਗੀਤ, ਨਰ ਹਰਿ ਆਪ ਜਣਾਈਆ । ਸੁਤ ਸ਼ਬਦ ਤੇਰੀ ਸਾਚੀ ਰੀਤ, ਪੁਰਖ ਅਬਿਨਾਸ਼ੀ ਰਿਹਾ ਵਖਾਈਆ । ਥਿਰ ਘਰ ਵਸਣਾ ਧਾਮ ਅਨਡੀਠ, ਅਨਡਿਠੜੀ ਸੇਜ ਹੰਢਾਈਆ । ਆਦਿ ਜੁਗਾਦਿ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਿਖਾਈਆ । ਸਾਚੀ ਸਿਖਿਆ ਲਈ ਸਿਖ, ਸੁਤ ਸ਼ਬਦੀ ਸੀਸ ਝੁਕਾਇੰਦਾ । ਪਾਰਬ੍ਰਹਮ ਪ੍ਰਭ ਲੇਖਾ ਦੇਣਾ ਲਿਖ, ਤੇਰਾ ਲੇਖ ਨਾ ਕੋਇ ਮਿਟਾਇੰਦਾ । ਨਿਜ ਨੇਤਰ ਪੈਣਾ ਦਿਸ, ਨਿਤ ਨਵਿਤ ਦਰਸ ਤੇਰਾ ਮੋਹੇ ਭਾਇੰਦਾ । ਏਕਾ ਨਾਮ ਦੇ ਦੇ ਹਿਸ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਵਰ, ਦਰ ਸਾਚੇ ਮੰਗ ਮੰਗਾਇੰਦਾ । ਨਾਮ ਵਰ ਦੇ ਭਗਵਾਨ, ਹਉਂ ਭਿਖਾਰੀ ਮੰਗ ਮੰਗਾਇੰਦਾ । ਨਜ਼ਰੀ ਆਏ ਸਾਚਾ ਕਾਹਨ, ਦੂਸਰ ਰੂਪ ਨਾ ਮੋਹੇ ਭਾਇੰਦਾ । ਸਚਖੰਡ ਝੁੱਲੇ ਤੇਰਾ ਨਿਸ਼ਾਨ, ਨਿਸ਼ਾਨਾ ਹੋਰ ਨਾ ਕੋਇ ਝੁਲਾਇੰਦਾ । ਸਤਿ ਦੁਆਰਾ ਤੇਰਾ ਮਕਾਨ, ਮੁਕਾਮ ਹੋਰ ਨਾ ਕੋਇ ਵਖਾਇੰਦਾ । ਧੁਰ ਫ਼ਰਮਾਣਾ ਤੇਰਾ ਫ਼ਰਮਾਣ, ਫ਼ਰਮਾਂਬਰਦਾਰ ਸੇਵ ਕਮਾਇੰਦਾ । ਏਕਾ ਦੱਸ ਸੱਚਾ ਗਾਨ, ਗਾ ਗਾ ਤੇਰੀ ਖ਼ੁਸ਼ੀ ਮਨਾਇੰਦਾ । ਹਉਂ ਬਾਲੀ ਬੁਧ ਅਵਾਣ, ਤੇਰਾ ਅੰਤ ਕੋਇ ਨਾ ਆਇੰਦਾ । ਤੇਰੇ ਚਰਨੀ ਡਿਗਾ ਆਣ, ਦੋਏ ਜੋੜ ਸੀਸ ਝੁਕਾਇੰਦਾ । ਕਰ ਕਿਰਪਾ ਵਡ ਮਿਹਰਵਾਨ, ਮਿਹਰਵਾਨ ਮਿਹਰਵਾਨ ਤੁਧ ਬਿਨ

ਮਿਹਰ ਨਜ਼ਰ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਪਹਿਲੀ ਵਾਰ, ਆਪੇ ਦੱਸੇ ਹਰਿ ਨਿਰੰਕਾਰ, ਸਚਖੰਡ ਬੈਠ ਸੱਚੀ ਸਰਕਾਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸਾਚਾ ਢੋਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਲਾਹੇ ਉਹਲਾ, ਪਰਦਾ ਪਰਦਾ ਆਪ ਚੁਕਾਇੰਦਾ । ਏਕੰਕਾਰਾ ਏਕਾ ਬੋਲਾ, ਅਕਲ ਕਲ ਆਪਣੀ ਖੇਲ ਜਣਾਇੰਦਾ । ਆਦਿ ਨਿਰੰਜਣ ਹੋ ਅਡੋਲਾ, ਅਡੋਲ ਅਤੁਲ ਦਇਆ ਕਮਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਤੋਲਾ, ਸਾਚਾ ਕੰਡਾ ਇਕ ਵਖਾਇੰਦਾ । ਸ੍ਰੀ ਭਗਵਾਨ ਦਏ ਝਕੋਲਾ, ਸਚ ਹੁਲਾਰਾ ਇਕ ਲਗਾਇੰਦਾ । ਪਾਰਬ੍ਰਹਮ ਪ੍ਰਭ ਅੰਤਰ ਅੰਤਰ ਮੌਲਾ, ਮਵਲ ਮਵਲ ਆਪਣੀ ਖ਼ੁਸ਼ੀ ਮਨਾਇੰਦਾ । ਸਤਿ ਸਤਿਵਾਦੀ ਆਪਣਾ ਕਰੇ ਸਾਚਾ ਕੌਲਾ, ਕੀਤਾ ਕੌਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਭੇਵ ਖੁਲ੍ਹਾਇੰਦਾ । ਸੁਤ ਦੁਲਾਰੇ ਲੈਣਾ ਜਾਣ, ਜਾਣੀ ਜਾਣ ਆਪ ਜਣਾਈਆ । ਜਿਸ ਰਚਨਾ ਰਚੀ ਤੇਰੀ ਆਣ, ਸੋ ਸਾਹਿਬ ਸੁਲਤਾਨ ਪੁਰਖ ਰਿਹਾ ਸਮਝਾਈਆ । ਆਦਿ ਜੁਗਾਦਿ ਜੁਗੋ ਜੁਗ ਸੱਚਾ ਗਾਣ, ਗਾਵਣਹਾਰਾ ਆਪ ਸੁਣਾਈਆ । ਨਿਰਗੁਣ ਨਿਰਗੁਣ ਵੇਖ ਬਬਾਣ, ਬਬਾਣਾ ਆਪ ਉਡਾਈਆ । ਨਿਰਗੁਣ ਨਿਰਗੁਣ ਇਕ ਮਕਾਨ, ਸਚ ਮਕਾਨ ਆਸਣ ਲਾਈਆ । ਨਿਰਗੁਣ ਨਿਰਗੁਣ ਇਕ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਨਿਰਗੁਣ ਨਿਰਗੁਣ ਏਕਾ ਮਾਣ, ਏਕਾ ਓਟ ਰਖਾਈਆ । ਨਿਰਗੁਣ ਨਿਰਗੁਣ ਕਰੇ ਪਛਾਣ, ਘਰ ਸਾਚੇ ਵੱਜੇ ਵਧਾਈਆ । ਤੂੰ ਮੇਰਾ ਛੋਟਾ ਪੁੱਤ ਬਾਲ ਨਿਧਾਨ, ਸਿਰ ਤੇਰੇ ਹੱਥ ਰਖਾਈਆ । ਏਕਾ ਦੇਵਾਂ ਸਚ ਨਿਸ਼ਾਨ, ਦੋ ਜਹਾਨ ਝੁਲਾਈਆ । ਭੁੱਲ ਨਾ ਜਾਣਾ ਬਣ ਅਵਾਣ, ਹਰਿ ਬਾਲਕ ਦਏ ਵਡਿਆਈਆ । ਏਕਾ ਰਸ ਪੀਣ ਖਾਣ, ਤ੍ਰਿਸਨਾ ਭੁੱਖ ਨਾ ਕੋਇ ਜਣਾਈਆ । ਏਕਾ ਗੌਣਾ ਸਾਚਾ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਤੇਰਾ ਮੇਲਾ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਸਮਝਾਈਆ । ਸਾਚਾ ਨਾਉਂ ਹਰਿ ਜੂ ਰੱਖ, ਆਪਣਾ ਖੇਲ ਕਰਾਇੰਦਾ । ਥਿਰ ਘਰ ਦੁਆਰੇ ਹੋ ਪਰਤੱਖ, ਹਰਿ ਸ਼ਬਦੀ ਵੰਡ ਵੰਡਾਇੰਦਾ । ਅਗੰਮ ਅਗੰਮੜਾ ਬੋਲ ਅਲੱਖ, ਅਲੱਖ ਅਲੱਖ ਆਪ ਸੁਣਾਇੰਦਾ । ਘਰ ਵਿਚ ਘਰ ਕਰ ਕਰ ਵੱਖ, ਵੱਖਰੀ ਧਾਰ ਬੰਧਾਇੰਦਾ । ਕਰੇ ਖੇਲ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਅੱਗਾ ਰਾਹ ਚਲਾਇੰਦਾ । ਏਕੰਕਾਰਾ ਏਕਾ ਦੇਵੇ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਅੰਤਰ ਅੰਤਰ ਆਪੇ ਵਸ, ਵਸ ਵਸ ਆਪਣੀ ਖ਼ੁਸ਼ੀ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਗੌਣਾ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਤੇਰਾ ਮੇਰਾ ਇਕੋ ਜਸ, ਹਰਿ ਜੂ ਆਖ ਸੁਣਾਈਆ । ਸਚ ਦੁਆਰੇ ਜਾਣਾ ਵਸ, ਦੂਜਾ ਸ਼ਰੀਕ ਨਜ਼ਰ ਕੋਇ ਨਾ ਆਈਆ । ਹਰਿ ਪੁਰਖ ਮਿਲਾਵਾ ਹੱਸ ਹੱਸ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਨੂਰ ਪਰਕਾਸ਼, ਸ਼ਬਦੀ ਸ਼ਬਦ ਧੁੰਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਾਵਣਹਾਰਾ ਏਕਾ ਘਰ, ਘਰ ਮੰਦਰ ਡੇਰਾ ਲਾਈਆ । ਘਰ ਮੰਦਰ ਵਸੇ ਥਿਰ ਘਰ, ਸਚਖੰਡ ਨਿਵਾਸੀ ਆਪ ਵਸਾਈਆ । ਸ਼ਬਦ ਸੁਤ ਲਗਾਏ ਤੇਰੀ ਜੜ, ਆਦਿ ਅੰਤ ਨਾ ਕੋਇ ਉਖੜਾਈਆ । ਦੀਨ ਦਿਆਲ ਠਾਕਰ ਸੁਆਮੀ ਸਿਰ ਤੇਰੇ ਹੱਥ ਧਰ, ਦੇਵੇ ਚਰਨ ਸਰਨ ਸਰਨਾਈਆ । ਏਕਾ ਏਕ ਏਕ ਲੈਣਾ ਪੜ੍ਹ, ਬਿਨ ਅੱਖਰ ਕਰ ਪੜ੍ਹਾਈਆ । ਸਾਚਾ

ਪੱਲੂ ਲੈਣਾ ਫੜ, ਪੱਲੂ ਕੋਇ ਛੱਡ ਨਾ ਸਕੇ ਰਾਈਆ । ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਨਾ ਰਾਈਆ । ਸੁਣ ਸੰਦੇਸਾ ਚੜ੍ਹੇ ਚਾਉ ਘਨੇਰਾ, ਚਾਉ ਏਕਾ ਏਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਨਾਤਾ ਲਏ ਜੁੜਾਈਆ । ਸਾਚਾ ਨਾਤਾ ਪਿਤਾ ਪੂਤ, ਸਚਖੰਡ ਨਿਵਾਸੀ ਆਪ ਜੁੜਾਇੰਦਾ । ਏਕਾ ਤਾਗਾ ਏਕਾ ਸੂਤ, ਏਕਾ ਗੰਢ ਵਖਾਇੰਦਾ । ਏਕਾ ਦਿਸ਼ਾ ਏਕਾ ਕੂਟ, ਏਕਾ ਮੰਦਰ ਆਸਣ ਲਾਇੰਦਾ । ਇਕ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਕਰ ਖੇਲ ਅਬਿਨਾਸ਼ੀ ਅਚੁੱਤ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਏਕਾ ਵਾਰ ਸਮਝਾਇੰਦਾ । ਸਾਚਾ ਨਾਉਂ ਸੋਹੰ ਰੂਪ, ਹਰਿ ਹਰਿ ਆਪ ਜਣਾਈਆ । ਸ਼ਾਹ ਸੁਲਤਾਨਾ ਸਾਚਾ ਭੂਪ, ਨਿਰਗੁਣ ਨਿਰਗੁਣ ਲਏ ਸਮਝਾਈਆ । ਥਿਰ ਘਰ ਵਸੇ ਸਾਚੀ ਕੂਟ, ਕੁਟੀਆ ਏਕਾ ਏਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਸੋਹੰ ਤੇਰੀ ਧਾਰ ਚਲਾਈਆ । ਸੋਹੰ ਧਾਰ ਤੇਰੀ ਏਕ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰਾ ਮੰਦਰ ਆਪੇ ਵੇਖ, ਆਪਣਾ ਡੇਰਾ ਲਾਇੰਦਾ । ਆਪੇ ਲਿਖਣਹਾਰਾ ਲੇਖ, ਲਿਖ ਲਿਖ ਲੇਖਾ ਆਪ ਜਣਾਇੰਦਾ । ਆਪੇ ਧਰਨਹਾਰਾ ਭੇਖ, ਭੇਖੀ ਆਪਣਾ ਰੂਪ ਵਟਾਇੰਦਾ । ਆਪੇ ਵਿਸ਼ਨੂੰ ਦੇਵੇ ਟੇਕ, ਵਿਸ਼ਵ ਆਪਣੀ ਕਲ ਜਣਾਇੰਦਾ । ਸੋਹੰ ਰੂਪ ਸਦਾ ਬਬੇਕ, ਵਵੇਕੀ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਧਾਰ ਸਚ ਸਮਝਾਇੰਦਾ । ਸੋਹੰ ਧਾਰ ਪਾਰਬ੍ਰਹਮ, ਪ੍ਰਭ ਏਕਾ ਏਕ ਜਣਾਈਆ । ਬ੍ਰਹਮਾ ਵੇਤਾ ਲਏ ਜੰਮ, ਬਣ ਧੰਨ ਜਣੇਂਦੀ ਮਾਈਆ । ਏਕਾ ਰਾਗ ਸੁਣਾਏ ਬਿਨ ਕੰਨ, ਅਨਾਦੀ ਨਾਦ ਸੁਣਾਈਆ । ਨਿਰਗੁਣ ਨਿਰਗੁਣ ਬੇੜਾ ਬੰਨ੍ਹ, ਸਾਚੇ ਮਾਰਗ ਲਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਸੋਹੰ ਰੂਪ ਵਖਾਈਆ । ਸੋਹੰ ਰੂਪ ਧੂੰਆਂਧਾਰ, ਸੁੰਨ ਅਗੰਮ ਸਮਾਇੰਦਾ । ਸੋਹੰ ਰੂਪ ਸ਼ਬਦ ਧੁੰਨਕਾਰ, ਅਨਾਦੀ ਨਾਦ ਵਜਾਇੰਦਾ । ਸੋਹੰ ਰੂਪ ਆਪ ਕਰਤਾਰ, ਕਰਤਾ ਪੁਰਖ ਖੇਲ ਕਰਾਇੰਦਾ । ਸੋਹੰ ਸ਼ੰਕਰ ਦਏ ਆਧਾਰ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਏਕਾ ਘਰ ਵਸਾਇੰਦਾ । ਸੋਹੰ ਵਸੇ ਸਾਚੇ ਘਰ, ਸੋ ਪੁਰਖ ਨਿਰੰਜਣ ਆਪ ਵਸਾਈਆ । ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜ, ਘੜ ਘੜ ਵੇਖੇ ਚਾਈਂ ਚਾਈਂਆ । ਘਰ ਘਰ ਸੇਜਾ ਆਪੇ ਚੜ੍ਹ, ਬਹਿ ਬਹਿ ਆਸਣ ਲਾਈਆ । ਨਿਰਗੁਣ ਅੰਦਰ ਨਿਰਗੁਣ ਫੜ, ਫੜ ਫੜ ਬੰਧਨ ਪਾਈਆ । ਆਪਣੀ ਵਿਦਿਆ ਆਪੇ ਪੜ੍ਹ, ਪੜ੍ਹ ਪੜ੍ਹ ਆਪ ਸੁਣਾਈਆ । ਆਪੇ ਵੇਖੇ ਚੋਟੀ ਜੜ, ਜੜ ਜੜ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਏਕਾ ਰਾਗ ਸੁਣਾਈਆ । ਸੋਹੰ ਰਾਗ ਵਿਸ਼ਨ ਬ੍ਰਹਮਾ ਸ਼ਿਵ ਧਾਰ, ਹਰਿ ਸਾਚਾ ਆਪ ਉਪਾਇੰਦਾ । ਸੋਹੰ ਮੇਲਾ ਤ੍ਰੈਗੁਣ ਪਿਆਰ, ਰਜੋ ਤਮੋ ਸਤੋ ਗੰਢ ਪੁਵਾਇੰਦਾ । ਸੋਹੰ ਲੇਖਾ ਪੰਜ ਤਤ ਆਧਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੂਪ ਵਟਾਇੰਦਾ । ਸੋਹੰ ਖੇਲ ਲੱਖ ਚੁਰਾਸੀ ਘਾੜਨ ਘੜੇ ਅਪਰ ਅਪਾਰ, ਘੜ ਘੜ ਆਪੇ ਵੇਖ ਵਖਾਇੰਦਾ । ਸੋਹੰ ਰੂਪ ਆਤਮ ਪਰਮਾਤਮ ਦਏ ਆਧਾਰ, ਈਸ਼ ਜੀਵ ਗੰਢ ਪੁਵਾਇੰਦਾ । ਸੋਹੰ ਰੂਪ ਬ੍ਰਹਮ ਪਾਰਬ੍ਰਹਮ ਕਰ ਪਸਾਰ, ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਸੋਹੰ ਰੂਪ ਰਵ ਸਸ ਸੂਰਜ ਚੰਨ ਉਜਿਆਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬਣਤ ਬਣਾਇੰਦਾ । ਸੋਹੰ ਰੂਪ ਮਨ ਮਤ ਬੁਧ ਕਰ

ਪਸਾਰ, ਕਾਇਆ ਕੰਚਨ ਗੜ੍ਹ ਬੰਕ ਵਡਿਆਇੰਦਾ । ਸੋਹੰ ਰੂਪ ਪੰਜ ਤਤ ਤਤ ਆਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮੋਹ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਸੁਤ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪ ਜਣਾਇੰਦਾ । ਸੁਣ ਸੁਤ ਹਰਿ ਨਾਮ ਸੰਦੇਸਾ, ਹਰਿ ਜੂ ਹਰਿ ਹਰਿ ਆਖ ਸੁਣਾਇਆ । ਰਸਨਾ ਗਾਏ ਵਿਸ਼ਨ ਬ੍ਰਹਮ ਮਹੇਸ਼ਾ, ਗਹਿਰ ਗੰਭੀਰ ਗੰਭੀਰ ਅਲਾਇਆ । ਦੋ ਜਹਾਨ ਇਕ ਹਦੀਸਾ, ਹਰਿ ਜੂ ਹਰਿ ਹਰਿ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਸੁਤ ਉਠਾਈਆ । ਉਠਿਆ ਸੁਤ ਵਡ ਬਲਵਾਨ, ਪ੍ਰਭ ਅੱਗੇ ਸੀਸ ਝੁਕਾਈਆ । ਵਾਹ ਵਾ ਤੇਰਾ ਖੇਲ ਸ੍ਰੀ ਭਗਵਾਨ, ਤੇਰੀ ਮਹਿਮਾ ਗਣਤ ਗਣੀ ਨਾ ਜਾਈਆ । ਹਉਂ ਬਾਲਕ ਬਾਲ ਅਞਾਣ, ਬਣ ਚਾਕਰ ਸੇਵਕ ਸੇਵ ਕਮਾਈਆ । ਲੱਖ ਚੁਰਾਸੀ ਕਰ ਪਰਧਾਨ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਬੋਲ ਬੇਜ਼ਬਾਨ, ਜ਼ੇਰ ਜ਼ਬਰ ਨਾ ਕੋਇ ਲਗਾਈਆ । ਹੱਕ ਮੁਕਾਮੇ ਇਕ ਅਮਾਮ, ਈਮਾਨ ਇਕੋ ਇਕ ਜਣਾਈਆ । ਦਰਗਹਿ ਸਾਚੀ ਸਚ ਨਿਸ਼ਾਨ, ਧੁਰ ਦਰਗਾਹੀ ਹੱਥ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਚਲਾ ਤੇਹੇ ਰਜ਼ਾਈਆ । ਸਦ ਚਲਾਂ ਤੇਰੀ ਰਜ਼ਾ, ਰਹਿਮਤ ਰੱਖ ਮੇਰੇ ਗੁਸਾਈਆ । ਆਦਿ ਜੁਗਾਦਿ ਦੇਣੀ ਨਾ ਕੋਇ ਸਜ਼ਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਸਾਚੀ ਸੇਵਾ ਦੇਣੀ ਸਮਝਾ, ਸਮਝ ਸਮਝ ਨਾਲ ਮਿਲਾਈਆ । ਅਲਫ਼ ਯੇ ਨਾ ਨੂਨ ਪੜ੍ਹਾ, ਹਮਜ਼ਾ ਰੂਪ ਨਾ ਕੋਇ ਵਟਾਈਆ । ਨੂਰੀ ਜੋਤ ਪਾਰਬ੍ਰਹਮ ਪ੍ਰਭ ਬੇਪਰਵਾਹ, ਆਪਣਾ ਪਰਦਾ ਦੇਣਾ ਚੁਕਾਈਆ । ਤੇਰਾ ਢੋਲਾ ਲਵਾਂ ਗਾ, ਸੋਹੰ ਅੱਖਰ ਇਕ ਸੁਣਾਈਆ । ਲੱਖ ਚੁਰਾਸੀ ਕਾਇਆ ਚੋਲਾ ਲਵਾਂ ਬਦਲਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਪੜਦਾ ਉਹਲਾ ਦਿਆਂ ਉਠਾ, ਦੂਈ ਦਵੈਤੀ ਡੇਰਾ ਢਾਹੀਆ । ਸਾਚਾ ਢੋਲਾ ਏਕਾ ਗਾ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦਵਾਰੇ ਤੇਰਾ ਸਤਿ ਸਰੂਪ, ਕਵਣ ਵਖਾਏ ਸਾਚੀ ਕੂਟ, ਕਵਣ ਦਿਸ਼ਾ ਫੇਰਾ ਪਾਈਆ । ਪੁਰਖ ਅਬਿਨਾਸ਼ੀ ਸਤਿਗੁਰ ਮੀਤਾ, ਮਿੱਤਰ ਪਿਆਰਾ ਦਇਆ ਕਮਾਇੰਦਾ । ਲੱਖ ਚੁਰਾਸੀ ਤੇਰੀ ਰੀਤਾ, ਬ੍ਰਹਮ ਪਾਰਬ੍ਰਹਮ ਰੂਪ ਵਟਾਇੰਦਾ । ਕਰੇ ਖੇਲ ਅਗੰਮ ਅਨਡੀਠਾ, ਅਨਡਿਠੜੀ ਕਾਰ ਕਮਾਇੰਦਾ । ਤ੍ਰੈਗੁਣ ਮਾਇਆ ਤਪੇ ਅੰਗੀਠਾ, ਪੰਜ ਤਤ ਅਗਨੀ ਹੇਠਾਂ ਡਾਹਿੰਦਾ । ਪਰਗਟ ਹੋ ਪੱਤਤ ਪੁਨੀਤਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਤ੍ਰੈਭਵਨ ਧਨੀ ਇਕ ਅਤੀਤਾ, ਤ੍ਰੈਗੁਣ ਪਰਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸਾਚਾ ਰੂਪ ਵਖਾਇੰਦਾ । ਸੋਹੰ ਰੂਪ ਹਰਿ ਕਰਤਾਰ, ਗੁਰ ਸ਼ਬਦੀ ਸ਼ਬਦ ਜਣਾਈਆ । ਪਰਗਟ ਕਰ ਗੁਰੂ ਅਵਤਾਰ, ਏਕਾ ਰੰਗ ਸਮਾਈਆ । ਖੇਲ ਖੇਲ ਜੁਗ ਚੌਕੜੀ ਚਾਰ, ਚਾਰ ਚਾਰ ਵੰਡ ਵੰਡਾਈਆ । ਪੀਰ ਪੈਗ਼ੰਬਰ ਕਰ ਤਿਆਰ, ਕਲਮਾ ਨਬੀ ਇਕ ਪੜ੍ਹਾਈਆ । ਕਾਇਨਾਤ ਕਰ ਬੇਦਾਰ, ਨੇਤਰ ਨੈਣ ਅੱਖ ਖੁਲ੍ਹਾਈਆ । ਕੋਟਨ ਕੋਟ ਨਾਉਂ ਰੱਖ ਵਿਚ ਸੰਸਾਰ, ਪੁਰਖ ਅਬਿਨਾਸ਼ੀ ਆਪਣੀ ਸਿਫ਼ਤ ਕਰਾਈਆ । ਕੋਟਨ ਕੋਟ ਗੁਰੂ ਅਵਤਾਰ, ਛੋਟੇ ਬਾਲੇ ਲਏ ਪਰਗਟਾਈਆ । ਕੋਟਨ ਕੋਟ ਪੀਰ ਪੈਗ਼ੰਬਰ ਕੱਢਣ ਵਗਾਰ, ਦਸਤਗੀਰ ਦੇਣ ਦੁਹਾਈਆ । ਕੋਟਨ ਕੋਟ ਰਾਮ ਕ੍ਰਿਸ਼ਨ ਬਣ ਬਣ ਫ਼ਰਮਾਂਬਰਦਾਰ, ਦਰ ਦਰ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਆਪਣੀ ਧਾਰ ਚਲਾਈਆ । ਸੋਹੰ ਧਾਰ ਪੀਰ ਪੈਗ਼ੰਬਰ, ਪਰਵਰਦਿਗਾਰ ਆਪ ਜਣਾਇੰਦਾ । ਨਿਰਗੁਣ ਨਿਰਗੁਣ ਸਚ ਅਡੰਬਰ, ਸਰਗੁਣ ਸਰਗੁਣ ਵੇਖ ਵਖਾਇੰਦਾ । ਆਤਮ ਪਰਮਾਤਮ ਰਚ ਸਵੰਬਰ, ਜੋਤੀ ਜਾਤਾ ਜੋੜ ਜੁੜਾਇੰਦਾ । ਸਰਬ ਕਲਾ ਆਪੇ ਭਰਤੰਬਰ, ਭਰਪੂਰੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਰਚ ਅਡੰਬਰ, ਨੌਂ ਸੌ ਚੁਰਾਨਵੇ ਚੌਕੜੀ ਯੁਗ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਸੋਹੰ ਸੋ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਗੁਰ ਅਵਤਾਰਾਂ ਬੀਜ ਬੋ, ਬ੍ਰਹਮ ਪਾਰਬ੍ਰਹਮ ਪਰਗਟਾਈਆ । ਨਿਝਰ ਝਿਰਨਾ ਅੰਮ੍ਰਿਤ ਚੋ, ਰਸ ਰਸੀਆ ਇਕ ਵਖਾਈਆ । ਨੇਤਰ ਲੋਚਣ ਸਾਚੀ ਲੋ, ਨੈਣ ਨੈਣ ਆਪ ਖੁਲ੍ਹਾਈਆ । ਤੇਰਾ ਨਾਉਂ ਢੋਆ ਦੇਵੇ ਢੋ, ਵਸਤ ਅਮੋਲਕ ਝੋਲੀ ਪਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਗੁਰ ਅਵਤਾਰ ਨੈਣ ਸ਼ਰਮਾਈਆ । ਆਪਣੇ ਜੇਹਾ ਆਪੇ ਹੋ, ਆਪਣੀ ਕਰਵਟ ਲਏ ਬਦਲਾਈਆ । ਆਦਿ ਜੁਗਾਦੀ ਬਣਿਆ ਰਹੇ ਸਦਾ ਨਿਰਮੋਹ, ਮੋਹ ਮੁਹੱਬਤ ਨਾ ਕਿਸੇ ਵਖਾਈਆ । ਬਿਨ ਭਗਤਾਂ ਕਿਸੇ ਨਾਲ ਨਾ ਜਾਏ ਛੋਹ, ਅੰਗ ਨਾਲ ਅੰਗ ਨਾ ਕੋਇ ਮਿਲਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਚਖੰਡ ਦਵਾਰੇ ਬਿਨ ਨਾਨਕ ਸਕੇ ਨਾ ਕੋਈ ਛੋਹ, ਚਰਨ ਕਵਲ ਨਾ ਕੋਇ ਸਰਨਾਈਆ । ਆਪਣਾ ਆਪਣਾ ਆਪੇ ਆਪ ਰਹੇ ਜੋਹ, ਆਪਣਾ ਬਲ ਆਪ ਵਡਿਆਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਅੰਤਮ ਸਭ ਦੀ ਇਛਿਆ ਸਭ ਦੇ ਕੋਲੋਂ ਲਵੇ ਖੋਹ, ਹੱਥਾਂ ਖ਼ਾਲੀ ਚਾਰੋਂ ਕੁੰਟ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਦੁਲਾਰੇ ਪੱਲੂ ਫੜ, ਸਾਚੀ ਗੰਢ ਪੁਵਾਈਆ । ਘਰ ਮੰਦਰ ਵੱਜੇ ਸਾਚੀ ਨੌਬਤ, ਨੱਯਾ ਏਕਾ ਨਾਮ ਵਖਾਈਆ । ਆਦਿ ਜੁਗਾਦਿ ਜੁਗ ਜੁਗ ਜਾਣੇ ਆਪਣੀ ਸੁਹਬਤ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਸਮਝਾਈਆ । ਸੁਤ ਦੁਲਾਰਾ ਕਰ ਅਰਦਾਸ, ਦੋਏ ਜੋੜ ਸੀਸ ਝੁਕਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਤੋਹੇ ਤੇਰਾ ਵੇਖ ਵਖਾਇੰਦਾ । ਮੰਡਲ ਮੰਡਪ ਤੇਰੀ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਤੇਈ ਅਵਤਾਰ ਰਸਨ ਸਵਾਸ, ਤੇਰਾ ਨਾਉਂ ਧਿਆਇੰਦਾ । ਭਗਤ ਅਠਾਰਾਂ ਨੇਤਰ ਨੈਣ ਨੇਰਨ ਨੇਰ ਮੰਗਣ ਤੇਰਾ ਸਾਥ, ਦੋਏ ਜੋੜ ਜੋੜ ਮੰਗ ਮੰਗਾਇੰਦਾ । ਈਸਾ ਮੂਸਾ ਸੰਗ ਮੁਹੰਮਦ ਸਯਦਾ ਸੀਸ ਜਗਦੀਸ ਦਏ ਝੁਕਾ, ਪੁਰਖ ਅਬਿਨਾਸ਼ੀ ਨੇਤਰ ਨੈਣ ਨੈਣ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼, ਬੈਠੇ ਅਲੱਖ ਜਗਾਈਆ । ਪੁਰਖ ਅਬਿਨਾਸ਼ੀ ਨਰ ਨਰੇਸ਼, ਸਚਖੰਡ ਬੈਠਾ ਡੇਰਾ ਲਾਈਆ । ਚਾਰ ਕੁੰਟ ਚਾਰ ਵਰਨ ਚੌਥੇ ਯੁਗ ਚਲੇ ਨਾ ਕੋਈ ਪੇਸ਼, ਚਾਰ ਯਾਰੀ ਰਹੀ ਕੁਰਲਾਈਆ । ਖ਼ਾਲੀ ਹੱਥ ਫਿਰੇ ਵਿਸ਼ਨ ਬ੍ਰਹਮ ਮਹੇਸ਼, ਸਚ ਭੰਡਾਰ ਨਾ ਕੋਇ ਵਰਤਾਈਆ । ਅੱਲਾ ਰਾਣੀ ਖੁਲੜੇ ਕੇਸ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਨੇਤਰ ਲੋਚਣ ਰਹੀ ਵੇਖ, ਮੀਆਂ ਨਜ਼ਰ ਕਿਸੇ ਨਾ ਆਈਆ । ਸੱਚਾ ਸਾਹਿਬ ਨਾ ਕਰੇ ਹੇਤ, ਬੈਠਾ ਮੁੱਖ ਭੁਵਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਸੁੰਞਾ ਹੋਇਆ ਖੇਤ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਪਾਰਬ੍ਰਹਮ ਦਾ ਨੌਂ ਸੌ ਚੁਰਾਨਵੇ ਚੌਕੜੀ ਯੁਗ ਲੱਭਦੇ ਰਹੇ ਭੇਤ, ਹਰਿ ਜੂ ਭੇਤ ਨਾ ਕਿਸੇ ਜਣਾਈਆ । ਕਿਸੇ ਦੱਸਿਆ ਵਸੇ ਕਾਇਆ ਖੇਤ, ਕਿਸੇ

ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪ ਜਣਾਏ ਸਾਚਾ ਮੰਤਰ, ਮੰਤਰ ਇਕੋ ਨਾਮ ਦ੍ਰਿੜਾਈਆ । ਸਾਚਾ ਮੰਤਰ ਇਕੋ ਆਦਿ, ਆਦਿ ਪੁਰਖ ਉਪਾਇਆ । ਜੁਗਾ ਜੁਗੰਤਰ ਦੇ ਦੇ ਦਾਦ, ਗੁਰ ਪੀਰ ਅਵਤਾਰ ਆਪ ਪੜ੍ਹਾਇਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਹੁਕਮ ਚਲਾਇਆ । ਦੋ ਜਹਾਨ ਵਜਾਏ ਨਾਦ, ਲੋਆਂ ਪੁਰੀਆਂ ਆਪ ਸੁਣਾਇਆ । ਖਾਣੀ ਬਾਣੀ ਬੋਧ ਅਗਾਧ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਲਏ ਪਰਗਟਾਇਆ । ਲੇਖਾ ਜਾਣੇ ਜੁਗ ਜੁਗਾਦਿ, ਜੀਵ ਜੰਤ ਭੇਵ ਨਾ ਰਾਇਆ । ਭਗਤ ਭਗਵੰਤ ਉਠਾਏ ਸਾਚੇ ਸਾਧ, ਸੰਤ ਸਤਿਗੁਰ ਵੇਖ ਵਖਾਇਆ । ਲੱਖ ਚੁਰਾਸੀ ਵਿਚੋਂ ਕਾਢ, ਏਕਾ ਢੋਲਾ ਗੀਤ ਅਲਾਇਆ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕੋ ਯਾਦ, ਸਾਚੀ ਯਾਦ ਵਿਸਰ ਨਾ ਜਾਇਆ । ਨਾਨਕ ਨਿਰਗੁਣ ਸੁਣ ਫ਼ਰਯਾਦ, ਸਰਗੁਣ ਨਾਨਕ ਲੇਖੇ ਲਾਇਆ । ਸਚਖੰਡ ਨਿਵਾਸੀ ਦੇਵੇ ਇਕੋ ਦਾਦ, ਮੰਤਰ ਸਤਿ ਸਤਿ ਪੜ੍ਹਾਇਆ । ਜੀਉ ਪਿੰਡ ਸਾਚੀ ਰਾਸ, ਮੰਡਲ ਮੰਡਪ ਆਪ ਵਖਾਇਆ । ਹਰਿ ਜੂ ਬੈਠਾ ਇਕ ਇਕਾਂਤ, ਸਚ ਸਿੰਘਾਸਣ ਸੋਭਾ ਪਾਇਆ । ਲੱਖ ਚੁਰਾਸੀ ਭਰਮ ਭਰਾਂਤ, ਜੋ ਘੜਿਆ ਭੰਨ ਵਖਾਇਆ । ਪੁਰਖ ਅਬਿਨਾਸ਼ੀ ਇਕੋ ਪਿਤਾ ਮਾਤ, ਧੰਨ ਧੰਨ ਜਣੇਂਦੀ ਮਾਇਆ । ਆਦਿ ਜੁਗਾਦੀ ਦੇਵਣਹਾਰਾ ਦਾਤ, ਗੁਰ ਅਵਤਾਰਾਂ ਆਪ ਵਰਤਾਇਆ । ਕਰ ਕਿਰਪਾ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇਆ । ਏਕਾ ਨਾਉਂ ਸੁਣਾਏ ਗਾਥ, ਸਾਚਾ ਢੋਲਾ ਆਪ ਅਲਾਇਆ । ਨਾਨਕ ਨਿਰਗੁਣ ਕਹੇ ਤੂੰ ਮੇਰਾ ਸੱਚਾ ਬਾਪ, ਪਿਤਾ ਪੂਤ ਸਹਿਜ ਸੁਖਦਾਇਆ । ਤੂੰ ਮੇਰਾ ਮੈਂ ਤੇਰਾ ਸੋਹੰ ਤੇਰਾ ਸੱਚਾ ਜਾਪ, ਜਪਤ ਜਪਤ ਜਪਤ ਸੁਖ ਪਾਇਆ । ਏਕਾ ਜੋਤੀ ਖੇਲ ਤਮਾਸ਼, ਦਸ ਦਸ ਆਪਣਾ ਰੰਗ ਰੰਗਾਇਆ । ਗੋਬਿੰਦ ਦਿਤਾ ਹਰਿ ਜੂ ਸਾਥ, ਪੁਰਖ ਅਕਾਲ ਵੇਸ ਵਟਾਇਆ । ਪਿਤਾ ਪੂਤ ਮਾਈ ਬਾਪ, ਬੇਟਾ ਬੇਟੀ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਮੰਤਰ ਏਕਾ ਏਕ ਦ੍ਰਿੜਾਇਆ । ਇਕ ਦ੍ਰਿੜਾਏ ਨਰ ਹਰਿ, ਹਰਿ ਜੂ ਆਪ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਵਰ, ਹਰਿ ਕੰਤ ਆਪਣੇ ਅੰਗ ਲਗਾਇੰਦਾ । ਫੜ ਫੜ ਬਾਂਹੋਂ ਬਿਠਾਏ ਦਰ, ਦਰ ਇਕੋ ਸੋਭਾ ਪਾਇੰਦਾ । ਰੂਪ ਵਖਾਏ ਨਾਰੀ ਨਰ, ਨਰ ਨਰਾਇਣ ਖੇਲ ਕਰਾਇੰਦਾ । ਆਤਮ ਪਰਮਾਤਮ ਸੇਜਾ ਚੜ੍ਹ, ਭੋਗ ਬਲਾਸ ਇਕ ਕਰਾਇੰਦਾ । ਬਿਨ ਤੰਦੀ ਤਾਰ ਲਏ ਫੜ, ਸ਼ਬਦ ਡੋਰੀ ਬੰਧਨ ਪਾਇੰਦਾ । ਅੰਦਰ ਵੜ ਵੜ ਡੂੰਘੀ ਕੰਦਰ ਸਾਚੇ ਮੰਦਰ ਨਿਰਗੁਣ ਅੱਖਰ ਰਹੇ ਪੜ੍ਹ, ਨਿਰਗੁਣ ਆਪਣਾ ਨਾਉਂ ਬੁਝਾਇੰਦਾ । ਸੋਹੰ ਰੂਪ ਨਾ ਕੋਈ ਸੀਸ ਨਾ ਕੋਈ ਧੜ, ਆਤਮ ਪਰਮਾਤਮ ਏਕਾ ਰੰਗ ਵਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਕਲਜੁਗ ਅੰਤਮ ਗਿਆ ਹਰ, ਹਰਿ ਕਾ ਰਾਹ ਨਾ ਕੋਇ ਵਖਾਇੰਦਾ । ਅਠਸਠ ਤੀਰਥ ਨਾ ਕੋਇ ਸਰ, ਸਰੋਵਰ ਮਜਨ ਨਾ ਕੋਇ ਕਰਾਇੰਦਾ । ਮੰਦਰ ਮਸਜਦ ਮਠ ਸ਼ਿਵਦਵਾਲੇ ਆਵੇ ਡਰ, ਪੁਰਖ ਅਬਿਨਾਸ਼ੀ ਨਜ਼ਰ ਕਿਸੇ ਨਾ ਆਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਗਿਆਨ ਧਿਆਨ ਪੜ੍ਹ ਪੜ੍ਹ ਥੱਕੇ ਮੂੰਹ ਦੇ ਭਾਰ ਡਿਗੇ ਡੂੰਘੀ ਗਾਰ, ਫੜ ਫੜ ਬਾਂਹੋਂ ਪਾਰ ਨਾ ਕੋਇ ਕਰਾਇੰਦਾ । ਚਾਰੋਂ ਕੁੰਟ ਅੰਧੇਰਾ ਨੌਂ ਖੰਡ ਪ੍ਰਿਥਮੀ ਆਵੇ ਡਰ, ਝੂਠਾ ਝੇੜਾ ਨਾ ਕੋਇ ਮੁਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਪੁਰਖ ਅਬਿਨਾਸ਼ੀ ਅੱਗੇ ਅਰਦਾਸੇ ਰਹੇ ਕਰ, ਅਰਜ਼ੋਈ ਹਰਿ ਜੂ ਅੱਗੇ ਸਰਬ ਸੁਣਾਇੰਦਾ । ਤੇਰੀ ਕੀਤੀ ਤੂੰ ਹੇ ਜਾਣੇਂ ਤੇਰਾ ਸੋਹੇ ਸਾਚਾ ਦਰ, ਦਰ ਤੇਰਾ ਤੇਰੀ ਵੰਡ ਵੰਡਾਇੰਦਾ । ਤੇਰੇ ਹੁਕਮੇ ਅੰਦਰ

੬੪੮
੧੨

ਤੇਰੀ ਬਾਣੀ ਆਏ ਪੜ੍ਹ, ਤੇਰਾ ਕਲਮਾ ਕਾਇਨਾਤ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰਾ ਸਾਚਾ ਘਰ, ਦੂਸਰ ਨਜ਼ਰ ਕੋਇ ਨਾ ਆਇੰਦਾ । ਇਕੋ ਦਰ ਸੱਚਾ ਦਰਬਾਰਾ, ਗੁਰ ਅਵਤਾਰ ਧਿਆਨ ਲਗਾਈਆ । ਪੀਰ ਪੈਗ਼ੰਬਰ ਕੱਢਣ ਹਾੜ੍ਹਾ, ਬੌਹੜੀ ਬੌਹੜੀ ਰਹੇ ਕੁਰਲਾਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਚਾਰ ਯਾਰ ਨਾ ਧੀਰ ਧਰਾਈਆ । ਸਦੀ ਚੌਧਵੀਂ ਹੋਏ ਖ਼ੁਵਾਰਾ, ਉਮਤ ਸੰਗ ਨਾ ਕੋਇ ਨਿਭਾਈਆ । ਚੌਦਾਂ ਲੋਕ ਲੱਗਾ ਅਖਾੜਾ, ਚੌਦਾਂ ਤਬਕ ਨਾ ਕੋਇ ਵਡਿਆਈਆ । ਤੇਰਾ ਨੂਰ ਨਜ਼ਰ ਨਾ ਆਏ ਕੋਇ ਉਜਿਆਰਾ, ਜਗਤ ਅੰਧੇਰਾ ਏਕਾ ਛਾਈਆ । ਮੱਕੇ ਕਾਅਬੇ ਨਾ ਕੋਇ ਪਸਾਰਾ, ਦੋ ਦੋ ਆਬਾ ਨਾ ਮੇਲ ਮਿਲਾਈਆ । ਆਬੇਹਯਾਤ ਨਾ ਮਿਲੇ ਠੰਡਾ ਠਾਰਾ, ਰਸਨਾ ਰਸ ਨਾ ਕੋਇ ਚਖਾਈਆ । ਅਹਿਬਾਬ ਰਬਾਬ ਵਜਾਏ ਨਾ ਕੋਇ ਸਿਤਾਰਾ, ਤੰਦੀ ਤੰਦ ਨਾ ਕੋਇ ਹਿਲਾਈਆ । ਭੁਲਿਆ ਨਾਉਂ ਤੇਰਾ ਪਰਵਰਦਿਗਾਰਾ, ਅੰਜੀਲ ਕੁਰਾਨ ਰਹੇ ਕੁਰਲਾਈਆ । ਤੀਸ ਬਤੀਸ ਕੱਟ ਕੇ ਗਏ ਵਗਾਰਾ, ਤੇਰੀ ਸਿਫ਼ਤ ਨਾ ਕਿਸੇ ਸਾਲਾਹੀਆ । ਇਕੋ ਤੇਰਾ ਅੰਤ ਸਹਾਰਾ, ਗੱਲ ਪੱਲੂ ਬੈਠੇ ਪਾਈਆ । ਸ਼ਰਅ ਸ਼ਰੀਅਤ ਪਾਰ ਕਿਨਾਰਾ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਵਖੌਣਾ ਸਾਚਾ ਘਰ, ਜਿਸ ਘਰ ਮਿਲੇ ਸੱਚਾ ਮਾਹੀਆ । ਸਾਚਾ ਮਾਹੀ ਏਕੰਕਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਰਚਿਆ ਆਪ ਪਸਾਰਾ, ਅੰਤ ਆਪੇ ਵੇਖਣ ਆਇੰਦਾ । ਲਹਿਣਾ ਦੇਣ ਚੁਕਾਏ ਤੇਈ ਅਵਤਾਰਾ, ਭਗਤ ਅਠਾਰਾਂ ਲੇਖਾ ਲੇਖੇ ਲਾਇੰਦਾ । ਈਸਾ ਮੂਸਾ ਮੁਹੰਮਦ ਪਾਏ ਸਾਰਾ, ਧਾਰਾ ਗੁਰ ਗੁਰ ਆਪ ਜਣਾਇੰਦਾ । ਕਲਜੁਗ ਅੰਤ ਹੋ ਉਜਿਆਰਾ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਵਸੇ ਧਾਮ ਨਿਆਰਾ, ਮਹੱਲ ਅਟੱਲ ਆਪ ਵਡਿਆਇੰਦਾ । ਚਾਰ ਯੁਗ ਦਾ ਅੰਤ ਕਿਨਾਰਾ, ਕਲਜੁਗ ਅੰਤਮ ਆਪ ਵਖਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਗੰਮੜੀ ਕਾਰ ਕਮਾਇੰਦਾ । ਪਿਛਲਾ ਮੇਟੇ ਸਰਬ ਵਿਹਾਰਾ, ਅਗਲਾ ਆਪਣਾ ਰਾਹ ਵਖਾਇੰਦਾ । ਬ੍ਰਹਿਮੰਡ ਖੰਡ ਬੋਲੇ ਇਕ ਜੈਕਾਰਾ, ਵਿਸ਼ਨ ਬ੍ਰਹਮਾ ਸ਼ਿਵ ਆਪ ਸੁਣਾਇੰਦਾ । ਕਰੋੜ ਤੇਤੀਸਾ ਲਾਏ ਨਾਅਰਾ, ਸੁਰਪਤ ਇੰਦ ਸਿਫ਼ਤ ਸਾਲਾਹਿੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਰਸਨਾ ਬੋਲਣ ਸਚ ਜੈਕਾਰਾ, ਤੇਰਾ ਮੇਰਾ ਮੇਰਾ ਤੇਰਾ ਏਕਾ ਘਰ ਵਸਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸਮੁੰਦ ਸਾਗਰ ਨੇਤਰ ਨੈਣਾਂ ਨੀਰ ਵਹਾਇੰਦਾ । ਬਨਾਸਪਤ ਨਾ ਕਰੇ ਕੋਇ ਪਿਆਰਾ, ਪਾਰਬ੍ਰਹਮ ਆਪਣਾ ਭੇਵ ਨਾ ਕਿਸੇ ਜਣਾਇੰਦਾ । ਹਰਿ ਕਾ ਅੰਤ ਨਾ ਪਾਰਾਵਾਰਾ, ਲਿਖ ਲਿਖ ਲੇਖ ਨਾ ਕੋਇ ਜਣਾਇੰਦਾ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਭਗਤਨ ਕਰੇ ਸਚ ਪਿਆਰਾ, ਭਗਵਨ ਆਪਣਾ ਭੇਵ ਚੁਕਾਇੰਦਾ । ਭਗਤ ਭਗਵਾਨ ਮਾਰਗ ਦੱਸੇ ਵਿਚ ਸੰਸਾਰਾ, ਚਾਰ ਵਰਨ ਆਪ ਸਮਝਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਪਾਰ ਕਿਨਾਰਾ, ਊਚ ਨੀਚ ਰਾਉ ਰੰਕ ਨਾ ਕੋਇ ਵਡਿਆਇੰਦਾ । ਸਰਬ ਜੀਆਂ ਦਾ ਇਕ ਦਵਾਰਾ, ਇਕੋ ਘਰ ਵਖਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਹਰਿ ਨਿਰੰਕਾਰੇ ਇਕ ਸੁਣਾਏ ਸਚ ਜੈਕਾਰਾ, ਜੈ ਜੈਕਾਰ ਆਪਣਾ ਨਾਉਂ ਸੁਣਾਇੰਦਾ । ਸਤਿਜੁਗ ਚਲੇ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਕੀਮਤ ਕੁਦਰਤ ਕਾਦਰ ਆਪੇ ਪਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੋ ਜਹਾਨਾਂ ਇਕ ਜੈਕਾਰਾ, ਸਤਿ ਸਤਿਵਾਦੀ ਆਪ ਸਮਝਾਇੰਦਾ । ਸੋਹੰ ਰੂਪ ਸਰਬ ਸੰਸਾਰਾ, ਸੰਸਾਰ

ਸਾਗਰ ਰੂਪ ਵਟਾਇੰਦਾ । ਹੰ ਬ੍ਰਹਮ ਇਕ ਆਧਾਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਵੇਖੇ ਸਾਚਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਖੋਲ੍ਹ ਮਾਤ, ਹਰਿ ਜੂ ਆਪਣੀ ਖੇਲ ਕਰਾਈਆ । ਭਗਤ ਭਗਵਾਨ ਖੋਲ੍ਹੇ ਤਾਕ, ਬੰਦ ਤਾਕੀ ਕੁੰਡਾ ਲਾਹੀਆ । ਨਿਰਮਲ ਜੋਤ ਜਗਾਏ ਲਲਾਟ, ਅੰਧ ਅੰਧੇਰ ਮਿਟਾਈਆ । ਆਤਮ ਪਰਮਾਤਮ ਸੋਏ ਸਾਚੀ ਖਾਟ, ਸੇਜ ਸੁਹੰਜਣੀ ਇਕ ਹੰਢਾਈਆ । ਦੂਰ ਦੁਰਾਡੀ ਮੇਟੇ ਵਾਟ, ਨੇਰਨ ਨੇਰ ਨਜ਼ਰੀ ਆਈਆ । ਮਾਣਸ ਜਨਮ ਪਾਰ ਘਾਟ, ਫੜ ਬਾਂਹੋਂ ਪਾਰ ਕਰਾਈਆ । ਨਿਰਗੁਣ ਮਿਲੇ ਨਿਰਗੁਣ ਜ਼ਾਤ, ਗੁਰਮੁਖ ਗੁਰ ਗੁਰ ਵਿਚ ਸਮਾਈਆ । ਲੇਖਾ ਲਿਖਿਆ ਬਿਨ ਕਲਮ ਦਵਾਤ, ਕਲਮਾ ਨਬੀ ਆਪ ਪੜ੍ਹਾਈਆ । ਭਗਤ ਭਗਵਾਨ ਪੁੱਛੇ ਵਾਤ, ਕਲਜੁਗ ਅੰਤਮ ਵੇਸ ਵਟਾਈਆ । ਚਾਰ ਯੁਗ ਦਾ ਲਹਿਣਾ ਸੁੱਟੇ ਡੂੰਘੇ ਖਾਤ, ਕੋਈ ਸਕੇ ਨਾ ਬਾਹਰ ਕਢਾਈਆ । ਅੰਤਮ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਅੱਠੇ ਪਹਿਰ ਰਹੇ ਪਰਭਾਤ, ਏਕਾ ਰੰਗ ਦਏ ਰੰਗਾਈਆ । ਸੋਹੰ ਸ਼ਬਦ ਸਾਚੀ ਦਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਵਰਤਾਈਆ । ਨਾਤਾ ਤੁਟੇ ਜ਼ਾਤ ਪਾਤ, ਊਚ ਨੀਚ ਨਾ ਕੋਇ ਜਣਾਈਆ । ਸਰਬ ਜੀਆਂ ਪ੍ਰਭ ਵਸੇ ਸਾਥ, ਘਰ ਘਰ ਬੈਠਾ ਡੇਰਾ ਲਾਈਆ । ਉਠੋ ਸਿਖੋ ਵੇਖੋ ਮਾਰ ਝਾਤ, ਬਿਨ ਨੈਣਾਂ ਦਰਸ ਦਿਖਾਈਆ । ਰਾਤੀਂ ਸੁੱਤਿਆਂ ਪੁਛੇ ਵਾਤ, ਫੜ ਬਾਂਹੋਂ ਗੋਦ ਬਹਾਈਆ । ਲੇਖਾ ਜਾਣੇ ਬਣ ਬਣ ਪਿਤਾ ਮਾਤ, ਪੂਤ ਗੋਦ ਸੁਹੰਜਣੀ ਆਪ ਉਠਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਤੋੜ ਸਰਬ ਲੋਕਾਈਆ । ਸੋਹੰ ਚੋਲਾ ਸਾਚੀ ਗਾਥ, ਗੁਰਮੁਖ ਗੁਰ ਗੁਰ ਲਏ ਜਣਾਈਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਦਏ ਗਵਾਹੀਆ । ਮੇਲ ਮਿਲਾਵਾ ਤ੍ਰਿਲੋਕੀ ਨਾਥ, ਮੁਕੰਦ ਮਨੋਹਰ ਲੱਖਮੀ ਨਰਾਇਣ ਨਜ਼ਰੀ ਆਈਆ । ਰਾਮ ਰਮੱਯਾ ਵਸੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਈਸਾ ਮੂਸਾ ਮੁਹੰਮਦ ਪੁਛੇ ਵਾਤ, ਬੀਤੀ ਕਹਾਣੀ ਆਪ ਜਣਾਈਆ । ਨਾਨਕ ਗੋਬਿੰਦ ਚਾੜ੍ਹੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਕਲਜੁਗ ਲਹਿਣਾ ਸੁੱਟੇ ਡੂੰਘੇ ਖਾਤ, ਜੂਠ ਝੂਠ ਦਏ ਮਿਟਾਈਆ । ਸਤਿਜੁਗ ਸਾਚਾ ਲਗਾਏ ਵਿਚ ਮਾਤ, ਧਰਤ ਮਾਤ ਗੋਦ ਸੁਹਾਈਆ । ਅੰਦਰ ਵੜ ਵੜ ਪੁਛੇ ਵਾਤ, ਨਿਰਗੁਣ ਦਾਤਾ ਦਇਆ ਕਮਾਈਆ । ਇਕ ਦੂਜੇ ਦਾ ਕੋਈ ਨਾ ਕਰੇ ਘਾਤ, ਲੱਖ ਚੁਰਾਸੀ ਨਾਤਾ ਜੋੜੇ ਭੈਣ ਭਾਈਆ । ਬਿਨ ਨਾਰੀ ਕੋਈ ਕਿਸੇ ਵਲ ਨਾ ਸਕੇ ਝਾਕ, ਅੱਖ ਅੱਖ ਨਾ ਕੋਇ ਉਠਾਈਆ । ਭਾਗ ਲਗਾਏ ਤਨ ਮਾਟੀ ਖਾਕ, ਖ਼ਾਕੀ ਖ਼ਾਕ ਦਏ ਵਡਿਆਈਆ । ਬੰਦ ਤਾਕ ਖੋਲ੍ਹੇ ਆਪ, ਬਜਰ ਕਪਾਟੀ ਤੋੜ ਤੁੜਾਈਆ । ਅਨਹਦ ਸ਼ਬਦ ਅਨਾਦੀ ਆਪ ਜਣਾਏ ਆਪਣਾ ਜਾਪ, ਛੱਤੀ ਰਾਗ ਭੇਵ ਨਾ ਆਈਆ । ਆਤਮ ਪਰਮਾਤਮ ਸਾਚਾ ਪਾਠ, ਬਿਨ ਰਸਨਾ ਜਿਹਵਾ ਗਾਈਆ । ਸਰ ਸਰੋਵਰ ਇਕੋ ਮਾਰੇ ਠਾਠ, ਅੰਮ੍ਰਿਤ ਆਤਮ ਦਏ ਜਣਾਈਆ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਹੋਏ ਸਹਾਈਆ । ਜਨਮ ਜਨਮ ਦਾ ਮੇਟ ਸੰਤਾਪ, ਦੁੱਖੜੇ ਦਰਦ ਦਏ ਗਵਾਈਆ । ਦੁਰਮਤ ਮੈਲ ਦੇਵੇ ਕਾਟ, ਮਸਤਕ ਧੋਵੇ ਝੂਠੀ ਸ਼ਾਹੀਆ । ਕਰੇ ਪਿਆਰ ਜਿਉਂ ਮਾਈ ਬਾਪ, ਗੁਰਮੁਖ ਗੁਰਸਿਖ ਗੋਦ ਬਹਾਈਆ । ਨੇੜ ਨਾ ਆਇਣ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਕੋਇ ਲਗਾਈਆ । ਨਿਰਗੁਣ ਸਰਗੁਣ ਬਣੇ ਸੱਜਣ ਸਾਕ, ਸਗਲ ਕੁਟੰਬ ਆਪ ਅਖਵਾਈਆ । ਗੁਰਸਿਖ ਤੇਰਾ ਕੋਇ ਨਾ ਕਰੇ ਘਾਤ, ਛੁਰੀ ਜ਼ਬਾਹ ਨਾ ਕੋਇ ਕਰਾਈਆ । ਗਊ ਨਾ ਖਾਏ ਕੋਈ ਮਾਸ, ਸੂਰ ਹੱਡ ਨਾ

੬੫੧
੧੨

ਕੋਇ ਚਬਾਈਆ । ਹਰਿ ਕਾ ਨਾਉਂ ਜਪਣ ਸਵਾਸ ਸਵਾਸ, ਸਤਿਜੁਗ ਸਾਚਾ ਢੋਲਾ ਗਾਈਆ । ਇਕ ਦੂਜੇ ਦੇ ਵਸਣ ਪਾਸ, ਘਰ ਘਰ ਨਾ ਪਏ ਲੜਾਈਆ । ਪਿਤਾ ਪੂਤ ਇਕੋ ਸ਼ਾਖ਼, ਪੱਤ ਡਾਲ੍ਹੀ ਇਕ ਮਹਿਕਾਈਆ । ਦਰਸ ਦਿਖਾਏ ਹਰਿ ਜੂ ਬਹੁ ਬਿਧ ਭਾਂਤ, ਅਨਭਵ ਪਰਕਾਸ਼ ਦ੍ਰਿੜਾਈਆ । ਗ਼ਰੀਬ ਨਿਮਾਣਿਆਂ ਪੁਛੇ ਵਾਤ, ਰਾਜਿਆਂ ਰਾਣਿਆਂ ਦਏ ਸਜ਼ਾਈਆ । ਅੰਤਮ ਮੇਟ ਅੰਧੇਰੀ ਰਾਤ, ਧੂੰਆਂਧਾਰ ਦਏ ਗੁਵਾਈਆ । ਪ੍ਰਭ ਨਜ਼ਰੀ ਆਏ ਪਾਕੀ ਪਾਕ, ਨਬੀ ਰਸੂਲ ਸੀਸ ਝੁਕਾਈਆ । ਗੋਬਿੰਦ ਤੇਰਾ ਪੂਰਾ ਕਰਨ ਆਇਆ ਭਵਿਖਤ ਵਾਕ, ਕਲ ਕਲਕੀ ਫੇਰਾ ਪਾਈਆ । ਪੱਤਣ ਆਇਆ ਚਲ ਕੇ ਘਾਟ, ਇੱਕੀ ਇੱਕੀ ਪਾਰ ਕਰਾਈਆ । ਬਹੱਤਰਾਂ ਪੁਛੇ ਆਪੇ ਵਾਤ, ਵਾਤਾਵਰਨ ਨਾ ਕੋਇ ਦ੍ਰਿੜਾਈਆ । ਸੱਤਰਾਂ ਦਿਤਾ ਸਾਚਾ ਸਾਥ, ਸਰਸਾ ਢਹਿ ਪਿਆ ਸਰਨਾਈਆ । ਚੁਹੱਤਰਾਂ ਖੋਲ੍ਹ ਇਕੋ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਹਰਿ ਸੰਗਤ ਹਰਿ ਜੂ ਲਏ ਰੱਖ, ਜੋ ਚਲ ਆਏ ਸਰਨਾਈਆ । ਸਚਖੰਡ ਦਵਾਰੇ ਲਏ ਢਕ, ਅੰਤਮ ਆਪਣਾ ਪੜਦਾ ਪਾਈਆ । ਕਰੇ ਨਬੇੜਾ ਹੱਕੋ ਹੱਕ, ਹਕੀਕ਼ਤ ਵੇਖੇ ਖ਼ਲਕ ਖ਼ੁਦਾਈਆ । ਕਲਜੁਗ ਫਲ ਗਿਆ ਪੱਕ, ਅੰਤ ਹਲੂਣਾ ਇਕੋ ਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਸਕੇ ਨੱਠ, ਹਰਿ ਸਤਿਗੁਰ ਘੇਰਾ ਇਕੋ ਪਾਈਆ । ਮਨਮੁਖਾਂ ਖੇੜਾ ਹੋਣਾ ਭੱਠ, ਵੇਲੇ ਅੰਤ ਨਾ ਕੋਇ ਬਚਾਈਆ । ਪ੍ਰਭ ਗੇੜਨਹਾਰਾ ਲੱਠ, ਉਲਟਾ ਗੇੜਾ ਰਿਹਾ ਦਿਵਾਈਆ । ਨਿਰਗੁਣ ਦਾਤਾ ਹੋ ਪਰਗਟ, ਨਿਹਕਲੰਕਾ ਨਾਉਂ ਰਖਾਈਆ । ਬਾਹਰੋਂ ਦਿਸੇ ਗਵਾਰ ਜੱਟ, ਅੰਦਰ ਗੋਬਿੰਦ ਸੱਚਾ ਮਾਹੀਆ । ਦੋ ਜਹਾਨ ਚਲਾਏ ਹੱਟ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਚਰਨਾਂ ਹੇਠ ਦਬਾਈਆ । ਸ਼ਬਦ ਨਗਾਰੇ ਲਾਏ ਸੱਟ, ਅਨਹਦ ਨਾਦੀ ਨਾਦ ਵਜਾਈਆ । ਗੁਰਸਿਖਾਂ ਨਜ਼ਰੀ ਆਏ ਘਟ ਘਟ, ਮਨਮੁਖਾਂ ਕੋਲੋਂ ਬੈਠਾ ਮੁੱਖ ਛੁਪਾਈਆ । ਸ਼ਬਦ ਦੁਸ਼ਾਲਾ ਇਕੋ ਰੱਖੇ ਪੱਟ, ਤੰਦੀ ਤੰਦ ਤੰਦ ਉਠਾਈਆ । ਜਿਸ ਦੇ ਪਿਛੇ ਗੁਰ ਗੋਬਿੰਦ ਸੱਥਰ ਬੈਠਾ ਘਤ, ਸੋ ਸਤਿਗੁਰ ਫੇਰਾ ਪਾਈਆ । ਕਰੇ ਖੇਲ ਪੁਰਖ ਸਮਰਥ, ਦੂਸਰ ਚਲੇ ਨਾ ਕੋਇ ਚਤੁਰਾਈਆ । ਸਗਲ ਵਿਸੂਰੇ ਜਾਇਣ ਲੱਥ, ਜਿਸ ਆਪਣਾ ਦਰਸ ਦਿਖਾਈਆ । ਏਕਾ ਮਹਿਮਾ ਸੁਣਾਏ ਅਕੱਥ, ਲਿਖਣ ਪੜ੍ਹਨ ਵਿਚ ਨਾ ਆਈਆ । ਜਨਮ ਜਨਮ ਦੇ ਕਰਮ ਦੇਵੇ ਮੱਥ, ਨਿਹਕਰਮੀ ਆਪਣੀ ਦਇਆ ਕਮਾਈਆ । ਫੜ ਕੇ ਮੇਲੇ ਆਪਣੇ ਹੱਥ, ਹੱਥੋ ਹੱਥੀ ਲਹਿਣਾ ਰਿਹਾ ਚੁਕਾਈਆ । ਪਹਿਲੋਂ ਗੁਰਸਿਖਾਂ ਦੇ ਅੰਦਰ ਵੜ ਕੇ ਆਪੇ ਜਾਏ ਢੱਠ, ਫੇਰ ਗੁਰਮੁਖ ਆਪਣੇ ਚਰਨ ਲਗਾਈਆ । ਨਾਤਾ ਤੋੜ ਤਤ ਅੱਠ, ਤਤਵ ਤਤ ਇਕ ਸਮਝਾਇਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਲੇਖੇ ਲਾਈਆ । ਸਰਬ ਜੀਆਂ ਦੇਵੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਇਕੋ ਢੋਲਾ ਜੁਗ ਜੁਗ ਬਦਲੇ ਆਪਣਾ ਚੋਲਾ, ਚੋਲੀ ਕਾਇਆ ਤਨ ਰੰਗਾਈਆ । ਚੋਲੀ ਤਨ ਰੰਗ ਮਜੀਠ, ਗੁਰ ਗੁਰ ਸ਼ਬਦੀ ਸ਼ਬਦ ਰੰਗਾਇੰਦਾ । ਨਾਮ ਸੁਹਾਗੀ ਗਾ ਗਾ ਗੀਤ, ਗੋਬਿੰਦ ਆਪ ਅਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਵਿਚ ਸਮਾਇੰਦਾ । ਜੁਗ ਚੌਕੜੀ ਗਈ ਬੀਤ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਬਿਨਾਸ਼ੀ ਇਕ ਅਤੀਤ, ਤ੍ਰੈਗੁਣ ਮਾਇਆ ਵੇਖ ਵਖਾਇੰਦਾ । ਪਰਗਟ ਕਰੇ ਦਰ ਦਰਬਾਰ ਠਾਂਡਾ ਸੀਤ, ਭਗਤ ਦਵਾਰ ਨਾਉਂ ਪਰਗਟਾਇੰਦਾ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਗੁਰਸਿਖਾਂ ਅੰਦਰ ਡੇਰਾ ਲਾਇੰਦਾ ।

ਜਿਸ ਸਾਹਿਬ ਰੱਖਿਆ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਇੰਦਾ । ਸਤਿਜੁਗ ਸਚ ਚਲਾਏ ਰੀਤ, ਕਾਇਆ ਮੰਦਰ ਇਕ ਵਡਿਆਇੰਦਾ । ਆਤਮਾ ਪਰਮਾਤਮਾ ਬੰਨ੍ਹੇ ਸਚ ਪ੍ਰੀਤ, ਪ੍ਰੀਤੀ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਢੋਲਾ ਸੋਹੰ ਸੋ, ਆਪ ਸੁਣਾਏ ਆਪਣੇ ਜੇਹਾ ਹੋ, ਪੰਜ ਤਤ ਨਾ ਕੋਇ ਰਖਾਇੰਦਾ ।

✳ ੧੪ ਭਾਦਰੋਂ ੨੦੧੯ ਬਿਕ੍ਰਮੀ ਅਰਜਨ ਸਿੰਘ ਬਸਤੀ ਖ਼ਲੀਲ ਜ਼ਿਲਾ ਫਿਰੋਜ਼ਪੁਰ ✳

ਆਦਿ ਜੁਗਾਦਿ ਏਕਾ ਨਾਉਂ, ਹਰਿ ਏਕਾ ਏਕ ਉਪਜਾਇੰਦਾ । ਆਦਿ ਜੁਗਾਦਿ ਏਕਾ ਥਾਉਂ, ਹਰਿ ਦਰਗਹਿ ਸਾਚੀ ਧਾਮ ਸੁਹਾਇੰਦਾ । ਆਦਿ ਜੁਗਾਦਿ ਏਕਾ ਪਿਤਾ ਏਕਾ ਮਾਉਂ, ਦਰ ਘਰ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦਿ ਸਦਾ ਸੁਹੇਲਾ ਇਕ ਇਕੇਲਾ ਦੇਵੇ ਠੰਡੀ ਛਾਉਂ, ਸਮਰਥ ਪੁਰਖ ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਜੁਗਾਦਿ ਏਕਾ ਏਕ ਕਰੇ ਪਸਾਓ, ਨਿਰਗੁਣ ਨਿਰਗੁਣ ਭੇਵ ਚੁਕਾਇੰਦਾ । ਆਦਿ ਜੁਗਾਦਿ ਏਕਾ ਏਕ ਘਨੇਰਾ ਚਾਓ, ਚਾਓ ਆਪਣੇ ਅੰਤਰ ਆਪ ਪਰਗਟਾਇੰਦਾ । ਆਦਿ ਜੁਗਾਦਿ ਏਕਾ ਕਰੇ ਸਚ ਨਿਆਉਂ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਆਦਿ ਜੁਗਾਦਿ ਏਕਾ ਨਾਮ, ਆਦਿ ਪੁਰਖ ਆਪ ਪਰਗਟਾਈਆ । ਆਦਿ ਜੁਗਾਦਿ ਏਕਾ ਕਾਮ, ਕਰਨੀ ਕਰਤਾ ਆਪ ਕਮਾਈਆ । ਆਦਿ ਜੁਗਾਦਿ ਏਕਾ ਗਰਾਮ, ਗ੍ਰਹਿ ਮੰਦਰ ਇਕ ਵਡਿਆਈਆ । ਆਦਿ ਜੁਗਾਦਿ ਏਕਾ ਰਾਮ, ਰਾਮ ਰਮੱਯਾ ਸੱਚਾ ਮਾਹੀਆ । ਆਦਿ ਜੁਗਾਦਿ ਏਕਾ ਸ਼ਾਮ, ਵਡ ਘਨੱਯਾ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਇਕ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਆਦਿ ਜੁਗਾਦਿ ਇਕ ਸਲਾਮ, ਅਲੈਕਮ ਆਪਣਾ ਨਾਉਂ ਵਡਿਆਈਆ । ਆਦਿ ਜੁਗਾਦਿ ਏਕਾ ਦਾਨ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਆਦਿ ਜੁਗਾਦਿ ਇਕ ਨਿਸ਼ਾਨ, ਸ੍ਰੀ ਭਗਵਾਨ ਆਪ ਝੁਲਾਈਆ । ਆਦਿ ਜੁਗਾਦਿ ਏਕਾ ਬਖ਼ਸ਼ੇ ਮਾਣ, ਨਿਮਾਣਿਆਂ ਹੋਏ ਸਹਾਈਆ । ਆਦਿ ਜੁਗਾਦਿ ਏਕਾ ਕਾਹਨ, ਮੰਡਲ ਮੰਡਪ ਰਾਸ ਰਚਾਈਆ । ਆਦਿ ਜੁਗਾਦਿ ਏਕਾ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਖੁਲ੍ਹਾਈਆ । ਆਦਿ ਜੁਗਾਦਿ ਏਕਾ ਮੰਦਰ ਇਕ ਮਕਾਨ, ਮੁਕਾਮੇ ਹੱਕ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦਿ ਏਕਾ ਨਾਦ, ਅਨਾਦ ਅਨਾਦੀ ਆਪ ਵਜਾਇੰਦਾ । ਆਦਿ ਜੁਗਾਦਿ ਏਕਾ ਦਾਦ, ਨਿਰਗੁਣ ਨਿਰਗੁਣ ਝੋਲੀ ਪਾਇੰਦਾ । ਆਦਿ ਜੁਗਾਦਿ ਇਕ ਸਵਾਦ, ਰਸ ਰਸੀਆ ਆਪ ਰਖਾਇੰਦਾ । ਆਦਿ ਜੁਗਾਦਿ ਏਕਾ ਮੋਹਣ ਮਾਧਵ ਮਾਧ, ਮੋਹਣੀ ਰੂਪ ਆਪ ਵਟਾਇੰਦਾ । ਆਦਿ ਜੁਗਾਦਿ ਏਕਾ ਸਾਜਣ ਲਏ ਸਾਜ, ਘੜ ਭਾਂਡੇ ਵੇਖ ਵਖਾਇੰਦਾ । ਆਦਿ ਜੁਗਾਦਿ ਇਕ ਅਗੰਮੀ ਮਾਰੇ ਆਵਾਜ਼, ਦੋ ਜਹਾਨਾਂ ਆਪ ਸੁਣਾਇੰਦਾ । ਆਦਿ ਜੁਗਾਦਿ ਇਕ ਇਕੱਲਾ ਗ਼ਰੀਬ ਨਿਵਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਏਕਾ ਘਰ, ਘਰ ਮੰਦਰ ਦਏ ਵਡਿਆਈਆ । ਆਦਿ ਜੁਗਾਦੀ ਏਕਾ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦੀ ਏਕਾ ਵਰ, ਹਰਿ ਕੰਤ ਆਪਣਾ ਬੰਧਨ ਪਾਈਆ । ਆਦਿ ਜੁਗਾਦੀ

ਏਕਾ ਘਾੜਨ ਘੜ, ਘੜ ਵੇਖੇ ਚਾਈਂ ਚਾਈਂਆ । ਆਦਿ ਜੁਗਾਦੀ ਇਕ ਮਹੱਲੇ ਬਹੇ ਚੜ੍ਹ, ਸਚਖੰਡ ਸਾਚੇ ਆਸਣ ਲਾਈਆ । ਆਦਿ ਜੁਗਾਦੀ ਇਕ ਫੜਾਏ ਸਾਚਾ ਲੜ, ਪੱਲੂ ਆਪਣੇ ਗੰਢ ਪੁਵਾਈਆ । ਆਦਿ ਜੁਗਾਦੀ ਏਕਾ ਦਰਸ ਦਿਖਾਏ ਅੱਗੇ ਖੜ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦੀ ਇਕ ਵਖਾਏ ਸਾਚਾ ਸਰ, ਸਰ ਸਰੋਵਰ ਏਕਾ ਏਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਆਦਿ ਜੁਗਾਦੀ ਏਕਾ ਧਾਰ, ਹਰਿ ਸਾਚਾ ਸਚ ਪਰਗਟਾਇੰਦਾ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਆਪ ਕਮਾਇੰਦਾ । ਆਦਿ ਜੁਗਾਦੀ ਇਕ ਵਿਹਾਰ, ਬਿਵਹਾਰੀ ਆਪ ਜਣਾਇੰਦਾ । ਆਦਿ ਜੁਗਾਦੀ ਇਕ ਵਣਜਾਰ, ਬਣ ਵਣਜਾਰਾ ਹੱਟ ਚਲਾਇੰਦਾ । ਆਦ ਜੁਗਾਦੀ ਇਕ ਸਤਾਰ, ਬਿਨ ਤੰਦੀ ਤੰਦ ਵਜਾਇੰਦਾ । ਆਦਿ ਜੁਗਾਦੀ ਏਕਾ ਨਾਰ, ਨਰ ਹਰਿ ਆਪਣੀ ਸੇਜ ਹੰਢਾਇੰਦਾ । ਆਦਿ ਜੁਗਾਦੀ ਇਕ ਪਿਆਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਆਦਿ ਜੁਗਾਦੀ ਇਕ ਉਜਿਆਰ, ਕਮਲਾਪਾਤੀ ਆਪ ਕਰਾਇੰਦਾ । ਆਦਿ ਜੁਗਾਦੀ ਇਕ ਸ਼ੰਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੋਭਾ ਆਪੇ ਪਾਇੰਦਾ । ਆਦਿ ਜੁਗਾਦਿ ਏਕਾ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਆਦਿ ਜੁਗਾਦਿ ਏਕਾ ਸੰਗ, ਸਗਲਾ ਸੰਗ ਸਹਿਜ ਸੁਖਦਾਈਆ । ਆਦਿ ਜੁਗਾਦਿ ਇਕ ਪਲੰਘ, ਸੇਜ ਸੁਹੰਜਣੀ ਆਪ ਹੰਢਾਈਆ । ਆਦਿ ਜੁਗਾਦਿ ਇਕ ਅਨੰਦ, ਅਨੰਦ ਅਨੰਦ ਵਿਚ ਪਰਗਟਾਈਆ । ਆਦਿ ਜੁਗਾਦਿ ਇਕ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਇਕ ਛੰਦ, ਸੋ ਪੁਰਖ ਨਿਰੰਜਣ ਆਪੇ ਗਾਈਆ । ਆਦਿ ਜੁਗਾਦਿ ਏਕਾ ਬੰਧ, ਬੰਧਨ ਆਪਣਾ ਨਾਮ ਪਾਈਆ । ਆਦਿ ਜੁਗਾਦਿ ਏਕਾ ਗੰਢ, ਨਿਰਗੁਣ ਨਿਰਗੁਣ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਮਾਰਗ ਆਪੇ ਲਾਈਆ । ਆਦਿ ਜੁਗਾਦੀ ਏਕਾ ਰਾਹ, ਹਰਿ ਰਹਿਬਰ ਆਪ ਚਲਾਇੰਦਾ । ਆਦਿ ਜੁਗਾਦੀ ਇਕ ਮਲਾਹ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਆਦਿ ਜੁਗਾਦੀ ਇਕ ਸਲਾਹ, ਸਲਾਹਗੀਰ ਆਪ ਹੋ ਜਾਇੰਦਾ । ਆਦਿ ਜੁਗਾਦੀ ਏਕਾ ਥਾਂ, ਦਰਗਹਿ ਸਾਚੀ ਧਾਮ ਵਡਿਆਇੰਦਾ । ਆਦਿ ਜੁਗਾਦੀ ਏਕਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਖੇਲ ਕਰਾਇੰਦਾ । ਆਦਿ ਜੁਗਾਦੀ ਏਕਾ ਵੇਸ, ਵੇਸ ਅਵੱਲੜਾ ਆਪ ਕਰਾਈਆ । ਆਦਿ ਜੁਗਾਦੀ ਏਕਾ ਦੇਸ, ਸਾਚੇ ਦੇਸ ਵਸੇ ਸੱਚਾ ਮਾਹੀਆ । ਆਦਿ ਜੁਗਾਦੀ ਇਕ ਨਰੇਸ਼, ਨਰ ਹਰਿ ਆਪਣਾ ਨਾਉਂ ਆਪ ਪਰਗਟਾਈਆ । ਆਦਿ ਜੁਗਾਦੀ ਇਕ ਆਦੇਸ, ਆਦੇਸ ਆਦੇਸ ਕਰ ਕਰ ਸੀਸ ਝੁਕਾਈਆ । ਆਦਿ ਜੁਗਾਦੀ ਏਕਾ ਏਕ ਲਏ ਪੇਖ, ਪੇਖਣਹਾਰਾ ਬੇਪਰਵਾਹੀਆ । ਆਦਿ ਜੁਗਾਦੀ ਰਹੇ ਹਮੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਆਦਿ ਜੁਗਾਦੀ ਏਕਾ ਮੰਤਰ, ਮੰਤਰ ਆਪਣੇ ਨਾਮ ਦ੍ਰਿੜਾਇੰਦਾ । ਆਦਿ ਜੁਗਾਦੀ ਏਕਾ ਅੰਤਰ, ਅੰਤਰ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਖੇਲ ਗਗਨ ਗਗਨੰਤਰ, ਗਗਨ ਮੰਡਲ ਸੋਭਾ ਪਾਇੰਦਾ । ਆਦਿ ਜੁਗਾਦੀ ਨੂਰ ਬਸੰਤਰ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਆਪ ਸੁਹਾਇੰਦਾ । ਆਦਿ ਜੁਗਾਦੀ ਏਕਾ ਰਾਜਾ, ਰਾਜਨ ਏਕ ਏਕ ਅਖਵਾਈਆ । ਆਦਿ ਜੁਗਾਦੀ ਇਕ ਨਵਾਬਾ, ਸ਼ਾਹ ਨਵਾਬ ਇਕ ਵਡਿਆਈਆ । ਆਦਿ ਜੁਗਾਦੀ ਏਕਾ ਵਾਜਾ,

੬੫੩
੧੨

ਪੁਰਖ ਅਬਿਨਾਸ਼ੀ ਆਪ ਸੁਣਾਈਆ । ਆਦਿ ਜੁਗਾਦੀ ਫਿਰੇ ਭਾਜਾ, ਨਿਰਗੁਣ ਨਿਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣੀ ਵੰਡ ਵੰਡਾਈਆ । ਆਦਿ ਜੁਗਾਦੀ ਹੁਕਮਰਾਨ, ਏਕਾ ਏਕ ਵਡੀ ਵਡਿਆਈਆ । ਆਦਿ ਜੁਗਾਦੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਆਦਿ ਜੁਗਾਦੀ ਦੇਵਣਹਾਰਾ ਧੁਰ ਫ਼ਰਮਾਣ, ਧੁਰ ਸੰਦੇਸਾ ਇਕ ਸੁਣਾਈਆ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਆਦਿ ਜੁਗਾਦੀ ਵਡ ਬਲਵਾਨ, ਬਲ ਆਪਣਾ ਆਪ ਰਖਾਈਆ । ਆਦਿ ਜੁਗਾਦੀ ਏਕਾ ਕਾਮ, ਬਿਨ ਕਰਨੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਆਦਿ ਜੁਗਾਦੀ ਖੇਲ ਅਵੱਲਾ, ਹਰਿ ਹਰਿ ਹਰਿ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲ ਆਪਣੀ ਧਾਰ ਪਰਗਟਾਇੰਦਾ । ਆਦਿ ਜੁਗਾਦੀ ਅਛਲ ਅਛੱਲਾ, ਵਲ ਛਲ ਆਪਣਾ ਖੇਲ ਰਖਾਇੰਦਾ । ਆਦਿ ਜੁਗਾਦੀ ਵਸਣਹਾਰਾ ਜਲ ਥਲਾ, ਜਲ ਥਲ ਮਹੀਅਲ ਆਪਣਾ ਡੇਰਾ ਲਾਇੰਦਾ । ਆਦਿ ਜੁਗਾਦੀ ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਆਪ ਰੁਸ਼ਨਾਇੰਦਾ । ਆਦਿ ਜੁਗਾਦੀ ਸਚ ਸੰਦੇਸਾ ਏਕਾ ਘੱਲਾ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਆਦਿ ਜੁਗਾਦੀ ਗੁਰ ਅਵਤਾਰ ਫੜਾਏ ਪੱਲਾ, ਪੀਰ ਪੈਗ਼ੰਬਰ ਨਾਲ ਰਲਾਇੰਦਾ । ਆਦਿ ਜੁਗਾਦੀ ਸਚ ਸਿੰਘਾਸਣ ਏਕਾ ਮੱਲਾ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਆਦਿ ਜੁਗਾਦੀ ਜੋਤੀ ਸ਼ਬਦੀ ਨਿਰਗੁਣ ਨਿਰਗੁਣ ਧਾਰ ਆਪੇ ਰੱਲਾ, ਸਰਗੁਣ ਸਰਗੁਣ ਬੰਧਨ ਪਾਇੰਦਾ । ਆਦਿ ਜੁਗਾਦੀ ਬਣਿਆ ਰਹੇ ਝੱਲਾ, ਰੂਪ ਰੰਗ ਰੇਖ ਨਾ ਕਿਸੇ ਵਖਾਇੰਦਾ । ਆਦਿ ਜੁਗਾਦੀ ਏਕਾ ਅੱਲਾ, ਆਲਮੀਨ ਫੇਰਾ ਪਾਇੰਦਾ । ਆਦਿ ਜੁਗਾਦੀ ਨਿਰਗੁਣ ਰੂਪ ਸਦਾ ਬਿਸਮਿੱਲਾ, ਬਿਸਮਿਲ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਕਰਨੀ ਆਪ ਕਮਾਇੰਦਾ । ਆਦਿ ਜੁਗਾਦੀ ਇਕ ਸੌਦਾਗਰ, ਸਾਚਾ ਵਣਜ ਹੱਟ ਚਲਾਈਆ । ਆਦਿ ਜੁਗਾਦੀ ਇਕ ਬਹਾਦਰ, ਬਲ ਆਪਣਾ ਆਪ ਧਰਾਈਆ । ਆਦਿ ਜੁਗਾਦੀ ਏਕਾ ਦਾਦਰ, ਅਨਰਾਗੀ ਰਾਗ ਸੁਣਾਈਆ । ਆਦਿ ਜੁਗਾਦੀ ਇਕ ਉਜਾਗਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਦਿ ਜੁਗਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਈਆ । ਆਦਿ ਜੁਗਾਦੀ ਇਕ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਧਰਾਇੰਦਾ । ਜੁਗਾ ਜੁਗੰਤਰ ਕਰ ਪਸਾਰਾ, ਪਸਰ ਪਸਾਰੀ ਵੇਖ ਵਖਾਇੰਦਾ । ਬ੍ਰਹਿਮੰਡਾਂ ਖੰਡਾਂ ਦੇ ਹੁਲਾਰਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਵਿਸ਼ਨ ਬ੍ਰਹਮਾ ਕਰ ਪਿਆਰਾ, ਸ਼ੰਕਰ ਆਪਣਾ ਰੰਗ ਰੰਗਾਇੰਦਾ । ਕਰੋੜ ਤੇਤੀਸਾ ਕਰ ਵਣਜਾਰਾ, ਸੁਰਪਤ ਆਪਣੇ ਹੱਟ ਵਿਕਾਇੰਦਾ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਆਪ ਅਲਾਇੰਦਾ । ਸਾਚਾ ਮੰਦਰ ਕਰ ਪਿਆਰਾ, ਗ੍ਰਿਹਿ ਆਪਣੇ ਡੇਰਾ ਲਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਵਡ ਸਾਕੀ ਬਣ ਅਗੰਮ ਅਪਾਰਾ, ਅੰਮ੍ਰਿਤ ਜਾਮ ਜਾਮ ਪਿਆਇੰਦਾ । ਬੰਦ ਤਾਕੀ ਖੋਲ੍ਹ ਕਿਵਾੜਾ, ਘਰ ਸਾਚੇ ਮੁਖ ਦਿਖਲਾਇੰਦਾ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣਾ ਪੜਦਾ ਆਪ ਉਠਾਇੰਦਾ । ਏਕਾ ਕੂਕ ਇਕ ਪੁਕਾਰਾ, ਕੂਕ ਕੂਕ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਦ੍ਰਿੜਾਇੰਦਾ । ਏਕਾ ਨਾਉਂ ਨਿਸ਼ਅੱਖਰ, ਅੱਖਰ ਵਿਚ ਵੰਡ ਨਾ ਆਇਆ । ਏਕਾ ਨਾਉਂ ਚੜ੍ਹ ਕੇ ਬੈਠਾ ਚੋਟੀ ਸਿਖਰ, ਫੜ

ਫੜ ਹੱਥ ਨਾ ਕਿਸੇ ਵਖਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਕੇ ਨਾਉਂ ਦਾ ਕਰਦੇ ਗਏ ਫ਼ਿਕਰ, ਬਿਨ ਹਰਿ ਨਾਉਂ ਫ਼ਿਕਰਾ ਮਾਤ ਨਾ ਕਿਸੇ ਸੁਣਾਇਆ । ਡਰਦੇ ਡਰਦੇ ਕਰਦੇ ਰਹੇ ਜ਼ਿਕਰ, ਮੋਹ ਮਾਣ ਨਾ ਕਿਸੇ ਵਧਾਇਆ । ਨੇਤਰ ਉਠਾ ਨੈਣ ਵੇਖਿਆ ਇਧਰ ਉਧਰ, ਜੈਂਹ ਪੇਖਤ ਹਰਿ ਕਾ ਨਾਉਂ ਨਜ਼ਰੀ ਆਇਆ । ਸਰਗੁਣ ਰੂਪ ਬਣ ਕੇ ਬੈਠੇ ਰਹੇ ਗਿਦੜ, ਭਬਕ ਸ਼ੇਰ ਨਾ ਕੋਇ ਲਗਾਇਆ । ਪੰਜ ਤਤ ਕਾਇਆ ਅੰਦਰ ਗਏ ਚਿੰਬੜ, ਆਪਣਾ ਪੜਦਾ ਨਾ ਕੋਇ ਉਠਾਇਆ । ਜਗਤ ਤ੍ਰਿਸਨਾ ਨਾਲ ਰਹੇ ਲਿਬੜ, ਆਸਾ ਮਨਸਾ ਮੋਹ ਵਧਾਇਆ । ਅੰਤ ਕਰ ਬੇਨੰਤੀ ਪ੍ਰਭ ਅੱਗੇ ਕਹਿਣ ਅਸੀਂ ਭਰੀਆਂ ਚਿਕੜ, ਕਰ ਕਿਰਪਾ ਗਲ ਲਗਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪੰਜ ਤਤ ਕਾਇਆ ਨਾਮ ਮਧਾਣੇ ਆਏ ਰਿੜਕਣ, ਗੁਰ ਅਵਤਾਰਾਂ ਆਪਣਾ ਰਿੜਕਣਾ ਦਏ ਵਖਾਇਆ । ਸ਼ਬਦ ਅਗੰਮੀ ਨਾਲ ਆਏ ਝਿੜਕਣ, ਨਾਮ ਖੰਡਾ ਇਕ ਚਮਕਾਇਆ । ਧਰਨੀ ਧਰਤ ਉਪਰ ਸਭ ਦੇ ਪੈਰ ਥਿੜਕਣ, ਕੋਈ ਸਕੇ ਨਾ ਸੀਸ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਵਡਿਆਇਆ । ਏਕਾ ਨਾਉਂ ਬਿਨ ਅੱਖਰ ਅੱਖ, ਬਿਨ ਨੇਤਰ ਨੈਣ ਦ੍ਰਿੜਾਈਆ । ਏਕਾ ਨਾਉਂ ਸਦਾ ਪਰਤੱਖ, ਪਾਰਖੂ ਬਣੇ ਸਰਬ ਲੋਕਾਈਆ । ਏਕਾ ਨਾਉਂ ਹੱਥ ਪੁਰਖ ਸਮਰਥ, ਦੂਸਰ ਹੱਥ ਨਾ ਕਿਸੇ ਫੜਾਈਆ । ਗੁਰ ਅਵਤਾਰ ਖ਼ਾਲੀ ਝੋਲੀ ਡਾਹ ਡਾਹ ਮੰਗਦੇ ਗਏ ਵੱਥ, ਪ੍ਰਭ ਸਾਚਾ ਹੋਏ ਸਹਾਈਆ । ਪੰਜ ਤਤ ਕਾਇਆ ਆਤਮ ਪਰਮਾਤਮ ਪਾ ਪਾ ਨੱਥ, ਨਟੂਆ ਆਪਣਾ ਸਾਂਗ ਵਰਤਾਈਆ । ਨੰਨ੍ਹੀ ਜੋਤ ਕਰ ਪਰਗਟ, ਨੂਰ ਨੂਰ ਨੂਰ ਕਰੇ ਰੁਸ਼ਨਾਈਆ । ਚਰਨ ਧੂੜ ਕਿਣਕਾ ਨਿੱਕਾ ਅੰਦਰ ਸੱਟ, ਦੇਵੇ ਲੋਕਮਾਤ ਵਡਿਆਈਆ । ਆਤਮ ਪਰਮਾਤਮ ਮੇਟ ਫਟ, ਬ੍ਰਹਮ ਪਾਰਬ੍ਰਹਮ ਮਿਲਾਈਆ । ਏਕਾ ਠੋਕਰ ਮਾਰੇ ਸੱਟ, ਅਨਹਦ ਨਾਦੀ ਰਾਗ ਸੁਣਾਈਆ । ਛੋਟੇ ਬਾਲਿਆਂ ਆਪਣਾ ਮਾਰਗ ਦੱਸ, ਬਾਲੀ ਬੁੱਧ ਕਰੇ ਪੜ੍ਹਾਈਆ । ਚਰਨ ਕਵਲ ਕਵਲ ਚਰਨ ਸਚ ਸਰਨਾਈ ਜਾਣਾ ਢੱਠ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਆਦਿ ਜੁਗਾਦਿ, ਜੁਗ ਕਰਤਾ ਆਪ ਜਣਾਇੰਦਾ । ਏਕਾ ਨਾਮ ਸਾਚੀ ਦਾਦ, ਗੁਰ ਅਵਤਾਰਾਂ ਆਪ ਵਰਤਾਇੰਦਾ । ਏਕਾ ਨਾਮ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਆਪ ਸੁਣਾਇੰਦਾ । ਏਕਾ ਨਾਮ ਸਾਚਾ ਨਾਦ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਅਲਾਇੰਦਾ । ਏਕਾ ਨਾਮ ਬੋਧ ਅਗਾਧ, ਅੱਖਰ ਅੱਖਰ ਸਿਫ਼ਤ ਨਾ ਕੋਇ ਸਾਲਾਹਿੰਦਾ । ਏਕਾ ਨਾਮ ਆਪਣੇ ਹੱਥ ਰੱਖੇ ਗੁਰੂ ਮਹਾਰਾਜ, ਮਹਿਮਾ ਆਪਣੀ ਆਪ ਪਰਗਟਾਇੰਦਾ । ਏਕਾ ਨਾਮ ਜੁਗ ਜੁਗ ਰੱਖਣਹਾਰਾ ਲਾਜ, ਲਾਜਾਵੰਤ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਦ੍ਰਿੜਾਇੰਦਾ । ਏਕਾ ਨਾਉਂ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਏਕਾ ਨਾਉਂ ਆਪਣੀ ਜਾਣੇ ਸਚ ਤਦਬੀਰ, ਤਸਵੀਰ ਰੂਪ ਨਾ ਕੋਇ ਵਟਾਈਆ । ਏਕਾ ਨਾਉਂ ਸਚ ਜ਼ੰਜੀਰ, ਦੋ ਜਹਾਨਾਂ ਬੰਧਨ ਪਾਈਆ । ਏਕਾ ਨਾਉਂ ਬਸਤਰ ਚੀਰ, ਓਢਨ ਢਾਕਨ ਪਤ ਰਾਖੇ ਹਰ ਘਟ ਥਾਈਂਆ । ਏਕਾ ਨਾਉਂ ਸੱਚਾ ਸੀਰ, ਅੰਮ੍ਰਿਤ ਰਸ ਇਕ ਚੁਆਈਆ । ਏਕਾ ਨਾਉਂ ਬਿਨ ਹਰਫ਼ ਲਕੀਰ, ਲਿਖਣ ਪੜ੍ਹਨ ਵਿਚ ਨਾ ਆਈਆ । ਏਕਾ ਨਾਉਂ ਸੱਚਾ ਪੀਰ, ਪੀਰ ਪੀਰਾਂ ਕਰੇ ਪੜ੍ਹਾਈਆ । ਏਕਾ ਨਾਉਂ ਬਦਲਣਹਾਰ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਏਕਾ ਨਾਉਂ ਸਚ ਸ਼ਮਸ਼ੀਰ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਏਕਾ ਨਾਉਂ ਗਹਿਰ ਗੰਭੀਰ, ਗੁਣਵੰਤਾ ਆਪਣੇ

੬੫੬ ੧੨

ਵਿਚ ਛੁਪਾਈਆ । ਏਕਾ ਨਾਉਂ ਠਾਂਡਾ ਸੀਰ, ਸਾਂਤਕ ਸਤਿ ਕਰਾਈਆ । ਏਕਾ ਨਾਉਂ ਕੱਢੇ ਪੀੜ, ਬਿਰਹੋਂ ਰੋਗ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਏਕਾ ਨਾਉਂ ਡੂੰਘਾ ਸਾਗਰ, ਹੱਥ ਕਿਸੇ ਨਾ ਆਇੰਦਾ । ਏਕਾ ਨਾਉਂ ਆਦਿ ਜੁਗਾਦਿ ਦੇਵੇ ਆਦਰ, ਆਦਰਸ਼ ਆਪਣਾ ਰੂਪ ਵਖਾਇੰਦਾ । ਏਕਾ ਨਾਉਂ ਸਚ ਸੌਦਾਗਰ, ਦੋ ਜਹਾਨਾਂ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਆਪੇ ਸਿਫ਼ਤ ਸਾਲਾਹਿੰਦਾ । ਹਰਿ ਕਾ ਨਾਉਂ ਸਿਫ਼ਤ ਸਾਲਾਹ, ਸਿਫ਼ਰ ਸਿਫ਼ਰ ਰੂਪ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਦਏ ਸਲਾਹ, ਸਾਚੀ ਸਿਖਿਆ ਸਿਖ ਦ੍ਰਿੜਾਈਆ । ਸਚਖੰਡ ਨਿਵਾਸੀ ਥਿਰ ਘਰ ਦਵਾਰਿਉਂ ਬਾਹਰ ਆ, ਆਪਣੇ ਨਾਉਂ ਤੰਦ ਸਤਾਰ ਹਿਲਾਈਆ । ਸੁੰਨ ਅਗੰਮ ਪਾਰ ਕਰਾ, ਅਲੱਖ ਅਗੋਚਰ ਦਏ ਵਡਿਆਈਆ । ਪਵਣ ਪਵਣਾਂ ਵਿਚ ਸਮਾ, ਅਵਣ ਗਵਣਾ ਪਰਦਾ ਲਾਹੀਆ । ਪੰਜ ਤਤ ਕਾਇਆ ਦਏ ਵਡਿਆ, ਵਡ ਵੱਡਾ ਦਇਆ ਕਮਾਈਆ । ਬੇਪਰਦਾ ਚੁਕੇ ਬੇਪਰਵਾਹ, ਪਰਦਾ ਆਪ ਉਠਾਈਆ । ਡੁੱਬਦਾ ਸਾਗਰ ਦਏ ਤਰਾ, ਨੱਯਾ ਏਕਾ ਨਾਮ ਚੜ੍ਹਾਈਆ । ਆਪਣੀ ਰਮਜ਼ ਦਏ ਸਮਝਾ, ਰਮਜ਼ ਰਮਜ਼ ਨਾਲ ਮਿਲਾਈਆ । ਆਪਣਾ ਮੰਦਰ ਦਏ ਵਖਾ, ਤਨ ਮੰਦਰ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਪੰਜ ਤਤ ਤਤ ਆਧਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਬ੍ਰਹਮ ਪਾਰਬ੍ਰਹਮ ਪਿਆਰਾ, ਪਰਮ ਪੁਰਖ ਆਪ ਕਰਾਇੰਦਾ । ਜੋਤੀ ਜਾਤਾ ਜੋਤ ਉਜਿਆਰਾ, ਜੋੜੀ ਜੋੜਾ ਜੋੜ ਜੁੜਾਇੰਦਾ । ਸਾਚੀ ਸੇਜਾ ਦਏ ਹੁਲਾਰਾ, ਸੇਜ ਸੁਹੰਜਣੀ ਆਪ ਸੁਹਾਇੰਦਾ । ਸਤਿ ਸਤਿਵਾਦੀ ਸਤਿ ਸ਼ਿੰਗਾਰਾ, ਬਸਤਰ ਭੂਸ਼ਨ ਨਾ ਕੋਇ ਰੰਗਾਇੰਦਾ । ਲਾਲ ਗੁਲਾਲਾ ਰੰਗ ਏਕਾ ਚਾੜ੍ਹਾ, ਉਤਰ ਕਦੇ ਨਾ ਜਾਇੰਦਾ । ਗੁਰ ਗੁਰ ਮੇਲਾ ਹਰਿ ਹਰਿ ਚੇਲਾ ਸਰਗੁਣ ਹੋਏ ਸੱਜਣ ਸੁਹੇਲਾ, ਘਰ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇੰਦਾ । ਸਾਚਾ ਨਾਉਂ ਨਿਰਮਲ ਜੋਤ, ਹਰਿ ਸਤਿਗੁਰ ਆਪ ਜਣਾਈਆ । ਏਕਾ ਵਸੇ ਸਾਚੇ ਕੋਟ, ਏਕਾ ਬੰਕ ਸੁਹਾਈਆ । ਏਕਾ ਨਾਦ ਧੁੰਨ ਚੋਟ, ਨਗਾਰਾ ਇਕੋ ਇਕ ਸੁਣਾਈਆ । ਏਕਾ ਨਾਉਂ ਆਦਿ ਜੁਗਾਦਿ ਸਦਾ ਬਹੁਤ, ਬਹੁ ਨਾਮ ਕੰਮ ਕਿਸੇ ਨਾ ਆਈਆ । ਕੋਟਨ ਕੋਟ ਨਾਉਂ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੀ ਸਿਫ਼ਤ ਕਰ ਕਰ ਦੱਸਦੇ ਗਏ ਸਰੋਤ, ਸਰਵਣ ਲੋਕਮਾਤ ਸੁਣਾਈਆ । ਸਾਚੇ ਨਾਮ ਦੀ ਰੱਖ ਕੇ ਆਪ ਓਟ, ਦੋਏ ਦੋਏ ਬੈਠੇ ਸੀਸ ਝੁਕਾਈਆ । ਜਗਤ ਨਾਮ ਰਖਾਏ ਕੋਟੀ ਕੋਟ, ਪੰਜ ਤਤ ਕਾਇਆ ਦਏ ਵਡਿਆਈਆ । ਆਪਣੇ ਨਾਉਂ ਉਤੇ ਆਪੇ ਹੋਏ ਮੋਹਤ, ਦੂਸਰ ਮੁਹੱਬਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਨਾਉਂ ਚਲਾਈਆ । ਏਕਾ ਨਾਉਂ ਸਰਬ ਪਸਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਏਕਾ ਨਾਉਂ ਸਰਬ ਵਣਜਾਰਾ, ਹਰਿ ਪੁਰਖ ਨਿਰੰਜਣ ਵਣਜ ਵਖਾਇੰਦਾ । ਏਕਾ ਨਾਉਂ ਏਕੰਕਾਰਾ, ਪੁਰਖ ਅਕਾਲ ਆਪ ਸਮਝਾਇੰਦਾ । ਏਕਾ ਨਾਉਂ ਨੂਰ ਉਜਿਆਰਾ, ਆਦਿ ਨਿਰੰਜਣ ਨੂਰ ਧਰਾਇੰਦਾ । ਏਕਾ ਨਾਉਂ ਵਸਤ ਹਰਿ ਥਾਰਾ, ਅਬਿਨਾਸ਼ੀ ਕਰਤਾ ਆਪ ਵਰਤਾਇੰਦਾ । ਏਕਾ ਨਾਉਂ ਘੜਨ ਭੰਨਣਹਾਰ ਕਰੇ ਪਸਾਰਾ, ਸ੍ਰੀ ਭਗਵਾਨ ਨਿਸ਼ਾਨ ਝੁਲਾਇੰਦਾ । ਏਕਾ ਨਾਉਂ ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਨਿਰਗੁਣ ਨਜ਼ਰ ਕਿਸੇ

ਨਾ ਆਇੰਦਾ । ਏਕਾ ਨਾਉਂ ਸਚਖੰਡ ਵਸੇ ਸਚ ਦਵਾਰਾ, ਪ੍ਰਭ ਚਰਨਾਂ ਹੇਠ ਰਖਾਇੰਦਾ । ਏਕਾ ਨਾਉਂ ਖੋਲ੍ਹੇ ਇਕ ਕਿਵਾੜਾ, ਥਿਰ ਘਰ ਆਪਣਾ ਡੇਰਾ ਲਾਇੰਦਾ । ਏਕਾ ਨਾਉਂ ਸਰਬ ਆਧਾਰਾ, ਉਦਰ ਅਧਰ ਮੇਲ ਮਿਲਾਇੰਦਾ । ਏਕਾ ਨਾਉਂ ਸਰਬ ਪਿਆਰਾ, ਪ੍ਰੇਮ ਪਿਆਰ ਇਕ ਸਿਖਾਇੰਦਾ । ਏਕਾ ਨਾਉਂ ਲੱਖ ਚੁਰਾਸੀ ਦਏ ਸਹਾਰਾ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਏਕਾ ਨਾਉਂ ਗੁਰੂ ਅਵਤਾਰਾ, ਪੀਰ ਪੈਗ਼ੰਬਰ ਭੇਵ ਚੁਕਾਇੰਦਾ । ਏਕਾ ਨਾਉਂ ਇਕ ਨਗਾਰਾ, ਨਿਰਾਕਾਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਨਾਉਂ ਆਪ ਜਣਾਇੰਦਾ । ਏਕਾ ਨਾਉਂ ਸੋ ਪੁਰਖ ਨਿਰੰਜਣ ਮੀਤ, ਹੰ ਬ੍ਰਹਮ ਮੇਲ ਮਿਲਾਈਆ । ਏਕਾ ਨਾਉਂ ਸਦਾ ਅਤੀਤ, ਸਚਖੰਡ ਸਾਚੇ ਆਸਣ ਲਾਈਆ । ਏਕਾ ਨਾਉਂ ਗਾ ਗਾ ਥੱਕੇ ਗੀਤ, ਕੋਟਨ ਕੋਟ ਸਿਫ਼ਤ ਸਾਲਾਹੀਆ । ਏਕਾ ਨਾਉਂ ਆਦਿ ਜੁਗਾਦਿ ਜੁਗ ਜੁਗ ਸ੍ਰਿਸ਼ਟ ਸਬਾਈ ਲਏ ਜੀਤ, ਜਿਤਿਆ ਆਪ ਕਦੇ ਨਾ ਜਾਈਆ । ਏਕਾ ਨਾਉਂ ਵਡਿਆਈ ਹਸਤ ਕੀਟ, ਕੀਟ ਕੀਟਾਂ ਮਾਣ ਰਖਾਈਆ । ਏਕਾ ਨਾਉਂ ਪੱਤਤ ਪਾਪੀ ਕਰੇ ਪੁਨੀਤ, ਦੁਰਮਤ ਮੈਲ ਧੁਵਾਈਆ । ਏਕਾ ਨਾਉਂ ਠਾਂਡਾ ਸੀਤ, ਅਗਨੀ ਤਤ ਦਏ ਬੁਝਾਈਆ । ਏਕਾ ਨਾਉਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸੇ ਰੀਤ, ਮੰਦਰ ਮਸਜਦ ਮੱਠ ਸ਼ਿਵਦਵਾਲੇ ਨਾਉਂ ਧਰਾਈਆ । ਏਕਾ ਨਾਉਂ ਅੰਤਮ ਸਭ ਨੂੰ ਕਰੇ ਭੈ ਭੀਤ, ਭੈ ਆਪਣਾ ਆਪ ਜਣਾਈਆ । ਏਕਾ ਨਾਉਂ ਸਭ ਦੀ ਮੇਟੇ ਲੀਕ, ਲਿਖਿਆ ਲੇਖਾ ਸਭ ਦਾ ਦਏ ਮੁਕਾਈਆ । ਏਕਾ ਨਾਉਂ ਆਦਿ ਜੁਗਾਦਿ ਪ੍ਰਭ ਆਪਣੇ ਹੱਥ ਰੱਖੇ ਠੀਕ, ਠੀਕਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੰਜ ਤਤ ਕਾਇਆ ਚੋਲਾ ਦਏ ਭੰਨਾਈਆ । ਏਕਾ ਨਾਉਂ ਲਾਸ਼ਰੀਕ, ਸ਼ਰਕਤ ਵਿਚ ਕਦੇ ਨਾ ਆਈਆ । ਏਕਾ ਨਾਉਂ ਸਦਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਏਕਾ ਨਾਉਂ ਪ੍ਰਭ ਕਰੇ ਪ੍ਰੀਤ, ਪ੍ਰੀਤੀਵਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਨਾਮ ਸਮਝਾਈਆ । ਆਦਿ ਜੁਗਾਦਿ ਇਕ ਨਾਮ ਸਹਾਰਾ, ਹਰਿ ਸਤਿਗੁਰ ਆਪ ਜਣਾਇੰਦਾ । ਆਦਿ ਜੁਗਾਦਿ ਗੁਰੂ ਅਵਤਾਰਾ, ਇਕੋ ਇਕ ਨਾਮ ਧਿਆਇੰਦਾ । ਆਦਿ ਜੁਗਾਦਿ ਭਗਤ ਭਗਵੰਤ ਆਧਾਰਾ, ਭੇਵ ਅਭੇਦ ਖੁਲ੍ਹਾਇੰਦਾ । ਆਦਿ ਜੁਗਾਦਿ ਸੰਤ ਦਵਾਰਾ, ਸਤਿ ਸਤਿਵਾਦੀ ਪੜਦਾ ਲਾਹਿੰਦਾ । ਆਦਿ ਜੁਗਾਦਿ ਗੁਰਮੁਖ ਪਸਾਰਾ, ਗੁਰ ਗੁਰ ਹੱਟ ਚਲਾਇੰਦਾ । ਆਦਿ ਜੁਗਾਦਿ ਗੁਰਸਿਖ ਵਣਜਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਆਦਿ ਜੁਗਾਦਿ ਇਕ ਵਰਤਾਰਾ, ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਇਕ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਆਦਿ ਜੁਗਾਦੀ ਇਕ ਭੰਡਾਰਾ, ਵਡ ਭੰਡਾਰੀ ਆਪ ਵਰਤਾਇੰਦਾ । ਆਦਿ ਜੁਗਾਦੀ ਇਕ ਪਿਆਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਸੋਹੰ ਰੂਪ ਆਪ ਨਿਰੰਕਾਰਾ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਪਸਾਰਾ, ਆਦਿ ਜੁਗਾਦਿ ਵੇਖ ਵਖਾਇੰਦਾ । ਅੰਤਮ ਮੇਲਾ ਧੁਰ ਦਰਬਾਰਾ, ਦਰ ਆਪਣੇ ਆਪ ਕਰਾਇੰਦਾ । ਵਾਹਵਾ ਵੱਜਦੀ ਰਹੇ ਸਿਤਾਰਾ, ਨਾਮ ਸਤਿ ਸਤਿ ਅਲਾਇੰਦਾ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਵਾਰਾਂ, ਸੋ ਵਾਰਤਾ ਗੁਰਮੁਖਾਂ ਆਪ ਸੁਣਾਇੰਦਾ । ਜਿਸ ਦੀ ਚਰਨ ਧੂੜ ਮੰਗਦੇ ਗਏ ਖ਼ਾਕ ਛਾਰਾ, ਸੋ ਖ਼ਾਕ ਗੁਰਮੁਖ ਚਰਨ ਆਪਣੇ ਪ੍ਰੇਮ ਰਮਾਇੰਦਾ । ਜਿਸ ਅੱਗੇ ਕਰ ਕਰ ਸਯਦੇ ਮੰਨਦੇ ਰਹੇ ਪਰਵਰਦਿਗਾਰਾ, ਸੋ ਬੇਐਬ ਫੇਰੀ ਪਾਇੰਦਾ । ਜਿਸ ਦਾ ਨਾਉਂ ਸਿਫ਼ਤਾਂ ਕਰ ਕਰ ਲਿਖਦੇ ਰਹੇ ਬਣ ਲਿਖਾਰਾ, ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਸ਼ਾਸਤਰ


੬੫੭
੧੨

ਸਿਮਰਤ ਸਿਮਰ ਸਿਮਰ ਸਾਲਾਹਿੰਦਾ । ਸੋ ਸਾਹਿਬ ਸਤਿਗੁਰ ਦੀਨ ਦਿਆਲ ਆਦਿ ਪੁਰਖ ਅੰਤਮ ਕਰਨ ਆਇਆ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਏਕਾ ਨਾਉਂ ਸੋਹੰ ਦੱਸੇ ਸਚ ਜੈਕਾਰਾ, ਬ੍ਰਹਿਮੰਡ ਖੰਡ ਜੈ ਜੈਕਾਰ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਸਹਾਰਾ, ਸਰਬ ਜੀਆਂ ਅੰਦਰ ਡੇਰਾ ਲਾਇੰਦਾ । ਚਰਨ ਛੁਹਾਏ ਜਿਸ ਦਵਾਰਾ, ਸੋ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਦੇਵੇ ਵਰ, ਸ੍ਰਿਸ਼ਟ ਸਬਾਈ ਸਤਿਜੁਗ ਸਾਚਾ ਰਾਹ ਜਣਾਇੰਦਾ ।

✳ ੧੪ ਭਾਦਰੋਂ ੨੦੧੯ ਬਿਕ੍ਰਮੀ ਰਾਮ ਸਿੰਘ ਦੇ ਗ੍ਰਹਿ ਗਵਾਲ ਟੋਲੀ ਫਿਰੋਜ਼ਪੁਰ ਛੌਣੀ ✳

ਆਦਿ ਜੁਗਾਦਿ ਹਰਿ ਕਰਤਾਰਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਆਦਿ ਪੁਰਖ ਬਣ ਵਣਜਾਰਾ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਏਕੰਕਾਰਾ ਖੋਲ੍ਹ ਕਿਵਾੜਾ, ਦਰ ਸਾਚਾ ਇਕ ਵਡਿਆਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਦੀਪਕ ਦੀਆ ਇਕ ਟਿਕਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰਾ, ਸਤਿ ਸਰੂਪੀ ਵੇਖ ਵਖਾਇੰਦਾ । ਸ੍ਰੀ ਭਗਵਾਨ ਪਾਵੇ ਸਾਰਾ, ਨਿਰਗੁਣ ਨਿਰਗੁਣ ਦਇਆ ਕਮਾਇੰਦਾ । ਪਾਰਬ੍ਰਹਮ ਪ੍ਰਭ ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਆਪਣੀ ਕਲ ਵਰਤਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸਾਚਾ ਤਖ਼ਤ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਇਕ ਇਕੱਲਾ ਆਪ ਕਰਾਈਆ । ਨਿਰਗੁਣ ਨਿਰਗੁਣ ਹੋ ਪਰਧਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਆਪਣੀ ਇਛਿਆ ਕਰ ਪਰਵਾਨ, ਆਪ ਆਪਣੀ ਝੋਲੀ ਪਾਈਆ । ਸਾਚਾ ਮੰਦਰ ਇਕ ਮਹਾਨ, ਮਹਾਬਲੀ ਲਏ ਪਰਗਟਾਈਆ । ਸਚਖੰਡ ਦਵਾਰ ਕਰ ਪਰਵਾਨ, ਸਿਰ ਆਪਣਾ ਹੱਥ ਟਿਕਾਈਆ । ਵੇਖੇ ਵਿਗਸੇ ਸ੍ਰੀ ਭਗਵਾਨ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਏਕੰਕਾਰਾ ਰੰਗ ਰੰਗਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਅਬਿਨਾਸ਼ੀ ਕਰਤਾ ਪੜਦਾ ਲਾਹਿੰਦਾ । ਸ੍ਰੀ ਭਗਵਾਨ ਦੇ ਹੁਲਾਰਾ, ਪਾਰਬ੍ਰਹਮ ਪ੍ਰਭ ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰਾ ਸੋਭਾਵੰਤ, ਹਰਿ ਜੂ ਆਪ ਸੁਹਾਈਆ । ਨਿਰਗੁਣ ਨਿਰਾਕਾਰ ਨਿਰਵੈਰ ਬਣਾਏ ਬਣਤ, ਪੁਰਖ ਅਕਾਲ ਵਡੀ ਵਡਿਆਈਆ । ਅਜੂਨੀ ਰਹਿਤ ਮਹਿਮਾ ਜਾਣੇ ਆਪ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸਾਚਾ ਆਸਣ ਲਾਈਆ । ਸਾਚਾ ਆਸਣ ਪੁਰਖ ਅਬਿਨਾਸ਼ਨ, ਇਕ ਇਕੱਲਾ ਆਪੇ ਲਾਇੰਦਾ । ਕਰੇ ਖੇਲ ਸ਼ਾਹੋ ਸ਼ਾਬਾਸ਼ਨ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਸੇਵਕ ਬਣ ਬਣ ਦਾਸੀ ਦਾਸਨ, ਨਿਉਂ ਨਿਉਂ ਸੱਯਦਾ ਸੀਸ ਝੁਕਾਇੰਦਾ । ਆਪੇ ਜਾਣੇ ਖੇਲ ਤਮਾਸ਼ਨ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ ।

੬੫੯ ੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪੇ ਧਾਰ, ਕਰੇ ਖੇਲ ਆਪ ਕਰਤਾਰ, ਆਪਣਾ ਭੇਵ ਆਪ ਜਣਾਇੰਦਾ । ਏਕਾ ਇਛਿਆ ਆਪੇ ਰੱਖ, ਹਰਿ ਕਰਤਾ ਖੇਲ ਕਰਾਇੰਦਾ । ਆਪਣੇ ਅੰਤਰ ਹੋ ਪਰਤੱਖ, ਏਕਾ ਰੂਪ ਧਰਾਇੰਦਾ । ਆਪਣੀ ਬੋਲ ਅਲਖ, ਅਲੱਖ ਅਲੱਖਣਾ ਆਪਣੀ ਅਲੱਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਏਕੰਕਾਰ, ਆਦਿ ਆਦਿ ਜਣਾਈਆ । ਸਚਖੰਡ ਦਵਾਰ ਖੋਲ੍ਹ ਕਿਵਾੜ, ਘਰ ਸਾਚੇ ਸੋਭਾ ਪਾਈਆ । ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਦਇਆ ਕਮਾਈਆ । ਹੁਕਮੀ ਹੁਕਮ ਇਕ ਨਿਰੰਕਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਆਪਣੀ ਇਛਿਆ ਕਰ ਵਿਚਾਰ, ਵਿਚਾਰ ਵਿਚਾਰ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਾਚੇ ਮੰਦਰ ਸੋਭਾ ਪਾਇੰਦਾ । ਨਿਰਗੁਣ ਫੜੇ ਨਿਰਗੁਣ ਪੱਲਾ, ਨਿਰਗੁਣ ਆਪਣਾ ਬੰਧਨ ਆਪ ਰਖਾਇੰਦਾ । ਨਿਰਗੁਣ ਅੰਦਰ ਨਿਰਗੁਣ ਰੱਲਾ, ਰਲ ਮਿਲ ਆਪਣਾ ਰੰਗ ਰੰਗਾਇੰਦਾ । ਨਿਰਗੁਣ ਦੀਪਕ ਨਿਰਗੁਣ ਬੱਲਾ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਸਚਖੰਡ ਵੱਜੇ ਸਚ ਵਧਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਪਰਮ ਪੁਰਖ ਵੇਸ ਵਟਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਮੁਕਾਮੇ ਹੱਕ ਹੋ ਉਜਿਆਰ, ਨੂਰ ਨੁਰਾਨਾ ਨੂਰ ਇਲਾਹੀਆ । ਕਰੇ ਮੇਲਾ ਕੰਤ ਭਤਾਰ, ਗ੍ਰਿਹ ਮੰਦਰ ਸੇਜ ਸੁਹਾਈਆ । ਜਨਨੀ ਜਨ ਬਣ ਏਕੰਕਾਰ, ਆਪਣੀ ਕਲ ਲਏ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਾ ਲਏ ਪਰਗਟਾਈਆ । ਆਪ ਆਪਾ ਕਰਨੇਹਾਰਾ, ਹਰਿ ਕਰਤਾ ਆਪ ਅਖਵਾਇੰਦਾ । ਆਪੇ ਪੁਰਖ ਆਪੇ ਨਾਰਾ, ਨਰ ਨਰਾਇਣ ਖ਼ੁਸ਼ੀ ਮਨਾਇੰਦਾ । ਆਪੇ ਮੰਦਰ ਆਪ ਦਵਾਰਾ, ਗ੍ਰਿਹ ਆਪੇ ਸੋਭਾ ਪਾਇੰਦਾ । ਆਪੇ ਪਿਤਾ ਮਾਤ ਆਪੇ ਜਣੇ ਸੁਤ ਦੁਲਾਰਾ, ਸੱਤ ਆਪਣਾ ਨਾਉਂ ਪਰਗਟਾਇੰਦਾ । ਸਾਚਾ ਨਾਮ ਇਕ ਆਧਾਰਾ, ਅਪਰੰਪਰ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪਣਾ ਅੰਗ ਰਖਾਇੰਦਾ । ਆਪੇ ਨਾਉਂ ਆਪਣਾ ਅੰਗ, ਆਦਿ ਆਦਿ ਬਣਾਈਆ । ਆਪੇ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਪੇ ਜਾਣੇ ਸਚ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦ੍ਰਿੜਾਈਆ । ਸਾਚਾ ਨਾਉਂ ਹਰਿ ਨਿਰੰਕਾਰ, ਨਿਰਗੁਣ ਆਪਣਾ ਆਪ ਜਣਾਇੰਦਾ । ਆਪੇ ਵੇਖੇ ਵੇਖਣਹਾਰ, ਦੂਸਰ ਸੰਗ ਨਾ ਕੋਇ ਰਲਾਇੰਦਾ । ਏਕਾ ਮੰਦਰ ਕਰ ਤਿਆਰ, ਘਰ ਸਾਚੇ ਆਪ ਬਹਾਇੰਦਾ । ਸਚਖੰਡ ਦਵਾਰ ਖੋਲ੍ਹ ਕਿਵਾੜ, ਥਿਰ ਘਰ ਆਪਣਾ ਡੇਰਾ ਲਾਇੰਦਾ । ਪਰਮ ਪੁਰਖ ਪ੍ਰਭ ਪਾਏ ਸਾਰ, ਪਾਰਬ੍ਰਹਮ ਪ੍ਰਭ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਜਾਣੇ ਜਾਨਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਉਪਾਇੰਦਾ । ਸਾਚਾ ਨਾਉਂ ਉਪਮਾ ਯੋਗ, ਹਰਿ ਜੂ ਆਪਣਾ ਆਪ ਜਣਾਈਆ । ਆਪੇ ਕਰ ਕਰ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਆਪੇ ਦੇਵਣਹਾਰਾ ਚੋਗ, ਰਸ ਰਸੀਆ ਰਸ ਚਖਾਈਆ । ਆਪੇ ਰੱਖੇ ਆਪਣੀ ਓਟ, ਸਿਰ ਆਪਣਾ ਹੱਥ ਟਿਕਾਈਆ । ਆਪ ਵਸਾਏ ਸਾਚੇ ਕੋਟ,

ਥਿਰ ਘਰ ਦੇਵੇ ਮਾਣ ਵਡਿਆਈਆ । ਆਪੇ ਰੱਖੇ ਸਦਾ ਅਤੋਟ, ਨਿਖੁਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਦ੍ਰਿੜਾਈਆ । ਏਕਾ ਨਾਮ ਸ੍ਰੀ ਭਗਵਾਨਾ, ਹਰਿ ਜੂ ਹਰਿ ਹਰਿ ਆਪ ਉਪਾਇੰਦਾ । ਏਕਾ ਮੰਦਰ ਇਕ ਮਕਾਨਾ, ਏਕਾ ਗ੍ਰਿਹਿ ਆਪ ਵਸਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦੀ ਨਾਦ ਅਲਾਇੰਦਾ । ਏਕਾ ਖੇਲੇ ਖੇਲ ਮਹਾਨਾ, ਖੇਲਣਹਾਰਾ ਭੇਵ ਛੁਪਾਇੰਦਾ । ਨਰ ਨਿਰੰਕਾਰਾ ਕਰ ਪਰਧਾਨਾ, ਨਿਰਾਕਾਰ ਨਿਰਾਕਾਰ ਨਿਰਾਕਾਰ ਵੇਸ ਵਟਾਇੰਦਾ । ਅਨਭਵ ਪਰਕਾਸ਼ ਖੇਲ ਮਹਾਨਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਹਰਿ ਸਮਝਾਇੰਦਾ । ਏਕਾ ਨਾਉਂ ਆਦਿ ਆਦਿ, ਹਰਿ ਜੂ ਹਰਿ ਹਰਿ ਆਪ ਉਪਾਇਆ । ਏਕਾ ਨਾਉਂ ਜੁਗਾ ਜੁਗਾਦਿ, ਜੁਗ ਜੁਗ ਆਪ ਧਰਾਇਆ । ਏਕਾ ਨਾਉਂ ਸਦਾ ਵਿਸਮਾਦ, ਬਿਸਮਲ ਆਪਣਾ ਰੰਗ ਵਖਾਇਆ । ਏਕਾ ਨਾਉਂ ਦੇਵੇ ਦਾਦ, ਵਸਤ ਅਮੋਲਕ ਆਪ ਵਰਤਾਇਆ । ਏਕਾ ਨਾਉਂ ਕਰਾਏ ਲਾਡ, ਗੋਦੀ ਗੋਦ ਆਪ ਸੁਹਾਇਆ । ਏਕਾ ਨਾਉਂ ਆਪਣੇ ਵਿਚੋਂ ਆਪੇ ਕਾਢ, ਆਪ ਆਪਣੇ ਦਰ ਬਹਾਇਆ । ਏਕਾ ਨਾਉਂ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਰਖਾਇਆ । ਸਾਚਾ ਨਾਉਂ ਏਕਾ ਏਕ, ਆਦਿ ਆਦਿ ਪਰਗਟਾਈਆ । ਸਾਚਾ ਨਾਉਂ ਸਦਾ ਸਦ ਟੇਕ, ਆਦਿ ਅੰਤ ਹੋਏ ਸਹਾਈਆ । ਸਾਚਾ ਨਾਉਂ ਸਦਾ ਬਬੇਕ, ਵਵੇਕੀ ਰੂਪ ਵਖਾਈਆ । ਸਾਚਾ ਨਾਉਂ ਧੁਰ ਦੀ ਮੇਖ, ਪੁਰਖ ਅਬਿਨਾਸ਼ੀ ਆਪੇ ਲਾਈਆ । ਸਾਚਾ ਨਾਉਂ ਰੂਪ ਰੰਗ ਨਾ ਕੋਇ ਰੇਖ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦੇਵੇ ਵਡਿਆਈਆ । ਸਾਚਾ ਨਾਮ ਵਡ ਪਰਧਾਨ, ਸਚ ਪਰਧਾਨਗੀ ਇਕ ਕਮਾਇੰਦਾ । ਸਾਚਾ ਨਾਮ ਇਕ ਗਿਆਨ, ਗੁਰ ਗਿਆਨ ਨਾਮ ਧਰਾਇੰਦਾ । ਸਾਚਾ ਨਾਮ ਏਕਾ ਦਾਨ, ਹਰਿ ਜੂ ਹਰਿ ਹਰਿ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸਾਚਾ ਮੰਤਰ ਨਾਮ ਇਕ, ਏਕੰਕਾਰਾ ਆਪ ਪਰਗਟਾਈਆ । ਬਿਨ ਕਲਮ ਦਵਾਤ ਸ਼ਾਹੀ ਦਏ ਲਿਖ, ਲਿਖਣਹਾਰਾ ਸ਼ਹਿਨਸ਼ਾਹੀਆ । ਆਪਣੀ ਸਿਖਿਆ ਆਪੇ ਸਿਖ, ਸਾਚੀ ਕਰੇ ਪੜ੍ਹਾਈਆ । ਨੇਤਰ ਨੈਣ ਨਾ ਆਏ ਦਿਸ, ਲੋਚਣ ਵੇਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਦੀ ਸਾਚੀ ਬਿਧ ਆਪ ਜਣਾਈਆ । ਸਾਚੀ ਬਿਧ ਕਰਤਾ ਪੁਰਖ, ਹਰਿ ਕਰਨੀ ਆਪ ਕਰਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਚਿਖਾ ਨਾ ਕੋਇ ਜਲਾਇੰਦਾ । ਸਚਖੰਡ ਦਵਾਰੇ ਆਪਣੀ ਕਰ ਕਰ ਆਪੇ ਪਰਖ, ਥਿਰ ਘਰ ਡੇਰਾ ਆਪ ਵਖਾਇੰਦਾ । ਆਦਿ ਜੁਗਾਦਿ ਰਹੇ ਨਿਧੜਕ, ਭੈ ਭੌ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਇੰਦਾ । ਸਾਚਾ ਨਾਉਂ ਸ੍ਰੀ ਭਗਵੰਤ, ਆਦਿ ਆਦਿ ਉਪਾਈਆ । ਥਿਰ ਘਰ ਦਵਾਰ ਬਣਾਏ ਬਣਤ, ਘੜ ਭੰਨਣ ਵੇਖ ਵਖਾਈਆ । ਪੂਤ ਸਪੂਤਾ ਖੇਲੇ ਖੇਲ ਮਹਿਮਾ ਜਾਣੇ ਬੇਅੰਤ, ਬੇਅੰਤ ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਲਏ ਪਰਗਟਾਈਆ । ਏਕਾ ਨਾਮ ਹਰਿ ਵਣਜਾਰਾ, ਸਚ ਸਾਚਾ ਹੱਟ ਚਲਾਇੰਦਾ । ਏਕਾ ਨਾਮ ਵਿਸ਼ਨ ਬ੍ਰਹਮਾ ਸ਼ਿਵ ਭੰਡਾਰਾ, ਵਡ ਭੰਡਾਰੀ ਆਪ ਵਰਤਾਇੰਦਾ । ਏਕਾ ਨਾਮ ਤ੍ਰੈਗੁਣ ਪਸਾਰਾ, ਰਜੋ ਤਮੋ ਸਤੋ ਜੋੜ ਜੋੜਾਇੰਦਾ । ਏਕਾ ਨਾਮ ਪੰਜ ਤਤ ਅਖਾੜਾ, ਅਪ ਤੇਜ ਵਾਏ ਪ੍ਰਿਥਮੀ

ਆਕਾਸ਼ ਗੰਢ ਪਾਇੰਦਾ । ਏਕਾ ਨਾਮ ਲੱਖ ਚੁਰਾਸੀ ਕਰ ਪਸਾਰਾ, ਚਾਰੇ ਖਾਣੀ ਰੰਗ ਰੰਗਾਇੰਦਾ । ਏਕਾ ਨਾਮ ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਏਕਾ ਨਾਮ ਨਿਰਗੁਣ ਸਰਗੁਣ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਰਖਾਇੰਦਾ । ਏਕਾ ਨਾਉਂ ਵਣਜ ਵਪਾਰ, ਹਰਿ ਹਰਿ ਜੂ ਆਪ ਜਣਾਈਆ । ਏਕਾ ਨਾਉਂ ਦੋ ਜਹਾਨਾਂ ਕਰੇ ਖ਼ਬਰਦਾਰ, ਬੇਖ਼ਬਰ ਆਪ ਉਠਾਈਆ । ਏਕਾ ਨਾਉਂ ਸਾਂਝਾ ਯਾਰ, ਆਦਿ ਜੁਗਾਦਿ ਰਿਹਾ ਸਮਾਈਆ । ਏਕਾ ਨਾਉਂ ਸਿਫ਼ਤੀ ਸਿਫ਼ਤ ਤੇ ਵਸੇ ਬਾਹਰ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਏਕਾ ਨਾਉਂ ਦੇਵਣਹਾਰ, ਦਾਤਾ ਦਾਨੀ ਦਇਆ ਕਮਾਈਆ । ਏਕਾ ਨਾਉਂ ਕਰ ਪਸਾਰ, ਘਟ ਘਟ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਰਖਾਈਆ । ਸਾਚਾ ਨਾਉਂ ਇਕ ਵਰਤਾਰਾ, ਮਿਹਰਵਾਨ ਆਪ ਜਣਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਜੁਗ ਜੁਗ ਵੇਖ ਵਖਾਇੰਦਾ । ਗੁਰ ਅਵਤਾਰਾਂ ਦਏ ਸਹਾਰਾ, ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਨੇਤਰ ਨੈਣ ਇਕ ਉਘਾੜਾ, ਅੱਖ ਅੱਖ ਨਾਲ ਮਿਲਾਇੰਦਾ । ਘਰ ਵਿਚ ਘਰ ਪਾਵੇ ਸਾਰਾ, ਮੰਦਰ ਅੰਦਰ ਅੰਦਰ ਮੰਦਰ ਮੇਲ ਮਿਲਾਇੰਦਾ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਇੰਦਾ । ਸਾਚਾ ਨਾਮ ਸ੍ਰੀ ਭਗਵਾਨ, ਆਦਿ ਪੁਰਖ ਪਰਗਟਾਈਆ । ਗੁਰ ਅਵਤਾਰਾਂ ਦੇਵੇ ਦਾਨ, ਦਾਤਾ ਦਾਨੀ ਬੇਪਰਵਾਹੀਆ । ਪੀਰ ਪੈਗ਼ੰਬਰ ਬਾਲ ਅਵਾਣ, ਛੋਟੇ ਬਾਲੇ ਲਏ ਉਠਾਈਆ । ਅਲਫ਼ ਯੇ ਕਰ ਬਿਆਨ, ਸਾਚੀ ਸਿਖਿਆ ਇਕ ਪੜ੍ਹਾਈਆ । ਤਿੰਨ ਪੰਜ ਕਰ ਪਰਧਾਨ, ਪੈਂਤੀਸ ਅੱਖਰ

੬੬੧ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਸਿਫ਼ਤੀ ਨਾਮ ਸਿਫ਼ਤ ਸਾਲਾਹੀਆ । ਦਿਸ ਨਾ ਆਏ ਵਿਚ ਜਹਾਨ, ਨੇਤਰ ੬੬੧

੧੨ ਨਜ਼ਰ ਕੋਇ ਨਾ ਪਾਈਆ । ਅੱਖਰ ਅੱਖਰ ਕਰਨ ਬਿਆਨ, ਜਗਤ ਬਿਆਨਾ ਇਕ ਜਣਾਈਆ । ਰਸਨਾ ਜਿਹਵਾ ਗਾਏ ਗਾਨ, ਬੱਤੀ ਦੰਦ ਨਾਲ ੧੨

ਸਾਲਾਹੀਆ । ਮਨ ਮਤ ਬੁਧ ਕਰੇ ਵਖਿਆਨ, ਵਿਅਕਤੀ ਬਣਨ ਕੋਇ ਨਾ ਪਾਈਆ । ਕਰੇ ਖੇਲ ਸ੍ਰੀ ਭਗਵਾਨ, ਸਾਚਾ ਨਾਮ ਇਕ ਰਖਾਈਆ । ਜਿਸ ਦਾ ਲੱਭ ਲੱਭ ਥੱਕੇ ਸਰਬ ਨਿਸ਼ਾਨ, ਨਿਸ਼ਾਨਾ ਹੱਥ ਕਿਸੇ ਨਾ ਆਈਆ । ਕੋਟਨ ਕੋਟ ਕਰ ਕੇ ਗਏ ਧਿਆਨ, ਧਿਆਨ ਧਿਆਨ ਨਾ ਕੋਇ ਮਿਲਾਈਆ । ਕੋਟਨ ਕੋਟ ਹੋਏ ਹੈਰਾਨ, ਹਰਿ ਕਾ ਨਾਉਂ ਹੱਥ ਨਾ ਕੋਇ ਫੜਾਈਆ । ਸਿਫ਼ਤੀ ਸਿਫ਼ਤ ਕਰਨ ਬਿਆਨ, ਬੇਵਾ ਰੂਪ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਸਮਝਾਈਆ । ਏਕਾ ਨਾਮ ਪੁਰਖ ਅਕਾਲਾ, ਅਕਲ ਕਲਾ ਕਲ ਆਪ ਜਣਾਇੰਦਾ । ਏਕਾ ਨਾਮ ਦੀਨ ਦਿਆਲਾ, ਦੀਨਨ ਆਪਣੇ ਰੰਗ ਰੰਗਾਇੰਦਾ । ਏਕਾ ਨਾਮ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਸੇਵ ਕਮਾਇੰਦਾ । ਏਕਾ ਨਾਮ ਵਸੇ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਆਪਣਾ ਡੇਰਾ ਲਾਇੰਦਾ । ਏਕਾ ਨਾਮ ਲਹਿਣਾ ਦੇਣਾ ਚੁਕਾਏ ਕਾਲ ਮਹਾਕਾਲਾ, ਮਹਾਕਾਲ ਆਪਣਾ ਭੈ ਵਖਾਇੰਦਾ । ਏਕਾ ਨਾਮ ਆਦਿ ਜੁਗਾਦਿ ਵੇਖਣਹਾਰਾ ਤ੍ਰੈਗੁਣ ਮਾਇਆ ਜਗਤ ਜੰਜਾਲਾ, ਜਾਗਰਤ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਿਫ਼ਤ ਸਿਫ਼ਤ ਸਾਲਾਹ, ਨਿਰਗੁਣ ਸਰਗੁਣ ਬਣ ਮਲਾਹ, ਗੁਰ ਅਵਤਾਰ ਲਏ ਪੜ੍ਹਾ, ਪੀਰ ਪੈਗ਼ੰਬਰ ਆਪ ਉਠਾ, ਸਾਚਾ ਮਾਰਗ ਇਕ ਜਣਾਇੰਦਾ । ਹਰਿ ਕਾ ਨਾਮ ਨਾ ਕੋਇ ਅਲਫ਼, ਆਰਫ਼ ਕਰੇ ਨਾ ਕੋਇ ਪੜ੍ਹਾਈਆ । ਹਰਿ ਕਾ

ਨਾਮ ਦਿਸੇ ਨਾ ਕਿਸੇ ਤਰਫ਼, ਵੰਡਣ ਵੰਡ ਵਿਚ ਨਾ ਆਈਆ । ਹਰਿ ਕਾ ਨਾਮ ਕੋਈ ਨਾ ਸਕੇ ਪਰਖ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਹਰਿ ਕਾ ਨਾਮ ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨ ਅਧਵਿਚਕਾਰ ਨਾ ਜਾਏ ਅਟਕ, ਰਾਹ ਵਿਚ ਨਾ ਕੋਇ ਅਟਕਾਈਆ । ਹਰਿ ਕਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਸਮਝਾਈਆ । ਹਰਿ ਕਾ ਨਾਉਂ ਇਕੋ ਅਲਫ਼, ਅਲਫ਼ੀ ਤਨ ਨਾ ਕੋਇ ਰਖਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਜੁਗ ਜੁਗ ਆਵੇ ਜਾਵੇ ਪਰਤ, ਪਰਤੀਨਿਧ ਆਪ ਅਖਵਾਇੰਦਾ । ਸਰਗੁਣ ਦੇਵੇ ਵਡਿਆਈ ਉਪਰ ਧਰਤ, ਧਰਨੀ ਧਵਲ ਸੁਹਾਇੰਦਾ । ਪੀਰ ਪੈਗ਼ੰਬਰਾਂ ਲਾਵੇ ਕਿਰਤ, ਕਰਨੀ ਆਪਣੀ ਕਿਰਤ ਜਣਾਇੰਦਾ । ਕਰ ਕਿਰਪਾ ਸਭ ਦੀ ਮੇਟੇ ਆਪੇ ਹਿਰਸ, ਹਵਸ ਆਪਣੀ ਨਾਲ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਇੰਦਾ । ਸਾਚਾ ਨਾਮ ਵਡ ਬਲਵਾਨ, ਹਰਿ ਜੂ ਹਰਿ ਹਰਿ ਆਪ ਉਪਾਈਆ । ਸਾਚਾ ਨਾਮ ਜੁਗੋ ਜੁਗ ਗਾਨ, ਗਾਇਤਰੀ ਮੰਤਰ ਕਰੇ ਪੜ੍ਹਾਈਆ । ਸਾਚਾ ਨਾਮ ਸ੍ਰੀ ਸ੍ਰੀਰਾਮ, ਰਾਮ ਰਮੱਯਾ ਵੇਖ ਵਖਾਈਆ । ਸਾਚਾ ਨਾਮ ਸਾਚਾ ਕਾਹਨ, ਏਕਾ ਬੰਸਰੀ ਨਾਮ ਸੁਣਾਈਆ । ਸਾਚਾ ਨਾਮ ਘਨੱਯਾ ਸ਼ਾਮ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਈਆ । ਸਾਚਾ ਨਾਮ ਦਏ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਸਾਚਾ ਨਾਮ ਇਕ ਇਸਲਾਮ, ਇਸਮ ਆਜ਼ਮ ਦਏ ਜਣਾਈਆ । ਸਾਚਾ ਨਾਮ ਏਕਾ ਏਕ ਕਰੇ ਇੰਤਜਾਮ, ਦੋ ਜਹਾਨਾਂ ਵੇਖ ਵਖਾਈਆ । ਸਾਚਾ ਨਾਮ ਆਦਿ ਜੁਗਾਦਿ, ਜੁਗ ਜੁਗ ਲੱਖ ਚੁਰਾਸੀ ਕਰੇ ਗ਼ੁਲਾਮ, ਆਪਣਾ ਬੰਧਨ ਆਪੇ ਪਾਈਆ । ਸਾਚਾ ਨਾਮ ਏਕਾ ਮਾਰੇ ਨਿਰਾਲਾ ਬਾਣ, ਅਣਿਆਲਾ ਤੀਰ ਆਪ ਚਲਾਈਆ । ਸਾਚਾ ਨਾਮ ਕੋਇ ਨਾ ਸਕੇ ਪਹਿਚਾਨ, ਪਹਿਚਾਨ ਵਿਚ ਕਿਸੇ ਨਾ ਆਈਆ । ਜਿਸ ਜਨ ਕਰ ਕਿਰਪਾ ਦੇਵੇ ਦਾਨ, ਤਿਸ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਦਾ ਸਦਾ ਛੁਪਾਈਆ । ਸਾਚਾ ਨਾਮ ਛੁਪੇ ਸਚਖੰਡ, ਥਿਰ ਘਰ ਆਪਣਾ ਮੁਖ ਛੁਪਾਈਆ । ਜੁਗਾ ਜੁਗੰਤਰ ਹਰਿ ਜੂ ਵੰਡ, ਅੱਖਰੀ ਨਾਮ ਵਡਿਆਈਆ । ਅੱਖਰ ਅੱਖਰ ਦੇ ਦੇ ਗੰਢ, ਗੰਢਣ ਆਪ ਗੰਢਾਈਆ । ਆਦਿ ਜੁਗਾਦਿ ਕਦੇ ਨਾ ਹੋਏ ਖੰਡ, ਖੰਡਾ ਏਕਾ ਹੱਥ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕੋਟਨ ਰਹੇ ਮੰਗ, ਚਰਨ ਸਰਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਮੰਗਣ ਸਾਚੀ ਮੰਗ, ਅਨੰਦ ਅਨੰਦ ਅਨੰਦ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਆਪਣੇ ਹੱਥ ਰਖਾਈਆ । ਸਾਚਾ ਮੰਤਰ ਆਦਿ ਨਮੋ ਸਤਿ, ਸਤਿ ਸਤਿਵਾਦੀ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਤ, ਬ੍ਰਹਮ ਵਿਦਿਆ ਇਕ ਜਣਾਇੰਦਾ । ਲੇਖਾ ਜਾਣ ਪੰਜ ਤਤ, ਤਤਵ ਤਤ ਅੱਗ ਬੁਝਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਰੱਤ ਛੁਪਾਇੰਦਾ । ਪੁਰਖ ਅਕਾਲ ਦੀਨ ਦਿਆਲ ਇਕ ਇਕੱਲਾ ਕਰ ਕਿਰਪਾ ਬੀਜੇ ਨਾਮ ਵਤ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਲੱਖ ਚੁਰਾਸੀ ਸੱਥਰ ਬੈਠੀ ਘਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਸਤਿਗੁਰ ਧਾਰ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਸਾਚਾ ਨਾਮ ਖੇਲ ਅਪਾਰ, ਅਪਰੰਪਰ ਕਰੇ ਬੇਪਰਵਾਹੀਆ । ਸਾਚਾ ਨਾਮ ਰਹੇ ਸਦਾ ਜੁਗ ਚਾਰ, ਜੁਗ ਚੌਕੜੀ ਵੇਸ ਵਟਾਈਆ । ਸਾਚਾ ਨਾਮ ਲੱਖ ਚੁਰਾਸੀ ਦਏ ਭੰਡਾਰ,

ਵਡ ਭੰਡਾਰੀ ਆਪ ਵਰਤਾਈਆ । ਸਾਚਾ ਨਾਮ ਸਤਿਜੁਗ ਤ੍ਰੇਤਾ ਦਵਾਪਰ ਕਰੇ ਪਾਰ, ਕਲਜੁਗ ਵੇਖੇ ਚਾਈਂ ਚਾਈਂਆ । ਸਾਚਾ ਨਾਮ ਨੌਂ ਸੌ ਚੁਰਾਨਵੇ ਚੌਕੜੀ ਗੇੜਾ ਦਏ ਨਿਵਾਰ, ਗੇੜਾ ਗੇੜੇ ਵਿਚ ਰਖਾਈਆ । ਸਾਚਾ ਨਾਮ ਤੇਈ ਅਵਤਾਰਾਂ ਲਹਿਣਾ ਦੇਣਾ ਦਏ ਨਵਾਰ, ਲੇਖਾ ਲੇਖੇ ਵਿਚ ਪਾਈਆ । ਸਾਚਾ ਨਾਮ ਵੇਖਣਹਾਰਾ ਭਗਤ ਦਵਾਰ, ਭਗਤ ਅਠਾਰਾਂ ਲਏ ਜਗਾਈਆ । ਸਾਚਾ ਨਾਮ ਖੋਲਣਹਾਰ ਕਿਵਾੜ, ਈਸਾ ਮੂਸਾ ਪੜਦਾ ਦਏ ਚੁਕਾਈਆ । ਸਾਚਾ ਨਾਮ ਸਾਚਾ ਯਾਰ, ਯਾਰੀ ਮੁਹੰਮਦ ਨਾਲ ਨਿਭਾਈਆ । ਸਾਚਾ ਨਾਮ ਵਸੇ ਸਚਖੰਡ ਸੱਚੇ ਦਰਬਾਰ, ਨਿਰਗੁਣ ਸਰਗੁਣ ਲਏ ਪਰਗਟਾਈਆ । ਕਿਰਪਾ ਕਰ ਆਪ ਕਰਤਾਰ, ਨਾਨਕ ਨਿਰਗੁਣ ਲਏ ਮਿਲਾਈਆ । ਸਰਗੁਣ ਚੋਲਾ ਵਿਚ ਸੰਸਾਰ, ਪਰਦਾ ਉਹਲਾ ਦਏ ਮਿਟਾਈਆ । ਏਕਾ ਢੋਲਾ ਬੋਲ ਜੈਕਾਰ, ਸਾਚਾ ਸੋਹਲਾ ਆਪ ਸੁਣਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਪਿਆਰ, ਦੂਜਾ ਬੰਧਨ ਨਾ ਕੋਇ ਰਖਾਈਆ । ਪਿਤਾ ਪੂਤ ਇਕ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਉਪਾਈਆ । ਸਾਚਾ ਨਾਉਂ ਆਦਿ ਜੁਗਾਦੀ ਅਪਰ ਅਪਾਰਾ, ਅਪਰੰਪਰ ਧਾਰ ਜਣਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰ ਪਸਾਰਾ, ਨਿਰਾਧਾਰ ਨਿਰਵੈਰ ਪੁਰਖ ਅਜੂਨੀ ਰਹਿਤ ਅਕਲ ਕਲ ਧਾਰੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਵਣਜ ਆਪ ਕਰਾਇੰਦਾ । ਸਾਚਾ ਵਣਜ ਸਤਿ ਨਾਮ, ਹਰਿ ਨਾਮੇ ਕਰੇ ਪੜ੍ਹਾਈਆ । ਸਾਚਾ ਵਣਜ ਧੁਰ ਕਲਾਮ, ਕਲਮਾ ਨਬੀ ਆਪ ਜਣਾਈਆ । ਸਾਚਾ ਵਣਜ ਇਕ ਪੈਗ਼ਾਮ, ਪਰਮ ਪੁਰਖ ਦਏ ਵਡਿਆਈਆ । ਸਾਚਾ ਵਣਜ ਸਾਚਾ ਕਾਮ, ਕਰਨੀ ਕਰਤਾ ਆਪ ਸਮਝਾਈਆ । ਸਾਚਾ ਵਣਜ ਚਾਰ ਵਰਨਾਂ ਦੇਵੇ ਦਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਨਾਮ ਵਸਤ ਅਮੋਲਕ, ਅਮੁੱਲੜੀ ਦਾਤ ਹਰਿ ਵਰਤਾਇਆ । ਨਾਨਕ ਨਿਰਗੁਣ ਭਰੀ ਗੋਲਕ, ਸਚ ਖ਼ਜ਼ਾਨਾ ਹੱਥ ਫੜਾਇਆ । ਕਲਜੁਗ ਪੰਜ ਤਤ ਕਾਇਆ ਵੇਖੇ ਢੋਲਕ, ਘਰ ਮੰਦਰ ਰਾਗ ਅਲਾਇਆ । ਹਰਿ ਕਾ ਨਾਉਂ ਸਦਾ ਅਣਬੋਲਤ, ਅਣਡਿਠੜਾ ਰਾਗ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਦੇਵੇ ਸੱਦਾ ਹਰਿ ਜੂ ਨਾਨਕ ਨਿਰਗੁਣ ਕਰੇ ਪੜ੍ਹਾਈਆ । ਹੁਕਮੇ ਅੰਦਰ ਸਭ ਕੋਈ ਬੱਧਾ, ਹੁਕਮੇ ਅੰਦਰ ਸਰਬ ਲੋਕਾਈਆ । ਹੁਕਮੇ ਅੰਦਰ ਸਤਿਗੁਰ ਨਾਨਕ ਇਕੋ ਲੱਧਾ, ਘਰ ਸਾਚੇ ਖ਼ੁਸ਼ੀ ਮਨਾਈਆ । ਗ੍ਰਿਹਿ ਅੰਮ੍ਰਿਤ ਵੇਖੇ ਜਾਮ ਮਦਾ, ਭਰ ਪਿਆਲਾ ਸਾਕੀ ਹੱਥ ਫੜਾਈਆ । ਸਰਗੁਣ ਦਵਾਰੇ ਨਿਰਗੁਣ ਫਿਰੇ ਨੱਠਾ, ਬਣ ਬਣ ਪਾਂਧੀ ਰਾਹੀਆ । ਭਾਗ ਲਗਾਏ ਤਤ ਅੱਠਾ, ਮਨ ਮਤ ਬੁਧ ਨਾ ਚਲੇ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਕਹੇ ਸਤਿਗੁਰ ਮੇਰਾ, ਪੁਰਖ ਅਕਾਲ ਵਡੀ ਵਡਿਆਈਆ । ਕਰ ਕਿਰਪਾ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਕੋੜੀ ਕਮਲੀ ਚੁਕਿਆ ਝੇੜਾ, ਗੇੜਾ ਹੋਰ ਨਾ ਕੋਇ ਵਖਾਈਆ । ਸੁਲਤਾਨ ਸਾਹਿਬ ਬੰਨੇ ਬੇੜਾ, ਆਪਣੇ ਕੰਧ ਉਠਾਈਆ । ਦੋ ਜਹਾਨ ਬ੍ਰਹਿਮੰਡ ਖੰਡ ਖੁਲ੍ਹਾ ਵਖਾਏ ਵੇਹੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਲਏ ਵਰਤਾਈਆ । ਨਾਨਕ ਨਾਮ ਮਿਲਿਆ ਸਤਿ, ਸਤਿ ਸਤਿਵਾਦੀ ਆਪ ਵਰਤਾਇੰਦਾ । ਨਾਨਕ ਨਾਮ ਮਿਲਿਆ ਰਥ, ਜੀਵਾਂ ਜੰਤਾਂ ਆਪ ਚੜ੍ਹਾਇੰਦਾ । ਨਾਨਕ ਨਾਮ ਮਿਲਿਆ

੬੬੩
੧੨

ਅਕੱਥ, ਕਥਨੀ ਕਥ ਨਾ ਕੋਇ ਗਾਇੰਦਾ । ਨਾਨਕ ਨਾਮ ਮਿਲਿਆ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਨਾਨਕ ਨਾਮ ਦਿਤਾ ਦੱਸ, ਦਹਿ ਦਿਸ਼ਾ ਪਰਦਾ ਲਾਹਿੰਦਾ । ਨਾਨਕ ਨਾਮ ਹੋਇਆ ਵਸ, ਵਸ ਆਪਣਾ ਆਪ ਕਰਾਇੰਦਾ । ਨਾਨਕ ਨਾਮ ਗਾਏ ਜਸ, ਜਸ ਨਾਮ ਨਾਨਕ ਨਾਨਕ ਗਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਰੂਪ ਵਟਾਇੰਦਾ । ਕੋਟਨ ਕੋਟ ਤ੍ਰਿਲੋਕੀ ਚਰਨਾਂ ਹੇਠਾਂ ਮਥ, ਨਾਮ ਮਧਾਨਾ ਇਕ ਜਣਾਇੰਦਾ । ਅੱਖਰ ਅੱਖਰ ਹੋਇਆ ਵੱਖ, ਵੱਖਰ ਵੱਖਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਉਪਜਾਇੰਦਾ । ਸਾਚੀ ਸਿਖਿਆ ਸ੍ਰੀ ਭਗਵਾਨਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਸਤਿਗੁਰ ਸੂਰਾ ਕਰ ਬਲਵਾਨਾ, ਬਲ ਆਪਣਾ ਦਏ ਵਡਿਆਈਆ । ਲੋਕਮਾਤ ਦਾ ਰਾਜ ਰਾਜਾਨਾ, ਰਾਜ ਜੋਗ ਦਏ ਸਮਝਾਈਆ । ਕਾਇਆ ਮੰਦਰ ਸਚ ਮਕਾਨਾ, ਸਾਢੇ ਤਿੰਨ ਹੱਥ ਬਣਤ ਬਣਾਈਆ । ਘਰ ਵਿਚ ਘਰ ਸੋਹੇ ਮਹਾਨਾ, ਗ੍ਰਿਹਿ ਗ੍ਰਿਹਿ ਨਾਲ ਮਿਲਾਈਆ । ਦੀਪਕ ਦੀਆ ਇਕ ਟਿਕਾਨਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਬੰਦ ਕਿਵਾੜੀ ਇਕ ਵਖਾਨਾ, ਬਜਰ ਕਪਾਟੀ ਕੁੰਡਾ ਲਾਹੀਆ । ਸਰ ਸਰੋਵਰ ਅੰਮ੍ਰਿਤ ਰਸ ਮਹਾਨਾ, ਨਿਝਰ ਝਿਰਨਾ ਰਿਹਾ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਪਰਗਟਾਈਆ । ਸਾਚਾ ਨਾਉਂ ਸਤਿਗੁਰ ਪੂਰਾ, ਹਰਿ ਨਾਨਕ ਆਪ ਦ੍ਰਿੜਾਇੰਦਾ । ਆਦਿ ਜੁਗਾਦਿ ਸਦਾ ਹਜ਼ੂਰਾ, ਵਿਛੜ ਕਦੇ ਨਾ ਜਾਇੰਦਾ । ਅਗਿਆਨ ਅੰਧੇਰ ਮਿਟਾ ਦੇਵੇ ਨੂਰਾ, ਨੂਰੋ ਨੂਰ ਜੋਤ ਜਗਾਇੰਦਾ । ਨਾਤਾ ਤੋੜੇ ਕੂੜੋ ਕੂੜਾ, ਕੂੜੀ ਕਿਰਿਆ ਆਪ ਖਪਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਸੋ ਨਾਮ ਨਾਨਕ ਆਪ ਵਡਿਆਇੰਦਾ । ਆਦਿ ਜੁਗਾਦੀ ਹੋਏ ਪੂਰਾ, ਪੂਰੀ



ਇਛਿਆ ਆਪ ਕਰਾਇੰਦਾ । ਸਰਬ ਕਲ ਸਦ ਭਰਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਸਲਾਹਿੰਦਾ । ਸਾਚਾ ਨਾਮ ਸਤਿਗੁਰ ਪਿਆਰ, ਗੁਰ ਸ਼ਬਦ ਵਡੀ ਵਡਿਆਈਆ । ਨਾਨਕ ਕੂਕੇ ਕੂਕ ਪੁਕਾਰ, ਬੋਲ ਬੋਲ ਸੁਣਾਈਆ । ਬੋਵੇ ਬੋਵੇ ਬੋਵੇ ਜੀਵ ਗੁਆਰ, ਵੇਲਾ ਗਿਆ ਹੱਥ ਨਾ ਆਈਆ । ਨੇਤਰ ਰੋਵੇ ਜ਼ਾਰੋ ਜ਼ਾਰ, ਅੰਤਰ ਰੋ ਰੋ ਦਿਓ ਦੁਹਾਈਆ । ਪ੍ਰਭ ਮਿਲਣ ਦੀ ਇਕੋ ਵਾਰ, ਮਾਣਸ ਮਿਲੀ ਜਗਤ ਵਡਿਆਈਆ । ਨੇਤਰ ਖੋਲ੍ਹੋ ਬੰਦ ਕਿਵਾੜ, ਘਰ ਮਿਲੇ ਸੱਚਾ ਮਾਹੀਆ । ਨਾਤਾ ਤੋੜੇ ਪੰਚਮ ਧਾੜ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਆਸਾ ਤ੍ਰਿਸਨਾ ਦੇਵੇ ਮਾਰ, ਹਉਮੇ ਹੰਗਤਾ ਦਏ ਖਪਾਈਆ । ਮਨਮਤ ਦੇਵੇ ਮਾਰ, ਗੁਰਮਤ ਕਰੇ ਪੜ੍ਹਾਈਆ । ਸੁਰਤੀ ਸ਼ਬਦ ਇਕ ਪਿਆਰ, ਪਿਆਰ ਪਿਆਰ ਨਾਲ ਮਿਲਾਈਆ । ਨਜ਼ਰੀ ਆਏ ਸਾਂਝਾ ਯਾਰ, ਘਰ ਸਾਚੀ ਸੇਜ ਹੰਢਾਈਆ । ਸਾਚਾ ਫਲ ਲੱਗੇ ਵਿਚ ਸੰਸਾਰ, ਅੰਮ੍ਰਿਤ ਰਸ ਇਕ ਖ਼ੁਆਈਆ । ਨਾਨਕ ਅੰਦਰ ਬੀਜਿਆ ਆਪ ਕਰਤਾਰ, ਨਾਨਕ ਗੁਰਮੁਖਾਂ ਅੰਦਰ ਬਿਜਾਈਆ । ਇਕ ਦੂਜੇ ਦੀ ਬਣੇ ਨਾਰੀ ਕੰਤ ਭਤਾਰ, ਬਣ ਨਾਰੀ ਸੇਵ ਕਮਾਈਆ । ਸਤਿਗੁਰ ਚਰਨ ਧੂੜੀ ਮੰਗੋ ਛਾਰ, ਮਸਤਕ ਟਿੱਕਾ ਖ਼ਾਕ ਲਗਾਈਆ । ਪੱਤ ਡਾਲ੍ਹੀ ਮੌਲੇ ਖਿੜੇ ਸੱਚੀ ਗੁਲਜਾਰ, ਗੁਲਸ਼ਨ ਵੇਖੇ ਹਰਿ ਰਘੁਰਾਈਆ । ਮਹਿਕ ਮਹਿਕ ਮਹਿਕ ਆਵੇ ਅੰਦਰ ਬਾਹਰ, ਜਿਸ ਨਾਨਕ ਮਿਲ ਮਿਲ ਹਰਿ ਕਾ ਨਾਮ ਸਿੰਚ ਕਿਆਰੀ ਆਪਣਾ ਹੱਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੀਜ ਇਕ ਦ੍ਰਿੜਾਈਆ । ਸਾਚਾ ਬੀਜ ਬਿਨ ਬੀਜੇ ਬੀਜਾ, ਕਰ ਕਿਰਪਾ ਹਰਿ ਰਘੁਰਾਈਆ । ਭੇਵ ਚੁਕਾਏ ਏਕਾ ਦੂਜਾ, ਦੋਏ ਦੋਏ ਰੂਪ ਰਹਿਣ ਨਾ ਪਾਈਆ । ਨੇਤਰ ਖੋਲ੍ਹੇ

ਨਿਜ ਘਰ ਤੀਜਾ, ਨੈਣ ਨੈਣ ਨਾਲ ਮਿਲਾਈਆ । ਚੌਥੇ ਘਰ ਆਪ ਪਤੀਜਾ, ਚਾਰੋਂ ਕੁੰਟ ਵੱਜੇ ਵਧਾਈਆ । ਪੰਚਮ ਕਰੇ ਸਾਚੀ ਰੀਝਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਛੇਵੇਂ ਘਰ ਪਾਰ ਕਰਾਏ ਦਲੀਜਾ, ਅਧਵਿਚਕਾਰ ਨਾ ਕੋਇ ਅਟਕਾਈਆ । ਸਤਿ ਸਤਿਵਾਦੀ ਠਾਂਡਾ ਸੀਤਾ, ਸਤਿਗੁਰ ਸੱਚਾ ਇਕੋ ਮਾਹੀਆ । ਅੱਠਾਂ ਤਤਾਂ ਕਰੇ ਪਤਿਤ ਪੁਨੀਤਾ, ਪਤਿਤ ਪਾਪੀ ਲਏ ਤਰਾਈਆ । ਨੌਂ ਦੁਆਰੇ ਕਰੇ ਖਾਲੀ ਖੀਸਾ, ਕੂੜੀ ਕਿਰਿਆ ਦਏ ਮਿਟਾਈਆ । ਦਸਮ ਦਵਾਰੀ ਗੁਰਮੁਖ ਤੇਰਾ ਬੀਜ ਬੀਜਾ, ਕਰ ਕਿਰਪਾ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਬੁਝਾਈਆ । ਬੀਜੋ ਨਾਮ ਸਤਿਗੁਰ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਕਲਜੁਗ ਕੂੜੀ ਚੁੱਕੇ ਰੀਤ, ਸਾਚਾ ਰਾਹ ਆਪ ਵਖਾਇੰਦਾ । ਕਾਇਆ ਅੰਦਰ ਮੰਦਰ ਮਸੀਤ, ਗੁਰੂਦਵਾਰ ਆਪ ਜਣਾਇੰਦਾ । ਵੇਖੋ ਸਾਹਿਬ ਇਕ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਜਿਸ ਦੇ ਛੱਤੀ ਰਾਗ ਗੌਂਦਾ ਗੀਤ, ਸੋ ਸਤਿਗੁਰ ਅੰਦਰ ਨਜ਼ਰੀ ਆਇੰਦਾ । ਸਦ ਬੈਠਾ ਰਹੇ ਅਤੀਤ, ਤ੍ਰੈਗੁਣ ਪੰਧ ਨਾ ਕੋਇ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜਨ ਹਰਿ ਆਪ ਸਮਝਾਇੰਦਾ । ਹਰਿਜਨ ਉਠ ਵੇਖ ਜਾਗ, ਗੁਰ ਗੁਰ ਜਾਗ ਜਗਾਈਆ । ਤ੍ਰੈਗੁਣ ਮਾਇਆ ਲੱਗਾ ਦਾਗ਼, ਕਲਜੁਗ ਰੂਪ ਵਟਾਈਆ । ਅਗਨ ਨਾ ਬੁਝੇ ਤਤੀ ਆਗ, ਤ੍ਰਿਸ਼ਨਾ ਭੁੱਖ ਨਾ ਕੋਇ ਗਵਾਈਆ । ਮਾਇਆ ਬੰਧਨ ਝੂਠਾ ਸਾਕ, ਮੋਹ ਮੁਹੱਬਤ ਦਏ ਦੁਹਾਈਆ । ਪਰਵਰਦਿਗਾਰ ਨਾ ਮਿਲਿਆ ਪਾਕੀ ਪਾਕ, ਮਾਟੀ ਖ਼ਾਕ ਨਾ ਲੇਖੇ ਲਾਈਆ । ਉਤਮ ਹੋਏ ਨਾ ਜਗਤ ਜ਼ਾਤ, ਜੁਗਤ ਜਾਣੇ ਨਾ ਕੋਇ ਵਡਿਆਈਆ । ਜਿਸ ਜਨ ਸਤਿਗੁਰ ਪੂਰਾ ਦੇਵੇ ਆਪਣੀ ਦਾਤ, ਸੋ ਨਾਮ ਬੀਜੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲ ਰਿਹਾ ਜਣਾਈਆ । ਕਲ ਆਇਓ ਰੇ ਆਇਓ ਕਲ, ਕਲ ਕਾਤੀ ਖੇਲ ਕਰਾਇੰਦਾ । ਚੌਥਾ ਯੁਗ ਰਿਹਾ ਛਲ, ਚਾਰੇ ਵਰਨ ਵਰਨ ਡਰਾਇੰਦਾ । ਧਰਮ ਅਧਰਮ ਰਿਹਾ ਲੜ, ਸਤਿ ਅਸਤਿ ਨਾ ਕੋਇ ਵਖਾਇੰਦਾ । ਨਾਤਾ ਤੁਟਾ ਨਾਰੀ ਨਰ, ਵਿਭਚਾਰ ਰੂਪ ਨਜ਼ਰੀ ਆਇੰਦਾ । ਸਿੰਮਲ ਰੁੱਖ ਖ਼ਾਲੀ ਪੱਤ ਡਾਲ੍ਹੀ ਰਿਹਾ ਝੜ, ਮਾਨੁਖ ਬਿਨ ਹਰਿ ਨਾਮੇ ਕੰਮ ਕਿਸੇ ਨਾ ਆਇੰਦਾ । ਸਤਿਗੁਰ ਕਾ ਸ਼ਬਦ ਲੈਣਾ ਪੜ੍ਹ, ਗੁਰ ਸਤਿਗੁਰ ਆਪ ਸਮਝਾਇੰਦਾ । ਦੀਨ ਦਿਆਲ ਠਾਕਰ ਸਵਾਮੀ ਡੂੰਘੀ ਕੰਦਰ ਕਾਇਆ ਮੰਦਰ ਜਾਏ ਚੜ੍ਹ, ਸਚ ਸਿੰਘਾਸਣ ਡੇਰਾ ਲਾਇੰਦਾ । ਆਪਣੀ ਹੱਥੀਂ ਫੜ ਫੜ ਲਾਵੇ ਜੜ, ਗੁਰਮੁਖ ਬੂਟਾ ਬੂਟਾ ਆਪ ਮਹਿਕਾਇੰਦਾ । ਜੋ ਨਾਮ ਸਤਿਗੁਰ ਜੁਗ ਜੁਗ ਦੇਵੇ ਮਾਤ ਧਰ, ਸੋ ਨਾਮ ਫਲ ਲਗਾਇੰਦਾ । ਸਾਚੇ ਨਾਮ ਦੀ ਮਾਰੇ ਛਲ, ਹਰਿਜਨ ਸਾਚੇ ਆਪ ਤਰਾਇੰਦਾ । ਖਾਣੀ ਬਾਣੀ ਅੰਜੀਲ ਕੁਰਾਨ ਵੇਦ ਪੁਰਾਨ ਸ਼ਾਸਤਰ ਸਿਮਰਤ ਕਲਮ ਸ਼ਾਹੀ, ਬੇਪਰਵਾਹੀ ਆਪਣੀ ਸੇਵ ਲਗਾਇੰਦਾ । ਬੋਵੇ ਬੋਵੇ ਬੀਜ ਜਨ ਭਾਈ, ਭਾਉ ਭੈ ਇਕ ਰਖਾਈਆ । ਕਲਜੁਗ ਅੰਤ ਦਏ ਦੁਹਾਈ, ਚਾਰੋਂ ਕੁੰਟ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਨੈਣ ਰਿਹਾ ਸ਼ਰਮਾਈ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਬਿਨ ਭਗਤਾਂ ਮਿਲੇ ਨਾ ਕਿਸੇ ਗੋਸਾਈਂ, ਘਰ ਆਏ ਨਾ ਫੇਰਾ ਪਾਈਆ । ਏਕਾ ਨਾਮ ਵਸੇ ਹਰ ਘਟ ਥਾਈਂ, ਘਟ ਘਟ ਰਿਹਾ ਸਮਾਈਆ । ਏਕਾ ਨਾਉਂ ਸਤਿਗੁਰ ਦੇਵੇ ਚਾਈਂ ਚਾਈਂ, ਗੁਰਮੁਖਾਂ ਮੇਲ ਮਿਲਾਈਆ । ਏਕਾ ਨਾਉਂ ਉਠਾਏ ਫੜ ਫੜ ਬਾਂਹੀਂ, ਏਕਾ ਗੂੜ੍ਹੀ ਨੀਂਦ ਸੁਵਾਈਆ । ਏਕਾ ਨਾਉਂ ਮੇਟੇ ਦੁਰਮਤ ਲੱਗੀ ਸ਼ਾਹੀ, ਏਕਾ ਨਾਉਂ ਡੂੰਘੀ ਭਵਰੀ ਦਏ ਸੁਟਾਈਆ । ਸਾਹਿਬ ਸਤਿਗੁਰ ਦਾ

ਸੱਚਾ ਨਾਉਂ, ਬੀਜ ਮਾਤਰ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਾਗ਼ਜ਼, ਕਲਮ ਨਾਲ ਲਿਖ ਲਿਖ ਗਏ ਪਾਤਰ ਪੱਟੀ ਜਗਤ ਜੁਗਤ ਪੜ੍ਹਾਈਆ । ਕਿਸੇ ਹੱਥ ਨਾ ਆਇਆ ਵੇਦ ਸ਼ਾਸਤਰ, ਸ਼ਰਅ ਰਹੀ ਕੁਰਲਾਈਆ । ਸਿਫ਼ਤੀ ਕਰ ਕਰ ਥੱਕੇ ਲਗ ਮਾਤਰ, ਕੰਨਾਂ ਮੁਕਤਾ ਨਾਲ ਰਲਾਈਆ । ਸਿਹਾਰੀ ਬਿਹਾਰੀ ਹੋੜਾ ਔਂਕੜ, ਹਰਿ ਕਾ ਅੰਤ ਕਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਕਰਕੇ ਗਏ ਯਾਤਰ, ਲੋਕਮਾਤ ਫੇਰਾ ਪਾਈਆ । ਕੋਈ ਸੁਣਾਵੇ ਦੀਦ ਸ਼ੁਨੀਦ ਕੋਈ ਕਹੇ ਬਾਤਨ, ਕੋਈ ਲੁਕਿਆ ਕਾਇਆ ਅੰਦਰ ਰਿਹਾ ਵਖਾਈਆ । ਨਾਨਕ ਨਿਰਗੁਣ ਕਹੇ ਸਤਿਗੁਰ ਪੂਰਾ ਸਭ ਦੇ ਸਾਥਨ, ਘਰ ਘਰ ਮੁਖ ਛੁਪਾਈਆ । ਰਲ ਮਿਲ ਗੁਰਮੁਖ ਗਾਵੇ ਗਾਥਨ, ਗਾ ਗਾ ਸ਼ੁਕਰ ਮਨਾਈਆ । ਆਪੇ ਹੋਏ ਪੜਦੇ ਢਾਕਣ, ਸਿਰ ਆਪਣਾ ਹੱਥ ਟਿਕਾਈਆ । ਬੀਜ ਬੋਵੋ ਫਲ ਵੇਖੇ ਡਾਲ੍ਹੀ ਪਾਤਨ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਈਆ । ਸਾਚਾ ਨਾਮ ਸਤਿਗੁਰ ਸੇਵਾ, ਸੇਵਾ ਸਤਿਗੁਰ ਸਚ ਜਣਾਇੰਦਾ । ਅੰਮ੍ਰਿਤ ਆਤਮ ਰਸ ਇਕੋ ਮੇਵਾ, ਰਸ ਰਸੀਆ ਆਪ ਖੁਵਾਇੰਦਾ । ਦੇਵੇ ਵਡਿਆਈ ਵਡ ਦੇਵੀ ਦੇਵਾ, ਦੇਵਤ ਸੁਰ ਸੀਸ ਝੁਕਾਇੰਦਾ । ਧਾਮ ਵਖਾਏ ਇਕ ਨਿਹਚਲ ਨਿਹਕੇਵਾ, ਨਿਹਕਰਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸਾਚਾ ਬੀਜ ਵਖਾਇੰਦਾ । ਬੀਜ ਬੀਜੇ ਗੁਰ ਗੁਰ ਆਪ, ਸਤਿਗੁਰ ਦਇਆ ਕਮਾਈਆ । ਪਹਿਲੋਂ ਕੋਟ ਜਨਮ ਦੇ ਲਾਹੇ ਪਾਪ, ਦੁਰਮਤ ਮੈਲ ਧੁਵਾਈਆ । ਫੇਰ ਨਿਰਗੁਣ ਨਿਰਗੁਣ ਜਪਾਏ ਜਾਪ, ਆਤਮ ਪਰਮਾਤਮ ਕਰੇ ਪੜ੍ਹਾਈਆ । ਬ੍ਰਹਮ ਪਾਰਬ੍ਰਹਮ ਬੰਧਾਏ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਦਰਸ ਦਿਖਾਏ ਸਾਖਿਆਤ, ਸਖ਼ੀ ਕਾਹਨ ਰੂਪ ਮਿਲਾਈਆ । ਤਨ ਪਹਿਨਾਏ ਇਕ ਪੋਸ਼ਾਕ, ਬਸਤਰ ਭੂਸ਼ਨ ਦਏ ਰੰਗਾਈਆ । ਬੀਜ ਬਿਜਾਏ ਪਾਕੀ ਪਾਕ, ਪੱਤਤ ਪੁਨੀਤ ਆਪ ਉਗਾਈਆ । ਉਪਰ ਪੜਦਾ ਦੇਵੇ ਢਾਕ, ਸਾਢੇ ਤਿੰਨ ਹੱਥ ਅੰਦਰ ਦਏ ਛੁਪਾਈਆ । ਅੰਦਰ ਵੜ ਵੜ ਕਰੇ ਰਾਖ, ਬਣ ਰਾਖਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਬੀਜੋਂ ਬੀਜ ਵਖਾਈਆ । ਹਰਿ ਕਾ ਬੀਜ ਨਾ ਕੋਇ ਰੂਪ, ਰੰਗ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿ ਆਪ ਕਰਾਇੰਦਾ । ਅੰਦਰ ਵੜ ਵੜ ਕੱਢੇ ਜੂਠ ਝੂਠ, ਸਚ ਸੁੱਚ ਬੂਟਾ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਬੀਜ ਸਤਿਗੁਰ ਨਾਨਕ ਗੁਰਮੁਖਾਂ ਅੰਦਰ ਆਪ ਬਿਜਾਇੰਦਾ । ਬੀਜ ਬੀਜੇ ਅੰਮ੍ਰਿਤ ਰਸ, ਰਸ ਰਸੀਆ ਆਪ ਵਖਾਇੰਦਾ । ਸਤਿਗੁਰ ਮੇਲਾ ਹੱਸ ਹੱਸ, ਗ੍ਰਿਹ ਮੰਦਰ ਆਪ ਕਰਾਇੰਦਾ । ਅੰਧ ਅੰਧੇਰ ਕਰੇ ਪਰਕਾਸ਼, ਜੋਤੀ ਜੋਤ ਜੋਤ ਜਗਾਇੰਦਾ । ਕਰੇ ਖੇਲ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੀਜ ਆਪ ਜਣਾਇੰਦਾ । ਸਾਚਾ ਬੀਜ ਹਰਿ ਕਾ ਬੂਟਾ, ਤੁਲਸੀ ਪੁੱਜ ਨਾ ਸਕੇ ਰਾਈਆ । ਅੱਠੇ ਪਹਿਰ ਪਵਣ ਝੂਟਾ, ਬਿਨ ਪਵਣਾਂ ਆਪ ਝੁਲਾਈਆ । ਵੇਖਣਹਾਰਾ ਚਾਰੇ ਕੂਟਾਂ, ਦਹਿ ਦਿਸ਼ਾ ਫੇਰਾ ਪਾਈਆ । ਸਤਿਗੁਰ ਸਾਜਨ ਜਿਸ ਜਨ ਉਪਰ ਤੁਠਾ, ਕਰ ਕਿਰਪਾ ਬੀਜ ਦਏ ਬਿਜਾਈਆ । ਹਰਿ ਕਾ ਨਾਮ ਕਿਸੇ ਨਾ ਬਿਜਾਇਆ ਹੱਥ ਮੁਠਾਂ, ਬਿਨ ਹੱਥਾਂ ਦਏ ਦਬਾਈਆ । ਜੁਗ ਜਨਮ ਦਾ ਵੇਖੇ ਰੁਠਾ, ਗੁਰ ਪੂਰਾ ਆਪਣੇ ਅੰਗ ਲਗਾਈਆ । ਆਪਣੀ ਸ਼ਾਖ਼ੋਂ ਆਪੇ ਫੁੱਟਾ, ਗੁਰਮੁਖ ਆਪਣੀ ਸ਼ਾਖ਼ ਲਏ ਪਰਗਟਾਈਆ । ਨਾਮ

ਬੀਜ ਨੇਤਰ ਵੇਖ ਉਂਗਲਾਂ ਨਾਲ ਕਿਸੇ ਨਾ ਸੁੱਟਾ, ਹੱਥਾਂ ਨਾਲ ਮਿਟੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸਿਖ ਵਿਚਾਰ, ਗੁਰ ਸਤਿਗੁਰ ਆਪ ਜਣਾਇੰਦਾ । ਕਰਮ ਕੁਕਰਮਾਂ ਦੇਵੇ ਮਾਰ, ਗੁਰ ਸਤਿਗੁਰ ਵੇਖ ਵਖਾਇੰਦਾ । ਲੱਖ ਚੁਰਾਸੀ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਨਾਨਕ ਆਇਆ ਕਲਜੁਗ ਧਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਚਾਰ ਵਰਨ ਕਰੇ ਪਿਆਰ, ਧਰਮ ਬੂਟਾ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੀਜ ਇਕ ਬਿਜਾਇੰਦਾ । ਸਾਚਾ ਬੀਜ ਗੁਰਮੁਖਾਂ ਅੰਦਰ, ਨਾਨਕ ਸਤਿਗੁਰ ਆਪ ਬਿਜਾਈਆ । ਭਾਗ ਲਗਾਏ ਡੂੰਘੀ ਕੰਦਰ, ਅਗਿਆਨ ਅੰਧੇਰ ਚੁਕਾਈਆ । ਮਨ ਵਾਸਨਾ ਦੱਬੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਬਜਰ ਕਪਾਟੀ ਤੋੜੇ ਜੰਦਰ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਵੇਖਣਹਾਰਾ ਡੂੰਘਾ ਖੰਡਰ, ਪੜਦਾ ਉਹਲਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੂਟਾ ਇਕ ਵਖਾਈਆ । ਸਾਚਾ ਬੂਟਾ ਵੇਖੋ ਮਾਰ ਧਿਆਨ, ਸਤਿਗੁਰ ਨਾਮ ਨਾਲ ਲਗਾਇੰਦਾ । ਨਾਨਕ ਹੁਕਮ ਕਰਿਆ ਪਰਵਾਨ, ਹੁਕਮ ਨਾਨਕ ਆਪ ਸੁਣਾਇੰਦਾ । ਨਾਨਕ ਹੁਕਮ ਗੁਣ ਨਿਧਾਨ, ਗੁਣਵੰਤਾ ਆਪ ਪਰਗਟਾਇੰਦਾ । ਗੁਰਮੁਖ ਸਾਚਾ ਕਰੇ ਪਰਵਾਨ, ਕਰ ਪਰਵਾਨ ਸੋਭਾ ਪਾਇੰਦਾ । ਅੰਗਦ ਦਿਤਾ ਇਕੋ ਮਾਣ, ਅੰਗਤ ਨਾਲ ਵਟਾਇੰਦਾ । ਕਰ ਕਿਰਪਾ ਅੰਦਰ ਬੀਜ ਦਿਤਾ ਆਣ, ਬੀਜ ਬੀਜ ਨਾਲ ਮਿਲਾਇੰਦਾ । ਬਾਹਰੋਂ ਸਕੇ ਨਾ ਕੋਇ ਪਹਿਚਾਨ, ਨੇਤਰ ਨੈਣ ਸਰਬ ਸ਼ਰਮਾਇੰਦਾ । ਜੋ ਸਤਿਗੁਰ ਪੂਰੇ ਨਾਲ ਆਪਣਾ ਬੰਧਨ ਪਾਏ ਆਣ, ਬੰਦੀਖ਼ਾਨਾ ਸਰਬ ਤੁੜਾਇੰਦਾ । ਬੀਜ ਬੀਜੋ ਵਿਚ ਜਹਾਨ, ਹਰਿ ਜੂ ਬੂਟੇ ਨਾਮ ਲਗਾਇੰਦਾ । ਗੁਰ ਕਾ ਮੰਤਰ ਸਚ ਨਿਸ਼ਾਨ, ਗੁਰਦੇਵ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੀਜ ਸਤਿਗੁਰ ਪਿਆਰ, ਸਾਚਾ ਸਚ ਗੁਰ ਸ਼ਬਦ ਆਧਾਰ, ਗੁਰ ਸਤਿਗੁਰ ਗੁਰ ਗੁਰ ਕਿਰਪਾ ਆਪ ਬਿਜਾਇੰਦਾ । ਸਾਚੀ ਬਿਧੀ ਸਤਿਗੁਰ ਹੱਥ, ਆਦਿ ਜੁਗਾਦਿ ਦਇਆ ਕਮਾਇੰਦਾ । ਜਿਸ ਜਨ ਕਰ ਕਿਰਪਾ ਦੇਵੇ ਵੱਥ, ਦੂਜੇ ਦਰ ਨਾ ਮੰਗਣ ਜਾਇੰਦਾ । ਜਿਸ ਬੀਜ ਬੀਜਿਆ ਕਾਇਆ ਸੀਆਂ ਸਾਢੇ ਤਿੰਨ ਹੱਥ, ਸੋ ਅੰਤਰ ਨਾਮ ਆਪਣਾ ਬੀਜ ਬਿਜਾਇੰਦਾ । ਦਿਵਸ ਰੈਣ ਪਹਿਰ ਅੱਠ, ਅੱਠ ਤਤ ਤਤ ਵਖਾਇੰਦਾ । ਦਰ ਦਵਾਰੇ ਆਪਣੇ ਸੱਦ, ਗੁਰਮੁਖ ਗੁਰ ਗੁਰ ਬੀਜ ਬਿਜਾਇੰਦਾ । ਪਾਰ ਕਿਨਾਰਾ ਕਰੇ ਨੌਂ ਦਵਾਰੇ ਹੱਦ, ਹੱਦ ਆਪਣੀ ਫੇਰ ਵਖਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਮਦਿ ਏਕਾ ਰਸ ਵਖਾਇੰਦਾ । ਪੰਚ ਵਿਕਾਰ ਜਾਏ ਛੱਡ, ਨਾਮ ਖੰਡਾ ਇਕ ਚਮਕਾਇੰਦਾ । ਈੜਾ ਪਿੰਗਲ ਲਡਾਏ ਲਡ, ਸੁਖਮਨ ਟੇਢੀ ਮੁੱਖ ਸ਼ਰਮਾਇੰਦਾ । ਬਜਰ ਕਪਾਟੀ ਪਾਰ ਕਰਾਏ ਡੂੰਘੀ ਖੱਡ, ਸਾਚੀ ਹਾਟੀ ਹੱਟ ਜਣਾਇੰਦਾ । ਨਾਦ ਅਨਾਦੀ ਮਾਰੇ ਸੱਟ, ਅਨਹਦ ਆਪਣਾ ਰਾਗ ਅਲਾਇੰਦਾ । ਪੰਚਮ ਮੇਲਾ ਝੱਟ ਪਟ, ਦੂਰ ਦੁਰਾਡਾ ਪੰਧ ਮੁਕਾਇੰਦਾ । ਸਾਚੀ ਬਿਧੀ ਰੱਖੇ ਆਪਣੇ ਹੱਥ, ਜੁਗ ਜੁਗ ਆਪਣਿਆਂ ਭਗਤਾਂ ਆਪ ਜਣਾਇੰਦਾ । ਅੰਦਰ ਵੜ ਵੜ ਜਾਏ ਦੱਸ, ਰਸਨਾ ਬੋਲ ਨਾ ਕਿਸੇ ਸੁਣਾਇੰਦਾ । ਜਿੰਨਾਂ ਚਿਰ ਗੁਰਸਿਖ ਕਹੇ ਨਾ ਬੱਸ ਬੱਸ, ਓਨ੍ਹਾਂ ਚਿਰ ਨਾ ਮੁਖ ਛੁਪਾਇੰਦਾ । ਜੋ ਜਨ ਸਤਿਗੁਰ ਪਿਆਰ ਅੰਦਰ ਗਿਆ ਫਸ, ਤਿਸ ਪੜਦਾ ਆਪ ਉਠਾਇੰਦਾ । ਮੇਲ ਮਿਲਾਏ ਹੱਸ ਹੱਸ, ਜੋਗ ਅਭਿਆਸ ਨਾ ਕੋਇ ਕਰਾਇੰਦਾ । ਡੂੰਘੀ ਕੰਦਰ ਨਾ ਦੇਵੇ ਸੱਟ, ਉਚੇ ਟਿੱਲੇ ਪਰਬਤ ਚੋਟੀ ਨਾ ਕੋਇ ਚੜ੍ਹਾਇੰਦਾ । ਤੀਰਥ ਫਿਰਾਏ ਨਾ ਅਠਸਠ,

ਮੰਦਰ ਮਸਜਦ ਗੁਰੂਦਵਾਰ ਮੱਠ ਰਾਹ ਨਾ ਕੋਇ ਜਣਾਇੰਦਾ । ਕਰ ਕਿਰਪਾ ਅੰਦਰੇ ਅੰਦਰ ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਮਿਟਾਇੰਦਾ । ਬੀਜ ਬੀਜੇ ਸਾਚੇ ਵਤ, ਵਤਰ ਆਪਣਾ ਵੇਖ ਵਖਾਇੰਦਾ । ਕੋਟਨ ਕੋਟ ਜੀਵ ਜੰਤ ਨੌਂ ਖੰਡ ਪ੍ਰਿਥਮੀ ਰਹੇ ਨੱਠ, ਨੱਠ ਨੱਠ ਪੰਧ ਨਾ ਕੋਇ ਮੁਕਾਇੰਦਾ । ਜੋ ਸਤਿਗੁਰ ਪੂਰੇ ਚਰਨੀ ਜਾਏ ਢੱਠ, ਤਿਸ ਬਿਧੀ ਆਪ ਪੜ੍ਹਾਇੰਦਾ । ਅੰਦਰੇ ਅੰਦਰ ਅੰਦਰ ਜਾਏ ਵਸ, ਵਸ ਵਸ ਆਪਣੀ ਖ਼ੁਸ਼ੀ ਵਖਾਇੰਦਾ । ਜੋ ਬਾਣੀ ਬਾਹਰ ਗਾਏ ਜਸ, ਤਿਸ ਬਾਣੀ ਆਪਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਧੀ ਵਿਦਤ ਬਿਨ ਵਿਦਿਆ ਵਿਦਿਆਰਥੀ ਆਪ ਪੜ੍ਹਾਇੰਦਾ । ਹਰਿ ਸਤਿਗੁਰ ਸੱਚਾ ਮਿਹਰਵਾਨ, ਆਦਿ ਜੁਗਾਦਿ ਜੁਗ ਜੁਗ ਦਇਆ ਕਮਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਸਤਿ ਸਤਿਵਾਦੀ ਰਾਹ ਚਲਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਆਪ ਅਲਾਇੰਦਾ । ਦੋ ਜਹਾਨਾਂ ਪਾਵੇ ਆਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮ ਮਨਾਇੰਦਾ । ਖਾਣੀ ਬਾਣੀ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਸਾਚੀ ਕਾਰ ਸ੍ਰੀ ਭਗਵਾਨਾ, ਸਤਿਗੁਰ ਪੂਰਾ ਆਪ ਕਰਾਈਆ । ਜੋਤ ਸਰੂਪੀ ਪਹਿਰਿਆ ਬਾਣਾ, ਰੂਪ ਅਨੂਪ ਆਪ ਵਟਾਈਆ । ਬੋਧ ਅਗਾਧੀ ਇਕ ਤਰਾਨਾ, ਸ਼ਬਦ ਅਗੰਮੀ ਆਪੇ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਸ਼ਬਦ ਦੇ ਦਾਨਾ, ਦਾਤਾ ਦਾਨੀ ਖ਼ੁਸ਼ੀ ਮਨਾਈਆ । ਭਗਤ ਭਗਵਾਨ ਕਰ ਪਰਵਾਨਾ, ਸਚ ਸੰਦੇਸਾ ਇਕ ਸੁਣਾਈਆ । ਸਾਚੇ ਸੰਤਾਂ ਦੇਵੇ ਇਕ ਗਿਆਨਾ, ਨਿਸ਼ਅੱਖਰ ਅੱਖਰ ਕਰ ਪੜ੍ਹਾਈਆ । ਗੁਰਮੁਖ ਹੋਵੇ ਚਤੁਰ ਸੁਜਾਨਾ, ਗੁਰ ਗੁਰ ਵੱਜੇ ਵਧਾਈਆ । ਗੁਰਸਿਖ ਦੇ ਇਕ ਨਿਧਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਤਾਰੇ ਆਪ ਪ੍ਰਭ, ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣੇ ਨਾਲ ਮਿਲਾਇੰਦਾ । ਅੰਮ੍ਰਿਤ ਝਿਰਨਾ ਝਿਰਾਏ ਨਭ, ਨਾਭੀ ਕਵਲ ਆਪ ਉਲਟਾਇੰਦਾ । ਜਗਤ ਵਿਕਾਰਾ ਦੇਵੇ ਦੱਬ, ਉਪਰ ਆਪਣਾ ਭਾਰ ਰਖਾਇੰਦਾ । ਸੰਤ ਸੁਹੇਲੇ ਸਾਚੇ ਸੱਦ, ਸੱਦਾ ਏਕਾ ਨਾਮ ਜਣਾਇੰਦਾ । ਸਾਚੀ ਅੰਮ੍ਰਿਤ ਪਿਆਏ ਮਦਿ, ਰਸ ਇਕੋ ਇਕ ਵਖਾਇੰਦਾ । ਕੂੜੀ ਕਿਰਿਆ ਬਾਹਰ ਦੇਵੇ ਕੱਢ, ਕੂੜਾ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਆਪ ਤਰਾਇੰਦਾ । ਜੁਗ ਜੁਗ ਤਾਰੇ ਹਰਿਜਨ ਆਪ, ਹਰਿ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਵੇਸ ਵਟਾਈਆ । ਮੇਟਣਹਾਰਾ ਤੀਨੋ ਤਾਪ, ਤ੍ਰੈਗੁਣ ਨਾਤਾ ਆਪ ਤੁੜਾਈਆ । ਦੇਵਣਹਾਰਾ ਸਾਚਾ ਜਾਪ, ਸਾਚੀ ਸਿਖਿਆ ਆਪ ਸਿਖਾਈਆ । ਆਤਮ ਪਰਮਾਤਮ ਸਾਚਾ ਪਾਠ, ਬ੍ਰਹਮ ਪਾਰਬ੍ਰਹਮ ਸਮਝਾਈਆ । ਸਚ ਸਰੋਵਰ ਮਾਰੇ ਠਾਠ, ਅੰਮ੍ਰਿਤ ਏਕਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਤੇਰਾ ਗ੍ਰਿਹਿ ਮਹੱਲਾ, ਹਰਿ ਜੂ ਏਕਾ ਏਕ ਵਸਾਇੰਦਾ । ਆਦਿ ਜੁਗਾਦੀ ਜੁਗ ਜੁਗ ਫੜਾਏ ਇਕ ਪੱਲਾ, ਪੱਲੂ ਆਪਣਾ ਆਪ ਬੰਨ੍ਹਾਇੰਦਾ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਖਾਣੀ ਬਾਣੀ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਤੇਰਾ ਦਾਸੀ ਦਾਸ, ਖਾਣੀ ਬਾਣੀ ਸੇਵ ਕਮਾਈਆ । ਤੇਰੇ ਅੰਤਰ ਕਰ ਕਰ ਵਾਸ, ਘਰ ਸਾਚਾ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼,


੬੬੮
੧੨

ਗਗਨ ਗਗਨੰਤਰ ਡੇਰਾ ਢਾਹੀਆ । ਪਵਣ ਸਵਾਸ ਪਾਵੇ ਸਾਰ, ਸਵਾਸ ਸਵਾਸਾਂ ਵਿਚ ਸਮਾਈਆ । ਮਹੱਲ ਅਟੱਲ ਸਾਚੀ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗੰਤਰ ਗੁਰਮੁਖ ਸਾਚੇ ਆਪ ਤਰਾਈਆ । ਗੁਰਸਿਖ ਤੇਰਾ ਸਚ ਦਵਾਰਾ, ਹਰਿ ਜੂ ਹਰਿ ਹਰਿ ਆਪ ਪਰਗਟਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਜੁਗ ਜੁਗ ਚਰਨ ਛੁਹਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਭੇਵ ਅਭੇਦ ਖੁਲ੍ਹਾਇੰਦਾ । ਰਾਗੀ ਨਾਦੀ ਵਸੇ ਬਾਹਰਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਥਿਤ ਵਾਰ ਨਾ ਕੋਇ ਵਿਚਾਰਾ, ਘੜੀ ਪਲ ਨਾ ਕੋਇ ਜਣਾਇੰਦਾ । ਸੂਰਜ ਚੰਦ ਨਾ ਕੋਇ ਉਜਿਆਰਾ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਜੰਗਲ ਜੂਹ ਉਜਾੜ ਨਾ ਕੋਇ ਪਹਾੜਾ, ਸਮੁੰਦ ਸਾਗਰ ਨਾ ਕੋਇ ਵਖਾਇੰਦਾ । ਆਦਿ ਜੁਗਾਦੀ ਖੇਲ ਨਿਆਰਾ, ਨਿਰਾਕਾਰ ਆਪ ਕਰਾਇੰਦਾ । ਗੁਰ ਪੀਰ ਪੈਗ਼ੰਬਰ ਪਾਰਬ੍ਰਹਮ ਦਾ ਤੱਕਦੇ ਰਹੇ ਸਹਾਰਾ, ਨਾਨਕ ਨਿਰਗੁਣ ਓਟ ਰਖਾਇੰਦਾ । ਮਹਾਬਲੀ ਉਤਰੇ ਅਵਤਾਰਾ, ਬਲ ਆਪਣਾ ਆਪ ਜਣਾਇੰਦਾ । ਜਨ ਭਗਤਾਂ ਧੁਰ ਮੇਲੇ ਵਿਚ ਸੰਸਾਰਾ, ਸੰਸਾਰ ਸਾਗਰ ਪਾਰ ਕਰਾਇੰਦਾ । ਸਤਿਜੁਗ ਦਾ ਸਾਚਾ ਨਾਅਰਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਹੰ ਬ੍ਰਹਮ ਦਏ ਆਧਾਰਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਸੋਹੰ ਰੂਪ ਆਪ ਨਿਰੰਕਾਰਾ, ਗੁਰ ਅਵਤਾਰ ਸਦਾ ਸਦਾ ਸਦ ਜਸ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਚਲੇ ਰਾਹ, ਹਰਿ ਹਰਿ ਆਪ ਚਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਬਿਨਾਸ਼ੀ ਕੋਲੋਂ ਮੰਗਣ ਪਨਾਹ, ਸਿਰ ਸਕੇ ਨਾ ਕੋਈ ਉਠਾਈਆ । ਚੌਥੇ ਜੁਗ ਚਾਰੋਂ ਕੁੰਟ ਅੰਧੇਰਾ ਰਹਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਭਰੀ ਗੁਨਾਹ, ਖ਼ੁਦੀ ਭਰੀ ਸਰਬ ਲੋਕਾਈਆ । ਜਿਨ੍ਹਾਂ ਭੁਲਿਆ ਘਨਕਪੁਰ ਵਾਸੀ ਬੇਪਰਵਾਹ, ਮਦਦਗਾਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਗੁਰਮੁਖ ਵੇਖੇ ਖੇਲ ਘਨੇਰਾ, ਹਰਿ ਖ਼ਾਲਕ ਖ਼ਲਕ ਵਖਾਇੰਦਾ । ਚੌਦਾਂ ਤਬਕਾਂ ਪਾਏ ਫੇਰਾ, ਚੌਦਸ ਚੰਦ ਮੁਖ ਸ਼ਰਮਾਇੰਦਾ । ਚੌਦਾਂ ਲੋਕ ਚੌਦਾਂ ਵਿਦਿਆ ਵੇਖਾ ਡੇਰਾ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵਖਾਇੰਦਾ । ਮੰਦਰ ਮਸੀਤ ਚੁੱਕੇ ਝੇੜਾ, ਸਾਚਾ ਰਾਹ ਇਕ ਜਣਾਇੰਦਾ । ਆਤਮ ਪਰਮਾਤਮ ਦੇਵੇ ਗੇੜਾ, ਏਕਾ ਮਾਰਗ ਲਾਇੰਦਾ । ਕਲਜੁਗ ਅੰਤਮ ਉਜੜੇ ਖੇੜਾ, ਅੱਗੇ ਹੋ ਨਾ ਕੋਈ ਬਚਾਇੰਦਾ । ਗੁਰਸਿਖ ਗੁਰਮੁਖ ਰਸਨਾ ਕਹਿਣ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਇਕ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੈਠਾ ਰਹਿਆ ਕਰਕੇ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਵੇਖ ਵਖਾਇੰਦਾ । ਹਰਿ ਕਾ ਭੇਵ ਦੱਸੇ ਕੇਹੜਾ, ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਗੁਰਮੁਖ ਮੇਲਾ ਮੇਲ ਮਿਲਾਇੰਦਾ । ਗੁਰਸਿਖ ਮੇਲਾ ਮਿਲਿਆ ਹਰਿ, ਕਰ ਕਿਰਪਾ ਦਇਆ ਕਮਾਈਆ । ਦਰਸ ਦਿਖਾਏ ਦਰ ਦਰ ਬਣ ਦਰਦੀ ਦਰਦ ਵੰਡਾਈਆ । ਸ਼ਬਦ ਅਗੰਮੀ ਘੋੜੇ ਆਪੇ ਚੜ੍ਹ, ਦੋ ਜਹਾਨਾਂ ਰਹਿਆ ਭਵਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਫੜ, ਭਗਤ ਭਗਵਾਨ ਲਏ ਉਠਾਈਆ । ਸੰਤ ਸਾਜਣ ਲਾਏ ਲੜ, ਲੱਖ ਚੁਰਾਸੀ ਨਾਲੋਂ ਕੰਨੀ ਰਿਹਾ ਕਤਰਾਈਆ । ਹਰਿਜਨ ਤੋੜੇ ਹੰਕਾਰੀ ਗੜ੍ਹ, ਸੋ ਅੱਖਰ ਕਰੇ ਪੜ੍ਹਾਈਆ । ਤ੍ਰੈਗੁਣ ਮਾਇਆ ਉਖੇੜੇ ਜੜ, ਲੋਕਮਾਤ ਰਹਿਣ ਨਾ ਪਾਈਆ । ਗੁਰਸਿਖ ਨੁਹਾਏ ਸਾਚੇ ਸਰ, ਦੁਰਮਤ


੬੬੯
੧੨

ਮੈਲ ਆਪ ਧੁਆਈਆ । ਕਰਤਾ ਪੁਰਖ ਆਪਣੀ ਕਰਨੀ ਕਰ, ਹਰਿ ਜੂ ਕੀਮਤ ਰਹੇ ਪਾਈਆ । ਜਿਸ ਨੇ ਘਾੜਨ ਲਿਆ ਘੜ, ਸੋ ਅੰਤ ਲਏ ਭੰਨਾਈਆ । ਗੁਰਸਿਖ ਗੁਰਮੁਖ ਹਰਿ ਸਰਨਾਈ ਡਿਗਣ ਦੜ, ਦੂਸਰ ਓਟ ਨਾ ਕੋਈ ਰਖਾਈਆ । ਸਤਿਗੁਰ ਸੱਚਾ ਪੰਚਮ ਤਨ ਵੇਖੇ ਕੱਚਾ, ਆਤਮ ਪਰਮਾਤਮ ਹੋਏ ਸਹਾਈਆ । ਮਨ ਵਾਸਨਾ ਨੌਂ ਦਰ ਨੱਚਾ, ਬੁਧੀ ਹੋਈ ਹਲਕਾਈਆ । ਹਰਿ ਕਾ ਭੇਵ ਨਾ ਜਾਣੇ ਸੱਚਾ, ਸਚ ਮਿਲੇ ਨਾ ਕੋਈ ਸਰਨਾਈਆ । ਕਲਜੁਗ ਜੀਵ ਅੰਤਮ ਖੇੜਾ ਢੱਠਾ, ਢਹਿ ਢਹਿ ਖ਼ਾਕ ਕਰਾਈਆ । ਚੌਦਾਂ ਤਬਕ ਫਿਰੇ ਨੱਠਾ, ਜ਼ਿਮੀ ਅਸਮਾਨ ਰਿਹਾ ਕੁਰਲਾਈਆ । ਜਿਧਰ ਵੇਖੇ ਸੱਬਰ ਲੱਥਾ, ਗੋਬਿੰਦ ਸੱਬਰ ਇਕ ਵਖਾਈਆ । ਪੁਰਖ ਅਕਾਲ ਆਪ ਸਮਰਥਾ, ਸਮਰਥ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਆਪ ਤਰਾਈਆ । ਗੁਰਸਿਖ ਸੱਜਣ ਤੇਰਾ ਜਨਮ ਅਮੋਲਾ, ਜੁਗ ਚੌਕੜੀ ਪਾਰ ਕਰਾਇੰਦਾ । ਪਾਰਬ੍ਰਹਮ ਪ੍ਰਭ ਬਣਿਆ ਤੋਲਾ, ਏਕਾ ਕੰਡਾ ਹੱਥ ਉਠਾਇੰਦਾ । ਸ਼ਬਦ ਸਰੂਪੀ ਬਣ ਵਿਚੋਲਾ, ਦੋ ਜਹਾਨਾਂ ਪੰਧ ਮੁਕਾਇੰਦਾ । ਇਕ ਦੂਜੇ ਦਾ ਰਲ ਮਿਲ ਗਾਓ ਢੋਲਾ, ਸੋਹੰ ਸੋ ਆਪ ਸੁਣਾਇੰਦਾ । ਬਰਦਾ ਬਣ ਬਣ ਆਪੇ ਗੋਲਾ, ਗੁਰ ਗੁਰ ਘਰ ਘਰ ਸੇਵ ਕਮਾਇੰਦਾ । ਰਾਤੀ ਸੁੱਤਿਆਂ ਚੁਕਾਏ ਉਹਲਾ, ਮੁੱਖ ਨਕਾਬ ਪੜਦਾ ਲਾਹਿੰਦਾ । ਬਾਹਰੋਂ ਦਿਸੇ ਭੋਲਾ ਭਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚੇ ਜਾਣਾ ਜਾਗ, ਜਾਗਰਤ ਜੋਤ ਹਰਿ ਜਗਾਈਆ । ਕਲਜੁਗ ਅੰਤਮ ਲੱਗਾ ਭਾਗ, ਭਾਗੀ ਭਰਿਆ ਮਿਲਿਆ ਮਾਹੀਆ । ਘਰ ਮੰਦਰ ਜਗਾਏ ਚਿਰਾਗ਼, ਨੂਰੋ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਰੱਖੇ ਲਾਜ, ਲੋਕਲਾਜ ਬੈਠੇ ਮੁੱਖ ਸ਼ਰਮਾਈਆ । ਸੁਰਤ ਸਵਾਣੀ ਕਰ ਕਰ ਕਾਜ, ਸ਼ਬਦ ਦਵਾਰੇ ਦਏ ਕਰਾਈਆ । ਕੋਝੀ ਕਮਲੀ ਦੋਹਾਗਣ ਮਾਰੇ ਵਾਜ, ਨਾਦ ਅਨਾਦ ਇਕ ਵਜਾਈਆ । ਕੂੜ ਮੁਲੱਮਾ ਲਾਹੇ ਪਾਜ, ਕੰਚਨ ਰੂਪ ਵਟਾਈਆ । ਸਚ ਚੜ੍ਹਾਏ ਇਕ ਜਹਾਜ਼, ਨੱਯਾ ਨਾਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਉਠ ਨੇਤਰ ਖੋਲ੍ਹ, ਹਰਿ ਖ਼ਾਲਕ ਖ਼ਲਕ ਉਠਾਇੰਦਾ । ਘਰ ਅੰਦਰ ਡੂੰਘੀ ਕੰਦਰ ਉਚੇ ਮੰਦਰ ਚੜ੍ਹ ਚੜ੍ਹ ਰਿਹਾ ਬੋਲ, ਬੋਲਣਹਾਰਾ ਨਜ਼ਰ ਨਾ ਆਇੰਦਾ । ਪੂਰਬ ਜਨਮ ਦੇ ਕੀਤੇ ਕਰਮ ਰਿਹਾ ਫੋਲ, ਨਿਹਕਰਮੀ ਕਰਮ ਕਮਾਇੰਦਾ । ਜਿਸ ਨੂੰ ਲੱਭਦੇ ਅਨਭੋਲ, ਅਨ ਸੁਰਤੀ ਆਪ ਉਠਾਇੰਦਾ । ਸਦਾ ਸੁਹੇਲਾ ਇਕ ਅਕੇਲਾ ਕਰ ਕਰ ਹਿਤ ਨਿਤ ਨਵਿਤ ਅਬਿਨਾਸ਼ੀ ਅਚੁਤ ਵਸੇ ਕੋਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਉਪਰ ਧੌਲ, ਧਰਤ ਧਵਲ ਧੌਲ ਹੌਲਾ ਪਾਰ ਕਰਾਇੰਦਾ । ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਣ ਸਾਚੇ ਆਪ ਉਠਾਇੰਦਾ । ਹਰਿਜਨ ਉਠਿਆ ਵੇਖੀ ਰੁੱਤ, ਰੁੱਤੜੀ ਆਪ ਸੁਹਾਈਆ । ਪਰਗਟ ਹੋਇਆ ਅਬਿਨਾਸ਼ੀ ਅਚੁੱਤ, ਚੇਤਨ ਰਿਹਾ ਕਰਾਈਆ । ਗੁਰਸਿਖ ਵੇਖੇ ਸਾਚੇ ਸੁਤ, ਸਤਿ ਗੋਦ ਸੁਹਾਈਆ । ਕਰੇ ਪਿਆਰ ਜਿਉਂ ਮਾਵਾਂ ਪੁੱਤ, ਪਿਤਾ ਪੂਤ ਸਹਿਜ ਸੁਖਦਾਈਆ । ਆਪੇ ਰਾਤੀਂ ਜਾਵੇ ਉਠ, ਗੁਰਸਿਖ ਗੂੜ੍ਹੀ ਨੀਂਦ ਸੁਆਈਆ । ਆਤਮ ਦੇਵੇ ਅੰਮ੍ਰਿਤ ਘੁੱਟ, ਘੁੱਟ ਘੁੱਟ ਲੇਖੇ ਲਗਾਈਆ । ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਦਵਾਰ ਲਗਾਈਆ । ਲਹਿਣਾ ਦੇਣਾ ਚੁਕਾਏ ਮਨ ਮਤ ਬੁਧ, ਬਿਬੇਕੀ ਏਕਾ ਵਖਾਈਆ । ਪ੍ਰਭ ਮਿਲਣ ਦੀ ਸਾਚੀ ਸੁਧ, ਸਤਿ ਸਤਿਗੁਰ ਆਪ ਕਰਾਈਆ । ਗੁਰਮੁਖ ਝੋਲੀ

੬੭੦
੧੨

ਬਹੇ ਕੁਦ, ਇਕੋ ਵਾਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਜਾਗਿਆ ਖੁਲੀ ਅੱਖ, ਨੇਤਰ ਨੈਣ ਖੁਲ੍ਹਾਈਆ । ਪ੍ਰਭ ਨਜ਼ਰੀ ਆਏ ਪਰਤੱਖ, ਪਾਰਖੂ ਸੱਚਾ ਮਾਹੀਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਰਿਹਾ ਦੱਸ, ਸੋ ਮਾਰਗ ਦੱਸਣ ਆਇਆ ਸੱਚਾ ਮਾਹੀਆ । ਜਿਸ ਦੇ ਅੰਦਰ ਖਾਣੀ ਬਾਣੀ ਰਹੀ ਵਸ, ਆਪਣਾ ਹੁਕਮ ਸੁਣਾਈਆ । ਜਿਸ ਕੋਲੋਂ ਮੰਗਣ ਰਵ ਸਸ, ਕੋਟਨ ਕੋਟ ਝੋਲੀ ਡਾਹੀਆ । ਸੋ ਗੁਰਮੁਖਾਂ ਅੰਦਰ ਕਰੇ ਪਰਕਾਸ਼, ਆਪਣਾ ਨੂਰ ਵਖਾਈਆ । ਚਿੰਤਾ ਦੁੱਖ ਨਾ ਰਹੇ ਕੋਈ ਉਦਾਸ, ਉਦਾਸੀ ਸਭ ਦੀ ਦਏ ਮਿਟਾਈਆ । ਤਿੰਨਾਂ ਫੜ ਫੜ ਕੱਟੇ ਜਮ ਨਾ ਫਾਸ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਮਿਲਾਈਆ । ਗੁਰਮੁਖ ਮਿਲਿਆ ਨਿਰਮਲ ਜੋਤ, ਹਰਿ ਜੋਤੀ ਜੋਤ ਮਿਲਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਈ ਰਖਾਇਆ । ਨਾ ਕੋਈ ਮੰਦਰ ਨਾ ਕੋਈ ਕੋਟ, ਛੱਪਰ ਛੰਨ ਨਾ ਕੋਈ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਅੰਗ ਲਗਾਇਆ । ਗੁਰਸਿਖ ਕਰਿਆ ਅੰਗੀਕਾਰ, ਘਰ ਸਾਚੇ ਵੱਜੇ ਵਧਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਹਰਿ ਹਰਿ ਖ਼ੁਸ਼ੀ ਮਨਾਈਆ । ਪ੍ਰਭ ਮਿਲਿਆ ਏਕੰਕਾਰ, ਏਕਾ ਘਰ ਦਏ ਵਡਿਆਈਆ । ਨਿਤ ਨਿਤ ਉਠ ਉਠ ਕਰਾਂ ਦੀਦਾਰ, ਦੀਦ ਈਦ ਚੰਦ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਲਹਿਣਾ ਆਪ ਮੁਕਾਈਆ । ਗੁਰਸਿਖ ਲਹਿਣਾ ਜਾਏ ਮੁਕ, ਅੰਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਗੋਦੀ ਲਏ ਚੁੱਕ, ਸਦਾ ਸੁਹੇਲਾ ਹੋਏ ਸਹਾਈਆ । ਹਰਿਜਨ ਬੂਟਾ ਨਾ ਜਾਏ ਸੁੱਕ, ਅੰਤਰ ਆਤਮ ਹਰਾ ਕਰਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਲੁੱਕ, ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਘਲਾਈਆ । ਕਲਜੁਗ ਅੰਤਮ ਸਿੰਘ ਹੋ ਕੇ ਰਿਹਾ ਬੁੱਕ, ਦੋ ਜਹਾਨਾਂ ਭਬਕ ਸੁਣਾਈਆ । ਕਰ ਕਿਰਪਾ ਜਨ ਭਗਤਾਂ ਮੇਟੇ ਤ੍ਰਿਸਨਾ ਭੁੱਖ, ਤ੍ਰਿਖਾ ਹੋਰ ਰਹੇ ਨਾ ਰਾਈਆ । ਆਪਣੀ ਰੱਖੇ ਸਾਚੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਉਜਲ ਕਰੇ ਮਾਤ ਮੁਖ, ਮੁਖ ਮੁਖੜਾ ਆਪ ਮਹਿਕਾਈਆ । ਅਬਿਨਾਸ਼ੀ ਕਰਤਾ ਗਿਆ ਤੁਠ, ਰਹਿਮਤ ਰਹਿਮ ਰਹਿਮਾਨ ਆਪ ਜਣਾਈਆ । ਪਰਵਰਦਿਗਾਰ ਬੇਪਰਵਾਹ ਆਪੇ ਉਠ, ਦੋਏ ਦੋਏ ਵਖਾਏ ਥਾਉਂ ਥਾਈਂਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਅੰਦਰ ਵੜ ਕੇ ਲਏ ਪੁੱਛ, ਲੱਭਣ ਘਰ ਕਿਸੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਜੋ ਗੁਰਮੁਖ ਗਿਆ ਰੁੱਸ, ਕਲਜੁਗ ਅੰਤਮ ਲਿਆ ਮਿਲਾਈਆ । ਏਕਾ ਨਾਮ ਨਿਧਾਨ ਸ੍ਰੀ ਭਗਵਾਨ ਸਾਚੀ ਸੁੱਚ, ਗੁਰਮੁਖ ਸੱਚਾ ਏਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਵਿਚ ਲੁਕਾਈਆ । ਸਤਿਗੁਰ ਅੰਦਰ ਗੁਰਸਿਖ ਲੁਕਣਾ, ਹਰਿ ਹਰਿ ਜੂ ਆਪ ਜਣਾਇੰਦਾ । ਇਕੋ ਮਾਰਗ ਸਭ ਨੇ ਪੁੱਛਣਾ, ਦੂਜੇ ਰਾਹ ਨਾ ਕੋਈ ਚਲਾਇੰਦਾ । ਕਲਜੁਗ ਵੇਲਾ ਅੰਤਮ ਢੁਕਣਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਕੂੜ ਕੁੜਿਆਰੀ ਜੜ ਆਪੇ ਪੁੱਟਣਾ, ਥਿਰ ਕੋਈ ਰਹਿਣ ਨਾ ਪਾਇੰਦਾ । ਮਨਮੁਖ ਬੂਟਾ ਮਾਤ ਸੁੱਕਣਾ, ਗੁਰਮੁਖ ਗੁਰ ਗੁਰ ਆਪ ਉਠਾਇੰਦਾ । ਸ਼ਬਦ ਨਿਸ਼ਾਨਾ ਕਦੇ ਨਾ ਉਕਣਾ, ਅਣਿਆਲਾ ਤੀਰ ਮੁਖ ਚਲਾਇੰਦਾ । ਗੋਬਿੰਦ ਗੁਰ ਗੁਰ ਗੁਰਸਿਖਾਂ ਕੋਲੋਂ ਪੁੱਛਣਾ, ਕਵਣ ਦਵਾਰੇ ਹਰਿ ਹਰਿ ਦਰਸ ਦਿਖਾਇੰਦਾ । ਫਿਰਦਾ ਰਹੇ ਚੁਪ ਚੁਪਨਾ, ਊਚੀ ਕੂਕ ਨਾ ਕੋਈ ਅਲਾਇੰਦਾ । ਸਦ ਵਸੇ ਅੰਧੇਰੇ ਘੁਪਨਾ, ਅੰਧ

ਅੰਧੇਰ ਕੋਠੜੀ ਆਸਣ ਲਾਇੰਦਾ । ਜੁਗਾ ਜੁਗੰਤ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਦੇਂਦਾ ਰਹੇ ਸਚੀ ਸੂਚਨਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਅੰਤਮ ਸਭ ਨੇ ਕਰਨਾ ਕੂਚਨਾ, ਫੜ ਫੜ ਪਾਂਧੀ ਆਪਣੇ ਰਾਹੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਸਤਿਗੁਰ ਮੀਤ, ਮਿੱਤਰ ਪਿਆਰੇ ਹੱਥ ਵਡਿਆਈਆ । ਭਗਤ ਭਗਵੰਤ ਗਾਏ ਗੀਤ, ਗਾ ਗਾ ਸ਼ੁਕਰ ਮਨਾਈਆ । ਵੇਖੇ ਧਾਮ ਇਕ ਅਨਡੀਠ, ਅਨਡਿਠੜੀ ਕਾਰ ਕਮਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਈਆ । ਸ਼ਬਦ ਪੜ੍ਹਾਏ ਇਕ ਹਦੀਸ, ਚੌਦਾਂ ਵਿਦਿਆ ਮੁੱਖ ਸਰਮਾਈਆ । ਲਹਿਣਾ ਮੁੱਕੇ ਰਾਗ ਛਤੀਸ, ਤੀਸ ਬਤੀਸ ਨਾ ਕੋਈ ਵਡਿਆਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਏਕਾ ਛਤਰ ਝੁੱਲੇ ਸੀਸ, ਰਾਜ ਰਾਜਾਨਾ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚੇ ਮੰਦਰ ਦਏ ਬਹਾਈਆ । ਸਾਚਾ ਮੰਦਰ ਉਚ ਮੁਨਾਰਾ, ਅਗੰਮ ਅਥਾਹ ਆਪ ਰਖਾਇੰਦਾ । ਸਾਚਾ ਮੰਦਰ ਹਰਿ ਦਵਾਰਾ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ । ਸਾਚਾ ਮੰਦਰ ਨਿਰਗੁਣ ਉਜਿਆਰਾ, ਨੂਰੋ ਨੂਰ ਡਗਮਗਾਇੰਦਾ । ਸਾਚਾ ਮੰਦਰ ਏਕੰਕਾਰਾ, ਏਕਾ ਆਸਣ ਲਾਇੰਦਾ । ਸਾਚਾ ਮੰਦਰ ਸਚ ਦਰਬਾਰਾ, ਰਾਜ ਰਾਜਾਨਾ ਸੋਭਾ ਪਾਇੰਦਾ । ਸਾਚੇ ਮੰਦਰ ਸਚ ਭਿਖਾਰਾ, ਬਣ ਭਿਖਾਰੀ ਝੋਲੀ ਅੱਗੇ ਡਾਹਿੰਦਾ । ਸਾਚੇ ਮੰਦਰ ਵਸਤ ਹਰਿ ਥਾਰਾ, ਧੁਰ ਦਰਬਾਰੀ ਆਪ ਵਰਤਾਇੰਦਾ । ਸਾਚੇ ਮੰਦਰ ਸਚ ਪਿਆਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਾਚੇ ਮੰਦਰ ਹੰ ਬ੍ਰਹਮ ਦਏ ਅਧਾਰਾ, ਬ੍ਰਹਮ ਆਪਣਾ ਅੰਗ ਰਖਾਇੰਦਾ । ਸੋਹੰ ਸ਼ਬਦ ਸਚ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਤਿੰਨੇ ਨਿਉਂ ਨਿਉਂ ਕਰਨ ਨਿਮਸਕਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਤੇਰੀ ਕੁਦਰਤ ਸਾਚੇ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੁਰਸ਼ਦ ਮੁਰੀਦ ਆਪ ਮਿਲਾਇੰਦਾ । ਮੁਰਸ਼ਦ ਮੁਰੀਦ ਆਪ ਮਲਾਹ, ਬੇੜਾ ਕਾਇਨਾਤ ਚਲਾਈਆ । ਪਰਵਰਦਿਗਾਰ ਸੁਣਾਏ ਸਿਫ਼ਤ ਸਲਾਹ, ਸਲਾਹਗੀਰ ਆਪ ਹੋ ਜਾਈਆ । ਹਰਿ ਰਹਿਮਾਨ ਬਣ ਖ਼ੁਦਾ, ਖ਼ੁਦ ਤਕਬੀਰ ਦਏ ਪੜ੍ਹਾਈਆ । ਸ਼ਰਅ ਸਾਚੀ ਆਪ ਬਣਾ, ਸ਼ਰੀਅਤ ਨਾਲ ਕਰੇ ਕੁੜਮਾਈਆ । ਮੁਕਾਮੇ ਹੱਕ ਮੁਖ ਛੁਪਾ, ਨਕ਼ਾਬ ਪੜਦਾ ਰਿਹਾ ਪਾਈਆ । ਆਫਤਾਬ ਰਿਹਾ ਸ਼ਰਮਾ, ਸ਼ਮਸ ਅਗਨੀ ਨਾ ਕੋਈ ਤਪਾਈਆ । ਇਕ ਅਹਿਬਾਬ ਰਬਾਬ ਰਿਹਾ ਵਜਾ, ਸਚ ਸਤਾਰ ਹਿਲਾਈਆ । ਪੜਦਾ ਉਹਲਾ ਪੀਰ ਪੈਗ਼ੰਬਰ ਪਾਕ ਰਸੂਲ ਆਪ ਬਣਾ, ਪਾਕੀ ਪਾਕ ਨੂਰ ਦਰਸਾਈਆ । ਅੰਤਮ ਸਭ ਤੇ ਫਤਵਾ ਦੇਵੇ ਲਾ, ਫਾਤਿਆ ਸਭ ਦਾ ਦੇਵੇ ਪੜ੍ਹਾਈਆ । ਨਿਰਗੁਣ ਸਰਗੁਣ ਨਾਲ ਕਰਦਾ ਰਿਹਾ ਨਕ਼ਾਹ, ਲੋਕਮਾਤ ਵਡ ਵਡਿਆਈਆ । ਅੰਤਮ ਨਾਤਾ ਦਏ ਤੁੜਾ, ਤੁੱਟੀ ਗੰਢ ਨਾ ਕੋਈ ਪੁਵਾਈਆ । ਕਲਮ ਕਲਮਾ ਗਏ ਪੜ੍ਹਾ, ਕਲਾਮ ਇਕ ਅਵਾਜ਼ ਸੁਣਾਈਆ । ਅੰਤਮ ਲੇਖਾ ਸਭਦਾ ਦਏ ਮੁਕਾ, ਲੁਕ ਲੁਕ ਮੁਖਬਰੀ ਆਪ ਕਰਾਈਆ । ਜਿਸ ਨੂੰ ਕਹਿੰਦੇ ਰਹੇ ਹਸਤੀ ਜੁਦਾ, ਸੋ ਹਸਤੀ ਸਭ ਦੀ ਦਏ ਮਿਟਾਈਆ । ਜਿਸ ਨੂੰ ਕਹਿੰਦੇ ਕਦੇ ਨਾ ਹੋਵੇ ਫਿਦਾ, ਸੋ ਫਿਤਰਤ ਸਭ ਦੀ ਗਿਆ ਗਵਾਈਆ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਅੱਖਰ ਵੱਖਰ ਰਿਹਾ ਪੜ੍ਹਾ, ਲੋਕਮਾਤ ਹਕ਼ੀਕ਼ਤ ਹੱਕ ਜਣਾਈਆ । ਸੋ ਅੰਤਮ ਦੀਨ ਮਜ਼੍ਹਬ ਜ਼ਾਤ ਪਾਤ ਸਭ ਨੂੰ ਕਰੇ ਸਫਾ, ਸਫ਼ਾ ਸਭ ਦੀ ਦਏ ਉਠਾਈਆ । ਲਿਖ ਲਿਖ ਲੇਖਾ ਘਲਦਾ ਰਿਹਾ ਰਫਾ, ਰਫ਼ ਲੇਖਾ ਆਪਣੀ ਝੋਲੀ

੬੭੨
੧੨

ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਦੇ ਨਾ ਹੋਇਆ ਫਨਾ, ਆਪਣਾ ਗੁੱਸਾ ਨਾ ਕੋਈ ਪਰਗਟਾਈਆ । ਜਿਸ ਨੇ ਮੁਹੰਮਦ ਲਬਾਂ ਦਿਤੀ ਕਟਾ, ਸੋ ਲਬ ਨਾ ਕੋਇ ਵਖਾਈਆ । ਜਿਸ ਨੂੰ ਨਾਨਕ ਨਿਰਗੁਣ ਰਿਹਾ ਧਿਆ, ਸੋ ਸਾਹਿਬ ਸੱਚਾ ਮਾਹੀਆ । ਜਿਸ ਨੂੰ ਮੂਸਾ ਕਹੇ ਹੋਇਆ ਰੁਸ਼ਨਾ, ਕੋਹਤੂਰ ਡੇਰਾ ਢਾਹੀਆ । ਜਿਸ ਦੀ ਮੰਗਦੇ ਰਹੇ ਰਜ਼ਾ, ਸਦ ਰਾਜਕ ਰਾਜਕ ਰਹੀਮ ਫੇਰਾ ਪਾਈਆ । ਜਿਸ ਨੂੰ ਗੋਬਿੰਦ ਗਿਆ ਧਿਆ, ਕਲ ਕਲਕੀ ਫੇਰਾ ਪਾਈਆ । ਜਿਸ ਦਾ ਦੋ ਜਹਾਨ ਡੰਕਾ ਰਿਹਾ ਵਜਾ, ਨੌਬਤ ਨਾਮ ਦਏ ਵਜਾਈਆ । ਜਿਸ ਦੀ ਅੰਜੀਲ ਕੁਰਾਨ ਸਿਫ਼ਤ ਰਹੇ ਗਾ, ਸਹੀ ਸਲਾਮਤ ਫੇਰਾ ਪਾਈਆ । ਜਿਸ ਦਰ ਤੋਂ ਮੰਗਦੇ ਰਹੇ ਆਬੇ ਹਯਾਤ, ਆਬੇ ਹਯਾਤ ਰਿਹਾ ਪਿਲਾਈਆ । ਜੇਹੜਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਿਲਦਾ ਰਹੇ ਵਿਚ ਖੁਵਾਬ, ਮਨ ਤਨ ਖੈਰ ਖਾਹ ਬਣਾਈਆ । ਸੋ ਗੁਰਮੁਖਾਂ ਰਿਹਾ ਮਿਲਾ, ਰਲ ਮਿਲ ਸਾਰੇ ਦਰਸ਼ਨ ਲਓ ਪਾ, ਵੇਲਾ ਗਿਆ ਹੱਥ ਨਾ ਆਈਆ । ਜਨਮ ਜਨਮ ਦਾ ਗੇੜਾ ਲਓ ਚੁਕਾ, ਗੇੜਾ ਫੇਰ ਨਾ ਕੋਈ ਭਵਾਈਆ । ਧਰਮ ਰਾਏ ਨੂੰ ਧੱਕਾ ਦੇਵੇ ਲਾ, ਚਿਤਰ ਗੁਪਤ ਨਾ ਕਲਮ ਉਠਾਈਆ । ਲਾੜੀ ਮੌਤ ਜਾਏ ਸ਼ਰਮਾ, ਗੁਰਸਿਖ ਦਰ ਨਾ ਫੇਰਾ ਪਾਈਆ । ਗੁਰਸਿਖ ਬ੍ਰਹਮਾ ਵਿਸ਼ਨੂੰ ਸ਼ਿਵ ਸੀਸ ਦੇਣ ਝੁਕਾ, ਨਿਉਂ ਨਿਉਂ ਲਾਗਣ ਪਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਫੂਲਨ ਬਰਖਾ ਲਾ, ਸਚਖੰਡ ਵੱਜੇ ਸਚ ਵਧਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਜਨ ਭਗਤਾਂ ਕੱਟੇ ਸਰਬ ਗੁਨਾਹ, ਗੁਨਾਹ ਇਕੋ ਇਕ ਜਣਾਈਆ । ਜੁਗ ਜੁਗ ਸਭ ਦਾ ਲੇਖਾ ਲੇਖੇ ਰਿਹਾ ਪਾ, ਪਰਦੇ ਅੰਦਰ ਲੇਖ ਲਿਖਾਈਆ । ਕਬੀਰ ਜੁਲਾਹੇ ਢੋਲਾ ਰਿਹਾ ਗਾ, ਕੂਕ ਕੂਕ ਸੁਣਾਈਆ । ਮੁਹੰਮਦ ਚਾਰ ਯਾਰੀ ਗਿਆ ਹੰਢਾ, ਯਾਰ ਸਾਚਾ ਨਾ ਸੰਗ ਨਿਭਾਈਆ । ਈਸਾ ਤੱਕਦਾ ਰਿਹਾ ਰਾਹ, ਇਕੋ ਓਟ ਤਕਾਈਆ । ਮੂਸਾ ਕਹੇ ਮੇਰਾ ਬੇਪਰਵਾਹ, ਮੁਰਸ਼ਦ ਸੱਚਾ ਨੂਰ ਅਲਾਹੀਆ । ਭਗਤ ਅਠਾਰਾਂ ਗਏ ਗਾ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਤੇਈ ਅਵਤਾਰ ਰੂਪ ਵਟਾ, ਪੰਜ ਤਤ ਚੋਲਾ ਗਏ ਹੰਢਾਈਆ । ਸਭ ਨੂੰ ਦੇਂਦਾ ਰਿਹਾ ਸਨੇਹਾ, ਚਰਨਾਂ ਹੇਠ ਮਿਲੇ ਸਰਨਾਈਆ । ਰਾਮ ਰਾਮ ਆਪ ਧਿਆ, ਕ੍ਰਿਸ਼ਨ ਕ੍ਰਿਸ਼ਨ ਧਿਆਈਆ । ਤੋਬਾ ਤੋਬਾ ਆਪ ਸੁਣਾ, ਐਲੀ ਐਲੀ ਵੱਜੇ ਵਧਾਈਆ । ਮੌਲਾ ਮੌਲਾ ਰਹੇ ਗਾ, ਮਲਕਲ ਮੌਤ ਕਰੇ ਕੁੜਮਾਈਆ । ਨਾਨਕ ਨਿਰਗੁਣ ਰਾਹੇ ਪਾ, ਏਕਾ ਅੱਖਰ ਦਏ ਸਮਝਾਈਆ । ਗੋਬਿੰਦ ਪੂਤ ਸਪੂਤਾ ਆਪ ਬਣਾ, ਸਿਰ ਛਤਰ ਦਏ ਝੁਲਾਈਆ । ਅੰਤਮ ਸਭ ਦਾ ਲਹਿਣਾ ਦਏ ਮੁਕਾ, ਲੁਕਿਆ ਕੋਈ ਰਹਿਣ ਨਾ ਪਾਈਆ । ਨਿਹਕਲੰਕ ਨਰਾਇਣ ਨਿਰਗੁਣ ਦਾਤਾ ਇਕ ਅਕਾਲਾ ਜਾਏ ਆ, ਦੂਜਾ ਸੰਗ ਨਾ ਕੋਈ ਰਖਾਈਆ । ਸੰਬਲ ਮਹੱਲਾ ਲਏ ਵਸਾ, ਸੰਭਲ ਸੰਭਲ ਚਰਨ ਟਿਕਾਈਆ । ਸ੍ਰਿਸ਼ਟ ਸਬਾਈ ਦਏ ਭੁਲਾ, ਅਭੁੱਲ ਭੇਵ ਖੁਲ੍ਹਾਈਆ । ਗੁਰਮੁਖ ਰੁੱਲਾ ਲਏ ਮਿਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਅੰਤਮ ਸਭ ਦੀ ਸੁਲਾਹ ਦਏ ਕਰਾ, ਗੁਰ ਅਵਤਾਰ ਪੀਰ ਪੈਗ਼ੰਬਰ ਦੀਨ ਮਜ਼੍ਹਬ ਕਰੇ ਨਾ ਕੋਈ ਪੜ੍ਹਾਈਆ । ਮੁੱਲਾ ਸ਼ੇਖ਼ ਮਸਾਇਕ ਪੀਰ ਦਸਤਗੀਰ ਪੰਡਤ ਪਾਂਧੇ ਗ੍ਰੰਥੀ ਪੰਥੀ ਦਏ ਪੜ੍ਹਾ, ਏਕਾ ਅੱਖਰ ਦਏ ਜਣਾਈਆ । ਧਰਨੀ ਧਰਤ ਧਵਲ ਹੌਲਾ ਭਾਰ ਦਏ ਕਰਾ, ਕੂੜੀ ਕਿਰਿਆ ਮੇਟ ਮਿਟਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਏਕਾ ਨਜ਼ਰੀ ਆਏ ਖ਼ੁਦਾ, ਏਕਾ ਰਾਮ ਰਾਮ ਵਡਿਆਈਆ । ਏਕਾ ਇਸ਼ਟ ਗੁਰਦੇਵ ਪੁਰਖ ਅਕਾਲ ਲਏ ਵਟਾ, ਅਕਾਲ ਅਕਾਲ ਏਕਾ ਡੰਕਾ ਲਾਈਆ । ਸਾਚੀ ਧਰਮਸਾਲ ਦਏ ਵਖਾ, ਧਰਮ ਦਵਾਰੇ ਕਰ ਰੁਸ਼ਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ

੬੭੩
੧੨

ਭਗਤਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਸਚ ਪਰਵਾਨ, ਦੂਸਰ ਕਰੇ ਨਾ ਕੋਈ ਪੜ੍ਹਾਈਆ । ਪੜ੍ਹ ਪੜ੍ਹ ਥੱਕੇ ਜੁਗ ਚਾਰ, ਚਾਰ ਵੇਦ ਦੇਣ ਦੁਹਾਈਆ । ਪੜ੍ਹ ਪੜ੍ਹ ਥੱਕੇ ਜੀਵ ਸੰਸਾਰ, ਜੀਵਣ ਜੁਗਤ ਨਾ ਕੋਈ ਵਡਿਆਈਆ । ਪੜ੍ਹ ਪੜ੍ਹ ਥੱਕੇ ਵਡ ਬਲਕਾਰ, ਬਲ ਆਪਣਾ ਨਾ ਕੋਈ ਰਖਾਈਆ । ਪੜ੍ਹ ਪੜ੍ਹ ਥੱਕੇ ਲੋਭ ਹੰਕਾਰ, ਹੱਕ ਹਕ਼ੀਕ਼ਤ ਨਾ ਕੋਈ ਜਣਾਈਆ । ਬਿਨ ਸਤਿਗੁਰ ਕੋਇ ਨਾ ਪਾਏ ਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਚੇ ਸੰਤਾਂ ਗੁਰਮੁਖਾਂ ਗੁਰਸਿਖਾਂ ਗੁਰ ਘਰ ਘਰ ਹੋਵੇ ਸਹਾਈਆ ।

### ✳ ੧੫ ਭਾਦਰੋਂ ੨੦੧੯ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ ਫਿਰੋਜ਼ਪੁਰ ✳

ਵਡ ਸੰਸਾਰੀ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਬਣੇ ਅਵਤਾਰਾ, ਗੁਰ ਗੁਰ ਵੇਸ ਵਟਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਨਾਮ ਵਸਤ ਅਮੋਲਕ ਠਾਂਡੀ ਠਾਰਾ, ਦੋ ਜਹਾਨਾਂ ਆਪ ਵਰਤਾਇੰਦਾ । ਕਿਰਪਾ ਕਰ ਏਕੰਕਾਰਾ, ਅਕਲ ਕਲ ਧਾਰੀ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਆਵੇ ਵਾਰੋ ਵਾਰਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਬੋਧ ਅਗਾਧੀ ਬਣ ਲਿਖਾਰਾ, ਲਿਖ ਲਿਖ ਸਰਬ ਸਮਝਾਇੰਦਾ । ਖਾਣੀ ਬਾਣੀ ਦਏ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੬੭੪ ਕਰ, ਆਪਣਾ ਲੇਖ ਆਪ ਲਿਖਾਇੰਦਾ । ਵਡ ਸੰਸਾਰਾ ਹਰਿ ਮਿਹਰਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਵਸਣਹਾਰਾ ਸਚ ਮਕਾਨ, ਦਰਗਹਿ ੬੭੪
ਸਾਚੀ ਆਸਣ ਲਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਹੁਕਮੇ ਅੰਦਰ ਖੇਲ ਮਹਾਨ, ਕਰਤਾ ਪੁਰਖ ਪੁਰਖ
੧੨ ਕਰਾਈਆ । ਲੱਖ ਚੁਰਾਸੀ ਵਖਾਏ ਸਤਿ ਨਿਸ਼ਾਨ, ਧਰਤ ਧਵਲ ਦਏ ਵਡਿਆਈਆ । ਆਤਮ ਪਰਮਾਤਮ ਇਕ ਗਿਆਨ, ਸਚ ਸੰਦੇਸਾ ਦਏ ੧੨
ਸਮਝਾਈਆ । ਸੋ ਪੁਰਖ ਅਕਾਲ ਗੁਣ ਨਿਧਾਨ, ਗੁਣਵੰਤਾ ਆਪਣਾ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਗੁਣ ਨਿਧਾਨ, ਏਕੰਕਾਰਾ ਖੇਲੇ ਖੇਲ ਬੇਪਰਵਾਹੀਆ । ਆਦਿ ਨਿਰੰਜਣ ਵਡ ਬਲਵਾਨ, ਬਲ ਆਪਣਾ ਆਪ ਜਣਾਈਆ । ਕਰਤਾ ਪੁਰਖ ਹੋ ਮਿਹਰਵਾਨ, ਅਬਿਨਾਸ਼ੀ ਕਰਤਾ ਸਚ ਨਿਸ਼ਾਨ ਝੁਲਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਲੱਖ ਚੁਰਾਸੀ ਅੰਦਰ ਵੜ ਵੜ ਆਪਣਾ ਖੇਲ ਕਰਾਈਆ । ਸਦਾ ਸੁਹੇਲਾ ਇਕ ਅਕੇਲਾ, ਨਿਰਗੁਣ ਸਰਗੁਣ ਦੇਵੇ ਦਾਨ, ਦਰ ਸਾਚੀ ਵਸਤ ਆਪ ਵਰਤਾਈਆ । ਖੇਲੇ ਖੇਲ ਸ੍ਰੀ ਭਗਵਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਲੋਕਾਈ ਰਿਹਾ ਸੁਣਾਈਆ । ਵੇਖਣਹਾਰਾ ਸੰਸਾਰ ਸਾਗਰ, ਸਹਿਸਾ ਹੋਰ ਨਾ ਕੋਇ ਰਖਾਇੰਦਾ । ਘਟ ਘਟ ਵਸੇ ਕਾਇਆ ਗਾਗਰ, ਕਾਇਆ ਗਾਗਰ ਭਾਗ ਲਗਾਇੰਦਾ । ਜੋਧਾ ਸੂਰਬੀਰ ਵਡ ਬਹਾਦਰ, ਜ਼ੋਰ ਜੋਰੂ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਸੰਸਾਰੀ ਖੇਲ ਕਰਾਇੰਦਾ । ਵਡ ਸੰਸਾਰੀ ਖੇਲ ਅਪਾਰਾ, ਜੁਗ ਜੁਗ ਆਪ ਕਰਾਈਆ । ਸਤਿਜੁਗ ਵੇਖੇ ਸਾਚੀ ਧਾਰਾ, ਤ੍ਰੇਤਾ ਏਕਾ ਬੰਧਨ ਪਾਈਆ । ਦਵਾਪਰ ਖੇਲ ਭਗਵਨ ਕਾਰਾ, ਕਲਜੁਗ ਪਰਦਾ ਦਏ ਉਠਾਈਆ ।

ਸ਼ਬਦ ਅਨਾਦੀ ਬੋਲ ਜੈਕਾਰਾ, ਨਿਰਗੁਣ ਸਰਗੁਣ ਦਏ ਸਮਝਾਈਆ । ਸੇਵਾ ਲਾਏ ਗੁਰ ਅਵਤਾਰਾ, ਗੁਰ ਗੁਰ ਸਾਚੀ ਸੇਵ ਕਮਾਈਆ । ਵਸਤ ਅਮੋਲਕ ਬਣ ਵਣਜਾਰਾ, ਦੋ ਜਹਾਨਾਂ ਆਪ ਵਰਤਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਏ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਸੰਸਾਰੀ ਭੇਵ ਚੁਕਾਈਆ । ਵਡ ਸੰਸਾਰੀ ਹਰਿ ਨਿਰੰਕਾਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਸਰਗੁਣ ਦੇਵੇ ਨਾਮ ਅਧਾਰ, ਨਾਮ ਨਿਧਾਨਾ ਆਪ ਅਖਵਾਇੰਦਾ । ਨਿਰਮਲ ਦੀਆ ਜੋਤੀ ਜਾਤਾ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਸਾਚਾ ਮੰਦਰ ਇਕ ਦਵਾਰ, ਹਰਿ ਮੰਦਰ ਇਕ ਵਖਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਦੂਈ ਦਵੈਤੀ ਪੜਦਾ ਲਾਹਿੰਦਾ । ਮਹੱਲ ਅਟੱਲ ਉਚ ਮਿਨਾਰ, ਗ੍ਰਿਹ ਗ੍ਰਿਹ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾਰ ਅੰਤਮ ਸੰਸਾਰੀ ਆਪਣਾ ਰੂਪ ਵਖਾਇੰਦਾ । ਸੰਸਾਰ ਅੰਦਰ ਹਰਿ ਜੂ ਵੜ, ਵੜ ਵੜ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਅੰਤਰ ਆਤਮ ਪੌੜੇ ਗਿਆ ਚੜ੍ਹ, ਕਿਸੇ ਨਜ਼ਰ ਨਾ ਆਈਆ । ਨਿਰਗੁਣ ਸਰਗੁਣ ਪੱਲੂ ਲਏ ਫੜ, ਫੜ ਪੱਲੂ ਗੰਢ ਬੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਵਟਾਈਆ । ਬਣ ਸੰਸਾਰੀ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਦੇਵੇ ਮਾਣਾ, ਸਿਰ ਆਪਣਾ ਹੱਥ ਰਖਾਇੰਦਾ । ਬੋਧ ਅਗਾਧ ਇਕ ਤਰਾਨਾ, ਰਾਗੀ ਰਾਗ ਇਕ ਅਲਾਇੰਦਾ । ਘਰ ਮੰਦਰ ਸੁਹਾਏ ਇਕ ਮਕਾਨਾ, ਕਾਇਆ ਬੰਕ ਬੰਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਸਮਝਾਇੰਦਾ । ਸਾਚਾ ਲੇਖਾ ਹਰਿ ਕਰਤਾਰ, ਕਰਤਾ ਆਪ ਜਣਾਈਆ । ਪਰਗਟ ਕਰ ਗੁਰੂ ਅਵਤਾਰ, ਗੁਰੂ ਗੁਰ ਦਏ ਸਮਝਾਈਆ । ਹਰਿ ਕਾ ਨਾਉਂ ਅਗੰਮ ਅਪਾਰ, ਸਿਫ਼ਤੀ ਸਿਫ਼ਤ ਸਲਾਹੀਆ । ਲੱਖ ਚੁਰਾਸੀ ਹੋਏ ਉਜਿਆਰ, ਜੀਵ ਜੰਤ ਹੋਏ ਸਹਾਈਆ । ਮਾਨਸ ਮਾਨੁਖ ਹੋਏ ਪਾਰ, ਬੇੜਾ ਲੋਕਮਾਤ ਤਰਾਈਆ । ਰਸਨਾ ਜਿਹਵਾ ਰੱਖੇ ਆਧਾਰ, ਬੱਤੀ ਦੰਦ ਦੰਦ ਵਡਿਆਈਆ । ਮਨਮਤ ਕਰੇ ਖੁਆਰ, ਬੁੱਧੀ ਬੁਧ ਬਿਬੇਕ ਕਰਾਈਆ । ਰੱਤੀ ਰੱਤ ਨਾ ਦਿਸੇ ਕੂੜ ਗਵਾਰ, ਸਚ ਸੁੱਚ ਦਏ ਵਡਿਆਈਆ । ਗੁਰ ਕਾ ਸ਼ਬਦ ਗੁਰ ਗੁਰ ਕਰੇ ਪਿਆਰ, ਉਚੀ ਕੂਕ ਕੂਕ ਸੁਣਾਈਆ । ਬ੍ਰਹਮਾ ਵੇਤਾ ਲਿਖ ਲਿਖ ਲੇਖਾ ਵੇਦ ਚਾਰ, ਸ਼ਾਸਤਰ ਨਾਲ ਰਲਾਈਆ । ਵੇਦ ਵਿਆਸਾ ਪੁਰਾਨ ਅਠਾਰਾਂ ਗਿਆ ਜਣਾ, ਪੁਰਾਨੀ ਪੁਰਾਨ ਸਮਝਾਈਆ । ਕਾਹਨਾ ਕ੍ਰਿਸ਼ਨਾ ਭੇਵ ਚੁਕਾ, ਗੀਤਾ ਗਿਆਨ ਦ੍ਰਿੜਾਈਆ । ਅੰਜੀਲ ਕੁਰਾਨਾਂ ਕਰ ਖ਼ਬਰਦਾਰ, ਮਸਲਾ ਹਕੀਕ਼ਤ ਹੱਕ ਕਰੇ ਪੜ੍ਹਾਈਆ । ਲਾਸ਼ਰੀਕ ਪਰਵਰਦਿਗਾਰ, ਤੌਫੀਕ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਕਰ ਤਿਆਰ, ਹੱਕ ਰਸੂਲ ਦਏ ਜਣਾਈਆ । ਮਾਕੂਲ ਅਸੂਲ ਕਰ ਤਿਆਰ, ਆਇਤ ਸ਼ਰਾਇਤ ਆਪ ਸੁਣਾਈਆ । ਅੰਜੀਲ ਕੁਰਾਨਾ ਪਾ ਪਾ ਸਾਰ, ਕਾਇਆ ਕੁਰਾ ਦਏ ਵਡਿਆਈਆ । ਮੁਕਾਮੇ ਹੱਕ ਬੋਲ ਨਾਅਰ, ਹੱਕ ਹਕੀਕ਼ਤ ਖੋਜ ਖੋਜਾਈਆ । ਲਾਸ਼ਰੀਕ ਪਰਵਰਦਿਗਾਰ, ਧੁਰ ਦਾ ਲਹਿਣਾ ਦਏ ਦਰਸਾਈਆ । ਸ੍ਰਿਸ਼ਟ ਸਬਾਈ ਵਖਾਏ ਸੱਚਾ ਘਰ ਬਾਰ, ਗ੍ਰਿਹ ਮੰਦਰ ਕੁੰਡਾ ਲਾਹੀਆ । ਜੋਤੀ ਜਲਵਾ ਨੂਰ ਉਜਿਆਰ, ਲਾਲ ਗੁਲਾਲਾ ਰੰਗ ਚੜ੍ਹਾਈਆ । ਮੱਕਾ ਕਾਅਬਾ ਖੇਲ ਅਪਾਰ, ਦਹਿ ਦਿਸ਼ਾ ਵੇਖ ਵਖਾਈਆ । ਸਾਚੀ ਸਿਖਿਆ ਏਕਾ ਵਾਰ, ਏਕੰਕਾਰਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸੰਸਾਰਾ ਸੇਵਾ ਲਾਈਆ । ਹਰਿ ਸੰਸਾਰੀ ਸੱਚਾ ਰਾਹ, ਜਨ ਹਰਿ ਆਪ ਜਣਾਈਆ ।

੬੭੫
੧੨

ਗੁਰ ਗੁਰ ਰੂਪ ਦਏ ਸਲਾਹ, ਸ਼ਬਦੀ ਬੇੜਾ ਇਕ ਵਖਾਈਆ । ਸਾਚੀ ਨੱਯਾ ਲਏ ਚੜ੍ਹਾ, ਮੰਝਧਾਰ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਆਪ ਜਣਾਈਆ । ਸ੍ਰਿਸ਼ਟ ਸਬਾਈ ਸਾਚਾ ਨਾਤਾ, ਆਦਿ ਜੁਗਾਦੀ ਰੂਪ ਵਖਾਇੰਦਾ । ਜੁਗਾ ਜੁਗੰਤਰ ਵੇਖੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਗੋਪੀ ਕਾਹਨ ਬਣ ਬਣ ਪਾਏ ਰਾਸਾ, ਮੰਡਲ ਮੰਡਪ ਰਾਸ ਰਚਾਇੰਦਾ । ਕਰੇ ਖੇਲ ਸ਼ਾਹੋ ਸ਼ਬਾਸ਼ਾ, ਸ਼ਹਿਨਸ਼ਾਹ ਆਪਣੀ ਕਲ ਵਰਤਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਭੋਗ ਬਲਾਸਾ, ਘਰ ਘਰ ਵਿਚ ਸੋਭਾ ਪਾਇੰਦਾ । ਨਿਝ ਗ੍ਰਿਹਿ ਕਰ ਕਰ ਵਾਸਾ, ਸਚ ਮੰਦਰ ਇਕ ਸੁਹਾਇੰਦਾ । ਨੂਰੋ ਨੂਰ ਜੋਤ ਪਰਕਾਸ਼ਾ, ਅਗਿਆਨ ਅੰਧੇਰ ਚੁਕਾਇੰਦਾ । ਸਤਿ ਸਤਿਵਾਦੀ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਤੇਈ ਅਵਤਾਰ ਗਾਇਨ ਗਾਥਾ, ਭਗਤ ਅਠਾਰਾਂ ਨਾਂਲ ਮਿਲਾਇੰਦਾ । ਈਸਾ ਮੂਸਾ ਸਿਰ ਟੇਕੇ ਆਪੇ ਮਾਥਾ, ਨਿਉਂ ਸੱਯਦਾ ਸੀਸ ਝੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀ ਬਾਣੀ ਲਿਖ ਲਿਖ ਸਾਕਾ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾਰ ਸਾਗਰ ਰਾਹ ਜਣਾਇੰਦਾ । ਸੰਸਾਰ ਸਾਗਰ ਏਕਾ ਟੇਕ, ਹਰਿ ਜੂ ਹਰਿ ਹਰਿ ਆਪ ਜਣਾਈਆ । ਜੁਗ ਜਨਮ ਦੀ ਮੇਟੇ ਰੇਖ, ਪੂਰਬ ਲਹਿਣਾ ਝੋਲੀ ਪਾਈਆ । ਡੂੰਘੀ ਭਵਰੀ ਕਾਇਆ ਅੰਦਰ ਲਏ ਵੇਖ, ਨਿਝ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ, ਜੁਗ ਜੁਗ ਅਪਣਾ ਭੇਵ ਖੁਲ੍ਹਾਈਆ । ਸਤਿਜੁਗ ਸਾਚਾ ਉਤਰਿਆ ਪਾਰ, ਅਜੂਨੀ ਰਹਿਤ ਆਪ ਸਮਝਾਇੰਦਾ । ਤ੍ਰੇਤੇ ਵੇਖੇ ਵੇਖਣਹਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਅਲੱਖ ਅਗੋਚਰ ਦਵਾਪਰ ਲੇਖਾ ਇਕੋ ਵਾਰ, ਅਠ ਦਸ ਪੜਦਾ ਲਾਹਿੰਦਾ । ਕਲਜੁਗ ਖੇਲ ਕਰ ਅਪਾਰ, ਪੰਜ ਤਿੰਨ ਖੋਜ ਖੋਜਾਇੰਦਾ । ਇਕਵੰਜਾ ਬਵੰਜਾ ਖੇਲ ਅਪਾਰ, ਬਾਵਨ ਅੱਖਰ ਵੱਖਰ ਆਪਣੇ ਵਿਚ ਛੁਪਾਇੰਦਾ । ਅਲਫ਼ ਯੇ ਰੋਵੇ ਵਾਰੋ ਵਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਇਕੋ ਅੱਖਰ ਕਰਨ ਪੁਕਾਰ, ਆਖਰ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਮੰਗਣ ਵਾਰੋ ਵਾਰ, ਪ੍ਰਭ ਅੱਗੇ ਸੀਸ ਸਰਬ ਝੁਕਾਇੰਦਾ । ਲੇਖਾ ਲਿਖ ਲਿਖ ਗਏ ਵਿਚ ਸਰਬ ਸੰਸਾਰ, ਲਿਖਿਆ ਲੇਖ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪ ਅਖਵਾਇੰਦਾ । ਜੁਗ ਕਰਤਾ ਹਰਿ ਕਰਨੇ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਧੁਰ ਸੰਜੋਗ, ਧੁਰ ਦੀ ਧਾਰ ਆਪ ਬੰਧਾਈਆ । ਵੇਖਣਹਾਰਾ ਚੌਦਾਂ ਲੋਕ, ਪਰਲੋਕ ਰਿਹਾ ਸਮਝਾਈਆ । ਸੁਣਾਵਣਹਾਰਾ ਸਚ ਸਲੋਕ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਜੋਤ, ਨਿਰਮਲ ਨੂਰ ਨੂਰ ਰੁਸ਼ਨਾਈਆ । ਕਰੇ ਪਿਆਰ ਕਾਇਆ ਕੋਟ, ਕਿਲਾ ਬੰਕ ਆਪ ਸੁਹਾਈਆ । ਮਾਇਆ ਮਮਤਾ ਹਉਮੇ ਹੰਗਤਾ ਕੱਢੇ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਕਿਰਪਾ ਨਿਧ ਠਾਕਰ ਸਵਾਮੀ ਖੋਲ੍ਹਣਹਾਰਾ ਸੋਤ, ਸੁਰਤ ਸਵਾਣੀ ਆਪ ਉਠਾਈਆ । ਜਾਪ ਜਪਾਏ ਬਿਨ ਰਸਨਾ ਹੋਟ, ਬੱਤੀ ਦੰਦ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਦਰਸਾਈਆ । ਸਾਚਾ ਖੇਲ ਸ੍ਰੀ ਭਗਵੰਤ, ਆਦਿ ਜੁਗਾਦੀ ਆਪ ਜਣਾਇੰਦਾ । ਸਰਬ ਜੀਆਂ ਦਾ ਏਕਾ ਕੰਤ, ਦੂਸਰ ਹੋਰ ਨਾ ਕੋਈ ਵਖਾਇੰਦਾ । ਸਦਾ ਸੁਹੇਲਾ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਮੇਲ ਮਿਲਾਵਾ ਸਾਚੇ ਸੰਤ, ਸਤਿ ਸਤਿਵਾਦੀ

੬੭੭
੧੨

ਦਇਆ ਕਮਾਇੰਦਾ । ਏਥੇ ਓਥੇ ਦੋ ਜਹਾਨ ਬਣਾਏ ਬਣਤ, ਭਗਤ ਭਗਵੰਤ ਆਪ ਉਠਾਇੰਦਾ । ਆਦਿ ਜੁਗਾਦੀ ਬ੍ਰਹਮ ਬ੍ਰਹਮਾਦੀ ਏਕਾ ਮਣੀਆ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਾਗਰ ਵੇਖ ਵਖਾਇੰਦਾ । ਜਗਤ ਸਾਗਰ ਡੂੰਘਾ ਤਾਲ, ਹਰਿ ਜੂ ਹਰਿ ਹਰਿ ਆਪ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਚਾਰੋਂ ਕੁੰਟ ਡੋਰੂ ਵਾਹੀਆ । ਸਤਿਗੁਰ ਦਿਸੇ ਨਾ ਕਿਸੇ ਨਾਲ, ਖਾਲੀ ਫਿਰੇ ਸਰਬ ਲੋਕਾਈਆ । ਵਰਨ ਬਰਨ ਹੋਏ ਬੇਹਾਲ, ਜ਼ਾਤ ਪਾਤ ਦਏ ਦੁਹਾਈਆ । ਤ੍ਰੈਗੁਣ ਮਾਇਆ ਤੋੜ ਸਕੇ ਨਾ ਕੋਈ ਜੰਜਾਲ, ਜਾਗਰਤ ਜੋਤ ਨਾ ਕਰੇ ਕੋਈ ਰੁਸ਼ਨਾਈਆ । ਅੱਖਰੀ ਲਫਜ਼ ਘਾਲ ਥੱਕੇ ਘਾਲ, ਘਾਲੀ ਘਾਲ ਨਾ ਲੇਖੇ ਪਾਈਆ । ਪੁਰਖ ਅਬਿਨਾਸ਼ੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਚਲਾਈਆ । ਦੋ ਜਹਾਨਾਂ ਵਜਾਏ ਆਪਣਾ ਤਾਲ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਲੱਖ ਚੁਰਾਸੀ ਵੇਖੇ ਪਤ ਡਾਲ੍ਹ, ਫਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਾਗਰ ਵੇਖੇ ਥਾਉਂ ਥਾਈਂਆ । ਜਗਤ ਸਾਗਰ ਤੇਰੀ ਕਲਜੁਗ ਲਹਿਰ, ਲਹਿਰ ਲਹਿਰ ਨਾਲ ਟਕਰਾਇੰਦਾ । ਨੌਂ ਖੰਡ ਪ੍ਰਿਥਮੀ ਦਿਸੇ ਕਹਿਰ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਇੰਦਾ । ਛੱਤੀ ਰਾਗ ਗਾ ਗਾ ਥੱਕੇ ਆਪਣੇ ਤਰਜ਼ ਬਹਿਰ, ਬਹਿਰਾਪਨ ਨਾ ਕੋਇ ਮਿਟਾਇੰਦਾ । ਸਿਫ਼ਤ ਸਾਲਾਹੀ ਕਰ ਕਰ ਥੱਕੇ ਸ਼ਾਇਰ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਗਰ ਪੜਦਾ ਆਪ ਉਠਾਇੰਦਾ । ਜਗਤ ਸਾਗਰ ਵਡ ਸੰਸਾਰ, ਵਡ ਸੰਸਾਰੀ ਵੇਖ ਵਖਾਇੰਦਾ । ਕਲਜੁਗ ਅੰਤਮ ਅੰਤ ਕਿਨਾਰ, ਨਵ ਨੌਂ ਚਾਰ ਹੰਢਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਸਚ ਸੰਦੇਸਾ ਆਪ ਸੁਣਾਇੰਦਾ । ਸੀਸ ਜਗਦੀਸ ਤਾਜ ਸਹਾਰ, ਹੁਕਮੀ ਹੁਕਮ ਹੁਕਮ ਵਰਤਾਰ, ਹੁਕਮ ਹਾਕਮ ਆਪ ਅਲਾਇੰਦਾ । ਏਕਾ ਖੋਲ੍ਹ ਬੰਦ ਕਿਵਾੜ, ਦਰਗਹਿ ਸਾਚੀ ਧਾਮ ਸੁਹਾਇੰਦਾ । ਪਰਗਟ ਹੋਏ ਇਕ ਪਰਵਰਦਿਗਾਰ, ਬੇਐਬ ਮੁਖ ਨਕ਼ਾਬ ਨਾ ਕੋਈ ਰਖਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਈ ਮੁਕਾਇੰਦਾ । ਲੇਖਾ ਮੰਗੇ ਜਗਤ ਦਵਾਰ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਦਰ ਦਰ ਲੱਭਦੇ ਗੁਰ ਅਵਤਾਰ, ਦਰ ਦਰਵੇਸ਼ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾਰ ਸਾਗਰ ਸਾਚੀ ਧਾਰ ਚਲਾਇੰਦਾ । ਗੁਰ ਅਵਤਾਰ ਹੋਏ ਅਕੱਠੇ, ਸਚਖੰਡ ਵੱਜੀ ਵਧਾਈਆ । ਪੀਰ ਪੈਗ਼ੰਬਰ ਆਵਣ ਨੱਠੇ, ਦਰ ਦਵਾਰੇ ਆਪ ਬਹਾਇੰਦਾ । ਪੁਰਖ ਅਬਿਨਾਸ਼ੀ ਚਰਨ ਢੱਠੇ, ਨਿਉਂ ਸੱਯਦਾ ਸੀਸ ਝੁਕਾਈਆ । ਇਕੋ ਵਾਰ ਸਾਰੇ ਸੱਥਰ ਲੱਥੇ, ਸੱਥਰ ਬੈਠੇ ਇਕ ਵਛਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਜੋ ਮਾਰਗ ਦੱਸੇ, ਲੋਕਮਾਤ ਮਾਤ ਜਣਾਈਆ । ਕਲਜੁਗ ਕੂੜ ਕੁੜਿਆਰ ਦਿਸੇ, ਅੰਧ ਅੰਧੇਰ ਤੇਰਾ ਨੂਰ ਨਾ ਕੋਈ ਰੁਸ਼ਨਾਈਆ । ਚੌਦਾਂ ਤਬਕ ਹੱਕੇ ਬੱਕੇ, ਭਰਮੇ ਭੁੱਲੀ ਸਰਬ ਲੋਕਾਈਆ । ਨਾਤਾ ਤੁਟੇ ਭੈਣ ਭਾਈ ਸਕੇ, ਪਿਤਾ ਪੂਤ ਨਾ ਕੋਈ ਮਨਾਈਆ । ਸਾਧਾ ਸੰਤਾਂ ਪੈਂਦੇ ਧੱਕੇ, ਚਾਰੋਂ ਕੁੰਟ ਪਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਤੇਰੀ ਸੇਵ ਕਰ ਕਰ ਥੱਕੇ, ਆਪਣਾ ਬੈਠੇ ਬਲ ਗਵਾਈਆ । ਜਿਉਂ ਭਾਵੇ ਤਿਉਂ ਸਭ ਨੂੰ ਰੱਖੇ, ਸਭ ਚਲਣ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗਤ ਸਾਗਰ ਵੇਖ ਵਖਾਈਆ । ਜਗਤ ਸਾਗਰ ਵੇਖ ਕਿਨਾਰਾ, ਹਰਿ ਹਰਿ ਆਪਣਾ ਖੇਲ ਕਰਾਇੰਦਾ । ਨੇਤਰ ਵਖਾਏ ਗੁਰ ਅਵਤਾਰਾ, ਗੁਰ ਗੁਰ

ਬੂਝ ਬੁਝਾਇੰਦਾ । ਮਾਤਲੋਕ ਦਾ ਲੋਕ ਵਿਹਾਰਾ, ਲੁਕ ਲੁਕ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਪੀਰ ਪੈਗ਼ੰਬਰ ਖੋਲ੍ਹ ਅੱਖ, ਲੋਕਮਾਤ ਤਕਾਈਆ । ਉਮਤ ਨਬੀ ਦਿਸੇ ਸਖ, ਰਸੂਲ ਮਿਲੇ ਨਾ ਕੋਈ ਵਡਿਆਈਆ । ਕਲਜੁਗ ਖੇੜਾ ਹੋਵੇ ਭੱਠ, ਭੱਠ ਖੇੜਾ ਦਏ ਵਸਾਈਆ । ਕੂੜਾ ਬੁਰਜ ਜਾਏ ਢੱਠ, ਢਾਹ ਢਾਹ ਖ਼ਾਕ ਮਿਲਾਈਆ । ਨਾਤਾ ਤੁੱਟੇ ਅਠਸਠ, ਸਠਅਠ ਨਾ ਕੋਈ ਸਹਾਈਆ । ਲੇਖਾ ਚੁੱਕੇ ਤੀਰਥ ਮੱਠ, ਸ਼ਿਵਦਵਾਲਾ ਨਾ ਕੋਈ ਵਡਿਆਈਆ । ਕੋਈ ਦਵਾਰ ਨਾ ਰੱਖੇ ਕੋਈ ਪੱਤ, ਮੰਦਰ ਮਸਜਦ ਰਹੀ ਕੁਰਲਾਈਆ । ਲੱਖ ਚੁਰਾਸੀ ਭੁੱਲੀ ਬ੍ਰਹਮ ਮਤ, ਪਾਰਬ੍ਰਹਮ ਨਾ ਕੋਈ ਮਿਲਾਈਆ । ਸਾਹਿਬ ਸਤਿਗੁਰ ਤੁਟਾ ਨੱਤ, ਜਗਤ ਨਾਤਾ ਕਰੀ ਕੁੜਮਾਈਆ । ਅੰਦਰ ਬਾਹਿਰ ਅੰਧੇਰੀ ਰਾਤ, ਸਾਚਾ ਨੂਰ ਨਾ ਕੋਈ ਰੁਸ਼ਨਾਈਆ । ਮਨਮੁਖ ਜੀਵ ਨਾਰ ਕਮਜ਼ਾਤ, ਹਰਿ ਜੂ ਕੰਤ ਨਾ ਕੋਈ ਹੰਢਾਈਆ । ਅੰਤਮ ਵਹਿਣਾ ਡੂੰਘੇ ਖਾਤ, ਖਾਤਾ ਅੱਖਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਫੇਰਾ ਏਕਾ ਮਾਹੀਆ । ਜੁਗ ਜੁਗ ਫੇਰਾ ਸਰਗੁਣ ਧਾਰ, ਨਿਰਗੁਣ ਖੇਲ ਕਰਾਇੰਦਾ । ਜੁਗ ਜੁਗ ਵੇਸ ਗੁਰੂ ਅਵਤਾਰ, ਗੁਰ ਗੁਰ ਨਾਉਂ ਧਰਾਇੰਦਾ । ਜੁਗ ਜੁਗ ਭਗਤ ਭਗਵੰਤ ਕਰੇ ਪਿਆਰ, ਭਗਤਨ ਮੀਤਾ ਆਪ ਅਖਵਾਇੰਦਾ । ਜੁਗ ਜੁਗ ਸਾਚੇ ਸੰਤਾ ਲਏ ਅਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਜੁਗ ਸਾਚੇ ਸਾਜਨ ਪੌੜੇ ਦੇਵੇ ਚਾੜ੍ਹ, ਨਾਮ ਪੌੜਾ ਇਕ ਲਗਾਇੰਦਾ । ਜੁਗ ਜੁਗ ਗੁਰਸਿਖ ਸਾਜਨ ਸਾਚੇ ਅੰਦਰ ਦੇਵੇ ਵਾੜ, ਫੜ ਬਾਂਹੋਂ ਆਪ ਬਹਾਇੰਦਾ । ਜੁਗ ਜੁਗ ਬੋਧ ਅਗਾਧਾ ਬਣ ਲਿਖਾਰ, ਲਿਖ ਲਿਖ ਲੇਖਾ ਆਪ ਜਣਾਇੰਦਾ । ਅੱਖਰ ਵੱਖਰ ਵੱਖਰ ਅੱਖਰ ਭੇਵ ਨਿਆਰ, ਭੇਵ ਅਭੇਦਾ ਆਪਣੇ ਵਿਚ ਛੁਪਾਇੰਦਾ । ਗੁਰ ਅਵਤਾਰ ਕਰਨ ਪੁਕਾਰ, ਕੂਕ ਕੂਕ ਸਰਬ ਸੁਣਾਇੰਦਾ । ਕਰੇ ਖੇਲ ਆਪ ਕਰਤਾਰ, ਆਪਣਾ ਹੁਕਮ ਆਪ ਵਰਤਾਇੰਦਾ । ਗੁਰਮੁਖ ਵਿਰਲੇ ਲਾਏ ਪਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਬਾਂਹੋਂ ਫੜ ਲਏ ਉਠਾਲ, ਆਪ ਆਪਣੀ ਗੋਦ ਸੁਹਾਇੰਦਾ । ਏਕਾ ਅੱਖਰ ਦਏ ਸਿਖਾਲ, ਆਤਮ ਪਰਮਾਤਮ ਸੋਹੰ ਢੋਲਾ ਰਾਗ ਅਲਾਇੰਦਾ । ਘਰ ਘਰ ਵਿਚ ਵਖਾਏ ਸੱਚੀ ਧਰਮਸਾਲ, ਦਸਮ ਦਵਾਰੀ ਕੁੰਡਾ ਲਾਹਿੰਦਾ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਹਿਬ ਸਤਿਗੁਰ ਹੋ ਦਿਆਲ, ਮਿਹਰ ਨਜ਼ਰ ਉਠਾਈਆ । ਗੁਰਸਿਖ ਵੇਖ ਸਾਚੇ ਲਾਲ, ਸੰਸਾਰ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਤਮ ਪਰਮਾਤਮ ਪਰਮਾਤਮ ਆਤਮ ਇਕ ਜਣਾਈਆ ।

## ✳ ੧੫ ਭਾਦਰੋਂ ੨੦੧੯ ਬਿਕ੍ਰਮੀ ਗੁਰਚਰਨ ਕੌਰ ਦੇ ਗ੍ਰਿਹ ਫਿਰੋਜ਼ਪੁਰ ✳

ਆਦਿ ਜੁਗਾਦੀ ਸਚ ਭੰਡਾਰ, ਹਰਿ ਕਰਤਾ ਆਪ ਵਰਤਾਇੰਦਾ । ਸੋ ਪੁਰਖ ਨਿਰੰਜਣ ਸੇਵਾਦਾਰ, ਬਣ ਸੇਵਕ ਸੇਵ ਕਮਾਇੰਦਾ । ਹਰਿ ਪੁਰਖ ਨਿਰੰਜਣ ਵੇਖੇ ਵਿਗਸੇ ਵੇਖਣਹਾਰ, ਏਕੰਕਾਰਾ ਪੜਦਾ ਲਾਹਿੰਦਾ । ਆਦਿ ਨਿਰੰਜਣ ਕਰ ਪਸਾਰ, ਨੂਰ ਨੁਰਾਨਾ ਨੂਰ ਧਰਾਇੰਦਾ । ਸ੍ਰੀ ਭਗਵਾਨ ਹੋ ਤਿਆਰ, ਆਪ ਆਪਣਾ ਖੇਲ ਕਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਦਰ ਘਰ ਸਾਚਾ ਆਪ ਸੁਹਾਇੰਦਾ ।

ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨੀ ਇਕ ਅਖਵਾਇੰਦਾ । ਸਾਚਾ ਦਾਨੀ ਏਕੰਕਾਰਾ, ਆਦਿ ਪੁਰਖ ਅਖਵਾਈਆ । ਨਿਰਗੁਣ ਨਿਰਗੁਣ ਬਣ ਵਰਤਾਰਾ, ਸਾਚੀ ਵਸਤ ਆਪ ਵਰਤਾਈਆ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਆਪਣੀ ਅਲੱਖ ਆਪ ਸੁਣਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਬੈਠਾ ਆਸਣ ਲਾਈਆ । ਖੋਲਣਹਾਰਾ ਆਪ ਕਿਵਾੜਾ, ਥਿਰ ਘਰ ਦੇਵੇ ਮਾਣ ਵਡਿਆਈਆ । ਸ਼ਬਦ ਅਗੰਮੀ ਇਕੋ ਥਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਆਪਣੇ ਹੱਥ ਰਖਾਈਆ । ਦਇਆਵਾਨ ਪਾਰਬ੍ਰਹਮ, ਪ੍ਰਭ ਏਕਾ ਏਕ ਅਖਵਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਕਰਨੀ ਕਿਰਤ ਆਪ ਕਮਾਇੰਦਾ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਬੇੜਾ ਬੰਨ੍ਹ, ਪੁਰਖ ਅਕਾਲ ਆਪ ਚਲਾਇੰਦਾ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪਣੇ ਹੱਥ ਰਖਾਇੰਦਾ । ਸਾਚਾ ਦਾਨ ਰੱਖੇ ਹੱਥ, ਹੱਥ ਨਜ਼ਰ ਕਿਸੇ ਨਾ ਆਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਪੜਦਾ ਲਾਹਿੰਦਾ । ਨਿਰਵੈਰ ਨਿਰਵੈਰ ਦੇਵੇ ਸਾਚੀ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਸਾਚੇ ਮੰਦਰ ਆਪੇ ਰੱਖ, ਹਰਿ ਜੂ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਏਕਾ ਏਕ, ਏਕੰਕਾਰਾ ਆਪ ਜਣਾਈਆ । ਆਪੇ ਲਿਖਣਹਾਰਾ ਲੇਖ, ਲਿਖ ਲਿਖ ਲੇਖਾ ਆਪ ਸਮਝਾਈਆ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਵਸਣਹਾਰਾ ਸਾਚੇ ਦੇਸ, ਦਰਗਹਿ ਸਾਚਾ ਦੇਸ ਸੁਹਾਈਆ । ਮੁਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਈਆ । ਦਰ ਮੰਗਣ ਕੋਟਨ ਬ੍ਰਹਮਾ ਵਿਸ਼ਨ ਮਹੇਸ਼, ਗਣੇਸ਼ ਤ੍ਰੈ ਤ੍ਰੈ ਬੈਠੇ ਸੀਸ ਝੁਕਾਈਆ । ਤਿੰਨ ਪੰਜ ਕਰਨਹਾਰ ਹੇਤ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਸਮਝਾਈਆ । ਸਾਚਾ ਦਾਨ ਆਪਣਾ ਰੱਖ, ਹਰਿ ਜੂ ਆਪਣੀ ਖੇਲ ਕਰਾਇੰਦਾ । ਨਿਰਗੁਣ ਨਾਲੋਂ ਨਿਰਗੁਣ ਕਰ ਵੱਖ, ਸਰਗੁਣ ਸਰਗੁਣ ਜੋੜ ਜੁੜਾਇੰਦਾ । ਪੰਜ ਤਤ ਕਾਇਆ ਅੰਦਰ ਸਤਿ ਸਰੂਪੀ ਵਸਤ ਰੱਖ, ਆਤਮ ਪਰਮਾਤਮ ਬੰਧਨ ਪਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਪਰਤੱਖ ਪਰਤੱਖ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਖਾਇੰਦਾ । ਸਾਚਾ ਦਾਨ ਆਤਮ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਸਾਚਾ ਨਾਮ ਸੂਰਾ ਸਰਬੰਗ, ਆਪਣੀ ਵਸਤ ਝੋਲੀ ਪਾਈਆ । ਸਦਾ ਸੁਹੇਲਾ ਰਖਾਏ ਆਪਣਾ ਸੰਗ, ਸੰਗੀ ਵਿਛੜ ਕਦੇ ਨਾ ਜਾਈਆ । ਨਿਜ ਆਤਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਨੂਰ ਨੂਰ ਰੁਸ਼ਨਾਈਆ । ਨਾਮ ਨਿਧਾਨਾ ਗਾਏ ਬਿਨ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤ ਆਪਣੀ ਆਪ ਵਰਤਾਈਆ । ਸਾਚੀ ਦਾਤ ਦੀਨਨ ਦੀਨ, ਏਕੰਕਾਰਾ ਆਪ ਵਰਤਾਇੰਦਾ । ਲੇਖਾ ਜਾਣੇ ਲੋਕ ਤੀਨ, ਪਰਲੋਕ ਆਪਣਾ ਖੇਲ ਜਣਾਇੰਦਾ । ਜੁਗ ਜੁਗ ਸਕੇ ਨਾ ਕੋਇ ਚੀਨ, ਜ਼ੋਰ ਬਲ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਹੱਥੋ ਹੱਥ ਵਖਾਇੰਦਾ । ਸਾਚੀ ਵਸਤ ਨਾਮ ਭਰਪੂਰ, ਭਰਪੂਰੀ ਆਪ ਰਖਾਈਆ । ਆਦਿ ਜੁਗਾਦਿ ਨਿਰਗੁਣ ਸਰਗੁਣ ਦਏ ਜ਼ਰੂਰ,

ਜ਼ਰੂਰਤ ਪੰਜ ਤਤ ਪੂਰੀ ਆਪ ਕਰਾਈਆ । ਦੀਆ ਬਾਤੀ ਕਮਲਾਪਾਤੀ ਜਗਾਏ ਨੂਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਅਨਹਦ ਨਾਦੀ ਆਪ ਵਜਾਏ ਸਾਚੀ ਤੂਰ, ਤੁਰਯਾ ਰਾਗ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਾਤ ਆਪ ਵਰਤਾਈਆ । ਸਾਚੀ ਦਾਤ ਹਰਿ ਕਾ ਨਾਉਂ, ਨਾਉਂ ਨਿਰੰਕਾਰਾ ਆਪ ਵਰਤਾਇੰਦਾ । ਦੇਵਣਹਾਰਾ ਥਾਈਂ ਥਾਉਂ, ਥਾਨ ਥਨੰਤਰ ਫੋਲ ਫੋਲਾਇੰਦਾ । ਲੇਖਾ ਜਾਣੇ ਅਗੰਮ ਅਥਾਹੋ, ਅਗੰਮ ਅਥਾਹ, ਬੇਪਰਵਾਹ ਆਪਣੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰ ਕਰ ਵੇਖੇ ਆਪ ਪਸਾਉ, ਪਸਰ ਪਸਾਰਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਆਪ ਉਪਾਈਆ । ਲੱਖ ਚੁਰਾਸੀ ਭਰ ਭੰਡਾਰਾ, ਅੰਡਜ ਜੇਰਜ ਉਤਭੁਜ ਸੇਤਜ ਆਪ ਵਰਤਾਈਆ । ਸਾਚਾ ਨਾਮ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਆਪ ਸੁਣਾਈਆ । ਸਾਚਾ ਵਣਜ ਇਕ ਵਣਜਾਰਾ, ਸਤਿ ਸਤਿਵਾਦੀ ਸਤਿ ਸਤਿ ਦ੍ਰਿੜਾਈਆ । ਸਚ ਮਹੱਲ ਅਟੱਲ ਮਨਾਰਾ, ਘਰ ਘਰ ਵਿਚ ਆਪ ਪਰਗਟਾਈਆ । ਸਾਚਾ ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਰਸਨਾ ਜਿਹਵਾ ਕੂਕ ਕੂਕ ਕਰੇ ਪੁਕਾਰਾ, ਅੰਤਰਗਤ ਨਾ ਕਿਸੇ ਜਣਾਈਆ । ਪੰਜ ਤਤ ਰੋਵੇ ਜ਼ਾਰੋ ਜ਼ਾਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਦਏ ਦੁਹਾਈਆ । ਤ੍ਰੈਗੁਣ ਮਾਇਆ ਸੁੱਟੇ ਮੂੰਹ ਦੇ ਭਾਰਾ, ਰਜੋ ਤਮੋ ਸਤੋ ਨੇਤਰ ਨੈਣ ਨਾ ਸਕੇ ਉਠਾਈਆ । ਵਿਸ਼ਨ ਬ੍ਰਹਮ ਸ਼ਿਵ ਦੋਏ ਜੋੜ ਕਰੇ ਨਿਮਸਕਾਰਾ, ਪੁਰਖ ਅਬਿਨਾਸ਼ੀ ਅੱਗੇ ਸੀਸ ਝੁਕਾਈਆ । ਆਤਮ ਪਰਮਾਤਮ ਖੇਲ ਅਪਾਰਾ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਬ੍ਰਹਮ ਪਾਰਬ੍ਰਹਮ ਕਰ ਉਜਿਆਰਾ, ਘਰ ਘਰ ਏਕਾ ਨੂਰ ਵਖਾਈਆ । ਦੇਵਣਹਾਰਾ ਵਸਤ ਥਾਰਾ, ਸਾਚੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਏਕੰਕਾਰ ਆਪ ਅਖਵਾਇੰਦਾ । ਆਦਿ ਜੁਗਾਦੀ ਮਾਰਗ ਲਾ, ਜੁਗ ਜੁਗ ਵੇਖ ਵਖਾਇੰਦਾ । ਗੁਰ ਅਵਤਾਰ ਦੇ ਸਲਾਹ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਕਲਮਾ ਨਬੀ ਇਕ ਜਣਾ, ਕਾਇਨਾਤ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਸਾਚੀ ਵਸਤ ਹਰਿ ਹਰਿ ਨਾਮ, ਆਪਣੇ ਹੱਥ ਰਖਾਈਆ । ਕੋਟਨ ਕੋਟ ਮੰਗਣ ਰਾਮ, ਪ੍ਰਭ ਅੱਗੇ ਸੀਸ ਝੁਕਾਈਆ । ਕੋਟਨ ਕੋਟ ਬੈਠੇ ਸ਼ਾਮ, ਘਨੱਯਾ ਰੂਪ ਵਟਾਈਆ । ਕੋਟਨ ਕੋਟ ਸੁਣਨ ਪੈਗ਼ਾਮ, ਪੀਰ ਪੈਗ਼ੰਬਰ ਧਿਆਨ ਲਗਾਈਆ । ਕੋਟਨ ਕੋਟ ਗੁਰੂ ਗੁਰ ਗੁਰ ਕਰਨ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਕੋਟਨ ਕੋਟ ਗਾਇਣ ਗਾਨ, ਬ੍ਰਹਮਾ ਵੇਤਾ ਕਰੇ ਪੜ੍ਹਾਈਆ । ਕੋਟਨ ਕੋਟ ਸ਼ਾਸਤਰ ਸਿਮਰਤ ਵੇਖੇ ਸ੍ਰੀ ਭਗਵਾਨ, ਪੁਰਾਨ ਪੁਰਾਨੀ ਮਾਣ ਰਖਾਈਆ । ਕੋਟਨ ਕੋਟ ਗੀਤਾ ਗਿਆਨ, ਅਠਾਰਾਂ ਧਿਆਏ ਵਡਿਆਈਆ । ਕੋਟਨ ਕੋਟ ਅੰਜੀਲ ਕੁਰਾਨ, ਕਾਇਆ ਕੁਰਾ ਦਏ ਸਮਝਾਈਆ । ਕੋਟਨ ਕੋਟ ਨਾਨਕ ਕਰਨ ਪਰਨਾਮ, ਸੀਸ ਪੁਰਖ ਅਕਾਲ ਝੁਕਾਈਆ । ਕੋਟਨ ਕੋਟ ਗੋਬਿੰਦ ਢਹਿ ਢਹਿ ਚਰਨ ਮੰਗੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਕੋਟਨ ਕੋਟ ਜੋਧੇ ਸੂਰਬੀਰ ਬਲੀ ਬਲਵਾਨ, ਬਲ ਆਪਣਾ ਗਏ ਜਣਾਈਆ । ਕੋਟਨ ਕੋਟ ਰਵ ਸਸ ਸੂਰਜ ਚੰਦ ਮੰਡਲ ਮੰਡਪ ਸ਼ਰਮਸਾਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਕੋਟਨ ਕੋਟ ਜ਼ਿਮੀਂ

ਅਸਮਾਨ, ਜ਼ਰਾ ਜ਼ਰਾ ਖ਼ਾਕੀ ਖ਼ਾਕ ਉਡਾਈਆ । ਕੋਟਨ ਕੋਟ ਪੁਰੀ ਲੋਅ ਆਕਾਸ਼ ਪਰਕਾਸ਼ ਸਜਦਾ ਸੀਸ ਝੁਕਾਣ, ਨਿਮਖ ਨਿਮਖ ਆਪਣਾ ਆਪ ਕਟਾਈਆ । ਕੋਟਨ ਕੋਟ ਭਗਤ ਭਗਵੰਤ ਦਰ ਅੱਗੇ ਖ਼ਾਲੀ ਝੋਲੀ ਸਰਬ ਭਰਾਣ, ਆਸਾ ਆਸਾ ਪੂਰ ਕਰਾਈਆ । ਕੋਟਨ ਕੋਟ ਸੰਤ ਛੱਡ ਕੇ ਮਾਣ, ਅਭਿਮਾਨ ਰੂਪ ਨਾ ਕੋਇ ਵਖਾਈਆ । ਕੋਟਨ ਕੋਟ ਖ਼ਾਕ ਰਹੇ ਛਾਣ, ਵਰਭੰਡੀ ਭੰਡੀ ਪਾਈਆ । ਕੋਟਨ ਕੋਟ ਬੈਠੇ ਕਾਹਨ, ਗੋਪੀ ਮੰਡਲ ਰਾਸ ਰਚਾਈਆ । ਆਦਿ ਜੁਗਾਦੀ ਇਕ ਭਗਵਾਨ, ਜੁਗ ਜੁਗ ਆਪਣਾ ਖੇਲ ਕਰਾਈਆ । ਸਰਬ ਜੀਆਂ ਦੇਵਣਹਾਰਾ ਦਾਨ, ਆਤਮ ਪਰਮਾਤਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਰਚਨਾ ਰਚ, ਆਪੇ ਵੇਖੇ ਸੱਚੋ ਸੱਚ, ਸਚ ਸੁੱਚ ਏਕਾ ਨਾਉਂ ਦ੍ਰਿੜਾਇੰਦਾ । ਦੇਵਣਹਾਰਾ ਇਕੋ ਦਾਤਾ, ਦਾਤਾ ਦਾਨੀ ਦਇਆ ਕਮਾਇੰਦਾ । ਸਰਬ ਜੀਆਂ ਪ੍ਰਭ ਇਕੋ ਗਿਆਤਾ, ਗਿਆਨ ਗਿਆਨ ਧਿਆਨ ਸਮਝਾਇੰਦਾ । ਸਰਬ ਜੀਆਂ ਪ੍ਰਭ ਇਕ ਪਿਤਾ ਮਾਤਾ, ਪੁਰਖ ਅਕਾਲ ਅਖਵਾਇੰਦਾ । ਸਰਬ ਜੀਆਂ ਜਗ ਇਕੋ ਨਾਤਾ, ਨਿਰਗੁਣ ਸਰਗੁਣ ਜੋੜ ਜੁੜਾਇੰਦਾ । ਸਰਬ ਜੀਆਂ ਪ੍ਰਭ ਇਕੋ ਗਾਥਾ, ਅੰਤਰ ਮੰਤਰ ਆਪ ਪੜ੍ਹਾਇੰਦਾ । ਸਰਬ ਜੀਆਂ ਪ੍ਰਭ ਇਕੋ ਸਾਥਾ, ਸਗਲਾ ਸੰਗ ਨਿਭਾਇੰਦਾ । ਸਰਬ ਜੀਆਂ ਪ੍ਰਭ ਦੇਵੇ ਦਾਤਾ, ਬਣ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਤ ਤਤ ਨਾਲ ਮਿਲਾਇੰਦਾ । ਸਰਬ ਜੀਆਂ ਏਕਾ ਤਤ, ਤਤ ਤਤ ਜਣਾਈਆ । ਸਰਬ ਜੀਆਂ ਏਕਾ ਰੱਤ, ਰੱਤ ਰੱਤ ਨਾਲ ਮਿਲਾਈਆ । ਸਰਬ ਜੀਆਂ ਏਕਾ ਸੱਥ, ਸੱਥਰ ਯਾਰੜਾ ਇਕ ਹੰਢਾਈਆ । ਸਰਬ ਜੀਆਂ ਏਕਾ ਵੱਥ, ਵਸਤ ਅਮੋਲਕ ਰਿਹਾ ਵਰਤਾਈਆ । ਸਰਬ ਜੀਆਂ ਪਾਏ ਨੱਥ, ਲੱਖ ਚੁਰਾਸੀ ਆਪਣੇ ਗੇੜੇ ਵਿਚ ਰਖਾਈਆ । ਸਰਬ ਜੀਆਂ ਨਾਤਾ ਬੰਧਾਏ ਤਤ ਅੱਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨਮਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਖਾਈਆ । ਵਸਤ ਅਮੋਲਕ ਇਕ ਅਨਡਿਠ, ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਦੇਵੇ ਕਰ ਕੇ ਹਿਤ, ਕਰ ਕਿਰਪਾ ਝੋਲੀ ਪਾਈਆ । ਸਾਹਿਬ ਸਤਿਗੁਰ ਸੱਜਣ ਮਿਤ, ਮਿੱਤਰ ਪਿਆਰਾ ਇਕ ਅਖਵਾਈਆ । ਬਿਨ ਕਲਮ ਸ਼ਾਹੀ ਲੇਖਾ ਦਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਬਿਨ ਨੇਤਰ ਨੈਣ ਆਏ ਦਿਸ, ਨਿਜ ਨੇਤਰ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਹੱਥ ਰਖਾਈਆ । ਸਾਚੀ ਵਸਤ ਡੂੰਘੇ ਸਾਗਰ, ਹਰਿ ਸਤਿਗੁਰ ਆਪ ਰਖਾਇੰਦਾ । ਜਨ ਭਗਤਾਂ ਨਿਰਮਲ ਕਰਮ ਕਰ ਉਜਾਗਰ, ਸਿਰ ਆਪਣਾ ਹੱਥ ਰਖਾਇੰਦਾ । ਵਣਜ ਵਪਾਰੀ ਇਕ ਸੌਦਾਗਰ, ਗ੍ਰਿਹਿ ਸਾਚਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਖਾਇੰਦਾ । ਕਾਇਆ ਅੰਦਰ ਵਸਤ ਅਪਾਰ, ਹਰਿ ਜੂ ਹਰਿ ਹਰਿ ਆਪ ਟਿਕਾਈਆ । ਬਿਨ ਦਮਾਂ ਕਰਾਏ ਵਣਜ ਵਪਾਰ, ਕਰਤਾ ਕੀਮਤ ਨਾ ਕੋਇ ਲਾਈਆ । ਹੱਟ ਹਟਵਾਣਾ ਖੋਲ੍ਹੇ ਕਿਵਾੜ, ਦਰ ਦਰਵੇਸ਼ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਇਕ ਦਰਸਾਈਆ । ਸਚ ਵਸਤ ਇਕ ਆਦਰਸ਼, ਆਦਰਸ਼ੀ ਆਪ ਜਣਾਇੰਦਾ । ਮੇਟਣਹਾਰ ਜਗਤ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਵਖਾਵਣਹਾਰਾ ਜ਼ਿਮੀ ਅਸਮਾਨ ਕੁਰਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਪਰਗਟਾਇੰਦਾ । ਸਾਚੀ ਵਸਤ ਕਰ ਪਰਗਟ, ਪਰਗਟ ਆਪਣੀ ਧਾਰ ਚਲਾਈਆ ।


੬੯੧
੧੨

ਜੁਗ ਜੁਗ ਚਲਾਏ ਹੱਟ, ਗੁਰ ਅਵਤਾਰ ਮਾਤ ਖੁਲ੍ਹਾਈਆ । ਹਰਿਜਨ ਲਾਹਾ ਲਏ ਖਟ, ਗੁਰਮੁਖ ਮਿਲੇ ਮਾਣ ਵਡਿਆਈਆ । ਸਤਿ ਦੇਵੇ ਇਕੋ ਸਤਿ, ਅਸਤਿ ਰੂਪ ਨਾ ਕੋਇ ਵਖਾਈਆ । ਗ੍ਰਹਿ ਗ੍ਰਹਿ ਦੇਵੇ ਬ੍ਰਹਮ ਮਤ, ਬ੍ਰਹਮ ਮੇਲਾ ਸਹਿਜ ਸੁਭਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਖਾਈਆ । ਸਾਚੀ ਵਸਤ ਸਾਚੇ ਘਰ, ਹਰਿ ਸਤਿਗੁਰ ਆਪ ਰਖਾਇੰਦਾ । ਕਰ ਕਿਰਪਾ ਦੇਵੇ ਜਿਸ ਜਨ ਵਰ, ਵਰ ਇਕੋ ਇਕ ਜਣਾਇੰਦਾ । ਫੜ ਪੱਲੂ ਬੰਨ੍ਹੇ ਲੜ, ਬੱਧਾ ਲੜ ਨਾ ਕੋਇ ਛੁਡਾਇੰਦਾ । ਸਾਚੇ ਮੰਦਰ ਜਾਏ ਚੜ੍ਹ, ਕਾਇਆ ਗੁਰੂਦਵਾਰ ਆਪ ਵਰਤਾਇੰਦਾ । ਨਿਸ਼ਅੱਖਰ ਅੱਖਰ ਆਖ਼ਰ ਆਪੇ ਪੜ੍ਹ, ਅੱਖਰ ਅੱਖਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਦਿਆ ਮੋਹ ਵਧਾਇੰਦਾ । ਸਾਚੀ ਵਸਤ ਆਤਮ ਨੂਰ, ਨੂਰ ਨੁਰਾਨਾ ਆਪ ਜਣਾਈਆ । ਸਾਚੀ ਵਸਤ ਸ਼ਬਦੀ ਤੂਰ, ਤੁਰੀਆ ਰਾਗ ਅਲਾਈਆ । ਸਾਚੀ ਵਸਤ ਵਖਾਏ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦੇਵੇ ਘਰ, ਘਰ ਘਰ ਵਿਚ ਸੋਭਾ ਪਾਈਆ । ਘਰ ਸੋਭਾ ਹੋਏ ਸੋਭਾਵੰਤ, ਸੋਭਨੀਕ ਆਪ ਸੁਹਾਇੰਦਾ । ਘਰ ਮੇਲਾ ਸ੍ਰੀ ਭਗਵੰਤ, ਭਗਵਨ ਆਪਣਾ ਮੇਲ ਕਰਾਇੰਦਾ । ਘਰ ਸੇਜਾ ਨਾਰੀ ਕੰਤ, ਕੰਤ ਕੰਤੂਹਲ ਆਪ ਸੁਹਾਇੰਦਾ । ਘਰ ਮਹਿਮਾ ਨਾਦ ਅਗਣਤ, ਅਨਰਾਗੀ ਰਾਗ ਸੁਣਾਇੰਦਾ । ਘਰ ਆਤਮ ਪਰਮਾਤਮ ਬਣੇ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਏਕਾ ਦਰ ਵਖਾਇੰਦਾ । ਏਕਾ ਵਸਤ ਜਗਤ ਵਣਜਾਰਾ, ਚਾਰ ਯੁਗ ਹੱਟ ਚਲਾਈਆ । ਸਤਿਜੁਗ ਤ੍ਰੇਤਾ ਦਵਾਪਰ ਕਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਖੇ ਚਾਈਂ ਚਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਵੇਖ ਵਖਾਈਆ । ਬ੍ਰਹਿਮੰਡ ਖੰਡ ਦਏ ਹੁਲਾਰਾ, ਲੋਆਂ ਪੁਰੀਆਂ ਆਪਣਾ ਹੁਕਮ ਜਣਾਈਆ । ਲਹਿਣਾ ਦੇਣਾ ਚੁਕਾਏ ਗੁਰੂ ਅਵਤਾਰਾ, ਪੀਰ ਪੈਗ਼ੰਬਰਾਂ ਬਾਕੀ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਕੂੜ ਕੁੜਿਆਰਾ, ਕੂੜੀ ਕਿਰਿਆ ਦਏ ਖਪਾਈਆ । ਨਾਰ ਦਿਸੇ ਨਾ ਕੋਇ ਵਿਭਚਾਰਾ, ਸਾਚੀ ਸਿਖਿਆ ਸਿਖ ਸਮਝਾਈਆ । ਇਸ਼ਟ ਦੇਵ ਗੁਰਦੇਵ ਆਤਮ ਪਰਮਾਤਮ ਇਕ ਸਹਾਰਾ, ਪਰਮ ਪੁਰਖ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਘਰ ਘਰ ਦਏ ਵਖਾਈਆ । ਸਾਚੀ ਵਸਤ ਘਰ ਘਰ ਪੇਖ, ਪੇਖ ਪੇਖ ਖ਼ੁਸ਼ੀ ਵਖਾਇੰਦਾ । ਨਜ਼ਰੀ ਆਏ ਬਿਨ ਰੂਪ ਰੰਗ ਰੇਖ, ਰੇਖਾ ਸਭ ਦੀ ਆਪ ਮਿਟਾਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗਾ ਜੁਗੰਤਰ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਣਾਇੰਦਾ । ਸ਼ਬਦੀ ਨਾਦ ਬ੍ਰਹਮ ਬ੍ਰਹਿਮਾਦ, ਆਦਿ ਜੁਗਾਦਿ ਜੁਗ ਕਰਤਾ ਆਪ ਵਜਾਇੰਦਾ । ਭਗਤ ਭਗਵੰਤ ਦੇਵੇ ਦਾਦ, ਸਤਿ ਸਤਿਵਾਦੀ ਆਪੇ ਲਾਧ, ਸੁਰਤੀ ਸੁਰਤ ਸ਼ਬਦ ਰਖਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਰੱਖੇ ਲਾਜ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਗ਼ਰੀਬ ਨਿਵਾਜ ਸਾਜਣ ਸਾਜ, ਨਿਰਗੁਣ ਸਰਗੁਣ ਰਚ ਰਚ ਕਾਜ, ਕਰਤਾ ਪੁਰਖ ਆਪਣੀ ਕਰਨੀ ਆਪ ਕਰਾਇੰਦਾ । ਹਰਿ ਕਾ ਜਾਣੇ ਨਾ ਕੋਇ ਸਮਾਜ, ਕੋਟਨ ਕੋਟ ਸਮਾਜੀ ਹਰਿ ਕਾ ਭੇਵ ਕੋਇ ਨਾ ਪਾਇੰਦਾ । ਰਸਨਾ ਜਿਹਵਾ ਖਾ ਖਾ ਖਾਜ, ਬੱਤੀ ਦੰਦ ਪੀਸਣ ਪੀਸ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਚਾਰ ਯੁਗ ਆਪ ਵਰਤਾਇੰਦਾ । ਚਾਰ ਯੁਗ ਇਕੋ ਹੱਟ, ਹਰਿ ਹਰਿ ਆਪ ਖੁਲ੍ਹਾਈਆ ।

ਸਾਚੀ ਵਸਤ ਅੰਦਰ ਘੱਤ, ਅਤੋਟ ਅਤੁਟ ਵਰਤਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਜਨ ਭਗਤਾਂ ਮਾਰਗ ਸਾਚਾ ਦੱਸ, ਰਹਿਬਰ ਆਪਣਾ ਨਾਉਂ ਵਡਿਆਈਆ । ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਏਕਾ ਏਕ ਵਖਾਈਆ । ਗੁਰਮੁਖ ਵਸਤ ਪਾਈ ਏਕ, ਮਿਲਿਆ ਏਕੰਕਾਰਾ । ਦੋ ਜਹਾਨਾਂ ਮਿਲੀ ਟੇਕ, ਜਗਤ ਜੁਗਤੀ ਪਾਰ ਕਿਨਾਰਾ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਪੰਜ ਤਤ ਨਾ ਕੋਇ ਅਖਾੜਾ । ਨਿਜ ਨੇਤਰ ਨਿਜ ਆਤਮ ਲਏ ਵੇਖ, ਕਰੇ ਕਰਾਏ ਸਚ ਪਿਆਰਾ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਸਦਾ ਸਦਾ ਬਿਬੇਕ, ਬੁਧੀ ਪਾਵੇ ਨਾ ਕੋਇ ਸਾਰਾ । ਨਿਰਗੁਣ ਸਰਗੁਣ ਧਰ ਧਰ ਭੇਖ, ਲੋਕਮਾਤ ਲਏ ਅਵਤਾਰਾ । ਜੀਵ ਜੰਤ ਸਾਧ ਸੰਤ ਭਗਤ ਭਗਵੰਤ ਲੱਖ ਚੁਰਾਸੀ ਆਪੇ ਵੇਖ, ਚਾਰ ਕੁੰਟ ਦਹਿ ਦਿਸ਼ਾ ਦੇਵੇ ਇਕ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵੇ ਦਾਨ, ਲੱਖ ਚੁਰਾਸੀ ਦੇਵਣਹਾਰਾ ।

### ✳ ੧੫ ਭਾਦਰੋਂ ੨੦੧੯ ਬਿਕ੍ਰਮੀ ਸੁਲੱਖਣ ਸਿੰਘ ਦੇ ਗ੍ਰਹਿ ਰੁਕਨਾ ਮੁੰਗਲਾ ਜ਼ਿਲਾ ਫਿਰੋਜ਼ਪੁਰ ✳



ਸੋ ਪੁਰਖ ਨਿਰੰਜਣ ਖੇਲ ਮਹਾਨਾ, ਗਹਿਰ ਗੰਭੀਰ ਹਰਿ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਰਦਾਨਾ, ਬਲ ਆਪਣਾ ਆਪ ਪਰਗਟਾਇੰਦਾ । ਏਕੰਕਾਰਾ ਨੌਜਵਾਨਾ, ਸਤਿ ਸਰੂਪ ਸਮਾਇੰਦਾ । ਆਦਿ ਨਿਰੰਜਣ ਖੇਲ ਮਹਾਨਾ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸੇ ਸਚ ਮਕਾਨਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਸਚਖੰਡ ਸਾਚੇ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨਾ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਦਰ ਦਰਵੇਸ਼ ਬਣ ਦਰਬਾਨਾ, ਦਰ ਆਪਣੇ ਅਲੱਖ ਜਗਾਇੰਦਾ । ਦੇਵਣਹਾਰਾ ਆਪਣਾ ਦਾਨਾ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਆਦਿ ਜੁਗਾਦਿ ਵਡੀ ਵਡਿਆਈਆ । ਜੁਗ ਚੌਕੜੀ ਖੇਲ ਅਪਾਰ, ਜੁਗ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਸਰਗੁਣ ਨਿਰਗੁਣ ਮੇਲ ਮਿਲਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸਾਚਾ ਢੋਲਾ ਬੋਲ ਜੈਕਾਰ, ਸੋਹਲਾ ਏਕਾ ਨਾਮ ਸੁਣਾਈਆ । ਸ਼ਬਦ ਅਗੰਮ ਕਰੇ ਗੁਫ਼ਤਾਰ, ਹਰਫ਼ ਬਹਰਫ਼ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਧਾਰ ਬੋਧ ਅਗਾਧ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਰੰਗ ਰੰਗਾਇੰਦਾ । ਅਨਾਦ ਅਨਾਦੀ ਇਕ ਨਾਦ, ਗ੍ਰਹਿ ਮੰਦਰ ਆਪ ਸੁਣਾਇੰਦਾ । ਪਕੜ ਉਠਾਏ ਸਾਚੇ ਸੰਤ ਸਾਧ, ਸਤਿਗੁਰ ਆਪਣਾ ਭੇਵ ਚੁਕਾਇੰਦਾ । ਆਤਮ ਪਰਮਾਤਮ ਦੇਵੇ ਦਾਦ, ਨਾਤਾ ਬਿਧਾਤਾ ਇਕ ਬੰਧਾਇੰਦਾ । ਸਤਿ ਸਤਿਵਾਦੀ ਦੱਸੇ ਸਾਚੀ ਗਾਥ, ਅੰਤਰ ਮੰਤਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੬੮੪
੧੨

ਆਪਣੀ ਕਿਰਪਾ ਕਰ, ਸਾਚੀ ਕਲ ਆਪ ਧਰਾਇੰਦਾ । ਸਾਚੀ ਕਲ ਆਪੇ ਰੱਖ, ਹਰਿ ਕਰਤਾ ਖੇਲ ਕਰਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਸਰਗੁਣ ਸਰਗੁਣ ਲਏ ਜਗਾਈਆ । ਏਕਾ ਨੂਰ ਕਰ ਪਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਘਟ ਅੰਤਰ ਪਾਵੇ ਰਾਸ, ਮੰਡਲ ਮੰਡਪ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਮੰਤਰ ਨਾਮ ਦ੍ਰਿੜਾਈਆ । ਹਰਿ ਮੰਤਰ ਨਾਮ ਆਦਿ ਅੰਤ, ਏਕੰਕਾਰਾ ਆਪ ਪਰਗਟਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਖੇਲ ਕਰਾਇੰਦਾ । ਗੁਰ ਅਵਤਾਰ ਬਣਾਏ ਬਣਤ, ਪੀਰ ਪੈਗ਼ੰਬਰ ਘਾੜਤ, ਘੜਤ ਆਪ ਘੜਾਇੰਦਾ । ਏਕਾ ਨਾਮ ਦੇਵੇ ਸਾਚਾ ਮੰਤ, ਮੰਤਰ ਆਪਣਾ ਆਪ ਸਮਝਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰਾ ਨਿਰਗੁਣ ਸਰਗੁਣ ਰੰਗ, ਰੰਗ ਰੰਗੀਲਾ ਆਪ ਜਣਾਈਆ । ਆਤਮ ਪਰਮਾਤਮ ਮੇਲ ਮਿਲਾਏ ਸੂਰਾ ਸਰਬੰਗ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਗੀਤ ਸੁਹਾਗ ਸੁਣਾਏ ਛੰਦ, ਅਨਹਦ ਸੇਵਾ ਸੇਵ ਕਮਾਈਆ । ਦੇਵਣਹਾਰਾ ਸਚ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਜੁਗ ਜੁਗ ਕੱਟਣਹਾਰਾ ਪੰਧ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਭੇਵ ਅਭੇਦਾ ਰੱਖੇ ਹੱਥ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲਾਏ ਰਥ, ਜੁਗ ਚੌਕੜੀ ਵੇਖ ਵਖਾਇੰਦਾ । ਖਾਣੀ ਬਾਣੀ ਬੋਧ ਅਗਾਧੀ ਸੁਣਾਏ ਗਾਥ, ਨਾਮ ਨਿਧਾਨਾ ਆਪ ਦ੍ਰਿੜਾਇੰਦਾ । ਪੀਰ ਪੈਗ਼ੰਬਰ ਦੇਵੇ ਸਾਥ, ਗੁਰ ਅਵਤਾਰ ਏਕਾ ਸੰਗ ਨਿਭਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਉਤਮ ਰੱਖੇ ਆਪਣੀ ਜ਼ਾਤ, ਜ਼ਾਤ ਪਾਤ ਵਿਚ ਕਦੇ ਨਾ ਆਇੰਦਾ । ਡੂੰਘਾ ਰੱਖੇ ਆਪਣਾ ਖਾਤ, ਖਾਤਾ ਨਜ਼ਰ ਕਿਸੇ ਨਾ ਆਇੰਦਾ । ਜੁਗ ਜੁਗ ਦੇਵਣਹਾਰਾ ਸਾਚੀ ਦਾਤ, ਗੁਰ ਅਵਤਾਰਾਂ ਪੀਰ ਪੈਗੰਬਰਾਂ ਆਪ ਵਰਤਾਇੰਦਾ । ਬੈਠਾ ਰਹੇ ਸਦਾ ਇਕਾਂਤ, ਅਡੋਲ ਅਡੁਲ ਕਦੇ ਨਾ ਜਾਇੰਦਾ । ਲੱਖ ਚੁਰਾਸੀ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਦੱਸਣਹਾਰਾ ਭਵਿਖਤ ਵਾਕ, ਗੁਰ ਅਵਤਾਰ ਆਪ ਪੜ੍ਹਾਇੰਦਾ । ਲੇਖਾ ਜਾਣੇ ਲੋਕਮਾਤ, ਪਰਲੋਕ ਆਪਣਾ ਭੇਵ ਚੁਕਾਇੰਦਾ । ਚੌਦਾਂ ਲੋਕ ਵੇਖੇ ਖਾਟ, ਅੰਦਰ ਵੜ ਵੜ ਸੇਜ ਹੰਢਾਇੰਦਾ । ਚੌਦਾਂ ਤਬਕਾਂ ਮੇਟਣਹਾਰ ਅੰਧੇਰੀ ਰਾਤ, ਚੌਦਸ ਚੰਦ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਜੁਗ ਕਰਤਾ ਆਪਣੀ ਕਾਰ ਕਰਾਇੰਦਾ । ਸਾਚੀ ਕਰਨੀ ਕਰੇ ਕਾਰ, ਕਰਤਾ ਪੁਰਖ ਵਡੀ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰ, ਸਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਧੁਰ ਦੀ ਬਾਣੀ ਰਾਗ ਅਲਾਈਆ । ਕਾਗਦ ਕਲਮ ਕਰ ਤਿਆਰ, ਲੇਖਾ ਲਿਖੇ ਨਾਲ ਸ਼ਾਹੀਆ । ਸਿਫ਼ਤ ਸਾਲਾਹੀ ਸਿਫ਼ਤ ਕਰੇ ਵਿਚ ਸੰਸਾਰ, ਆਪਣਾ ਨਾਉਂ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਖੇਲ ਰਚਾਈਆ । ਜੁਗ ਜੁਗ ਖੇਲ ਕਰੇ ਅਵੱਲਾ, ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਲੱਖ ਚੁਰਾਸੀ ਗੇੜਾ ਆਪ ਦਿਵਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਆਪ ਆਪਣੀ ਗੰਢ ਪੁਵਾਇੰਦਾ । ਵਸਣਹਾਰਾ ਸਚਖੰਡ

ਸਚ ਮਹੱਲਾ, ਮਹੱਲ ਅਟੱਲ ਡੇਰਾ ਲਾਇੰਦਾ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਨਾਮ ਨਾਮਾ ਆਪ ਸਮਝਾਇੰਦਾ । ਜੋਤੀ ਜੋਤ ਆਪੇ ਬੱਲਾ, ਦੀਆ ਬਾਤੀ ਕਮਲਾਪਾਤੀ ਇਕ ਟਿਕਾਇੰਦਾ । ਸਚ ਸਿੰਘਾਸਣ ਸਾਚਾ ਮੱਲਾ, ਸਚਖੰਡ ਦਵਾਰੇ ਡੇਰਾ ਲਾਇੰਦਾ । ਨੂਰੀ ਨੂਰ ਨੂਰੀ ਅੱਲਾ, ਆਲਮੀਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਕਰਤਾ ਜੁਗ ਕਰਨੀ ਕਰਨੇਹਾਰਾ ਆਪ ਕਰਾਇੰਦਾ । ਕਰਨੇਹਾਰਾ ਆਪ ਕਰਤਾਰ, ਕਰਨੀ ਆਪਣੇ ਹੱਥ ਰਖਾਈਆ । ਪਰਗਟ ਹੋ ਵਿਚ ਸੰਸਾਰ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦਵਾਪਰ ਕਰਦਾ ਆਇਆ ਪਾਰ, ਕਲਜੁਗ ਵੇਸ ਏਕ ਵਟਾਈਆ । ਨੌਂ ਸੌ ਚੁਰਾਨਵੇ ਚੌਕੜੀ ਸੁੱਟੀ ਡੂੰਘੀ ਗਾਰ, ਸਿਰ ਆਪਣਾ ਭਾਰ ਵਖਾਈਆ । ਲੇਖਾ ਜਾਣ ਤੇਈ ਅਵਤਾਰ, ਪੀਰ ਪੈਗ਼ੰਬਰ ਮੁਰਸ਼ਦ ਕਰੇ ਪੜ੍ਹਾਈਆ । ਗੁਰ ਗੁਰ ਦੇਵੇ ਇਕ ਆਧਾਰ, ਬੋਧ ਅਗਾਧੀ ਸਚ ਨਿਸ਼ਾਨਾ ਇਕ ਸਮਝਾਈਆ । ਸਰਬ ਜੀਆਂ ਦਾ ਇਕ ਆਧਾਰ, ਆਤਮ ਪਰਮਾਤਮ ਕਰੇ ਵਿਚਾਰ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸਾਚਾ ਰਾਹ ਚਲਾਈਆ । ਸਤਿ ਸਤਿਵਾਦੀ ਸਾਚਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੱਖ ਚੁਰਾਸੀ ਬੇੜਾ ਕੰਧ ਉਠਾਇੰਦਾ । ਭਗਤ ਭਗਵੰਤ ਲਏ ਜਗਾ, ਜੀਵਣ ਜੁਗਤ ਜਗਤ ਜਣਾਇੰਦਾ । ਸੰਤ ਸਾਜਣ ਲਏ ਮਿਲਾ, ਮੇਲ ਵਿਛੋੜਾ ਆਪਣੇ ਹੱਥ ਰਖਾਇੰਦਾ । ਗੁਰਮੁਖ ਰੰਗ ਲਏ ਰੰਗਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਗੁਰਮੁਖ ਕਬੀਲਾ ਲਏ ਬਣਾ, ਬੰਸ ਸਰਬੰਸ ਆਪ ਸੁਹਾਇੰਦਾ । ਲੱਖ ਚੁਰਾਸੀ ਦਏ ਰੁੜ੍ਹਾ, ਮੰਝਧਾਰ ਨਾ ਕੋਇ ਬਚਾਇੰਦਾ । ਰਾਏ ਧਰਮ ਦਏ ਸਜ਼ਾ, ਕੁੰਭੀ ਨਰਕ ਨਿਵਾਸ ਰਖਾਇੰਦਾ । ਕਰੇ ਖੇਲ ਬੇਪਰਵਾਹ, ਬੇਪਰਵਾਹ ਭੇਵ ਨਾ ਆਇੰਦਾ । ਗੁਰ ਅਵਤਾਰ ਲਏ ਪਰਗਟਾ, ਪਰਗਟ ਆਪਣੀ ਕਲ ਵਖਾਇੰਦਾ । ਸਾਚੀ ਸਿਖਿਆ ਇਕ ਸਮਝਾ, ਸਾਖਿਆਤ ਰੂਪ ਦਰਸਾਇੰਦਾ । ਧੁਰ ਦਾ ਲੇਖਾ ਦਏ ਪੜ੍ਹਾ, ਰਸਨਾ ਜਿਹਵਾ ਆਪ ਸੁਣਾਇੰਦਾ । ਕਾਗ਼ਜ਼ ਕਲਮ ਦਏ ਲਿਖਾ, ਲਿਖ ਲਿਖ ਆਪ ਬਣਾਇੰਦਾ । ਨਿਰਗੁਣ ਸਰਗੁਣ ਨਾਉਂ ਧਰਾ, ਸਰਗੁਣ ਆਪਣਾ ਪਰਦਾ ਲਾਹਿੰਦਾ । ਕਰੇ ਖੇਲ ਸਹਿਜ ਸੁਭਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਵਖਾਇੰਦਾ । ਸਾਚੀ ਧਾਰ ਆਦਿ ਜੁਗਾਦਿ, ਜੁਗ ਕਰਤਾ ਆਪ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੁਣੇ ਅੰਤ ਫ਼ਰਯਾਦ, ਨਿਰਗੁਣ ਨਿਰਗੁਣ ਫੇਰਾ ਪਾਈਆ । ਦੇਵਣਹਾਰਾ ਸਾਚੀ ਦਾਦ, ਵਸਤ ਵੇਖੇ ਹਰਿ ਹਰਿ ਥਾਈਂਆ । ਲੇਖਾ ਜਣਾਏ ਬ੍ਰਹਮ ਬ੍ਰਹਿਮਾਦ, ਦੋ ਜਹਾਨਾਂ ਫੇਰਾ ਪਾਈਆ । ਸ੍ਰਿਸ਼ਟ ਸਬਾਈ ਸੱਜਣ ਸਾਕ, ਨਾਤਾ ਬਿਧਾਤਾ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਹਰਿ ਭਗਵਾਨ, ਏਕਾ ਏਕ ਜਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦੇਂਦਾ ਆਇਆ ਦਾਨ, ਦਾਤਾ ਦਾਨੀ ਬਣ ਵਰਤਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਕਰ ਪਰਵਾਨ, ਨਾਮ ਪਰਵਾਨਾ ਗੁਰ ਅਵਤਾਰ ਪੀਰ ਪੈਗ਼ੰਬਰ ਹੱਥ ਫੜਾਇੰਦਾ । ਚੌਦਾਂ ਵਿਦਿਆ ਕਰ ਪਰਧਾਨ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਨਾਮ ਨਿਧਾਨਾ ਸਚ ਗਿਆਨ, ਗਿਆਨ ਹੱਥ ਨਾ ਕਿਸੇ ਫੜਾਇੰਦਾ । ਨੇਤਰ ਦਿਸੇ ਨਾ ਕੋਇ ਨਿਸ਼ਾਨ, ਨੈਣ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ

ਵਖਾਇੰਦਾ । ਸਾਚੀ ਸਿਖਿਆ ਸਾਖਿਆਤ, ਆਦਿ ਜੁਗਾਦਿ ਜਣਾਈਆ । ਹਰਿਜਨ ਬਣਾਏ ਪਾਰਜਾਤ, ਪਾਰਬ੍ਰਹਮ ਵਡੀ ਵਡਿਆਈਆ । ਸਤਿ ਸਰੂਪੀ ਦੇਵੇ ਦਾਤ, ਦਾਤ ਆਪਣਾ ਨਾਮ ਵਰਤਾਈਆ । ਇਕ ਜਣਾਏ ਵਡ ਕਰਾਮਾਤ, ਕਰਾਮਾਤ ਘਰ ਸਾਚੇ ਕਰ ਰੁਸ਼ਨਾਈਆ । ਪੰਚ ਵਿਕਾਰਾ ਕਰੇ ਘਾਤ, ਨਾਮ ਖੰਡਾ ਹੱਥ ਉਠਾਈਆ । ਆਪੇ ਮੇਟ ਅੰਧੇਰੀ ਰਾਤ, ਚੰਦ ਚਾਂਦਨੀ ਆਪ ਚਮਕਾਈਆ । ਗੁਰਮੁਖਾਂ ਪੁੱਛੇ ਆਪੇ ਵਾਤ, ਗ੍ਰਹਿ ਮੰਦਰ ਫੇਰਾ ਪਾਈਆ । ਕਲਜੁਗ ਅੰਤਮ ਆਈ ਵਾਟ, ਦੂਰ ਦੁਰਾਡਾ ਪੰਧ ਮੁਕਾਈਆ । ਲਿਖ ਲਿਖ ਗਏ ਭਵਿਖਤ ਵਾਕ, ਵਾਤਾਵਰਨ ਜਗਤ ਸੁਣਾਈਆ । ਅੰਤਮ ਖੋਲ੍ਹੇ ਹਰਿ ਜੂ ਤਾਕ, ਦੋ ਜਹਾਨਾਂ ਕੁੰਡਾਂ ਲਾਹੀਆ । ਹਰਿ ਭਗਤ ਉਤਾਰੇ ਸਾਚੇ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਸੁੱਟੇ ਡੂੰਘੇ ਖਾਤ, ਨਾ ਸਕੇ ਕੋਇ ਬਚਾਈਆ । ਸਤਿਜੁਗ ਜਣਾਏ ਸਾਚੀ ਗਾਥ, ਕਲਜੁਗ ਲੇਖਾ ਦਏ ਮੁਕਾਈਆ । ਦਿਵਸ ਰੈਣ ਰਹੇ ਪਰਭਾਤ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰਨ ਦਾ ਚਾਉ, ਹਰਿ ਹਰਿ ਜੂ ਆਪ ਕਰਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਉਂ, ਸਾਚਾ ਅਦਲ ਆਪ ਕਮਾਇੰਦਾ । ਹਰਿਜਨ ਵੇਖੇ ਥਾਈਂ ਥਾਉਂ, ਥਾਨ ਥਨੰਤਰ ਵੇਖ ਵਖਾਇੰਦਾ । ਲੱਖ ਚੁਰਾਸੀ ਵਿਚੋਂ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਗੋਦ ਸੁਹਾਇੰਦਾ । ਇਕ ਸੁਣਾਏ ਸਾਚਾ ਨਾਉਂ, ਢੋਲਾ ਸੋਹਲਾ ਆਪ ਸੁਣਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਸਦਾ ਸੁਹੇਲਾ ਸਦ ਦੇਵੇ ਠੰਡੀ ਛਾਉਂ, ਏਥੇ ਓਥੇ ਦਇਆ ਕਮਾਇੰਦਾ । ਇਕ ਵਸਾਏ ਨਗਰ ਖੇੜਾ ਸਚ ਗਰਾਉਂ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰਾ ਸੰਤ ਸੁਹੇਲਾ, ਸਤਿ ਸਤਿਵਾਦੀ ਆਪ ਜਣਾਈਆ । ਕਲਜੁਗ ਆਇਆ ਅੰਤਮ ਵੇਲਾ, ਵੇਲਾ ਗਿਆ ਹੱਥ ਨਾ ਆਈਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਨਿਰਗੁਣ ਨਿਰਗੁਣ ਵੇਖ ਵਖਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣਾ ਬੰਧਨ ਪਾਈਆ । ਵਸਣਹਾਰਾ ਧਾਮ ਨਵੇਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਕੱਟਣਹਾਰਾ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਦਰ, ਦਰ ਮੰਦਰ ਵੱਜੇ ਵਧਾਈਆ । ਦਰ ਮੰਦਰ ਹਰਿ ਸੁਹਾਵਣਾ, ਸੋਭਾਵੰਤ ਕਰਤਾਰ । ਸਤਿਜੁਗ ਸਾਚਾ ਮਾਰਗ ਲਾਵਣਾ, ਆਪ ਲਗਾਏ ਏਕੰਕਾਰ । ਚਾਰ ਵਰਨ ਆਪ ਉਠਾਵਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰ ਪਿਆਰ । ਸਾਚਾ ਮੰਤਰ ਇਕ ਦ੍ਰਿੜਾਵਣਾ, ਆਤਮ ਪਰਮਾਤਮ ਦਏ ਆਧਾਰ । ਸੋਹੰ ਢੋਲਾ ਸਾਚਾ ਗਾਵਣਾ, ਰਸਨਾ ਗਾਏ ਸਰਬ ਸੰਸਾਰ । ਅਮਰਾਪਦ ਇਕ ਵਖਾਵਣਾ, ਅਮਰ ਰੂਪ ਆਪ ਨਿਰੰਕਾਰ । ਸਾਚਾ ਨਾਦ ਇਕ ਵਜਾਵਣਾ, ਧੁਨ ਨਾਦ ਅਗੰਮ ਅਪਾਰ । ਮਿਲ ਸਖ਼ੀਆਂ ਮੰਗਲ ਗਾਵਣਾ, ਗੀਤ ਗੋਬਿੰਦ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵਣਾ । ਸਾਚੀ ਕਰਨੀ ਲਏ ਕਮਾ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਮਿਟੇ ਜਗਤ ਅੰਧੇਰਾ ਛਾਹੀਆ । ਜੂਠਾ ਝੂਠਾ ਭਾਂਡਾ ਦਏ ਭੰਨਾ, ਖਾਲੀ ਠੂਠਾ ਸਰਬ ਵਖਾਈਆ । ਜਨ ਭਗਤਾਂ ਰਸ ਅਨਡਿਠਾ ਦਏ ਚੁਆ, ਅਨਡਿਠੜੀ ਧਾਰ ਵਹਾਈਆ । ਕਵਲ ਨਾਭੀ ਪੁੱਠਾ ਆਪ ਕਰਾ, ਮੁੱਖ ਕਵਲ ਕਵਲ ਖੁਲ੍ਹਾਈਆ । ਨਿਰਮਲ

ਬਾਤੀ ਆਪ ਟਿਕਾ, ਅਗਿਆਨ, ਅੰਧੇਰ ਮਿਟਾਈਆ । ਬੂੰਦ ਸਵਾਂਤੀ ਆਪ ਪਿਆ, ਤ੍ਰਿਸਨਾ ਭੁੱਖ ਮਿਟਾਈਆ । ਬੰਦ ਤਾਕੀ ਆਪ ਖੁਲ੍ਹਾ, ਬਜਰ ਕਪਾਟੀ ਤੋੜ ਤੁੜਾਈਆ । ਸਾਚੀ ਸੇਜਾ ਡੇਰਾ ਲਾ, ਆਤਮ ਸੇਜਾ ਦਏ ਵਡਿਆਈਆ । ਸੁਰਤ ਸੁਵਾਣੀ ਲਏ ਜਗਾ, ਸ਼ਬਦ ਹਲੂਣਾ ਏਕਾ ਲਾਈਆ । ਫੜ ਬਾਂਹੋਂ ਗਲੇ ਲਗਾ, ਗਲਵਕੜੀ ਏਕਾ ਪਾਈਆ । ਜਨਮ ਜਨਮ ਦਾ ਵਿਛੋੜਾ ਦਏ ਮਿਟਾ, ਮਿਲਿਆ ਮੇਲ ਵਿਛੜ ਨਾ ਜਾਈਆ । ਸਾਚਾ ਢੋਲਾ ਦਏ ਸੁਣਾ, ਸੋਹੰ ਏਕਾ ਗਾਈਆ । ਬਣ ਵਿਚੋਲਾ ਬੇਪਰਵਾਹ, ਕਾਇਆ ਚੋਲਾ ਦਏ ਬਦਲਾਈਆ । ਮੌਲਾ ਰੂਪ ਆਪ ਖ਼ੁਦਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਆਪੇ ਬੰਸ ਆਪੇ ਹੋਏ ਜੁਦਾ, ਆਪੇ ਕਾਇਆ ਬਸਤੀ ਦਏ ਵਖਾਈਆ । ਆਪੇ ਸਹੰਸ ਨੂਰ ਰੁਸ਼ਨਾ, ਜਲਵਾ ਨੂਰ ਨੂਰ ਧਰਾਈਆ । ਆਪੇ ਮੁਕਾਮੇ ਹੱਕ ਡੇਰਾ ਲਾ, ਹੱਕ ਹਕੀਕ਼ਤ ਵੇਖੇ ਥਾਉਂ ਥਾਈਂਆ । ਲਾਸ਼ਰੀਕ ਆਪ ਅਖਵਾ, ਸ਼ਿਰਕਤ ਸਭ ਦੀ ਦਏ ਮਿਟਾਈਆ । ਕਲਜੁਗ ਅੰਤਮ ਈਸਾ ਮੂਸਾ ਮੁਹੰਮਦ ਰੱਖੇ ਗਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਕਲਜੁਗ ਲੇਖਾ ਲੇਖੇ ਲਾਏ, ਭੇਵ ਕੋਇ ਨਾ ਆਇੰਦਾ । ਪੂਰਬ ਲਹਿਣਾ ਸਰਬ ਚੁਕਾਏ, ਬਾਕੀ ਹੋਰ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਵਲ ਚਰਨ ਸਦ ਰਖਾਏ, ਸਰਨਗਤ ਇਕ ਜਣਾਇੰਦਾ । ਦੋਏ ਦੋਏ ਜੋੜ ਲਾਗਣ ਪਾਏ, ਸਯਦਾ ਸੀਸ ਝੁਕਾਇੰਦਾ । ਜਿਉਂ ਭਾਵੇ ਤਿਉਂ ਲਏ ਚਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਕਰੇ ਅਗੰਮ, ਅਗੰਮੜੀ ਕਾਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਬੰਨ੍ਹ, ਬੰਧਨ ਏਕਾ ਨਾਮ ਪਾਈਆ । ਦੇਵਣਹਾਰਾ ਨਾਮ ਧਨ, ਧਨ ਖ਼ਜ਼ੀਨਾ ਇਕ ਜਣਾਈਆ । ਵਸਣਹਾਰਾ ਬਿਨ ਛੱਪਰੀ ਛੰਨ, ਸਾਚੇ ਮੰਦਰ ਡੇਰਾ ਲਾਈਆ । ਸੁਣਨਹਾਰਾ ਬਿਨ ਰਾਗ ਕੰਨ, ਬਿਨ ਰਸਨਾ ਰਿਹਾ ਗਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਦੇਵੇ ਡੰਨ, ਡੰਕਾ ਏਕਾ ਨਾਮ ਵਜਾਈਆ । ਕਾਇਆ ਮਾਟੀ ਭਾਂਡਾ ਕਾਚਾ ਦੇਵੇ ਭੰਨ, ਘੜਨ ਭੰਨਣਹਾਰ ਵੇਖ ਵਖਾਈਆ । ਸਤਿਜੁਗ ਸਤਿ ਸਤਿਵਾਦੀ ਚਾੜ੍ਹੇ ਚੰਨ, ਬਿਨ ਚੰਦ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਬਣੇ ਜਨਨੀ ਜਨ, ਗੁਰਮੁਖ ਸਾਚੇ ਗੋਦ ਸੁਹਾਈਆ । ਏਕਾ ਰਾਗ ਸੁਣਾਏ ਕੰਨ, ਸੋਹੰ ਢੋਲਾ ਸਾਚਾ ਗਾਈਆ । ਦਹਿ ਦਿਸ਼ਾ ਉਡੇ ਨਾ ਮਨ, ਮਨ ਵਾਸਨਾ ਦਏ ਖਪਾਈਆ । ਭਾਗ ਲਗਾਏ ਕਾਇਆ ਤਨ, ਤਨ ਤੰਦੂਰ ਨਾ ਕੋਇ ਤਪਾਈਆ । ਗੜ੍ਹ ਹੰਕਾਰੀ ਦੇਵੇ ਭੰਨ, ਭੈ ਭਿਆਨਕ ਹੋਏ ਸਹਾਈਆ । ਦਰਸ ਦਿਖਾਏ ਨੇਤਰ ਅੰਨ੍ਹ, ਨੈਣ ਨੈਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਨਾਮ ਸਮਝਾਈਆ । ਸਤਿਜੁਗ ਸਾਚਾ ਨਾਉਂ, ਹਰਿ ਸਾਚਾ ਸਚ ਜਣਾਇੰਦਾ । ਸ੍ਰਿਸ਼ਟ ਸਬਾਈ ਦੇਵੇ ਥਾਉਂ, ਚਰਨ ਸਰਨ ਸਰਨ ਚਰਨ ਇਕ ਜਣਾਇੰਦਾ । ਜੁਗ ਜੁਗ ਵਿਛੜੇ ਮੇਲੇ ਫੜ ਫੜ ਬਾਂਹੋਂ, ਸੇਵਕ ਸੇਵਾਦਾਰ ਆਪ ਹੋ ਜਾਇੰਦਾ । ਕਲਜੁਗ ਅੰਤ ਕਰੇ ਨਿਆਉਂ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆਵਾਨ ਇਕ ਅਖਵਾਇੰਦਾ ।


੬੯੭
੧੨

✳ ੧੫ ਭਾਦਰੋਂ ੨੦੧੯ ਬਿਕ੍ਰਮੀ ਕਿਰਪਾਲ ਸਿੰਘ ਦੇ ਗ੍ਰਿਹਿ ਪਿੰਡ ਗੋਲੇ ਵਾਲਾ ਜ਼ਿਲਾ ਫਿਰੋਜ਼ਪੁਰ ✳

ਸਤਿਗੁਰ ਪੂਰਾ ਸਦਾ ਦਿਆਲ, ਹਰਿ ਜੁਗ ਜੁਗ ਦਇਆ ਕਮਾਇੰਦਾ । ਗੁਰਮੁਖ ਗੁਰ ਗੁਰ ਵੇਖੇ ਲਾਲ, ਲਾਲ ਅਨਮੁਲੜੇ ਆਪ ਪਰਗਟਾਇੰਦਾ । ਦੋ ਜਹਾਨਾਂ ਬਣ ਦਲਾਲ, ਜਗਤ ਵਿਛੋੜਾ ਪੰਧ ਕਟਾਇੰਦਾ । ਜੀਵਣ ਜੁਗਤੀ ਘਾਲੇ ਘਾਲ, ਕੀਤੀ ਘਾਲ ਵੇਖ ਵਖਾਇੰਦਾ । ਸਚ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਗੁਰਸਿਖ ਲੇਖਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਚੁਕਾਇੰਦਾ । ਅੰਤਰ ਆਤਮ ਦੇਵਣਹਾਰਾ ਦਾਨ, ਪਰਮਾਤਮ ਖੇਲ ਵਖਾਇੰਦਾ । ਸ੍ਰਿਸ਼ਟ ਸਬਾਈ ਝੂਠ ਦੁਕਾਨ, ਜਗਤ ਨਾਤਾ ਮੋਹ ਨਾ ਕੋਇ ਵਖਾਇੰਦਾ । ਸਚ ਸੰਦੇਸਾ ਧੁਰ ਫ਼ਰਮਾਣ, ਨਿਰਗੁਣ ਸਰਗੁਣ ਆਪ ਸੁਣਾਇੰਦਾ । ਚਰਨ ਕਵਲ ਇਕ ਧਿਆਨ, ਸੁਰਤੀ ਸ਼ਬਦ ਸ਼ਬਦ ਮਿਲਾਇੰਦਾ । ਘਰ ਮੇਲਾ ਸਤਿਗੁਰ ਸਖ਼ੀ ਕਾਹਨ, ਵਾਹਵਾ ਬੰਸਰੀ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਠਾਕਰ ਸਵਾਮੀ, ਘਰ ਠਾਂਡਾ ਇਕ ਵਖਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੋਧ ਅਗਾਧ ਪੜ੍ਹਾਏ ਬਾਣੀ, ਅਨਹਦ ਨਾਦੀ ਨਾਦ ਸੁਣਾਈਆ । ਵੇਖਣਹਾਰਾ ਚਾਰੇ ਖਾਣੀ, ਚਾਰੋਂ ਕੁੰਟ ਰਿਹਾ ਸਮਾਈਆ । ਆਪੇ ਜਾਣੇ ਆਪਣੀ ਅਕੱਥ ਕਹਾਣੀ, ਕਥਨੀ ਕਥ ਨਾ ਕੋਇ ਮੁਕਾਈਆ । ਦੇਵਣਹਾਰਾ ਪਦ ਨਿਰਬਾਣੀ, ਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਸ਼ਹਿਨਸ਼ਾਹ ਸ਼ਾਹ ਆਪ ਅਖਵਾਇੰਦਾ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਆਸਣ ਲਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਵੇਖਣਹਾਰ ਜ਼ਿਮੀ ਅਸਮਾਨ, ਗਗਨ ਮੰਡਲ ਫੋਲ ਫੋਲਾਇੰਦਾ । ਰਵ ਸਸ ਸੂਰਜ ਚੰਨ ਜੋਤ ਮਹਾਨ, ਕਿਰਨ ਕਿਰਨ ਚਮਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਤਿਗੁਰ ਪੂਰਾ ਵਡ ਬਲਵਾਨਾ, ਬਲ ਆਪਣੇ ਹੱਥ ਰਖਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਮਰਦਾਨਗੀ ਇਕੋ ਇਕ ਜਣਾਈਆ । ਆਦਿ ਜੁਗਾਦੀ ਸਚ ਤਰਾਨਾ, ਰਾਗ ਅਨਾਦੀ ਨਾਦ ਅਲਾਈਆ । ਪਾਵੇ ਸਾਰ ਦੋ ਜਹਾਨਾਂ, ਰੂਪ ਅਨੂਪ ਵਟਾਈਆ । ਨਿਰਗੁਣ ਸਰਗੁਣ ਪਹਿਰੇ ਬਾਣਾ, ਗੁਰ ਗੁਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਤਿਗੁਰ ਪੂਰਾ ਉਚ ਅਟੱਲਾ, ਹਰਿ ਏਕਾ ਏਕ ਅਖਵਾਇੰਦਾ । ਵਸਣਹਾਰਾ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਖੇਲ ਕਰਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਸੋਭਾ ਪਾਇੰਦਾ । ਨਿਰਮਲ ਜੋਤੀ ਆਪੇ ਬਲਾ, ਪਰਕਾਸ਼ ਪਰਕਾਸ਼ ਨਾਲ ਪਰਗਟਾਇੰਦਾ । ਸਤਿ ਸੰਦੇਸਾ ਏਕਾ ਘੱਲਾ, ਜੁਗ ਚੌਕੜੀ ਆਪ ਪੜ੍ਹਾਇੰਦਾ । ਆਪ ਫੜਾਏ ਆਪਣਾ ਪੱਲਾ, ਪੱਲੂ ਏਕਾ ਗੰਢ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੀ ਕਾਰ ਕਮਾਇੰਦਾ । ਸਤਿਗੁਰ ਸੱਚਾ ਸਦਾ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਦੀਨਾਂ ਨਾਥਾ ਦੀਨ ਦਿਆਲ, ਦੀਨਨ ਹੋਏ ਆਪ ਸਹਾਈਆ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਕਰਨਹਾਰ ਕਰਤਾਰਾ । ਲੱਖ ਚੁਰਾਸੀ ਆਪੇ ਵਰਨਾ, ਵੇਖਣਹਾਰਾ ਧੁਰ ਦਰਬਾਰਾ । ਗੁਰਮੁਖ ਗੁਰ ਗੁਰ ਆਪੇ ਫੜਨਾ, ਲੱਖ ਚੁਰਾਸੀ ਵਿਚੋਂ ਕਰ ਉਜਿਆਰਾ । ਸਾਚੇ ਮੰਦਰ ਆਪੇ ਚੜ੍ਹਨਾ, ਵੇਖਣਹਾਰ ਮਹੱਲ ਮਨਾਰਾ । ਅੱਖਰ ਵੱਖਰ ਆਪੇ ਪੜ੍ਹਨਾ, ਸ਼ਬਦ ਅਗੰਮੀ ਬੋਲ ਜੈਕਾਰਾ । ਸਾਚੀ ਤਰਨੀ ਆਪੇ ਤਰਨਾ, ਗੁਰ ਸਤਿਗੁਰ ਤਾਰਨਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਸਤਿਗੁਰ ਪੂਰਾ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਗੁਰ ਅਵਤਾਰਾਂ ਦੇਵੇ ਗਿਆਨ, ਪੀਰ ਪੈਗ਼ੰਬਰਾਂ ਕਲਮਾ ਨਬੀ ਪੜ੍ਹਾਈਆ । ਵਸਣਹਾਰਾ ਸਚ ਮਕਾਨ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਆਦਿ ਜੁਗਾਦਿ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਰਖਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਪੂਰਾ ਸੂਰਾ ਸਰਬੰਗ, ਸੂਰਬੀਰ ਆਪ ਅਖਵਾਇੰਦਾ । ਚਾੜ੍ਹਨਹਾਰਾ ਸਾਚਾ ਰੰਗ, ਰੰਗ ਰੰਗੀਲਾ ਰੰਗ ਰੰਗਾਇੰਦਾ । ਵਸਣਹਾਰਾ ਸਚ ਪਲੰਘ, ਆਤਮ ਸੇਜਾ ਇਕ ਹੰਢਾਇੰਦਾ । ਕਰੇ ਪਰਕਾਸ਼ ਨਿਰਮਲ ਚੰਦ, ਨੂਰੀ ਜੋਤ ਡਗਮਗਾਇੰਦਾ । ਲੱਖ ਚੁਰਾਸੀ ਟੁੱਟੀ ਦੇਵੇ ਗੰਢ, ਗੰਢਣਹਾਰ ਆਪ ਹੋ ਜਾਇੰਦਾ । ਜਨਮ ਜਨਮ ਦਾ ਮੇਟੇ ਪੰਧ, ਬਣ ਪਾਂਧੀ ਪੰਧ ਮੁਕਾਇੰਦਾ । ਆਤਮ ਪਰਮਾਤਮ ਸੁਣਾਏ ਛੰਦ, ਸਾਚਾ ਢੋਲਾ ਇਕ ਗਾਇੰਦਾ । ਘਰ ਵਿਚ ਘਰ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖਾਨਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਤਿਗੁਰ ਪੂਰਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਪੂਰਾ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆ ਕਮਾਈਆ । ਸਤਿਗੁਰ ਪੂਰਾ ਲਾਵਣਹਾਰ ਨਿਸ਼ਾਨ, ਨਿਸ਼ਾਨਾ ਜਗਤ ਮਾਤ ਝੁਲਾਈਆ । ਸਤਿਗੁਰ ਪੂਰਾ ਸਾਚਾ ਕਾਹਨ, ਕਾਹਨ ਏਕਾ ਰੂਪ ਵਟਾਈਆ । ਸਤਿਗੁਰ ਪੂਰਾ ਦੇਵਣਹਾਰਾ ਮਾਣ, ਨਿਮਾਣਿਆਂ ਹੋਏ ਸਹਾਈਆ । ਸਤਿਗੁਰ ਪੂਰਾ ਤੋੜਨਹਾਰ ਅਭਿਮਾਨ, ਅਭਿਮਾਨੀ ਕੋਇ ਰਹਿਣ ਨਾ ਪਾਈਆ । ਸਤਿਗੁਰ ਪੂਰਾ ਸਰਬ ਜੀਆਂ ਦਾ ਜਾਣੀ ਜਾਣ, ਜਾਨਣਹਾਰਾ ਇਕ ਅਖਵਾਈਆ । ਸਤਿਗੁਰ ਪੂਰਾ ਸਦਾ ਬੇਪਹਿਚਾਨ, ਜਗਤ ਨੈਣ ਨਜ਼ਰ ਨਾ ਆਈਆ । ਜੁਗ ਚੌਕੜੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਲੱਖ ਚੁਰਾਸੀ ਬਾਲ ਅਵਾਣ, ਜੀਵ ਜੰਤ ਭੇਵ ਨਾ ਰਾਈਆ । ਚਾਰੇ ਖਾਣੀ ਹੋਏ ਹੈਰਾਨ, ਹਰਿ ਕਾ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਆਦਿ ਜੁਗਾਦਿ, ਜੁਗ ਜੁਗ ਖੇਲ ਕਰਾਇੰਦਾ । ਸਤਿ ਸਤਿਵਾਦ ਵਜਾਏ ਨਾਦ, ਅਨਾਦੀ ਰਾਗ ਸੁਣਾਇੰਦਾ । ਨਿਰਗੁਣ ਸਰਗੁਣ ਸੁਣੇ ਫ਼ਰਯਾਦ, ਨੇਰਨ ਨੇਰਾ ਹੋ ਹੋ ਫੇਰਾ ਪਾਇੰਦਾ । ਗੁਰਮੁਖ ਗੁਰ ਗੁਰ ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਅੰਗ ਲਗਾਇੰਦਾ । ਪਿਤਾ ਪੂਤ ਲਡਾਏ ਲਾਡ, ਮਾਤਾ ਆਪਣੀ ਗੋਦ ਸੁਹਾਇੰਦਾ । ਵਸਤ ਦੇਵੇ ਸਾਚੀ ਦਾਦ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਸਤਿਗੁਰ ਵੱਡਾ ਵਡ ਵਡਿਆਈਆ । ਗੁਰਮੁਖ ਸਾਚਾ ਲਏ ਉਭਾਰ, ਮੇਲ ਮਿਲਾਏ

ਸਹਿਜ ਸੁਭਾਈਆ । ਜਨਮ ਜਨਮ ਦਾ ਰੋਗ ਨਿਵਾਰ, ਦੁਰਮਤ ਧੋਵੇ ਮੈਲ ਛਾਹੀਆ । ਅੰਮ੍ਰਿਤ ਦੇਵੇ ਠੰਡਾ ਠਾਰ, ਜਗਤ ਤ੍ਰਿਸਨਾ ਭੁੱਖ ਗਵਾਈਆ । ਨੇਤਰ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਦਏ ਤੁੜਾਈਆ । ਆਤਮ ਸੇਜਾ ਕਰ ਪਿਆਰ, ਪ੍ਰੀਤਮ ਪਿਆਰਾ ਲਏ ਮਿਲਾਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਸੁਣਾਈਆ । ਅਨਹਦ ਧੁਨ ਸੱਚੀ ਧੁੰਨਕਾਰ, ਧੁਨ ਆਤਮਕ ਆਪ ਅਲਾਈਆ । ਜੋਤੀ ਨੂਰ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਕਰ ਪਿਆਰ, ਪ੍ਰੇਮ ਪਿਆਰ ਇਕ ਸਿਖਾਈਆ । ਆਪ ਆਪਾ ਦੇਣਾ ਵਾਰ ਹਉਂ ਘੋਲੀ ਘੋਲ ਘੁਮਾਈਆ । ਤੂੰ ਮੇਰਾ ਮੈਂ ਤੇਰਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਲੱਖ ਚੁਰਾਸੀ ਹੋਏ ਖੁਆਰ, ਜੀਵ ਜੰਤ ਜੰਤ ਕੁਰਲਾਈਆ । ਮਾਤ ਪਿਤ ਧੀਆਂ ਪੁੱਤਰ ਭਾਈ ਭੈਣ ਸਾਕ, ਸੱਜਣ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖ ਸੋਹੇ ਸਚ ਦਰਬਾਰ, ਸਤਿਗੁਰ ਪੂਰਾ ਏਕਾ ਚਰਨ ਦਏ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰੇ ਖੁਆਰ, ਕੂੜਾ ਕੂੜੇ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਬੇਪਰਵਾਹ, ਭੇਵ ਅਭੇਦਾ ਆਪ ਜਣਾਇੰਦਾ । ਗੁਰਮੁਖ ਸੱਜਣਾ ਲਏ ਤਰਾ, ਤਾਰਨਹਾਰਾ ਏਕਾ ਆਇੰਦਾ । ਸਤਿ ਸਤਿਵਾਦੀ ਨਾਮ ਪੜ੍ਹਾ, ਨੱਯਾ ਨਾਮ ਆਪ ਚੜ੍ਹਾਇੰਦਾ । ਸਾਚਾ ਸੱਯਾ ਇਕ ਅਖਵਾ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਧੁਰ ਦਾ ਲੇਖਾ ਦਏ ਚੁਕਾ, ਲਿਖ ਲਿਖ ਲੇਖਾ ਆਪ ਮੁਕਾਇੰਦਾ । ਭਰਮ ਭੁਲੇਖਾ ਦਏ ਕਢਾ, ਭਾਂਡਾ ਭਰਮ ਭੌ ਭੰਨਾਇੰਦਾ । ਨੇਤਨ ਨੇਤਾ ਦਰਸ ਦਿਖਾ, ਪਿਛਲਾ ਚੇਤਾ ਆਪ ਜਣਾਇੰਦਾ । ਜਨਮ ਜਨਮ ਦਾ ਭੇਤਾ ਦਏ ਖੁਲ੍ਹਾ, ਅਨੁਭਵ ਪਰਕਾਸ਼ ਵਖਾਇੰਦਾ । ਕਾਇਆ ਖੇਤਾ ਹਰਾ ਕਰਾ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਕਲਜੁਗ ਲੇਖਾ ਦਏ ਚੁਕਾ, ਲੇਖਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਦਇਆ ਕਮਾਇੰਦਾ । ਸਤਿਗੁਰ ਸੱਚਾ ਸੂਰਬੀਰ, ਨਾਮ ਬੀਰਤਾ ਇਕ ਵਖਾਈਆ । ਸ਼ਬਦ ਨਿਰਾਲਾ ਮਾਰੇ ਤੀਰ, ਅਣਿਆਲਾ ਆਪ ਚਲਾਈਆ । ਚੋਟੀ ਚੜ੍ਹੇ ਇਕ ਅਖ਼ੀਰ, ਆਖ਼ਰ ਆਪਣਾ ਚਰਨ ਛੁਹਾਈਆ । ਬਦਲਣਹਾਰਾ ਆਪ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਖਿਚਣਹਾਰਾ ਸਚ ਤਸਵੀਰ, ਮੁਸੱਵਰ ਦੂਜਾ ਨਜ਼ਰ ਕੋਇ ਨਾ ਆਈਆ । ਦੇਵਣਹਾਰਾ ਠਾਂਡਾ ਸੀਰ, ਨਿਝਰ ਝਿਰਨਾ ਦਏ ਝਿਰਾਈਆ । ਚਿੱਟੇ ਉਤੇ ਖਿਚ ਲਕੀਰ, ਪਿਛਲੀ ਲਕੀਰ ਦਏ ਮਿਟਾਈਆ । ਕਲਜੁਗ ਦਿਸੇ ਥੋੜੀ ਭੀੜ, ਭੀੜਾ ਪੰਧ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਸੱਚਾ ਗਿਆਤਾ, ਏਕੰਕਾਰਾ ਇਕ ਅਖਵਾਇੰਦਾ । ਸਤਿਗੁਰ ਪੂਰਾ ਸੱਚਾ ਦਾਤਾ, ਦਾਤਾ ਦਾਨੀ ਦਇਆ ਕਮਾਇੰਦਾ । ਸਤਿਗੁਰ ਪੂਰਾ ਸੱਚਾ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਸਤਿਗੁਰ ਪੂਰਾ ਸੁਣਾਏ ਸਾਚੀ ਗਾਥਾ, ਅੰਤਰ ਮੰਤਰ ਆਪ ਸੁਣਾਇੰਦਾ । ਸਤਿਗੁਰ ਪੂਰਾ ਪੁੱਛੇ ਬਾਤਾ, ਰਾਤੀ ਸੁੱਤਿਆਂ ਆਪ ਉਠਾਇੰਦਾ । ਸਤਿਗੁਰ ਪੂਰਾ ਮੇਟੇ ਅੰਧੇਰੀ ਰਾਤਾ, ਨਿਰਮਲ ਜੋਤ ਡਗਮਗਾਇੰਦਾ । ਸਤਿਗੁਰ ਪੂਰਾ ਜਗਤ ਬੰਧਾਏ ਸਾਚਾ ਸਾਥਾ, ਜਗ ਜੀਵਣ ਗੰਢ ਪੁਵਾਇੰਦਾ । ਸਤਿਗੁਰ ਪੂਰਾ ਪੂਰਾ ਕਰੇ ਘਾਟਾ, ਘਾਟਾ ਕੋਇ ਰਹਿਣ ਨਾ ਪਾਇੰਦਾ । ਸਤਿਗੁਰ ਪੂਰਾ ਖਾਲੀ ਭਰੇ ਬਾਟਾ, ਅੰਮ੍ਰਿਤ ਰਸ ਵਿਚ ਚੁਆਇੰਦਾ । ਸਤਿਗੁਰ ਪੂਰਾ ਲਹਿਣਾ ਦੇਣਾ ਦੇਵੇ ਹੱਥੋ ਹਾਥਾ, ਹੱਥੋ ਹੱਥ ਆਪ ਫੜਾਇੰਦਾ । ਸਤਿਗੁਰ ਪੂਰਾ ਸਰਬ ਕਲਾ ਸਮਰਾਥਾ, ਸਮਰਥ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ,


੬੯੦ ੧੨

ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਸਤਿਗੁਰ ਪੂਰਾ ਹਰਿ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਹਰਿਭਗਤ ਬਣਾਏ ਸਾਚੀ ਬਣਤ, ਸੰਤ ਸਤਿਗੁਰ ਹੋਏ ਸਹਾਈਆ । ਗੁਰਮੁਖ ਲੇਖਾ ਲਿਖ ਅਗਣਤ, ਅਗਣਤ ਦਏ ਸਮਝਾਈਆ । ਗੁਰਸਿਖ ਮੇਲਾ ਸਾਚੇ ਕੰਤ, ਘਰ ਸਾਚੇ ਵੱਜੇ ਵਧਾਈਆ । ਕਾਇਆ ਚੋਲੀ ਰੰਗ ਬਸੰਤ, ਬਸਨ ਬਨਵਾਰੀ ਆਪ ਰੰਗਾਈਆ । ਮਾਣਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਨਾ ਕੋਇ ਫਿਰਾਈਆ । ਜਿਸ ਜਨ ਮੇਲੇ ਆਪਣੀ ਸੰਗਤ, ਸਗਲਾ ਸੰਗ ਰਖਾਈਆ । ਨਾਤਾ ਤੋੜ ਭੁੱਖ ਨੰਗਤ, ਸਾਚਾ ਬਸਤਰ ਤਨ ਪਹਿਨਾਈਆ । ਹਰਿਜਨ ਹੋਰ ਨਾ ਜਾਏ ਮੰਗਤ, ਦੂਜੇ ਦਰ ਨਾ ਕੋਇ ਵਡਿਆਈਆ । ਸਤਿਗੁਰ ਮੇਲਾ ਆਦਿ ਅੰਤ, ਗੁਰ ਚੇਲਾ ਹੋਏ ਸਹਾਈਆ । ਕੂੜੀ ਕਿਰਿਆ ਜੀਵ ਜੰਤ, ਕੂੜਾ ਧੰਦਾ ਸਰਬ ਲੋਕਾਈਆ । ਕਲਜੁਗ ਮਾਇਆ ਪਈ ਬੇਅੰਤ, ਪੜਦਾ ਸਕੇ ਨਾ ਕੋਇ ਉਠਾਈਆ । ਭਰਮੇ ਭੁੱਲੇ ਜੀਵ ਜੰਤ, ਜੀਵਣ ਜੁਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਅਖਵਾਈਆ । ਸਤਿਗੁਰ ਪੂਰਾ ਸੱਚਾ ਠਾਕਰ, ਧੁਰ ਦਾ ਠੇਕੇਦਾਰ ਅਖਵਾਇੰਦਾ । ਲੱਖ ਚੁਰਾਸੀ ਕਰੇ ਵਣਜ ਬਣ ਸੌਦਾਗਰ, ਸੌਦਾ ਹੱਟੋ ਹੱਟ ਵਿਕਾਇੰਦਾ । ਬੂੰਦ ਰਕਤ ਮੇਲਾ ਕਾਇਆ ਗਾਗਰ, ਗਗਰੀਆ ਕਾਚੀ ਮਾਟੀ ਸੋਭਾ ਪਾਇੰਦਾ । ਨਿਰਗੁਣ ਸਰਗੁਣ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਇੰਦਾ । ਮਿਹਰਵਾਨ ਕਰੀਮ ਕਰਤਾ ਕਾਦਰ, ਕੁਦਰਤ ਆਪਣਾ ਰੰਗ ਰੰਗਾਇੰਦਾ । ਵਡ ਬਲਵਾਨ ਸੂਰਬੀਰ ਬਹਾਦਰ, ਜੋਧਾ ਆਪਣਾ ਬਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰਾ, ਕਰਨੀ ਆਪਣੀ ਆਪ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਸਚ ਵਿਹਾਰਾ, ਕਲਜੁਗ ਅੰਤਮ ਆਪਣੇ ਹੱਥ ਰਖਾਈਆ । ਜੁਗ ਜਨਮ ਦੇ ਵਿਛੜੇ ਮੇਲੇ ਯਾਰਾ, ਪੂਰਬ ਲਹਿਣਾ ਰਿਹਾ ਮੁਕਾਈਆ । ਮਾਣਸ ਜਨਮ ਨਾ ਹੋਏ ਖੁਵਾਰਾ, ਖੁਵਾਰੀ ਆਪੇ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਲਿਖਣਹਾਰਾ, ਲਿਖ ਲਿਖ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਵਾਰੋ ਵਾਰਾ, ਜੁਗ ਜੁਗ ਵੇਸ ਵਟਾਇੰਦਾ । ਕੋਟਨ ਕੋਟ ਨਾਮ ਬੋਲ ਜੈਕਾਰਾ, ਜੈ ਜੈਕਾਰ ਸਿਫ਼ਤੀ ਸਿਫ਼ਤ ਸਾਲਾਹਿੰਦਾ । ਗੁਰ ਅਵਤਾਰ ਦੇ ਸਹਾਰਾ, ਗੁਰ ਗੁਰ ਆਪਣਾ ਇਸ਼ਟ ਜਣਾਇੰਦਾ । ਪੀਰ ਪੈਗ਼ੰਬਰ ਕਰ ਉਜਿਆਰਾ, ਉਜਲ ਮੁੱਖ ਆਪ ਵਖਾਇੰਦਾ । ਸਾਚਾ ਸੁਖ ਧੁਰ ਦਰਬਾਰਾ, ਦੂਜਾ ਦਰ ਨਾ ਕੋਇ ਸੁਹਾਇੰਦਾ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਮਾਤ ਪਿਤ ਨਾ ਕੋਇ ਪਿਆਰਾ, ਪੂਤ ਸਪੂਤ ਗੋਦ ਨਾ ਕੋਇ ਸੁਹਾਇੰਦਾ । ਸ੍ਰਿਸ਼ਟ ਸਬਾਈ ਧੁੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਘਰ ਘਰ ਹੋਏ ਹਾਹਾਕਾਰਾ, ਹੋਕਾ ਨਾਮ ਨਾ ਕੋਇ ਦਿਵਾਇੰਦਾ । ਏਕਾ ਭਗਤ ਭਗਵੰਤ ਕਰੇ ਪਿਆਰਾ, ਦੂਜਾ ਪਿਆਰ ਨਾ ਕੋਇ ਜਣਾਇੰਦਾ । ਮਾਇਆ ਬੱਧਾ ਸਰਬ ਸੰਸਾਰਾ, ਮੋਹ ਮੁਹੱਬਤ ਜ਼ੰਜੀਰ ਏਕਾ ਪਾਇੰਦਾ । ਲੱਖ ਚੁਰਾਸੀ ਲੱਗਾ ਅਖਾੜਾ, ਨਟੂਆ ਆਪਣਾ ਸਾਂਗ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਇਕ ਸਮਝਾਇੰਦਾ । ਸਾਚਾ ਸੁਖ ਸਤਿਗੁਰ ਸਹਾਰਾ, ਦੂਸਰ ਅਵਰ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ, ਰੋਂਦਾ ਗਿਆ ਵਿਚ ਸੰਸਾਰਾ, ਪੁੱਤਰ ਧੀਆਂ ਕੰਮ ਕਿਸੇ ਨਾ ਆਈਆ । ਬਿਨ ਸਾਹਿਬ ਸਤਿਗੁਰ ਠਾਂਡਾ ਦਿਸੇ ਨਾ ਕੋਇ ਦਰਬਾਰਾ, ਸ੍ਰਿਸ਼ਟ ਸਬਾਈ

੬੯੧
੧੨

ਅਗਨੀ ਚਿਖਾ ਤਪਾਈਆ । ਗੋਬਿੰਦ ਸਾਚਾ ਦੱਸ ਕੇ ਗਿਆ ਸਹਾਰਾ, ਬਾਲੇ ਨੀਹਾਂ ਹੇਠ ਦਬਾਈਆ । ਧ੍ਰਿਗ ਜੀਵਣ ਸੰਸਾਰਾ, ਜਿਸ ਮਿਲੇ ਨਾ ਸੱਚਾ ਮਾਹੀਆ । ਘਰ ਮਿਲੇ ਨਾ ਆਪ ਨਿਰੰਕਾਰਾ, ਸੋ ਬੰਕ ਨਾ ਕੋਇ ਸੁਹਾਈਆ । ਗੁਰਸਿਖ ਤੇਰਾ ਵਸਦਾ ਰਹੇ ਚੁਬਾਰਾ, ਚਾਰ ਯੁਗ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸਤਿਗੁਰ ਕਾ ਮਾਣ ਸਚ ਸੰਦੇਸ, ਸਤਿ ਸਤਿਵਾਦੀ ਆਪ ਜਣਾਇੰਦਾ । ਕੋਟਨ ਕੋਟ ਨਰ ਨਰੇਸ਼, ਰਾਏ ਧਰਮ ਹੱਥ ਫੜਾਇੰਦਾ । ਅੱਗੇ ਕਿਸੇ ਨਾ ਚਲੇ ਕੋਈ ਪੇਸ਼, ਪਿਤਾ ਪੂਤ ਨਾ ਕੋਇ ਛਡਾਇੰਦਾ । ਨਾਨਕ ਨਿਰਗੁਣ ਦੇ ਕੇ ਗਿਆ ਸਚ ਸੰਦੇਸ, ਆਪਣੀ ਵਸਤ ਅੰਗਦ ਝੋਲੀ ਪਾਇੰਦਾ । ਕੂੜੀ ਕਿਰਿਆ ਕੂੜੀ ਖੇਡ, ਕੂੜਾ ਰੰਗ ਰਹਿਣ ਨਾ ਪਾਇੰਦਾ । ਜਿਸ ਜਨ ਸਤਿਗੁਰ ਦੇਵੇ ਆਪਣਾ ਭੇਤ, ਪਿਤਾ ਪੂਤ ਰੂਪ ਹੋ ਜਾਇੰਦਾ । ਬਿਨ ਸਾਹਿਬ ਸੁੰਞਾ ਖੇਤ, ਪਹਿਰੇਦਾਰ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਲੇਖ ਮੁਕਾਇੰਦਾ । ਸਤਿਗੁਰ ਪੂਰਾ ਸਾਹਿਬ ਇਕ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਲੇਖਾ ਲਿਖ, ਭਗਤਾਂ ਦਏ ਵਡਿਆਈਆ । ਸਾਚੀ ਸਿਖਿਆ ਲੈਣੀ ਸਿਖ, ਸਾਖਆਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰਾ, ਕਰਨੀ ਕਰਤਾ ਆਪ ਕਮਾਇੰਦਾ । ਗੁਰਮੁਖ ਗੁਰ ਗੁਰ ਕਰੇ ਪਿਆਰਾ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਬੀਜ ਬੀਜੇ ਅਗੰਮ ਅਪਾਰਾ, ਪੱਤ ਡਾਲ੍ਹੀ ਇਕ ਮਹਿਕਾਇੰਦਾ । ਫਲ ਲੱਗੇ ਅੰਮ੍ਰਿਤ ਰਸ ਠੰਡਾ ਠਾਰਾ, ਲੋਕਮਾਤ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਦੁੱਖਾਂ ਗੁਰਮੁਖ ਗੁਰ ਗੁਰ ਇਕ ਵਡਿਆਇੰਦਾ । ਗੁਰਸਿਖ ਨਾ ਕੋਇ ਦੁੱਖ, ਸਤਿਗੁਰ ਦੁਖੜਾ ਆਪ ਚੁਕਾਈਆ । ਗੁਰਸਿਖ ਨਾ ਕੋਇ ਭੁੱਖ, ਹਰਿ ਭੁੱਖਿਆਂ ਭੁੱਖ ਗਵਾਈਆ । ਗੁਰਸਿਖ ਲੋਕਮਾਤ ਨਾ ਰਹੇ ਲੁਕ, ਲੱਖ ਚੁਰਾਸੀ ਵਿਚੋਂ ਮਿਲੇ ਵਡਿਆਈਆ । ਗੁਰਸਿਖ ਆਂਢ ਗੁਵਾਂਢ ਲਏ ਪੁੱਛ, ਪੁੱਤਰ ਧੀਆਂ ਵਾਲੇ ਰੋਵਣ ਮਾਰਨ ਧਾਹੀਂਆ । ਅੰਤਮ ਖਾਲੀ ਹੱਥ ਸੰਗ ਨਾ ਕੁਛ, ਕੁਛੜ ਬਹਿ ਸੰਗ ਕੋਇ ਨਾ ਜਾਈਆ । ਮਾਣਸ ਸਿੰਮਲ ਦੀਰਘ ਅਤਮੁਚ, ਬਿਨ ਹਰਿ ਨਾਮੇ ਖ਼ਾਲੀ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬੂਟਾ ਆਪ ਲਗਾਈਆ । ਗੁਰਮੁਖ ਬੂਟਾ ਲਾਏ ਜਨ, ਬ੍ਰਹਮਾ ਮਹੇਸ਼ ਸੇਵ ਕਮਾਇੰਦਾ । ਸਚ ਦਵਾਰੇ ਵੇਖੇ ਖੜ, ਬਿਨ ਨੇਤਰ ਨੈਣ ਉਠਾਇੰਦਾ । ਪੱਤ ਡਾਲ੍ਹੀ ਆਪੇ ਫੜ, ਤੰਦੀ ਤੰਦ ਡੋਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਜਣਾਇੰਦਾ । ਸਚ ਵਿਹਾਰਾ ਦੱਸੇ ਆਪ, ਬਿਵਹਾਰੀ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਵਡ ਪਰਤਾਪ, ਵਡ ਪਰਤਾਪੀ ਦਏ ਸਮਝਾਈਆ । ਸ੍ਰਿਸ਼ਟ ਸਬਾਈ ਖੇਲ ਤਮਾਸ਼, ਖ਼ਾਲਕ ਖ਼ਲਕ ਰਿਹਾ ਵਖਾਈਆ । ਸਾਢੇ ਤਿੰਨ ਤਿੰਨ ਹੱਥ ਸੀਆਂ ਸਭ ਦੀ ਦਿਤੀ ਨਾਪ, ਨਾਮ ਪੈਮਾਨਾ ਹੱਥ ਉਠਾਈਆ । ਨਾਤਾ ਤੁੱਟਣਹਾਰਾ ਮਾਈ ਬਾਪ, ਪਿਤਾ ਪੂਤ ਨਾ ਗੋਦ ਸੁਹਾਈਆ । ਮਾਣਸ ਮਿਟਣਹਾਰੀ ਜ਼ਾਤ, ਜ਼ਾਤ ਨਜ਼ਰ ਕੋਇ ਨਾ ਆਈਆ । ਪ੍ਰਭ ਪੁੱਟ ਕੇ ਆਇਆ ਡੂੰਘਾ ਖਾਤ, ਖਾਤਾ ਇਕੋ ਇਕ ਵਖਾਈਆ । ਆਪੇ ਵੇਖੇ ਮਾਰ ਝਾਤ, ਝਾਕੀ ਆਪਣੀ ਹਰਿ ਜੂ ਪਾਈਆ । ਬੀਸ ਬੀਸਾ ਖੋਲ੍ਹਣਹਾਰਾ ਤਾਕ, ਮਗਰੋਂ ਧੱਕਾ ਦੇਵੇ ਲਾਈਆ । ਮਾਂ ਪੁੱਤ ਨਾ ਕੋਇ ਨਾਤ, ਪੁੱਤਰ ਧੀ ਨਾ ਮਿਲੇ ਜਵਾਈਆ । ਝੂਠਾ ਚੁੱਕੇ ਜਗਤ ਸਾਕ, ਸਾਕਾ ਆਪਣਾ ਹਰਿ ਜੂ ਨਵਾਂ ਬਣਾਈਆ । ਜਨ ਭਗਤਾਂ


੬੯੨
੧੨

ਦੇਵੇ ਸੱਚਾ ਸਾਥ, ਫੜ ਬਾਂਹੋਂ ਲਏ ਉਠਾਈਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਗੁਰਸਿਖ ਸਾਚੇ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਮਿਟਣ ਵਾਲਾ ਨਿਸ਼ਾਨ, ਨਿਸ਼ਾਨਾ ਕੋਇ ਨਜ਼ਰ ਨਾ ਆਇੰਦਾ । ਜੀਵ ਜੰਤ ਸਰਬ ਕੁਰਲਾਣ, ਬੌਹੜੀ ਬੌਹੜੀ ਸਰਬ ਸੁਣਾਇੰਦਾ । ਗੁਰੂ ਪੀਰ ਪੈਗ਼ੰਬਰ ਕੋਇ ਨਾ ਰਿਹਾ ਵਿਚ ਜਹਾਨ, ਜੋ ਆਇਆ ਉਠ ਉਠ ਜਾਇੰਦਾ । ਕਿਸੇ ਮਿਲੇ ਨਾ ਪੀਣ ਖਾਣ, ਖਾਣਾ ਪੀਣਾ ਵਿਸ਼ਨੂੰ ਬੰਦ ਕਰਾਇੰਦਾ । ਬ੍ਰਹਮੇ ਦੇਵੇ ਨਾ ਕੋਇ ਮਾਣ, ਬ੍ਰਹਮ ਆਪਣੀ ਝੋਲੀ ਪਾਇੰਦਾ । ਸ਼ੰਕਰ ਤ੍ਰਿਸੂਲ ਹੋਈ ਹੈਰਾਨ, ਹਰਿ ਜੂ ਕੀ ਕੀ ਖੇਲ ਵਰਤਾਇੰਦਾ । ਏਕਾ ਚਿੱਲਾ ਇਕ ਕਮਾਨ, ਬਿਨ ਤੰਦੀ ਤੰਦ ਚੜ੍ਹਾਇੰਦਾ । ਏਕਾ ਭੂਪ ਸੱਚਾ ਸੁਲਤਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਨਾਤਾ ਤੋੜੇ ਜ਼ਿਮੀ ਅਸਮਾਨ, ਜ਼ਾਮਨ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਕਰੇ ਗ਼ੁਲਾਮ, ਫੜ ਬਾਂਹੋਂ ਅੱਗੇ ਲਾਇੰਦਾ । ਅੱਗੇ ਕੋਇ ਨਾ ਦਿਸੇ ਅਮਾਮ, ਅਮਾਨਤ ਸਭ ਦੀ ਆਪ ਆਪਣੇ ਹੱਥ ਰਖਾਇੰਦਾ । ਸਾਰੇ ਨਿਉਂ ਨਿਉਂ ਕਰਨ ਸਲਾਮ, ਅਲੈਕਮ ਰੂਪ ਨਾ ਕੋਇ ਵਖਾਇੰਦਾ । ਸੰਮਤ ਉੱਨੀ ਦੇ ਦੇ ਸੁਣਾਏ ਪੈਗ਼ਾਮ, ਪੀਰ ਪੈਗ਼ੰਬਰ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਕਰੋ ਪਛਾਣ, ਬੇਪਹਿਚਾਨ ਪਹਿਚਾਨ ਵਿਚ ਨਾ ਆਇੰਦਾ । ਗੁਰਸਿਖ ਹੋਏ ਨਾ ਕੋਇ ਹੈਰਾਨ, ਹਰਿ ਜੂ ਆਪਣੀ ਖੇਲ ਕਰਾਇੰਦਾ । ਬੂਟਾ ਲਾਏ ਵਿਚ ਜਹਾਨ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਕੌਲ ਪੂਰ ਕਰਾਇੰਦਾ । ਪੂਰਾ ਕਰੇ ਕੀਤਾ ਕੌਲ, ਇਕਰਾਰ ਭੁੱਲ ਕਦੇ ਨਾ ਜਾਈਆ । ਪਹਿਲੋਂ ਸਾਫ਼ ਕਰੇ ਧਰਨੀ ਧੌਲ, ਧੌਲ ਹੌਲਾ ਭਾਰ ਕਰਾਈਆ । ਫੇਰ ਗੁਰਮੁਖਾਂ ਅੰਦਰ ਜਾਏ ਮੌਲ, ਮੌਲਾ ਆਪਣਾ ਰੂਪ ਵਟਾਈਆ । ਲਿਖਿਆ ਲੇਖ ਮਿਟਣ ਨਾ ਦੇਵੇ ਰੱਤੀ ਚੌਲ, ਰੱਤੀ ਰੱਤ ਆਪਣੇ ਲੇਖੇ ਪਾਈਆ । ਨੇਤਰ ਵੇਖੋ ਹੁੰਦਾ ਘੋਲ, ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ ਬਾਂਹੋਂ ਟੱਕਰਾ ਰਿਹਾ ਲਗਾਈਆ । ਲੱਖ ਚੁਰਾਸੀ ਅੰਦਰ ਵੜ ਵੜ ਲੁਕਿਆ ਰਿਹਾ ਪੜਦੇ ਉਹਲੇ ਓਹਲ, ਆਪਣਾ ਮੁਖ ਨਾ ਕਿਸੇ ਵਖਾਈਆ । ਕਲਜੁਗ ਅੰਤਮ ਸਭ ਦਾ ਲੇਖਾ ਲਿਆ ਫੋਲ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਸੱਚੀ ਯਾਦ, ਯਾਦਦਾਸ਼ਤ ਆਪ ਬਣਾਇੰਦਾ । ਵੇਖਣਹਾਰ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖ ਵਖਾਇੰਦਾ । ਜਿਸ ਲੱਖ ਚੁਰਾਸੀ ਬ੍ਰਹਮੇ ਦਿਤੀ ਦਾਤ, ਸੋ ਬ੍ਰਹਮ ਆਪਣੀ ਝੋਲੀ ਪਾਇੰਦਾ । ਜਨ ਭਗਤਾਂ ਪੁੱਛਣਹਾਰਾ ਵਾਤ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਕੂੜੀ ਕਿਰਿਆ ਕਰੇ ਘਾਤ, ਘਾਉ ਆਪਣੇ ਨਾਉਂ ਲਗਾਇੰਦਾ । ਸਤਿਜੁਗ ਸਚ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਗੁਰਮੁਖ ਗੁਰ ਵਖਾਏ ਇਕ ਜਮਾਤ, ਅੱਖਰ ਵੱਖਰ ਇਕ ਪੜ੍ਹਾਇੰਦਾ । ਵੀਹ ਸੌ ਇਕੀ ਬਿਕ੍ਰਮੀ ਪਹਿਲੀ ਚੇਤ ਸਭ ਨੂੰ ਕੱਠੀ ਦੇਵੇ ਦਾਤ, ਖਾਲੀ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਪਹਿਲੀ ਚੇਤਰ ਪਹਿਲੀ ਇਕੀ, ਇਕੀ ਇਕੀ ਦਏ ਵਡਿਆਈਆ । ਸਤਿਜੁਗ ਦੀ ਸਾਚੀ ਸਿਖੀ, ਬਿਨ ਸਿਖਿਆ ਲਏ ਪਰਗਟਾਈਆ । ਚਾਰ ਵਰਨ ਦੀ ਧਾਰ ਤਿੱਖੀ, ਚੌਥੇ ਯੁਗ ਪਾਰ ਵਖਾਈਆ । ਰਸਨਾ ਜਿਹਵਾ ਹੋਏ ਨਾ ਫਿਕੀ, ਫਿਕਾ ਰਸ ਨਾ ਕੋਇ ਵਖਾਈਆ । ਗੁਰਮੁਖ ਪ੍ਰੇਮ ਪ੍ਰੀਤੀ

੬੯੩ ੧੨

ਨਿੱਕੀ ਨਿੱਕੀ, ਨਿੱਕਾ ਹੋ ਹੋ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਬੇਪਰਵਾਹੀਆ । ਪਹਿਲੀ ਚੇਤਰ ਦੇਵੇ ਦਾਨ, ਚੇਤਾ ਭੁੱਲ ਕਦੇ ਨਾ ਜਾਇੰਦਾ । ਸਤਿਜੁਗ ਦਾ ਸਚ ਨਿਸ਼ਾਨ, ਗੁਰਮੁਖ ਗੁਰਸਿਖ ਆਪ ਪਰਗਟਾਇੰਦਾ । ਏਥੇ ਓਥੇ ਦੇਵੇ ਮਾਣ, ਦੋ ਜਹਾਨਾਂ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਪਾਰ ਕਰਾਇੰਦਾ । ਗੁਰਸਿਖ ਬੇੜਾ ਕਰੇ ਪਾਰ, ਪਾਰ ਉਤਾਰੀ ਆਪ ਕਰਾਇੰਦਾ । ਜਨਨੀ ਜਨ ਦਏ ਆਧਾਰ, ਮਾਤਾ ਕੁੱਖ ਆਪ ਸੁਹਾਇੰਦਾ । ਕਲਜੁਗ ਦੁਖੜਾ ਆਪ ਨਵਾਰ, ਸਤਿਜੁਗ ਸਾਚਾ ਸੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰੁੱਤ ਰੁੱਤੜੀ ਆਪ ਸੁਹਾਇੰਦਾ । ਰੁੱਤ ਰੁੱਤੜੀ ਉਜਲ ਮੁਖ, ਹਰਿ ਸਤਿਗੁਰ ਆਪ ਕਰਾਈਆ । ਭਾਗ ਲਗਾਏ ਸਾਚੀ ਕੁੱਖ, ਕੁੱਖ ਕੁੱਖੜੀ ਆਪ ਮਹਿਕਾਈਆ । ਪਿਛਲਾ ਮੇਟੇ ਸਾਰਾ ਦੁੱਖ, ਦੁੱਖ ਸੁਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦਾ ਸਾਚਾ ਬੇਟਾ, ਆਪਣਾ ਨਾਉਂ ਵਡਿਆਈਆ । ਸਤਿਜੁਗ ਦੇਵੇ ਸਾਚੀ ਦਾਤ, ਹਰਿ ਏਕੰਮ ਏਕ ਏਕ ਦਇਆ ਕਮਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਗੁਰਮੁਖ ਸਾਚਾ ਚੰਦ ਚੜ੍ਹਾਇੰਦਾ । ਜਗਤ ਬੰਧਨ ਬੰਧਾਏ ਨਾਤ, ਪਿਤਾ ਪੂਤ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਤ ਵਾਰ ਆਪ ਜਣਾਇੰਦਾ । ਪਹਿਲੀ ਚੇਤ ਸਾਚੀ ਥਿਤ, ਇਕੀ ਇਕੀ ਕਰੇ ਕੁੜਮਾਈਆ । ਨਿਹਕਰਮੀ ਲੇਖਾ ਦਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਤਿਜੁਗ ਦਾ ਸਾਚਾ ਸਿਖ, ਗੁਰਸਿਖ ਬਾਲਾ ਲਏ ਪਰਗਟਾਈਆ । ਸਿੰਘ ਕਿਰਪਾਲ ਮੰਗੇ ਭਿਖ, ਪ੍ਰਭ ਸਾਚਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਲੀ ਭਾਂਡੇ ਦਏ ਭਰਾਈਆ । ਖਾਲੀ ਭਾਂਡੇ ਕਰ ਭਰਪੂਰ, ਭਰਪੂਰੀ ਦਇਆ ਕਮਾਇੰਦਾ । ਪੂਤ ਸਪੂਤਾ ਸਾਚਾ ਨੂਰ, ਨੂਰ ਨੁਰਾਨਾ ਆਪ ਧਰਾਇੰਦਾ । ਸਤਿਜੁਗ ਸਾਚਾ ਬੇੜਾ ਬੰਨ੍ਹੇ ਪੂਰ, ਗੁਰ ਸ਼ਬਦੀ ਸੁਤ ਉਪਜਾਇੰਦਾ । ਆਸਾ ਮਨਸਾ ਪੂਰੀ ਕਰੇ ਜ਼ਰੂਰ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਕਲਜੁਗ ਤਪੇ ਵਾਂਗ ਤੰਦੂਰ, ਗੁਰਸਿਖ ਅਗਨ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਣ ਦਿਵਾਇੰਦਾ । ਥਿਤ ਵਾਰ ਲੈਣੀ ਲਿਖ, ਲੇਖਾ ਆਪਣੇ ਹੱਥ ਰਖਾਈਆ । ਘਰ ਵਿਚ ਪਰਗਟ ਹੋਵੇ ਸਾਚਾ ਸਿਖ, ਹਰਿ ਸਤਿਗੁਰ ਸਿਖਿਆ ਇਕ ਸਮਝਾਈਆ । ਬਣ ਸਵਾਲੀ ਮੰਗੀ ਭਿਖ, ਖਾਲੀ ਹੱਥ ਰਹਿਣ ਨਾ ਪਾਈਆ । ਪ੍ਰਭ ਅੱਗੇ ਬੇਨੰਤੀ ਕੀਤੀ ਜਿਸ ਜਿਸ, ਤਿਸ ਦਾ ਲਹਿਣਾ ਪਹਿਲੀ ਚੇਤਰ ਇਕ ਇਕ ਨਾਲ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਤ ਸੁਲੱਖਣੀ ਗੋਦ ਸੁਹਾਈਆ । ਨਾਰੀ ਕੰਤ ਰੱਖੇ ਆਸ, ਆਸਾ ਪੂਰੀ ਹਰਿ ਕਰਾਇੰਦਾ । ਜਗਤ ਤ੍ਰਿਸਨਾ ਬੁਝਾਏ ਪਿਆਸ, ਕਾਇਆ ਤ੍ਰਿਪਤ ਆਪ ਕਰਾਇੰਦਾ । ਸੇਵਕ ਘਰ ਸੇਵਕ ਆਏ ਬਣ ਬਣ ਦਾਸੀ ਦਾਸ, ਦਾਸੀ ਦਾਸ ਰੂਪ ਵਟਾਇੰਦਾ । ਅੱਠੇ ਪਹਿਰ ਨਾ ਹੋਏ ਉਦਾਸ, ਉਦਰ ਅੰਦਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਗ੍ਰਿਹ ਵੱਜੇ ਵਧਾਈ, ਵਾਹਵਾ ਹਰਿ ਹਰਿ ਖੇਲ ਕਰਾਇਆ । ਸਤਿਜੁਗ ਸਾਚੇ ਹੋਏ ਕੁੜਮਾਈ, ਹਰਿ ਏਕਾ ਬੰਧਨ ਪਾਇਆ । ਗੁਰਸਿਖ ਘਰ ਗੁਰਸਿਖ ਆਏ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇਆ । ਪਾਰਬ੍ਰਹਮ ਪ੍ਰਭ ਮਿਲੇ ਸੱਚਾ ਮਾਹੀ, ਜਿਸ ਮਾਤਾ ਅੰਤਰ ਆਪਣਾ

ਨਾਮ ਛੁਪਾਇਆ । ਫੜ ਫੜ ਬਾਂਹੋਂ ਲਏ ਤਰਾਈ, ਸਾਚੇ ਬੇੜੇ ਆਪ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਪਾਰ ਕਰਾਇਆ । ਸਤਿਜੁਗ ਸੰਮਤ ਪਹਿਲਾ ਸਾਲ, ਹਰਿ ਜੂ ਪਹਿਲੀ ਵੰਡ ਵੰਡਾਈਆ । ਗੁਰਮੁਖਾਂ ਬਖ਼ਸ਼ੇ ਸਾਚੇ ਲਾਲ, ਲਾਲਨ ਆਪਣਾ ਰੰਗ ਵਖਾਈਆ । ਸਚਖੰਡ ਦਵਾਰਿਉਂ ਆਪੇ ਭਾਲ, ਮਾਣਸ ਜਨਮ ਦਿਵਾਈਆ । ਨੇੜ ਨਾ ਆਏ ਕਾਲ ਮਹਾਕਾਲ, ਮਹਾਬਲੀ ਹੋਏ ਸਹਾਈਆ । ਵੇਖਣਹਾਰਾ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਗੁਰਸਿਖ ਸਿਖ ਸਿਖ ਕਿਰਪਾਲ, ਕਿਰਪਾਨਿਧ ਨਿਧ ਵਡਿਆਈਆ । ਤ੍ਰੈਗੁਣ ਤੋੜ ਜਗਤ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਘਰ ਮਾਪਿਆਂ ਵੱਜੇ ਤਾਲ, ਮੁਖ ਬਾਲੇ ਸਗਨ ਲਗਾਈਆ । ਕਰੇ ਖੇਲ ਆਪ ਗੋਪਾਲ, ਗੋਪਾਲਨ ਆਪਣਾ ਰੂਪ ਧਰਾਈਆ । ਹਰਿਜਨ ਖੇੜਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਦਿਆਲ ਸਤਿਜੁਗ ਬੇਮਿਸਾਲ ਬੇਨਜ਼ੀਰ ਆਪਣਾ ਰਾਹ ਚਲਾਈਆ ।

### ✳ ੧੬ ਭਾਦਰੋਂ ੨੦੧੯ ਬਿਕ੍ਰਮੀ ਗੁਰਦੇਵ ਕੌਰ ਦੇ ਗ੍ਰਿਹ ਗੋਲੇ ਵਾਲਾ ਜ਼ਿਲਾ ਫਿਰੋਜ਼ਪੁਰ ✳



ਹਰਿ ਹਰਿ ਖੇਲ ਸਚਖੰਡ, ਸਚਖੰਡ ਨਿਵਾਸੀ ਆਪ ਕਰਾਇੰਦਾ । ਹਰਿ ਹਰਿ ਮੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਰੰਗ ਰੰਗਾਇੰਦਾ । ਹਰਿ ਹਰਿ ਨਾਉਂ ਸਾਚਾ ਛੰਦ, ਸੋ ਪੁਰਖ ਨਿਰੰਜਣ ਢੋਲਾ ਗਾਇੰਦਾ । ਹਰਿ ਕਾ ਪ੍ਰੇਮ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਹਰਿ ਕਾ ਬਲ ਸੂਰਾ ਸਰਬੰਗ, ਸੂਰਬੀਰ ਆਪ ਅਖਵਾਇੰਦਾ । ਹਰਿ ਕਾ ਨੂਰ ਸਾਚਾ ਚੰਦ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਖੇਲ ਕਰਾਇੰਦਾ । ਸਚਖੰਡ ਦਵਾਰ ਹਰਿ ਜੂ ਚੜ੍ਹਿਆ, ਨੇਤਰ ਨਜ਼ਰ ਕਿਸੇ ਨਾ ਆਈਆ । ਨਿਰਗੁਣ ਨਿਰਾਕਾਰ ਅੰਦਰ ਵੜਿਆ, ਰੂਪ ਅਨੂਪ ਆਪ ਵਟਾਈਆ । ਸਾਚੀ ਵਿਦਿਆ ਬਿਨ ਅੱਖਰ ਪੜ੍ਹਿਆ, ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਅਜੂਨੀ ਰਹਿਤ ਆਪਣਾ ਘਾੜਨ ਘੜਿਆ, ਅਨਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਰਚਾਈਆ । ਸਚਖੰਡ ਦਵਾਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਕਰੇ ਕਾਰਾ, ਕਰਤਾ ਕਰਨੀ ਆਪ ਕਮਾਇੰਦਾ । ਏਕੰਕਾਰਾ ਵੇਖ ਪਸਾਰਾ, ਗ੍ਰਿਹ ਮੰਦਰ ਖ਼ੁਸ਼ੀ ਮਨਾਇੰਦਾ । ਆਦਿ ਨਿਰੰਜਣ ਨੂਰੀ ਧਾਰਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਸਚ ਸਹਾਰਾ, ਸਮਰਥ ਦਇਆ ਕਮਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜਾ, ਗ੍ਰਿਹ ਮੰਦਰ ਡੇਰਾ ਲਾਇੰਦਾ । ਪਾਰਬ੍ਰਹਮ ਪ੍ਰਭ ਸਚ ਅਖਾੜਾ, ਦਰਗਹਿ ਸਾਚੀ ਆਪ ਲਗਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦੂਸਰ ਨਜ਼ਰ ਕੋਇ ਨਾ ਆਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਊਚੋ ਊਚ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਨਾਉਂ ਧਰਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਏਕਾ ਰੰਗ ਰੰਗਾਇੰਦਾ । ਸਚਖੰਡ ਦਵਾਰ ਸਾਚਾ ਰੰਗ, ਹਰਿ ਸਤਿਗੁਰ ਆਪ ਰੰਗਾਈਆ । ਵੇਖਣਹਾਰਾ ਸੂਰਾ ਸਰਬੰਗ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਸਤਿ ਸਤਿ ਜਾਣੇ ਅਨੰਦ, ਅਨੰਦ ਮੰਗਲ ਏਕਾ ਏਕ ਸੁਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰ, ਆਪੇ ਵੇਖੇ ਵੇਖਣਹਾਰ, ਪੇਖਤ ਪੇਖਤ ਖ਼ੁਸ਼ੀ ਮਨਾਈਆ । ਸਾਚੀ ਧਾਰ ਜੋਤ ਅਕਾਲ, ਜੋਤੀ ਜਾਤਾ ਆਪ ਪਰਗਟਾਇੰਦਾ । ਪਰਮ ਪੁਰਖ ਹੋ ਦਿਆਲ, ਦਇਆ ਆਪਣੀ ਆਪ ਕਮਾਇੰਦਾ । ਵਸਾਵਣਹਾਰਾ ਸਚ ਸੱਚੀ ਧਰਮਸਾਲ, ਧਰਮ ਦਵਾਰਾ ਇਕ ਬਣਾਇੰਦਾ । ਵਜਾਵਣਹਾਰਾ ਸਾਚਾ ਤਾਲ, ਤਾਲ ਆਪਣਾ ਨਾਉਂ ਰਖਾਇੰਦਾ । ਘਾਲਣਹਾਰਾ ਸਾਚੀ ਘਾਲ, ਬਣ ਸੇਵਕ ਸੇਵ ਕਮਾਇੰਦਾ । ਚੱਲਣਹਾਰਾ ਨਾਲ ਨਾਲ, ਸਦ ਆਪਣਾ ਸੰਗ ਨਿਭਾਇੰਦਾ । ਕਰਨਹਾਰ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਇੰਦਾ । ਬਣਨਹਾਰਾ ਸਚ ਦਲਾਲ, ਸਤਿ ਦਲਾਲੀ ਆਪ ਕਮਾਇੰਦਾ । ਵੇਖਣਹਾਰਾ ਹੱਕ ਹਲਾਲ, ਹਕ਼ੀਕ਼ਤ ਆਪਣੇ ਹੱਥ ਰਖਾਇੰਦਾ । ਚਲਣਹਾਰ ਅਵੱਲੜੀ ਚਾਲ, ਚਾਲ ਨਿਰਾਲੀ ਆਪ ਜਣਾਇੰਦਾ । ਦੇਵਣਹਾਰ ਸੱਚਾ ਧੰਨ ਮਾਲ, ਨਾਮ ਖ਼ਜ਼ਾਨਾ ਆਪ ਪਰਗਟਾਇੰਦਾ । ਪਰਗਟਾਵਣਹਾਰਾ ਸਾਚੇ ਲਾਲ, ਪੂਤ ਸਪੂਤੇ ਆਪ ਜਣਾਇੰਦਾ । ਜਨ ਜਨਨੀ ਜਣੇ ਸਾਚੇ ਲਾਲ, ਸੁਤ ਦੁਲਾਰਾ ਨਾਉਂ ਧਰਾਇੰਦਾ । ਵੇਸ ਵਟਾਏ ਸ੍ਰੀ ਮਹਾਕਾਲ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਕਰੇ ਖੇਲ ਆਪ ਕਰਤਾਰ, ਆਪਣੀ ਕਰਨੀ ਆਪਣੇ ਹੱਥ ਰਖਾਇੰਦਾ । ਦੀਆ ਬਾਤੀ ਕਰ ਉਜਿਆਰ, ਸਾਚੇ ਮੰਦਰ ਆਪ ਟਿਕਾਇੰਦਾ । ਨਿਰਗੁਣ ਤਾਕੀ ਖੋਲ੍ਹ ਕਿਵਾੜ, ਨੇਤਰ ਅੱਖ ਅੱਖ ਪਰਗਟਾਇੰਦਾ । ਮਹੱਲ ਅਟੱਲ ਦੇ ਆਧਾਰ, ਨਿਹਚਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੀ ਕਾਰ ਕਮਾਇੰਦਾ । ਸਚਖੰਡ ਦਵਾਰੇ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜਾ ਰੂਪ ਵਟਾਈਆ । ਨੂਰੀ ਨੂਰ ਨੂਰ ਉਜਿਆਰ, ਜਲਵਾ ਜਲਵਾ ਰੂਪ ਵਖਾਈਆ । ਹੱਕ ਹੱਕ ਬੇਐਬ ਪਰਵਰਦਿਗਾਰ, ਮੁਕਾਮ ਏਕਾ ਏਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰ, ਹਰਿ ਸਾਚਾ ਆਪ ਜਣਾਈਆ । ਸਚਖੰਡ ਨਿਵਾਸੀ ਸਾਚੀ ਧਾਰ, ਸਤਿ ਦਵਾਰੇ ਆਪ ਪਰਗਟਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਖੇਲ ਕਰਾਇੰਦਾ । ਆਪੇ ਥਿਰ ਘਰ ਖੋਲ੍ਹ ਕਿਵਾੜ, ਸੁਤ ਦੁਲਾਰੇ ਮਾਣ ਦਿਵਾਇੰਦਾ । ਆਪੇ ਇਛਿਆ ਭਰੇ ਭੰਡਾਰ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਕਰੇ ਸਚ ਪਿਆਰ, ਪਰਮ ਪੁਰਖ ਨਾਤਾ ਜੋੜ ਜੁੜਾਇੰਦਾ । ਆਪੇ ਦੱਸੇ ਸਚ ਵਿਹਾਰ, ਬਿਵਹਾਰੀ ਕਾਰ ਕਰਾਇੰਦਾ । ਆਪੇ ਬੰਧਨ ਪੁਰਖ ਨਾਰ, ਜੋੜੀ ਜੋੜਾ ਜੋੜ ਜੁੜਾਇੰਦਾ । ਆਪੇ ਲੇਖਾ ਜਾਣੇ ਲਿਖਣਹਾਰ, ਲਿਖ ਲਿਖ ਲੇਖਾ ਆਪ ਸਮਝਾਇੰਦਾ । ਆਪੇ ਰੂਪ ਵਟਾਏ ਨਿਰੰਕਾਰ, ਏਕੰਕਾਰਾ ਓਅੰ ਆਪਣੀ ਖੇਲ ਕਰਾਇੰਦਾ । ਆਪੇ ਸੋਹੰ ਰੂਪ ਸੱਚੀ ਸਰਕਾਰ, ਵਿਸ਼ਨੂੰ ਆਪਣਾ ਰੂਪ ਵਟਾਇੰਦਾ । ਆਪੇ ਖੇਲ ਕਰੇ ਅਪਾਰ, ਬ੍ਰਹਮ ਵੇਤਾ ਆਪੇ ਜਾਇੰਦਾ । ਆਪੇ ਸ਼ੰਕਰ ਦਏ ਆਧਾਰ, ਧੂੰਆਂਧਾਰ ਆਪ ਸਮਾਇੰਦਾ । ਸੁੰਨ ਅਗੰਮੀ ਆਪੇ ਹੋ ਉਜਿਆਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਪੇ ਤ੍ਰੈਗੁਣ ਦੇ ਭੰਡਾਰ, ਤ੍ਰੈ ਤ੍ਰੈ ਮੇਲਾ ਆਪ ਕਰਾਇੰਦਾ । ਆਪੇ ਪੰਜ ਤਤ ਅਖਾੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਚ ਨਚਾਇੰਦਾ । ਆਪੇ ਲੱਖ ਚੁਰਾਸੀ ਲਏ ਉਭਾਰ, ਘੜ ਭਾਂਡੇ ਵੇਖ ਵਖਾਇੰਦਾ । ਆਪੇ ਖੋਲ੍ਹਣਹਾਰ ਦਵਾਰ, ਨੌਂ ਦਰ ਆਪਣਾ ਬੰਧਨ ਪਾਇੰਦਾ । ਆਪੇ ਮਨ ਮਤ ਬੁਧ ਕਰ ਪਸਾਰ, ਜਗਤ ਪਸਾਰੀ ਹੱਟ ਚਲਾਇੰਦਾ । ਆਪੇ ਘਰ ਵਿਚ ਘਰ ਕਰ ਤਿਆਰ, ਘਰ ਮੰਦਰ ਆਪ ਸੁਹਾਇੰਦਾ । ਆਪੇ ਲਹਿਣਾ ਦੇਣਾ ਦੇਵਣਹਾਰ ਵਿਚ ਸੰਸਾਰ, ਵਡ ਸੰਸਾਰੀ ਨਾਉਂ ਰਖਾਇੰਦਾ । ਆਪੇ ਬੋਧ ਅਗਾਧਾ ਬੋਲ ਜੈਕਾਰ,

ਜੈ ਜੈਕਾਰ ਆਪਣਾ ਨਾਉਂ ਵਖਾਇੰਦਾ । ਆਪੇ ਨਾਦ ਸ਼ਬਦ ਧੁੰਨਕਾਰ, ਧੁੰਨ ਆਤਮਕ ਰਾਗ ਅਲਾਇੰਦਾ । ਆਪੇ ਸਖ਼ੀਆਂ ਮੰਗਲਚਾਰ, ਬਹਿ ਬਹਿ ਗੀਤ ਗੋਬਿੰਦ ਅਲਾਇੰਦਾ । ਆਪੇ ਜੋਤ ਨਿਰੰਜਣ ਕਰ ਉਜਿਆਰ, ਘਟ ਘਟ ਅੰਦਰ ਡੇਰਾ ਲਾਇੰਦਾ । ਆਪੇ ਅੰਮ੍ਰਿਤ ਆਤਮ ਠੰਡਾ ਠਾਰ, ਨਿਜ ਆਪਣਾ ਰਸ ਚਖਾਇੰਦਾ । ਆਪੇ ਵਸਣਹਾਰਾ ਸਚਖੰਡ ਸੱਚੇ ਦਵਾਰ, ਨਿਰਗੁਣ ਆਪਣਾ ਨਾਉਂ ਰਖਾਇੰਦਾ । ਆਪੇ ਸਰਗੁਣ ਕਰ ਪਸਾਰ, ਪਸਰ ਪਸਾਰੀ ਵੇਖ ਵਖਾਇੰਦਾ । ਆਪੇ ਦੇਵਣਹਾਰ ਆਧਾਰ, ਮੰਤਰ ਆਪਣਾ ਨਾਉਂ ਦ੍ਰਿੜਾਇੰਦਾ । ਸੋਹੰ ਰੂਪ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਨਿਰਗੁਣ ਸਰਗੁਣ ਵਣਜ ਵਪਾਰ, ਦੋ ਜਹਾਨਾਂ ਹੱਟ ਚਲਾਇੰਦਾ । ਲੋਆਂ ਪੁਰੀਆਂ ਖੋਲ੍ਹ ਕਿਵਾੜ, ਬ੍ਰਹਿਮੰਡ ਖੰਡ ਕੁੰਡਾ ਆਪੇ ਲਾਹਿੰਦਾ । ਸੂਰਜ ਚੰਨ ਕਰ ਉਜਿਆਰ, ਨੂਰ ਨੁਰਾਨਾ ਨੂਰ ਵਖਾਇੰਦਾ । ਕਾਗਦ ਕਲਮ ਕਰ ਤਿਆਰ, ਲਿਖ ਲਿਖ ਲੇਖਾ ਆਪ ਸਮਝਾਇੰਦਾ । ਧਰਨੀ ਧਰਤ ਧਵਲ ਦੇ ਆਧਾਰ, ਧੁਰ ਦੀ ਧਾਰ ਆਪ ਸਮਝਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਰਾਹ ਚਲਾਇੰਦਾ । ਸੱਚਾ ਰਾਹ ਸਚਖੰਡ ਨਿਵਾਸੀ, ਪੁਰਖ ਅਬਿਨਾਸ਼ੀ ਆਪ ਚਲਾਈਆ । ਮੰਡਲ ਮੰਡਪ ਪਾਵੇ ਰਾਸੀ, ਗੋਪੀ ਕਾਹਨ ਨਚਾਈਆ । ਖੇਲੇ ਖੇਲ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਪੂਰੀ ਕਰੇ ਆਸੀ, ਆਸਾ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਵੇਖੇ ਸੱਚਾ ਮਾਹੀਆ । ਸੱਚਾ ਮਾਹੀ ਬੇਪਰਵਾਹ, ਪਰਦਾ ਆਪਣਾ ਆਪ ਉਠਾਇੰਦਾ । ਜੁਗ ਚੌਕੜੀ ਮਾਰਗ ਲਾ, ਸਾਚੇ ਧੰਦੇ ਆਪੇ ਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਾ, ਪੁਰਾਨੀ ਪੁਰਾਨ ਪੁਰਾਨ ਸਮਝਾਇੰਦਾ । ਗੁਰ ਅਵਤਾਰ ਸੇਵਾ ਲਾ, ਸਾਚੀ ਸੇਵਾ ਇਕ ਸਮਝਾਇੰਦਾ । ਆਤਮ ਪਰਮਾਤਮ ਲਏ ਮਿਲਾ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਈਸ਼ ਜੀਵ ਜਗਦੀਸ ਦਏ ਸਮਝਾ, ਰਮਜ਼ ਰਮਜ਼ ਨਾਲ ਮਿਲਾਇੰਦਾ । ਦੂਈ ਦਵੈਤੀ ਪੜਦਾ ਦਏ ਉਠਾ, ਸਾਚਾ ਮੰਦਰ ਇਕ ਵਖਾਇੰਦਾ । ਨੌਬਤ ਵੱਜੇ ਨਾਮ ਖ਼ੁਦਾ, ਏਕਾ ਡੰਕਾ ਨਾਮ ਲਗਾਇੰਦਾ । ਹਸਤੀ ਨਾਲੋਂ ਹੋਏ ਜੁਦਾ, ਜੁਦਾ ਹਸਤੀ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਕਾਰ ਕਮਾਇੰਦਾ । ਸਚਖੰਡ ਨਿਵਾਸੀ ਸਾਚੀ ਕਾਰਾ, ਹਰਿ ਕਰਤਾ ਆਪ ਕਮਾਈਆ । ਆਦਿ ਜੁਗਾਦੀ ਇਕ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਲੱਖ ਚੁਰਾਸੀ ਭਰ ਭੰਡਾਰਾ, ਵਡ ਭੰਡਾਰੀ ਸੇਵ ਕਮਾਈਆ । ਲਹਿਣਾ ਦੇਣਾ ਆਦਿ ਜੁਗਾਦੀ ਦੇਵਣਹਾਰਾ, ਬਾਕੀ ਰਹਿਣ ਨਾ ਕੋਇ ਪਾਈਆ । ਪੰਜ ਤਤ ਕਾਇਆ ਕਰੇ ਸ਼ੰਗਾਰਾ, ਚੋਲੀ ਕਾਇਆ ਰੰਗਣ ਇਕ ਰੰਗਾਈਆ । ਵੇਖੇ ਵਿਗਸੇ ਵੇਖਣਹਾਰਾ, ਕਵਲ ਨੈਣ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਮਾਣ ਵਡਿਆਈਆ । ਸਚਖੰਡ ਦਵਾਰੇ ਦੇਵੇ ਮਾਣ, ਪ੍ਰਭ ਆਪਣੀ ਦਇਆ ਕਮਾਈਆ । ਸਚਖੰਡ ਦਾ ਸਚ ਫ਼ਰਮਾਣ, ਹੁਕਮੀ ਹੁਕਮ ਆਪ ਸੁਣਾਈਆ । ਸਚਖੰਡ ਦਾ ਸਾਚਾ ਗਾਣ, ਗਾਵਤ ਗਾਵਤ ਕਰੇ ਪੜ੍ਹਾਈਆ । ਸਚਖੰਡ ਦਾ ਸਚ ਧਿਆਨ, ਧਿਆਨ ਧਿਆਨ ਵਿਚ ਸਮਾਈਆ । ਸਚਖੰਡ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਸਚਖੰਡ ਦਾ ਸਾਚਾ ਕਾਹਨ, ਨਿਰਗੁਣ ਸਰਗੁਣ ਰੂਪ ਵਟਾਈਆ । ਲੱਖ ਚੁਰਾਸੀ ਵੇਖੇ ਆਣ, ਘਰ ਘਰ ਗੋਪੀ ਆਪ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੯੭
੧੨

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਵੱਜੇ ਵਧਾਈਆ । ਵੱਜੇ ਵਧਾਈ ਸਚਖੰਡ, ਹਰਿ ਸਾਚਾ ਸਚ ਵਜਾਇੰਦਾ । ਆਦਿ ਜੁਗਾਦੀ ਇਕ ਅਨੰਦ, ਜੁਗ ਜੁਗ ਏਕਾ ਰਸ ਵਖਾਇੰਦਾ । ਸਦਾ ਸੁਹੇਲਾ ਗਾਏ ਆਪਣਾ ਛੰਦ, ਸੋਹਲਾ ਢੋਲਾ ਆਪ ਅਲਾਇੰਦਾ । ਦੋ ਜਹਾਨਾਂ ਰੱਖੇ ਬੰਦ, ਬੰਦੀਖਾਨਾ ਇਕ ਵਖਾਇੰਦਾ । ਨਿਰਗੁਣ ਸਰਗੁਣ ਪਰਦਾ ਕੰਧ, ਪਰਦਾ ਦਵੈਤ ਨਾ ਕੋਇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਕਰਨੇ ਯੋਗ, ਲੇਖਾ ਜਾਣੇ ਧੁਰ ਸੰਜੋਗ, ਜਗਤ ਵਿਜੋਗ ਨਾ ਕੋਇ ਰਖਾਇੰਦਾ । ਧੁਰ ਸੰਜੋਗੀ ਸਾਚਾ ਮੇਲਾ, ਨਿਰਗੁਣ ਸਰਗੁਣ ਆਪ ਕਰਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਸਗਲਾ ਸੰਗ ਰਖਾਈਆ । ਕਰੇ ਖੇਲ ਗੁਰੂ ਗੁਰ ਚੇਲਾ, ਗੁਰ ਗੁਰ ਆਪਣਾ ਵੇਸ ਵਟਾਈਆ । ਆਦਿ ਨਿਰੰਜਣ ਚਾੜ੍ਹੇ ਤੇਲਾ, ਜੋਤ ਨਿਰੰਜਣ ਸਗਨ ਮਨਾਈਆ । ਪਾਰਬ੍ਰਹਮ ਬ੍ਰਹਮ ਮਿਲਣ ਦਾ ਦੱਸੇ ਵੇਲਾ, ਵਾਰ ਥਿਤ ਨਾ ਕੋਇ ਜਣਾਈਆ । ਵਸਣਹਾਰਾ ਧਾਮ ਨਵੇਲਾ, ਏਕੰਕਾਰਾ ਬੇਪਰਵਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਅਚਰਜ ਖੇਲ ਆਪੇ ਖੇਲਾ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਕਰਨੀ, ਬਿਨ ਕੀਮਤ ਆਪ ਕਮਾਈਆ । ਕਰਨੀ ਕਰੇ ਬਿਨ ਹਰਿ ਜੂ ਕੀਮਤ, ਕਥਨੀ ਕਹਿ ਨਾ ਸਕੇ ਰਾਈਆ । ਹਰਿ ਕਾ ਖੇਲ ਵਡ ਗ਼ਨੀਮਤ, ਗੁਣਵਾਨ ਨਾ ਜਾਣੇ ਰਾਈਆ । ਆਦਿ ਜੁਗਾਦਿ ਅਜ਼ੀਮ ਉਲਸ਼ਾਨ ਅਜ਼ੀਮਤ, ਅਜ਼ਮਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਾਚਾ ਕਾਮ, ਕਰੇ ਕਰਾਏ ਸ੍ਰੀ ਭਗਵਾਨ, ਦੂਸਰ ਸੰਗ ਨਾ ਕੋਇ ਰਖਾਈਆ । ਸਾਚਾ ਕਾਮ ਹਰਿ ਨਿਰੰਕਾਰਾ, ਨਿਹਕਰਮੀ ਆਪਣੇ ਹੱਥ ਰਖਾਇੰਦਾ । ਏਕਾ ਹੁਕਮ ਇਕ ਵਰਤਾਰਾ, ਏਕਾ ਧੰਦੇ ਆਪੇ ਲਾਇੰਦਾ । ਏਕਾ ਜੁਗਾ ਜੁਗੰਤਰ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਏਕਾ ਨਾਮ ਸ਼ਬਦ ਭੰਡਾਰਾ, ਹਰਿ ਏਕਾ ਏਕ ਵਰਤਾਇੰਦਾ । ਏਕਾ ਮੰਦਰ ਸਚ ਦਵਾਰਾ, ਏਕਾ ਹਰਿ ਜੂ ਆਸਣ ਲਾਇੰਦਾ । ਏਕਾ ਸੱਜਣ ਮੀਤ ਮੁਰਾਰਾ, ਏਕਾ ਮਿਲ ਮਿਲ ਖ਼ੁਸ਼ੀ ਮਨਾਇੰਦਾ । ਏਕਾ ਦੇਵਣਹਾਰ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਨੂਰ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਬਣੇ ਸੱਦ ਪਨਹਾਰਾ, ਬਣ ਸੇਵਕ ਸੇਵ ਕਮਾਇੰਦਾ । ਏਕਾ ਹੱਟ ਇਕ ਵਣਜਾਰਾ, ਹਟਵਾਣਾ ਇਕੋ ਇਕ ਚਲਾਇੰਦਾ । ਏਕਾ ਏਕ ਸ੍ਰੀ ਭਗਵਾਨਾ, ਘਰ ਸਾਚੇ ਸੋਭਾ ਪਾਇੰਦਾ । ਏਕਾ ਮਰਦ ਇਕ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਏਕਾ ਖੰਡਾ ਖੜਗ ਖੜਕਾਇੰਦਾ । ਏਕਾ ਸੂਰਬੀਰ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਏਕਾ ਖੇਲੇ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਏਕਾ ਗੋਪੀ ਏਕਾ ਕਾਹਨਾ, ਰਾਮ ਰਮੱਯਾ ਇਕ ਅਖਵਾਇੰਦਾ । ਏਕਾ ਈਸਾ ਮੂਸਾ ਦਏ ਪੈਗ਼ਾਮਾ, ਪੀਰ ਪੈਗ਼ੰਬਰ ਇਕ ਪੜ੍ਹਾਇੰਦਾ । ਏਕਾ ਕਰਾਏ ਸਚ ਸਲਾਮਾ, ਅਲੈਕਮ ਏਕਾ ਨਾਮ ਵਡਿਆਈਆ । ਏਕਾ ਹੋਏ ਬੀਨਾ ਦਾਨਾ, ਬੀਨਾ ਦਾਨਾ ਸ਼ਹਿਨਸ਼ਾਹੀਆ । ਏਕਾ ਕਰੇ ਠਾਂਡਾ ਸੀਨਾ, ਆਬ ਹਯਾਤ ਮੁੱਖ ਚੁਆਈਆ । ਏਕਾ ਖੇਲੇ ਖੇਲ ਲੋਕ ਤੀਨਾਂ, ਚੌਦਾਂ ਲੋਕ ਆਪ ਪਰਗਟਾਈਆ । ਏਕਾ ਬਣਿਆ ਰਹੇ ਨਾਬੀਨਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਏਕਾ ਹੋਏ ਸਰਬ ਅਧੀਨਾ, ਘਰ ਘਰ ਆਪਣਾ ਆਪ ਛੁਪਾਈਆ । ਏਕਾ ਹੋਏ ਸਰਬ ਪਰਬੀਨਾ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ,

੬੯੮
੧੨

ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੂਰੀ ਆਸਾ ਆਪਣੀ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਪੂਰੀ ਆਸਾ, ਆਦਿ ਜੁਗਾਦੀ ਆਪ ਕਰਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਮੰਡਲ ਮੰਡਪ ਬ੍ਰਹਿਮੰਡ ਖੰਡ ਪਾ ਪਾ ਰਾਸਾ, ਜੇਰਜ ਅੰਡਜ ਉਤਭੁਜ ਸੇਤਜ ਨਾਚ ਨਚਾਇੰਦਾ । ਨਿਰਗੁਣ ਸਰਗੁਣ ਅੰਦਰ ਕਰ ਕਰ ਵਾਸਾ, ਆਤਮ ਪਰਮਾਤਮ ਦੇ ਭਰਵਾਸਾ, ਧੀਰਜ ਧੀਰ ਧੀਰ ਧਰਾਇੰਦਾ । ਲੇਖਾ ਜਾਣੇ ਪਵਣ ਸਵਾਸਾ, ਪਵਣ ਉਣੰਜਾ ਆਪ ਸਮਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸਾ, ਆਕਾਸ਼ ਆਕਾਸ਼ਾਂ ਉਪਰ ਡੇਰਾ ਲਾਇੰਦਾ । ਦੱਸਣਹਾਰਾ ਸਚ ਖੁਲਾਸਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਹਰਿ ਜੂ ਹਾਰ ਕਦੇ ਨਾ ਜਾਇੰਦਾ । ਨਾ ਕੋਈ ਹਾਰ ਨਾ ਕੋਈ ਜਿਤ, ਆਦਿ ਜੁਗਾਦਿ ਆਪਣੇ ਰੰਗ ਸਮਾਈਆ । ਨਾ ਕੋਈ ਵਾਰ ਨਾ ਕੋਈ ਥਿਤ, ਘੜੀ ਪਲ ਨਾ ਵੰਡ ਵੰਡਾਈਆ । ਆਦਿ ਜੁਗਾਦੀ ਜੁਗ ਜੁਗ ਹਿਤ, ਨਿਰਗੁਣ ਸਰਗੁਣ ਕਰੇ ਕੁੜਮਾਈਆ । ਵੇਖਣਹਾਰਾ ਨਿਤ ਨਵਿਤ, ਰੂਪ ਅਨੂਪ ਧਰਾਈਆ । ਜਨ ਭਗਤਾਂ ਬਣੇ ਮਾਤ ਪਿਤ, ਧੰਨ ਧੰਨ ਜਣੇਂਦੀ ਬਣੇ ਮਾਈਆ । ਗ੍ਰਿਹਿ ਮੰਦਰ ਸਾਚੇ ਆਏ ਦਿਸ, ਬਿਨ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣੀ ਦਇਆ ਕਮਾਈਆ । ਦਇਆ ਕਮਾਏ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਸਚਖੰਡ ਨਿਵਾਸੀ ਵਡ ਵਡ ਪੀਰ, ਪਾਰਬ੍ਰਹਮ ਬੇਪਰਵਾਹੀਆ । ਵਸਣਹਾਰਾ ਚੜ੍ਹ ਕੇ ਚੋਟੀ ਅਖ਼ੀਰ, ਆਖ਼ਰ ਆਪਣਾ ਡੇਰਾ ਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਤੌਫ਼ੀਕ, ਤੌਫ਼ੀਕ ਇਕੋ ਨਾਮ ਖ਼ੁਦਾਈਆ । ਸਾਹਿਬ ਦਿਆਲ ਠਾਕਰ ਸਵਾਮੀ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਵਸਣਹਾਰਾ ਸੱਦ ਨਜ਼ਦੀਕ, ਨੇਰਨ ਨੇਰਾ ਡੇਰਾ ਲਾਈਆ । ਪਾਵੇ ਸਾਰ ਹਸਤ ਕੀਟ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਵਸਣਹਾਰਾ ਧਾਮ ਅਨਡੀਠ, ਅਨਡਿਠੜੀ ਕਾਰ ਕਮਾਈਆ । ਮਿਠਾ ਕਰੇ ਕੌੜਾ ਰੀਠ, ਅੰਮ੍ਰਿਤ ਰਸ ਰਸ ਚਖਾਈਆ । ਚਰਨ ਕਵਲ ਬੰਧਾਏ ਪ੍ਰੀਤ, ਪ੍ਰੀਤੀਵਾਨ ਇਕ ਹੋ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਸਾਚੇ ਸੰਤ ਸੁਣਾਏ ਗੀਤ, ਸੋਹੰ ਢੋਲਾ ਇਕ ਅਲਾਈਆ । ਬਣੇ ਵਿਚੋਲਾ ਆਪ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਪਰਖਣਹਾਰਾ ਸਾਚੀ ਨੀਤ, ਘਟ ਘਟ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਸਾਚਾ ਮਤਾ ਆਪ ਪਕਾਈਆ । ਸਾਚਾ ਮਤਾ ਹਰਿ ਨਿਰੰਕਾਰ, ਬਿਨ ਮਤੋਂ ਆਪ ਪਕਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਜੁਗ ਚੌਕੜੀ ਵੇਖ ਵਖਾਇੰਦਾ । ਨਵ ਨੌਂ ਚਾਰ ਦੇ ਆਧਾਰ, ਦਹਿ ਦਿਸ਼ਾ ਖੋਜ ਖੋਜਾਇੰਦਾ । ਜੁਗ ਚੌਕੜੀ ਕਰ ਕਰ ਪਾਰ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਆਪਣੀ ਇਛਿਆ ਦੇ ਭੰਡਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਜੁਗ ਵੇਖੇ ਵੇਖਣਹਾਰ, ਕੋਟਨ ਕੋਟ ਰੂਪ ਧਰਾਇੰਦਾ । ਸਚ ਸੰਦੇਸਾ ਏਕੰਕਾਰ, ਖਾਣੀ ਬਾਣੀ ਅੰਜੀਲ ਕੁਰਾਨੀ ਗੀਤਾ ਗਿਆਨੀ ਵੇਦ ਪੁਰਾਨੀ ਸ਼ਾਸਤਰ ਸਿਮਰਤ ਨਾਲ ਰਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਤ ਨਿਸ਼ਾਨੀ, ਸ਼ਬਦ ਅਗੰਮੀ ਮਾਰੇ ਕਾਨੀ, ਬਿਰਹੋਂ ਅਣਿਆਲਾ ਤੀਰ ਚਲਾਇੰਦਾ । ਜਗਤ ਸਰੋਵਰ ਦੇਵੇ ਪਾਣੀ, ਅਠਸਠ ਖੇਲੇ ਖੇਲ ਮਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ

ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਜੋਧਾ ਸੂਰਬੀਰ ਬਲਕਾਰਾ, ਬਲ ਆਪਣਾ ਦਏ ਜਣਾਈਆ । ਸਚਖੰਡ ਨਿਵਾਸੀ ਹੋ ਤਿਆਰਾ, ਤ੍ਰੈਭਵਨ ਧਨੀ ਹੋ ਉਜਿਆਰਾ, ਚੌਦਾਂ ਲੋਕ ਦੇ ਹੁਲਾਰਾ, ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾਈਆ । ਗੁਰ ਅਵਤਾਰਾਂ ਨੈਣ ਉਘਾੜਾ, ਅੱਖ ਅੱਖ ਨਾਲ ਮਿਲਾਈਆ । ਵੇਖਣਹਾਰਾ ਜਗਤ ਅਖਾੜਾ, ਵਰਭੰਡੀ ਆਪਣੀ ਭੰਡੀ ਪਾਈਆ । ਫਿਰਨਹਾਰਾ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਆਸਣ ਲਾਈਆ । ਵਸਣਹਾਰਾ ਡੂੰਘੀ ਗਾਰਾ, ਸਮੁੰਦ ਸਾਗਰ ਫੋਲ ਫੋਲਾਈਆ । ਕਰਨੇਹਾਰਾ ਸਾਚੀ ਕਾਰਾ, ਚਾਰੋਂ ਕੁੰਟ ਆਪਣਾ ਪੰਧ ਮੁਕਾਈਆ । ਦੇਵਣਹਾਰਾ ਸਚ ਸਹਾਰਾ, ਜਨ ਭਗਤਾਂ ਹੋਏ ਸਹਾਈਆ । ਸਤਿਜੁਗ ਤ੍ਰੇਤਾ ਪਾਰ ਉਤਾਰਾ, ਦਵਾਪਰ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਾਕਾਰਾ ਆਪ ਕਰਾਈਆ । ਸਚਖੰਡ ਦਾ ਸਚ ਵਿਹਾਰਾ, ਲੋਕਮਾਤ ਦਏ ਜਣਾਈਆ । ਮਹੱਲ ਅਟੱਲ ਇਕ ਮਨਾਰਾ, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਦਏ ਆਧਾਰਾ, ਪਾਰਬ੍ਰਹਮ ਵਡੀ ਵਡਿਆਈਆ । ਕਾਗਦ ਕਲਮ ਨਾ ਲਿਖਣਹਾਰਾ, ਬਨਾਸਪਤ ਰਹੀ ਕੁਰਲਾਈਆ । ਸਮੁੰਦ ਸਾਗਰ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਧਰਨੀ ਕੂਕ ਕੂਕ ਕਰੇ ਪੁਕਾਰਾ, ਖੁਲੀ ਮੀਂਢੀ ਰਹੀ ਵਖਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਦਰੋਹੀ ਦਰੋਹੀ ਖ਼ੁਦਾਏ ਦੁਹਾਈਆ । ਗੁਰ ਅਵਤਾਰ ਕਰਨ ਵਿਚਾਰਾ, ਪੁਰਖ ਅਬਿਨਾਸ਼ੀ ਵਿਚਾਰ ਵਿਚ ਕਿਸੇ ਨਾ ਆਈਆ । ਭਗਤ ਭਗਵਾਨ ਅੱਗੇ ਕੱਢਣ ਹਾੜ੍ਹਾ, ਹਾਏ ਹਾਏ ਕਲਜੁਗ ਅਗਨੀ ਅੱਗ ਰਹੀ ਜਲਾਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਨਾਰ ਕੰਤ ਨਾ ਕੋਇ ਪਿਆਰਾ, ਵਿਭਚਾਰ ਸ੍ਰਿਸ਼ਟ ਸਬਾਈ ਰਹੀ ਕਮਾਈਆ । ਗੁਰ ਦਰ ਮੰਦਰ ਮਸਜਦਿ ਧੂੰਆਧਾਰਾ, ਜਗਤ ਅੰਧੇਰਾ ਇਕ ਵਖਾਈਆ । ਕਲਮਾ ਨਬੀ ਨਾ ਕਿਸੇ ਉਚਾਰਾ, ਸਾਚਾ ਹੁਜਰਾ ਨਾ ਕੋਇ ਸੁਹਾਈਆ । ਸਚ ਮਹਿਰਾਬ ਨਾ ਕੋਇ ਸਤਾਰਾ, ਤਾਰ ਸਿਤਾਰ ਨਾ ਕੋਇ ਹਲਾਈਆ । ਮੱਕੇ ਕਾਅਬੇ ਨਾ ਮਿਲੇ ਪਰਵਰਦਿਗਾਰਾ, ਦੋ ਦੋ ਆਬਾ ਮੇਲ ਨਾ ਕੋਇ ਮਿਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬਿਨ ਨੇਤਰ ਰੋਵਣ ਜ਼ਾਰੋ ਜ਼ਾਰਾ, ਅੱਖ ਸਕੇ ਨਾ ਕੋਇ ਉਠਾਈਆ । ਕਲਜੁਗ ਚਾਰ ਕੁੰਟ ਹੋਇਆ ਬਲਕਾਰਾ, ਬਲ ਆਪਣਾ ਰਿਹਾ ਜਣਾਈਆ । ਸਾਧਾਂ ਸੰਤਾਂ ਮਾਰੇ ਮਾਰਾ, ਸਿਰ ਸਕੇ ਨਾ ਕੋਇ ਉਠਾਈਆ । ਧੀਆਂ ਭੈਣਾਂ ਕਰਨ ਵਣਜ ਵਪਾਰਾ, ਸਾਚਾ ਵਣਜ ਨਾ ਕੋਇ ਜਣਾਈਆ । ਸਚਖੰਡ ਨਿਵਾਸੀ ਵੇਖਣਹਾਰਾ, ਵੇਖੇ ਥਾਉਂ ਥਾਈਂਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਆਪਣਾ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਕਰਨੀ ਆਪ ਜਣਾਈਆ । ਸਚਖੰਡ ਦੀ ਸਾਚੀ ਧਾਰਾ, ਹਰਿ ਲੋਕਮਾਤ ਪਰਗਟਾਇੰਦਾ । ਸਚਖੰਡ ਦਾ ਸਚ ਦਵਾਰਾ, ਧਰਨੀ ਧਰਤ ਧਵਲ ਉਪਰ ਸੁਹਾਇੰਦਾ । ਸਚਖੰਡ ਦਾ ਸਚ ਪਿਆਰਾ, ਜਨ ਭਗਤਾਂ ਨਾਲ ਕਰਾਇੰਦਾ । ਸਚਖੰਡ ਦਾ ਸਚ ਅਖਾੜਾ, ਗੁਰਮੁਖ ਸਖੀਆਂ ਨਾਚ ਨਚਾਇੰਦਾ । ਸਚਖੰਡ ਦਾ ਸਚ ਜੈਕਾਰਾ, ਸੋਹੰ ਨਾਅਰਾ ਆਪ ਸੁਣਾਇੰਦਾ । ਸਰਬ ਜੀਆਂ ਦਾ ਬਣ ਪਿਆਰਾ, ਪਿਆਰ ਪਿਆਰ ਨਾਲ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਚਖੰਡ ਦੀ ਸਾਚੀ ਦਾਤ, ਹਰਿ ਲੋਕਮਾਤ ਪਰਗਟਾਈਆ । ਜਨ ਭਗਤਾਂ ਪੁਛਣਹਾਰਾ ਵਾਤ, ਘਰ ਘਰ ਫੇਰਾ ਪਾਈਆ । ਨਾਤਾ ਤੋੜ ਜ਼ਾਤ ਪਾਤ, ਸ਼ਰਅ ਮਜ਼੍ਹਬ ਨਾ ਕੋਇ ਰਖਾਈਆ ।

ਚਰਨ ਕਵਲ ਏਕਾ ਨਾਤ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਸਾਹਿਬ ਸਤਿਗੁਰ ਦੱਸੇ ਏਕਾ ਘਾਟ, ਪ੍ਰਭ ਪੱਤਣ ਡੇਰਾ ਲਾਈਆ । ਕਲਜੁਗ ਕੂੜੀ ਮਿਟੇ ਵਾਟ, ਸਤਿਜੁਗ ਸਾਚਾ ਰਾਹ ਚਲਾਈਆ । ਲੇਖਾ ਜਾਣੇ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਆਪਣਾ ਬੰਧਨ ਪਾਈਆ । ਪੰਚਮ ਬਣੇ ਸੱਜਣ ਸਾਕ, ਬੰਧਪ ਆਪਣਾ ਨਾਉਂ ਰਖਾਈਆ । ਕਰੇ ਖੇਲ ਹਰਿ ਪਾਕੀ ਪਾਕ, ਰਸੂਲ ਅਸੂਲ ਇਕ ਜਣਾਈਆ । ਦੋ ਜਹਾਨਾਂ ਵੇਖਣਹਾਰਾ ਖਾਤ, ਚੌਦਾਂ ਤਬਕਾਂ ਕੁੰਡਾ ਲਾਹੀਆ । ਲੱਖ ਚੁਰਾਸੀ ਕਰਨਹਾਰਾ ਘਾਤ, ਖੰਡਾ ਆਪਣਾ ਨਾਮ ਚਮਕਾਈਆ । ਜਨ ਭਗਤਾਂ ਪੁਛੇ ਵਾਤ, ਨਿਰਗੁਣ ਸਰਗੁਣ ਹੋਏ ਸਹਾਈਆ । ਦਰਸ ਦਿਖਾਏ ਇਕ ਇਕਾਂਤ, ਇਕ ਇਕੱਲਾ ਫੇਰਾ ਪਾਈਆ । ਨਾਮ ਜਣਾਏ ਸਾਚੀ ਗਾਥ, ਗਾ ਗਾ ਆਪਣਾ ਰੰਗ ਰੰਗਾਈਆ । ਲਹਿਣਾ ਦੇਣ ਚੁਕਾਏ ਪੂਰਬ ਮਾਥ, ਕਰਮ ਕਾਂਡ ਨਾ ਕੋਇ ਰਖਾਈਆ । ਘਰ ਸੇਜਾ ਆਤਮ ਭੋਗ ਬਲਾਸ, ਰਸ ਰਸੀਆ ਰਸ ਰਸਾਈਆ । ਘਰ ਮੇਲਾ ਪੁਰਖ ਅਬਿਨਾਸ਼, ਘਰ ਮੰਦਰ ਵੱਜੇ ਵਧਾਈਆ । ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਕਰੇ ਬੰਦ ਖ਼ੁਲਾਸ, ਬੰਦੀਖਾਨਾ ਦਏ ਤੁੜਾਈਆ । ਕੂੜੀ ਕਿਰਿਆ ਫ਼ਾਸ਼ ਫ਼ਾਸ਼, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਸਤਿਜੁਗ ਦੀ ਸਾਚੀ ਸ਼ਾਖ਼, ਗੁਰਮੁਖ ਸਾਚੇ ਆਪ ਪਰਗਟਾਈਆ । ਸਤਿਗੁਰ ਸੱਚਾ ਪੱਤ ਲਏ ਰਾਖ, ਢਾਕਣ ਕੁ ਪਤਹਾਰਾ ਸੱਚਾ ਮਾਹੀਆ । ਮੇਟ ਮਿਟਾਏ ਅੰਧੇਰੀ ਰਾਤ, ਸਤਿਜੁਗ ਸਾਚਾ ਨੂਰ ਦਰਸਾਈਆ । ਕਰ ਕਿਰਪਾ ਪੁਛੇ ਬਾਤ, ਅਭੁੱਲ ਭੁੱਲ ਕਦੇ ਨਾ ਜਾਈਆ । ਸਚਖੰਡ ਦੀ ਸਾਚੀ ਬਾਤ, ਗੁਰਮੁਖਾਂ ਆਪ ਸੁਣਾਈਆ । ਪਾਰਬ੍ਰਹਮ ਦੀ ਇਕੋ ਜ਼ਾਤ, ਵਰਨ ਗੋਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਖੇਲ ਲੋਕਮਾਤ ਆਪ ਦਰਸਾਈਆ । ਲੋਕਮਾਤ ਹਰਿ ਖੇਲ ਅਕੱਥ, ਅਕੱਥ ਅਕੱਥ ਜਣਾਇੰਦਾ । ਪਰਗਟ ਹੋ ਪੁਰਖ ਸਮਰਥ, ਸਮਰਥ ਧਾਰ ਚਲਾਇੰਦਾ । ਨਾਮ ਅਮੋਲਕ ਸਾਚੀ ਵੱਥ, ਕਾਇਆ ਗੋਲਕ ਆਪ ਟਿਕਾਇੰਦਾ । ਜਗਤ ਵਿਕਾਰਾ ਪਾਏ ਨੱਥ, ਮਨ ਮਨੂਆ ਨਾ ਉਠ ਉਠ ਧਾਇੰਦਾ । ਸੁਰਤ ਸੁਵਾਣੀ ਕਰੇ ਵਸ, ਗੁਰ ਸ਼ਬਦੀ ਰੰਗ ਚੜ੍ਹਾਇੰਦਾ । ਮੇਟੇ ਅੰਧ ਅੰਧੇਰੀ ਰੈਣ ਮਸ, ਅਗਿਆਨ ਅੰਧੇਰ ਚੁਕਾਇੰਦਾ । ਅਨਹਦ ਸ਼ਬਦ ਅਨਾਦ ਸੁਣਾਏ ਜਸ, ਅਨਾਦੀ ਆਪਣਾ ਰਾਗ ਅਲਾਇੰਦਾ । ਭਗਤ ਭਗਵਾਨ ਇਕ ਦੂਜੇ ਨਾਲ ਜਾਇਣ ਫਸ, ਪ੍ਰੇਮ ਪਿਆਰ ਗੰਢ ਰਖਾਇੰਦਾ । ਤੀਰ ਅਣਿਆਲਾ ਮਾਰੇ ਕਸ, ਦੂਈ ਦਵੈਤੀ ਪੜਦਾ ਢਾਹਿੰਦਾ । ਸਚਖੰਡ ਨਿਵਾਸੀ ਸਤਿ ਦਵਾਰੇ ਕਰੇ ਕਠ, ਜਨ ਭਗਤਾਂ ਆਪ ਜਗਾਇੰਦਾ । ਦੇਵਣਹਾਰਾ ਸਤਿ ਸੰਤੋਖ ਧੀਰਜ ਹਠ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਇਕ ਜੈਕਾਰਾ ਬੋਲ ਅਲੱਖ, ਆਤਮ ਪਰਮਾਤਮ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਨਾਲੋਂ ਕਰ ਕਰ ਵੱਖ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਜੁਗ ਜੁਗ ਜਨ ਭਗਤਾਂ ਕਰਦਾ ਆਇਆ ਪਖ, ਲੱਖ ਚੁਰਾਸੀ ਧੱਕਾ ਲਾਇੰਦਾ । ਹੰਕਾਰੀ ਭਾਂਡੇ ਕਰੇ ਸਖ, ਖ਼ਾਲੀ ਭਾਂਡੇ ਨਿਵਣ ਸੋ ਅੱਖਰ ਨਾਲ ਭਰਾਇੰਦਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਵੰਡ ਵੰਡਾਇੰਦਾ । ਨਾਤਾ ਤੋੜੇ ਤਤ ਅਠ, ਨੌਂ ਦਰ ਖ਼ਾਲੀ ਆਪ ਕਰਾਇੰਦਾ । ਸਚਖੰਡ ਨਿਵਾਸੀ ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਕਰੇ ਕਰਾਏ ਕਰਨੇਹਾਰਾ, ਲੋਕਮਾਤ ਮਾਰ ਝਾਤ, ਦੇਵਣਹਾਰ ਸਰਬ ਨਿਜਾਤ, ਨਿਜ ਘਰ ਬੈਠਾ ਆਸਣ ਲਾਈਆ । ਨਿਜ ਘਰ ਵਸੇ ਨਿਜ ਗ੍ਰਿਹਿ ਮੰਦਰ, ਗ੍ਰਿਹਿ ਗ੍ਰਿਹਿ ਖ਼ੁਸ਼ੀ ਮਨਾਇੰਦਾ ।

੭੦੧ ੧੨

ਭਾਗ ਲਗਾਏ ਡੂੰਘੀ ਕੰਦਰ, ਕੰਧ ਦਵੈਤੀ ਆਪੇ ਢਾਹਿੰਦਾ । ਮਨ ਹੰਕਾਰੀ ਬੰਨ੍ਹੇ ਬੰਦਰ, ਡੋਰੀ ਏਕਾ ਨਾਮ ਪਾਇੰਦਾ । ਲੱਖ ਚੁਰਾਸੀ ਮਾਇਆ ਮਮਤਾ ਕੀਤੀ ਅੰਧੜ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਰਸਨਾ ਜਿਹਵਾ ਹੋਈ ਗੰਦੜ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਬੰਦੀਖਾਨਾ ਵੱਜਾ ਜੰਦਰ, ਬਿਨ ਸਤਿਗੁਰ ਪੂਰੇ ਨਾ ਕੋਇ ਤੁੜਾਇੰਦਾ । ਨਵ ਨੌਂ ਦਿਸੇ ਖੰਡਰ, ਮਹੱਲ ਅਟੱਲ ਨਾ ਕੋਇ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗਾ ਜੁਗੰਤ, ਮੇਲ ਮਿਲਾਏ ਭਗਤ ਭਗਵੰਤ ਸੇਜ ਸੁਹਾਏ ਨਾਰ ਕੰਤ, ਰੰਗ ਚੜ੍ਹਾਏ ਇਕ ਬਸੰਤ, ਮਹਿਮਾ ਸੁਣਾਏ ਆਪ ਅਗਣਤ, ਲੇਖੇ ਲਾਏ ਸਾਚੇ ਸੰਤ, ਦੇਵੇ ਵਡਿਆਈ ਵਿਚ ਜੀਵ ਜੰਤ, ਗੜ੍ਹ ਤੋੜੇ ਹਉਮੇ ਹੰਗਤ, ਆਤਮ ਪਰਮਾਤਮ ਦੇਵੇ ਮੰਤ, ਮੰਤ ਸੋਹੰ ਸੋ ਪੁਰਖ ਨਿਰੰਜਣ ਆਪ ਜਣਾਈਆ । ਸੋਹੰ ਸੋ ਸਾਚਾ ਮੰਤਰ, ਗੁਰ ਪੀਰ ਅਵਤਾਰ ਰਹੇ ਜਸ ਗਾਈਆ । ਵਸਣਹਾਰਾ ਸਦਾ ਨਿਰੰਤਰ, ਨਿਰੰਤਰ ਬ੍ਰਹਮ ਰਿਹਾ ਉਠਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਰਿਹਾ ਸਮਾਈਆ । ਜਿਸ ਬਣਾਈ ਸਾਚੀ ਬਣਤਰ, ਸੋ ਵੇਖੇ ਚਾਈਂ ਚਾਈਂਆ । ਪਾਵੇ ਸਾਰ ਗਗਨ ਗਗਨੰਤਰ, ਮੰਡਲ ਆਪਣਾ ਫੇਰਾ ਪਾਈਆ । ਵੇਖਣਹਾਰਾ ਡੂੰਘੀ ਕੰਦਰ, ਭਵਰੀ ਭਵਰ ਰਿਹਾ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਗਿਆਨ ਗਿਆਨ ਦੇਵ ਆਤਮ ਪਰਮਾਤਮ ਏਕਾ ਬੂਝ ਬੁਝਾਈਆ । ਆਤਮ ਪਰਮਾਤਮ ਬੂਝੇ ਬੂਝ, ਬੂਝਣਹਾਰ ਗੋਪਾਲਾ । ਘਰ ਵਿਚ ਘਰ ਦੇਵੇ ਸੂਝ, ਬੰਦ ਕਿਵਾੜੀ ਖੋਲ੍ਹੇ ਤਾਲਾ । ਲਹਿਣਾ ਦੇਣਾ ਚੁੱਕੇ ਏਕ ਦੂਜ, ਦੂਆ ਏਕਾ ਏਕਾ ਮਾਰਗ ਲਾਏ ਸੁਖਾਲਾ । ਭੇਵ ਚੁਕਾਏ ਹਰਿ ਜੂ ਗੂਝ, ਗਹਿਰ ਗੰਭੀਰ ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ । ਗੁਰਸਿਖ ਗੁਰ ਗੁਰ ਦੋਵੇਂ ਇਕ ਦੂਜੇ ਤੋਂ ਜਾਇਣ ਝੂਝ, ਜਨਮ ਮਰਨ ਮਰਨ ਜਨਮ ਜਨਮ ਮਰਨ ਤੋਂ ਦੋਹਾਂ ਕਰੇ ਨਿਰਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਦੋ ਜਹਾਨ ਚਰਨ ਕਵਲ ਵਖਾਏ ਸੱਚੀ ਧਰਮਸਾਲਾ ।

### ❋ ੧੬ ਭਾਦਰੋਂ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਪਿਪਲੀ ਜ਼ਿਲਾ ਫਿਰੋਜ਼ਪੁਰ ❋

ਸੋ ਪੁਰਖ ਨਿਰੰਜਣ ਸਤਿ ਸੁਲਤਾਨ, ਸਤਿ ਸਤਿਵਾਦੀ ਹਰਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਏਕੰਕਾਰਾ ਵਡ ਮਿਹਰਵਾਨ, ਦੀਨ ਦਿਆਲ ਨਾਉਂ ਰਖਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਆਪਣੀ ਇਛਿਆ ਕਰ ਪਰਵਾਨ, ਭਿਛਿਆ ਸਾਚੀ ਝੋਲੀ ਪਾਇੰਦਾ । ਕਰੇ ਖੇਲ ਇਕ ਮਹਾਨ, ਅਕਲ ਕਲ ਆਪਣੀ ਧਾਰ ਚਲਾਇੰਦਾ । ਸਾਚਾ ਮੰਦਰ ਹਰਿ ਮਹਾਨ, ਮਿਹਰਵਾਨ ਆਪ ਉਪਾਇੰਦਾ । ਛੱਪਰ ਛੰਨ ਨਾ ਕੋਇ ਨਿਸ਼ਾਨ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਦੀਆ ਬਾਤੀ ਇਕ ਭਗਵਾਨ, ਨਿਰਮਲ ਜੋਤੀ ਜੋਤ ਟਿਕਾਇੰਦਾ । ਸਚ ਸਿੰਘਾਸਣ ਖੇਲ ਮਹਾਨ, ਪਰਵਰਦਿਗਾਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ


੭੦੨
੧੨

ਕਰਨੀ ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਸਾਚਾ ਸੂਰਾ, ਸੂਰਬੀਰ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਸਰਬ ਕਲਾ ਭਰਪੂਰਾ, ਬੇਅੰਤ ਵਡ ਵਡਿਆਈਆ । ਏਕੰਕਾਰਾ ਹਾਜ਼ਰ ਹਜ਼ੂਰਾ, ਹਜ਼ਰਤ ਆਪਣਾ ਨਾਉਂ ਰਖਾਈਆ । ਆਦਿ ਨਿਰੰਜਣ ਜੋਤੀ ਨੂਰਨ ਨੂਰੋ ਨੂਰਾ, ਨੂਰ ਨੂਰ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਵਸਣਹਾਰਾ ਨੇਰ ਦੂਰਾ, ਦੂਰ ਨੇਰ ਆਪਣਾ ਪੰਧ ਰਖਾਈਆ । ਅਬਿਨਾਸ਼ੀ ਕਰਤਾ ਰੰਗ ਵਖਾਏ ਏਕਾ ਗੂੜ੍ਹਾ, ਉਤਰ ਕਦੇ ਨਾ ਜਾਈਆ । ਪਾਰਬ੍ਰਹਮ ਆਪਣਾ ਖੇਲ ਕਰੇ ਜ਼ਰੂਰਾ, ਜ਼ਰੂਰਤ ਆਪਣੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਸਚਖੰਡ ਸੁਹਾਏ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਨਿਰਗੁਣ ਦੀਆ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਨਜ਼ਰ ਨਾ ਆਇੰਦਾ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਭੇਖ ਨਾ ਕੋਇ ਵਖਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸਾਚੇ ਤਖ਼ਤ ਆਸਣ ਲਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਹੁਕਮ ਹਾਕਮ ਆਪ ਜਣਾਇੰਦਾ । ਦਰ ਦਰਵੇਸ਼ ਬਣ ਦਰਬਾਰਾ, ਦਰ ਆਪਣੀ ਅਲਖ ਜਗਾਇੰਦਾ । ਦੇਵਣਹਾਰ ਆਪ ਕਰਤਾਰਾ, ਵਸਤ ਅਮੋਲਕ ਆਪ ਵਖਾਇੰਦਾ । ਸਾਚੀ ਵਸਤ ਏਕਾ ਥਾਰਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਦੇਵਣਹਾਰਾ ਏਕੰਕਾਰਾ, ਅਕਲ ਕਲ ਆਪਣੀ ਖੇਲ ਕਰਾਇੰਦਾ । ਆਪੇ ਵਣਜ ਆਪ ਵਣਜਾਰਾ, ਹਰਿ ਜੂ ਆਪਣਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪੁਰਖ ਸਮਰਥ, ਆਦਿ ਆਦਿ ਆਪ ਕਰਾਈਆ । ਨਿਰਗੁਣ ਰੂਪ ਹੋ ਪਰਗਟ, ਪੁਰਖ ਅਕਾਲ ਨੂਰ ਧਰਾਈਆ । ਅਜੂਨੀ ਰਹਿਤ ਸਦਾ ਸਮਰਥ, ਸਮਰਥ ਆਪਣਾ ਨਾਉਂ ਧਰਾਈਆ । ਆਪਣੀ ਮਹਿਮਾ ਜਾਣੇ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣੇ ਅੰਤਰ ਆਪੇ ਵਸ, ਆਪੇ ਵੇਖੇ ਚਾਈਂ ਚਾਈਂਆ । ਆਪੇ ਨੂਰ ਆਪ ਪਰਕਾਸ਼, ਨਿਰਗੁਣ ਆਪੇ ਡਗਮਗਾਈਆ । ਆਪੇ ਦਾਸੀ ਆਪੇ ਦਾਸ, ਬਣ ਸੇਵਕ ਸੇਵ ਕਮਾਈਆ । ਆਪੇ ਮੰਡਲ ਆਪੇ ਰਾਸ, ਹਰਿ ਜੂ ਆਪੇ ਵੇਖ ਵਖਾਈਆ । ਆਪੇ ਖੇਲ ਆਪ ਤਮਾਸ਼, ਖੇਲਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਹਰਿ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਅਲੱਖ ਅਗੋਚਰ ਅਗੰਮ ਅਪਾਰਾ, ਬੇਪਰਵਾਹ ਆਪਣੀ ਧਾਰ ਆਪ ਪਰਗਟਾਇੰਦਾ । ਮਹੱਲ ਅਟੱਲ ਉਚ ਮਨਾਰਾ, ਸੋਭਾਵੰਤ ਆਪ ਸੁਹਾਇੰਦਾ । ਤਖ਼ਤ ਨਿਵਾਸੀ ਕਰ ਪਸਾਰਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਪੁਰਖ ਸੁਲਤਾਨਾ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਸਚਖੰਡ ਸੋਹੇ ਸਚ ਮਕਾਨਾ, ਦਰਗਹਿ ਸਾਚੀ ਮਿਲੇ ਵਡਿਆਈਆ । ਧੁਰਦਰਗਾਹੀ ਧੁਰ ਫ਼ਰਮਾਣਾ, ਧੁਰ ਸੰਦੇਸਾ ਆਪ ਸੁਣਾਈਆ । ਧੁਰ ਦਰਬਾਰੀ ਧੁਰ ਰਾਜ ਰਾਜਾਨਾ, ਧੁਰ ਦਰਗਾਹੀ ਸੱਚਾ ਸ਼ਹਿਨਸ਼ਾਹੀਆ । ਖੇਲੇ ਖੇਲ ਨੌਜਵਾਨਾ, ਮਰਦ ਮਰਦਾਨਗੀ ਆਪ ਰਖਾਈਆ । ਨਿਰਗੁਣ ਨਿਰਗੁਣ ਖੇਲ ਮਹਾਨਾ, ਨਿਰਾਕਾਰ ਨਿਰਾਕਾਰ ਵਡੀ ਵਡਿਆਈਆ । ਅਜੂਨੀ ਰਹਿਤ ਹੋ ਪਰਧਾਨਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਅਨਭਵ ਪਰਕਾਸ਼ ਕਰੇ ਮਹਾਨਾ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਆਪਣੀ ਬਣਤ ਆਪ ਬਣਾਈਆ । ਆਪਣੀ ਬਣਤ ਬਣਾਏ ਆਪ, ਬੇਪਰਵਾਹ ਵਡੀ ਵਡਿਆਈਆ । ਆਪੇ ਜਾਣੇ ਵਡ ਪਰਤਾਪ, ਦੂਸਰ ਸੰਗ ਨਾ ਕੋਇ ਰਖਾਈਆ । ਖੇਲੇ ਖੇਲ ਬਹੁ ਬਿਧ ਭਾਂਤ, ਭੇਵ ਅਭੇਦ ਆਪ ਜਣਾਈਆ । ਆਪੇ ਦੇਵਣਹਾਰਾ ਦਾਤ, ਦਾਤਾ ਦਾਨੀ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਖਲਾਈਆ । ਸਚਖੰਡ ਸਾਚਾ ਸਚ ਮਹੱਲਾ, ਹਰਿ ਸਾਚਾ ਸਚ ਵਸਾਇੰਦਾ । ਪੁਰਖ ਅਕਾਲ ਇਕ ਇਕੱਲਾ, ਆਦਿ ਜੁਗਾਦੀ ਡੇਰਾ ਲਾਇੰਦਾ । ਏਕਾ ਫੜਾਏ ਆਪਣਾ ਪੱਲਾ, ਪੱਲੂ ਆਪਣੀ ਗੰਢ ਪੁਵਾਇੰਦਾ । ਜੋਤੀ ਧਾਰ ਆਪੇ ਰੱਲਾ, ਧਾਰ ਧਾਰ ਵਿਚ ਮਿਲਾਇੰਦਾ । ਸਚ ਸੰਦੇਸ ਏਕਾ ਘੱਲਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਆਪ ਵਡਿਆਇੰਦਾ । ਸਚਖੰਡ ਦਵਾਰ ਵੱਡਾ ਵਡ, ਹਰਿ ਵੱਡਾ ਆਪ ਵਡਿਆਈਆ । ਨਿਰਗੁਣ ਅੰਦਰ ਨਿਰਗੁਣ ਲਡਾਏ ਲਡ, ਕਰੇ ਖੇਲ ਬੇਪਰਵਾਹੀਆ । ਆਰ ਪਾਰ ਕਿਨਾਰਾ ਨਾ ਕੋਈ ਹੱਦ, ਮਹਿਦੂਦ ਰੱਖੇ ਨਾ ਕੋਇ ਥਾਈਂਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਵਾਰੇ ਧਰੇ ਪਗ, ਤਿਸ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਈਆ । ਸਚਖੰਡ ਸਾਚਾ ਸਚ ਸੁਹੰਜਣਾ, ਹਰਿ ਸਾਚਾ ਸਚ ਜਣਾਇੰਦਾ । ਜੋਤ ਜਗਾ ਆਦਿ ਨਿਰੰਜਣਾ, ਆਦਿ ਪੁਰਖ ਖੇਲ ਕਰਾਇੰਦਾ । ਪੁਰਖ ਅਬਿਨਾਸ਼ੀ ਦਰਦ ਦੁੱਖ ਭੈ ਭੰਜਣਾ, ਦੁਖ ਦਰਦ ਨਾ ਕੋਇ ਰਖਾਇੰਦਾ । ਨੇਤਰ ਆਪਣਾ ਆਪ ਪਾਏ ਅੰਞਣਾ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਨਿਰਗੁਣ ਨਿਰਗੁਣ ਸੱਜਣਾ, ਸਗਲਾ ਸੰਗ ਆਪ ਅਖਵਾਇੰਦਾ । ਨਿਰਗੁਣ ਨਿਰਗੁਣ ਮਜਣਾ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਆਪ ਸਾਲਾਹਿੰਦਾ । ਸਚਖੰਡ ਦਵਾਰਾ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਆਸਣ ਲਾਈਆ । ਆਪੇ ਨਾਰ ਆਪੇ ਕੰਤ, ਸੇਜ ਸੁਹੰਜਣੀ ਆਪ ਹੰਢਾਈਆ । ਆਪੇ ਨਾਉਂ ਆਪੇ ਮੰਤ, ਮੰਤਰ ਆਪਣਾ ਆਪੇ ਗਾਈਆ । ਆਪੇ ਆਦਿ ਆਪੇ ਅੰਤ, ਮਧ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਇਕ ਸੁਹਾਈਆ । ਸਚਖੰਡ ਸਾਚਾ ਸੋਭਨੀਕ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਦੂਸਰ ਨਾ ਕੋਈ ਦਿਸੇ ਸ਼ਰੀਕ, ਸ਼ਿਰਕਤ ਵਿਚ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਆਪਣੀ ਰੱਖੇ ਆਪ ਉਡੀਕ, ਆਪਣਾ ਮੇਲਾ ਆਪ ਮਿਲਾਇੰਦਾ । ਨਿਰਗੁਣ ਨਿਰਗੁਣ ਸਚ ਪ੍ਰੀਤ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਪਾਰਬ੍ਰਹਮ ਦੀ ਇਕੋ ਰੀਤ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਏਕੰਕਾਰਾ ਇਕੋ ਗੀਤ, ਗੀਤ ਗੋਬਿੰਦ ਆਪ ਅਲਾਇੰਦਾ । ਆਦਿ ਜੁਗਾਦਿ ਰਹੇ ਅਤੀਤ, ਸਚਖੰਡ ਸਾਚੇ ਆਸਣ ਲਾਇੰਦਾ । ਸਦਾ ਸੁਹੇਲਾ ਠਾਂਡਾ ਸੀਤ, ਅਗਨੀ ਤਤ ਨਾ ਕੋਇ ਰਖਾਇੰਦਾ । ਸਚਖੰਡ ਨਿਵਾਸੀ ਸਾਹਿਬ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਸਣ ਲਾਇੰਦਾ । ਸਚਖੰਡ ਦਵਾਰੇ ਸਾਚਾ ਆਸਣ, ਨਰ ਹਰਿ ਨਰਾਇਣ ਆਪ ਲਗਾਈਆ । ਖੇਲੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਧਾਰ ਚਲਾਈਆ । ਨਿਰਗੁਣ ਨੂਰ ਜੋਤ ਪਰਕਾਸ਼ਣ, ਪਰਕਾਸ਼ਵਾਨ ਸੱਚਾ ਮਾਹੀਆ ।

ਸੇਵਕ ਸੇਵਕ ਦਾਸੀ ਦਾਸਣ, ਰਾਜਨ ਰਾਜ ਆਪ ਅਖਵਾਈਆ । ਨਿਜ ਗ੍ਰਿਹਿ ਕਰ ਕਰ ਆਪਣਾ ਵਾਸਣ, ਨਿਜ ਧਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਸੋਭਾ ਪਾਈਆ । ਸਚਖੰਡ ਵਸੇ ਹਰਿ ਨਿਰੰਕਾਰਾ, ਇਕ ਇਕੱਲਾ ਆਸਣ ਲਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਕਰੇ ਆਪ ਪਸਾਰਾ, ਪਸਰ ਪਸਾਰੀ ਆਪ ਅਖਵਾਇੰਦਾ । ਆਪੇ ਇਛਿਆ ਆਪ ਭੰਡਾਰਾ, ਦਾਤਾ ਦਾਨੀ ਆਪ ਵਰਤਾਇੰਦਾ । ਆਪੇ ਦਰ ਦਰਵੇਸ਼ ਨਿਉਂ ਨਿਉਂ ਕਰੇ ਨਿਮਸਕਾਰਾ, ਸੀਸ ਆਪਣਾ ਹੱਥ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਮਾਣ ਰਖਾਇੰਦਾ । ਸਚਖੰਡ ਦਵਾਰੇ ਸਾਚਾ ਮਾਣ, ਹਰਿ ਜੂ ਹਰਿ ਹਰਿ ਆਪ ਰਖਾਈਆ । ਵਸਣਹਾਰਾ ਸ੍ਰੀ ਭਗਵਾਨ, ਵਾਸਤਕ ਆਪਣਾ ਰੂਪ ਧਰਾਈਆ । ਸਤਿ ਸਤਿਵਾਦੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਇਕ ਉਠਾਈਆ । ਇਕ ਇਕੱਲਾ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਚਲਾਈਆ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਲਏ ਸੁਣਾਈਆ । ਆਪਣੀ ਮੰਨੇ ਆਪੇ ਆਣ, ਆਪਣੇ ਭਾਣੇ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਦੇਵੇ ਮਾਣ ਵਡਿਆਈਆ । ਵਡਿਆਈ ਮਾਣ ਦੇਵਣਹਾਰਾ, ਏਕਾ ਏਕ ਅਖਵਾਇੰਦਾ । ਆਦਿ ਪੁਰਖ ਹਰਿ ਕਰ ਪਸਾਰਾ, ਪਸਰ ਪਸਾਰੀ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਸੋਭਾ ਪਾਇੰਦਾ । ਏਕਾ ਨੂਰ ਨੂਰ ਉਜਿਆਰਾ, ਅੰਧ ਅੰਧੇਰ ਨਾ ਕੋਇ ਵਖਾਇੰਦਾ । ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਆਪਣੀ ਕਰਨੀ ਆਪ ਕਮਾਇੰਦਾ । ਲੇਖਾ ਜਾਣ ਪੁਰਖ ਨਾਰਾ, ਨਾਰ ਕੰਤ ਸੇਜ ਹੰਢਾਇੰਦਾ । ਜਨਨੀ ਜਨ ਬਣ ਬਣ ਸਿਰਜਣਹਾਰਾ, ਪੂਤ ਸਪੂਤਾ ਏਕਾ ਜਾਇੰਦਾ । ਨਾਉਂ ਧਰਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਮਹੱਲ ਅਟੱਲ ਇਕ ਮੀਨਾਰਾ, ਘਰ ਘਰ ਵਿਚ ਆਪ ਪਰਗਟਾਇੰਦਾ । ਸਚਖੰਡ ਅੰਦਰ ਖੋਲ੍ਹ ਕਿਵਾੜਾ, ਥਿਰ ਘਰ ਨਾਉਂ ਧਰਾਇੰਦਾ । ਸਾਚਾ ਦੀਆ ਕਰ ਉਜਿਆਰਾ, ਆਪਣਾ ਬੀਆ ਬੀਜ ਬੀਜਾਇੰਦਾ । ਪੂਤ ਸਪੂਤਾ ਕਰੇ ਪਿਆਰਾ, ਹਰਿ ਸਾਚੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਕਾਰ ਕਰਾਇੰਦਾ । ਕਰੇ ਕਾਰ ਹਰਿ ਕਰਨੇ ਜੋਗ, ਜੁਗਤੀ ਆਪਣੇ ਹੱਥ ਰਖਾਈਆ । ਲੇਖਾ ਜਾਣੇ ਧੁਰ ਸੰਜੋਗ, ਧੁਰ ਧੁਰ ਮੇਲਾ ਮੇਲ ਮਿਲਾਈਆ । ਵਸਣਹਾਰਾ ਸਾਚੇ ਕੋਟ, ਸਚਖੰਡ ਦੇਵੇ ਮਾਣ ਵਡਿਆਈਆ । ਰੂਪ ਧਰਾਏ ਨਿਰਮਲ ਜੋਤ, ਰੇਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਖੇਲ ਕਰਾਇੰਦਾ । ਥਿਰ ਘਰ ਸਾਚਾ ਖੋਲ੍ਹ ਕਿਵਾੜਾ, ਸ਼ਬਦੀ ਸੁਤ ਬਹਾਇੰਦਾ । ਸਚ ਸੰਦੇਸਾ ਏਕਾ ਵਾਰਾ, ਏਕ ਓਅੰਕਾਰਾ ਆਪ ਸੁਣਾਇੰਦਾ । ਤੇਰਾ ਮੇਰਾ ਸਚ ਵਿਹਾਰਾ, ਹਰਿ ਸਾਚਾ ਬੰਧਣ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਥਿਰ ਘਰ ਸਾਚਾ ਰਾਹ ਜਣਾਇੰਦਾ । ਥਿਰ ਘਰ ਸਾਚੇ ਸ਼ਬਦੀ ਸੁਤ, ਹਰਿ ਹਰਿ ਜੂ ਆਪ ਉਠਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਬੇਅੰਤ ਬੇਪਰਵਾਹੀਆ । ਸਚ ਦਵਾਰੇ ਮੌਲੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਆਪਣੀ ਸ਼ਾਖ਼ ਆਪੇ ਫੁਟ, ਪੱਤ ਡਾਲ੍ਹੀ ਆਪ ਮਹਿਕਾਈਆ । ਆਪਣੇ ਅੰਤਰ ਆਪੇ ਉਠ, ਨਰ ਹਰਿ ਆਪੇ ਵੇਖ ਵਖਾਈਆ । ਠਾਕਰ ਸਵਾਮੀ ਆਪੇ ਤੁਠ, ਆਪੇ ਦਇਆ ਕਮਾਈਆ । ਆਪੇ ਜਨਣੀ ਜਨ ਆਪੇ ਪੁੱਤ, ਪੂਤ ਸਪੂਤਾ ਆਪਣੀ ਗੋਦ ਬਹਾਈਆ । ਆਪੇ ਥਿਰ

੭੦੬ ੧੨

ਘਰ ਸਾਰ ਲਏ ਪੁੱਛ, ਸਚਖੰਡ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਦਏ ਵਡਿਆਈਆ । ਛੋਟਾ ਬਾਲਾ ਸ਼ਬਦੀ ਲਾਲ, ਸੋ ਪੁਰਖ ਨਿਰੰਜਣ ਆਪ ਉਠਾਇੰਦਾ । ਸਾਚਾ ਮਾਰਗ ਇਕ ਸਿਖਾਲ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਤੇਰਾ ਮੰਦਰ ਸੱਚੀ ਧਰਮਸਾਲ, ਥਿਰ ਘਰ ਨਾਤਾ ਜੋੜ ਜੁੜਾਇੰਦਾ । ਨਿਰਗੁਣ ਨਿਰਗੁਣ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਆਦਿ ਜੁਗਾਦਿ ਤੇਰਾ ਪ੍ਰਿਤਪਾਲ, ਪੁਰਖ ਅਬਿਨਾਸ਼ੀ ਆਪਣਾ ਪ੍ਰਣ ਨਿਭਾਇੰਦਾ । ਨਿਰਗੁਣ ਨਿਰਗੁਣ ਬਣੇ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕ ਓਅੰਕਾਰਾ, ਹਰਿ ਨਿਰੰਕਾਰਾ ਏਕਾ ਵਾਰ ਸੁਣਾਇੰਦਾ । ਸੁਣ ਸੰਦੇਸਾ ਸ੍ਰੀ ਭਗਵਾਨ, ਸ਼ਬਦੀ ਸੁਤ ਲਏ ਅੰਗੜਾਈਆ । ਤੇਰੀ ਕਿਰਪਾ ਇਕ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਵਸਣਹਾਰਾ ਸਚਖੰਡ ਮਕਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੇਵਣਹਾਰਾ ਧੁਰ ਫ਼ਰਮਾਣ, ਧੁਰ ਸੰਦੇਸਾ ਇਕ ਅਲਾਈਆ । ਹਉਂ ਬਾਲਕ ਬਾਲ ਅੰਞਾਣ, ਤੇਰਾ ਭੇਵ ਨਾ ਜਾਣਾ ਰਾਈਆ । ਚਰਨ ਕਵਲ ਮੰਗਾਂ ਇਕ ਧਿਆਨ, ਢਹਿ ਢਹਿ ਪਵਾਂ ਸਰਨਾਈਆ । ਸਾਚਾ ਦੇ ਦੇ ਆਪਣਾ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਤੂੰ ਮੇਰਾ ਮੈਂ ਤੇਰਾ ਤੁਧ ਬਿਨ ਮੇਰਾ ਨਾ ਕੋਇ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਸਦਾ ਸਦ ਰੱਖੀ ਆਪ ਪਹਿਚਾਨ, ਬੇਪਹਿਚਾਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਥਿਰ ਘਰ ਵਾਸੀ ਸੁਤ ਦੁਲਾਰਾ, ਆਪਣੀ ਮੰਗ ਮੰਗਾਈਆ । ਮੰਗੇ ਮੰਗ ਕਰ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਦਾਤਾ ਦਾਨੀ ਪਰਵਰਦਿਗਾਰ, ਬੇਅੰਤ ਤੇਰਾ ਭੇਵ ਕੋਈ ਨਾ ਆਇੰਦਾ । ਹਉਂ ਚਾਕਰ ਸੇਵਕ ਸੇਵਾਦਾਰ, ਚਰਨ ਧੂੜੀ ਟਿੱਕਾ ਮਸਤਕ ਲਾਇੰਦਾ । ਆਦਿ ਜੁਗਾਦਿ ਰਹਿਣਾ ਮਦਦਗਾਰ, ਇਕੋ ਤੇਰੀ ਆਸ ਤਕਾਇੰਦਾ । ਬਣਿਆ ਰਹਿਣਾ ਸੱਚਾ ਯਾਰ, ਯਾਰੀ ਲਾ ਨਾ ਤੋੜ ਵਖਾਇੰਦਾ । ਤੇਰੇ ਉਤੇ ਇਕ ਇਤਵਾਰ, ਦੂਸਰ ਓਟ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਆਦਿ ਤੇਰੇ ਅੱਗੇ ਝੋਲੀ ਡਾਹਿੰਦਾ । ਤੇਰੇ ਅੱਗੇ ਝੋਲੀ ਦਿਤੀ ਅੱਡ, ਸ਼ਬਦ ਸੁਤ ਮੰਗ ਮੰਗਾਈਆ । ਸਚਖੰਡ ਦੁਆਰਿਉਂ ਕੀਤਾ ਅੱਡ, ਥਿਰ ਘਰ ਡੇਰਾ ਲਾਈਆ । ਨਿਤ ਨਵਿਤ ਸੁਣਾ ਤੇਰਾ ਛੰਦ, ਸ਼ਹਿਨਸ਼ਾਹ ਸੱਚੇ ਮਾਹੀਆ । ਤੇਰਾ ਪ੍ਰੇਮ ਇਕ ਅਨੰਦ, ਅਨੰਦ ਤੇਰੇ ਵਿਚ ਸਮਾਈਆ । ਤੇਰੀ ਮਿਹਰ ਸਦਾ ਬਖ਼ਸ਼ੰਦ, ਬਖ਼ਸ਼ਸ਼ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਜੁਗਾਦਿ ਹੋਣਾ ਆਪ ਸਹਾਈਆ । ਪੁਰਖ ਅਬਿਨਾਸ਼ੀ ਦਾਤਾ ਦਾਤਾਰ, ਦਇਆਵਾਨ ਦਇਆ ਕਮਾਇੰਦਾ । ਸੁਤ ਸ਼ਬਦ ਦਏ ਅਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਤੇਰਾ ਮੇਰਾ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਏਕਾ ਸੀਸ ਤੇਰੇ ਧਰਾਂ ਦਸਤਾਰ, ਦਸਤ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਵਡਿਆਇੰਦਾ । ਸ਼ਬਦੀ ਸੁਤ ਸੱਚਾ ਰਾਜਾ, ਸੋ ਪੁਰਖ ਨਿਰੰਜਣ ਆਪ ਬਣਾਈਆ । ਤੇਰੇ ਅੰਦਰ ਮੇਰਾ ਕਾਜਾ, ਤੁਧ ਬਿਨ ਮਿਲੇ ਨਾ ਕੋਇ ਵਡਿਆਈਆ । ਤੇਰਾ ਖੇਲ ਮੇਰਾ ਜਹਾਜਾ, ਸਾਚਾ ਰਹਿਬਰ ਰਾਹ ਸਮਝਾਈਆ । ਤੇਰੀ ਮੇਰੀ ਇਕੋ ਲਾਜਾ, ਲਾਜਾਵੰਤ ਹੋਏ ਸਹਾਈਆ । ਮੇਰਾ ਨਾਉਂ ਤੇਰੀ ਅਵਾਜ਼ਾ, ਤੇਰੀ ਆਵਾਜ਼ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਨਿਰਗੁਣ ਨਿਰਗੁਣ ਰਿਹਾ ਸਮਝਾਈਆ । ਸਾਚੇ ਸੁਤ ਸ਼ਬਦ ਬਲਕਾਰ, ਹਰਿ ਜੂ ਬਲ ਆਪ ਜਣਾਇੰਦਾ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਖੇਲ ਕਰਾਇੰਦਾ । ਤੇਰਾ ਮੇਰਾ ਨਾਤਾ ਅਗੰਮ ਅਪਾਰ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਤੇਰਾ ਮੇਰਾ ਮੰਦਰ ਇਕ ਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਖੋਲ੍ਹੇ ਜਾਗ, ਹਰਿ ਜਾਗਰਤ ਨੂਰ ਦਰਸਾਈਆ । ਤੇਰਾ ਮੇਰਾ ਇਕ ਵੈਰਾਗ, ਵੈਰਾਗੀ ਆਪ ਜਣਾਈਆ । ਤੇਰੇ ਮੰਦਰ ਮੇਰਾ ਭਾਗ, ਭਗਵਾਨ ਆਪ ਸਮਝਾਈਆ । ਕਰੇ ਖੇਲ ਗ਼ਰੀਬ ਨਿਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਬੂਝ ਬੁਝਾਈਆ । ਸਾਚੀ ਬੂਝ ਸ੍ਰੀ ਭਗਵਾਨ, ਆਦਿ ਪੁਰਖ ਆਪ ਜਣਾਇੰਦਾ । ਸੁਤ ਦੁਲਾਰੇ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਤੇਰਾ ਖੇਲ ਕਰੇ ਮਹਾਨ, ਨਿਰਗੁਣ ਨੂਰ ਨੂਰ ਪਰਗਟਾਇੰਦਾ । ਤੇਰਾ ਨਾਉਂ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪੁਰਖ ਅਕਾਲਾ ਦੇਵੇ ਦਾਨ, ਦਇਆਵਾਨ ਝੋਲੀ ਪਾਇੰਦਾ । ਬੰਸ ਸਰਬੰਸ ਖੇਲ ਮਹਾਨ, ਅੰਸ ਅੰਸ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਏਕਾ ਏਕ, ਹਰਿ ਜੂ ਹਰਿ ਹਰਿ ਆਪ ਸੁਣਾਈਆ । ਪੁਰਖ ਅਕਾਲ ਸਾਚੀ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਬਿਨ ਨੇਤਰ ਨੈਣਾਂ ਲੈਣਾ ਪੇਖ, ਹਰਿ ਸਾਚਾ ਆਪ ਵਖਾਈਆ । ਨਾ ਕੋਈ ਰੂਪ ਰੰਗ ਨਾ ਰੇਖ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਮਾਣ ਵਡਿਆਈ ਦਏ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਸ਼ਬਦ ਸੁਤ ਕਰ ਵਣਜਾਰਾ, ਸਾਚਾ ਹੱਟ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਤ੍ਰੈ ਤ੍ਰੈ ਮੇਲ ਮੇਲ ਮਿਲਾਇੰਦਾ । ਪੰਚਮ ਪੰਚ ਪੰਚ ਅਖਾੜਾ, ਪੰਚਮ ਆਪਣਾ ਨਾਦ ਵਜਾਇੰਦਾ । ਲੱਖ ਚੁਰਾਸੀ ਭਰ ਭੰਡਾਰਾ, ਚਾਰੇ ਖਾਣੀ ਵੰਡ ਵੰਡਾਇੰਦਾ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸਾਚੀ ਸਿਖਿਆ ਇਕ ਜਣਾਇੰਦਾ । ਲੇਖਾ ਲਿਖਿਆ ਧੁਰ ਦਰਬਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਹੱਟ ਖੁਲ੍ਹਾਇੰਦਾ । ਸ਼ਬਦੀ ਹੱਟ ਹਰਿ ਜੂ ਖੋਲ੍ਹ, ਖੇਲ ਕਰਨੇਹਾਰ ਅਖਵਾਈਆ । ਏਕਾ ਕੰਡੇ ਤੋਲਿਆ ਤੋਲ, ਤੋਲਣਹਾਰਾ ਨਜ਼ਰ ਨਾ ਆਈਆ । ਲੱਖ ਚੁਰਾਸੀ ਅੰਦਰ ਮੌਲ, ਰੂਪ ਅਨੂਪ ਆਪ ਧਰਾਈਆ । ਸ਼ਬਦੀ ਸੁਤ ਤੇਰੇ ਨਾਲ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਆਦਿ ਜੁਗਾਦਿ ਰਹਿਣਾ ਅਡੋਲ, ਨਾ ਸਕੇ ਕੋਇ ਡੁਲਾਈਆ । ਜੁਗ ਚੌਕੜੀ ਤੇਰਾ ਘੋਲ, ਹਰਿ ਕਰਤਾ ਵੇਖ ਵਖਾਈਆ । ਦਰ ਦਰਵਾਜ਼ਾ ਆਪੇ ਖੋਲ੍ਹ, ਪੰਜ ਤਤ ਸੌਦਾ ਹੱਟ ਵਿਕਾਈਆ । ਆਤਮ ਪਰਮਾਤਮ ਵਸੇ ਕੋਲ, ਘਰ ਘਰ ਵਿਚ ਆਸਣ ਲਾਈਆ । ਰਾਗ ਅਨਾਦਿ ਸੁਣਾਏ ਸਾਚਾ ਸੋਹਲਾ ਸੋਹਲ, ਬਿਨ ਤੰਦੀ ਤੰਦ ਸਿਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਏ ਵਡਿਆਈਆ । ਸ਼ਬਦ ਸੁਤ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਗਿਆਨ, ਗਿਆਨ ਨੇਤਰ ਇਕ ਵਖਾਇੰਦਾ । ਤੇਰੀ ਧੂੜ ਸਰਬ ਅਸ਼ਨਾਨ, ਲੱਖ

ਚੁਰਾਸੀ ਆਪ ਕਰਾਇੰਦਾ । ਤੇਰਾ ਮੰਤਰ ਦੋ ਜਹਾਨ, ਨਿਰੰਤਰ ਆਪ ਸੁਣਾਇੰਦਾ । ਤੇਰਾ ਖੇਲ ਵੇਖੇ ਭਗਵਾਨ, ਭਗਵਨ ਆਪਣਾ ਵੇਸ ਵਟਾਇੰਦਾ । ਤੇਰਾ ਨਿਸ਼ਾਨਾ ਦੋ ਜਹਾਨ, ਲੋਆਂ ਪੁਰੀਆਂ ਆਪ ਵਖਾਇੰਦਾ । ਤੇਰਾ ਖੇਲ ਖੇਲ ਮਹਾਨ, ਜੇਰਜ ਅੰਡਜ ਉਤਭੁਜ ਸੇਤਜ ਨਾਲ ਮਿਲਾਇੰਦਾ । ਵਸਤ ਅਮੋਲਕ ਦੇਵੇ ਦਾਨ, ਕਾਇਆ ਗੋਲਕ ਆਪ ਟਿਕਾਇੰਦਾ । ਅਨਬੋਲਤ ਆਪਣਾ ਦੇਵੇ ਨਾਮ ਨਿਸ਼ਾਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਘਰ ਘਰ ਖੋਲ੍ਹੇ ਤੇਰੀ ਦੁਕਾਨ, ਗ੍ਰਿਹ ਗ੍ਰਿਹ ਤੇਰਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਸੁਣ ਲੈ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਈਆ । ਜੁਗ ਜੁਗ ਚਲੇ ਤੇਰੀ ਰੀਤ, ਰੀਤੀਵਾਨ ਆਪ ਸਮਝਾਈਆ । ਤੇਰਾ ਖੇੜਾ ਇਕ ਅਨਡੀਠ, ਘਰ ਘਰ ਵਿਚ ਲਏ ਬਣਾਈਆ । ਨਿਰਮਲ ਨਿਰਮਲ ਤੇਰੀ ਪ੍ਰੀਤ, ਪ੍ਰੀਤੀਵਾਨ ਆਪ ਸਮਝਾਈਆ । ਤੇਰੀ ਧਾਰਾ ਠੰਡੀ ਸੀਤ, ਸਾਂਤਕ ਸਤਿ ਸਤਿ ਰਖਾਈਆ । ਤੇਰਾ ਢੋਲਾ ਸਾਚਾ ਗੀਤ, ਸੋਹੰ ਅੱਖਰ ਇਕ ਪੜ੍ਹਾਈਆ । ਤੇਰਾ ਮੰਦਰ ਸਦਾ ਅਤੀਤ, ਢੇਰੀ ਢਾਹ ਖ਼ਾਕ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਜਣਾਈਆ । ਸੁਤ ਦੁਲਾਰੇ ਉਠ ਬਲਧਾਰ, ਹਰਿ ਸਤਿਗੁਰ ਆਪ ਸੁਣਾਇਆ । ਤੇਰਾ ਖੇਲ ਅਪਰ ਅਪਾਰ, ਪੁਰਖ ਅਬਿਨਾਸ਼ੀ ਆਪ ਰਚਾਇਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਮਾਇਆ ਬੰਧਨ ਪਾਇਆ । ਪੰਜ ਤਤ ਤਤ ਵੇਖ ਅਖਾੜ, ਨਿਰਗੁਣ ਸਰਗੁਣ ਨਾਚ ਨਚਾਇਆ । ਲੇਖਾ ਜਾਣ ਬਹੱਤਰ ਨਾੜ, ਹਾਡੀ ਹਾਡੀ ਮੇਲ ਮਿਲਾਇਆ । ਗਾਡੀ ਬਣਿਆ ਏਕ ਓਅੰਕਾਰ, ਬਣ ਰਥਵਾਹੀ ਰਥ ਚਲਾਇਆ । ਸਾਥੀ ਹੋਇਆ ਅੰਦਰ ਬਾਹਰ, ਗੁਪਤ ਜ਼ਾਹਿਰ ਭੇਵ ਨਾ ਰਾਇਆ । ਸਾਕੀ ਬਣਿਆ ਆਪ ਕਰਤਾਰ, ਅੰਮ੍ਰਿਤ ਜਾਮ ਹੱਥ ਉਠਾਇਆ । ਤਾਕੀ ਖੋਲ੍ਹ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿਆ । ਸਾਚੀ ਹਾਟੀ ਕਰ ਤਿਆਰ, ਦਸਮ ਦਵਾਰੀ ਭੇਵ ਚੁਕਾਇਆ । ਨਿਰਮਲ ਬਾਤੀ ਕਰ ਉਜਿਆਰ, ਅੰਧ ਅੰਧੇਰਾ ਦਏ ਗੁਆਇਆ । ਸਾਚੀ ਘਾਟੀ ਦੇਵੇ ਚਾੜ੍ਹ, ਫੜ ਬਾਂਹੋਂ ਆਪ ਉਠਾਇਆ । ਤੇਰਾ ਨਾਉਂ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਇਆ । ਤੇਰੀ ਸੇਵਾ ਅਪਰ ਅਪਾਰ, ਅਨਹਦ ਰਾਗੀ ਰਾਗ ਅਲਾਇਆ । ਬ੍ਰਹਮ ਬ੍ਰਹਿਮਾਦੀ ਹੋ ਤਿਆਰ, ਬ੍ਰਹਿਮੰਡ ਤੇਰੀ ਵੰਡ ਵੰਡਾਇਆ । ਕਰਮ ਕਾਂਡ ਤੇ ਰੱਖੇ ਬਾਹਰ, ਪਰਕਿਰਤੀ ਰੰਗ ਨਾ ਕੋਇ ਚੜ੍ਹਾਇਆ । ਸੂਰਾ ਸਰਬੰਗ ਤੇਰਾ ਨਾਉਂ ਕਰੇ ਉਜਿਆਰ, ਉਜਰਤ ਕੀਮਤ ਨਾ ਕੋਇ ਲਗਾਇਆ । ਨੌਂ ਖੰਡ ਪ੍ਰਿਥਮੀ ਦੇਵੇ ਅਧਾਰ, ਸੱਤਾਂ ਦੀਪਾਂ ਆਪ ਸਮਝਾਇਆ । ਵਿਸ਼ਨ ਬ੍ਰਹਮਾ ਸ਼ਿਵ ਪਾਣੀਹਾਰ, ਕਰੋੜ ਤੇਤੀਸਾ ਸੀਸ ਝੁਕਾਇਆ । ਸੁਰਪਤ ਮੰਗੇ ਚਰਨ ਧੂੜੀ ਛਾਰ, ਨਿਉਂ ਨਿਉਂ ਮਸਤਕ ਟਿਕਾ ਲਾਇਆ । ਤੇਰਾ ਨਾਤਾ ਵਿਚ ਸੰਸਾਰ, ਪੁਰਖ ਬਿਧਾਤਾ ਦਏ ਜੁੜਾਇਆ । ਸਰਗੁਣ ਸਰਗੁਣ ਕਰੇ ਪਿਆਰ, ਨਿਰਗੁਣ ਨਿਰਗੁਣ ਵੇਖ ਵਖਾਇਆ । ਕਾਗਦ ਕਲਮ ਜਾਏ ਹਾਰ, ਤੇਰਾ ਅੰਤ ਕਿਸੇ ਨਾ ਪਾਇਆ । ਮਹੱਲ ਅਟੱਲ ਤੇਰਾ ਮੀਨਾਰ, ਪੁਰਖ ਅਬਿਨਾਸ਼ੀ ਆਪ ਵਸਾਇਆ । ਸੁਤ ਸ਼ਬਦ ਉਠ ਹੋ ਤਿਆਰ, ਨਿਰਗੁਣ ਸਾਚੀ ਸੇਵ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਧੰਦਾ ਆਪ ਜਣਾਇਆ । ਸਾਚੇ ਧੰਦੇ ਲਾਏ ਭਗਵਾਨ, ਧੂੰਆਂਧਾਰ ਨਾ ਕੋਇ ਰਖਾਈਆ । ਲੱਖ ਚੁਰਾਸੀ ਦੇਣਾ ਗਿਆਨ, ਗੁਰ ਇਕੋ ਇਕ ਜਣਾਈਆ । ਤੇਰਾ ਨਾਉਂ ਨਾਦ ਪਰਧਾਨ, ਦੋ ਜਹਾਨਾਂ ਦੇਣਾ ਸੁਣਾਈਆ । ਲੱਖ ਚੁਰਾਸੀ ਕਰ ਪਰਵਾਨ, ਧੁਰ ਪਰਵਾਨਾ

ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤਤ ਰਿਹਾ ਦ੍ਰਿੜਾਈਆ । ਸੁਣਿਆ ਸੰਦੇਸਾ ਧੁਰ ਦਰਬਾਰੀ, ਸ਼ਬਦ ਸ਼ਬਦੀ ਸੀਸ ਝੁਕਾਇੰਦਾ । ਤੇਰੀ ਮਹਿਮਾ ਅਪਰ ਅਪਾਰੀ, ਭੇਵ ਅਭੇਦ ਨਾ ਕੋਇ ਰਖਾਇੰਦਾ । ਤੇਰੇ ਹੁਕਮੇ ਕਰਾਂ ਕਾਰੀ, ਸਾਚੀ ਕਰਨੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮੇਲ ਮਿਲਾਇੰਦਾ । ਕਵਣ ਵੇਲਾ ਮੇਲੇ ਮੇਲ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਕਵਣ ਦਵਾਰੇ ਬਣੇ ਸੱਜਣ ਸੁਹੇਲ, ਲੋਕਮਾਤ ਫੇਰਾ ਪਾਈਆ । ਕਵਣ ਘਰ ਵਖਾਏ ਨਵੇਲ, ਨਜ਼ਰ ਕਿਸੇ ਨਾ ਆਈਆ । ਕਵਣ ਰੂਪ ਖੇਲੇ ਖੇਲ, ਭੇਵ ਅਭੇਦਾ ਭੇਵ ਜਣਾਈਆ । ਕਵਣ ਧਾਰ ਗੁਰੂ ਗੁਰ ਚੇਲ, ਗੁਰ ਚੇਲਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਇਛਿਆ ਪੂਰ ਕਰਾਈਆ । ਸਾਚੀ ਇਛਿਆ ਕਰਨੀ ਪੂਰ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਕਵਣ ਰੂਪ ਹਾਜ਼ਰ ਹਜ਼ੂਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਵਣ ਖੇਲ ਖੇਲੇ ਲੱਖ ਚੁਰਾਸੀ ਚਤੁਰ ਸੁਘੜ ਮੂਰਖ ਮੂੜ੍ਹ, ਗਿਆਨ ਧਿਆਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਸੁਤ ਦੁਲਾਰੇ ਮਾਰਗ ਦੱਸ, ਸਾਚਾ ਰਾਹ ਜਣਾਇੰਦਾ । ਨਿਤ ਨਵਿਤ ਆਵਾਂ ਨੱਠ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸਰਗੁਣ ਅੰਦਰ ਜਾਵਾਂ ਵਸ, ਗੁਰ ਗੁਰ ਨਾਉਂ ਰਖਾਇੰਦਾ । ਤੇਰਾ ਨਾਉਂ ਕਰ ਪਰਕਾਸ਼, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ । ਚਾਕਰ ਬਣ ਬਣ ਦਾਸੀ ਦਾਸ, ਲੱਖ ਚੁਰਾਸੀ ਸੇਵ ਕਮਾਇੰਦਾ । ਪੂਰੀ ਕਰਾਂ ਪੰਜ ਤਤ ਆਸ, ਆਤਮ ਪਰਮਾਤਮ ਜੋੜ ਜੁੜਾਇੰਦਾ । ਬਿਨ ਨੇਤਰ ਵੇਖਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਚਰਨਾਂ ਹੇਠ ਦਬਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਸਾਥ, ਈਸ਼ ਜੀਵ ਜੋੜ ਜੁੜਾਇੰਦਾ । ਗੋਪੀ ਕਾਹਨ ਪਾਵੇ ਰਾਸ, ਨਟੂਆ ਆਪਣਾ ਸਾਂਗ ਵਖਾਇੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਪਰਗਟਾਇੰਦਾ । ਸਰਬ ਗੁਣਾਂ ਗੁਣ ਆਪੇ ਤਾਸ, ਗੁਣਵੰਤਾ ਨਾਉਂ ਧਰਾਇੰਦਾ । ਨਾਉਂ ਜਣਾਏ ਬੋਧ ਅਗਾਧ, ਬੋਧ ਅਗਾਧਾ ਖੇਲ ਵਖਾਇੰਦਾ । ਨਿਸ਼ਅੱਖਰ ਆਪਣੀ ਦਾਦ ਬਿਨ ਹੱਥਾਂ ਆਪ ਵਰਤਾਇੰਦਾ । ਬਿਨ ਪੜ੍ਹਿਆਂ ਦੇਵੇ ਯਾਦ, ਯਾਦਦਾਸ਼ਤ ਆਪਣੇ ਹੱਥ ਰਖਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਲਗਾਏ ਆਵਾਜ਼, ਧੁਰ ਨਾਦੀ ਨਾਦ ਸੁਣਾਇੰਦਾ । ਬਿਨ ਖਾਦਿਆਂ ਪੀਤਿਆਂ ਦੇ ਸਵਾਦ, ਅੰਮ੍ਰਿਤ ਰਸ ਇਕ ਚਖਾਇੰਦਾ । ਲੱਖ ਚੁਰਾਸੀ ਡੂੰਘੀ ਕੰਦਰ ਵਿਚੋਂ ਲਏ ਲਾਦ, ਘਰ ਸਾਚੇ ਫੇਰਾ ਪਾਇੰਦਾ । ਭਗਤ ਭਗਵਾਨ ਬਣਾਏ ਸੱਚੇ ਸਾਕ, ਨਾਤਾ ਹੋਰ ਨਾ ਕੋਇ ਜੁੜਾਇੰਦਾ । ਸੰਤਾਂ ਦੇਵੇ ਆਪਣੀ ਦਾਤ, ਨਾਮ ਖ਼ਜ਼ਾਨਾ ਹੱਥ ਉਠਾਇੰਦਾ । ਗੁਰਮੁਖਾਂ ਪੁੱਛੇ ਆਪੇ ਵਾਤ, ਗੁਰ ਗੁਰ ਆਪਣੀ ਗੋਦ ਬਹਾਇੰਦਾ । ਗੁਰਸਿਖ ਰੱਖੇ ਆਪਣੀ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਆਤਮ ਸੇਜ ਸੁਹਾਏ ਖਾਟ, ਪਾਵਾ ਚੂਲ ਨਾ ਕੋਇ ਜਣਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਨੂਰ ਚੰਦ ਚਮਕਾਇੰਦਾ । ਆਦਿ ਜੁਗਾਦਿ ਸਾਚੀ ਗਾਥ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਜੁਗ ਚੌਕੜੀ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣ ਤ੍ਰਿਲੋਕੀ ਨਾਥ, ਕੋਟਨ ਕੋਟ ਤ੍ਰਿਲੋਕੀ ਨਾਥ ਹੁਕਮੇ ਵਿਚ ਫਿਰਾਇੰਦਾ । ਸ਼ਬਦ ਸਨੇਹੁੜਾ ਦੇ ਦੇ ਪਾਤ, ਗੁਰ ਅਵਤਾਰ ਸੇਵ ਕਮਾਇੰਦਾ । ਪੀਰ ਪੈਗ਼ੰਬਰਾਂ ਖੋਲ੍ਹ ਤਾਕ, ਝਾਕੀ ਆਪਣੀ ਇਕ ਕਰਾਇੰਦਾ । ਲੇਖੇ ਲਾਏ ਮਾਟੀ ਖ਼ਾਕ, ਪਾਕੀ ਪਾਕ ਰੰਗ ਚੜ੍ਹਾਇੰਦਾ ।



੭੦੯
੧੨

ਸ਼ਬਦ ਸੁਤ ਤੇਰਾ ਇਕੋ ਵਾਕ, ਦੋ ਜਹਾਨਾਂ ਆਪ ਅਲਾਇੰਦਾ । ਤ੍ਰੈਭਵਨ ਧਨੀ ਖੇਲਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਇੰਦਾ । ਚੌਦਾਂ ਲੋਕ ਤੇਰੀ ਜ਼ਾਤ, ਤੇਰੀ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਰਖਾਇੰਦਾ । ਸਾਚਾ ਮਾਰਗ ਇਕੋ ਇਕ, ਏਕ ਓਅੰਕਾਰਾ ਆਪ ਜਣਾਈਆ । ਆਦਿ ਪੁਰਖ ਬਿਨ ਕਲਮ ਸ਼ਾਹੀ ਦਿਤਾ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਸੁਤ ਤੇਰੀ ਝੋਲੀ ਪਾਈ ਭਿਖ, ਭੰਡਾਰ ਅਤੋਟ ਅਤੁਟ ਜਣਾਈਆ । ਸਾਚੀ ਸਿਖਿਆ ਲੈਣੀ ਸਿਖ, ਸਿਖਿਆ ਸਕੇ ਨਾ ਕੋਇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਹਰਿ ਨਿਰੰਕਾਰਾ, ਕਰਤਾ ਆਪਣੀ ਕਾਰ ਕਮਾਇੰਦਾ । ਲੱਖ ਚੁਰਾਸੀ ਭਰ ਭੰਡਾਰਾ, ਭਰਪੂਰੀ ਵੇਖ ਵਖਾਇੰਦਾ । ਜੁਗ ਚੌਕੜੀ ਕਰ ਪਸਾਰਾ, ਨਿਤ ਨਵਿਤ ਧਾਰ ਚਲਾਇੰਦਾ । ਹੁਕਮੇ ਅੰਦਰ ਖੇਲ ਨਿਆਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਆਪਣਾ ਨਾਉਂ ਵਡਿਆਇੰਦਾ । ਰਹਿਬਰ ਬਣੇ ਆਪ ਮਲਾਹ, ਬੇੜਾ ਹਰਿ ਜੂ ਆਪ ਚਲਾਈਆ । ਨਿਰਗੁਣ ਸਰਗੁਣ ਦਏ ਸਲਾਹ, ਗੁਰ ਅਵਤਾਰ ਕਰੇ ਪੜ੍ਹਾਈਆ । ਬੋਧ ਅਗਾਧਾ ਭੇਵ ਖੁਲ੍ਹਾ, ਭੇਵ ਅਭੇਦਾ ਦਏ ਜਣਾਈਆ । ਸ਼ਾਸਤਰ ਸਿਮਰਤ ਵੇਦ ਵਡਿਆ, ਪੁਰਾਨ ਪੁਰਾਨੀ ਢੋਲਾ ਗਾਈਆ । ਗੀਤਾ ਗਿਆਨ ਇਕ ਦ੍ਰਿੜ੍ਹਾ, ਦ੍ਰਿੜ੍ਹ ਵਿਸ਼ਵਾਸ ਦਏ ਸਮਝਾਈਆ । ਅੰਜੀਲ ਕੁਰਾਨਾ ਆਪ ਸੁਣਾ, ਤੀਸ ਬਤੀਸਾ ਮਾਣ ਰਖਾਈਆ । ਸਚ ਹਦੀਸਾ ਆਪ ਪੜ੍ਹਾ, ਨਬੀ ਰਸੂਲਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਤੇਰਾ ਰਾਹ ਚਲਾਈਆ । ਸ਼ਬਦੀ ਸੁਤ ਤੇਰੀ ਵੰਡ, ਸੋ ਪੁਰਖ ਨਿਰੰਜਣ ਆਪ ਵੰਡਾਇੰਦਾ । ਤੇਰਾ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਦ ਤੇਰਾ ਨਾਦ ਵਜਾਇੰਦਾ । ਤੇਰਾ ਲੇਖਾ ਜੇਰਜ ਅੰਡ, ਉਤਭੁਜ ਸੇਤਜ ਤੇਰਾ ਰੰਗ ਚੜ੍ਹਾਇੰਦਾ । ਤੇਰਾ ਨਾਉਂ ਗੀਤ ਸੁਹਾਗੀ ਛੰਦ, ਗੁਰ ਅਵਤਾਰ ਗੁਰ ਗੁਰ ਗਾਇੰਦਾ । ਤੇਰਾ ਪ੍ਰੇਮ ਸੱਚਾ ਅਨੰਦ, ਅਨੰਦ ਅਵਰ ਨਾ ਕਿਸੇ ਭਾਇੰਦਾ । ਤੇਰਾ ਕੋਇ ਨਾ ਮੇਟੇ ਪੰਧ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਮਿਲਿਆ ਵਰ ਧੁਰ ਦਰਬਾਰ, ਸ਼ਬਦੀ ਸੁਤ ਖ਼ੁਸ਼ੀ ਮਨਾਈਆ । ਪ੍ਰਭ ਮਿਲਿਆ ਸੱਚਾ ਯਾਰ, ਵਿਛੜ ਕਦੇ ਨਾ ਜਾਈਆ । ਲੱਖ ਚੁਰਾਸੀ ਦਏ ਭੰਡਾਰ, ਵਸਤ ਅਮੋਲਕ ਇਕ ਵਖਾਈਆ । ਬ੍ਰਹਮ ਪਾਰਬ੍ਰਹਮ ਕਰ ਤਿਆਰ, ਕਾਇਆ ਮਾਟੀ ਹੱਟ ਚਲਾਈਆ । ਡੂੰਘੀ ਭਵਰੀ ਖੇਲ ਨਿਆਰ, ਨਿਰਗੁਣ ਦਾਤਾ ਆਪ ਕਰਾਈਆ । ਨੌਂ ਦਰ ਖੋਲ੍ਹ ਆਪ ਕਿਵਾੜ, ਆਪਣੀ ਖਿੜਕੀ ਬੰਦ ਕਰਾਈਆ । ਡੂੰਘੀ ਰੱਖੇ ਏਕਾ ਗਾਰ, ਸੁਖਮਣ ਟੇਢੀ ਨਾਉਂ ਧਰਾਈਆ । ਈੜਾ ਪਿੰਗਲ ਪਹਿਰੇਦਾਰ, ਫੜ ਬਾਂਹੋਂ ਆਪ ਰਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਮਾਇਆ ਮਮਤਾ ਗ੍ਰਿਹਿ ਮੰਦਰ ਆਪ ਵਸਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰ, ਅਨਹਦ ਰਾਗੀ ਰਾਗ ਅਲਾਈਆ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਬੈਠਾ ਬੰਦ ਕਰਾਈਆ । ਜੋਤੀ ਨੂਰ ਨੂਰ ਉਜਿਆਰ, ਆਦਿ ਨਿਰੰਜਣ ਸੇਵ ਕਮਾਈਆ । ਬਜਰ ਕਪਾਟੀ ਖੋਲ੍ਹ ਕਿਵਾੜ, ਸਾਚਾ ਮੰਦਰ ਦਏ ਸੁਹਾਈਆ । ਆਤਮ ਸੇਜਾ ਇਕ ਨਿਆਰ, ਸੇਜ ਸੁਹੰਜਣੀ ਦਏ ਵਡਿਆਈਆ । ਸ਼ਬਦੀ ਮੀਤਾ ਠਾਂਡਾ ਸੀਤਾ ਗਾਏ ਆਪਣੀ ਵਾਰ, ਸੋਹਲਾ ਢੋਲਾ ਇਕ ਸੁਣਾਈਆ । ਸਾਚਾ ਮੇਲਾ ਧੁਰ ਦਰਬਾਰ, ਧੁਰ


੭੧੦
੧੨

ਦਰਬਾਰੀ ਆਪ ਕਰਾਈਆ । ਸਾਚੀ ਸਖ਼ੀਆਂ ਮੰਗਲਚਾਰ, ਮਿਲ ਮਿਲ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਕਰੇ ਪਿਆਰ, ਗਲਵਕੜੀ ਏਕਾ ਪਾਈਆ । ਸਾਚੀ ਸੇਜਾ ਸੋਇਣ ਪੈਰ ਪਾਸਾਰ, ਦੂਸਰ ਸਕੇ ਨਾ ਕੋਇ ਉਠਾਈਆ । ਨਾਤਾ ਬਣੇ ਕੰਤ ਭਤਾਰ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਸ਼ਬਦ ਸੁਤ ਤੇਰਾ ਮਹੱਲ ਮੁਨਾਰ, ਪੁਰਖ ਅਬਿਨਾਸ਼ੀ ਆਪ ਵਸਾਈਆ । ਆਪਣੀ ਕਿਰਪਾ ਆਪੇ ਧਾਰ, ਨਿਰਗੁਣ ਨਿਰਗੁਣ ਨਾਲ ਮਿਲਾਈਆ । ਨਾਉਂ ਰੱਖ ਗੁਰ ਅਵਤਾਰ, ਗੁਰ ਸਿਖਿਆ ਸਿਖ ਸਮਝਾਈਆ । ਖੇਲੇ ਖੇਲ ਚੌਕੜੀ ਜੁਗ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਸੇਵਾ ਲਾ ਤੇਈ ਅਵਤਾਰ, ਤ੍ਰੈ ਤ੍ਰੈ ਵੇਖੇ ਥਾਉਂ ਥਾਈਂਆ । ਭਗਤ ਭਗਵੰਤ ਦੇ ਆਧਾਰ, ਲੋਕਮਾਤ ਹੋਏ ਸਹਾਈਆ । ਈਸਾ ਮੂਸਾ ਮੁਹੰਮਦ ਹੱਕ, ਹਕ਼ੀਕਤ ਸੁਣਾਏ ਸਚ ਜੈਕਾਰ, ਮੁਕਾਮੇ ਹੱਕ ਇਕ ਖ਼ੁਦਾਈਆ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਪਰਵਰਦਿਗਾਰ, ਮੁਕਾਮੇ ਹੱਕ ਵਸੇ ਸ਼ਹਿਨਸ਼ਾਹੀਆ । ਸਤਿਗੁਰ ਰੂਪ ਨਿਰਾਕਾਰ, ਨਿਰੰਕਾਰ ਇਕ ਹੋ ਆਈਆ । ਪੰਜ ਤਤ ਦੇਵਣਹਾਰ ਅਧਾਰ, ਤਤਵ ਤਤ ਨਾਲ ਮਿਲਾਈਆ । ਸਰਗੁਣ ਨਾਨਕ ਕਰ ਪਿਆਰ, ਨਿਰਗੁਣ ਨਾਨਕ ਲਏ ਪੜ੍ਹਾਈਆ । ਇਕ ਬਹਾਏ ਸਚ ਦਵਾਰ, ਸਚਖੰਡ ਦੁਵਾਰਾ ਇਕ ਵਖਾਈਆ । ਰਸਨਾ ਬੋਲ ਜੈ ਜੈਕਾਰ, ਬਿਨ ਰਸਨਾ ਜਿਹਵਾ ਗਾਈਆ । ਸਾਚਾ ਵਣਜ ਵਣਜ ਵਾਪਾਰ, ਸਾਚਾ ਹੱਟ ਇਕ ਚਲਾਈਆ । ਸਤਿ ਸਤਿ ਕਰੇ ਪਿਆਰ, ਸਤਿ ਸਤਿਵਾਦੀ ਦਏ ਸਮਝਾਈਆ । ਸ੍ਰਿਸ਼ਟ ਸਬਾਈ ਏਕਾ ਧਾਰ, ਸ਼ਬਦੀ ਰੂਪ ਵਖਾਈਆ । ਸ਼ਬਦ ਗੁਰੂ ਸ਼ਬਦ ਅਵਤਾਰ, ਸ਼ਬਦ ਚੇਲਾ ਨਾਉਂ ਧਰਾਈਆ । ਸ਼ਬਦ ਮੰਦਰ ਸ਼ਬਦ ਦਵਾਰ, ਸ਼ਬਦ ਮਸੀਤ ਮੱਠ ਬੈਠਾ ਰੂਪ ਵਟਾਈਆ । ਸ਼ਬਦ ਕਾਇਆ ਵੜ ਕਰੇ ਪਿਆਰ, ਸ਼ਬਦ ਲੱਖ ਚੁਰਾਸੀ ਠੀਕਰ ਭੰਨ ਵਖਾਈਆ । ਸ਼ਬਦ ਅੰਮ੍ਰਿਤ ਠੰਡਾ ਠਾਰ, ਸ਼ਬਦ ਅੰਮਿਉਂ ਰਸ ਰਸ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਦੇਵੇ ਮਾਣ ਵਡਿਆਈਆ । ਸ਼ਬਦ ਰੰਗ ਸਦਾ ਰੰਗ ਰਾਤਾ, ਰੰਗ ਇਕੋ ਇਕ ਜਣਾਇੰਦਾ । ਸ਼ਬਦ ਗੁਰਦੇਵ ਸਦਾ ਪਿਤ ਮਾਤਾ, ਪਿਤਾ ਪੂਤ ਗੋਦ ਸੁਹਾਇੰਦਾ । ਸ਼ਬਦ ਗੁਰੂ ਜੁਗ ਜੁਗ ਨਾਤਾ, ਪੰਜ ਤਤ ਕਾਇਆ ਜੋੜ ਜੁੜਾਇੰਦਾ । ਸ਼ਬਦ ਗੁਰੂ ਗੁਰ ਡੂੰਘਾ ਖਾਤਾ, ਹੱਥ ਕਿਸੇ ਨਾ ਆਇੰਦਾ । ਸ਼ਬਦ ਗੁਰੂ ਗੁਰ ਗਾ ਗਾ ਗਾਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ, ਅੰਜੀਲ ਕੁਰਾਨ ਖਾਣੀ ਬਾਣੀ ਮਾਤ ਪੜ੍ਹਾਇੰਦਾ । ਸ਼ਬਦ ਗੁਰੂ ਗੁਰ ਸਾਚਾ ਸਾਥਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨਾਂ ਸੰਗ ਨਿਭਾਇੰਦਾ । ਨਾਨਕ ਨਿਰਗੁਣ ਪਾਰਬ੍ਰਹਮ ਪ੍ਰਭ ਵੇਖ ਤਮਾਸ਼ਾ, ਬਲ ਬਲ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਸ਼ਬਦ ਪਰਗਟਾਇੰਦਾ । ਨਾਮ ਸ਼ਬਦ ਸਾਚੀ ਦਾਤ, ਗੁਰ ਸਤਿਗੁਰ ਝੋਲੀ ਪਾਈਆ । ਜੁਗ ਚੌਕੜੀ ਮੇਟ ਅੰਧੇਰੀ ਰਾਤ, ਅੰਧ ਅੰਧੇਰ ਗੁਆਈਆ । ਏਥੇ ਓਥੇ ਦੋ ਜਹਾਨ ਦੇਵੇ ਸਾਥ, ਸਗਲਾ ਸੰਗ ਅਖਵਾਈਆ । ਲੱਖ ਚੁਰਾਸੀ ਤੋੜੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਏ ਵਡਿਆਈਆ । ਸ਼ਬਦ ਗੁਰੂ ਗੁਰ ਵਡ ਬਲਵਾਨਾ, ਗੁਰਦੇਵ ਇਸ਼ਟ ਅਖਵਾਇੰਦਾ । ਆਦਿ ਜੁਗਾਦੀ ਪਹਿਰੇ ਬਾਣਾ, ਜੁਗ ਜੁਗ ਵੇਸ ਵਟਾਇੰਦਾ । ਬੋਧ ਅਗਾਧ ਨਾਦ ਤਰਾਨਾ, ਤੁਰੀਆ ਰਾਗ ਸੁਣਾਇੰਦਾ । ਜਾਗਰਤ ਸੋਵਤ ਖੇਲ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਇੰਦਾ ।

ਸਾਚੀ ਧਾਰ ਏਕਓਅੰਕਾਰ, ਏਕਾ ਵਾਰ ਜਣਾਈਆ । ਜੁਗ ਚੌਕੜੀ ਬੀਤੇ ਚਾਰ, ਚਾਰ ਚਾਰ ਖੇਲ ਕਰਾਈਆ । ਪੰਚਮ ਪੰਚ ਪੰਚ ਸਿਕਦਾਰ, ਪੰਚਮ ਦੇਵੇ ਮਾਣ ਵਡਿਆਈਆ । ਉਚੋ ਊਚ ਅਗੰਮ ਅਪਾਰ, ਬੇਅੰਤ ਬੇਅੰਤ ਬੇਅੰਤ ਸੱਚਾ ਸ਼ਹਿਨਸ਼ਾਹੀਆ । ਨੀਚੋ ਨੀਚ ਨੀਚ ਵਿਚ ਸੰਸਾਰ, ਸਤਿਗੁਰ ਨਾਨਕ ਗਿਆ ਸਮਝਾਈਆ । ਪਾਰਬ੍ਰਹਮ ਦਾ ਇਕ ਦਰਬਾਰ, ਦੂਜਾ ਘਰ ਨਾ ਕੋਇ ਵਖਾਈਆ । ਜਿਸ ਘਰ ਵਿਚੋਂ ਪਰਗਟ ਹੋਵਣ ਗੁਰ ਅਵਤਾਰ, ਪੰਜ ਤਤ ਮਾਟੀ ਹਾਟੀ ਬਣ ਬਣ ਲੋਕਮਾਤ ਸੇਵ ਕਮਾਈਆ । ਸੋ ਸਾਹਿਬ ਸਭ ਦਾ ਸਾਂਝਾ ਯਾਰ, ਆਖਰ ਇਕੋ ਇਕ ਅਖਵਾਈਆ । ਸਚ ਤੌਫੀਕ ਮਦਦਗਾਰ, ਦਸਤਗੀਰ ਦਸਤ ਮਿਲਾਈਆ । ਵੇਖਣਹਾਰਾ ਸ਼ਾਹ ਹਕੀਰ ਵਿਚ ਸੰਸਾਰ, ਊਚ ਨੀਚ ਦਏ ਵਡਿਆਈਆ । ਵਰਨ ਬਰਨਾਂ ਵਸੇ ਬਾਹਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹੱਦ ਨਾ ਕੋਇ ਰਖਾਈਆ । ਆਦਿ ਜੁਗਾਦੀ ਜੁਗ ਜੁਗ ਕਾਰ, ਕਰਨੀ ਕਰਤਾ ਆਪ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਹਾਰ, ਗੁਰ ਅਵਤਾਰਾਂ ਕਰੇ ਪੜ੍ਹਾਈਆ । ਸਚ ਸੰਦੇਸਾ ਦੇਵੇ ਅੰਤਮ ਧਾਰ, ਹੁਕਮੀ ਹੁਕਮ ਹੁਕਮ ਸੁਣਾਈਆ । ਪੀਰ ਪੈਗ਼ੰਬਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦੇਵੇ ਮਾਣ ਵਡਿਆਈਆ । ਸੁਤ ਸ਼ਬਦ ਚੜ੍ਹਿਆ ਚਾ, ਹਰਿ ਸਤਿਗੁਰ ਦਇਆ ਕਮਾਈਆ । ਆਦਿ ਅੰਤ ਬਣੇ ਮੱਲਾਹ, ਮੇਰਾ ਬੇੜਾ ਲਏ ਬੰਨ੍ਹਾਈਆ । ਜੁਗ ਜੁਗ ਦੇਵੇ ਸਚ ਸਲਾਹ, ਗੁਰ ਅਵਤਾਰ ਨਾਲ ਰਲਾਈਆ । ਆਪਣਾ ਨਾਉਂ ਲਏ ਪਰਗਟਾ, ਪਰਗਟ ਆਪਣੀ ਕਲ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਪੜ੍ਹਾ, ਸਾਚੀ ਵਿਦਿਆ ਇਕ ਵਡਿਆਈਆ । ਨਿਸ਼ਅੱਖਰੋਂ ਅੱਖਰ ਲਏ ਬਣਾ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਬਿਨ ਬੂੰਦ ਰਕਤ ਕੁਦਰਤ ਕਾਦਰ ਲਏ ਵਸਾ, ਵਸ ਵਸ ਆਪਣੀ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਧੰਦੇ ਦਏ ਲੱਗਾ, ਨਾਰ ਕੰਤ ਜੋੜ ਜੁੜਾਈਆ । ਜਿਉਂ ਭਾਵੇ ਤਿਉਂ ਲਏ ਚਲਾ, ਹਰਿ ਕਾ ਭੇਵ ਕੋਇ ਨਾ ਸਮਝਾਈਆ । ਜੁਗ ਜੁਗ ਖੇਲੇ ਖੇਲ ਸਹਿਜ ਸੁਭਾ, ਚਾਲ ਨਿਰਾਲੀ ਇਕ ਰਖਾਈਆ । ਕਾਗਦ ਕਲਮ ਸ਼ਾਹੀ ਬਣੇ ਗਵਾਹ, ਗੁਰੂ ਗੁਰ ਗੁਰ ਦਏ ਸਮਝਾਈਆ । ਨਵ ਨੌਂ ਚਾਰ ਪੰਧ ਦਏ ਮੁਕਾ, ਥਿਰ ਕੋਇ ਰਹਿਣ ਨਾ ਪਾਈਆ । ਨਾਨਕ ਨਿਰਗੁਣ ਸਰਗੁਣ ਨਾਨਕ ਗਿਆ ਸਮਝਾ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਕਲਜੁਗ ਅੰਤਮ ਫੇਰਾ ਪਾਏ ਆ, ਮਹਾਬਲੀ ਆਪਣਾ ਬਲ ਧਰਾਈਆ । ਨਿਹਕਲੰਕ ਨਾਉਂ ਲਏ ਰਖਾ, ਡੰਕਾ ਏਕਾ ਸ਼ਬਦ ਵਜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਮਨ ਕਾ ਮਣਕਾ ਦਏ ਭੁਵਾ, ਮਨ ਵਾਸਨਾ ਆਪ ਮਿਟਾਈਆ । ਜਨ ਜਨ ਕਾ ਰੂਪ ਦਏ ਬਣਾ, ਹਰਿਜਨ ਸਾਚੀ ਸਿਖਿਆ ਇਕ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦਵਾਰੇ ਦਏ ਵਖਾ, ਦੂਈ ਦਵੈਤੀ ਪੜਦਾ ਲਾਹੀਆ । ਸੋਹੰ ਢੋਲਾ ਸਾਚਾ ਗਾ, ਕਾਇਆ ਚੋਲਾ ਦਏ ਬਦਲਾਈਆ । ਹੌਲੀ ਹੌਲੀ ਮੁਖੜਾ ਦਏ ਵਖਾ, ਲੁਕਿਆ ਰਿਹਾ ਜੋ ਸੱਚਾ ਮਾਹੀਆ । ਜਨ ਭਗਤਾਂ ਭੁੱਖ ਦਏ ਮਿਟਾ, ਤ੍ਰਿਸਨਾ ਨੇੜ ਨਾ ਲਾਗੇ ਰਾਈਆ । ਕਲਜੁਗ ਅੰਤਮ ਆਪਣਾ ਨਾਉਂ ਧਰਾ, ਨਿਹਕਲੰਕ ਆਪ ਅਖਵਾਈਆ । ਗੋਬਿੰਦ ਮੇਲਾ ਸਹਿਜ ਸੁਭਾ, ਗੁਰ ਚੇਲਾ ਵੇਸ ਵਟਾਈਆ । ਸੰਬਲ ਡੇਰਾ ਆਪਣਾ ਲਾ, ਸਾਢੇ ਤਿੰਨ ਹੱਥ ਬੰਕ ਸੁਹਾਈਆ । ਕਲ ਕਲਕੀ ਫੇਰਾ ਪਾ, ਜਗਤ ਜਗਦੀਸ ਹੋਏ ਸਹਾਈਆ । ਸਾਚੀ ਸ਼ਰਅ ਦਏ ਸਮਝਾ, ਸ਼ਰੀਅਤ ਵਿਚ ਕਦੇ ਨਾ ਆਈਆ । ਅਸਲੀਯਤ ਸਭ ਦੇ ਅੱਗੇ ਦਏ ਵਖਾ, ਕੂੜੀ ਕਿਰਿਆ ਮੇਟੇ ਸਾਰੀ ਛਾਹੀਆ । ਦੀਨ ਮਜ਼੍ਹਬ ਜ਼ਾਤ ਪਾਤ ਝੂਠਾ ਨਾਤਾ

ਦਏ ਤੁੜਾ, ਸਚ ਸੁੱਚ ਕਰੇ ਪੜ੍ਹਾਈਆ । ਇਕੋ ਨੂਰ ਜਲਵਾ ਖ਼ੁਦਾ, ਰਾਮ ਰਹੀਮ ਇਕ ਅਖਵਾਈਆ । ਏਕਾ ਕ੍ਰਿਸ਼ਨਾ ਰੂਪ ਲਿਆ ਵਟਾ, ਮੁਕੰਦ ਮਨੋਹਰ ਲੱਖਮੀ ਨਰਾਇਣ ਇਕ ਜਣਾਈਆ । ਏਕਾ ਕੋਹਤੂਰ ਜਲਵਾ ਰਿਹਾ ਵਖਾ, ਮੂਸੇ ਮੁਹੱਬਤ ਇਕ ਵਖਾਈਆ । ਏਕਾ ਈਸਾ ਨੂਰੀ ਨੂਰ ਕੀਤਾ ਜੁਦਾ, ਖ਼ੁਦਾ ਏਕਾ ਰੰਗ ਰੰਗਾਈਆ । ਏਕਾ ਮੁਹੰਮਦ ਡੰਕਾ ਦਿਤਾ ਵੱਜਾ, ਡੌਰੂ ਏਕਾ ਹੱਥ ਫੜਾਈਆ । ਚੌਦਾਂ ਤਬਕਾ ਫੇਰਾ ਪਾ, ਸ਼ਬਦ ਇਕੋ ਇਕ ਸਿਖਾਈਆ । ਅਲਫ਼ ਯੇ ਕਰੇ ਨਕਾਹ, ਨੁਕਤਾ ਨੂਨ ਨਾ ਕੋਇ ਸਮਝਾਈਆ । ਸਿਫ਼ਤੀ ਸਿਫ਼ਤ ਸਿਫ਼ਤ ਖ਼ੁਦਾ, ਬੇਨਜ਼ੀਰ ਬੇਪਰਵਾਹੀਆ । ਕਲਜੁਗ ਅੰਤਮ ਆਪਣਾ ਸੌਦਾ ਮੁਫ਼ਤੋ ਮੁਫ਼ਤ ਦਏ ਵਰਤਾ, ਕੀਮਤ ਕਰਤਾ ਨਾ ਕੋਇ ਲਗਾਈਆ । ਜਿਸ ਨੂੰ ਸ੍ਰਿਸ਼ਟ ਕਹਿੰਦੀ ਰਹੀ ਜੁਦਾ, ਸੋ ਪਰਗਟ ਨਜ਼ਰੀ ਆਈਆ । ਜਿਸ ਉਤੋਂ ਪੀਰ ਪੈਗ਼ੰਬਰ ਹੁੰਦਾ ਰਿਹਾ ਫਿਦਾ, ਸੋ ਫਿਤਰਤ ਆਪਣੀ ਆਪ ਵਖਾਈਆ । ਜਿਸ ਪਿਛੇ ਜ਼ਿਕਰੀਏ ਜ਼ਿਕਰ ਲਿਆ ਚਲਾ, ਸੋ ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਏਕਾ ਨਾਮ ਦਏ ਵਡਿਆ, ਵਡ ਵਡਾ ਆਪ ਪਰਗਟਾਈਆ । ਛੋਟਾ ਨਿੱਕਾ ਆਪਣੇ ਰਾਹੇ ਦਏ ਪਾ, ਰਹਿਬਰ ਬਣੇ ਬੇਪਰਵਾਹੀਆ । ਸਬਰ ਪਿਆਲਾ ਦਏ ਪਿਆ, ਬੇਸਬਰ ਦਏ ਰੁੜ੍ਹਾਈਆ । ਮਨ ਜ਼ੋਰ ਜਬਰ ਜਾਬਰ ਦਏ ਗੁਵਾ, ਨਿਵਣ ਸੋ ਅੱਖਰ ਇਕ ਸਮਝਾਈਆ । ਸਾਚੀ ਪੱਟੀ ਦਏ ਪੜ੍ਹਾ, ਆਤਮ ਪਰਮਾਤਮ ਕਰ ਕੁੜਮਾਈਆ । ਹਰਿ ਕਾ ਰੂਪ ਨਿਜ ਨੇਤਰ ਸਚ ਅੱਖੀਂ ਦਏ ਵਖਾ, ਘਰ ਵਿਚ ਘਰ ਮਿਲੇ ਬੇਪਰਵਾਹੀਆ । ਗੁਰਸਿਖ ਕਾਇਆ ਕੁੱਲੀ ਕੱਖ ਭਾਗ ਦਏ ਲਗਾ, ਸਾਢੇ ਤਿੰਨ ਹੱਥ ਮਹੱਲ ਅਟੱਲ ਕਰ ਰੁਸ਼ਨਾਈਆ । ਗੁਰ ਗੋਬਿੰਦ ਮੇਲਾ ਸਹਿਜ ਸੁਭਾ, ਸੁਰਤ ਸ਼ਬਦ ਕਰੇ ਕੁੜਮਾਈਆ । ਕਲਜੁਗ ਅੰਤਮ ਫੇਰਾ ਪਾ, ਲੱਖ ਚੁਰਾਸੀ ਵਰੋਲੇ ਥਾਉਂ ਥਾਈਂਆ । ਪਰਦਾ ਉਹਲਾ ਦਏ ਉਠਾ, ਦੂਈ ਧਾਰ ਰਹਿਣ ਨਾ ਪਾਈਆ । ਸਾਚਾ ਮਾਰਗ ਦਏ ਲਗਾ, ਚਾਰ ਵਰਨ ਇਕ ਕੁੜਮਾਈਆ । ਸਾਚਾ ਮੰਤਰ ਦਏ ਦ੍ਰਿੜ੍ਹਾ, ਅੰਤਰ ਆਤਮ ਕਰ ਰੁਸ਼ਨਾਈਆ । ਅਗਨੀ ਬਸੰਤਰ ਦਏ ਬੁਝਾ, ਤਤੀ ਵਾ ਨਾ ਲਾਗੇ ਰਾਈਆ । ਸਾਚੇ ਗਗਨ ਦੀਪਕ ਜੋਤ ਦਏ ਜਗਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਰਬ ਜੀਆਂ ਦਾ ਇਕੋ ਪਿਤਾ ਇਕੋ ਮਾਂ, ਪੁਰਖ ਅਕਾਲ ਅਖਵਾਈਆ । ਦੂਸਰ ਹੋਏ ਨਾ ਕੋਇ ਸਹਾ, ਵੇਲੇ ਅੰਤ ਨਾ ਕੋਇ ਛੁਡਾਈਆ । ਰਾਏ ਧਰਮ ਦਏ ਸਜਾ, ਫੜ ਫਾਸੀ ਗਲ ਵਿਚ ਪਾਈਆ । ਲਾੜੀ ਮੌਤ ਕਰੇ ਨਕਾਹ, ਰੰਡੀ ਕੂਕੇ ਦਏ ਦੁਹਾਈਆ । ਚਿਤਰ ਗੁਪਤ ਲੇਖਾ ਦਏ ਵਖਾ, ਲੇਖਾ ਲੇਖ ਨਾ ਕੋਇ ਮਿਟਾਈਆ । ਨੌਂ ਖੰਡ ਪ੍ਰਿਥਮੀ ਨੇਤਰ ਰੋਵੇ ਮਾਰੇ ਧਾਹ, ਧੀਰਜ ਧੀਰ ਨਾ ਕੋਇ ਰਖਾਈਆ । ਬਿਨ ਹਰਿ ਨਾਮੇ ਕੋਈ ਨਾ ਸਕੇ ਪਾਰ ਲੰਘਾ, ਮੰਝਧਾਰ ਡੁੱਬੇ ਸਰਬ ਲੋਕਾਈਆ । ਸਾਚੀ ਸਰਨ ਨਾ ਦੇਵੇ ਕੋਈ ਪਨਾਹ, ਗੁਨਾਹ ਸਕੇ ਨਾ ਕੋਇ ਬਖ਼ਸ਼ਾਈਆ । ਮਨਮੁਖ ਜੀਵ ਗੁਰ ਕਾ ਭੁੱਲੇ ਰਾਹ, ਮਨਮਤ ਕਰੇ ਲੜਾਈਆ । ਨਾਨਕ ਗੋਬਿੰਦ ਕਿਸੇ ਨਾ ਮਿਲਿਆ ਆ, ਸੁੰਞੀ ਸੇਜ ਬਿਨ ਹਰਿ ਕੰਤ ਨਾ ਕੋਇ ਸੁਹਾਈਆ । ਜੂਠੇ ਝੂਠੇ ਢੋਲੇ ਰਹੇ ਗਾ, ਸੋਹਲਾ ਸਚ ਨਾ ਕੋਇ ਦ੍ਰਿੜ੍ਹਾਈਆ । ਵਿਭਚਾਰ ਰਹੇ ਕਮਾ, ਗੁਰੂਦਵਾਰਾ ਵੇਸਵਾ ਘਰ ਬਣਾਈਆ । ਪੁਰਖ ਅਬਿਨਾਸ਼ੀ ਦੇਵਣਹਾਰ ਸਜ਼ਾ, ਸਚਖੰਡ ਬੈਠਾ ਵੇਖੇ ਥਾਉਂ ਥਾਈਂਆ । ਮੱਕੇ ਕਾਅਬੇ ਨਾ ਕੋਇ ਰਜ਼ਾ, ਹੱਕ ਹੱਕ ਨਾ ਕੋਇ ਜਣਾਈਆ । ਬਿਨ ਨਕਾਹੋਂ ਹੋਏ ਨਕਾਹ, ਧੀਆਂ ਭੈਣਾਂ ਰਹੇ ਤਕਾਈਆ । ਅੱਲਾ ਰਾਣੀ ਨੈਣ ਰਹੀ ਸ਼ਰਮਾ, ਕੁਵਾਰੀ ਕੰਨਿਆ ਅੱਖ ਨਾ ਸਕੇ ਉਠਾਈਆ । ਮਿਲਿਆ ਮੀਆਂ ਨਾ ਬੇਪਰਵਾਹ, ਮੇਰੀ ਰੰਗਲੀ ਮੈਂਹਦੀ ਕੰਮ ਕਿਸੇ ਨਾ ਆਈਆ । ਸਦੀ ਚੌਧਵੀਂ ਰਹੀ ਵਿਤਾ, ਚੌਦਸ ਚੰਦ

ਨਾ ਕੋਇ ਰੁਸ਼ਨਾਈਆ । ਚਾਰ ਯਾਰ ਨਾ ਬਣਨ ਗਵਾਹ, ਵੇਲੇ ਅੰਤ ਨਾ ਕੋਇ ਸਹਾਈਆ । ਮੁਹੰਮਦ ਬੈਠਾ ਮੁਖ ਭੁਵਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਮਹਾ, ਮਹਿਮਾ ਅਕਥ ਕਥੀ ਨਾ ਜਾਈਆ । ਤੇਰੀ ਕੋਈ ਨਾ ਪਕੜੇ ਬਾਂਹ, ਤੇਰਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰਹਿਮਤ ਆਪਣੇ ਹੱਥ ਰਖਾਈਆ । ਅੱਲਾ ਰਾਣੀ ਰਹੀ ਕੂਕ, ਕੂਕ ਕੂਕ ਸੁਣਾਇਆ । ਮੇਰੀ ਅੰਤ ਨਾ ਚੁੱਕੀ ਚੂਕ, ਮੇਰਾ ਪੰਧ ਨਾ ਕਿਸੇ ਮੁਕਾਇਆ । ਬਿਨ ਤੁਧ ਸਤਿ ਨਾ ਲਾਏ ਕੋਈ ਫੂਕ, ਫ਼ਿਕਰਾ ਨਾਮ ਨਾ ਕੋਇ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਪਰਵਰਦਿਗਾਰ ਸਾਚਾ ਮੀਆ, ਮਿਹਰਵਾਨ ਦਇਆ ਕਮਾਈਆ । ਅੱਲਾ ਰਾਣੀ ਤੇਰਾ ਤੁਟਾ ਹੀਆ, ਧੀਰਜ ਧੀਰ ਨਾ ਕੋਇ ਧਰਾਈਆ । ਤੇਰੀ ਜੜ੍ਹ ਉਖਾੜੀ ਗੋਬਿੰਦ ਨੀਹਾ, ਨਾ ਸਕੇ ਕੋਇ ਲਗਾਈਆ । ਉਮਤ ਦੱਸਦੇ ਵੰਡ ਮਿਲੇ ਸਾਢੇ ਤਿੰਨ ਹੱਥ ਸੀਆ, ਪੁਰਖ ਅਬਿਨਾਸ਼ੀ ਹਿੱਸਾ ਪਾਈਆ । ਕੂੜੀ ਕਿਰਿਆ ਮੇਟੇ ਵਿਚੋਂ ਜੀਆ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਤੇਰਾ ਖੇਲ ਆਪ ਕਰਾਈਆ । ਸ਼ਬਦੀ ਖੇਲ ਅਪਰ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਨਿਰਗੁਣ ਹੋ ਉਜਿਆਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਵੇਖਣਹਾਰਾ ਮੰਦਰ ਮੱਠ ਸ਼ਿਵਦਵਾਲ ਗੁਰੂਦਵਾਰਾ, ਮਸੀਤ ਆਪਣਾ ਫੇਰਾ ਪਾਇੰਦਾ । ਅਠਸਠ ਜਾਣੇ ਤਟ ਕਿਨਾਰਾ, ਗੰਗਾ ਜਮਨਾ ਸੁਰਸਤੀ ਗੋਦਾਵਰੀ ਪਰਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਬਦ ਸੁਤ ਦੇਵੇ ਵਰ, ਆਦਿ ਅੰਤ ਜੁਗਾ ਜੁਗੰਤ, ਤੇਰਾ ਨਾਮ ਆਪ ਵਡਿਆਇੰਦਾ । ਤੇਰਾ ਨਾਉਂ ਸ਼ਬਦ ਅਕੱਥ, ਮਹਿਮਾ ਅਕੱਥ ਕਥੀ ਨਾ ਜਾਈਆ । ਕਲਜੁਗ ਅੰਤਮ ਤੇਰੀ ਵਥ, ਸਤਿਗੁਰ ਪੂਰਾ ਆਪ ਵਰਤਾਈਆ । ਜਨ ਭਗਤਾਂ ਅੰਦਰ ਦੇਵੇ ਰੱਖ, ਕਰ ਕਿਰਪਾ ਆਪ ਟਿਕਾਈਆ । ਕਰ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰਾ ਦਏ ਗੁਆਈਆ । ਹਿਰਦੇ ਅੰਦਰ ਆਪੇ ਵਸ, ਹਰਿ ਆਪਣੀ ਬੂਝ ਬੁਝਾਈਆ । ਅੰਮ੍ਰਿਤ ਦੇਵੇ ਸਾਚਾ ਰਸ, ਕਵਲ ਨਾਭ ਉਲਟਾਈਆ । ਪੰਚ ਵਿਕਾਰਾ ਸੱਬਰ ਲਾਹੇ ਸੱਥ, ਸਕੇ ਨਾ ਸਿਰ ਉਠਾਈਆ । ਸਾਚਾ ਮੰਤਰ ਇਕੋ ਦੱਸ, ਸੋਹੰ ਕਰੇ ਪੜ੍ਹਾਈਆ । ਆਦਿ ਜੁਗਾਦਿ ਪੁਰਖ ਸਮਰਥ, ਸ਼ਹਿਨਸ਼ਾਹ ਇਕ ਹੋ ਜਾਈਆ । ਨਿਰਗੁਣ ਦਰਸ਼ਨ ਸਗਲ ਵਿਸੂਰੇ ਜਾਇਣ ਲੱਥ, ਸਰਗੁਣ ਸ਼ਾਤ ਸਤਿ ਕਰਾਈਆ । ਲਹਿਣਾ ਚੁੱਕੇ ਤਤ ਅੱਠ, ਨੌਂ ਦਰ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ ਦਏ ਖਪਾਈਆ । ਕੂੜੀ ਕਿਰਿਆ ਦੇਵੇ ਕੱਟ, ਏਕਾ ਖੰਡਾ ਨਾਮ ਚਮਕਾਈਆ । ਸਚ ਸੁੱਚ ਚਲਾਏ ਸਾਚਾ ਹੱਟ, ਬਣ ਵਣਜਾਰਾ ਸੇਵ ਕਮਾਈਆ । ਸ੍ਰਿਸ਼ਟ ਸਬਾਈ ਇਕੋ ਮੱਤ, ਗੁਰ ਗਿਆਨ ਇਕ ਦ੍ਰਿੜਾਈਆ । ਸ੍ਰਿਸ਼ਟ ਸਬਾਈ ਇਕੋ ਰਸ, ਅੰਮ੍ਰਿਤ ਆਤਮ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਸਮਝਾਈਆ । ਸ਼ਬਦ ਗੁਰੂ ਗੁਰ ਆਦਿ ਅੰਤ, ਮਧ ਆਪਣਾ ਖੇਲ ਕਰਾਇੰਦਾ । ਜੁਗ ਜੁਗ ਬਣਾਵਣਹਾਰਾ ਬਣਤ, ਘੜਨ ਭੰਨਣ ਭੰਨਣ ਘੜਨ ਆਪਣੇ ਹੱਥ ਰਖਾਇੰਦਾ । ਕਲਜੁਗ ਕਰੇ ਹਰਿ ਜੂ ਅੰਤ, ਅੰਤ ਲੇਖਾ ਆਪ ਮੁਕਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਹਉਮੇ ਗੜ੍ਹ

ਤੋੜੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਆਤਮ ਪਰਮਾਤਮ ਏਕ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਮਿਲੇ ਵਡਿਆਈ ਵਿਚ ਜੀਵ ਜੰਤ, ਜੋ ਜਨ ਹਰਿ ਚਰਨੀ ਚਿਤ ਲਾਇੰਦਾ । ਸੁਰਤੀ ਸ਼ਬਦੀ ਮੇਲਾ ਸਾਚੇ ਕੰਤ, ਹਰਿ ਸਤਿਗੁਰ ਆਪ ਵਖਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਸਚ ਸੁੱਚ ਬਣਾਏ ਆਪ ਬਣਤ, ਸਾਚੀ ਸਿਖਿਆ ਸਾਖਿਆਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਕਰੇ ਆਦਿ ਅੰਤ, ਜੁਗਾ ਜੁਗੰਤ ਜੁਗ ਜੁਗ ਵੇਸ ਅਨੇਕ ਰੂਪ ਵਟਾਇੰਦਾ ।

### ✳ ੧੭ ਭਾਦਰੋਂ ੨੦੧੯ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹਿ ਪਿੰਡ ਸਾਦਿਕ ਜ਼ਿਲਾ ਫਿਰੋਜ਼ਪੁਰ ✳

ਸਚਖੰਡ ਨਿਵਾਸੀ ਸਚ ਦਰਬਾਰਾ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸਾਚੇ ਤਖ਼ਤ ਸੋਭਾ ਪਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣਾ, ਨਾਦ ਅਨਾਦੀ ਆਪ ਅਲਾਇੰਦਾ । ਹੁਕਮੀ ਹੁਕਮ ਹੁਕਮ ਹਰਿ ਵਰਤਾਰਾ, ਧੁਰ ਸੰਦੇਸਾ ਆਪ ਸੁਣਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਕਰਤਾ ਆਪ ਕਰਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਮਾਰ ਧਿਆਨ, ਨਿਰਗੁਣ ਦਾਤਾ ਬੇਪਰਵਾਹੀਆ । ਦੇਵਣਹਾਰਾ ਸਾਚਾ ਦਾਨ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਪੰਚਮ ਪੰਚ ਕਰ ਪਰਧਾਨ, ਲੇਖਾ ਜਾਣੇ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਖੇਲ ਮਹਾਨ, ਲੱਖ ਚੁਰਾਸੀ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਹਰਿ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ਼ਬਦੀ ਸੁਤ ਸੁਤ ਪਿਆਰਾ, ਪੁਰਖ ਅਬਿਨਾਸ਼ੀ ਆਪ ਉਪਾਇੰਦਾ । ਦੇਵਣਹਾਰਾ ਵਸਤ ਥਾਰਾ, ਥਿਰ ਘਰ ਸਾਚੇ ਆਪ ਵਰਤਾਇੰਦਾ । ਏਕਾ ਨਾਮ ਇਕ ਵਣਜਾਰਾ, ਹਰਿ ਜੂ ਆਪਣਾ ਹੱਟ ਖੁਲ੍ਹਾਇੰਦਾ । ਏਕਾ ਵੇਖੇ ਵਿਗਸੇ ਵੇਖਣਹਾਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਜੁਗ ਕਰਤਾ ਆਪ ਕਰਾਇੰਦਾ । ਸਚ ਸੰਦੇਸਾ ਏਕਾ ਵਾਰਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਬੋਧ ਅਗਾਧੀ ਬੋਲ ਜੈਕਾਰਾ, ਪਾਰਬ੍ਰਹਮ ਬ੍ਰਹਮਵੇਤਾ ਇਕ ਪੜ੍ਹਾਇੰਦਾ । ਚਾਰੇ ਵੇਦਾਂ ਦਏ ਅਧਾਰਾ, ਆਦਰਸ਼ ਆਪਣਾ ਇਕ ਜਣਾਇੰਦਾ । ਵੰਡਣ ਵੰਡ ਵੰਡੇ ਸੰਸਾਰਾ, ਵਿਸ਼ਨੂੰ ਆਪਣੀ ਕੁਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪੁਰਖ ਸਮਰਥ, ਆਦਿ ਜੁਗਾਦੀ ਇਕ ਕਰਾਈਆ । ਨਿਰਗੁਣ ਸਰਗੁਣ ਦੇ ਦੇ ਵੱਥ, ਘਰ ਮੇਲਾ ਸਹਿਜ ਸੁਭਾਈਆ । ਸਰਗੁਣ ਨਿਰਗੁਣ ਮਹਿਮਾ ਅਕੱਥ, ਬਿਨ ਅੱਖਰ ਕਰੇ ਪੜ੍ਹਾਈਆ । ਅੰਦਰ ਵੜ ਚਲਾਏ ਰਥ, ਰਥ ਰਥਵਾਹੀ ਸ਼ਹਿਨਸ਼ਾਹੀਆ । ਸਾਚਾ ਮਾਰਗ ਏਕਾ ਦੱਸ, ਏਕ ਓਅੰਕਾਰਾ ਨਾਉਂ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਵਿਹਾਰ, ਕੁਦਰਤ ਕਾਦਰ ਖੇਲ

ਖਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਵੇਖ ਵਖਾਇੰਦਾ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਚਮ ਤਤ ਤਤ ਅਖਾੜ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਮਨ ਮਤ ਬੁਧ ਦੇ ਆਧਾਰ, ਆਸਾ ਤ੍ਰਿਸਨਾ ਨਾਲ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਰ ਸ਼ਿੰਗਾਰ, ਹਉਮੇ ਹੰਗਤਾ ਗੜ੍ਹ ਬਣਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣੀ ਧਾਰ ਚਲਾਇੰਦਾ । ਘਰ ਵਿਚ ਘਰ ਕਰ ਤਿਆਰ, ਡੂੰਘੀ ਭਵਰੀ ਆਸਣ ਲਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰ, ਨਿਝਰ ਝਿਰਨਾ ਆਪ ਰਖਾਇੰਦਾ । ਨਿਰਗੁਣ ਜੋਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਸ਼ਬਦ ਅਗੰਮੀ ਅਨਹਦ ਧਾਰ, ਧੁੰਨ ਅਨਾਦੀ ਨਾਦ ਵਜਾਇੰਦਾ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰ, ਪਾਰਬ੍ਰਹਮ ਪ੍ਰਭ ਖੇਲ ਖਲਾਇੰਦਾ । ਸਾਚਾ ਮਾਰਗ ਵਿਚ ਸੰਸਾਰ, ਅੰਡਜ ਜੇਰਜ ਉਤਭੁਜ ਸੇਤਜ ਆਪ ਲਗਾਇੰਦਾ । ਚਾਰੇ ਖਾਣੀ ਕਰ ਪਿਆਰ, ਚਾਰੇ ਬਾਣੀ ਆਪ ਪੜ੍ਹਾਇੰਦਾ । ਪਰਾ ਪਸੰਤੀ ਮਧਮ ਬੈਖਰੀ ਨਿਰਗੁਣ ਗਾਏ ਸਰਗੁਣ ਵਾਰ, ਸਾਚਾ ਸੋਹਲਾ ਆਪ ਸੁਣਾਇੰਦਾ । ਆਤਮ ਪਰਮਾਤਮ ਦੇ ਆਧਾਰ, ਈਸ਼ ਜੀਵ ਗੰਢ ਪੁਵਾਇੰਦਾ । ਸੁਰਤੀ ਸ਼ਬਦ ਕਰ ਜੈਕਾਰ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਬ੍ਰਹਮ ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਹਰਿ ਨਿਰੰਕਾਰਾ, ਲੱਖ ਚੁਰਾਸੀ ਬਣਤ ਬਣਾਈਆ । ਨਿਰਗੁਣ ਸਰਗੁਣ ਦੇ ਆਧਾਰਾ, ਅਧਰ ਉਦਰ ਹੋਏ ਸਹਾਈਆ । ਮਾਣਸ ਮਾਨੁਖ ਕਰ ਪਿਆਰਾ, ਮਾਨਵ ਦੇਵੇ ਵਡ ਵਡਿਆਈਆ । ਸ਼ਬਦ ਅਗੰਮੀ ਸਚ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਸੁਣਾਈਆ । ਕਾਗ਼ਜ਼

੭੧੬ ਸ਼ਾਹੀ ਕਲਮ ਲਿਖਾਰਾ, ਲਿਖ ਲਿਖ ਲੇਖਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਸਲਾਹੀਆ । ੭੧੬

੧੨ ਹਰਿ ਕਾ ਸ਼ਬਦ ਹਰਿ ਕਾ ਨਾਉਂ, ਹਰਿ ਹਰਿ ਆਪਣੇ ਰੰਗ ਰੰਗਾਇੰਦਾ । ਹਰਿ ਜੂ ਵਸੇ ਹਰ ਘਟ ਥਾਉਂ, ਘਟ ਘਟ ਆਪਣਾ ਆਸਣ ਲਾਇੰਦਾ । ੧੨

ਕਰੇ ਕਰਾਏ ਸਾਚਾ ਨਿਆਉਂ, ਨਿਆਂਕਾਰੀ ਆਪ ਹੋ ਜਾਇੰਦਾ । ਲੱਖ ਚੁਰਾਸੀ ਪਿਤਾ ਮਾਉਂ, ਪੂਤ ਸਪੂਤੇ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਨਿਰਗੁਣ ਸਰਗੁਣ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਸੇਵਾ ਕਰੇ ਅਗੰਮ ਅਪਾਰ, ਬਣ ਸੇਵਕ ਸੇਵ ਕਮਾਈਆ । ਪਰਗਟ ਹੋ ਵਿਚ ਸੰਸਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਉਂ ਧਰ ਗੁਰੂ ਅਵਤਾਰ, ਗੁਰ ਗੁਰ ਸ਼ਬਦੀ ਨਾਦ ਸੁਣਾਈਆ । ਲੱਖ ਚੁਰਾਸੀ ਕਰੇ ਬੇਦਾਰ, ਆਲਸ ਨਿੰਦਰਾ ਦਏ ਮਿਟਾਈਆ । ਸਚ ਸੰਦੇਸਾ ਦੇਵੇ ਆਣ, ਪੁਰਖ ਅਕਾਲ ਅਕਾਲ ਪੜ੍ਹਾਈਆ । ਰਾਮ ਰਮੱਯਾ ਸਦਾ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਜੁਗ ਚੌਕੜੀ ਖੇਲੇ ਖੇਲ ਕਮਾਲ, ਖੇਲਣਹਾਰ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦਵਾਪਰ ਲੋਕਮਾਤ ਬਣਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਜਣਾਈਆ । ਸਾਚੀ ਸੇਵਾ ਗੁਰ ਅਵਤਾਰ, ਹਰਿ ਕਰਤਾ ਆਪ ਜਣਾਇੰਦਾ । ਬ੍ਰਹਮਾ ਸੁਤ ਕਰ ਪਿਆਰ, ਸੰਤ ਕੁਮਾਰ ਆਪ ਸੁਹਾਇੰਦਾ । ਬਰਾਹ ਦੇਵੇ ਇਕ ਆਧਾਰ, ਯਗੈ ਪੁਰਸ਼ ਵੇਖ ਵਖਾਇੰਦਾ । ਹਾਵ ਗ਼ਰੀਵ ਕਰ ਪਸਾਰ, ਮੋਹਣੀ ਆਪਣਾ ਰੰਗ ਰੰਗਾਇੰਦਾ । ਨਰ ਨਰਾਇਣ ਖੇਲ ਨਿਆਰ, ਕਪਲ ਮੁਨ ਵਡ ਵਡਿਆਇੰਦਾ । ਦੱਤਾ ਤ੍ਰੈ ਦੇ ਆਧਾਰ, ਰਿਖਭ

ਆਪਣਾ ਭੇਵ ਚੁਕਾਇੰਦਾ । ਪਿਰਭੂ ਖੋਲ੍ਹਣਹਾਰ ਕਿਵਾੜ, ਮਤਸ ਆਪਣਾ ਨਾਮ ਦ੍ਰਿੜਾਇੰਦਾ । ਕਛਪ ਦੇਵੇ ਇਕ ਆਧਾਰ, ਧਨੰਤਰ ਏਕਾ ਰਾਹ ਜਣਾਇੰਦਾ । ਮੋਹਣੀ ਰੂਪ ਆਪ ਨਿਰੰਕਾਰ, ਨਿਰਗੁਣ ਨਿਰਾਕਾਰ ਰੂਪ ਵਟਾਇੰਦਾ । ਹੰਸ ਹੰਸਾ ਬੋਲ ਜੈਕਾਰ, ਪੰਖੀ ਪੰਛੀ ਲੇਖੇ ਲਾਇੰਦਾ । ਨਰ ਸਿੰਘ ਖੇਲ ਅਪਰ ਅਪਾਰ, ਬਲ ਬਾਵਨ ਪਰਦਾ ਉਠਾਇੰਦਾ । ਹਰੀ ਹਰਿ ਹੋ ਤਿਆਰ, ਗਜ ਬੰਧਨ ਆਪ ਕਟਾਇੰਦਾ । ਧਰੂ ਦੇਵੇ ਇਕ ਆਧਾਰ, ਨਰ ਨਰਾਇਣ ਸੋਭਾ ਪਾਇੰਦਾ । ਸਤਿਜੁਗ ਸਾਚੀ ਕਰੇ ਕਾਰ, ਏਕਾ ਆਠਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਪੁਰਖ ਸਮਰਥ, ਹਰਿ ਜੂ ਹਰਿ ਹਰਿ ਆਪ ਕਰਾਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਤ੍ਰੇਤਾ ਤ੍ਰੀਆ ਰੂਪ ਕਰ ਪਰਗਟ, ਤ੍ਰੈਗੁਣ ਵੇਖੇ ਚਾਈਂ ਚਾਈਂਆ । ਆਪ ਜਣਾਏ ਆਪਣਾ ਜਸ, ਪਾਰਬ੍ਰਹਮ ਬ੍ਰਹਮ ਕਰੇ ਸਚ ਪੜ੍ਹਾਈਆ । ਪਰਸਰਾਮ ਵਖਾਏ ਏਕਾ ਹੱਟ, ਹੱਟ ਹਟਵਾਣਾ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਰਮੱਯਾ ਰਾਮ, ਹਰਿ ਜੂ ਆਪਣਾ ਖੇਲ ਕਰਾਇੰਦਾ । ਆਪਣਾ ਖੇਲ ਸਦਾ ਨਿਸ਼ਕਾਮ, ਆਸਾ ਹੋਰ ਨਾ ਕੋਇ ਵਖਾਇੰਦਾ । ਲੇਖਾ ਜਾਣ ਦੋ ਜਹਾਨ, ਸ੍ਰੀ ਭਗਵਾਨ ਵੇਸ ਵਟਾਇੰਦਾ । ਤੋੜਨਹਾਰਾ ਵਡ ਅਭਿਮਾਨ, ਅਭਿਮਾਨੀ ਕੋਇ ਰਹਿਣ ਨਾ ਪਾਇੰਦਾ । ਗ਼ਰੀਬ ਨਿਮਾਣਿਆਂ ਦੇਵਣਹਾਰਾ ਮਾਣ, ਸਚ ਫ਼ਰਮਾਣ ਇਕ ਸੁਣਾਇੰਦਾ । ਖੇਲੇ ਖੇਲ ਨੌਜਵਾਨ, ਨੌਬਤ ਏਕਾ ਨਾਮ ਵਜਾਇੰਦਾ । ਤ੍ਰੇਤਾ ਵੇਖਣਹਾਰਾ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦ੍ਰਿਸ਼ਟ ਇਸ਼ਟ ਗੁਰਦੇਵ ਵਸ਼ਿਸ਼ਟ ਵਿਸ਼ਵ ਆਪਣਾ ਰਾਗ ਜਣਾਇੰਦਾ । ਤ੍ਰੇਤਾ ਅੰਤਮ ਆਇਆ ਪਾਰ, ਪਾਰਬ੍ਰਹਮ ਪ੍ਰਭ ਮੇਟ ਮਿਟਾਈਆ । ਕਰੇ ਖੇਲ ਆਪ ਕਰਤਾਰ, ਕਰਨਹਾਰ ਸੱਚਾ ਸ਼ਹਿਨਸ਼ਾਹੀਆ । ਸਾਚੇ ਸੁਤ ਦਏ ਆਧਾਰ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਗਿਆ ਸਮਝਾਈਆ । ਲੇਖਾ ਜਾਣੇ ਲੱਖ ਚਾਰ ਸਤਾਰਾਂ ਹਜ਼ਾਰ, ਸਤਿ ਸਤਿ ਆਪਣਾ ਨਾਉਂ ਦ੍ਰਿੜਾਈਆ । ਉਚੀ ਕੂਕ ਕੂਕ ਪੁਕਾਰ, ਦਰਗਹਿ ਸਾਚੀ ਗਿਆ ਸੁਣਾਈਆ । ਲੱਖ ਚੁਰਾਸੀ ਦਏ ਹੁਲਾਰ, ਏਕਾ ਨਾਮ ਕਰੇ ਪੜ੍ਹਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੁਗ ਚੌਕੜੀ ਖੇਲ ਕਰੇ ਅਪਾਰ, ਖੇਲਣਹਾਰਾ ਨਜ਼ਰ ਨਾ ਆਈਆ । ਵੇਦ ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀ ਭਰੇ ਸਚ ਭੰਡਾਰ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਕਾਗਦ ਕਲਮ ਸ਼ਾਹੀ ਅੰਤ ਨਾ ਪਾਰਾਵਾਰ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਤ੍ਰਿਲੋਕੀ ਨੰਦਨ ਨਾਥ ਅਨਾਥਾਂ ਦਏ ਵਡਿਆਈਆ । ਸਾਚਾ ਛੰਦਨ ਕਰ ਤਿਆਰ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਅਠਾਰਾਂ ਧਿਆਏ ਕਰ ਪਰਵਾਨ, ਪਰਵਾਨਾ ਆਤਮ ਪਰਮਾਤਮ ਦਏ ਫੜਾਈਆ । ਕਰੇ ਖੇਲ ਵਡ ਮਿਹਰਵਾਨ, ਸਾਚੀ ਸਿਖਿਆ ਇਕ ਜਣਾਈਆ । ਗ਼ਰੀਬ ਨਿਮਾਣਿਆਂ ਦੇਵੇ ਦਾਨ, ਦਾਤਾ ਦਾਨੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਈਆ । ਜੁਗ ਜੁਗ ਕਰੇ ਵਿਹਾਰ, ਹਰਿ ਕਰਤਾ ਆਪ ਕਰਾਇੰਦਾ । ਦਵਾਪਰ ਅੰਤਮ ਉਤਰਿਆ ਪਾਰ, ਕਲਜੁਗ ਆਪਣਾ ਫੇਰਾ ਪਾਇੰਦਾ । ਪ੍ਰਭ ਚਰਨੀ ਡਿਗਾ ਆਣ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਹਉਂ ਬਾਲੀ ਬੁਧ ਅਵਾਣ, ਤੇਰਾ ਭੇਵ ਕੋਇ ਨਾ ਆਇੰਦਾ । ਕਰ ਕਿਰਪਾ ਸ੍ਰੀ ਭਗਵਾਨ, ਤੇਰੇ ਅੱਗੇ ਝੋਲੀ ਡਾਹਿੰਦਾ ।

ਏਕਾ ਦੇਣਾ ਸਾਚਾ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਨਾਚ ਨਚਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੋਧ ਅਗਾਧੀ ਏਕਾ ਮੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਅੰਤਰ
ਆਤਮ ਵੇਖ ਵਖਾਇੰਦਾ । ਅੰਤਰ ਆਤਮ ਹਰਿ ਹਰਿ ਰੰਗ, ਰੰਗ ਰੰਗੀਲਾ ਆਪ ਜਣਾਈਆ । ਘਰ ਘਰ ਸੇਜ ਸੁਹੰਜਣੀ ਪਲੰਘ, ਬਿਨ ਪਾਵਾ
ਚੂਲ ਟਿਕਾਈਆ । ਘਰ ਘਰ ਨਾਮ ਸੱਚਾ ਮਰਦੰਗ, ਅਨਹਦ ਨਾਦੀ ਨਾਦ ਵਜਾਈਆ । ਘਰ ਘਰ ਅੰਮ੍ਰਿਤ ਸਰੋਵਰ ਪਾਏ ਠੰਡ, ਨਿਝਰ ਝਿਰਨਾ
ਰਿਹਾ ਝਿਰਾਈਆ । ਘਰ ਘਰ ਢਾਹੇ ਦਵੈਤੀ ਕੰਧ, ਮਾਇਆ ਮਮਤਾ ਪਰਦਾ ਆਪ ਉਠਾਈਆ । ਘਰ ਘਰ ਗੀਤ ਗੋਬਿੰਦ ਛੰਦ, ਸ਼ਾਸਤਰ
ਸਿਮਰਤ ਭੇਵ ਨਾ ਰਾਈਆ । ਘਰ ਘਰ ਦੱਸੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਘਰ ਘਰ ਜੋਤ ਨਿਰੰਜਣ ਚੰਦ, ਸੂਰਜ ਚੰਦ
ਮੁਖ ਸ਼ਰਮਾਈਆ । ਘਰ ਘਰ ਸੂਰਬੀਰ ਸੂਰਾ ਸਰਬੰਗ, ਗ੍ਰਿਹ ਮੰਦਰ ਆਸਣ ਲਾਈਆ । ਘਰ ਘਰ ਟੇਢੀ ਬੰਕ ਰਿਹਾ ਲੰਘ, ਉਚ ਮਹੱਲ
ਅਟੱਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਕਲਜੁਗ ਧਾਰ,
ਹਰਿ ਸਾਚਾ ਸਚ ਜਣਾਇੰਦਾ । ਛੋਟੇ ਬਾਲੇ ਤੇਰੀ ਅੰਤਮ ਵਾਰ, ਤੇਰਾ ਭੇਵ ਚੁਕਾਇੰਦਾ । ਨੂਰ ਇਲਾਹੀ ਮਦਦਗਾਰ, ਹੱਕ ਹਕ਼ੀਕਤ ਵੇਖ ਵਖਾਇੰਦਾ ।
ਲਾਸ਼ਰੀਕ ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਤੇਰਾ ਮੇਲਾ ਵਿਚ ਸੰਸਾਰ, ਈਸਾ ਮੂਸਾ ਜੋੜ ਜੁੜਾਇੰਦਾ । ਮੁਹੰਮਦ ਕਰੇ ਇਕ ਤਿਆਰ,
ਤੇਰੀ ਆਸਾ ਆਸਾ ਨਾਲ ਪਰਨਾਇੰਦਾ । ਲੇਖਾ ਜਾਣੇ ਵਿਚ ਸੰਸਾਰ, ਵਡ ਸੰਸਾਰੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
 ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਾਇਨਾਤ, ਹਰਿ ਕਰਤਾ ਆਪ ਜਣਾਈਆ । ਨਬੀ ਰਸੂਲਾਂ ਦੇਵੇ ਦਾਤ, ਆਲਮ ੭੧੮
ਉਲਮਾ ਕਰੇ ਪੜ੍ਹਾਈਆ । ਏਕਾ ਅਲਫ਼ ਦਏ ਨਜ਼ਾਤ, ਯੇ ਯੁਕਤੀ ਦਏ ਸਮਝਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ
 ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਪਰਵਰਦਿਗਾਰ, ਬੇਪਰਵਾਹ ੧੨
ਆਪ ਜਣਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਆਪ ਕਰਾਇੰਦਾ । ਜੁਗ ਚੌਕੜੀ ਵੇਖਣਹਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ
ਆਪ ਹੰਢਾਇੰਦਾ । ਲੱਖ ਚੁਰਾਸੀ ਦੇ ਆਧਾਰ, ਆਤਮ ਪਰਮਾਤਮ ਮੰਤਰ ਇਕ ਪੜ੍ਹਾਇੰਦਾ । ਕੋਟਨ ਕੋਟ ਕੋਟ ਬੋਲ ਜੈਕਾਰ, ਤਨ ਚੋਟ ਨਗਾਰੇ
ਆਪ ਲਗਾਇੰਦਾ । ਨਿਰਮਲ ਜੋਤ ਕਰ ਉਜਿਆਰ, ਅੰਧ ਅੰਧੇਰ ਗਵਾਇੰਦਾ । ਪੀਰ ਪੈਗ਼ੰਬਰ ਪੈਜ ਸੁਆਰ, ਦਸਤਗੀਰ ਆਪਣਾ ਦਸਤ ਨਾਲ
ਮਿਲਾਇੰਦਾ । ਸ਼ਰਅ ਜ਼ੰਜੀਰ ਕਰ ਤਿਆਰ, ਅੰਗ ਅੰਗ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ
ਸਿਖਿਆ ਸਾਖਿਆਤ ਸਮਝਾਇੰਦਾ । ਸਾਚੀ ਸਿਖਿਆ ਸ੍ਰੀ ਭਗਵਾਨ, ਆਦਿ ਜੁਗਾਦਿ ਜਣਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਵਸਤ ਅਮੋਲਕ
ਝੋਲੀ ਪਾਈਆ । ਆਤਮ ਪਰਮਾਤਮ ਇਕ ਗਿਆਨ, ਬ੍ਰਹਮ ਪਾਰਬ੍ਰਹਮ ਜਣਾਈਆ । ਗੁਰ ਕਾ ਨਾਉਂ ਰਸਨ ਵਖਾਣ, ਸਤਿਗੁਰ ਮੇਲਾ ਸਹਿਜ
ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਲੇਖੇ ਪਾਈਆ । ਜੁਗ ਚੌਕੜੀ ਉਤਰੇ ਘਾਟ, ਹਰਿ ਜੂ ਆਪਣਾ
ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਚੋਲਾ ਗਿਆ ਪਾਟ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਅੰਤ ਆਏ ਅੰਧੇਰੀ ਰਾਤ, ਚੌਦਸ

ਚੰਦ ਨਾ ਕੋਇ ਚੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਨਾਰ ਹੋਏ ਕਮਜ਼ਾਤ, ਕੁਲੱਖਣੀ ਰੂਪ ਆਪ ਵਟਾਇੰਦਾ । ਹਰਿ ਕੰਤ ਨਾ ਬੰਨ੍ਹੇ ਕੋਇ ਨਾਤ, ਨਾਤਾ ਬਿਧਾਤਾ ਨਾ ਕੋਇ ਜੁੜਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਵਖਾਇੰਦਾ । ਨਾਨਕ ਨਿਰਗੁਣ ਕਰ ਪਰਗਟ, ਪਰਗਟ ਆਪਣਾ ਹੁਕਮ ਜਣਾਇੰਦਾ । ਸਚਖੰਡ ਦਵਾਰ ਵਖਾਏ ਸਾਚਾ ਹੱਟ, ਸਚਖੰਡ ਨਿਵਾਸੀ ਕੁੰਡਾ ਲਾਹਿੰਦਾ । ਪੁਰਖ ਅਕਾਲ ਨਿਰਮਲ ਨੂਰ ਜੋਤ ਹੱਡ ਮਾਸ ਨਾੜੀ ਨਾ ਕੋਇ ਰੱਤ, ਤਤਵ ਤਤ ਨਾ ਕੋਇ ਰਖਾਇੰਦਾ । ਨਾ ਕੋਈ ਵਿਦਿਆ ਨਾ ਕੋਈ ਮਤ, ਮਨ ਬੁਧ ਨਾ ਗੰਢ ਪੁਵਾਇੰਦਾ । ਇਕ ਇਕੱਲਾ ਰਿਹਾ ਵਸ, ਦੂਸਰ ਨਜ਼ਰ ਕੋਇ ਨਾ ਆਇੰਦਾ । ਨਾਨਕ ਨਿਰਗੁਣ ਮਾਰਗ ਦੇਵੇ ਦੱਸ, ਸਾਚੀ ਸਿਖਿਆ ਆਪ ਸਮਝਾਇੰਦਾ । ਸਰਬ ਜੀਆਂ ਦਾ ਇਕੋ ਰਸ, ਰਸ ਰਸੀਆ ਹੱਥ ਫੜਾਇੰਦਾ । ਲੋਕਮਾਤ ਦੇਣਾ ਨੱਸ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਚਾਰ ਵਰਨ ਮਿਲੌਣਾ ਹੱਸ ਹੱਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਇੰਦਾ । ਸ੍ਰਿਸ਼ਟ ਸਬਾਈ ਕਰ ਇਕੱਠ, ਪੁਰਖ ਅਕਾਲ ਦੀਨ ਦਿਆਲ ਇਸ਼ਟ ਦੇਵ ਗੁਰ ਇਕ ਜਣਾਇੰਦਾ । ਅੰਮ੍ਰਿਤ ਆਤਮ ਘਰ ਘਰ ਝੱਟ, ਨਿਝਰ ਝਿਰਨਾ ਇਕ ਝਿਰਾਇੰਦਾ । ਸ਼ਬਦ ਅਗੰਮੀ ਮਾਰ ਸੱਟ, ਨਾਮ ਨਿਧਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਾਤ, ਵਡ ਕਰਾਮਾਤ, ਨਿਰਗੁਣ ਨਾਨਕ ਸਰਗੁਣ ਝੋਲੀ ਪਾਇੰਦਾ । ਨਾਨਕ ਮਿਲਿਆ ਨਾਮ ਨਿਧਾਨਾ, ਨਾਮ ਸਤਿ ਦਏ ਵਰਤਾਈਆ । ਪਾਰਬ੍ਰਹਮ ਪ੍ਰਭ ਪੁਰਖ ਸੁਲਤਾਨਾ, ਸਚਖੰਡ ਨਿਵਾਸੀ ਆਪ ਵਰਤਾਈਆ । ਸ੍ਰਿਸ਼ਟ ਸਬਾਈ ਦੇਣਾ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਹੋਣ ਹੈਰਾਨਾ, ਹਰਿ ਕਾ ਭੇਵ ਨਾ ਕੋਇ ਜਣਾਈਆ । ਮਾਰਨਾ ਤੀਰ ਇਕ ਨਿਸ਼ਾਨਾ, ਬਿਰਹੋਂ ਅਗਨੀ ਦਏ ਬੁਝਾਈਆ । ਦਰਸ ਦਿਖਾਏ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਬੋਧ ਅਗਾਧਾ ਖੇਲ ਮਹਾਨਾ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਨਿਸ਼ਅੱਖਰ ਅੱਖਰ ਕਰੇ ਪਰਵਾਨਾ, ਨਾਮ ਪਰਵਾਨਾ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਾਖਿਆਤ ਨਿਰਗੁਣ ਸਰਗੁਣ ਆਪ ਜਣਾਈਆ । ਨਾਨਕ ਨਿਰਗੁਣ ਕਰ ਪਰਵਾਨ, ਲੋਕਮਾਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਏਕਾ ਦਾਤ, ਏਕਾ ਅੱਖਰ ਕਰੇ ਪੜ੍ਹਾਈਆ । ਪੁਰਖ ਅਬਿਨਾਸ਼ੀ ਕਮਲਾਪਾਤ, ਨਿਰਗੁਣ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਇਕ ਜਮਾਤ, ਦੂਜੀ ਪੱਟੀ ਨਾ ਕੋਇ ਪੜ੍ਹਾਈਆ । ਸ੍ਰੀ ਭਗਵਾਨ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਆਤਮ ਪਰਮਾਤਮ ਸਾਚੀ ਗਾਥ, ਸਾਚਾ ਸੋਹਲਾ ਇਕ ਸੁਣਾਈਆ । ਹੋਏ ਸਹਾਈ ਅਨਾਥਾਂ ਅਨਾਥ, ਦੀਨਾਂ ਨਾਥਾਂ ਦਇਆ ਕਮਾਈਆ । ਧੁਰ ਦੀ ਬਾਣੀ ਗਾਏ ਗਾਥ, ਏਕੰਕਾਰਾ ਮੁਖ ਸਾਲਾਹੀਆ । ਸਤਿ ਨਾਮ ਮਿਲੀ ਦਾਤ, ਕਰਤਾ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਉਂ ਆਪ ਦ੍ਰਿੜਾਈਆ । ਆਪਣਾ ਨਾਉਂ ਸ਼ਬਦ ਗੁਰ ਗਿਆਨ, ਨਿਰਗੁਣ ਨਾਨਕ ਨਾਮ ਪੜ੍ਹਾਇਆ । ਲੇਖਾ ਲਿਖ ਲਿਖ ਲੇਖ ਮਹਾਨ, ਏਕਾ ਪਾਂਜਾ ਜੋੜ ਜੁੜਾਇਆ । ਤ੍ਰੈ ਤ੍ਰੈ ਮੇਲਾ ਵਿਚ ਜਹਾਨ, ਪੰਚਮ ਪੰਚਮ ਗੰਢ ਰਖਾਇਆ । ਨਾਨਕ ਅੰਗਦ ਕਰ ਪਰਵਾਨ, ਅਮਰੂ ਭੇਵ ਚੁਕਾਇਆ । ਅਮਰ ਦਾਸ ਰਾਮ ਦਾਸ ਸਚ ਅਸ਼ਨਾਨ, ਸਰ ਸਰੋਵਰ ਆਪ ਕਰਾਇਆ । ਗੁਰ ਅਰਜਨ ਗੁਰ ਗੁਰ ਦੇ ਫ਼ਰਮਾਣ, ਗੁਰੂ ਗ੍ਰੰਥ ਗੁਰਦੇਵ ਇਕ ਉਪਾਇਆ । ਸ੍ਰਿਸ਼ਟ ਸਬਾਈ ਦੇਵੇ ਮਾਣ, ਅਭਿਮਾਨ, ਕੋਇ ਰਹਿਣ ਨਾ ਪਾਇਆ । ਹਿੰਦੂ

੭੧੯
੧੨

ਮੁਸਲਮ ਸਿੱਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਰੇ ਗਾਣ, ਦੂਸਰ ਵੰਡ ਨਾ ਕੋਇ ਰਖਾਇਆ । ਭਗਤ ਭਗਵੰਤ ਕੱਠੇ ਕੀਤੇ ਆਣ, ਤੇਈ ਅਵਤਾਰ ਗੁਰੂ ਦਸ ਈਸਾ ਮੂਸਾ ਮੁਹੰਮਦ ਏਕਾ ਗੰਢ ਪੁਵਾਇਆ । ਇਕ ਖ਼ੁਦਾਏ ਇਕ ਰਹਿਮਾਨ, ਤੌਫ਼ੀਕ ਇਕੋ ਇਕ ਬੇਪਰਵਾਹਿਆ । ਏਕਾ ਰਮੱਯਾ ਏਕਾ ਰਾਮ, ਏਕਾ ਕ੍ਰਿਸ਼ਨਾ ਨਾਉਂ ਧਰਾਇਆ । ਏਕਾ ਨਾਨਕ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਸੁਣਾਇਆ । ਸ੍ਰਿਸ਼ਟ ਸਬਾਈ ਕਰੇ ਧਿਆਨ, ਕਰਵਟ ਹਰਿ ਜੂ ਰਿਹਾ ਬਦਲਾਇਆ । ਕਲਜੁਗ ਵੇਖੇ ਅੰਧੇਰੀ ਸ਼ਾਮ, ਜਗਤ ਅੰਧੇਰਾ ਛਾਇਆ । ਧੁਰ ਦਰਗਾਹੀ ਇਕ ਕਲਾਮ, ਕਲਮਾ ਨਬੀ ਰਸੂਲ ਪੜ੍ਹਾਇਆ । ਸ਼ਾਹ ਪਾਤਸ਼ਾਹ ਸੱਚਾ ਅਮਾਮ, ਸਿਰ ਅਮਾਮਾਂ ਡੇਰਾ ਰਿਹਾ ਲਗਾਇਆ । ਏਕਾ ਜੋਤੀ ਕਰ ਪਰਵਾਨ, ਗੋਬਿੰਦ ਆਪਣੀ ਗੋਦ ਸੁਹਾਇਆ । ਪੁਰਖ ਅਕਾਲ ਹੋ ਮਿਹਰਵਾਨ, ਪਿਤਾ ਪੂਤ ਲਏ ਉਠਾਇਆ । ਸ਼ਬਦ ਅਗੰਮੀ ਦੇ ਫ਼ਰਮਾਣ, ਸਤਿ ਸਤਿਵਾਦੀ ਰਾਹ ਚਲਾਇਆ । ਨਾਮ ਖੰਡਾ ਤੇਜ਼ ਕਰਪਾਨ, ਬ੍ਰਹਿਮੰਡਾਂ ਪਾਰ ਕਰਾਇਆ । ਗੋਬਿੰਦ ਕਾਇਆ ਗਾਤਰੇ ਪਾਇਆ ਆਣ, ਲੋਹਾਰ ਤਰਖਾਣ ਨਾ ਕਿਸੇ ਘੜਾਇਆ । ਅੰਮ੍ਰਿਤ ਨਿਧਾਨ ਦਿਤਾ ਜਾਮ, ਅੰਮਿਉਂ ਰਸ ਆਪਣਾ ਰਸ ਚਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮਾਰਗ ਲਾਇਆ । ਜੁਗ ਜੁਗ ਮਾਰਗ ਹਰਿ ਗੋਬਿੰਦ, ਗੋਬਿੰਦ ਧਾਰ ਚਲਾਈਆ । ਅੰਮ੍ਰਿਤ ਸਰੋਵਰ ਸਾਗਰ ਸਿੰਧ, ਸਿੰਧ ਆਪਣਾ ਰੂਪ ਵਟਾਈਆ । ਪੂਤ ਸਪੂਤਾ ਉਪਜੀ ਬਿੰਦ, ਬਿੰਦ ਏਕਾ ਏਕ ਪਰਗਟਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਗੋਬਿੰਦ ਮੀਤਾ, ਮਿੱਤਰ ਪਿਆਰਾ ਆਪ ਜਣਾਇੰਦਾ । ਕਲਜੁਗ ਅੰਤਮ ਸਾਚੀ ਰੀਤਾ, ਰੀਤੀਵਾਨ ਆਪ ਦਰਸਾਇੰਦਾ । ਹਰਿ ਕਾ ਨਾਉਂ ਸਦਾ ਅਨਡੀਠਾ, ਨਜ਼ਰ ਕਿਸੇ ਨਾ ਆਇੰਦਾ । ਹਰਿ ਕਾ ਅੰਮ੍ਰਿਤ ਅੰਮਿਉਂ ਰਸ ਮੀਠਾ, ਰਸਨਾ ਮੁਖ ਨਾ ਕੋਇ ਚੁਆਇੰਦਾ । ਹਰਿ ਕਾ ਨਾਉਂ ਸਾਚੀ ਗੀਤਾ, ਗੀਤਾ ਗਿਆਨ ਇਕ ਦ੍ਰਿੜਾਇੰਦਾ । ਹਰਿ ਕਾ ਮੰਦਰ ਗੁਰਦਵਾਰ ਮੰਦਰ ਮਸਜਦ ਮਠ ਸ਼ਿਵਦਵਾਲ ਮਸੀਤਾ, ਮਸਲਾ ਹੱਕ ਹੱਕ ਸੁਣਾਇੰਦਾ । ਹਰਿ ਕਾ ਨਾਉਂ ਪੱਤਤ ਪੁਨੀਤਾ, ਪੱਤਤ ਪਾਪੀ ਪਾਰ ਕਰਾਇੰਦਾ । ਹਰਿ ਕਾ ਮੇਲ ਹਸਤ ਕੀਟਾ, ਊਚ ਨੀਚ ਨਾ ਕੋਇ ਰਖਾਇੰਦਾ । ਹਰਿ ਕਾ ਨਾਉਂ ਮਿੱਠਾ ਕਰੇ ਕੌੜਾ ਰੀਠਾ, ਅੰਮ੍ਰਿਤ ਰਸ ਇਕ ਭਰਾਇੰਦਾ । ਹਰਿ ਕਾ ਨਾਉਂ ਸਦਾ ਜੀਤਾ, ਜਨਮ ਮਰਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁਰਖ ਅਕਾਲਾ ਦੀਨ ਦਿਆਲਾ ਗੁਰ ਗੋਬਿੰਦ ਇਹ ਸਮਝਾਇੰਦਾ । ਗੋਬਿੰਦ ਮਿਲਿਆ ਹਰਿ ਨਿਰੰਕਾਰਾ, ਨਿਜ ਘਰ ਸਾਚੇ ਵੱਜੀ ਵਧਾਈਆ । ਨਾਨਕ ਕਰਿਆ ਇਕ ਪਿਆਰਾ, ਪਿਆਰ ਪਿਆਰ ਵਿਚ ਪਰਗਟਾਈਆ । ਦੂਸਰ ਨਾ ਕੋਈ ਦਿਸੇ ਸਹਾਰਾ, ਓਟ ਅਵਰ ਨਾ ਕੋਇ ਤਕਾਈਆ । ਕਿਲਾ ਕੋਟ ਸਚ ਮਨਾਰਾ, ਸਚਖੰਡ ਸਾਚਾ ਨਜ਼ਰੀ ਆਈਆ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਪਿਤਾ ਪੂਤ ਕਰੇ ਪਿਆਰਾ, ਪੂਤ ਸਪੂਤਾ ਗੋਦ ਉਠਾਈਆ । ਏਕਾ ਵਣਜ ਇਕ ਅਪਾਰਾ, ਏਕਾ ਹੱਟ ਦਏ ਖੁਲ੍ਹਾਈਆ । ਲੋਕਮਾਤ ਦਾ ਸਚ ਕਿਨਾਰਾ, ਗੋਬਿੰਦ ਤੇਰਾ ਘਾਟ ਬਣਾਈਆ । ਸਰਬ ਜੀਆਂ ਦਾ ਸਚ ਪਿਆਰਾ, ਸਾਚੀ ਸਿਖਿਆ ਇਕ ਜਣਾਈਆ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਣਾ ਇਕ ਆਧਾਰਾ, ਦੂਈ ਦਵੈਤ ਨਾ ਕੋਇ ਰਖਾਈਆ । ਸਾਚਾ ਮਗ ਪੰਥ ਪੁਰਖ ਅਕਾਲ ਚਲੇ ਨਿਆਰਾ, ਅਕਾਲ ਅਕਾਲ ਅਕਾਲ

ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰਨਾ ਖ਼ਬਰਦਾਰਾ, ਖੰਡਾ ਖੜਗ ਨਾਮ ਚਮਕਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਨਿਰੰਕਾਰਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪੇ ਲਾਈਆ । ਗੁਰ ਗੋਬਿੰਦ ਸੁਣਿਆ ਹਰਿ ਸੰਦੇਸਾ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸੁਲਤਾਨ ਤੇਰੀ ਸਚ ਆਦੇਸਾ, ਦੋ ਜਹਾਨ ਤੇਰੀ ਵਡਿਆਈਆ । ਤੇਰਾ ਸਤਿ ਸਰੂਪ ਏਕਾ ਵੇਖਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਤੇਰੀ ਸਿਖਿਆ ਮੁੱਛ ਦਾੜ੍ਹੀ ਕੇਸਾ, ਅੰਗ ਭੰਗ ਨਾ ਕੋਇ ਕਰਾਈਆ । ਆਦਿ ਜੁਗਾਦਿ ਜੁਗ ਜੁਗ ਰਹੇ ਹਮੇਸ਼ਾ, ਹਰਿ ਸੱਜਣ ਸੱਚੇ ਮਾਹੀਆ । ਨਾਨਕ ਨਿਰਗੁਣ ਸੇਵਾ ਕਰੀ ਧਰ ਧਰ ਮੋਢੇ ਭੂਰੀ ਖੇਸਾ, ਚਾਰੋਂ ਕੁੰਟ ਦਰ ਦਰਵੇਸ਼ ਫੇਰੀ ਪਾਈਆ । ਅਰਜਨ ਗੁਰ ਗੁਰ ਲਿਖ ਲਿਖ ਲੇਖਾ, ਅਗਨੀ ਤਤ ਤਤ ਗਿਆ ਜਲਾਈਆ । ਸਤਿਜੁਗ ਤ੍ਰੇਤਾ ਦਵਾਪਰ ਤੇਰਾ ਪੈਂਦਾ ਰਿਹਾ ਭੁਲੇਖਾ, ਸਾਚਾ ਨੂਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਸਿਰ ਮੇਰੇ ਹੱਥ ਰੱਖ ਸਵਾਮੀ, ਸਵਾਲ ਇਕੋ ਇਕ ਰਖਾਇੰਦਾ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਘਰ ਘਰ ਆਸਣ ਲਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਗੁਰ ਗੁਰ ਨਾਦ ਵਜਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ, ਸਰ ਸਰੋਵਰ ਵਖਾਇੰਦਾ । ਮਹਿਮਾ ਤੇਰੀ ਅਕਥ ਕਹਾਣੀ, ਕਥਨਾ ਕਥ ਨਾ ਕੋਇ ਜਣਾਇੰਦਾ । ਤੇਰਾ ਲੇਖਾ ਚਾਰ ਖਾਣੀ, ਚਾਰੇ ਖਾਣੀ ਮੇਲ ਮਿਲਾਇੰਦਾ । ਤੇਰਾ ਨਾਉਂ ਚਾਰੇ ਬਾਣੀ, ਚਾਰੇ ਬਾਣੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੋਹੇ ਇਕੋ ਆਸ ਤਕਾਇੰਦਾ । ਇਕੋ ਰੱਖੀ ਤੇਰੀ ਆਸ, ਪੁਰਖ ਅਕਾਲ ਵਡੀ ਵਡਿਆਈਆ । ਸਦਾ ਸਦਾ ਵਸੀਂ ਮੇਰੇ ਪਾਸ, ਵਿਛੜ ਕਦੇ ਨਾ ਜਾਈਆ । ਚਾਰ ਵਰਨ ਬੁਝਾਵਾਂ ਪਿਆਸ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤ੍ਰਿਖਾ ਨਾ ਕੋਇ ਜਣਾਈਆ । ਸਾਚੇ ਮੰਦਰ ਪਾਵਾਂ ਰਾਸ, ਗੋਪੀ ਕਾਹਨ ਆਪ ਨਚਾਈਆ । ਗ਼ਰੀਬ ਨਿਮਾਣਿਆਂ ਪੁੱਛਾਂ ਵਾਤ, ਇਕੋ ਤੇਰੀ ਓਟ ਤਕਾਈਆ । ਊਚਾਂ ਨੀਚਾਂ ਦਿਆਂ ਨਜ਼ਾਤ, ਨਿਜ ਘਰ ਮੇਲਾ ਸਹਿਜ ਸੁਭਾਈਆ । ਸ੍ਰਿਸ਼ਟ ਸਬਾਈ ਇਕੋ ਦਾਤ, ਤੇਰਾ ਨਾਉਂ ਵਰਤਾਈਆ । ਪੁਰਖ ਅਬਿਨਾਸ਼ੀ ਕਮਲਾਪਾਤ, ਸਾਕ ਸੱਜਣ ਸੈਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਾਰਗ ਤੇਰੇ ਦਰ ਤੇਰੇ ਘਰ ਵਖਾਈਆ । ਤੇਰਾ ਦਰ ਸੱਚਾ ਦਰਵਾਜ਼ਾ, ਦਰਗਹਿ ਤੇਰੀ ਸਚ ਵਡਿਆਈਆ । ਤੂੰ ਆਦਿ ਜੁਗਾਦਿ ਗ਼ਰੀਬ ਨਿਵਾਜ਼ਾ, ਜੁਗ ਜੁਗ ਆਪਣੀ ਧਾਰ ਚਲਾਈਆ । ਕਰ ਕਿਰਪਾ ਮੇਰਾ ਸਾਜਣ ਸਾਜਾ, ਦੁਸ਼ਟ ਦਮਨ ਖ਼ੁਸ਼ੀ ਮਨਾਈਆ । ਤੇਰਾ ਨਾਮ ਅਗੰਮੀ ਵਾਜਾ, ਦਿਵਸ ਰੈਣ ਕਰੇ ਸ਼ਨਵਾਈਆ । ਏਥੇ ਓਥੇ ਦੋ ਜਹਾਨ, ਰੱਖੇ ਲਾਜਾ, ਸਾਹਿਬ ਸੁਲਤਾਨ ਵਡੀ ਵਡਿਆਈਆ । ਕਲਜੁਗ ਅੰਤਮ ਰਚਾ ਕਾਜਾ, ਪੰਜ ਤਤ ਕਰਾਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸੇਵਾ ਸਚ ਕਮਾਈਆ । ਤੇਰੀ ਸੇਵਾ ਕਰਾਂ ਵਿਚ ਸੰਸਾਰ, ਚਾਉ ਘਨੇਰਾ ਇਕ ਰਖਾਇਆ । ਊਚਾਂ ਨੀਚਾਂ ਦੇ ਆਧਾਰ, ਤੇਰਾ ਨਾਉਂ ਇਕ ਸਮਝਾਇਆ । ਤੇਰਾ ਤਤ ਕਰ ਪਿਆਰ, ਪੰਚਮ ਮੇਲਾ ਜੋੜ ਜੁੜਾਇਆ । ਪੰਚਮ ਮਾਰਨਹਾਰ ਹੰਕਾਰ, ਪੰਚਮ ਨਾਦ ਸ਼ਬਦ ਸੁਣਾਇਆ । ਪੰਚਮ ਪੰਚ ਕਰ ਸਰਦਾਰ, ਪੰਚਮ ਲੇਖਾ ਹੱਥ ਫੜਾਇਆ । ਲੱਖ ਚੁਰਾਸੀ ਵਿਚੋਂ ਕੱਢ ਬਾਹਰ, ਸਚ ਨਿਸ਼ਾਨਾ

ਇਕ ਰਖਾਇਆ । ਖੜਗ ਖੰਡਾ ਤੇਜ਼ ਕਟਾਰ, ਪ੍ਰੇਮ ਪਿਆਰ ਨਾਲ ਰੰਗਾਇਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਵੇਖ ਵਖਾਇਆ । ਪੰਚਮ ਪੰਚ ਕਰ ਤਿਆਰ, ਪੰਚਮ ਨਾਤਾ ਮੋਹ ਤੁੜਾਇਆ । ਪੰਚਮ ਪੰਚ ਬੋਲ ਜੈਕਾਰ, ਤੇਰਾ ਨਾਉਂ ਸੁਣਾਇਆ । ਸਭ ਦਾ ਦਾਤਾ ਪੁਰਖ ਅਕਾਲ, ਅਕਲ ਕਲਾ ਵਰਤਾਇਆ । ਅੰਮ੍ਰਿਤ ਜਾਮ ਇਕ ਪਿਆਲ, ਸਬਰ ਪਿਆਲਾ ਹੱਥ ਫੜਾਇਆ । ਸੇਵਾ ਕਰੇ ਸਦਾ ਮਹਾਕਾਲ, ਕਾਲ ਨੇੜ ਨਾ ਲਾਗੇ ਰਾਇਆ । ਗੁਰਮੁਖਾਂ ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਿਆਂ ਸਮਝਾਇਆ । ਤੇਰੀ ਕਿਰਪਾ ਵਸਾਂ ਨਾਲ ਨਾਲ, ਵਿਛੜ ਕਦੇ ਨਾ ਜਾਇਆ । ਝੂਠੀ ਮਾਇਆ ਜਗਤ ਧੰਨ ਮਾਲ, ਗੁਰਸਿਖ ਪੋਹ ਨਾ ਸਕੇ ਰਾਇਆ । ਰਸਨਾ ਜਿਹਵਾ ਜਪੇ ਅਕਾਲ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਇਆ । ਗੁਰਸਿਖ ਕਿਸੇ ਅੱਗੇ ਨਾ ਕਰੇ ਸਵਾਲ, ਬਿਨ ਤੁਧ ਮੰਗਣ ਦਰ ਨਾ ਕਿਸੇ ਜਾਇਆ । ਹਰਿਜਨ ਆਏ ਨਾ ਕਦੇ ਜਵਾਲ, ਜ਼ਾਲਮ ਹੱਥ ਨਾ ਕੋਇ ਉਠਾਇਆ । ਸਦਾ ਸਦਾ ਸਦ ਕਰੇ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇਆ । ਤੇਰੀ ਘਾਲਣ ਦੱਸਾਂ ਘਾਲ, ਸਾਚੀ ਘਾਲਣ ਇਕ ਸਮਝਾਇਆ । ਗੁਰ ਗੁਰ ਸਤਿਗੁਰ ਬਣ ਦਲਾਲ, ਜਗਤ ਦਿਲਾਸਾ ਇਕ ਰਖਾਇਆ । ਗੁਰਸਿਖ ਖਾਣਾ ਹੱਕ ਹਲਾਲ, ਦੂਸਰ ਵਸਤ ਨਾ ਨੈਣ ਉਠਾਇਆ । ਸ੍ਰਿਸ਼ਟ ਸਬਾਈ ਧੀਆਂ ਭੈਣਾਂ ਜਾਣ, ਮਾਤ ਪਿਤ ਰੂਪ ਵਖਾਇਆ । ਗੁਰ ਕਾ ਸ਼ਬਦ ਸੁਘੜ ਸੁਜਾਨ, ਮੂਰਖ ਮੁੜ੍ਹ ਦਏ ਤਰਾਇਆ । ਗੋਬਿੰਦ ਮਾਰਿਆ ਤੀਰ ਨਿਸ਼ਾਨ, ਅਣਿਆਲਾ ਆਪ ਚਲਾਇਆ । ਸੇਵਾ ਕਰੇ ਮਾਤ ਮਹਾਨ, ਸੇਵਾਦਾਰ ਆਪ ਹੋ ਜਾਇਆ । ਆਪਣੀ ਬਿੰਦ ਲੇਖੇ ਲਾਏ ਤੇਰੇ ਭਗਵਾਨ, ਪੁੱਤਰ ਨੀਹਾਂ ਹੇਠ ਦਬਾਇਆ । ਚਾਰੇ ਵਰਨ ਕਰੇ ਪਰਵਾਨ, ਚਾਰੇ ਸੁਤ ਭੇਟ ਚੜ੍ਹਾਇਆ । ਚੌਥੇ ਯੁਗ ਦੇਵੇ ਦਾਨ, ਚਾਰ ਵਰਨ ਇਕ ਸਰਨਾਇਆ । ਬਰਨ ਅਠਾਰਾਂ ਹੋਣ ਹੈਰਾਨ, ਨੌਂ ਅਠਾਰਾਂ ਮੋਹ ਤੁੜਾਇਆ । ਤੂ ਹੀ ਤੂ ਹੀ ਸਾਰੇ ਗਾਣ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਗੁਰਸਿਖ ਹੋਏ ਨਾ ਕੋਇ ਬੇਈਮਾਨ, ਤੇਰਾ ਨਾਉਂ ਹੱਟ ਨਾ ਕਿਸੇ ਵਿਕਾਇਆ । ਜਿਸ ਤੇਰਾ ਅੰਮ੍ਰਿਤ ਕੀਤਾ ਪਾਨ, ਸੋ ਤੇਰੇ ਰੂਪ ਸਮਾਇਆ । ਜੋ ਮੇਰੀ ਸਿਖਿਆ ਭੁੱਲੇ ਵਿਚ ਜਹਾਨ, ਏਥੇ ਓਥੇ ਸਕੇ ਨਾ ਕੋਇ ਬਚਾਇਆ । ਨਾਨਕ ਨਿਰਗੁਣ ਜ਼ਾਮਨੀ ਨਾ ਦੇਵੇ ਆਣ, ਗੋਬਿੰਦ ਅੰਤ ਨਾ ਲਏ ਛੁਡਾਇਆ । ਝੂਠੀ ਮਾਇਆ ਨਾ ਕਰੇ ਕੋਈ ਪਛਾਣ, ਸਾਚਾ ਨਾਮ ਧੰਨ ਗੁਰਸਿਖਾਂ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਧਾਰਾ ਸਚ ਸੁਣਾਇਆ । ਗੋਬਿੰਦ ਸਿੰਘ ਸਿੰਘ ਗੁਰ ਬਲਕਾਰ, ਏਕਾ ਏਕ ਜਣਾਈਆ । ਅੰਮ੍ਰਿਤ ਪਿਆਲਾ ਠੰਡਾ ਠਾਰ, ਗੁਰਮੁਖਾਂ ਰਸ ਚਖਾਈਆ । ਪੰਚਮ ਪੰਚ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖੇ ਚਾਈਂ ਚਾਈਆ । ਆਪੇ ਨਿਉਂ ਨਿਉਂ ਕਰੇ ਨਿਮਸਕਾਰ, ਗੁਰਸਿਖਾਂ ਦਏ ਵਡਿਆਈਆ । ਗੁਰਸਿਖ ਸੱਚਾ ਸਰਦਾਰ, ਲੋਕਮਾਤ ਸਰਬ ਜਸ ਗਾਈਆ । ਭੁੱਲ ਨਾ ਜਾਏ ਹਰਿ ਅਬਿਨਾਸ਼, ਅਬਿਨਾਸ਼ੀ ਆਪਣਾ ਹੁਕਮ ਸੁਣਾਈਆ । ਹਰਿ ਕਾ ਮੰਦਰ ਖੇਲ ਤਮਾਸ਼, ਹਰਿ ਕੀ ਪੌੜੀ ਦਏ ਚੜ੍ਹਾਈਆ । ਗੁਰੂ ਦਵਾਰੇ ਸਾਚੇ ਹੱਟ ਕੋਈ ਨਾ ਰਹੇ ਬਦਮੁਆਸ਼, ਬਦੀ ਕਰਨ ਕੋਇ ਨਾ ਪਾਈਆ । ਏਕਾ ਮੰਤਰ ਨਾਮ ਸਤਿ ਜਣਾ ਖ਼ਾਸ਼, ਖ਼ਾਹਸ਼ ਸਭ ਦੀ ਪੂਰ ਕਰਾਈਆ । ਵਾਹਿਗੁਰੂ ਵਸੇ ਸਦਾ ਪਾਸ, ਖ਼ਾਲਸ ਖ਼ਾਲਸਾ ਦਏ ਜਣਾਈਆ । ਫ਼ਤਹਿ ਡੰਕਾ ਵਜਾਏ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੇ ਨਾਉਂ ਦਏ ਵਡਿਆਈਆ । ਹਰਿਜਨ ਰਸਨ ਜਪਣ ਸਵਾਸ ਸਵਾਸ, ਆਤਮ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਸਾਚੀ


੭੨੨
੧੨

ਧਾਰ ਆਪ ਸਮਝਾਈਆ । ਗੋਬਿੰਦ ਧਾਰ ਇਕ ਅਨਡੀਠ, ਚਾਰ ਵਰਨ ਸਮਝਾਇੰਦਾ । ਕਲਜੁਗ ਅੰਤਮ ਬਦਲੇ ਰੀਤ, ਰੀਤੀਵਾਨ ਇਕ ਅਖਵਾਇੰਦਾ । ਸ੍ਰਿਸ਼ਟ ਸਬਾਈ ਸਾਚਾ ਗੀਤ, ਪੁਰਖ ਅਕਾਲ ਸਮਝਾਇੰਦਾ । ਏਕੰਕਾਰਾ ਇਕ ਇਕੱਲਾ ਵਸਣਹਾਰਾ ਮੰਦਰ ਮਸੀਤ, ਠਾਕਰ ਸ਼ਿਵਦਵਾਲੇ ਫੇਰਾ ਪਾਇੰਦਾ । ਘਟ ਘਟ ਪਰਖਣਹਾਰਾ ਨੀਤ, ਗ੍ਰਿਹਿ ਗ੍ਰਿਹਿ ਆਪਣਾ ਆਸਣ ਲਾਇੰਦਾ । ਕਰਨਹਾਰਾ ਪੱਤਤ ਪੁਨੀਤ, ਪੱਤਤ ਪਾਪੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿਖ ਵਡਿਆਇੰਦਾ । ਸਾਚੀ ਸਿਖਿਆ ਜਾਣਾ ਨਾ ਭੁੱਲ, ਅਭੁੱਲ ਆਪ ਜਣਾਈਆ । ਗੁਰਸਿਖ ਗੁਰ ਗੋਬਿੰਦ ਬਣਾਈ ਆਪਣੀ ਕੁਲ, ਪਿਤਾ ਪੂਤ ਨਾ ਕੋਇ ਵਡਿਆਈਆ । ਏਕਾ ਦੇਵੇ ਨਾਮ ਅਨਮੁਲ, ਕੀਮਤ ਕਰਤਾ ਨਾ ਕੋਇ ਲਗਾਈਆ । ਲੋਕਮਾਤ ਫੁਲ ਫੁਲਵਾੜੀ ਜਾਏ ਫੁਲ, ਪੱਤ ਟਹਿਣੀ ਆਪ ਮਹਿਕਾਈਆ । ਗੁਰ ਚਰਨ ਪ੍ਰੀਤੀ ਜਾਣਾ ਘੁਲ, ਦੂਸਰ ਸੇਵ ਨਾ ਕੋਇ ਕਮਾਈਆ । ਚਾਰ ਵਰਨ ਦਵਾਰਾ ਗਿਆ ਖੁਲ੍ਹ, ਅਧਵਿਚਕਾਰ ਨਾ ਕੋਇ ਅਟਕਾਈਆ । ਅੰਮ੍ਰਿਤ ਭੰਡਾਰ ਨਾ ਜਾਏ ਡੁਲ੍ਹ, ਭਰ ਪਿਆਲਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸਤਿਗੁਰ ਸੱਜਣ, ਹਰਿ ਹਰਿ ਹਰਿ ਆਪ ਜਣਾਇੰਦਾ । ਗੁਰਮੁਖ ਤੇਰਾ ਇਕੋ ਮਜਨ, ਗੁਰ ਚਰਨ ਅਸ਼ਨਾਨ ਕਰਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਗੋਬਿੰਦ ਸੂਰਾ ਪੜਦੇ ਕੱਜਣ, ਸਿਰ ਸਭ ਦੇ ਹੱਥ ਟਿਕਾਇੰਦਾ । ਏਥੇ ਓਥੇ ਰੱਖੇ ਲੱਜਣ, ਲਾਜਾਵੰਤ ਆਪ ਹੋ ਜਾਇੰਦਾ । ਬੇਮੁਖ ਹੋ ਕੇ ਜੋ ਦਰ ਤੋਂ ਭੱਜਣ, ਤਿਨ੍ਹ ਧੱਕਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੀ ਸਿਖਿਆ ਗੁਰੂ ਗੁਰ ਧਾਮ, ਹਰਿ ਮੰਦਰ ਮਾਣ ਵਡਿਆਈਆ । ਗੁਰੂ ਗ੍ਰੰਥ ਗੁਰ ਮਾਰੇ ਬਾਣ, ਬਾਣੀ ਅਣਿਆਲਾ ਤੀਰ ਚਲਾਈਆ । ਬਾਣੀ ਕਰੇ ਗੁਰੂ ਪਹਿਚਾਨ, ਪਹਿਚਾਨ ਗੁਰੂ ਬਾਣੀ ਰੂਪ ਵਟਾਈਆ । ਦੋਹਾਂ ਮੇਲਾ ਵਿਚ ਜਹਾਨ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਗੁਰਦਵਾਰਾ ਜੂਠ ਝੂਠ ਨਾ ਹੋਵੇ ਪੀਣ ਖਾਣ, ਸਚ ਸੁੱਚ ਇਕ ਸਮਝਾਈਆ । ਮਦਿਰਾ ਕਰੇ ਨਾ ਕੋਇ ਪਾਨ, ਰਸ ਅੰਮ੍ਰਿਤ ਇਕ ਚਖਾਈਆ । ਵਿਭਚਾਰ ਨਾ ਕੋਇ ਕਮਾਣ, ਧੀ ਭੈਣ ਨਾ ਕੋਇ ਤਕਾਈਆ । ਜੇ ਕੋਈ ਭੁੱਲ ਗਿਆ ਵਿਚ ਜਹਾਨ, ਗੋਬਿੰਦ ਦੇਵਣਹਾਰ ਸਜ਼ਾਈਆ । ਮਾਇਆ ਮਮਤਾ ਨਾ ਕੋਇ ਅਭਿਮਾਨ, ਲੋਭ ਹੰਕਾਰ ਨਾ ਕੋਇ ਲੜਾਈਆ । ਗੁਰ ਦਰ ਵੜੇ ਨਾ ਕੋਇ ਸ਼ੈਤਾਨ, ਸ਼ਹਿਨਸ਼ਾਹ ਸਾਚਾ ਗਿਆ ਸਮਝਾਈਆ । ਗੁਰਸਿਖ ਹਿਰਸ ਨਾ ਰੱਖਣੀ ਪੀਣ ਖਾਣ, ਗੁਰ ਸੇਵਾ ਸੇਵ ਕਮਾਈਆ । ਗੋਬਿੰਦ ਰੱਖਣਾ ਚਰਨ ਧਿਆਨ, ਚਰਨ ਧਿਆਨ ਮਿਲੇ ਵਡਿਆਈਆ । ਭੁੱਲ ਨਾ ਜਾਣਾ ਬਣ ਅਞਾਣ, ਕਲਜੁਗ ਕਾਲਾ ਰਿਹਾ ਡਰਾਈਆ । ਗੋਬਿੰਦ ਖੰਡਾ ਰੱਖੇ ਵਿਚ ਮਿਆਨ, ਮੁੱਠ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਕਾਰ ਕਮਾਈਆ । ਜੁਗ ਜੁਗ ਕਾਰ ਕਰੇ ਕਰਤਾਰਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਕਲਜੁਗ ਆਏ ਅੰਤਮ ਵਾਰਾ, ਨੌਂ ਖੰਡ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਮੰਦਰ ਮਸਜਦ ਮਠ ਸ਼ਿਵਦਵਾਲੇ ਹਾਹਾਕਾਰਾ, ਗੁਰੂਦਵਾਰ ਗੁਰ ਗੁਰ ਰੂਪ ਨਾ ਕੋਇ ਵਖਾਇੰਦਾ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਵਿਚਾਰ ਨਾਲ ਵਿਚਾਰ ਨਾ ਕੋਇ ਮਿਲਾਇੰਦਾ । ਜਗਤ ਸਿਆਸਤ ਲੱਗਾ ਅਖਾੜਾ, ਮਨ ਮਤ ਬੁਧ ਨਾਚ ਨਚਾਇੰਦਾ । ਤ੍ਰੈਗੁਣ


੭੨੩
੧੨

ਅਗਨੀ ਲੱਗੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਗ੍ਰੰਥੀ ਪੰਥੀ ਤਪੇ ਤਨ ਅੰਗ ਅੰਗਿਆਰਾ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਨਾਨਕ ਅਰਜਣ ਸਾਂਤ ਠਾਂਡਾ ਦਰਬਾਰਾ, ਗੋਬਿੰਦ ਸੀਤਲ ਧਾਰ ਰਖਾਇੰਦਾ । ਭਰਮੇ ਭੁਲਿਆ ਸਰਬ ਸੰਸਾਰਾ, ਭਰਮ ਗੜ੍ਹ ਨਾ ਕੋਇ ਤੁੜਾਇੰਦਾ । ਸਿਖ ਨਾਲ ਸਿਖ ਨਾ ਕਰੇ ਪਿਆਰਾ, ਸਿਖ ਦਾ ਦੁੱਖ ਗੁਰ ਕੋਲੋਂ ਝੱਲਿਆ ਨਾ ਜਾਇੰਦਾ । ਸਤਿਗੁਰ ਪੂਰਾ ਸਭ ਦਾ ਵਣਜਾਰਾ, ਦੋਹਾਂ ਏਕਾ ਹੱਟ ਵਿਕਾਇੰਦਾ । ਕਲਜੁਗ ਕਰੇ ਫੜ ਦੋ ਫਾੜਾ, ਦੋਹੀ ਹੱਥੀਂ ਚੀਰ ਪੁਵਾਇੰਦਾ । ਸੰਮਤ ਉਨੀ ਇਕ ਨੌਂ ਕੱਢੇ ਹਾੜਾ, ਨੌਂ ਦਰ ਸਰਬ ਹਲਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਵਰਤੇ ਭਗਵਾਨ, ਭਾਵੀ ਆਪਣੇ ਹੱਥ ਰਖਾਈਆ । ਦੇਵਣਹਾਰਾ ਸੱਚਾ ਦਾਨ, ਗੋਬਿੰਦ ਮੀਤਾ ਸਿਫ਼ਤ ਸਾਲਾਹੀਆ । ਕਲਜੁਗ ਅੰਤ ਬਣੇ ਨਾਦਾਨ, ਗੁਰਮੁਖ ਬੁਧ ਨਾ ਕੋਇ ਵਡਿਆਈਆ । ਹਰਿ ਮੰਦਰ ਮਦਿਰਾ ਹੋਇਆ ਪੀਣ ਖਾਣ, ਹਰਿ ਜੂ ਹਰਿ ਹਰਿ ਗਏ ਭੁਲਾਈਆ । ਕੁਵਾਰੀ ਕੰਨਿਆ ਤੱਕਣ ਇਕ ਰਕਾਨ, ਨੈਣ ਨੈਣ ਨੈਣ ਉਠਾਈਆ । ਸਤਿਗੁਰ ਪੂਰਾ ਮਾਰਨਹਾਰਾ ਬਾਣ, ਅੰਗ ਅੰਗ ਦਏ ਭੰਨਾਈਆ । ਗੁਰ ਕਾ ਸਿਖ ਨਾ ਹੋਏ ਬੇਈਮਾਨ, ਬੇਮੁਖ ਗੁਰ ਦਰ ਰਹਿਣ ਨਾ ਪਾਈਆ । ਗੁਰਸਿਖ ਗੁਰੂ ਉਤੋਂ ਹੋਣ ਕੁਰਬਾਨ, ਗੁਰੂ ਕੁਰਬਾਨ ਗੁਰਸਿਖਾਂ ਉਤੋਂ ਆਪਣਾ ਆਪ ਕਰਾਈਆ । ਜਿਸ ਨੇ ਅੰਮ੍ਰਿਤ ਭੇਟਾ ਦਿਤਾ ਦਾਨ, ਸੋ ਦਾਤਾ ਦਾਨੀ ਵੇਖ ਵਖਾਈਆ । ਕਲਜੁਗ ਅੰਤਮ ਸਾਰੇ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸੰਮਤ ਵੀਹ ਸੌ ਉਨੀ ਬਿਕ੍ਰਮੀ ਧੱਕੇ ਸਾਰੇ ਖਾਣ, ਧੀਰਜ ਧੀਰ ਨਾ ਕੋਇ ਧਰਾਈਆ । ਵੀਹ ਸੌ ਵੀਹ ਬਿਕ੍ਰਮੀ ਕਿਰਪਾ ਕਰੇ ਆਪ ਭਗਵਾਨ, ਮਨ ਮਤ ਦਏ ਗਵਾਈਆ । ਗੁਰਮਤ ਦੇਵੇ ਇਕ ਗਿਆਨ, ਦੂਈ ਦਵੈਤੀ ਬਾਹਰ ਕਢਾਈਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਗੁਰਮੁਖਾਂ ਬਣਾਏ ਇਕ ਵਿਧਾਨ, ਪੰਚਮ ਮੇਲਾ ਮੇਲੇ ਸਹਿਜ ਸੁਭਾਈਆ । ਸਭਨਾਂ ਦੱਸੇ ਇਕ ਨਿਸ਼ਾਨ, ਗੋਬਿੰਦ ਨਿਸ਼ਾਨਾ ਇਕ ਝੁਲਾਈਆ । ਰਾਜੇ ਰਾਣੇ ਮੰਨਣ ਆਣ, ਨਾ ਕੋਈ ਸਕੇ ਸੀਸ ਉਠਾਈਆ । ਪੁਰਖ ਅਕਾਲ ਅਕਾਲ ਅਕਾਲ ਸਾਰੇ ਗਾਣ, ਰਸਨਾ ਜਿਹਵਾ ਢੋਲਾ ਗਾਈਆ । ਆਤਮ ਪਰਮਾਤਮ ਮਿਲੇ ਆਣ, ਮਿਲ ਮਿਲ ਖ਼ੁਸ਼ੀ ਮਨਾਈਆ । ਹਿੰਦੂ ਮੁਸਲਮ ਸਿਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬੈਠਣ ਇਕ ਮਕਾਨ, ਸਚ ਦਵਾਰਾ ਇਕ ਵਖਾਈਆ । ਗੁਰਮੁਖ ਕਦੇ ਨਾ ਹੋਏ ਹੈਰਾਨ, ਚਿੰਤਾ ਸੋਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖੇ ਘਰ ਘਰ ਕਲਜੁਗ ਅੰਤਮ ਫੇਰਾ ਪਾਈਆ ।

✳ ੧੭ ਭਾਦਰੋਂ ੨੦੧੯ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✳

ਸਚਖੰਡ ਦਵਾਰਾ ਸਾਚਾ ਘਰ, ਮਹੱਲ ਅਟੱਲ ਇਕ ਰੁਸ਼ਨਾਈਆ । ਸੋ ਪੁਰਖ ਨਿਰੰਜਣ ਬੈਠਾ ਚੜ੍ਹ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਈਆ । ਹਰਿ ਪੁਰਖ ਨਿਰੰਜਣ ਇਕੋ ਦਰ, ਆਦਿ ਜੁਗਾਦਿ ਵਡ ਵਡਿਆਈਆ । ਏਕੰਕਾਰਾ ਨਾ ਜਨਮੇ ਨਾ ਜਾਏ ਮਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਜੋਤ ਧਰ, ਦਰਗਹਿ ਸਾਚੀ ਬੈਠਾ ਕਰ ਰੁਸ਼ਨਾਈਆ । ਸ੍ਰੀ ਭਗਵਾਨ ਫੜ ਲੜ, ਫੜਿਆ ਲੜ ਨਾ ਕੋਇ

ਛੁਡਾਈਆ । ਅਬਿਨਾਸ਼ੀ ਕਰਤਾ ਵਖਾਏ ਆਪਣਾ ਘਰ, ਗ੍ਰਿਹਿ ਮੰਦਰ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਸਾਚਾ ਨਰ, ਨਰ ਨਰਾਇਣ ਇਕ ਅਖਵਾਈਆ । ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਸੱਚਾ ਮਾਹੀਆ । ਸਚ ਸੁਵਾਣੀ ਚੁਕਾਏ ਡਰ, ਨਿਰਭੌ ਭੈ ਨਾ ਕੋਇ ਰਖਾਈਆ । ਏਕਾ ਵਾਰ ਲਏ ਵਰ, ਜਗਤ ਰੰਡੇਪਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਸਮਝਾਈਆ । ਸਾਚਾ ਘਰ ਸਚ ਮਹੱਲਾ, ਹਰਿ ਪੁਰਖ ਨਿਰੰਜਣ ਆਪ ਵਸਾਇੰਦਾ । ਵਸਣਹਾਰਾ ਇਕ ਇਕੱਲਾ, ਏਕੰਕਾਰਾ ਆਸਣ ਲਾਇੰਦਾ । ਆਦਿ ਜੁਗਾਦਿ ਜੁਗ ਜੁਗ ਫੜਾਏ ਆਪਣਾ ਪੱਲਾ, ਏਕਾ ਗੰਢ ਰਖਾਇੰਦਾ । ਨੂਰੀ ਜੋਤ ਨੂਰ ਰਲਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਸੰਦੇਸ ਏਕਾ ਘੱਲਾ, ਸਾਚੀ ਸਿਖਿਆ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਉਚ ਮਨਾਰਾ, ਸਚਖੰਡ ਸਾਚੇ ਵੱਜੇ ਵਧਾਈਆ । ਹਰਿ ਜੂ ਬੈਠਾ ਕਰ ਪਸਾਰਾ, ਬੇਅੰਤ ਬੇਪਰਵਾਹੀਆ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਖ਼ੁਦਾਈ ਪਰਵਰਦਿਗਾਰਾ, ਨੂਰੀ ਜਲਵਾ ਨੂਰ ਇਲਾਹੀਆ । ਮੁਕਾਮੇ ਹੱਕ ਖੇਲ ਅਪਾਰਾ, ਖੇਲਣਹਾਰ ਆਪ ਅਖਵਾਈਆ । ਦੇਵਣਹਾਰਾ ਸਚ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਡਿਆਈਆ । ਸਾਚਾ ਮੰਦਰ ਸੋਭਾਵੰਤ, ਥਿਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਨਿਰਾਕਾਰ ਬਣਾਏ ਬਣਤ, ਅਜੂਨੀ ਰਹਿਤ ਵੇਖ ਵਖਾਇੰਦਾ । ਅਨਭਵ ਪਰਕਾਸ਼ ਆਦਿ ਅੰਤ, ਬੇਪਰਵਾਹ ਆਪਣਾ ਆਪ ਕਰਾਇੰਦਾ । ਸਦਾ ਸੁਹੇਲਾ ਸਾਚਾ ਕੰਤ, ਕੰਤ ਕੰਤੂਹਲ ਨਾਉਂ ਰਖਾਇੰਦਾ । ਗੁਰਸਿਖ ਨਾਰ ਬਣਾਏ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਵਡਿਆਇੰਦਾ । ਸਾਚੇ ਮੰਦਰ ਹਰਿ ਜੂ ਚੜ੍ਹ, ਘਰ ਸਾਚਾ ਆਪ ਵਸਾਈਆ । ਏਕਾ ਅੱਖਰ ਆਪੇ ਪੜ੍ਹ, ਪੜ੍ਹ ਪੜ੍ਹ ਕਰੇ ਪੜ੍ਹਾਈਆ । ਆਪੇ ਲਾਏ ਆਪਣੀ ਜੜ੍ਹ, ਪੱਤ ਡਾਲ੍ਹੀ ਆਪ ਮਹਿਕਾਈਆ । ਆਪੇ ਵੇਖੇ ਵਿਗਸੇ ਖੜ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਹਰਿ ਨਿਰੰਕਾਰਾ, ਏਕਾ ਏਕ ਰਖਾਈਆ । ਸਚ ਦਵਾਰ ਸਾਚਾ ਰੰਗ, ਸਚਖੰਡ ਨਿਵਾਸੀ ਆਪ ਜਣਾਇੰਦਾ । ਸ਼ਬਦ ਰੰਗੀਲਾ ਇਕ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਨਿਰਵੈਰ ਵਜਾਏ ਸਚ ਮਰਦੰਗ, ਤਾਰ ਸਿਤਾਰ ਨਾ ਕੋਇ ਹਲਾਇੰਦਾ । ਆਪਣੀ ਕੂਟੇ ਆਪੇ ਲੰਘ, ਆਪੇ ਫੇਰਾ ਪਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰਖਾਇੰਦਾ । ਨਾ ਕੋਈ ਪਰਦਾ ਨਾ ਕੋਈ ਕੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਉਪਾਇੰਦਾ । ਸਾਚਾ ਘਰ ਉਪਮਾ ਯੋਗ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦੀ ਕਰੇ ਧੁਰ ਸੰਜੋਗ, ਬਣ ਸੰਜੋਗੀ ਮੇਲ ਮਿਲਾਈਆ । ਨਾਤਾ ਤੋੜੇ ਚੌਦਾਂ ਲੋਕ, ਤ੍ਰੈਭਵਨ ਨਾ ਕੋਇ ਵਡਿਆਈਆ । ਸਚ ਸੁਣਾਏ ਇਕ ਸਲੋਕ, ਸੋਹਲਾ ਢੋਲਾ ਆਪੇ ਗਾਈਆ । ਇਕ ਰਖਾਏ ਸਾਚਾ ਕੋਟ, ਘਰ ਸਾਚਾ ਬੰਕ ਸੁਹਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਦਏ ਗਵਾਈਆ । ਇਕ ਰਖਾਏ ਆਪਣੀ ਓਟ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਸਾਈਆ । ਸਾਚੇ ਘਰ ਵਸਣਹਾਰਾ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਜੁਗ ਜੁਗ ਖੇਲ ਕਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਪਾਵੇ


੭੨੫ ੧੨

ਸਾਰਾ, ਉਤਭੁਜ ਸੇਤਜ ਜੇਰਜ ਅੰਡਜ ਫੋਲ ਫੋਲਾਇੰਦਾ । ਰਾਤੀ ਰੁੱਤੀ ਥਿਤੀ ਜਾਣੇ ਵਾਰਾ, ਘੜੀ ਪਲ ਵੰਡ ਵੰਡਾਇੰਦਾ । ਲੇਖਾ ਜਾਣੇ ਸੂਰਜ ਚੰਨ ਰਵ ਸਸ ਸਤਾਰਾ, ਮੰਡਲ ਮੰਡਪ ਆਪਣੇ ਰੰਗ ਰੰਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਆਪ ਉਪਾਇੰਦਾ । ਬੋਧ ਅਗਾਧਾ ਬੋਲ ਜੈਕਾਰਾ, ਜੈ ਜੈਕਾਰਾ ਆਪਣਾ ਨਾਉਂ ਸੁਣਾਇੰਦਾ । ਸਚ ਸੰਦੇਸਾ ਦੇਵਣਹਾਰਾ, ਸਾਚੀ ਸਿਖਿਆ ਆਪ ਜਣਾਇੰਦਾ । ਗੁਰਮੁਖ ਗੁਰ ਗੁਰ ਨਾਰੀ ਕਰ ਪਿਆਰਾ, ਗੋਦ ਸੁਹੰਜਣੀ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਰਖਾਇੰਦਾ । ਇਕੋ ਮੰਦਰ ਇਕੋ ਆਸਾ, ਹਰਿ ਜੂ ਏਕਾ ਏਕ ਰਖਾਈਆ । ਇਕੋ ਗ੍ਰਿਹਿ ਇਕ ਭਰਵਾਸਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਏਕਾ ਪੁਰਖ ਪੁਰਖ ਅਬਿਨਾਸ਼ਾ, ਦੂਸਰ ਕੰਤ ਨਾ ਕੋਇ ਵਡਿਆਈਆ । ਏਕਾ ਭੋਗ ਭੋਗ ਬਲਾਸਾ, ਭਸਮੜ ਆਪਣੇ ਰੰਗ ਵਖਾਈਆ । ਏਕਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ਾ, ਸਾਚੇ ਤਖ਼ਤ ਵਸੇ ਸੱਚਾ ਮਾਹੀਆ । ਏਕਾ ਮੰਡਲ ਏਕਾ ਰਾਸਾ, ਏਕਾ ਗੋਪੀ ਕਾਹਨ ਨਚਾਈਆ । ਏਕਾ ਪ੍ਰਿਥਮੀ ਇਕ ਆਕਾਸ਼ਾ, ਗਗਨ ਗਗਨੰਤਰ ਇਕ ਸੁਹਾਈਆ । ਏਕਾ ਸਚਖੰਡ ਦਵਾਰ ਕਰੇ ਪਰਕਾਸਾ, ਪਰਕਾਸ਼ਵਾਨ ਸੱਚਾ ਮਾਹੀਆ । ਏਕਾ ਜਨਮ ਜਨਮ ਦੀ ਪੂਰੀ ਕਰੇ ਆਸਾ, ਨਿਰਾਸਾ ਕੋਇ ਰਹਿਣ ਨਾ ਪਾਈਆ । ਏਕਾ ਲੇਖੇ ਲਾਏ ਪਵਣ ਸਵਾਸਾ, ਪਵਣ ਪਵਣਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲਾ ਮੇਲ ਮਿਲਾਈਆ । ਪ੍ਰਭ ਮਿਲਣ ਦਾ ਚਾਉ ਘਨੇਰਾ, ਮਨ ਇਕੋ ਓਟ ਤਕਾਈਆ । ਸਾਹਿਬ ਸੁਲਤਾਨ ਮਿਲੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਲੱਖ ਚੁਰਾਸੀ ਚੁੱਕੇ ਝੇੜਾ, ਅਵਣ ਗਵਣ ਦਏ ਮਿਟਾਈਆ । ਮੈਂ ਨਿਮਾਣੀ ਬੰਨ੍ਹੇ ਬੇੜਾ, ਬੇੜਾ ਆਪਣੇ ਕੰਧ ਉਠਾਈਆ । ਇਕੋ ਵਸੇ ਸੱਚਾ ਖੇੜਾ, ਜਿਸ ਘਰ ਵਸੇ ਸੱਚਾ ਮਾਹੀਆ । ਨਾਤਾ ਤੁਟੇ ਤੇਰਾ ਮੇਰਾ, ਮੇਰਾ ਤੇਰਾ ਕੋਇ ਰਹਿਣ ਨਾ ਪਾਈਆ । ਨਾ ਕੋਈ ਸੰਝ ਨਾ ਸਵੇਰਾ, ਏਕਾ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਸਮਝਾਈਆ । ਸਾਚਾ ਘਰ ਏਕੰਕਾਰ, ਆਪਣਾ ਆਪ ਜਣਾਈਆ । ਉਠ ਸਖ਼ੀ ਕਰ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਗਨ ਮਨਾਏ ਪਹਿਲੀ ਵਾਰ, ਲੋਕਮਾਤ ਫੇਰਾ ਪਾਈਆ । ਬਣੇ ਵਿਚੋਲਾ ਏਕੰਕਾਰ, ਅਕਲ ਕਲ ਬੇਪਰਵਾਹੀਆ । ਨੈਣ ਨਾਈ ਨਾ ਕੀਤਾ ਕੋਇ ਤਿਆਰ, ਸੌਹਰੇ ਪੇਈਏ ਆਪੇ ਹੋ ਹੋ ਆਈਆ । ਸਚ ਸੰਦੇਸਾ ਦੇਵੇ ਆਪਣੀ ਧਾਰ, ਧਾਰ ਧਾਰ ਨਾਲ ਪਰਗਟਾਈਆ । ਨੇਤਰ ਵੇਖੇ ਖੋਲ੍ਹ ਉਘਾੜ, ਅੱਖ ਅੱਖ ਨਾਲ ਮਿਲਾਈਆ । ਪਰਤੱਖ ਹੋ ਪਰਵਰਦਿਗਾਰ, ਜਲਵਾ ਨੂਰ ਦਏ ਦਰਸਾਈਆ । ਇਕ ਮਹੱਲ ਅਟੱਲ ਮਨਾਰ, ਊਚੋ ਊਚ ਦਏ ਵਖਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਸੱਚਾ ਯਾਰ, ਯਾਰੀ ਏਕਾ ਦਏ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਸਾਚਾ ਘਰ ਖੋਲ੍ਹੇ ਦਰਵਾਜ਼ਾ, ਹਰਿ ਦਰਦੀ ਦਰਦ ਵੰਡਾਇੰਦਾ । ਆਦਿ ਜੁਗਾਦੀ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਰਾਉ ਰੰਕ ਖੇਲ ਕਰਾਇੰਦਾ । ਸਰਗੁਣ ਪਿਛੇ ਨਿਰਗੁਣ ਫਿਰੇ ਭਾਜਾ, ਦੋ ਜਹਾਨਾਂ ਪੰਧ ਮੁਕਾਇੰਦਾ । ਗੁਰਮੁਖ ਸੁਵਾਣੀ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਕਰਨੀ ਕਰਤਾ ਆਪ ਕਮਾਇੰਦਾ । ਦੇਸ ਸੁਹਾਇਆ ਇਕੋ ਮਾਝਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਰਾਤੀਂ ਸੁੱਤਿਆਂ ਮਾਰੇ ਵਾਜਾਂ, ਗ਼ਫ਼ਲਤ ਵਿਚ ਬੇਦਾਰ ਕਰਾਇੰਦਾ ।


੭੨੬
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਕਰ ਤਿਆਰ, ਘਰ ਘਰ ਵਿਚ ਦਏ ਵਡਿਆਈਆ । ਪੁਰਖ ਅਬਿਨਾਸ਼ੀ ਸਚ ਪਿਆਰ, ਪ੍ਰੇਮ ਪਿਆਰ ਇਕ ਸਿਖਾਈਆ । ਆਤਮ ਪਰਮਾਤਮ ਦਏ ਆਧਾਰ, ਏਕਾ ਦੂਜਾ ਬੰਧਨ ਤੁੜਾਈਆ । ਪਾਰਬ੍ਰਹਮ ਬ੍ਰਹਮ ਖੇਲ ਨਿਆਰ, ਨਿਰਗੁਣ ਨਿਰਾਕਾਰ ਆਪ ਵਖਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰ, ਧੁੰਨ ਆਤਮਕ ਆਪ ਸੁਣਾਈਆ । ਸੁਰਤੀ ਸ਼ਬਦ ਇਕ ਵਿਹਾਰ, ਬਿਵਹਾਰੀ ਆਪ ਜਣਾਈਆ । ਸਾਚੀ ਸਖ਼ੀਆਂ ਮੰਗਲਚਾਰ, ਗੀਤ ਗੋਬਿੰਦ ਅਲਾਈਆ । ਨੇਤਰ ਨੈਣ ਦਏ ਉਘਾੜ, ਪਰਤੱਖ ਰੂਪ ਗੋਸਾਈਆਂ । ਕਰੇ ਖੇਲ ਆਪ ਕਰਤਾਰ, ਦੂਸਰ ਸੰਗ ਨਾ ਕੋਇ ਰਖਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਈਆ । ਜਨ ਭਗਤਾਂ ਲਏ ਉਠਾਲ, ਫੜ ਬਾਂਹੋਂ ਆਪ ਉਠਾਈਆ । ਸਾਚਾ ਮਾਰਗ ਇਕ ਸਖਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਵਿਚੋਲਾ ਬਣੇ ਸੱਚਾ ਮਾਹੀਆ । ਅੰਦਰ ਬਾਹਰ ਫਿਰੇ ਨਾਲ ਨਾਲ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਸਚ ਦਵਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਪਰਨਾਈਆ । ਹਰਿਜਨ ਸਾਚੇ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਕਰੇ ਪਿਆਰ, ਪ੍ਰੇਮ ਪਿਆਰਾ ਵੇਸ ਵਟਾਇੰਦਾ । ਗੁਰਮੁਖ ਗੁਰਸਿਖ ਵੇਖੇ ਸਖ਼ੀ ਸਾਚੀ ਨਾਰ, ਸਾਖਿਆਤ ਰੂਪ ਧਰਾਇੰਦਾ । ਜਨਮ ਕਰਮ ਦੀ ਮੈਲ ਦਏ ਉਤਾਰ, ਦੁਰਮਤ ਆਪ ਧੁਵਾਇੰਦਾ । ਤਨ ਭੂਸ਼ਨ ਕਰੇ ਸਚ ਸ਼ੰਗਾਰ, ਨਾਮ ਰੰਗੀਲਾ ਰੰਗ ਰੰਗਾਇੰਦਾ । ਨੇਤਰ ਕਜਲਾ ਏਕਾ ਧਾਰ, ਸਤਿ ਸੰਤੋਖੀ ਆਪ ਜਣਾਇੰਦਾ । ਮੀਂਢੀ ਗੁੰਦੇ ਪਹਿਲੀ ਵਾਰ, ਸੀਸ ਜਗਦੀਸ ਹੱਥ ਟਿਕਾਇੰਦਾ । ਸਗਨ ਮਨਾਏ ਵਿਚ ਸੰਸਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਅੰਗ ਲਗਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਜਿਸ ਦੀ ਓਟ ਰੱਖਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਇੰਦਾ । ਸੋ ਸਾਹਿਬ ਸੱਚਾ ਸਿਰਜਣਹਾਰ, ਸਿਰ ਸਿਰ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਗੁਰਮੁਖ ਸੱਜਣ ਲਏ ਭਾਲ, ਲੱਖ ਚੁਰਾਸੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸਚ ਪਸਾਰਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਲੋਕਮਾਤ ਖੇਲੇ ਖੇਲ ਖੇਲਣਹਾਰਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਗੁਰਮੁਖ ਸੱਜਣ ਕਰ ਤਿਆਰਾ, ਮਜਨ ਧੂੜੀ ਚਰਨ ਦਏ ਕਰਾਈਆ । ਆਪੇ ਆਇਆ ਪੜਦੇ ਕੱਜਣਹਾਰਾ, ਸਚ ਦੁਸ਼ਾਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਸਾਚਾ ਘਰ ਦਏ ਵਖਾਈਆ । ਗੁਰਮੁਖ ਨਾਰੀ ਹਰਿ ਸ਼ੰਗਾਰ, ਸਤਿ ਸਤਿਗੁਰ ਆਪ ਕਰਾਇੰਦਾ । ਕਲਜੁਗ ਆਈ ਅੰਤਮ ਵਾਰ, ਅੰਤ ਕੰਤ ਵੇਸ ਵਟਾਇੰਦਾ । ਭਗਵੰਤ ਹੋਇਆ ਆਪ ਕਰਤਾਰ, ਨਿਰੰਕਾਰ ਆਪਣਾ ਖੇਲ ਕਰਾਇੰਦਾ । ਸਚ ਦਵਾਰੇ ਖੋਲ੍ਹ ਕਿਵਾੜ, ਕੁੰਡਾ ਆਪਣੀ ਹੱਥੀਂ ਲਾਹਿੰਦਾ । ਓਥੇ ਨਾ ਕੋਈ ਪੁਰਖ ਨਾ ਕੋਈ ਨਾਰ, ਜਗਤ ਸੇਜ ਨਾ ਕੋਇ ਹੰਢਾਇੰਦਾ । ਪੁੱਤਰ ਧੀ ਨਾ ਕੋਇ ਪਿਆਰ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣਾ ਪਰਦਾ ਆਪ ਉਠਾਇੰਦਾ । ਸੁਣਨਹਾਰਾ ਇਕ ਗੁਫ਼ਤਾਰ, ਅੰਦਰੇ ਅੰਦਰ ਰਾਗ ਅਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸੁਣਾਇੰਦਾ । ਸਾਚੀ ਸਿਖਿਆ ਲੈਣੀ ਜਾਣ, ਹਰਿ ਸਤਿਗੁਰ ਆਪ ਜਣਾਈਆ । ਪੁਰਖ ਅਬਿਨਾਸ਼ੀ ਮਿਲੇ ਆਣ, ਕਰ ਕਿਰਪਾ ਮੇਲ ਮਿਲਾਈਆ । ਬਾਲੀ ਬੁਧ ਵੇਖੇ ਨਾਦਾਨ, ਨੰਨ੍ਹੀ ਆਪਣੀ ਗੋਦ ਉਠਾਈਆ । ਖੇਲੇ ਖੇਲ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਸਚਖੰਡ ਨਿਵਾਸੀ ਇਕ ਵਖਾਏ ਸਚ ਮਕਾਨ, ਸਾਚਾ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਜਣਾਈਆ । ਜੋਤ ਅਕਾਲਣ ਦੱਸੇ ਦਰ, ਗੁਰਮੁਖ ਸਖ਼ੀ ਰਹੀ ਸਮਝਾਈਆ । ਉਠ ਸਹੇਲੀ ਵਰ ਲੈ ਵਰ, ਪ੍ਰਭ ਆਇਆ ਸੱਚਾ ਮਾਹੀਆ । ਜਗਤ ਚੁਕਾ ਭੌ ਡਰ, ਭੈ ਅਵਰ ਨਾ ਕੋਇ ਰਖਾਈਆ । ਸਰਨ ਸਰਨਾਈ ਸਾਚੀ ਪੜ੍ਹ, ਕੋਝੀ ਕਮਲੀ ਲਏ ਗਲ ਲਾਈਆ । ਪੁਰਖ ਅਕਾਲ ਇਕੋ ਨਰ, ਨਰ ਨਰਾਇਣ ਇਕ ਅਖਵਾਈਆ । ਵਸਣਹਾਰਾ ਸਾਚੇ ਘਰ, ਘਰ ਆਪਣੇ ਦਏ ਬਹਾਈਆ । ਅੱਗੇ ਹੋ ਹੋ ਫੜ ਲੈ ਲੜ, ਫੜਿਆ ਲੜ ਛੁਟ ਨਾ ਜਾਈਆ । ਸਾਚੀ ਸੇਜੇ ਜਾਣਾ ਚੜ੍ਹ, ਚੜ੍ਹ ਕੇ ਉਤਰ ਫੇਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਦਰਸਾਈਆ । ਜੋਤ ਅਕਾਲਣ ਦੱਸੇ ਹਾਲ, ਗੁਰਸਿਖ ਸਖ਼ੀ ਆਪ ਸਮਝਾਈਆ । ਪੁਰਖ ਅਬਿਨਾਸ਼ੀ ਆਇਆ ਦੀਨ ਦਿਆਲ, ਬੇਅੰਤ ਬੇਪਰਵਾਹੀਆ । ਜਿਸ ਮਿਲਿਆ ਨਾ ਖਾਏ ਕਾਲ, ਮਹਾਕਾਲ ਨਾ ਭੈ ਵਖਾਈਆ । ਨਾਤਾ ਤੁੱਟੇ ਤ੍ਰੈਗੁਣ ਮਾਇਆ ਜਾਲ, ਜੀਵਣ ਜੁਗਤ ਦਏ ਜਣਾਈਆ । ਰਾਤੀਂ ਸੁੱਤਿਆਂ ਪੁਛੇ ਹਾਲ, ਜਾਗਦਿਆਂ ਆਪਣਾ ਘਰ ਵਖਾਈਆ । ਇਕ ਵਖਾਏ ਸੱਚੀ ਧਰਮਸਾਲ, ਧਰਮ ਦਵਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਜੋਤ ਅਕਾਲਣ ਸਚ ਸਚ ਦੱਸੇ, ਸੱਚੇ ਮਾਹੀ ਹਾਲ ਸੁਣਾਇਆ । ਕਲਜੁਗ ਰੈਣ ਅੰਧੇਰੀ ਮੱਸੇ, ਚਾਰੋਂ ਕੁੰਟ ਅੰਧੇਰਾ ਛਾਇਆ । ਜੀਵ ਜੰਤ ਫਿਰਨ ਨੱਸੇ, ਨੌਂ ਖੰਡ ਫੇਰਾ ਪਾਇਆ । ਸਾਧ ਸੰਤ ਮਾਇਆ ਫਸੇ, ਪੱਲੂ ਸਕੇ ਨਾ ਕੋਇ ਛੁਡਾਇਆ । ਡੂੰਘੇ ਕੀਚੜ ਜਗਤ ਧਸੇ, ਸਕੇ ਕੋਇ ਨਾ ਬਾਹਰ ਕਢਾਇਆ । ਮੈਂ ਫਿਰ ਕੇ ਆਈ ਮਦੀਨੇ ਮੱਕੇ, ਮਕਬਰਾ ਰੂਪ ਵਟਾਇਆ । ਚਾਰ ਯਾਰੀ ਕੋਇ ਨਾ ਤੱਕੇ, ਮੁਹੰਮਦ ਨੈਣ ਨਾ ਕੋਇ ਉਠਾਇਆ । ਈਸਾ ਮੂਸਾ ਪੈਂਦੇ ਧੱਕੇ, ਧੀਰਜ ਧੀਰ ਨਾ ਕੋਇ ਰਖਾਇਆ । ਅੱਲਾ ਰਾਣੀ ਪਰਦਾ ਕੋਇ ਨਾ ਢਕੇ, ਨੱਕ ਸੁਹਾਗ ਨਾ ਕੋਇ ਬਣਾਇਆ । ਚਾਰੋਂ ਕੁੰਟ ਸਿਰ ਖੇਹ ਪੈਂਦੀ ਘੱਟੇ, ਘਾਟਾ ਪੂਰ ਨਾ ਕੋਇ ਕਰਾਇਆ । ਕਿਸੇ ਕੰਮ ਨਾ ਆਏ ਪੱਥਰ ਪਾਹਨ ਵੱਟੇ, ਪੂਜਸ ਸਿਲਾ ਨਾ ਪਾਰ ਕਰਾਇਆ । ਪੰਜ ਤਤ ਕਾਇਆ ਬੁੱਤ ਪਏ ਖੱਤੇ, ਖਾਤਾ ਆਪਣਾ ਨਾ ਕਿਸੇ ਭਰਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਹੱਕੇ ਬੱਕੇ, ਪ੍ਰਭ ਜੀ ਆਪਣਾ ਖੇਲ ਰਚਾਇਆ । ਸਾਰੇ ਲਿਖ ਲਿਖ ਦੇ ਗਏ ਪੱਤੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਾਹ ਚਲਾਇਆ । ਚਾਰ ਯੁਗ ਚਾਰੋਂ ਕੁੰਟ ਫੜ ਫੜ ਅੰਦਰ ਸਾਰੇ ਡੱਕੇ, ਬਾਹਰ ਕੋਈ ਸਕੇ ਨਾ ਮੁਖ ਕਢਾਇਆ । ਪੁਰਖ ਅਬਿਨਾਸ਼ੀ ਇਕੋ ਨਕੇਲ ਪਾਏ ਨੱਕੇ, ਨਾਮ ਤੰਦੀ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਰਿਹਾ ਵਖਾਇਆ । ਜੋਤ ਅਕਾਲਣ ਕਰੇ ਇਸ਼ਾਰਾ, ਗੁਰਮੁਖ ਸਖ਼ੀ ਰਹੀ ਸਮਝਾਈਆ । ਉਠ ਪਿਆਰੀ ਕਰ ਦੀਦਾਰਾ, ਪ੍ਰੀਤਮ ਆਇਆ ਸੱਚਾ ਮਾਹੀਆ । ਜਿਸ ਦਾ ਕਿਸੇ ਹੱਥ ਨਾ ਆਇਆ ਕਿਨਾਰਾ, ਗੁਰ ਅਵਤਾਰ ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਛੁਡਾਈਆ । ਜਿਸ ਨੂੰ ਕਹਿੰਦੇ ਗਏ ਬੇਐਬ ਪਰਵਰਦਿਗਾਰਾ, ਮੁਕਾਮੇ

ਹੱਕ ਨੂਰ ਇਲਾਹੀਆ । ਜਿਸ ਦੀ ਨਾਰ ਬਣ ਬਣ ਸੇਵਾ ਕਰਦੇ ਗਏ ਵਿਚ ਸੰਸਾਰਾ, ਨਿਵਣ ਸੋ ਅੱਖਰ ਇਕ ਸਮਝਾਈਆ । ਜਿਸ ਦਾ ਮਹੱਲ ਅਟੱਲ ਲੱਭਦੇ ਗਏ ਮਨਾਰਾ, ਨਿਹਚਲ ਧਾਮ ਨਜ਼ਰ ਨਾ ਆਈਆ । ਸੋ ਸਾਹਿਬ ਪਰਗਟ ਹੋਇਆ ਵਿਚ ਸੰਸਾਰਾ, ਨਿਹਕਲੰਕ ਆਪਣਾ ਨਾਉਂ ਰਖਾਈਆ । ਖੋਲ੍ਹਣਹਾਰਾ ਸਚ ਦਵਾਰਾ, ਘਰ ਬੰਕ ਦਏ ਵਡਿਆਈਆ । ਕਰੇ ਕਰਾਏ ਸਚ ਪਿਆਰਾ, ਪਰਮ ਪ੍ਰੀਤੀ ਇਕ ਸਿਖਾਈਆ । ਵਾਹ ਵਾ ਵੱਜਦੀ ਰਹੇ ਸਤਾਰਾ, ਸਤਿ ਸਤਿਵਾਦੀ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਜੋਤ ਅਕਾਲਣ ਦੱਸੇ ਰਾਹ, ਨੈਣ ਨੈਣਾਂ ਨਾਲ ਮਿਲਾਈਆ । ਪਾਰਬ੍ਰਹਮ ਪ੍ਰਭ ਆਇਆ ਬੇਪਰਵਾਹ, ਨਿਰਗੁਣ ਆਪਣਾ ਵੇਸ ਵਟਾਈਆ । ਗੁਰਮੁਖ ਸਖ਼ੀ ਦੇਵੇ ਸਚ ਸਲਾਹ, ਸਲਾਹਗੀਰ ਸਿਫ਼ਤ ਸਾਲਾਹੀਆ । ਕਲਜੁਗ ਅੰਤਮ ਭੁੱਲ ਨਾ ਜਾ, ਭੁੱਲਿਆਂ ਠੌਰ ਕੋਇ ਨਾ ਆਈਆ । ਲੱਖ ਚੁਰਾਸੀ ਟੁੱਟਣਹਾਰਾ ਨਕਾਹ, ਬੀਵੀ ਖ਼ਾਵੰਦ ਨਾ ਕੋਇ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਨੇਤਰ ਰੋਵਣ ਮਾਰਨ ਧਾਹ, ਬੌਹੜੀ ਬੌਹੜੀ ਰਹੇ ਕੁਰਲਾਈਆ । ਪਰਵਰਦਿਗਾਰ ਸਭ ਦਾ ਫ਼ਾਤਿਆ ਰਿਹਾ ਪੜ੍ਹਾ, ਫ਼ਤਹਿ ਡੰਕਾ ਇਕ ਵਜਾਈਆ । ਲੱਖ ਚੁਰਾਸੀ ਸੁਰਤ ਸਵਾਣੀ ਸਾਚੀ ਮੀਂਢੀ ਨਾ ਸਕੀ ਗੁੰਦਾ, ਰੰਗਲਾ ਰੰਗ ਨਾ ਕੋਇ ਚੜ੍ਹਾਈਆ । ਇਕ ਪ੍ਰੀਤਮ ਸਕੀ ਨਾ ਕੋਈ ਮਨਾ, ਚਾਰੋਂ ਕੁੰਟ ਫਿਰੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤ ਅਕਾਲਣ ਖੋਲ੍ਹੇ ਜਾਗ, ਜਾਗਰਤ ਜੋਤ ਇਕ ਜਗਾਈਆ । ਗੁਰਮੁਖ ਸਖੀ ਘਰ ਲਗਾ ਭਾਗ, ਪ੍ਰਭ ਆਇਆ ਸੱਚਾ ਮਾਹੀਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਮਿਟਾਈਆ ।
੭੨੯ ਹੰਸ ਬਣਾਏ ਫੜ ਫੜ ਕਾਗ, ਕਾਗੋਂ ਹੰਸ ਉਡਾਈਆ । ਤ੍ਰੈਗੁਣ ਅਗਨੀ ਬੁਝੇ ਆਗ, ਸਾਂਤਕ ਸਤਿ ਕਰਾਈਆ । ਸਤਿ ਉਪਜਾਏ ਇਕ ਵੈਰਾਗ, ੭੨੯
੧੨ ਬਿਰਹੋਂ ਤੀਰ ਚਲਾਈਆ । ਨੱਥ ਵਖਾਏ ਇਕ ਸੁਹਾਗ, ਸੋ ਪੁਰਖ ਨਿਰੰਜਣ ਆਪ ਘੜਾਈਆ । ਹੰ ਬ੍ਰਹਮ ਪਾਰਬ੍ਰਹਮ ਪ੍ਰਭ ਪਕੜੇ ਵਾਗ, ਵਾਗਾਂ ੧੨
ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਜੋਤ ਅਕਾਲਣ ਫੜ ਫੜ ਬਾਂਹ, ਗੁਰਮੁਖ ਨਾਰ ਰਹੀ ਉਠਾਈਆ । ਉਠ ਉਠ ਨੇਤਰ ਮਾਰ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਪਾਰਬ੍ਰਹਮ ਪ੍ਰਭ ਹੋਇਆ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਕੋਟ ਜਨਮ ਦੇ ਬਖ਼ਸ਼ੇ ਗੁਨਾਹ, ਬਖ਼ਸ਼ਣਹਾਰ ਸੱਚਾ ਸ਼ਹਿਨਸ਼ਾਹੀਆ । ਤੇਰੀ ਕੀਤੀ ਘਾਲ ਲੇਖੇ ਲਵੇ ਪਾ, ਕੀਤੀ ਘਾਲ ਪਾਏ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਰਿਹਾ ਦਰਸਾਈਆ । ਗੁਰਸਿਖ ਸਖੀ ਨੇਤਰ ਰੋ, ਨੈਣਾਂ ਨੀਰ ਵਹਾਈਆ । ਕਲਜੁਗ ਚਾਰ ਕੁੰਟ ਕਿਤੇ ਨਾ ਮਿਲਿਆ ਢੋਆ ਢੋ, ਦਰ ਦਰ ਫਿਰ ਫਿਰ ਥੱਕੀ ਮਾਂਦੀ ਆਪਣਾ ਆਪ ਰਹੀ ਗਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਿਲੀ ਨਾ ਸੱਚੀ ਸੋ, ਸੋਭਾ ਕੋਇ ਨਾ ਮੋਹੇ ਸੁਣਾਈਆ । ਦੁਰਮਤ ਮੈਲ ਨਾ ਦੇਵੇ ਕੋਈ ਧੋ, ਅਠਸਠ ਨੀਰ ਰਹੇ ਸ਼ਰਮਾਈਆ । ਅੰਮ੍ਰਿਤ ਮੇਘ ਦੇਵੇ ਨਾ ਕੋਇ ਚੋ, ਸਾਚਾ ਰਸ ਨਾ ਕੋਇ ਚਖਾਈਆ । ਮੇਰੇ ਅੰਧੇਰੇ ਕਰੇ ਨਾ ਕੋਇ ਲੋ, ਅੰਧ ਅੰਧੇਰ ਨਾ ਕੋਇ ਗਵਾਈਆ । ਮੈਂ ਆਪਣਾ ਆਪ ਬੈਠੀ ਖੋਹ, ਖਾਲੀ ਹੱਥ ਰਹੀ ਵਖਾਈਆ । ਮੈਂ ਜਗਤ ਕੰਤ ਲਿਆ ਜੋਹ, ਵੇਲੇ ਅੰਤ ਸੰਗ ਨਾ ਕੋਇ ਰਖਾਈਆ । ਨਾ ਕੋਈ ਦੇਵੇ ਢੋਆ ਢੋ, ਢੋਲਕ ਛੈਣੇ ਵਜਾਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ

ਵੇਲਾ ਆਪਣਾ ਦਰ ਲਏ ਵਖਾਈਆ । ਗੁਰਸਿਖ ਸਖੀ ਮਾਰ ਚੀਕ, ਆਪਣਾ ਆਪ ਗਵਾਇਆ । ਨੌਂ ਸੌ ਚੁਰਾਨਵੇਂ ਚੌਕੜੀ ਰੱਖਦੀ ਰਹੀ ਉਡੀਕ,
ਮੇਰਾ ਪੰਧ ਨਾ ਕਿਸੇ ਮੁਕਾਇਆ । ਭੈਣ ਭਾਈ ਸਾਕ ਸੱਜਣ ਮਾਤ ਪਿਤ ਦੇਵਰ ਜੇਠ ਬਣੇ ਸ਼ਰੀਕ, ਜਗਤ ਸ਼ਿਰਕਤ ਇਕ ਵਧਾਇਆ । ਚਾਰੋਂ
ਕੁੰਟ ਅੰਧੇਰਾ ਤਾਰੀਕ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਜੁਗ ਜੁਗ ਖੇੜੇ ਕੋਟਨ ਕੋਟ ਵਸੇ ਉਜੜੇ ਹਰਿ ਕਾ ਘਰ ਕਿਸੇ ਨਾ ਦੱਸਿਆ ਠੀਕ,
ਗੁਰ ਅਵਤਾਰ ਪੀਰ ਪੈਗ਼ੰਬਰ ਉਂਗਲਾਂ ਨਾਲ ਗਏ ਸਮਝਾਇਆ । ਸਾਰੇ ਰੱਖ ਕੇ ਗਏ ਉਡੀਕ, ਕਲਜੁਗ ਅੰਤ ਧਿਆਨ ਲਗਾਇਆ । ਕਿਸੇ
ਸਚ ਨਾ ਦੱਸੀ ਤਰੀਕ, ਲੇਖਾ ਲਿਖਤ ਨਾ ਕੋਇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਮੋਹੇ ਨਿਮਾਣੀ ਗਲੇ ਲਗਾਇਆ । ਗੁਰਸਿਖ ਸਖੀ ਮਾਰੇ ਧਾਹ, ਜਗਤ ਧੌਲਰ ਕੰਮ ਕਿਸੇ ਨਾ ਆਈਆ । ਆਪਣੀ ਪਤ ਸ੍ਰਿਸ਼ਟ ਸਬਾਈ ਬੈਠੀ
ਗਵਾ, ਮੇਰੀ ਲਾਜ ਨਾ ਕੋਇ ਰਖਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਫੇਰੇ ਆਈ ਪਾ, ਫੇਰੇ ਲਏ ਨਾ ਕੋਇ ਸੱਚਾ ਮਾਹੀਆ । ਘਰ
ਘਰ ਦਰ ਦਰ ਲੱਭਦੀ ਫਿਰੀ ਮੇਰਾ ਕਰੇ ਕੋਈ ਨਕਾਹ, ਮੁੱਖ ਪਰਦਾ ਦਏ ਉਠਾਈਆ । ਮੇਰੀ ਸੇਜ ਸੁਹੰਜਣੀ ਲਏ ਹੰਢਾ, ਹੰਡੋਲਾ ਝਕੋਲਾ ਇਕ
ਵਖਾਈਆ । ਘਰ ਬੇਪਰਵਾਹ ਮਿਲੇ ਆ, ਆ ਆਪਣੀ ਫੇਰੀ ਪਾਈਆ । ਮੇਰੀ ਡੁੱਬਦੀ ਨਈਆ ਲਏ ਤਰਾ, ਮੰਝਧਾਰ ਨਾ ਕੋਇ ਰੁੜ੍ਹਾਈਆ ।
ਜੇ ਭੁੱਲੀ ਬਖ਼ਸ਼ੇ ਸਰਬ ਗੁਨਾਹ, ਅਭੁੱਲ ਸੱਚਾ ਮੇਰਾ ਮਾਹੀਆ । ਕੱਖਾਂ ਕੁਲੀ ਦਏ ਵਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸੱਚਾ ਵਰ, ਤੇਰੀ ਇਕੋ ਆਸ ਰਖਾਈਆ । ਗੁਰਸਿਖ ਸਖੀ ਕਰ ਸ਼ੰਗਾਰ, ਤਨ ਆਪਣਾ ਆਪ ਰੰਗਾਈਆ । ਪ੍ਰਭ ਮਿਲਣ ਦਾ ਸਚ
੭੩੦ ਪਿਆਰ, ਇਕੋ ਓਟ ਤਕਾਈਆ । ਜੁਗ ਚੌਕੜੀ ਬੀਤੇ ਕੋਟਨ ਵਾਰ, ਕੋਟਨ ਕੋਟੀ ਵੇਸ ਵਟਾਈਆ । ਜਗਤ ਵਿਚੋਲੇ ਬਣਦੇ ਰਹੇ ਗੁਰੂ ਅਵਤਾਰ, ੭੩੦
੧੨ ਪੀਰ ਪੈਗ਼ੰਬਰ ਦੇਣ ਸਲਾਹੀਆ । ਪੜ੍ਹ ਪੜ੍ਹ ਥੱਕੀ ਵੇਦ ਚਾਰ, ਸ਼ਾਸਤਰ ਸਿਮਰਤ ਸਿਫ਼ਤ ਸਾਲਾਹੀਆ । ਪੁਰਾਨ ਅਠਾਰਾਂ ਕਰ ਕਰ ਵਿਚਾਰ, ੧੨
ਪੁਰਾਨ ਪੁਰਾਨੀ ਨਾ ਕੋਇ ਲੇਖੇ ਲਾਈਆ । ਗੀਤਾ ਗਿਆਨ ਜਗਤ ਆਧਾਰ, ਜੀਵਣ ਜੁਗਤ ਜੁਗਤ ਜਣਾਈਆ । ਅੰਜੀਲ ਕੁਰਾਨਾ ਖੇਲ ਅਪਾਰ,
ਜਗਤ ਹਦੀਸ ਕਰੇ ਪੜ੍ਹਾਈਆ । ਖਾਣੀ ਬਾਣੀ ਮਾਰੇ ਮਾਰ, ਅਣਿਆਲਾ ਤੀਰ ਚਲਾਈਆ । ਜਿਸ ਦੀ ਸਿਫ਼ਤ ਕਰਦੇ ਗਏ ਗੁਰ ਅਵਤਾਰ, ਰਸਨਾ
ਜਿਹਵਾ ਢੋਲਾ ਗਾਈਆ । ਸੋ ਸਾਹਿਬ ਮਿਲੇ ਆਣ, ਮੈਂ ਇਕੋ ਆਸ ਰਖਾਈਆ । ਬਿਨ ਨੇਤਰ ਕਰੇ ਪਛਾਣ, ਬਿਨ ਅੱਖੀਆਂ ਲਏ ਉਠਾਈਆ ।
ਬਿਨ ਮੰਗਿਆਂ ਦੇਵੇ ਦਾਨ, ਖ਼ਾਲੀ ਝੋਲੀ ਦਏ ਭਰਾਈਆ । ਮੇਰੇ ਲੇਖੇ ਲਾਏ ਪਰਾਣ, ਪਰਾਣ ਆਧਾਰੀ ਸੱਚਾ ਮਾਹੀਆ । ਮੈਂ ਬਾਲੀ ਨੱਢੀ ਅਞਾਣ,
ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਸ ਦਾ ਗੁਰੂ ਅਵਤਾਰ ਪੈਗ਼ੰਬਰ ਲਿਖ ਲਿਖ ਦੇ ਕੇ ਗਏ ਬਿਆਨ, ਬਿਆਨਾ ਆਪਣਾ ਨਾਉਂ ਰਖਾਈਆ ।
ਸੋ ਸਾਹਿਬ ਸਤਿਗੁਰ ਮਿਲੇ ਆਣ, ਸ੍ਰੀ ਭਗਵਾਨ ਫੇਰਾ ਪਾਈਆ । ਮੈਂ ਉਸ ਦੀ ਨਾਰ ਰਕ਼ਾਨ, ਦੂਸਰ ਅੰਗ ਨਾ ਕੋਇ ਛੁਹਾਈਆ । ਲੈ ਕੇ
ਜਾਏ ਸਚ ਮਕਾਨ, ਅਧਵਿਚਕਾਰ ਨਾ ਕੋਇ ਅਟਕਾਈਆ । ਪੀਰ ਪੈਗ਼ੰਬਰ ਸਾਰੇ ਕਰਨ ਸਲਾਮ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਗੁਰ
ਅਵਤਾਰ ਕਰਨ ਧਿਆਨ, ਵਾਹਵਾ ਵੱਜਦੀ ਜਾਏ ਵਧਾਈਆ । ਗੁਰਮੁਖ ਸਖੀ ਚੜ੍ਹੇ ਸਚ ਬਬਾਣ, ਪੁਰਖ ਅਬਿਨਾਸ਼ੀ ਆਪ ਚੜ੍ਹਾਈਆ । ਪਾਰ
ਕਰਾਏ ਦੋ ਜਹਾਨ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਓਥੇ ਝੁੱਲੇ ਸਚ ਨਿਸ਼ਾਨ, ਝੁਲਾਵਣਹਾਰ ਇਕ ਹੋ ਜਾਈਆ । ਤਖ਼ਤ ਬਹੇ ਨੌਜਵਾਨ,

੭੩੧
੧੨

ਬਿਰਧ ਬਾਲ ਨਾ ਰੂਪ ਵਟਾਈਆ । ਮੈਂ ਉਸ ਦੀ ਸੇਵਾ ਕਰਾਂ ਕਰ ਕਰ ਚਰਨ ਧਿਆਨ, ਦੂਜਾ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਬਹਾਈਆ । ਜੋਤ ਅਕਾਲਣ ਅੱਗੋਂ ਬੋਲ, ਗੁਰਮੁਖ ਸਖੀ ਰਹੀ ਸਮਝਾਈਆ । ਹਰਿ ਤੋਲਣਹਾਰਾ ਪੂਰਾ ਤੋਲ, ਅਤੁਲ ਨਾਉਂ ਧਰਾਈਆ । ਪ੍ਰੇਮ ਪਿਆਰੀ ਪੀਆ ਵਸੇ ਤੇਰੇ ਕੋਲ, ਤੇਰੀ ਆਸ ਪੁਜਾਈਆ । ਤੂੰ ਰਹਿਣਾ ਅੰਤ ਅਡੋਲ, ਸਕੇ ਕੋਇ ਨਾ ਮਾਤ ਡੁਲਾਈਆ । ਆਪਣਾ ਕੁੰਡਾ ਰਿਹਾ ਖੋਲ੍ਹ, ਬੰਦ ਤਾਕੀ ਪਰਦਾ ਦਏ ਉਠਾਈਆ । ਤੇਰੇ ਸੰਗ ਕਰੇ ਕੌਲ, ਕੌਲ ਆਪਣਾ ਪੂਰ ਕਰਾਈਆ । ਤੇਰੇ ਅੰਦਰ ਜਾਏ ਮੌਲ, ਮੌਲਾ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਹੀ ਜਣਾਈਆ । ਜੋਤ ਅਕਾਲਣ ਦੱਸੇ ਭੇਤ, ਆਪਣਾ ਭੇਵ ਖੁਲ੍ਹਾਇਆ । ਪੁਰਖ ਅਬਿਨਾਸ਼ੀ ਕਰਨ ਆਇਆ ਹੇਤ, ਕਲਜੁਗ ਅੰਤਮ ਵੇਸ ਵਟਾਇਆ । ਵੇਖਣਹਾਰਾ ਨੇਤਨ ਨੇਤ, ਨੇਤਰ ਆਪਣਾ ਇਕ ਖੁਲ੍ਹਾਇਆ । ਜਿਸ ਪਿਛੇ ਅਰਜਣ ਪਾਈ ਤਤੀ ਰੇਤ, ਸੋ ਗੁਰਮੁਖ ਸੀਤਲ ਧਾਰ ਵਹਾਇਆ । ਉਠ ਪਿਆਰੀ ਵੇਖ ਖੇਡ, ਪਰਮ ਪੁਰਖ ਆਪ ਵਖਾਇਆ । ਤੇਰੀ ਸੁਹਾਏ ਸੁਹੰਜਣੀ ਸੇਜ, ਫੂਲਨ ਬਰਖਾ ਏਕਾ ਲਾਇਆ । ਪਹਿਲੋਂ ਸ਼ਬਦ ਸਨੇਹੁੜਾ ਰਿਹਾ ਭੇਜ, ਸੋਹੰ ਢੋਲਾ ਇਕ ਸੁਣਾਇਆ । ਫੇਰ ਅਗਨ ਬੁਝਾਏ ਜਗਤ ਸ਼ਮਸ ਤਬਰੇਜ਼, ਤਬਾਅ ਆਪਣੀ ਲਏ ਬਦਲਾਇਆ । ਤੇਰੇ ਨਾਲ ਕਰੇ ਹੇਤ, ਹਿਤਕਾਰੀ ਆਪਣਾ ਨਾਉਂ ਧਰਾਇਆ । ਰੁੱਤ ਸੁਹਾਏ ਬਸੰਤੀ ਚੇਤ, ਫੁਲ ਫੁਲਵਾੜੀ ਆਪ ਮਹਿਕਾਇਆ । ਪਹਿਲੋਂ ਤੈਨੂੰ ਆਪਣੀ ਅੱਖੀਂ ਲਏ ਵੇਖ, ਫੇਰ ਨਾਤਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਇਆ । ਸੁਣ ਸਖ਼ੀ ਸਾਚੀ ਬਾਤ, ਜੋਤ ਅਕਾਲਣ ਰਹੀ ਜਣਾਈਆ । ਪੁਰਖ ਅਬਿਨਾਸ਼ੀ ਕਮਲਾਪਾਤ, ਨਿਰਗੁਣ ਆਪਣਾ ਖੇਲ ਕਰਾਈਆ । ਕਲਜੁਗ ਅੰਤਮ ਚੜ੍ਹਨਹਾਰਾ ਲੈ ਕੇ ਨਾਲ ਬਰਾਤ, ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹੀਆ । ਕਰ ਕਿਰਪਾ ਖੋਲ੍ਹ ਆਪਣਾ ਤਾਕ, ਬੰਦ ਪਰਦਾ ਦੇ ਉਠਾਈਆ । ਗੋਬਿੰਦ ਲਿਖਿਆ ਭਵਿਖਤ ਵਾਕ, ਲੇਖਾ ਲੇਖੇ ਲਏ ਲਗਾਈਆ । ਜਨ ਭਗਤਾਂ ਬਣਨ ਵਾਲਾ ਸਾਕ, ਸੱਜਣ ਆਪਣਾ ਨਾਉਂ ਧਰਾਈਆ । ਮੇਲਾ ਮੇਲੇ ਸਾਚੇ ਘਾਟ, ਪੱਤਣ ਆਵੇ ਸੱਚਾ ਮਾਹੀਆ । ਤੇਰਾ ਨਾਤਾ ਤੋੜੇ ਜ਼ਾਤ ਪਾਤ, ਊਚ ਨੀਚ ਨਾ ਕੋਇ ਰਖਾਈਆ । ਤੇਰਾ ਰੂਪ ਨਾ ਰਹੇ ਨਾਰ ਕਮਜ਼ਾਤ, ਕੁਲੱਖਣੀ ਨਾਉਂ ਨਾ ਕੋਇ ਵਡਿਆਈਆ । ਏਕਾ ਦੇਵੇ ਸਾਚੀ ਦਾਤ, ਦਾਤਾ ਦਾਨੀ ਆਪ ਵਰਤਾਈਆ । ਤੇਰੀ ਮਿਟਾਏ ਅੰਧੇਰੀ ਰਾਤ, ਆਪਣਾ ਨੂਰ ਕਰ ਰੁਸ਼ਨਾਈਆ । ਅੰਮ੍ਰਿਤ ਬੂੰਦ ਦੇ ਸਵਾਂਤ, ਤੇਰੀ ਅਗਨੀ ਅੱਗ ਬੁਝਾਈਆ । ਦਰਸਨ ਦੇਵੇ ਇਕ ਇਕਾਂਤ, ਦੂਸਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਗੁਰਮੁਖ ਤੇਰੀ ਸਚ ਪ੍ਰੀਤ, ਪਰਮ ਪੁਰਖ ਆਪ ਨਿਭਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਗੁਰੂਦਵਾਰਾ ਇਕੋ ਇਕ ਵਖਾਇੰਦਾ । ਘਰ ਵਿਚ ਘਰ ਵਖਾਏ ਇਕ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਖੀ ਸਾਚਾ ਮੇਲਾ ਆਪ ਕਰਾਏ ਸੱਜਣ ਸੁਹੇਲਾ ਘਰ ਸਾਚੇ ਆਪ ਬਹਾਇੰਦਾ । ਸਾਚਾ ਘਰ ਸਚ ਨਗਾਰਾ, ਹਰਿ ਸਾਚਾ ਸਚ ਵਜਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਾਕਾਰ ਆਪ ਵਖਾਈਆ । ਗੁਰਮੁਖ ਖੋਲ੍ਹੇ ਬੰਦ ਕਿਵਾੜਾ, ਭੇਵ ਅਭੇਦ ਜਣਾਈਆ ।

ਧੁਰਦਰਗਾਹੀ ਬਣੇ ਸੱਚਾ ਲਾੜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅਸਵ ਘੋੜਾ ਕਰ ਤਿਆਰਾ, ਆਸਣ ਸਿੰਘਾਸਣ ਸੋਭਾ ਪਾਈਆ । ਸੋਲਾਂ ਇਛਿਆ ਭਰ ਭੰਡਾਰਾ, ਸੋਲਾਂ ਕਲੀਆਂ ਗੰਢ ਪੁਵਾਈਆ । ਤੰਗ ਕਸੇ ਪਹਿਲੀ ਵਾਰਾ, ਜ਼ੀਨ ਪਾਖਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਧਾਰ ਚਲਾਈਆ । ਸਚਖੰਡ ਉਠੇ ਸ਼ਾਹਸਵਾਰ, ਸ਼ਹਿਨਸ਼ਾਹ ਆਪਣਾ ਬਲ ਰਖਾਇੰਦਾ । ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਲਏ ਵਿਚਾਰ, ਦੋ ਜਹਾਨਾਂ ਨੈਣ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਕਰੇ ਖ਼ਬਰਦਾਰ, ਬੇਖ਼ਬਰ ਆਪ ਜਗਾਇੰਦਾ । ਗਣ ਗੰਧਰਬ ਵਜਾਇਣ ਸਿਤਾਰ, ਕਿੰਨਰ ਯਛਪ ਆਪ ਨਚਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾਓ ਵਾਰ, ਵਾਰਤਾ ਆਪਣੀ ਆਪ ਸੁਣਾਇੰਦਾ । ਉਠੋ ਵੇਖੋ ਨੇਤਰ ਕਰੋ ਦੀਦਾਰ, ਨੈਣ ਨੈਣਾਂ ਆਪ ਵਖਾਇੰਦਾ । ਕਲਜੁਗ ਆਏ ਅੰਤਮ ਵਾਰ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਨਿਹਕਲੰਕਾ ਹੋ ਤਿਆਰ, ਸਾਚਾ ਡੰਕਾ ਨਾਦ ਵਜਾਇੰਦਾ । ਸਚ ਮਹੱਲਾ ਕਰ ਤਿਆਰ, ਇਕ ਇਕੱਲਾ ਆਪ ਵਖਾਇੰਦਾ । ਛੱਤੀ ਯੁਗ ਦਾ ਲਾਹ ਲਾਹ ਭਾਰ, ਛੱਤੀ ਛੱਤੀ ਬੰਧਨ ਪਾਇੰਦਾ । ਸਾਢੇ ਤਿੰਨ ਤਿੰਨ ਹੱਥ ਮਨਾਰ, ਸਮਰਥ ਆਪ ਪਰਗਟਾਇੰਦਾ । ਅੰਦਰ ਵੜ ਬਹੇ ਨਿਰੰਕਾਰ, ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਦੇਵੇ ਆਪ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਔਂਦੇ ਜਾਂਦੇ ਵੇਖੇ ਵਾਰੋ ਵਾਰ, ਨੇਤਰ ਨੈਣ ਨਾ ਬੰਦ ਕਰਾਇੰਦਾ । ਸਾਚੀ ਸਖੀ ਕਰ ਪਿਆਰ, ਸੇਜ ਸੁਹੰਜਣੀ ਆਪ ਸੁਹਾਇੰਦਾ । ਭਗਤ ਦਵਾਰਾ ਇਕ ਅਪਾਰ, ਪੁਰਖ ਅਬਿਨਾਸ਼ੀ ਕਰ ਤਿਆਰ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਪਿਛਲਾ ਕੀਤਾ ਵਣਜ ਵਪਾਰ, ਆਪ ਆਪਣਾ ਉਤੋਂ ਵਾਰ, ਧੂੜੀ ਖ਼ਾਕ ਸਮਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਸਤਿਜੁਗ ਤ੍ਰੇਤਾ ਦਵਾਪਰ ਵੇਖੇ ਵਾਰੋ ਵਾਰ, ਕਲਜੁਗ ਅੰਤਮ ਲੇਖ ਚੁਕਾਇੰਦਾ । ਕਰੇ ਖੇਲ ਆਪ ਕਰਤਾਰ, ਪੁਰਖ ਅਬਿਨਾਸ਼ੀ ਬਣ ਭਤਾਰ, ਗੁਰਮੁਖ ਨਾਰੀ ਆਪ ਪਰਨਾਇੰਦਾ । ਸਤਿ ਸਤਿਵਾਦੀ ਸਾਚੀ ਕਾਰ, ਦੋਏ ਦੋਏ ਰੂਪ ਵਿਚ ਸੰਸਾਰ, ਦੋਏ ਅੰਕ ਕਰ ਤਿਆਰ, ਜੋੜੀ ਜੋੜ ਜੋੜ ਜੁੜਾਇੰਦਾ । ਸਾਤਾ ਦੂਆ ਇਕ ਵਿਹਾਰ, ਬਹੱਤਰਾਂ ਕਰੇ ਆਪ ਸ਼ੰਗਾਰ, ਸੀਸ ਜਗਦੀਸ ਹੱਥ ਰਖਾਇੰਦਾ । ਸੇਜੇ ਚੜ੍ਹਿਆ ਪਹਿਲੀ ਵਾਰ, ਆਪ ਆਪਣੇ ਅੰਗ ਲਗਾਇੰਦਾ । ਸੱਤਰਾਂ ਤੋੜੇ ਨਾਤਾ ਜਗਤ ਕੁਵਾਰ, ਕੁਵਾਰਾਪਨ ਨਾ ਕੋਇ ਰਖਾਇੰਦਾ । ਚੁਹੱਤਰਾਂ ਭਰਿਆ ਸਚ ਭੰਡਾਰ, ਵਸਤ ਆਪਣੀ ਆਪ ਵਰਤਾਇੰਦਾ । ਸਾਚੇ ਡੋਲੇ ਆਪੇ ਚਾੜ੍ਹ, ਬਣ ਕਹਾਰ ਕੰਧ ਉਠਾਇੰਦਾ । ਸੌਹਰੇ ਪੇਈਏ ਜਾਏ ਵਾਰੋ ਵਾਰ, ਬਣ ਪਾਂਧੀ ਫੇਰਾ ਪਾਇੰਦਾ । ਸਗਨ ਮਨਾਏ ਵਿਚ ਸੰਸਾਰ, ਮੁੱਖ ਮੁਖੜਾ ਆਪ ਸੁਹਾਇੰਦਾ । ਪਾਣੀ ਵਾਰ ਆਪਣੀ ਧਾਰ, ਜੋਤੀ ਮਾਤਾ ਨਾਲ ਰਖਾਇੰਦਾ । ਮਿਠਾ ਰਸ ਦਏ ਖੁਵਾਲ, ਦੂਜੀ ਵਿਖ ਨਾ ਕੋਇ ਚਖਾਇੰਦਾ । ਕਰ ਕਿਰਪਾ ਸਾਚੇ ਘਰ ਦਏ ਬਹਾਲ, ਹਰਿ ਹਰਿ ਆਪਣਾ ਸ਼ੁਕਰ ਮਨਾਇੰਦਾ । ਮੁਖ ਤੋਂ ਘੁੰਗਟ ਦਏ ਉਠਾਲ, ਲੱਖ ਚੁਰਾਸੀ ਪਰਦਾ ਆਪੇ ਢਾਹਿੰਦਾ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਨਾਰੀ ਕਰ ਪਿਆਰੀ ਜਗਤ ਕੁਵਾਰੀ ਸਦਾ ਰੱਖੇ ਆਪਣੇ ਨਾਲ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਅੰਤ ਨਾ ਖਾਏ ਕਾਲ, ਧਰਮ ਰਾਏ ਨਾ ਦਏ ਜ਼ਵਾਲ, ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਆਪ ਬਹਾਇੰਦਾ । ਸਾਚੇ ਘਰ ਅੰਤਮ ਬਹਿਣਾ, ਹਰਿ ਸਾਚਾ ਦਏ ਵਡਿਆਈਆ । ਗੁਰਮੁਖ ਮੰਨਣਾ ਇਕੋ ਕਹਿਣਾ, ਕਹਿ ਕਹਿ ਆਪ ਜਣਾਈਆ ।

੭੩੨ ੧੨

ਪ੍ਰਭ ਸਰਨਾਈ ਸਾਚੀ ਰਹਿਣਾ, ਦੂਜੀ ਓਟ ਨਾ ਕੋਇ ਰਖਾਈਆ । ਆਪ ਚੁਕਾਏ ਲਹਿਣਾ ਦੇਣਾ, ਦੇਵਣਹਾਰ ਹਰ ਘਟ ਥਾਈਆ । ਬਸਤਰ ਪਾਏ ਨਾਮ ਗਹਿਣਾ, ਸਚ ਸ਼ੰਗਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਘਰ ਵਸਾਈਆ । ਸਾਚੇ ਘਰ ਵਸੇ ਗੁਰਮੁਖ ਪੂਰਾ, ਸਤਿਗੁਰ ਪੂਰਾ ਆਪ ਵਸਾਈਆ । ਸਿੰਘ ਪਾਲ ਨਾ ਹੋਇਆ ਦੂਰਾ, ਸਵਰਨ ਮਿਲੀ ਸਚ ਵਡਿਆਈਆ । ਮਨਜੀਤੇ ਰੰਗਿਆ ਸੱਚਾ ਚੂੜਾ, ਮਹਿੰਦੀ ਰੰਗਲੀ ਇਕ ਵਖਾਈਆ । ਜਗਦੀਸੇ ਚੜ੍ਹਿਆ ਰੰਗ ਗੂੜ੍ਹਾ, ਉਤਰ ਕਦੇ ਨਾ ਜਾਈਆ । ਸਿੰਘ ਗੁਰਦਿਆਲ ਬਣਿਆ ਸਾਚਾ ਸੂਰਾ, ਸੂਰਬੀਰ ਆਪਣਾ ਬਲ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤਮ ਕਰਿਆ ਕੌਲ ਪੂਰਾ, ਬਲ ਬਾਵਨ ਲੇਖੇ ਲਾਈਆ । ਸਚਖੰਡ ਦਵਾਰੇ ਚੜ੍ਹ ਕੇ ਉਚੀ ਕੂਕ ਸੁਣਾਏ ਸਾਚੀ ਤੂਰਾ, ਗੁਰਮੁਖ ਸੁਣੋ ਸੱਚੇ ਭਾਈਆ । ਪ੍ਰਭ ਅੰਤਮ ਮੇਲੇ ਜ਼ਰੂਰਾ, ਜ਼ਰੂਰਤ ਸਭ ਦੀ ਪੂਰ ਕਰਾਈਆ । ਮੈਨੂੰ ਲੋਕਮਾਤ ਕਹਿੰਦੇ ਰਹੇ ਮੂਰਖ ਮੂੜ੍ਹਾ, ਮੈਂ ਗੁਰ ਪੀਰ ਅਵਤਾਰ ਦਿਤੇ ਉਠਾਈਆ । ਮੈਂ ਝੱਟ ਵਖਾਇਆ ਇਕੋ ਘੂਰਾ, ਘੂਰੀ ਕਿਸੇ ਦੀ ਰਹਿਣ ਨਾ ਪਾਈਆ । ਪ੍ਰਭ ਦਿਤਾ ਇਕੋ ਨੂਰਾ, ਨੂਰੋ ਨੂਰ ਨੂਰ ਸਮਾਈਆ । ਗੁਰਸਿਖ ਸਖੀ ਤੇਰਾ ਭੰਨੇ ਨਾ ਕੋਇ ਚੂੜ੍ਹਾ, ਕੰਤ ਸੁਹਾਗ ਇਕ ਹੰਢਾਈਆ । ਆਦਿ ਜੁਗਾਦਿ ਜੁਗ ਜੁਗ ਸੂਰਾ, ਸੂਰਬੀਰ ਆਪ ਅਖਵਾਈਆ । ਸਦਾ ਸੁਹੇਲਾ ਸ਼ਬਦੀ ਬਚਨ ਪੂਰਾ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਸਚ ਸਹੇਲੀ ਦੱਸੇ ਇਕ, ਇਕੋ ਵਾਰ ਜਣਾਈਆ । ਜਿਸ ਲੇਖਾ ਤੇਰਾ ਮੇਰਾ ਦਿਤਾ ਲਿਖ, ਸੋ ਵੇਖਣਹਾਰ ਬੇਪਰਵਾਹੀਆ । ਰਲ ਮਿਲ ਮੰਗੀਏ ਦਰ ਤੋਂ ਭਿਖ, ਭਿਛਿਆ ਦੇਵੇ ਪਾਈਆ । ਸਾਚੀ ਸਿਖਿਆ ਲਈਏ ਸਿਖ, ਏਕਾ ਕਰੇ ਸਚ ਪੜ੍ਹਾਈਆ । ਸਾਚਾ ਕੰਤ ਨਾ ਦੇਵੇ ਪਿਠ, ਕਰਵਟ ਆਪਣੀ ਲਏ ਬਦਲਾਈਆ । ਚਾਰ ਯੁਗ ਦੱਸਦੇ ਗਏ ਵਸੇ ਸਵਾ ਗਿਠ, ਗੁਰਮੁਖ ਨਾਰੀ ਸਾਢੇ ਤਿੰਨ ਹੱਥ ਅੰਗ ਲਗਾਈਆ । ਕਰ ਕਿਰਪਾ ਵੰਡ ਜਾਏ ਹਿੱਸ, ਹਿੱਸਾ ਸਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਪਾਏ ਰਹਿਮਾਨ, ਰਹਿਮਤ ਆਪਣੀ ਆਪ ਕਮਾਇੰਦਾ । ਖ਼ਾਵੰਦ ਬੀਵੀ ਕਰੇ ਪਰਵਾਨ, ਬੇਵਾ ਰੂਪ ਨਾ ਕੋਇ ਵਖਾਇੰਦਾ । ਮੁਕਾਮੇ ਹੱਕ ਵਖਾਏ ਮਕਾਨ, ਸਾਚਾ ਹੁਜਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਖੀ ਸਹੇਲੀ ਇਕ ਇਕੇਲੀ, ਵਸਣਹਾਰੀ ਰੰਗ ਨਵੇਲੀ, ਰੰਗ ਇਕੋ ਇਕ ਚੜ੍ਹਾਇੰਦਾ । ਰੰਗ ਨਵੇਲਾ ਚੜ੍ਹੇ ਵਟਣਾ, ਮਿਲ ਸਖ਼ੀਆਂ ਮੰਗਲ ਗਾਇਆ । ਜਿਸ ਨੂੰ ਕਹਿੰਦੇ ਵਾਸੀ ਪਟਣਾ, ਸੋ ਪ੍ਰਭ ਪੱਟੀ ਬੰਧਨ ਆਇਆ । ਜਿਸ ਨੂੰ ਕਹਿੰਦੇ ਵਸੇ ਪਨਘਟਨਾ, ਗੋਕਲ ਮਥਰਾ ਫੇਰਾ ਪਾਇਆ । ਜਿਸ ਨੂੰ ਕਹਿੰਦੇ ਰਾਮ ਦਸਰਥਨਾ, ਸੋ ਰਾਮ ਵੇਸ ਵਟਾਇਆ । ਜਿਸ ਨੂੰ ਈਸਾ ਮੂਸਾ ਟੇਕਣ ਮਥਨਾ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਜਿਸ ਨੂੰ ਮੁਹੰਮਦ ਕਹੇ ਵਸੇ ਮਦੀਨਾ ਮੱਕਨਾ, ਮੁਕਾਮ ਇਕੋ ਇਕ ਸਮਝਾਇਆ । ਜਿਸ ਨੂੰ ਕਹੇ ਨਾਨਕ ਨਿਰੰਕਾਰੀ ਰਹੇ ਸਚਖੰਡਨਾ, ਸਚਖੰਡ ਸਾਚਾ ਘਰ ਬਣਾਇਆ । ਜਿਸ ਨੂੰ ਗੋਬਿੰਦ ਕਹੇ ਮੇਰਾ ਪਿੱਤਨਾ, ਬਣ ਪੂਤ ਸੇਵ ਕਮਾਇਆ । ਸੋ ਕਲਜੁਗ ਅੰਤਮ ਜਨ ਭਗਤਾਂ ਸੰਗ ਕਰੇ ਹਿਤਨਾ, ਹਿਤਕਾਰੀ ਫੇਰਾ ਪਾਇਆ । ਲੱਖ ਚੁਰਾਸੀ ਜਾਣੇ ਗਤ ਮਿਤਨਾ, ਗਤ ਮਿਤ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਖ਼ੀ ਸਾਚੇ ਘਰ ਬਹਾਇਆ ।

੭੩੩
੧੨

### ✳ ੧੮ ਭਾਦਰੋਂ ੨੦੧੯ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਨਾਬੇਵਾਲ ਜ਼ਿਲਾ ਫਿਰੋਜ਼ਪੁਰ ✳

ਸਤਿਗੁਰ ਪੂਰਾ ਆਦਿ ਜੁਗਾਦਿ, ਇਕ ਇਕੱਲਾ ਖੇਲ ਕਰਾਇੰਦਾ । ਗੁਰ ਗੁਰ ਵਜਾਏ ਸਾਚਾ ਨਾਦ, ਅਨਾਦੀ ਹਰਿ ਪਰਗਟਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਦ, ਵਸਤ ਅਮੋਲਕ ਆਪ ਵਰਤਾਇੰਦਾ । ਸੰਤ ਸੁਹੇਲੇ ਸਾਚੇ ਲਾਧ, ਘਰ ਘਰ ਮੇਲ ਮਿਲਾਇੰਦਾ । ਗੁਰਮੁਖਾਂ ਮੇਟੇ ਤੀਨੋਂ ਤਾਪ, ਤ੍ਰੈਗੁਣ ਮਾਇਆ ਮੋਹ ਮਿਟਾਇੰਦਾ । ਗੁਰਮੁਖਾਂ ਦੇਵੇ ਸਾਚਾ ਜਾਪ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਆਤਮ ਪਰਮਾਤਮ ਸਾਚਾ ਪਾਠ, ਸਾਚੀ ਸਿਖਿਆ ਆਪ ਜਣਾਇੰਦਾ । ਘਰ ਸਰੋਵਰ ਅੰਮ੍ਰਿਤ ਠਾਠ, ਨਿਝਰ ਝਿਰਨਾ ਆਪ ਝਿਰਾਇੰਦਾ । ਮੇਟਣਹਾਰ ਅੰਧੇਰੀ ਰਾਤ, ਸਾਚਾ ਚੰਦ ਆਪ ਚਮਕਾਇੰਦਾ । ਨਾਮ ਨਿਧਾਨਾ ਏਕਾ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਮਹੱਲ ਅਟੱਲ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਆਪ ਆਪਣਾ ਮੇਲ ਮਿਲਾਇੰਦਾ । ਮੰਡਲ ਸਾਚੇ ਪਾਏ ਰਾਸ, ਨਿਰਗੁਣ ਗੋਪੀ ਕਾਹਨ ਨਚਾਇੰਦਾ । ਵੇਖਣਹਾਰਾ ਖੇਲ ਤਮਾਸ਼, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੀ ਕਾਰ ਕਮਾਇੰਦਾ । ਸਤਿਗੁਰ ਦਾਤਾ ਏਕੰਕਾਰ, ਇਕ ਇਕੱਲਾ ਵਡ ਵਡਿਆਈਆ । ਗੁਰ ਗੁਰ ਰੂਪ ਅਗੰਮ ਅਪਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਭਗਤ ਭਗਵੰਤ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਹਰਿ ਸੰਤ ਵਖਾਏ ਮਹੱਲ ਮਨਾਰ, ਊਚੋ ਊਚ ਬੇਪਰਵਾਹੀਆ । ਗੁਰਮੁਖਾਂ ਕਰੇ ਆਪ ਪਿਆਰ, ਗੁਰ ਗੁਰ ਗੋਦੀ ਗੋਦ ਸੁਹਾਈਆ । ਗੁਰਸਿਖਾਂ ਦੇਵੇ ਦਰਸ ਦੀਦਾਰ, ਨੇਤਰ ਨੈਣ ਨੈਣ ਮਿਲਾਈਆ । ਕਰੇ ਖੇਲ ਆਪ ਕਰਤਾਰ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਈਆ । ਹਰਿਜਨ ਸਾਚੇ ਲਏ ਉਭਾਰ, ਵੇਖਣਹਾਰਾ ਥਾਉਂ ਥਾਈਂਆ । ਕੂੜੀ ਕਿਰਿਆ ਮਾਰੇ ਮਾਰ, ਜੂਠਾ ਝੂਠਾ ਨਾਤਾ ਦਏ ਤੁੜਾਈਆ । ਇਕ ਵਖਾਏ ਠਾਂਡਾ ਦਰਬਾਰ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੇ ਮਾਹੀਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਗੁਰ ਗੁਰ ਦੇਵੇ ਆਪੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਭਗਤ ਭਗਵਾਨ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਸਾਚੇ ਸੰਤਾਂ ਦੇਵੇ ਇਕ ਗਿਆਨ, ਗਿਆਨ ਨੇਤਰ ਆਪ ਖੁਲ੍ਹਾਇੰਦਾ । ਗੁਰਮੁਖ ਬਣਾਏ ਚਤੁਰ ਸੁਜਾਨ, ਮੂਰਖ ਮੂੜ੍ਹ ਸਾਚੇ ਧੰਦੇ ਲਾਇੰਦਾ । ਗੁਰਸਿਖਾਂ ਲਹਿਣਾ ਦੇਣਾ ਚੁਕਾਏ ਆਣ, ਪੂਰਬ ਲੇਖਾ ਝੋਲੀ ਪਾਇੰਦਾ । ਨਾਮ ਨਿਰਾਲਾ ਮਾਰੇ ਬਾਣ, ਅਣਿਆਲਾ ਤੀਰ ਚਲਾਇੰਦਾ । ਨਿਰਗੁਣ ਸਰਗੁਣ ਕਰਾਏ ਸਚ ਪਹਿਚਾਣ, ਦੂਈ ਦਵੈਤੀ ਪਰਦਾ ਲਾਹਿੰਦਾ । ਅੰਮ੍ਰਿਤ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਸਤਿਗੁਰ ਪੂਰਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਖੇਲ ਕਰਾਈਆ । ਗੁਰ ਗੁਰ ਰੂਪ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜਨ ਭਗਤਾਂ ਕਰ ਜੋਤ ਪਰਕਾਸ਼, ਅੰਧ ਅੰਧੇਰ ਮਿਟਾਈਆ । ਸਾਚੇ ਸੰਤਾਂ ਦੇਵੇ ਸਾਚੀ ਰਾਸ, ਘਰ ਸਾਚੇ ਝੋਲੀ ਆਪ ਭਰਾਈਆ । ਗੁਰਮੁਖਾਂ ਪੂਰੀ ਕਰੇ ਆਸ, ਆਸਾ ਆਸਾ ਨਾਲ ਮਿਲਾਈਆ । ਗੁਰਸਿਖ ਕੱਟੇ ਤੇਰੀ ਜਮ ਜਮ ਫਾਸ, ਫਾਸੀ ਜਮ ਰਹਿਣ ਨਾ ਪਾਈਆ । ਜਗਤ ਵਿਕਾਰਾ ਕਰੇ ਨਾਸ, ਨਾਮ ਖੰਡਾ ਇਕ ਚਲਾਈਆ । ਹਉਮੇਂ ਹੰਗਤਾ ਕਰੇ ਘਾਤ, ਘਾਓ ਇਕੋ ਇਕ ਲਗਾਈਆ ।

ਲਹਿਣਾ ਚੁੱਕੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਲੜਾਈਆ । ਮੇਟੇ ਰੈਣ ਅੰਧੇਰੀ ਰਾਤ, ਅੰਧ ਅਗਿਆਨ ਦਏ ਗਵਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਇਕੋ ਇਕ ਜੁੜਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਅਗਨੀ ਤਤ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਈਆ । ਸਤਿਗੁਰ ਪੂਰਾ ਪਾਰਬ੍ਰਹਮ, ਆਦਿ ਜੁਗਾਦੀ ਇਕ ਅਖਵਾਇੰਦਾ । ਗੁਰ ਗੁਰ ਜਾਣੇ ਆਪਣਾ ਕਰਮ, ਨਿਹਕਰਮੀ ਕਰਮ ਜਣਾਇੰਦਾ । ਭਗਤ ਭਗਵਾਨ ਇਕੋ ਵਰਨ, ਦੂਜਾ ਵਰਨ ਨਾ ਕੋਇ ਸਮਝਾਇੰਦਾ । ਸਾਚੇ ਸੰਤਾਂ ਦੇਵੇ ਸਾਚੀ ਸਰਨ, ਸਰਨਗਤ ਇਕ ਵਖਾਇੰਦਾ । ਗੁਰਮੁਖਾਂ ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਵੇਖ ਵਖਾਇੰਦਾ । ਗੁਰਸਿਖਾਂ ਲਹਿਣਾ ਦੇਣਾ ਚੁੱਕੇ ਮਰਨ ਡਰਨ, ਜਨਮ ਮਰਨ ਭੌ ਮਿਟਾਇੰਦਾ । ਸਤਿਗੁਰ ਪੂਰਾ ਤਰਨੀ ਤਰਨ, ਤਾਰਨਹਾਰ ਇਕ ਅਖਵਾਇੰਦਾ । ਆਦਿ ਜੁਗਾਦੀ ਘਾੜਨ ਘੜਨ, ਘੜ ਘੜ ਭਾਂਡੇ ਭੰਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਨਾਉਂ ਰਖਾਇੰਦਾ । ਸਤਿਗੁਰ ਪੂਰਾ ਆਦਿ ਨਿਰੰਜਣ, ਏਕਾ ਏਕ ਵਡੀ ਵਡਿਆਈਆ । ਗੁਰ ਗੁਰ ਨਾਮ ਏਕਾ ਅੰਜਨ, ਨੇਤਰ ਨੈਣ ਧਾਰ ਵਖਾਈਆ । ਭਗਤ ਭਗਵਾਨ ਸੱਚਾ ਸੱਜਣ, ਮੀਤ ਮੁਰਾਰਾ ਆਪ ਅਖਵਾਈਆ । ਸਾਚੇ ਸੰਤ ਕਰਾਏ ਮਜਨ, ਚਰਨ ਧੂੜ ਅਸ਼ਨਾਨ ਵਖਾਈਆ । ਗੁਰਮੁਖਾਂ ਹੋਏ ਪਰਦੇ ਕੱਜਣ, ਨਾਮ ਦੁਸ਼ਾਲਾ ਉਤੇ ਪਾਈਆ । ਗੁਰਸਿਖ ਨੇਤਰ ਲੋਚਣ ਨੈਣ ਦਰਸ ਕਰ ਕਰ ਰੱਜਣ, ਜਗਤ ਤ੍ਰਿਸਨਾ ਭੁੱਖ ਬੁਝਾਈਆ । ਸ਼ਬਦ ਅਨਾਦੀ ਤਾਲ ਵਜਣ, ਨਾਮ ਨਗਾਰਾ ਇਕ ਸੁਣਾਈਆ । ਜਗਤ ਕਿਨਾਰਾ ਪਾਰ ਹੱਦਨ, ਮੰਝਧਾਰ ਨਾ ਕੋਇ ਰੁੜ੍ਹਾਈਆ । ਕਰੇ ਖੇਲ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਦਾ ਸਦਾ ਹੋਏ ਸਹਾਈਆ । ਸਤਿਗੁਰ ਪੂਰਾ ਚਾਰ ਯੁਗ, ਏਕਾ ਏਕ ਅਖਵਾਇੰਦਾ । ਗੁਰ ਗੁਰ ਦੇਵੇ ਨਾਮ ਲੁੱਟ, ਜਗਤ ਵਣਜਾਰਾ ਹੱਟ ਖੁਲ੍ਹਾਇੰਦਾ । ਭਗਤਾਂ ਦੇਵੇ ਨਾਮ ਅਤੁਟ, ਅਤੋਟ ਅਤੁਟ ਵਰਤਾਇੰਦਾ । ਸੰਤਾਂ ਦੇਵੇ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਗੁਰਮੁਖਾਂ ਕੱਢੇ ਕੂੜਾ ਖੋਟ, ਖੋਟੀ ਵਾਸਨਾ ਨਾ ਕੋਇ ਰਖਾਇੰਦਾ । ਗੁਰਸਿਖਾਂ ਖੋਲ੍ਹਣਹਾਰਾ ਸੋਤ, ਨੌਂ ਦਰ ਆਪੇ ਪਰਦਾ ਲਾਹਿੰਦਾ । ਨਾਮ ਜਪਾਏ ਬਿਨ ਰਸਨਾ ਹੋਟ, ਅਜਪਾ ਜਾਪ ਆਪ ਸਮਝਾਇੰਦਾ । ਲੇਖਾ ਜਾਣੇ ਓਤ ਪੋਤ, ਪਿਤਾ ਪੂਤ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਖੇਲ ਕਰਾਇੰਦਾ । ਸਤਿਗੁਰ ਸੱਚਾ ਸਾਹਿਬ ਸੁਲਤਾਨ, ਸਚਖੰਡ ਨਿਵਾਸੀ ਇਕ ਅਖਵਾਈਆ । ਗੁਰ ਗੁਰ ਦੇਵੇ ਵਰਭੰਡੀ ਦਾਨ, ਬ੍ਰਹਿਮੰਡੀ ਰਾਗ ਸੁਣਾਈਆ । ਭਗਤਾਂ ਦੇਵੇ ਭਗਵਾਨ ਨਿਸ਼ਾਨ, ਸਚ ਨਿਸ਼ਾਨਾ ਇਕ ਜਣਾਈਆ । ਸੰਤ ਵਖਾਏ ਸਤਿ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਗੁਰਮੁਖਾਂ ਮਾਰੇ ਅਣਿਆਲਾ ਬਾਣ, ਤਿੱਖੀ ਮੁਖੀ ਧਾਰ ਜਣਾਈਆ । ਗੁਰਮੁਖ ਗੁਰ ਗੁਰ ਮੇਲੇ ਆਣ, ਗੁਰਸਿਖ ਦੇਵਣਹਾਰ ਵਡਿਆਈਆ । ਜੁਗ ਜੁਗ ਖੇਲ ਕਰੇ ਜਹਾਨ, ਜੀਵਣ ਜੁਗਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾਤਾ ਏਕਾ ਸਿਫ਼ਤ ਸਾਲਾਹੀਆ । ਸਤਿਗੁਰ ਸੱਚਾ ਸਿਫ਼ਤ ਸਾਲਾਹ, ਸਿਫ਼ਤੀ ਸਿਫ਼ਤ ਵਿਚ ਨਾ ਆਇੰਦਾ । ਗੁਰ ਗੁਰ ਰੂਪ ਬਣ ਮਲਾਹ, ਨਿਰਗੁਣ ਸਰਗੁਣ ਬੇੜਾ ਆਪ ਚਲਾਇੰਦਾ । ਭਗਤ ਭਗਵੰਤ ਦਏ ਸਲਾਹ, ਸਾਚੇ ਮਾਰਗ ਆਪੇ ਲਾਇੰਦਾ । ਸੰਤ ਸਾਜਣ ਲਏ ਉਠਾ, ਉਠ ਉਠ ਗਲੇ ਲਗਾਇੰਦਾ । ਗੁਰਮੁਖ ਗੋਦ ਲਏ ਬਹਾ,

੭੩੬
੧੨

ਬਹਿ ਬਹਿ ਖ਼ੁਸ਼ੀ ਮਨਾਇੰਦਾ । ਗੁਰਮੁਖ ਗੁਰਸਿਖ ਸਾਚੇ ਲਏ ਪੜ੍ਹਾ, ਸਾਚੀ ਸਿਖਿਆ ਆਪ ਜਣਾਇੰਦਾ । ਧੁਰ ਦਾ ਲੇਖਾ ਦਏ ਵਖਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਭੁੱਖਿਆਂ ਭੁੱਖ ਦਏ ਗਵਾ, ਤ੍ਰਿਸਨਾ ਰੋਗ ਨਾ ਕੋਇ ਸਤਾਇੰਦਾ । ਰੁਠਿਆਂ ਜਗ ਲਏ ਮਨਾ, ਫੜ ਨੇਤਰ ਨੀਰ ਪੁੰਝਾਇੰਦਾ । ਰਾਹੋਂ ਘੁਥਿਆਂ ਰਾਹੇ ਦੇਵੇ ਪਾ, ਸਾਚਾ ਮਾਰਗ ਇਕ ਪਰਗਟਾਇੰਦਾ । ਜਗਤ ਲੁੱਟਿਆਂ ਲਏ ਬਚਾ, ਠੱਗ ਚੋਰ ਯਾਰ ਨੇੜ ਕੋਇ ਨਾ ਆਇੰਦਾ । ਰਾਤੀਂ ਸੁੱਤਿਆਂ ਲਏ ਉਠਾ, ਘਰ ਘਰ ਆਪਣਾ ਫੇਰਾ ਪਾਇੰਦਾ । ਬਿਨ ਪੁਛਿਆਂ ਆਪਣਾ ਪਤਾ ਦਏ ਬਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਹੋ ਆਇੰਦਾ । ਸਤਿਗੁਰ ਸੱਚਾ ਹਰਿ ਜੂ ਮੀਤ, ਮਿੱਤਰ ਪਿਆਰਾ ਹਰਿ ਅਖਵਾਈਆ । ਗੁਰ ਗੁਰ ਚਲਾਏ ਰੀਤ, ਲੋਕਮਾਤ ਵਡੀ ਵਡਿਆਈਆ । ਭਗਤ ਭਗਵੰਤ ਗਾਏ ਗੀਤ, ਗੀਤ ਗੋਬਿੰਦ ਸੁਣਾਈਆ । ਸੰਤ ਸੱਜਣ ਵਖਾਏ ਧਾਮ ਅਨਡੀਠ, ਮਹੱਲ ਅਟੱਲ ਰੁਸ਼ਨਾਈਆ । ਗੁਰਮੁਖਾਂ ਵਸੇ ਆਪੇ ਚੀਤ, ਚਿਤਵਿਤ ਠਗੋਰੀ ਕੋਇ ਨਾ ਪਾਈਆ । ਗੁਰਸਿਖਾਂ ਪਰਖਣਹਾਰਾ ਨੀਤ, ਨੀਤੀਵਾਨ ਸੱਚਾ ਮਾਹੀਆ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਸਦਾ ਸੁਹੇਲਾ ਸਾਚੀ ਬੰਨ੍ਹੇ ਇਕ ਪ੍ਰੀਤ, ਪਰਮ ਪੁਰਖ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਸੂਰਬੀਰ, ਬੀਰਤਾ ਆਪਣੀ ਆਪ ਰਖਾਇੰਦਾ । ਗੁਰ ਗੁਰ ਦੇਵੇ ਸਾਚੀ ਧੀਰ, ਧੀਰਜਵਾਨ ਦਇਆ ਕਮਾਇੰਦਾ । ਭਗਤ ਭਗਵਾਨ ਚੋਟੀ ਚਾੜ੍ਹ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਸੰਤਨ ਤੋੜ ਸ਼ਰਅ ਜ਼ੰਜੀਰ, ਸ਼ਰੀਅਤ ਆਪਣਾ ਰੂਪ ਵਖਾਇੰਦਾ । ਗੁਰਮੁਖਾਂ ਮੇਲਾ ਬੇਨਜ਼ੀਰ, ਨਜ਼ਰੀਆ ਨਜ਼ਰ ਨਾਲ ਮਿਲਾਇੰਦਾ । ਗੁਰਸਿਖਾਂ ਬਦਲਣਹਾਰਾ ਤਕਦੀਰ, ਤਦਬੀਰ ਆਪਣੀ ਆਪ ਜਣਾਇੰਦਾ । ਜੁਗ ਜੁਗ ਕੱਟਣਹਾਰਾ ਭੀੜ, ਔਝੜ ਰਾਹ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਖੇਲ ਕਰਾਇੰਦਾ । ਸਤਿਗੁਰ ਸੱਚਾ ਅਗੰਮ ਅਥਾਹ, ਭੇਵ ਅਭੇਦ ਨਾ ਕੋਇ ਜਣਾਈਆ । ਗੁਰ ਗੁਰ ਰੂਪ ਗਏ ਗਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਭਗਤ ਭਗਵਾਨ ਕਹਿਣ ਬੇਪਰਵਾਹ, ਅੰਤ ਕੋਇ ਨਾ ਪਾਈਆ । ਸੰਤ ਸੱਜਣ ਕਹਿਣ ਸੱਚਾ ਸ਼ਹਿਨਸ਼ਾਹ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਗੁਰਮੁਖ ਗੁਰ ਗੁਰ ਧਿਆਨ ਲਏ ਲਗਾ, ਧਿਆਨ ਧਿਆਨ ਵਿਚ ਟਿਕਾਈਆ । ਗੁਰਸਿਖ ਨਿਉਂ ਨਿਉਂ ਸੀਸ ਗਏ ਝੁਕਾ, ਝੁਕ ਝੁਕ ਆਪਣਾ ਮਾਣ ਮਿਟਾਈਆ । ਆਦਿ ਜੁਗਾਦੀ ਚਲੇ ਆਪਣੀ ਸਚ ਰਜ਼ਾ, ਰਜ਼ਾ ਆਪਣੇ ਹੱਥ ਰਖਾਈਆ । ਕਰ ਕਿਰਪਾ ਜਿਸ ਨੂੰ ਆਪਣੇ ਨਾਉਂ ਮਜ਼ਾ ਦਏ ਚਖਾ, ਲਜ਼ਤ ਇਕੋ ਇਕ ਵਖਾਈਆ । ਕਰ ਕਿਰਪਾ ਜਿਸ ਤਨ ਪਰਦਾ ਦਏ ਉਠਾ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਨੂੰ ਆਪਣੀ ਸੁਹਬਤ ਦਏ ਸੁਣਾ, ਸੋ ਗੁਰ ਪੀਰ ਅਖਵਾਈਆ । ਜਿਸ ਮੰਦਰ ਨੌਬਤ ਨਾਮ ਦਏ ਵਜਾ, ਤਿਸ ਹਰਿ ਮੰਦਰ ਦਏ ਵਡਿਆਈਆ । ਜਿਸ ਗ੍ਰਿਹ ਆਪਣਾ ਫੇਰਾ ਜਾਏ ਪਾ, ਤਿਸ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਪੁਰਖ ਅਕਾਲ, ਦਰ ਘਰ ਸਾਚੇ ਸੋਭਾ ਪਾਇੰਦਾ । ਗੁਰ ਗੁਰ ਰੂਪ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਕਿਰਪਾਨਿਧ ਕਿਰਪਨ ਆਪਣਾ ਹੁਕਮ ਵਰਤਾਇੰਦਾ । ਭਗਤ ਭਗਵੰਤ ਵਖਾਏ ਸੱਚੀ ਧਰਮਸਾਲ, ਦੀਪਕ ਜੋਤੀ ਇਕੋ

ਬਾਲ, ਨੂਰ ਨੁਰਾਨਾ ਨੂਰ ਦਸਾਇੰਦਾ । ਸੰਤਾਂ ਦੇਵੇ ਸਤਿ ਜਮਾਲ, ਕਰੇ ਖੇਲ ਆਪ ਕਮਾਲ, ਕਰਨੀ ਕਰਤਾ ਆਪ ਕਮਾਇੰਦਾ । ਗੁਰਮੁਖ ਵੇਖੇ ਛੋਟੇ ਲਾਲ, ਫਲ ਲਗਾਏ ਸਾਚੇ ਡਾਲ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਗੁਰਸਿਖਾਂ ਚਲੇ ਨਾਲ ਨਾਲ, ਏਥੇ ਓਥੇ ਕਰੇ ਪ੍ਰਿਤਪਾਲ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਆਦਿ ਜੁਗਾਦਿ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਵੇਸ ਵਟਾਇੰਦਾ । ਸਤਿਗੁਰ ਸੱਚਾ ਵੇਸ ਅਨੇਕ, ਅਕਲ ਕਲ ਧਾਰੀ ਆਪ ਵਟਾਈਆ । ਗੁਰ ਗੁਰ ਸਤਿਗੁਰ ਆਪੇ ਪੇਖ, ਪੇਖ ਪੇਖ ਖ਼ੁਸ਼ੀ ਮਨਾਈਆ । ਭਗਤ ਭਗਵਾਨ ਵਖਾਏ ਦੇਸ, ਦੇਸ ਦਸੰਤਰ ਸੋਭਾ ਪਾਈਆ । ਸੰਤ ਸਾਜਣ ਲਿਖੇ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਗੁਰਮੁਖ ਨਾਤਾ ਆਦਿ ਜੁਗਾਦਿ ਹਮੇਸ਼, ਹਰਿ ਸਤਿਗੁਰ ਆਪਣਾ ਬੰਧਨ ਪਾਈਆ । ਗੁਰਸਿਖ ਮੇਲਾ ਮੇਲੇ ਕਰ ਕਰ ਆਪਣਾ ਵੇਸ, ਨਿਤ ਨਵਿਤ ਸਾਚਾ ਹਿਤ ਆਪ ਜਣਾਈਆ । ਭੇਵ ਨਾ ਪਾਏ ਕੋਈ ਔਲੀਆ ਪੀਰ ਸ਼ੇਖ਼, ਮੁੱਲਾਂ ਕਾਜ਼ੀ ਦੇਣ ਦੁਹਾਈਆ । ਪੰਡਤ ਪਾਂਧੇ ਹੱਥ ਨਾ ਆਈ ਰੇਖ, ਰੇਖਾ ਵੇਖ ਵੇਖ ਬਾਰਾਂ ਕੁੰਡਲੀ ਰਾਸ ਨਾ ਕਿਸੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਸਤਿਗੁਰ ਪੂਰਾ ਸੱਚਾ ਸ਼ਾਹੋ, ਹਰਿ ਸੱਜਣ ਇਕ ਅਖਵਾਇੰਦਾ । ਕੋਟਨ ਕੋਟ ਗੁਰੂ ਗੁਰ ਦਰਿਆਓ, ਆਦਿ ਜੁਗਾਦਿ ਵਹਿਣ ਵਹਾਇੰਦਾ । ਕੋਟਨ ਕੋਟ ਭਗਤ ਭਗਵਾਨ ਦੇਵੇ ਨਾਉਂ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਕੋਟਨ ਕੋਟ ਸੰਤ ਹਰਿ ਕੰਤ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਇੰਦਾ । ਕੋਟਨ ਕੋਟ ਗੁਰਮੁਖਾਂ ਰੱਖੇ ਮਿਲਣ ਦਾ ਚਾਓ, ਚਾਓ ਘਨੇਰਾ ਇਕ ਜਣਾਇੰਦਾ । ਕੋਟਨ ਕੋਟ ਗੁਰਸਿਖਾਂ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਕੋਟਨ ਕੋਟ ਜੁਗ ਜੁਗ ਕਰੇ ਨਿਆਉਂ, ਨਿਆਂਕਾਰ ਆਪ ਹੋ ਆਇੰਦਾ । ਕੋਟਨ ਕੋਟ ਪੀਰ ਪੈਗ਼ੰਬਰ ਵੇਖੇ ਥਾਈਂ ਥਾਉਂ, ਜ਼ਿਮੀਂ ਅਸਮਾਨਾਂ ਫੇਰਾ ਪਾਇੰਦਾ । ਕੋਟਨ ਕੋਟ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਸਤਿਗੁਰ ਆਪ ਅਖਵਾਇੰਦਾ । ਸਤਿਗੁਰ ਸੱਚਾ ਹਰਿ ਜੂ ਆਪ, ਆਪ ਆਪੀਨੜਾ ਰੰਗ ਰੰਗਾਈਆ । ਆਦਿ ਜੁਗਾਦੀ ਵਡ ਪਰਤਾਪ, ਵਡ ਪਰਤਾਪੀ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਜਾਪ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਰਗੁਣ ਨਿਰਗੁਣ ਦੇ ਦੇ ਦਾਤ, ਦਇਆਵਾਨ ਦਇਆ ਕਮਾਈਆ । ਲੋਕਮਾਤ ਦੀ ਸਾਚੀ ਗਾਥ, ਅੱਖਰ ਅੱਖਰ ਨਾਉਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਰਾਹ ਚਲਾਈਆ । ਸਤਿਗੁਰ ਰਹਿਬਰ ਏਕਾ ਏਕ, ਰਹਿਮਤ ਆਪ ਕਮਾਇੰਦਾ । ਆਦਿ ਜੁਗਾਦੀ ਸਾਚੀ ਟੇਕ, ਜੁਗ ਜੁਗ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਛਿਨ ਮਾਤਰ ਦੇ ਦੇ ਆਪਣਾ ਭੇਤ, ਭੋਰਾ ਭੋਰਾ ਨਾਮ ਵਰਤਾਇੰਦਾ । ਭਾਗ ਲਗਾ ਪੰਜ ਤਤ ਕਾਇਆ ਖੇਤ, ਖੇਤੀ ਆਪਣੇ ਨਾਮ ਲਹਿਰਾਇੰਦਾ । ਅੰਮ੍ਰਿਤ ਝਿਰਨਾ ਚਰਨ ਕਵਲ ਝਿਰ ਝਿਰ ਦੇਵੇ ਸੇਤ, ਸਿੰਚ ਹਰੀ ਕਿਆਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਭੇਵ ਚੁਕਾਇੰਦਾ । ਆਪਣਾ ਭੇਵ ਸ੍ਰੀ ਭਗਵਾਨਾ, ਕਿਣਕਾ ਕਿਣਕਾ ਦਏ ਜਣਾਈਆ । ਗੁਰ ਅਵਤਾਰ ਹੋਣ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਕਵਣ ਦਵਾਰ ਵਸੇ ਮਕਾਨਾ, ਕਵਣ ਬਿਧ ਰਚਨ ਰਚਾਈਆ । ਕਵਣ ਧਾਰ ਸੁਣਾਏ ਤਰਾਨਾ, ਤਾਰ ਸਿਤਾਰ ਨਾ ਕੋਇ ਹਲਾਈਆ । ਕਵਣ ਰੂਪ ਕਰੇ ਖੇਲ ਦੋ ਜਹਾਨਾਂ, ਨਿਰਗੁਣ


੭੩੭ ੧੨

ਸਰਗੁਣ ਵੇਖ ਵਖਾਈਆ । ਬਿਨ ਵੇਖਿਆ ਹੋਏ ਹੈਰਾਨਾ, ਹਰਿ ਜੂ ਆਪਣਾ ਹੁਕਮ ਵਰਤਾਈਆ । ਕਰ ਕਿਰਪਾ ਦੇਵੇ ਚਰਨ ਧਿਆਨਾ, ਚਰਨ ਸਰਨ ਇਕ ਸਰਨਾਈਆ । ਚਾਰ ਯੁਗ ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਮੁੱਖ ਨਾ ਕਿਸੇ ਵਖਾਨਾ, ਚਰਨਾਂ ਉਪਰ ਧਿਆਨ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਊਚੋ ਊਚ, ਅਗੰਮ ਅਥਾਹ ਅਖਵਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਸੂਚਨਾ ਸੂਚ, ਸਾਚੀ ਸਿਖਿਆ ਸਿਖ ਸਮਝਾਇੰਦਾ । ਆਪਣੇ ਹੱਥ ਦੋ ਜਹਾਨਾਂ ਰੱਖਿਆ ਕੂਚ, ਜੋ ਆਇਆ ਸੋ ਉਠ ਉਠ ਥਾਇੰਦਾ । ਸੋਚਿਆ ਕੋਈ ਨਾ ਸਕਿਆ ਸੋਚ, ਸੋਚੀ ਸੋਚ ਸਰਬ ਲਗਾਇੰਦਾ । ਕਿਸੇ ਜਣਾਇਆ ਕਾਇਆ ਕੋਟ, ਕਿਸੇ ਮੰਦਰ ਦਰ ਵਖਾਇੰਦਾ । ਕਿਸੇ ਵਖਾਇਆ ਨੂਰ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਕਿਸੇ ਮੋਹਣੀ ਰੂਪ ਕਰੇ ਆਪ ਮੋਹਤ, ਮੁਹੱਬਤ ਆਪਣਾ ਨਾਉਂ ਵਖਾਇੰਦਾ । ਕਿਸੇ ਬਣਾਏ ਓਤ ਪੋਤ, ਪਿਤਾ ਪੂਤ ਗੋਦ ਸੁਹਾਇੰਦਾ । ਕਿਸੇ ਬਣਾਈ ਸਾਚੀ ਗੋਤ, ਆਪ ਆਪਣੀ ਗੰਢ ਪੁਵਾਇੰਦਾ । ਅੰਤ ਸਭ ਨੂੰ ਜਣਾਏ ਆਪਣੀ ਓਟ, ਬਲਹੀਣ ਸਰਬ ਵਖਾਇੰਦਾ । ਖ਼ੁਸ਼ ਕਰਾਏ ਸੁਣਾ ਸੁਣਾ ਆਪਣੀ ਸਰੋਤ, ਸਚ ਸੰਦੇਸਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਇੰਦਾ । ਸਤਿਗੁਰ ਸੱਚਾ ਵੱਡਾ ਵਡ, ਹਰਿ ਵਡੀ ਵਡ ਵਡਿਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚੋਂ ਕੱਢ, ਨਿਰਗੁਣ ਸਰਗੁਣ ਸੇਵਾ ਲਾਈਆ । ਚਰਨ ਕਵਲ ਵਖਾਈ ਆਖ਼ਰ ਹੱਦ, ਚਰਨਾਂ ਹੇਠ ਸਰਬ ਦਬਾਈਆ । ਸਚ ਪ੍ਰੇਮ ਸੱਚਾ ਰਸ, ਬਿਨ ਰਸਨਾ ਰਸ ਚਖਾਈਆ । ਦੂਰ ਦੁਰਾਡਾ ਬੈਠਾ ਮਾਰਗ ਆਪੇ ਦੱਸ, ਨੇਰਨ ਨੇਰ ਰਾਹ ਵਖਾਈਆ । ਉਚ ਮਹੱਲੇ ਬਹਿ ਬਹਿ ਰਿਹਾ ਹਸ, ਆਪਣਾ ਭੇਵ ਨਾ ਕਿਸੇ ਜਣਾਈਆ । ਪ੍ਰਭ ਮਿਲਣ ਦੀ ਜੇ ਕੋਈ ਸਚਖੰਡ ਰੱਖੇ ਆਸ, ਸਚਖੰਡ ਨਿਵਾਸੀ ਚਲ ਕੇ ਲੋਕਮਾਤ ਫੇਰਾ ਪਾਈਆ । ਲੋਕਮਾਤ ਦੇ ਕੇ ਜਾਏ ਸ਼ਾਬਾਸ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਨੂਰ ਦੇ ਪਰਕਾਸ਼, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਅੰਤਮ ਮੇਲਾ ਸ਼ਾਹੋ ਸ਼ਾਬਾਸ਼, ਗੁਣ ਸਾਚਾ ਦਏ ਸਮਝਾਈਆ । ਆਪਣਾ ਕੰਮ ਕਿਸੇ ਨਾ ਦੱਸਿਆ ਖ਼ਾਸ, ਖ਼ੁਲਾਸਾ ਕਿਸੇ ਨਾ ਦਿਤਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿੱਕੀ ਨਿੱਕੀ ਸ਼ਾਖ਼, ਲੋਕਮਾਤ ਆਪ ਲਹਿਰਾਈਆ । ਆਪਣੇ ਘਰ ਵਿਚੋਂ ਦੇ ਦੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਅੰਤਮ ਸਭ ਦਾ ਕਰ ਕੇ ਘਾਤ, ਆਪਣੇ ਚਰਨਾਂ ਹੇਠ ਦਬਾਈਆ । ਦੋਏ ਜੋੜ ਸਾਰੇ ਹੋਏ ਸਫ਼ਾਤ, ਲੋਕਮਾਤ ਸਫ਼ਾ ਗਏ ਉਠਾਈਆ । ਜੁਗ ਚੌਕੜੀ ਖੇਲੇ ਖੇਲ ਬਹੁ ਬਿਧ ਭਾਂਤ, ਭਾਵੀ ਆਪਣੇ ਹੱਥ ਰਖਾਈਆ । ਹਰਿ ਕੀ ਸਿਫ਼ਤ ਲਿਖ ਲਿਖ ਦੇ ਗਏ ਕਲਮ ਦਵਾਤ, ਕਲਮਾ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਵਡ ਰਾਜਨ ਰਾਜਾ, ਹਰਿ ਸਤਿਗੁਰ ਆਪ ਅਖਵਾਇੰਦਾ । ਆਦਿ ਜੁਗਾਦਿ ਰਚ ਰਚ ਕਾਜਾ, ਜੁਗ ਜੁਗ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਨਿਵਾਜਾ, ਨਿਵਾਜ਼ਸ਼ ਆਪਣੀ ਆਪ ਸਮਝਾਇੰਦਾ । ਏਕਾ ਨੂਰ ਨਿੱਕਾ ਨੰਨ੍ਹਾ ਕੋਟਨ ਕੋਟ ਬ੍ਰਹਿਮੰਡ ਖੰਡ ਕਰੇ ਪਰਕਾਸ਼ਾ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਇੰਦਾ । ਕੋਟਨ ਕੋਟ ਤ੍ਰਿਲੋਕੀ ਆਪਣੀ ਨਿੱਕੇ ਨਾਉਂ ਨਾਮ ਕਰੇ ਨਿਵਾਸਾ, ਕੋਟਨ ਕੋਟ ਕ੍ਰਿਸ਼ਨ ਧਿਆਨ ਲਗਾਇੰਦਾ । ਜਿਸ ਘਰ ਸਤਿਗੁਰ ਰੱਖੇ ਵਾਸਾ, ਸੋ ਘਰ ਨਜ਼ਰ ਕਿਸੇ ਨਾ ਆਇੰਦਾ ।

੭੩੮ ੧੨

ਬਿਨ ਨਾਨਕ ਚਰਨ ਦਿਤਾ ਨਾ ਕਿਸੇ ਭਰਵਾਸਾ, ਮਸਤਕ ਬਿਨਾਂ ਕਬੀਰ ਧੂੜ ਨਾ ਕੋਇ ਲਗਾਇੰਦਾ । ਉਪਰ ਤੱਕਣ ਨਜ਼ਰ ਆਏ ਇਕੋ ਪਰਕਾਸ਼ਾ, ਪ੍ਰਭ ਮੁਖ ਨਾ ਕੋਇ ਰਖਾਇੰਦਾ । ਕਵਣ ਸੇਜਾ ਕਰੇ ਭੋਗ ਬਲਾਸਾ, ਜਿਸ ਮੰਦਰ ਬਹਿ ਬਹਿ ਗੁਰ ਅਵਤਾਰ ਪੀਰ ਪੈਗ਼ੰਬਰ ਪਰਗਟਾਇੰਦਾ । ਸਾਚੀ ਦੱਸੇ ਨਾ ਕੋਇ ਸ਼ਨਾਖ਼ਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੇ ਘਰ ਸੁਹਾਇੰਦਾ । ਸਤਿਗੁਰ ਘਰ ਅਪਰ ਅਪਾਰਾ, ਅਪਰੰਪਰ ਸੋਭਾ ਪਾਈਆ । ਆਦਿ ਜੁਗਾਦੀ ਹੋ ਉਜਿਆਰਾ, ਸਤਿ ਸਤਿਵਾਦੀ ਆਸਣ ਲਾਈਆ । ਬੋਧ ਅਗਾਧੀ ਬੋਲਣਹਾਰਾ, ਅਨਾਦ ਅਨਾਦੀ ਕਰੇ ਪੜ੍ਹਾਈਆ । ਜੁਗ ਚੌਕੜੀ ਬਣ ਵਣਜਾਰਾ, ਨਿਰਗੁਣ ਸਰਗੁਣ ਫੇਰਾ ਪਾਈਆ । ਲੇਖਾ ਜਾਣ ਗੁਰੂ ਅਵਤਾਰਾ, ਗੁਰ ਗੁਰ ਨਾਉਂ ਸਿਫ਼ਤ ਸਾਲਾਹੀਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਜੈ ਜੈਕਾਰ ਇਕ ਲਗਾਈਆ । ਲੋਕ ਪਰਲੋਕ ਦੇ ਸਹਾਰਾ, ਅਵਣ ਗਵਣ ਡੰਕ ਵਜਾਈਆ । ਜੁਗ ਚੌਕੜੀ ਪਾਵੇ ਸਾਰਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਸ੍ਰਿਸ਼ਟ ਸਬਾਈ ਕਰੇ ਨਿਮਸਕਾਰਾ, ਪੁਨਹਿ ਪੁਨਹਿ ਸੀਸ ਝੁਕਾਈਆ । ਖਾਣੀ ਬਾਣੀ ਸਿਫ਼ਤ ਭੰਡਾਰਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਕਰੇ ਖੇਲ ਹਰਿ ਕਰਨੇਹਾਰਾ, ਆਪਣੀ ਕਰਨੀ ਕਿਰਤ ਕਮਾਈਆ । ਨਵ ਨੌਂ ਚਾਰ ਪਾਰ ਕਿਨਾਰਾ, ਤਨ ਵੇਖੇ ਚਾਈਂ ਚਾਈਂਆ । ਨਿਰਗੁਣ ਨਿਰਗੁਣ ਲੈ ਅਵਤਾਰਾ, ਸਰਗੁਣ ਸਰਗੁਣ ਲੇਖਾ ਦਏ ਮੁਕਾਈਆ । ਜੋਧਾ ਸੂਰਬੀਰ ਬਲਕਾਰਾ, ਬਲ ਆਪਣਾ ਆਪ ਰਖਾਈਆ । ਨਾਮ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਈਆ । ਤਿੱਖੀਆਂ ਰੱਖੇ ਦੋਵੇਂ ਧਾਰਾਂ, ਦੋ ਜਹਾਨਾਂ ਦਏ ਸਜ਼ਾਈਆ । ਲੇਖਾ ਜਾਣੇ ਪੁਰਖ ਨਾਰਾ, ਨਾਰ ਕੰਤ ਭੇਵ ਨਾ ਰਾਈਆ । ਗੁਰ ਗੁਰ ਦੇਵੇ ਆਪ ਸਹਾਰਾ, ਗੁਰ ਸ਼ਬਦੀ ਹੋਏ ਸਹਾਈਆ । ਭਗਤ ਭਗਵੰਤ ਕਰੇ ਪਿਆਰਾ, ਪਰਮ ਪੁਰਖ ਵਡੀ ਵਡਿਆਈਆ । ਸੰਤਾਂ ਦੇਵੇ ਸਤਿ ਨਜ਼ਾਰਾ, ਨਜ਼ਰ ਆਪਣੀ ਨਜ਼ਰ ਨਾਲ ਮਿਲਾਈਆ । ਗੁਰਮੁਖਾਂ ਲਹਿਣਾ ਦੇਣਾ ਚੁਕਾਏ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਪਾਰ ਕਰਾਈਆ । ਗੁਰਸਿਖ ਬਣਾਏ ਸਾਚਾ ਲਾੜਾ, ਸਤਿਗੁਰ ਆਪਣੀ ਦਇਆ ਕਮਾਈਆ । ਮੇਲ ਮਿਲਾਏ ਕਲਜੁਗ ਅੰਤਮ ਵਾਰਾ, ਅੰਤ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਹੋਏ ਸਹਾਈਆ । ਸਤਿਗੁਰ ਸੱਚਾ ਏਕੰਕਾਰ, ਓਅੰਕਾਰ ਸੇਵ ਕਮਾਇੰਦਾ । ਗੁਰਮੁਖ ਸਾਚੇ ਲਏ ਉਠਾਲ, ਉਠ ਉਠ ਵੇਖ ਵਖਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਏਕਾ ਘਰ ਵਖਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਬਣ ਵਿਚੋਲਾ ਸੇਵ ਕਮਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਫੜ ਫੜ ਆਪਣੀ ਗੋਦ ਬਹਾਇੰਦਾ । ਜਨਮ ਜਨਮ ਦੀ ਕੀਤੀ ਘਾਲ, ਕਲਜੁਗ ਅੰਤਮ ਲੇਖੇ ਲਾਇੰਦਾ । ਸਾਚਾ ਮਾਰਗ ਇਕ ਸਖਾਲ, ਕੂੜੀ ਕਿਰਿਆ ਤੋੜ ਤੁੜਾਇੰਦਾ । ਤ੍ਰੈਗੁਣ ਨਾਤਾ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਇੰਦਾ । ਦੀਆ ਬਾਤੀ ਦੀਪਕ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਤਾਲ ਤਲਵਾੜਾ ਨਜ਼ਰ ਕੋਇ ਨਾ ਆਇੰਦਾ । ਭਾਗ ਲਗਾਏ ਪੰਜ ਤਤ ਕਾਇਆ ਮਾਟੀ ਖਾਲ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਗੁਰ ਸ਼ਬਦੀ ਚਲੇ ਨਾਲ ਨਾਲ, ਗੋਬਿੰਦ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਖੇਲ ਕਰਾਇੰਦਾ । ਸਤਿਗੁਰ ਪੂਰਾ ਖੇਲੇ ਖੇਲ, ਸਤਿ ਸਤਿਵਾਦੀ ਦਇਆ ਕਮਾਈਆ । ਗੁਰਮੁਖ ਸੱਜਣ ਆਪੇ ਮੇਲ, ਮਿਲ ਮਿਲ ਖ਼ੁਸ਼ੀ ਵਖਾਈਆ । ਗੁਰ ਅਵਤਾਰਾਂ


੭੩੯ ੧੨

ਪੀਰ ਪੈਗ਼ੰਬਰਾਂ ਸੰਗ ਰਲ ਰਲ ਚਾੜ੍ਹੇ ਤੇਲ, ਸਾਚਾ ਸਗਨ ਮਨਾਈਆ । ਵਸਣਹਾਰਾ ਧਾਮ ਨਵੇਲ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੀ ਕਾਰ ਕਰਾਈਆ । ਸਤਿਗੁਰ ਕਰੇ ਸਾਚਾ ਧੰਦਾ, ਹਰਿ ਸਾਚੀ ਕਾਰ ਕਮਾਇੰਦਾ । ਲੱਖ ਚੁਰਾਸੀ ਵੇਖੇ ਜੀਵ ਗੰਦਾ, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਬਣ ਤਰਖਾਣ ਫੇਰੇ ਰੰਦਾ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਹੋਏ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਆਪਣੀ ਆਪ ਕਰਾਇੰਦਾ । ਗੁਰਮੁਖ ਵੇਖੇ ਚੰਦ ਨੌਚੰਦਾ, ਘਰ ਸਾਚੇ ਆਪ ਰੁਸ਼ਨਾਇੰਦਾ । ਉਤਭੁਜ ਸੇਤਜ ਜੇਰਜ ਅੰਡ ਕੋਈ ਰਹਿਣ ਨਾ ਦੇਵੇ ਆਂਡਾ ਗੰਦਾ, ਜੋ ਘੜਿਆ ਭੰਨ ਵਖਾਇੰਦਾ । ਕਲਜੁਗ ਅੰਤਮ ਆਇਆ ਕੰਢਾ, ਕੰਢੀ ਬੈਠਾ ਡੇਰਾ ਲਾਇੰਦਾ । ਚਾਰ ਯੁਗ ਬਣਿਆ ਰਿਹਾ ਬਖ਼ਸ਼ੰਦਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਚ ਨਚਾਇੰਦਾ । ਹੱਥ ਵਿਚ ਫੜ ਕੇ ਰੱਖਿਆ ਇਕੋ ਡੰਡਾ, ਨਾਮ ਡੰਡਾ ਹੱਥ ਵਖਾਇੰਦਾ । ਨਿਉਂ ਨਿਉਂ ਸੀਸ ਸਰਬ ਝੁਕੰਦਾ, ਅੱਗੇ ਸੀਸ ਨਾ ਕੋਇ ਉਠਾਇੰਦਾ । ਪੀਰ ਪੈਗ਼ੰਬਰ ਕਹਿਣ ਹਉਂ ਖ਼ਾਕੀ ਬੰਦਾ, ਬੰਦਗੀ ਆਪਣੀ ਸਭ ਨੂੰ ਲਾਇੰਦਾ । ਕਿਸੇ ਹੱਥ ਤੀਰ ਕਿਸੇ ਫੜਾਈ ਕਮੰਦਾ, ਕਿਸੇ ਰਥਵਾਹੀ ਰਥ ਚਲਾਇੰਦਾ । ਆਪ ਕਲਜੁਗ ਬਣ ਕੇ ਆਇਆ ਅੰਧਾ, ਆਪਣਾ ਨੈਣ ਨਾ ਕਿਸੇ ਵਖਾਇੰਦਾ । ਕੋਟਨ ਕੋਟ ਨਾਉਂ ਰਖ ਰਖ ਸੁਣਾਏ ਛੰਦਾ, ਸ਼ਰਅ ਸ਼ਰਅ ਨਾਲ ਟਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ, ਕਰਿਆ ਖੇਲ ਆਪ ਬੇਅੰਤ, ਏਕਾ ਹਰਿ ਏਕਾ ਮੰਤ, ਸਤਿਗੁਰ ਪੂਰਾ ਆਪ ਦ੍ਰਿੜਾਇੰਦਾ । ਸਤਿਗੁਰ ਪੂਰਾ ਛੈਲ ਛਬੀਲ, ਜੋਬਨ ਆਪਣਾ ਆਪ ਹੰਢਾਈਆ । ਸਤਿਗੁਰ ਪੂਰਾ ਸਚ ਦਲੀਲ, ਆਦਿ ਜੁਗਾਦਿ ਜੁਗ ਜੁਗ ਦਏ ਸਮਝਾਈਆ । ਸਤਿਗੁਰ ਪੂਰਾ ਸਚ ਵਕੀਲ, ਦੋ ਜਹਾਨਾਂ ਦਏ ਛੁਡਾਈਆ । ਸਤਿਗੁਰ ਪੂਰਾ ਇਥੇ ਓਥੇ ਸੁਣੇ ਅਪੀਲ, ਤਖ਼ਤ ਬੈਠਾ ਸ਼ਹਿਨਸ਼ਾਹੀਆ । ਸਤਿਗੁਰ ਪੂਰਾ ਪਹਿਨਣਹਾਰਾ ਬਸਤਰ ਨੀਲ, ਬਸਨ ਬਨਵਾਰੀ ਭੇਖ ਵਟਾਈਆ । ਸਤਿਗੁਰ ਪੂਰਾ ਲੇਖਾ ਜਾਨਣਹਾਰਾ ਭੀਲ, ਬਲਹੀਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਈਆ । ਸਤਿਗੁਰ ਪੂਰਾ ਇਕੋ ਆਖ਼ਰ, ਅੱਖਰ ਸਿਫ਼ਤ ਨਾ ਕੋਇ ਸਲਾਹਿੰਦਾ । ਆਪਣੇ ਉਤੇ ਹੋਇਆ ਸ਼ਾਕਰ, ਸ਼ੁਕਰੀਆ ਹੋਰ ਨਾ ਕੋਇ ਮਨਾਇਆ ਆਪਣਾ ਸਨੇਹੁੜਾ ਆਪੇ ਦੇਵੇ ਪਾਤਰ, ਕਾਸਦ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਬਣਾਇੰਦਾ । ਦੋ ਜਹਾਨਾਂ ਕਰੇ ਯਾਤਰ, ਯਾਤਰੂ ਬਣ ਬਣ ਫੇਰਾ ਪਾਇੰਦਾ । ਲਿਖਾਵਣਹਾਰਾ ਵੇਦ ਸ਼ਾਸਤਰ, ਸਿਮਰਤ ਪੁਰਾਨ ਆਪ ਪੜ੍ਹਾਇੰਦਾ । ਬਣਾਵਣਹਾਰਾ ਲੱਗ ਮਾਤਰ, ਅੱਖਰ ਅੱਖਰ ਜੋੜ ਜੁੜਾਇੰਦਾ । ਜਾਨਣਹਾਰਾ ਭੇਵ ਬਾਤਨ, ਜ਼ਾਹਿਰਾ ਆਪਣਾ ਖੇਲ ਕਰਾਇੰਦਾ । ਲੇਖਾ ਚੁਕਾਏ ਪੁਰਾਤਨ, ਪਿਛਲਾ ਕੀਤਾ ਭੁੱਲ ਨਾ ਜਾਇੰਦਾ । ਗੁਰਮੁਖਾਂ ਬਣਿਆ ਸੱਚਾ ਸਾਕਨ, ਸਗਲਾ ਸੰਗ ਤਜਾਇੰਦਾ । ਕਲਜੁਗ ਅੰਤਮ ਆਇਆ ਰਾਖਣ, ਬਣ ਰੱਖਕ ਸੇਵ ਕਮਾਇੰਦਾ । ਸਚਖੰਡ ਨਿਵਾਸੀ ਆਇਆ ਝਾਕਣ, ਝਾਕੀ ਆਪਣੀ ਆਪੇ ਪਾਇੰਦਾ । ਲਹਿਣਾ ਦੇਣਾ ਚੁਕਾਵਣ ਆਇਆ ਬਾਕਣ, ਬਾਕੀ ਨਜ਼ਰ ਕੋਇ ਨਾ ਆਇੰਦਾ । ਲੇਖੇ ਲਾਏ ਮਾਟੀ ਖਾਕਣ, ਖਾਕ ਆਪਣੇ ਰੰਗ ਰੰਗਾਇੰਦਾ । ਕਰੇ ਖੇਲ ਪਾਕੀ ਪਾਕਣ, ਪਤਿਤ ਪੁਨੀਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਆਪਣਾ ਆਪ ਆਪ ਪਰਗਟਾਇੰਦਾ । ਸਤਿਗੁਰ ਪੂਰਾ ਪਰਗਟ ਆਪ, ਆਪਣੀ ਕਲ ਧਰਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਨਾਮ ਵਡਿਆਈਆ । ਆਦਿ ਜੁਗਾਦੀ

ਹਰਿ ਹਰਿ ਨਾਉਂ ਸਾਚਾ ਪਾਠ, ਬਣ ਪਾਠਕ ਆਪ ਸੁਣਾਈਆ । ਦੇਵਣਹਾਰਾ ਸਾਚੀ ਦਾਤ, ਦੀਨਾ ਨਾਥ ਹੋਏ ਸਹਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਅੰਧ ਅੰਧੇਰਾ ਦਏ ਗਵਾਈਆ । ਸਤਿਜੁਗ ਸੁਣਾਏ ਸਾਚੀ ਗਾਥ, ਸੋਹੰ ਕਰੇ ਪੜ੍ਹਾਈਆ । ਪਰਗਟ ਹੋ ਪੁਰਖ ਸਮਰਾਥ, ਸਮਰਥ ਆਪਣੀ ਕਲ ਵਰਤਾਈਆ । ਜਨ ਭਗਤਾਂ ਬਣਿਆ ਦਾਸੀ ਦਾਸ, ਸੇਵਕ ਸਾਚੀ ਸੇਵ ਕਮਾਈਆ । ਇਕੋ ਰੱਖੇ ਸਾਚੀ ਆਸ, ਗੁਰਸਿਖ ਮਿਲਣਾ ਚਾਈਂ ਚਾਈਂਆ । ਲੋਕਮਾਤ ਪੱਤ ਮੇਰੀ ਲੈਣੀ ਰਾਖ, ਬਿਨ ਭਗਤ ਭਗਵਾਨ ਮਿਲੇ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕੋ ਬਾਤ, ਜਗਤ ਕਹਾਣੀ ਨਾ ਕੋਇ ਸੁਣਾਈਆ । ਤੇਰਾ ਮੇਰਾ ਇਕੋ ਸਾਥ, ਮਾਤ ਪਿਤ ਭਾਈ ਭੈਣ ਸੰਗ ਨਾ ਕੋਇ ਜਾਈਆ । ਤੂੰ ਮੇਰਾ ਪੂਰਾ ਕਰਨਾ ਘਾਟ, ਮੈਂ ਤੇਰਾ ਘਾਟਾ ਤੇਰੀ ਝੋਲੀ ਪਾਈਆ । ਅੱਗੇ ਨੇੜੇ ਆਈ ਵਾਟ, ਪ੍ਰਭ ਬੈਠਾ ਪੰਧ ਮੁਕਾਈਆ । ਬਿਨ ਹਰਿ ਸੰਗਤ ਦੂਜੀ ਕੋਈ ਨਾ ਰਹੇ ਜਮਾਤ, ਹਿੰਦੂ ਮੁਸਲਿਮ ਸਿਖ ਈਸਾਈ ਸਾਰੇ ਦੇਣ ਦੁਹਾਈਆ । ਮਨਮਤ ਕੱਢੇ ਨਾਰ ਕਮਜ਼ਾਤ, ਗੁਰਮਤ ਕਰੇ ਸਚ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਕਮਲਾਪਾਤ, ਲਿਖ ਲਿਖ ਪਾਤੀ ਪੱਤਰ ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਹੱਥ ਫੜਾਈਆ । ਅੰਤਮ ਸਭ ਦਾ ਲੱਭਾ ਸੱਬਰ, ਸਿਫ਼ਰਾ ਸਿਫ਼ਰ ਸਿਫ਼ਰ ਸਿਫ਼ਰ ਸਮਾਈਆ । ਪਾਰਬ੍ਰਹਮ ਪ੍ਰਭ ਬੜਾ ਅੱਖਰ, ਆਪਣੀ ਜ਼ਿਦ ਨਾ ਛੱਡੇ ਰਾਈਆ । ਤੋਲਣਹਾਰਾ ਸਾਚੇ ਤੱਕੜ, ਤੱਕੜ ਆਪਣੇ ਹੱਥ ਉਠਾਈਆ । ਗੁਰਮੁਖ ਮਨਮੁਖ ਕੱਢੇ ਵੱਖਰ, ਵਾਹਵਾ ਵੱਖਰੀ ਵੰਡ ਵੰਡਾਈਆ । ਅਲਫ਼ ਯੇ ਪੜ੍ਹਾਏ ਪੈਂਤੀ ਅੱਖਰ, ਤਿੰਨ ਪੰਜ ਕਰ ਕੁੜਮਾਈਆ । ਆਪ ਚੜ੍ਹ ਕੇ ਚੋਟੀ ਬੈਠਾ ਸਿੱਖਰ, ਦੂਰੋਂ ਸਿਖਿਆ ਰਿਹਾ ਸਮਝਾਈਆ । ਗੁਰਮੁਖ ਤੇਰਾ ਜੁਗ ਜੁਗ ਕਰਦਾ ਆਇਆ ਫਿਕਰ, ਤੇਰਾ ਫਿਕਰਾ ਸਕਿਆ ਨਾ ਕੋਇ ਮਿਟਾਈਆ । ਤੇਰਾ ਨਾਮ ਮੇਰਾ ਜ਼ਿਕਰ, ਮੇਰਾ ਜ਼ਿਕਰ ਜਗਤ ਜੁਗਤ ਬੋਧ ਅਗਾਧ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਦੇਵੇ ਇਕੋ ਦਾਨ, ਦੂਜੇ ਘਰ ਨਾ ਮੰਗਣ ਜਾਈਆ ।



੭੪੧
੧੨

### ✳ ੧੮ ਭਾਦਰੋਂ ੨੦੧੯ ਬਿਕ੍ਰਮੀ ਸੁਦਾਗਰ ਸਿੰਘ ਦੇ ਗ੍ਰਿਹਿ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✳

ਸੋਵਤ ਜਾਗਰਤ ਜਗਤ ਵਿਹਾਰਾ, ਲੱਖ ਚੁਰਾਸੀ ਬੰਧਣ ਪਾਈਆ । ਊਠਤ ਬੈਠਤ ਖੇਲ ਨਿਆਰਾ, ਸਰਗੁਣ ਧਾਰ ਚਲਾਈਆ । ਰਸਨਾ ਜਿਹਵਾ ਜਗਤ ਜੈਕਾਰਾ, ਕੂਕ ਕੂਕ ਸੁਣਾਈਆ । ਨੇਤਰ ਨੈਣਾਂ ਅੱਖ ਉਘਾੜਾ, ਵੇਖੇ ਸਰਬ ਲੋਕਾਈਆ । ਖਾਣ ਪੀਣ ਬੱਤੀ ਦੰਦ ਦਾੜ੍ਹਾ, ਰਸਨਾ ਰਸ ਨਾਲ ਭਰਾਈਆ । ਚਲਣਾ ਫਿਰਨਾ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਮਿਲਣਾ ਜੁਲਣਾ ਸੱਜਣ ਯਾਰਾਂ, ਸਾਕ ਸੈਣ ਕੁੜਮਾਈਆ । ਨਾਤਾ ਬੰਨਣਾ ਕੰਤ ਨਾਰਾ, ਜਗਤ ਸੇਜ ਹੰਢਾਈਆ । ਪੁੱਤਰ ਧੀਆਂ ਕਰ ਪਿਆਰਾ, ਪਿਤਾ ਪੂਤ ਖੇਲ ਕਰਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਣਜ ਕਰੇ ਸੰਸਾਰਾ, ਹੱਟੋ ਹੱਟ ਵਿਕਾਈਆ । ਕਪੜ ਬਸਤਰ ਪਹਿਨੇ ਤਨ ਅਪਾਰਾ, ਤਨ ਮਾਟੀ ਪਰਦਾ ਪਾਈਆ । ਚਰਨ ਪਾਹਿਣੀ ਕਰ ਪਿਆਰਾ, ਅਗੁਸਤ ਲਏ ਟਿਕਾਈਆ । ਪੜ੍ਹ ਪੜ੍ਹ ਵੇਦ ਸ਼ਾਸਤਰ ਬਣੇ ਸਚਿਆਰਾ, ਵਿਦਿਤ ਵਿਦਿਆ ਨਾਲ ਮਿਲਾਈਆ ।

੭੪੨
੧੨

ਕਲਮ ਸ਼ਾਹੀ ਸ਼ਾਹ ਲਿਖਾਰਾ, ਲਿਖ ਲਿਖ ਲੇਖ ਜਣਾਈਆ । ਪੜ੍ਹ ਪੜ੍ਹ ਬੋਲੇ ਬੋਲਣਹਾਰਾ, ਅਣਬੋਲਤ ਭੇਵ ਨਾ ਆਈਆ । ਸਤਿਗੁਰ ਖੇਲ ਅਗੰਮ ਅਪਾਰਾ, ਨਜ਼ਰ ਕਿਸੇ ਨਾ ਆਈਆ । ਲਾ ਕੇ ਕੰਨ ਸੁਣ ਲੈ ਸਿੰਘ ਤਾਰਾ, ਹਰਿ ਸਾਰੰਗੀ ਇਕ ਵਜਾਈਆ । ਕਿੱਲੀ ਦਿਸੇ ਨਾ ਕੋਇ ਸਿਤਾਰਾ, ਸਾਰੰਗਾ ਹੱਥ ਨਾ ਕੋਇ ਉਠਾਈਆ । ਕੰਧੇ ਲਾ ਨਾ ਕੋਈ ਕਸੇ ਸੁਰ ਨੇਤਰ ਨੈਣ ਨਾ ਕੋਇ ਉਘਾੜਾ, ਉਂਗਲੀ ਉਂਗਲੀ ਨਾ ਕੋਇ ਹਿਲਾਈਆ । ਘੜੀ ਪਲ ਨਾ ਕੋਇ ਵਿਚਾਰਾ, ਦਿਵਸ ਰੈਣ ਨਾ ਦਏ ਕੋਇ ਵਡਿਆਈਆ । ਮਾਸ ਬਰਖ ਨਾ ਕੋਇ ਅਧਾਰਾ, ਜੁਗ ਚੌਕੜੀ ਰੋਵਣ ਮਾਰਨ ਧਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਕਾ ਦਰਸ ਲੱਭਦੇ ਗਏ ਗੁਰ ਅਵਤਾਰਾ, ਮੰਦਰ ਅੰਦਰ ਵੜ ਵੜ ਧਿਆਨ ਲਗਾਈਆ । ਦੋਏ ਦੋਏ ਜੋੜ ਕਰਦੇ ਰਹੇ ਨਿਮਸਕਾਰਾ, ਨਿਮਖ ਨਿਮਖ ਆਪਣਾ ਆਪ ਕਟਾਈਆ । ਵੇਸ ਅਵੱਲਾ ਕਰਦੇ ਰਹੇ ਸ਼ਿੰਗਾਰਾ, ਧੂੜੀ ਖ਼ਾਕ ਖ਼ਾਕ ਰਮਾਈਆ । ਠਰਦੇ ਰਹੇ ਅੰਦਰ ਜਲਧਾਰਾ, ਡੂੰਘੇ ਸਰੋਵਰ ਤਾਰੀਆਂ ਲਾਹੀਆ । ਪੁਠੇ ਲਟਕਦੇ ਰਹੇ ਵਿਚ ਖੂਹ ਦੀ ਗਾਰਾ, ਤਨ ਮਾਟੀ ਲੇਖੇ ਪਾਈਆ । ਅੱਗਾਂ ਨਾਲ ਤਪਦੇ ਰਹੇ ਵਾਂਗ ਅੰਗਿਆਰਾ, ਅਗਨੀ ਹਵਣ ਕਰਾਈਆ । ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਲੱਭਦੇ ਰਹੇ ਡੂੰਘੀਆਂ ਗਾਰਾਂ, ਗੁਰਮਤਿ ਆਪਣਾ ਆਪ ਵਖਾਈਆ । ਚਾਰ ਕੁੰਟ ਬੰਨ੍ਹ ਖੰਡ ਫਿਰਦੇ ਰਹੇ ਅਵਾਰਾ, ਦਹਿ ਦਿਸ਼ਾ ਫੇਰੀ ਪਾਈਆ । ਹਰਿ ਕਾ ਭੇਵ ਸਰਬ ਤੋਂ ਨਿਆਰਾ, ਨਿਰੰਕਾਰਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਵਤ ਜਾਗਤ ਜਾਗਤ ਸੋਵਤ ਆਪਣੀ ਖੇਲ ਖਿਲਾਈਆ । ਜਾਗਤ ਕਿਸੇ ਨਾ ਆਇਆ ਹੱਥ, ਹੱਥੋਂ ਹੱਥ ਰਹੇ ਕੁਰਲਾਈਆ । ਸੋਵਤ ਕਿਸੇ ਨਾ ਲਿਆ ਫਧ, ਫੜ ਬਾਂਹੋਂ ਨਾ ਕੋਲ ਬਹਾਈਆ । ਅੱਗੇ ਹੋ ਨਾ ਮਿਲਿਆ ਕੋਈ ਨੱਠ, ਬਣ ਪਾਂਧੀ ਪੰਧ ਮੁਕਾਈਆ । ਸੱਥਰ ਕੋਈ ਨਾ ਬੈਠਾ ਘੱਤ, ਵੇਖਣਹਾਰਾ ਸਰਬ ਲੋਕਾਈਆ । ਜੁਗਾ ਜੁਗੰਤਰ ਖੇਲਣਹਾਰਾ ਆਪ ਤਮਾਸ਼, ਤਮਾਸ਼ਬੀਨ ਸੱਚਾ ਮਾਹੀਆ । ਪੰਜ ਤਤ ਦੱਸਦਾ ਰਿਹਾ ਰਾਸ, ਗੋਪੀ ਕਾਹਨ ਰੂਪ ਵਖਾਈਆ । ਜੁਗ ਚੌਕੜੀ ਹੋ ਪਰਕਾਸ਼, ਸਰਗੁਣ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਰਗਟ ਕਰ ਆਪਣੀ ਸ਼ਾਖ਼, ਸ਼ਨਾਖ਼ਤ ਥੋੜੀ ਥੋੜੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਵਤ ਜਾਗਤ ਜਾਗਤ ਸੋਵਤ ਦੀਦਾਰ, ਜਮਾਲ ਨਾ ਕਿਸੇ ਜਣਾਈਆ । ਦੀਦਾਰ ਜਮਾਲ ਨਾ ਜਾਣੇ ਨੂਰ, ਨੂਰ ਨੁਰਾਨਾ ਨਾ ਕੋਇ ਰੁਸ਼ਨਾਈਆ । ਆਸ਼ਕ ਮਾਸ਼ੂਕ ਬਣਿਆ ਰਿਹਾ ਜਰੂਰ, ਜ਼ਰੂਰਤ ਆਪਣੀ ਪੂਰ ਕਰਾਇਆ । ਜੇ ਕੋਈ ਪੁੱਛੇ ਦੱਸੇ ਨੇੜ ਦੂਰ, ਨੇੜੇ ਹੋ ਹੋ ਭੇਵ ਖੁਲ੍ਹਾਇਆ । ਅੰਤਮ ਸਭ ਦੀ ਮਾਟੀ ਕਰ ਗਿਆ ਕੂੜੋ ਕੂੜ, ਨਿਸ਼ਾਨਾ ਕੋਇ ਰਹਿਣ ਨਾ ਪਾਇਆ । ਜਿਸ ਜਨ ਕਰ ਕਿਰਪਾ ਚਾੜ੍ਹਿਆ ਰੰਗ ਗੂੜ੍ਹ, ਆਦਿ ਜੁਗਾਦਿ ਉਤਰ ਨਾ ਜਾਇਆ । ਜਿਸ ਦੇਵੇ ਸਾਚੀ ਧੂੜ, ਮਸਤਕ ਟਿੱਕਾ ਨਾਮ ਲਗਾਇਆ । ਸੋ ਜਨ ਹੋਇਆ ਮਨਜ਼ੂਰ, ਹਰਿ ਜੂ ਆਪਣੇ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇਆ । ਸਾਚਾ ਖੇਲ ਹਰਿ ਨਿਰੰਕਾਰਾ, ਏਕਾ ਏਕ ਕਰਾਈਆ । ਸੁਖਨ ਸਖੋਪਤ ਜਾਗਰਤ ਤੁਰੀਆ ਚਾਰੇ ਮਾਰੇ ਮਾਰਾ, ਮਾਰਨਹਾਰ ਬੇਪਰਵਾਹੀਆ । ਕਲਜੁਗ ਅੰਤਮ ਖੇਲ ਕੀਆ ਨਿਆਰਾ, ਨਿਰਗੁਣ ਆਪਣੀ ਦਇਆ ਕਮਾਈਆ । ਪੁਰਖ ਅਕਾਲ ਹੋ ਉਜਿਆਰਾ, ਏਕਾ ਨੂਰ ਧਰਾਈਆ । ਸੁੱਤਿਆਂ ਦੇਵਣਹਾਰ ਹੁਲਾਰਾ, ਆਪਣੀ ਗੋਦ ਬਹਾਈਆ । ਜਾਗਦਿਆਂ ਮੇਲਾ ਵਿਚ ਸੰਸਾਰਾ, ਸਾਰ ਆਪੇ ਰਿਹਾ ਪਾਈਆ । ਗੁਰਮੁਖ ਕਰਿਆ ਇਕ ਪਿਆਰਾ, ਛੱਡੀ

ਸਰਬ ਲੋਕਾਈਆ । ਬਿਨ ਕਰਨੀਉਂ ਕੀਤਾ ਪਾਰ ਉਤਾਰਾ, ਮਿਹਰ ਨਜ਼ਰ ਇਕ ਟਿਕਾਈਆ । ਬਿਨ ਮੰਗਿਆ ਦੇਵੇ ਦਾਨ ਸਚ ਦਵਾਰਾ, ਦਾਤਾ ਦਾਨੀ ਸੱਚਾ ਮਾਹੀਆ । ਬਿਨ ਪੂਜਾ ਪਾਠ ਜੋਗ ਅਭਿਆਸ ਦੇਵੇ ਦਰਸ ਅਪਾਰਾ, ਦਰਸੀ ਆਪਣਾ ਦਰਸ ਕਰਾਈਆ । ਜਾਗਤ ਸੋਵਤ ਦੋਵੇਂ ਰੋਵਣ ਜ਼ਾਰੋ ਜ਼ਾਰਾ, ਜਿਸ ਮਿਲ ਵਿਛੜ ਵਿਛੜ ਆਪਣਾ ਆਪ ਗਵਾਈਆ । ਕਲਜੁਗ ਅੰਤਮ ਕਰਿਆ ਖੇਲ ਆਪ ਕਰਤਾਰਾ, ਕਰਤਾ ਆਪਣਾ ਭੇਵ ਚੁਕਾਈਆ । ਏਥੇ ਓਥੇ ਦੋ ਜਹਾਨ ਇਕੋ ਜਿਹਾ ਕਰੇ ਵਿਹਾਰਾ, ਦਿਵਸ ਰਾਤ ਕਰੇ ਪਰਭਾਤ, ਪਰਭਾਤੀ ਏਕਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਦਾ ਸੁਹੇਲਾ ਸੱਚਾ ਮਾਹੀਆ । ਜਿਥੇ ਆਪ ਉਥੇ ਗੁਰਸਿਖ, ਗੁਰਮੁਖ ਦੇਵੇ ਮਾਣ ਵਡਿਆਈਆ । ਹਰਿਜਨ ਲੇਖਾ ਤੇਰਾ ਲਿਖ, ਲਿਖ ਲਿਖ ਦੋ ਜਹਾਨ ਸਮਝਾਈਆ । ਸਚਖੰਡ ਨਿਵਾਸੀ ਪਾਈ ਭਿਖ, ਭਿਛਿਆ ਏਕਾ ਵਾਰ ਵਰਤਾਈਆ । ਸਤਿਜੁਗ ਸਾਚਾ ਵੰਡਿਆ ਹਿੱਸ, ਹਿੱਸਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖੇਲ ਕਰਾਈਆ । ਜਿਸ ਘਰ ਵਸੇ ਆਪ ਪ੍ਰਭ, ਸੋ ਥਾਨ ਥਾਨੰਤਰ ਸੁਹਾਇੰਦਾ । ਗੁਰਸਿਖ ਗੁਰਮੁਖ ਆਪੇ ਲੱਭ, ਹਰਿਜਨ ਹਰਿ ਹਰਿ ਮੇਲ ਮਿਲਾਇੰਦਾ । ਅੰਮ੍ਰਿਤ ਧਾਰ ਕਵਲ ਨਭ, ਨਿਝਰ ਰਸ ਚੁਆਇੰਦਾ । ਸ਼ਬਦ ਅਗੰਮੀ ਏਕਾ ਨਦ, ਅਨਹਦ ਸੇਵ ਕਮਾਇੰਦਾ । ਜਗਤ ਕਿਨਾਰਾ ਪਾਰ ਹੱਦ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਚ ਦਵਾਰੇ ਹਰਿ ਹਰਿ ਸਦ, ਫੜ ਆਪਣੀ ਗੋਦ ਬਹਾਇੰਦਾ । ਕਿਰਪਾ ਨਿਧ ਲਡਾਏ ਲਡ, ਸਿਰ ਆਪਣਾ ਹੱਥ ਟਿਕਾਇੰਦਾ । ਕੂੜੀ ਕਿਰਿਆ ਵਿਚੋਂ ਕੱਢ, ਸਾਚੇ ਮਾਰਗ ਆਪੇ ਲਾਇੰਦਾ । ਅੰਮ੍ਰਿਤ ਜਾਮ ਪਿਆਏ ਮਦਿ, ਰਸ ਰਸਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਜਿਸ ਗ੍ਰਿਹਿ ਵਸੇ ਸਤਿਗੁਰ ਪਿਆਰਾ, ਤਿਸ ਦੇਵੇ ਮਾਣ ਵਡਿਆਈਆ । ਉਸ ਘਰ ਵੜ ਕੇ ਬੋਲ ਸਿੰਘ ਗਿਰਧਾਰਾ, ਪ੍ਰਭ ਚਰਨ ਮਿਲੀ ਵਡਿਆਈਆ । ਸਿੰਘ ਗੁਰਦਿਆਲ ਬੋਲ ਜੈਕਾਰਾ, ਏਕਾ ਰਿਹਾ ਸੁਣਾਈਆ । ਜੱਟਾਂ ਮਿਲਿਆ ਜੱਟ ਗੁਆਰਾ, ਜਦੋ ਜਿਹਦ ਸਭਨਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਰੱਖੇ ਸਦਾ ਸਾਥ, ਸਾਥ ਆਪਣਾ ਸੰਗ ਰਖਾਈਆ ।



੭੪੩ ੧੨

### ✳ ੧੯ ਭਾਦਰੋਂ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✳

ਕਰੇ ਖੇਲ ਪੁਰਖ ਸਮਰਥ, ਹਰਿ ਆਪਣਾ ਖੇਲ ਕਰਾਇੰਦਾ । ਹੁਕਮੇ ਅੰਦਰ ਵੱਖੋ ਵੱਖ, ਆਦਿ ਜੁਗਾਦਿ ਸਰਬ ਰਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਦੱਸ, ਘਰ ਸਾਚੇ ਸਚ ਜਣਾਇੰਦਾ । ਜੁਗ ਚੌਕੜੀ ਕਰਦਾ ਰਿਹਾ ਪੱਖ, ਨਿਤ ਨਵਿਤ ਸੇਵ ਲਗਾਇੰਦਾ । ਕਲਜੁਗ ਅੰਤਮ ਖੇਲ ਅਕੱਥ, ਅਕੱਥ ਆਪ ਦ੍ਰਿੜਾਇੰਦਾ । ਨਿਰਗੁਣ ਨੂਰ ਹੋ ਪਰਗਟ, ਲੋਕਮਾਤ ਵੇਸ ਵਟਾਇੰਦਾ । ਦੋ ਜਹਾਨਾਂ ਇਕੋ ਹੱਟ, ਸ੍ਰੀ ਭਗਵਾਨ ਆਪ ਖੁਲ੍ਹਾਇੰਦਾ । ਸਰ ਸਰੋਵਰ ਸਾਚਾ ਤੱਟ, ਹਰਿ ਅੰਮ੍ਰਿਤ ਇਕ ਭਰਾਇੰਦਾ । ਨਿਰਗੁਣ ਨੂਰ ਜੋਤ ਪਰਕਾਸ਼, ਅੰਧ ਅੰਧੇਰ ਗੁਆਇੰਦਾ । ਸਾਚਾ ਕਾਹਨ ਪਾਏ ਰਾਸ, ਲੱਖ ਚੁਰਾਸੀ ਨਾਚ ਨਚਾਇੰਦਾ । ਜੁਗ ਜੁਗ ਦੇਂਦਾ ਰਿਹਾ ਸ਼ਾਬਾਸ਼, ਸਿਰ ਆਪਣਾ ਹੱਥ ਰਖਾਇੰਦਾ । ਨਾਮ ਜਣਾਉਂਦਾ

ਰਿਹਾ ਖਾਸ, ਨਾਮ ਨਾਮਾ ਝੋਲੀ ਪਾਇੰਦਾ । ਰਖਾਉਂਦਾ ਰਿਹਾ ਇਕੋ ਆਸ, ਆਪ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸਮਰਥ ਪੁਰਖ ਖੇਲ ਅਪਾਰਾ, ਹਰਿ ਹਰਿ ਜੂ ਆਪ ਕਰਾਈਆ । ਜੁਗ ਜੁਗ ਦੱਸਦਾ ਰਿਹਾ ਕਾਰਾ, ਹਰਿ ਕਰਨੀ ਕਿਰਤ ਜਣਾਈਆ । ਸਰਗੁਣ ਦੇਂਦਾ ਰਿਹਾ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨਾ ਵਜਾਉਂਦਾ ਰਿਹਾ ਨਗਾਰਾ, ਤਨ ਰਬਾਬ ਸਿਤਾਰ ਹਿਲਾਈਆ । ਸਿਫ਼ਤੀ ਸਿਫ਼ਤ ਭਰਦਾ ਰਿਹਾ ਭੰਡਾਰਾ, ਵਡ ਭੰਡਾਰੀ ਬੇਪਰਵਾਹੀਆ । ਕਾਤਬ ਬਣ ਬਣ ਲਿਖਾਉਂਦਾ ਰਿਹਾ ਲਿਖ ਲਿਖ ਅਲੱਖ ਲੇਖ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਸਮਰਥ ਪੁਰਖ ਖੇਲ ਅਵੱਲਾ, ਏਕ ਓਅੰਕਾਰਾ ਆਪ ਕਰਾਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਘੱਲਾ, ਹੁਕਮ ਸੰਦੇਸਾ ਇਕ ਸੁਣਾਇੰਦਾ । ਅੰਤਰ ਅੰਤਰ ਫੜਾਉਂਦਾ ਰਿਹਾ ਪੱਲਾ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਜੋਤੀ ਧਾਰ ਜੋਤੀ ਰੱਲਾ, ਜੋਤੀ ਜੋਤ ਡਗਮਗਾਇੰਦਾ । ਸਚ ਸਿੰਘਾਸਣ ਏਕੋ ਮੱਲਾ, ਗੁਰ ਗੁਰ ਧਾਮ ਵਡਿਆਇੰਦਾ । ਨਾਮ ਮਾਰਗ ਇਕ ਸੁਖੱਲਾ, ਸੁਖ ਸਾਗਰ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਸਮਰਥ ਪੁਰਖ ਸਰਬ ਗੁਣਵੰਤ, ਗੁਣਵੰਤਾ ਭੇਵ ਜਣਾਇੰਦਾ । ਖੇਲਿਆ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਗੁਰ ਅਵਤਾਰਾਂ ਦੇ ਦੇ ਮੰਤ, ਮੰਤਰ ਹਰਿ ਹਰਿ ਨਾਮ ਦ੍ਰਿੜਾਇੰਦਾ । ਨਾਰੀ ਰੂਪ ਵਖਾਏ ਹਰਿ ਜੂ ਕੰਤ, ਗੁਰ ਗੁਰ ਆਪਣੇ ਅੰਗ ਲਗਾਇੰਦਾ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਰੂਪ ਅਨੂਪ ਆਪ ਵਟਾਇੰਦਾ । ਪੰਜ ਤਤ ਮਹਿਮਾ ਗਾ ਗਾ ਅਗਣਤ, ਬੇਅੰਤ ਆਪਣਾ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸਾਹਿਬ ਸੁਲਤਾਨ, ਪੁਰਖ ਸਮਰਥ ਆਪ ਕਰਾਈਆ । ਜੁਗ ਜੁਗ ਦੇਵਣਹਾਰਾ ਨਾਮ ਨਿਧਾਨ, ਨਾਮ ਨਾਮਾ ਝੋਲੀ ਪਾਈਆ । ਜੁਗ ਜੁਗ ਵਖਾਵਣਹਾਰਾ ਸਚ ਨਿਸ਼ਾਨ, ਸ਼ਬਦ ਨਿਸ਼ਾਨਾ ਇਕ ਝੁਲਾਈਆ । ਜੁਗ ਜੁਗ ਦੇਵਣਹਾਰਾ ਮਾਣ, ਨਿਮਾਣਿਆਂ ਹੋਏ ਸਹਾਈਆ । ਜੁਗ ਜੁਗ ਦੇਵਣਹਾਰਾ ਗਿਆਨ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੁਗ ਜੁਗ ਵੇਖਣਹਾਰਾ ਮਾਰ ਧਿਆਨ, ਸਚਖੰਡ ਬੈਠਾ ਡੇਰਾ ਲਾਈਆ । ਜੁਗ ਜੁਗ ਕਰਨਹਾਰ ਕਲਿਆਣ, ਲੱਖ ਚੁਰਾਸੀ ਫੰਦ ਕਟਾਈਆ । ਜੁਗ ਜੁਗ ਹੋਏ ਵਡ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਜੁਗ ਜੁਗ ਜੋਧਾ ਸੂਰਬੀਰ ਬਲਵਾਨ, ਗੁਰ ਅਵਤਾਰ ਲਏ ਪਰਗਟਾਈਆ । ਜੁਗ ਜੁਗ ਸ਼ਾਹ ਪਾਤਸ਼ਾਹ ਸੱਚਾ ਹੁਕਮਰਾਨ, ਧੁਰ ਫਰਮਾਣਾ ਹੁਕਮ ਸੁਣਾਈਆ । ਜੁਗ ਜੁਗ ਖੇਲੇ ਖੇਲ ਸ੍ਰੀ ਭਗਵਾਨ, ਖੇਲਣਹਾਰਾ ਭੇਵ ਨਾ ਆਈਆ । ਜੁਗ ਜੁਗ ਨਵ ਨੌਂ ਵੇਖੇ ਆਣ, ਚਾਰ ਚਾਰ ਵੰਡ ਵੰਡਾਈਆ । ਜੁਗ ਜੁਗ ਦੇਵਣਹਾਰਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਜੁਗ ਜੁਗ ਕਰਨਹਾਰ ਪਹਿਚਾਨ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਧਾਰ ਚਲਾਈਆ । ਸਮਰਥ ਪੁਰਖ ਅਗੰਮ ਅਥਾਹ, ਅਗੰਮ ਅਗੰਮੀ ਕਾਰ ਕਰਾਇੰਦਾ । ਨਿਰਗੁਣ ਸਰਗੁਣ ਦੇ ਸਲਾਹ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰ ਗੁਰ ਰੂਪ ਮਾਤ ਧਰਾ, ਧਰਨੀ ਧਰਤ ਧਵਲ ਵਡਿਆਇੰਦਾ । ਨਾਉਂ ਨਿਰੰਕਾਰਾ ਆਪ ਦ੍ਰਿੜਾ, ਦ੍ਰਿੜ ਇਸ਼ਟ ਇਕ ਪਰਗਟਾਇੰਦਾ । ਸਾਚਾ ਮਾਰਗ ਜੁਗ ਜੁਗ ਲਾ, ਜੁਗ ਚੌਕੜੀ ਖੇਲ ਖਲਾਇੰਦਾ । ਧੁਰ ਦਰਗਾਹੀ ਲੇਖਾ ਲੇਖ ਲਿਖਾ,

੭੪੪
੧੨

ਲਿਖਤ ਭਵਿਖਤ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲੱਗਾ, ਸੇਵਕ ਸੇਵਾ ਸਚ ਰਖਾਇੰਦਾ । ਦੋ ਜਹਾਨਾਂ ਖੇਲ ਖਿਲਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਧਰ, ਧਰਨੀ ਧਰਤ ਦਏ ਵਡਿਆਈਆ । ਆਦਿ ਜੁਗਾਦੀ ਅਛਲ ਅਛੱਲ, ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਮਾਤ ਘੱਲ, ਜੁਗ ਜੁਗ ਕਰੇ ਪੜ੍ਹਾਈਆ । ਆਪਣਾ ਖੇਲ ਹਰਿ ਪ੍ਰਬਲ, ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ, ਕਲਜੁਗ ਦਵਾਪਰ ਤ੍ਰੇਤਾ ਸਤਿਜੁਗ ਸਤਿ ਸਤਿਵਾਦੀ ਆਪ ਹੰਢਾਈਆ । ਸਤਿ ਸਤਿਵਾਦੀ ਸ਼ਾਹ ਸੁਲਤਾਨ, ਹਰਿ ਸੱਚਾ ਸਚ ਜਣਾਇੰਦਾ । ਆਦਿ ਅੰਤ ਖੇਲ ਮਹਾਨ, ਹਰਿ ਜੂ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਣ, ਕਰ ਕਰ ਸੇਵਾ ਪੰਧ ਨਾ ਕੋਇ ਮੁਕਾਇੰਦਾ । ਗਾ ਗਾ ਗਏ ਹਰਿ ਕਾ ਗਿਆਨ, ਗਾਵਣਹਾਰਾ ਗੀਤ ਸੁਣਾਇੰਦਾ । ਲਾ ਲਾ ਗਏ ਅੰਤਰ ਧਿਆਨ, ਅੰਤਰ ਮੁਖ ਖੇਲ ਖਲਾਇੰਦਾ । ਮੰਗ ਮੰਗ ਗਏ ਮੰਗਤ ਦਾਨ, ਭਿਖਿਆ ਝੋਲੀ ਸਰਬ ਪਾਇੰਦਾ । ਅੰਤਮ ਕਹਿ ਕਹਿ ਗਏ ਬਾਲ ਅੰਞਾਣ, ਆਪਣਾ ਬਲ ਨਾ ਕੋਇ ਧਰਾਇੰਦਾ । ਹੁਕਮੇ ਅੰਦਰ ਦੇ ਦੇ ਧੁਰ ਫ਼ਰਮਾਣ, ਆਪਣਾ ਹੁਕਮ ਨਾ ਕੋਇ ਸੁਣਾਇੰਦਾ । ਇਕੋ ਓਟ ਰੱਖ ਭਗਵਾਨ, ਭਗਵਨ ਏਕਾ ਆਸ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰਥ ਆਪ ਚਲਾਇੰਦਾ । ਆਪਣਾ ਰਥ ਚਲਾਏ ਆਪ ਹਰਿ, ਹਰਿ ਜੂ ਆਪ ਜਣਾਇੰਦਾ । ਉਠੋ ਵੇਖੋ ਖੇਲ ਤਮਾਸ਼, ਹਰਿ ਕਰਤਾ ਆਪ ਕਰਾਇੰਦਾ । ਜਿਸ ਦੀ ਪੂਜਾ ਕਰਦੇ ਰਹੇ ਪਾਠ, ਸੋ ਪਾਠਕ ਵੇਸ ਵਟਾਇੰਦਾ । ਜਿਸ ਦੀ ਲੱਭਦੇ ਰਹੇ ਜ਼ਾਤ, ਸੋ ਆਪਣੀ ਜ਼ਾਤ ਪਰਗਟਾਇੰਦਾ । ਜਿਸ ਦੀ ਦੱਸਦੇ ਰਹੇ ਕਰਾਮਾਤ, ਸੋ ਕਰਮ ਕਾਂਡ ਨਾ ਕੋਇ ਰਖਾਇੰਦਾ । ਜਿਸ ਦੇ ਪਿਛੇ ਆਪਣਾ ਆਪ ਕਰ ਕੇ ਆਏ ਘਾਤ, ਸੋ ਹਰਿ ਜੂ ਆਪਣਾ ਘਾਤ ਆਪ ਕਰਾਇੰਦਾ । ਜਿਸ ਦੀ ਲਿਖ ਲਿਖ ਦੱਸਦੇ ਆਏ ਬਾਤ, ਖਾਣੀ ਬਾਣੀ ਭੇਵ ਚੁਕਾਇੰਦਾ । ਜਿਸ ਨੇ ਆਦਿ ਜੁਗਾਦਿ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਗੁਰ ਅਵਤਾਰ ਪੀਰ ਪੈਗ਼ੰਬਰ ਲਾਇਆ ਬਾਗ਼ਾਤ, ਸੋ ਬਾਗ਼ੀਚਾ ਵੇਖ ਵਖਾਇੰਦਾ । ਜਿਸ ਨੇ ਚਾਰ ਜੁਗ ਪੜ੍ਹਾਏ ਇਕ ਜਮਾਤ, ਏਕਾ ਅੱਖਰ ਵੱਖਰ ਆਪ ਜਣਾਇੰਦਾ । ਜੇਹੜਾ ਕੋਟਨ ਕੋਟ ਦ੍ਰਿੜਾਉਂਦਾ ਰਿਹਾ ਨਾਮ ਜਾਪ, ਜੀਵਣ ਜੁਗਤ ਜਗਤ ਸਮਝਾਇੰਦਾ । ਜਿਸ ਨੇਤਰ ਪੇਖ ਜਾਇਨ ਤੀਨੋ ਤਾਪ, ਤ੍ਰੈਗੁਣ ਅੱਗ ਨਾ ਕੋਇ ਜਲਾਇੰਦਾ । ਜਿਤ ਦਰਸ਼ਨ ਮਿਟੇ ਕੋਟ ਜਨਮ ਦੇ ਪਾਪ, ਪਤਿਤ ਪਾਪੀ ਪਾਰ ਕਰਾਇੰਦਾ । ਜਿਸ ਨੂੰ ਪੀਰ ਪੈਗ਼ੰਬਰ ਮੰਨਦੇ ਰਹੇ ਬਾਪ, ਸੋ ਪਿਤਾ ਵੇਸ ਵਟਾਇੰਦਾ । ਕਲਜੁਗ ਅੰਤਮ ਜਨ ਭਗਤਾਂ ਮੇਟੇ ਸਰਬ ਸੰਤਾਪ, ਸੰਸਾ ਰੋਗ ਨਾ ਕੋਇ ਰਖਾਇੰਦਾ । ਸਚ ਸੰਦੇਸਾ ਦੇਵੇ ਆਪ, ਆਪ ਆਪਣਾ ਭੇਵ ਖੁਲ੍ਹਾਇੰਦਾ । ਸੋਹੰ ਦੇਵੇ ਸੱਚਾ ਜਾਪ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਜਣਾਇੰਦਾ । ਸਾਚਾ ਰਾਹ ਦੱਸੇ ਕਰਤਾਰ, ਕਲਜੁਗ ਅੰਤਮ ਫੇਰਾ ਪਾਈਆ । ਜਿਸ ਦੀ ਸੋਭਾ ਸੁਣਦੇ ਰਹੇ ਵਿਚ ਸੰਸਾਰ, ਸੋ ਸਾਹਿਬ ਵੇਸ ਵਟਾਈਆ । ਜਿਸ ਦੀ ਤੋਬਾ ਤੋਬਾ ਕਰਕੇ ਕਰਦੇ ਰਹੇ ਪੁਕਾਰ, ਸੋ ਤੁਹਮਤ ਸਭਦੇ ਉਤੇ ਰਿਹਾ ਲਾਈਆ । ਜਿਸ ਨੂੰ ਗੋਬਿੰਦ ਗੋਬਿੰਦ ਕਰਕੇ ਮੰਨਦੇ ਰਹੇ ਬਖ਼ਸ਼ਣਹਾਰ, ਸੋ ਬਖ਼ਸ਼ਣਹਾਰਾ ਫੇਰਾ ਪਾਈਆ । ਜਿਸ

੭੪੫ ੧੨

ਨੂੰ ਰਾਮ ਰਾਮ ਕਹਿ ਕਹਿ ਕਰਦੇ ਰਹੇ ਨਿਮਸਕਾਰ, ਸੋ ਰਾਮ ਆਪਣਾ ਰੂਪ ਧਰਾਈਆ । ਜਿਸ ਨੂੰ ਕ੍ਰਿਸ਼ਨ ਕ੍ਰਿਸ਼ਨ ਕਹਿ ਕਹਿ ਮੰਨਦੇ ਰਹੇ ਭਗਵਾਨ, ਸੋ ਭਗਵਨ ਆਪਣੀ ਧਾਰ ਚਲਾਈਆ । ਜਿਸ ਦੇ ਦਵਾਰੇ ਭਗਤ ਬਣ ਭਿਖਾਰੀ ਮੰਗਦੇ ਰਹੇ ਦਾਨ, ਸੋ ਦਾਤਾ ਦਾਨੀ ਫੇਰਾ ਪਾਈਆ । ਜਿਸ ਦੇ ਬਣ ਦੇ ਰਹੇ ਬਾਲ ਨਾਦਾਨ, ਸੋ ਪਿਤਾ ਵੇਖ ਵਖਾਈਆ । ਉਠੋ ਵੇਖੋ ਮਾਰ ਧਿਆਨ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਵੇਸ ਅਵੱਲੜਾ ਆਪ ਕਰਾਈਆ । ਬਿਨ ਕਲਮਿਉਂ ਕਰੇ ਪਰਵਾਨ, ਬਿਨ ਨਬੀਉਂ ਲਏ ਤਰਾਈਆ । ਬਿਨ ਕਾਸਦ ਦੇਵੇ ਪੈਗ਼ਾਮ, ਜ਼ਬਰਾਈਲ ਨਾ ਕੋਇ ਵਡਿਆਈਆ । ਮੁਰੀਦ ਮੁਰਸ਼ਦ ਵੇਖੇ ਆਣ, ਆਪ ਆਪਣਾ ਪੰਧ ਮੁਕਾਈਆ । ਗੁਰਸਿਖ ਗੁਰ ਸਤਿਗੁਰ ਕਰ ਪਰਵਾਨ, ਪਾਰ ਕਿਨਾਰਾ ਪਾਰ ਕਰਾਈਆ । ਗੁਰਮੁਖ ਗੁਰ ਸਤਿਗੁਰ ਕਰ ਧਿਆਨ, ਧਰਨੀ ਧਰਤ ਧਵਲ ਦਏ ਵਡਿਆਈਆ । ਸੰਤ ਸਾਜਨ ਹੋ ਮਿਹਰਵਾਨ, ਸਤਿ ਸਤਿਵਾਦੀ ਵਿਚ ਸਮਾਈਆ । ਭਗਤ ਭਗਵੰਤ ਵੜ ਗਏ ਇਕ ਮਕਾਨ, ਬਾਹਰ ਸਕੇ ਨਾ ਕੋਇ ਕਢਾਈਆ । ਛੱਤੀ ਜੁਗ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਈਆ । ਜਿਸ ਦਾ ਲੱਭਿਆ ਲੱਭ ਨਾ ਸਕਿਆ ਕੋਇ ਨਿਸ਼ਾਨ, ਸੋ ਆਪਣਾ ਨਿਸ਼ਾਨਾ ਰਿਹਾ ਵਖਾਈਆ । ਜਨ ਭਗਤਾਂ ਸੇਵਾ ਕਰੇ ਆਣ, ਬਣ ਸੇਵਕ ਸੇਵ ਕਮਾਈਆ । ਜੇਹੜਾ ਨਾਮੇ ਧੰਨੇ ਬਣਦਾ ਰਿਹਾ ਮਹਿਮਾਨ, ਸੋ ਗੁਰਮੁਖਾਂ ਆਪਣੇ ਮਹਿਮਾਨ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਖੇਲ ਮਹਾਨ, ਖ਼ਾਲਕ ਖ਼ਲਕ ਮਖਲੂਕ ਮੁਖਤਲਿਫ ਨਾ ਖੋਲ੍ਹੇ ਕੋਇ ਦੁਕਾਨ, ਹੱਟ ਇਕੋ ਨਾਮ ਵਖਾਈਆ ।

## ✳ ੧੯ ਭਾਦਰੋਂ ੨੦੧੯ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਮਾੜੀ ਮੁਸਤਫ਼ਾ ਜ਼ਿਲਾ ਫਿਰੋਜ਼ਪੁਰ ✳

ਸੋ ਪੁਰਖ ਨਿਰੰਜਣ ਤੇਰੀ ਵਡਿਆਈ, ਗੁਰ ਅਵਤਾਰ ਰਹੇ ਜਸ ਗਾਈਆ । ਹਰਿ ਪੁਰਖ ਨਿਰੰਜਣ ਤੇਰੀ ਸ਼ਹਿਨਸ਼ਾਹੀ, ਪੀਰ ਪੈਗ਼ੰਬਰ ਸੀਸ ਝੁਕਾਈਆ । ਏਕ ਓਅੰਕਾਰ ਤੇਰੀ ਸਲਾਹੀ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਆਦਿ ਨਿਰੰਜਣ ਤੇਰੀ ਰੁਸ਼ਨਾਈ, ਦੋ ਜਹਾਨਾਂ ਨੂਰ ਵਖਾਈਆ । ਸ੍ਰੀ ਭਗਵਾਨ ਤੇਰੀ ਬੇਪਰਵਾਹੀ, ਤੇਰਾ ਅੰਤ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਤੇਰੀ ਜੁਦਾਈ, ਨਿਰਗੁਣ ਝੱਲੀ ਕਦੇ ਨਾ ਜਾਈਆ । ਪਾਰਬ੍ਰਹਮ ਤੇਰੀ ਕੁੜਮਾਈ, ਲੱਖ ਚੁਰਾਸੀ ਨਾਤਾ ਜੋੜ ਜੁੜਾਈਆ । ਵਸਣਹਾਰਾ ਸਾਚੇ ਥਾਈਂ, ਸਚਖੰਡ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਤੇਰੀ ਸਰਨ ਮਿਲੇ ਸਰਨਾਈਆ । ਤੇਰੀ ਸਰਨ ਇਕੋ ਤੱਕ, ਓਟ ਹਰਿ ਰਖਾਈਆ । ਜੁਗ ਚੌਕੜੀ ਗਏ ਥੱਕ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੇਵ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਨਿਰਗੁਣ ਸਰਗੁਣ ਮਾਰਗ ਦੱਸ ਦੱਸ, ਅੱਖਰ ਅੱਖਰ ਕਰੀ ਪੜ੍ਹਾਈਆ । ਅੰਮ੍ਰਿਤ ਆਤਮ ਦੇ ਦੇ ਰਸ, ਰਸ ਰਸਨਾ ਮੁੱਖ ਚੁਆਈਆ । ਤੇਰਾ ਗਾ ਗਾ ਆਏ ਜਸ, ਜਸ ਵੇਦ ਪੁਰਾਨ ਸੁਣਾਈਆ । ਇਕੋ ਤੱਕਦੇ ਰਹੇ ਆਸ, ਪ੍ਰਭ ਮਿਲੇ ਸੱਚਾ ਮਾਹੀਆ । ਘਰ ਜੋਤ ਕਰੇ ਪਰਕਾਸ਼, ਨਿਰਗੁਣ ਨੂਰ ਰੁਸ਼ਨਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼, ਪ੍ਰਿਥਮੀ ਆਕਾਸ਼ ਫੇਰਾ ਪਾਈਆ । ਸਾਚੇ ਮੰਦਰ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਲੱਖ ਚੁਰਾਸੀ ਅੰਦਰ ਕਰੇ ਵਾਸ, ਆਪਣਾ ਖੇੜਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਤੇਰੀ ਇਕੋ ਓਟ ਤਕਾਈਆ । ਆਦਿ ਜੁਗਾਦੀ ਇਕੋ ਓਟ, ਦੀਨ ਦਿਆਲ ਤੇਰੀ ਸਰਨਾਈਆ । ਜੁਗਾ ਜੁਗੰਤਰ ਸਾਚਾ ਕੋਟ, ਤਨ ਮੰਦਰ ਦਏ ਸੁਹਾਈਆ । ਸਦਾ ਸਦ ਘਟ ਨਿਰੰਤਰ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਾਉਂ ਨਿਧਾਨਾ ਮੰਤਰ ਦੇਣਾ ਪਿਤਾ ਪੂਤ, ਪੂਤ ਸਪੂਤਾ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਸੋ ਪੁਰਖ ਨਿਰੰਜਣ ਤੇਰੀ ਕਾਰ, ਜੁਗ ਜੁਗ ਮਾਤ ਕਰਾਈਆ । ਜੁਗ ਚੌਕੜੀ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਨਾਉਂ ਰੱਖ ਗੁਰ ਅਵਤਾਰ, ਪੀਰ ਪੈਗ਼ੰਬਰ ਤਨ ਹੰਢਾਈਆ । ਬੋਧ ਅਗਾਧ ਸ਼ਬਦ ਜੈਕਾਰ, ਧੁਨ ਰਾਗ ਅਨਾਦ ਸੁਣਾਈਆ । ਕਾਗਦ ਕਲਮ ਕਰ ਪਿਆਰ, ਲੇਖਾ ਸ਼ਾਹੀ ਸੰਗ ਮਿਲਾਈਆ । ਰਸਨਾ ਜਿਹਵਾ ਬੋਲ ਜੈਕਾਰ, ਬੱਤੀ ਦੰਦ ਸਿਫ਼ਤ ਸਲਾਹੀਆ । ਮਨ ਮਤ ਦਏ ਅਧਾਰ, ਬੁੱਧੀ ਏਕਾ ਗੁਣ ਸਮਝਾਈਆ । ਨੇਤਰ ਲੋਚਣ ਖੋਲ੍ਹ ਕਿਵਾੜ, ਅੱਖ ਅੱਖ ਨਾਲ ਮਿਲਾਈਆ । ਘਰ ਮੰਦਰ ਪਾਵੇ ਸਾਰ, ਗ੍ਰਿਹਿ ਆਪਣਾ ਪਰਦਾ ਲਾਹੀਆ । ਤੇਰਾ ਜਲਵਾ ਨੂਰ ਦੀਦਾਰ, ਨਿਜ ਆਤਮ ਇਕ ਰੁਸ਼ਨਾਈਆ । ਤੇਰੀ ਬ੍ਰਹਮ ਕਿਰਨ ਪਸਾਰ, ਕਿਰਨ ਕਿਰਨ ਵੇਖ ਵਖਾਈਆ । ਤੇਰਾ ਚਰਨ ਸਚ ਦਵਾਰ, ਦਵਾਰਕਾ ਬੈਠੀ ਡੇਰਾ ਢਾਹੀਆ । ਤੇਰਾ ਨਾਉਂ ਨਰ ਨਿਰੰਕਾਰ, ਨਰ ਨਰਾਇਣ ਤੇਰੀ ਵਡਿਆਈਆ । ਤੇਰਾ ਬੰਕ ਅਗੰਮ ਅਪਾਰ, ਅਗੰਮ ਅਥਾਹ ਤੇਰੀ ਸ਼ਹਿਨਸ਼ਾਹੀਆ । ਤੇਰਾ ਹੁਕਮ ਸਚ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨਿਉਂ ਨਿਉਂ ਝੁਕ ਝੁਕ ਕਰਦੇ ਰਹੇ ਨਿਮਸਕਾਰ, ਸੀਸ ਜਗਦੀਸ ਚਰਨਾ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸੱਚੀ ਸਰਨ ਸਰਨਾਈਆ । ਸਰਨ ਸਰਨਾਈ ਦੇ ਸਵਾਮੀ, ਦੋਏ ਜੋੜ ਮੰਗ ਮੰਗਾਇਆ । ਆਦਿ ਜੁਗਾਦਿ ਅੰਤਰਜਾਮੀ, ਅੰਤਰਗਤ ਆਪਣੇ ਹੱਥ ਰਖਾਇਆ । ਕਰੇ ਖੇਲ ਦੋ ਜਹਾਨੀ, ਦੋਏ ਦੋਏ ਰੂਪ ਧਰਾਇਆ । ਨਿਰਗੁਣ ਸਰਗੁਣ ਪੜ੍ਹਾਏ ਅਕੱਥ ਕਹਾਣੀ, ਆਪ ਆਪਣਾ ਨਾਉਂ ਜਣਾਇਆ । ਸਿਫ਼ਤ ਸਲਾਹੀ ਸਾਚੀ ਬਾਣੀ, ਬਾਣ ਨਿਰਾਲਾ ਤੀਰ ਚਲਾਇਆ । ਏਕਾ ਪਦ ਪਦ ਨਿਰਬਾਣੀ, ਨਿਰਭੈ ਆਪਣਾ ਘਰ ਵਸਾਇਆ । ਏਕਾ ਅੰਮ੍ਰਿਤ ਠੰਡਾ ਪਾਣੀ, ਰਸ ਏਕਾ ਏਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸੱਚਾ ਏਕੋ ਮੰਗ ਮੰਗਾਇਆ । ਦਰ ਸੱਚਾ ਦੱਸੇ ਭਗਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਜੁਗ ਆਉਂਦੇ ਰਹੇ ਵਿਚ ਜਹਾਨ, ਦਰ ਦਰ ਤੇਰੀ ਸੇਵ ਕਮਾਈਆ । ਜਗਤ ਅੱਖਰ ਦੇ ਦੇ ਗਿਆਨ, ਗੁਣ ਗਾ ਗਾ ਖ਼ੁਸ਼ੀ ਮਨਾਈਆ । ਮਾਰਗ ਮਗ ਪੰਥ ਦੱਸ ਜਹਾਨ, ਬਣ ਰਹਿਬਰ ਰਾਹ ਚਲਾਈਆ । ਇਸ਼ਟ ਦ੍ਰਿਸ਼ਟ ਦੇ ਦੇ ਦਾਨ, ਦੇਵਤ ਸੁਰ ਸੁਰ ਸਮਝਾਈਆ । ਆਤਮ ਪਰਮਾਤਮ ਖੇਲ ਮਹਾਨ, ਮਹਿਮਾ ਅਕੱਥ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਦਵੈਤੀ ਦੇ ਮਿਟਾਈਆ । ਜਗਤ ਦਵੈਤੀ ਤੇਰੀ ਧਾਰ, ਤੋਹੇ ਤੋਹੇ ਵਡਿਆਈਆ । ਆਦਿ ਸ਼ਕਤ ਨੂਰ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਚਤੁਰਭੁਜ ਖੇਲ ਅਪਾਰ, ਦੂਸਰ ਚਲੇ ਨਾ ਕੋਇ ਚਤੁਰਾਈਆ । ਅਸ਼ਟਭੁਜ ਨੌਜਵਾਨ, ਸ਼ਸਤਰ ਬਸਤਰ ਤਨ ਸਜ਼ਾਈਆ । ਪੀਰ ਪੈਗ਼ੰਬਰ ਕਰ ਖ਼ਬਰਦਾਰ, ਸਾਚੀ ਖ਼ਬਰ ਆਪ ਸੁਣਾਈਆ । ਏਕਾ ਮਸਲਾ ਕਰ ਤਿਆਰ, ਬਣ ਮਸੀਹ ਕਰੇਂ ਪੜ੍ਹਾਈਆ । ਤਸਬੀ ਮਣਕਾ ਦੇ ਅਧਾਰ, ਉਂਗਲੀ ਉਂਗਲੀ ਸੇਵ ਕਮਾਈਆ । ਜਨ ਕਾ ਰੂਪ ਸਕਿਆ ਨਾ ਕੋਇ ਵਿਚਾਰ, ਤਨ ਤਨ ਕਾ

ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਪੰਧ ਕਟਾਈਆ । ਜਗਤ ਵਿਛੋੜਾ ਕੱਟ ਪੰਧ, ਪ੍ਰਭ ਸੱਚੇ ਸਚ ਗੁਸਾਈਆ । ਕਲਜੁਗ ਅੰਤ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਹਿੰਦੂ ਮੁਸਲਿਮ ਗਾਇਨ ਏਕਾ ਛੰਦ, ਬੰਦ ਛੰਦ ਨਾਲ ਮਿਲਾਇਆ । ਦੀਨ ਮਜ਼੍ਹਬ ਹੋਈ ਕੰਧ, ਪਰਦਾ ਸਕੇ ਨਾ ਕੋਇ ਉਠਾਇਆ । ਜ਼ਾਤ ਪਾਤ ਪਾਇਆ ਫੰਧ, ਜੀਵ ਜੰਤ ਨਾ ਸਕੇ ਤੁੜਾਇਆ । ਕੂੜੀ ਕਿਰਿਆ ਖਾਣ ਪੀਣ ਖਾਧਾ ਗੰਦ, ਅੰਮ੍ਰਿਤ ਰਸ ਨਾ ਕਿਸੇ ਚਖਾਇਆ । ਭਖ ਭੋਜ ਕੀਤਾ ਬੱਤੀ ਦੰਦ, ਲੇਜ ਫੇਜ ਰੂਪ ਨਾ ਕੋਇ ਵਟਾਇਆ । ਤੁਧ ਬਿਨ ਦੇਵੇ ਨਾ ਕੋਇ ਸਾਚਾ ਅਨੰਦ, ਅਨੰਦ ਘਰ ਕਿਸੇ ਨਾ ਪਾਇਆ । ਦੀਨ ਮਜ਼੍ਹਬ ਗੁਰ ਅਵਤਾਰ ਵੰਡਾਂ ਗਏ ਵੰਡ, ਤੇਰੀ ਹੱਦ ਪਾਰ ਨਾ ਕੋਇ ਕਰਾਇਆ । ਦਰੋਹੀ ਖ਼ੁਦਾਏ ਅੰਤਮ ਨੰਗੀ ਹੋਈ ਕੰਡ, ਪਰਦਾ ਸੀਸ ਨਾ ਕੋਇ ਟਿਕਾਇਆ । ਲੇਖਾ ਲਿਖਣੋ ਕਲਮ ਹੋਈ ਬੰਦ, ਤੇਰਾ ਲੇਖ ਨਾ ਕਿਸੇ ਸਮਝਾਇਆ । ਅੰਤਮ ਡਿਗੇ ਡੂੰਘੀ ਖੱਡ, ਬਾਂਹੋਂ ਫੜ ਬਾਹਰ ਨਾ ਕੋਇ ਕਢਾਇਆ । ਕਰ ਕਿਰਪਾ ਦੇ ਇਕ ਅਨੰਦ, ਘਰ ਘਰ ਵਿਚ ਹੋ ਸਹਾਇਆ । ਅਸੀਂ ਰਲ ਮਿਲ ਗਾਈਏ ਤੇਰਾ ਛੰਦ, ਦੂਜਾ ਰਾਗ ਨਾ ਕੋਇ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸਰਨਾਇਆ । ਇਕੋ ਗੀਤ ਤੇਰਾ ਗਾਈਏ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਮੰਦਰ ਸੋਭਾ ਪਾਈਏ, ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਇਕੋ ਕੰਤ ਸੇਜ ਹੰਢਾਈਏ, ਪੀਰ ਪੈਗ਼ੰਬਰ ਦੇਣ ਸਲਾਹੀਆ । ਇਕੋ ਵਸਤ ਮੰਗ ਮੰਗਾਈਏ, ਖ਼ਾਲੀ ਝੋਲੀ ਦੇ ਭਰਾਈਆ । ਇਕੋ ਰੰਗਣ ਰੰਗ ਚੜ੍ਹਾਈਏ, ਉਤਰ ਕਦੇ ਨਾ ਜਾਈਆ । ਇਕੋ ਮਰਦੰਗ ਸਚ ਵਜਾਈਏ, ਮਰਦੰਗਾ ਤੇਰੇ ਨਾਉਂ ਵਡਿਆਈਆ । ਇਕ ਤੁਰੰਗ ਸਰਬ ਦ੍ਰਿੜਾਈਏ, ਦੋ ਜਹਾਨਾਂ ਹੋਏ ਸਹਾਈਆ । ਇਕੋ ਅਨੰਦ ਸਾਚਾ ਪਾਈਏ, ਦੂਸਰ ਰਸ ਨਾ ਲਾਗੇ ਰਾਈਆ । ਸਾਹਿਬ ਸ਼ਬਦ ਤੇਰਾ ਜਸ ਗਾਈਏ, ਜਸ ਵੇਦ ਪੁਰਾਨ ਨਾ ਸਕੇ ਗਾਈਆ । ਪਿਛਲੀ ਵੰਡ ਦੂਰ ਕਰਾਈਏ, ਵੰਡੀ ਵੰਡ ਰਹੇ ਨਾ ਰਾਈਆ । ਆਪਣੀ ਕਰਨੀ ਤੇਰੇ ਚਰਨਾਂ ਹੇਠ ਦਬਾਈਏ, ਚਰਨ ਸਰਨ ਮਿਲੇ ਸਰਨਾਈਆ । ਤੋਬਾ ਤੋਬਾ ਕਰ ਕੇ ਭੁੱਲ ਬਖ਼ਸ਼ਾਈਏ, ਬਖ਼ਸ਼ਣਹਾਰ ਸਰਬ ਗੁਨਾਹੀਆ । ਸਰਬ ਘਟ ਰਮਿਆ ਰਾਮ ਕਹਿ ਕਹਿ ਸ਼ੁਕਰ ਮਨਾਈਏ, ਰਾਮ ਦਸਰਥ ਬੇਟਾ ਨਿਉਂ ਨਿਉਂ ਲਾਗੇ ਪਾਈਆ । ਸਾਚਾ ਕਾਹਨ ਕੰਤ ਕੰਤੂਹਲ ਬਸਨ ਬਨਵਾਰੀ ਇਕ ਹੰਢਾਈਏ, ਕਾਹਨਾ ਕ੍ਰਿਸ਼ਨਾ ਦੋਏ ਦੋਏ ਜੋੜ ਪਏ ਸਰਨਾਈਆ । ਈਸਾ ਮੂਸਾ ਮੁਹੰਮਦ ਬਣ ਦਰਵੇਸ਼ ਰਸਨਾ ਜਿਹਵਾ ਕਹਿਣ ਤੇਰੀ ਅਲਖ ਜਗਾਈਏ, ਅਲੱਖ ਅਲੱਖ ਅਲੱਖ ਤੇਰੀ ਵਡਿਆਈਆ । ਮੁਹੰਮਦ ਕਹੇ ਸਜਦਾ ਸੀਸ ਝੁਕਾਈਏ, ਨਿਉਂ ਨਿਉਂ ਆਪਣਾ ਮਾਣ ਮਿਟਾਈਆ । ਸ਼ਰਅ ਸ਼ਰੀਅਤ ਲਹਿਣਾ ਦੇਣਾ ਅੰਤ ਚੁਕਾਈਏ, ਸ਼ਰਅ ਸ਼ਰਾਰਤ ਕੰਮ ਕਿਸੇ ਨਾ ਆਈਆ । ਗ਼ਫ਼ਲਤ ਆਲਸ ਨਿੰਦਰਾ ਦੇ ਗਵਾਈਏ, ਉਲਫ਼ਤ ਚਲੇ ਨਾ ਕੋਇ ਵਡਿਆਈਆ । ਮਸ਼ਰਕ ਮਗ਼ਰਬ ਰੂਪ ਵਟਾਈਏ, ਦੱਖਣ ਪਹਾੜ ਦਿਸੇ ਸੱਚਾ ਮਾਹੀਆ । ਬੇ ਸਬਰ ਪਿਆਲਾ ਜਗਤ ਤੁੜਾਈਏ, ਅੰਤ ਆਬਰੂ ਕੋਇ ਨਜ਼ਰ ਨਾ ਆਈਆ । ਕਾਇਆ ਮਾਟੀ ਪੰਜ ਤਤ ਕਬਰਸਤਾਨ ਕਬਰ ਦਬਾਈਏ, ਮਕਬਰਾ ਜਗਤ ਸੁਹਾਈਆ । ਨਿਰਗੁਣ ਹੋ ਕੇ ਨਿਰਗੁਣ ਪਾਈਏ, ਤਤ ਬਿਨਾ ਹਰਿ ਤਤ ਮਿਲ ਜਾਈਏ, ਪਰਵਰਦਿਗਾਰ ਇਕ ਮੰਨਾਈਏ, ਰਹਿਮਤ ਰਹਿਮਾਨ ਆਪ ਕਮਾਈਆ । ਚੌਥੇ ਯੁਗ ਭੁੱਲ ਬਖ਼ਸ਼ਾਈਏ, ਢਹਿ ਢਹਿ ਚਰਨੀ ਮਸਤਕ ਲਾਈਏ, ਖ਼ਾਕੀ ਖ਼ਾਕ ਤਨ ਰਮਾਈਆ । ਸਾਚੀ ਸਿਖਿਆ ਮੰਗ ਮੰਗਾਈਏ, ਏਕਾ

੭੪੯
੧੨

ਮੰਤਰ ਸਾਚਾ ਗਾਈਏ, ਪੁਰਖ ਅਬਿਨਾਸ਼ੀ ਇਕ ਰਜ਼ਾਈਏ, ਪ੍ਰਭ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਤੇਰੀ ਸਰਨਾਈਆ । ਸਚ ਸਰਨਾਈ ਜਿਸ ਦਰ ਦੇਵੇ, ਹਰਿ ਦਰਦੀ ਦਰਦ ਵੰਡਾਇੰਦਾ । ਪੁਰਖ ਅਬਿਨਾਸ਼ੀ ਅਲੱਖ ਅਭੇਵੇ, ਭੇਵ ਅਭੇਦ ਖੁਲ੍ਹਾਇੰਦਾ । ਆਦਿ ਜੁਗਾਦੀ ਵਡ ਦੇਵੀ ਦੇਵੇ, ਦੇਵਤ ਸੁਰ ਸੀਸ ਨਿਵਾਇੰਦਾ । ਇਕੋ ਅੰਮ੍ਰਿਤ ਇਕੋ ਰਸ ਇਕ ਵਖਾਏ ਸਾਚਾ ਮੇਵੇ, ਫਲ ਇਕੋ ਇਕ ਪਰਗਟਾਇੰਦਾ । ਲੱਖ ਚੁਰਾਸੀ ਇਕੋ ਰਸਨਾ ਇਕੋ ਜਿਹਵੇ, ਏਕਾ ਪੰਜ ਤਤ ਮਾਟੀ ਕਾਇਆ ਖ਼ਾਕ ਰਖਾਇੰਦਾ । ਇਕੋ ਪੁਰਖ ਇਕੋ ਨਾਰ ਇਕੋ ਕੰਤ ਘਰ ਏਕਾ ਸੇਵੇ, ਸੇਵਕ ਸੇਵਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਦਵਾਰਾ ਜਿਸ ਜਨ ਪੌਣਾ, ਹਰਿ ਏਕਾ ਏਕ ਸੁਣਾਈਆ । ਆਪ ਆਪਣਾ ਮਾਣ ਗਵੌਣਾ, ਅਭਿਮਾਨ ਰਹੇ ਨਾ ਰਾਈਆ । ਦੀਨ ਮਜ਼੍ਹਬ ਨਾ ਕੋਇ ਜਣੌਣਾ, ਜ਼ਾਤ ਪਾਤ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਇਕ ਮਨੌਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਉਮੇਂ ਹੰਗਤਾ ਗੜ੍ਹ ਢੌਣਾ, ਦੂਈ ਦਵੈਤੀ ਮੋਹ ਚੁਕਾਈਆ । ਸਾਚਾ ਸੱਜਣ ਇਕ ਮਨੌਣਾ, ਜਿਸ ਮਿਲਿਆ ਵਿਛੜ ਨਾ ਜਾਈਆ । ਚਰਨ ਧਿਆਨ ਇਕ ਲਗੌਣਾ, ਹਰਿ ਚਰਨ ਵਡੀ ਵਡਿਆਈਆ । ਨੇਤਰ ਨੈਣ ਇਕ ਖੁਲੌਣਾ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਸਾਚਾ ਮੰਦਰ ਇਕ ਸੁਹੌਣਾ, ਘਰ ਸਾਚੇ ਵੱਜੇ ਵਧਾਈਆ । ਉਚ ਮਹੱਲੇ ਡੇਰਾ ਲੌਣਾ, ਅਟੱਲ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਤਖ਼ਤ ਸੁਹੌਣਾ, ਸ਼ਾਹੋ ਭੂਪ ਸੱਚੇ ਸ਼ਹਿਨਸ਼ਾਹੀਆ । ਧੁਰ ਫ਼ਰਮਾਣਾ ਹੁਕਮ ਸੁਣੌਣਾ, ਸਚ ਸੰਦੇਸਾ ਏਕਾ ਗਾਈਆ । ਸੋਹੰ ਢੋਲਾ ਸਭ ਨੇ ਗੌਣਾ, ਏਥੇ ਓਥੇ ਦੋ ਜਹਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸੋਹੰ ਢੋਲਾ ਗਾਈਏ ਗੀਤ, ਗੁਰ ਅਵਤਾਰ ਰਹੇ ਸੁਣਾਈਆ । ਨਾਤਾ ਛੱਡੀਏ ਮੰਦਰ ਮਸੀਤ, ਆਪਣਾ ਹੱਕ ਨਾ ਕੋਇ ਰਖਾਈਆ । ਸੇਵਾ ਕਰੀਏ ਬਣ ਬਣ ਕੀਟ, ਕੀਟ ਕੀਟਾਂ ਰੂਪ ਸਮਾਈਆ । ਬਿਨ ਪਿਆਰ ਨਾ ਨਿਭੇ ਪ੍ਰੀਤ, ਪ੍ਰੀਤ ਪਿਆਰ ਬਿਨਾ ਨਜ਼ਰ ਨਾ ਆਈਆ । ਤੁਧ ਬਿਨ ਕੋਇ ਕਰੇ ਨਾ ਠਾਂਡੇ ਸੀਤ, ਸਾਂਤਕ ਸਤਿ ਨਾ ਕੋਇ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੀ ਜਗਤ ਰੀਤ, ਰੀਤੀ ਤੇਰੀ ਖੇਲ ਵਡਿਆਈਆ । ਦੀਨ ਮਜ਼੍ਹਬ ਕੌਮ ਜ਼ਾਤ ਪਾਤ ਚੱਕੀ ਪੀਸਣ ਲਿਆ ਪੀਸ, ਗੇੜਾ ਗੇੜੇ ਵਿਚ ਰਖਾਈਆ । ਕਲਮਾ ਕਾਇਨਾਤ ਜਗਤ ਹਦੀਸ, ਨਬੀ ਰਸੂਲ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰਾ ਢੋਲਾ ਗਾਈਆ । ਤੇਰਾ ਢੋਲਾ ਇਕੋ ਗੌਣਾ, ਗਾ ਗਾ ਸ਼ੁਕਰ ਮਨਾਈਆ । ਆਪ ਆਪਣਾ ਪਰਦਾ ਲੌਹਣਾ, ਨੂਰੋ ਨੂਰ ਕਰ ਰੁਸ਼ਨਾਈਆ । ਜੁਗ ਚੌਕੜੀ ਵਿਛੜੇ ਨਾਲ ਮਿਲੌਣਾ, ਮੁਹੰਮਦ ਦੂਰ ਦੁਰਾਡਾ ਬਾਂਹਾਂ ਰਿਹਾ ਉਠਾਈਆ । ਸਭ ਦਾ ਪੰਧ ਆਪ ਮੁਕੌਣਾ, ਭੁੱਲੇ ਫਿਰਦੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੇ ਤੇਰੀ ਸਰਨਾਈਆ । ਸਾਚਾ ਮਾਰਗ ਹੌਲੀ ਹੌਲੀ ਦੱਸਾਂ, ਹਰਿ ਹਰਿ ਜੂ ਆਪ ਜਣਾਇੰਦਾ । ਮੁਹੰਮਦ ਪਹਿਲੋਂ ਵੇਖ ਤੈਨੂੰ ਹੱਸਾਂ, ਹੱਸ ਹੱਸ ਆਪਣੀ ਖ਼ੁਸ਼ੀ ਮਨਾਇੰਦਾ । ਚੌਦਾਂ ਤਬਕ ਫਿਰ ਫਿਰ ਨੱਠਾਂ, ਨੱਠ ਨੱਠ ਪੰਧ ਮੁਕਾਇੰਦਾ । ਉਮਤ ਉਮਤੀ ਮਾਰ ਸੱਟਾਂ, ਸਿਰ ਸਿਰ ਠੋਕਰ ਲਾਇੰਦਾ । ਲਬ ਦਾੜ੍ਹੀ ਤੇਰੀ ਕੱਟਾਂ, ਅੰਗ ਅੰਗ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ ।

੭੪੯ ੧੨

ਸਾਚਾ ਢੋਲਾ ਦੱਸਾਂ ਆਪ, ਆਪਣੇ ਹੱਥ ਰੱਖੀ ਵਡਿਆਈਆ । ਪਿਛਲਾ ਛੱਡੋ ਸਾਰੇ ਜਾਪ, ਅਗਲੀ ਸੁਣੋ ਇਕ ਪੜ੍ਹਾਈਆ । ਪਿਛਲੀ ਕੋਇ ਨਾ ਕਰੇ ਬਾਤ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਵੱਖਰੀ ਵੱਖਰੀ ਆਪਣੀ ਛੱਡੋ ਜ਼ਾਤ, ਜੋਤੀ ਜਾਤਾ ਏਕਾ ਰੰਗ ਵਖਾਈਆ । ਅੰਤਮ ਲੇਖਾ ਲਿਖਿਆ ਕਲਮ ਦਵਾਤ, ਸ਼ਾਹੀ ਸ਼ਾਹ ਨਾ ਕੋਇ ਬਣਾਈਆ । ਚੌਦਸ ਚੌਦਾਂ ਅੰਧੇਰੀ ਰਾਤ, ਤਬਕ ਸਬਕ ਨਾ ਕੋਇ ਪੜ੍ਹਾਈਆ । ਅਲਫ਼ ਯੇ ਨਾ ਪਟੀ ਪੜ੍ਹੇ ਕੋਇ ਜਮਾਤ, ਲੇਖਾ ਲਿਖਤ ਨਾ ਕੋਇ ਰਖਾਈਆ । ਕਰੇ ਖੇਲ ਸਾਖਿਆਤ, ਸੁਰਖ਼ਰੂ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਦਏ ਜਣਾਈਆ । ਸਾਚਾ ਢੋਲਾ ਸੋਹੰ ਧਾਰ, ਗੁਰ ਅਵਤਾਰ ਰੂਪ ਵਖਾਈਆ । ਪੀਰ ਪੈਗ਼ੰਬਰ ਇਕ ਆਧਾਰ, ਘਰ ਸਾਚੇ ਮੇਲ ਮਿਲਾਈਆ । ਲਹਿਣਾ ਦੇਣਾ ਚੁੱਕੇ ਜੁਗ ਚਾਰ, ਚੌਕੜੀ ਲੇਖਾ ਰਿਹਾ ਮੁਕਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਝੋਲੀ ਆਪਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਸੋ ਪੁਰਖ ਨਿਰੰਜਣ ਇਕ ਸੁਣਾਈਆ । ਸੋਹਲਾ ਸੋਹਣਾ ਸੋਹਣਾ ਰੰਗ, ਰੰਗ ਰੰਗੀਲਾ ਇਕ ਵਖਾਈਆ । ਸਚਖੰਡ ਦਵਾਰਾ ਸਚ ਪਲੰਘ, ਸਤਿ ਸਤਿਵਾਦੀ ਸੇਜ ਹੰਢਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਅਗੰਮ ਅਗੰਮੜਾ ਇਕ ਮਰਦੰਗ, ਮਰਦ ਮਰਦਾਨਾ ਆਪ ਵਜਾਈਆ । ਨਿਰਗੁਣ ਸਰਗੁਣ ਦੇਵੇ ਸੰਗ, ਸੂਰਾ ਸਰਬੰਗ ਸਹਿਜ ਸੁਖਦਾਈਆ । ਪਿਛਲੀ ਕਰਨੀ ਚੌਦਾਂ ਚੌਦਾਂ ਕਰੇ ਭੰਗ, ਭਾਵੀ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਗੌਣਾ ਇਕੋ ਛੰਦ, ਸ਼ਹਿਨਸ਼ਾਹ ਸਮਝਾਈਆ । ਦੇਵਣਹਾਰ ਸਾਹਿਬ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਰਿਹਾ ਕਰਾਈਆ । ਨਿਰਗੁਣ ਆਪ ਨਿਰਗੁਣ ਛੰਦ, ਗਾਏ ਸੁਣਾਏ
੭੫੦ ਬਿਨ ਬੱਤੀ ਦੰਦ, ਵੰਡ ਵੰਡਾਏ ਗ੍ਰਿਹ ਸਚਖੰਡ, ਸਚ ਸਾਚੀ ਬਣਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ
੧੨ ਅਨੰਦ, ਅਨੰਦ ਆਪਣਾ ਰਸ ਰਖਾਈਆ ।

ਸੋ ਪੁਰਖ ਪ੍ਰਭ ਆਪੇ ਆਪ, ਆਪ ਆਪਣਾ ਖੇਲ ਖਿਲਾਇੰਦਾ । ਸੋ ਪੁਰਖ ਪ੍ਰਭ ਮਾਈ ਬਾਪ, ਦੂਸਰ ਅਵਰ ਨਾ ਕੋਇ ਵਡਿਆਇੰਦਾ । ਸੋ ਪੁਰਖ ਉਤਮ ਜ਼ਾਤ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਸੋ ਪੁਰਖ ਵਡ ਪਰਤਾਪ, ਵਡ ਪਰਤਾਪੀ ਆਪਣਾ ਨਾਉਂ ਧਰਾਇੰਦਾ । ਸੋ ਪੁਰਖ ਖੇਲੇ ਖੇਲ ਤਮਾਸ਼, ਖੇਲਣਹਾਰਾ ਖੇਲ ਰਚਾਇੰਦਾ । ਸੋ ਪੁਰਖ ਦੇਵਣਹਾਰਾ ਦਾਤ, ਦਾਤਾ ਦਾਨੀ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਆਪਣੀ ਕਲ ਆਪ ਜਣਾਇੰਦਾ । ਸੋ ਸਾਹਿਬ ਸੱਚਾ ਕੁਲਵੰਤਾ, ਇਕ ਇਕੱਲਾ ਵਡ ਵਡਿਆਈਆ । ਆਪ ਬਣਾਏ ਆਪਣੀ ਬਣਤਾ, ਘੜਨ ਭੰਨਣਹਾਰ ਆਪ ਅਖਵਾਈਆ । ਆਪ ਸੁਹਾਏ ਸਾਚਾ ਧਾਮ ਸੁਹੰਤਾ, ਸਚਖੰਡ ਸੱਚੇ ਵਸੇ ਸੱਚਾ ਮਾਹੀਆ । ਆਪੇ ਨਾਰ ਆਪੇ ਕੰਤਾ, ਕੰਤ ਕੰਤੂਹਲ ਆਪਣੀ ਰੰਗਲੀ ਸੇਜ ਹੰਢਾਈਆ । ਸੋ ਸਾਹਿਬ ਸਦਾ ਬੇਅੰਤਾ, ਬੇਅੰਤ ਆਪਣੀ ਧਾਰ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਏਕੰਕਾਰ ਇਕ ਅਖਵਾਈਆ । ਸੋ ਦਿਆਲ ਸੋ ਕਿਰਪਾਲ, ਸੋ ਆਪਣੀ ਕਲ ਵਰਤਾਇੰਦਾ । ਸੋ ਵਸਤ ਸੋ ਧੰਨ ਮਾਲ, ਸੋ ਵਣਜਾਰਾ ਹੱਟ ਚਲਾਇੰਦਾ । ਸੋ ਮੰਦਰ ਸੋ ਧਰਮਸਾਲ, ਸਚਖੰਡ ਸਾਚਾ ਸੋਭਾ ਪਾਇੰਦਾ । ਸੋ ਨੂਰ ਸੋ ਜੋਤ ਜੁਮਾਲ,

ਨੂਰ ਨੁਰਾਨਾ ਡਗਮਗਾਇੰਦਾ । ਸੋ ਵਸੇ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਰਖਾਇੰਦਾ । ਸੋ ਪੁਰਖ ਨਿਰੰਜਣ ਵਡ ਮਿਹਰਵਾਨਾ, ਮਿਹਰਵਾਨ ਦਇਆ ਕਮਾਈਆ । ਆਪਣਾ ਦੇਵੇ ਆਪੇ ਦਾਨਾ, ਹਰਿ ਪੁਰਖ ਨਿਰੰਜਣ ਨਾਉਂ ਧਰਾਈਆ । ਹਰਿ ਪੁਰਖ ਨਿਰੰਜਣ ਕਰ ਕਰ ਖੇਲ ਮਹਾਨਾ, ਏਕੰਕਾਰਾ ਵੇਸ ਵਟਾਈਆ । ਏਕੰਕਾਰਾ ਨੂਰ ਨੁਰਾਨਾ, ਆਦਿ ਨਿਰੰਜਣ ਭੇਵ ਚੁਕਾਈਆ । ਆਦਿ ਨਿਰੰਜਣ ਵਡ ਬਲਵਾਨਾ, ਅਬਿਨਾਸ਼ੀ ਕਰਤਾ ਪਰਦਾ ਲਾਹੀਆ । ਅਬਿਨਾਸ਼ੀ ਕਰਤਾ ਸ਼ਾਹ ਸੁਲਤਾਨਾ, ਸ੍ਰੀ ਭਗਵਾਨ ਦਏ ਵਡਿਆਈਆ । ਸ੍ਰੀ ਭਗਵਾਨ ਰਾਜ ਰਾਜਾਨਾ, ਸਾਚੇ ਤਖ਼ਤ ਬਹੇ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹੁਕਮਰਾਨਾ, ਸਾਚਾ ਹੁਕਮ ਆਪ ਜਣਾਈਆ । ਹੁਕਮ ਹਾਕਮ ਕਰ ਪਰਵਾਨਾ, ਪਾਰਬ੍ਰਹਮ ਪ੍ਰਭ ਸੀਸ ਨਿਵਾਈਆ । ਕਰੇ ਖੇਲ ਸੋ ਮਹਾਨਾ, ਆਪਣੀ ਇਛਿਆ ਆਪ ਜਣਾਈਆ । ਮੰਦਰ ਮਹੱਲ ਇਕ ਮਕਾਨਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣਾ ਪਰਦਾ ਦਏ ਚੁਕਾਈਆ । ਸੋ ਸਾਹਿਬ ਸੂਰਬੀਰ, ਏਕਾ ਏਕ ਅਖਵਾਇੰਦਾ । ਨਾ ਕੋਈ ਬਸਤਰ ਨਾ ਕੋਈ ਚੀਰ, ਤਨ ਖ਼ਾਕ ਨਾ ਕੋਇ ਹੰਢਾਇੰਦਾ । ਨਾ ਕੋਈ ਸ਼ਰਅ ਨਾ ਜ਼ੰਜੀਰ, ਸ਼ਰੀਅਤ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਗੁਰ ਅਵਤਾਰ ਨਾ ਕੋਈ ਪੀਰ, ਪੈਗ਼ੰਬਰ ਸੰਗ ਨਾ ਕੋਇ ਰਖਾਇੰਦਾ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਗਹਿਰ ਗੰਭੀਰ, ਆਪਣਾ ਨਾਉਂ ਧਰਾਇੰਦਾ । ਸਚ ਮੁਕਾਮੇ ਚੋਟੀ ਚੜ੍ਹ ਬੈਠਾ ਅਖ਼ੀਰ, ਆਖ਼ਰ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਆਪਣਾ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਨਿਰਗੁਣ ਨਿਰਾਕਾਰ ਆਪ ਕਰਾਈਆ । ਅਜੂਨੀ ਰਹਿਤ ਹੋ ਉਜਿਆਰਾ, ਨੂਰ ਨੁਰਾਨਾ ਨੂਰ ਧਰਾਈਆ । ਅਨਭਵ ਪਰਕਾਸ਼ ਖੇਲ ਆਪਾਰਾ, ਭੇਵ ਕੋਇ ਨਾ ਰਾਈਆ । ਕਰੇ ਕਰਾਏ ਸਾਚੀ ਕਾਰਾ, ਕਰਤਾ ਪੁਰਖ ਵਡ ਵਡਿਆਈਆ । ਨਾਰੀ ਕੰਤ ਬਣ ਕਰੇ ਪਿਆਰਾ, ਸੇਜ ਸੁਹੰਜਣੀ ਆਪ ਸੁਹਾਈਆ । ਨਿਰਗੁਣ ਅੰਦਰ ਨਿਰਗੁਣ ਧਾਰਾ, ਨਿਰਗੁਣ ਨਿਰਗੁਣ ਆਪ ਟਿਕਾਈਆ । ਨਿਰਗੁਣ ਜਨਨੀ ਜਨ ਬਣੇ ਅਗੰਮ ਅਪਾਰਾ, ਅਲੱਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਜਣੇ ਸੁਤ ਦੁਲਾਰਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸ਼ਬਦੀ ਨਾਉਂ ਕਰੇ ਪਿਆਰਾ, ਨਾਉਂ ਨਿਰੰਕਾਰਾ ਆਪ ਸੁਣਾਈਆ । ਸੋ ਪੁਰਖ ਨਿਰੰਜਣ ਕਰ ਪਸਾਰਾ, ਸ਼ਬਦੀ ਧਾਰ ਅਗੰਮ ਅਪਾਰਾ, ਨਿਰਗੁਣ ਵਿਚੋਂ ਨਿਰਗੁਣ ਹੋਇਆ ਉਜਿਆਰਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸੋ ਪੁਰਖ ਨਿਰੰਜਣ ਮਾਈ ਬਾਪ, ਆਦਿ ਆਦਿ ਆਦਿ ਅਖਵਾਇੰਦਾ । ਸ਼ਬਦ ਸੁਤ ਬਣ ਪਰਤਾਪ, ਘਰ ਸਾਚੇ ਸੋਭਾ ਪਾਇੰਦਾ । ਹੰ ਹੰ ਦਿਤੀ ਦਾਤ, ਬ੍ਰਹਮ ਬ੍ਰਹਮ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਧਾਰ ਏਕੰਕਾਰ, ਨਿਰਗੁਣ ਨਿਰਗੁਣ ਸਚ ਵਿਹਾਰ, ਸਰਗੁਣ ਦੇਵੇ ਵਸਤ ਅਪਾਰ, ਦੋਹਾਂ ਵਿਚੋਲਾ ਬਣ ਮਿਹਰਵਾਨ, ਕਰੇ ਖੇਲ ਦੋ ਜਹਾਨ, ਨਿਰਗੁਣ ਸਰਗੁਣ ਝੁਲਾਏ ਨਿਸ਼ਾਨ, ਬੋਧ ਅਗਾਧਾ ਇਕ ਗਿਆਨ, ਹੰ ਬ੍ਰਹਮ ਕਰ ਪਰਵਾਨ, ਸੋ ਪੁਰਖ ਨਿਰੰਜਣ ਗੁਣ ਨਿਧਾਨ, ਆਤਮ ਪਰਮਾਤਮ ਪਰਮ ਪੁਰਖ ਪੁਰਖ ਆਪਣਾ ਰੰਗ ਵਖਾਈਆ । ਆਪੇ ਹੰ ਆਪੇ ਸੋ, ਸੋ ਆਪਣੇ ਵਿਚ ਸਮਾਈਆ । ਆਪਣਾ ਬੀਜ ਆਪੇ ਬੋ, ਆਪੇ ਵੇਖ ਵਖਾਈਆ । ਆਪਣੇ ਜਿਹਾ ਆਪੇ ਹੋ, ਨਿਰਗੁਣ ਨਿਰਗੁਣ ਖ਼ੁਸ਼ੀ ਮਨਾਈਆ । ਆਪੇ ਦੇਵਣਹਾਰਾ ਲੋ, ਪਰਕਾਸ਼ ਪਰਕਾਸ਼ ਨਾਲ ਵਟਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸੋਹੰ ਧਾਰ ਸੋ ਅਪਾਰ, ਹੰ ਬ੍ਰਹਮ ਇਕ ਆਧਾਰ, ਨੇਮ ਕਰਮ ਵਸੇ ਬਾਹਰ, ਕਰਮ ਕਾਂਡ ਨਾ ਕੋਇ ਵੀਚਾਰ, ਜੋਤੀ ਜਾਤਾ ਮੀਤ ਮੁਰਾਰ, ਪੁਰਖ ਬਿਧਾਤਾ ਪਾਵੇ ਸਾਰ, ਅੰਦਰ ਬਾਹਰ ਗੁਪਤ ਜ਼ਾਹਰ, ਜ਼ਾਹਰ ਜ਼ਹੂਰ ਨਿਰਗੁਣ ਨੂਰ, ਅਨਾਦੀ ਤੂਰ ਸਰਬ ਕਲਾ ਭਰਪੂਰ, ਸੋ ਪਦ ਨਾ ਕੋਈ ਜਾਣੇ ਹੱਦ, ਹੰ ਬ੍ਰਹਮ ਦਰ ਦਵਾਰੇ ਸਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਦੂਆ ਦੂਆ ਏਕਾ, ਏਕੰਕਾਰਾ ਨਿਰਾਕਾਰਾ, ਨਿਰਗੁਣ ਧਾਰਾ ਸਰਗੁਣ ਪਸਾਰਾ, ਈਸ਼ ਜੀਵ ਜਗਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਰੰਗ ਸੇਜ ਪਲੰਘ, ਆਤਮ ਅਨੰਦ ਪਰਮਾਨੰਦ ਨਿਰਗੁਣ ਚੰਦ ਖੇਲ ਸੂਰੇ ਸਰਬੰਗ, ਮੇਲ ਮਿਲਾਵਾ ਸਚਖੰਡ, ਵੇਖਣਹਾਰਾ ਕੋਟ ਬ੍ਰਹਿਮੰਡ, ਵਸਣਹਾਰਾ ਜੇਰਜ ਅੰਡ, ਉਤਭੁਜ ਸੇਤਜ ਪਾਵੇ ਬੰਧ, ਸੋ ਬੰਦੀਖਾਨੇ ਵਿਚ ਕਦੇ ਨਾ ਆਈਆ । ਸੋ ਪੁਰਖ ਨਿਰੰਜਣ ਅਗੰਮ ਅਥਾਹ, ਊਚੋ ਊਚ ਅਖਵਾਇੰਦਾ । ਹੰ ਬ੍ਰਹਮ ਦੇ ਸਲਾਹ ਪਾਰਬ੍ਰਹਮ ਪੜ੍ਹਾਇੰਦਾ । ਆਤਮ ਪਰਮਾਤਮ ਕਰ ਨਿਕਾਹ, ਜੋੜੀ ਜੋੜਾ ਜੋੜ ਜੁੜਾਇੰਦਾ । ਆਸਣ ਸਿੰਘਾਸਣ ਡੇਰਾ ਲਾ, ਪੁਰਖ ਅਬਿਨਾਸ਼ਣ ਸੋਭਾ ਪਾਇੰਦਾ । ਅੰਦਰ ਵੜ ਵੜ ਮੇਲ ਮਿਲਾ, ਡੂੰਘੀ ਕੰਦਰ ਖੇਲ ਖਿਲਾ, ਰੰਗ ਰੰਗੀਲਾ ਆਪਣਾ ਰੰਗ ਚੜ੍ਹਾਇੰਦਾ । ਗੁਰ ਚੇਲਾ ਰੂਪ ਵਟਾ, ਸੋਹੰ ਢੋਲਾ ਆਪੇ ਗਾ, ਸ਼ਬਦ ਅਮੋਲਾ ਝੋਲੀ ਪਾ, ਤੋਲਾ ਬਣੇ ਬੇਪਰਵਾਹ, ਨਵਾਂ ਨਿਰੋਆ ਇਕ ਇਕੱਲਾ, ਏਕ ਓਅੰਕਾਰਾ ਆਪਣੀ ਕਾਰ ਕਰਾਇੰਦਾ । ਆਦਿ ਜੁਗਾਦੀ ਸੋਹੰ ਸੋ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਏਕਾ ਦੂਆ ਆਪੇ ਹੋ, ਦੋਏ ਦੋਏ ਏਕਾ ਰੂਪ ਸਮਾਈਆ । ਏਕਾ ਲੈ ਕੇ ਆਏ ਢੋਆ ਢੋ, ਦੂਆ ਆਪਣੀ ਝੋਲੀ ਪਾਈਆ । ਕਰੇ ਖੇਲ ਪ੍ਰਭ ਸਾਚਾ ਸੋ, ਆਪਣੀ ਸੋ ਹੰ ਬ੍ਰਹਮ ਸੁਣਾਈਆ । ਹੰ ਬ੍ਰਹਮ ਆਪੇ ਹੋ, ਘਟ ਘਟ ਰਿਹਾ ਸਮਾਈਆ । ਅੰਮ੍ਰਿਤ ਝਿਰਨਾ ਨਿਝਰ ਚੋ, ਰਸ ਰਸੀਆ ਰਸ ਚਖਾਈਆ । ਬਿਨ ਹਰਿ ਭਗਤ ਦੂਸਰ ਜਾਣੇ ਨਾ ਕੋ, ਸੋ ਜਾਣੇ ਜਿਸ ਮਿਲਿਆ ਸੋ, ਅੰਦਰ ਬਾਹਰ ਦੁਰਮਤ ਮੈਲ ਧੋ, ਅੰਮ੍ਰਿਤ ਆਤਮ ਰਸ ਨਿਝਰ ਮੁਖ ਚੋ, ਕੋਟਨ ਕੋਟ ਬ੍ਰਹਿਮੰਡ ਕਰੇ ਪਰਕਾਸ਼ ਲੋ, ਸੂਰਜ ਚੰਦ ਵੇਖ ਵੇਖ ਰਹੇ ਰੋ, ਸੋ ਪੁਰਖ ਨਿਰੰਜਣ ਤੁਹਾਡੇ ਜੀਆ ਏਕਾ ਢੋਆ ਦੇਵੇ ਢੋ, ਦਿਤੀ ਵਸਤ ਨਾ ਸਕੇ ਕੋਈ ਖੋਹ, ਹਰਿ ਕਾ ਨਾਮ ਵਡ ਭੰਡਾਰ ਅੱਗੇ ਹੱਥ ਪਾ ਕੋਈ ਨਾ ਸਕੇ ਟੋਹ, ਕੋਟਨ ਕੋਟ ਦੂਰ ਦੁਰਾਡੇ ਮੰਗਣ ਪ੍ਰਭ ਚਰਨ ਸਕੇ ਨਾ ਕੋਈ ਛੋਹ, ਕਰ ਕਿਰਪਾ ਪਾਰਬ੍ਰਹਮ ਪਤਿਪਰਮੇਸ਼ਵਰ ਹੰ ਇਸਤਰੀ ਕਰਾਏ ਸੱਚਾ ਮੋਹ, ਮੋਹ ਮੁਹੱਬਤ ਇਕ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਬਿਨ ਪਰਮਾਤਮ ਆਤਮ ਰਹੀ ਰੋ, ਧੀਰਜ ਧੀਰ ਨਾ ਕੋਇ ਧਰਾਈਆ । ਜਿਸ ਗੁਰਮੁਖ ਰਾਤੀਂ ਸੁੱਤਿਆਂ ਆਪਣੀ ਦੇ ਕੇ ਜਾਏ ਸੋ, ਸੋ ਗੁਰਮੁਖ ਮਿਲ ਮਿਲ ਖ਼ੁਸ਼ੀ ਮਨਾਈਆ । ਹੰ ਹੰ ਆਪਣਾ ਆਪ ਖੋਹ, ਖੋਹ ਖੋਹ ਸਤਿਗੁਰ ਚਰਨਾ ਭੇਟ ਚੜ੍ਹਾਈਆ । ਦੁੱਖ ਦਰਦ ਦੁੱਖ ਭੰਜਣ ਅੱਗੇ ਦੱਸੇ ਰੋ, ਤੇਰਾ ਵਿਛੋੜਾ ਜੁਗ ਝੱਲਿਆ ਨਾ ਜਾਈਆ । ਲੱਖ ਚੁਰਾਸੀ ਅੰਦਰ ਫੜ ਫੜ ਮੈਨੂੰ ਦਿਤਾ ਕੋਹ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਜੂਠ ਝੂਠ ਲੋਭ ਜਗਤ ਛੁਰੀਆਂ ਕੱਢ ਕੱਢ ਮੇਰਾ ਅੰਗ ਅੰਗ ਰਹੇ ਕਟਾਈਆ । ਕਰ ਕਿਰਪਾ ਮੇਰੀ ਦੁਰਮਤ ਮੈਲ ਧੋ, ਸੋ ਪੁਰਖ ਨਿਰੰਜਣ ਦੇਵੇ ਵਡ ਵਡਿਆਈਆ । ਗੁਰਮੁਖਾਂ ਜਿਹਾ ਆਪੇ ਹੋ, ਭਗਤਾਂ ਅੰਦਰ ਵੜ ਜਾਏ ਸੋ, ਸੰਤਾਂ ਲਹਿਣਾ ਚੁਕਾਏ ਤ੍ਰੈ ਲੋਅ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਿਨਾਰਾ ਆਪਣਾ ਡੇਰਾ ਲਾਈਆ ।

## ✳ ੧੯ ਭਾਦਰੋਂ ੨੦੧੯ ਬਿਕ੍ਰਮੀ ਨਾਜ਼ਰ ਸਿੰਘ, ਭਾਗ ਸਿੰਘ ਦੇ ਗ੍ਰਿਹ ਮਾੜੀ ਮੁਸਤਫਾ ਜ਼ਿਲਾ ਫਿਰੋਜ਼ਪੁਰ ✳

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਹਰਿ ਪੁਰਖ ਨਿਰੰਜਣ ਰਾਜ ਰਾਜਾਨ, ਭੂਪਤ ਭੂਪ ਨਾਉਂ ਧਰਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਆਪਣਾ ਮੇਲਾ ਆਪ ਮਿਲਾਇੰਦਾ । ਕਰੇ ਖੇਲ ਖੇਲ ਮਹਾਨ, ਖੇਲਣਹਾਰਾ ਨਜ਼ਰ ਨਾ ਆਇੰਦਾ । ਆਪਣੀ ਇਛਿਆ ਕਰ ਪਰਵਾਨ, ਭਿਛਿਆ ਝੋਲੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚੀ ਭਿਛਿਆ ਹਰਿ ਨਿਰੰਕਾਰਾ, ਏਕਾ ਏਕ ਰਖਾਈਆ । ਆਦਿ ਆਦਿ ਕਰ ਪਸਾਰਾ, ਰਚਨਾ ਰਚ ਰਚ ਵੇਖੇ ਬੇਪਰਵਾਹੀਆ । ਮਹੱਲ ਅਟੱਲ ਉਚ ਮਨਾਰਾ, ਸਚਖੰਡ ਦਵਾਰ ਦਏ ਸੁਹਾਈਆ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਸ਼ਾਹ ਸ੍ਰੀ ਭਗਵਾਨ, ਇਕ ਇਕੱਲਾ ਖੇਲ ਕਰਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਜਣਾਇੰਦਾ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਆਸਣ ਲਾਇੰਦਾ । ਦਰ ਦਰਵੇਸ਼ ਬਣ ਦਰਬਾਨ, ਅਲੱਖ ਅਲੱਖਣਾ ਆਪਣੀ ਅਲੱਖ ਜਗਾਇੰਦਾ । ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਦਇਆਵਾਨ ਆਪਣਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਆਦਿ ਜੁਗਾਦਿ ਕਰਾਈਆ । ਨਿਰਗੁਣ ਨਿਰਗੁਣ ਖੇਲ ਅਪਾਰ, ਅਪਰੰਪਰ ਵੇਖ ਵਖਾਈਆ । ਵਸਣਹਾਰਾ ਧਾਮ ਨਿਆਰ, ਨਿਹਚਲ ਆਸਣ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਸਚਖੰਡ ਨਿਵਾਸੀ ਇਕ ਇਕੱਲਾ, ਏਕ ਓਅੰਕਾਰਾ ਹੁਕਮ ਅਲਾਇੰਦਾ । ਦੀਪਕ ਜੋਤ ਪਰਕਾਸ਼ ਪਰਕਾਸ਼ ਆਪੇ ਰੱਲਾ, ਨੂਰ ਨੂਰ ਨੂਰ ਸੁਹਾਇੰਦਾ । ਸਤਿ ਸਤਿਵਾਦੀ ਆਦਿ ਜੁਗਾਦੀ ਨਿਰਾਕਾਰ ਆਪ ਫੜਾਏ ਆਪਣਾ ਪੱਲਾ, ਪੱਲੂ ਏਕਾ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਕਰਾਇੰਦਾ । ਸਚਖੰਡ ਸਾਚੀ ਖੇਲ ਕਰਤਾਰ, ਹਰਿ ਕਰਤਾ ਆਪ ਕਰਾਈਆ । ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਬੇਪਰਵਾਹੀਆ । ਲੇਖਾ ਲਿਖੇ ਧੁਰ ਦਰਬਾਰ, ਕਲਮ ਸ਼ਾਹੀ ਨਾ ਕੋਇ ਰਖਾਈਆ । ਸੱਜਣ ਮੀਤ ਨਾ ਕੋਇ ਮੁਰਾਰ, ਸੰਗੀ ਨਜ਼ਰ ਕੋਇ ਨਾ ਆਈਆ । ਗੁਰ ਪੀਰ ਨਾ ਕੋਇ ਅਵਤਾਰ, ਪੈਗ਼ੰਬਰ ਰੂਪ ਨਾ ਕੋਇ ਧਰਾਈਆ । ਤਤਵ ਤਤ ਨਾ ਕੋਇ ਪਸਾਰ, ਤਤ ਵੇਤਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ, ਨਿਰਮਲ ਦੀਆ ਬਾਤੀ ਕਰ ਉਜਿਆਰਾ, ਨੂਰੋ ਨੂਰ ਨੂਰ ਦਰਸਾਈਆ । ਨੂਰ ਨੁਰਾਨਾ ਏਕਾ ਏਕ, ਏਕ ਏਕ ਵਡਿਆਈਆ । ਨਿਜ ਘਰ ਆਪਣਾ ਆਪ ਆਪੇ ਵੇਖ, ਪੇਖ ਪੇਖ ਖ਼ੁਸ਼ੀ ਮਨਾਈਆ । ਨਾ ਕੋਈ ਰੂਪ ਰੰਗ ਨਾ ਰੇਖ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਸਣਹਾਰਾ ਸਾਚੇ ਦੇਸ, ਦੇਸ

ਦਸੰਤਰ ਦਏ ਵਡਿਆਈਆ । ਆਦਿ ਜੁਗਾਦੀ ਇਕ ਨਰੇਸ਼, ਨਰ ਨਰਾਇਣ ਨਾਉਂ ਧਰਾਈਆ । ਨਿਰਗੁਣ ਧਰ ਅਵੱਲੜਾ ਭੇਸ, ਸਚਖੰਡ ਬੈਠਾ ਮੁਖ ਛੁਪਾਈਆ । ਮੁਛ ਦਾੜ੍ਹੀ ਨਾ ਕੋਇ ਕੇਸ, ਨਾ ਕੋਈ ਮੂੰਡ ਮੁੰਡਾਈਆ । ਸਦਾ ਸੁਹੇਲਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਵਾਸਾ ਖੇਲ ਤਮਾਸ਼ਾ ਪੁਰਖ ਅਬਿਨਾਸ਼ਾ ਕਰਨੀ ਕਰਤਾ ਆਪਣੀ ਆਪ ਕਮਾਈਆ । ਕਰਨੀ ਕਰਤਾ ਕਰਨੇ ਯੋਗ, ਯੁਗਤੀ ਆਪਣੇ ਹੱਥ ਰਖਾਇੰਦਾ । ਦਰਗਹਿ ਸਾਚੀ ਸਚ ਸੰਜੋਗ, ਹਰਿ ਸੰਜੋਗੀ ਮੇਲ ਮਿਲਾਇੰਦਾ । ਨਿਰਗੁਣ ਨਿਰਗੁਣ ਭੋਗੇ ਭੋਗ, ਭਸਮੜ ਆਪਣੀ ਧਾਰ ਵਖਾਇੰਦਾ । ਨਾਉਂ ਨਿਰੰਕਾਰਾ ਸਚ ਸਲੋਕ, ਸੋਹਲਾ ਢੋਲਾ ਏਕਾ ਗਾਇੰਦਾ । ਆਪੇ ਰੱਖੇ ਆਪਣੀ ਓਟ, ਦੂਸਰ ਓਟ ਨਾ ਕੋਇ ਤਕਾਇੰਦਾ । ਆਪੇ ਵਸੇ ਸਾਚੇ ਕੋਟ, ਕਿਲਾ ਬੰਕ ਆਪ ਵਡਿਆਇੰਦਾ । ਆਪੇ ਨਿਰਮਲ ਨੂਰ ਜੋਤ, ਜੋਤੀ ਜਾਤਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਕਰਨੀ ਆਪਣੇ ਹੱਥ ਰਖਾਇੰਦਾ । ਕਰਨਹਾਰ ਪੁਰਖ ਅਗੰਮ, ਮਹਿਮਾ ਅਕੱਥ ਕਥੀ ਨਾ ਜਾਈਆ । ਆਦਿ ਜੁਗਾਦਿ ਬੇੜਾ ਬੰਨ੍ਹ, ਬਣ ਖੇਵਟ ਆਪ ਚਲਾਈਆ । ਆਪੇ ਜਨਨੀ ਆਪੇ ਜਨ, ਬਣੇ ਧੰਨ ਜਣੇਦੀ ਮਾਈਆ । ਵਸਣਹਾਰਾ ਬਿਨ ਛੱਪਰ ਛੰਨ, ਸਚ ਮਹੱਲੇ ਸੋਭਾ ਪਾਈਆ । ਸੁਣਨਹਾਰਾ ਬਿਨ ਰਾਗ ਕੰਨ, ਨਾਦੀ ਨਾਦ ਨਾ ਕੋਇ ਵਜਾਈਆ । ਪਰਕਾਸ਼ ਕਰੇ ਬਿਨ ਸੂਰਜ ਚੰਨ, ਨੂਰੋ ਨੂਰ ਨੂਰ ਧਰਾਈਆ । ਕਰੇ ਖੇਲ ਸ੍ਰੀ ਭਗਵਨ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਏਕੰਕਾਰ, ਏਕਾ ਵਾਰ ਜਣਾਇੰਦਾ । ਸਚਖੰਡ ਅੰਦਰ ਥਿਰ ਘਰ ਕਰ ਤਿਆਰ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਸ਼ਬਦੀ ਸ਼ਬਦ ਕਰ ਉਜਿਆਰ, ਪੂਤ ਸਪੂਤਾ ਆਪ ਬਹਾਇੰਦਾ । ਦੇਵਣਹਾਰਾ ਸਚ ਭੰਡਾਰ, ਵਸਤ ਅਮੋਲਕ ਆਪ ਵਰਤਾਇੰਦਾ । ਵਿਸ਼ਨੂੰ ਵਿਸ਼ਵ ਕਰ ਉਜਿਆਰ, ਨੂਰੋ ਨੂਰ ਨੂਰ ਪਰਗਟਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਕਵਲ ਕਵਲਾ ਖਿਲ ਗੁਲਜ਼ਾਰ, ਗੁਲਸ਼ਨ ਆਪਣੇ ਰੰਗ ਰੰਗਾਇੰਦਾ । ਬ੍ਰਹਮਾਵੇਤਾ ਪਾਰਬ੍ਰਹਮ ਬ੍ਰਹਮ ਹੋ ਨਿਆਰ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਸੁੰਨ ਅਗੰਮੀ ਧੁੰਆਂਧਾਰ, ਆਪ ਆਪਣਾ ਮੁਖ ਛੁਪਾਇੰਦਾ । ਸ਼ੰਕਰ ਮੇਲਾ ਹਰਿ ਕਰਤਾਰ, ਗੁਰ ਅਵਤਾਰ ਪੀਰ ਪੈਗ਼ੰਬਰ ਰੂਪ ਵਟਾਇੰਦਾ । ਤਿੰਨਾਂ ਵਿਚੋਲਾ ਅਗੰਮ ਅਪਾਰ, ਅਗੰਮੜੀ ਕਾਰ ਕਰਾਇੰਦਾ । ਸਚ ਸੰਦੇਸਾ ਏਕਾ ਵਾਰ, ਨਰ ਨਰੇਸ਼ਾ ਆਪ ਸੁਣਾਇੰਦਾ । ਨੇਤਰ ਖੋਲ੍ਹੇ ਕਰੇ ਬੇਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਵਾਰ ਸੁਣਾਇੰਦਾ । ਸਚ ਸੰਦੇਸਾ ਸਾਚਾ ਢੋਲਾ, ਏਕ ਓਅੰਕਾਰਾ ਆਪ ਜਣਾਈਆ । ਨਿਰਗੁਣ ਨਿਰਗੁਣ ਬਦਲੇ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਆਪ ਚੁਕਾਏ ਪਰਦਾ ਓਹਲਾ, ਓਹਲਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਖੋਲ੍ਹ ਆਪ ਕਿਵਾੜ, ਹਰਿ ਕਰਤਾ ਖੇਲ ਕਰਾਇੰਦਾ । ਪੂਤ ਸਪੂਤਾ ਇਕ ਦੁਲਾਰ, ਥਿਰ ਘਰ ਸਾਚੇ ਆਪ ਬਹਾਇੰਦਾ । ਵਸਤ ਅਮੋਲਕ ਦੇਵੇ ਥਾਰ, ਅਤੋਟ ਅਤੁੱਟ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਨਿਰਗੁਣ ਨਿਰਗੁਣ ਆਪਣਾ ਖੇਲ ਸਮਝਾਇੰਦਾ । ਸਚ ਸੰਦੇਸਾ ਏਕਾ ਵਾਰ, ਏਕੰਕਾਰਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੫੪ ੧੨

ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸੁਣ ਬਾਲ, ਹਰਿ ਸਾਚਾ ਸਚ ਜਣਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਆਪਣਾ ਰਾਹ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਚਲੇ ਨਾਲ ਨਾਲ, ਆਪਣਾ ਸੰਗ ਨਿਭਾਈਆ । ਵਸਤ ਅਮੋਲਕ ਝੋਲੀ ਦੇਵੇ ਡਾਲ, ਤ੍ਰੈਗੁਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਤ੍ਰੈ ਤ੍ਰੈ ਮੇਲਾ ਇਕ ਓਅੰਕਾਰ, ਏਕਾ ਏਕ ਕਰਾਈਆ । ਲੇਖਾ ਜਾਣੇ ਧੁਰ ਦਰਬਾਰ, ਲੇਖਾ ਅਲੇਖ ਨਾ ਕਿਸੇ ਵਖਾਈਆ । ਪੰਜ ਤਤ ਇਛਿਆ ਦੇ ਭੰਡਾਰ, ਸਚ ਭੰਡਾਰਾ ਝੋਲੀ ਪਾਈਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਕਰ ਤਿਆਰ, ਉਜਰਤ ਕੋਇ ਨਾ ਮੰਗੇ ਮਾਹੀਆ । ਲੱਖ ਚੁਰਾਸੀ ਘੜਨ ਭੰਨਣਹਾਰ, ਘਰ ਭਾਂਡੇ ਵੇਖ ਵਖਾਈਆ । ਸ਼ਬਦੀ ਸੁਤ ਕਰ ਸਿਕਦਾਰ, ਸਚ ਸਿਕਦਾਰੀ ਇਕ ਵਖਾਈਆ । ਦੋ ਜਹਾਨਾਂ ਪਾਉਣੀ ਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਚਲਾਈਆ । ਰਵ ਸਸ ਸੂਰਜ ਚੰਨ ਕਰ ਉਜਿਆਰ, ਮੰਡਲ ਮੰਡਪ ਦੇ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਹੁਕਮ ਵਡ ਬਲਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਤੇਰੀ ਧਾਰ, ਤੇਰਾ ਰੂਪ ਵਖਾਈਆ । ਧੁਰ ਦਾ ਲੇਖਾ ਅਪਰ ਅਪਾਰ, ਤੇਰੇ ਨਾਮ ਵਡਿਆਈਆ । ਤੇਰਾ ਨਾਉਂ ਸਚ ਜੈਕਾਰ, ਬ੍ਰਹਮਾਵੇਤਾ ਗਾਈਆ । ਬ੍ਰਹਮਾਵੇਤਾ ਗਾਏ ਮੁਖ ਚਾਰ, ਚਾਰ ਵੇਦ ਪੜ੍ਹਾਈਆ । ਚਾਰੋਂ ਕੁੰਟ ਕਰੇ ਪਾਸਾਰ, ਪਸਰ ਪਸਾਰੀ ਵੇਖ ਵਖਾਈਆ । ਚਾਰੇ ਖਾਣੀ ਦਏ ਅਧਾਰ, ਅੰਡਜ ਜੇਰਜ ਉਤਭੁਜ ਸੇਤਜ ਮੇਲ ਮਿਲਾਵਾ ਚਾਈਂ ਚਾਈਂਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਚਾਰੇ ਜੁਗ ਖੋਲ੍ਹ ਕਿਵਾੜ, ਜੁਗ ਜੁਗ ਕੁੰਡਾ ਦੇਵੇ ਲਾਹੀਆ । ਚਾਰੇ ਵਰਨ ਕਰ ਤਿਆਰ, ਤ੍ਰੈਗੁਣ ਮੇਲਾ ਜੋੜ ਜੁੜਾਈਆ । ਗੁਰ ਚੇਲਾ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਸ਼ਾਸਤਰ ਸਿਮਰਤ ਕਰ ਤਿਆਰ, ਸਿਮਰਤੀ ਆਪਣੀ ਬੂਝ ਬੁਝਾਈਆ । ਗੁਰ ਅਵਤਾਰ ਦੇ ਅਧਾਰ, ਸਚ ਸੰਦੇਸਾ ਇਕ ਸੁਣਾਈਆ । ਬੋਧ ਅਗਾਧ ਅਗਾਧ ਬੋਧ ਦੇਵਣਹਾਰਾ ਆਪ ਕਰਤਾਰ, ਅਗੰਮ ਅਗੰਮੜਾ ਰਾਗ ਸੁਣਾਈਆ । ਹੱਡ ਮਾਸ ਨਾੜੀ ਚਮੜਾ ਵਸੇ ਬਾਹਰ, ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਖੇਲ ਅਪਾਰ, ਬ੍ਰਹਮ ਪਾਰਬ੍ਰਹਮ ਸਲਾਹੀਆ । ਈਸ਼ ਜੀਵ ਹੋ ਤਿਆਰ, ਘਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚਖੰਡ ਸਾਚਾ ਇਕ ਸੁਹਾਈਆ । ਸਚਖੰਡ ਦਵਾਰਾ ਇਕੋ ਏਕ, ਹਰਿ ਸਾਚਾ ਆਪ ਸੁਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਟੇਕ, ਤ੍ਰੈਗੁਣ ਜੋੜੀ ਜੋੜ ਜੁੜਾਇੰਦਾ । ਪੰਚਮ ਪੰਚ ਨੇਤਰ ਨੈਣਾ ਪੇਖ, ਪੇਖਤ ਪੇਖਤ ਖ਼ੁਸ਼ੀ ਮਨਾਇੰਦਾ । ਨਿਰਗੁਣ ਸਰਗੁਣ ਕਰੇ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸ਼ਬਦ ਦੁਲਾਰੇ, ਹਰਿ ਸਤਿਗੁਰ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰੇ, ਨਾਮ ਹੁਲਾਰਾ ਇਕ ਰਖਾਈਆ । ਲੱਖ ਚੁਰਾਸੀ ਘਾੜਣ ਘੜ ਬਣ ਠਠਿਆਰੇ, ਨਿਰਗੁਣ ਸਰਗੁਣ ਵੰਡ ਵੰਡਾਈਆ । ਨੌਂ ਦਰ ਵੇਖੇ ਜਗਤ ਕਿਵਾੜੇ, ਘਰ ਘਰ ਵਿਚ ਭੇਵ ਛੁਪਾਈਆ । ਲੇਖਾ ਜਾਣੇ ਅੰਦਰ ਬਾਹਰੇ ਗੁਪਤ ਜਾਹਰੇ ਪੁਰਖ ਨਾਰੇ, ਬੇਪਰਵਾਹ ਸਾਚਾ ਮਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਕਰੇ ਖੇਲ ਨਿਆਰੇ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਅਨੇਕਾ ਰੂਪ ਵਟਾਈਆ । ਕੋਟਨ ਕੋਟ ਨਾਮ ਕਰ ਜੈਕਾਰੇ, ਜੈ ਜੈਕਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਸ਼ਬਦ ਸੁਤ ਸਮਝਾਈਆ । ਸ਼ਬਦੀ ਸੁਤ ਤੇਰਾ ਸਚ ਵਿਹਾਰਾ, ਹਰਿ ਹਰਿ ਆਪ ਜਣਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਸਾਰਾ, ਲੱਖ ਚੁਰਾਸੀ ਡੇਰਾ ਲਾਇੰਦਾ । ਆਤਮ ਪਰਮਾਤਮ ਮੀਤ ਪਿਆਰਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਕਾਇਆ ਮੰਦਰ ਅੰਦਰ ਸੱਚਾ ਦਵਾਰਾ, ਘਰ ਘਰ ਬੰਕ ਆਪ ਵਡਿਆਇੰਦਾ । ਅਨਹਦ ਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਰਾਗ ਅਲਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਤਾਲ ਸੁਹਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਸੇਜਾ ਸਚ ਪਿਆਰਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਸੁਰਤੀ ਸ਼ਬਦੀ ਸ਼ਬਦੀ ਸੁਰਤੀ ਖੇਲ ਨਿਆਰਾ, ਨਿਰਾਕਾਰਾ ਆਪ ਕਰਾਇੰਦਾ । ਕੰਤ ਕੰਤੂਹਲ ਕਰੇ ਪਿਆਰਾ, ਵੇਖਣਹਾਰਾ ਸਾਚੀ ਨਾਰਾ, ਨਰ ਨਰਾਇਣ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਅੰਦਰ ਵੜ, ਉਚੇ ਮੰਦਰ ਆਪੇ ਚੜ੍ਹ, ਨਿਸ਼ਅੱਖਰ ਅੱਖਰ ਆਪੇ ਪੜ੍ਹ, ਭੇਵ ਅਭੇਦਾ ਆਪ ਜਣਾਇੰਦਾ । ਸਾਚਾ ਭੇਵ ਦੇਵੇ ਖੋਲ੍ਹ, ਹਰਿ ਸ਼ਬਦ ਸ਼ਬਦ ਜਣਾਈਆ । ਆਦਿ ਜੁਗਾਦਿ ਤੋਲੇ ਤੋਲ, ਤੋਲਣਹਾਰਾ ਇਕ ਅਖਵਾਈਆ । ਸਦਾ ਸਦਾ ਸਦ ਰਹੇ ਅਡੋਲ, ਨਾ ਡੋਲੇ ਨਾ ਕੋਇ ਡੁਲਾਈਆ । ਸਰਗੁਣ ਅੰਦਰ ਨਿਰਗੁਣ ਮੌਲ, ਮੌਲਾ ਆਪਣੀ ਖੇਲ ਕਰਾਈਆ । ਆਦਿ ਕਰੇ ਪੂਰਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੁਗ ਚੌਕੜੀ ਉਪਰ ਧੌਲ, ਨਿਰਗੁਣ ਸਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਖੇਲ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਜੁਗ ਚੌਕੜੀ ਹੋ ਪਰਧਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਪੰਜ ਤਤ ਦੇਵੇ ਸੱਚਾ ਦਾਨ, ਗੁਰ ਗੁਰ ਆਪਣਾ ਨਾਉਂ ਰਖਾਇੰਦਾ । ਸ਼ਬਦ ਅਗੰਮੀ ਗਾਏ ਗਾਣ, ਗੀਤ ਤਰਾਨਾ ਇਕ ਸੁਣਾਇੰਦਾ । ਨਾਮ ਨਿਧਾਨਾ ਮਾਰੇ ਬਾਣ, ਅਣਿਆਲਾ ਤੀਰ ਆਪ ਚਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਜੁਗ ਜੁਗ ਵੇਖੇ ਆਣ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪ ਵੰਡਾਇੰਦਾ । ਸਾਚੀ ਵੰਡ ਜੁਗ ਚਾਰ, ਚਾਰ ਵੇਦ ਕਰੇ ਕੁੜਮਾਈਆ । ਚਾਰੇ ਖਾਣੀ ਕਰ ਪਸਾਰ, ਲੱਖ ਚੁਰਾਸੀ ਬੰਧਨ ਪਾਈਆ । ਚਾਰੇ ਬਾਣੀ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਚਾਰੇ ਵਰਨ ਕਰ ਤਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੀ ਗੰਢ ਵਖਾਈਆ । ਚਾਰੇ ਕੁੰਟ ਕਰ ਉਜਿਆਰ, ਚਾਰ ਯਾਰੀ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਗੁਰ ਅਵਤਾਰ, ਸਾਚਾ ਮਾਰਗ ਇਕ ਸਮਝਾਈਆ । ਸਾਚਾ ਮਾਰਗ ਗੁਰ ਅਵਤਾਰ, ਹਰਿ ਸਾਚਾ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖ ਵਾਰੋ ਵਾਰ, ਵੇਸ ਅਨੇਕਾ ਆਪ ਕਰਾਇੰਦਾ । ਕੋਈ ਕਹੇ ਰਾਮ ਰਾਮ ਅਵਤਾਰ, ਕੋਈ ਕ੍ਰਿਸ਼ਨ ਕ੍ਰਿਸ਼ਨ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇਹਾਰਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਖੋਲ੍ਹੇ ਬੰਦ ਕਿਵਾੜਾ, ਕੁੰਡਾ ਆਪਣੀ ਹੱਥੀਂ ਲਾਹੀਆ । ਨਿਰਗੁਣ ਸਰਗੁਣ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਈਸਾ ਮੂਸਾ ਕਰ ਤਿਆਰਾ, ਹੁਕਮੀ ਹੁਕਮ ਇਕ ਸੁਣਾਈਆ । ਕਲਮਾ ਨਬੀ ਕਰ ਉਜਿਆਰਾ, ਸਚ ਰਸੂਲ ਕਰੇ ਪੜ੍ਹਾਈਆ । ਮੁਕਾਮੇ ਹੱਕ ਪਰਵਰਦਿਗਾਰਾ, ਬੇਐਬ ਨੂਰ ਰੁਸ਼ਨਾਈਆ । ਮਿਹਬਾਨ ਬੀਦੋ ਸਾਂਝਾ ਯਾਰਾ, ਬੀ ਖੈਰ ਯਾ ਅੱਲਾ ਇਲਾਹੀ ਏਕਾ ਨਾਅਰਾ ਲਾਈਆ ।

ਵੇਖੇ ਵਿਗਸੇ ਵੇਖਣਹਾਰਾ, ਯਾਮਬੀਨ ਬੇਪਰਵਾਹੀਆ । ਇਕ ਤੌਫ਼ੀਕ ਖ਼ੁਦਾਏ ਪਰਵਰਦਿਗਾਰਾ, ਦਸਤਗੀਰ ਇਕ ਵਡਿਆਈਆ । ਨੌਬਤ ਵੱਜੇ ਸਚ ਨਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਜੁਗ ਜੁਗ ਧਾਰ ਹਰਿ ਕਰਤਾਰਾ, ਕੁਦਰਤ ਕਾਦਰ ਖੇਲ ਕਰਾਇੰਦਾ । ਖ਼ਾਲਕ ਖ਼ਲਕ ਵੇਖਣਹਾਰਾ, ਮਖ਼ਲੂਕ ਆਪਣੇ ਰੰਗ ਰੰਗਾਇੰਦਾ । ਦੇਵਣਹਾਰਾ ਸਚ ਭੰਡਾਰਾ, ਵਸਤ ਅਤੁਲ ਆਪ ਵਰਤਾਇੰਦਾ । ਸ਼ਰਅ ਸ਼ਰੀਅਤ ਵਸੇ ਬਾਹਰਾ, ਲਾਸ਼ਰੀਕ ਨਾਉਂ ਧਰਾਇੰਦਾ । ਮੁਹੰਮਦ ਨੇਤਰ ਇਕ ਉਘਾੜਾ, ਅੱਖ ਅੱਖ ਨਾਲ ਮਿਲਾਇੰਦਾ । ਡੂੰਘੀ ਕੰਦਰ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਜਣਾਏ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਆਦਿ ਜੁਗਾਦੀ ਇਕੋ ਤਤ, ਤਤ ਤਤ ਨਾਲ ਮਿਲਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਚਾਲ ਚਲਾਈਆ । ਨਿਰਗੁਣ ਸਰਗੁਣ ਹੋ ਪਰਗਟ, ਸਰਗੁਣ ਦੇਵੇ ਮਾਣ ਵਡਿਆਈਆ । ਜਗਤ ਨਿਸ਼ਾਨਾ ਨਾਮ ਰੱਖ, ਨਾਨਕ ਸਿਫ਼ਤ ਸਾਲਾਹੀਆ । ਸਚਖੰਡ ਦਵਾਰੇ ਆਪੇ ਵਸ, ਮੇਲ ਮਿਲਾਏ ਸਹਿਜ ਸੁਭਾਈਆ । ਸਾਚਾ ਮਾਰਗ ਏਕਾ ਦੱਸ, ਏਕਾ ਧੰਧੇ ਲਾਈਆ । ਏਕਾ ਨੂਰ ਹਰਿ ਪਰਕਾਸ਼, ਦੂਜਾ ਨੂਰ ਨਾ ਕੋਇ ਧਰਾਈਆ । ਸਰਬ ਜੀਆਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਘਟ ਘਟ ਅੰਦਰ ਰੱਖੇ ਵਾਸ, ਪੁਰਖ ਅਕਾਲ ਵਡੀ ਵਡਿਆਈਆ । ਲੱਖ ਚੁਰਾਸੀ ਇਕ ਜਮਾਤ, ਇਕੋ ਅੱਖਰ ਆਪ ਪੜ੍ਹਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ੍ਹਣਹਾਰਾ ਖੇਲ ਤਮਾਸ਼, ਸਚ ਤਮਾਸ਼ਾ ਕਾਇਨਾਤ ਵਖਾਈਆ । ਸ਼ਬਦ ਸੁਤ ਵਡ ਬਲਵਾਨ, ਹਰਿ ਏਕਾ ਗੁਣ ਸਮਝਾਇੰਦਾ । ਜੁਗ ਚੌਕੜੀ ਤੇਰਾ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਤੇਰੀ ਆਣ, ਤੇਰੇ ਅੱਗੇ ਸੀਸ ਨਾ ਕੋਇ ਉਠਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਬੰਦੀਖਾਨਾ ਵਿਚ ਜਹਾਨ, ਬੰਧਨ ਇਕੋ ਇਕ ਜਣਾਇੰਦਾ । ਨੌ ਖੰਡ ਪ੍ਰਿਥਮੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਗ੍ਰਿਹਿ ਗ੍ਰਿਹਿ ਨੱਚੇ ਇਕ ਸ਼ੈਤਾਨ, ਸ਼ਰਅ ਆਪਣਾ ਨਾਚ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਏਕ ਸੁਣਾਇੰਦਾ । ਇਕ ਸੰਦੇਸਾ ਸੁਣ ਲੈ ਸੱਜਣ, ਹਰਿ ਸਾਚਾ ਸਚ ਜਣਾਈਆ । ਪੰਜ ਤਤ ਭਾਂਡੇ ਸਭ ਦੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਲੋਕਮਾਤ ਕਰ ਕਰ ਜਾਣ ਜਗਤ ਮਜਨ, ਪੁਰਖ ਅਬਿਨਾਸ਼ੀ ਸੇਵਾ ਲਾਈਆ । ਅੰਤਮ ਚੋਲਾ ਸਾਰੇ ਤਜਣ, ਮਾਟੀ ਖ਼ਾਕ ਖ਼ਾਕ ਸਮਾਈਆ । ਪੁਰਖ ਅਬਿਨਾਸ਼ੀ ਕੋਲੋਂ ਮੰਗਣ, ਖ਼ਾਲੀ ਝੋਲੀ ਅੱਗੇ ਡਾਹੀਆ । ਦੀਨ ਦਿਆਲ ਠਾਕਰ ਸਵਾਮੀ ਦੇਵਣਹਾਰਾ ਸਾਚੀ ਰੰਗਣ, ਰੰਗ ਏਕਾ ਵਾਰ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਏਕ ਸੁਣਾਈਆ । ਸਚ ਸੰਦੇਸਾ ਹਰਿ ਜੂ ਹਰਿ, ਆਦਿ ਆਦਿ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜਾਏ ਹਰ, ਕਲਜੁਗ ਅੰਤਮ ਵੇਲਾ ਆਇੰਦਾ । ਦੋ ਜਹਾਨਾਂ ਆਵੇ ਡਰ, ਭੈ ਭਿਆਨਕ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹਣਹਾਰਾ, ਏਕਾ ਵਾਰ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੇਵਾ ਲਾਏ ਤੇਈ ਅਵਤਾਰਾ, ਹੁਕਮੀ ਹੁਕਮ ਹੁਕਮ ਸੁਣਾਈਆ ।

ਭਗਤ ਭਗਵੰਤ ਦਏ ਸਹਾਰਾ, ਇਕ ਅੱਠ ਜੋੜ ਜੁੜਾਈਆ । ਈਸਾ ਮੂਸਾ ਮੁਹੰਮਦ ਹੱਕ ਹਕ਼ੀਕ਼ਤ ਦੱਸ ਨਜ਼ਾਰਾ, ਬੇਨਜ਼ੀਰ ਨੂਰ ਦਰਸਾਈਆ । ਏਕਾ ਨੂਰ ਗੁਰ ਅਵਤਾਰਾ, ਦੱਸ ਦੱਸ ਆਪਣੀ ਬੂਝ ਬੁਝਾਈਆ । ਦੀਨ ਮਜ਼੍ਹਬ ਕਰ ਪਸਾਰਾ, ਪਸਰ ਪਸਾਰੀ ਵੇਖ ਵਖਾਈਆ । ਸ਼ਾਸਤਰ ਸਿਮਰਤ ਬਣ ਲਿਖਾਰਾ, ਲਿਖ ਲਿਖ ਲੇਖਾ ਦਏ ਸਮਝਾਈਆ । ਵੇਦ ਕਤੇਬਾਂ ਦੱਸਣਹਾਰਾ, ਗੀਤਾ ਗਿਆਨ ਕਰੇ ਪੜ੍ਹਾਈਆ । ਅੰਜੀਲ ਕੁਰਾਨਾ ਬੋਲ ਨਾਅਰਾ, ਤੀਸ ਬਤੀਸਾ ਆਪ ਸੁਣਾਈਆ । ਖ਼ਾਣੀ ਬਾਣੀ ਵੇਖ ਅਖਾੜਾ, ਦੋ ਜਹਾਨਾਂ ਨਾਚ ਨਚਾਈਆ । ਆਪੇ ਵਸਣਹਾਰਾ ਸਭ ਤੋਂ ਬਾਹਰਾ, ਨਿਰਗੁਣ ਭੇਵ ਕੋਇ ਨਾ ਪਾਈਆ । ਕਾਗ਼ਜ਼ ਕਲਮ ਸ਼ਾਹੀ ਨਾ ਪਾਵੇ ਸਾਰਾ, ਸਾਰ ਹੱਥ ਕਿਸੇ ਨਾ ਆਈਆ । ਗੁਰ ਅਵਤਾਰਾਂ ਦੇਵਣਹਾਰ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਪੀਰ ਪੈਗ਼ੰਬਰ ਕਹਿਣ ਮਦਦਗਾਰਾ, ਬੇਪਰਵਾਹ ਬੇਨਜ਼ੀਰ ਅਕਸੀਰ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਸਾਂਝਾ ਯਾਰਾ, ਹਰ ਘਟ ਆਪਣਾ ਮੇਲ ਮਿਲਾਈਆ । ਸਾਂਝਾ ਯਾਰ ਏਕੰਕਾਰ, ਏਕਾ ਏਕ ਅਖਵਾਇੰਦਾ । ਜੁਗ ਚੌਕੜੀ ਕਰ ਕਰ ਪਾਰ, ਲੇਖਾ ਸਭ ਦਾ ਆਪ ਮੁਕਾਇੰਦਾ । ਕਲਜੁਗ ਅੰਤਮ ਆਏ ਵਾਰ, ਨੌਂ ਨੌਂ ਚਾਰ ਡੇਰਾ ਢਾਹਿੰਦਾ । ਸਚਖੰਡ ਨਿਵਾਸੀ ਸਚ ਲਾਏ ਇਕ ਦਰਬਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਚਾਰ ਯੁਗ ਦੀ ਵੇਖੇ ਕਾਰ ਕਰਤਾ ਕੀਮਤ ਆਪੇ ਪਾਇੰਦਾ । ਹੁਕਮ ਦੇਵੇ ਏਕਾ ਵਾਰ, ਸਚ ਸੰਦੇਸਾ ਇਕ ਸੁਣਾਇੰਦਾ । ਸ਼ਬਦੀ ਸੁਤ ਕਰਿਆ ਖ਼ਬਰਦਾਰ, ਬੇਖ਼ਬਰ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਸਚ ਹਲੂਣਾ ਏਕਾ ਲਾਇੰਦਾ । ਗੁਰ ਅਵਤਾਰ ਰਹੋ ਤਿਆਰ, ਤ੍ਰੈਗੁਣ ਅਤੀਤਾ ਆਖ ਸੁਣਾਇੰਦਾ । ਪੀਰ ਪੈਗ਼ੰਬਰ ਹੋ ਬੇਦਾਰ, ਬੇਦਰਦੀ ਅੱਖ ਖੁਲ੍ਹਾਇੰਦਾ । ਰਲ ਮਿਲ ਸਾਰੇ ਕਰੋ ਪੁਕਾਰ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਇੰਦਾ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਗੋਝ ਗਿਆਨ ਨਾ ਕੋਇ ਜਣਾਇੰਦਾ । ਕਲਮਾ ਇਲਾਹੀ ਨਾ ਕੋਇ ਆਧਾਰ, ਸਾਚੀ ਬਾਂਗ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਹਰਿ ਜੂ ਦੱਸੇ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਜਣਾਈਆ । ਕਲਜੁਗ ਅੰਤ ਅੰਧੇਰੀ ਮੱਸੇ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸਾਧ ਸੰਤ ਕੂੜੀ ਮਾਇਆ ਫਸੇ, ਮਾਇਆ ਮਮਤਾ ਮੋਹ ਸਕੇ ਨਾ ਕੋਇ ਤੁੜਾਈਆ । ਮਨਮਤ ਗੁਰਦਰ ਸ਼ਿਵਦਵਾਲੇ ਮੰਦਰ ਮਸਜਦ ਮੱਠ ਨੱਚੇ, ਹਰ ਘਟ ਨਾਚ ਨਚਾਈਆ । ਲੱਖ ਚੁਰਾਸੀ ਜੀਵ ਜੰਤ ਭਾਂਡੇ ਕੱਚੇ, ਕਾਚੀ ਮਾਟੀ ਕੰਮ ਕਿਸੇ ਨਾ ਆਈਆ । ਹਰਿ ਕਾ ਸ਼ਬਦ ਨਾ ਕੋਈ ਵਾਚੇ, ਰਸਨਾ ਜਿਹਵਾ ਹੋਈ ਹਲਕਾਈਆ । ਤ੍ਰੈਗੁਣ ਲੱਗੀ ਅਗਨ ਆਂਚੇ, ਲੱਗੀ ਅੱਗ ਨਾ ਕੋਇ ਬੁਝਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਾਰੇ ਤਮਾਚੇ, ਮੁਖ ਮੁਖੜਾ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਕਰੋ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਭੁੱਲੀ ਸਰਬ ਗਿਆਨ, ਗੁਰ ਗਿਆਨ ਨਾ ਕੋਇ ਮਨਾਇੰਦਾ । ਨਾਤਾ ਤੁਟਾ ਅੰਜੀਲ ਕੁਰਾਨ, ਗੀਤਾ ਗਿਆਨ ਨਾ ਕੋਇ ਮਾਣ, ਅਠਾਰਾਂ ਧਿਆਏ ਵੰਡ ਨਾ ਕੋਇ ਵੰਡਾਇੰਦਾ । ਅਠਾਰਾਂ ਪੁਰਾਨ ਨਾ ਕੋਇ ਮਾਣ, ਸ਼ਾਸਤਰ ਸਿਮਰਤ ਖੋਲ੍ਹ ਦੁਕਾਨ, ਵੇਦ ਵੇਦਾਂਤ ਹੱਟੋ ਹੱਟ ਵਿਕਾਇੰਦਾ । ਗੁਰ ਕਾ ਤੀਰ ਨਾ ਕੋਇ ਬਾਣ, ਅਣਿਆਲਾ


੭੫੮
੧੨

ਨਿਸ਼ਾਨ ਨਾ ਕੋਇ ਲਗਾਇੰਦਾ । ਘਰ ਘਰ ਵੜਿਆ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਸਤਿ ਦਿਸੇ ਨਾ ਕੋਇ ਨਿਸ਼ਾਨ, ਨਾਮ
ਖੰਡਾ ਨਾ ਕੋਇ ਉਠਾਇੰਦਾ । ਸ਼ਾਹ ਸੁਲਤਾਨ ਰਾਜ ਰਾਜਾਨ ਹੋਏ ਬੇਈਮਾਨ, ਬੇਵਾ ਰੂਪ ਸਭ ਬਣਾਇੰਦਾ । ਕੋਈ ਨਾ ਦਿਸੇ ਸੱਚਾ ਕਾਹਨ, ਲੱਖ
ਚੁਰਾਸੀ ਨਾਚ ਨਚਾਇੰਦਾ । ਨਾਤਾ ਤੁਟਾ ਜ਼ਿਮੀਂ ਅਸਮਾਨ, ਧੂੰਆਂਧਾਰ ਸਰਬ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਸ਼ਰਮਸਾਰ, ਨੇਤਰ ਨੈਣ
ਨਾ ਕੋਇ ਉਠਾਇੰਦਾ । ਕਰੋੜ ਤੇਤੀਸਾ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਵਿਚਾਰ, ਹਰਿ
ਵਿਚਾਰ ਵਿਚ ਕਦੇ ਨਾ ਆਇੰਦਾ । ਜੁਗ ਚੌਕੜੀ ਕਰਦੇ ਰਹੇ ਵਣਜ ਵਪਾਰ, ਵੇਦ ਕਤੇਬ ਸ਼ਾਸਤਰ ਸਿਮਰਤ ਹੱਟ ਚਲਾਇੰਦਾ । ਟਿੱਲੇ ਪਰਬਤ
ਡੂੰਘੀ ਕੰਦਰ ਸਮੁੰਦ ਸਾਗਰ ਵੇਖੀ ਗਾਰ, ਗਹਿਰ ਗੰਭੀਰ ਨਜ਼ਰ ਕਿਤੇ ਨਾ ਆਇੰਦਾ । ਨਾਰ ਕੰਤ ਨਾ ਕੋਇ ਪਿਆਰ, ਪਿਤਾ ਪੂਤ ਨਾ ਕੋਇ
ਆਧਾਰ, ਸੁਤ ਜਨਨੀ ਗੋਦ ਨਾ ਕੋਇ ਪਸਾਰ, ਸਾਚੀ ਪ੍ਰੀਤ ਨਾ ਕੋਇ ਨਿਭਾਇੰਦਾ । ਏਕਾ ਭੁੱਲਿਆ ਹਰਿ ਕਰਤਾਰ, ਗ਼ਰੀਬ ਨਿਮਾਣਿਆਂ ਹਾਹਾਕਾਰ,
ਦੁਖੀਆਂ ਦੁੱਖ ਨਾ ਕੋਇ ਵੰਡਾਇੰਦਾ । ਜੂਠ ਝੂਠ ਵਿਕੇ ਬਾਜਾਰ, ਸਚ ਸੁੱਚ ਨਾ ਕੋਇ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਖੋਲ੍ਹ ਸ਼ਬਦ ਬੋਲ, ਅੱਖ ਅੱਖ ਨਾਲ ਵਖਾਇੰਦਾ । ਵੇਖੋ ਅੱਖ ਅੱਖ ਉਘਾੜ, ਹਰਿ ਸਾਚਾ ਸਚ
ਜਣਾਈਆ । ਕਲਜੁਗ ਮਾਇਆ ਰਹੀ ਲਤਾੜ, ਸਿਰ ਸਕੇ ਨਾ ਕੋਇ ਉਠਾਈਆ । ਗ਼ਰੀਬ ਨਿਮਾਣੇ ਰੋਵਣ ਜ਼ਾਰੋ ਜ਼ਾਰ, ਦੁਖੀਆਂ ਦੁੱਖ ਨਾ ਕੋਇ
ਗਵਾਈਆ । ਸਾਧ ਸੰਤ ਕਰਨ ਵਿਭਚਾਰ, ਆਤਮ ਸੇਜ ਨਾ ਕੋਇ ਸੁਹਾਈਆ । ਹਰਿ ਕੰਤ ਨਾ ਕੋਇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਜਣਾਈਆ । ਅੰਤਮ ਲੇਖਾ ਚੌਥੇ ਯੁਗ, ਹਰਿ ਸਾਚਾ ਸਚ ਜਣਾਇੰਦਾ । ਸਭ ਦੀ ਔਧ ਰਹੀ ਪੁਗ,
ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਜੋ ਬੈਠਾ ਰਿਹਾ ਲੁਕ, ਸੋ ਅੰਤਮ ਵੇਸ ਵਟਾਇੰਦਾ । ਗੁਰ ਅਵਤਾਰ ਪੀਰ
ਪੈਗ਼ੰਬਰ ਜਿਸ ਰੱਖੇ ਆਪਣੀ ਕੁੱਖ, ਸੋ ਆਪਣਾ ਪਰਦਾ ਲਾਹਿੰਦਾ । ਲੱਖ ਚੁਰਾਸੀ ਜਿਸ ਉਪਾਈ ਮਾਣ ਦਿਵਾਇਆ ਮਾਣਸ ਮਾਨੁਖ, ਸੋ ਮਾਨਵ
ਰੰਗ ਰੰਗਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਵੇਖਣਹਾਰਾ ਝੁਕ ਝੁਕ, ਤ੍ਰੈਭਵਣ ਆਪਣਾ ਫੇਰਾ ਪਾਇੰਦਾ । ਸਾਹਿਬ ਸਤਿਗੁਰ ਇਕੋ ਗਿਆ ਉਠ,
ਪੁਰਖ ਅਕਾਲ ਬਲ ਧਰਾਇੰਦਾ । ਨਿਰਗੁਣ ਠਾਕਰ ਆਪੇ ਤੁਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਚੁਕਾਇੰਦਾ ।
ਸਾਚਾ ਲੇਖ ਅੰਤ ਚੁਕੌਣਾ, ਹਰਿ ਸਾਚਾ ਆਪ ਚੁਕਾਇੰਦਾ । ਤੇਈ ਅਵਤਾਰਾਂ ਪੰਧ ਮੁਕੌਣਾ, ਥਿਰ ਕੋਇ ਰਹਿਣ ਨਾ ਪਾਇੰਦਾ । ਭਗਤ ਅਠਾਰਾਂ
ਆਪਣੇ ਵਿਚ ਛੁਪੌਣਾ, ਜੋਤੀ ਜੋਤ ਜੋਤ ਮਿਲਾਇੰਦਾ । ਈਸਾ ਮੂਸਾ ਮੁਹੰਮਦ ਡੇਰਾ ਢੌਣਾ, ਚੌਦਾਂ ਤਬਕਾਂ ਫੇਰਾ ਪਾਇੰਦਾ । ਨਾਨਕ ਗੋਬਿੰਦ ਗੋਬਿੰਦ
ਨਾਨਕ ਏਕਾ ਰੰਗ ਵਖੌਣਾ, ਲੱਖ ਚੁਰਾਸੀ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਅਗਨ ਬੁਝੌਣਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਪੰਜ ਤਤ
ਚੋਲਾ ਆਪ ਬਦਲੌਣਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਸਾਚਾ ਮਾਰਗ ਇਕੋ ਲੌਣਾ, ਸਤਿ ਸਤਿਵਾਦੀ ਰਾਹ ਵਖਾਇੰਦਾ । ਊਚਾਂ ਨੀਚਾਂ
ਏਕਾ ਘਰ ਬਹੌਣਾ, ਰਾਉ ਰੰਕਾਂ ਭੇਵ ਮਿਟਾਇੰਦਾ । ਸਾਚਾ ਡੰਕਾ ਨਾਮ ਵਜੌਣਾ, ਦੋ ਜਹਾਨਾਂ ਆਪ ਸੁਣਾਇੰਦਾ । ਸਾਚਾ ਮੰਦਰ ਇਕ ਸੁਹੌਣਾ,
ਸਚ ਸਿੰਘਾਸਣ ਸੋਭਾ ਪਾਇੰਦਾ । ਸੋਹੰ ਢੋਲਾ ਸਭ ਨੇ ਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ

੭੫੯
੧੨

ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾ, ਢਹਿ ਪਏ ਸਰਨਾਈਆ । ਪ੍ਰਭ ਦਾਤਾ ਬੇਪਰਵਾਹ, ਬੇਪਰਵਾਹ ਤੇਰੀ ਵਡਿਆਈਆ । ਜਿਉਂ ਭਾਵੇ ਤਿਉਂ ਲੈ ਚਲਾ, ਚਾਲ ਨਿਰਾਲੀ ਤੇਰੀ ਮੋਹੇ ਭਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਚਲੌਂਦੇ ਰਹੇ ਜਗਤ ਰਾਹ, ਬਣ ਬਣ ਰਹਿਬਰ ਮਾਰਗ ਲਾਈਆ । ਤੇਰੀ ਇਕੋ ਓਟ ਤਕਦੇ ਗਏ ਖ਼ੁਦਾ, ਖ਼ੁਦੀ ਤਕਬਰ ਦੇ ਮਿਟਾਈਆ । ਬੇ ਸਬਰ ਜਾਮ ਪਿਆਲਾ ਦਏ ਪਿਆ, ਹਿਰਸ ਹਵਸ ਰਹੇ ਨਾ ਰਾਈਆ । ਤੇਰੇ ਦਰ ਸਯਦਾ ਕਰੀਏ ਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸਰਨਾਈਆ । ਗੁਰ ਅਵਤਾਰ ਮੰਗਣ ਦਾਨ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਤੂੰ ਸਾਹਿਬ ਸੱਚਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜੁਗ ਜੁਗ ਮੰਗਦੇ ਰਹੇ ਤੇਰਾ ਨਾਮ ਦਾਨ, ਦਾਤਾ ਦਾਨੀ ਆਪ ਵਰਤਾਈਆ । ਕਲਜੁਗ ਅੰਤ ਹੋਏ ਹੈਰਾਨ, ਤੇਰਾ ਨਾਉਂ ਨਾ ਕੋਇ ਧਿਆਈਆ । ਲਿਖ ਲਿਖ ਦੇ ਕੇ ਆਏ ਬਿਆਨ, ਜੀਵ ਜੰਤ ਜੰਤ ਸਮਝਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਸਰ ਓਟ ਨਾ ਕੋਇ ਤਕਾਈਆ । ਆਤਮ ਪਰਮਾਤਮ ਸਚ ਗਿਆਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਵਖਾਈਆ । ਈਸ਼ ਜੀਵ ਇਕ ਨਿਸ਼ਾਨ, ਜਗਦੀਸ ਨਿਸ਼ਾਨਾ ਇਕ ਝੁਲਾਈਆ । ਕਰ ਕਿਰਪਾ ਹੋ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਹਉਂ ਯਾਚਕ ਮੰਗੇ ਦਾਨ, ਦੇਵਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਤੇਰੇ ਦਰ ਤੱਕੀ ਆਸ, ਇਕੋ ਓਟ ਰਖਾਈਆ । ਕਲਜੁਗ ਅੰਤਮ ਬੁਝੇ ਪਿਆਸ, ਤ੍ਰਿਸਨਾ ਰਹੇ ਨਾ ਰਾਈਆ । ਸਦਾ ਸਦਾ ਸਦ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਹਉਂ ਬਾਲਕ ਸੇਵਕ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਏਕੰਕਾਰ, ਕਲਜੁਗ ਅੰਤ ਅੰਤ ਜਣਾਇੰਦਾ । ਗੁਰ ਪੀਰ ਅਵਤਾਰ ਕਰੋ ਵਿਚਾਰ, ਧਿਆਨ ਧਿਆਨ ਨਾਲ ਮਿਲਾਇੰਦਾ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨਰ ਹਰਿ ਆਪਣਾ ਵੇਸ ਵਟਾਇੰਦਾ । ਮੂਸੇ ਮਿਲੇ ਸੱਚਾ ਯਾਰ, ਨੂਰੀ ਜਲਵਾ ਨੂਰ ਵਖਾਇੰਦਾ । ਈਸਾ ਦੇਵੇ ਈਦ ਦੀਦਾਰ, ਦੀਦ ਦੀਦ ਨਾਲ ਰਖਾਇੰਦਾ । ਮੁਹੰਮਦ ਲੇਖਾ ਚੁੱਕੇ ਚੌਦਾਂ ਤਬਕ ਖੋਲ੍ਹ ਕਿਵਾੜ, ਕੁੰਡਾ ਆਪਣੀ ਹੱਥੀਂ ਲਾਹਿੰਦਾ । ਅੱਲਾ ਰਾਣੀ ਵੇਖ ਸ਼ੰਗਾਰ, ਮੁਖ ਨਕਾਬ ਪਰਦਾ ਆਪ ਉਠਾਇੰਦਾ । ਵੇਸ ਵਟਾਏ ਪਰਵਰਦਿਗਾਰ, ਪਰਦਾ ਪਰਦਾਨਸੀਂ ਨਾ ਕੋਇ ਜਣਾਇੰਦਾ । ਹੱਕ ਹਕ਼ੀਕ਼ਤ ਵੇਖੇ ਆਣ, ਸ਼ਰੀਕਤ ਸਭ ਦੀ ਆਪ ਗਵਾਇੰਦਾ । ਚਰਨ ਸਰਨ ਸਰਨ ਚਰਨ ਹਰਿ ਮੰਗੇ ਇਕੋ ਦਾਨ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਚਾਰ ਯਾਰੀ ਹੋਈ ਬੇਈਮਾਨ, ਚੌਥੇ ਯੁਗ ਕੰਮ ਕੋਇ ਨਾ ਆਇੰਦਾ । ਚੌਧਵੀਂ ਸਦੀ ਫ਼ਾਤਿਆ ਪੜ੍ਹਨਾ ਆਣ, ਫ਼ਤਹਿ ਡੰਕਾ ਤੇਰੇ ਹੱਥ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਘਰ ਸਾਚਾ ਮੋਹੇ ਭਾਇੰਦਾ । ਸਾਚਾ ਘਰ ਨਾਨਕ ਗੋਬਿੰਦ ਧਾਰ, ਰਾਮ ਰਾਮ ਰਾਮ ਸਮਾਈਆ । ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਉਜਿਆਰ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਵਡਿਆਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਜੈ ਜੈਕਾਰਾ ਨਾਦ ਸੁਣਾਈਆ । ਪੁਰੀਆਂ ਲੋਆਂ ਦਏ ਹੁਲਾਰ, ਹੁਜਰਾ ਏਕਾ ਇਕ ਵਸਾਈਆ । ਸਚ ਮਿਹਰਾਬੇ ਵਸੇ ਸਾਚਾ ਯਾਰ, ਨੂਰੀ ਜਲਵਾ ਨੂਰ ਧਰਾਈਆ । ਖੋਲ੍ਹਣਹਾਰਾ ਆਪ ਕਿਵਾੜ, ਖਿਰ ਘਰ ਵੇਖੇ ਚਾਈਂ

ਚਾਈਆ । ਸਚਖੰਡ ਦਵਾਰੇ ਕਰ ਪਸਾਰ, ਪਰਮ ਪੁਰਖ ਆਪਣੀ ਕਾਰ ਕਰਾਈਆ । ਕਲਜੁਗ ਅੰਤਮ ਕਰੇ ਖ਼ੁਵਾਰ, ਜਗਤ ਖ਼ੁਵਾਰੀ ਦਏ ਮਿਟਾਈਆ । ਸਤਿ ਸਤਿਵਾਦੀ ਬੰਨ੍ਹੇ ਧਾਰ, ਸਾਚਾ ਰਾਹ ਚਲਾਈਆ । ਊਚਾਂ ਨੀਚਾਂ ਰਾਉ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾ ਕਰੇ ਇਕ ਪਿਆਰ, ਦੂਸਰ ਵੰਡ ਨਾ ਕੋਇ ਵੰਡਾਈਆ । ਵਰਨ ਬਰਨ ਮਾਰੇ ਮਾਰ, ਅਠਾਰਾਂ ਬਰਨ ਧੀਰ ਨਾ ਕੋਇ ਧਰਾਈਆ । ਰਸਨਾ ਜਿਹਵਾ ਏਕਾ ਵਾਰ, ਗੀਤ ਗੋਬਿੰਦ ਦਏ ਸਮਝਾਈਆ । ਸੋਹੰ ਢੋਲਾ ਜੈ ਜੈਕਾਰ, ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਅੰਤਮ ਆਪ ਕਰਾਇੰਦਾ । ਸਤਿਜੁਗ ਦੀ ਸਾਚੀ ਧਾਰਾ, ਸਤਿ ਪੁਰਖ ਨਿਰੰਜਣ ਆਪ ਸਮਝਾਇੰਦਾ । ਸ੍ਰਿਸ਼ਟ ਸਬਾਈ ਇਕ ਵਿਹਾਰਾ, ਏਕਾ ਧੰਦੇ ਲਾਇੰਦਾ । ਏਕਾ ਮੰਦਰ ਇਕ ਦਵਾਰਾ, ਇਸ਼ਟ ਗੁਰਦੇਵ ਇਕ ਪਰਗਟਾਇੰਦਾ । ਏਕਾ ਰਸਨਾ ਇਕ ਜੈਕਾਰਾ, ਏਕਾ ਨਾਦ ਸੁਣਾਇੰਦਾ । ਏਕਾ ਮਿੱਤਰ ਮੀਤ ਪਿਆਰਾ, ਪੀਆ ਪ੍ਰੀਤਮ ਇਕ ਅਖਵਾਇੰਦਾ । ਏਕਾ ਆਵੇ ਜਾਵੇ ਵਾਰੋ ਵਾਰਾ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਅੰਤਮ ਕਲ, ਕਲ ਕਾਤੀ ਆਪ ਕਰਾਈਆ । ਲੱਖ ਚੁਰਾਸੀ ਖੇਲ ਵਲ ਛਲ, ਅਛਲ ਛਲ ਧਾਰੀ ਭੇਵ ਕੋਇ ਨਾ ਰਾਈਆ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਡੇਰਾ ਲਾਈਆ । ਜੋਤੀ ਸ਼ਬਦੀ ਆਪੇ ਰਲ, ਲੋਕ ਪਰਲੋਕ ਫੇਰਾ ਪਾਈਆ । ਸਚ ਸੰਦੇਸਾ ਏਕਾ ਘਲ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਅੰਤਮ ਮੇਟੇ ਸਭ ਦਾ ਸਲ, ਸੁਲਾਹ ਏਕਾ ਵਾਰ ਕਰਾਈਆ । ਸਰਨ ਸਰਨਾਈ ਔਣਾ ਚਲ, ਸਚ ਸੰਦੇਸਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਈਆ । ਸਚ ਦਵਾਰਾ ਲੋਕਮਾਤ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਨਿਰਗੁਣ ਖੋਲ੍ਹੇ ਆਪਣਾ ਤਾਕ, ਬੰਦ ਤਾਕੀ ਆਪ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪੂਰੇ ਕਰੇ ਭਵਿਖਤ ਵਾਕ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਹਰਿਜਨ ਵੇਖੇ ਸੱਜਣ ਸਾਕ, ਸਗਲਾ ਬੰਧ ਪੁਵਾਇੰਦਾ । ਪਾਰਬ੍ਰਹਮ ਪ੍ਰਭ ਪਾਕੀ ਪਾਕ, ਪੱਤਤ ਪੁਨੀਤ ਆਪ ਤਰਾਇੰਦਾ । ਅੰਤ ਉਤਾਰੇ ਸਾਚੇ ਘਾਟ, ਅਧਵਿਚਕਾਰ ਨਾ ਕੋਇ ਰੁੜ੍ਹਾਇੰਦਾ । ਸ਼ਬਦ ਅਗੰਮੀ ਦੇਵੇ ਦਾਤ, ਨਿਹਕਰਮੀ ਕਰਮ ਕਮਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਸ੍ਰਿਸ਼ਟ ਸਬਾਈ ਵਖਾਏ ਇਕ ਜਮਾਤ, ਏਕਾ ਅੱਖਰ ਆਖ਼ਰ ਆਪ ਪੜ੍ਹਾਇੰਦਾ । ਪਾਰਬ੍ਰਹਮ ਦੀ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਜੂਠ ਝੂਠ ਊਚ ਨੀਚ ਮਾਇਆ ਮਮਤਾ ਸੁੱਟੇ ਡੂੰਘੇ ਖਾਤ, ਫੜ ਬਾਹੋਂ ਬਾਹਰ ਨਾ ਕੋਇ ਕਢਾਇੰਦਾ । ਕੋਈ ਨਾ ਕਰੇ ਕਿਸੇ ਘਾਤ, ਪ੍ਰੇਮ ਪਿਆਰ ਇਕ ਵਖਾਇੰਦਾ । ਦੇਵਣਹਾਰਾ ਆਪ ਨਜਾਤ, ਸਿਰ ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪ ਚੁਕਾਇੰਦਾ । ਕਲਜੁਗ ਲੇਖਾ ਚੁੱਕੇ ਚੂਕ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਚੌਥਾ ਯੁਗ ਸੋਏ ਘੂਕ, ਤਿੰਨ ਯੁਗ ਨਾ ਕੋਇ ਉਠਾਈਆ । ਵੇਖਣਹਾਰਾ ਛੋਟਾ ਪੂਤ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦਏ ਚੁਕਾਈਆ । ਲਹਿਣਾ ਦੇਣਾ ਚੁਕਾਏ ਅੰਤ, ਅੰਤ ਆਪਣੇ ਹੱਥ ਰਖਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਨਾਚ ਨਚਾਇੰਦਾ । ਸ੍ਰਿਸ਼ਟ ਸਬਾਈ ਇਕੋ ਮੰਤ, ਮੰਤਰ

ਆਪਣਾ ਨਾਮ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਇਕੋ ਕੰਤ, ਨਰ ਹਰਿ ਨਰਾਇਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪੁਰਖ ਸਮਰਥ, ਕਲਜੁਗ ਅੰਤ ਆਪ ਕਰਾਈਆ । ਸ੍ਰਿਸ਼ਟ ਸਬਾਈ ਚਲਾਏ ਏਕਾ ਰਥ, ਰਥ ਰਥਵਾਹੀ ਬੇਪਰਵਾਹੀਆ । ਆਤਮ ਪਰਮਾਤਮ ਪਾਏ ਨੱਥ, ਮਨ ਵਾਸਨਾ ਦਏ ਖਪਾਈਆ । ਮਤ ਮਤਵਾਲੀ ਨਾ ਪਏ ਨੱਚ, ਨਟੂਆ ਨਟ ਸਾਂਗ ਨਾ ਕੋਇ ਰਚਾਈਆ । ਬੁਧ ਬਿਬੇਕੀ ਸੱਥਰ ਪਏ ਘੱਤ, ਸੱਥਰ ਏਕਾ ਯਾਰ ਹੰਢਾਈਆ । ਨਵ ਨੌਂ ਚਾਰ ਮਾਰਗ ਸਾਚਾ ਦੱਸ, ਚਾਰ ਚਾਰ ਕਰੇ ਪੜ੍ਹਾਈਆ । ਊਚਾਂ ਨੀਚਾਂ ਅੰਦਰ ਵਸ, ਰਾਉ ਰੰਕਾਂ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਈਆ । ਸਾਚਾ ਰਾਹ ਚਲੇ ਇਕ, ਇਕ ਇਕੱਲਾ ਆਪ ਚਲਾਇੰਦਾ । ਸਰਬ ਜੀਆਂ ਪ੍ਰਭ ਲੇਖਾ ਲਿਖ, ਲਿਖ ਲਿਖ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗਣ ਭਿਖ, ਵੇਲਾ ਅੰਤ ਸਰਬ ਸਮਝਾਇੰਦਾ । ਲਹਿਣਾ ਦੇਣਾ ਚੁਕਣਾ ਬੀਸ ਬੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸਮਝਾਇੰਦਾ । ਸਚ ਸੰਦੇਸਾ ਬੀਸ ਬੀਸ, ਹਰਿ ਸਤਿਗੁਰ ਆਪ ਜਣਾਈਆ । ਸਾਚਾ ਲੇਖਾ ਇਕੀਸ ਇਕੀਸ, ਏਕਾ ਇਕੀ ਦੇਵੇ ਪਾਈਆ । ਸਾਚਾ ਹੁਕਮ ਨਾਮ ਹਦੀਸ, ਹਰਿਜਨ ਹਰਿ ਜੂ ਦਏ ਪੜ੍ਹਾਈਆ । ਸਾਚਾ ਛਤਰ ਝੁਲੇ ਪ੍ਰਭ ਸੀਸ, ਰਾਜ ਰਾਜਾਨ ਕੋਇ ਰਹਿਣ ਨਾ ਪਾਈਆ । ਦੀਨ ਮਜ਼੍ਹਬ ਖ਼ਾਲੀ ਖੀਸ, ਮਾਇਆ ਨਾਚ ਨਾ ਕੋਇ ਨਚਾਈਆ । ਲੇਖਾ ਜਾਣੇ ਰਾਗ ਛਤੀਸ, ਛੱਤੀ ਜੁਗ ਵੰਡ ਵੰਡਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਉਡੀਕ, ਲਿਖ ਲਿਖ ਲੇਖਾ ਜਗਤ ਸਮਝਾਈਆ । ਸੋ ਸਾਹਿਬ ਪਰਗਟ ਹੋਇਆ ਲਾਸ਼ਰੀਕ, ਸ਼ਿਰਕਤ ਸਭ ਦੀ ਦਏ ਗਵਾਈਆ । ਜਗਤ ਅੰਧੇਰਾ ਮਿਟੇ ਤਾਰੀਕ, ਚੰਦ ਚਾਂਦਨੀ ਇਕ ਰੁਸ਼ਨਾਈਆ । ਏਕਾ ਮਾਣ ਰਖਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਬਿਨ ਮੰਗਿਆਂ ਦੇਵੇ ਭੀਖ, ਸਾਚੀ ਭਿਛਿਆ ਝੋਲੀ ਪਾਈਆ । ਚਾਰ ਵਰਨਾਂ ਕਰੇ ਇਕੋ ਰੀਝ, ਮੁਖ ਮੁਖੜਾ ਮਾਤ ਸੁਹਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਜ਼ਰੀ ਆਏ ਖੜਾ ਵਿਚ ਦਹਿਲੀਜ਼, ਦਹਿ ਦਿਸ਼ਾ ਆਪਣਾ ਨੂਰ ਵਖਾਈਆ । ਕਿਸੇ ਉਤੇ ਨਾ ਜਾਏ ਪਤੀਜ, ਨਿਰਗੁਣ ਆਪਣਾ ਬਲ ਪਰਗਟਾਈਆ । ਸਤਿਜੁਗ ਬੀਜੇ ਸਾਚਾ ਬੀਜ, ਗੁਰਮੁਖ ਫੁਲਵਾੜੀ ਆਪ ਲਗਾਈਆ । ਅੰਮ੍ਰਿਤ ਮੇਘ ਦੇਵੇ ਸੀਜ, ਸਿੰਚ ਕਿਆਰੀ ਹਰੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਮਾਰਗ ਦੱਸੇ, ਦਹਿ ਦਿਸ਼ਾ ਮਾਣ ਵਡਿਆਈਆ । ਸਚਖੰਡ ਦਵਾਰੇ ਚੜ੍ਹ ਚੜ੍ਹ ਹੱਸੇ, ਹੰਸ ਮੁਖ ਸਾਲਾਹੀਆ । ਕਲਜੁਗ ਮਿਟੇ ਅੰਧੇਰੀ ਮੱਸੇ, ਸਤਿਜੁਗ ਸਚ ਨੂਰ ਰੁਸ਼ਨਾਈਆ । ਘਟ ਘਟ ਅੰਦਰ ਹਰਿ ਜੂ ਵਸੇ, ਖ਼ਾਲੀ ਕੋਇ ਰਹਿਣ ਨਾ ਪਾਈਆ । ਜਗਤ ਤ੍ਰਿਸਨਾ ਜਗ ਚੋਂ ਨੱਠੇ, ਤ੍ਰੈਗੁਣ ਨਾਤਾ ਦਏ ਤੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਇਕੱਠੇ, ਸਭ ਦੀ ਸੁਲਾਹ ਦਏ ਕਰਾਈਆ । ਨਾ ਕੋਈ ਪੂਜੇ ਪੱਥਰ ਵੱਟੇ, ਪਾਹਨ ਸੇਵ ਨਾ ਕੋਇ ਕਮਾਈਆ । ਕਾਗ਼ਜ਼ਾਂ ਕੋਲੋਂ ਲਾਹਾ ਕੋਈ ਨਾ ਖਟੇ, ਖੱਟੀ ਸਾਚੀ ਦਏ ਸਮਝਾਈਆ । ਪੰਜ ਵਕਤ ਨਿਮਾਜ਼ ਕੋਈ ਨਾ ਦੱਸੇ, ਵੁਜ਼ੂ ਬਾਂਗ ਨਾ ਕੋਇ ਕਰਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਫੜ ਫੜ ਚਾੜ੍ਹੇ ਫੱਟੇ, ਗਲ ਵਿਚ ਫਾਸੀ ਏਕਾ ਪਾਈਆ । ਦੁਰਮਤ ਮੈਲ ਦੋ ਜਹਾਨਾਂ ਨਿਰਗੁਣ ਆਪੇ ਕੱਟੇ, ਬਿਮਲ ਰੂਪ ਰੂਪ ਦਰਸਾਈਆ । ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰ ਚਰਨੀ ਢੱਠੇ, ਢਹਿ

੭੬੨ ੧੨

ਢਹਿ ਮੰਗਣ ਸਰਨਾਈਆ । ਅੱਲਾ ਰਾਣੀ ਰੋਵੇ ਮੇਰੀ ਪੱਤ ਕੋਇ ਨਾ ਰੱਖੇ, ਖੁਲ੍ਹੀ ਮੀਂਢੀ ਰਹੀ ਵਖਾਈਆ । ਮਹਿੰਦੀ ਸਿਰ ਕੋਈ ਨਾ ਝੱਸੇ, ਰੰਗ ਗੁਲਾਲ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਏਕਾ ਹੋੜਾ ਲਾਇਆ ਉਪਰ ਸੱਸੇ, ਨਿਰਗੁਣ ਸਰਗੁਣ ਰੂਪ ਵਖਾਈਆ । ਸ਼ਾਹਸਵਾਰਾ ਸਾਚੇ ਅਸਵ ਤੰਗ ਏਕਾ ਕਸੇ, ਸੋਲਾਂ ਕਲੀਆਂ ਆਸਣ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚੌਦਾਂ ਤਬਕਾਂ ਚਰਨਾਂ ਹੇਠਾ ਝੱਸੇ, ਉਪਰ ਆਪਣਾ ਭਾਰ ਰਖਾਈਆ । ਬਹੁੜੀ ਬਹੁੜੀ ਕਰ ਪੁਕਾਰ ਤੋਬਾ ਤੋਬਾ ਕਰਦੇ ਆਉਣ ਨੱਠੇ, ਉਚੀ ਕੂਕ ਕੂਕ ਸੁਣਾਈਆ । ਮੁੱਲਾ ਸ਼ੇਖ਼ ਦਾੜ੍ਹੀ ਰੱਤੇ, । ਪਾਣੀ ਦਿਸੇ ਕਿਸੇ ਨਾ ਹੁੱਕੇ, ਹੱਕ ਹਕ਼ੀਕ਼ਤ ਬੈਠੀ ਮੁਖ ਛੁਪਾਈਆ । ਮੱਕੇ ਕਾਅਬੇ ਕੋਈ ਨਾ ਪੁੱਛੇ, ਸੰਤੁਸ਼ਟੀ ਫੇਰ ਨਾ ਕੋਇ ਜਣਾਈਆ । ਦਰਗਹਿ ਸਾਚੀ ਸਾਹਿਬ ਸੱਚਾ ਨਾ ਰੁੱਸੇ, ਰੁੱਸ ਜਾਏ ਸਰਬ ਲੋਕਾਈਆ । ਪਾਕ ਰਸੂਲ ਹੋਏ ਨਾ ਗੁੱਸੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਜਣਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਇਆ । ਪਰਵਰਦਿਗਾਰ ਤੇਰਾ ਦਵਾਰਾ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਕਲਜੁਗ ਆਇਆ ਅੰਤ ਕਿਨਾਰਾ, ਕੰਨੀ ਸਕੇ ਨਾ ਕੋਇ ਤੁੜਾਇਆ । ਉਮਤ ਉਮਤੀ ਮਾਰੇ ਮਾਰਾ, ਮਰਦ ਮਰਦਾਨਾ ਦਏ ਸਜ਼ਾਇਆ । ਚਾਰੋਂ ਕੁੰਟ ਧੂੰਆਂਧਾਰਾ, ਚੌਦਸ ਚੰਦ ਨਾ ਕੋਇ ਚੜ੍ਹਾਇਆ । ਈਸਾ ਮੂਸਾ ਮੁਹੰਮਦ ਕਰੇ ਕੀ ਵਿਚਾਰਾ, ਅਧਵਿਚਕਾਰੇ ਡੇਰਾ ਲਾਇਆ । ਰਾਹ ਤੱਕੇ ਮੀਤ ਮੁਰਾਰਾ, ਨੇਤਰ ਨੈਣ ਨੈਣ ਤਰਸਾਇਆ । ਅਮਾਮ ਮਹਿੰਦੀ ਅੰਤਮ ਆਵੇ ਸੱਚਾ ਲਾੜਾ, ਆਪਣਾ ਰੂਪ ਵਟਾਇਆ । ਉਮਤ ਇਕ ਦੂਜੇ ਨਾਲ ਖਹਿੰਦੀ , ਖਹਿ ਖਹਿ ਆਪਣਾ ਮਾਣ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਸਵਾਂਗੀ ਆਪਣਾ ਸਵਾਂਗ ਵਰਤਾਇਆ । ਸਚ ਸਵਾਂਗੀ ਵਰਤੇ ਸਵਾਂਗ, ਭੇਵ ਕੋਇ ਨਾ ਆਇੰਦਾ । ਚਾਰੋਂ ਕੁੰਟ ਚੜ੍ਹਾਏ ਕਾਂਗ, ਜਗਤ ਅੰਧੇਰਾ ਏਕਾ ਛਾਇੰਦਾ । ਸਚ ਨਾ ਮੰਗੇ ਕੋਈ ਮਾਂਗ, ਜੂਠੀ ਝੂਠੀ ਵਸਤ ਘਰ ਘਰ ਆਪ ਵਖਾਇੰਦਾ । ਪ੍ਰਭ ਮਿਲਣ ਦੀ ਕੋਈ ਨਾ ਰੱਖੇ ਤਾਂਗ, ਆਸ ਆਸ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪ ਚੁਕਾਇੰਦਾ । ਅੰਤਮ ਲੇਖਾ ਚੁਕਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਨਾਤਾ ਜੋੜ ਜੁੜਾਈਆ । ਨਵ ਨੌਂ ਦੱਸੇ ਏਕਾ ਪਾਠ, ਨਿਸ਼ਅੱਖਰ ਕਰ ਪੜ੍ਹਾਈਆ । ਜੀਵ ਜੰਤ ਇਕੋ ਜ਼ਾਤ, ਆਤਮ ਪਰਮਾਤਮ ਦਏ ਸਮਝਾਈਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਨਾਤ, ਸਾਕ ਸੱਜਣ ਸੈਣ ਨਾ ਕੋਇ ਵਡਿਆਈਆ । ਸੋਹੰ ਢੋਲਾ ਸਾਚੀ ਗਾਥ, ਰਸਨਾ ਜਿਹਵਾ ਰਸ ਚਖਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਰਖਾਈਆ । ਸਤਿਜੁਗ ਮਹਿਮਾ ਜਣਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ, ਕਰੇ ਆਪਣੇ ਵਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦਏ ਸਾਚਾ ਦਾਨ, ਆਤਮ ਪਰਮਾਤਮ ਇਕ ਗਿਆਨ, ਪਾਰਬ੍ਰਹਮ ਬ੍ਰਹਮ ਕਰੇ ਪਰਵਾਨ, ਘਰ ਸਾਚੇ ਸਾਚਾ ਮੇਲ ਮਿਲਾਈਆ ।


੭੬੩
੧੨

## ✳ ੨੦ ਭਾਦਰੋਂ ੨੦੧੯ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਿਹ ਪੰਜ ਗਰਾਈਂ ਜ਼ਿਲਾ ਫਿਰੋਜ਼ਪੁਰ ✳

ਸੋ ਪੁਰਖ ਨਿਰੰਜਣ ਸਾਚਾ ਦਾਤਾ, ਹਰਿ ਆਦਿ ਜੁਗਾਦਿ ਅਖਵਾਇੰਦਾ । ਹਰਿ ਪੁਰਖ ਨਿਰੰਜਣ ਪਿਤਾ ਮਾਤਾ, ਨਿਰਗੁਣ ਨਿਰਾਕਾਰ ਰੂਪ ਪਰਗਟਾਇੰਦਾ । ਏਕ ਓਅੰਕਾਰਾ ਸੱਜਣ ਸਾਕਾ, ਸਦਾ ਸੁਹੇਲਾ ਸੰਗ ਨਿਭਾਇੰਦਾ । ਆਦਿ ਨਿਰੰਜਣ ਨੂਰ ਪਰਕਾਸ਼ਾ, ਜੋਤੀ ਜੋਤ ਡਗਮਗਾਇੰਦਾ । ਸ੍ਰੀ ਭਗਵਾਨ ਸਚਖੰਡ ਦਵਾਰੇ ਕਰੇ ਨਿਵਾਸਾ, ਮਹੱਲ ਅਟੱਲ ਇਕ ਸੁਹਾਇੰਦਾ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਸ਼ਾਹ ਸਬਾਸਾ, ਸ਼ਹਿਨਸ਼ਾਹ ਆਪਣਾ ਨਾਉਂ ਰਖਾਇੰਦਾ । ਪਾਰਬ੍ਰਹਮ ਪ੍ਰਭ ਆਦਿ ਜੁਗਾਦੀ ਇਕ ਭਰਵਾਸਾ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਏਕੰਕਾਰਾ ਸਿਫ਼ਤ ਸਾਲਾਹੀਆ । ਆਦਿ ਨਿਰੰਜਣ ਨੂਰ ਮਹਾਨ, ਅਬਿਨਾਸ਼ੀ ਕਰਤਾ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਚ ਦਵਾਰੇ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਕਰ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਆਪਣੀ ਇਛਿਆ ਦੇਵੇ ਦਾਨ, ਸਾਚੀ ਭਿਛਿਆ ਆਪ ਵਰਤਾਈਆ । ਮਹੱਲ ਅਟੱਲ ਉਚ ਮਕਾਨ, ਮਿਹਰਵਾਨ ਆਪ ਸੁਹਾਈਆ । ਸਚਖੰਡ ਦਵਾਰਾ ਕਰ ਪਰਵਾਨ, ਪਰਮ ਪੁਰਖ ਸੋਭਾ ਪਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਈਆ । ਸਚ ਸੰਦੇਸਾ ਧੁਰ ਫ਼ਰਮਾਨ, ਸਤਿ ਸਤਿਵਾਦੀ ਆਪ ਜਣਾਈਆ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹਰਿ ਕਰਤਾਰਾ, ਆਦਿ ਜੁਗਾਦਿ ਕਰਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਇੰਦਾ । ਥਿਰ ਘਰ ਖੋਲ੍ਹਣਹਾਰ ਕਿਵਾੜਾ, ਘਰ ਘਰ ਵਿਚ ਪਰਗਟਾਇੰਦਾ । ਅਨੁਭਵ ਪਰਕਾਸ਼ ਪੁਰਖ ਅਬਿਨਾਸ਼ ਨਿਰਮਲ ਦੀਆ ਕਰ ਉਜਿਆਰਾ, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਧਾਰ ਰਖਾਇੰਦਾ । ਸ਼ਬਦੀ ਸ਼ਬਦ ਨਾਮ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਏਕੰਕਾਰਾ, ਏਕਾ ਏਕ ਕਰਾਈਆ । ਆਦਿ ਪੁਰਖ ਹਰਿ ਕਰ ਪਸਾਰਾ, ਪਰਮ ਪੁਰਖ ਵੇਖੇ ਚਾਈਂ ਚਾਈਆ । ਸਚਖੰਡ ਅੰਦਰ ਥਿਰ ਘਰ ਦਵਾਰਾ, ਧੁਰ ਦਰਬਾਰੀ ਆਪ ਖੁਲ੍ਹਾਈਆ । ਪੂਤ ਸਪੂਤਾ ਕਰ ਪਿਆਰਾ, ਸੁਤ ਸ਼ਬਦੀ ਵਿਚ ਟਿਕਾਈਆ । ਸਚ ਸੰਦੇਸਾ ਏਕਾ ਵਾਰਾ, ਏਕੰਕਾਰ ਸੁਣਾਈਆ । ਤੇਰਾ ਮੇਰਾ ਮੇਰਾ ਤੇਰਾ ਇਕ ਦਵਾਰਾ, ਦੂਜੇ ਦਰ ਨਾ ਕੋਇ ਵਡਿਆਈਆ । ਆਦਿ ਜੁਗਾਦਿ ਸਚ ਪਿਆਰਾ, ਪ੍ਰੀਤੀਵਾਨ ਪ੍ਰੀਤੀ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਨੇਯੋਗ, ਹਰਿ ਸਾਚਾ ਖੇਲ ਕਰਾਇੰਦਾ । ਨਾਉਂ ਨਿਰੰਕਾਰਾ ਇਕ ਸਲੋਕ, ਸਾਚਾ ਸੋਹਲਾ ਆਪੇ ਗਾਇੰਦਾ । ਸਤਿ ਸਤਿਵਾਦੀ ਏਕਾ ਰਖਾਏ ਸਾਚੀ ਓਟ, ਸਮਰਥ ਸਿਰ ਆਪਣੇ ਹੱਥ ਆਪ ਟਿਕਾਇੰਦਾ । ਮਹਿਮਾ ਜਾਣੇ ਆਪ ਅਕੱਥ, ਅਕੱਥ ਅਕੱਥ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਾਰ ਆਪ ਕਰਾਇੰਦਾ । ਸਾਚੀ ਕਾਰ ਸ੍ਰੀ ਭਗਵਾਨ, ਆਦਿ ਪੁਰਖ ਆਪ ਕਮਾਈਆ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲ ਇਕ ਵਰਤਾਈਆ ।


੭੬੪ ੧੨

ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਸਚ ਸੰਦੇਸਾ ਦੇਵੇ ਆਣ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਜਣਾਈਆ । ਲੱਖ ਚੁਰਾਸੀ ਕਰ ਪਰਧਾਨ, ਪਰਧਾਨਗੀ ਏਕਾ ਹੱਥ ਫੜਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਪਰਗਟਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚ ਰਚ ਖੇਲੇ ਖੇਲ ਮਹਾਨ, ਰਵ ਸਸ ਸੂਰਜ ਚੰਨ ਚੰਨ ਰੁਸ਼ਨਾਈਆ । ਹੁਕਮੇ ਅੰਦਰ ਵੇਖੇ ਮਾਰ ਧਿਆਨ, ਨਿਰਗੁਣ ਨਿਰਾਕਾਰ ਨਿਰਵੈਰ ਆਪਣੀ ਕਲ ਧਰਾਈਆ । ਅਜੂਨੀ ਰਹਿਤ ਪਾਵੇ ਸਾਰ, ਲੱਖ ਚੁਰਾਸੀ ਜੂਨ ਉਪਾਈਆ । ਸਚ ਸੰਦੇਸਾ ਦੇਵੇ ਏਕਾ ਵਾਰ, ਵਿਸ਼ਨ ਬ੍ਰਹਮਾ ਸ਼ਿਵ ਕਰੇ ਸ਼ਨਵਾਈਆ । ਨਾਮ ਨਿਧਾਨਾ ਏਕੰਕਾਰ, ਇਕ ਇਕੱਲਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸਾਚਾ ਮੀਤ, ਹਰਿ ਸਤਿਗੁਰ ਆਪ ਜਣਾਇੰਦਾ । ਤ੍ਰੈ ਤ੍ਰੈ ਗਾਉਣਾ ਇਕਾ ਗੀਤ, ਗੀਤ ਗੋਬਿੰਦ ਸੁਣਾਇੰਦਾ । ਪੁਰਖ ਅਬਿਨਾਸ਼ੀ ਇਕ ਅਤੀਤ, ਅਨਡਿਠੜੀ ਕਾਰ ਕਮਾਇੰਦਾ । ਸਰਨ ਸਰਨਾਈ ਸਚ ਪ੍ਰੀਤ, ਚਰਨ ਦਵਾਰਾ ਇਕ ਵਖਾਇੰਦਾ । ਜੁਗ ਚੌਕੜੀ ਜਾਣੇ ਰੀਤ, ਏਕਾ ਬੰਧਨ ਬੰਧ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸੁਣ ਸੰਦੇਸਾ ਸ੍ਰੀ ਭਗਵਾਨ, ਵਿਸ਼ਨੂੰ ਚਰਨੀ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਪ੍ਰਭ ਵਸੇ ਸਚਖੰਡ ਸੱਚੇ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਕਿਰਪਾ ਕਰ ਗੁਣ ਨਿਧਾਨ, ਹਉਂ ਬਾਲਕ ਖਾਲੀ ਝੋਲੀ ਅੱਗੇ ਡਾਹੀਆ । ਏਕਾ ਦੇਣਾ ਸੱਚਾ ਦਾਨ, ਦਾਤਾ ਦਾਨੀ ਬਣ ਵਰਤਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨੇਤਰ ਲੋਚਨ ਦਰਸ ਅੰਤਰ ਅੰਤਰ ਪੀਣ ਖਾਣ, ਤ੍ਰਿਸਨਾ ਭੁੱਖ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਪਾਰਬ੍ਰਹਮ, ਪ੍ਰਭ ਏਕਾ ਏਕਾ ਜਣਾਇੰਦਾ । ਨਿਹਕਰਮੀ ਕਰੇ ਸਾਚਾ ਕਰਮ, ਕਰਮ ਕਾਂਡ ਨਾ ਕੋਇ ਰਖਾਇੰਦਾ । ਆਪ ਬਣਾਏ ਆਪਣਾ ਵਰਨ, ਅਵਰਨ ਰੂਪ ਨਾ ਕੋਇ ਧਰਾਇੰਦਾ । ਬ੍ਰਹਮਾਵੇਤਾ ਪ੍ਰਭ ਏਕਾ ਸਰਨ, ਸਰਨ ਸਰਨਾਈ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਨੂਰ ਪਰਗਟਾਇੰਦਾ । ਨੂਰੋ ਨੂਰ ਨੂਰ ਉਜਾਲਾ, ਨੂਰੀ ਰਾਹ ਚਲਾਈਆ । ਪਾਰਬ੍ਰਹਮ ਬ੍ਰਹਮ ਮਾਰਗ ਦੱਸੇ ਸੁਖਾਲਾ, ਬਿਨ ਅੱਖਰ ਕਰੇ ਪੜ੍ਹਾਈਆ । ਸਚਖੰਡ ਦਵਾਰਾ ਸਚ ਵਿਦਿਆਲਾ, ਵਿਦਿਤ ਏਕ ਭੇਵ ਦਏ ਚੁਕਾਈਆ । ਏਕਾ ਵਸਤ ਦੇਵੇ ਨਾਮ ਸੱਚਾ ਧੰਨ ਮਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਈਆ । ਸਾਚੀ ਕਾਰ ਸ੍ਰੀ ਭਗਵਾਨ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਵਿਸ਼ਨੂੰ ਅੰਤਰ ਬ੍ਰਹਮ ਪਰਵਾਨ, ਪਾਰਬ੍ਰਹਮ ਬ੍ਰਹਮ ਆਪਣਾ ਅੰਗ ਕਟਾਇੰਦਾ । ਏਕਾ ਨਾਮ ਇਕ ਗਿਆਨ, ਇਕ ਨਿਸ਼ਾਨ ਵਖਾਇੰਦਾ । ਏਕਾ ਹੁਕਮ ਇਕ ਫ਼ਰਮਾਨ, ਏਕਾ ਰਾਗ ਅਲਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਸੋਭਾ ਪਾਇੰਦਾ । ਏਕਾ ਪੁਰਖ ਪੁਰਖ ਸੁਜਾਣ, ਏਕਾ ਦੇਵਣਹਾਰਾ ਮਾਣ, ਸੀਸ ਆਪਣਾ ਹੱਥ ਟਿਕਾਇੰਦਾ । ਏਕਾ ਜਾਣੀ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਬ੍ਰਹਮ ਏਕਾ ਏਕ ਪੜ੍ਹਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਦਾਦ, ਹਰਿ ਵੱਡਾ ਵੱਡ ਵਡਿਆਈਆ । ਆਪਣੇ ਵਿਚੋਂ ਆਪਾ ਕਾਢ, ਆਪਣਾ ਰੰਗ ਰੰਗਾਈਆ । ਏਕਾ ਧੁਨ ਏਕਾ ਨਾਦ,

ਆਪੇ ਰਿਹਾ ਸੁਣਾਈਆ । ਆਪੇ ਬੋਧ ਆਪ ਅਗਾਧ, ਹਰਿ ਆਪੇ ਕਰੇ ਪੜ੍ਹਾਈਆ । ਆਪੇ ਵੇਖੇ ਖੇਲ ਤਮਾਸ਼, ਖੇਲਣਹਾਰ ਸੱਚਾ ਸ਼ਹਿਨਸ਼ਾਹੀਆ । ਆਪੇ ਮੰਡਲ ਆਪੇ ਰਾਸ, ਹਰਿ ਜੂ ਆਪੇ ਸੋਭਾ ਪਾਈਆ । ਆਪੇ ਨੂਰ ਆਪ ਪਰਕਾਸ਼, ਨਿਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਰਖਾਈਆ । ਸਾਚੀ ਸਿਖਿਆ ਬ੍ਰਹਮ ਧਾਰ, ਪਾਰਬ੍ਰਹਮ ਜਣਾਇੰਦਾ । ਹਰਿ ਕਾ ਨੂਰ ਸਚ ਪਿਆਰ, ਪਿਆਰ ਪਿਆਰ ਨਾਲ ਵਟਾਇੰਦਾ । ਹਰਿ ਕਾ ਮੰਦਰ ਇਕ ਦਵਾਰ, ਸਚ ਦਵਾਰਾ ਇਕ ਵਖਾਇੰਦਾ । ਹਰਿ ਚਰਨ ਸਦਾ ਭਿਖਾਰ, ਭਿੱਖਕ ਏਕਾ ਝੋਲੀ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਵਸਤ ਨਾ ਦਿਸੇ ਕੋਈ ਕੋਲ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸੁਲਤਾਨ ਤੋਲਣਾ ਤੋਲ, ਤੋਲਣਹਾਰੇ ਵਡ ਵਡਿਆਈਆ । ਮੇਰੇ ਅੰਤਰ ਜਾਣਾ ਮੌਲ, ਮੌਲਾ ਆਪਣਾ ਆਪ ਵਖਾਈਆ । ਆਦਿ ਕਰ ਸੱਚਾ ਕੌਲ, ਅੰਤ ਦੇਣਾ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਰਥ ਆਪਣੀ ਦਇਆ ਕਮਾਈਆ । ਦੇਵੇ ਵਰ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਆਦਿ ਜੁਗਾਦੀ ਤੇਰਾ ਕੰਮ, ਨਿਰਗੁਣ ਨਿਰਗੁਣ ਆਪ ਸਮਝਾਇੰਦਾ । ਲੱਖ ਚੁਰਾਸੀ ਬੇੜਾ ਬੰਨ੍ਹ, ਘਰ ਘਰ ਮੇਲ ਮਿਲਾਇੰਦਾ । ਭਾਗ ਲਗਾਉਣਾ ਕਾਇਆ ਤਨ, ਪੰਚਮ ਜੋੜ ਜੁੜਾਇੰਦਾ । ਤ੍ਰੈਗੁਣ ਮਾਇਆ ਮਿਲੇ ਧੰਨ, ਜਗਤ ਵਣਜਾਰਾ ਹੱਟ ਚਲਾਇੰਦਾ । ਸਚ ਸੰਦੇਸਾ ਸੁਣ ਲੈ ਕੰਨ, ਬਿਨ ਕੰਨਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਹਉਂ ਬਾਲਕ ਸੇਵਾਦਾਰ, ਜੁਗ ਜੁਗ ਸੇਵ ਕਮਾਈਆ । ਲੱਖ ਚੁਰਾਸੀ ਕਰ ਪਿਆਰ, ਨਿਰਗੁਣ ਸਰਗੁਣ ਗੰਢ ਪੁਆਈਆ । ਅੰਡਜ ਜੇਰਜ ਦੇ ਅਧਾਰ, ਉਤਭੁਜ ਸੇਤਜ ਮੇਲ ਮਿਲਾਈਆ । ਤੇਰਾ ਨਾਉਂ ਸਚ ਜੈਕਾਰ, ਜੈ ਜੈਕਾਰਾ ਏਕ ਰਾਗ ਸੁਣਾਈਆ । ਚਾਰੇ ਬਾਣੀ ਕਰ ਪਿਆਰ, ਬਾਣ ਨਿਰਾਲਾ ਤੀਰ ਲਗਾਈਆ । ਖ਼ਾਲਕ ਖ਼ਲਕ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਿਆ ਤੇਰੀ ਸਰਨਾਈਆ । ਬ੍ਰਹਮ ਮੰਗੇ ਦਾਨ ਚਰਨ ਕਵਲ, ਦੇਵਣਹਾਰ ਵਡੀ ਵਡਿਆਈਆ । ਖੇਲਾਂ ਖੇਲ ਉਪਰ ਧਵਲ, ਧਰਨੀ ਧਰਤ ਧਵਲ ਸੁਹਾਈਆ । ਤੇਰਾ ਰੂਪ ਨਿਰਮਲ ਕਵਲ, ਕਵਲ ਕਵਲ ਰੂਪ ਵਟਾਈਆ । ਹਰਿ ਕਾ ਨੂਰ ਆਦਿ ਜੁਗਾਦੀ ਅਵਲ, ਦੂਸਰ ਸੰਗ ਨਾ ਕੋਇ ਰਖਾਈਆ । ਹਰ ਘਟ ਅੰਦਰ ਜਾਏ ਮਵਲ, ਰੂਪ ਰੇਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਖਾਈਆ । ਸਾਚੀ ਵਸਤ ਤੇਰੀ ਨਿਰੰਕਾਰ, ਬਿਨ ਨੈਣਾਂ ਨਜ਼ਰੀ ਆਈਆ । ਆਦਿ ਜੁਗਾਦਿ ਰਹਿਣਾ ਮਦਦਗਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਸੇਵਾ ਕਰਾਂ ਵਿਚ ਸੰਸਾਰ, ਨਿਰਗੁਣ ਸਰਗੁਣ ਰੰਗ ਰੰਗਾਈਆ । ਜੁਗ ਚੌਕੜੀ ਖੇਲ ਅਪਾਰ, ਚਾਰੇ ਖਾਣੀ ਬੰਧਨ ਪਾਈਆ । ਡੂੰਘੀ ਭਵਰੀ ਵੜ ਵੜ ਗਾਰ, ਕਾਇਆ ਮਾਟੀ ਆਸਣ ਲਾਈਆ । ਨਵ ਨੌਂ ਵੇਖ ਜਗਤ ਵਿਹਾਰ, ਦਹਿ ਦਿਸ਼ ਤੇਰਾ ਰਾਗ ਅਲਾਈਆ । ਸਰ ਸਰੋਵਰ ਠੰਡਾ ਠਾਰ, ਕਵਲ ਕਵਲਾ ਨਾਭ ਭਰਾਈਆ । ਨਾਉਂ ਅਨਾਦ ਸੱਚੀ ਧੁੰਨਕਾਰ, ਅਨਹਦ ਰਾਗੀ ਰਾਗ ਸੁਣਾਈਆ । ਦੀਆ ਬਾਤੀ ਕਰ ਉਜਿਆਰ, ਜੋਤ ਨਿਰੰਜਣ

੭੬੭
੧੨

ਇਕ ਰੁਸ਼ਨਾਈਆ । ਘਰ ਵਿਚ ਘਰ ਖੇਲ ਅਪਾਰ, ਗ੍ਰਿਹਿ ਮੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਬਣੇ ਸੱਜਣ ਸੁਹੇਲਾ, ਬ੍ਰਹਮ ਪਾਰਬ੍ਰਹਮ ਮਿਲਾਈਆ । ਪਾਰਬ੍ਰਹਮ ਪ੍ਰਭ ਮਿਹਰਵਾਨ, ਹਰਿ ਸਾਚਾ ਸਚ ਜਣਾਇੰਦਾ । ਜੁਗ ਜੁਗ ਖੇਲ ਕਰੇ ਮਹਾਨ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਪਰਗਟ ਹੋਵੇ ਵਿਚ ਜਹਾਨ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਸ਼ਬਦ ਕਰ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਨਿਰਗੁਣ ਸਰਗੁਣ ਦੇ ਫ਼ਰਮਾਣ, ਸਾਚਾ ਸੋਹਲਾ ਆਪੇ ਗਾਇੰਦਾ । ਜੁਗ ਚੌਕੜੀ ਤੇਰਾ ਰੱਖੇ ਮਾਣ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਆਪਣਾ ਖੇਲ ਜਣਾਇੰਦਾ । ਆਵਣ ਜਾਵਣ ਦੇਵੇ ਦੱਸ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਬ੍ਰਹਮ ਪਾਰਬ੍ਰਹਮ ਤੇਰੇ ਸੰਗ ਜਾਏ ਵਸ, ਵਸਣਹਾਰਾ ਨਜ਼ਰ ਕਿਸੇ ਨਾ ਆਇੰਦਾ । ਨਿਰਮਲ ਨੂਰ ਜੋਤ ਕਰ ਪਰਕਾਸ਼, ਪਰਕਾਸ਼ ਪਰਕਾਸ਼ ਨਾਲ ਮਿਲਾਇੰਦਾ । ਖੇਲੇ ਖੇਲ ਖੇਲ ਤਮਾਸ਼, ਖੇਲ ਅਵੱਲੀ ਆਪ ਕਰਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸ਼, ਪੁਰੀ ਲੋਅ ਖੰਡ ਗਗਨ ਗਗਨੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਾਚਾ ਭੇਦ ਸ੍ਰੀ ਭਗਵਾਨ, ਏਕਾ ਏਕ ਖੁਲ੍ਹਾਈਆ । ਨਿਰਗੁਣ ਸਰਗੁਣ ਪਰਗਟ ਹੋਵੇ ਵਿਚ ਜਹਾਨ, ਬ੍ਰਹਮ ਪਾਰਬ੍ਰਹਮ ਮਿਲਾਈਆ । ਗੁਰ ਗੁਰ ਰੂਪ ਨੌਜਵਾਨ, ਸਤਿਗੁਰ ਵੇਸ ਵਟਾਈਆ । ਪੰਜ ਤਤ ਕਾਇਆ ਜਗਤ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਸ਼ਬਦ ਅਨਾਦੀ ਦੇ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਧੁਰ ਸੰਦੇਸਾ ਸਚ ਫ਼ਰਮਾਣ, ਲੱਖ ਚੁਰਾਸੀ ਰਿਹਾ ਸੁਣਾਈਆ । ਸਤਿਜੁਗ ਤ੍ਰੇਤਾ ਦਵਾਪਰ ਵੇਖੇ ਆਣ, ਕਲਜੁਗ ਆਪਣੀ ਫੇਰੀ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵਿਚ ਸਮਾਈਆ । ਤੇਈ ਅਵਤਾਰਾਂ ਦੇਵੇ ਦਾਨ, ਬਣ ਦਾਤਾ ਆਪ ਵਰਤਾਈਆ । ਭਗਤ ਅਠਾਰਾਂ ਖੋਲ੍ਹ ਦੁਕਾਨ, ਸ੍ਰਿਸ਼ਟ ਸਬਾਈ ਸਾਚਾ ਹੱਟ ਚਲਾਈਆ । ਪੀਰ ਪੈਗ਼ੰਬਰ ਕਰ ਪਰਧਾਨ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮੁਕਾਮੇ ਹੱਕ ਖੇਲ ਮਹਾਨ, ਲਾਸ਼ਰੀਕ ਆਪ ਕਰਾਈਆ । ਈਸਾ ਮੂਸਾ ਦਏ ਪੈਗ਼ਾਮ, ਸੰਗ ਮੁਹੰਮਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਰਿਹਾ ਸਮਝਾਈਆ । ਪਾਰਬ੍ਰਹਮ ਬ੍ਰਹਮ ਤੇਰਾ ਮੇਲਾ, ਜੁਗ ਜੁਗ ਆਪ ਕਰਾਇੰਦਾ । ਖੇਲੇ ਖੇਲ ਗੁਰੂ ਗੁਰ ਚੇਲਾ, ਗੁਰ ਚੇਲਾ ਵੇਸ ਵਟਾਇੰਦਾ । ਏਥੇ ਓਥੇ ਦੋ ਜਹਾਨਾਂ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਆਤਮ ਪਰਮਾਤਮ ਚਾੜ੍ਹੇ ਤੇਲਾ, ਬ੍ਰਹਮ ਪਾਰਬ੍ਰਹਮ ਵਡਿਆਇੰਦਾ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਆਦਿ ਜੁਗਾਦਿ, ਜੁਗ ਜੁਗ ਕਰੇ ਪੜ੍ਹਾਈਆ । ਗੁਰ ਪੀਰ ਅਵਤਾਰਾਂ ਦੇਵੇ ਦਾਦ, ਮੰਤਰ ਆਪਣਾ ਨਾਮ ਸਮਝਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦਿ, ਬ੍ਰਹਿਮਾਂਡ ਖੋਜ ਖੁਜਾਈਆ । ਇਕ ਵਜਾਏ ਤੁਰੀਆ ਨਾਦ, ਭੂਪਤ ਸੱਚਾ ਸੱਚਾ ਮਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸੁਣੇ ਫਰਿਯਾਦ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਗੁਰ ਅਵਤਾਰ ਲਡਾਏ ਲਾਡ, ਪੀਰ ਪੈਗ਼ੰਬਰ ਗੋਦ ਸੁਹਾਈਆ । ਭਗਤ ਭਗਵਾਨ ਦੇਵੇ ਦਾਦ, ਨਾਮ ਭੰਡਾਰਾ ਇਕ ਵਰਤਾਈਆ । ਸਾਚੇ ਸੰਤਾਂ ਰੱਖੇ ਲਾਜ, ਸਮਰਥ

ਪੁਰਖ ਸੱਚਾ ਸ਼ਹਿਨਸ਼ਾਹੀਆ । ਗੁਰਮੁਖਾਂ ਸੁਣਾਏ ਆਪਣੀ ਗਾਥ, ਅੰਤਰ ਮੰਤਰ ਕਰੇ ਪੜ੍ਹਾਈਆ । ਗੁਰਸਿਖਾਂ ਵਖਾਏ ਖੇਲ ਤਮਾਸ਼, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਬੰਧਨ ਪਾਈਆ । ਬ੍ਰਹਮ ਰੋਵੇ ਨੇਤਰ ਨੈਣਾਂ ਨੀਰ, ਪ੍ਰਭ ਅੱਗੇ ਸੀਸ ਝੁਕਾਈਆ । ਆਪਣਾ ਵੇਲਾ ਦੱਸ ਅਖ਼ੀਰ, ਕਵਣ ਵੇਲੇ ਲਏ ਮਿਲਾਈਆ । ਜੁਗ ਚੌਕੜੀ ਲੱਖ ਚੁਰਾਸੀ ਕਾਇਆ ਬਸਤਰ ਪਹਿਨਾ ਚੀਰ, ਕੋਟਨ ਕੋਟ ਰੂਪ ਵਟਾਈਆ । ਮੇਲ ਮਿਲਾਵਾ ਸਾਧ ਸੰਤ ਜਗਤ ਫਕੀਰ, ਫ਼ਿਕਰ ਤੇਰਾ ਇਕੋ ਮੋਹੇ ਸਤਾਈਆ । ਜੁਗ ਚੌਕੜੀ ਰਹਾਂ ਦਿਲਗੀਰ, ਦਿਲਬਰ ਧੀਰ ਨਾ ਕੋਇ ਧਰਾਈਆ । ਲੋਕਮਾਤ ਜ਼ਾਤ ਪਾਤ ਵਰਨ ਬਰਨ ਸ਼ਰਅ ਸ਼ਰੀਅਤ ਵੱਝਾ ਰਹੇ ਜ਼ੰਜੀਰ, ਦੀਨ ਮਜ਼੍ਹਬ ਬੰਧਨ ਜਗਤ ਰਖਾਈਆ । ਕਵਣ ਵੇਲਾ ਮਿਲੇ ਸਾਹਿਬ ਗੁਣੀ ਗਹੀਰ, ਗਹਿਰੀ ਮੇਰੀ ਦਰਦ ਮਿਟਾਈਆ । ਤੁਧ ਬਿਨ ਮਿਲੇ ਨਾ ਅੰਮ੍ਰਿਤ ਸੀਰ, ਅਠਸਠ ਨੀਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਘਤ ਕੇ ਜਾਇਣ ਵਹੀਰ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਵਣ ਵੇਲੇ ਹੋਏ ਸਹਾਈਆ । ਸਾਚਾ ਵੇਲਾ ਦੱਸ ਭਗਵਾਨ, ਇਕੋ ਇਕ ਮੰਗ ਮੰਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਤੇਰਾ ਨਿਸ਼ਾਨ, ਬ੍ਰਹਮ ਪਾਰਬ੍ਰਹਮ ਝੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਗਿਆਨ, ਸਿਖਿਆ ਸਾਖਿਆਤ ਦ੍ਰਿੜਾਈਆ । ਲਿਖ ਲਿਖ ਲੇਖਾ ਵਿਚ ਜਹਾਨ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜ਼ੀਲ ਕੁਰਾਨ ਨਾਲ ਮਿਲਾਈਆ । ਖਾਣੀ ਬਾਣੀ ਖੇਲ ਮਹਾਨ, ਜਗਤ ਨਿਸ਼ਾਨੀ ਇਕ ਪਰਗਟਾਈਆ । ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀ ਸਾਰੇ ਗਾਣ, ਗਾ ਗਾ ਤੇਰਾ ਸ਼ੁਕਰ ਮਨਾਈਆ । ਪੀਰ ਪੈਗ਼ੰਬਰ ਦਸਤਗੀਰ ਸਯਦਾ ਸੀਸ ਸਰਬ ਝੁਕਾਣ, ਕਲਮਾ ਨਬੀ ਰਸੂਲ ਇਲਾਹੀਆ । ਤੇਰਾ ਹੱਕ ਹੱਕ ਪੈਗ਼ਾਮ, ਤੇਰਾ ਹੱਕ ਹੱਕ ਨਜ਼ਾਮ, ਤੇਰੀ ਰਹਿਮਤ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਬਣਿਆ ਰਹਾਂ ਗ਼ੁਲਾਮ, ਬਣ ਸੇਵਕ ਸੇਵ ਕਮਾਈਆ । ਲੱਖ ਚੁਰਾਸੀ ਤ੍ਰਿਸਨਾ ਤਾਮ, ਅਗਨੀ ਤਤ ਤਤ ਲਗਾਈਆ । ਪਾਰਬ੍ਰਹਮ ਬ੍ਰਹਮ ਦੇਵੇ ਨਾ ਕੋਇ ਬਿਸਰਾਮ, ਮਿਲੇ ਸਚ ਨਾ ਸੱਚੀ ਸਰਨਾਈਆ । ਬਿਨ ਤੁਧ ਚਰਨ ਨਾ ਨਿਹਚਲ ਧਾਮ, ਦੋ ਜਹਾਨ ਨਾ ਕੋਇ ਵਡਿਆਈਆ । ਬਿਨ ਤੇਰੇ ਪਰਕਾਸ਼ ਨਾ ਕੋਇ ਭਾਨ, ਅੰਧ ਅੰਧੇਰਾ ਨਜ਼ਰੀ ਆਈਆ । ਬਿਨ ਤੇਰੇ ਨਾਉਂ ਨਾ ਕੋਇ ਗਿਆਨ, ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜ਼ੀਲ ਕੁਰਾਨ ਖਾਣੀ ਬਾਣੀ ਤੇਰੀ ਸਿਫ਼ਤ ਸਾਲਾਹੀਆ । ਸਾਹਿਬ ਸਤਿਗੁਰ ਦਸ ਸਚ ਮਕਾਨ, ਕਵਣ ਮੰਦਰ ਡੇਰਾ ਲਾਈਆ । ਕਵਣ ਵੇਲਾ ਮਿਲੇ ਆਣ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਭੇਵ ਅਭੇਦ ਰਿਹਾ ਜਣਾਈਆ । ਸਾਚਾ ਭੇਵ ਦੱਸੇ ਨਿਰੰਕਾਰਾ, ਆਦਿ ਪੁਰਖ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰਾ, ਬੇਖ਼ਬਰ ਆਪ ਸਮਝਾਇੰਦਾ । ਜੁਗ ਚੌਕੜੀ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਸੇਵਾ ਲਾ ਗੁਰੂ ਅਵਤਾਰਾ, ਗੁਰ ਗੁਰ ਆਪਣਾ ਨਾਉਂ ਜਪਾਇੰਦਾ । ਪੀਰ ਪੈਗ਼ੰਬਰ ਦੇ ਅਧਾਰਾ, ਸਾਚੀ ਸਿਖਿਆ ਇਕ ਵਖਾਇੰਦਾ । ਕਾਗਦ ਕਲਮ ਬਣ ਲਿਖਾਰਾ, ਲਿਖ ਲਿਖ ਲੇਖਾ ਮਾਤ ਦ੍ਰਿੜਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਝੋਲੀ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕ ਵਖਾਏ ਅੰਤ ਕਿਨਾਰਾ,


੭੬੮ ੧੨

੭੬੯
੧੨

ਤਟ ਕਿਨਾਰੇ ਆਪਣਾ ਡੇਰਾ ਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰੇ ਵਿਹਾਰਾ, ਗੁਰ ਗੁਰ ਆਪਣਾ ਭੇਵ ਖੁਲ੍ਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਬਣ ਵਣਜਾਰਾ, ਬਰਨ ਅਠਾਰਾਂ ਹੱਟ ਚਲਾਇੰਦਾ । ਦੀਨ ਮਜ਼੍ਹਬ ਲੱਗੇ ਅਖਾੜਾ, ਹਿੰਦੂ ਮੁਸਲਮ ਵੰਡ ਵੰਡਾਇੰਦਾ । ਸ਼ਰਅ ਸ਼ਰੀਅਤ ਖੇਲ ਨਿਆਰਾ, ਨਰ ਨਿਰੰਕਾਰਾ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਕਰੇ ਵਿਭਚਾਰਾ, ਵਿਭਚਾਰੀ ਆਪਣੀ ਧਾਰ ਚਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸਨਾ ਨਾਲ ਮਿਲਾਇੰਦਾ । ਪੰਜ ਤਤ ਕਾਇਆ ਗੜ੍ਹ ਉਚ ਮਨਾਰਾ, ਜਗਤ ਵਿਕਾਰਾ ਵਿਚ ਰਖਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਵੇਖਣਹਾਰਾ, ਵੇਸ ਅਵੱਲਾ ਆਪ ਧਰਾਇੰਦਾ । ਧਰਤ ਧਵਲ ਜ਼ਿਮੀਂ ਅਸਮਾਨ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਪੀਰ ਪੈਗ਼ੰਬਰ ਪਾਰਬ੍ਰਹਮ ਪਰਵਰਦਿਗਾਰ ਦਵਾਰੇ ਕੱਢਣ ਹਾੜਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਨਾ ਕੋਈ ਸਹਾਈ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਸਮੁੰਦ ਸਾਗਰ ਪਾਰ ਨਾ ਕੋਇ ਕਰਾਇੰਦਾ । ਏਥੇ ਓਥੇ ਦੋ ਜਹਾਨ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕੋਇ ਨਾ ਦਿਸੇ ਸਹਾਰਾ, ਫੜ ਬਾਂਹੋਂ ਗਲੇ ਨਾ ਕੋਇ ਲਗਾਇੰਦਾ । ਬਿਨ ਤੁਧ ਤੇਰਾ ਬ੍ਰਹਮ ਰੋਵੇ ਜ਼ਾਰੋ ਜ਼ਾਰਾ, ਵਰਨ ਬਰਨ ਬਰਨ ਵਰਨ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਰ ਸਚ ਇਕਰਾਰਾ, ਦਰ ਤੇਰੇ ਸੀਸ ਝੁਕਾਇੰਦਾ । ਸਚ ਇਕਰਾਰ ਕਰੇ ਹਰਿ ਸੱਜਣ, ਆਦਿ ਪੁਰਖ ਵਡਿਆਈਆ । ਜੋ ਘੜੇ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਜਗਤ ਜੁਗ ਲੱਜਣ, ਸੋ ਪੁਰਖ ਨਿਰੰਜਣ ਆਪ ਰਖਾਈਆ । ਹਰਿ ਪੁਰਖ ਨਿਰੰਜਣ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਹਰਿ ਕਰਤਾਰਾ, ਏਕਾ ਏਕ ਜਣਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਪਾਰ ਉਤਾਰਾ ਆਪ ਵਖਾਇੰਦਾ । ਲੋਕਮਾਤ ਬਣਾਏ ਸਚਖੰਡ ਸੱਚਾ ਦਵਾਰਾ, ਸਚਖੰਡ ਨਿਵਾਸੀ ਫੇਰਾ ਪਾਇੰਦਾ । ਨਿਰਗੁਣ ਨੂਰ ਕਰੇ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਮਹੱਲ ਅਟੱਲ ਇਕ ਮਨਾਰਾ, ਅਲੱਖ ਅਗੋਚਰ ਆਪ ਸੁਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਆਪਣੇ ਨਾਉਂ ਸੁਣਾਇੰਦਾ । ਸਚ ਸਚ ਕਰੇ ਸਚ ਵਿਹਾਰਾ, ਸਾਚੀ ਧਾਰਾ ਆਪ ਜਣਾਇੰਦਾ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਮਾਇਆ ਮਮਤਾ ਮੋਹ ਮਿਟਾਇੰਦਾ । ਜਿਸ ਦੀ ਮਹਿਮਾ ਲਿਖ ਲਿਖ ਗਏ ਗੁਰ ਅਵਤਾਰਾ, ਗੁਰ ਗੁਰ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਨਿਰਗੁਣ ਆਪ ਆਪ ਅਪਰੰਪਰ, ਭੇਵ ਕੋਇ ਨਾ ਆਇੰਦਾ । ਨਿਰਗੁਣ ਆਪ ਨਿਰਗੁਣ ਮੰਤਰ, ਹਰਿ ਨਿਰਗੁਣ ਨਾਮ ਦ੍ਰਿੜਾਇੰਦਾ । ਨਿਰਗੁਣ ਬਣਾਏ ਨਿਰਗੁਣ ਬਣਤਰ, ਨਿਰਗੁਣ ਨਿਰਗੁਣ ਜੋੜ ਜੋੜਾਇੰਦਾ । ਨਿਰਗੁਣ ਖੇਲ ਗਗਨ ਗਗਨੰਤਰ, ਗ੍ਰਹਿ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਚੁੱਕ ਹਰਿ ਨਿਰੰਕਾਰਾ, ਭੇਵ ਅਭੇਦ ਜਣਾਈਆ । ਵਿਸ਼ਨ ਬ੍ਰਹਮਾ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਆਏ ਅੰਤਮ ਵਾਰਾ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਈਆ । ਪਰਗਟ ਹੋਏ ਹਰਿ ਕਰਤਾਰਾ, ਕੁਦਰਤ ਕਾਦਰ ਵੇਖੇ ਚਾਈਂ ਚਾਈਆ । ਸ੍ਰਿਸ਼ਟ ਸਬਾਈ ਕਰੇ ਪਿਆਰਾ, ਊਚ ਨੀਚ ਨਾ ਕੋਇ ਰਖਾਈਆ । ਚਾਰ ਵਰਨ ਨਾ ਕੋਇ ਆਧਾਰਾ, ਬਰਨ ਅਠਾਰਾਂ ਡੇਰਾ ਢਾਹੀਆ । ਇਸ਼ਟ ਦੇਵ ਨਾ ਕੋਇ

ਵਣਜਾਰਾ, ਘਰ ਘਰ ਹੱਟ ਨਾ ਕੋਇ ਖੁਲ੍ਹਾਈਆ । ਸਰਬ ਜੀਆਂ ਦਾ ਇਕ ਪਿਆਰਾ, ਪੀਆ ਪ੍ਰੀਤਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਉਪਾਈਆ । ਸਚ ਸੰਦੇਸਾ ਉਪਮਾ ਯੋਗ, ਹਰਿ ਸਾਚੇ ਸਚ ਸੁਣਾਇਆ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇਆ । ਆਤਮ ਸੇਜਾ ਭੋਗੇ ਭੋਗ, ਭਸਮੜ ਏਕਾ ਰੰਗ ਚੜ੍ਹਾਇਆ । ਵਸਣਹਾਰਾ ਸਾਚੇ ਕੋਟ, ਕਿਲਾ ਬੰਕ ਇਕ ਜਣਾਇਆ । ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਨੂਰ ਧਰਾਇਆ । ਸ਼ਬਦ ਅਗੰਮੀ ਲਾ ਚੋਟ, ਤਨ ਨਗਾਰਾ ਨਾਦ ਸੁਣਾਇਆ । ਜਗਤ ਵਿਕਾਰਾ ਕੱਢ ਖੋਟ, ਖ਼ਾਲਸ ਆਪਣਾ ਰੂਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਜਣਾਇਆ । ਸਾਚਾ ਲੇਖਾ ਅੰਤਮ ਕਲ, ਹਰਿ ਕਰਤਾ ਆਪ ਜਣਾਈਆ । ਪਰਗਟ ਹੋ ਸ੍ਰੀ ਭਗਵਨ, ਭਗਵਨ ਆਪਣੀ ਧਾਰ ਬੰਧਾਈਆ । ਲੱਖ ਚੁਰਾਸੀ ਵੇਖੇ ਜਨਨੀ ਜਨ, ਧੰਨ ਧੰਨ ਜਣੇਂਦੀ ਮਾਈਆ । ਸਾਚਾ ਰਾਗ ਸੁਣਾਏ ਕੰਨ, ਢੋਲਾ ਸੋਹਲਾ ਏਕਾ ਗਾਈਆ । ਆਤਮ ਪਰਮਾਤਮ ਬੇੜਾ ਦੇਵੇ ਬੰਨ੍ਹ, ਬ੍ਰਹਮ ਪਾਰਬ੍ਰਹਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਨੌਂ ਨਵ ਚਾਰ, ਚੌਕੜ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਕਰਨ ਪੁਕਾਰ, ਨੇਤਰ ਨੈਣ ਨੈਣ ਉਠਾਈਆ । ਵੇਦ ਵਿਆਸਾ ਬਣ ਲਿਖਾਰ, ਲਿਖ ਲਿਖ ਲੇਖਾ ਗਿਆ ਜਣਾਈਆ । ਈਸਾ ਮੰਗੇ ਮੰਗ ਬਣ ਕੇ ਖ਼ਾਕ ਸਾਰ, ਪਰਵਰਦਿਗਾਰ ਝੋਲੀ ਅੰਤ ਭਰਾਈਆ । ਮੁਹੰਮਦ ਕਹੇ ਮੇਰਾ ਯਾਰ, ਮਿਹਬਾਨ ਬੀਦੋ ਫੇਰਾ ਪਾਈਆ । ਨਾਨਕ ਨਿਰਗੁਣ ਕਰੇ ਪਿਆਰ, ਓਟ ਇਕ ਅਕਾਲ ਜਣਾਈਆ । ਮਹਾਬਲੀ ਉਤਰੇ ਆਪਣੀ ਧਾਰ, ਮਾਤ ਪਿਤ ਨਾ ਕੋਇ ਰਖਾਈਆ । ਗੋਬਿੰਦ ਮੇਲਾ ਮੇਲੇ ਸੁਤ ਦੁਲਾਰ, ਗੁਰ ਚੇਲਾ ਰੰਗ ਰੰਗਾਈਆ । ਕਲ ਕਲਕੀ ਲੈ ਅਵਤਾਰ, ਸੰਬਲ ਆਪਣਾ ਡੇਰਾ ਲਾਈਆ । ਕਲਜੁਗ ਕੂੜੀ ਕਿਰਿਆ ਮਾਰੇ ਮਾਰ, ਜੂਠ ਝੂਠ ਦਏ ਗਵਾਈਆ । ਸਾਚੀ ਸਿਖਿਆ ਦੇਵੇ ਵਿਚ ਸੰਸਾਰ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਊਚਾਂ ਨੀਚਾਂ ਰਾਓ ਰੰਕਾਂ ਏਕਾ ਦਰ ਦਏ ਬਿਠਾਲ, ਜ਼ਾਤ ਪਾਤ ਨਾ ਕੋਇ ਰਖਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਕੰਗਾਲ ਸ਼ਾਹ ਆਪਣੇ ਰੰਗ ਰੰਗਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਹਿੰਦੂ ਮੁਸਲਮ ਸਿੱਖ ਈਸਾਈ ਕਾਇਆ ਮੰਦਰ ਅੰਦਰ ਸਾਚੀ ਧਰਮਸਾਲਾ ਦਏ ਵਖਾਲ, ਘਰ ਵਸੇ ਸੱਚਾ ਮਾਹੀਆ । ਏਕਾ ਸ਼ਬਦ ਗੁਰੂ ਬਣੇ ਦਲਾਲ, ਦੂਜਾ ਵਣਜ ਨਾ ਕੋਇ ਵਖਾਈਆ । ਆਤਮ ਪਰਮਾਤਮ ਕਰੇ ਬਹਾਲ, ਜਗਤ ਵਿਕਾਰਾ ਨੇੜ ਨਾ ਆਈਆ । ਬ੍ਰਹਮ ਪਾਰਬ੍ਰਹਮ ਚਲੇ ਨਾਲ ਨਾਲ, ਮਿਲ ਮਿਲ ਆਪਣੀ ਖ਼ੁਸ਼ੀ ਵਖਾਈਆ । ਨਾਤਾ ਤੋੜ ਕਾਲ ਮਹਾਕਾਲ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਕਰੇ ਪ੍ਰਿਤਪਾਲ, ਸਤਿਜੁਗ ਸਾਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਵੇਤਾ ਨੇਤਨ ਨੇਤਾ ਕਰੇ ਹੇਤਾ ਨਿਤ ਨਵਿਤ, ਅਬਿਨਾਸ਼ੀ ਅਚੁੱਤ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਰੁੱਤੜੀ ਰੁੱਤ ਮੌਲੇ ਸੰਸਾਰ, ਬ੍ਰਹਮ ਪਾਰਬ੍ਰਹਮ ਵਡਿਆਇੰਦਾ । ਕਲਜੁਗ ਮਿਟੇ ਧੂੰਆਂਧਾਰ, ਜਗਤ ਅੰਧੇਰਾ ਰਹਿਣ ਨਾ ਪਾਇੰਦਾ । ਸਤਿਜੁਗ ਸਚ ਕਰੇ ਵਿਹਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਸ੍ਰਿਸ਼ਟ ਸਬਾਈ ਇਕ ਪਿਆਰ, ਆਤਮ ਪਰਮਾਤਮ ਨਾਤਾ ਜੋੜ ਜੁੜਾਇੰਦਾ । ਈਸ਼ ਜੀਵ ਇਕ ਘਰ ਬਾਰ, ਘਰ ਮੰਦਰ ਇਕ ਸੁਹਾਇੰਦਾ । ਸ਼ਬਦ ਨਾਦ ਧੁੰਨਕਾਰ, ਗੀਤ ਅਨਾਦੀ ਆਪ

ਅਲਾਇੰਦਾ । ਨਿਰਮਲ ਜੋਤੀ ਜੋਤ ਉਜਿਆਰ, ਅਗਿਆਨ ਅੰਧੇਰਾ ਸਰਬ ਚੁਕਾਇੰਦਾ । ਸਰਬ ਜੀਆਂ ਇਕੋ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਮੁਕਾਮੇ ਹੱਕ ਪਰਵਰਦਿਗਾਰ, ਮੁਖ ਨਕਾਬ ਪਰਦਾ ਲਾਹਿੰਦਾ । ਹੱਕ ਹਕੀਕਤ ਲਏ ਵਿਚਾਰ, ਲਾਸ਼ਰੀਕ ਖੇਲ ਖਲਾਇੰਦਾ । ਨਾਨਕ ਗੋਬਿੰਦ ਸਚ ਪਿਆਰ, ਪ੍ਰੇਮ ਪਿਆਰਾ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਵਖਾਇੰਦਾ । ਆਪਣਾ ਖੇਲ ਰੱਖੇ ਹੱਥ, ਪ੍ਰਭ ਵੱਡਾ ਵਡ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਮਹਿਮਾਂ ਦੱਸੇ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਅੰਤਮ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਬਿਨ ਡੋਰੀਉਂ ਲਏ ਨੱਥ, ਤੰਦੀ ਨਾਮ ਇਕ ਉਠਾਈਆ । ਜੂਠਾ ਝੂਠਾ ਖੇੜਾ ਕਰੇ ਭੱਠ, ਲੋਕਮਾਤ ਰਹਿਣ ਨਾ ਪਾਈਆ । ਜਿਸ ਦੇ ਪਿਛੇ ਵਛਾਇਆ ਸੱਥਰ ਸਥ, ਸੋ ਯਾਰੜਾ ਸੱਥਰ ਹੰਢਾਈਆ । ਗੋਬਿੰਦ ਰੱਖੇ ਪੱਤ, ਗੋਬਿੰਦ ਮੀਤਾ ਸੱਚਾ ਮਾਹੀਆ । ਕਲਜੁਗ ਨਾੜ ਬਹੱਤਰ ਚਾਰ ਕੁੰਟ ਉਬਲੇ ਰੱਤ, ਰੱਤੀ ਰੱਤ ਨਾ ਕੋਇ ਸੁਕਾਈਆ । ਸਾਧਾਂ ਸੰਤਾਂ ਘਰ ਘਰ ਪਰਨਾਈ ਮਨਮਤ, ਮਨ ਵਾਸਨਾ ਦਏ ਦੁਹਾਈਆ । ਸਤਿ ਸੰਤੋਖ ਤੁਟਾ ਧੀਰਜ ਜਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਲੇਖਾ ਲਏ ਮੁਕਾਈਆ । ਪਾਰਬ੍ਰਹਮ ਬ੍ਰਹਮ ਖੇਲ ਅਪਾਰਾ, ਆਦਿ ਅੰਤ ਕਰਾਇੰਦਾ । ਜੁਗਾ ਜੁਗੰਤਰ ਜਗਤ ਸ਼ੰਗਾਰਾ, ਨਿਰਗੁਣ ਸਰਗੁਣ ਆਪ ਵਖਾਇੰਦਾ । ਨਿਤ ਨਵਿਤ ਨਾਮ ਅਧਾਰਾ, ਹਰਿ ਨਾਮ ਮੰਤਰ ਦ੍ਰਿੜਾਇੰਦਾ । ਕਲਜੁਗ ਅੰਤਮ ਕਰ ਪਿਆਰਾ, ਪੀਆ ਪ੍ਰੀਤਮ ਮੇਲ ਮਿਲਾਇੰਦਾ । ਸਾਚਾ ਸੋਹਲਾ ਸਤਿ ਜੈਕਾਰਾ, ਸੋਹੰ ਢੋਲਾ ਆਪ ਸੁਣਾਇੰਦਾ । ਇਕੋ ਬੋਲਾ ਏਕੰਕਾਰਾ, ਏਕਾ ਏਕ ਜਣਾਇੰਦਾ । ਪਾਰਬ੍ਰਹਮ ਬ੍ਰਹਮ ਵੇਖਣਹਾਰਾ, ਪੇਖ ਪੇਖ ਆਪਣਾ ਰੰਗ ਰੰਗਾਇੰਦਾ । ਇਕੋ ਵਣਜ ਇਕ ਵਣਜਾਰਾ, ਸਤਿਗੁਰ ਸਾਚਾ ਹੱਟ ਚਲਾਇੰਦਾ । ਸ੍ਰਿਸ਼ਟ ਸਬਾਈ ਦਏ ਹੁਲਾਰਾ, ਅਧਰ ਉਦਰ ਦਇਆ ਕਮਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਰਨਾਈ ਇਕ ਜਣਾਇੰਦਾ । ਸਚ ਸਰਨਾਈ ਹਰਿ ਸਤਿਗੁਰ ਚਰਨ, ਦੂਸਰ ਓਟ ਨਾ ਕੋਇ ਰਖਾਈਆ । ਜਨ ਭਗਤਾਂ ਖੋਲ੍ਹੇ ਹਰਨ ਫਰਨ, ਨੇਤਰ ਨੈਣ ਨੈਣ ਰੁਸ਼ਨਾਈਆ । ਭਓ ਚੁਕਾਏ ਮਰਨ ਡਰਨ, ਮਰਨ ਡਰਨ ਨਾ ਕੋਇ ਜਣਾਈਆ । ਦੀਨ ਦਿਆਲ ਤਰਨੀ ਤਰਨ, ਤਾਰਨਹਾਰਾ ਵੇਖ ਵਖਾਈਆ । ਕਰੇ ਖੇਲ ਭੰਨਣ ਘੜਨ, ਘੜਨ ਭੰਨਣ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਆਇਆ ਫੜਨ, ਨਿਰਗੁਣ ਨਿਰਗੁਣ ਫੇਰਾ ਪਾਈਆ । ਸਚ ਮਹੱਲੇ ਆਇਆ ਚੜ੍ਹਨ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਇਕੋ ਅੱਖਰ ਆਇਆ ਪੜ੍ਹਨ, ਆਤਮ ਪਰਮਾਤਮ ਕਰੇ ਪੜ੍ਹਾਈਆ । ਭਾਗ ਲਗਾਏ ਧੌਲ ਧਰਨ, ਧਰਤੀ ਧਵਲ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਖੇਲ ਕਰਾਈਆ । ਸਤਿ ਸਤਿਵਾਦੀ ਸਾਚਾ ਮੀਤਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਆਦਿ ਜੁਗਾਦੀ ਠਾਂਡਾ ਸੀਤਾ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਸਦਾ ਸੁਹੇਲਾ ਇਕ ਅਤੀਤਾ, ਏਕਓਅੰਕਾਰਾ ਰੰਗ ਰੰਗਾਇੰਦਾ । ਆਦਿ ਨਿਰੰਜਣ ਹਰਿ ਹਰਿ ਮੀਤਾ, ਮਿੱਤਰ ਪਿਆਰਾ ਖੇਲ ਵਖਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਅਨਡੀਠਾ, ਅਨਡਿਠੜੀ ਕਾਰ ਆਪ ਕਮਾਇੰਦਾ । ਸ੍ਰੀ ਭਗਵਾਨ ਕੌੜਾ ਕਰੇ ਮਿੱਠਾ ਰੀਠਾ, ਅੰਮ੍ਰਿਤ ਰਸ ਰਸ ਚੁਆਇੰਦਾ ।

ਪਾਰਬ੍ਰਹਮ ਆਦਿ ਜੁਗਾਦਿ ਜੁਗ ਜੁਗ ਜਾਣੇ ਆਪਣੀ ਰੀਤਾ, ਜਿਉਂ ਭਾਵੇ ਤਿਉਂ ਕਾਰ ਕਮਾਇੰਦਾ । ਕਲਜੁਗ ਅੰਤਮ ਵੇਲਾ ਬੀਤਾ, ਬੀਤੀ ਕਹਾਣੀ ਨਾ ਕੋਇ ਸੁਣਾਇੰਦਾ । ਨਾਤਾ ਤੁੱਟਾ ਮੰਦਰ ਮਸੀਤਾ, ਮਸਜਿਦ ਮੇਲ ਨਾ ਕੋਇ ਮਿਲਾਇੰਦਾ । ਜਗਤ ਅਗਨੀ ਤਪੇ ਅੰਗੀਠਾ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਤੇਰਾ ਦੇਣਾ ਤੇਰੇ ਨੈਣਾਂ ਤੇਰੇ ਝੋਲੀ ਪਾਇੰਦਾ । ਤੇਰੀ ਝੋਲੀ ਹਰਿ ਜੂ ਭਰ, ਭਰਮ ਦਏ ਚੁਕਾਈਆ । ਅੰਤਮ ਲੇਖਾ ਗਿਆ ਹਰ, ਹਰਿ ਜੂ ਰਿਹਾ ਸੁਣਾਈਆ । ਚੌਦਾਂ ਤਬਕ ਵੇਖ ਖੜ, ਚੌਦਾਂ ਲੋਕ ਨਾ ਕੋਇ ਰੁਸ਼ਨਾਈਆ । ਚੌਦਾਂ ਵਿਦਿਆ ਵੇਖ ਪੜ੍ਹ, ਬ੍ਰਹਮ ਗਿਆਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਜ਼ਾਈਆ । ਚੌਦਾਂ ਲੋਕ ਚੌਦਾਂ ਤਬਕ, ਚੌਦਸ ਚੰਦ ਨਜ਼ਰ ਨਾ ਆਇੰਦਾ । ਚਾਰ ਜੁਗ ਜੋ ਪੜ੍ਹਿਆ ਸਬਕ, ਸਿਫ਼ਰਾ ਰੂਪ ਸਰਬ ਵਖਾਇੰਦਾ । ਪੁਰਖ ਅਬਿਨਾਸ਼ੀ ਨਿਰਗੁਣ ਰੂਪ ਸਤਿ ਸਰੂਪ ਨਿਰਾਕਾਰ ਏਕਓਅੰਕਾਰ ਇਕ ਇਕੱਲਾ ਆਇਆ ਪਰਤ, ਪਰਤੀਨਿਧ ਆਪ ਅਖਵਾਇੰਦਾ । ਭਾਗ ਲਗਾਏ ਉਪਰ ਧਰਤ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਚਾਰ ਯੁਗ ਦਾ ਲਾਹੇ ਕਰਜ਼, ਮਕਰੂਜ਼ ਨਜ਼ਰ ਕੋਇ ਨਾ ਆਇੰਦਾ । ਆਪਣਾ ਪੂਰਾ ਕਰੇ ਫ਼ਰਜ਼, ਲੱਖ ਚੁਰਾਸੀ ਫਾਸੀ ਤਨ ਟਿਕਾਇੰਦਾ । ਦੋ ਜਹਾਨਾਂ ਇਕੋ ਰਾਗ ਸੁਣਾਏ ਤਰਜ਼, ਤਾਲ ਤਲਵਾੜਾ ਆਪ ਵਜਾਇੰਦਾ । ਪਾਰਬ੍ਰਹਮ ਬ੍ਰਹਮ ਲਏ ਵਰਜ, ਨਵ ਨੌਂ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਬੰਧਾਇੰਦਾ । ਸਤਿਜੁਗ ਬੰਨ੍ਹੇ ਧਾਰ ਪ੍ਰਭ, ਦੀਨਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਵਿਛੜੇ ਲੱਭ, ਕਲਜੁਗ ਅੰਤਮ ਮੇਲ ਮਿਲਾਈਆ । ਅੰਮ੍ਰਿਤ ਝਿਰਨਾ ਕਵਲ ਨਭ, ਕਵਲ ਮੁਖ ਭੁਵਾਈਆ । ਸੰਤ ਸੁਹੇਲੇ ਘਰ ਸਾਚੇ ਸੱਦ, ਸੱਦਾ ਇਕੋ ਨਾਮ ਲਗਾਈਆ । ਨੌਂ ਦਵਾਰੇ ਪਾਰ ਹੱਦ, ਸੁਖਮਨ ਟੇਢੀ ਬੰਕ ਟਪਾਈਆ । ਈੜਾ ਪਿੰਗਲ ਮੂੰਹ ਦੇ ਭਾਰ ਸੱਟ, ਕਰੇ ਖੇਲ ਬੇਪਰਵਾਹੀਆ । ਅੰਦਰ ਬਾਹਰ ਗੁਪਤ ਜ਼ਾਹਰ ਸਗਲਾ ਸੰਗ ਸਾਹਿਬ ਸਮਰਥ, ਨਿਰਗੁਣ ਸਾਚਾ ਸੰਗ ਰਖਾਈਆ । ਅਨਹਦ ਸ਼ਬਦ ਸੁਣਾਏ ਅਨਾਦ ਅਨਹਤ, ਏਕਾ ਰਾਗ ਅਲਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤ ਨਿਰੰਜਣ ਨੂਰ ਰੁਸ਼ਨਾਈਆ । ਸੁਰਤ ਸਵਾਣੀ ਸ਼ਬਦੀ ਦਾਸ, ਸਤਿਗੁਰ ਹਾਣੀ ਮੇਲ ਮਿਲਾਈਆ । ਨਾਤਾ ਤੋੜ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਚਰਨਾਂ ਹੇਠ ਰਖਾਈਆ । ਬ੍ਰਹਮ ਪਾਰਬ੍ਰਹਮ ਕਰੇ ਨਿਵਾਸ, ਸਚ ਸਿੰਘਾਸਣ ਸੋਭਾ ਪਾਈਆ । ਸਾਚੇ ਮੰਡਲ ਸਾਚੀ ਰਾਸ, ਗੋਪੀ ਕਾਹਨ ਆਪ ਨਚਾਈਆ । ਬ੍ਰਹਮ ਤੇਰੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਕਲਜੁਗ ਦੇਵੇ ਅੰਤ ਧਰਵਾਸ, ਸਤਿਜੁਗ ਸਾਚਾ ਰਾਹ ਚਲਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਗਾਏ ਰਸਨ ਸਵਾਸ, ਸੋਹੰ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਨਾਤਾ ਜੋੜ ਜੁੜਾਈਆ । ਆਤਮ ਪਰਮਾਤਮ ਜੋੜੇ ਨਾਤਾ, ਹਰਿ ਸਤਿਗੁਰ ਦਇਆ ਕਮਾਇੰਦਾ । ਜਨ ਭਗਤ ਰਖਾਏ ਉਤਮ ਜ਼ਾਤਾ, ਵਰਨ ਬਰਨ ਨਾ ਵੰਡ ਵੰਡਾਇੰਦਾ । ਸ਼ਬਦ ਅਗੰਮੀ ਸਚ ਸੁਣਾਏ ਗਾਥਾ, ਮਕਤਬ ਪੜ੍ਹਨ ਕੋਇ ਨਾ ਜਾਇੰਦਾ । ਮੰਦਰ ਅੰਦਰ ਸੁਹਾਏ ਸਾਢੇ ਤਿੰਨ ਤਿੰਨ ਹਾਥਾ, ਘਰ ਘਰ ਵਿਚ ਡੇਰਾ ਲਾਇੰਦਾ । ਬ੍ਰਹਮ ਪਾਰਬ੍ਰਹਮ ਕਰੇ ਪੂਜਾ ਪਾਠਾ, ਅੱਖਰ ਅੱਖਰ ਨਾ ਕੋਇ ਪੜ੍ਹਾਇੰਦਾ । ਸੋਵਤ ਜਾਗਤ ਊਠਤ ਬੈਠਤ ਆਪ ਸੁਣਾਏ ਆਪਣਾ ਸਾਕਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ ।

੭੭੨
੧੨

ਬੱਤੀ ਦੰਦ ਨਾ ਪਾਏ ਬਾਤਾਂ, ਬਿਨ ਦੰਦਾਂ ਆਪਣਾ ਨਾਉਂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਰਾਹ ਚਲਾਇੰਦਾ । ਸਮਰਥ ਚਲਾਏ ਏਕਾ ਰਾਹ, ਰਹਿਬਰ ਇਕ ਅਖਵਾਈਆ । ਕੂੜੀ ਕਿਰਿਆ ਦਏ ਖਪਾ, ਸਤਿਜੁਗ ਸਾਚਾ ਘਰ ਵਖਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਕੋਈ ਰਹਿਣਾ ਨਾ, ਨੌਂ ਖੰਡ ਪ੍ਰਿਥਮੀ ਕਰੇ ਸਫ਼ਾਈਆ । ਮੰਦਰ ਮਸਜਦ ਗੁਰੂਦਵਾਰ ਸ਼ਿਵਦਵਾਲੇ ਮੱਠ ਕਿਸੇ ਬਹਿਣਾ ਨਾ, ਬਹਿ ਬਹਿ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਦਾ ਇਕੋ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਸਾਚੇ ਹੱਟ, ਹਰਿ ਸਤਿਗੁਰ ਆਪ ਖੁਲ੍ਹਾਇੰਦਾ । ਵਸਤ ਅਮੋਲਕ ਅੰਦਰ ਵਥ, ਨਿਰਗੁਣ ਸਰਗੁਣ ਆਪ ਜਣਾਇੰਦਾ । ਆਤਮ ਪਰਮਾਤਮ ਮਾਰਗ ਦੇਵੇ ਦੱਸ, ਔਝੜ ਰਾਹ ਨਾ ਕੋਇ ਵਖਾਇੰਦਾ । ਬ੍ਰਹਮ ਪਾਰਬ੍ਰਹਮ ਮੇਲਾ ਹੱਸ ਹੱਸ, ਸੋਹੰ ਹੰਸਾ ਮੁਖ ਸਾਲਾਹਿੰਦਾ । ਤੀਰ ਅਣਿਆਲਾ ਮਾਰੇ ਕਸ, ਤਿਖੀ ਮੁਖੀ ਧਾਰ ਬੰਧਾਇੰਦਾ । ਭਗਤ ਭਗਵੰਤ ਇਕ ਦੂਜੇ ਦਾ ਗੌਣ ਜਸ, ਬਿਨ ਭਗਤਾਂ ਭਗਵਣ ਕੰਮ ਕਿਸੇ ਨਾ ਆਇੰਦਾ । ਪੰਧ ਮੁਕਾਵਣ ਨੱਸ ਨੱਸ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਖਾਣੀ ਬਾਣੀ ਰਸਨਾ ਰਸ, ਰਸਨਾ ਜਿਹਵਾ ਸਿਫ਼ਤ ਸਾਲਾਹਿੰਦਾ । ਜਿਸ ਹਿਰਦੇ ਅੰਦਰ ਸਤਿਗੁਰ ਪੂਰਾ ਜਾਏ ਵਸ, ਲਿਖਣ ਪੜ੍ਹਨ ਪੰਧ ਮੁਕਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਆਤਮ ਪਰਮਾਤਮ ਭੋਗ ਬਲਾਸ, ਸਾਚੀ ਸੇਜਾ ਆਪ ਹੰਢਾਇੰਦਾ । ਪਾਰਬ੍ਰਹਮ ਬ੍ਰਹਮ ਵਸੇ ਪਾਸ, ਘਰ ਸਾਚੇ ਡੇਰਾ ਲਾਇੰਦਾ । ਸੋਹੰ ਸ਼ਬਦ ਸਤਿਜੁਗ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਰੱਖੀ ਆਪਣੇ ਖਾਤ, ਬਿਨ ਗੁਰੂ ਪੀਰ ਖਾਤਾ ਨਾ ਕਿਸੇ ਵਖਾਇੰਦਾ । ਕਲਜੁਗ ਅੰਤਮ ਸਭ ਦਾ ਪੜ੍ਹ ਕੇ ਫ਼ਾਤਿਆ ਫ਼ਾਤ, ਫ਼ਤਹਿ ਡੰਕਾ ਨਾਮ ਵਜਾਇੰਦਾ । ਸ਼ਾਹ ਸੁਲਤਾਨਾਂ ਦੇਵਣਹਾਰਾ ਆਬ ਹਯਾਤ, ਅੰਮ੍ਰਿਤ ਰਸ ਮੁਖ ਚੁਆਇੰਦਾ । ਵਸਣਹਾਰਾ ਕਾਇਨਾਤ, ਕਲਮਾ ਆਪਣਾ ਨਾਉਂ ਦ੍ਰਿੜਾਇੰਦਾ । ਰਾਮ ਕ੍ਰਿਸ਼ਨ ਏਕਾ ਜ਼ਾਤ, ਨਾਨਕ ਗੋਬਿੰਦ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਸਾਚਾ ਮੰਤਰ ਨਮੋ ਸਤਿ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਹੰ ਬ੍ਰਹਮ ਇਕੋ ਤਤ, ਤਤਵ ਵੇਤਾ ਮੇਲ ਮਿਲਾਈਆ । ਹੱਡ ਮਾਸ ਨਾੜੀ ਨਾ ਕੋਇ ਰੱਤ, ਰੱਤੀ ਰੱਤ ਨਾ ਕੋਇ ਵਖਾਈਆ । ਆਪੇ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਈਆ । ਆਪਣਾ ਬੀਜ ਆਪੇ ਘੱਤ, ਫੁੱਲ ਫਲਵਾੜੀ ਆਪ ਮਹਿਕਾਈਆ । ਬ੍ਰਹਮੇ ਵੇਤੇ ਖੋਲ੍ਹਿਆ ਹੱਟ, ਲੱਖ ਚੁਰਾਸੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਮੇਲਾ ਸਰਗੁਣ ਚੇਲਾ, ਚੇਲਾ ਗੁਰ ਲੇਖਾ ਜਾਣੇ ਲਿਖਿਆ ਧੁਰ, ਧੁਰ ਲਹਿਣਾ ਆਪਣੇ ਹੱਥ ਰਖਾਈਆ । ਧੁਰ ਲਹਿਣਾ ਲਹਿਣੇਦਾਰ, ਪਰਵਰਦਿਗਾਰ ਆਪ ਅਖਵਾਇੰਦਾ । ਸਦੀ ਚੌਧਵੀਂ ਕਰ ਕਰ ਪਾਰ, ਏਕਾ ਚੌਕਾ ਜੋੜ ਜੁੜਾਇੰਦਾ । ਪਹਿਲੇ ਘਰ ਵਸੇ ਕਰਤਾਰ, ਚੌਥੇ ਪਦ ਗੁਰਮੁਖ ਮੇਲ ਮਿਲਾਇੰਦਾ । ਪੀਰ ਪੈਗ਼ੰਬਰ ਕਰ ਤਿਆਰ, ਅਧਵਿਚਕਾਰੇ ਸਿਫ਼ਤ ਸਾਲਾਹਿੰਦਾ । ਅਲਫ਼ ਯੇ ਦੇ ਆਧਾਰ, ਹਰਫ਼ ਬਹਰਫ਼ ਆਪ ਸਮਝਾਇੰਦਾ । ਹਮਜ਼ਾ ਕੋਇ ਨਾ ਪਾਵੇ ਸਾਰ, ਇਸਤਰੀ ਪੁਰਸ਼ ਨਾ ਰੂਪ ਵਟਾਇੰਦਾ । ਖ਼ਾਵੰਦ ਬੀਵੀ ਨਾ ਕੋਇ ਆਧਾਰ, ਮੀਆਂ ਰੰਗ ਨਾ ਕੋਇ ਰੰਗਾਇੰਦਾ । ਅੱਲਾ ਰਾਣੀ ਨਾ ਕੋਇ ਸ਼ੰਗਾਰ, ਸ਼ਾਹੋ ਭੇਵ ਕੋਇ ਨਾ ਆਇੰਦਾ । ਕਲਜੁਗ ਅੰਤਮ ਸਾਰੇ ਰੋਵਣ ਜ਼ਾਰੋ ਜ਼ਾਰ,

੭੭੪
੧੨

ਧੀਰਜ ਧੀਰ ਨਾ ਕੋਇ ਧਰਾਇੰਦਾ । ਪਰਗਟ ਹੋਏ ਆਪ ਨਿਰੰਕਾਰ, ਨਿਰਗੁਣ ਆਪਣਾ ਖੇਲ ਵਖਾਇੰਦਾ । ਸਤਿਜੁਗ ਸਚ ਕਰੇ ਵਿਹਾਰ, ਬਿਵਹਾਰੀ ਆਪਣਾ ਰਾਹ ਚਲਾਇੰਦਾ । ਪਿਛਲਾ ਲੇਖਾ ਦਏ ਨਿਵਾਰ, ਭਰਮ ਭੁਲੇਖਾ ਸਰਬ ਕਢਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਕੱਠੇ ਕਰ ਇਕ ਦਵਾਰ, ਸਚਖੰਡ ਆਪਣੇ ਚਰਨਾਂ ਹੇਠ ਰਖਾਇੰਦਾ । ਬਿਨ ਹੁਕਮ ਕੋਇ ਨਾ ਜਾਏ ਵਿਚ ਸੰਸਾਰ, ਦੀਨ ਮਜ਼੍ਹਬ ਨਾ ਕੋਇ ਪਿਆਰ, ਸ਼ਰਅ ਸ਼ਰੀਅਤ ਨਾ ਰੰਗ ਰੰਗਾਇੰਦਾ । ਅੰਤਮ ਸਭ ਦੇ ਬਸਤਰ ਦੇਵੇ ਪਾੜ, ਕਲਜੁਗ ਅਗਨੀ ਦੇਵੇ ਸਾੜ, ਤਤਵ ਤਤ ਤਤ ਤਪਾਇੰਦਾ । ਅੱਗੇ ਮਾਰਗ ਲਾਏ ਸੁਖਾਲ, ਏਕਾ ਘਰ ਬਹਾਏ ਸ਼ਾਹ ਕੰਗਾਲ, ਸ਼ਾਹ ਕੰਗਾਲ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵਣਹਾਰਾ ਦਾਨ, ਵਸਤ ਅਮੋਲਕ ਲੱਖ ਚੁਰਾਸੀ ਕਾਇਆ ਗੋਲਕ ਘਰ ਘਰ ਦਰ ਦਰ ਅੰਦਰ ਮੰਦਰ ਨਾਮ ਨਿਧਾਨਾ ਸ੍ਰੀ ਭਗਵਾਨਾ ਸੋਹੰ ਢੋਲਾ ਬਦਲੇ ਚੋਲਾ ਚੁਕਾਏ ਪਰਦਾ ਉਹਲਾ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਸੱਚਾ ਵੇਸ, ਵਿਸ਼ਵ ਆਪਣਾ ਖੇਲ ਕਰਾਇੰਦਾ । ਏਥੇ ਓਥੇ ਸਤਿ ਸੰਦੇਸ, ਸਤਿ ਸਤਿਵਾਦੀ ਆਪ ਜਣਾਇੰਦਾ । ਜੁਗ ਚੌਕੜੀ ਚਲੇ ਨਾ ਕੋਇ ਪੇਸ਼, ਸੀਸ ਅੱਗੇ ਨਾ ਕੋਇ ਉਠਾਇੰਦਾ । ਦਰ ਮੰਗਣ ਵਿਸ਼ਨ ਬ੍ਰਹਮਾ ਮਹੇਸ਼, ਕੋਟਨ ਕੋਟ ਝੋਲੀ ਡਾਹਿੰਦਾ । ਨਿਰਗੁਣ ਦਾਤਾ ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਇੰਦਾ । ਤਖ਼ਤ ਨਿਵਾਸੀ ਸਚ ਨਰੇਸ਼, ਨਰ ਨਰਾਇਣ ਆਪ ਅਖਵਾਇੰਦਾ । ਸਤਿਜੁਗ ਦੇਵੇ ਸਚ ਸੰਦੇਸ, ਸੋਹੰ ਮੰਤਰ ਇਕ ਦ੍ਰਿੜਾਇੰਦਾ । ਆਤਮ ਪਰਮਾਤਮ ਸਦਾ ਵਸ਼ੇਸ਼, ਵਿਸ਼ਵ ਆਪਣਾ ਰੰਗ ਰੰਗਾਇੰਦਾ । ਜਿਸ ਦੀ ਮਹਿਮਾ ਕਰੇ ਸਹੰਸਰ ਮੁਖ ਸ਼ੇਸ਼, ਸੋ ਸ਼ੇਸ਼ ਸਾਂਗੋ ਪਾਂਗ ਰੂਪ ਵਟਾਇੰਦਾ । ਤਿਸ ਸਾਹਿਬ ਸਰਬ ਆਦੇਸ, ਆਦਿ ਜੁਗਾਦਿ ਜੁਗ ਜੁਗੰਤਰ ਜੁਗ ਜੁਗ ਪੀਰ ਪੈਗ਼ੰਬਰ ਗੁਰ ਅਵਤਾਰ ਹਰਿ ਨਿਰੰਕਾਰ ਚਰਨ ਕਵਲ ਸੀਸ ਝੁਕਾਇੰਦਾ । ਸੋ ਸਾਹਿਬ ਹੁਕਮੀ ਹੁਕਮ ਕਰੇ ਵਰਤਾਰ, ਸਤਿਜੁਗ ਸਾਚੀ ਬੰਨ੍ਹੇ ਧਾਰ, ਆਤਮ ਪਰਮਾਤਮ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰਸ਼ ਨਾਰੀ ਇਕ ਗਿਆਨ, ਨਾਰੀ ਪੁਰਸ਼ ਇਕ ਮਕਾਨ, ਪੁਰਸ਼ ਨਾਰੀ ਇਕ ਭਗਵਾਨ, ਨਾਰੀ ਪੁਰਖ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜਿਸ ਜਨ ਮਿਲਿਆ ਆਪ ਭਗਵਾਨ, ਤਿਸ ਲਹਿਣਾ ਦੇਣਾ ਦਏ ਮੁਕਾਈਆ । ਲੱਖ ਚੁਰਾਸੀ ਚੁੱਕੇ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਅੰਤਮ ਮੇਲਾ ਮੇਲੇ ਆਣ, ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੀ ਰਾਸੀ ਮੰਡਲ ਮੰਡਪ ਦੋ ਜਹਾਨ, ਗੋਪੀ ਕਾਹਨ ਆਪ ਨਚਾਈਆ ।

### ✳ ੨੦ ਭਾਦਰੋਂ ੨੦੧੯ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹਿ ਪੰਜ ਗਰਾਈਂ ਜ਼ਿਲਾ ਫਿਰੋਜ਼ਪੁਰ ✳

ਆਦਿ ਜੁਗਾਦੀ ਇਕ ਭਗਵਾਨ, ਹਰਿ ਜੁਗ ਜੁਗ ਖੇਲ ਕਰਾਇੰਦਾ । ਆਦਿ ਜੁਗਾਦੀ ਇਕ ਨਿਸ਼ਾਨ, ਹਰਿ ਜੁਗ ਜੁਗ ਆਪ ਝੁਲਾਇੰਦਾ । ਆਦਿ ਜੁਗਾਦੀ ਇਕ ਗਿਆਨ, ਹਰਿ ਜੁਗ ਜੁਗ ਆਪ ਪੜ੍ਹਾਇੰਦਾ । ਆਦਿ ਜੁਗਾਦੀ ਇਕੋ ਦਾਨ, ਹਰਿ ਜੁਗ ਜੁਗ ਆਪ ਵਰਤਾਇੰਦਾ । ਆਦਿ

ਜੁਗਾਦੀ ਇਕੋ ਰਾਮ, ਜੁਗ ਜੁਗ ਵੇਸ ਵਟਾਇੰਦਾ । ਆਦਿ ਜੁਗਾਦੀ ਏਕਾ ਸ਼ਾਮ, ਜੁਗ ਜੁਗ ਰਾਸ ਰਚਾਇੰਦਾ । ਆਦਿ ਜੁਗਾਦੀ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਸੁਣਾਇੰਦਾ । ਆਦਿ ਜੁਗਾਦੀ ਇਕ ਅਮਾਮ, ਈਸਾ ਮੂਸਾ ਨਾਉਂ ਧਰਾਇੰਦਾ । ਆਦਿ ਜੁਗਾਦੀ ਇਕ ਇਸਲਾਮ, ਇਸਮ ਆਜ਼ਮ ਭੇਵ ਵਖਾਇੰਦਾ । ਆਦਿ ਜੁਗਾਦੀ ਏਕਾ ਕਾਮ, ਹਰਿ ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਇਕ ਜਵਾਨ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਆਦਿ ਜੁਗਾਦੀ ਏਕਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਆਦਿ ਜੁਗਾਦੀ ਏਕਾ ਰੀਤ, ਜੁਗ ਜੁਗ ਆਪ ਚਲਾਈਆ । ਆਦਿ ਜੁਗਾਦੀ ਏਕਾ ਗੀਤ, ਸੋਹਲਾ ਢੋਲਾ ਮਾਤ ਪਰਗਟਾਈਆ । ਆਦਿ ਜੁਗਾਦੀ ਖੇਲ ਅਨਡੀਠ, ਨਿਰਗੁਣ ਸਰਗੁਣ ਦਏ ਸਮਝਾਈਆ । ਆਦਿ ਜੁਗਾਦੀ ਵਸੇ ਚੀਤ, ਚੇਤਨ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦੀ ਏਕਾ ਗੁਰ, ਹਰਿ ਸਤਿਗੁਰ ਨਾਉਂ ਧਰਾਇੰਦਾ । ਆਦਿ ਜੁਗਾਦੀ ਏਕਾ ਸੁਰ, ਦੇਵਤ ਸੁਰ ਵੇਖ ਵਖਾਇੰਦਾ । ਆਦਿ ਜੁਗਾਦੀ ਲੇਖਾ ਧੁਰ, ਧੁਰ ਮਸਤਕ ਆਪ ਜਣਾਇੰਦਾ । ਆਦਿ ਜੁਗਾਦੀ ਜਾਏ ਬਹੁੜ, ਜੁਗ ਜੁਗ ਮੇਲ ਮਿਲਾਇੰਦਾ । ਆਦਿ ਜੁਗਾਦੀ ਏਕਾ ਪੌੜ, ਦੋ ਜਹਾਨਾਂ ਆਪ ਲਗਾਇੰਦਾ । ਆਦਿ ਜੁਗਾਦੀ ਵੇਖਣਹਾਰਾ ਮਿੱਠਾ ਕੌੜ, ਲੱਖ ਚੁਰਾਸੀ ਫੋਲ ਫੋਲਾਇੰਦਾ । ਆਦਿ ਜੁਗਾਦੀ ਮਿਟਾਏ ਔੜ, ਜਨ ਭਗਤਾਂ ਅੰਮ੍ਰਿਤ ਰਸ ਚਖਾਇੰਦਾ । ਆਦਿ ਜੁਗਾਦੀ ਰਿਹਾ ਦੌੜ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਚਲਾਇੰਦਾ । ਆਦਿ ਜੁਗਾਦੀ ਆਪਣਾ ਨਾਉਂ, ਨਾਉਂ ਨਿਰੰਕਾਰਾ ਆਪ ਜਣਾਈਆ । ਆਦਿ ਜੁਗਾਦੀ ਏਕਾ ਪਿਤਾ ਏਕਾ ਮਾਉਂ, ਲੱਖ ਚੁਰਾਸੀ ਗੋਦ ਬਹਾਈਆ । ਆਦਿ ਜੁਗਾਦੀ ਦੇਵਣਹਾਰਾ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦੀ ਏਕਾ ਏਕ ਅਗੰਮ ਅਥਾਹੋਂ, ਬੇਪਰਵਾਹ ਆਪਣੀ ਕਲ ਧਰਾਈਆ । ਆਦਿ ਜੁਗਾਦੀ ਏਕਾ ਕਰੇ ਪਸਾਉ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਆਦਿ ਜੁਗਾਦੀ ਇਕ ਵਸਾਏ ਸਾਚਾ ਥਾਉਂ, ਦਰਗਹਿ ਸਾਚੀ ਦਏ ਵਡਿਆਈਆ । ਆਦਿ ਜੁਗਾਦੀ ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਉਡਾਈਆ । ਆਦਿ ਜੁਗਾਦੀ ਜੁਗ ਜੁਗ ਕਰੇ ਸਚ ਨਿਆਉਂ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਦਿ ਜੁਗਾਦਿ ਪੁਰਖ ਸਮਰਥ, ਸਮਰਥ ਆਪਣੀ ਖੇਲ ਕਰਾਇੰਦਾ । ਨਿਰਗੁਣ ਨੂਰ ਕਰ ਪਰਗਟ, ਪਰਗਟ ਆਪਣਾ ਰੰਗ ਰੰਗਾਇੰਦਾ । ਲੇਖਾ ਜਾਣੇ ਰਾਮਾ ਦਸਰਥ, ਦਹਿ ਦਿਸ਼ਾ ਭੇਵ ਖੁਲ੍ਹਾਇੰਦਾ । ਭੇਵ ਚੁਕਾਏ ਤ੍ਰਿਲੋਕੀ ਨਥ, ਨਾਥ ਅਨਾਥਾ ਦਇਆ ਕਮਾਇੰਦਾ । ਸੇਵਕ ਸੇਵਾਦਾਰ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਭਗਤ ਭਗਵਾਨ ਸਮਾਂ ਦੱਸ, ਬੋਧ ਅਗਾਧ ਆਪ ਸਮਝਾਇੰਦਾ । ਗੀਤਾ ਗਿਆਨ ਗਿਆਨ ਅਕੱਥ, ਕਥ ਕਥਨੀ ਨਾ ਕੋਇ ਕਥਾਇੰਦਾ । ਹਰਿ ਸੰਤਨ ਹਿਰਦੇ ਆਪੇ ਵਸ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਭਗਤ ਭਗਵਾਨ ਹੋਏ ਵਸ, ਬੇਵਸ ਆਪਣਾ ਬਲ ਨਾ ਕੋਇ ਜਣਾਇੰਦਾ । ਪ੍ਰੇਮ ਪਿਆਰ ਅੰਦਰ ਜਾਏ ਫਸ, ਰੱਸੀ ਡੋਰ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕਾਰ ਕਰਾਇੰਦਾ । ਆਦਿ ਜੁਗਾਦਿ ਭਗਤ ਭਗਵੰਤ, ਏਕਾ ਓਟ ਰਖਾਈਆ । ਆਦਿ ਜੁਗਾਦਿ ਸਾਚੇ ਸੰਤ, ਹਰਿ ਸਤਿਗੁਰ

ਮੇਲ ਮਿਲਾਈਆ । ਆਦਿ ਜੁਗਾਦਿ ਗੁਰਮੁਖ ਬਣਾਏ ਬਣਤ, ਗੁਰ ਗੁਰ ਆਪਣੀ ਬੂਝ ਬੁਝਾਈਆ । ਆਦਿ ਜੁਗਾਦਿ ਗੁਰਸਿਖ ਮਹਿਮਾ ਗਾਏ ਅਗਣਤ, ਲਿਖ ਲਿਖ ਲੇਖਾ ਦਏ ਜਣਾਈਆ । ਆਦਿ ਜੁਗਾਦਿ ਖੇਲੇ ਖੇਲ ਨਾਰੀ ਕੰਤ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਕਾਇਆ ਚੋਲਾ ਰੰਗੇ ਬਸੰਤ, ਰੰਗ ਮਜੀਠੀ ਇਕ ਰਖਾਈਆ । ਆਦਿ ਜੁਗਾਦਿ ਗੜ੍ਹ ਤੋੜੇ ਹਉਮੇ ਹੰਗਤ, ਹਉਮੇ ਰੋਗ ਦਏ ਗੁਆਈਆ । ਆਦਿ ਜੁਗਾਦਿ ਗ਼ਰੀਬ ਨਿਮਾਣਿਆਂ ਕੱਟੇ ਭੁੱਖ ਨੰਗਤ, ਭੁਖਿਆਂ ਨੰਗਿਆਂ ਗਲੇ ਲਗਾਈਆ । ਆਦਿ ਜੁਗਾਦਿ ਹਰਿਜਨ ਮੇਲੇ ਸਾਚੀ ਸੰਗਤ, ਸਗਲਾ ਸੰਗ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਮ ਪਰਗਟਾਈਆ । ਆਦਿ ਜੁਗਾਦਿ ਨਾਉਂ ਅਪਾਰਾ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਚਤੁਰਭੁਜ ਹੋ ਉਜਿਆਰਾ, ਭੇਵ ਅਭੇਵ ਆਪ ਖੁਲ੍ਹਾਇੰਦਾ । ਆਦਿ ਸ਼ਕਤ ਨੂਰ ਨਿਰੰਕਾਰਾ, ਨਿਰਗੁਣ ਆਪਣਾ ਨੂਰ ਧਰਾਇੰਦਾ । ਪਰਵਰਦਿਗਾਰ ਸਾਂਝਾ ਯਾਰਾ, ਲਾਸ਼ਰੀਕ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਆਪਣਾ ਨਾਉਂ ਧਰਾਇੰਦਾ । ਜੁਗ ਕਰਤਾ ਹਰਿ ਜੂ ਨਾਉਂ ਰੱਖ, ਜੁਗ ਜੁਗ ਖੇਲ ਕਰਾਈਆ । ਗੁਰ ਅਵਤਾਰ ਹੋ ਪਰਤੱਖ, ਪਾਰਬ੍ਰਹਮ ਪ੍ਰਭ ਪਰਦਾ ਲਾਹੀਆ । ਸ੍ਰਿਸ਼ਟ ਸਬਾਈ ਮਾਰਗ ਦੱਸ, ਜੀਵ ਜੰਤ ਏਕਾ ਰਾਹ ਚਲਾਈਆ । ਗੁਰਮੁਖਾਂ ਹਿਰਦੇ ਆਪੇ ਵਸ, ਕਾਇਆ ਖੇੜਾ ਦਏ ਵਸਾਈਆ । ਸੰਤ ਸੁਹੇਲੇ ਸੁਣਾਏ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦਿ ਵਡੀ ਵਡਿਆਈ, ਹਰਿ ਵੱਡਾ ਵੱਡ ਕਰਾਇੰਦਾ । ਸਤਿਜੁਗ ਅਠਾਰਾਂ ਅਵਤਾਰ ਕਰੀ ਕੁੜਮਾਈ, ਏਕਾ ਆਠਾ ਬੰਧਨ ਪਾਇੰਦਾ । ਤ੍ਰੇਤੇ ਵੱਜੇ ਸਚ ਵਧਾਈ, ਪਰਸਰਾਮ ਰਾਮ ਰਾਮ ਰਾਮ ਰੂਪ ਵਟਾਇੰਦਾ । ਦੁਆਪਰ ਖੇਲ ਖੇਲ ਰਘੁਰਾਈ, ਵੇਦ ਵਿਆਸਾ ਆਪ ਪੜ੍ਹਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਵਟਾਈ, ਮੁਕੰਦ ਮਨੋਹਰ ਲੱਖਮੀ ਨਰਾਇਣ, ਨਰਾਇਣ ਆਪਣੀ ਕਲ ਧਰਾਇੰਦਾ । ਗ਼ਰੀਬ ਨਿਮਾਣਿਆਂ ਬਣਿਆ ਸਾਕ ਸੱਜਣ ਸੈਣ, ਬਿਦਰ ਸੁਦਾਮਾ ਗੋਦ ਬਹਾਇੰਦਾ । ਰਸਨਾ ਜਿਹਵਾ ਨਾ ਸਕੇ ਕਹਿਣ, ਕਹਿ ਕਹਿ ਸ਼ੁਕਰ ਨਾ ਕੋਇ ਮਨਾਇੰਦਾ । ਆਦਿ ਜੁਗਾਦਿ ਚੁਕਾਵਣਹਾਰਾ ਲਹਿਣਾ ਦੇਣ, ਪੂਰਬ ਲੇਖਾ ਵੇਖ ਵਖਾਇੰਦਾ । ਭਗਤ ਭਗਵਾਨ ਬਣੇ ਸਾਕ ਸੱਜਣ ਸੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਇੰਦਾ । ਜੁਗ ਜੁਗ ਆਪਣਾ ਨਾਉਂ ਧਰ, ਰਾਮ ਰਾਮ ਕਰੀ ਪੜ੍ਹਾਈਆ । ਜੁਗ ਜੁਗ ਆਪਣਾ ਵੇਸ ਕਰ, ਕਾਹਨਾ ਕ੍ਰਿਸ਼ਨਾ ਬੰਸਰੀ ਨਾਮ ਵਜਾਈਆ । ਜੁਗ ਜੁਗ ਆਪਣਾ ਗਿਆਨ ਕਰ, ਵੇਦ ਸ਼ਾਸਤਰ ਦਏ ਜਣਾਈਆ । ਜੁਗ ਜੁਗ ਆਪਣਾ ਵੇਖ ਘਰ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜਗ ਮੰਤਰ ਦਏ ਸਲਾਹੀਆ । ਜਗ ਮੰਤਰ ਨਾਮ ਦੇਵ, ਦੇਵ ਆਤਮਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਚੀ ਸੇਵ, ਕਰੋੜ ਤੇਤੀਸਾ ਸੁਰਪਤ ਇੰਦ ਮੇਲ ਮਿਲਾਇੰਦਾ । ਹੰ ਬ੍ਰਹਮ ਅਲੱਖ ਅਭੇਵ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਡੇਰਾ ਲਾਇੰਦਾ । ਹਰਿ ਕਾ ਗੀਤ ਗਾ ਨਾ ਸਕੇ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਅਲੱਖ ਅਗੋਚਰ ਅਗੰਮ ਅਥਾਹ ਵਡ ਦੇਵੀ ਦੇਵ, ਦੇਵਤ ਸੁਰ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਾਚਾ ਮੇਵ, ਅੰਮ੍ਰਿਤ

੭੭੭
੧੨

ਰਸ ਆਪ ਚਖਾਇੰਦਾ । ਆਦਿ ਜੁਗਾਦਿ ਵਿਸ਼ਵ ਰੰਗ, ਵਿਸ਼ਨੂੰ ਹਰਿ ਹਰਿ ਰੂਪ ਵਟਾਈਆ । ਆਦਿ ਜੁਗਾਦਿ ਬ੍ਰਹਮ ਅਨੰਦ, ਪਾਰਬ੍ਰਹਮ ਵਡਿਆਈਆ । ਆਦਿ ਜੁਗਾਦਿ ਸ਼ੰਕਰ ਅਖੰਡ, ਸ਼ਰਅ ਤ੍ਰਿਸੂਲ ਇਕ ਰਖਾਈਆ । ਆਦਿ ਜੁਗਾਦਿ ਸੁਹਾਗੀ ਛੰਦ, ਗੀਤ ਗੋਬਿੰਦ ਅਲਾਈਆ । ਆਦਿ ਜੁਗਾਦਿ ਜੀਓ ਪਿੰਡ, ਪੰਜ ਤਤ ਦਏ ਵਡਿਆਈਆ । ਆਦਿ ਜੁਗਾਦਿ ਅੰਮ੍ਰਿਤ ਧਾਰਾ ਸਾਗਰ ਸਿੰਧ, ਲੱਖ ਚੁਰਾਸੀ ਵਿਚ ਟਿਕਾਈਆ । ਆਦਿ ਜੁਗਾਦਿ ਭਗਤ ਭਗਵਾਨ ਉਪਜਾਏ ਆਪਣੀ ਬਿੰਦ, ਪੂਤ ਸਪੂਤਾ ਨਾਉਂ ਰਖਾਈਆ । ਆਦਿ ਜੁਗਾਦਿ ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰਨੀ ਆਪ ਕਰਾਈਆ । ਆਦਿ ਜੁਗਦਿ ਖੇਲ ਬ੍ਰਹਿਮਾਦਿ, ਪਾਰਬ੍ਰਹਮ ਕਰਾਇੰਦਾ । ਆਦਿ ਜੁਗਾਦਿ ਅਗੰਮੀ ਨਾਦ, ਘਟ ਘਟ ਅੰਦਰ ਆਪ ਵਜਾਇੰਦਾ । ਆਦਿ ਜੁਗਾਦਿ ਰੱਖੇ ਲਾਜ, ਜਨ ਭਗਤਾਂ ਪੈਜ ਰਖਾਇੰਦਾ । ਆਦਿ ਜੁਗਾਦਿ ਮਾਰੇ ਆਵਾਜ਼, ਗੁਰਮੁਖ ਸੋਏ ਆਪ ਉਠਾਇੰਦਾ । ਆਦਿ ਜੁਗਾਦਿ ਜੁਗ ਜੁਗ ਰਚ ਰਚ ਕਾਜ, ਲੱਖ ਚੁਰਾਸੀ ਨਾਤਾ ਜੋੜ ਜੋੜਾਇੰਦਾ । ਆਦਿ ਜੁਗਾਦਿ ਜੁਗ ਜੁਗ ਚਲਾਵਣਹਾਰਾ ਨਾਮ ਜਹਾਜ਼, ਸਮੁੰਦ ਸਾਗਰ ਫੋਲ ਫੋਲਾਇੰਦਾ । ਆਦਿ ਜੁਗਾਦਿ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਹੱਥ ਰੱਖੇ ਵਾਗ, ਚਾਰੋਂ ਕੁੰਟ ਆਪ ਭੁਆਇੰਦਾ । ਆਦਿ ਜੁਗਾਦਿ ਧੋਵਣਹਾਰਾ ਦਾਗ਼, ਦੁਰਮਤ ਮੈਲ ਧੁਆਇੰਦਾ । ਆਦਿ ਜੁਗਾਦਿ ਖੋਲ੍ਹਣਹਾਰਾ ਪਾਜ, ਕੂੜੀ ਕਿਰਿਆ ਪਰਦਾ ਲਾਹਿੰਦਾ । ਆਦਿ ਜੁਗਾਦਿ ਸ਼ਹਿਨਸ਼ਾਹ ਸ਼ਾਹੋ ਭੂਪ ਇਕ ਨਵਾਬ, ਲੱਖ ਚੁਰਾਸੀ ਰਈਅਤ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਜੁਗ ਕਾਤਬ ਬਣ ਬਣ ਲਿਖੇ ਕਿਤਾਬ, ਸ਼ਾਸਤਰ ਸਿਮਰਤ ਵੇਦ ਪੁਰਾਨ ਅੱਖਰ ਵੱਖਰ ਗੰਢ ਪੁਆਇੰਦਾ । ਆਦਿ ਜੁਗਾਦਿ ਜੁਗ ਜੁਗ ਲੇਖਾ ਜਾਣੇ ਪੁੰਨ ਸੁਆਬ, ਪਤਿਤ ਪਾਪੀ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਨਾਮ ਵਡਿਆਇੰਦਾ । ਆਦਿ ਜੁਗਾਦਿ ਹਰਿ ਨਾਉਂ ਅਪਾਰਾ, ਜੀਵ ਜੰਤ ਸ਼ਰਨਾਈਆ । ਹਰਿ ਕਾ ਨਾਉਂ ਸਚ ਵਪਾਰਾ, ਹਰਿ ਏਕਾ ਹੱਟ ਖੁਲ੍ਹਾਈਆ । ਹਰਿ ਕਾ ਨਾਉਂ ਜਗਤ ਅਧਾਰਾ, ਦੋ ਜਹਾਨਾਂ ਹੋਏ ਸਹਾਈਆ । ਹਰਿ ਕਾ ਨਾਉਂ ਹਰਿ ਪਿਆਰਾ, ਹਰਿਜਨ ਹਰਿ ਹਰਿ ਦਏ ਮਿਲਾਈਆ । ਹਰਿ ਕਾ ਨਾਉਂ ਸਚ ਵਿਹਾਰਾ, ਕੂੜੀ ਕਿਰਿਆ ਦਏ ਮਿਟਾਈਆ । ਹਰਿ ਕਾ ਨਾਉਂ ਕਰੇ ਪਰਕਾਸ਼ ਬਹੱਤਰ ਨਾੜਾ, ਨਾੜੀ ਨਾੜੀ ਫੋਲ ਫੋਲਾਈਆ । ਹਰਿ ਕਾ ਨਾਉਂ ਮੇਟੇ ਪੰਚਮ ਝੂਠੀ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਹਰਿ ਕਾ ਨਾਉਂ ਊਚ ਨੀਚ ਕਰੇ ਪਾਰ ਕਿਨਾਰਾ, ਜ਼ਾਤ ਪਾਤ ਨਾ ਕੋਇ ਜਣਾਈਆ । ਹਰਿ ਕਾ ਨਾਉਂ ਵਖਾਏ ਸਚ ਦਰਬਾਰਾ, ਮੰਦਰ ਮਸਜਿਦ ਬੈਠੇ ਸੀਸ ਝੁਕਾਈਆ । ਹਰਿ ਕਾ ਨਾਉਂ ਹਰਿਜਨ ਮੇਲੇ ਹਰਿ ਨਿਰੰਕਾਰਾ, ਮਿਲਿਆ ਮੇਲ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਨਾਉਂ ਕਰੇ ਪੜ੍ਹਾਈਆ । ਏਕਾ ਨਾਉਂ ਆਦਿ ਅੰਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਨਾਉਂ ਸਤਿਗੁਰ ਮੰਤ, ਮੰਤਰ ਕੋਟਨ ਰੂਪ ਵਖਾਇੰਦਾ । ਏਕਾ ਨਾਉਂ ਜੀਵ ਜੰਤ, ਜੀਵਣ ਜੁਗਤ ਜਗਤ ਜਣਾਇੰਦਾ । ਏਕਾ ਨਾਉਂ ਸਤਿਗੁਰ ਸੰਤ, ਸਤਿ ਸਤਿਵਾਦੀ ਆਪ ਵਰਤਾਇੰਦਾ । ਏਕਾ ਨਾਉਂ ਸਾਚਾ ਪੰਡਤ, ਆਤਮ ਬ੍ਰਹਮ ਗਿਆਨ ਦ੍ਰਿੜਾਇੰਦਾ । ਏਕਾ ਨਾਉਂ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਏਕਾ ਨਾਉਂ ਵਸੇ ਜੇਰਜ ਅੰਡਤ, ਉਤਭੁਜ ਸੇਤਜ ਡੇਰਾ ਲਾਇੰਦਾ । ਏਕਾ ਨਾਉਂ ਸ੍ਰਿਸ਼ਟ ਸਬਾਈ ਮੰਗਤ, ਇਛਿਆ ਸਾਚੀ ਝੋਲੀ ਪਾਇੰਦਾ । ਏਕਾ

ਨਾਉਂ ਨਾਤਾ ਕੱਟੇ ਭੁੱਖ ਨੰਗਤ, ਭੁੱਖਿਆਂ ਨੰਗਿਆਂ ਗਲੇ ਲਗਾਇੰਦਾ । ਏਕਾ ਨਾਉਂ ਮਿਲਾਏ ਸਾਚੀ ਸੰਗਤ, ਸੰਗਤ ਹਰਿ ਕਾ ਰੂਪ ਜਣਾਇੰਦਾ । ਏਕਾ ਨਾਉਂ ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਵਖਾਏ ਸਾਚਾ ਜੰਨਤ, ਦਰਗਹਿ ਸਾਚੀ ਮੇਲ ਮਿਲਾਇੰਦਾ । ਏਕਾ ਨਾਉਂ ਸੋਹੰ ਸੋ, ਹਰਿ ਆਦਿ ਅੰਤ ਦ੍ਰਿੜਾਈਆ । ਜੁਗਾ ਜੁਗੰਤਰ ਬੀਜ ਬੋ, ਲੱਖ ਚੁਰਾਸੀ ਮਾਤ ਮਹਿਕਾਈਆ । ਗੁਰ ਅਵਤਾਰਾਂ ਢੋਆ ਢੋ, ਦੇਵਣਹਾਰਾ ਮਾਤ ਵਡਿਆਈਆ । ਕਰ ਪਰਕਾਸ਼ ਨਿਰਗੁਣ ਲੋ, ਨੂਰੋ ਨੂਰ ਨੂਰ ਰੁਸ਼ਨਾਈਆ । ਦੁਰਮਤ ਮੈਲ ਦੇਵੇ ਧੋ, ਪਤਿਤ ਪੁਨੀਤ ਕਰਾਈਆ । ਸ੍ਰਿਸ਼ਟ ਸਬਾਈ ਨਾਲੋਂ ਕਰੇ ਨਿਰਮੋਹ, ਮੋਹ ਆਪਣਾ ਇਕ ਵਧਾਈਆ । ਸੁਰਤ ਸੁਆਣੀ ਸ਼ਬਦੀ ਕੰਤ ਨਾਲ ਜਾਏ ਛੋਹ, ਸ਼ੌਹ ਮਿਲੇ ਸੱਚਾ ਮਾਹੀਆ । ਆਪਣੇ ਜਿਹਾ ਆਪੇ ਹੋ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਦਾ ਸਮਝਾਈਆ । ਏਕਾ ਨਾਮ ਸੋਹੰ ਰੰਗ, ਰੰਗ ਰੰਗੀਲਾ ਆਪ ਜਣਾਇੰਦਾ । ਏਕਾ ਸੇਜ ਇਕ ਪਲੰਘ, ਪੁਰਖ ਅਬਿਨਾਸ਼ੀ ਇਕ ਹੰਢਾਇੰਦਾ । ਏਕਾ ਨਾਦ ਇਕ ਮਰਦੰਗ, ਧੁੰਨ ਏਕਾ ਰਾਗ ਸੁਣਾਇੰਦਾ । ਏਕਾ ਮੰਗਲ ਇਕ ਅਨੰਦ, ਗੀਤ ਗੋਬਿੰਦ ਇਕ ਅਲਾਇੰਦਾ । ਏਕਾ ਸੋਹਲਾ ਏਕਾ ਛੰਦ, ਏਕਾ ਬੰਦੀ ਬੰਦ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਨਾਉਂ ਆਪ ਜਣਾਏ ਹਰ ਘਟ ਥਾਉਂ, ਘਟ ਘਟ ਆਪਣਾ ਨਾਉਂ ਵਸਾਇੰਦਾ । ਘਟ ਘਟ ਵਸੇ ਨਾਮ ਨਿਧਾਨਾ, ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਛੱਤੀ ਰਾਗ ਗਾਇਨ ਤਰਾਨਾ, ਰਸਨਾ ਜਿਹਵਾ ਨਾਲ ਸਲਾਹੀਆ । ਮਿਲਿਆ ਹਰਿ ਨਾ ਸ੍ਰੀ ਭਗਵਾਨਾ, ਭਗਵਨ ਮੇਲ ਨਾ ਕੋਇ ਮਿਲਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਆਤਮ ਪਰਮਾਤਮ ਮੇਲ ਮਿਲਾਏ ਵਿਚ ਜਹਾਨਾ, ਜਹਿ ਦੇਖਾਂ ਨਜ਼ਰੀ ਆਈਆ । ਪੂਜਾ ਪਾਠ ਨਾ ਕੋਇ ਵਖਾਨਾ, ਜੋਗ ਅਭਿਆਸ ਨਾ ਕੋਇ ਕਰਾਈਆ । ਜਿਸ ਜਨ ਉਪਰ ਹੋਏ ਆਪ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਬੰਦ ਕਿਵਾੜੀ ਖੋਲ੍ਹੇ ਬਜਰ ਕਪਾਟੀ ਤੋੜੇ ਕਾਇਆ ਵਿਚ ਮਕਾਨਾ, ਮਹਿਫਲ ਆਪਣੀ ਇਕ ਵਖਾਈਆ । ਅਨੰਦ ਅਨੰਦ ਮੰਗਲ ਇਕ ਤਰਾਨਾ, ਤੁਰੀਆ ਰਾਗ ਅਨਾਦ ਸੁਣਾਈਆ । ਤਖ਼ਤ ਨਿਵਾਸੀ ਸ੍ਰੀ ਭਗਵਾਨਾ, ਸ਼ਾਹੋ ਸ਼ਾਬਾਸ਼ੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਵੱਜੇ ਵਧਾਈਆ । ਹਰਿ ਕਾ ਨਾਉਂ ਸਚ ਵਧਾਈ, ਵਾਹਵਾ ਸਤਿਗੁਰ ਆਪ ਵਜਾਇੰਦਾ । ਸੋ ਪੁਰਖ ਨਿਰੰਜਣ ਕਰੇ ਕੁੜਮਾਈ, ਹੰ ਬ੍ਰਹਮ ਆਪ ਪਰਣਾਇੰਦਾ । ਏਕਾ ਘਰ ਧੀ ਜੁਆਈ, ਸੌਹਰੇ ਪੇਈਏ ਏਕਾ ਦਰ ਵਖਾਇੰਦਾ । ਏਕਾ ਸੇਜਾ ਸੁੱਤਾ ਗੁਸਾਈਂ, ਦੂਸਰ ਨਜ਼ਰ ਕੋਇ ਨਾ ਆਇੰਦਾ । ਏਕਾ ਮੇਲਾ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਨਿਰਗੁਣ ਸਰਗੁਣ ਪਕੜੇ ਬਾਹੀਂ, ਜਗਤ ਨੇਤਰ ਨਜ਼ਰ ਨਾ ਆਇੰਦਾ । ਭਗਤ ਮਿਲਾਵਾ ਅਗੰਮ ਅਥਾਹੀਂ, ਅਲੱਖ ਅਗੋਚਰ ਆਪਣੀ ਕਾਰ ਕਰਾਇੰਦਾ । ਦੇਵਣਹਾਰਾ ਠੰਡੀ ਛਾਈਂ, ਛਹਿਬਰ ਆਪਣੇ ਨਾਉਂ ਲਗਾਇੰਦਾ । ਕਲਜੁਗ ਅੰਤਮ ਵੇਖੇ ਥਾਉਂ ਥਾਈਂ, ਥਾਨ ਥਨੰਤਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕ ਨਾਮ, ਜਨ ਭਗਤ ਪਿਆਏ ਸਾਚਾ ਜਾਮ, ਅੰਮ੍ਰਿਤ ਰਸ ਇਕ ਵਖਾਇੰਦਾ । ਅੰਮ੍ਰਿਤ ਰਸ ਭਗਤ ਭਗਵਾਨ, ਏਕਾ ਏਕ ਜਣਾਈਆ । ਕਲਜੁਗ ਅੰਤਮ ਕਰ ਪਰਵਾਨ, ਪਰਮ ਪੁਰਖ


੭੭੮
੧੨

ਹੋਏ ਸਹਾਈਆ । ਕਾਇਆ ਮੰਦਰ ਵੇਖ ਮਕਾਨ, ਡੂੰਘੀ ਕੰਦਰ ਆਸਣ ਲਾਈਆ । ਸਚ ਸੰਦੇਸਾ ਦੇਵੇ ਆਣ, ਹੰ ਬ੍ਰਹਮ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਨੌਜਵਾਨ, ਜਨਮ ਮਰਨ ਵਿਚ ਨਾ ਆਈਆ । ਸਚਖੰਡ ਨਿਵਾਸੀ ਸਾਚਾ ਕਾਹਨ, ਗੁਰਮੁਖ ਗੋਪੀ ਮੇਲ ਮਿਲਾਈਆ । ਏਕਾ ਨਾਮ ਕਰੇ ਪਰਨਾਮ, ਨਾਉਂ ਨਿਰੰਕਾਰਾ ਸੀਸ ਝੁਕਾਈਆ । ਸੋਹੰ ਸ਼ਬਦ ਸਾਚਾ ਦਾਨ, ਲੱਖ ਚੁਰਾਸੀ ਆਪ ਵਰਤਾਈਆ । ਕਲਜੁਗ ਭੁੱਲੇ ਜੀਵ ਨਾਦਾਨ, ਗੁਣ ਨਿਧਾਨ ਨਜ਼ਰ ਨਾ ਆਈਆ । ਮਗਰ ਲੱਗਾ ਜਗਤ ਸ਼ੈਤਾਨ, ਪੱਲੂ ਸਕੇ ਨਾ ਕੋਇ ਛੁਡਾਈਆ । ਮਨ ਮਨੂਆਂ ਹੋਇਆ ਬਲਵਾਨ, ਬਲ ਆਪਣਾ ਇਕ ਰਖਾਈਆ । ਗੁਰਮਤ ਨਾ ਮਿਲੇ ਨਿਸ਼ਾਨ, ਮਨਮਤ ਹੋਈ ਹਲਕਾਈਆ । ਸ੍ਰਿਸ਼ਟ ਸਬਾਈ ਭੁੱਲਿਆ ਇਕ ਭਗਵਾਨ, ਭੁਲਿਆਂ ਮਾਰਗ ਦੇਵੇ ਲਾਈਆ । ਸਤਿਜੁਗ ਸਾਚਾ ਬਣਾਏ ਇਕ ਵਿਧਾਨ, ਨੌਂ ਖੰਡ ਪ੍ਰਿਥਮੀ ਹੁਕਮ ਸੁਣਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਖ਼ਾਕ ਸਰਬ ਮਿਲ ਜਾਣ, ਸੀਸ ਤਾਜ ਨਾ ਕੋਇ ਟਿਕਾਈਆ । ਦੀਨ ਮਜ਼੍ਹਬ ਹੋਣ ਵੈਰਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਉਮਤ ਉਮਤੀ ਦਿਸੇ ਇਕ ਇਸਲਾਮ, ਇਸਮ ਆਪਣਾ ਇਕ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਜ਼ਰੀ ਆਏ ਸ੍ਰੀ ਭਗਵਾਨ, ਭਗਵਨ ਆਪਣਾ ਨੂਰ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਸਾਰੇ ਕਰਨ ਸਲਾਮ, ਨਮੋ ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਣਾਏ ਸਾਚਾ ਘਰ, ਘਰ ਸਾਚੇ ਵਸੇ ਮਾਹੀਆ । ਸਾਚਾ ਘਰ ਸਚਖੰਡ ਨਿਵਾਸਾ, ਹਰਿ ਸਾਚਾ ਸਚ ਜਣਾਇੰਦਾ । ਭਗਤ ਭਗਵਾਨ ਦੇ ਭਰਵਾਸਾ, ਲੋਕਮਾਤ ਪੰਧ ਮੁਕਾਇੰਦਾ । ਕਲਜੁਗ ਅੰਤਮ ਪੂਰੀ ਕਰੇ ਆਸਾ, ਸਾਤਾ ਦੂਆ ਜੋੜ ਜੁੜਾਇੰਦਾ । ਬਹੱਤਰ ਨੂਰ ਇਕ ਪਰਕਾਸ਼ਾ, ਸਾਤਾ ਸਿਫ਼ਰਾ ਪਰਦਾ ਲਾਹਿੰਦਾ । ਸੱਤ ਸਰੂਪੀ ਸ਼ਾਹੋ ਸ਼ਾਬਾਸ਼ਾ, ਸੱਤਰ ਆਪਣਾ ਅੰਕ ਰਖਾਇੰਦਾ । ਸੱਤ ਚਾਰ ਕਰ ਨਿਵਾਸਾ, ਦੋ ਜਹਾਨ ਵੇਖ ਵਖਾਇੰਦਾ । ਲਹਿਣਾ ਦੇਣ ਪ੍ਰਿਥਮੀ ਅਕਾਸ਼ਾ, ਪ੍ਰਿਥਮ ਆਪਣਾ ਮੂਲ ਮੁਕਾਇੰਦਾ । ਚੌਹੱਤਰਾਂ ਬਣ ਬਣ ਦਾਸੀ ਦਾਸਾ, ਹਰਿ ਜੂ ਸੇਵਾ ਸੇਵ ਕਮਾਇੰਦਾ । ਸੋਹੰ ਸ਼ਬਦ ਕਰ ਪਰਕਾਸ਼ਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਤਿਜੁਗ ਸਤਿ ਸਤਿਵਾਦੀ ਖੋਲ੍ਹੇ ਆਪਣਾ ਆਪ ਖੁਲਾਸਾ, ਸਚਖੰਡ ਬੈਠਾ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਖ ਵੇਖ ਕਰੇ ਹਾਸਾ, ਆਪਣੀ ਕੀਤੀ ਅੰਤ ਆਪ ਉਲਟਾਇੰਦਾ । ਜੁਗ ਚੌਕੜੀ ਵੇਹਿੰਦਾ ਰਿਹਾ ਤਮਾਸ਼ਾ, ਰਜੋ ਤਮੋ ਸਤੋ ਨਾਚ ਨਚਾਇੰਦਾ । ਕਲਜੁਗ ਅੰਤਮ ਪਰਗਟ ਹੋ ਪੁਰਖ ਅਬਿਨਾਸ਼ਾ, ਅਬਿਨਾਸ਼ੀ ਰਾਹ ਚਲਾਇੰਦਾ । ਏਕਾ ਨਾਉਂ ਏਕਾ ਗੁਰ ਇਕ ਇਸ਼ਟ ਦੇਵ ਭਰਵਾਸਾ, ਪੁਰਖ ਅਕਾਲ ਇਕ ਅਖਵਾਇੰਦਾ । ਏਕਾ ਪਰਵਰਦਿਗਾਰ ਵਸੇ ਸਾਥਾ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਏਕਾ ਮੇਲਾ ਤ੍ਰਿਲੋਕੀ ਨਾਥਾ, ਤ੍ਰੈ ਤ੍ਰੈ ਬੰਧਨ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਗਿਆਨ, ਮਨ ਮਤ ਬੁਧ ਬਲ ਨਾ ਕੋਇ ਰਖਾਇੰਦਾ ।


੭੭੯
੧੨

## ✳ ੨੦ ਭਾਦਰੋਂ ੨੦੧੯ ਬਿਕ੍ਰਮੀ ਭਾਨ ਸਿੰਘ ਦੇ ਗ੍ਰਿਹ ਪੰਜ ਗਰਾਈਂ ਜ਼ਿਲਾ ਫਿਰੋਜ਼ਪੁਰ ✳

ਆਦਿ ਜੁਗਾਦੀ ਨਵਾਂ ਖਿਆਲ, ਹਰਿ ਸਤਿਗੁਰ ਆਪ ਕਰਾਇੰਦਾ । ਨਿਤ ਨਵਿਤ ਬਣ ਦਲਾਲ, ਜੁਗ ਜੁਗ ਸੇਵ ਕਮਾਇੰਦਾ । ਜੁਗਾ ਜੁਗੰਤਰ ਅਵੱਲੜੀ ਚਾਲ, ਨਿਰਗੁਣ ਸਰਗੁਣ ਆਪ ਵਖਾਇੰਦਾ । ਕਲਜੁਗ ਅੰਤਮ ਖੇਲ ਕਮਾਲ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਨੌਂ ਖੰਡ ਪ੍ਰਿਥਮੀ ਸਭ ਦੇ ਸਿਰ ਤੇ ਕੂਕੇ ਕਾਲ, ਡੰਕ ਨਗਾਰਾ ਇਕ ਵਜਾਇੰਦਾ । ਸੁਰਤ ਸਵਾਣੀ ਹੋਏ ਬੇਹਾਲ, ਸ਼ਬਦੀ ਗੁਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਜਣਾਇੰਦਾ । ਅਗਲਾ ਲੇਖਾ ਸ੍ਰੀ ਭਗਵਾਨ, ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਹੋ ਪਰਧਾਨ, ਕਰੇ ਖੇਲ ਬੇਪਰਵਾਹੀਆ । ਚੌਥੇ ਜੁਗ ਵੇਖ ਨਿਸ਼ਾਨ, ਸਚ ਨਿਸ਼ਾਨਾ ਲਏ ਪਰਗਟਾਈਆ । ਸ੍ਰਿਸ਼ਟ ਸਬਾਈ ਬੇਈਮਾਨ, ਸਚ ਸੁੱਚ ਨਾ ਕੋਇ ਕੁੜਮਾਈਆ । ਆਤਮ ਪਰਮਾਤਮ ਨਾ ਕੋਇ ਗਿਆਨ, ਰਸਨਾ ਜਿਹਵਾ ਹੋਈ ਹਲਕਾਈਆ । ਪਾਰਬ੍ਰਹਮ ਬ੍ਰਹਮ ਸਕੇ ਨਾ ਕੋਇ ਪਛਾਣ, ਪਰਦਾ ਦੂਈ ਨਾ ਕੋਇ ਉਠਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਸਾਧ ਸੰਤ ਧੀਆਂ ਭੈਣਾਂ ਨੈਣ ਤਕਾਣ, ਵਿਭਚਾਰ ਹੋਏ ਸਰਬ ਲੋਕਾਈਆ । ਅਠਸਠ ਤੀਰਥ ਨਾ ਕੋਇ ਅਸ਼ਨਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੁਰਮਤ ਮੈਲ ਨਾ ਕੋਇ ਧੁਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਸਤਿ ਸਰੂਪ ਨਜ਼ਰ ਨਾ ਆਏ ਕਿਸੇ ਭਗਵਾਨ, ਭਗਵਨ ਆਪਣਾ ਰੂਪ ਨਾ ਕੋਇ ਦਰਸਾਈਆ । ਗੁਰੂਦਵਾਰੇ ਖੇਲੇ ਖੇਲ ਨਾ ਗੁਣ ਨਿਧਾਨ, ਗੁਣ ਆਪਣਾ ਨਾ ਕਿਸੇ ਜਣਾਈਆ । ਮਨਮਤ ਹੋਈ ਪਰਧਾਨ, ਗੁਰਮਤ ਭੁੱਲੀ ਸਰਬ ਲੋਕਾਈਆ । ਗੁਰ ਕਾ ਸ਼ਬਦ ਨਾ ਕੋਈ ਗਿਆਨ, ਗੋਝ ਗਿਆਨ ਨਾ ਕੋਇ ਸਮਝਾਈਆ । ਅਗਲਾ ਕਰੇ ਨਾ ਕੋਇ ਧਿਆਨ, ਪਿਛਲਾ ਪੜ੍ਹ ਪੜ੍ਹ ਗਏ ਭੁਲਾਈਆ । ਵੇਖਣਹਾਰਾ ਦੋ ਜਹਾਨ, ਨਿਰਗੁਣ ਦਾਤਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਜੁਗ ਖੇਲੇ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਅਖਵਾਈਆ । ਲੇਖਾ ਜਾਣੇ ਵੇਦ ਪੁਰਾਨ, ਸ਼ਾਸਤਰ ਸਿਮਰਤ ਕਰ ਪੜ੍ਹਾਈਆ । ਗੀਤਾ ਗਿਆਨ ਖੇਲ ਮਹਾਨ, ਅਠ ਦਸ ਕਰੇ ਕੁੜਮਾਈਆ । ਅੰਜੀਲ ਕੁਰਾਨ ਬੇਮਿਸਾਲ, ਮਸਲਾ ਆਪਣਾ ਇਕ ਸਮਝਾਈਆ । ਪੀਰ ਪੈਗੰਬਰ ਮੁਰੀਦ ਮੁਰਸ਼ਦ ਖੇਲੇ ਖੇਲ ਪਰਵਰਦਿਗਾਰ ਮਿਹਰਵਾਨ, ਮਿਹਬਾਨ ਬੀਦੋ ਆਪਣਾ ਰੰਗ ਰੰਗਾਈਆ । ਗੁਰ ਗੁਰ ਨੂਰ ਨੂਰ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਏਕਾ ਨੂਰ ਧਰਾਈਆ । ਲੱਖ ਚੁਰਾਸੀ ਘਰ ਮਕਾਨ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਅਨਹਦ ਨਾਦ ਸੱਚੀ ਧੁੰਨਕਾਨ, ਧੁੰਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਇਕ ਸਮਝਾਈਆ । ਦੀਪਕ ਜੋਤੀ ਜੋਤ ਮਹਾਨ, ਜੋਤ ਨਿਰੰਜਣ ਡਗਮਗਾਈਆ । ਸਰਬ ਜੀਆਂ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਦਰਸਾਈਆ । ਸਰਬ ਜੀਆਂ ਇਕ ਮਕਾਨ, ਸਚਖੰਡ ਦਵਾਰੇ ਦਏ ਜਣਾਈਆ । ਸਰਬ ਜੀਆਂ ਇਕੋ ਦਾਨ, ਹਰਿ ਆਪਣਾ ਨਾਉਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਅਗਲਾ ਲੇਖਾ ਵੇਖਣਹਾਰਾ, ਏਕੰਕਾਰ ਆਪ ਅਖਵਾਇੰਦਾ । ਗੁਰ ਅਵਤਾਰਾਂ ਦੇ ਸਹਾਰਾ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਸ਼ਬਦ ਅਨਾਦੀ ਬੋਲ ਜੈਕਾਰਾ, ਜੈ ਜੈਕਾਰ ਏਕਾ ਨਾਉਂ ਸੁਣਾਇੰਦਾ । ਅੱਖਰ ਵੱਖਰ ਕਰ ਤਿਆਰਾ, ਤ੍ਰੈਗੁਣ

ਅਤੀਤਾ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਵਿਚ ਛੁਪਾਇੰਦਾ । ਅਗਲਾ ਲੇਖਾ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਮਿਟੇ ਨਿਸ਼ਾਨ, ਕਲਜੁਗ ਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਲਿਖ ਲਿਖ ਦੇ ਦੇ ਗਏ ਬਿਆਨ, ਸ੍ਰਿਸ਼ਟ ਸਬਾਈ ਜਗਤ ਸੁਣਾਈਆ । ਨਵ ਨੌਂ ਚਾਰ ਹੋਏ ਵੈਰਾਨ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤ ਖੇਲ ਮਹਾਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਪਰਗਟ ਹੋਵੇ ਨੌਂ ਜਵਾਨ, ਨੌਂ ਦਰ ਖੋਜੇ ਚਾਈਂ ਚਾਈਆ । ਮੰਦਰ ਵਸੇ ਸਚ ਮਕਾਨ, ਸਚ ਮਹੱਲਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਪਿਛਲੀ ਯਾਦ ਦਏ ਸਮਝਾਈਆ । ਪਿਛਲੀ ਯਾਦ ਗੁਰ ਅਵਤਾਰ, ਵੇਦ ਵਿਆਸਾ ਕਰੇ ਲਿਖਾਈਆ । ਵਾਹਵਾ ਕੁਦਰਤ ਤੇਰੀ ਯਾਰ, ਤੇਰਾ ਅੰਤ ਕੋਇ ਨਾ ਪਾਈਆ । ਈਸਾ ਮੰਗੇ ਇਕ ਭਿਖਾਰ, ਖਾਲੀ ਝੋਲੀ ਅੱਗੇ ਡਾਹੀਆ । ਤੂੰ ਦਾਤਾ ਪਰਵਰਦਿਗਾਰ, ਬੇਐਬ ਤੇਰੀ ਵਡਿਆਈਆ । ਮੁਕਾਮੇ ਹੱਕ ਖੇਲ ਨਿਆਰ, ਜਲਵਾ ਨੂਰ ਨੂਰ ਰੁਸ਼ਨਾਈਆ । ਹਉਂ ਬਾਲਕ ਬਾਲ ਅਵਾਣ, ਤੂੰ ਪਿਤਾ ਸਹਿਜ ਸੁਖਦਾਈਆ । ਸਚ ਸੰਦੇਸਾ ਦੇਣਾ ਵਿਚ ਜਹਾਨ ਇਕੋ ਮੰਗ ਮੰਗਾਈਆ । ਕਵਣ ਵੇਲਾ ਅੰਤਮ ਮੇਲਾ ਮੇਲ ਮਿਲਾਏ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਯਾਦ ਰਿਹਾ ਸਮਝਾਈਆ । ਪਿਛਲੀ ਯਾਦ ਮੁਹੰਮਦ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਜਗਤ ਸਯਦਾ ਜਗਤ ਮਸੀਤ, ਮਸੱਲਾ ਹੱਕ ਹੱਕ ਪੜ੍ਹਾਇੰਦਾ । ਪਾਰਬ੍ਰਹਮ ਪ੍ਰਭ ਬੈਠਾ ਰਹੇ ਸਦ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਜੁਗ ਚੌਕੜੀ ਲਏ ਜੀਤ, ਹਾਰ ਜਿਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਜਾਏ ਜੀਤ, ਏਕਾ ਚੌਕਾ ਬੰਧਨ ਪਾਇੰਦਾ । ਚੌਦਾਂ ਤਬਕ ਸੁਣਾਏ ਗੀਤ, ਸਾਚਾ ਢੋਲਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਅੱਗੇ ਘਰ ਵਖਾਇੰਦਾ । ਪੂਰਬ ਲੇਖਾ ਏਕਾ ਮੰਗ, ਹਰਿ ਸਾਚਾ ਸਚ ਜਣਾਈਆ । ਏਕਾ ਸੇਜਾ ਇਕ ਪਲੰਘ, ਏਕਾ ਡੇਰਾ ਲਾਈਆ । ਏਕਾ ਨਾਮ ਇਕ ਮਰਦੰਗ, ਏਕਾ ਨਾਦ ਸੁਣਾਈਆ । ਏਕਾ ਸੂਰਬੀਰ ਸਰਬੰਗ, ਸ਼ਹਿਨਸ਼ਾਹ ਇਕ ਅਖਵਾਈਆ । ਏਕਾ ਗੀਤ ਸੁਹਾਗੀ ਛੰਦ, ਨਾਨਕ ਗੋਬਿੰਦ ਢੋਲਾ ਗਾਈਆ । ਏਕਾ ਮੰਗੇ ਸਾਚੀ ਮੰਗ, ਪ੍ਰਭ ਅੱਗੇ ਢਹਿ ਸਰਨਾਈਆ । ਆਦਿ ਜੁਗਾਦਿ ਤੇਰਾ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਚੰਦ ਚਾਂਦਨੀ ਮੁਖ ਸ਼ਰਮਾਈਆ । ਆਤਮ ਪਰਮਾਤਮ ਪਾਉਣੀ ਗੰਢ, ਨਾ ਕੋਇ ਤੋੜੇ ਤੋੜ ਤੁੜਾਈਆ । ਏਥੇ ਓਥੇ ਸਾਚੀ ਠੰਡ, ਅਗਨੀ ਤਤ ਨਾ ਕੋਇ ਜਣਾਈਆ । ਕਰ ਕਿਰਪਾ ਦੇਣੀ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦਏ ਜਣਾਈਆ । ਪਿਛਲਾ ਲੇਖਾ ਨਾਨਕ ਨਿਰੰਕਾਰ, ਨਿਰਗੁਣ ਵੇਖ ਵਖਾਇੰਦਾ । ਸਚ ਸੰਦੇਸਾ ਦੇਵੇ ਆਪਣੀ ਵਾਰ, ਧਾਰ ਧਾਰ ਵਿਚੋਂ ਪਰਗਟਾਇੰਦਾ । ਕਲਜੁਗ ਅੰਤਮ ਮਹਾਬਲੀ ਆਵੇ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਨਿਹਕਲੰਕਾ ਨਾਉਂ ਉਚਾਰ, ਮਾਤ ਪਿਤ ਨਾ ਕੋਇ ਬਣਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਦੋ ਜਹਾਨਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਦੇਵਤ ਸੁਰ ਆਲਸ ਨਿੰਦਰਾ ਲਾਹਿੰਦਾ । ਗੋਬਿੰਦ ਬੋਲ ਸਚ ਜੈਕਾਰ, ਜੈ ਜੈਕਾਰਾ ਏਕਾ ਨਾਉਂ ਅਲਾਇੰਦਾ । ਆਤਮ ਸੇਜਾ ਕਰ ਪਿਆਰ, ਸੇਜ ਸੁਹੰਜਣੀ ਆਪ ਹੰਢਾਇੰਦਾ । ਸਚ ਸੰਦੇਸਾ ਦੇਵੇ


੭੯੧
੧੨

ਵਿਚ ਸੰਸਾਰ, ਸਦਾ ਏਕਾ ਨਾਮ ਵਖਾਇੰਦਾ । ਕਲ ਕਲਕੀ ਲਏ ਅਵਤਾਰ, ਕਲਜੁਗ ਕਲੇਸ਼ ਮਿਟਾਇੰਦਾ । ਸੰਬਲ ਵਸੇ ਧਾਮ ਨਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਰੂਪ ਰੰਗ ਨਾ ਕੋਇ ਵਿਚਾਰ, ਰੇਖ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲੀ ਜਾਣੇ ਸਾਰੀ ਗੱਲ, ਕਰੇ ਖੇਲ ਅਛਲ ਅਛੱਲ, ਵਲ ਛਲਧਾਰੀ ਵਡ ਬਲਕਾਰੀ ਜੋਤ ਨਿਰੰਕਾਰੀ ਨਿਰਗੁਣ ਅਗਲਾ ਰਾਹ ਆਪ ਜਣਾਇੰਦਾ । ਅਗਲਾ ਰਾਹ ਆਏ ਜਗ, ਜਗ ਜੀਵਣ ਦਾਤਾ ਆਪ ਜਣਾਈਆ । ਵਰਨ ਬਰਨ ਜ਼ਾਤ ਪਾਤ ਸ੍ਰਿਸ਼ਟ ਦ੍ਰਿਸ਼ਟ ਅੰਤ ਲੱਗੀ ਅੱਗ, ਲੱਗੀ ਅਗਨ ਨਾ ਕੋਇ ਬੁਝਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮਾਇਆ ਮਮਤਾ ਭੱਠੀ ਰਹੀ ਤਪ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਆਤਮ ਪਰਮਾਤਮ ਈਸ਼ ਜੀਵ ਲੱਖ ਚੁਰਾਸੀ ਭੁੱਲਿਆ ਜਪ, ਜਪਤ ਜਪਤ ਸੁਖ ਕੋਇ ਨਾ ਪਾਇੰਦਾ । ਜਗਤ ਵਾਸਨਾ ਨੌਂ ਦਵਾਰ ਮਨਮਤ ਦੁਹਾਗਣ ਰਹੀ ਨੱਠ, ਹਰਿ ਕੰਤ ਨਾ ਕੋਇ ਹੰਢਾਇੰਦਾ । ਫਿਰੀ ਦਰੋਹੀ ਅਠਸਠ, ਸਰ ਸਰੋਵਰ ਨਜ਼ਰ ਕੋਇ ਨਾ ਆਇੰਦਾ । ਜਗਤ ਵਾਸਨਾ ਜਗਤ ਜਗਿਆਸੂ ਗਈ ਚੱਟ, ਚੇਤਨ ਰੂਪ ਨਾ ਕੋਇ ਰਖਾਇੰਦਾ । ਕਾਇਆ ਖੇੜਾ ਹੋਇਆ ਭੱਠ, ਕਲਜੁਗ ਭਠਿਆਲਾ ਅਗਨੀ ਹੇਠਾਂ ਡਾਹਿੰਦਾ । ਮਿਲਿਆ ਮੇਲ ਨਾ ਪੁਰਖ ਸਮਰਥ, ਸਮਰਥ ਨਜ਼ਰ ਕਿਸੇ ਨਾ ਆਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਪੜ੍ਹ ਪੜ੍ਹ ਰਹੇ ਦੱਸ, ਦਹਿ ਦਿਸ਼ਾ ਨੈਣ ਨਾ ਕੋਇ ਖੁਲ੍ਹਾਇੰਦਾ । ਰਸਨਾ ਜਿਹਵਾ ਬੱਤੀ ਦੰਦ ਗੁਰ ਗੁਰ ਕਥਾ ਗਾਇਨ ਜਸ, ਜਸ ਆਪਣਾ ਗੁਰੂ ਨਾ ਕਿਸੇ ਜਣਾਇੰਦਾ । ਚਾਰੋਂ ਕੁੰਟ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਮਾਇਆ ਮਮਤਾ ਅੰਦਰ ਕਲਜੁਗ ਜੀਵ ਗਏ ਫਸ, ਫਾਸੀ ਜਮ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੀ ਕਿਰਿਆ ਵੇਖ ਵਖਾਇੰਦਾ । ਅਗਲੀ ਕਿਰਿਆ ਲੱਗਾ ਦੁੱਖ, ਦੁਖੀ ਦੁੱਖ ਨਾ ਕੋਇ ਮਿਟਾਈਆ । ਸ਼ਾਹ ਸੁਲਤਾਨਾਂ ਲੱਗੀ ਭੁੱਖ, ਭੁਖਿਆਂ ਭੁੱਖ ਨਾ ਕੋਇ ਗੁਆਈਆ । ਗ਼ਰੀਬ ਨਿਮਾਣਿਆਂ ਨਾ ਸਕੇ ਕੋਈ ਪੁਛ, ਘਰ ਘਰ ਬੈਠੇ ਰੋਵਣ ਮਾਰਨ ਧਾਈਆ । ਗੁਰਮੁਖ ਬੂਟਾ ਰਿਹਾ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਜਨਨੀ ਸਾਬਤ ਦਿਸੇ ਨਾ ਕੋਈ ਕੁੱਖ, ਧੰਨ ਜਣੇਂਦੀ ਬਣੇ ਨਾ ਮਾਈਆ । ਗੁਰਮੁਖ ਨਜ਼ਰ ਨਾ ਆਏ ਕੋਈ ਪੁੱਤ, ਪਿਤਾ ਪੂਤ ਦਏ ਵਡਿਆਈਆ । ਨੌਂ ਖੰਡ ਪ੍ਰਿਥਮੀ ਨਾਤਾ ਹੋਇਆ ਜੂਠ ਝੂਠ, ਕੂੜੀ ਕਿਰਿਆ ਕਰੀ ਕੁੜਮਾਈਆ । ਬਾਹਰੋਂ ਦੇਵਣ ਸੰਤ ਸਾਧ ਆਪਣਾ ਸਬੂਤ, ਅੰਦਰ ਸਿਦਕ ਸਬੂਰੀ ਨਾ ਕੋਇ ਵਖਾਈਆ । ਪੰਜ ਤਤ ਮਾਟੀ ਕਾਇਆ ਪੋਚ ਕਲਬੂਤ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੀ ਦਿਸ਼ਾ ਰਿਹਾ ਵਖਾਈਆ । ਅਗਲੀ ਦਿਸ਼ਾ ਨੇਤਰ ਵੇਖੋ, ਵੇਖਣਹਾਰਾ ਹਰਿ ਵਖਾਇੰਦਾ । ਨੌਂ ਖੰਡ ਪ੍ਰਿਥਮੀ ਘਰ ਘਰ ਭੇਖੋ, ਭੇਖੀ ਆਪਣੀ ਬਲ ਜਣਾਇੰਦਾ । ਗੁਰ ਕਾ ਸ਼ਬਦ ਨਾ ਕੋਇ ਹੇਤੋ, ਹਿਤ ਨਾਰ ਭਤਾਰ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਕਰਨੀ ਵੇਖ ਵਖਾਇੰਦਾ । ਲੱਖ ਚੁਰਾਸੀ ਕਰਨੀ ਕੂੜ, ਕੂੜੀ ਕਿਰਿਆ ਜਗਤ ਕਮਾਈਆ । ਪੁਰਖ ਅਬਿਨਾਸ਼ੀ ਹੋਇਆ ਦੂਰ, ਹਿਰਦੇ ਹਰਿ ਨਾ ਕੋਇ ਵਸਾਈਆ । ਦਰ ਦਰ ਭਰਿਆ ਇਕ ਗਰੂਰ, ਗੁਰਬਤ ਦਿਵਸ ਰੈਣ ਲੜਾਈਆ । ਹਉਮੇ ਹੰਗਤਾ ਕਰਿਆ ਚੂਰ, ਤਨ ਖ਼ਾਕੀ ਖ਼ਾਕ ਮਿਲਾਈਆ । ਅੰਮ੍ਰਿਤ ਰਸ ਨਾ ਮਿਲਿਆ ਕਿਸੇ ਸਰੂਰ, ਸਾਂਤਕ ਸਤਿ ਨਾ ਕੋਇ ਕਰਾਈਆ । ਪੁੱਤ ਪਿਉਆਂ ਰਹੇ ਘੂਰ, ਨਾਤਾ ਤੁਟਾ ਧੀ ਜੁਆਈਆ । ਕਲਜੁਗ

੭੮੩ ੧੨

ਅੰਤਮ ਭਰਿਆ ਪੂਰ, ਕੰਢੇ ਨੇੜੇ ਡੇਰਾ ਲਾਈਆ । ਕੋਈ ਨਾ ਮੰਨੇ ਆਪਣਾ ਕਸੂਰ, ਕਸੂਰ ਗੁਰੂਆਂ ਪੀਰਾਂ ਉਤੇ ਰਹੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਵੇਖੇ ਥਾਉਂ ਥਾਈਂਆ । ਅਗਲਾ ਲੇਖਾ ਵੇਖਣਹਾਰਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਸ੍ਰਿਸ਼ਟ ਸਬਾਈ ਨਾਰ ਵਿਭਚਾਰਾ, ਹਰਿ ਜੂ ਕੰਤ ਨਾ ਕੋਇ ਹੰਢਾਇੰਦਾ । ਦੀਨ ਮਜ਼੍ਹਬ ਲੱਗਾ ਅਖਾੜਾ, ਜ਼ਾਤ ਪਾਤ ਨਾਚ ਨਚਾਇੰਦਾ । ਨਜ਼ਰ ਨਾ ਆਵੇ ਕੋਈ ਗੁਰ ਅਵਤਾਰਾ, ਪੀਰ ਪੈਗ਼ੰਬਰ ਮੁਖ ਨਾ ਕੋਇ ਵਖਾਇੰਦਾ । ਚਾਰ ਯਾਰੀ ਪਾਰ ਕਿਨਾਰਾ, ਯਾਰੀ ਯਾਰ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਆਪ ਦ੍ਰਿੜਾਇੰਦਾ । ਅਗਲਾ ਖੇਲ ਅਗੰਮ ਅਪਾਰਾ, ਹਰਿ ਸਤਿਗੁਰ ਆਪ ਜਣਾਈਆ । ਸ੍ਰਿਸ਼ਟ ਸਬਾਈ ਹੋਏ ਖੁਆਰਾ, ਚਾਰ ਵਰਨ ਧੀਰ ਨਾ ਕੋਇ ਧਰਾਈਆ । ਨੌਂ ਖੰਡ ਪ੍ਰਿਥਮੀ ਮਾਰੇ ਮਾਰਾ, ਦੀਪ ਸੱਤ ਦਏ ਸਜ਼ਾਈਆ । ਗੁਰਮੁਖ ਵਿਰਲਾ ਕਰੇ ਪਾਰ ਕਿਨਾਰਾ, ਸਚ ਕਿਨਾਰਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਲੇਖੇ ਵਿਚ ਮੁਕਾਈਆ । ਅਗਲਾ ਲੇਖਾ ਮੁੱਕਣ ਵਾਲਾ, ਹਰਿ ਮੌਕਾ ਵੇਖ ਵਖਾਇੰਦਾ । ਕਲਜੁਗ ਬੂਟਾ ਸੁੱਕਣ ਵਾਲਾ, ਪੱਤ ਡਾਲ੍ਹੀ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਰਾਏ ਧਰਮ ਆਪਣੀ ਗੋਦੀ ਚੁੱਕਣ ਵਾਲਾ, ਲਾੜੀ ਮੌਤ ਨਾਲ ਰਲਾਇੰਦਾ । ਜੂਠਾ ਝੂਠਾ ਪੈਂਡਾ ਮੁੱਕਣ ਵਾਲਾ, ਵੇਲਾ ਅੰਤਮ ਆਇੰਦਾ । ਪੁਰਖ ਅਬਿਨਾਸ਼ੀ ਸਿੰਘ ਸ਼ੇਰ ਦੋ ਜਹਾਨਾਂ ਬੁੱਕਣ ਵਾਲਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਮਨਮੁਖ ਜੀਵ ਲੁਕਣਹਾਰਾ, ਨੇਤਰ ਨੈਣ ਸ਼ਰਮਾਇੰਦਾ । ਸ਼ਬਦ ਗੁਰੂ ਗੁਰਦੇਵ ਇਕੋ ਉਠਣ ਵਾਲਾ, ਸਤਿਗੁਰ ਆਪਣਾ ਬਲ ਧਰਾਇੰਦਾ । ਮੰਦਰ ਮਸਜਿਦ ਗੁਰਦਵਾਰ ਸ਼ਿਵਦਵਾਲੇ ਮੱਠ ਤੀਰਥ ਅਠਸਠ ਪੁੱਛਣਹਾਰਾ, ਸਚ ਸੰਦੇਸਾ ਇਕ ਸੁਣਾਇੰਦਾ । ਲੱਖ ਚੁਰਾਸੀ ਖੁਸਣਹਾਰਾ, ਕੋਹ ਕੋਹ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਸਮਝਾਇੰਦਾ । ਅਗਲਾ ਲੇਖਾ ਰੱਖਣਾ ਯਾਦ, ਭੁੱਲ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਤਮਾਸ਼, ਜਗਤ ਤਮਾਸ਼ਾ ਵੇਖੇ ਚਾਈਂ ਚਾਈਂਆ । ਕੂੜੀ ਕਿਰਿਆ ਕਰੇ ਨਾਸ, ਸਚ ਸੁੱਚ ਲਏ ਪਰਗਟਾਈਆ । ਜਨ ਭਗਤਾਂ ਪੂਰੀ ਕਰੇ ਆਸ, ਬੀਸ ਬੀਸਾ ਖ਼ੁਸ਼ੀ ਮਨਾਈਆ । ਨਿਰਗੁਣ ਸਰਗੁਣ ਵਸੇ ਪਾਸ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਅਗਲਾ ਖੇਲ ਸ੍ਰੀ ਭਗਵਾਨਾ, ਬੀਸ ਬੀਸਾ ਆਪ ਕਰਾਇੰਦਾ । ਸੰਮਤ ਉਂਨੀ ਬੰਨ੍ਹੇ ਗਾਨਾ, ਕਲਜੁਗ ਸਗਨ ਮਨਾਇੰਦਾ । ਚਾਰੋਂ ਕੁੰਟ ਹੋਏ ਹੈਰਾਨਾ, ਹਰਿ ਜੂ ਕੀ ਕੀ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਆਪ ਕਮਾਇੰਦਾ । ਕਰਨੀ ਕਰਤਾ ਕਰਨੇ ਆਇਆ, ਕਰਨਹਾਰ ਕਰਤਾਰਾ । ਕਲਜੁਗ ਅੰਤਮ ਵੇਖੇ ਮਾਇਆ, ਨਿਰਗੁਣ ਸਰਗੁਣ ਪਾਵੇ ਸਾਰਾ । ਪੁਰਖ ਅਬਿਨਾਸ਼ੀ ਬੇਪਰਵਾਹਿਆ, ਬੇਪਰਵਾਹ ਆਪਣੀ ਕਾਰ ਕਮਾਇਆ । ਜਨ ਭਗਤਾਂ ਬਣੇ ਆਪ ਮਲਾਹ, ਜੁਗ ਜੁਗ ਬੇੜਾ ਕੰਧ ਉਠਾਇਆ । ਜੀਵ ਜੰਤ ਸਾਧ ਸੰਤ ਸਾਰੇ ਸਿਮਰੋ ਏਕੋ ਨਾਮ, ਆਤਮ ਪਰਮਾਤਮ ਰੰਗ ਚੜ੍ਹਾਇਆ । ਪੁਰਖ ਅਬਿਨਾਸ਼ੀ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇਆ । ਸ੍ਰਿਸ਼ਟ ਸਬਾਈ ਦੇਵਣਹਾਰਾ ਸਜ਼ਾ, ਮਲਕੁਲ ਮੌਤ ਰਿਹਾ ਉਠਾਇਆ । ਕਿਸੇ ਮੜੀ ਗੋਰ ਦਏ ਦਬਾ, ਕਿਸੇ ਗੁਰਮੁਖ ਆਪਣੀ ਗੋਦ ਬਹਾਇਆ । ਅਰਦਾਸਾ ਸੋਧ ਜਿਸ ਨਾਨਕ ਸਤਿਗੁਰ ਗੋਬਿੰਦ ਲਿਆ ਮਨਾ, ਤਿਸ ਤਤੀ ਵਾ ਨਾ ਲਾਗੇ ਰਾਇਆ ।

ਅਗਲਾ ਪਿਛਲਾ ਲੇਖਾ ਦਏ ਚੁਕਾ, ਏਥੇ ਓਥੇ ਹੋਏ ਸਹਾਇਆ । ਸੋ ਸਾਹਿਬ ਲਉ ਧਿਆ, ਜਿਸ ਮਿਲਿਆ ਵਿਛੜ ਨਾ ਜਾਇਆ । ਦੋਏ ਜੋੜ ਬਖ਼ਸ਼ਾਓ ਗੁਨਾਹ, ਗੁਣੀ ਗਹੀਰ ਗੰਭੀਰ ਬਖ਼ਸ਼ਸ਼ ਆਪਣੇ ਹੱਥ ਰਖਾਇਆ । ਕਰ ਕਿਰਪਾ ਦੇਵਣਹਾਰਾ ਪਨਾਹ, ਗ਼ਰੀਬ ਨਿਮਾਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸਾਚਾ ਹਰਿ, ਅੱਗੇ ਪਿਛੇ ਪਿਛੇ ਅੱਗੇ, ਗੁਰਮੁਖਾਂ ਅੰਦਰ ਵੜ ਵੜ ਜੋਤੀ ਰੂਪ ਜਗੇ ਜਗ, ਜਗ ਆਪਣਾ ਨੂਰ ਦਰਸਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਆਪ ਜਣਾਏ ਭਾਈ ਭੈਣ ਸਕੇ, ਦੂਜੀ ਵੰਡ ਨਾ ਕੋਇ ਵੰਡਾਈਆ । ਜਗਤ ਸ਼ਰਅ ਮਾਰੇ ਧੱਕੇ, ਦੂਈ ਦਵੈਤੀ ਮੂੰਹ ਦੇ ਭਾਰ ਸੁੱਟੇ, ਉਤੇ ਠੋਕਰ ਨਾਮ ਲਗਾਈਆ । ਨਾਨਕ ਗੋਬਿੰਦ ਮਾਰਗ ਇਕੋ ਦੱਸੇ, ਊਚ ਨੀਚ ਨਾ ਕੋਇ ਰਖਾਈਆ । ਪੁਰਖ ਅਕਾਲ ਅਬਿਨਾਸ਼ੀ ਕਰਤਾ ਸਤਿਗੁਰ ਸਚ ਸੱਚੇ, ਸਚ ਦੇਵੇ ਸਰਨਾਈਆ । ਅੱਗੇ ਭੰਨਣਹਾਰਾ ਭਾਂਡੇ ਕੱਚੇ, ਕਾਚੀ ਗਗਰੀ ਕਾਇਆ ਰਹਿਣ ਨਾ ਪਾਈਆ । ਕਲਜੁਗ ਕਲੰਦਰ ਘਰ ਘਰ ਨੱਚੇ, ਆਪਣਾ ਡੌਰੂ ਤਾਲ ਵਜਾਈਆ । ਸ੍ਰਿਸ਼ਟ ਸਬਾਈ ਜਗਤ ਅਗਨੀ ਮੱਚੇ, ਹਾਹਾਕਾਰ ਲੋਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਰੇ ਬੱਚੇ, ਜਿਸ ਪ੍ਰਭ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਲਿਖ ਲਿਖ ਸਭ ਨੂੰ ਰਿਹਾ ਸਮਝਾਈਆ ।

### ✳ ੨੦ ਭਾਦਰੋਂ ੨੦੧੯ ਬਿਕ੍ਰਮੀ ਗੁਲਜ਼ਾਰ ਸਿੰਘ ਦੇ ਗ੍ਰਿਹ ਪਿੰਡ ਸਾਹੋ ✳

ਆਦਿ ਜੁਗਾਦਿ ਪੁਰਖ ਸਮਰਥ, ਹਰਿ ਸਮਰਥ ਖੇਲ ਕਰਾਇੰਦਾ । ਸਚਖੰਡ ਦਵਾਰੇ ਨਿਰਗੁਣ ਵਸ, ਥਿਰ ਘਰ ਸਾਚਾ ਆਪ ਪਰਗਟਾਇੰਦਾ । ਸਾਚਾ ਮਾਰਗ ਆਪੇ ਦੱਸ, ਰਹਿਬਰ ਆਪਣਾ ਰਾਹ ਚਲਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਆਪਣੀ ਮਹਿਮਾ ਸੁਣਾਏ ਅਕੱਥ, ਕਥ ਕਥ ਆਪਣਾ ਨਾਉਂ ਸਲਾਹਿੰਦਾ । ਚਲਾਵਣਹਾਰਾ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਇਕੋ ਨਾਮ ਕਰ ਪਰਗਟ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਦੋ ਜਹਾਨਾਂ ਖੋਲ੍ਹ ਹੱਟ, ਬਣ ਵਣਜਾਰਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਏਕਾ ਸਤਿ, ਏਕਓਅੰਕਾਰਾ ਆਪ ਪਰਗਟਾਈਆ । ਨਿਰਗੁਣ ਸਰਗੁਣ ਮਾਰਗ ਦੱਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਵਸ, ਹੁਕਮੇ ਹੁਕਮ ਆਪ ਫਿਰਾਈਆ । ਬ੍ਰਹਿਮੰਡ ਖੰਡ ਵੇਖੇ ਖੇਲ ਤਮਾਸ਼, ਲੋਆਂ ਪੁਰੀਆਂ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਈਆ । ਏਕਾ ਨਾਉਂ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਪ ਪਰਗਟਾਇੰਦਾ । ਸਚਖੰਡ ਨਿਵਾਸੀ ਸਾਚੀ ਕਾਰਾ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਸ਼ਾਹ ਸਿਕਦਾਰਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ, ਅਗੰਮ ਅਥਾਹ ਪਰਦਾ ਲਾਹਿੰਦਾ । ਏਕੰਕਾਰਾ ਵਡ ਭੰਡਾਰਾ, ਦਰ ਘਰ ਸਾਚੇ ਆਪ ਵਖਾਇੰਦਾ । ਆਦਿ ਨਿਰੰਜਣ ਕਰ ਪਸਾਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ੍ਰੀ ਭਗਵਾਨ ਦੇਵਣਹਾਰ ਹੁਲਾਰਾ, ਪ੍ਰਭ ਆਪਣੀ ਕਾਰ ਕਮਾਇੰਦਾ । ਅਬਿਨਾਸ਼ੀ ਕਰਤਾ ਵਡ ਬਲਕਾਰਾ, ਬਲ ਆਪਣਾ ਆਪ ਰਖਾਇੰਦਾ । ਪਾਰਬ੍ਰਹਮ ਪ੍ਰਭ ਸੇਵਾਦਾਰਾ,

ਬਣ ਸੇਵਕ ਸੇਵ ਕਮਾਇੰਦਾ । ਸਚਖੰਡ ਖੋਲ੍ਹੇ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਏਕਾ ਨਾਮ ਕਰ ਪਿਆਰਾ, ਸਚ ਪ੍ਰੀਤੀ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਪਰਗਟਾਇੰਦਾ । ਸਾਚਾ ਨਾਉਂ ਸ੍ਰੀ ਭਗਵਾਨ, ਆਦਿ ਪੁਰਖ ਆਪ ਪਰਗਟਾਈਆ । ਸਤਿ ਸਤਿਵਾਦੀ ਸੱਤ ਨਿਸ਼ਾਨ, ਸੱਤ ਦਵਾਰੇ ਦਏ ਵਖਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਕਲ ਵਰਤਾਈਆ । ਬੋਧ ਅਗਾਧੀ ਇਕ ਗਿਆਨ, ਹਰਿ ਮੰਤਰ ਨਾਮ ਪੜ੍ਹਾਈਆ । ਸ਼ਬਦ ਅਨਾਦਿ ਸੱਚੀ ਧੁੰਨਕਾਨ, ਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦਰਸਾਈਆ । ਸਾਚਾ ਨਾਮ ਪੁਰਖ ਅਬਿਨਾਸ਼, ਏਕਾ ਏਕ ਪਰਗਟਾਇੰਦਾ । ਆਦਿ ਜੁਗਾਦਿ ਵੇਖਣਹਾਰਾ ਖੇਲ ਤਮਾਸ਼, ਜੁਗ ਜੁਗ ਵੇਸ ਵਟਾਇੰਦਾ । ਬ੍ਰਹਿਮੰਡ ਖੰਡ ਪਾਏ ਰਾਸ, ਗੋਪੀ ਕਾਹਨ ਰੂਪ ਵਟਾਇੰਦਾ । ਰਵ ਸਸ ਕਰ ਪਰਕਾਸ਼, ਨੂਰ ਨੂਰ ਨੂਰ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਰਖਾਇੰਦਾ । ਸਾਚਾ ਨਾਉਂ ਆਪੇ ਰੱਖ, ਏਕਾ ਨਾਉਂ ਦਏ ਵਡਿਆਈਆ । ਨਿਰਗੁਣ ਨਿਰਾਕਾਰ ਕਰ ਪਰਤੱਖ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਖੇਲੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਵਸਤ ਅਮੋਲਕ ਏਕਾ ਵਥ, ਘਰ ਸਾਚੇ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਿਫ਼ਤ ਸਲਾਹੀਆ । ਸਾਚਾ ਨਾਮ ਸਿਫ਼ਤ ਸਲਾਹ, ਹਰਿ ਸਾਚਾ ਸਚ ਜਣਾਇੰਦਾ । ਸਾਚਾ ਨਾਮ ਸਦ ਮੱਲਾਹ, ਦੋ ਜਹਾਨਾਂ ਬੇੜਾ ਆਪ ਚਲਾਇੰਦਾ । ਸਾਚਾ ਨਾਮ ਨਰ ਨਿਰੰਕਾਰਾ ਦਏ ਸਿੱਖਾ, ਸਾਚੀ ਸਿਖਿਆ ਇਕ ਪਰਗਟਾਇੰਦਾ । ਸਾਚਾ ਨਾਮ ਵਿਸ਼ਨ ਬ੍ਰਹਮਾ ਸ਼ਿਵ ਲਏ ਪੜ੍ਹਾ, ਸੰਸਾ ਅਵਰ ਨਾ ਕੋਇ ਜਣਾਇੰਦਾ । ਸਾਚਾ ਨਾਮ ਲੱਖ ਚੁਰਾਸੀ ਦਏ ਸੁਣਾ, ਸੋ ਪੁਰਖ ਨਿਰੰਜਣ ਢੋਲਾ ਗਾਇੰਦਾ । ਸਾਚਾ ਨਾਮ ਹੰ ਬ੍ਰਹਮ ਜਾਏ ਸਮਾ, ਪਾਰਬ੍ਰਹਮ ਪ੍ਰਭ ਪਰਦਾ ਲਾਹਿੰਦਾ । ਸਾਚਾ ਨਾਮ ਨਾਦ ਅਨਾਦੀ ਦਏ ਵਜਾ, ਬ੍ਰਹਮ ਬ੍ਰਹਮਾਦੀ ਆਪ ਸੁਣਾਇੰਦਾ । ਸਾਚਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਆਪ ਸੁਣਾਇੰਦਾ । ਸਾਚਾ ਨਾਉਂ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੰ ਬ੍ਰਹਮ ਕਰੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਆਦਿ ਜੁਗਾਦੀ ਸਾਚੀ ਰੀਤ, ਰੁੱਤ ਰੁੱਤੜੀ ਮਾਤ ਸੁਹਾਈਆ । ਖੇਲੇ ਖੇਲ ਬੈਠ ਅਤੀਤ, ਤ੍ਰੈਭਵਣ ਧਨੀ ਵਡੀ ਵਡਿਆਈਆ । ਵਸਣਹਾਰਾ ਹਸਤ ਕੀਟ, ਘਟ ਘਟ ਬੈਠਾ ਜੋਤ ਜਗਾਈਆ । ਕਰੇ ਖੇਲ ਇਕ ਅਨਡੀਠ, ਜਗਤ ਨੇਤਰ ਨਜ਼ਰ ਨਾ ਆਈਆ । ਹਰਿ ਕਾ ਨਾਉਂ ਸਚ ਪ੍ਰੀਤ, ਪ੍ਰੀਤੀਵਾਨ ਪ੍ਰੀਤ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਮਾਤ ਧਰਾਈਆ । ਏਕਾ ਨਾਉਂ ਮਾਤ ਧਰ, ਧਰਨੀ ਧਰਤ ਧਵਲ ਵਡਿਆਇੰਦਾ । ਏਕਾ ਨਾਮ ਸਾਚਾ ਵਰ, ਹਰਿ ਜੂ ਹਰਿ ਹਰਿ ਆਪ ਸਮਝਾਇੰਦਾ । ਏਕਾ ਨਾਉਂ ਖੋਲ੍ਹੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਏਕਾ ਨਾਉਂ ਤੋੜੇ ਗੜ੍ਹ, ਬੰਕ ਦਵਾਰੀ ਕੁੰਡਾ ਲਾਹਿੰਦਾ । ਏਕਾ ਨਾਉਂ ਸਾਚੇ ਮੰਦਰ ਜਾਏ ਵੜ, ਡੂੰਘੀ ਕੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦ੍ਰਿੜਾਇੰਦਾ । ਸਾਚਾ ਨਾਉਂ ਏਕਾ ਮੰਤਰ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਭੇਵ ਜਾਣੇ ਅੰਤਰ, ਅੰਤਰ ਆਤਮਾ ਵੇਖ ਵਖਾਈਆ । ਤ੍ਰੈਗੁਣ ਬੁਝਾਏ ਲੱਗੀ ਬਸੰਤਰ, ਅਗਨੀ ਤਤ ਨਾ ਕੋਇ ਵਖਾਈਆ । ਵੇਖਣਹਾਰਾ ਗਗਨ ਗਗਨੰਤਰ, ਗਹਿਰ ਗੰਭੀਰ ਫੇਰਾ


੭੯੫
੧੨

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਈਆ । ਸਾਚਾ ਨਾਮ ਸਤਿ ਸਤਿਵਾਦ, ਹਰਿ ਸਾਚਾ ਸਚ ਪਰਗਟਾਇੰਦਾ । ਸਾਚਾ ਨਾਮ ਆਦਿ ਜੁਗਾਦਿ, ਜੁਗ ਜੁਗ ਸੇਵ ਕਮਾਇੰਦਾ । ਸਾਚਾ ਨਾਮ ਆਪਣੇ ਵਿਚੋਂ ਕਾਢ, ਦੋ ਜਹਾਨਾਂ ਆਪ ਵਸਾਇੰਦਾ । ਸਾਚਾ ਨਾਮ ਲੱਖ ਚੁਰਾਸੀ ਕਰੇ ਲਾਡ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਸਾਚਾ ਨਾਮ ਪਾਰ ਕਰਾਏ ਹਾਦ, ਹਦ ਹਦੂਦ ਨਾ ਕੋਇ ਰਖਾਇੰਦਾ । ਸਾਚਾ ਨਾਮ ਤਨ ਵਜਾਏ ਰਬਾਬ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਸਾਚਾ ਨਾਮ ਪਿਆਏ ਹਯਾਤ ਆਬ, ਆਬ ਹਯਾਤ ਮੁਖ ਚੁਆਇੰਦਾ । ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਸਮਝਾਇੰਦਾ । ਸਾਚਾ ਨਾਉਂ ਸਮਝਣ ਯੋਗ, ਸਮਝ ਵਿਚ ਕਿਸੇ ਨਾ ਆਈਆ । ਸਾਚਾ ਨਾਉਂ ਚੌਦਾਂ ਲੋਕ, ਲੋਕ ਪਰਲੋਕ ਢੋਲਾ ਗਾਈਆ । ਸਾਚਾ ਨਾਉਂ ਵਸੇ ਸਾਚੇ ਕੋਟ, ਥਿਰ ਘਰ ਆਪਣਾ ਆਸਣ ਲਾਈਆ । ਸਾਚਾ ਨਾਉਂ ਨਿਰਮਲ ਜੋਤ, ਪੁਰਖ ਅਬਿਨਾਸ਼ੀ ਲਏ ਮਿਲਾਈਆ । ਸਾਚਾ ਨਾਉਂ ਨਾ ਕੋਈ ਵਰਨ ਨਾ ਕੋਈ ਗੋਤ, ਬਰਨ ਰੂਪ ਨਾ ਕੋਇ ਵਖਾਈਆ । ਸਾਚਾ ਨਾਉਂ ਨਾ ਕੋਈ ਮਮਤਾ ਨਾ ਕੋਈ ਖੋਟ, ਕੂੜੀ ਕਿਰਿਆ ਨਾ ਕੋਇ ਪਰਨਾਈਆ । ਸਾਚਾ ਨਾਉਂ ਇਕ ਅਤੋਟ, ਅਤੋਟ ਅਤੁਟ ਹਰਿ ਰਖਾਈਆ । ਸਾਚਾ ਨਾਉਂ ਇਕੋ ਬਹੁਤ, ਬਹੁ ਨਾਮ ਆਪਣੀ ਸਿਫ਼ਤ ਸਾਲਾਹੀਆ । ਸਾਚਾ ਨਾਮ ਸਾਚਾ ਜੋਗ, ਜੋਗ ਜੋਗੀਸ਼ਰ ਆਪ ਰਖਾਈਆ । ਸਾਚਾ ਨਾਮ ਸਾਚਾ ਭੋਗ, ਭਸਮੜ ਭੋਗੀ ਵੇਖ ਵਖਾਈਆ । ਸਾਚਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਸਮਝਾਈਆ । ਸਾਚਾ ਨਾਮ ਡੂੰਘਾ ਸਾਗਰ, ਨਜ਼ਰ ਕਿਸੇ ਨਾ ਆਇੰਦਾ । ਸਾਚਾ ਨਾਮ ਦੋ ਜਹਾਨ ਸੌਦਾਗਰ, ਲੱਖ ਚੁਰਾਸੀ ਵਣਜ ਕਰਾਇੰਦਾ । ਸਾਚਾ ਨਾਮ ਦੇਵੇ ਆਦਰ, ਦਰ ਆਇਆਂ ਗਲੇ ਲਗਾਇੰਦਾ । ਸਾਚਾ ਨਾਮ ਵਡ ਬਹਾਦਰ, ਬਲ ਆਪਣਾ ਆਪ ਪਰਗਟਾਇੰਦਾ । ਸਾਚਾ ਨਾਮ ਮੇਲ ਮਿਲਾਏ ਕਰੀਮ ਕਾਦਰ, ਬੇਐਬ ਪਰਵਰਦਿਗਾਰ ਹੱਕ ਹੱਕ ਦ੍ਰਿੜਾਇੰਦਾ । ਸਾਚਾ ਨਾਮ ਸਾਚਾ ਸਾਬਰ, ਸਬਰ ਸਬੂਰੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਡਿਆਇੰਦਾ । ਸਾਚਾ ਨਾਮ ਸਾਚਾ ਰਾਮ, ਰਮਈਆ ਆਪਣਾ ਰੰਗ ਵਖਾਈਆ । ਸਾਚਾ ਨਾਮ ਸਾਚਾ ਸ਼ਾਮ, ਬੰਸਰੀ ਏਕਾ ਨਾਮ ਸੁਣਾਈਆ । ਸਾਚਾ ਨਾਮ ਸਚ ਪੈਗ਼ਾਮ, ਈਸਾ ਮੂਸਾ ਕਰੇ ਪੜ੍ਹਾਈਆ । ਸਾਚਾ ਨਾਮ ਸਚ ਇਸਲਾਮ, ਮੁਹੰਮਦ ਇਸਮ ਦਏ ਵਖਾਈਆ । ਸਾਚਾ ਨਾਮ ਸਚ ਕਲਾਮ, ਕਾਤਬ ਕਲਮਾ ਦਏ ਲਿਖਾਈਆ । ਸਾਚਾ ਨਾਮ ਸਚ ਗ਼ੁਲਾਮ, ਦੋ ਜਹਾਨਾਂ ਫੇਰਾ ਪਾਈਆ । ਸਾਚਾ ਨਾਮ ਸਚ ਅਮਾਮ, ਸਾਚੇ ਤਖ਼ਤ ਡੇਰਾ ਲਾਈਆ । ਸਾਚਾ ਨਾਮ ਸਚ ਨਿਜ਼ਾਮ, ਹੁਕਮੀ ਹੁਕਮ ਸਰਬ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਇਸ਼ਟ ਗੁਰਦੇਵ, ਆਤਮ ਪਰਮਾਤਮ ਵੇਖ ਵਖਾਇੰਦਾ । ਸਾਚਾ ਨਾਮ ਅਲੱਖ ਅਭੇਵ, ਅਲੱਖ ਅਗੋਚਰ ਖੇਲ ਕਰਾਇੰਦਾ । ਸਾਚਾ ਨਾਮ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲਾਇੰਦਾ । ਸਾਚਾ ਨਾਮ ਸਾਚਾ ਮੇਵ, ਅੰਮ੍ਰਿਤ ਫਲ ਨਾਉਂ ਰਖਾਇੰਦਾ । ਸਾਚਾ ਨਾਉਂ ਗੀਤ ਸੁਣਾਏ ਰਸਨਾ ਜਿਹਵ, ਬੱਤੀ ਦੰਦ ਮੁੱਖ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਵੱਡਾ ਵਡ, ਹਰਿ ਵੱਡਾ ਵਡ ਵਡਿਆਈਆ । ਹਰਿ ਕਾ ਨਾਮ ਸਾਚਾ ਨੱਦ, ਦੋ ਜਹਾਨਾਂ ਰਿਹਾ ਸੁਣਾਈਆ । ਹਰਿ ਕਾ ਨਾਉਂ ਸਚ ਨਿਸ਼ਾਨਾ ਦੇਵੇ ਗੱਡ, ਸ੍ਰੀ ਭਗਵਾਨ ਆਪ ਝੁਲਾਈਆ । ਹਰਿ

ਕਾ ਨਾਉਂ ਪਾਏ ਸਾਰ ਡੂੰਘੀ ਖੱਡ, ਸਮੁੰਦ ਸਾਗਰ ਫੋਲ ਫੋਲਾਈਆ । ਹਰਿ ਕਾ ਨਾਉਂ ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਨਾਲੋਂ ਹੋਏ ਨਾ ਅੱਡ, ਘਰ ਘਰ ਬੈਠਾ ਮੁੱਖ ਛੁਪਾਈਆ । ਹਰਿ ਕਾ ਨਾਉਂ ਉਚਾ ਲੰਮਾ ਨਾ ਕੋਈ ਕੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਉਪਾਈਆ । ਸਾਚਾ ਨਾਮ ਹਰਿ ਭਗਵਾਨਾ, ਏਕਾ ਏਕ ਉਪਾਇੰਦਾ । ਸਾਚਾ ਨਾਮ ਦੋ ਜਹਾਨਾਂ, ਦੋਏ ਦੋਏ ਧਾਰ ਵਖਾਇੰਦਾ । ਸਾਚਾ ਨਾਮ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਕਰੋੜ ਤੇਤੀਸਾ ਰਾਹ ਚਲਾਇੰਦਾ । ਸਾਚਾ ਨਾਮ ਬੋਧ ਅਗਾਧਾ ਇਕ ਗਿਆਨਾ, ਗਿਆਨ ਗੁਰਦੇਵ ਨਾਉਂ ਰਖਾਇੰਦਾ । ਸਾਚਾ ਨਾਉਂ ਸਚ ਤਰਾਨਾ, ਤੁਰੀਆ ਰਾਗ ਸੁਣਾਇੰਦਾ । ਸਾਚਾ ਨਾਮ ਵਡ ਪਰਧਾਨਾ, ਸਚ ਪਰਧਾਨਗੀ ਮਾਤ ਕਮਾਇੰਦਾ । ਸਾਚਾ ਨਾਮ ਸਚ ਰਾਜਾਨਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਸਾਚਾ ਨਾਉਂ ਪੀਣਾ ਖਾਣਾ, ਤ੍ਰਿਸਨਾ ਭੁੱਖ ਮਿਟਾਇੰਦਾ । ਸਾਚਾ ਨਾਉਂ ਪਦ ਨਿਰਬਾਣਾ, ਏਕਾ ਘਰ ਵਸਾਇੰਦਾ । ਸਾਚਾ ਨਾਉਂ ਸਦ ਰਖਾਏ ਆਪਣਾ ਭਾਣਾ, ਭਾਣਾ ਇਕੋ ਇਕ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਆਪ ਉਠਾਇੰਦਾ । ਸਾਚਾ ਨਾਮ ਉਠਾਏ ਆਦਿ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਦੇਵੇ ਦਾਦ, ਏਕੰਕਾਰਾ ਹੋਏ ਸਹਾਈਆ । ਆਦਿ ਨਿਰੰਜਣ ਰੱਖਣਾ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਸ੍ਰੀ ਭਗਵਾਨ ਸੁਣੇ ਫਰਿਯਾਦ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਪਾਰਬ੍ਰਹਮ ਵਸੇ ਆਂਡ ਗੁਆਂਡ, ਨੇੜਨ ਨੇੜਾ ਡੇਰਾ ਲਾਈਆ । ਸਵਾਂਗੀ ਵਰਤੇ ਆਪਣਾ ਸਾਂਗ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਸਲਾਹੀਆ । ਸਾਚਾ ਨਾਉਂ ਕਰ ਉਜਿਆਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਗੁਰ ਗੁਰ ਰੂਪ ਕਰ ਪਸਾਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਤਮ ਪਰਮਾਤਮ ਇਕ ਅਧਾਰਾ, ਅਧਿਆਤਮਕ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਗੁਰ ਅਵਤਾਰਾਂ ਝੋਲੀ ਪਾਇੰਦਾ । ਸਾਚਾ ਨਾਉਂ ਗੁਰ ਅਵਤਾਰ, ਹਰਿ ਸਤਿਗੁਰ ਬੂਝ ਬੁਝਾਈਆ । ਸਾਚਾ ਨਾਉਂ ਪੀਰ ਪੈਗ਼ੰਬਰ ਪਾਵੇ ਸਾਰ, ਪਾਰਬ੍ਰਹਮ ਪ੍ਰਭ ਸਚ ਸਰਨਾਈਆ । ਸਾਚਾ ਨਾਉਂ ਰਹੇ ਜੁਗ ਚਾਰ, ਜੁਗ ਚੌਕੜੀ ਸੇਵਾ ਲਾਈਆ । ਸਾਚਾ ਨਾਉਂ ਚਾਰ ਖਾਣੀ ਚਾਰ ਬਾਣੀ, ਚਾਰੋਂ ਕੁੰਟ ਰਹੀ ਜਸ ਗਾਈਆ । ਗੁਰ ਅਵਤਾਰ ਗਾਇਣ ਅਕੱਥ ਕਹਾਣੀ, ਰਸਨਾ ਜਿਹਵਾ ਨਾਲ ਮਿਲਾਈਆ । ਅੱਖਰ ਅੱਖਰ ਬੋਲ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਏਕਾ ਨਾਉਂ ਸਚ ਨਿਸ਼ਾਨੀ, ਲੋਕਮਾਤ ਰਖਾਈਆ । ਕਰੇ ਖੇਲ ਪੁਰਖ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਉਂ ਦਏ ਵਡਿਆਈਆ । ਸਾਚਾ ਨਾਮ ਬਿਨ ਸਿਫ਼ਤ ਸਲਾਹ, ਸਿਫ਼ਤ ਵਿਚ ਕਦੇ ਨਾ ਆਇੰਦਾ । ਅੱਖਰੀ ਨਾਮ ਕੋਟਨ ਕੋਟ ਰਹੇ ਗਾ, ਗਾ ਗਾ ਸ਼ੁਕਰ ਮਨਾਇੰਦਾ । ਪੀਰ ਪੈਗ਼ੰਬਰ ਰਹੇ ਧਿਆ, ਧਿਆਨ ਧਿਆਨ ਵਿਚ ਮਿਲਾਇੰਦਾ । ਗੁਰ ਅਵਤਾਰ ਰਹੇ ਸਮਝਾ, ਸਮਝ ਵਿਚ ਕਿਸੇ ਨਾ ਆਇੰਦਾ । ਰਮਜ਼ ਨਾਲ ਰਮਜ਼ ਰਹੇ ਮਿਲਾ, ਨਿਰਗੁਣ ਸਰਗੁਣ ਜੋੜ ਜੋੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਏਕਾ ਨਾਮ ਵਡਿਆਇੰਦਾ । ਜੁਗ ਚੌਕੜੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਗੁਰ ਗੁਰਦੇਵ ਨਾਮ ਅਧਾਰਾ, ਨਮੋ ਸਤਿ ਸਤਿ ਜਣਾਈਆ । ਚਤੁਰਭੁਜ ਪਾਵੇ ਸਾਰਾ, ਆਦਿ ਸ਼ਕਤ ਨੂਰ ਉਜਿਆਰਾ, ਨੂਰੋ ਨੂਰ ਨੂਰ ਸਮਾਈਆ ।

ਸਤਿ ਸਤਿਵਾਦੀ ਸਤਿ ਜੈਕਾਰਾ, ਆਪ ਸੁਣਾਏ ਏਕੰਕਾਰਾ, ਅਕਲ ਕਲ ਵਡਿਆਈਆ । ਹਰਿ ਕਾ ਨਾਉਂ ਲਿਖਣ ਪੜ੍ਹਨ ਤੇ ਵਸੇ ਬਾਹਰਾ, ਅਲਫ਼ ਯੇ ਨਾ ਕੋਇ ਸਮਝਾਈਆ । ਪੈਂਤੀ ਅੱਖਰ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਹਰਿ ਕਾ ਨਾਉਂ ਅੰਤ ਨਾ ਪਾਰਾਵਾਰਾ, ਪਰਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਿਫ਼ਤੀ ਢੋਲੇ ਗਾਇਣ ਵਾਰਾ, ਗਾ ਗਾ ਸ਼ੁਕਰ ਮਨਾਈਆ । ਤੇਰਾ ਰੂਪ ਆਦਿ ਜੁਗਾਦਿ ਨਿਆਰਾ, ਅਜੂਨੀ ਰਹਿਤ ਤੇਰੇ ਹੱਥ ਤੇਰੀ ਵਡਿਆਈਆ । ਅਨੁਭਵ ਪਰਕਾਸ਼ ਤੇਰਾ ਉਜਿਆਰਾ, ਉਜਲ ਮੁਖ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਨਾਮ ਜਣਾਈਆ । ਜੁਗ ਜੁਗ ਨਾਮ ਏਕ ਅਨੇਕ, ਜੁਗ ਜੁਗ ਆਪ ਜਣਾਇੰਦਾ । ਕਲਮ ਸ਼ਾਹੀ ਲਿਖ ਲਿਖ ਲੇਖ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਬਿਨ ਨੇਤਰ ਲੋਚਣ ਵੇਖ, ਵੇਖ ਵੇਖ ਖ਼ੁਸ਼ੀ ਮਨਾਇੰਦਾ । ਆਦਿ ਜੁਗਾਦੀ ਕਰ ਕਰ ਭੇਖ, ਨਿਰਗੁਣ ਸਰਗੁਣ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਨਾਮ ਦਾਨ, ਗੁਣ ਨਿਧਾਨ ਆਪ ਵਰਤਾਈਆ । ਗੁਰ ਅਵਤਾਰਾਂ ਹੋ ਮਿਹਰਵਾਨ, ਮਿਹਰ ਨਜ਼ਰ ਇਕ ਰਖਾਈਆ । ਅੰਤਰ ਅੰਤਰ ਇਕ ਗਿਆਨ, ਮੰਤਰ ਮੰਤਰ ਸਚ ਪੜ੍ਹਾਈਆ । ਆਤਮ ਪਰਮਾਤਮ ਖੇਲ ਮਹਾਨ, ਮਹਾਤਮ ਆਪਣਾ ਦਏ ਸਮਝਾਈਆ । ਬ੍ਰਹਮ ਪਾਰਬ੍ਰਹਮ ਕਰੇ ਕਲਿਆਣ, ਕਲਮਾ ਆਪਣਾ ਆਪ ਜਣਾਈਆ । ਸਜਦਾ ਸੀਸ ਝੁਕਾਏ ਆਣ, ਨਮੋ ਨਮੋ ਨਮੋ ਦਏ ਸਮਝਾਈਆ । ਸਾਚੇ ਤਖ਼ਤ ਬੈਠ ਨੌਜਵਾਨ, ਨੌਬਤ ਏਕਾ ਨਾਮ ਵਜਾਈਆ । ਮਹੱਲ ਅਟੱਲ ਉਚ ਮਕਾਨ, ਬੇਮੁਕਾਮ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਾਚੀ ਸਿਫ਼ਤ ਜੁਗ ਜੁਗ ਦੇਵੇ ਦਸਤ ਬਦਸਤ, ਦਸਤੂਰ ਆਪਣਾ ਨਾ ਕਦੇ ਬਦਲਾਈਆ । ਜੁਗ ਜੁਗ ਨਾਮ ਦੇਵੇ ਵੰਡ, ਵੰਡਣਹਾਰਾ ਇਕ ਅਖਵਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਪਾਏ ਗੰਢ, ਪੱਲੂ ਆਪਣੀ ਗੰਢ ਰਖਾਇੰਦਾ । ਖੇਲੇ ਖੇਲ ਵਿਚ ਵਰਭੰਡ, ਲੱਖ ਚੁਰਾਸੀ ਫੋਲ ਫੋਲਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਧਨ ਏਕਾ ਨਾਮ ਪਾਇੰਦਾ । ਏਕਾ ਨਾਮ ਪਾਏ ਬੰਧਨ, ਬੰਦੀਖਾਨਾ ਇਕ ਵਖਾਈਆ । ਏਕਾ ਨਾਮ ਲਲਾਟੀ ਚੰਦਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਏਕਾ ਨਾਮ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਇਕੋ ਇਕ ਰਖਾਈਆ । ਏਕਾ ਨਾਮ ਤੋੜਨਹਾਰਾ ਫੰਧਣ, ਜਗਤ ਜੰਜਾਲਾ ਦਏ ਤੁੜਾਈਆ । ਏਕਾ ਨਾਮ ਮਨੋਹਰ ਮੁਕੰਦਨ, ਲੱਖਮੀ ਨਰਾਇਣ ਵੇਸ ਵਟਾਈਆ । ਏਕਾ ਨਾਮ ਸੂਰਾ ਸਰਬੰਗਣ, ਸੂਰਬੀਰ ਆਪ ਹੋ ਜਾਈਆ । ਏਕਾ ਨਾਮ ਵਸੇ ਸਚਖੰਡਣ, ਥਿਰ ਘਰ ਆਪਣਾ ਡੇਰਾ ਲਾਈਆ । ਏਕਾ ਨਾਮ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਪਾਰ ਕਰਾਏ ਕੰਢਣ, ਥਿਰ ਕੋਇ ਰਹਿਣ ਨਾ ਪਾਈਆ । ਏਕਾ ਨਾਮ ਤੇਈ ਅਵਤਾਰ ਗਾਇਣ ਛੰਦਨ, ਭਗਤ ਅਠਾਰਾਂ ਨਾਲ ਮਿਲਾਈਆ । ਏਕਾ ਨਾਮ ਈਸਾ ਮੂਸਾ ਮੁਹੰਮਦ ਦੋਏ ਦੋਏ ਜੋੜ ਮੰਨਣ, ਮਨ ਮਨਸਾ ਨਾ ਕੋਇ ਰਖਾਈਆ । ਏਕਾ ਨਾਮ ਨਾਮ ਸਤਿ ਨਾਨਕ ਨਿਰਗੁਣ ਕਰੇ ਪਰਬੰਧਣ, ਪਰਬੰਧਕ ਮਿਲਿਆ ਸੱਚਾ ਮਾਹੀਆ । ਏਕਾ ਨਾਮ ਗੁਰ ਗੋਬਿੰਦ ਮਾਰਗ ਆਏ ਦੱਸਣ, ਲੱਖ ਚੁਰਾਸੀ ਏਕਾ ਘਰ ਵਸਾਈਆ । ਏਕਾ ਨਾਮ ਸਾਚਾ ਖੰਡਣ, ਖੜਗ ਖੰਡਾ ਆਪ ਵਖਾਈਆ । ਏਕਾ ਨਾਮ ਚੰਡ ਪਰਚੰਡਣ, ਚੰਡਕਾਂ ਲੇਖਾ ਦਏ ਗੁਆਈਆ । ਏਕਾ ਨਾਮ ਟੁੱਟੀ ਗੰਢਣ, ਗੰਢਣਹਾਰ ਗੋਪਾਲ ਗੁਸਾਈਆਂ । ਏਕ ਨਾਮ ਕਰੇ ਖੇਲ ਆਤਮ

ਪਰਮਾਤਮ ਦੇਵੇ ਅਨੰਦਨ, ਅਨੰਦ ਅਨੰਦ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਲਏ ਜਣਾਈਆ । ਏਕਾ ਨਾਉਂ ਇਕ ਇਕੱਲਾ, ਏਕੰਕਾਰ ਆਪ ਵਖਾਈਆ । ਏਕਾ ਨਾਉਂ ਸਚ ਮਹੱਲਾ, ਦਰਗਹਿ ਸਾਚੀ ਸੋਭਾ ਪਾਈਆ । ਏਕਾ ਨਾਮ ਵਸੇ ਜਲਾਂ ਥੱਲਾਂ, ਜਲ ਥਲ ਮਹੀਅਲ ਆਪਣਾ ਰੂਪ ਵਖਾਈਆ । ਏਕਾ ਨਾਉਂ ਸਚ ਸੰਦੇਸ ਘੱਲਾ, ਪੁਰਖ ਅਬਿਨਾਸ਼ੀ ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਏਕਾ ਨਾਉਂ ਗੁਰ ਅਵਤਾਰ ਫੜਾਏ ਪੱਲਾ, ਪੱਲੂ ਏਕਾ ਗੰਢ ਵਖਾਈਆ । ਏਕਾ ਨਾਮ ਲੱਖ ਚੁਰਾਸੀ ਅੰਦਰ ਵੜ ਵੜ ਹੋਇਆ ਝੱਲਾ, ਬੇਅਕਲ ਅਕਲ ਨਾ ਕੋਇ ਜਣਾਈਆ । ਏਕਾ ਨਾਉਂ ਨੌਂ ਖੰਡ ਪ੍ਰਿਥਮੀ ਪਾਏ ਤਰਥੱਲਾ, ਸੱਤਾਂ ਦੀਪਾਂ ਦਏ ਹਿਲਾਈਆ । ਏਕਾ ਨਾਉਂ ਰੂਪ ਵਟਾਏ ਰਾਣੀ ਅੱਲਾ, ਬਿਸਮਿਲ ਆਪਣੀ ਧਾਰ ਚਲਾਈਆ । ਏਕਾ ਨਾਉਂ ਖ਼ਾਕ ਵਿਛਾਏ ਧਰਨੀ ਧਰਤ ਮੁਸੱਲਾ, ਏਕਾ ਨਾਉਂ ਸਯਦਾ ਸੀਸ ਝੁਕਾਈਆ । ਏਕਾ ਨਾਉਂ ਪਰਵਰਦਿਗਾਰ ਬੇਐਬ ਖ਼ੁਦਾ ਨੂਰੀ ਨੂਰ ਜੋਤੀ ਰੱਲਾ, ਜਲਵਾ ਨੂਰ ਨੂਰ ਦਰਸਾਈਆ । ਏਕਾ ਨਾਉਂ ਕਰੇ ਸੱਚਾ ਹੱਲਾ, ਜੁਗ ਚੌਕੜੀ ਢਾਹ ਢਾਹ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਵਡਿਆਈਆ । ਏਕਾ ਨਾਉਂ ਵਡ ਬਲਕਾਰਾ, ਬਲ ਬਾਵਨ ਖੇਲ ਕਰਾਇੰਦਾ । ਏਕਾ ਨਾਉਂ ਤੇਈ ਅਵਤਾਰਾ, ਦਰ ਦਰ ਵੇਖ ਵਖਾਇੰਦਾ । ਏਕਾ ਨਾਉਂ ਵੇਦ ਸ਼ਾਸਤਰ ਸਿਮਰਤ ਦਏ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਏਕਾ ਨਾਉਂ ਭਗਤ ਭਗਵਾਨ ਦਏ ਭੰਡਾਰਾ, ਵਸਤ ਅਮੋਲਕ ਹੱਥ ਰਖਾਇੰਦਾ । ਏਕਾ ਨਾਉਂ ਸੰਤਾਂ ਖੋਲ੍ਹੇ ਬੰਦ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਏਕਾ ਨਾਉਂ ਗੁਰਮੁਖਾਂ ਅੰਮ੍ਰਿਤ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਰਸ ਚਖਾਇੰਦਾ । ਏਕਾ ਨਾਉਂ ਗੁਰਸਿਖ ਵਖਾਏ ਚਰਨ ਦਵਾਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਏਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਜੁਗ ਕਰਤਾ ਆਪ ਵਰਤਾਇੰਦਾ । ਏਕਾ ਨਾਉਂ ਵਣਜ ਵਾਪਾਰੀ, ਸਤਿਜੁਗ ਤ੍ਰੇਤਾ ਦਵਾਪਰ ਖੇਲ ਕਰਾਈਆ । ਏਕਾ ਨਾਉਂ ਜੋਤ ਨਿਰੰਕਾਰੀ, ਨਿਰਗੁਣ ਸਰਗੁਣ ਦਏ ਸਮਝਾਈਆ । ਏਕਾ ਨਾਉਂ ਤੇਜ ਕਟਾਰੀ, ਤਿੱਖੀ ਧਾਰ ਵਖਾਈਆ । ਏਕਾ ਨਾਉਂ ਗੁਰ ਅਵਤਾਰੀ, ਗੁਰ ਗੁਰ ਸ਼ਬਦ ਸਲਾਹੀਆ । ਏਕਾ ਨਾਉਂ ਰਾਮ ਕ੍ਰਿਸ਼ਨ ਮੁਰਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਉਪਾਈਆ । ਏਕਾ ਨਾਉਂ ਸਚ ਮਕਾਨਾ, ਮਕਬਰਾ ਰੂਪ ਨਾ ਕੋਇ ਵਟਾਇੰਦਾ । ਏਕਾ ਨਾਉਂ ਸ੍ਰੀ ਭਗਵਾਨਾ, ਭਗਵਨ ਆਪਣਾ ਖੇਲ ਜਣਾਇੰਦਾ । ਏਕਾ ਨਾਉਂ ਮਰਦ ਮਰਦਾਨਾ, ਸਚ ਮਰਦਾਨਗੀ ਮਾਤ ਕਮਾਇੰਦਾ । ਏਕਾ ਨਾਉਂ ਪਹਿਰੇ ਜਾਮਾ, ਜੁਗ ਜੁਗ ਵੇਸ ਵਟਾਇੰਦਾ । ਏਕਾ ਨਾਉਂ ਤੀਰ ਕਮਾਨਾ, ਚਿੱਲਾ ਇਕ ਕਮੰਦ ਰਖਾਇੰਦਾ । ਏਕਾ ਨਾਉਂ ਚੰਡ ਪਰਚੰਡ ਚਮਕਾਨਾ, ਤਿੱਖੀ ਧਾਰ ਬੰਧਾਇੰਦਾ । ਏਕਾ ਨਾਉਂ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗੁਰੂ ਪੀਰ ਅਵਤਾਰ ਪੈਗ਼ੰਬਰ ਦੇ ਦੇ ਗਿਆਨਾ, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਖੁਲ੍ਹਾਇੰਦਾ । ਏਕਾ ਨਾਉਂ ਹੋਏ ਮਸਤਾਨਾ, ਮਸਤੀ ਇਕੋ ਇਕ ਜਣਾਇੰਦਾ । ਏਕਾ ਨਾਉਂ ਬੰਨ੍ਹੇ ਗਾਨਾ, ਸੱਚਾ ਸਗਨ ਮਨਾਇੰਦਾ । ਏਕਾ ਨਾਉਂ ਸਖੀ ਕਰੇ ਪਰਵਾਨਾ, ਸੁਰਤ ਸੁਆਣੀ ਮੇਲ ਮਿਲਾਇੰਦਾ । ਏਕਾ ਨਾਉਂ ਜਾਣੀ ਜਾਣਾ, ਜਾਨਣਹਾਰ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਇਕ ਜੁਗ ਜੁਗ ਲੇਖਾ ਦਏ ਲਿਖ, ਵਿਸ਼ਨ ਬ੍ਰਹਮਾ ਸ਼ਿਵ ਸਿਖਿਆ ਲੈਣ ਸਿਖ, ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਈਆ । ਨਾਮ

ਲੇਖਾ ਲਿਖਣਹਾਰਾ, ਕਲਮ ਸ਼ਾਹੀ ਨਾ ਕੋਇ ਰਖਾਈਆ । ਜੁਗ ਜੁਗ ਕਰੇ ਸਚ ਵਿਹਾਰਾ, ਬਿਵਹਾਰੀ ਵਡ ਵਡਿਆਈਆ । ਨਵ ਨੌਂ ਚਾਰ ਵੇਖਣਹਾਰਾ, ਨਿਰਗੁਣ ਦਾਤਾ ਸ਼ਹਿਨਸ਼ਾਹੀਆ । ਕੋਟਨ ਕੋਟ ਕਾਲ ਕਰੇ ਪਾਰ ਕਿਨਾਰਾ, ਥਿਰ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲਾ ਕਰਜ਼ਾ ਦਏ ਉਤਾਰਾ, ਬਾਕੀ ਰਹਿਣ ਕੋਇ ਨਾ ਪਾਈਆ । ਸਚਖੰਡ ਦਾ ਸਚ ਦਵਾਰਾ, ਲੋਕਮਾਤ ਪਰਗਟਾਈਆ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰਾ, ਬੰਦ ਤਾਕੀ ਕੁੰਡਾ ਲਾਹੀਆ । ਨੌਂ ਖੰਡ ਪ੍ਰਿਥਮੀ ਬੋਲ ਜੈਕਾਰਾ, ਜੈ ਜੈਕਾਰ ਸੁਣਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪਰਵਰਦਿਗਾਰ ਅਖਵਾਈਆ । ਇਕੋ ਨਾਮ ਨਾਮ ਪਿਆਰਾ, ਪ੍ਰੇਮ ਪਿਆਰ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਨਾਮ ਦਏ ਵਡਿਆਈਆ । ਆਦਿ ਜੁਗਾਦਿ ਏਕਾ ਨਾਮ, ਹਰਿ ਮੰਤਰ ਨਾਮ ਦ੍ਰਿੜਾਇੰਦਾ । ਆਦਿ ਜੁਗਾਦਿ ਸਚ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਆਦਿ ਜੁਗਾਦਿ ਸਾਚਾ ਰਾਮ, ਨਿਰਗੁਣ ਆਪਣਾ ਨੂਰ ਵਖਾਇੰਦਾ । ਆਦਿ ਜੁਗਾਦਿ ਸਾਚਾ ਸ਼ਾਮ, ਘਨਈਆ ਆਪਣੀ ਰਾਸ ਰਚਾਇੰਦਾ । ਆਦਿ ਜੁਗਾਦਿ ਸਚ ਇਮਾਮ, ਮੂਸਾ ਈਸਾ ਸੇਵ ਲਗਾਇੰਦਾ । ਆਦਿ ਜੁਗਾਦਿ ਫੜਾਏ ਦਾਮ, ਦਾਮਨਗੀਰ ਮੁਹੰਮਦ ਇਕ ਵਖਾਇੰਦਾ । ਆਦਿ ਜੁਗਾਦਿ ਸਚ ਸਲਾਮ, ਅਲੈਕਮ ਆਪਣਾ ਭੇਵ ਖੁਲ੍ਹਾਇੰਦਾ । ਆਦਿ ਜੁਗਾਦਿ ਖੇਲ ਮਹਾਨ, ਦੋ ਜਹਾਨਾਂ ਆਪ ਕਰਾਇੰਦਾ । ਆਦਿ ਜੁਗਾਦਿ ਹੱਕ ਕਲਾਮ, ਚੌਦਾਂ ਤਬਕਾਂ ਆਪ ਪੜ੍ਹਾਇੰਦਾ । ਆਦਿ ਜੁਗਾਦਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਰਖਾਇੰਦਾ । ਆਦਿ ਜੁਗਾਦੀ ਸਾਚਾ ਰੰਗ, ਹਰਿ ਨਾਮੇ ਨਾਮ ਵਖਾਈਆ । ਆਦਿ ਜੁਗਾਦੀ ਸਚ ਪਲੰਘ, ਹਰਿ ਸਾਚੀ ਸੇਜ ਸੁਹਾਈਆ । ਆਦਿ ਜੁਗਾਦੀ ਸਚ ਮਰਦੰਗ, ਹਰਿ ਮਰਦ ਮਰਦਾਨਾ ਆਪ ਵਜਾਈਆ । ਆਦਿ ਜੁਗਾਦੀ ਸਚ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਆਦਿ ਜੁਗਾਦੀ ਖੇਲ ਬ੍ਰਹਿਮੰਡ, ਬ੍ਰਹਿਮਾਂਡ ਕਰੇ ਕੁੜਮਾਈਆ । ਆਦਿ ਜੁਗਾਦੀ ਵਸੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਲਾਈਆ । ਆਦਿ ਜੁਗਾਦੀ ਇਕੋ ਨਾਮ ਦੇਵੇ ਵੰਡ, ਗੁਰ ਅਵਤਾਰਾਂ ਝੋਲੀ ਪਾਈਆ । ਆਦਿ ਜੁਗਾਦੀ ਮੇਟੇ ਭੇਖ ਭਖੰਡ, ਕੂੜੀ ਕਿਰਿਆ ਦਏ ਗੁਆਈਆ । ਆਦਿ ਜੁਗਾਦੀ ਨਾਤਾ ਤੋੜੇ ਦੁਹਾਗਣ ਰੰਡ, ਜਗਤ ਰੰਡੇਪਾ ਦਏ ਗੁਆਈਆ । ਆਦਿ ਜੁਗਾਦੀ ਦੂਈ ਦਵੈਤੀ ਢਾਹੇ ਕੰਧ, ਕੰਢਾ ਆਪਣਾ ਇਕ ਵਖਾਈਆ । ਆਦਿ ਜੁਗਾਦੀ ਸੋਹਲਾ ਢੋਲਾ ਗਾਏ ਛੰਦ, ਵਿਚੋਲਾ ਬਣੇ ਸੱਚਾ ਮਾਹੀਆ । ਆਦਿ ਜੁਗਾਦੀ ਲੱਖ ਚੁਰਾਸੀ ਰੱਖੇ ਬੰਦ, ਹੁਕਮੇ ਅੰਦਰ ਆਪ ਛੁਪਾਈਆ । ਆਦਿ ਜੁਗਾਦੀ ਕਰੇ ਖੰਡ ਖੰਡ, ਅੰਗ ਅੰਗ ਦਏ ਕਟਾਈਆ । ਆਦਿ ਜੁਗਾਦੀ ਵਸੇ ਵਿਚ ਵਰਭੰਡ, ਵਰਭੰਡੀ ਆਪਣਾ ਰੂਪ ਵਟਾਈਆ । ਆਦਿ ਜੁਗਾਦੀ ਨੂਰ ਨੁਰਾਨਾ ਚਾੜ੍ਹੇ ਚੰਦ, ਚੰਦ ਚਾਂਦਨੀ ਆਪ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਰ ਗਏ ਲੰਘ, ਵੇਲਾ ਅੰਤਮ ਸੋਭਾ ਪਾਈਆ । ਪਰਗਟ ਹੋਇਆ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਇਕੋ ਇਕ ਕਰਾਈਆ । ਜੁਗ ਜਨਮ ਦੀ ਟੁੱਟੀ ਗੰਢ, ਹਰਿਜਨ ਸਾਚੇ ਲਏ ਮਿਲਾਈਆ । ਰਾਗ ਸੁਣਾਏ ਬਿਨ ਤੰਦੀ ਤੰਦ, ਅਨਹਦ ਏਕਾ ਨਾਦ ਵਜਾਈਆ । ਜਨ ਭਗਤਾਂ ਦੇਵੇ ਸਾਚੀ ਮੰਗ, ਨਾਮ ਅਮੋਲਕ ਝੋਲੀ ਪਾਈਆ । ਸਚ ਸਰੋਵਰ ਨੁਹਾਏ ਏਕਾ ਗੰਗ, ਗੰਗਾ ਗੰਗੋਤਰੀ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ

ਸ੍ਰੀ ਭਗਵੰਤ ਆਪਣਾ ਨਾਉਂ ਧਰਾਈਆ । ਸਾਚਾ ਨਾਉਂ ਹੰ ਬ੍ਰਹਮ ਪਿਆਰ, ਸੋ ਪੁਰਖ ਨਿਰੰਜਣ ਕਰੇ ਕੁੜਮਾਈਆ । ਨਾਨਕ ਨਿਰਗੁਣ ਬੋਲ ਬੋਲ ਜੈਕਾਰ, ਸਰਗੁਣ ਨਾਨਕ ਗਿਆ ਸਮਝਾਈਆ । ਗੋਬਿੰਦ ਸੂਰਾ ਬਣ ਲਿਖਾਰ, ਅੰਤਮ ਲੇਖਾ ਗਿਆ ਲਿਖਾਈਆ । ਮੇਰਾ ਭੱਥਾ ਤੀਰ ਕਮਾਨ, ਸੋਹੰ ਚਿੱਲਾ ਰੂਪ ਵਟਾਈਆ । ਮੇਰਾ ਰੂਪ ਨਿਰਾਕਾਰ, ਨਿਰੰਕਾਰ ਹੋਏ ਸਹਾਈਆ । ਮੇਰਾ ਪਿਤਾ ਪੂਤ ਉਜਿਆਰ, ਸ਼ਬਦੀ ਸੁਤ ਦਏ ਵਡਿਆਈਆ । ਏਕਾ ਨਾਉਂ ਕਰੇ ਉਜਿਆਰ, ਦੋ ਜਹਾਨਾਂ ਸੋਹਲਾ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਈਆ । ਲੱਖ ਚੁਰਾਸੀ ਹੋਏ ਪਨਿਹਾਰ, ਸੀਸ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭਿਖਾਰ, ਦਰ ਆਪਣੇ ਅਲੱਖ ਜਗਾਈਆ । ਤੇਰਾ ਨਾਉਂ ਵਡ ਬਲਕਾਰ, ਬਲ ਜਾਣੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਨਾਉਂ ਆਪ ਸਮਝਾਈਆ । ਆਦਿ ਅੰਤ ਨਾਉਂ ਅਗੰਮ, ਹਰਿ ਸਾਚਾ ਸਚ ਜਣਾਇੰਦਾ । ਹਰਿ ਕਾ ਨਾਉਂ ਨਾ ਪਏ ਜੰਮ, ਮਰਨ ਵਿਚ ਕਦੇ ਨਾ ਆਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੂਪ ਨਾ ਕੋਇ ਰਖਾਇੰਦਾ । ਮਾਇਆ ਮਮਤਾ ਨਾ ਕੋਇ ਤਮ, ਤ੍ਰਿਸਨਾ ਹਿਰਸ ਨਾ ਕੋਇ ਵਧਾਇੰਦਾ । ਨੱਕ ਮੂੰਹ ਨਾ ਕੋਇ ਕੰਨ, ਹੱਥ ਪੈਰ ਨਾ ਕੋਇ ਪਰਗਟਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਕੁੱਖ ਬਾਲ ਨਾ ਕੋਇ ਬਹਾਇੰਦਾ । ਖਾਵੇ ਪੀਵੇ ਨਾ ਕੋਈ ਪਾਣੀ ਅੰਨ, ਨਿਰਗੁਣ ਆਪਣੇ ਰੰਗ ਸਮਾਇੰਦਾ । ਕਰੇ ਵਸੇਰਾ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਧਾਰ ਵਖਾਇੰਦਾ । ਏਕਾ ਨਾਮ ਦੇਵੇ ਦਾਨ, ਦੋ ਜਹਾਨਾਂ ਵੰਡ ਵੰਡਾਇੰਦਾ । ਲੱਖ ਚੁਰਾਸੀ ਬਣੇ ਕਾਹਨ, ਗੋਪੀ ਕਾਹਨ ਆਪ ਪਰਨਾਇੰਦਾ । ਜੀਵ ਜੰਤ ਦਏ ਗਿਆਨ, ਅੰਧ ਅੰਧੇਰ ਮਿਟਾਇੰਦਾ । ਰਾਤੀ ਸੁੱਤਿਆਂ ਮਿਲੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਗਤ ਸੋਵਤ ਆਪਣਾ ਖੇਲ ਕਰਾਇੰਦਾ । ਸਾਚਾ ਨਾਮ ਕਦੇ ਨਾ ਸੋਇਆ, ਆਲਸ ਵਿਚ ਕਦੇ ਨਾ ਆਈਆ । ਆਦਿ ਜੁਗਾਦਿ ਕਦੇ ਨਾ ਰੋਇਆ, ਨੇਤਰ ਨੈਣ ਨਾ ਨੀਰ ਵਹਾਈਆ । ਹਰਿ ਕਾ ਨਾਮ ਭੇਵ ਨਾ ਜਾਣੇ ਕੋਆ, ਕੂਕ ਕੂਕ ਰਹੇ ਕੁਰਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੇਵੇ ਢੋਆ, ਧੁਰ ਦਰਬਾਰੀ ਲੈ ਕੇ ਆਈਆ । ਹਰਿ ਕਾ ਨਾਉਂ ਨਵਾਂ ਨਰੋਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਜਣਾਈਆ । ਏਕਾ ਨਾਉਂ ਅੰਤਮ ਧਾਰ, ਹਰਿ ਸਾਚਾ ਸਚ ਜਣਾਇੰਦਾ । ਏਕਾ ਨਾਉਂ ਜਗਤ ਪਸਾਰ, ਜੁਗ ਚੌਕੜੀ ਵੇਖ ਵਖਾਇੰਦਾ । ਏਕਾ ਨਾਉਂ ਸਿਫ਼ਤ ਸਾਲਾਹ ਵੇਦ ਚਾਰ, ਚਾਰੇ ਯੁਗ ਵੰਡ ਵੰਡਾਇੰਦਾ । ਏਕਾ ਨਾਉਂ ਚਾਰੇ ਖਾਣੀ ਚਾਰੇ ਬਾਣੀ ਭਰੇ ਭੰਡਾਰ, ਚਾਰ ਵਰਨ ਆਪ ਵਰਤਾਇੰਦਾ । ਏਕਾ ਨਾਉਂ ਲੱਖ ਚੁਰਾਸੀ ਸੁਰਤੀ ਵਰੇ ਨਾਰ ਭਤਾਰ, ਕੰਤ ਕੰਤੂਹਲ ਸੇਜ ਹੰਡਾਇੰਦਾ । ਏਕਾ ਨਾਉਂ ਜੁਗ ਜੁਗ ਮਾਰੇ ਮਾਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਏਕਾ ਨਾਉਂ ਸਤਿਜੁਗ ਸਾਚੇ ਕਰੇ ਪਿਆਰ, ਧਰਤ ਧਵਲ ਗੋਦ ਬਹਾਇੰਦਾ । ਏਕਾ ਨਾਉਂ ਕੂੜੀ ਕਿਰਿਆ ਕਰੇ ਖ਼ੁਆਰ, ਮਾਇਆ ਮਮਤਾ ਮੋਹ ਤੁੜਾਇੰਦਾ । ਏਕਾ ਨਾਉਂ ਸਚ ਸੁੱਚ ਕਰੇ ਵਣਜਾਰ, ਸਾਚਾ ਮਾਰਗ ਏਕਾ ਲਾਇੰਦਾ । ਏਕਾ ਨਾਉਂ ਨੌਂ ਖੰਡ ਪ੍ਰਿਥਮੀ ਦੇਵੇ ਹਾਰ, ਏਕਾ ਨਾਉਂ ਗੁਰਮੁਖ ਗੋਦੀ ਚੁੱਕ ਚੁੱਕ ਬਹਾਇੰਦਾ । ਏਕਾ ਨਾਉਂ ਵਸੇ ਅੰਧ ਅੰਧਿਆਰ, ਏਕਾ ਨਾਉਂ ਜੋਤੀ ਜੋਤ ਜੋਤ ਰੁਸ਼ਨਾਇੰਦਾ । ਏਕਾ ਨਾਉਂ ਦੋਹਾਂ ਵਿਚੋਲਾ ਬਣ ਸੰਸਾਰ, ਸਾਚਾ ਢੋਲਾ ਆਪੇ ਗਾਇੰਦਾ । ਏਕਾ ਨਾਉਂ ਤੋਲਾ ਤੋਲਣਹਾਰ, ਏਕਾ

ਕੰਡਾ ਹੱਥ ਉਠਾਇੰਦਾ । ਏਕਾ ਨਾਉਂ ਪਰਦਾ ਉਹਲਾ ਦਏ ਨਿਵਾਰ, ਕਾਇਆ ਚੋਲਾ ਇਕ ਬਦਲਾਇੰਦਾ । ਏਕਾ ਨਾਉਂ ਹੌਲਾ ਕਰੇ ਭਾਰ, ਧਰਨੀ ਧਰਤ ਧਵਲ ਵੰਡ ਵੰਡਾਇੰਦਾ । ਏਕਾ ਨਾਉਂ ਡੋਬੇ ਮੰਝਧਾਰ, ਡੂੰਘੇ ਸਾਗਰ ਪਾਰ ਨਾ ਕੋਇ ਕਰਾਇੰਦਾ । ਏਕਾ ਨਾਉਂ ਏਥੇ ਓਥੇ ਦੋ ਜਹਾਨਾਂ ਜਾਏ ਤਾਰ, ਤਾਰਨਹਾਰਾ ਇਕ ਹੋ ਜਾਇੰਦਾ । ਏਕਾ ਨਾਉਂ ਆਪਣੇ ਨਾਉਂ ਰੱਖੇ ਬੇਸ਼ੁਮਾਰ, ਸ਼ੁਮਾਰ ਵਿਚ ਕਿਸੇ ਨਾ ਆਇੰਦਾ । ਏਕਾ ਨਾਉਂ ਬਣਿਆ ਰਹੇ ਗੁਆਰ, ਘਰ ਘਰ ਧੱਕੇ ਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ । ਏਕਾ ਨਾਮ ਖਾਏ ਧੱਕਾ, ਕਲਜੁਗ ਅੰਤਮ ਦਏ ਦੁਹਾਈਆ । ਏਕਾ ਨਾਮ ਫਿਰ ਫਿਰ ਆਏ ਮਦੀਨਾ ਮੱਕਾ, ਹਾਜ਼ੀ ਹਜ਼ ਨਾ ਕੋਇ ਜਣਾਈਆ । ਏਕਾ ਨਾਉਂ ਵੇਖਣਹਾਰਾ ਭੈਣ ਭਾਈ ਸਕਾ, ਰੱਤੀ ਰੱਤ ਰੰਗ ਨਾ ਕੋਇ ਰੰਗਾਈਆ । ਏਕਾ ਨਾਉਂ ਆਦਿ ਜੁਗਾਦਿ ਕਰੇ ਖੇਲ ਠੰਡਾ ਤਤਾ, ਅਗਨੀ ਤਤ ਤਤ ਦਰਸਾਈਆ । ਏਕਾ ਨਾਉਂ ਦੇਵੇ ਬ੍ਰਹਮ ਮੱਤਾ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਏਕਾ ਨਾਉਂ ਕਰੇ ਹੇਤਾ ਹਿਤਾ, ਲੱਖ ਚੁਰਾਸੀ ਫਾਸੀ ਗਲ ਲਟਕਾਈਆ । ਏਕਾ ਨਾਉਂ ਸਚ ਸਮਗਰੀ ਕਰੇ ਇਕੱਠਾ, ਸਾਚੀ ਵਸਤ ਇਕ ਵਰਤਾਈਆ । ਏਕਾ ਨਾਉਂ ਮੂਰਖ ਮੂੜ੍ਹਾਂ ਅੱਗੇ ਢੱਠਾ, ਆਪਣਾ ਬਲ ਨਾ ਕੋਇ ਜਣਾਈਆ । ਏਕਾ ਨਾਉਂ ਗੁਰਮੁਖਾਂ ਅੰਦਰ ਵਸਾ, ਵਸ ਵਸ ਆਪਣੀ ਖ਼ੁਸ਼ੀ ਮਨਾਈਆ । ਏਕਾ ਨਾਉਂ ਮਨਮੁਖਾਂ ਕੋਲੋਂ ਨੱਸਾ, ਨਾ ਸਕੇ ਮੁਖ ਭੁਵਾਈਆ । ਏਕਾ ਨਾਉਂ ਮੇਟੇ ਰੈਣ ਅੰਧੇਰੀ ਮੱਸਾ, ਸਾਚਾ ਚੰਦ ਕਰੇ ਰੁਸ਼ਨਾਈਆ । ਏਕਾ ਨਾਉਂ ਤ੍ਰੈਗੁਣ ਮਾਇਆ ਅੰਦਰ ਫਸਾ, ਆਪਣਾ ਪਰਦਾ ਨਾ ਸਕੇ ਉਠਾਈਆ । ਏਕਾ ਨਾਉਂ ਪੁਰਖ ਅਬਿਨਾਸ਼ੀ ਗਾਏ ਜਸਾ, ਜਸ ਵੇਦ ਪੁਰਾਨ ਸਾਲਾਹੀਆ । ਏਕਾ ਨਾਉਂ ਪਾਰਬ੍ਰਹਮ ਤੇ ਹੋਵੇ ਖ਼ਫ਼ਾ, ਗ਼ੁੱਸਾ ਆਪਣਾ ਆਪ ਵਧਾਈਆ । ਏਕਾ ਨਾਉਂ ਸਚਖੰਡ ਦਵਾਰੇ ਬਹਿ ਬਹਿ ਹੱਸਾ, ਘਰ ਸਾਚੇ ਵੱਜੇ ਵਧਾਈਆ । ਏਕਾ ਨਾਉਂ ਡੂੰਘੀ ਕੰਦਰ ਢੱਠਾ, ਮੂੰਹ ਆਪਣਾ ਬੈਠਾ ਭੰਨਾਈਆ । ਏਕਾ ਨਾਉਂ ਮਿਲਿਆ ਮੇਲ ਪੁਰਖ ਸਮਰਥਾ, ਸਮਰਥ ਪੁਰਖ ਹੋਏ ਸਹਾਈਆ । ਏਕਾ ਨਾਉਂ ਸੱਥਰ ਘਤ ਕੇ ਸੁੱਤਾ, ਸੱਥਰ ਯਾਰ ਨਾ ਕੋਇ ਹੰਢਾਈਆ । ਏਕਾ ਨਾਉਂ ਕਲਜੁਗ ਅੰਤਮ ਹਰਿ ਜੂ ਕਰੇ ਪਰਗਟਾ, ਪਰਗਟ ਆਪਣਾ ਨਾਮ ਜਣਾਈਆ । ਆਤਮ ਪਰਮਾਤਮ ਗਾਏ ਸਾਚੀ ਕਥਾ, ਕਥਨੀ ਕਥ ਨਾ ਸਕੇ ਰਾਈਆ । ਬ੍ਰਹਮ ਪਾਰਬ੍ਰਹਮ ਨਾਤਾ ਜੁੜਾਇਆ ਪਿਤਾ ਪੂਤ ਏਕਾ ਪਿਆਰ ਬੱਧਾ, ਬੰਧਨ ਇਕੋ ਇਕ ਰਖਾਈਆ । ਸੋ ਪੁਰਖ ਨਿਰੰਜਣ ਦੇਵੇ ਸੱਦਾ, ਹੰ ਬ੍ਰਹਮ ਲਏ ਉਠਾਈਆ । ਸੋਹੰ ਰੂਪ ਪੁਰਖ ਅਕਾਲ ਆਪ ਜਣਾਏ ਆਪਣੀ ਮੱਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਨਾਮ ਵਡਿਆਈਆ । ਹਰਿ ਕਾ ਨਾਉਂ ਸੋਹੰ ਰੂਪ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇੰਦਾ । ਏਕਾ ਤਾਣਾ ਪੇਟਾ ਏਕਾ ਸੂਤ, ਏਕਾ ਤੰਦੀ ਤੰਦ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਆਪ ਦ੍ਰਿੜ੍ਹਾਇੰਦਾ । ਸਾਚਾ ਮੰਤਰ ਬ੍ਰਹਮ ਪਾਰਬ੍ਰਹਮ, ਆਤਮ ਪਰਮਾਤਮ ਰੰਗ ਰੰਗਾਈਆ । ਨਾ ਕੋਈ ਗੋਤ ਨਾ ਕੋਈ ਵਰਨ, ਜ਼ਾਤ ਪਾਤ ਨਾ ਕੋਇ ਰਖਾਈਆ । ਜਨ ਭਗਤਾਂ ਨੇਤਰ ਖੋਲ੍ਹੇ ਹਰਨ ਫਰਨ, ਨਿਜ ਫੁਰਨਾ ਦਏ ਸਮਝਾਈਆ । ਦਿਆਲ ਠਾਕਰ ਸਵਾਮੀ ਤਰਨੀ ਤਰਨ, ਤਾਰਨਹਾਰਾ ਫੇਰਾ ਪਾਈਆ । ਨਿਹਕਰਮੀ ਕਰੇ ਆਪਣਾ ਕਰਮ, ਕਰਮਕਾਂਡ ਦਏ ਗਵਾਈਆ । ਸਤਿਜੁਗ ਸਤਿ ਸਤਿਵਾਦੀ ਇਕ ਵਖਾਏ ਧਰਮ, ਅਧਰਮ ਰੂਪ ਨਾ ਕੋਇ ਜਣਾਈਆ । ਪੁਰਖ ਅਕਾਲ ਸਾਚੀ ਸਰਨ, ਸਰਨਗਤ ਇਕ ਸਮਝਾਈਆ । ਜੀਵ ਜੰਤ

੭੯੨ ੧੨

ਸਾਧ ਸੰਤ ਸੋਹੰ ਅੱਖਰ ਏਕਾ ਪੜ੍ਹਨ, ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਸਾਚੇ ਪੌੜੇ ਮੰਦਰ ਚੜ੍ਹਨ, ਚੜ੍ਹ ਚੜ੍ਹ ਸੋਭਾ ਪਾਈਆ । ਨਿਜ ਘਰ ਨਿਜ ਮੰਦਰ ਨਿਜ ਆਤਮ ਪਰਮਾਤਮ ਮਿਲੇ ਸਾਚੀ ਸਰਨ, ਸਰਨ ਮਿਲੇ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਦ੍ਰਿੜਾਈਆ । ਹੰ ਬ੍ਰਹਮ ਏਕਾ ਨਾਉਂ, ਆਤਮ ਪਰਮਾਤਮ ਮੇਲ ਮਿਲਾਇੰਦਾ । ਆਪ ਜਣਾਏ ਅਗੰਮ ਅਥਾਹੋ, ਅਲੱਖ ਅਗੋਚਰ ਪਰਦਾ ਲਾਹਿੰਦਾ । ਸਚ ਚਲਾਏ ਨੱਯਾ ਨਾਓ, ਨੌਕਾ ਇਕੋ ਇਕ ਰਖਾਇੰਦਾ । ਅੰਤ ਸਹਾਈ ਪਕੜੇ ਬਾਂਹੋਂ, ਫੜ ਬਾਂਹੋਂ ਪਾਰ ਕਰਾਇੰਦਾ । ਕਰੇ ਕਰਾਏ ਸਚ ਨਿਆਉਂ, ਸਾਚੇ ਤਖ਼ਤ ਆਸਣ ਲਾਇੰਦਾ । ਗੁਰਸਿਖ ਗੁਰਮੁਖ ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਸਰਬ ਜੀਆਂ ਪ੍ਰਭ ਏਕਾ ਪਿਤਾ ਮਾਉਂ, ਏਕਾ ਗੋਦ ਬਹਾਇੰਦਾ । ਰਸਨਾ ਜਿਹਵਾ ਗਾਓ ਨਾਉਂ, ਗੁਰ ਮੰਤਰ ਆਪ ਦ੍ਰਿੜਾਇੰਦਾ । ਆਤਮ ਪਰਮਾਤਮ ਮੇਲ ਮਿਲਾਓ, ਲੱਖ ਚੁਰਾਸੀ ਫੰਦ ਤੁੜਾਇੰਦਾ । ਪਾਰਬ੍ਰਹਮ ਬ੍ਰਹਮ ਇਕ ਘਰ ਵਸਾਓ, ਘਰ ਮੰਦਰ ਆਪ ਖੁਲ੍ਹਾਇੰਦਾ । ਜਸ ਕੀਰਤਨ ਸੋਹਲਾ ਏਕਾ ਗਾਓ, ਗਾਵਣਹਾਰਾ ਗੀਤ ਅਲਾਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਏਕਾ ਪਾਓ, ਦੂਜਾ ਦਰ ਨਾ ਮੰਗਣ ਜਾਇੰਦਾ । ਸਾਚਾ ਨਾਉਂ ਰਿਦੇ ਵਸਾਓ, ਵਸਿਆ ਨਾਉਂ ਬਾਹਰ ਨਾ ਕੋਇ ਕਢਾਇੰਦਾ । ਅਮਰਾਪਦ ਘਰ ਸਾਚੇ ਪਾਓ, ਪਦ ਚੌਥੇ ਆਪ ਬਹਾਇੰਦਾ । ਸੁੰਨ ਅਗੰਮ ਡੇਰਾ ਢਾਓ, ਏਕਾ ਰਾਹ ਚਲਾਇੰਦਾ । ਥਿਰ ਘਰ ਬਹਿ ਬਹਿ ਖ਼ੁਸ਼ੀ ਮਨਾਓ, ਸ਼ਬਦੀ ਸੁਤ ਮਿਲਾਇੰਦਾ । ਸਚਖੰਡ ਦਵਾਰੇ ਰੱਖੇ ਚਾਓ, ਚਾਓ ਘਨੇਰਾ ਇਕ ਵਖਾਇੰਦਾ । ਪੁਰਖ ਅਬਿਨਾਸ਼ੀ ਪਕੜੇ ਬਾਂਹੋਂ, ਜੋ ਜਨ ਸੋਹੰ ਢੋਲਾ ਗਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਉਂ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਇੰਦਾ । ਸਾਚਾ ਨਾਮ ਸੋਹੰ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਕਾਇਆ ਮੰਦਰ ਅੰਦਰ ਮਸੀਤ, ਮੁਸੱਲਾ ਹੱਕ ਹੱਕ ਵਿਛਾਈਆ । ਪੀਰ ਪੈਗ਼ੰਬਰ ਸੁਣਾਏ ਗੀਤ, ਏਕਾ ਅਲਫ਼ ਅਲਫ਼ ਪੜ੍ਹਾਈਆ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕ ਰਹੇ ਕੁਰਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵੰਤ ਰਾਹ ਤੱਕਣ ਠੀਕ, ਨੇਤਰ ਨੈਣ ਉਠਾਈਆ । ਕਲਜੁਗ ਅੰਤਮ ਪਰਗਟ ਹੋਵੇ ਲਾਸ਼ਰੀਕ, ਸਭ ਦੀ ਸਿਰਕਤ ਦਏ ਮਿਟਾਈਆ । ਆਪਣੇ ਹੱਥ ਰੱਖੇ ਤਰੀਕ, ਥਿਤ ਵਾਰ ਨਾ ਕਿਸੇ ਸਮਝਾਈਆ । ਨੈਣ ਉਠਾਏ ਬੀਸਨ ਬੀਸ, ਬੀਸ ਬੀਸ ਜਗਦੀਸ ਕੁੜਮਾਈਆ । ਛੱਤਰ ਝੁੱਲੇ ਪ੍ਰਭ ਸਾਚੇ ਸੀਸ, ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਇਕ ਹਦੀਸ, ਹਜ਼ਰਤ ਹਾਜ਼ਰ ਕਰੇ ਪੜ੍ਹਾਈਆ । ਲੇਖਾ ਜਾਣ ਰਾਗ ਛਤੀਸ, ਛੱਤੀ ਛੱਤੀ ਵੰਡ ਵੰਡਾਈਆ । ਭਗਤ ਭਗਵੰਤ ਰੱਖ ਉਡੀਕ, ਨੇਤਰ ਨੈਣ ਧਿਆਨ ਲਗਾਈਆ । ਅੰਤ ਨਿਭਾਏ ਸਚ ਪ੍ਰੀਤ, ਪ੍ਰੀਤੀਵਾਨ ਫੇਰਾ ਪਾਈਆ । ਹਰਿ ਕਾ ਨਾਉਂ ਆਦਿ ਜੁਗਾਦਿ ਜੁਗ ਚੌਕੜੀ ਲਏ ਜੀਤ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਦੇਵੇ ਦਾਨ, ਕਲਮਾ ਸੁਣਾਏ ਬੇਜ਼ਬਾਨ, ਜ਼ੇਰ ਜ਼ਬਰ ਨਾ ਕੋਇ ਰਖਾਈਆ ।

### ✳ ੨੧ ਭਾਦਰੋਂ ੨੦੧੯ ਬਿਕ੍ਰਮੀ ਬੁੱਗਰ ਸਿੰਘ ਦੇ ਗ੍ਰਿਹਿ ਬਰਗਾੜੀ ✳

ਭਗਤ ਭਗਵਾਨ ਖੇਲ ਮਹਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਭਗਤ ਭਗਵੰਤ ਦੇਵੇ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਭਗਤ ਭਗਵੰਤ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਵਖਾਇੰਦਾ । ਭਗਤ ਭਗਵੰਤ ਇਕ ਗਿਆਨ, ਬਿਨ ਅੱਖਰ ਆਪ ਪੜ੍ਹਾਇੰਦਾ । ਭਗਤ ਭਗਵੰਤ ਇਕ ਮਕਾਨ, ਦਰਗਹਿ ਸਾਚੀ ਧਾਮ ਵਖਾਇੰਦਾ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਭਗਤ ਭਗਵੰਤ ਇਕੋ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਭਗਤ ਭਗਵੰਤ ਇਕੋ ਸੇਜ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਭਗਤ ਭਗਵੰਤ ਇਕ ਮਰਦੰਗ, ਨਾਮ ਨਿਧਾਨਾ ਆਪ ਵਜਾਈਆ । ਭਗਤ ਭਗਵੰਤ ਏਕੋ ਸੰਗ, ਸਗਲਾ ਸੰਗ ਰਖਾਈਆ । ਭਗਤ ਭਗਵੰਤ ਇਕੋ ਮੰਗ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਭਗਤ ਭਗਵੰਤ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਭਗਤ ਭਗਵੰਤ ਏਕੋ ਗੰਢ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਭਗਤ ਭਗਵੰਤ ਇਕੋ ਛੰਦ, ਸੋਹੰ ਢੋਲਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਈਆ । ਭਗਤ ਭਗਵੰਤ ਇਕ ਮਹੱਲ, ਘਰ ਸਾਚਾ ਇਕ ਸੁਹਾਇੰਦਾ । ਭਗਤ ਭਗਵੰਤ ਸਚ ਸਨੇਹੁੜਾ ਦੇਵੇ ਘਲ, ਬੋਧ ਅਗਾਧ ਦ੍ਰਿੜਾਇੰਦਾ । ਭਗਤ ਭਗਵੰਤ ਆਤਮ ਪਰਮਾਤਮ ਰਲ, ਬ੍ਰਹਮ ਪਾਰਬ੍ਰਹਮ ਪਰਦਾ ਆਪ ਉਠਾਇੰਦਾ । ਭਗਤ ਭਗਵੰਤ ਦੂਈ ਦਵੈਤੀ ਮੇਟਣ ਸੱਲ, ਕੂੜੀ ਕਿਰਿਆ ਪੰਧ ਮੁਕਾਇੰਦਾ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਇੰਦਾ । ਭਗਤ ਭਗਵੰਤ ਏਕਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਭਗਤ ਭਗਵੰਤ ਸਦਾ ਅਤੀਤ, ਤ੍ਰੈਗੁਣ ਪੋਹ ਨਾ ਸਕੇ ਰਾਈਆ । ਭਗਤ ਭਗਵੰਤ ਵਸਣ ਦਰ ਠਾਂਡੇ ਸੀਤ, ਧੁਰ ਦਰਬਾਰੇ ਆਸਣ ਲਾਈਆ । ਭਗਤ ਭਗਵੰਤ ਖੇਲ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਭਗਤ ਭਗਵੰਤ ਏਕਾ ਗਾਉਣ ਸੁਹਾਗੀ ਗੀਤ, ਸੋਹੰ ਅੱਖਰ ਨਾਉਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਭਗਤ ਭਗਵੰਤ ਏਕਾ ਸੰਗ, ਸਗਲਾ ਸੰਗ ਨਿਭਾਈਆ । ਭਗਤ ਭਗਵੰਤ ਇਕ ਦੂਜੇ ਦੇ ਮੰਦਰ ਜਾਇਣ ਲੰਘ, ਲੰਘ ਲੰਘ ਆਪਣੀ ਖ਼ੁਸ਼ੀ ਮਨਾਈਆ । ਭਗਤ ਭਗਵੰਤ ਨਿਰਗੁਣ ਨੂਰ ਪਰਕਾਸ਼ ਕਰਨ ਸਾਚਾ ਚੰਦ, ਅੰਧ ਅੰਧੇਰ ਨਾ ਕੋਇ ਰਖਾਈਆ । ਭਗਤ ਭਗਵੰਤ ਪੰਚ ਵਿਕਾਰਾ ਕਰੇ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਭਗਤ ਭਗਵੰਤ ਸਾਚੀ ਦਾਤ ਦੇਵੇ ਵੰਡ, ਵਸਤ ਅਮੋਲਕ ਝੋਲੀ ਪਾਈਆ । ਭਗਤ ਭਗਵੰਤ ਸਦਾ ਬਖਸ਼ੰਦ, ਬਖ਼ਸ਼ਸ਼ ਏਕਾ ਗੁਣ ਜਣਾਈਆ । ਭਗਤ ਭਗਵੰਤ ਦੋ ਜਹਾਨਾਂ ਮੇਟੇ ਪੰਧ, ਆਵਣ ਜਾਵਣ ਦਏ ਮੁਕਾਈਆ । ਭਗਤ ਭਗਵੰਤ ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਗੰਢ ਏਕਾ ਨਾਮ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਭਗਤ ਭਗਵੰਤ ਸਚ ਨਿਸ਼ਾਨ, ਨਿਰਗੁਣ ਸਰਗੁਣ ਆਪ ਵਖਾਇੰਦਾ । ਭਗਤ ਭਗਵੰਤ ਗੋਪੀ ਕਾਹਨ, ਸਾਚੇ ਮੰਡਲ ਰਾਸ ਰਚਾਇੰਦਾ । ਭਗਤ ਭਗਵੰਤ ਮਿਲ ਮਿਲ ਗਾਣ, ਸਾਚੀ ਸਖ਼ੀ ਏਕਾ ਰਾਗ ਅਲਾਇੰਦਾ । ਭਗਤ ਭਗਵੰਤ ਕਰ ਪਹਿਚਾਨ, ਬੇਪਹਿਚਾਨ ਰੂਪ ਵਖਾਇੰਦਾ । ਭਗਤ ਭਗਵੰਤ ਕਰ ਪਰਧਾਨ, ਵਡ ਪਰਧਾਨਗੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਜਨ ਭਗਤਾਂ ਮੇਲ ਮਿਲਾਇੰਦਾ । ਭਗਤ ਭਗਵੰਤ ਸਾਚਾ ਮੇਲਾ, ਗ੍ਰਿਹਿ ਮਿਲ ਮਿਲ ਖ਼ੁਸ਼ੀ ਮਨਾਈਆ । ਭਗਤ ਭਗਵੰਤ ਗੁਰੂ ਗੁਰ ਚੇਲਾ, ਗੁਰ ਗੁਰ ਸਾਥ ਰਖਾਈਆ । ਭਗਤ ਭਗਵੰਤ ਸੱਜਣ ਸੁਹੇਲਾ, ਸਗਲਾ ਸੰਗ ਨਿਭਾਈਆ । ਭਗਤ ਭਗਵੰਤ ਸੁਹਾਏ ਵੇਲਾ, ਵਾਰ ਥਿਤ ਨਾ ਕੋਇ ਰਖਾਈਆ । ਭਗਤ ਭਗਵੰਤ ਲੱਖ ਚੁਰਾਸੀ ਨਾਲੋਂ ਵਸੇ ਧਾਮ ਨਿਵੇਲਾ, ਨਿਹਚਲ ਧਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵੰਤ ਸਚ ਮੁਨਾਰਾ, ਨਿਰਗੁਣ ਸਰਗੁਣ ਆਪ ਪਰਗਟਾਇੰਦਾ । ਭਗਤ ਭਗਵੰਤ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਭਗਤ ਭਗਵੰਤ ਠਾਂਡਾ ਦਰਬਾਰਾ, ਅਗਨੀ ਤਤ ਨਾ ਕੋਇ ਰਖਾਇੰਦਾ । ਭਗਤ ਭਗਵੰਤ ਇਕ ਜੈਕਾਰਾ, ਆਤਮ ਪਰਮਾਤਮ ਢੋਲਾ ਗਾਇੰਦਾ । ਭਗਤ ਭਗਵੰਤ ਇਕ ਸਹਾਰਾ, ਦੂਸਰ ਓਟ ਨਾ ਕੋਇ ਰਖਾਇੰਦਾ । ਭਗਤ ਭਗਵੰਤ ਇਕ ਦਵਾਰਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਭਗਤ ਭਗਵੰਤ ਇਕ ਸਿਤਾਰਾ, ਬਿਨ ਤੰਦੀ ਤੰਦ ਵਜਾਇੰਦਾ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵੰਤ ਕਾਇਆ ਚੋਲੀ, ਬਣ ਵਿਚੋਲਾ ਆਪ ਰੰਗਾਈਆ । ਭਗਤ ਭਗਵੰਤ ਚੁੱਕੇ ਡੋਲੀ, ਜਗਤ ਕਹਾਰ ਨਾ ਕੋਇ ਵਖਾਈਆ । ਭਗਤ ਭਗਵੰਤ ਬਣੇ ਗੋਲੀ, ਬਣ ਸੇਵਕ ਸੇਵ ਕਮਾਈਆ । ਭਗਤ ਭਗਵੰਤ ਰੁੱਤ ਏਕਾ ਮੌਲੀ, ਰੁੱਤ ਬਸੰਤੀ ਆਪ ਮਹਿਕਾਈਆ । ਭਗਤ ਭਗਵੰਤ ਉਲਟੀ ਕਰੇ ਨਾਭ ਕੌਲੀ, ਅੰਮ੍ਰਿਤ ਝਿਰਨਾ ਮੁਖ ਝਿਰਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੰਧਨ ਪਾਈਆ । ਭਗਤ ਭਗਵੰਤ ਏਕਾ ਬੰਧ, ਬੰਦੀਖਾਨਾ ਨਾ ਕੋਇ ਤੁੜਾਇੰਦਾ । ਭਗਤ ਭਗਵੰਤ ਇਕ ਅਨੰਦ, ਅਨੰਦ ਮੰਗਲ ਇਕ ਸੁਹਾਇੰਦਾ । ਭਗਤ ਭਗਵੰਤ ਕਦੇ ਨਾ ਦੇਵੇ ਕੰਡ, ਕਰਵਟ ਹਰਿ ਨਾ ਆਪ ਬਦਲਾਇੰਦਾ । ਭਗਤ ਭਗਵੰਤ ਨਿਰਗੁਣ ਸਰਗੁਣ ਚੜ੍ਹਾਏ ਸਾਚੇ ਚੰਦ, ਚੰਦ ਚਾਂਦਨੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਭਗਤ ਭਗਵੰਤ ਨੇਤਰ ਪੇਖ, ਨਿਜ ਨੇਤਰ ਦਏ ਵਖਾਈਆ । ਭਗਤ ਭਗਵੰਤ ਸਾਚਾ ਹੇਤ, ਨਿਤ ਨਵਿਤ ਵੇਸ ਵਟਾਈਆ । ਭਗਤ ਭਗਵੰਤ ਖੇਲੇ ਖੇਲ, ਲੱਖ ਚੁਰਾਸੀ ਖੇਲ ਵਖਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਰਾਹ ਚਲਾਈਆ । ਭਗਤ ਭਗਵੰਤ ਇਕੋ ਰਾਹ, ਰਹਿਬਰ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਇਕ ਸਲਾਹ, ਸਲਾਹਗੀਰ ਆਪ ਅਖਵਾਇੰਦਾ । ਭਗਤ ਭਗਵੰਤ ਇਕੋ ਨਾਂ, ਸੋਹੰ ਅੱਖਰ ਵੱਖਰ ਆਪ ਪੜ੍ਹਾਇੰਦਾ । ਭਗਤ ਭਗਵੰਤ ਇਕੋ ਪਿਤਾ ਇਕੋ ਮਾਂ, ਪੂਤ ਸਪੂਤਾ ਗੋਦ ਬਹਾਇੰਦਾ । ਭਗਤ ਭਗਵੰਤ ਇਕੋ ਥਾਂ, ਥਾਨ ਥਨੰਤਰ ਆਪ ਵਡਿਆਇੰਦਾ । ਭਗਤ ਭਗਵੰਤ ਪਕੜੇ ਬਾਂਹ, ਫੜ ਬਾਂਹੋਂ ਗਲੇ ਲਗਾਇੰਦਾ । ਭਗਤ ਭਗਵੰਤ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵੰਤ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਭਗਤ ਭਗਵੰਤ ਇਕੋ ਮੀਤ, ਹਰਿ ਸੱਜਣ ਵਡ ਵਡਿਆਈਆ । ਭਗਤ ਭਗਵੰਤ ਇਕੋ ਰੀਤ, ਰੀਤੀਵਾਨ ਇਕ ਹੋ ਜਾਈਆ । ਭਗਤ ਭਗਵੰਤ ਵਸੇ ਇਕ ਮਸੀਤ, ਕਾਇਆ ਮੰਦਰ ਸੋਭਾ ਪਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੭੯੬
੧੨

ਦੇਵਣਹਾਰ ਵਡ ਵਡਿਆਈਆ । ਭਗਤ ਭਗਵੰਤ ਏਕਾ ਓਟ, ਦੂਸਰ ਓਟ ਨਾ ਕੋਇ ਰਖਾਇੰਦਾ । ਭਗਤ ਭਗਵੰਤ ਏਕਾ ਜੋਤ, ਨਿਰਮਲ ਨੂਰ ਨੂਰ ਵਖਾਇੰਦਾ । ਭਗਤ ਭਗਵੰਤ ਏਕ ਕੋਟ, ਸਚਖੰਡ ਦਵਾਰ ਸੋਭਾ ਪਾਇੰਦਾ । ਭਗਤ ਭਗਵੰਤ ਓਤ ਪੋਤ, ਪਿਤਾ ਪੂਤ ਵੇਖ ਵਖਾਇੰਦਾ । ਭਗਤ ਭਗਵੰਤ ਇਕ ਦੂਜੇ ਉਤੇ ਹੋਣ ਮੋਹਿਤ, ਸਤਿ ਮੁਹੱਬਤ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਰਾਹ ਵਖਾਇੰਦਾ । ਭਗਤ ਭਗਵੰਤ ਡੂੰਘਾ ਸਾਗਰ, ਭੇਵ ਕੋਇ ਨਾ ਪਾਇੰਦਾ । ਭਗਤ ਭਗਵੰਤ ਇਕ ਦੂਜੇ ਦਾ ਕਰਨ ਆਦਰ, ਆਦਰਸ਼ ਇਕੋ ਨਜ਼ਰੀ ਆਇੰਦਾ । ਭਗਤ ਭਗਵੰਤ ਮੇਲਾ ਕਰਤਾ ਕਰੀਮ ਕਾਦਰ, ਮੁਰੀਦ ਮੁਰਸ਼ਦ ਰੰਗ ਚੜ੍ਹਾਇੰਦਾ । ਭਗਤ ਭਗਵੰਤ ਇਕੋ ਸਬਰ ਇਕੋ ਸਾਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਭਗਤ ਭਗਵੰਤ ਖੋਲ੍ਹੇ ਭੇਵ, ਪਰਦਾ ਆਪ ਉਠਾਈਆ । ਭਗਤ ਭਗਵੰਤ ਸਦਾ ਨਿਹਕੇਵ, ਨਿਹਚਲ ਧਾਮ ਡੇਰਾ ਲਾਈਆ । ਭਗਤ ਭਗਵੰਤ ਹੰ ਬ੍ਰਹਮ ਦੇਵੇ ਸਾਚਾ ਮੇਵ, ਸੋ ਪੁਰਖ ਨਿਰੰਜਣ ਫਲ ਖੁਆਈਆ । ਭਗਤ ਭਗਵੰਤ ਵਡ ਦੇਵੀ ਦੇਵ, ਦੇਵਤ ਸੁਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਭਗਵੰਤ ਸਚ ਸਮਾਜ, ਹਰਿ ਸਾਚਾ ਸਚ ਬਣਾਇੰਦਾ । ਭਗਤ ਭਗਵੰਤ ਰਚ ਰਚ ਕਾਜ, ਜੁਗਾ ਜੁਗੰਤਰ ਖੇਲ ਕਰਾਇੰਦਾ । ਭਗਤ ਭਗਵੰਤ ਮਾਰ ਆਵਾਜ਼, ਨਿਰਗੁਣ ਸਰਗੁਣ ਆਪ ਉਠਾਇੰਦਾ । ਭਗਤ ਭਗਵੰਤ ਦੇਵੇ ਦਾਦ, ਨਾਮ ਸਤਿ ਝੋਲੀ ਪਾਇੰਦਾ । ਭਗਤ ਭਗਵੰਤ ਚਲਾਏ ਜਹਾਜ਼, ਬੇੜਾ ਆਪਣੇ ਕੰਧ ਉਠਾਇੰਦਾ । ਭਗਤ ਭਗਵੰਤ ਖੇਲ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗੋਦ ਬਹਾਇੰਦਾ । ਭਗਤ ਭਗਵੰਤ ਰੱਖੇ ਲਾਜ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਭਗਵੰਤ ਸਾਜਣ ਸਾਜ, ਪੰਜ ਤਤ ਕਾਇਆ ਜੋੜ ਜੁੜਾਇੰਦਾ । ਭਗਤ ਭਗਵੰਤ ਆਤਮ ਪਰਮਾਤਮ ਸੁਣਾਏ ਰਾਗ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਭਗਤ ਭਗਵੰਤ ਕੰਤ ਸੁਹਾਗ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਰਾਹ ਵਖਾਇੰਦਾ । ਭਗਤ ਭਗਵੰਤ ਸਚ ਪਿਆਰ, ਪਰਮ ਪੁਰਖ ਆਪ ਜਣਾਈਆ । ਭਗਤ ਭਗਵੰਤ ਲੇਖੇ ਤੋੜੇ ਨੌਂ ਦਵਾਰ, ਨੌਂ ਰਸ ਨਾ ਕੋਇ ਵਡਿਆਈਆ । ਭਗਤ ਭਗਵੰਤ ਜਗਤ ਤ੍ਰਿਸਨਾ ਦੇਵੇ ਮਾਰ, ਤ੍ਰਿਸਨਾ ਲੋਭ ਨਾ ਕੋਇ ਹਲਕਾਈਆ । ਭਗਤ ਭਗਵੰਤ ਖੋਲ੍ਹੇ ਬੰਦ ਕਿਵਾੜ, ਜਗਤ ਅੰਧੇਰਾ ਦਏ ਮਿਟਾਈਆ । ਭਗਤ ਭਗਵੰਤ ਸੁਖਮਨ ਟੇਢੀ ਬੰਕ ਕਰੇ ਪਾਰ, ਈੜਾ ਪਿੰਗਲ ਮੂੰਹ ਦੇ ਭਾਰ ਸੁਟਾਈਆ । ਭਗਤ ਭਗਵੰਤ ਅਨਹਦ ਸ਼ਬਦ ਸੁਣਾਏ ਧੁੰਨਕਾਰ, ਅਨਹਦ ਰਾਗੀ ਰਾਗ ਅਲਾਈਆ । ਭਗਤ ਭਗਵੰਤ ਸਾਚੀ ਸਖ਼ੀਆਂ ਮੰਗਲਚਾਰ, ਬਹਿ ਬਹਿ ਗੀਤ ਗੋਬਿੰਦ ਅਲਾਈਆ । ਭਗਤ ਭਗਵੰਤ ਨਿਰਮਲ ਦੀਆ ਬਾਤੀ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਭਗਤ ਭਗਵੰਤ ਅੰਮ੍ਰਿਤ ਆਤਮ ਦੇਵੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਭਗਤ ਭਗਵੰਤ ਆਤਮ ਸੋਈ ਪਰਮਾਤਮ ਦਏ ਉਠਾਲ, ਸੁਰਤੀ ਸ਼ਬਦ ਕਰੇ ਕੁੜਮਾਈਆ । ਭਗਤ ਭਗਵੰਤ ਸਾਚਾ ਮਾਰਗ ਦਏ ਵਖਾਲ, ਹਰਿ ਮੰਦਰ ਕਰ ਰੁਸ਼ਨਾਈਆ । ਭਗਤ ਭਗਵੰਤ ਬਣ ਦਲਾਲ, ਸੁੰਨ ਅਗੰਮੀ ਪਾਰ ਕਰਾਈਆ । ਭਗਤ ਭਗਵੰਤ ਥਿਰ ਘਰ ਵਖਾਏ ਸਾਚੇ ਲਾਲ, ਪੂਤ ਸਪੂਤਾ ਉਂਗਲੀ ਲਾਈਆ । ਭਗਤ ਭਗਵੰਤ ਸਚਖੰਡ ਬਹਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਭਗਤ ਭਗਵੰਤ ਨਾਤਾ

੭੯੭
੧੨

ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੀ ਗੋਦ ਉਠਾਈਆ । ਭਗਤ ਭਗਵੰਤ ਹੱਲ ਕਰੇ ਸਵਾਲ, ਮਸਲਾ ਕੋਇ ਰਹਿਣ ਨਾ ਪਾਈਆ । ਭਗਤ ਭਗਵੰਤ ਇਕ ਜਲਾਲ, ਨੂਰੀ ਜਲਵਾ ਦਏ ਦਰਸਾਈਆ । ਭਗਤ ਭਗਵੰਤ ਇਕ ਮੁਕਾਮ ਮੁਕਾਮੇ ਹੱਕ ਕਰੇ ਰਸਾਈਆ । ਭਗਤ ਭਗਵੰਤ ਇਕ ਪੈਗ਼ਾਮ, ਸਚ ਸੰਦੇਸਾ ਇਕ ਸੁਣਾਈਆ । ਭਗਤ ਭਗਵੰਤ ਇਕ ਮਕਾਨ, ਸਚ ਮਕਾਨ ਇਕ ਵਡਿਆਈਆ । ਭਗਤ ਭਗਵੰਤ ਇਕ ਨਿਸ਼ਾਨ, ਏਥੇ ਓਥੇ ਦੋ ਜਹਾਨ ਝੁਲਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਲਏ ਮਿਲਾਈਆ । ਭਗਤ ਭਗਵੰਤ ਸਚ ਮਹੱਲਾ, ਪੁਰਖ ਅਬਿਨਾਸ਼ੀ ਇਕ ਰਖਾਇੰਦਾ । ਭਗਤ ਭਗਵੰਤ ਉਚ ਅਟੱਲਾ, ਊਚੋ ਊਚ ਡੇਰਾ ਲਾਇੰਦਾ । ਭਗਤ ਭਗਵੰਤ ਨਿਰਗੁਣ ਧਾਰ ਨਿਰਗੁਣ ਰੱਲਾ, ਸਰਗੁਣ ਨਾਤਾ ਤੋੜ ਤੁੜਾਇੰਦਾ । ਭਗਤ ਭਗਵੰਤ ਫੜਾਏ ਪੱਲਾ, ਫੜਿਆ ਪੱਲੂ ਛੁੱਟ ਨਾ ਜਾਇੰਦਾ । ਭਗਤ ਭਗਵੰਤ ਦੀਪਕ ਜੋਤੀ ਨੂਰ ਨੁਰਾਨਾ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਪੈਜ ਰਖਾਇੰਦਾ । ਜੁਗ ਜੁਗ ਭਗਤਾਂ ਪੈਜ ਰੱਖ, ਨਿਰਗੁਣ ਸਰਗੁਣ ਦਏ ਵਡਿਆਈਆ । ਪਤਿਪਰਮੇਸ਼ਵਰ ਹੋ ਪਰਤੱਖ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਸਦਾ ਸੁਹੇਲਾ ਕਰਦਾ ਆਇਆ ਪੱਖ, ਆਪ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਵੱਖਰਾ ਆਪਣਾ ਰਾਹ ਚਲਾਈਆ । ਆਤਮ ਪਰਮਾਤਮ ਮਾਰਗ ਦੱਸ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਲੋਕ ਪਰਲੋਕ ਚਰਨਾਂ ਹੇਠਾਂ ਝੱਸ, ਬ੍ਰਹਿਮੰਡ ਖੰਡ ਡੇਰਾ ਢਾਹੀਆ । ਲੋਆਂ ਪੁਰੀਆਂ ਪੰਧ ਮੁਕਾਏ ਨੱਠ ਨੱਠ, ਨਿਰਗੁਣ ਆਪਣਾ ਬਲ ਧਰਾਈਆ । ਭਗਤ ਭਗਵੰਤ ਕਰ ਇਕੱਠ, ਘਰ ਸਾਚੇ ਕਰੇ ਕੁੜਮਾਈਆ । ਸਤਿ ਸਰੂਪੀ ਗਾਏ ਜਸ, ਜਸ ਵੇਦ ਪੁਰਾਨ ਨਾ ਸਕਣ ਗਾਈਆ । ਅੰਤ ਮਿਲਾਵਾ ਨੱਸ ਨੱਸ, ਮਿਲ ਮਿਲ ਆਪਣੀ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਭਗਤ ਭਗਵੰਤ ਇਕੋ ਮੰਤਰ ਅੰਤਰ ਕਰੇ ਸਚ ਪੜ੍ਹਾਈਆ । ਭਗਤ ਭਗਵੰਤ ਇਕੋ ਮੰਤ, ਮੰਤਰ ਏਕਾ ਨਾਮ ਦ੍ਰਿੜਾਇੰਦਾ । ਭਗਤ ਭਗਵੰਤ ਇਕੋ ਬਣਤ, ਨਿਰਗੁਣ ਸਰਗੁਣ ਘੜ ਵਖਾਇੰਦਾ । ਭਗਤ ਭਗਵੰਤ ਇਕੋ ਨਾਰ ਇਕੋ ਕੰਤ, ਏਕਾ ਸੇਜ ਸੁਹਾਇੰਦਾ । ਭਗਤ ਭਗਵੰਤ ਚਾੜ੍ਹੇ ਰੰਗ ਬਸੰਤ, ਮਜੀਠੀ ਉਤਰ ਕਦੇ ਨਾ ਜਾਇੰਦਾ । ਭਗਤ ਭਗਵੰਤ ਇਕੋ ਪੰਡਤ, ਦੂਸਰ ਗੁਰੂ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਸਦਾ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਭਗਤ ਭਗਵੰਤ ਪਾਰ ਕਿਨਾਰਾ ਜੇਰਜ ਅੰਡਤ, ਉਤਭੁਜ ਸੇਤਜ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਕਰਤਾ ਪੁਰਖ ਕਰਨੇਹਾਰਾ, ਭਗਤ ਭਗਵੰਤ ਇਕ ਦਵਾਰਾ, ਦਰ ਦਰਵਾਜਾ ਆਪ ਖੁਲ੍ਹਾਇੰਦਾ । ਦਰ ਦਰਵਾਜ਼ਾ ਹਰਿ ਜੂ ਖੋਲ੍ਹ, ਭਗਵਨ ਭਗਤਨ ਆਪ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੋਲਦਾ ਆਇਆ ਤੋਲ, ਨਾਮ ਕੰਡਾ ਹੱਥ ਉਠਾਈਆ । ਸਚਖੰਡ ਦੁਆਰੇ ਬੈਠਾ ਰਹੇ ਅਡੋਲ, ਸਚ ਸਿੰਘਾਸਣ ਸੋਭਾ ਪਾਈਆ । ਸਤਿ ਸਤਿਵਾਦੀ ਨਿਸ਼ਅੱਖਰ ਏਕਾ ਬੋਲ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਧਰਮ ਦਵਾਰਾ ਦਰਗਹਿ ਸਾਚੀ ਏਕਾ ਖੋਲ੍ਹ, ਵਸਤ ਅਮੋਲਕ ਹੱਟ ਵਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਵਜਾਏ ਢੋਲ, ਮਰਦੰਗਾ ਏਕਾ ਹੱਥ ਉਠਾਈਆ । ਲੱਖ ਚੁਰਾਸੀ ਜਾਏ ਮੌਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਬੰਧਨ ਪਾਈਆ । ਭਗਤ ਭਗਵੰਤ

ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਪਰਗਟ ਹੋਏ ਉਪਰ ਧਰਨੀ ਧੌਲ, ਧਰਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਮੇਲ ਮਿਲਾਈਆ । ਭਗਤ ਭਗਵੰਤ ਇਕੋ ਆਸ, ਆਸਾ ਆਸਾ ਵਿਚ ਰਖਾਇੰਦਾ । ਭਗਤ ਭਗਵੰਤ ਬੁਝਾਏ ਪਿਆਸ, ਤ੍ਰਿਸਨਾ ਭੁੱਖ ਨਾ ਕੋਇ ਰਖਾਇੰਦਾ । ਭਗਤ ਭਗਵੰਤ ਜੋਤ ਪਰਕਾਸ਼, ਪਰਕਾਸ਼ ਇਕੋ ਨੂਰ ਧਰਾਇੰਦਾ । ਭਗਤ ਭਗਵੰਤ ਖੇਲ ਤਮਾਸ਼, ਖ਼ਾਲਕ ਖ਼ਲਕ ਨਾਚ ਨਚਾਇੰਦਾ । ਭਗਤ ਭਗਵੰਤ ਏਕੋ ਰਾਸ, ਗੋਪੀ ਕਾਹਨ ਰੂਪ ਵਟਾਇੰਦਾ । ਭਗਤ ਭਗਵੰਤ ਇਕੋ ਸ਼ਾਖ਼, ਪਤ ਡਾਲ੍ਹੀ ਆਪ ਮਹਿਕਾਇੰਦਾ । ਭਗਤ ਭਗਵੰਤ ਇਕੋ ਹਾਟ, ਸਾਚਾ ਹੱਟ ਇਕ ਚਲਾਇੰਦਾ । ਭਗਤ ਭਗਵੰਤ ਇਕੋ ਖਾਟ, ਸਾਚੀ ਖਾਟ ਡੇਰਾ ਲਾਇੰਦਾ । ਭਗਤ ਭਗਵੰਤ ਇਕੋ ਜ਼ਾਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਭਗਤ ਭਗਵੰਤ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਭਗਤ ਭਗਵੰਤ ਸਾਚਾ ਸਾਥ, ਸਤਿਗੁਰ ਸਗਲਾ ਸੰਗ ਨਿਭਾਇੰਦਾ । ਭਗਤ ਭਗਵੰਤ ਇਕੋ ਗਾਥ, ਗਾ ਗਾ ਸ਼ੁਕਰ ਮਨਾਇੰਦਾ । ਭਗਤ ਭਗਵੰਤ ਇਕੋ ਘਾਟ, ਏਕਾ ਪੱਤਣ ਡੇਰਾ ਲਾਇੰਦਾ । ਭਗਤ ਭਗਵੰਤ ਇਕੋ ਮਾਈ ਇਕੋ ਬਾਪ, ਏਕਾ ਪੂਤ ਸਪੂਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਆਪ ਤਰਾਇੰਦਾ । ਭਗਤ ਭਗਵੰਤ ਤਾਰੇ ਆਪ, ਆਪਣੀ ਦਇਆ ਕਮਾਈਆ । ਕੋਟ ਜਨਮ ਉਤਾਰੇ ਪਾਪ, ਦੁਰਮਤ ਮੈਲ ਧੁਆਈਆ । ਇਕ ਜਣਾਏ ਸਾਚਾ ਜਾਪ, ਬ੍ਰਹਮ ਪਾਰਬ੍ਰਹਮ ਸਮਝਾਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਅਗਨ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਰਿਹਾ ਸਮਝਾਈਆ । ਜੁਗ ਜੁਗ ਭਗਤਾਂ ਦੇਵੇ ਰਾਹ, ਏਕਾ ਰਾਹ ਜਣਾਇੰਦਾ । ਨਿਤ ਨਵਿਤ ਵੇਸ ਵਟਾ, ਨਿਰਗੁਣ ਸਰਗੁਣ ਪਰਦਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਥਾਉਂ ਥਾਂ, ਜੁਗ ਚੌਕੜੀ ਵੰਡ ਵੰਡਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਸਮਝਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੁਗ ਜੁਗ ਗੇੜਾ, ਹਰਿ ਏਕਾ ਏਕ ਜਣਾਈਆ । ਨਿਤ ਨਵਿਤ ਲੱਖ ਚੁਰਾਸੀ ਨਿਰਗੁਣ ਸਰਗੁਣ ਰਹੇ ਝੇੜਾ, ਝੰਝਟ ਸਕੇ ਨਾ ਕੋਇ ਮੁਕਾਈਆ । ਪੰਜ ਤਤ ਕਾਇਆ ਵਸੇ ਖੇੜਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਅੰਤਮ ਖ਼ਾਕੀ ਖ਼ਾਕ ਢਾਹੇ ਢੇਰਾ, ਖ਼ਾਕੀ ਖ਼ਾਕ ਖ਼ਾਕ ਸਮਾਈਆ । ਬਿਨ ਭਗਵੰਤ ਭਗਤ ਕੋਇ ਨਾ ਬੰਨ੍ਹੇ ਬੇੜਾ, ਮੰਝਧਾਰ ਨਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰਿਹਾ ਸਮਝਾਈਆ । ਭਗਤ ਭਗਵੰਤ ਦੇਵੇ ਦਾਦ, ਦਾਤਾ ਦਾਨੀ ਆਪ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖਣਾ ਯਾਦ, ਜੁਗ ਚੌਕੜੀ ਪਾਰ ਕਰਾਇੰਦਾ । ਜਿਸ ਨੇ ਰਚਨਾ ਰਚੀ ਆਦਿ, ਸੋ ਅੰਤਮ ਫੇਰਾ ਪਾਇੰਦਾ । ਸੋ ਪੁਰਖ ਨਿਰੰਜਣ ਖੇਲਣਹਾਰਾ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਆਪਣੇ ਰੰਗ ਰੰਗਾਇੰਦਾ । ਧੁਰਦਰਗਾਹੀ ਇਕ ਨਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪ ਸੁਣਾਇੰਦਾ । ਭਗਤ ਭਗਵਾਨ ਸੁਣਾਏ ਰਾਗ, ਅਨਰਾਗੀ ਆਪੇ ਗਾਈਆ । ਅੰਤਰ ਆਤਮ ਇਕ ਵੈਰਾਗ, ਵੈਰਾਗੀ ਆਪਣਾ ਭੇਵ ਚੁਕਾਈਆ । ਸ੍ਰਿਸ਼ਟ ਸਬਾਈ ਜਗਤ ਤਿਆਗ, ਤਿਆਗੀ ਵੰਡ ਵੰਡਾਈਆ । ਸੁਰਤ ਸੁਆਣੀ ਜਾਏ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਿਤ ਪੁਨੀਤ ਕਰਾਈਆ । ਨਿਰਗੁਣ ਸਰਗੁਣ ਬਣੇ ਸੱਜਣ ਸਾਕ, ਸਗਲ ਕੁਟੰਬ

ਛੁਡਾਈਆ । ਪੰਚ ਵਿਕਾਰਾ ਕਰੇ ਘਾਤ, ਘਾਓ ਇਕੋ ਨਾਮ ਲਗਾਈਆ । ਕਲਜੁਗ ਅੰਤਮ ਪੁਛੇ ਬਾਤ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਵੇਖਣਹਾਰਾ ਕਾਇਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤ ਭਗਵੰਤ ਚਾਉ ਘਨੇਰਾ, ਇਕੋ ਓਟ ਤਕਾਈਆ । ਭਗਤ ਭਗਵੰਤ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਭਗਤ ਭਗਵੰਤ ਨਾਤਾ ਤੁਟੇ ਸੰਝ ਸਵੇਰਾ, ਘੜੀ ਪਲ ਨਾ ਵੰਡ ਵੰਡਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰਿਹਾ ਸਮਝਾਈਆ । ਸਚ ਸੰਦੇਸਾ ਸੁਣ ਭਗਤ, ਪ੍ਰਭ ਅੱਗੇ ਸੀਸ ਝੁਕਾਈਆ । ਆਦਿ ਜੁਗਾਦਿ ਤੇਰੀ ਸ਼ਕਤ, ਸਖਸ਼ੀਅਤ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਬੂੰਦ ਰਕਤ, ਤੇਰੀ ਘਾੜਤ ਘੜਤ ਘੜਾਈਆ । ਆਤਮ ਪਰਮਾਤਮ ਤੇਰੀ ਹਰਕਤ, ਘਟ ਘਟ ਰਿਹਾ ਸਮਾਈਆ । ਬ੍ਰਹਮ ਸਰੂਪ ਤੇਰੀ ਬਰਕਤ, ਸਾਚੀ ਵਸਤ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਭਗਤ ਭਗਵੰਤ ਕਰੇ ਅਰਜ਼ੋਈ, ਪ੍ਰਭ ਇਕੋ ਆਸ ਰਖਾਈਆ । ਕਵਣ ਵੇਲਾ ਦੇਵੇਂ ਢੋਈ, ਲੋਕਮਾਤ ਫੇਰਾ ਪਾਈਆ । ਆਤਮ ਸੁਰਤੀ ਉਠੇ ਸੋਈ, ਆਲਸ ਨਿੰਦਰਾ ਨਾ ਕੋਇ ਰਖਾਈਆ । ਤੁਧ ਬਿਨ ਜੁਗੋ ਜੁਗ ਸਦਾ ਰਹੇ ਅਧਮੋਈ, ਜੀਵਣ ਜੁਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਲਏ ਮਿਲਾਈਆ । ਕਵਣ ਵੇਲਾ ਸੋਭਾਵੰਤ, ਕਵਣ ਘੜੀ ਮਿਲੇ ਵਡਿਆਈਆ । ਕਵਣ ਥਿਤ ਮਹਿਮਾ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਕਵਣ ਗ੍ਰਿਹ ਹਰਿ ਮਿਲੇ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਕਵਣ ਵਡਿਆਈ ਦੇਵੇ ਵਿਚ ਜੀਵ ਜੰਤ, ਜੀਵਣ ਜੁਗਤ ਦਏ ਸਮਝਾਈਆ । ਕਵਣ ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਦਏ ਖਪਾਈਆ । ਕਵਣ ਨਾਤਾ ਤੋੜੇ ਭੁੱਖ ਨੰਗਤ, ਭੁੱਖਿਆਂ ਨੰਗਿਆਂ ਅੰਗ ਲਗਾਈਆ । ਕਵਣ ਮਿਲਾਏ ਸਾਚੀ ਸੰਗਤ, ਸਗਲਾ ਸੰਗ ਨਿਭਾਈਆ । ਇਕ ਤੇਰੇ ਦਵਾਰੇ ਹੋਏ ਮੰਗਤ, ਦੂਜਾ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਸਾਚੇ ਘਰ ਵੱਜੇ ਵਧਾਈ, ਗ੍ਰਿਹ ਗ੍ਰਿਹ ਖ਼ੁਸ਼ੀ ਜਣਾਇੰਦਾ । ਕਲਜੁਗ ਅੰਤਮ ਕਰ ਕੁੜਮਾਈ, ਆਤਮ ਪਰਮਾਤਮ ਮੇਲ ਮਿਲਾਇੰਦਾ । ਭਗਤ ਭਗਵੰਤ ਵੇਖੇ ਥਾਉਂ ਥਾਈਂ, ਲੱਖ ਚੁਰਾਸੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਏਕੰਕਾਰਾ ਏਕਾ ਵਾਰ ਸੁਣਾਇੰਦਾ । ਸਚ ਸੰਦੇਸਾ ਸੁਣ ਸੱਜਣ, ਭਗਤ ਭਗਵਾਨ ਰਿਹਾ ਜਣਾਈਆ । ਕਲਜੁਗ ਅੰਤਮ ਆਵੇ ਪਰਦੇ ਕੱਜਣ, ਨਿਰਗੁਣ ਆਪਣਾ ਵੇਸ ਵਟਾਈਆ । ਇਕ ਦਵਾਰ ਕਰਾਏ ਸਾਚਾ ਮਜਣ, ਦੁਰਮਤ ਮੈਲ ਦਏ ਧੁਆਈਆ । ਲੱਖ ਚੁਰਾਸੀ ਭਾਂਡੇ ਭੱਜਣ, ਘੜਨ ਭੰਨਣਹਾਰ ਖੇਲ ਕਰਾਈਆ । ਜੀਵ ਜੰਤ ਸਾਧ ਸੰਤ ਤਨ ਖ਼ਾਕੀ ਮਾਟੀ ਚੋਲਾ ਤਜਣ, ਚੋਲੀ ਰੰਗ ਨਾ ਕੋਇ ਰੰਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬੀਰ ਬੈਤਾਲੇ ਨੱਚਣ, ਡੌਰੂ ਆਪਣੇ ਹੱਥ ਉਠਾਈਆ । ਮੂੜ ਮੁਗਧ ਅਵਾਣ ਤ੍ਰੈਗੁਣ ਅਗਨੀ ਮੱਚਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਭਗਤ ਭਗਵਾਨ ਘਰ ਸਾਚੇ ਵਸਣ, ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਨੱਠਣ, ਬਣ ਪਾਂਧੀ ਫੇਰਾ ਪਾਈਆ । ਪਾਰਬ੍ਰਹਮ ਘਰ ਸਾਚਾ ਤੱਕਣ, ਨੇਤਰ ਨੈਣ ਉਠਾਈਆ । ਫਿਰੇ ਦੁਹਾਈ ਮਦੀਨਾ ਮੱਕਣ, ਮਕਬਰਾ ਰੂਪ ਰਿਹਾ

ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਲਏ ਮਿਲਾਈਆ । ਭਗਤ ਭਗਵੰਤ ਦੱਸੇ ਹਾਲ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਲਜੁਗ ਅੰਤਮ ਆਵੇ ਦੀਨ ਦਿਆਲ, ਦੀਨਨ ਆਪਣਾ ਰੂਪ ਵਖਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਲੱਖ ਚੁਰਾਸੀ ਹੋਏ ਬੇਹਾਲ, ਧੀਰਜ ਧੀਰ ਨਾ ਕੋਇ ਧਰਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਤੇ ਕੂਕੇ ਕਾਲ, ਕਲਜੁਗ ਆਪਣਾ ਡੰਕ ਵਜਾਇੰਦਾ । ਸਚ ਦਿਸੇ ਨਾ ਕੋਇ ਮੰਦਰ ਮਸਜਿਦ ਮੱਠ ਸ਼ਿਵਦਵਾਲਾ ਧਰਮਸਾਲ, ਧਰਮ ਦਵਾਰਾ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਭੇਵ ਚੁਕਾਇੰਦਾ । ਭਗਤਨ ਹਰਿ ਜੂ ਭੇਵ ਚੁਕਾਉਣਾ, ਬੋਧ ਅਗਾਧਾ ਕਰੇ ਪੜ੍ਹਾਈਆ । ਕਲਜੁਗ ਅੰਤਮ ਡੇਰਾ ਢਾਹੁਣਾ, ਥਿਰ ਕੋਇ ਰਹਿਣ ਨਾ ਪਾਈਆ । ਪੂਰਬ ਲੇਖਾ ਪੂਰ ਕਰਾਉਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਾਚੇ ਮੰਦਰ ਆਸਣ ਲਾਉਣਾ, ਸਿੰਘਾਸਣ ਇਕੋ ਇਕ ਵਿਛਾਈਆ । ਧੁਰ ਫ਼ਰਮਾਣਾ ਹੁਕਮ ਜਣਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਤਖ਼ਤੋ ਲਾਹੁਣਾ, ਸੀਸ ਤਾਜ ਨਾ ਕੋਇ ਟਿਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਸ਼ਰਅ ਸ਼ਰੀਅਤ ਪੰਧ ਮੁਕਾਉਣਾ, ਲੋਕਮਾਤ ਨਜ਼ਰ ਨਾ ਆਈਆ । ਨੌਂ ਖੰਡ ਪ੍ਰਿਥਮੀ ਏਕਾ ਨਾਦ ਸ਼ਬਦ ਅਗੰਮੀ ਹਰਿ ਵਜਾਉਣਾ, ਬ੍ਰਹਿਮਾਦ ਕਰੇ ਪੜ੍ਹਾਈਆ । ਆਤਮ ਪਰਮਾਤਮ ਭੇਵ ਖੁਲ੍ਹਾਉਣਾ, ਅਨਭਵ ਪਰਕਾਸ਼ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਵਾਰੇ ਫੜ ਬਹਾਉਣਾ, ਏਕਾ ਆਪਣਾ ਬੰਧਨ ਪਾਈਆ । ਲੋਕਮਾਤ ਨਾ ਕਿਸੇ ਰਾਹ ਤਕਾਉਣਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਸਮਰਥ ਪੁਰਖ ਨਾਮ ਅਕੱਥ ਇਕ ਚਲਾਉਣਾ, ਦੋ ਜਹਾਨਾਂ ਰਥ ਵਖਾਈਆ । ਕੂੜੀ ਕਿਰਿਆ ਸੱਥਰ ਸਥ ਵਖਾਉਣਾ, ਸੱਥਰ ਯਾਰੜਾ ਇਕ ਵਡਿਆਈਆ । ਭਗਤ ਭਗਵੰਤ ਸਿਰ ਹੱਥ ਟਿਕਾਉਣਾ, ਦੇਵਣਹਾਰਾ ਮਾਣ ਵਡਿਆਈਆ । ਕਿਰਪਾਨਿਧ ਠਾਕਰ ਸਵਾਮੀ ਨਿਹਕਰਮੀ ਹਰਿਜਨ ਤੇਰਾ ਜਸ ਗਾਉਣਾ, ਗਾ ਗਾ ਰਾਗ ਅਲਾਈਆ । ਤੇਰਾ ਮੰਦਰ ਮਹੱਲ ਅਟੱਲ ਉਚ ਮੀਨਾਰ ਲੋਕਮਾਤ ਪਰਗਟਾਉਣਾ, ਪਰਗਟ ਆਪਣਾ ਰੰਗ ਰੰਗਾਈਆ । ਸਾਢੇ ਤਿੰਨ ਹੱਥ ਡੇਰਾ ਢਾਹੁਣਾ, ਰਵਿਦਾਸ ਚੁਮਾਰਾ ਦਏ ਗਵਾਈਆ । ਆਤਮ ਪਰਮਾਤਮ ਮੇਲ ਮਿਲਾਉਣਾ, ਬ੍ਰਹਮ ਪਾਰਬ੍ਰਹਮ ਕੁੜਮਾਈਆ । ਈਸ਼ ਜੀਵ ਗੰਢ ਪੁਆਉਣਾ, ਘਰ ਸਾਚੇ ਖ਼ੁਸ਼ੀ ਮਨਾਈਆ । ਸਚ ਸੁਗੰਧ ਇਕ ਵਖਾਉਣਾ, ਦੁਰਗੰਧੀ ਤਨ ਰਹਿਣ ਨਾ ਪਾਈਆ । ਜਗਤ ਘੁਮੰਡੀ ਡੇਰਾ ਢਾਹੁਣਾ, ਨਿਵਣ ਸੁ ਅੱਖਰ ਕਰੇ ਪੜ੍ਹਾਈਆ । ਭਗਤ ਭਗਵੰਤ ਏਕਾ ਸੇਜਾ ਸੌਣਾ, ਗਲਵਕੜੀ ਏਕਾ ਪਾਈਆ । ਪੁਰਖ ਅਕਾਲ ਇਕ ਮਨਾਉਣਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸੋਹੰ ਢੋਲਾ ਪੰਜ ਤਤ ਚੋਲਾ ਰੂਪ ਚੜ੍ਹਾਉਣਾ, ਰੰਗ ਰੰਗੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਏਕਾ ਘਰ, ਘਰ ਇਕੋ ਇਕ ਸੁਹਾਈਆ । ਭਗਤ ਮਿਲਾਵਾ ਏਕੋ ਏਕ, ਏਕੰਕਾਰਾ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਸਾਚੀ ਟੇਕ, ਹਰਿ ਪੁਰਖ ਨਿਰੰਜਣ ਆਸ ਰਖਾਇੰਦਾ । ਏਕੰਕਾਰਾ ਲਿਖਣਹਾਰਾ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਆਦਿ ਨਿਰੰਜਣ ਰਿਹਾ ਪੇਖ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਨਰ ਨਰੇਸ਼, ਸ਼ਾਹੋ ਭੂਪ ਸ਼ਹਿਨਸ਼ਾਹ ਆਪਣਾ ਹੁਕਮ ਚਲਾਇੰਦਾ । ਪਾਰਬ੍ਰਹਮ ਪ੍ਰਭ ਕਰੇ ਆਦੇਸ, ਦਰ ਦਰਵੇਸ਼ ਨਿਉਂ ਨਿਉਂ ਸੀਸ ਝੁਕਾਇੰਦਾ । ਬ੍ਰਹਮ ਵੇਤਾ ਬ੍ਰਹਮ ਨੇਤਾ ਬ੍ਰਹਮ ਹੇਤਾ

੮੦੧
੧੨

ਬ੍ਰਹਮ ਖੇਤਾ ਬ੍ਰਹਮ ਚੇਤਨ ਚੇਤਰਾ ਨਾ ਕਿਸੇ ਜਣਾਇੰਦਾ । ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਬੋਧ ਅਗਾਧ ਸ਼ਬਦ ਨਾਦ, ਗੁਰਦੇਵ ਮੰਤਰ ਸਤਿ ਸਤਿਵਾਦ ਦੇਵੇ ਦਾਦ, ਭਗਤ ਭਗਵੰਤ ਏਕੋ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਆਪੇ ਫੜ, ਫੜ ਆਪਣਾ ਨਾਮ ਮੇਲ ਮਿਲਾਇੰਦਾ । ਭਗਤ ਭਗਵੰਤ ਆਸਾ ਪੂਰ, ਪੂਰੀ ਆਸਾ ਅੰਤ ਕਰਾਈਆ । ਸੰਤ ਕੰਤ ਹਰਿ ਹਾਜ਼ਰ ਹਜ਼ੂਰ, ਏਕਾ ਨੂਰ ਦਰਸਾਈਆ । ਗੁਰਮੁਖਾਂ ਪੰਧ ਮੁਕਾਏ ਨੇੜਾ ਦੂਰ, ਦੂਰ ਦੁਰਾਡਾ ਭੇਵ ਚੁਕਾਈਆ । ਗੁਰਸਿਖਾਂ ਕਿਰਿਆ ਮੇਟੇ ਕੂੜੋ ਕੂੜ, ਸਚ ਸੁੱਚ ਇਕ ਦ੍ਰਿੜਾਈਆ । ਕਿਰਪਾ ਨਿਧ ਦੇਵਣਹਾਰਾ ਚਰਨ ਧੂੜ, ਸਚ ਸਵਾਮੀ ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਭਗਤ ਭਗਵੰਤ ਲਏ ਮਿਲਾਈਆ । ਭਗਤਨ ਮੀਤਾ ਹਰਿ ਕਰਤਾਰਾ, ਕਰਨੀ ਆਪ ਕਮਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸੰਬਲ ਵਸੇ ਧਾਮ ਨਿਆਰਾ, ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਦੋ ਜਹਾਨਾਂ ਜੈ ਜੈਕਾਰ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਗੰਮ ਅਥਾਹ ਅੰਤ ਕੋਇ ਨਾ ਆਇੰਦਾ । ਭਗਤ ਭਗਵਾਨ ਦੇ ਸਹਾਰਾ, ਨੌਬਤ ਵਜਾਏ ਨਾਮ ਨਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਨੌਬਤ ਨਾਮ ਵੱਜੇ ਮਰਦੰਗਾ, ਮਰਦ ਮਰਦਾਨਾ ਆਪ ਵਜਾਈਆ । ਸਾਹਿਬ ਸੁਲਤਾਨ ਸੂਰਾ ਸਰਬੰਗਾ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਪਾਰ ਕਿਨਾਰਾ ਵੇਖੇ ਕੰਢਾ, ਦੂਸਰ ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਏਕਾ ਏਕ ਜਣਾਈਆ । ਬਖ਼ਸ਼ਸ਼ ਕਰੇ ਹਰਿ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਰਸਨਾ ਜਿਹਵਾ ਸਾਚਾ ਗਾਣ, ਆਤਮ ਪਰਮਾਤਮ ਕਰੇ ਪੜ੍ਹਾਈਆ । ਸਰਬ ਜੀਆਂ ਦਾ ਸਾਚਾ ਨਾਤਾ, ਸੋਹੰ ਸ਼ਬਦ ਨਿਰਗੁਣ ਨਿਰਗੁਣ ਕਰ ਪਰਵਾਨ, ਪਰਵਾਨਾ ਸਰਗੁਣ ਆਪ ਫੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਚੌਕੜੀ ਆਪਣੀ ਖੇਲ ਵਖਾਈਆ ।

### ✳ ੨੧ ਭਾਦਰੋਂ ੨੦੧੯ ਬਿਕ੍ਰਮੀ ਬਰਗਾੜੀ ✳

ਭਗਤ ਭਗਵਾਨ ਸੁਹਾਏ ਬੰਕ, ਬੰਕ ਦਵਾਰੀ ਦਇਆ ਕਮਾਇੰਦਾ । ਭਗਤ ਭਗਵਾਨ ਵਖਾਏ ਅੰਕ, ਅੰਤਰ ਬੂਝ ਬੁਝਾਇੰਦਾ । ਭਗਤ ਭਗਵਾਨ ਦੇਵੇ ਮੰਤ, ਮੰਤਰ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਇੰਦਾ । ਭਗਤ ਭਗਵੰਤ ਨਿਰਗੁਣ ਵੇਸ, ਸਰਗੁਣ ਬੂਝ ਬੁਝਾਈਆ । ਭਗਤ ਭਗਵੰਤ ਵਸੇ ਸਾਚੇ ਦੇਸ, ਦੇਸ ਇਕੋ ਇਕ ਵਡਿਆਈਆ । ਭਗਤ ਭਗਵੰਤ ਰਹੇ ਹਮੇਸ਼, ਸਦਾ ਸਦਾ ਰੁਸ਼ਨਾਈਆ । ਭਗਤ ਭਗਵੰਤ ਇਕੋ ਰੇਖ, ਰੇਖ ਭੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭਗਤ ਭਗਵਾਨ ਏਕਾ ਨੂਰ ਵਖਾਈਆ । ਭਗਤ ਭਗਵਾਨ ਇਕੋ ਹੱਦ, ਹੱਦ ਆਪਣੀ ਆਪ ਜਣਾਇੰਦਾ । ਭਗਤ ਭਗਵਾਨ ਇਕੋ ਯੱਦ, ਜੁਗ ਜੁਗ ਬੰਸ ਸੁਹਾਇੰਦਾ । ਭਗਤ ਭਗਵਾਨ ਇਕੋ ਸੱਦ, ਹਰਿ ਸੱਦਾ ਨਾਮ ਅਲਾਇੰਦਾ । ਭਗਤ ਭਗਵਾਨ ਇਕੋ ਮਦਿ, ਪ੍ਰੇਮ ਪਿਆਲਾ ਰਸ ਚਖਾਇੰਦਾ । ਭਗਤ ਭਗਵਾਨ ਲਡਾਏ ਲਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਭਗਤ ਭਗਵਾਨ ਏਕਾ ਬਸਤਰ, ਤਨ ਮਾਟੀ ਖ਼ਾਕ ਨਾ ਕੋਇ ਰੰਗਾਈਆ । ਭਗਤ ਭਗਵਾਨ ਏਕਾ ਸ਼ਸਤਰ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਭਗਤ ਭਗਵਾਨ ਏਕਾ ਅਸਤਰ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਏਕਾ ਮੰਤਰ, ਮਤ ਭੇਦ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਭਗਤ ਭਗਵਾਨ ਏਕਾ ਜੋਗ, ਜੁਗਤੀ ਆਪਣੇ ਹੱਥ ਰਖਾਇੰਦਾ । ਭਗਤ ਭਗਵਾਨ ਇਕ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਭਗਤ ਭਗਵੰਤ ਇਕ ਰੋਗ, ਦੀਰਘ ਰੋਗ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵੰਤ ਇਕ ਸਾਚੀ ਸੋਚ, ਸੋਚ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਭਗਵਾਨ ਵੇਖਣ ਆਇਆ, ਵਾਹਵਾ ਵੱਜੇ ਸਚ ਵਧਾਈਆ । ਤ੍ਰੈਗੁਣ ਝੂਠੀ ਮੇਟੇ ਮਾਇਆ, ਮਾਇਆ ਮਮਤਾ ਮੋਹ ਤੁੜਾਈਆ । ਸੇਵਾ ਕਰੇ ਵਡ ਦਾਈ ਦਾਇਆ, ਸੇਵਕ ਆਪਣਾ ਨਾਉਂ ਰਖਾਈਆ । ਸੀਸ ਜਗਦੀਸ ਰੱਖੇ ਛਾਇਆ, ਛਹਿਬਰ ਆਪਣੇ ਨਾਮ ਲਗਾਈਆ । ਕਰੇ ਕਰਾਏ ਜੋ ਮਨ ਭਾਇਆ, ਗੁਰਸਿਖ ਮਨ ਮਨਸਾ ਵਿਚ ਖਪਾਈਆ । ਆਪਣਾ ਤਨ ਨਾ ਕੋਇ ਰਖਾਇਆ, ਤਨ ਭਗਤ ਦਏ ਵਡਿਆਈਆ । ਆਪਣਾ ਕੰਨ ਨਾ ਕੋਇ ਜਣਾਇਆ, ਜਨ ਭਗਤਾਂ ਕੰਨ ਆਪਣਾ ਰਾਗ ਅਲਾਈਆ । ਆਪਣਾ ਬੇੜਾ ਨਾ ਕੋਇ ਬੰਨ੍ਹਾਇਆ, ਜਨ ਭਗਤਾਂ ਬੇੜਾ ਪਾਰ ਕਰਾਈਆ । ਆਪਣਾ ਮੰਦਰ ਨਾ ਕੋਇ ਸੁਹਾਇਆ, ਜਨ ਭਗਤਾਂ ਮੰਦਰ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕ ਵਡਿਆਈਆ । ਇਕ ਵਡਿਆਈ ਹਰਿ ਭਗਤ, ਭਗਵਨ ਆਪ ਜਣਾਇੰਦਾ । ਮਾਣ ਰਖਾਏ ਸ੍ਰਿਸ਼ਟ ਜਗਤ, ਜੀਵਨ ਜੁਗਤ ਜਣਾਇੰਦਾ । ਲੇਖੇ ਲਾਏ ਬੂੰਦ ਰਕਤ, ਰੱਤੀ ਰੱਤ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਬੂਝ ਬੁਝਾਇੰਦਾ । ਭਗਤ ਭਗਵਾਨ ਬੂਝੇ ਬੂਝ, ਭੇਵ ਅਭੇਦ ਖੁਲ੍ਹਾਈਆ । ਭੇਵ ਚੁਕਾਏ ਏਕਾ ਦੂਜ, ਦਵੈਤੀ ਰੂਪ ਨਜ਼ਰ ਨਾ ਆਈਆ । ਆਤਮ ਪਰਮਾਤਮ ਦੇਵੇ ਸੂਝ, ਸਚ ਸੁੱਚ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਖੇਲ ਨਿਰਗੁਣ ਵੇਖ ਵਖਾਈਆ ।

### ✳ ੨੧ ਭਾਦਰੋਂ ੨੦੧੯ ਬਿਕ੍ਰਮੀ ਬਿਕਰ ਸਿੰਘ ਦੇ ਗ੍ਰਿਹਿ ਜੈਤੋ ਜ਼ਿਲਾ ਬਠਿੰਡਾ ✳

ਆਦਿ ਜੁਗਾਦੀ ਇਕ ਸੁਲਤਾਨ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਵਸਣਹਾਰਾ ਸਚਖੰਡ ਮਕਾਨ, ਦਰਗਹਿ ਸਾਚੀ ਆਸਣ ਲਾਇੰਦਾ । ਸਤਿ ਝੁਲਾਏ ਇਕ ਨਿਸ਼ਾਨ, ਸੋ ਪੁਰਖ ਨਿਰੰਜਣ ਹੱਥ ਉਠਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਮਹਿਮਾ ਕਥ ਨਾ ਕੋਇ ਸੁਣਾਇੰਦਾ ।

੮੦੨
੧੨

੮੦੩
੧੨

ਏਕੰਕਾਰ ਵਡ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇਵਣਹਾਰਾ ਦਾਨ, ਦਾਤਾ ਦਾਨੀ ਵੇਸ ਵਟਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਖੇਲ੍ਹਣਹਾਰਾ ਨਜ਼ਰ ਨਾ ਆਇੰਦਾ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਸਤਿ ਸਤਿਵਾਦੀ ਸਤਿ ਗਿਆਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਸ਼ਾਹ ਪਾਤਸ਼ਾਹ ਹਰਿ ਰਾਜਨ ਰਾਜਾ, ਭੂਪਤ ਭੂਪ ਵਡੀ ਵਡਿਆਈਆ । ਜੁਗਾ ਜੁਗੰਤਰ ਰਚ ਰਚ ਕਾਜਾ, ਹਰਿ ਵੇਖੇ ਥਾਉਂ ਥਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਜਨ ਸਾਜਾ, ਸ਼ਬਦੀ ਘਾੜਤ ਘੜਤ ਘੜਾਈਆ । ਤ੍ਰੈ ਪੰਜ ਦੇਵਣਹਾਰਾ ਦਾਜਾ, ਵਸਤ ਅਮੋਲਕ ਝੋਲੀ ਪਾਈਆ । ਨਾਦ ਅਨਾਦੀ ਅਗੰਮੀ ਵਾਜਾ, ਬਿਨ ਤੰਦੀ ਤਾਰ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਹਿਨਸ਼ਾਹ ਇਕ ਵਡ ਵਡਿਆਈਆ । ਸ਼ਹਿਨਸ਼ਾਹ ਹਰਿ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚਖੰਡ ਨਿਵਾਸੀ ਸਾਚਾ ਖੇਲ੍ਹ ਦਵਾਰਾ, ਸਾਚੇ ਤਖ਼ਤ ਆਸਣ ਲਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਸ਼ਬਦ ਸੁਤ ਨਾਲ ਪਿਆਰਾ, ਅਬਿਨਾਸ਼ੀ ਅਚੁੱਤ ਰੰਗ ਚੜ੍ਹਾਇੰਦਾ । ਨਿਰਗੁਣ ਨਿਰਗੁਣ ਵਡ ਭੰਡਾਰਾ, ਦੇਵਣਹਾਰਾ ਵਸਤ ਥਾਰਾ, ਥਿਰ ਘਰ ਸਾਚੇ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਹੁਕਮ ਚਲਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਨਾਨਕ ਨਿਰਗੁਣ ਆਪ ਜਣਾਈਆ । ਸਚ ਸੰਦੇਸਾ ਨੌਜਵਾਨ, ਨੌਬਤ ਆਪਣੇ ਨਾਉਂ ਜਣਾਈਆ । ਮੁਕਾਮੇ ਹੱਕ ਬਣ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਸਾਚੀ ਵਡਿਆਈ ਰੱਖੇ ਹੱਥ, ਹਰਿ ਸਤਿਗੁਰ ਖੇਲ ਕਰਾਇੰਦਾ । ਸਾਚਾ ਮਾਰਗ ਏਕਾ ਦੱਸ, ਵਿਸ਼ਨ ਬ੍ਰਹਮਾ ਸ਼ਿਵ ਰਾਹ ਚਲਾਇੰਦਾ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਨੂਰੋ ਨੂਰ ਡਗਮਗਾਇੰਦਾ । ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਧਾਰ ਚਲਾਇੰਦਾ । ਲੱਖ ਚੁਰਾਸੀ ਇਕੋ ਖ਼ਾਹਸ਼, ਖ਼ਾਲੀ ਭੰਡਾਰੇ ਆਪ ਭਰਾਇੰਦਾ । ਕਰ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਹਰਿ ਲਾ, ਨਿਰਗੁਣ ਸਰਗੁਣ ਧਾਰ ਚਲਾਈਆ । ਲੱਖ ਚੁਰਾਸੀ ਜੋੜ ਜੁੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਬੰਧਨ ਪਾਈਆ । ਪੰਜ ਤਤ ਮੇਲਾ ਸਹਿਜ ਸੁਭਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਏਕਾ ਘਰ ਵਸਾਈਆ । ਸਾਚਾ ਮੰਦਰ ਦਏ ਸੁਹਾ, ਸੋਹਬਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਏਕਾ ਗਾਈਆ । ਧੁਰ ਸੰਦੇਸਾ ਗਾਏ ਗੀਤ, ਗਾਵਣਹਾਰਾ ਇਕ ਅਖਵਾਇੰਦਾ । ਸਚਖੰਡ ਨਿਵਾਸੀ ਹਰਿ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਆਦਿ ਚਲਾਈ ਏਕਾ ਰੀਤ, ਅੰਤ ਆਪਣੇ ਹੱਥ ਰਖਾਇੰਦਾ । ਵਸਣਹਾਰਾ ਹਸਤ ਕੀਟ, ਘਰ ਘਰ ਆਪਣਾ ਡੇਰਾ ਲਾਇੰਦਾ । ਨਾਮ ਅਗੰਮੀ ਇਕ ਅਨਡੀਠ, ਅਗੰਮ ਅਗੰਮੜਾ ਆਪ ਸੁਣਾਇੰਦਾ । ਵਸਣਹਾਰਾ ਚੇਤਨ ਚੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਏਕਾ ਹੁਕਮ ਵਰਤਾਇੰਦਾ । ਸਾਚਾ ਹੁਕਮ ਆਦਿ ਜੁਗਾਦਿ, ਜੁਗ ਕਰਤਾ ਆਪ ਵਰਤਾਈਆ । ਸਾਚਾ ਹੁਕਮ ਅਗੰਮੀ ਨਾਦ,

ਨਰ ਨਿਰੰਕਾਰਾ ਆਪ ਸੁਣਾਈਆ । ਸਾਚਾ ਹੁਕਮ ਬੋਧ ਅਗਾਧ, ਲਿਖਣ ਪੜ੍ਹਨ ਵਿਚ ਨਾ ਆਈਆ । ਖੇਲੇ ਖੇਲ ਵਿਚ ਬ੍ਰਹਿਮਾਦ, ਪਾਰਬ੍ਰਹਮ ਆਪਣੀ ਬੂਝ ਬੁਝਾਈਆ । ਸਾਚਾ ਹੁਕਮ ਲੋਆਂ ਪੁਰੀਆਂ ਦੇਵੇ ਦਾਦ, ਸੂਰਜ ਚੰਦ ਚੰਦ ਸਮਝਾਈਆ । ਸਾਚਾ ਹੁਕਮ ਸਚ ਨਿਸ਼ਾਨਾ ਦੇਵੇ ਗਾਡ, ਦੋ ਜਹਾਨਾਂ ਆਪ ਝੁਲਾਈਆ । ਸਾਚਾ ਹੁਕਮ ਜੁਗ ਜੁਗ ਲਡਾਏ ਲਾਡ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਆਦਿ ਨਿਰੰਜਣ, ਆਦਿ ਆਦਿ ਜਣਾਇੰਦਾ । ਕਰੇ ਖੇਲ ਦਰਦ ਦੁੱਖ ਭੈ ਭੰਜਣ, ਭੈ ਭਓ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਬਣ ਬਣ ਸੱਜਣ, ਸਗਲਾ ਸੰਗ ਨਿਭਾਇੰਦਾ । ਆਤਮ ਪਰਮਾਤਮ ਏਕਾ ਮਜਣ, ਸਰ ਸਰੋਵਰ ਇਕ ਵਖਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਮਾਰਗ ਆਏ ਦੱਸਣ, ਭੇਵ ਅਭੇਦ ਖੁਲ੍ਹਾਇੰਦਾ । ਪੰਜ ਤਤ ਕਾਇਆ ਆਏ ਵਸਣ, ਸਚ ਵਸੇਰਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਰੰਗ ਵਖਾਇੰਦਾ । ਸ਼ਹਿਨਸ਼ਾਹ ਹਰਿ ਸਾਚਾ ਰੰਗ, ਰੰਗ ਰੰਗੀਲਾ ਆਪ ਵਖਾਈਆ । ਆਪੇ ਡੋਰ ਆਪ ਪਤੰਗ, ਆਪੇ ਵੇਖੇ ਚਾਈਂ ਚਾਈਂਆ । ਆਪੇ ਨਾਦ ਆਪ ਮਰਦੰਗ, ਆਪੇ ਸੋਹਲਾ ਰਿਹਾ ਗਾਈਆ । ਆਪੇ ਸੂਰਬੀਰ ਸਰਬੰਗ, ਬਲ ਆਪਣਾ ਆਪ ਵਖਾਈਆ । ਆਪੇ ਵਸਣਹਾਰਾ ਜੇਰਜ ਅੰਡ, ਉਤਭੁਜ ਸੇਤਜ ਰਿਹਾ ਸਮਾਈਆ । ਆਪੇ ਚਾਰੇ ਖਾਣੀ ਸੁਣਾਏ ਛੰਦ, ਚਾਰੇ ਬਾਣੀ ਰਾਗ ਅਲਾਈਆ । ਆਪੇ ਜਾਣੇ ਪਰਮਾਨੰਦ, ਪਰਮ ਪੁਰਖ ਵਡੀ ਵਡਿਆਈਆ । ਆਪੇ ਨਾਮ ਖ਼ਜਾਨਾ ਦੇਵੇ ਵੰਡ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਹੁਕਮ ਰਜ਼ਾਈਆ । ਸਾਚਾ ਹੁਕਮ ਏਕਾ ਏਕ, ਏਕੰਕਾਰਾ ਆਪ ਜਣਾਇੰਦਾ । ਜੁਗਾ ਜੁਗੰਤਰ ਸਾਚੀ ਟੇਕ, ਦੋ ਜਹਾਨਾਂ ਆਪ ਰਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਦਲੇ ਭੇਖ, ਭੇਖੀ ਆਪਣਾ ਰੂਪ ਵਟਾਇੰਦਾ । ਨਾ ਕੋਈ ਰੂਪ ਰੰਗ ਨਾ ਦਿਸੇ ਰੇਖ, ਰੇਖਾ ਸਭ ਦੀ ਆਪ ਬਦਲਾਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਕੋਇ ਮੁੰਡਾਇੰਦਾ । ਹੁਕਮੇ ਅੰਦਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਧੁਰ ਫ਼ਰਮਾਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਹੁਕਮੇ ਅੰਦਰ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਹੁਕਮੇ ਅੰਦਰ ਖੇਲ ਜੁਗ ਚਾਰ, ਜੁਗ ਚੌਕੜੀ ਬੰਧਨ ਪਾਈਆ । ਹੁਕਮੇ ਅੰਦਰ ਗੁਰ ਅਵਤਾਰ, ਗੁਰ ਸ਼ਬਦੀ ਨਾਉਂ ਵਡਿਆਈਆ । ਹੁਕਮੇ ਅੰਦਰ ਬੋਲ ਜੈਕਾਰ, ਨਾਉਂ ਨਿਰੰਕਾਰਾ ਦਏ ਸਮਝਾਈਆ । ਹੁਕਮੇ ਅੰਦਰ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਹੁਕਮੇ ਅੰਦਰ ਮਹੱਲ ਅਟੱਲ ਲਏ ਉਸਾਰ, ਊਚੋ ਊਚ ਆਸਣ ਲਾਈਆ । ਹੁਕਮੇ ਅੰਦਰ ਜਲ ਥਲ ਮਹੀਅਲ ਪਾਵੇ ਸਾਰ, ਹੁਕਮੇ ਅੰਦਰ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਰਿਹਾ ਸਮਾਈਆ । ਹੁਕਮੇ ਅੰਦਰ ਲੱਖ ਚੁਰਾਸੀ ਕਾਇਆ ਚੋਲਾ ਦੇਵੇ ਪਾੜ, ਹੁਕਮੇ ਅੰਦਰ ਲੱਖ ਚੁਰਾਸੀ ਰਿਹਾ ਉਪਾਈਆ । ਹੁਕਮੇ ਅੰਦਰ ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਸਰਬ ਲੋਕਾਈਆ । ਹੁਕਮੇ ਅੰਦਰ ਬਣ ਬਣ ਦਾਸੀ ਦਾਸ, ਸੇਵਕ ਸੇਵਾ ਸਚ ਕਮਾਈਆ । ਹੁਕਮੇ ਅੰਦਰ ਜੁਗ ਜੁਗ ਰੱਖੇ ਆਸ, ਨਿਰਾਸਾ ਆਪਣੀ ਆਪ ਪਰਗਟਾਈਆ । ਹੁਕਮੇ ਅੰਦਰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਚਲਾਈਆ । ਹੁਕਮੇ ਅੰਦਰ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਹੁਕਮੇ ਅੰਦਰ ਵਾਸਾ ਦਸ ਦਸ ਮਾਸ, ਮਾਤ ਗਰਭ ਸੇਜ ਹੰਢਾਈਆ ।

ਹੁਕਮੇ ਅੰਦਰ ਖੇਲ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਰਿਹਾ ਸਮਾਈਆ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਹੁਕਮੇ ਅੰਦਰ ਕਰਨੀ ਕਰਤਾ ਕਰੇ ਕਰਤਾਰਾ, ਕੁਦਰਤ ਕਾਦਰ ਖੇਲ ਕਰਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਧਾਰਾ, ਸਰਗੁਣ ਆਪਣਾ ਰੰਗ ਵਖਾਇੰਦਾ । ਹੁਕਮੇ ਅੰਦਰ ਗੁਰ ਅਵਤਾਰਾ, ਗੁਰ ਗੁਰ ਬੂਝ ਬੁਝਾਇੰਦਾ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰਾ, ਕਲਜੁਗ ਆਪ ਹੰਢਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਲੇਖਾ ਜਾਣੇ ਵੇਦ ਚਾਰਾ, ਪੁਰਾਣ ਪੁਰਾਣਾ ਨਾਲ ਪੜ੍ਹਾਇੰਦਾ । ਹੁਕਮੇ ਅੰਦਰ ਗੀਤਾ ਗਿਆਨ ਬੋਲ ਜੈਕਾਰਾ, ਇਕ ਅਠ ਜੋੜ ਜੁੜਾਇੰਦਾ । ਹੁਕਮੇ ਅੰਦਰ ਅੰਜੀਲ ਕੁਰਾਨਾ ਦਏ ਸਹਾਰਾ, ਤੀਸ ਬਤੀਸਾ ਸੋਹਲਾ ਗਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਬੋਲ ਜੈਕਾਰਾ, ਜੈ ਜੈਕਾਰ ਆਪਣਾ ਨਾਉਂ ਵਡਿਆਇੰਦਾ । ਹੁਕਮੇ ਅੰਦਰ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਰਾਹ ਚਲਾਇੰਦਾ । ਹੁਕਮੇ ਅੰਦਰ ਭਗਤ ਅਠਾਰਾਂ, ਭਗਵਨ ਭਗਤੀ ਆਪਣੀ ਲਾਇੰਦਾ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਹੁਕਮੇ ਅੰਦਰ ਹੋ ਉਜਿਆਰਾ, ਮੁਕਾਮੇ ਹੱਕ ਨੂਰੋ ਨੂਰ ਪਰਗਟਾਇੰਦਾ । ਹੁਕਮੇ ਅੰਦਰ ਲਾਸ਼ਰੀਕ ਪਰਵਰਦਿਗਾਰਾ, ਨਬੀ ਰਸੂਲ ਆਪ ਪੜ੍ਹਾਇੰਦਾ । ਹੁਕਮੇ ਅੰਦਰ ਕਾਤਬ ਬਣੇ ਸਚ ਲਿਖਾਰਾ, ਲਿਖ ਲਿਖ ਲੇਖਾ ਆਪ ਜਣਾਇੰਦਾ । ਹੁਕਮੇ ਅੰਦਰ ਖੋਲ੍ਹੇ ਸਚਖੰਡ ਦਵਾਰਾ, ਸਚਖੰਡ ਨਿਵਾਸੀ ਆਪਣਾ ਆਸਣ ਲਾਇੰਦਾ । ਹੁਕਮੇ ਅੰਦਰ ਨਾਨਕ ਨਿਰਗੁਣ ਦਏ ਆਧਾਰਾ, ਅਧਰ ਉਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਨਿਰਮਲ ਜੋਤ,
੮੦੫ ਜੋਤੀ ਜੋਤ ਜਗਾਈਆ । ਹੁਕਮੇ ਅੰਦਰ ਕਿਲਾ ਕੋਟ, ਬੰਕ ਬੰਕ ਸੁਹਾਈਆ । ਹੁਕਮੇ ਅੰਦਰ ਓਤ ਪੋਤ, ਪਿਤਾ ਪੂਤ ਵਡਿਆਈਆ । ਜੋਤੀ ੮੦੫
੧੨ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਗੋਬਿੰਦ ਮੇਲਾ ਸਹਿਜ ਸੁਭਾਈਆ । ਹੁਕਮੇ ਅੰਦਰ ਗੋਬਿੰਦ ਧਾਰ, ਗੁਰ ਗੁਰ ੧੨
ਆਪ ਜਣਾਇੰਦਾ । ਹੁਕਮੇ ਅੰਦਰ ਸ਼ਬਦ ਜੈਕਾਰ, ਜੈ ਜੈਕਾਰ ਅਲਾਇੰਦਾ । ਹੁਕਮੇ ਅੰਦਰ ਪਾਵੇ ਸਾਰ, ਮਹਾਸਾਰਥੀ ਖੇਲ ਕਰਾਇੰਦਾ । ਹੁਕਮੇ ਅੰਦਰ ਹੋ ਤਿਆਰ, ਤ੍ਰੈਭਵਨ ਖੋਜ ਖੋਜਾਇੰਦਾ । ਹੁਕਮੇ ਅੰਦਰ ਅਵਨ ਗਵਨ ਭਰ ਅਪਾਰ, ਲੋਕ ਪਰਲੋਕ ਡੇਰਾ ਢਾਹਿੰਦਾ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਆਪਾ ਰੱਖ, ਆਪਣਾ ਖੇਲ ਕਰਾਇੰਦਾ । ਹੁਕਮੇ ਅੰਦਰ ਹੋ ਪਰਤੱਖ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਹੁਕਮੇ ਅੰਦਰ ਬੋਲ ਅਲੱਖ, ਅਲੱਖ ਅਲੱਖ ਆਪ ਸੁਣਾਇੰਦਾ । ਹੁਕਮੇ ਅੰਦਰ ਹੋ ਹੋ ਵੱਖ, ਵੱਖਰਾ ਧਾਮ ਵਡਿਆਇੰਦਾ । ਹੁਕਮੇ ਅੰਦਰ ਗਾਏ ਜੱਸ, ਖਾਣੀ ਬਾਣੀ ਸਿਫ਼ਤ ਸਲਾਹਿੰਦਾ । ਹੁਕਮੇ ਅੰਦਰ ਜਾਏ ਨੱਸ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਹੁਕਮੇ ਅੰਦਰ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਰਾਹ ਵਖਾਇੰਦਾ । ਹੁਕਮੇ ਅੰਦਰ ਮੇਟੇ ਰੈਣ ਅੰਧੇਰੀ ਮੱਸ, ਜਗਤ ਅੰਧੇਰ ਦੂਰ ਕਰਾਇੰਦਾ । ਹੁਕਮੇ ਅੰਦਰ ਚਲਾਏ ਮਗ ਪੰਥ, ਹੁਕਮੇ ਤੰਦ ਬੰਧਾਇੰਦਾ । ਹੁਕਮੇ ਅੰਦਰ ਲਾਏ ਤ੍ਰੈਗੁਣ ਅੱਗ, ਹੁਕਮੇ ਅੰਦਰ ਅੰਮ੍ਰਿਤ ਮੇਘ ਬਰਸਾਇੰਦਾ । ਹੁਕਮੇ ਅੰਦਰ ਹੰਸ ਬਣਾਏ ਕੱਗ, ਕਾਗੋਂ ਹੰਸ ਉਡਾਇੰਦਾ । ਹੁਕਮੇ ਅੰਦਰ ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਰੂਪ ਦਰਸਾਇੰਦਾ । ਹੁਕਮੇ ਅੰਦਰ ਪਰਗਟ

ਹੋਵੇ ਜਗ, ਜਾਗਰਤ ਜੋਤ ਜੋਤ ਜਗਾਇੰਦਾ । ਹੁਕਮੇ ਅੰਦਰ ਭਗਤ ਭਗਵਾਨ ਲਏ ਸੱਦ, ਸੱਦਾ ਏਕਾ ਨਾਮ ਦੁਆਇੰਦਾ । ਹੁਕਮੇ ਅੰਦਰ ਵਰਨ ਬਰਨ ਜ਼ਾਤ ਪਾਤ ਬਣਾਏ ਹੱਦ, ਹੁਕਮੇ ਅੰਦਰ ਤੋੜ ਤੁੜਾਇੰਦਾ । ਹੁਕਮੇ ਅੰਦਰ ਵਿਸ਼ਨੂੰ ਯਦ, ਵਿਸ਼ਵ ਆਪਣਾ ਖੇਲ ਕਰਾਇੰਦਾ । ਹੁਕਮੇ ਅੰਦਰ ਕੂੜੀ ਕਿਰਿਆ ਦੇਵੇ ਦੱਬ, ਹੁਕਮੇ ਅੰਦਰ ਸਚ ਸੁੱਚ ਵਡਿਆਇੰਦਾ । ਹੁਕਮੇ ਅੰਦਰ ਲੋਕਮਾਤ ਲੱਖ ਚੁਰਾਸੀ ਨਾਤਾ ਦੇਵੇ ਛੱਡ, ਹੁਕਮੇ ਅੰਦਰ ਦੋ ਜਹਾਨਾਂ ਵੇਖ ਵਖਾਇੰਦਾ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾਰ ਕਰੀ ਹੱਦ, ਕਲਜੁਗ ਅੰਤਮ ਵੇਖ ਵਖਾਇੰਦਾ । ਹੁਕਮੇ ਅੰਦਰ ਮਨਮੁਖ ਸੁੱਟੇ ਡੂੰਘੀ ਖੱਡ, ਮੰਝਧਾਰ ਆਪ ਰੁੜ੍ਹਾਇੰਦਾ । ਹੁਕਮੇ ਅੰਦਰ ਗੁਰਮੁਖ ਸਾਚੇ ਗੋਦੀ ਚੱਕ, ਚੱਕ ਚੱਕ ਖ਼ੁਸ਼ੀ ਮਨਾਇੰਦਾ । ਹੁਕਮੇ ਅੰਦਰ ਰੱਖਣਹਾਰਾ ਪਤ, ਜਨ ਭਗਤਾਂ ਪੈਜ ਬਢਾਇੰਦਾ । ਹੁਕਮੇ ਅੰਦਰ ਦੇਵੇ ਸਾਚੀ ਵੱਥ, ਆਤਮ ਪਰਮਾਤਮ ਨਾਮ ਜਪਾਇੰਦਾ । ਹੁਕਮੇ ਅੰਦਰ ਲੇਖੇ ਲਾਏ ਰੱਤੀ ਰੱਤ, ਰੱਤ ਆਪਣੇ ਰੰਗ ਰੰਗਾਇੰਦਾ । ਹੁਕਮੇ ਅੰਦਰ ਦੇਵੇ ਬ੍ਰਹਮ ਮਤ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਜਣਾਇੰਦਾ । ਹੁਕਮੇ ਅੰਦਰ ਧੀਰਜ ਜਤ, ਸਤਿ ਸੰਤੋਖ ਗੰਢ ਰਖਾਇੰਦਾ । ਹੁਕਮੇ ਅੰਦਰ ਚਲਾਏ ਮਨਮਤ, ਮਾਇਆ ਮਮਤਾ ਲੋਭ ਮੋਹ ਹੰਕਾਰ ਕਾਮ ਕਰੋਧ ਅੰਗ ਲਗਾਇੰਦਾ । ਹੁਕਮੇ ਅੰਦਰ ਬੋਧ ਅਗਾਧ ਮਹਿਮਾ ਅਕੱਥ, ਗੀਤ ਸੁਹਾਗੀ ਆਪ ਸੁਣਾਇੰਦਾ । ਹੁਕਮੇ ਅੰਦਰ ਜੁਗ ਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਹੁਕਮੇ ਅੰਦਰ ਜਨ ਭਗਤਾਂ ਅੱਗੇ ਜਾਏ ਢੱਠ, ਆਪਣਾ ਬਲ ਨਾ ਕੋਇ ਜਣਾਇੰਦਾ । ਹੁਕਮੇ ਅੰਦਰ ਲੇਖਾ ਜਾਣੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਇੰਦਾ । ਹੁਕਮੇ ਅੰਦਰ ਗੁਰਦਵਾਰ ਮੰਦਰ ਸ਼ਿਵਦਵਾਲੇ ਮੱਠ, ਮਸਜਿਦ ਆਪਣਾ ਰੂਪ ਵਟਾਇੰਦਾ । ਹੁਕਮੇ ਅੰਦਰ ਵੇਖਣਹਾਰਾ ਤੀਰਥ ਤੱਟ, ਕਿਨਾਰਾ ਏਕਾ ਘਾਟ ਰਖਾਇੰਦਾ । ਹੁਕਮੇ ਅੰਦਰ ਖੋਲ੍ਹ ਹੱਟ, ਸਾਚਾ ਨਾਮ ਵਣਜ ਕਰਾਇੰਦਾ । ਹੁਕਮੇ ਅੰਦਰ ਖੇਲ ਕਰੇ ਪੁਰਖ ਸਮਰਥ, ਸਮਰਥ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਏਕੰਕਾਰ, ਏਕਾ ਵਾਰ ਜਣਾਈਆ । ਜੁਗ ਚੌਕੜੀ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਕਰਨ ਵਾਰੋ ਵਾਰ, ਬਣ ਸੇਵਕ ਸੇਵ ਕਮਾਈਆ । ਨਾਮ ਨਿਧਾਨਾ ਸਚ ਭੰਡਾਰ, ਜੀਵਾਂ ਜੰਤਾਂ ਜਗਤ ਵਰਤਾਈਆ । ਲਿਖ ਲਿਖ ਬਿਆਨ ਸਚ ਨਿਸ਼ਾਨ, ਹਰਿ ਸਿਫ਼ਤੀ ਸਿਫ਼ਤ ਸੁਣਾਈਆ । ਕਲਮ ਸ਼ਾਹੀ ਕਰ ਪਰਵਾਨ, ਕਾਗਦ ਅੰਗ ਅੰਗ ਮਿਲਾਈਆ । ਨੇਤਰ ਪੇਖ ਜਗਤ ਜ਼ਬਾਨ, ਬੱਤੀ ਦੰਦ ਕਰੇ ਕੁੜਮਾਈਆ । ਬੁੱਧੀ ਬਣਾਏ ਜਗਤ ਵਿਧਾਨ, ਵਿਦਿਤ ਏਕਾ ਘਰ ਵਖਾਈਆ । ਮਤ ਮਤਵਾਲੀ ਹੋਏ ਹੈਰਾਨ, ਭੇਵ ਕੋਇ ਨਾ ਆਈਆ । ਮਨ ਵਾਸਨਾ ਬਣੇ ਸ਼ੈਤਾਨ, ਸ਼ਰਅ ਸ਼ਰਅ ਰੂਪ ਵਟਾਈਆ । ਸਚ ਸੰਦੇਸਾ ਦੇਵੇ ਹੁਕਮਰਾਨ, ਹਾਕਮ ਆਪਣਾ ਹੁਕਮ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁੱਕੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਚੋਲਾ ਸਰਬ ਹੰਢਾਣ, ਅੰਤ ਕੋਇ ਰਹਿਣ ਨਾ ਪਾਈਆ । ਸਚਖੰਡ ਦਵਾਰੇ ਬਣ ਭਿਖਾਰੇ ਬਹਿ ਬਹਿ ਮੰਗਣਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਦੇਵਣਹਾਰਾ ਗੁਣ ਨਿਧਾਨ, ਏਕਾ ਵਸਤ ਰਿਹਾ ਵਰਤਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਣਿਆ ਰਿਹਾ ਨਾਦਾਨ, ਆਪਣਾ ਬਲ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਖਾਈਆ ।



੮੦੬
੧੨

ਸਾਚਾ ਹੁਕਮ ਇਕ ਅਟੱਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਾਚਾ ਹੁਕਮ ਨਾ ਕੋਈ ਕਰੇ ਵਲ ਛਲ, ਅਛੱਲ ਛਲ ਨਾ ਕੋਇ ਵਖਾਇੰਦਾ । ਸਾਚਾ ਹੁਕਮ ਨਾ ਜਾਏ ਹਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਾਚਾ ਹੁਕਮ ਧੁਰ ਦਾ ਬਲ, ਬਲ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਮੰਤਰ, ਮੰਤਰ ਆਪਣਾ ਹੁਕਮ ਜਣਾਇੰਦਾ । ਮੰਤਰ ਨਾਮ ਸਚ ਫ਼ਰਮਾਣਾ, ਅੰਤਰ ਕਰੇ ਪੜ੍ਹਾਈਆ । ਜੁਗ ਚੌਕੜੀ ਹੋ ਪਰਧਾਨਾ, ਸਚ ਪਰਧਾਨਗੀ ਇਕ ਕਮਾਈਆ । ਲੱਖ ਚੁਰਾਸੀ ਸਾਚਾ ਰਾਣਾ, ਰਹਿਮਤ ਆਪਣੇ ਹੱਥ ਰਖਾਈਆ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਰੂਪ ਵਖਾਈਆ । ਨਿਰਗੁਣ ਸਰਗੁਣ ਪਹਿਰੇ ਬਾਣਾ, ਗੁਰ ਅਵਤਾਰ ਦਏ ਵਡਿਆਈਆ । ਬਿਨ ਅੱਖਰ ਗਾਏ ਗਾਣਾ, ਗਾ ਗਾ ਗਾਣਾ ਅੱਖਰ ਰੂਪ ਵਟਾਈਆ । ਖੇਲੇ ਖੇਲ ਮਰਦ ਮਰਦਾਨਾ, ਵਡ ਮਰਦਾਨਗੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜ ਚੌਕੀਦਾਰ, ਚੌਕਸ ਚਾਰ ਕੁੰਟ ਵਖਾਇੰਦਾ । ਸਚ ਸੰਦੇਸਾ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸਿਫ਼ਤ ਸਲਾਹਿੰਦਾ । ਪੀਰ ਪੈਗ਼ੰਬਰ ਕਰ ਪੁਕਾਰ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਹੱਕ ਹਕ਼ੀਕ਼ਤ ਕਰੇ ਵੀਚਾਰ, ਲਾਸ਼ਰੀਕ ਸ਼ਰੀਕਤ ਅਵਰ ਨਾ ਕੋਇ ਰਖਾਇੰਦਾ । ਨੂਰ ਨੁਰਾਨਾ ਪਰਵਰਦਿਗਾਰ, ਪਰਦਾਨਸ਼ੀਂ ਮੁਖ ਨਕ਼ਾਬ ਪਰਦਾ ਲਾਹਿੰਦਾ । ਦੋ ਜਹਾਨਾਂ ਪਾਵੇ ਸਾਰ, ਮੁਰਸ਼ਦ ਮੁਰੀਦ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਕਲਜੁਗ ਵੇਖੇ ਵੇਖਣਹਾਰ, ਪੇਖਤ ਪੇਖਤ ਆਪਣਾ ਨੈਣ ਖੁਲ੍ਹਾਇੰਦਾ । ਏਕਾ ਹੁਕਮ ਧੁਰ ਦਰਬਾਰ, ਧੁਰ ਦਰਬਾਰੀ ਆਪ ਮਨਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸੰਦੇਸਾ ਇਕ ਜਣਾਇੰਦਾ । ਚਾਰ ਜੁਗ ਦੇ ਵਿਛੜੇ ਯਾਰ, ਫੜ ਬਾਂਹੋਂ ਆਪ ਮਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕੀਤੇ ਏਕਾ ਵਾਰ, ਏਕੰਕਾਰਾ ਹੁਕਮ ਜਣਾਇੰਦਾ । ਨੇਤਰ ਵੇਖੋ ਖੋਲ੍ਹ ਉਘਾੜ, ਅੱਖ ਪਰਤੱਖ ਰੂਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਅਗਨੀ ਲੱਗੀ ਤਤੀ ਹਾੜ, ਸੀਤਲ ਧਾਰ ਨਾ ਕੋਇ ਵਹਾਇੰਦਾ । ਦੀਨ ਮਜ਼੍ਹਬ ਲੱਗਾ ਅਖਾੜ, ਜ਼ਾਤ ਪਾਤ ਨਾਚ ਨਚਾਇੰਦਾ । ਫਿਰੀ ਦਰੋਹੀ ਬਹੱਤਰ ਨਾੜ, ਸੋਈ ਸੁਰਤੀ ਨਾ ਕੋਇ ਉਠਾਇੰਦਾ । ਕਾਇਆ ਖੇੜਾ ਦਿਸੇ ਜੰਗਲ ਜੂਹ ਉਜਾੜ ਪਹਾੜ, ਉਚਾ ਟਿੱਲਾ ਪਰਬਤ ਸੋਭਾ ਕੋਇ ਨਾ ਪਾਇੰਦਾ । ਨਾਤਾ ਤੁਟਾ ਪੁਰਖ ਨਾਰ, ਲੱਖ ਚੁਰਾਸੀ ਹੋਈ ਵਿਭਚਾਰ, ਸਾਚਾ ਕੰਤ ਨਾ ਕੋਇ ਹੰਢਾਇੰਦਾ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਸਯਦਾ ਝੁਕੇ ਨਾ ਪਰਵਰਦਿਗਾਰ, ਆਤਮ ਮੇਲ ਨਾ ਕੋਇ ਰਾਮ, ਪਰਮਾਤਮ ਗੰਢ ਨਾ ਕੋਇ ਪੁਆਇੰਦਾ । ਖ਼ਲਕ ਖ਼ੁਦਾਈ ਹੋਈ ਗ਼ੁਲਾਮ, ਪੰਜ ਸ਼ੈਤਾਨ ਲਾਇਆ ਅਲਜਾਮ, ਸਾਧ ਸੰਤ ਹੋਏ ਬਦਨਾਮ, ਕਾਇਆ ਚੋਲਾ ਨਾ ਕੋਇ ਬਦਲਾਇੰਦਾ । ਇਸਮ ਆਜ਼ਮ ਨਾ ਕੋਇ ਕਲਾਮ, ਮੰਤਰ ਨਜ਼ਰ ਨਾ ਆਏ ਸਤਿਨਾਮ, ਚਤੁਰਭੁਜ ਨਾ ਵੇਸ ਵਟਾਇੰਦਾ । ਨੌਂ ਖੰਡ ਪ੍ਰਿਥਮੀ ਹੋਈ ਹੈਰਾਨ, ਚਾਰੋਂ ਕੁੰਟ ਝੂਠ ਨਿਸ਼ਾਨ, ਕਲਜੁਗ ਆਪਣਾ ਡੌਰੂ ਵਾਇੰਦਾ । ਪੁਰਖ ਅਬਿਨਾਸ਼ੀ ਸਾਚਾ ਹੁਕਮਰਾਨ, ਸਚਖੰਡ ਦਵਾਰੇ ਬੈਠਾ ਵੇਖ ਵਖਾਇੰਦਾ । ਕਲਜੁਗ ਅੰਤਮ ਵਿਗੜ ਗਿਆ ਨਿਜ਼ਾਮ, ਗੁਰ ਅਵਤਾਰ ਪੀਰ ਪੈਗ਼ੰਬਰ ਬੰਧਨ ਕੋਇ ਨਾ ਪਾਇੰਦਾ । ਅੰਤਮ ਨਾਤਾ ਛੱਡ ਗਏ ਤਮਾਮ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਕੋਇ ਨਾ ਦਏ ਪੈਗ਼ਾਮ, ਅਨਹੱਦ ਧੁੰਨ ਨਾ ਕੋਇ ਸੁਣਾਇੰਦਾ । ਸੁਰਤ ਸੁਆਣੀ ਸੀਤਾ ਛੁਟਿਆ ਰਾਮ, ਰਮਈਆ ਅੰਗ ਨਾ ਕੋਇ ਲਗਾਇੰਦਾ । ਨਜ਼ਰ ਨਾ ਆਏ ਘਨਈਆ

ਸ਼ਾਮ, ਰਾਧਾ ਬੰਸਰੀ ਨਾ ਕੋਇ ਵਜਾਇੰਦਾ । ਈਸਾ ਮੂਸਾ ਨਾ ਕੋਇ ਸੁਣਾਏ ਕਲਾਮ, ਕਲਮਾ ਕਾਇਨਾਤ ਨਾ ਕੋਇ ਪੜ੍ਹਾਇੰਦਾ । ਮੁਹੰਮਦ ਨੇਤਰ ਨੈਣ ਸ਼ਰਮਾਣ, ਸਦੀ ਚੌਧਵੀਂ ਮੁਖ ਨਾ ਕੋਇ ਉਠਾਇੰਦਾ । ਚਾਰ ਯਾਰ ਹੋਏ ਬੇਈਮਾਨ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਹੁਕਮੇ ਅੰਦਰ ਖੇਲ ਅਵੱਲਾ, ਸੋ ਪੁਰਖ ਨਿਰਜੰਣ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚਾ ਸੋਭਾ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰ ਫੜਾਉਂਦਾ ਰਿਹਾ ਪੱਲਾ, ਨਾਮ ਆਪਣੀ ਗੰਢ ਵਖਾਇੰਦਾ । ਕਲਜੁਗ ਅੰਤਮ ਸਚ ਸੰਦੇਸ ਏਕਾ ਘੱਲਾ, ਲੇਖਾ ਸਭ ਦਾ ਆਪਣੇ ਲੇਖੇ ਲਾਇੰਦਾ । ਆਪੇ ਵੇਖਣਹਾਰਾ ਰਾਣੀ ਅੱਲਾ, ਆਲਮੀਨ ਆਪ ਹੋ ਜਾਇੰਦਾ । ਆਪੇ ਖੇਲੇ ਖੇਲ ਹੋ ਬਿਸਮਿੱਲਾ, ਬਿਸਮਿਲ ਆਪਣੀ ਧਾਰ ਜਣਾਇੰਦਾ । ਆਪੇ ਤੀਰ ਕਮਾਨ ਚੜ੍ਹਾਏ ਚਿੱਲਾ, ਸਚ ਨਿਸ਼ਾਨਾ ਆਪੇ ਲਾਇੰਦਾ । ਆਪੇ ਵੇਖੇ ਉਚਾ ਟਿੱਲਾ, ਡੂੰਘੀ ਕੰਦਰ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਅੰਤ ਕੰਤ ਭਗਵੰਤ, ਲੇਖਾ ਸਰਬ ਮੁਕਾਇੰਦਾ । ਹੁਕਮੇ ਅੰਦਰ ਕਲਜੁਗ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਹੁਕਮੇ ਅੰਦਰ ਜਨ ਭਗਤਾਂ ਆਸਾ ਮਨਸਾ ਕਰੇ ਪੂਰ, ਨਿਰਾਸਾ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਦੇਵੇ ਸਤਿ ਸਰੂਰ, ਰਸ ਏਕਾ ਰਸ ਚਖਾਈਆ । ਹੁਕਮੇ ਅੰਦਰ ਪੰਧ ਮੁਕਾਏ ਨੇੜੇ ਦੂਰ, ਆਤਮ ਪਰਮਾਤਮ ਏਕਾ ਘਰ ਵਖਾਈਆ । ਹੁਕਮੇ ਅੰਦਰ ਹਾਜ਼ਰ ਹੋਏ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਹੁਕਮੇ ਅੰਦਰ ਆਪਣਾ ਭਾਣਾ ਵਰਤੇ ਜ਼ਰੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਹੁਕਮੇ ਅੰਦਰ ਲੱਖ ਚੁਰਾਸੀ ਤੋੜੇ ਗ਼ਰੂਰ, ਗੁਰਬਤ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਮਾਫ ਕਰੇ ਸਰਬ ਕਸੂਰ, ਜੋ ਜਨ ਢਹਿ ਪਏ ਸਰਨਾਈਆ । ਹੁਕਮੇ ਅੰਦਰ ਆਵੇ ਜਾਵੇ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਖੇਲ ਰਖਾਈਆ । ਹੁਕਮੇ ਅੰਦਰ ਰੱਖੀ ਤਾਂਘ, ਗੁਰ ਅਵਤਾਰ ਧਿਆਨ ਲਗਾਇੰਦਾ । ਹੁਕਮੇ ਅੰਦਰ ਸਵਾਂਗੀ ਵਰਤੇ ਆਪਣਾ ਸਾਂਗ, ਨਟੂਆ ਆਪਣਾ ਨਾਚ ਨਚਾਇੰਦਾ । ਹੁਕਮੇ ਅੰਦਰ ਮੰਗੇ ਮਾਂਗ, ਮੰਗਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਆਪਣਾ ਨਾਉਂ ਵਡਿਆਇੰਦਾ । ਹਰਿ ਕਾ ਨਾਉਂ ਵੱਡਾ ਵਡ, ਸਤਿਗੁਰ ਆਪ ਪਰਗਟਾਈਆ । ਆਦਿ ਜੁਗਾਦੀ ਇਕੋ ਨਦ, ਰਾਗ ਅਨਰਾਗ ਸੁਣਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਯੁਗ ਚੌਕੜੀ ਗਏ ਲੱਦ, ਸਰਗੁਣ ਸੇਵਾ ਮਾਤ ਕਮਾਈਆ । ਕਲਜੁਗ ਅੰਤਮ ਆਈ ਹੱਦ, ਪਾਰ ਕਿਨਾਰਾ ਦਏ ਵਖਾਈਆ । ਭਗਤ ਭਗਵੰਤ ਲਏ ਸੱਦ, ਰਾਤੀਂ ਸੁਤਿਆਂ ਆਪ ਉਠਾਈਆ । ਪੁਰਖ ਪੁਰਖੋਤਮ ਲਡਾਏ ਲੱਡ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਨਾਉਂ ਏਕਾ ਦੱਸ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਹੋਏ ਵਸ, ਪਰਦਾ ਦਏ ਉਠਾਈਆ । ਨਿਰਗੁਣ ਕਰੇ ਨਿਰਗੁਣ ਜਸ, ਸਰਗੁਣ ਦੇਵੇ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਹੁਕਮ ਰਿਹਾ ਜਣਾਈਆ । ਏਕਾ ਹੁਕਮ ਸਾਚਾ ਡੰਕਾ, ਹਰਿ ਸੱਜਣ ਆਪ ਵਜਾਇੰਦਾ । ਆਪ ਉਠਾਏ ਰਾਉ ਰੰਕਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਨਵ ਨੌਂ ਚਾਰ ਕੱਢਣਹਾਰਾ ਸ਼ੰਕਾ, ਸੰਸਾ ਰੂਪ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਸਾਚਾ ਕੰਤਾ, ਕੰਤ ਕੰਤੂਹਲ ਫੇਰਾ ਪਾਇੰਦਾ । ਸਤਿਜੁਗ ਬਣਾਏ ਸਾਚੀ ਬਣਤਾ,

ਸਾਚਾ ਮਾਰਗ ਆਪੇ ਲਾਇੰਦਾ । ਹਰਿਜਨ ਉਠਾਏ ਸਾਚੇ ਸੰਤਾ, ਸਤਿ ਸਤਿਵਾਦੀ ਪਰਦਾ ਲਾਹਿੰਦਾ । ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਇਕ ਵਖਾਇੰਦਾ । ਮੇਲ ਮਿਲਾਵਾ ਸਾਚੀ ਸੰਗਤਾ, ਸੰਗਲ ਸ਼ਰਅ ਨਾ ਕੋਇ ਰਖਾਇੰਦਾ । ਕਾਇਆ ਚੋਲੀ ਆਪੇ ਰੰਗਦਾ, ਰੰਗ ਮਜੀਠੀ ਇਕ ਰੰਗਾਇੰਦਾ । ਬਾਂਹੋਂ ਫੜ ਉਠਾਏ ਭੁੱਖਾ ਨੰਗਤਾ, ਭੁੱਖਿਆਂ ਭੁੱਖ ਆਪ ਗਵਾਇੰਦਾ । ਏਕਾ ਨਾਮ ਏਕਾ ਮੰਤਾ, ਮੰਤਰ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਪਿਛਲਾ ਲਹਿਣਾ ਆਪਣੇ ਲੇਖੇ ਪਾਇੰਦਾ । ਹੁਕਮੇ ਅੰਦਰ ਲੇਖੇ ਜਾਏ ਲੱਗ, ਬਾਕੀ ਕੋਇ ਰਹਿਣ ਨਾ ਪਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਸੰਤ ਸਾਜਣ ਲਏ ਰੱਖ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਸੀਆਂ ਸਾਢੇ ਤਿੰਨ ਤਿੰਨ ਹੱਥ, ਤ੍ਰੈਗੁਣ ਨਾਤਾ ਜੋੜ ਜੁੜਾਈਆ । ਜਗਤ ਦਵਾਰੇ ਵੇਖ ਇਕੱਠ, ਨੌਂ ਖੰਡ ਪ੍ਰਿਥਮੀ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣੀ ਕਰਨੀ ਆਪ ਕਮਾਈਆ । ਹੁਕਮੇ ਅੰਦਰ ਕਰਨੀ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਹੁਕਮੇ ਅੰਦਰ ਮਾਰੇ ਮਾਰ, ਮੂਰਖ ਮੂੰਹ ਦੇ ਭਾਰ ਸੁਟਾਇੰਦਾ । ਹੁਕਮੇ ਅੰਦਰ ਗੇੜਾ ਲੱਖ ਚੁਰਾਸੀ ਵਾਰੋ ਵਾਰ, ਜੁਗ ਚੌਕੜੀ ਆਪ ਭੁਵਾਇੰਦਾ । ਹੁਕਮੇ ਅੰਦਰ ਰਾਏ ਧਰਮ ਕਰੇ ਖਵਾਰ, ਹੁਕਮੇ ਅੰਦਰ ਚਿਤਰ ਗੁਪਤ ਸੇਵ ਕਮਾਇੰਦਾ । ਹੁਕਮੇ ਅੰਦਰ ਲਾੜੀ ਮੌਤ ਕਰੇ ਸ਼ੰਗਾਰ, ਸੀਸ ਮੀਂਢੀ ਜਗਦੀਸ ਗੁੰਦਾਇੰਦਾ । ਹੁਕਮੇ ਅੰਦਰ ਜਨ ਭਗਤ ਲਏ ਉਧਾਰ, ਅੰਤਰ ਆਤਮ ਮੇਲ ਮਿਲਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਕਰੇ ਪਾਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਹੁਕਮੇ ਅੰਦਰ ਸੋਹੰ ਸ਼ਬਦ ਕਰ ਜੈਕਾਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਚਾਰ ਵਰਨ ਦਏ ਆਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸੋਹੰ ਮੰਤਰ ਆਦਿ ਅੰਤ, ਅੰਤਰ ਅੰਤਰੀਵ ਜਣਾਈਆ । ਲੱਖ ਚੁਰਾਸੀ ਜੁਗਾ ਜੁਗੰਤਰ, ਹੰ ਰੂਪ ਵਖਾਈਆ । ਸੋ ਸਾਹਿਬ ਵਸਣਹਾਰਾ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਹੰ ਬ੍ਰਹਮ ਬਣਾਏ ਬਣਤਰ, ਘੜਨ ਭੰਨਣਹਾਰ ਅਖਵਾਈਆ । ਗੁਰਮੁਖ ਵਿਰਲਾ ਭੇਵ ਜਾਣੇ ਨਿਰੰਤਰ, ਨਿਜ ਨੇਤਰ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਣਾਏ ਸੋਹੰ ਢੋਲਾ, ਸ਼ਬਦੀ ਗੁਰ ਬਣ ਵਿਚੋਲਾ, ਰੌਲਾ ਅਵਰ ਨਾ ਕੋਇ ਪਾਈਆ । ਸ਼ਬਦ ਵਿਚੋਲਾ ਆਪ ਪ੍ਰਭ, ਗੁਰ ਗੁਰ ਨਾਉਂ ਰਖਾਇੰਦਾ । ਗੁਰਮੁਖ ਸੱਜਣ ਆਪੇ ਲੱਭ, ਆਪ ਆਪਣਾ ਮੇਲ ਮਿਲਾਇੰਦਾ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਰਸ ਰਸੀਆ ਇਕ ਵਖਾਇੰਦਾ । ਨੌਂ ਦਵਾਰੇ ਪਾਰ ਹੱਦ, ਡੂੰਘੀ ਭਵਰੀ ਪਾਰ ਕਰਾਇੰਦਾ । ਸ਼ਬਦ ਅਨਾਦ ਵੱਜੇ ਅਨਹਦ, ਪੰਚਮ ਸਖ਼ੀਆਂ ਬਹਿ ਬਹਿ ਮੰਗਲ ਗਾਇੰਦਾ । ਆਤਮ ਪਰਮਾਤਮ ਇਕ ਦਵਾਰੇ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਹੋ ਕੇ ਅੱਡ, ਕਲਜੁਗ ਅੰਤਮ ਭਗਤਾਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਫ਼ਰਮਾਨ, ਸਤਿ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਕਰ ਪਸਾਰਾ ਵਿਚ ਸੰਸਾਰ ਸੋਹੰ ਧਾਰਾ ਲੱਖ ਚੁਰਾਸੀ ਕਰੇ ਕੁੜਮਾਈਆ । ਸਤਿਜੁਗ ਚਲੇ ਸਚ

ਵਿਹਾਰਾ, ਏਕਾ ਮੰਦਰ ਏਕ ਗੁਰੂਦਵਾਰਾ, ਗੁਰਦੇਵ ਇਸ਼ਟ ਇਕ ਜਣਾਈਆ । ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਲਾਏ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪਰਵਰਦਿਗਾਰ ਖ਼ੁਦਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਮੇਲ ਮਿਲਾਏ ਇਕ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਊਚਾਂ ਨੀਚਾਂ ਕਰੇ ਪਿਆਰਾ, ਰਾਓ ਰੰਕਾਂ ਦਏ ਸਹਾਰਾ, ਕੀਟ ਕੀਟਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ ਲੱਖ ਚੁਰਾਸੀ ਸ੍ਰਿਸ਼ਟ ਸਬਾਈ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਇਕ ਵਖਾਏ ਸੱਚਾ ਘਰ, ਜਿਸ ਘਰ ਵਸੇ ਸੱਚਾ ਮਾਹੀਆ । ਆਵਣ ਜਾਵਣ ਜਨਮ ਮਰਨ ਭੈ ਭਓ ਚੁੱਕੇ ਡਰ, ਭਿਆਨਕ ਰੂਪ ਨਾ ਕੋਇ ਰਖਾਈਆ । ਨਵ ਨੌਂ ਚਾਰ ਚਾਰ ਪੰਜ ਦੋ ਏਕਾ ਅੱਖਰ ਜਾਇਣ ਪੜ੍ਹ, ਆਖ਼ਰ ਆਪਣੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਦੇਵਣਹਾਰਾ ਸਾਚਾ ਵਰ, ਵਰ ਦਾਤਾ ਬੇਪਰਵਾਹੀਆ । ਸਤਿਗੁਰ ਕਿਰਪਾ ਹੋਏ ਪਾਰ, ਬੇੜਾ ਮਾਤ ਰੁੜਨ ਨਾ ਪਾਈਆ । ਗੁਰ ਕਾ ਸ਼ਬਦ ਦਏ ਅਧਾਰ, ਧੀਰਜ ਧੀਰ ਰਖਾਈਆ । ਸੁਰਤ ਸੁਆਣੀ ਕਰੇ ਪਿਆਰ, ਘਰ ਮੇਲਾ ਕੰਤ ਸਹਿਜ ਸੁਖਦਾਈਆ । ਜਗਤ ਦੁਖੜਾ ਦਏ ਨਿਵਾਰ, ਦਰਦੀਆਂ ਦਰਦ ਵੰਡਾਈਆ । ਆਸਾ ਮਮਤਾ ਮਾਇਆ ਮਮਤਾ ਤੋੜੇ ਗੜ੍ਹ ਹੰਕਾਰ, ਹਉਮੇ ਬਲ ਰਹਿਣ ਨਾ ਪਾਈਆ । ਸਾਚੀ ਸੰਗਤਾ ਮੇਲ ਵਿਚ ਸੰਸਾਰ, ਸਾਚਾ ਸੰਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਤਿਗੁਰ ਪੂਰਾ ਹੋਏ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਸਾਚਾ ਦੇਵੇ ਨਾਮ ਨਿਧਾਨ, ਨਿਜ ਆਤਮ ਰਸ ਚਖਾਇੰਦਾ । ਜੂਠ ਝੂਠ ਸਰਬ ਮਿਟ ਜਾਣ, ਕੂੜੀ ਕਿਰਿਆ ਮੋਹ ਤੁੜਾਇੰਦਾ । ਏਥੇ ਓਥੇ ਕਰੇ ਪਹਿਚਾਣ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋ ਜਨ ਸਤਿਗੁਰ ਚਰਨੀ ਡਿਗੇ ਆਣ, ਫੜ ਬਾਂਹੋਂ ਪਾਰ ਕਰਾਇੰਦਾ । ਲੇਖਾ ਜਾਣੇ ਬਿਰਧ ਬਾਲ ਜੁਆਨ, ਮਾਤ ਗਰਭ ਫੰਦ ਕਟਾਇੰਦਾ । ਸਤਿਗੁਰ ਪੂਰਾ ਵਡ ਬਲਵਾਨ, ਦੋ ਜਹਾਨਾਂ ਬਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲਿਆਣ ਆਪ ਜਣਾਇੰਦਾ । ਸਤਿਗੁਰ ਸਾਚੇ ਮਿਲੇ ਸਰਨ, ਸਰਨਗਤ ਸਮਝਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਰੂਪ ਦਰਸਾਈਆ । ਨਾਤਾ ਤੁਟੇ ਮਰਨ ਡਰਨ, ਦੁੱਖ ਦਰਦ ਨਾ ਲਾਗੇ ਰਾਈਆ । ਤ੍ਰੈਗੁਣ ਮਾਇਆ ਮੂਲ ਨਾ ਸੜਨ, ਜਿਸ ਮਿਲਿਆ ਬੇਪਰਵਾਹੀਆ । ਅਧਵਿਚਕਾਰ ਕਦੇ ਨਾ ਅੜਨ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਾਚੇ ਪੌੜੇ ਅੰਤਮ ਚੜ੍ਹਨ, ਚੜ੍ਹ ਚੜ੍ਹ ਖ਼ੁਸ਼ੀ ਮਨਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਨਿਰਗੁਣ ਦਾਤਾ ਪੁਰਖ ਬਿਧਾਤਾ ਅੱਗੋਂ ਆਏ ਫੜਨ, ਸਰਗੁਣ ਆਪਣੀ ਉਂਗਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਦੀਆਂ ਦਰਦ ਵੰਡਾਈਆ । ਸਤਿਗੁਰ ਪੂਰਾ ਖੋਲ੍ਹੇ ਹੱਟ, ਇਕੋ ਨਾਮ ਵਿਕਾਇੰਦਾ । ਜਨਮ ਜਨਮ ਦਾ ਦੁਖੜਾ ਦੇਵੇ ਕੱਟ, ਤਿੱਖੀ ਛੁਰੀ ਹੱਥ ਰਖਾਇੰਦਾ । ਦੂਈ ਦਵੈਤੀ ਮੇਟੇ ਫੱਟ, ਪੱਟੀ ਇਕੋ ਨਾਮ ਬੰਧਾਇੰਦਾ । ਭਰਮ ਭੁਲੇਖਾ ਕੱਢੇ ਵੱਟ, ਦੂਜੀ ਹੱਦ ਨਾ ਕੋਇ ਜਣਾਇੰਦਾ । ਸ਼ਬਦ ਅਗੰਮੀ ਮਾਰੇ ਸੱਟ, ਭੈ ਭਓ ਨਾ ਕੋਇ ਵਖਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਦੁਖੀਆਂ ਦਰਦ ਦਰਦ ਗੁਆਇੰਦਾ । ਗੁਰਮੁਖਾਂ ਪੂਰੀ ਕਰੇ ਆਸ, ਘਰ ਏਕਾ ਮੇਲ ਮਿਲਾਇੰਦਾ । ਕੂੜੀ ਕਿਰਿਆ ਜੂਠ ਝੂਠ ਕਰੇ ਪਾਸ਼ ਪਾਸ਼, ਪਾਸਾ ਗੁਰਸਿਖ ਆਪ ਉਲਟਾਇੰਦਾ ।

ਅੱਠੇ ਪਹਿਰ ਪਾਵੇ ਰਾਸ, ਘਰ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਤੋੜੇ ਨਾਤਾ, ਨਿਤ ਆਪਣਾ ਖੇਲ ਕਰਾਇੰਦਾ । ਕਰੇ ਵੇਸ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਨਾਮ ਨਿਧਾਨ ਨੌਜਵਾਨ ਸੁਣਾਏ ਗਾਥਾ, ਗਹਿਰ ਗੰਭੀਰ ਆਪ ਪੜ੍ਹਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜੀ ਤਾਕਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਆਪ ਸੁਣਾਏ ਆਪਣਾ ਸਾਕਾ, ਦੂਜੀ ਸਾਖੀ ਨਾ ਕੋਇ ਸੁਣਾਇੰਦਾ । ਲੇਖੇ ਲਾਏ ਪੰਜ ਤਤ ਮਾਟੀ ਖ਼ਾਕਾ, ਖਾਲੀ ਭਾਂਡਾ ਆਪ ਭਰਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਿਸੇ ਹੱਥ ਨਾ ਆਏ ਗੱਲੀਂ ਬਾਤਾ, ਗਲਵਕੜੀ ਗੁਰਮੁਖ ਵਿਰਲਾ ਪਾਇੰਦਾ । ਸਦਾ ਸਹਾਈ ਦੇਵਣਹਾਰ ਨਜਾਤਾ, ਨਿਜ ਆਤਮ ਮੇਲ ਮਿਲਾਇੰਦਾ । ਕੂੜੀ ਕਿਰਿਆ ਜੂਠ ਝੂਠ ਸੁੱਟੇ ਡੂੰਘੇ ਖਾਤਾ, ਖਾਤਾ ਫੇਰ ਨਾ ਕੋਇ ਖੁਲ੍ਹਾਇੰਦਾ । ਕਰ ਕਿਰਪਾ ਜਿਸ ਮੇਟੇ ਅੰਧੇਰੀ ਰਾਤਾ, ਅੰਧ ਅੰਧੇਰ ਗਵਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਪੁੱਛੇ ਵਾਤਾ, ਲੱਖ ਚੁਰਾਸੀ ਜੀਵ ਜੰਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਏਕਾ ਹਰਿ, ਜੁਗ ਜੁਗ ਬੰਧਨ ਮਾਤ ਕਟਾਇੰਦਾ । ਦੁੱਖ ਦਰਦ ਦਲਿੱਦਰ ਜਾਏ ਨੱਠ, ਕਾਮ ਕਰੋਧ ਨਾ ਕੋਇ ਲੜਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ, ਸ਼ਬਦ ਅਗੰਮੀ ਮਾਰੇ ਸੱਟ, ਠੋਕਰ ਨਾਮ ਲਗਾਈਆ । ਦੁਰਮਤ ਮੈਲ ਦੇਵੇ ਕੱਟ, ਨਿਰਮਲ ਜੋਤ ਕਰ ਪਰਗਟ, ਪਾਰਖੂ ਆਪਣੀ ਪਰਖ ਦਏ ਵਖਾਈਆ । ਜਾਨਣਹਾਰਾ ਮਿਤ ਗਤ, ਲੇਖੇ ਲਾਏ ਰੱਤੀ ਰੱਤ, ਰੁੱਤੀ ਰੁੱਤ ਆਪ ਮਹਿਕਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੱਟ, ਨਾਮ ਕੁਹਾੜਾ ਹੱਥ ਉਠਾਈਆ । ਕਰ ਕਿਰਪਾ ਮਿਲੇ ਜਿਉਂ ਧੰਨੇ ਜੱਟ, ਜੱਟ ਜੱਟਾਂ ਲਏ ਉਠਾਈਆ । ਗੁਰਮੁਖ ਲਾਹਾ ਰਹੇ ਖੱਟ, ਮਨਮੁਖ ਬੈਠੇ ਮੁਖ ਭੁਆਈਆ । ਹਰਿ ਕਾ ਨਾਮ ਸਦਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਇਕ ਲੱਖ ਅੱਸੀ ਹਜ਼ਾਰ, ਭੂਤ ਬੇਤਾਲ ਕਰੇ ਵਸ, ਨਾਨਕ ਗੋਬਿੰਦ ਦਏ ਸਲਾਈਆ । ਛੋਟੇ ਬਾਲੇ ਮਾਰਗ ਗਏ ਦੱਸ, ਆਪਣੇ ਆਪ ਨੀਹਾਂ ਹੇਠ ਚਿਣਾਈਆ । ਜਿਸ ਸਾਹਿਬ ਹੋਏ ਵਸ, ਤਿਸ ਕਾਲ ਮਹਾਕਾਲ ਨੇੜ ਨਾ ਆਈਆ । ਗੁਰਮੁਖ ਪੂਰਾ ਗੁਰ ਚਰਨੀ ਜਾਏ ਵਸ, ਦੁਖ ਦਰਦ ਨਾ ਲਾਗੇ ਰਾਈਆ । ਪੁਰਖ ਅਕਾਲ ਆਪਣੀ ਗੋਦੀ ਚੁੱਕੇ ਹੱਸ ਹੱਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦਰਦ ਫੜ ਨਾਮ ਕਰਦ ਕੁਤਰਾ ਕੁਤਰਾ ਕੁਤਰਾ ਦਏ ਕਰਾਈਆ ।

### ✳ ੨੧ ਭਾਦਰੋਂ ੨੦੧੯ ਬਿਕ੍ਰਮੀ ਹਰਿਚੰਦ ਸਿੰਘ ਦੇ ਗ੍ਰਿਹ ਹਰਰਾਏਪੁਰ ਜ਼ਿਲਾ ਬਠਿੰਡਾ ✳

ਸੋ ਪੁਰਖ ਨਿਰੰਜਣ ਗਹਿਰ ਗੰਭੀਰ, ਆਦਿ ਅੰਤ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਚੋਟੀ ਚੜ੍ਹ ਅਖ਼ੀਰ, ਆਖ਼ਰ ਆਪਣੇ ਹੱਥ ਰਖਾਇੰਦਾ । ਏਕੰਕਾਰਾ ਵਡ ਪੀਰਨ ਪੀਰ, ਦਸਤਗੀਰ ਨਾਉਂ ਧਰਾਇੰਦਾ । ਆਦਿ ਨਿਰੰਜਣ ਜੁਗਾ ਜੁਗੰਤਰ ਬੰਨ੍ਹੇ ਬੀੜ, ਬੰਧਨ ਏਕਾ ਨਾਮ ਪਾਇੰਦਾ । ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਨਿਸ਼ਅੱਖਰ ਵਖਾਏ ਬਿਨ ਲਕੀਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਦੋ ਜਹਾਨਾਂ ਘਤ ਵਹੀਰ, ਗ੍ਰਿਹ ਮੰਦਰ ਫੋਲ ਫੋਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਜੁਗਾ ਜੁਗੰਤਰ, ਸਬਰ ਨਿਰਾਲਾ ਮਾਰੇ ਤੀਰ, ਅਣਿਆਲਾ ਆਪ ਚਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਆਦਿ ਜੁਗਾਦਿ ਕਰਾਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸ਼ਬਦ ਅਗੰਮੀ ਮਾਰਗ ਦੱਸ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਪੰਜ ਤਤ ਕਾਇਆ ਅੰਦਰ ਵਸ, ਆਤਮ ਪਰਮਾਤਮ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਮੇਲਾ ਹੱਸ ਹੱਸ, ਘਰ ਸਾਚੇ ਵੱਜੇ ਵਧਾਈਆ । ਨਿਰਗੁਣ ਜੋਤ ਕਰ ਪਰਕਾਸ਼, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰਾ, ਨਿਤ ਨਵਿਤ ਵੇਸ ਵਟਾਇੰਦਾ । ਵਸਣਹਾਰਾ ਠਾਂਡੇ ਦਰਬਾਰਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਬੇਐਬ ਖ਼ੁਦਾਈ ਪਰਵਰਦਿਗਾਰਾ, ਨੂਰੋ ਨੂਰ ਨੂਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਚੌਕੜੀ ਜੁਗ, ਜੁਗ ਕਰਤਾ ਆਪ ਕਰਾਈਆ । ਸਰਗੁਣ ਅੰਦਰ ਨਿਰਗੁਣ ਲੁਕ, ਲੁਕ ਲੁਕ ਮੁਖ ਛੁਪਾਈਆ । ਖੇਲੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਰਾਈਆ । ਦੇਵੇ ਮਾਣ ਸ਼ਬਦੀ ਸੁਤ, ਸੁਤ ਸ਼ਬਦ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਹਾਏ ਕੁੱਖ, ਬਣੇ ਧੰਨ ਜਣੇਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ ਸੁਤ ਦੁਲਾਰਾ, ਹਰਿ ਸ਼ਬਦੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪੰਜ ਤਤ ਅਖਾੜਾ, ਤ੍ਰੈਗੁਣ ਆਪਣਾ ਨਾਚ ਨਚਾਇੰਦਾ । ਜੁਗਾ ਜੁਗੰਤਰ ਵੇਖੇ ਵਿਗਸੇ ਵਾਰੋ ਵਾਰਾ, ਰੂਪ ਅਨੂਪ ਆਪ ਧਰਾਇੰਦਾ । ਨਾਮ ਨਿਧਾਨ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਗੁਰ ਅਵਤਾਰਾਂ ਦੇ ਸਹਾਰਾ, ਪੀਰ ਪੈਗ਼ੰਬਰਾਂ ਰਾਹ ਜਣਾਇੰਦਾ । ਭਗਤ ਭਗਵੰਤ ਖੋਲ੍ਹ ਕਿਵਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਰਚਾਇੰਦਾ । ਜੁਗ ਜੁਗ ਖੇਲ ਹਰਿ ਅਵੱਲਾ, ਏਕੰਕਾਰਾ ਆਪ ਰਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਫੜਾਏ ਪੱਲਾ, ਏਕਾ ਬੰਧਨ ਪਾਈਆ । ਪੀਰ ਪੈਗ਼ੰਬਰ ਸਚ ਸੰਦੇਸ ਏਕਾ ਘੱਲਾ, ਗੁਰ ਗੁਰ ਕਰੇ ਨਾਮ ਪੜ੍ਹਾਈਆ । ਜੋਤੀ ਜਾਤਾ ਜੋਤੀ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸਚ ਸਿੰਘਾਸਣ ਏਕਾ ਮੱਲਾ, ਸਚਖੰਡ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਬੇਪਰਵਾਹੀਆ । ਜੁਗ ਕਰਤਾ ਹਰਿ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਈਆ । ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵਡੀ ਵਡਿਆਈਆ । ਬੋਧ ਅਗਾਧਾ ਏਕਾ ਨਾਦ, ਤ੍ਰੈਭਵਨ ਧਨੀ ਆਪ ਸੁਣਾਈਆ । ਸਰਗੁਣ ਰੱਖਣਹਾਰਾ ਲਾਜ, ਨਿਰਗੁਣ ਆਪਣੀ ਦਇਆ ਕਮਾਈਆ । ਭਗਤ ਭਗਵੰਤ ਮਾਰ ਅਵਾਜ਼, ਸੁਰਤੀ ਸ਼ਬਦ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰਨੀ ਆਪ ਕਰਾਈਆ । ਜੁਗ ਜੁਗ ਕਰਨੀ ਕਰਤਾ ਖੇਲ, ਕਰਨੇਹਾਰਾ ਆਪ ਕਰਾਇੰਦਾ । ਆਤਮ ਪਰਮਾਤਮ ਮੇਲਾ ਮੇਲ, ਜਗਤ ਵਿਛੋੜਾ ਪੰਧ ਮੁਕਾਇੰਦਾ । ਕਰੇ ਪਰਕਾਸ਼ ਬਿਨ ਬਾਤੀ ਤੇਲ, ਜੋਤ ਨਿਰੰਜਣ ਡਗਮਗਾਇੰਦਾ । ਸਤਿਗੁਰ ਮਿਲੇ ਸੱਜਣ ਸੁਹੇਲ, ਸਗਲਾ ਦੁੱਖ ਵੰਡਾਇੰਦਾ । ਅਚਰਜ ਕਰੇ ਆਪਣੀ ਖੇਲ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਨਾਦ,

ਬ੍ਰਹਮ ਬ੍ਰਹਿਮਾਦ ਆਪ ਸੁਣਾਇੰਦਾ । ਸ਼ਬਦ ਅਨਾਦ ਅਗੰਮ ਅਥਾਹ, ਬੇਪਰਵਾਹ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਲਾ, ਲੱਖ ਚੁਰਾਸੀ ਧੰਦੇ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾ, ਕਲਮਾ ਨਬੀ ਰਸੂਲ ਸਿਖਾਈਆ । ਮੰਤਰ ਨਮੋ ਸਤਿ ਸਤਿਨਾਮ ਆਪ ਦ੍ਰਿੜ੍ਹਾ, ਦ੍ਰਿਸ਼ਟ ਇਕ ਲਏ ਪਰਗਟਾਈਆ । ਆਤਮ ਪਰਮਾਤਮ ਪਰਦਾ ਦਏ ਚੁਕਾ, ਦੂਈ ਦਵੈਤ ਰਹੇ ਨਾ ਰਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਸਾਚਾ ਅੰਮ੍ਰਿਤ ਦਏ ਪਿਆ, ਤ੍ਰਿਸਨਾ ਭੁੱਖ ਗਵਾਈਆ । ਦੀਆ ਬਾਤੀ ਕਮਲਾਪਾਤੀ ਗ੍ਰਿਹਿ ਮੰਦਰ ਦਏ ਜਗਾ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਅਨਹਦ ਨਾਦੀ ਨਾਦ ਸੁਣਾ, ਸਾਚੀ ਸਖ਼ੀਆਂ ਏਕਾ ਮੰਗਲ ਗਾਈਆ । ਆਤਮ ਸੇਜਾ ਹੋਏ ਸਹਾ, ਸਚ ਸਿੰਘਾਸਣ ਡੇਰਾ ਲਾਈਆ । ਭਗਤ ਭਗਵੰਤ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਕਰੇ ਖੇਲ ਬੇਪਰਵਾਹ, ਦੂਜਾ ਸੰਗ ਨਾ ਕੋਇ ਰਖਾਈਆ । ਮੁਰੀਦ ਮੁਰਸ਼ਦ ਲਏ ਉਠਾ, ਕਲਮਾ ਕਲਾਮ ਇਕ ਸੁਣਾਈਆ । ਰਹਿਮਤ ਰਹੀਮ ਰਹਿਮਾਨ ਇਕ ਇਕੱਲਾ ਇਕ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਪੀਰ ਪੈਗ਼ੰਬਰ ਕਰ ਫਿਦਾ, ਫਿਤਰਤ ਆਪਣੇ ਹੱਥ ਰਖਾਈਆ । ਆਪਣਾ ਵਜੂਦ ਨਾ ਦੱਸੇ ਕੋਈ ਜੁਦਾ, ਜਜ਼ਵ ਅੰਗ ਨਾ ਕੋਇ ਬਣਾਈਆ । ਮੁਕਾਮੇ ਹੱਕ ਡੇਰਾ ਲਾ, ਪਰਵਰਦਿਗਾਰ ਖੇਲ ਕਰਾਈਆ । ਸਹੀ ਸਲਾਮਤ ਸ਼ਹਿਨਸ਼ਾਹ, ਜਨਮ ਮਰਨ ਵਿਚ ਨਾ ਆਈਆ । ਜੁਗ ਚੌਕੜੀ ਪੰਧ ਦਏ ਮੁਕਾ, ਕਲਜੁਗ ਅੰਤਮ ਵੇਖੇ ਥਾਉਂ ਥਾਈਂਆ । ਚੌਦਾਂ ਤਬਕ ਦਏ ਹਿਲਾ, ਚੌਦਾਂ ਸਦੀਆਂ ਦਏ ਹਿਲਾਈਆ । ਚੌਦਾਂ ਵਿਦਿਆ ਦੇਵੇ ਪੰਧ ਮੁਕਾ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਏਕਾ ਚੌਕਾ ਬੰਧਣ ਪਾ, ਚਾਰੋਂ ਕੁੰਟ ਵੇਖ ਵਖਾਈਆ । ਚਾਰ ਯਾਰੀ ਲਏ ਜਗਾ, ਮੁਹੰਮਦ ਏਕਾ ਅੱਖ

੮੧੩ ਖੁਲ੍ਹਾਈਆ । ਈਸਾ ਮੂਸਾ ਲਏ ਸਮਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਆਪਣੀ ਕਾਰ ੮੧੩

੧੨ ਆਪ ਕਰਾਈਆ । ਕਰੇ ਕਾਰ ਅੰਤਮ ਕਲ, ਹਰਿ ਅਚਰਜ ਖੇਲ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਮਹੱਲ ਇਕੋ ਇਕ ਸੁਹਾਇੰਦਾ । ੧੨

ਜੁਗ ਚੌਕੜੀ ਕਰਦਾ ਆਇਆ ਵਲ ਛਲ, ਅਛਲ ਅਛੱਲ ਭੇਵ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਘੱਲ, ਸਚ ਸੰਦੇਸਾ ਨਾਮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਆਦਿ ਅੰਤ, ਜੁਗ ਚੌਕੜੀ ਆਪ ਕਰਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਬੰਧਾਈਆ । ਵੇਖਣਹਾਰਾ ਜੁਗਾ ਜੁਗੰਤ, ਨਿਰਗੁਣ ਸਰਗੁਣ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ੍ਰੀ ਭਗਵਾਨ, ਨਿਰਗੁਣ ਨਰ ਹਰਿ ਆਪ ਜਣਾਇੰਦਾ । ਪਰਮ ਪੁਰਖ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਇੰਦਾ । ਇਕ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਬਚਿਆ ਕੋਇ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਚਾਰ ਵਰਨ ਪਿਆ ਝੇੜਾ ਸ਼ਰਅ ਸ਼ੈਤਾਨ, ਸ਼ਰੀਅਤ ਸਕੇ ਨਾ ਕੋਇ ਮੁਕਾਈਆ । ਦੀਨ ਮਜ਼੍ਹਬ ਨੇਤਰ ਰੋਵਣ ਨੀਰ ਵਹਾਨ, ਧੀਰਜ ਧੀਰ ਨਾ ਕੋਇ ਧਰਾਈਆ । ਸਤਿ ਸਤਿਵਾਦੀ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਈਸ਼ ਜੀਵ ਨਾ ਮਿਲੇ ਕਿਸੇ ਭਗਵਾਨ, ਭਾਵੀ ਦੇਵੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜੁਗ ਕਰਨੀ ਵੇਖ ਵਖਾਈਆ । ਜਗ ਕਰਨੀ ਨਾਤਾ ਕੂੜ, ਸਚ ਸੁੱਚ ਨਜ਼ਰ ਨਾ ਆਇੰਦਾ । ਪੁਰਖ ਅਬਿਨਾਸ਼ੀ ਸਭ ਤੋਂ ਹੋਇਆ ਦੂਰ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜ਼ਾਤ ਪਾਤ ਰਾਓ ਰੰਕ ਊਚ ਨੀਚ ਮਨਮਤ ਭਰਿਆ ਗ਼ਰੂਰ, ਗੁਰਮਤ ਨਾ ਕੋਇ ਰਖਾਇੰਦਾ । ਹਰਿ ਸਰਨ ਨਾ ਮਿਲੇ ਸਾਚੀ ਧੂੜ, ਮਸਤਕ ਟਿੱਕਾ ਨਾ ਕੋਇ ਲਾਇੰਦਾ । ਸੁਘੜ ਸਿਆਣੇ ਹੋਏ ਮੂਰਖ ਮੂੜ੍ਹ, ਮਾਇਆ ਮਮਤਾ ਮੋਹ ਹਲਕਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਚੂਰ ਚੂਰ, ਅੱਗੇ ਸੀਸ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰਨੀ ਵੇਖ ਵਖਾਇੰਦਾ । ਕਲਜੁਗ ਅੰਤਮ ਕਰਨੀ ਰਹੀ ਕੂਕ, ਚਾਰ ਕੁੰਟ ਦਏ ਦੁਹਾਈਆ । ਤ੍ਰੈਗੁਣ ਮਾਇਆ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਈਆ । ਘਰ ਘਰ ਵੜਿਆ ਜੂਠ ਝੂਠ, ਮੰਦਰ ਮਸਜਿਦ ਨਾ ਕੋਇ ਵਡਿਆਈਆ । ਨਾਤਾ ਤੁਟਾ ਪਿਤਾ ਪੂਤ, ਸਾਕ ਸੈਣ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਨੀ ਵੇਖੇ ਥਾਉਂ ਥਾਈਆ । ਜੁਗ ਕਰਨੀ ਵੇਖੇ ਕਲਜੁਗ ਅੰਤ, ਅੰਤਰਜਾਮੀ ਖੇਲ ਕਰਾਇੰਦਾ । ਜੀਵ ਜੰਤ ਭੁੱਲੇ ਗੁਰਮੰਤ, ਮੰਤਰ ਗੁਰ ਨਾ ਕੋਇ ਦ੍ਰਿੜਾਇੰਦਾ । ਨਾਤਾ ਤੁੱਟਾ ਨਾਰੀ ਕੰਤ, ਸਚ ਸੁਹੰਜਣੀ ਸੇਜ ਨਾ ਕੋਇ ਹੰਢਾਇੰਦਾ । ਕਾਇਆ ਚੋਲੀ ਚੜ੍ਹੇ ਨਾ ਰੰਗ ਬਸੰਤ, ਦੁਰਮਤ ਮੈਲ ਨਾ ਕੋਇ ਧੁਆਇੰਦਾ । ਮਾਇਆ ਮਮਤਾ ਪਈ ਬੇਅੰਤ, ਦੂਈ ਪਰਦਾ ਨਾ ਕੋਇ ਉਠਾਇੰਦਾ । ਭਰਮੇ ਭੁੱਲੇ ਜੀਵ ਜੰਤ, ਜ਼ਾਤ ਪਾਤ ਦੀਨ ਮਜ਼੍ਹਬ ਪੰਧ ਨਾ ਕੋਇ ਮੁਕਾਇੰਦਾ । ਹਰਿ ਸਰਨ ਸਰਨਾਈ ਮਿਲੇ ਨਾ ਸਾਚੀ ਸੰਗਤ, ਸੰਸਾ ਰੋਗ ਨਾ ਕੋਇ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਵੇਖ ਵਖਾਇੰਦਾ । ਸਾਚੀ ਕਰਨੀ ਕਲਜੁਗ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਸਤਿ ਧਰਮ ਨਾ ਕੋਇ ਰਖਾਈਆ । ਧੀਆਂ ਭੈਣਾਂ ਤੱਕਣ ਗੁਰਦਰ ਮੰਦਰ ਨੈਣ ਉਘਾੜ, ਨਿਵਸ ਸੋ ਅੱਖਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਨਾ ਦੇਵੇ ਕੋਇ ਆਧਾਰ, ਸਾਂਤਕ ਸਤਿ ਨਾ ਕੋਇ ਕਰਾਈਆ । ਗੁਰ ਚੇਲੇ ਰੋਵਣ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਬਿਨ ਗੋਬਿੰਦ ਬੇੜਾ ਕੋਇ ਨਾ ਕਰੇ ਪਾਰ, ਪੁਰਖ ਅਕਾਲ ਨਾ ਕੋਇ ਮਿਲਾਈਆ । ਨਾਨਕ ਨਿਰਗੁਣ ਬੋਲ ਜੈਕਾਰ, ਸਤਿ ਸਤਿ ਗਿਆ ਸਮਝਾਈਆ । ਸਰਬ ਜੀਆਂ ਦਾ ਇਕੋ ਯਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਏਥੇ ਓਥੇ ਦੋ ਜਹਾਨ ਪਾਵੇ ਸਾਰ, ਸਾਹਿਬ ਸਮਰਥ ਬੇਪਰਵਾਹੀਆ । ਗ਼ਰੀਬ ਨਿਮਾਣੇ ਲਏ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਮੇਟੇ ਰੈਣ ਅੰਧਿਆਰ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਕੂੜੀ ਕਿਰਿਆ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਬ੍ਰਹਿਮੰਡਾਂ ਸੁਣਾਏ ਇਕ ਜੈਕਾਰ, ਜੈ ਜੈਕਾਰ ਆਪਣਾ ਨਾਉਂ ਅਲਾਈਆ । ਜੇਰਜ ਅੰਡਾਂ ਦਏ ਅਧਾਰ, ਉਤਭੁਜ ਸੇਤਜ ਹੋਏ ਸਹਾਈਆ । ਚਾਰੇ ਖਾਣੀ ਵੇਖਣਹਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਅਲਾਈਆ । ਚੌਥੇ ਪਦ ਹੋ ਤਿਆਰ, ਜਗਤ ਹੱਦ ਪਾਰ ਕਰਾਈਆ । ਗੁਰਮੁਖ ਸੱਜਣ ਸਦ ਦਵਾਰ, ਸਦਕੇ ਘੋਲੀ ਵਾਰ ਆਪ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਨੀ ਵੇਖੇ ਬੇਪਰਵਾਹੀਆ । ਜੁਗ ਕਰਨੀ ਕਲਜੁਗ ਕੂੜੀ ਰਾਸ, ਵਸਤ ਸਚ ਨਾ ਕੋਇ ਰਖਾਈਆ । ਲੱਖ ਚੁਰਾਸੀ ਅੰਤ ਨਿਰਾਸ, ਨਿਰਾਕਾਰ ਨਜ਼ਰ ਨਾ ਆਈਆ । ਨਾ ਕੋਈ ਕਰੇ ਬੰਦ ਖ਼ੁਲਾਸ, ਬੰਦੀਖਾਨਾ ਨਾ ਕੋਇ ਤੁੜਾਈਆ । ਲਹਿਣਾ ਚੁੱਕੇ ਨਾ ਦਸ ਦਸ ਮਾਸ, ਮਾਤ ਗਰਭ ਨਾ ਕੋਇ

ਸਹਾਈਆ । ਆਤਮ ਪਰਮਾਤਮ ਨਾ ਕੋਇ ਧਰਵਾਸ, ਪਰਦਾ ਦੂਈ ਨਾ ਕੋਇ ਉਠਾਈਆ । ਪਾਰਬ੍ਰਹਮ ਬ੍ਰਹਮ ਵਸੇ ਨਾ ਪਾਸ, ਜਗਤ ਵਿਛੋੜਾ ਰਿਹਾ ਕੁਰਲਾਈਆ । ਹਰਿ ਕਾ ਨਾਮ ਜਪੇ ਨਾ ਕੋਇ ਰਸਨ ਸਵਾਸ, ਰਸਨਾ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰਨੀ ਵੇਖੇ ਬੇਪਰਵਾਹੀਆ । ਕਲਜੁਗ ਕਰਨੀ ਧਰਿਆ ਬਲ, ਬਲ ਆਪਣਾ ਆਪ ਜਣਾਈਆ । ਕੂੜ ਕੁੜਿਆਰੇ ਅੰਦਰ ਗਈ ਰਲ, ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਕਰਿਆ ਛਲ, ਮਾਇਆ ਏਕਾ ਪਰਦਾ ਪਾਈਆ । ਗੁਰਮੁਖ ਵਿਰਲਾ ਕੋਇ ਪਰਬਲ, ਜਿਸ ਪਰਮ ਪੁਰਖ ਦਇਆ ਕਮਾਈਆ । ਸਾਧ ਸੰਤ ਗਏ ਹੱਲ, ਧੀਰਜ ਧੀਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਕਿਰਿਆ ਅੰਤਮ ਫਲ, ਇਕੋ ਇਕ ਜਣਾਈਆ । ਕੂੜਾ ਫਲ ਕੂੜਾ ਰਸ, ਰਸ ਰਸੀਆ ਵੇਖ ਵਖਾਇੰਦਾ । ਕਲਜੁਗ ਰੈਣ ਅੰਧੇਰੀ ਮੱਸ, ਚਾਰ ਵਰਨ ਅੰਧੇਰਾ ਛਾਇੰਦਾ । ਸ੍ਰਿਸ਼ਟ ਸਬਾਈ ਭੁੱਲਿਆ ਹਰਿ ਕਾ ਜਸ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਦਹਿ ਦਿਸ਼ਾ ਮਨੂਆਂ ਰਿਹਾ ਨੱਠ, ਮਨ ਵਾਸਨਾ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਰਨੀ ਏਕਾ ਬੰਧਨ ਪਾਇੰਦਾ । ਤੇਰੀ ਕਰਨੀ ਬੰਧੇ ਡੋਰ, ਨਾਮ ਡੋਰੀ ਹਥ ਉਠਾਈਆ । ਪਕੜਨਹਾਰਾ ਪੰਜੇ ਚੋਰ, ਚੋਰੀ ਕਰਨ ਕੋਇ ਨਾ ਜਾਈਆ । ਵੇਖਣਹਾਰਾ ਅੰਧ ਘੋਰ, ਕਾਇਆ ਕਵਰੀ ਫੋਲ ਫੋਲਾਈਆ । ਮਾਇਆ ਮਮਤਾ ਨਾ ਪਾਏ ਸ਼ੋਰ, ਹਉਮੇਂ ਹੰਗਤਾ ਦਏ ਤੁੜਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਅਗੰਮੀ ਚੜ੍ਹਿਆ ਘੋੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਵੇਖ ਵਖਾਏ ਰਸ ਮਿੱਠਾ ਕੌੜ, ਗ੍ਰਿਹਿ ਗ੍ਰਿਹਿ ਆਪਣਾ ਫੇਰਾ ਪਾਈਆ । ਸਾਚਾ ਅਸਵ ਚੁੱਕਣਹਾਰਾ ਪਹਿਲਾ ਪੌੜ, ਗੋਬਿੰਦ ਵਾਗ ਆਪਣੇ ਹੱਥ ਉਠਾਈਆ । ਨੇਤਰ ਨੈਣ ਵੇਖਣਾ ਕਰ ਕੇ ਗ਼ੌਰ, ਗਹਿਰ ਗੰਭੀਰ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਕਰਨੀ ਡੇਰਾ ਢਾਹੀਆ । ਅੰਤਮ ਡੇਰਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਬਿਨਾਸ਼ੀ ਗੇੜੇ ਉਲਟੀ ਲੱਠ, ਚਾਰੋਂ ਕੁੰਟ ਆਪ ਫੇਰਾਇੰਦਾ । ਅੰਤਮ ਸੀਆਂ ਸਾਢੇ ਤਿੰਨ ਤਿੰਨ ਹੱਥ, ਲੱਖ ਚੁਰਾਸੀ ਵੰਡ ਵੰਡਾਇੰਦਾ । ਜਨ ਭਗਤਾਂ ਮਾਰਗ ਇਕੋ ਦੱਸ, ਆਤਮ ਪਰਮਾਤਮ ਮੇਲ ਮਿਲਾਇੰਦਾ । ਹਰਿ ਜੂ ਹਿਰਦੇ ਅੰਤਰ ਵਸ, ਅੰਤਰਜਾਮੀ ਭੇਵ ਚੁਕਾਇੰਦਾ । ਕਰੇ ਪਰਕਾਸ਼ ਕੋਟਨ ਰਵ ਸਸ, ਨੂਰੋ ਨੂਰ ਨੂਰ ਧਰਾਇੰਦਾ । ਪਰਗਟ ਹੋ ਪੁਰਖ ਸਮਰਥ, ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਬ੍ਰਹਮ ਮਹਿਮਾ ਸੁਣਾਏ ਅਕੱਥ, ਕਥਨੀ ਕਥ ਨਾ ਕੋਇ ਜਣਾਇੰਦਾ । ਸੋਹੰ ਸ਼ਬਦ ਸਾਚੀ ਵੱਥ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਆਪਣੇ ਵਿਚੋਂ ਆਪਾ ਕੱਢ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਰਨੀ ਲੇਖੇ ਲਾਇੰਦਾ । ਕਲਜੁਗ ਕਰਨੀ ਮਿਟੇ ਦੁੱਖ, ਦੁਖੀਆਂ ਦਰਦ ਆਪ ਗਵਾਇੰਦਾ । ਸਤਿ ਸਤਿਵਾਦੀ ਇਕ ਉਪਜਾਏ ਸਾਚਾ ਸੁਖ, ਸੁਖ ਆਤਮ ਜੋੜ ਜੁੜਾਇੰਦਾ । ਮਾਤ ਗਰਭ ਨਾ ਹੋਏ ਉਲਟਾ ਰੁਖ, ਜਿਸ ਜਨ ਆਪਣਾ ਨਾਮ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਲਹਿਣਾ ਆਪ ਚੁਕਾਇੰਦਾ । ਕਲਜੁਗ ਕਰਨੀ ਹੋਏ ਦੂਰ, ਨੇਰਨ ਨੇਰ ਰਹਿਣ ਨਾ ਪਾਈਆ । ਸਤਿਜੁਗ ਸਤਿ ਸਤਿਵਾਦੀ ਦਿਸੇ ਹਾਜ਼ਰ ਹਜ਼ੂਰ,

ਹਰਿ ਹਜ਼ਰਤ ਲਏ ਮਿਲਾਈਆ । ਦੇਵੇ ਵਸਤ ਨਾਮ ਭਰਪੂਰ, ਭਰਪੂਰ ਰਿਹਾ ਸਭ ਠਾਈਆ । ਏਕਾ ਮਸਤੀ ਸਤਿ ਸਰੂਰ, ਨਾਮ ਖੁਮਾਰੀ ਦਏ ਚੜ੍ਹਾਈਆ । ਏਕਾ ਜੋਤੀ ਨਿਰਮਲ ਨੂਰ, ਨੂਰੋ ਨੂਰ ਨੂਰ ਦਰਸਾਈਆ । ਏਕਾ ਨਾਦ ਅਗੰਮੀ ਤੂਰ, ਤੁਰੀਆ ਰਾਗ ਅਲਾਈਆ । ਏਕਾ ਦਾਤਾ ਜੋਧਾ ਸੂਰ, ਸੂਰਬੀਰ ਇਕ ਅਖਵਾਈਆ । ਕਲਜੁਗ ਮੇਟੇ ਕਿਰਿਆ ਕੂੜ, ਕੂੜੀ ਕਿਰਿਆ ਦਏ ਖਪਾਈਆ । ਸਤਿਜੁਗ ਮਾਰਗ ਲਾਏ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਮਹਾਨ, ਜੁਗ ਜੁਗ ਨਿਰਗੁਣ ਸਰਗੁਣ ਵੇਖੇ ਆਣ, ਲੱਖ ਚੁਰਾਸੀ ਮੰਡਲ ਰਾਸੀ, ਪੁਰਖ ਅਬਿਨਾਸ਼ੀ ਸ਼ਾਹੋ ਸ਼ਬਾਸੀ, ਸ਼ਹਿਨਸ਼ਾਹ ਬੇਪਰਵਾਹ ਜਗਤ ਮਲਾਹ ਨਾਮ ਨਿਧਾਨ ਸ੍ਰਿਸ਼ਟ ਸਬਾਈ ਦੇਵੇ ਗਿਆਨ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਗਦੀਸ਼ ਗੰਢ ਪੁਆਇੰਦਾ ।

### ✳ ੨੧ ਭਾਦਰੋਂ ੨੦੧੯ ਬਿਕ੍ਰਮੀ ਜਗੀਰ ਦਾਸ ਦੇ ਗ੍ਰਹਿ ਖਿਆਲੀ ਵਾਲਾ ਜ਼ਿਲਾ ਬਠਿੰਡਾ ✳

ਅਲੱਖ ਅਗੋਚਰ ਅਗੰਮ ਅਥਾਹ, ਹਰਿ ਹਰਿ ਜੂ ਖੇਲ ਕਰਾਇੰਦਾ । ਆਦਿ ਜੁਗਾਦੀ ਸੱਚਾ ਸ਼ਹਿਨਸ਼ਾਹ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਨਾਉਂ ਧਰਾ, ਹਰਿ ਪੁਰਖ ਨਿਰੰਜਣ ਸਿਫ਼ਤ ਸਲਾਹਿੰਦਾ । ਏਕੰਕਾਰ ਖੇਲ ਖਿਲਾ, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਸ੍ਰੀ ਭਗਵਾਨ ਦਏ ਸਲਾਹ, ਸਿਫ਼ਤ ਸਲਾਹੀ ਆਪ ਅਖਵਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਅਨੁਭਵ ਪਰਕਾਸ਼ ਕਰਾਇੰਦਾ । ਸਚਖੰਡ ਦਵਾਰਾ ਇਕ ਸੁਹਾ, ਛੱਪਰ ਛੰਨ ਨਾ ਕੋਇ ਰਖਾਇੰਦਾ । ਦੀਆ ਬਾਤੀ ਇਕ ਟਿਕਾ, ਨਿਰਮਲ ਜੋਤ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਧਰਾਈਆ । ਕਰੇ ਖੇਲ ਨੌਜਵਾਨ, ਨੌਬਤ ਏਕਾ ਨਾਮ ਵਜਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਸਚ ਸਿੰਘਾਸਣ ਆਸਣ ਲਾਈਆ । ਸਤਿ ਸੰਦੇਸਾ ਧੁਰ ਫ਼ਰਮਾਨ, ਬੋਧ ਅਗਾਧ ਸੁਣਾਈਆ । ਹੁਕਮੀ ਹੁਕਮ ਹੁਕਮਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ੍ਰੀ ਭਗਵਾਨਾ, ਦੂਸਰ ਨਜ਼ਰ ਕੋਇ ਨਾ ਆਇੰਦਾ । ਵਸਣਹਾਰਾ ਸਚ ਮਕਾਨਾ, ਸਚਖੰਡ ਸਾਚੇ ਆਸਣ ਲਾਇੰਦਾ । ਸ਼ਬਦ ਅਗੰਮੀ ਇਕ ਤਰਾਨਾ, ਏਕੰਕਾਰਾ ਆਪੇ ਗਾਇੰਦਾ । ਕਰੇ ਖੇਲ ਆਪ ਮਹਾਨਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਪੁਰਖ ਸਮਰਥ, ਸਚਖੰਡ ਨਿਵਾਸੀ ਆਪ ਵਖਾਈਆ । ਨਿਰਗੁਣ ਨਿਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਨਿਰਗੁਣ ਮਹਿਮਾ ਗਾਏ ਅਕਥ, ਨਿਰਗੁਣ ਕਰੇ ਪੜ੍ਹਾਈਆ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਆਦਿ ਪੁਰਖ ਕਰਾਇੰਦਾ । ਸਚਖੰਡ ਦਵਾਰ ਖੋਲ੍ਹ ਕਿਵਾੜਾ, ਗ੍ਰਹਿ ਮੰਦਰ ਸੋਭਾ ਪਾਇੰਦਾ । ਭੂਪਤ ਭੂਪ ਬਣ

ਸਿਕਦਾਰਾ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਹੁਕਮੇ ਅੰਦਰ ਕਰੇ ਕਾਰਾ, ਕਰਨੀ ਕਰਤਾ ਆਪ ਕਰਾਇੰਦਾ । ਲੇਖਾ ਜਾਣੇ ਸੁਤ ਦੁਲਾਰਾ, ਸ਼ਬਦੀ ਵਡ ਵਡਿਆਇੰਦਾ । ਪਾਵੇ ਸਾਰ ਠਾਂਡਾ ਦਰਬਾਰਾ, ਥਿਰ ਘਰ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਹਿਬਰ ਆਪ ਅਖਵਾਇੰਦਾ । ਸਾਚਾ ਰਹਿਬਰ ਬਣੇ ਆਪ, ਆਪ ਆਪਣੀ ਦਇਆ ਕਮਾਇੰਦਾ । ਏਕੰਕਾਰ ਇਕ ਜਪਾਏ ਸਾਚਾ ਜਾਪ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਏਕਾ ਮੰਦਰ ਪਾਵੇ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਨਚਾਇੰਦਾ । ਏਕਾ ਜੋਤ ਕਰੇ ਪਰਕਾਸ਼, ਅੰਧ ਅੰਧੇਰ ਨਾ ਕੋਇ ਰਖਾਇੰਦਾ । ਏਕਾ ਵਸੇ ਸਦਾ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਚਖੰਡ, ਸਚਖੰਡ ਨਿਵਾਸੀ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਕਰ ਵੰਡ, ਥਿਰ ਘਰ ਘਾੜਤ ਲਏ ਘੜਾਈਆ । ਨਾਦ ਅਨਾਦੀ ਏਕਾ ਛੰਦ, ਸੋਹਲਾ ਢੋਲਾ ਆਪੇ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਏ ਬੰਧ, ਬੰਧਨ ਏਕਾ ਏਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਆਦਿ ਜੁਗਾਦਿ ਕਰਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਚਾਰੇ ਵੇਦਾਂ ਦੇ ਹੁਲਾਰਾ, ਚਾਰੇ ਮੁੱਖ ਬ੍ਰਹਮ ਸਲਾਹਿੰਦਾ । ਚਾਰੇ ਕੁੰਟ ਬੋਲ ਜੈਕਾਰਾ, ਚਾਰ ਵਰਨਾਂ ਆਪ ਸੁਣਾਇੰਦਾ । ਚਾਰੇ ਖਾਣੀ ਦਏ ਹੁਲਾਰਾ, ਚਾਰੇ ਬਾਣੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ, ਇਕ ਇਕੱਲਾ ਏਕੰਕਾਰ, ਅਕਲ ਕਲ ਧਾਰੀ ਆਪ ਜਣਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨਾ, ਏਕਾ ਏਕ ਜਣਾਈਆ । ਨਵ ਨੌਂ ਚਾਰ ਕਰ ਪਰਵਾਨਾ, ਧੁਰ ਫ਼ਰਮਾਨਾ ਆਪ ਸਮਝਾਈਆ । ਵੇਖਣਹਾਰਾ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਲੱਖ ਚੁਰਾਸੀ ਦੇਵਣਹਾਰਾ ਦਾਨਾ, ਘਟ ਘਟ ਰਿਹਾ ਸਮਾਈਆ । ਗਾਵਣਹਾਰਾ ਸ਼ਬਦ ਅਗੰਮੀ ਇਕ ਤਰਾਨਾ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਝੁਲਾਵਣਹਾਰਾ ਸਚ ਨਿਸ਼ਾਨਾ, ਨਿਰਗੁਣ ਸਰਗੁਣ ਲਏ ਉਠਾਈਆ । ਦੇਵਣਹਾਰਾ ਸਾਚਾ ਮਾਣਾ, ਗੁਰ ਅਵਤਾਰਾਂ ਹੋਏ ਸਹਾਈਆ । ਵਰਤਣਹਾਰਾ ਆਪਣਾ ਭਾਣਾ, ਸਦ ਭਾਣੇ ਰਿਹਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਈਆ । ਸਾਚਾ ਖੇਲ ਏਕੰਕਾਰ, ਇਕ ਇਕੱਲਾ ਆਪ ਕਰਾਇੰਦਾ । ਜੁਗ ਚੌਕੜੀ ਕਰ ਕਰ ਪਾਰ, ਰੂਪ ਅਨੂਪ ਆਪ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਵੇਖਣਹਾਰਾ ਨਜ਼ਰ ਨਾ ਆਇੰਦਾ । ਲੇਖਾ ਜਾਣੇ ਸੂਰਜ ਚੰਦ ਧਰਤ ਧਵਲ ਜ਼ਿਮੀਂ ਅਸਮਾਨ, ਗਗਨ ਗਗਨੰਤਰ ਫੋਲ ਫੋਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਸਾਚਾ ਦਾਨ, ਨਾਮ ਖ਼ਜ਼ਾਨਾ ਇਕ ਵਰਤਾਇੰਦਾ । ਵੇਖਣਹਾਰਾ ਗੋਪੀ ਕਾਹਨ, ਬੰਸਰੀ ਨਾਮ ਨਾਦ ਵਜਾਇੰਦਾ । ਜਾਨਣਹਾਰਾ ਸੀਤਾ ਰਾਮ, ਸਤਿ ਸਤਿਵਾਦੀ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਜੁਗ ਜੁਗ ਖੇਲ ਰੱਖੇ ਹੱਥ, ਦੂਸਰ ਦਏ ਨਾ ਕਿਸੇ ਵਡਿਆਈਆ । ਨਿਰਗੁਣ ਸਰਗੁਣ ਹੋ ਪਰਤੱਖ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਨਾਮ ਨਿਧਾਨਾ ਬੋਲ ਅਲੱਖ, ਅਲੱਖ ਅਲੱਖ ਇਕ ਸੁਣਾਈਆ । ਲੱਖ ਚੁਰਾਸੀ ਨਾਲੋਂ ਕਰ ਕਰ ਵੱਖ, ਭਗਤ ਭਗਵੰਤ

ਲਏ ਜਗਾਈਆ । ਅੰਤਰ ਆਤਮ ਮਾਰਗ ਦੱਸ, ਜਗਤ ਬਸੰਤਰ ਦਏ ਬੁਝਾਈਆ । ਹਿਰਦੇ ਹਰਿ ਜੂ ਆਪੇ ਵਸ, ਹਰਿ ਕੇ ਪੌੜੇ ਦਏ ਚੜ੍ਹਾਈਆ । ਮੇਟੇ ਰੈਣ ਅੰਧੇਰੀ ਮੱਸ, ਸਾਚਾ ਚੰਦ ਕਰੇ ਰੁਸ਼ਨਾਈਆ । ਤੀਰ ਨਿਰਾਲਾ ਮਾਰੇ ਕਸ, ਸਤਿਗੁਰ ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹੁਕਮਰਾਨ, ਹੁਕਮ ਏਕਾ ਏਕ ਰਖਾਇੰਦਾ । ਵੇਖਣਹਾਰਾ ਦੋ ਜਹਾਨ, ਦੋਏ ਦੋਏ ਧਾਰ ਚਲਾਇੰਦਾ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਪੀਰ ਪੈਗ਼ੰਬਰ ਦੇਵਣਹਾਰ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਵਸਣਹਾਰਾ ਸਚ ਮਕਾਨ, ਮੁਕਾਮੇ ਹੱਕ ਡੇਰਾ ਲਾਇੰਦਾ । ਸਚ ਤੌਫੀਕ ਇਕ ਮਿਹਬਾਨ, ਮਿਹਬਾਨ ਬੀਦੋ ਖੇਲ ਕਰਾਇੰਦਾ । ਦੇਵਣਹਾਰ ਹੱਕ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜਾਨਣਹਾਰਾ ਸਚ ਇਸਲਾਮ, ਇਸਮ ਆਜ਼ਮ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਗੁਰ ਗੁਰ ਵੇਸ ਵਟਾਈਆ । ਸ਼ਬਦੀ ਸ਼ਬਦ ਸ਼ਬਦ ਵਣਜਾਰਾ, ਏਕੰਕਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪਾਏ ਬੰਧਨ, ਖੇਲੇ ਖੇਲ ਤ੍ਰਿਲੋਕੀ ਨੰਦਨ, ਤ੍ਰੈ ਤ੍ਰੈ ਲੋਆਂ ਲਾਏ ਚੰਦਨ, ਏਕਾ ਚੰਦਨ ਨਾਮ ਵਖਾਈਆ । ਸਾਚਾ ਚੰਦਨ ਨਾਮ ਹਰਿ, ਹਰਿ ਹਰਿ ਜੂ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਵਰ, ਭਗਤ ਭਗਵੰਤ ਮੇਲ ਮਿਲਾਇੰਦਾ । ਸਾਚੇ ਸੰਤ ਚੁਕਾਏ ਭਓ ਡਰ, ਨਿਰਭੌ ਆਪਣੇ ਰੰਗ ਰੰਗਾਇੰਦਾ । ਅਨਹਦ ਸ਼ਬਦ ਵਜਾਏ ਅਨਾਦੀ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਸਾਚੀ ਡੋਰੀ ਆਪੇ ਗੰਢ, ਜਨਮ ਜਨਮ ਦਾ ਪੰਧ ਮੁਕਾਇੰਦਾ । ਗੀਤ ਸੁਹਾਗੀ ਸੁਣਾਏ ਛੰਦ, ਸੋਹਲਾ ਢੋਲਾ ਏਕਾ ਗਾਇੰਦਾ । ਨਿਜ ਆਤਮ ਪਰਮਾਤਮ ਰਸ, ਰਸੀਆ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਚੜ੍ਹ, ਦਰਗਹਿ ਸਾਚੀ ਸੋਭਾ ਪਾਇੰਦਾ । ਦਰਗਹਿ ਸਾਚੀ ਉਚ ਮਹੱਲਾ, ਹਰਿ ਮਹਿਫਲ ਨਾਮ ਲਗਾਈਆ । ਨੂਰ ਵਖਾਏ ਏਕੋ ਅੱਲਾ, ਆਲਮੀਨ ਸੁਖਦਾਈਆ । ਸਚ ਸਿੰਘਾਸਣ ਸਾਹਿਬ ਸੁਲਤਾਨ ਮੱਲਾ, ਬੇਐਬ ਰੂਪ ਖ਼ੁਦਾਈਆ । ਜੋਤੀ ਜੋਤ ਆਪੇ ਬਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਕਰੇ ਖੇਲ ਇਕ ਇਕੱਲਾ, ਕੁਦਰਤ ਕਾਦਰ ਵੇਖ ਵਖਾਈਆ । ਪੀਰ ਪੈਗ਼ੰਬਰ ਆਪੇ ਘੱਲਾ, ਸਾਚੀ ਘਾਲਣ ਇਕ ਸਮਝਾਈਆ । ਆਪ ਸੁਣਾਏ ਏਕੋ ਮਸੱਲਾ, ਮੁਸੱਲਾ ਹੇਠਾਂ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਵਟਾਏ ਆਪ, ਆਪਣਾ ਖੇਲ ਕਰਾਇੰਦਾ । ਚਾਰ ਵਰਨ ਸੁਣਾਏ ਏਕਾ ਜਾਪ, ਮੰਤਰ ਅੰਤਰ ਆਪ ਪੜ੍ਹਾਇੰਦਾ । ਮੇਟਣਹਾਰਾ ਤੀਨੋ ਤਾਪ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਏਕਾ ਅੱਖਰ ਏਕਾ ਪਾਠ, ਪਾਠਸ਼ਾਲਾ ਇਕ ਵਖਾਇੰਦਾ । ਇਕੋ ਮਕਤਬ ਇਕ ਜਮਾਤ, ਜੁਮਲਾ ਇਕੋ ਹਰੂਫ਼ ਬਣਾਇੰਦਾ । ਕੋਈ ਨਾ ਸਕੇ ਝਾਕ, ਨੇਤਰ ਨੈਣ ਨਾ ਕੋਇ ਉਠਾਇੰਦਾ । ਕਰ ਕਿਰਪਾ ਖੋਲ੍ਹਣਹਾਰਾ ਤਾਕ, ਬੰਦ ਤਾਕੀ ਕੁੰਡਾ ਲਾਹਿੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਆਪਣਾ ਭਵਿਖਤ ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸੰਤ ਭਗਤ ਭਗਵੰਤ ਬਣਾਏ ਸੱਜਣ ਸਾਕ, ਸਗਲਾ ਸੰਗ ਆਪ ਰਖਾਇੰਦਾ । ਨੂਰ ਇਲਾਹੀ ਪਾਕੀ ਪਾਕ, ਮੁਰੀਦ ਮੁਰਸ਼ਦ ਵੇਖ ਵਖਾਇੰਦਾ । ਲੇਖਾ ਜਾਣੇ ਤਨ ਮਾਟੀ ਖਾਕ,


੮੧੮
੧੨

ਖਾਕੀ ਖਾਕ ਲੇਖਾ ਲਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਰੱਖਣਹਾਰਾ ਆਪਣੀ ਯਾਦ, ਯਾਦਦਾਸ਼ਤ ਨਾ ਕਦੇ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਵੱਜੇ ਵਧਾਈਆ । ਹਰਿ ਪੁਰਖ ਨਿਰੰਜਣ ਸਾਚਾ ਕੰਤ, ਏਕਾ ਸਾਚੀ ਸੇਜ ਹੰਢਾਈਆ । ਏਕੰਕਾਰ ਬਣਾਏ ਬਣਤ, ਘੜਨ ਭੰਨਣਹਾਰ ਅਖਵਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਲੱਖ ਚੁਰਾਸੀ ਜੋਤ ਨਿਰੰਜਣ ਦੀਵਾ ਇਕ ਟਿਕਾਈਆ । ਸ੍ਰੀ ਭਗਵਾਨ ਗਾਏ ਛੰਦ, ਸੋਹੰ ਢੋਲਾ ਰਾਗ ਅਲਾਈਆ । ਅਬਿਨਾਸ਼ੀ ਕਰਤਾ ਮਣੀਆ ਮੰਤ, ਮਨ ਮਣਕਾ ਦਏ ਭੁਆਈਆ । ਪਾਰਬ੍ਰਹਮ ਬ੍ਰਹਮ ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਕਰੇ ਆਪ ਨਿਰੰਕਾਰ, ਦੂਸਰ ਸੰਗ ਨਾ ਕੋਇ ਰਲਾਇੰਦਾ । ਲੱਖ ਚੁਰਾਸੀ ਵੇਖਣਹਾਰ, ਬਿਨ ਨੇਤਰ ਨੈਣਾਂ ਵੇਖ ਵਖਾਇੰਦਾ । ਜੁਗ ਚੌਕੜੀ ਪਾਵੇ ਸਾਰ, ਬਣ ਪਾਂਧੀ ਪੰਧ ਮੁਕਾਇੰਦਾ । ਅੱਖਰ ਵੱਖਰ ਕਰ ਤਿਆਰ, ਸਾਚੀ ਸਤਰ ਆਪ ਜਣਾਇੰਦਾ । ਅਲਫ਼ ਯੇ ਦੇ ਅਧਾਰ, ਉਲਫਤ ਆਪਣੀ ਵਿਚ ਰਖਾਇੰਦਾ । ਤਿੰਨ ਪੰਜ ਜੋੜ ਇਕਰਾਰ, ਅੰਕ ਅੰਕ ਨਾਲ ਮਿਲਾਇੰਦਾ । ਪੈਂਤੀ ਅੱਖਰ ਕਰ ਗ੍ਰਿਫ਼ਤਾਰ, ਆਪ ਆਪਣਾ ਬੰਧਨ ਪਾਇੰਦਾ । ਤ੍ਰੈਗੁਣ ਮਾਇਆ ਖੋਲ੍ਹ ਕਿਵਾੜ, ਪੰਚਮ ਨਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਘਰ ਮੰਦਰ ਸਚ ਮੁਨਾਰਾ, ਹਰਿ ਸਤਿਗੁਰ ਆਪ ਉਪਾਇੰਦਾ । ਏਕਾ ਵਸੇ ਵਸਣਹਾਰਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਏਕਾ ਸ਼ਬਦ ਨਾਦ ਧੁੰਨਕਾਰਾ, ਧੁੰਨ ਆਤਮਕ ਰਾਗ ਸੁਣਾਇੰਦਾ । ਏਕਾ ਅੰਮ੍ਰਿਤ ਠੰਡਾ ਠਾਰਾ, ਨਿਝਰ ਝਿਰਨਾ ਰਸ ਚਖਾਇੰਦਾ । ਏਕਾ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਵੇਖ ਵਖਾਇੰਦਾ । ਏਕਾ ਪੁਰਖ ਏਕਾ ਨਾਰਾ, ਸੇਜ ਸੁਹੰਜਣੀ ਇਕ ਸੁਹਾਇੰਦਾ । ਏਕਾ ਵੇਖੇ ਵੇਖਣਹਾਰਾ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਏਕਾ ਵਣਜ ਇਕ ਵਣਜਾਰਾ, ਹਰਿ ਜੂ ਇਕੋ ਹੱਟ ਚਲਾਇੰਦਾ । ਏਕਾ ਇਸ਼ਟ ਦੇਵ ਗੁਰ ਸੰਸਾਰਾ, ਪੁਰਖ ਅਕਾਲ ਇਕ ਅਖਵਾਇੰਦਾ । ਜੁਗ ਚੌਕੜੀ ਹੋ ਤਿਆਰਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਸਰਗੁਣ ਖੇਲ ਵਿਚ ਸੰਸਾਰਾ, ਸ੍ਰਿਸ਼ਟ ਸਬਾਈ ਬੰਧਨ ਪਾਇੰਦਾ । ਪੁੱਤਰ ਧੀ ਮਾਤ ਪਿਤ ਜਗਤ ਵਿਹਾਰਾ, ਹਰਿ ਸਾਚਾ ਖੇਲ ਵਖਾਇੰਦਾ । ਨਾਰ ਕੰਤ ਕਰੇ ਸ਼ਿੰਗਾਰਾ, ਵੇਸ ਅਵੱਲਾ ਇਕ ਰਖਾਇੰਦਾ । ਕਾਗਦ ਕਲਮ ਬਣ ਲਿਖਾਰਾ, ਸਿਫ਼ਤ ਸਲਾਹੀ ਸਿਫ਼ਤ ਜਣਾਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਕਿਵਾੜਾ, ਕੁਦਰਤ ਕਾਦਰ ਆਪ ਜਣਾਇੰਦਾ । ਏਥੇ ਓਥੇ ਦੋ ਜਹਾਨਾਂ ਵੇਖੇ ਵਿਗਸੇ ਵੇਖਣਹਾਰਾ, ਪੇਖਤ ਪੇਖਤ ਆਪਣੀ ਖ਼ੁਸ਼ੀ ਮਨਾਇੰਦਾ । ਆਪਣਾ ਭੇਵ ਨਾ ਕਿਸੇ ਦੱਸੇ ਵਸੇ ਸਭ ਤੋਂ ਬਾਹਰਾ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਹਰਿ ਜੂ ਵਸੇ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਇੰਦਾ । ਥਿਰ ਘਰ ਬੈਠਾ ਸੁਤ ਦੁਲਾਰਾ, ਸ਼ਬਦੀ ਆਪਣਾ ਰੰਗ ਰੰਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ, ਸਚ ਹੁਲਾਰਾ ਇਕ ਰਖਾਇੰਦਾ । ਕਰੋੜ ਤੇਤੀਸਾ ਬੰਨ੍ਹੇ ਧਾਰਾ, ਸੁਰਪਤ ਇੰਦ ਨਾਲ ਮਿਲਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਬਾਣੀ ਬਾਣ ਉਠਾਇੰਦਾ । ਲੱਖ ਚੁਰਾਸੀ ਕਰੇ ਆਰ ਪਾਰਾ, ਅਧਵਿਚਕਾਰ ਨਾ ਕੋਇ

੮੧੯ ੧੨

ਅਟਕਾਇੰਦਾ । ਵੇਖਣਹਾਰਾ ਡੂੰਘੀ ਗਾਰਾ, ਕਾਇਆ ਮੰਦਰ ਆਪ ਸੁਹਾਇੰਦਾ । ਆਤਮ ਪਰਮਾਤਮ ਸੁਣਾਏ ਸਚ ਜੈਕਾਰਾ, ਜੈ ਜੈਕਾਰਾ ਇਕੋ ਨਾਉਂ ਕਰਾਇੰਦਾ । ਗੁਰ ਅਵਤਾਰ ਕਰੇ ਨਿਮਸਕਾਰਾ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਇੰਦਾ । ਸਾਚੇ ਤਖ਼ਤ ਵਸੇ ਧਾਮ ਨਿਆਰਾ, ਏਕਾ ਆਪਣਾ ਆਸਣ ਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਿਆ ਖੇਲ ਵਿਚ ਸੰਸਾਰਾ, ਕੁਦਰਤ ਕਾਦਰ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਮੰਦਰ ਇਕ ਵਡਿਆਇੰਦਾ । ਵਡ ਮੰਦਰ ਘਰ ਅਗੰਮਾ, ਅਗੰਮੜੀ ਕਾਰ ਕਮਾਇੰਦਾ । ਨਾ ਮਰੇ ਨਾ ਕਦੇ ਜੰਮਾਂ, ਜਨਮ ਮਰਨ ਵਿਚ ਨਾ ਆਇੰਦਾ । ਜੁਗਾ ਜੁਗੰਤਰ ਆਪੇ ਜਾਣੇ ਆਪਣਾ ਕੰਮਾਂ, ਕਰਨੀ ਕਰਤਾ ਆਪ ਕਮਾਇੰਦਾ । ਦੋ ਜਹਾਨਾਂ ਬੇੜਾ ਬੰਨ੍ਹਾ, ਖੇਵਟ ਖੇਟਾ ਆਪ ਹੋ ਆਇੰਦਾ । ਆਪੇ ਬਣੇ ਜਨਨੀ ਜਣਾ, ਧੰਨ ਜਣੇਦੀ ਮਾਈ ਆਪ ਅਖਵਾਇੰਦਾ । ਆਪੇ ਰਾਗ ਸੁਣਾਏ ਬਿਨ ਕੰਨਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਆਪੇ ਵਸੇ ਬਿਨ ਛੱਪਰ ਛੰਨਾ, ਸਚਖੰਡ ਸਾਚੇ ਆਸਣ ਲਾਇੰਦਾ । ਆਪੇ ਘੜੇ ਆਪੇ ਭੰਨਾ, ਘੜਨ ਭੰਨਣਹਾਰ ਭੇਵ ਨਾ ਆਇੰਦਾ । ਆਪੇ ਦੇਵਣਹਾਰਾ ਡੰਨਾ, ਲੱਖ ਚੁਰਾਸੀ ਗੇੜ ਚਲਾਇੰਦਾ । ਆਪੇ ਕਰਨਹਾਰਾ ਗੱਲਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸ਼ਬਦ ਵਿਚੋਲਾ ਮੇਲ ਮਿਲਾਇੰਦਾ । ਆਪੇ ਮੇਟਣਹਾਰਾ ਸੱਲਾ, ਦੂਈ ਦਵੈਤੀ ਪਾਰ ਕਰਾਇੰਦਾ । ਆਪੇ ਬੋਲਣਹਾਰਾ ਹੱਲਾ, ਜੁਗ ਜੁਗ ਡੇਰਾ ਢਾਹਿੰਦਾ । ਆਪੇ ਸਚਖੰਡ ਦਵਾਰੇ ਜੋਤ ਸਰੂਪੀ ਨਿਰਗੁਣ ਖੱਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਆਪੇ ਪਾਵੇ ਸਾਰ ਰਾਣੀ ਅੱਲਾ, ਮੀਆਂ ਆਪਣਾ ਰੂਪ ਵਟਾਇੰਦਾ । ਆਪੇ ਸ਼ਬਦ ਅਗੰਮੀ ਫੜੇ ਭੱਲਾ, ਦੋ ਜਹਾਨਾਂ ਆਪੇ ਢਾਹਿੰਦਾ । ਆਪੇ ਪਾਵਣਹਾਰ ਤਰਥੱਲਾ, ਜਲ ਥਲ ਮਹੀਅਲ ਖੋਜ ਖੁਜਾਇੰਦਾ । ਆਪੇ ਕਰੇ ਵਲ ਛੱਲਾ, ਅਛਲ ਛਲਧਾਰੀ ਲੱਖ ਚੁਰਾਸੀ ਪਰਦਾ ਪਾਇੰਦਾ । ਆਪੇ ਪਕੜਨਹਾਰਾ ਪੱਲਾ, ਫੜ ਪੱਲੂ ਗੰਢ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਸ ਵਟਾਇੰਦਾ । ਜੁਗ ਚੌਕੜੀ ਮੇਟੇ ਪੰਧ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਸੁਣਾਏ ਛੰਦ, ਪੀਰ ਪੈਗ਼ੰਬਰ ਸੋਹਲਾ ਗਾਈਆ । ਭਗਤ ਭਗਵੰਤ ਦਏ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਸਾਚੇ ਸੰਤਾਂ ਨਿਰਮਲ ਜੋਤ ਚੜ੍ਹਾਏ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰਮੁਖਾਂ ਟੁੱਟੀ ਦੇਵੇ ਗੰਢ, ਗੰਢਣਹਾਰ ਇਕ ਗੁਸਾਈਆ । ਗੁਰਸਿਖਾਂ ਆਵਣ ਜਾਵਣ ਲੱਖ ਚੁਰਾਸੀ ਮੇਟੇ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਲਹਿਣਾ ਦੇਣਾ ਚੁਕਾਏ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਬਣ ਵੈਰਾਗੀ ਗਾਏ ਛੰਦ, ਜਗਤ ਤਿਆਗੀ ਰੂਪ ਵਟਾਈਆ । ਹੰਸ ਕਾਗੀ ਵੇਖਣਹਾਰਾ ਨੇਤਰ ਅੰਧ, ਜਗਤ ਵਿਸ਼ਟਾ ਨਾ ਖਾਏ ਗੰਦ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸਚਖੰਡ ਦਵਾਰੇ ਗੁਰ ਅਵਤਾਰ ਰਹੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕੋਟਨ ਕੋਟ ਪੀਰ ਪੈਗ਼ੰਬਰ ਹੋਏ ਭੰਗ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਜੁਗ ਚੌਕੜੀ ਕਾਲ ਗਏ ਲੰਘ, ਕਾਲ ਸਭ ਦਾ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਖੇਲ ਕਰਾਈਆ । ਜੁਗ ਜੁਗ ਖੇਲ ਕਰੇ ਕਰਤਾਰਾ, ਹਰਿ ਕਰਨੀ ਆਪ ਕਮਾਇੰਦਾ । ਨੌਂ ਨੌਂ ਚਾਰ ਉਤਰਿਆ ਪਾਰਾ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਇੰਦਾ । ਦਹਿ ਦਿਸ਼ਾ ਖੋਲ੍ਹਣਹਾਰ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਨੌਂ ਖੰਡ ਪ੍ਰਿਥਮੀ ਵੇਖੇ ਲੱਗਾ ਅਖਾੜਾ, ਕਲਜੁਗ ਕੂੜੀ ਕਿਰਿਆ ਨਾਚ ਨਚਾਇੰਦਾ ।

ਚਾਰੋਂ ਕੁੰਟ ਅਗਨੀ ਲੱਗੀ ਤਤੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਬਹੱਤਰ ਨਾੜੀ ਵੱਜੇ ਤਾੜਾ, ਬਿਨ ਤੰਦੀ ਤੰਦ ਹਿਲਾਇੰਦਾ । ਵਰਨ ਬਰਨ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਜ਼ਾਤ ਪਾਤ ਹਾਹਾਕਾਰਾ, ਊਚ ਨੀਚ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਇੰਦਾ । ਜੁਗ ਜੁਗ ਭੇਵ ਚੁਕਾਣਹਾਰਾ, ਇਕ ਇਕੱਲਾ ਬੇਪਰਵਾਹੀਆ । ਕਲਜੁਗ ਅੰਤਮ ਪਾਵੇ ਸਾਰਾ, ਅਕਲ ਕਲ ਵੇਖ ਵਖਾਈਆ । ਨਵ ਨੌਂ ਦਿਸੇ ਧੂੰਆਂਧਾਰਾ, ਅੰਧ ਅੰਧੇਰ ਸਮਾਈਆ । ਸ੍ਰਿਸ਼ਟ ਸਬਾਈ ਹਾਹਾਕਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਚ ਦਿਸੇ ਨਾ ਕੋਇ ਦਵਾਰਾ, ਗੁਰਦਰ ਮੰਦਰ ਸ਼ਿਵਦਵਾਲੇ ਮੱਠ ਅਗਨੀ ਤਤ ਨਾ ਕੋਇ ਬੁਝਾਈਆ । ਨਾਤਾ ਤੁਟਾ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੜੇ ਕੇਸ ਰਹੀ ਵਖਾਈਆ । ਕਲਜੁਗ ਅੰਤਮ ਸੀਸ ਖ਼ਾਕ ਸਭ ਦੇ ਰਹੇ ਘੱਤ, ਮੀਂਢੀ ਸੁਹਾਗ ਨਾ ਕੋਇ ਗੁੰਦਾਈਆ । ਸਾਧਾਂ ਸੰਤਾਂ ਉਬਲੀ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਕਿਸੇ ਨਾ ਦਿਸੇ ਧੀਰਜ ਜਤ, ਮਨ ਮਨੂਆ ਦਹਿ ਦਿਸ਼ ਉਠ ਉਠ ਧਾਈਆ । ਆਪਾ ਕਰੇ ਨਾ ਕੋਇ ਵਸ, ਜੀਵ ਜੰਤ ਕਰਨ ਪੜ੍ਹਾਈਆ । ਮਾਇਆ ਮਮਤਾ ਗਏ ਫਸ, ਫਾਸੀ ਜਮ ਨਾ ਕੋਇ ਤੁੜਾਈਆ । ਭੋਗ ਬਲਾਸ ਨੌਂ ਰਸ, ਨੌਂ ਦਵਾਰੇ ਹੋਏ ਕੁੜਮਾਈਆ । ਮਾਇਆ ਮਮਤਾ ਆਸਾ ਤ੍ਰਿਸਨਾ ਗਾਇਣ ਜਸ, ਹਰਿ ਕਾ ਨਾਉਂ ਨਾ ਕੋਇ ਸੁਣਾਈਆ । ਧੀਆਂ ਭੈਣਾਂ ਰਹੇ ਤੱਕ, ਨੇਤਰ ਗੁਰ ਨੈਣ ਦਰਸ ਕੋਇ ਨਾ ਪਾਈਆ । ਹਕੀਕ਼ਤ ਕੋਇ ਨਾ ਜਾਣੇ ਹੱਕ, ਹੱਕ ਹੱਕ ਨਾ ਕੋਇ ਵਖਾਈਆ । ਜੂਠੇ ਭਾਂਡੇ ਰਹੇ ਲੱਕ, ਕਲਜੁਗ ਜੀਵ ਸਵਾਨ ਰੂਪ ਵਟਾਈਆ । ਆਪਣਾ ਪਰਦਾ ਸਕੇ ਨਾ ਕੋਈ ਢਕ, ਕਲਜੁਗ ਨੰਗੀ ਹੋਈ ਲੋਕਾਈਆ । ਕੋਈ ਨਾ ਰੱਖੇ ਕਿਸੇ ਪੱਤ, ਸ਼ਾਹ ਸੁਲਤਾਨ ਬੈਠੇ ਮੁਖ ਭੁਵਾਈਆ । ਘਰ ਘਰ ਨੱਚੇ ਮਨਮਤ, ਮੁਖ ਘੁੰਗਟ ਰਹੀ ਉਠਾਈਆ । ਕੋਈ ਨਾ ਜਾਣੇ ਗੁਰੂ ਮਤ, ਗੁਰ ਗੁਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖੇ ਥਾਉਂ ਥਾਈਆ । ਜੁਗ ਜੁਗ ਵੇਖੇ ਨੇਤਰ ਖੋਲ੍ਹ, ਬਿਨ ਨੈਣਾਂ ਖੇਲ ਕਰਾਇੰਦਾ । ਗੁਰ ਦਰ ਮੰਦਰ ਮਸਜਿਦ ਮਾਇਆ ਰਾਣੀ ਪਾਇਆ ਘੋਲ, ਅੱਗੇ ਹੋ ਨਾ ਕੋਇ ਛੁਡਾਇੰਦਾ । ਸਚ ਵਸਤ ਨਾ ਕਿਸੇ ਕੋਲ, ਮੰਤਰ ਨਾਮ ਨਾ ਕੋਇ ਦ੍ਰਿੜਾਇੰਦਾ । ਸਾਧ ਸੰਤ ਨਾ ਰਹੇ ਅਡੋਲ, ਮਾਇਆ ਮਮਤਾ ਪਰਦਾ ਪਾਇੰਦਾ । ਬਜਰ ਕਪਾਟੀ ਕੋਈ ਨਾ ਸਕੇ ਖੋਲ੍ਹ, ਡੂੰਘੀ ਕੰਦਰ ਅੰਦਰ ਵੜ ਸਾਚੇ ਮੰਦਰ ਚੜ੍ਹ, ਸਾਚਾ ਕੰਤ ਨਾ ਕੋਇ ਮਨਾਇੰਦਾ । ਤ੍ਰੈਗੁਣ ਅਗਨੀ ਰਹੇ ਸੜ, ਚੌਦਾਂ ਵਿਦਿਆ ਪੜ੍ਹ ਪੜ੍ਹ, ਪੜ੍ਹ ਪੜ੍ਹ ਪੰਧ ਨਾ ਕੋਇ ਮੁਕਾਇੰਦਾ । ਆਪਣੀ ਕਰਨੀ ਰਹੇ ਕਰ, ਨਿਹਕਰਮੀ ਵੇਖ ਵਖਾਇੰਦਾ । ਵਰਨ ਬਰਨ ਰਹੇ ਲੜ, ਸਾਚੀ ਸਰਨ ਨਾ ਕੋਇ ਤਕਾਇੰਦਾ । ਇਕੋ ਭੁੱਲਿਆ ਸਾਚਾ ਹਰਿ, ਦੂਜਾ ਸੰਗ ਨਾ ਕੋਇ ਰਖਾਇੰਦਾ । ਦੀਨ ਮਜ਼੍ਹਬ ਰਹੇ ਮਰ, ਮਰ ਜੀਵਤ ਨਾ ਕੋਇ ਕਰਾਇੰਦਾ । ਸ਼ਾਹ ਸੁਲਤਾਨਾਂ ਬਣਿਆ ਹੰਕਾਰੀ ਗੜ੍ਹ, ਹੰਕਾਰ ਵਿਕਾਰ ਨਾ ਕੋਇ ਮਿਟਾਇੰਦਾ । ਕਲਜੁਗ ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਨਾਲ ਰਿਹਾ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣਹਾਰਾ, ਘਟ ਘਟ ਆਸਣ ਲਾਈਆ । ਜੀਵ ਜੰਤ ਪਾਵੇ ਸਾਰਾ, ਅਭੁਲ ਭੁਲ ਕਦੇ ਨਾ ਜਾਈਆ । ਚਾਰੋਂ ਕੁੰਟ ਦਿਸੇ ਵਿਭਚਾਰ ਨਾਰਾ, ਵਿਭਚਾਰ ਕਰੇ ਲੋਕਾਈਆ । ਗੁਰ ਕਾ ਸ਼ਬਦ ਨਾ ਕਿਸੇ ਪਿਆਰਾ, ਗੁਰ ਇਸ਼ਟ ਦੇਵ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਹਰਿ ਜੂ ਤੱਕ, ਆਪਣਾ ਖੇਲ ਜਣਾਇੰਦਾ । ਕਰੇ ਨਬੇੜਾ ਹੱਕੋ ਹੱਕ, ਹੱਕ ਹਕੀਕਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਥੱਕ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਥ ਗਏ ਛੱਡ, ਸਗਲਾ ਸੰਗ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਨਾਲੋਂ ਹੋਈ ਅੱਡ, ਫੜ ਬਾਂਹੋਂ ਮੇਲ ਨਾ ਕੋਇ ਮਿਲਾਇੰਦਾ । ਵਿਸ਼ਵ ਦਿਸੇ ਨਾ ਕੋਇ ਯੱਦ, ਦੀਨ ਮਜ਼੍ਹਬ ਵੰਡ ਵੰਡਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੋੜਨਹਾਰਾ ਹੱਦ, ਮਹਿਦੂਦ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤਮ ਸਾਰੇ ਲਏ ਸੱਦ, ਸਦਾ ਇਕੋ ਨਾਮ ਸੁਣਾਇੰਦਾ । ਸਚਖੰਡ ਦਵਾਰੇ ਔਣਾ ਭੱਜ, ਤੇਈ ਅਵਤਾਰਾਂ ਭਾਜੜ ਪਾਇੰਦਾ । ਭਗਤ ਅਠਾਰਾਂ ਮਾਰ ਆਵਾਜ਼, ਹਰਿ ਇਕੋ ਵਾਰ ਜਗਾਇੰਦਾ । ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਅੰਤ ਪੜ੍ਹਨੀ ਇਕ ਨਿਮਾਜ਼, ਨਿਉਂ ਨਿਉਂ ਸਯਦਾ ਇਕ ਜਣਾਇੰਦਾ । ਦਸ ਦਸ ਗੁਰੂ ਰਚ ਰਚ ਕਾਜ, ਕਰਤਾ ਪੁਰਖ ਆਪ ਸਮਝਾਇੰਦਾ । ਕਲਜੁਗ ਅੰਤਮ ਡੁੱਬਦਾ ਵੇਖੇ ਜਹਾਜ਼, ਬੇੜਾ ਬੰਨ੍ਹੇ ਕੋਇ ਨਾ ਲਾਇੰਦਾ । ਸਚ ਦਿਸੇ ਨਾ ਕੋਇ ਸਮਾਜ, ਸਮਗਰੀ ਸਤਿ ਨਾ ਕੋਇ ਵਰਤਾਇੰਦਾ । ਸ੍ਰਿਸ਼ਟ ਸਬਾਈ ਕਰੇ ਨਾਚ, ਕਲਜੁਗ ਨਟੂਆ ਆਪ ਨਚਾਇੰਦਾ । ਘਰ ਘਰ ਲੱਗੀ ਆਂਚ, ਧੁੰਆਂਧਾਰ ਵਖਾਇੰਦਾ । ਸ੍ਰਿਸ਼ਟ ਸਬਾਈ ਹੋਈ ਬਾਂਝ, ਸਾਚਾ ਸੁਤ ਨਾ ਕੋਇ ਜਣਾਇੰਦਾ । ਗੁਰ ਸ਼ਬਦੀ ਟੁੱਟੀ ਸਾਂਝ, ਕਾਮ ਕਰੋਧ ਲੋਭ ਮੋਹ ਹੰਕਾਰ ਰੰਗ ਰੰਗਾਇੰਦਾ । ਕੋਈ ਪਿਆਰ ਨਾ ਦਿਸੇ ਆਂਢ ਗਵਾਂਢ, ਸੱਜਣ ਸੈਣ ਮੀਤ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਜੁਗ ਤੇਰਾ ਵੇਖ ਵਖਾਇੰਦਾ । ਕਲਜੁਗ ਤੇਰਾ ਵੇਖੇ ਜੁਗ, ਜੁਗ ਕਰਤਾ ਸੱਚਾ ਮਾਹੀਆ । ਸਚਖੰਡ ਨਿਵਾਸੀ ਬੈਠਾ ਲੁਕ, ਨਜ਼ਰ ਕਿਸੇ ਨਾ ਆਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ, ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਅਪਣੀ ਕੁੱਖ, ਕਰ ਕਿਰਪਾ ਕੁੱਖੋਂ ਬਾਹਰ ਕਢਾਈਆ । ਪੰਜ ਤਤ ਕਾਇਆ ਮਾਟੀ ਉਜਲ ਕਰ ਕਰ ਮੁਖ, ਸਰਗੁਣ ਦੇਂਦਾ ਰਿਹਾ ਵਡਿਆਈਆ । ਅੰਤਮ ਗੋਦੀ ਆਪਣੀ ਚੁੱਕ, ਨਾਤਾ ਲੋਕਮਾਤ ਤੁੜਾਈਆ । ਲੇਖਾ ਜਾਣੇ ਕਾਇਆ ਮਾਟੀ ਪੰਜ ਤਤ ਬੁੱਤ, ਪੰਜ ਭੂਤਕ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਜੁਗ ਵੇਸ ਹਰਿ ਨਿਰੰਕਾਰ, ਏਕਾ ਏਕ ਰਖਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਸਚਖੰਡ ਨਿਵਾਸੀ ਸਾਚਾ ਲਾਏ ਇਕ ਦਰਬਾਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਚਰਨ ਬਹਾਏ ਗੁਰ ਅਵਤਾਰ, ਪੀਰ ਪੈਗ਼ੰਬਰ ਵੇਖ ਵਖਾਇੰਦਾ । ਉਠੋ ਸਾਰੇ ਵੇਖੋ ਹਾਲ, ਕਲਜੁਗ ਕੀ ਕਲ ਵਰਤਾਇੰਦਾ । ਸ੍ਰਿਸ਼ਟ ਸਬਾਈ ਲੇਖਾ ਕਾਲ, ਨਾਮ ਧਨ ਨਾ ਕੋਇ ਰਖਾਇੰਦਾ । ਜੀਵ ਜੰਤ ਹੋਏ ਕੰਗਾਲ, ਜਗਤ ਕੰਗਾਲੀ ਨਾ ਕੋਇ ਗਵਾਇੰਦਾ । ਸਾਚੇ ਮੰਦਰ ਨਾ ਕਰੇ ਕੋਇ ਸਵਾਲ, ਸਵਾਲੀ ਸਵਾਲ ਨਾ ਕੋਇ ਰਖਾਇੰਦਾ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਇਕ ਵਜਾਇੰਦਾ । ਇਕੋ ਇਕ ਮੁਰੀਦ ਮੁਰਸ਼ਦ ਪੁਛੇ ਹਾਲ, ਹਾਲ ਮੁਰੀਦਾਂ ਆਪ ਸੁਣਾਇੰਦਾ । ਨਿਰਗੁਣ ਚਲੀ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਤੋੜਨਹਾਰਾ ਤ੍ਰੈਗੁਣ ਜਾਲ, ਜੋਤੀ ਜਾਤਾ ਵੇਸ ਵਟਾਇੰਦਾ । ਸੰਤ ਸੁਹੇਲੇ ਸਾਚੇ ਭਾਲ, ਫੜ ਫੜ ਆਪਣੇ ਅੰਗ ਲਗਾਇੰਦਾ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਸਤਿਗੁਰ ਪੂਰਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ,

੮੨੨ ੧੨

ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਦੇਵੇ ਦੱਸ, ਪਰਦਾ ਰਿਹਾ ਉਠਾਈਆ । ਹਰਿਜਨ ਹਿਰਦੇ ਜਾਏ ਵਸ, ਬੇ ਨਕ਼ਾਬ ਮਾਹੀਆ । ਨਿਰਗੁਣ ਨੂਰ ਕਰ ਪਰਕਾਸ਼, ਪਰਗਟ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਬਣਾਏ ਖ਼ਾਲਸਾ ਖ਼ਾਲਸ ਖ਼ਾਸ, ਆਪਣਾ ਰੰਗ ਰੰਗਾਈਆ । ਨਿਜ ਆਤਮ ਕਰ ਨਿਵਾਸ, ਪਰਮਾਤਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰੰਦਾ, ਕਰਨਹਾਰ ਅਖਵਾਇੰਦਾ । ਕਲਜੁਗ ਮੇਟੇ ਕੂੜਾ ਧੰਦਾ, ਧੂੰਆਂਧਾਰ ਮਿਟਾਇੰਦਾ । ਵੇਖਣਹਾਰਾ ਨੌਂ ਨੌਂ ਖੰਡਾ, ਸੱਤ ਸੱਤ ਆਪਣਾ ਫੇਰਾ ਪਾਇੰਦਾ । ਭੇਵ ਖੁਲ੍ਹਾਏ ਵਿਚ ਬ੍ਰਹਿਮੰਡਾਂ, ਜੇਰਜ ਅੰਡਜ ਪਰਦਾ ਲਾਹਿੰਦਾ । ਕਲਜੁਗ ਅੰਤਮ ਆਇਆ ਕੰਢਾ, ਕੰਢੇ ਬੈਠਾ ਰਾਹ ਤਕਾਇੰਦਾ । ਸਮਰਥ ਸਵਾਮੀ ਇਕੋ ਫੜਿਆ ਡੰਡਾ, ਨਾਮ ਖੰਡਾ ਇਕ ਜਣਾਇੰਦਾ । ਕਲਜੁਗ ਅੰਤਮ ਤੋੜੇ ਘਮੰਡਾ, ਖ਼ੁਦੀ ਤਕੱਬਰ ਮੇਟ ਮਿਟਾਇੰਦਾ । ਨਿਰਗੁਣ ਸਰਗੁਣ ਚਾੜ੍ਹੇ ਰੰਦਾ, ਜਗਤ ਬਾਢੀ ਖੇਲ ਕਰਾਇੰਦਾ । ਕੋਈ ਰਹਿਣ ਨਾ ਦੇਵੇ ਗੰਦਾ, ਕੂੜੀ ਕਿਰਿਆ ਮੋਹ ਚੁਕਾਇੰਦਾ । ਸਾਹਿਬ ਦਿਆਲ ਸਦਾ ਬਖ਼ਸ਼ੰਦਾ, ਬਖ਼ਸ਼ਸ਼ ਆਪਣੀ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਇਕ ਸੁਣਾਏ ਸੁਹਾਗੀ ਛੰਦਾ, ਸੋਹੰ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਰੰਗ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸ੍ਰਿਸ਼ਟ ਸਬਾਈ ਹੋਈ ਭੰਗ, ਕਲਜੁਗ ਭੰਗੜਾ ਰਿਹਾ ਵਖਾਈਆ । ਰਸਨਾ ਜਿਹਵਾ ਖਾਇਣ ਗੰਦ, ਆਤਮ ਰਸ ਨਾ ਕੋਇ ਰਸਾਈਆ । ਕੂੜੀ ਕਿਰਿਆ ਚੁੱਕੀ ਪੰਡ, ਹੌਲਾ ਭਾਰ ਨਾ ਕੋਇ ਵਖਾਈਆ । ਮਨਮੁਖ ਜੀਵ ਭਾਗਾਂਮੰਦ, ਭਗਵਨ
੮੨੩
ਗੀਤ ਨਾ ਕੋਇ ਗਾਈਆ । ਸ੍ਰਿਸ਼ਟ ਸਬਾਈ ਨੇਤਰ ਅੰਧ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਕਿਸੇ ਕੰਮ ਨਾ ਆਏ ਬੱਤੀ ਦੰਦ, ਬਿਨ ਹਰਿ ਜੂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ
੧੨
ਵੇਖੇ ਆਪ, ਹਰਿ ਆਪਣਾ ਰੂਪ ਧਰਾਇੰਦਾ । ਨੌਂ ਖੰਡ ਪ੍ਰਿਥਮੀ ਰਹੀ ਕਾਂਪ, ਧਰਤ ਧਵਲ ਭਾਰ ਨਾ ਕੋਇ ਉਠਾਇੰਦਾ । ਤ੍ਰੈਗੁਣ ਮਾਇਆ ਡੱਸਣੀ ਡੱਸੇ ਸਾਂਪ, ਸਤਿ ਸਤਿ ਰਾਹ ਨਾ ਕੋਇ ਚਲਾਇੰਦਾ । ਨਾਤਾ ਤੁਟਾ ਪੂਤ ਬਾਪ, ਬਾਪ ਪੂਤ ਗੋਦ ਨਾ ਕੋਇ ਸੁਹਾਇੰਦਾ । ਝੇੜਾ ਲੱਗਾ ਜ਼ਾਤ ਪਾਤ, ਝਗੜਾ ਜਗਤ ਨਾ ਕੋਇ ਮੁਕਾਇੰਦਾ । ਪੁਰਖ ਅਬਿਨਾਸ਼ੀ ਅੰਤਮ ਸੁੱਟੇ ਡੂੰਘੇ ਖਾਤ, ਵਰਨ ਬਰਨ ਕੋਇ ਰਹਿਣ ਨਾ ਪਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਣਾਏ ਇਕ ਜਮਾਤ, ਇਕੋ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਬੰਨ੍ਹੇ ਨਾਤ, ਸਾਚਾ ਨਾਤਾ ਜੋੜ ਜੁੜਾਇੰਦਾ । ਪਾਰਬ੍ਰਹਮ ਬ੍ਰਹਮ ਗਾਵੇ ਗਾਥ, ਬੋਧ ਅਗਾਧਾ ਰਾਗ ਸੁਣਾਇੰਦਾ । ਸਗਲ ਵਿਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਵਖਾਇੰਦਾ । ਅੰਤਮ ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਜਨਮ ਮਰਨ ਮਰਨ ਜਨਮ ਗੇੜਾ ਆਪ ਚੁਕਾਇੰਦਾ । ਗੁਰਮੁਖ ਕਦੇ ਨਾ ਜਲੇ ਅਗਨੀ ਕਾਠ, ਮੜ੍ਹੀ ਗੋਰ ਨਾ ਕੋਇ ਦਬਾਇੰਦਾ । ਸਾਹਿਬ ਸਤਿਗੁਰ ਅੰਤਮ ਪਤ ਲਏ ਰਾਖ, ਬਣ ਰੱਖਕ ਸੇਵ ਕਮਾਇੰਦਾ । ਕਲਜੁਗ ਤੇਰੀ ਅੰਤਮ ਦਿਸ਼ਾ ਰਿਹਾ ਝਾਕ, ਝਾਕੀ ਆਪਣੀ ਆਪੇ ਪਾਇੰਦਾ । ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਖੋਲ੍ਹ ਵਖਾਏ ਤਾਕ, ਨੇਤਰ ਨੈਣ ਨੈਣ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵੇਲਾ,

ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਵੇਖ ਵਖਾਇੰਦਾ । ਚੇਲਾ ਗੁਰ ਰਿਹਾ ਤੱਕ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਫਲ ਗਿਆ ਪੱਕ, ਵੇਲਾ ਅੰਤਮ ਆਈਆ । ਪ੍ਰਭ ਕਰੇ ਨਬੇੜਾ ਹੱਕ, ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਜੂਠ ਝੂਠ ਗਿਆ ਥੱਕ, ਬੈਠਾ ਢੇਰੀ ਢਾਹੀਆ । ਪੀਰ ਪੈਗ਼ੰਬਰ ਗਿਆ ਅੱਕ, ਸਾਚੀ ਕਰੇ ਨਾ ਕੋਇ ਪੜ੍ਹਾਈਆ । ਸ਼ਰਅ ਸ਼ਰੀਅਤ ਨਕੇਲ ਪਾਈ ਨੱਕ, ਚਾਰੋਂ ਕੁੰਟ ਰਹੀ ਭੁਵਾਈਆ । ਗੁਰਮੁਖ ਵਿਰਲਾ ਜਾਏ ਬਚ, ਜਿਸ ਪ੍ਰਭ ਆਪਣੀ ਦਇਆ ਕਮਾਈਆ । ਇਕੋ ਘਰ ਵਖਾਏ ਸੱਚ, ਸਚ ਘਰ ਨਾਮ ਵਧਾਈਆ । ਲੇਖੇ ਲੱਗੇ ਪੰਜ ਤਤ ਮਾਟੀ ਕੱਚ, ਕੱਚ ਕੰਚਨ ਰੂਪ ਵਟਾਈਆ । ਸਾਹਿਬ ਦਿਆਲ ਸਤਿਗੁਰ ਸਵਾਮੀ ਨਿਹਕਰਮੀ ਅੰਦਰ ਜਾਏ ਰਚ, ਠਾਕਰ ਆਪਣਾ ਰੰਗ ਰੰਗਾਈਆ । ਵੇਖਣਹਾਰਾ ਰੱਤੀ ਰੱਤ, ਰੁੱਤ ਰੁੱਤੜੀ ਰੁੱਤ ਮਹਿਕਾਈਆ । ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਸੋਹੰ ਸ਼ਬਦ ਸਾਚਾ ਰਥ, ਸਤਿਜੁਗ ਸਾਚੇ ਲਏ ਪਰਗਟਾਈਆ । ਕਲਜੁਗ ਚੌਥਾ ਯੁਗ ਬਹੇ ਸੱਥਰ ਘਤ, ਸਫ਼ਾ ਸਕੇ ਨਾ ਫਿਰ ਉਠਾਈਆ । ਲੋਕਮਾਤ ਵਿਚੋਂ ਜਾਏ ਨੱਠ, ਬਹੁੜੀ ਬਹੁੜੀ ਦਏ ਦੁਹਾਈਆ । ਅੰਤਮ ਕੋਇ ਨਾ ਰੱਖੇ ਪੱਤ, ਅੱਲਾ ਰਾਣੀ ਕੂਕ ਸੁਣਾਈਆ । ਮੇਰੀ ਉਮਤ ਮਾਰੀ ਗਈ ਮਤ, ਮਤਵਾਲੀ ਭੇਵ ਕੋਇ ਨਾ ਪਾਈਆ । ਦੋਏ ਜੋੜ ਵਾਸਤਾ ਰਹੀ ਘੱਤ, ਢਹਿ ਪਈ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸੰਗੀ ਨਜ਼ਰ ਕੋਇ ਨਾ ਆਈਆ । ਬਿਨ ਤੁਧ ਲੱਥੀ ਮੇਰੀ ਪੱਤ, ਮੇਰੀ ਕੀਮਤ ਕੋਇ ਨਾ ਪਾਈਆ । ਚੌਦਾਂ ਸਦੀਆਂ ਤੇਰੇ ਨਾਲੋਂ ਰਹੀ ਵੱਖ, ਵੱਖਰਾ ਆਪਣਾ ਰਾਹ ਚਲਾਈਆ । ਅੰਤਮ ਖੇੜਾ ਹੋਇਆ ਭੱਠ, ਢਹਿ ਢਹਿ ਢੇਰੀ ਖ਼ਾਕ ਸਮਾਈਆ । ਚੌਦਾਂ ਤਬਕ ਨਾ ਕੋਇ ਹੱਟ, ਖ਼ਾਲੀ ਹੱਟੀ ਦਏ ਦੁਹਾਈਆ । ਮੈਂ ਤੇਰੇ ਕੋਲ ਆਈ ਨੱਠ, ਪਰਵਰਦਿਗਾਰ ਹੋਏ ਸਹਾਈਆ । ਮੇਰੀ ਲੱਥੀ ਅੰਤਮ ਪਤ, ਨੱਕ ਸੁਹਾਗ ਰਹਿਣ ਨਾ ਪਾਈਆ । ਸਾਚਾ ਮਾਰਗ ਇਕੋ ਦੱਸ, ਮੈਂ ਜਾਵਾਂ ਚਾਈਂ ਚਾਈਂਆ । ਮੇਰੀ ਅੰਤਮ ਹੋਈ ਬਸ, ਬਲਹੀਣ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਅੱਗੋਂ ਹੱਸ, ਉਂਗਲੀ ਨਾਲ ਸਮਝਾਈਆ । ਮੇਰੇ ਭਗਤਾਂ ਜਾ ਕੇ ਚਰਨੀ ਢੱਠ, ਤੈਨੂੰ ਦੇਣ ਮਾਣ ਵਡਿਆਈਆ । ਦੋਵੇਂ ਜੋੜ ਸਰਨਾਈ ਪੈਣਾ ਹੱਥ, ਹੱਥ ਹੱਥ ਨਾਲ ਮਿਲਾਈਆ । ਨੇਤਰ ਨੀਰ ਵਹੌਣਾ ਅੱਥ, ਤੇਰੀ ਆਬਰੂ ਲੈਣ ਬਚਾਈਆ । ਜਾ ਕੇ ਸੁਣ ਸਾਚੀ ਮਤ, ਏਕਾ ਏਕ ਹੋਏ ਪੜ੍ਹਾਈਆ । ਆਦਿ ਜੁਗਾਦਿ ਪੁਰਖ ਸਮਰਥ, ਜੁਗ ਜੁਗ ਆਪਣਾ ਰਾਹ ਚਲਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸੁਣ ਸੰਦੇਸਾ ਅੱਲਾ ਰਾਣੀ, ਨੇਤਰ ਨੈਣ ਉਠਾਇਆ । ਕਵਣ ਸੁਣਾਏ ਅਕੱਥ ਕਹਾਣੀ, ਮਹਿਮਾ ਹਰਿ ਜਣਾਇਆ । ਬਿਰਹੋਂ ਕੁਠੀ ਹੋਏ ਨਿਮਾਣੀ, ਕਵਣ ਦਰਦੀ ਦਰਦ ਵੰਡਾਇਆ । ਬਲ ਬੁਧ ਬਾਲ ਅੰਵਾਣੀ, ਮੇਰੀ ਚਲੇ ਨਾ ਕੋਇ ਚਤੁਰਾਇਆ । ਆਬ ਹਯਾਤ ਦੇਵੇ ਠੰਡਾ ਪਾਣੀ, ਭਰ ਪਿਆਲਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਜਣਾਇਆ । ਸਾਚਾ ਮਾਰਗ ਏਕਾ ਏਕ, ਏਕੰਕਾਰਾ ਆਪ ਜਣਾਈਆ । ਸਚ ਦਵਾਰੇ ਇਕੋ ਟੇਕ, ਦੂਸਰ ਓਟ ਨਾ ਕੋਇ ਤਕਾਈਆ । ਸਚ ਦਵਾਰੇ ਇਕੋ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਚ ਦਵਾਰੇ ਇਕੋ ਭੇਖ, ਭੇਖਾਧਾਰੀ ਆਪ ਵਖਾਈਆ । ਸਚ ਦਵਾਰੇ ਇਕ ਆਦੇਸ, ਨਿਉਂ ਨਿਉਂ ਸੀਸ ਇਕ ਝੁਕਾਈਆ । ਸਚ ਦਵਾਰੇ ਇਕੋ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਤਿਸ ਸਾਹਿਬ ਅੱਗੇ ਚਲੇ ਨਾ ਕੋਇ

੮੨੪
੧੨

ਪੇਸ਼, ਤੇਈ ਅਵਤਾਰ ਅਠਾਰਾਂ ਭਗਤ ਈਸਾ ਮੂਸਾ ਮੁਹੰਮਦ ਗੁਰ ਦਸ ਬੈਠੇ ਸੀਸ ਝੁਕਾਈਆ । ਸੋ ਸਾਹਿਬ ਇਕੋ ਮਾਣ ਦੇਵੇ ਦਸ ਦਸਮੇਸ, ਗੋਬਿੰਦ ਆਪਣਾ ਰਾਹ ਜਣਾਈਆ । ਸੁਤ ਦੁਲਾਰੇ ਕਰੇ ਹੇਤ, ਹਿਤਕਾਰੀ ਫੇਰਾ ਪਾਈਆ । ਰੁੱਤ ਬਸੰਤੀ ਮੌਲੇ ਚੇਤ, ਫੁਲ ਫਲਵਾੜੀ ਆਪ ਮਹਿਕਾਈਆ । ਲੱਖ ਚੁਰਾਸੀ ਉਜੜਨ ਵਾਲਾ ਖੇਤ, ਰਾਖਾ ਕੋਇ ਨਜ਼ਰ ਨਾ ਆਈਆ । ਅਗਨੀ ਲੱਗੇ ਮਹੀਨਾ ਜੇਠ, ਜੇਠਾ ਪੁੱਤ ਸਕੇ ਨਾ ਕੋਇ ਬਚਾਈਆ । ਬਚਿਆ ਰਹੇ ਨਾ ਕੋਇ ਸੇਠ, ਮਾਇਆ ਰਾਣੀ ਰੋਵੇ ਮਾਰੇ ਧਾਹੀਂਆ । ਜਨ ਭਗਤਾਂ ਹਰਿ ਜੂ ਦੱਸੇ ਆਪਣਾ ਭੇਤ, ਚੁੱਕ ਪਰਦਾ ਦਰਸ ਕਰਾਈਆ । ਵਸਣਹਾਰਾ ਨੇਤਨ ਨੇਤ, ਨਿਜ ਘਰ ਬੈਠਾ ਖ਼ੁਸ਼ੀ ਮਨਾਈਆ । ਨਿਰਗੁਣ ਖੇਲਣਹਾਰਾ ਖੇਡ, ਇਕ ਅਠ ਵੇਖ ਵਖਾਈਆ । ਇਕ ਨੌਂ ਕਰੇ ਖੇਦ, ਖ਼ਾਲਕ ਖ਼ਲਕ ਦਏ ਰੁਲਾਈਆ । ਜ਼ਿਮੀਂ ਅਸਮਾਨਾਂ ਪਾਏ ਛੇਦ, ਨਾਮ ਵਰਮਾ ਇਕ ਚਲਾਈਆ । ਅੰਤਮ ਦਿਸੇ ਬਾਲੂ ਰੇਤ, ਕਲਰ ਕੰਧ ਰਹਿਣ ਨਾ ਪਾਈਆ । ਜਨ ਭਗਤਾਂ ਕਰੇ ਸਾਚਾ ਹੇਤ, ਸਤਿਗੁਰ ਮਿਲ ਮਿਲ ਖ਼ੁਸ਼ੀ ਮਨਾਈਆ । ਨਿਰਗੁਣ ਸਰਗੁਣ ਆਪੇ ਪੇਖ, ਨਿਜ ਨੇਤਰ ਕਰੇ ਰਸਾਈਆ । ਸਚਖੰਡ ਨਿਵਾਸੀ ਲਿਖਣਹਾਰਾ ਲੇਖ, ਪਿਛਲਾ ਲੇਖਾ ਦਏ ਮੁਕਾਈਆ । ਮਾਣ ਗਵਾਏ ਔਲੀਆ ਪੀਰ ਸ਼ੇਖ਼, ਦਸਤਗੀਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਗੁਣ ਦਏ ਜਣਾਈਆ । ਏਕਾ ਗੁਣ ਗੁਣਾਵੰਤ, ਗੁਣ ਸਾਗਰ ਰੂਪ ਵਖਾਇੰਦਾ । ਏਕਾ ਨਾਮ ਮਣੀਆਂ ਮੰਤ, ਮਨ ਵਾਸਨਾ ਬੰਦ ਕਰਾਇੰਦਾ । ਏਕਾ ਸਾਹਿਬ ਸ੍ਰੀ ਭਗਵੰਤ, ਸਚਖੰਡ ਸਾਚੇ ਆਸਣ ਲਾਇੰਦਾ । ਏਕਾ ਸੁਹਾਗ ਹਰਿ ਜੂ ਕੰਤ, ਲੱਖ ਚੁਰਾਸੀ ਨਾਰ ਪਰਨਾਇੰਦਾ । ਏਕਾ ਆਤਮ ਬੋਧ ਪਰਮਾਤਮ ਪੰਡਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਤੋੜਨਹਾਰਾ ਗੜ੍ਹ ਹੰਗਤ, ਹੰ ਬ੍ਰਹਮ ਵੇਖ ਵਖਾਇੰਦਾ । ਏਕਾ ਮੇਲਣਹਾਰਾ ਸਾਚੀ ਸੰਗਤ, ਸ਼ੰਕਾ ਕੋਇ ਰਹਿਣ ਨਾ ਪਾਇੰਦਾ । ਏਕਾ ਵੇਖਣਹਾਰਾ ਜੇਰਜ ਅੰਡਤ, ਉਤਭੁਜ ਸੇਤਜ ਇਕ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਚ ਗਿਆਨ, ਨਾਮ ਨਿਧਾਨ ਏਕਾ ਝੋਲੀ ਪਾਇੰਦਾ । ਨਾਮ ਨਿਧਾਨਾ ਇਕੋ ਅੱਖਰ, ਅੱਖਰ ਅੱਖਰ ਕਰੇ ਪੜ੍ਹਾਈਆ । ਬਜਰ ਕਪਾਟੀ ਤੋੜੇ ਪੱਥਰ, ਝੂਠੀ ਸਿਲਾ ਦਏ ਹਟਾਈਆ । ਫੜ ਕੇ ਚੋਟੀ ਚਾੜ੍ਹੇ ਸਿਖਰ, ਅਧਵਿਚਕਾਰ ਨਾ ਕੋਇ ਅਟਕਾਈਆ । ਗੁਰਸਿਖ ਤੇਰਾ ਲੱਖ ਚੁਰਾਸੀ ਚੁਕੇ ਫ਼ਿਕਰ, ਤੇਰਾ ਫ਼ਿਕਰ ਕਰੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਇਕ ਵਖਾਈਆ । ਸਾਚਾ ਰਾਹ ਸਤਿਗੁਰ ਰੰਗ, ਗੁਰ ਸਤਿਗੁਰ ਆਪ ਜਣਾਇੰਦਾ । ਹਰਿਜਨ ਮੇਲਾ ਆਤਮ ਸੇਜ ਪਲੰਘ, ਪਾਵਾ ਚੂਲ ਨਾ ਕੋਇ ਵਖਾਇੰਦਾ । ਹਰਿਜਨ ਗੀਤ ਸੁਹਾਗੀ ਛੰਦ, ਅਨਬੋਲਤ ਰਾਗ ਅਲਾਇੰਦਾ । ਹਰਿਜਨ ਅੰਮ੍ਰਿਤ ਆਤਮ ਰਸ ਇਕ ਅਨੰਦ, ਬਿਨ ਰਸਨਾ ਜਿਹਵਾ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਚ ਘਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਚਖੰਡ ਦਵਾਰ ਸਤਿਗੁਰ ਚਰਨ, ਨਿਰਗੁਣ ਸਰਗੁਣ ਦਏ ਸਮਝਾਈਆ । ਨੇਤਰ ਖੋਲ੍ਹੇ ਹਰਨ ਫਰਨ, ਹਰਿ ਜੂ ਆਪਣਾ ਪਰਦਾ ਲਾਹੀਆ । ਨਾਤਾ ਤੋੜ ਵਰਨ ਬਰਨ, ਜ਼ਾਤ ਪਾਤ ਨਾ ਕੋਇ ਰਖਾਈਆ । ਕਰੇ ਕਰਾਏ ਕਰਨੀ ਕਰਨ, ਕਰਤਾ ਕੀਮਤ ਆਪੇ ਪਾਈਆ । ਨਿਰਭੌ ਚੁਕਾਏ ਭੈ ਡਰਨ, ਭਿਆਨਕ ਹੋਏ ਆਪ ਸਹਾਈਆ । ਭਗਤ ਭਗਵੰਤ

ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਨਾਮ ਪੜ੍ਹਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕ ਦੂਜੇ ਦੇ ਅੰਦਰ ਵੜਨ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਉਚੇ ਪੌੜੇ ਆਪੇ ਚੜ੍ਹਨ, ਮਹੱਲ ਅਟੱਲ ਡੇਰਾ ਲਾਈਆ । ਇਕ ਦੂਜੇ ਦੇ ਦਰਸਨ ਕਰਨ, ਜੋਤੀ ਜੋਤ ਜੋਤ ਰੁਸ਼ਨਾਈਆ । ਇਕ ਦੂਜੇ ਦੀ ਸਰਨੀ ਪੜ੍ਹਨ, ਗੁਰ ਗੋਬਿੰਦ ਗਿਆ ਸਮਝਾਈਆ । ਇਕ ਦੂਜੇ ਦਾ ਪੱਲੂ ਫੜਨ, ਨਾਨਕ ਨਿਰਗੁਣ ਵੇਖੇ ਚਾਈਂ ਚਾਈਂਆ । ਨਿਹਕਲੰਕ ਤਰਨੀ ਤਰਨ, ਤਾਰਨਹਾਰ ਸਾਹਿਬ ਸੁਖਦਾਈਆ । ਜੈ ਜੈਕਾਰ ਸਾਰੇ ਕਰਨ, ਆਤਮ ਪਰਮਾਤਮ ਵੱਜੇ ਵਧਾਈਆ । ਸੋਹੰ ਸ਼ਬਦ ਸਾਰੇ ਪੜ੍ਹਨ, ਪੜ੍ਹ ਪੜ੍ਹ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਨੌਜਵਾਨ, ਨੌਕਾ ਨਾਮ ਇਕ ਵਖਾਈਆ । ਨੌਕਾ ਨਾਮ ਹਰਿ ਕੀ ਨੱਯਾ, ਜੁਗ ਜੁਗ ਕਰਤਾ ਆਪ ਚਲਾਇੰਦਾ । ਪੁਰਖ ਅਬਿਨਾਸ਼ੀ ਬਣ ਬਣ ਸੱਯਾ, ਖੇਵਟ ਖੇਟਾ ਰੂਪ ਧਰਾਇੰਦਾ । ਹਰਿ ਜੂ ਚੜ੍ਹਾਏ ਫੜ ਫੜ ਬਹੀਆ, ਬਾਹੋਂ ਫੜ ਗਲੇ ਲਗਾਇੰਦਾ । ਰਾਏ ਧਰਮ ਨਾ ਕੱਢੇ ਵਹੀਆ, ਚਿੱਤਰ ਗੁਪਤ ਹਿਸਾਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਕਲਜੁਗ ਅੰਤਮ ਲੇਖਾ ਦਰ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਹੰ ਬ੍ਰਹਮ ਪ੍ਰਭ ਲਏ ਵਰ, ਪਾਰਬ੍ਰਹਮ ਕਰੇ ਸਚ ਕੁੜਮਾਈਆ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣਾ ਰੂਪ ਵਖਾਈਆ । ਸੰਤ ਸਾਜਣ ਸਤਿਗੁਰ ਫੜ, ਫੜ ਫੜ ਗੋਦ ਬਹਾਈਆ । ਸ੍ਰਿਸ਼ਟ ਸਬਾਈ ਮਰੇ ਲੜ ਲੜ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਕਿਸੇ ਹੱਥ ਨਾ ਆਏ ਹੁੱਕਾ ਨੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਹੋਏ ਬਿਨ ਖੇਲ, ਖ਼ਾਲਕ ਖ਼ਲਕ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਸੜੇ ਬਿਨ ਅਗਨੀ ਤੇਲ, ਅਗਨੀ ਅੱਗ ਇਕ ਲਗਾਇੰਦਾ । ਰਾਏ ਧਰਮ ਦੀ ਘੱਲੇ ਜੇਲ, ਅੱਗੇ ਹੋ ਨਾ ਕੋਇ ਛੁਡਾਇੰਦਾ । ਜਨਕ ਕੁੰਡ ਜੋ ਕੀਤੇ ਵੇਹਲ, ਕਲਜੁਗ ਅੰਤ ਆਪ ਭਰਾਇੰਦਾ । ਹਰਿ ਕਾ ਹਿਸਾਬ ਹੋਏ ਨਾ ਫ਼ੇਲ, ਕਿਤਾਬ ਲੇਖ ਨਾ ਕੋਇ ਜਣਾਇੰਦਾ । ਜਨਾਬ ਕਹਿ ਕਹਿ ਸਾਰੇ ਪੌਣ ਵੇਲ, ਲੱਖ ਲੱਖ ਸ਼ੁਕਰ ਮਨਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਬਣ ਬਣ ਗਏ ਚੇਲ, ਸਤਿਗੁਰ ਇਕੋ ਪੁਰਖ ਅਕਾਲ ਅਖਵਾਇੰਦਾ । ਧਰਨੀ ਧਰਤ ਧਵਲ ਤੇਰੇ ਉਤੇ ਕਰੇ ਵੇਹਲ, ਵੇਹਲਾ ਆਪਣਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਕਿਨਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਕੰਨੀ ਗਏ ਕਤਰਾਈਆ । ਅਠਸਠ ਰੋਵੇ ਜ਼ਾਰੋ ਜ਼ਾਰਾ, ਧੀਰਜ ਨਜ਼ਰ ਕੋਇ ਨਾ ਆਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹਾਹਾਕਾਰਾ, ਹਰਿ ਕੀ ਪੌੜੀ ਨਾ ਕੋਇ ਚੜ੍ਹਾਈਆ । ਕਾਗਦ ਕਲਮ ਸ਼ਾਹੀ ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਅੱਖਰ ਵੱਖਰ ਭੇਵ ਨਾ ਕੋਇ ਖੁਲ੍ਹਾਈਆ । ਰਾਗੀ ਰਾਗ ਗਾ ਗਾ ਥੱਕੇ ਵਾਰਾ, ਆਪਣੀ ਵਾਰਤਾ ਨਾ ਕਿਸੇ ਸੁਣਾਈਆ । ਸਾਧ ਸੰਤ ਪੜ੍ਹ ਪੜ੍ਹ ਥੱਕੇ ਅਖਬਾਰਾ, ਆਪਣੀ ਖ਼ਬਰ ਨਾ ਕੋਇ ਪੁਚਾਈਆ । ਪੁਰਖ ਅਬਿਨਾਸ਼ੀ ਸਭ ਦੇ ਕੋਲੋਂ ਹੋਇਆ ਬੇ ਇਤਬਾਰਾ, ਇਤਬਾਰ ਕਿਸੇ ਉਤੇ ਨਾ ਮਾਤ ਰਖਾਈਆ । ਇਕੋ ਭਗਤ ਕਰੇ ਪਿਆਰਾ, ਮਿਲ ਮਿਲ ਗਲਵਕੜੀ ਏਕਾ ਪਾਈਆ । ਹਰਿ ਭਗਤ ਕਹੇ ਮੈਂ ਰਿਹਾ ਕੁਵਾਰਾ, ਤੁਧ ਬਿਨ ਕੰਤ ਨਾ ਕੋਇ ਮਨਾਈਆ । ਭਗਵੰਤ ਕਹੇ ਮੈਂ ਕਰਾਂ ਸ਼ੰਗਾਰਾ, ਬਸਤਰ

ਨਾਮ ਤਨ ਪਹਿਨਾਈਆ । ਭਗਤ ਕਹੇ ਮੈਂ ਕਰਾਂ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਭਗਵਾਨ ਕਹੇ ਮੈਂ ਚੁੱਕਾਂ ਡੋਲੀ ਬਣ ਕਹਾਰਾ, ਦੋ ਜਹਾਨਾਂ ਪਾਰ ਕਰਾਈਆ । ਭਗਤ ਕਹੇ ਮੈਂ ਵੇਖਾਂ ਤੇਰਾ ਦਵਾਰਾ, ਜਿਸ ਘਰ ਨਾਨਕ ਕਬੀਰਾ ਬੈਠੇ ਆਸਣ ਲਾਈਆ । ਭਗਵਾਨ ਕਹੇ ਤੂੰ ਮੇਰਾ ਸੱਚਾ ਹੀਰਾ, ਹਰਿ ਜੂ ਤੇਰਾ ਰੂਪ ਆਪਣੇ ਵਿਚ ਸਮਾਈਆ । ਭਗਤ ਕਹੇ ਤੂੰ ਗਹਿਰ ਗੰਭੀਰਾ, ਤੇਰਾ ਅੰਤ ਕੋਇ ਨਾ ਪਾਈਆ । ਭਗਵਾਨ ਕਹੇ ਮੈਂ ਠਾਂਡਾ ਸੀਰਾ, ਰਲ ਮਿਲ ਜਨ ਭਗਤਾਂ ਅੰਦਰ ਆਪਣੀ ਖ਼ੁਸ਼ੀ ਮਨਾਈਆ । ਭਗਤ ਕਹੇ ਤੂੰ ਸਭ ਦਾ ਚੀਰਾ, ਸੀਸ ਜਗਦੀਸ ਤਾਜ ਸੁਹਾਈਆ । ਭਗਵਾਨ ਕਹੇ ਮੈਂ ਭਗਤਾਂ ਪਿਛੇ ਬਣਿਆ ਰਹਾਂ ਫ਼ਕੀਰਾ, ਜੁਗ ਜੁਗ ਦਰ ਦਰ ਘਰ ਘਰ ਜਾ ਜਾ ਫੇਰਾ ਪਾਈਆ । ਭਗਤ ਕਹੇ ਤੂੰ ਬਦਲਣਹਾਰਾ ਤਕਦੀਰਾ, ਤਦਬੀਰ ਆਪਣੇ ਹੱਥ ਰਖਾਈਆ । ਭਗਵਾਨ ਕਹੇ ਬਿਨ ਭਗਤ ਮੈਨੂੰ ਕੋਇ ਨਾ ਦੇਵੇ ਧੀਰਾ, ਮੇਰਾ ਸੰਗ ਨਾ ਕੋਇ ਰਖਾਈਆ । ਭਗਤ ਕਹੇ ਤੂੰ ਕੱਟਣਹਾਰਾ ਸ਼ਰਅ ਜ਼ੰਜੀਰਾ, ਸ਼ਰੀਅਤ ਰੂਪ ਨਾ ਕੋਇ ਰਖਾਈਆ । ਭਗਵਾਨ ਕਹੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਢੋਲਾ ਇਕੋ ਸੋਹਲਾ ਇਕੋ ਚੋਲਾ, ਸੋਹੰ ਤੇਰਾ ਮੇਰਾ ਰੂਪ ਵਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤ ਦਵਾਰੇ ਬਣਿਆ ਰਿਹਾ ਗੋਲਾ, ਬਣ ਸੇਵਕ ਸੇਵ ਕਮਾਈਆ । ਕਲਜੁਗ ਅੰਤਮ ਪਰਦਾ ਲਾਹੇ ਉਹਲਾ, ਪਰਗਟ ਹੋਵੇ ਸੱਚਾ ਸ਼ਹਿਨਸ਼ਾਹੀਆ । ਸੱਤਰ ਬਹੱਤਰ ਚੁਹੱਤਰ ਅੱਠੇ ਪਹਿਰ ਰੱਖੇ ਕੋਲਾ, ਕੀਤਾ ਕੌਲ ਭੁਲ ਨਾ ਜਾਈਆ । ਦੇਵੇ ਨਾਮ ਇਕ ਅਨਮੋਲਾ, ਅਨਮੁਲੜੀ ਦਾਤ ਵਰਤਾਈਆ । ਨਾਨਕ ਨਿਰਗੁਣ ਕਹੇ ਸੋਹੰ ਢੋਲਾ, ਗੋਬਿੰਦ ਸੋਹੰ ਚਿੱਲਾ ਤੀਰ ਕਮਾਨ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਇਕੋ ਮੌਲਾ, ਹਰ ਘਟ ਰਿਹਾ ਸਮਾਈਆ ।
੮੨੭ ਕਲਜੁਗ ਅੰਤਮ ਬਦਲੇ ਚੋਲਾ, ਸਤਿਜੁਗ ਸਾਚਾ ਧਰਨੀ ਧਰਤ ਧਵਲ ਗੋਦ ਬਹਾਈਆ । ਕੋਈ ਨਾ ਜਾਣੇ ਪੰਡਤ ਪਾਂਧਾ ਰੌਲਾ, ਹਿਸਾਬ ਕਿਤਾਬ ੮੨੭
੧੨ ਵਿਚ ਕਦੇ ਨਾ ਆਈਆ । ੧੨

## ✳ ੨੨ ਭਾਦਰੋਂ ੨੦੧੯ ਬਿਕ੍ਰਮੀ ਆਸ ਕੌਰ ਖ਼ਿਆਲੀ ਵਾਲਾ ਜ਼ਿਲਾ ਬਠਿੰਡਾ ✳

ਸਚ ਦਰਬਾਰਾ ਸ੍ਰੀ ਭਗਵਾਨ, ਹਰਿ ਏਕਾ ਏਕ ਲਗਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਸੀਸ ਜਗਦੀਸ ਤਾਜ ਸੁਹਾਇੰਦਾ । ਸਚ ਸੰਦੇਸਾ ਹੁਕਮਰਾਨ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਨੇਤਰ ਖੁਲ੍ਹਾਏ ਦੋ ਜਹਾਨ, ਨੈਣ ਨੈਣ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦ ਖੋਲ੍ਹੇ ਹਰਿ, ਵਡ ਵੱਡਾ ਵਡ ਵਡਿਆਈਆ । ਵਸਣਹਾਰਾ ਸਾਚੇ ਘਰ, ਘਰ ਘਰ ਫੋਲ ਫੋਲਾਈਆ । ਦੇਵਣਹਾਰਾ ਸੱਚਾ ਵਰ, ਜੁਗ ਜੁਗ ਵਸਤ ਵਰਤਾਈਆ । ਜੁਗ ਚੌਕੜੀ ਵੇਖੇ ਖੜ, ਸਵੱਛ ਸਰੂਪੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਆਪਣਾ ਖੇਲ ਦੱਸੇ ਆਪ, ਭੇਵ ਕੋਇ ਨਾ ਪਾਇੰਦਾ । ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇੰਦਾ । ਮੇਟਣਹਾਰ ਅੰਧੇਰੀ ਰਾਤ, ਸਾਚਾ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਨਿਰਗੁਣ ਭੇਵ ਆਪਣਾ ਚੁੱਕ, ਹਰਿ ਜੂ ਪਰਦਾ ਆਪ ਉਠਾਈਆ । ਸਤਿ ਸਰੂਪੀ ਏਕਾ

ਉਠ, ਉਠ ਉਠ ਖ਼ੁਸ਼ੀ ਮਨਾਈਆ । ਸ਼ਬਦ ਅਗੰਮੀ ਏਕਾ ਗੀਤ, ਆਪਣਾ ਆਪ ਸੁਣਾਈਆ । ਪਿਛਲਾ ਵੇਲਾ ਗਿਆ ਬੀਤ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਚਲੀ ਰੀਤ, ਚਾਰ ਕੁੰਟ ਅੰਧੇਰਾ ਛਾਈਆ । ਨਾਤਾ ਜੁੜਿਆ ਮੰਦਰ ਮਸੀਤ, ਗੁਰ ਦਰ ਮੰਦਰ ਡੇਰਾ ਲਾਈਆ । ਆਤਮ ਪਰਮਾਤਮ ਗਾਏ ਨਾ ਕੋਇ ਗੀਤ, ਘਰ ਵੱਜੇ ਨਾ ਕੋਇ ਵਧਾਈਆ । ਲੱਖ ਚੁਰਾਸੀ ਝੂਠੀ ਹੋਈ ਨੀਤ, ਸਚ ਸੁੱਚ ਨਾ ਕੋਇ ਵਡਿਆਈਆ । ਮਾਇਆ ਮਮਤਾ ਲੱਗੀ ਪ੍ਰੀਤ, ਇਸ਼ਟ ਗੁਰਦੇਵ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਪਿਛਲੀ ਕੀਤੀ ਗਈ ਲੰਘ, ਅੱਗਾ ਨਜ਼ਰ ਕਿਸੇ ਨਾ ਆਇੰਦਾ । ਮਾਣਸ ਜਨਮ ਹੋਏ ਭੰਗ, ਕਲਜੁਗ ਆਪਣਾ ਭੰਗੜਾ ਪਾਇੰਦਾ । ਆਤਮ ਸੇਜਾ ਕਿਸੇ ਨਾ ਚੜ੍ਹੇ ਕੋਇ ਰੰਗ, ਰੰਗ ਰੰਗੀਲਾ ਕੰਤ ਨਾ ਕੋਇ ਹੰਢਾਇੰਦਾ । ਦੀਨ ਮਜ਼੍ਹਬ ਵੱਜੀ ਕੰਧ, ਪਾਰ ਕਿਨਾਰ ਨਾ ਕੋਇ ਕਰਾਇੰਦਾ । ਹਉਮੇ ਹੰਗਤਾ ਬੱਧੀ ਗੰਢ, ਕੂੜੀ ਕਿਰਿਆ ਨਾ ਕੋਇ ਕਢਾਇੰਦਾ । ਕਲਜੁਗ ਜੀਵ ਆਤਮ ਹੋਈ ਰੰਡ, ਕੰਤ ਸੁਹਾਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਪਿਛਲੀ ਕੀਤੀ ਜਾਣੇ ਕੌਣ, ਭੇਵ ਕੋਇ ਨਾ ਪਾਇੰਦਾ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਉਣੰਜਾ ਪੌਣ, ਪਵਣ ਪਵਣਾਂ ਵਿਚ ਸਮਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸੁਣਾਏ ਗੌਣ, ਗਾਵਤ ਗਾ ਗਾ ਖ਼ੁਸ਼ੀ ਮਨਾਇੰਦਾ । ਲੋਕਮਾਤ ਕੋਇ ਨਾ ਰਿਹਾ ਹੰਕਾਰੀ ਰਾਵਣ ਰੌਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਕਲਜੁਗ ਧਾਰ, ਹਰਿ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਬੀਤੇ ਕਾਲ, ਕਾਲ ਨਗਾਰਾ ਇਕ ਵਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰ, ਨਿਤ ਨਵਿਤ ਵੇਸ ਵਟਾਇੰਦਾ । ਸੇਵਾ ਕਰ ਕਰ ਗਏ ਤੇਈ ਅਵਤਾਰ, ਲੋਕਮਾਤ ਫੇਰਾ ਪਾਇੰਦਾ । ਗਾ ਗਾ ਥੱਕੇ ਵੇਦ ਚਾਰ, ਬ੍ਰਹਮਾ ਚਾਰੇ ਮੁਖ ਸਲਾਹਿੰਦਾ । ਲਿਖ ਲਿਖ ਥੱਕੇ ਲੇਖ ਲਿਖਾਰ, ਸ਼ਾਸਤਰ ਸਿਮਰਤ ਨਾਲ ਮਿਲਾਇੰਦਾ । ਬਲ ਧਾਰੀ ਅੱਕੇ ਵਿਚ ਸੰਸਾਰ, ਬਲ ਬਾਵਨ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਨੀ ਖੇਲ ਕਰਾਇੰਦਾ । ਜੁਗ ਕਰਨੀ ਖੇਲ ਅੰਤਮ ਕਲਜੁਗ, ਹਰਿ ਕਰਤਾ ਆਪ ਕਰਾਈਆ । ਨਵ ਨੌਂ ਚਾਰ ਔਧ ਗਈ ਪੁਗ, ਵੇਲਾ ਅੰਤ ਸਮਝਾਈਆ । ਨਵ ਨੌਂ ਨਾਤਾ ਜੁੜਿਆ ਜੂਠ ਝੂਠ, ਸਚ ਸੁੱਚ ਨਾ ਕੋਇ ਵਡਿਆਈਆ । ਹੋਏ ਵਿਭਚਾਰ ਸੇਜ ਹੰਢਾਏ ਮਾਂ ਪੁੱਤ, ਧੀ ਭੈਣ ਨਾ ਕੋਇ ਵਡਿਆਈਆ । ਸੰਤ ਸਤਿਗੁਰ ਸੋਹੇ ਨਾ ਕੋਇ ਰੁੱਤ, ਰੁੱਤ ਰੁੱਤੜੀ ਨਾ ਕੋਇ ਮਹਿਕਾਈਆ । ਕਲਜੁਗ ਘਰ ਘਰ ਅੰਦਰ ਬੈਠਾ ਲੁੱਕ, ਦਿਨ ਦਿਹਾੜੇ ਲੁੱਟੀ ਜਾਈਆ । ਬੁਧ ਬਿਬੇਕੀ ਦਿਤੀ ਕੁੱਠ, ਮਤ ਮਤਵਾਲੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਕਲਜੁਗ ਖੇਲ ਇਕ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਚਾਰੋਂ ਕੁੰਟ ਪਿਆ ਤਰਥਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਬਹੁੜੀ ਬਹੁੜੀ ਹਾਏ ਹਾਏ ਕਰਨ ਅੱਲਾ, ਅੱਲਾ ਆਲਮੀਨ ਨਾ ਕੋਇ ਮਨਾਇੰਦਾ । ਧਰਨੀ ਖ਼ਾਕ ਸੱਥਰ ਵਿਛਾਇਆ ਮੁਸੱਲਾ, ਮਸਲਾ ਹੱਕ ਨਾ ਕੋਇ ਪੜ੍ਹਾਇੰਦਾ । ਗੁਰ ਅਵਤਾਰ ਫੜਾਏ ਕੋਇ ਨਾ ਪੱਲਾ, ਪੱਲੂ ਗੰਢ ਨਾ ਕੋਇ ਪੁਆਇੰਦਾ । ਜਗਤ ਵਾਸਨਾ ਮਨ ਹੋਇਆ ਝੱਲਾ, ਨਿਰਗੁਣ ਝਲਕ ਨਾ ਕੋਇ ਵਖਾਇੰਦਾ । ਕਰਨੀ ਕਰਨੀ ਕਰਮ ਕਰਮ ਡਿਗਾ ਡੂੰਘੀ ਡੱਲਾ,


੮੨੮
੧੨

ਫੜ ਬਾਂਹੋਂ ਬਾਹਰ ਨਾ ਕੋਇ ਕਢਾਇੰਦਾ । ਕਾਮ ਕਰੋਧ ਹੰਕਾਰ ਤਿੱਖਾ ਭੱਲਾ, ਲੱਖ ਚੁਰਾਸੀ ਆਰ ਪਾਰ ਵਖਾਇੰਦਾ । ਨੱਕ ਸੁਹਾਗ ਹੱਥ ਕੋਈ ਨਾ ਸਾਚਾ ਛੱਲਾ, ਤੰਦੀ ਤੰਦ ਨਾ ਕੋਇ ਬੰਧਾਇੰਦਾ । ਸੂਕਰ ਸੁਆਨ ਕੂਕਰ ਮਨਮੁਖ ਦਹਿ ਦਿਸ਼ਾ ਫਿਰੇ ਭੰਨਾ, ਚਾਰੋਂ ਕੁੰਟ ਉਠ ਉਠ ਧਾਇੰਦਾ । ਬਿਨ ਨੇਤਰ ਗਿਆਨ ਹੋਇਆ ਅੰਨ੍ਹਾ, ਦੋਏ ਲੋਚਣ ਕੰਮ ਕਿਸੇ ਨਾ ਆਇੰਦਾ । ਪੁਰਖ ਅਕਾਲ ਸਾਹਿਬ ਸੱਚਾ ਇਕੋ ਨਾ ਮੰਨਾ, ਲੱਖ ਚੁਰਾਸੀ ਨਾਤਾ ਤੋੜ ਤੁੜਾਇੰਦਾ । ਅੰਤਮ ਦੇਵਣਹਾਰਾ ਡੰਨਾ, ਏਕਾ ਖੰਡਾ ਹੱਥ ਚਮਕਾਇੰਦਾ । ਸ੍ਰਿਸ਼ਟ ਸਬਾਈ ਕਰੇ ਖੰਨ ਖੰਨਾ, ਖੰਡ ਖੰਡ ਆਪਣੀ ਵੰਡ ਵੰਡਾਇੰਦਾ । ਸੁਣ ਲਓ ਬਚਨ ਖੋਲ੍ਹ ਕੇ ਕੰਨਾਂ, ਬਿਨ ਕੰਨਾਂ ਆਪ ਸੁਣਾਇੰਦਾ । ਹਰਿ ਕਾ ਭਾਣਾ ਜਿਸ ਨੇ ਮੰਨਾ, ਮਨ ਮਣਕਾ ਆਪ ਭੁਆਇੰਦਾ । ਅਗਨੀ ਤਤ ਜਲਾਏ ਤਨਾ, ਤਨ ਖ਼ਾਕੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਕਲਜੁਗ ਖੇਲ ਅੰਧੇਰੀ ਰਾਤ, ਅੰਧ ਅੰਧੇਰਾ ਰਿਹਾ ਛਾਈਆ । ਮਨਮਤ ਨਾਰ ਕਮਜ਼ਾਤ, ਚਾਰੋਂ ਕੁੰਟ ਫੇਰਾ ਪਾਈਆ । ਸਾਧਾਂ ਸੰਤਾਂ ਕਰਦੀ ਫਿਰੇ ਘਾਤ, ਹੱਥ ਫੜ ਛੁਰੀ ਕਸਾਈਆ । ਨਾਤਾ ਬਣਾਇਆ ਜ਼ਾਤ ਪਾਤ, ਪਤਿਤ ਪੁਨੀਤ ਨਾ ਕੋਇ ਕਰਾਈਆ । ਸਾਚਾ ਨਾਮ ਨਾ ਵਿਕੇ ਕਿਸੇ ਹਾਟ, ਜੀਵ ਜੰਤ ਜਗਤ ਵਣਜਾਰੇ ਰਹੇ ਹੱਟ ਚਲਾਈਆ । ਆਤਮ ਪਰਮਾਤਮ ਵਸੇ ਨਾ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਕੋਇ ਨਾ ਉਤਰੇ ਆਪਣੇ ਘਾਟ, ਘਾਟਾ ਪੂਰ ਨਾ ਕੋਇ ਕਰਾਈਆ । ਸਾਰੇ ਡਿਗੇ ਡੂੰਘੇ ਖਾਤ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਵੇਖ ਵਖਾਈਆ । ਕਲਜੁਗ ਵੇਖੇ ਆਪਣਾ ਬਲ, ਬਲ ਏਕਾ ਏਕ ਜਣਾਇੰਦਾ । ਸੰਗ ਮੁਹੰਮਦ ਗਿਆ ਰਲ, ਰਲ ਮਿਲ ਖ਼ੁਸ਼ੀ ਮਨਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਅਛੱਲ ਛਲ ਜਣਾਇੰਦਾ । ਦੂਈ ਦਵੈਤੀ ਪਾਇਆ ਸੱਲ, ਸ਼ਰਅ ਸ਼ਰਅ ਨਾਲ ਟਕਰਾਇੰਦਾ । ਕਲਮਾ ਇਲਾਹੀ ਏਕਾ ਘੱਲ, ਕਾਇਨਾਤ ਸੁਣਾਇੰਦਾ । ਚੌਦਾਂ ਤਬਕ ਮਿਲਿਆ ਫਲ, ਫਲ ਇਕੋ ਰੰਗ ਰੰਗਾਇੰਦਾ । ਅੰਤਮ ਕਲਜੁਗ ਹੋਈ ਝੱਲ, ਪੱਤ ਡਾਲ੍ਹੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਕਲਜੁਗ ਅੰਤਮ ਦੱਸੇ ਹਾਲ, ਅਹਿਵਾਲਾ ਆਪ ਜਣਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਜ਼ਾਤ ਪਾਤ ਵਰਨ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹੋਏ ਬੇਹਾਲ, ਬਿਹਬਲ ਦੇਣ ਇਕ ਦੁਹਾਈਆ । ਕਿਸੇ ਨਾ ਪੂਰੀ ਹੋਈ ਘਾਲ, ਘਾਲੀ ਘਾਲ ਲੇਖੇ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਨਾ ਕੋਈ ਸਕੇ ਤੁੜਾਈਆ । ਹਰਿ ਮੰਦਰ ਨਾ ਦਿਸਿਆ ਸੱਚੀ ਧਰਮਸਾਲ, ਧਰਮ ਦਵਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਥਾਉਂ ਥਾਈਆ । ਕਲਜੁਗ ਰੱਖੇ ਆਪਣਾ ਜ਼ੋਰ, ਜ਼ਰ ਜ਼ੋਰੂ ਵੇਖ ਵਖਾਇੰਦਾ । ਲੱਖ ਚੁਰਾਸੀ ਅੱਗੇ ਤੋਰ, ਝੂਠਾ ਡੰਕਾ ਮਗਰ ਵਜਾਇੰਦਾ । ਚੜ੍ਹਿਆ ਫਿਰੇ ਆਪਣੇ ਘੋੜ, ਘੋੜਾ ਨਵ ਨੌਂ ਆਪ ਦੌੜਾਇੰਦਾ । ਸਾਧਾ ਸੰਤਾਂ ਮਾਰੇ ਪੌੜ, ਮੂੰਹ ਦੇ ਭਾਰ ਸੁਟਾਇੰਦਾ । ਰਾਜ ਰਾਜਾਨਾ ਵੇਖੇ ਕਰਕੇ ਗ਼ੌਰ, ਗਹਿਰਾ ਆਪਣਾ ਹੁਕਮ ਵਰਤਾਇੰਦਾ । ਮਾਇਆ ਮਮਤਾ ਪਾਏ ਸ਼ੋਰ, ਸੰਸਾ ਰੋਗ ਨਾ ਕੋਇ ਚੁਕਾਇੰਦਾ । ਪਾਰਬ੍ਰਹਮ ਦੀ ਰੱਖੇ ਨਾ ਕੋਇ ਲੋੜ, ਆਪ ਆਪਣਾ ਰੰਗ ਰੰਗਾਇੰਦਾ । ਅੰਮ੍ਰਿਤ ਰਸ ਮਿੱਠਾ ਕੀਤਾ ਕੌੜ, ਕੌੜੀ ਵਾਸਨਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪ ਸਮਝਾਇੰਦਾ ।

੮੨੯
੧੨

ਕਲਜੁਗ ਅੰਤਮ ਡੂੰਘਾ ਸਾਗਰ, ਸੰਸਾਰ ਸਾਗਰ ਤਰਨ ਕੋਇ ਨਾ ਪਾਈਆ । ਨਿਰਮਲ ਕਰਮ ਨਾ ਕਰੇ ਕੋਇ ਉਜਾਗਰ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਚ ਦਵਾਰੇ ਦਏ ਨਾ ਕੋਇ ਆਦਰ, ਆਦਰਸ਼ ਆਪਣਾ ਨਾ ਕੋਇ ਵਖਾਈਆ । ਘਰ ਘਰ ਭੁੱਲਿਆ ਕਰੀਮ ਕਾਦਰ, ਰਹਿਮਤ ਰਹਿਮਾਨ ਨਾ ਕੋਇ ਕਮਾਈਆ । ਸਾਚਾ ਵਣਜ ਨਾ ਕੋਇ ਸੌਦਾਗਰ, ਸੌਦਾ ਕੂੜੇ ਹੱਟ ਵਖਾਈਆ । ਨਿਰਮਲ ਨੀਰ ਮਿਲੇ ਨਾ ਕਾਇਆ ਗਾਗਰ, ਅਠਸਠ ਭੁੱਲੀ ਭਰਮ ਲੋਕਾਈਆ । ਤਨ ਬਸਤਰ ਨਾਮ ਨਾ ਮਿਲੇ ਚਿੱਟੀ ਚਾਦਰ, ਓਢਣ ਜੀਵ ਲੇਫ ਤਲਾਈਆ । ਰਾਗ ਸੁਣਾਏ ਨਾ ਕੋਇ ਦਾਦਰ, ਦਹਿ ਦਿਸ਼ਾ ਨਾ ਕੋਇ ਸ਼ਨਵਾਈਆ । ਲੇਖਾ ਜਾਣੇ ਤੇਗ਼ ਬਹਾਦਰ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਦੇਵੇ ਮਾਣ ਵਡਿਆਈਆ । ਕਲਜੁਗ ਚੜ੍ਹਿਆ ਇਕੋ ਚਾਓ, ਅੰਤਮ ਖੇਲ ਕਰਾਇੰਦਾ । ਵੇਖਣਹਾਰਾ ਥਾਈਂ ਥਾਉਂ, ਗੁਰਦਰ ਮੰਦਰ ਮੱਠ ਸ਼ਿਵਦਵਾਲੇ ਵੇਖ ਵਖਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੀਰ ਪੰਡਤ ਪਾਂਧੇ ਫੜ ਉਠਾਏ ਬਾਹੋਂ, ਬਾਂਹੋਂ ਫੜ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਕਲਜੁਗ ਅੰਤਮ ਅੰਧ ਅੰਧੇਰਾ, ਸਾਚਾ ਨੂਰ ਨਜ਼ਰ ਨਾ ਆਈਆ । ਸ੍ਰਿਸ਼ਟ ਸਬਾਈ ਨੇਰਾ ਨੇਰਾ, ਕਹਿ ਕਹਿ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਕਰ ਕਰ ਵੱਡਾ ਜੇਰਾ, ਸਚਖੰਡ ਬੈਠਾ ਆਸਣ ਲਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਉਤੇ ਕਰਦਾ ਰਿਹਾ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੁਲਾਉਂਦਾ ਰਿਹਾ ਕਰ ਕਰ ਹੇਰਾ ਫੇਰਾ, ਹੇਰਾ ਫੇਰਾ ਆਪਣੇ ਵਿਚ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਰਿਹਾ ਗੇੜਾ, ਗੇੜਾ ਗੇੜੇ ਵਿਚ ਰਖਾਈਆ । ਧਰਤ ਮਾਤ ਦਾ ਖੁਲ੍ਹਾ ਕਰਨਹਾਰ ਵੇਹੜਾ, ਦਹਿ ਦਿਸ਼ਾ ਫੇਰਾ ਪਾਈਆ । ਲੱਖ ਚੁਰਾਸੀ ਮੇਟਣਹਾਰਾ ਝੇੜਾ, ਝਗੜਾ ਸਭ ਦਾ ਦਏ ਮੁਕਾਈਆ । ਅੰਤਮ ਕਰੇ ਹੱਕ ਨਿਬੇੜਾ, ਹੱਕੋ ਹੱਕ ਖ਼ੁਦਾਈਆ । ਸੀਸ ਜਗਦੀਸ ਇਕੋ ਰੱਖੇ ਸਿਹਰਾ, ਲੱਖ ਚੁਰਾਸੀ ਲਏ ਪਰਨਾਈਆ । ਦੋ ਜਹਾਨਾਂ ਮਾਰੇ ਫੇਰਾ, ਆਉਂਦਾ ਜਾਂਦਾ ਨਜ਼ਰ ਨਾ ਆਈਆ । ਕਲਜੁਗ ਢਹਿ ਢਹਿ ਹੋਏ ਢੇਰਾ, ਖ਼ਾਕੀ ਖ਼ਾਕ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਕੂੜਾ ਅੰਧ, ਅੰਤਮ ਮੇਟੇ ਹਰਿ ਜੂ ਪੰਧ, ਬਣ ਪਾਂਧੀ ਫੇਰਾ ਪਾਈਆ । ਕਲਜੁਗ ਤੇਰਾ ਕੂੜ ਨਗਾਰਾ, ਨਗਰ ਖੇੜਾ ਰੰਗ ਰੰਗਾਇੰਦਾ । ਜੀਵ ਜੰਤ ਹੋਇਆ ਵਣਜਾਰਾ, ਸੌਦਾ ਹੱਟੋ ਹੱਟ ਵਕਾਇੰਦਾ । ਗੁਰ ਕਾ ਸ਼ਬਦ ਨਾ ਕੋਇ ਪਿਆਰਾ, ਅੰਤਰ ਧਾਰਾ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਬੋਲ ਜੈਕਾਰਾ, ਸ੍ਰਿਸ਼ਟ ਸਬਾਈ ਸਰਬ ਸੁਣਾਇੰਦਾ । ਆਤਮ ਰਾਮ ਨਾ ਕਿਸੇ ਪਿਆਰਾ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਖਾਣੀ ਬਾਣੀ ਪੜ੍ਹ ਪੜ੍ਹ ਥੱਕੇ ਵਾਰਾ, ਵਾਰਤਾ ਆਪਣੀ ਨਾ ਕੋਇ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਵੀਚਾਰਾ, ਹਰਿ ਜੂ ਵਿਚਾਰ ਵਿਚ ਕਦੇ ਨਾ ਆਇੰਦਾ । ਅੰਜੀਲ ਕੁਰਾਨ ਹੱਕ ਲਾਸ਼ਰੀਕ ਬੋਲਣ ਨਾਅਰਾ, ਸਿਰਕਤ ਜਗਤ ਨਾ ਕੋਇ ਮਿਟਾਇੰਦਾ । ਕਲਜੁਗ ਕੂੜੀ ਕਿਰਿਆ ਕੂੜ ਪਸਾਰਾ, ਕੂੜਾ ਧੰਦਾ ਨਜ਼ਰੀ ਆਇੰਦਾ । ਮਾਨਸ ਮਾਨੁਖ ਹੋਇਆ ਗੁਆਰਾ, ਮਾਨਵ ਰੰਗ ਨਾ ਕੋਇ ਰੰਗਾਇੰਦਾ । ਧੀਆਂ ਭੈਣਾਂ ਕਰਨ ਵਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਆਪ ਸਮਝਾਇੰਦਾ । ਕਲਜੁਗ ਕਿਰਿਆ ਕੂੜੀ ਰਾਸ, ਘਰ ਘਰ ਵਸਤ ਟਿਕਾਈਆ । ਹਰਿ ਕਾ ਨਾਮ ਨਾ ਕਿਸੇ ਪਾਸ, ਖ਼ਾਲੀ ਭਾਂਡੇ ਦੇਣ ਦੁਹਾਈਆ ।

ਸਾਚਾ ਲੇਖ ਨਾ ਲਿਖੇ ਕਲਮ ਦੁਆਤ, ਮਸ ਰੋਵੇ ਨੈਣਾਂ ਨੀਰ ਵਹਾਈਆ । ਅੰਤਮ ਪੁੱਛੇ ਨਾ ਕੋਇ ਵਾਤ, ਸਿਰ ਹੱਥ ਨਾ ਕੋਇ ਟਿਕਾਈਆ । ਭਾਈ ਭਾਈਆਂ ਕਰਨ ਘਾਤ, ਸਾਕ ਸੱਜਣ ਸੈਣ ਨਾ ਕੋਇ ਵਡਿਆਈਆ । ਪਿਤਾ ਪੂਤ ਨਾ ਪੁਛੇ ਵਾਤ, ਘਰ ਘਰ ਪਈ ਲੜਾਈਆ । ਨਾਰ ਦੁਹਾਗਣ ਹੋਈ ਕਮਜ਼ਾਤ, ਸਾਚਾ ਕੰਤ ਨਾ ਕੋਇ ਹੰਢਾਈਆ । ਗੁਰਮੁਖ ਅੰਦਰ ਵੇਖਣ ਨਾ ਮਾਰ ਝਾਤ, ਝਾਕੀ ਅੰਦਰ ਕੋਇ ਨਾ ਪਾਈਆ । ਗਾ ਗਾ ਥੱਕੇ ਰਸਨਾ ਗਾਥ, ਬੱਤੀ ਦੰਦ ਸਿਫ਼ਤ ਸਲਾਹੀਆ । ਦਰਸ ਨਾ ਪਾਇਆ ਕਮਲਾਪਾਤ, ਕਵਲ ਨੈਣ ਨਜ਼ਰ ਨਾ ਆਈਆ । ਨਾਤਾ ਤੁਟਿਆ ਨਾ ਜ਼ਾਤ ਪਾਤ, ਚਾਰ ਵਰਨ ਕਰੇ ਲੜਾਈਆ । ਕਲਜੁਗ ਲੱਖ ਚੁਰਾਸੀ ਬੈਠਾ ਖਾਟ, ਖਟਕਾ ਇਕੋ ਰਿਹਾ ਜਣਾਈਆ । ਅੰਤਮ ਪੂਰਾ ਕਰੇ ਨਾ ਕੋਇ ਘਾਟ, ਖ਼ਾਲੀ ਹੱਥ ਸਰਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਚਾਈਂ ਚਾਈਂਆ । ਕਲਜੁਗ ਕੂੜੇ ਉਠ ਬਲਧਾਰ, ਹਰਿ ਸਾਚਾ ਸਚ ਜਣਾਇਆ । ਕਰੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣਾ ਹੁਕਮ ਵਰਤਾਇਆ । ਸਚਖੰਡ ਦਵਾਰੇ ਸਚ ਦਰਬਾਰ, ਸਚ ਸਿੰਘਾਸਣ ਆਪ ਸੁਹਾਇੰਦਾ । ਇਕੱਠੇ ਕਰ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਨੇਤਰ ਵੇਖੋ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਕਲਜੁਗ ਅਗਨੀ ਤਤੀ ਹਾੜ, ਬਾਲੂ ਰੇਤ ਤਪਾਇੰਦਾ । ਸ੍ਰਿਸ਼ਟ ਸਬਾਈ ਰਹੀ ਸਾੜ, ਗੁਰਮੁਖ ਨਜ਼ਰ ਕੋਇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਮੌਤ ਲਾੜ, ਸਿਹਰਾ ਸੀਸ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪ ਜਣਾਇੰਦਾ । ਕਲਜੁਗ ਅੰਤ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਤੇਰਾ ਮਿਟੇ ਝੂਠ ਨਿਸ਼ਾਨ, ਨਿਸ਼ਾਨਾ ਜਗਤ ਰਹਿਣ ਨਾ ਪਾਈਆ । ਤੇਰਾ ਮਿਟੇ ਮਾਣ ਅਭਿਮਾਨ, ਅਭਿਮਾਨ ਦਏ ਤੁੜਾਈਆ । ਤੇਰੀ ਅੰਤਮ ਚੁੱਕੇ ਕਾਣ, ਭੈ ਨਜ਼ਰ ਕੋਇ ਨਾ ਆਈਆ । ਨਾਤਾ ਤੁੱਟੇ ਮੜ੍ਹੀ ਮਸਾਣ, ਪੂਜਸ ਪੂਜ ਨਾ ਕੋਇ ਕਰਾਈਆ । ਸ੍ਰਿਸ਼ਟ ਸਬਾਈ ਕਰੇ ਹੈਰਾਨ, ਹਰਿ ਜੂ ਅਪਣਾ ਹੁਕਮ ਜਣਾਈਆ । ਲੇਖਾ ਜਾਣ ਸ਼ਾਸਤਰ ਸਿਮਰਤ ਵੇਦ ਪੁਰਾਨ, ਪੁਰਾਨ ਪੁਰਾਨੀ ਲਏ ਉਠਾਈਆ । ਪਰਦਾ ਲਾਹ ਅੰਜੀਲ ਕੁਰਾਨ, ਸ਼ਰਅ ਸ਼ਰੀਅਤ ਨਾਚ ਨਚਾਈਆ । ਖਾਣੀ ਬਾਣੀ ਦੇ ਗਿਆਨ, ਸਚ ਗਿਆਨਾ ਇਕ ਦ੍ਰਿੜਾਈਆ । ਤੇਰੀ ਕਿਰਿਆ ਮੇਟੇ ਆਣ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਮਾਣ, ਸੋ ਨਿਮਾਣਿਆਂ ਹੋਏ ਸਹਾਈਆ । ਜਿਸ ਦਾ ਗੌਂਦੇ ਰਹੇ ਧੁਰ ਫ਼ਰਮਾਣ, ਸਚ ਸੰਦੇਸਾ ਮਾਤ ਅਲਾਈਆ । ਸੋ ਪਰਗਟ ਹੋਏ ਆਪ ਭਗਵਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਵ ਨੌਂ ਪਾਏ ਸਾਚੀ ਆਣ, ਏਕਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਈਆ । ਕਲਜੁਗ ਅੰਤਮ ਪੰਧ ਮੁਕਾਉਣਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਤਿ ਉਠਾਉਣਾ, ਚੌਥੇ ਜੁਗ ਖ਼ੁਸ਼ੀ ਕਰਾਈਆ । ਸਾਚੀ ਰੁੱਤ ਆਪ ਸੁਹਾਉਣਾ, ਰੁੱਤ ਰੁੱਤੜੀ ਆਪ ਮਹਿਕਾਈਆ । ਸਾਚਾ ਮਾਰਗ ਇਕ ਵਖਾਉਣਾ, ਭਗਤ ਭਗਵੰਤ ਰੰਗ ਰੰਗਾਈਆ । ਸਾਚਾ ਨਾਮ ਇਕ ਜਪਾਉਣਾ, ਏਕਾ ਅੱਖਰ ਕਰੇ ਪੜ੍ਹਾਈਆ । ਇਸ਼ਟ ਗੁਰਦੇਵ ਏਕਾ ਨਜ਼ਰੀ ਆਉਣਾ, ਏਕੰਕਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਤੇਰੀ ਬਦਲੇ ਅੰਤ ਦਲੀਲ, ਦਇਆਵਾਨ ਖੇਲ ਕਰਾਇੰਦਾ । ਤੇਰੀ ਸੁਣੇ ਨਾ ਕੋਇ ਅਪੀਲ, ਫੈਸਲਾ ਆਪਣੇ ਹੱਥ ਰਖਾਇੰਦਾ । ਤੇਰਾ ਸੰਗ ਨਾ ਕੋਇ

੮੩੨
੧੨

ਵਕੀਲ, ਵਕਾਲਤ ਰੂਪ ਨਾ ਕੋਇ ਵਖਾਇੰਦਾ । ਆਪੇ ਪਹਿਰਨਹਾਰਾ ਬਸਤਰ ਨੀਲ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਆਪੇ ਜੋਧਾ ਸੂਰਬੀਰ ਛੈਲ ਛਬੀਲ, ਬਲ ਆਪਣਾ ਆਪ ਰਖਾਇੰਦਾ । ਆਪੇ ਚੌਦਾਂ ਸਦੀ ਦੇਵਣਹਾਰਾ ਤਤੀਲ, ਤਾਰੀਕ ਆਪਣੇ ਹੱਥ ਰਖਾਇੰਦਾ । ਅੰਤਮ ਵੇਲਾ ਆਇਆ ਨਜ਼ਦੀਕ, ਬੇਨਜ਼ੀਰ ਨਜ਼ਰ ਆਪਣੀ ਇਕ ਉਠਾਇੰਦਾ । ਸ਼ਬਦ ਨਿਸ਼ਾਨਾ ਮਾਰੇ ਠੀਕ, ਲੱਖ ਚੁਰਾਸੀ ਕੂੜਾ ਠੀਕਰ ਭੰਨ ਵਖਾਇੰਦਾ । ਆਪਣੀ ਧਾਰ ਜਣਾਏ ਬਾਰੀਕ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਲਾਸ਼ਰੀਕ, ਪਰਵਰਦਿਗਾਰ ਆਪਣੇ ਰਾਹ ਚਲਾਇੰਦਾ । ਆਤਮ ਪਰਮਾਤਮ ਸਚ ਪ੍ਰੀਤ, ਸਿਖਿਆ ਇਕ ਸਮਝਾਇੰਦਾ । ਮੰਦਰ ਵਖਾਏ ਇਕ ਅਨਡੀਠ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਅਨਹਦ ਨਾਦ ਸੁਣਾਏ ਗੀਤ, ਧੁੰਨ ਆਤਮਕ ਰਾਗ ਅਲਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਘਰ ਘਰ ਵਿਚ ਭੇਵ ਖੁਲ੍ਹਾਇੰਦਾ । ਸਤਿਜੁਗ ਚਲਾਏ ਸਾਚੀ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖ ਚੁਕਾਇੰਦਾ । ਕਲਜੁਗ ਅੰਤਮ ਰੋਵੇ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਬੌਹੜੀ ਬੌਹੜੀ ਰਿਹਾ ਕੁਰਲਾ, ਕਰਬਲਾ ਬਲ ਨਾ ਕੋਇ ਰਖਾਈਆ । ਚਾਰ ਯਾਰੀ ਹੋਈ ਜੁਦਾ, ਸਗਲਾ ਸੰਗ ਨਾ ਕੋਇ ਨਿਭਾਈਆ । ਪਰਵਰਦਿਗਾਰ ਹੋਇਆ ਖ਼ਫ਼ਾ, ਸੀਸ ਹੱਥ ਨਾ ਕੋਇ ਟਿਕਾਈਆ । ਮੇਰਾ ਕਲਮਾ ਹੋਇਆ ਰਫ਼ਾ, ਅੰਤ ਸੰਗ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਮੇਟੇ ਕੂੜੀ ਸਫਾ, ਸਚ ਸੁੱਚ ਦਏ ਪਰਗਟਾਈਆ । ਕਲਜੁਗ ਕਰੇ ਅੰਤ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਕਰ ਕਿਰਪਾ ਹਰਿ ਨਿਰੰਕਾਰ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਛੋਟਾ ਪੁੱਤ ਦੁਲਾਰ, ਚੌਥਾ ਜੁਗ ਨਾਉਂ ਧਰਾਈਆ । ਨਾਤਾ ਜੁੜਿਆ ਮੁਹੰਮਦ ਯਾਰ, ਯਾਰੀ ਯਾਰ ਨਾਲ ਰਖਾਈਆ । ਚੌਦਾਂ ਸਦ ਤੇਰਾ ਵਿਹਾਰ, ਨੱਠ ਨੱਠ ਪੰਧ ਮੁਕਾਈਆ । ਗਫ਼ਲਤ ਕਰ ਸਰਬ ਸੰਸਾਰ, ਅਲਫ ਯੇ ਬੰਧਨ ਪਾਈਆ । ਹੱਸ ਹੱਸ ਦੇ ਵਰ ਮੇਰੇ ਨਿਰੰਕਾਰ, ਤੇਰੇ ਅੱਗੇ ਝੋਲੀ ਡਾਹੀਆ । ਮੇਰਾ ਬਲ ਗਿਆ ਹਾਰ, ਬਲਹੀਣ ਰਿਹਾ ਕੁਰਲਾਈਆ । ਮੇਰੀ ਆਯੂ ਲੱਖ ਚਾਰ ਬੱਤੀ ਹਜ਼ਾਰ, ਬੱਤੀ ਦੰਦ ਦਏ ਵਡਿਆਈਆ । ਗੋਬਿੰਦ ਮਾਰ ਕੇ ਗਿਆ ਮਾਰ, ਸਿਰ ਮੇਰੇ ਤੀਰ ਚਲਾਈਆ । ਮੈਂ ਡਿੱਗਾ ਮੂੰਹ ਦੇ ਭਾਰ, ਨਾ ਸਕੇ ਕੋਇ ਉਠਾਈਆ । ਨਾ ਦਿਸੇ ਕੋਇ ਦਵਾਰ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੁਧ ਬਿਨ ਓਟ ਨਾ ਕੋਇ ਰਖਾਈਆ । ਦੇ ਵਰ ਮੇਰੇ ਭਗਵਾਨਾ, ਤੇਰੇ ਅੱਗੇ ਮੇਰੀ ਅਰਜ਼ੋਈਆ । ਮੈਂ ਚੌਥਾ ਪੁੱਤ ਨਾਦਾਨਾ, ਬਾਲੀ ਬੁਧ ਵਖਾਈਆ । ਤੇਰਾ ਕੀਤਾ ਪੂਰ ਨਿਸ਼ਾਨਾ, ਲੱਖ ਚੁਰਾਸੀ ਭਰਮ ਭੁਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਖੇਲ ਕੀਤੀ ਵਿਚ ਜਹਾਨਾ, ਘਰ ਘਰ ਕਰੀ ਲੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਵਡ ਬਲਵਾਨਾ, ਆਸਾ ਤ੍ਰਿਸਨਾ ਨਾਚ ਨਚਾਈਆ । ਨੌਂ ਖੰਡ ਪ੍ਰਿਥਮੀ ਦਹਿ ਦਿਸ਼ਾ ਸੱਤ ਦੀਪ ਸੁਣਾਇਆ ਝੂਠ ਤਰਾਨਾ, ਸਚ ਸੁੱਚ ਨਜ਼ਰ ਕਿਸੇ ਨਾ ਆਈਆ । ਸਾਧਾਂ ਸੰਤਾਂ ਤੋੜਿਆ ਮਾਣਾ, ਮਾਣ ਕੋਇ ਰਹਿਣ ਨਾ ਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡਿਆ ਖਾਨਾ, ਖ਼ਾਕੀ ਤਨ ਵੇਖ ਵਖਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਵੱਖੋ ਵੱਖਰ ਗਾਇਆ ਗਾਣਾ, ਜਗਤ ਰਸਨਾ ਜਿਹਵਾ ਨਾਲ ਰਲਾਈਆ । ਅੰਤਮ ਤੇਰਾ ਮੰਨਣਾ ਪਿਆ ਭਾਣਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਬੈਠਾ ਬਣ ਬਣ ਏਕਾ ਰਾਣਾ, ਰਈਅਤ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਮਿਲੇ ਤੇਰੀ ਸਚ ਸਰਨਾਈਆ । ਸਚ ਸਰਨਾਈ ਦੇ ਓਟ, ਇਕੋ ਆਸਰਾ ਰਿਹਾ ਤਕਾਈਆ । ਮੈਂ ਆਲਣਿਉਂ ਡਿਗਾ ਬੋਟ, ਮੇਰੀ ਸਾਰ ਕੋਇ ਨਾ ਪਾਈਆ । ਮੇਰੀ ਭਰੀ ਅੱਜੇ ਨਾ ਪੋਟ, ਤ੍ਰਿਸਨਾ ਭੁੱਖ ਨਾ ਕਦੇ ਮਿਟਾਈਆ । ਘਰ ਘਰ ਵੜ ਵੜ ਜਗਤ ਵਾਸਨਾ ਕੀਤੀ ਖੋਟ, ਖੋਟਾ ਕਰਮ ਕਮਾਈਆ । ਨਾਤਾ ਤੁਟਿਆ ਨਿਰਮਲ ਜੋਤ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਿਆ ਸਰਨਾਈਆ । ਢਹਿ ਸਰਨਾਈ ਮੰਗੇ ਦਾਨ, ਦੋਏ ਜੋੜ ਅਰਜ਼ੋਈਆ । ਕਿਰਪਾ ਕਰ ਸ੍ਰੀ ਭਗਵਾਨ, ਮੈਨੂੰ ਮਿਲੇ ਕਿਤੇ ਨਾ ਢੋਈਆ । ਚੌਦਾਂ ਲੋਕ ਹੋਏ ਹੈਰਾਨ, ਤੇਰਾ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨੈਣ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੈਨੂੰ ਗਾਣ, ਤੇਰਾ ਨਾਅਰਾ ਇਕੋ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਮੰਨਣ ਆਣ, ਸਦ ਚਲਣ ਹੁਕਮ ਰਜ਼ਾਈਆ । ਮੈਂ ਛੋਟਾ ਬਾਲਾ ਬਾਲੀ ਬੁਧ ਅਵਾਣ, ਮੇਰੀ ਚਲੀ ਨਾ ਕੋਈ ਚਤੁਰਾਈਆ । ਅੰਤਮ ਚਰਨੀ ਡਿਗਾ ਆਣ, ਮੇਰੀ ਭੁੱਲ ਦੇ ਬਖ਼ਸ਼ਾਈਆ । ਸ੍ਰਿਸ਼ਟ ਸਬਾਈ ਕੀਤੀ ਵੈਰਾਨ, ਵਰਨ ਗੋਤ ਪਰਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਮਿਲੇ ਵਡਿਆਈਆ । ਪਾਰਬ੍ਰਹਮ ਪ੍ਰਭ ਵਡ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਇੰਦਾ । ਕਲਜੁਗ ਦੇਵੇ ਸਚ ਨਿਸ਼ਾਨਾ, ਏਕਾ ਗੁਣ ਜਣਾਇੰਦਾ । ਪਰਗਟ ਹੋ ਸ੍ਰੀ ਭਗਵਾਨਾ, ਤੇਰਾ ਮੂਲ ਚੁਕਾਇੰਦਾ । ਗੋਬਿੰਦ ਸੂਰਾ ਨੌਜਵਾਨਾ, ਵੇਸ ਅਵੱਲੜਾ ਆਪ ਵਖਾਇੰਦਾ । ਤੇਰੀ ਜੜ੍ਹ ਉਖੇੜੇ ਵਿਚ ਜਹਾਨਾ, ਬਾਲੇ ਨੀਹਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਨੀਹਾਂ ਹੇਠਾਂ ਦਿਤੇ ਬਾਲ, ਕਲਜੁਗ ਤੇਰੀ ਜੜ੍ਹ ਉਖੜਾਈਆ । ਪਰਗਟ ਹੋ ਦੀਨ ਦਿਆਲ, ਲਹਿਣਾ ਦੇਣਾ ਦਏ ਮੁਕਾਈਆ । ਤੇਰੀ ਕੂੜੀ ਮੇਟੇ ਅਵਲੱੜੀ ਚਾਲ, ਚਾਲ ਨਿਰਾਲੀ ਆਪ ਜਣਾਈਆ । ਤੇਰੀ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਲਾਈਆ । ਤੇਰਾ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪਣੇ ਚਰਨਾਂ ਹੇਠਾਂ ਲਏ ਸਵਾਲ, ਤਿੰਨ ਜੁਗ ਨਾ ਕੋਇ ਉਠਾਈਆ । ਸਤਿਜੁਗ ਸਾਚਾ ਉਠਾਏ ਆਪਣਾ ਲਾਲ, ਲਾਲ ਅਨਮੁਲੜਾ ਆਪ ਜਗਾਈਆ । ਧਰਤ ਮਾਤ ਦੀ ਗੋਦੀ ਦਏ ਬਹਾਲ, ਗੁਰ ਗੁਰ ਖ਼ੁਸ਼ੀ ਮਨਾਈਆ । ਸਾਚਾ ਦੇਵੇ ਨਾਮ ਧਨ ਮਾਲ, ਖ਼ਜ਼ਾਨਾ ਇਕੋ ਵਾਰ ਲੁਟਾਈਆ । ਸਮਰਥ ਪੁਰਖ ਚਲੇ ਨਾਲ ਨਾਲ, ਦੋ ਜਹਾਨਾਂ ਵਾਲੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਅੰਤ ਕਰਾਈਆ । ਤੇਰਾ ਅੰਤ ਕਰੇ ਕਰਤਾਰ, ਅੰਤਸ਼ਕਰਨ ਨਾ ਕੋਇ ਰਖਾਇੰਦਾ । ਬੀਸ ਬੀਸਾ ਬੇੜਾ ਪਾਰ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜਗਤ ਜਗਦੀਸ਼ਾ ਹੋ ਤਿਆਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸਚ ਹਦੀਸਾ ਸੁਣ ਲੈ ਅੰਤਮ ਵਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹੰ ਬ੍ਰਹਮ ਮਮ ਕਰ ਨਿਮਸਕਾਰ, ਤੋਹੇ ਏਕਾ ਰਾਹ ਵਖਾਇੰਦਾ । ਨਿਹਕਰਮੀ ਕਰਮ ਕਾਂਡ ਤੋਂ ਕਰੇ ਬਾਹਰ, ਮਿਹਰ ਨਜ਼ਰ ਇਕ ਉਠਾਇੰਦਾ । ਕੂੜੀ ਕਿਰਿਆ ਦਏ ਨਿਵਾਰ, ਦੁਰਮਤ ਮੈਲ ਧੁਆਇੰਦਾ । ਪਾਟਾ ਚੀਥੜ ਦੇਵੇ ਪਾੜ, ਸਵੱਛ ਸਰੂਪੀ ਬਸਤਰ ਤਨ ਪੁਆਇੰਦਾ । ਸਾਂਤਕ ਕਰੇ ਅਗਨੀ ਹਾੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਜੁਗ ਤੇਰਾ ਪੰਧ ਆਪ ਮੁਕਾਇੰਦਾ । ਤੇਰਾ ਪੰਧ ਅੰਤਮ ਮੁੱਕਣਾ, ਹਰਿ ਸਤਿਗੁਰ

ਆਪ ਮੁਕਾਈਆ । ਲੱਖ ਚੁਰਾਸੀ ਬੂਟਾ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਈਆ । ਪੁਰਖ ਅਬਿਨਾਸ਼ੀ ਇਕ ਉਠਣਾ, ਸਭ ਦਾ ਲਹਿਣਾ ਦੇਵੇ ਝੋਲੀ ਪਾਈਆ । ਸਿੰਘ ਸ਼ੇਰ ਗੁਰ ਸ਼ਬਦ ਇਕੋ ਬੁੱਕਣਾ, ਦੋ ਜਹਾਨਾਂ ਭਬਕ ਲਗਾਈਆ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਭੇਖ ਪਖੰਡ ਅੰਤਮ ਛੁਪਣਾ, ਨੇਤਰ ਨੈਣ ਨਾ ਸਕੇ ਉਠਾਈਆ । ਤੇਰਾ ਬੂਟਾ ਆਪਣੀ ਹੱਥੀਂ ਪੁਟਣਾ, ਜੜ੍ਹ ਕੋਇ ਨਜ਼ਰ ਨਾ ਆਈਆ । ਡੂੰਘੇ ਖਾਤੇ ਆਪਣੇ ਸੁਟਣਾ, ਬਾਂਹੋਂ ਫੜ ਬਾਹਰ ਨਾ ਕੋਇ ਕਢਾਈਆ । ਸਤਿਜੁਗ ਸਾਚਾ ਮਾਤ ਰੱਖਣਾ, ਰੱਖ ਰੱਖ ਆਪਣੀ ਖ਼ੁਸ਼ੀ ਮਨਾਈਆ । ਸਤਿ ਸਤਿਵਾਦੀ ਮਾਰਗ ਇਕੋ ਦੱਸਣਾ, ਚਾਰ ਵਰਨ ਮਿਲੇ ਸਰਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮਿਲ ਮਿਲ ਹੱਸਣਾ, ਦੂਈ ਦਵੈਤੀ ਦਏ ਚੁਕਾਈਆ । ਕਰੇ ਪਰਕਾਸ਼ ਕੋਟਨ ਰਵ ਸਸਨਾ, ਅੰਧ ਅੰਧੇਰ ਗਵਾਈਆ । ਆਤਮ ਪਰਮਾਤਮ ਨਾਮ ਸਭ ਨੇ ਜਪਨਾ, ਸੋਹੰ ਢੋਲਾ ਏਕਾ ਗਾਈਆ । ਸਾਚੇ ਮੰਦਰ ਸਚਖੰਡ ਸੁਹਾਣੇ ਵਸਣਾ, ਸ਼ਿਵਦਵਾਲਾ ਮੱਠ ਗੁਰੂ ਘਰ ਇਕ ਵਖਾਈਆ । ਅਠਸਠ ਤੀਰਥ ਚਰਨ ਦਵਾਰੇ ਢੱਠਣਾ, ਢਹਿ ਢਹਿ ਸੀਸ ਝੁਕਾਈਆ । ਜਨ ਭਗਤਾਂ ਮਲੇ ਆਪਣੇ ਹੱਥੀਂ ਵਟਨਾ, ਸਤਿਜੁਗ ਸਾਚਾ ਤਗ ਬੰਨਾਈਆ । ਦੂਜੀ ਦੱਸੇ ਨਾ ਕੋਇ ਦੁਰਘਟਨਾ, ਦੁਬਿਧਾ ਮੈਲ ਨਾ ਕੋਇ ਰਖਾਈਆ । ਪਏ ਸਰਨਾਈ ਢਹਿ ਢਹਿ ਬਿਧਨਾ, ਬਿਧਨਾ ਲੇਖਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪੇ ਲਿਖਣਾ, ਲਿਖ ਲਿਖ ਦਏ ਸਮਝਾਈਆ । ਕਲਜੁਗ ਤੇਰਾ ਅੰਤਮ ਘਰ, ਹਰਿ ਸੱਚਾ ਸਚ ਵਖਾਇੰਦਾ । ਚਾਰੋਂ ਕੁੰਟ ਆਉਣਾ ਡਰ, ਤੇਰਾ ਦਰਦ ਨਾ ਕੋਇ ਵੰਡਾਇੰਦਾ । ਵੀਹ ਸੌ ਇਕੀ ਬਿਕ੍ਰਮੀ ਨੱਠ ਕੇ ਅੰਦਰ ਜਾਣਾ ਵੜ, ਪੁਰਖ ਅਬਿਨਾਸ਼ੀ ਪਰਦਾ ਪਾਇੰਦਾ । ਚੁਪ ਕਰਕੇ ਬਹਿਣਾ ਦੜ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਤਿਜੁਗ ਸਾਚੇ ਸਚ ਮੁਹੱਲੇ ਵੇਖੇ ਚੜ੍ਹ, ਪੁਰਖ ਅਬਿਨਾਸ਼ੀ ਕੌਣ ਕੂਟੇ ਖੇਲ ਕਰਾਇੰਦਾ । ਕਿਰਪਾਨਿਧ ਠਾਕਰ ਸਵਾਮੀ ਦੇਵੇ ਮੋਹੇ ਇਕੋ ਵਰ, ਵਰ ਇਕੋ ਝੋਲੀ ਪਾਇੰਦਾ । ਧਰਨੀ ਧਰਤ ਧਵਲ ਧਰ, ਧੁਰ ਧਾਮ ਲੇਖਾ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਇਕੋ ਰਾਮ, ਰਾਮ ਰਮਈਆ ਰੂਪ ਵਟਾਇੰਦਾ । ਸ੍ਰਿਸ਼ਟ ਸਬਾਈ ਇਕੋ ਕਾਹਨ, ਮੁਕੰਦ ਮਨੋਹਰ ਲੱਖਮੀ ਨਰਾਇਣ ਸੀਸ ਜਗਦੀਸ਼ ਤਾਜ ਸੁਹਾਇੰਦਾ । ਸ੍ਰਿਸ਼ਟ ਸਬਾਈ ਇਕ ਪੈਗ਼ਾਮ, ਈਸਾ ਮੂਸਾ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਇਕ ਅਮਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਸ੍ਰਿਸ਼ਟ ਸਬਾਈ ਆਪਣਾ ਨਾਮ, ਨਾਨਕ ਮੰਤਰ ਸਤਿਨਾਮ ਜਣਾਇੰਦਾ । ਸ੍ਰਿਸ਼ਟ ਸਬਾਈ ਏਕਾ ਜਾਮ, ਗੋਬਿੰਦ ਅੰਮ੍ਰਿਤ ਰਸ ਚਖਾਇੰਦਾ । ਸ੍ਰਿਸ਼ਟ ਸਬਾਈ ਇਕ ਭਗਵਾਨ, ਪੁਰਖ ਅਕਾਲ ਨਜ਼ਰੀ ਆਇੰਦਾ । ਸ੍ਰਿਸ਼ਟ ਸਬਾਈ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸ੍ਰਿਸ਼ਟ ਸਬਾਈ ਇਕ ਮਕਾਨ, ਸਚਖੰਡ ਦਵਾਰ ਆਪ ਵਡਿਆਇੰਦਾ । ਸ੍ਰਿਸ਼ਟ ਸਬਾਈ ਇਕ ਅਸਥਾਨ, ਸਤਿਗੁਰ ਚਰਨ ਦਵਾਰਾ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਏਕਾ ਗਾਨ, ਆਤਮ ਪਰਮਾਤਮ ਗੀਤ ਅਲਾਇੰਦਾ । ਸ੍ਰਿਸ਼ਟ ਸਬਾਈ ਏਕਾ ਭਾਨ, ਜੋਤੀ ਜਾਤਾ ਡਗਮਗਾਇੰਦਾ । ਸ੍ਰਿਸ਼ਟ ਸਬਾਈ ਏਕਾ ਪੀਣ ਖਾਣ, ਨਿਝਰ ਰਸ ਆਪ ਰਖਾਇੰਦਾ । ਸ੍ਰਿਸ਼ਟ ਸਬਾਈ ਏਕਾ ਕਾਹਨ, ਅਨਹਦ ਨਾਦੀ ਰਾਗ ਸੁਣਾਇੰਦਾ । ਸ੍ਰਿਸ਼ਟ ਸਬਾਈ ਏਕਾ ਮਾਣ, ਊਚ ਨੀਚ ਨਾ ਕੋਇ ਜਣਾਇੰਦਾ । ਸਤਿਜੁਗ ਸਾਚਾ ਬਣੇ ਵਿਧਾਨ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਪੰਚਮ ਪੰਚ ਰਾਜ ਰਾਜਾਨ, ਪਰਪੰਚ ਮੇਟ ਮਿਟਾਇੰਦਾ । ਨੌ ਸੱਤ ਦੇਵੇ ਇਕ ਗਿਆਨ, ਬ੍ਰਹਮ ਪਾਰਬ੍ਰਹਮ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਗਾਣ, ਗੁਰ

ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਇੰਦਾ । ਸੰਸਾ ਰਹੇ ਨਾ ਕੋਇ ਵਿਚ ਜਹਾਨ, ਹਿੰਸਾ ਰੂਪ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਬੇੜਾ ਪਾਰ ਕਰ, ਸਤਿਜੁਗ ਧਾਰ ਆਪ ਚਲਾਇੰਦਾ । ਸਤਿਜੁਗ ਧਾਰ ਚਲੇ ਮਾਤ, ਮਾਤਰ ਭੂਮੀ ਦਏ ਵਡਿਆਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿ ਅਸਤਿ ਵੇਖ ਵਖਾਈਆ । ਸ੍ਰੀ ਭਗਵਾਨ ਸੁਣਾਏ ਗਾਥ, ਆਪ ਆਪਣਾ ਨਾਉਂ ਦ੍ਰਿੜਾਈਆ । ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹਾਥ, ਹੱਥੋ ਹੱਥ ਲੇਖਾ ਦਏ ਚੁਕਾਈਆ । ਭੇਵ ਚੁਕਾਏ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਲੋਆਂ ਖੋਜ ਖੁਜਾਈਆ । ਪਾਵੇ ਸਾਰ ਰਾਮ ਦਸਰਾਥ, ਦਸਰਥ ਬੇਟਾ ਵੇਖ ਵਖਾਈਆ । ਸਤਿਜੁਗ ਸਾਚਾ ਦੇਵੇ ਦਾਤ, ਪੀਰ ਪੈਗ਼ੰਬਰ ਇਕ ਸਰਨਾਈਆ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਰੰਗ ਨਾ ਕੋਇ ਚੜ੍ਹਾਈਆ । ਆਤਮ ਪਰਮਾਤਮ ਇਕ ਜਮਾਤ, ਏਕਾ ਦੂਆ ਦੂਆ ਏਕਾ ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸਾਚਾ ਜਾਏ ਲੱਗ, ਸ੍ਰੀ ਭਗਵਾਨ ਆਪ ਲਗਾਈਆ । ਪਰਗਟ ਹੋ ਸੂਰਾ ਸਰਬੱਗ, ਵੇਖੇ ਖੇਲ ਸਰਬ ਘਟ ਥਾਈਂਆ । ਭਗਤ ਭਗਵੰਤ ਕਰ ਅਲੱਗ, ਏਕਾ ਰੰਗ ਚੜ੍ਹਾਈਆ । ਹੰਸ ਬਣਾਏ ਹਰਿ ਹਰਿ ਕੱਗ, ਕਾਗ ਹੰਸ ਰੂਪ ਵਟਾਈਆ । ਗੁਰਮੁਖ ਗੁਰਸਿਖ ਹੀਰੇ ਨਗ, ਮਾਣਕ ਮੋਤੀ ਨਾਉਂ ਧਰਾਈਆ । ਦਰਸ ਵਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਮੁੱਖ ਲਗਾਏ ਸਗਨ ਸਗ, ਰਸ ਅੰਮ੍ਰਿਤ ਆਪ ਚਖਾਈਆ । ਅਗੰਮੀ ਨਗਾਰਾ ਜਾਏ ਵੱਜ, ਅਨਹਦ ਰਾਗ ਸੁਣਾਈਆ । ਬਜਰ ਕਪਾਟੀ ਜਾਏ ਭੱਜ, ਪਰਦਾ ਦੂਈ ਰਹੇ ਨਾ ਰਾਈਆ । ਆਤਮ ਪਰਮਾਤਮ ਹੋਏ ਹਜ, ਸਾਚੇ ਕਾਅਬੇ ਖ਼ੁਸ਼ੀ ਮਨਾਈਆ । ਸਚ ਮਹਿਰਾਬੇ ਬਹੇ ਸਜ, ਹੁਜਰਾ ਇਕੋ ਇਕ ਦਰਸਾਈਆ । ਕਰੇ ਖੇਲ ਸ਼ਾਹ ਨਵਾਬ, ਨੌਬਤ ਆਪਣੇ ਨਾਮ ਰਖਾਈਆ । ਭੂਪਤ ਭੂਪ ਰਾਜਨ ਰਾਜ, ਸ਼ਹਿਨਸ਼ਾਹ ਸ਼ਾਹ ਆਪ ਹੋ ਜਾਈਆ । ਕਲਜੁਗ ਸਤਿਜੁਗ ਦੋਹਾਂ ਕਾਜ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਕਰਾਈਆ । ਜੁਗ ਜੁਗ ਬਦਲਣਹਾਰਾ ਸਮਾਜ, ਸਮਝ ਸਮਝ ਦਏ ਸਮਝਾਈਆ । ਤ੍ਰੈਗੁਣ ਬੁਝਾਵਣਹਾਰਾ ਆਂਚ, ਅਗਨੀ ਅੱਗ ਦਏ ਗਵਾਈਆ । ਵੇਖਣਹਾਰਾ ਮਾਟੀ ਕਾਚ, ਕਾਚੀ ਗਗਰੀਆ ਫੋਲ ਫੋਲਾਈਆ । ਸਤਿਜੁਗ ਮਾਰਗ ਲਾਏ ਸਾਚ, ਸਚ ਸੁੱਚ ਇਕ ਰਖਾਈਆ । ਗੁਰਮੁਖਾਂ ਨਿਰਮਲ ਕਰੇ ਜ਼ਾਤ, ਬ੍ਰਹਮ ਆਪਣਾ ਅੰਗ ਲਗਾਈਆ । ਏਕਾ ਸੇਜ ਸੁਹਾਏ ਖਾਟ, ਆਤਮ ਅੰਤਰ ਆਸਣ ਲਾਈਆ । ਨਾਤਾ ਤੁੱਟੇ ਆਣ ਬਾਟ, ਮਾਤ ਗਰਭ ਨਾ ਅਗਨ ਤਪਾਈਆ । ਅੱਗੇ ਨੇੜੇ ਰੱਖੇ ਵਾਟ, ਪਿਛਲਾ ਪੰਧ ਰਿਹਾ ਮੁਕਾਈਆ । ਗੁਰਸਿਖਾਂ ਖੋਲ੍ਹੇ ਬੰਦ ਤਾਕ, ਬੰਦ ਤਾਕੀ ਕੁੰਡਾ ਲਾਹੀਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਦਰਸ ਵਖਾਏ ਸਾਖਿਆਤ, ਸਵੱਛ ਸਰੂਪੀ ਰੂਪ ਵਟਾਈਆ । ਹਰਿਜਨ ਬਣਾਏ ਪਾਰਜਾਤ, ਛੋਹ ਆਪਣੇ ਅੰਗ ਲਗਾਈਆ । ਏਥੇ ਓਥੇ ਪੁੱਛੇ ਵਾਤ, ਦੋ ਜਹਾਨਾਂ ਹੋਏ ਸਹਾਈਆ । ਦੇਵਣਹਾਰਾ ਸਾਚੀ ਦਾਤ, ਸੋਹੰ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਅਗਲਾ ਪਿਛਲਾ ਜਾਣੇ ਲੇਖਾ, ਮਧ ਆਪਣੀ ਧਾਰ ਚਲਾਈਆ । ਅਗਲਾ ਪਿਛਲਾ ਲੇਖਾ ਚੁੱਕੇ ਲੋਕ, ਹਰਿ ਸਤਿਗੁਰ ਆਪ ਚੁਕਾਈਆ । ਕਲਜੁਗ ਕੂੜੀ ਮਾਰੇ ਫੂਕ, ਤ੍ਰੈਗੁਣ ਅਗਨੀ ਅੱਗ ਲਗਾਈਆ । ਕਲਜੁਗ ਚਰਨੀ ਸੁੱਤਾ ਘੂਕ, ਨੇਤਰ ਨੈਣ ਨਾ ਕੋਇ ਉਠਾਈਆ । ਸਤਿਜੁਗ ਸਾਚਾ ਉਠ ਉਠ ਮਾਰੇ ਕੂਕ, ਕੂਕ ਕੂਕ ਸੁਣਾਈਆ । ਸਾਹਿਬ ਸੁਲਤਾਨ ਦਾ ਸੱਚਾ



੮੩੫
੧੨

ਪੂਤ, ਸਤਿਜੁਗ ਵੇਖੇ ਚਾਈਂ ਚਾਈਂਆ । ਏਕਾ ਤਾਣਾ ਪੇਟਾ ਸੂਤ, ਤੰਦੀ ਤੰਦ ਇਕ ਰਖਾਈਆ । ਤਨ ਮਾਟੀ ਨਾ ਕੋਇ ਕਲਬੂਤ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਅਗਲਾ ਲੇਖਾ ਰੱਖਣਾ ਯਾਦ, ਹਰਿ ਸਤਿਗੁਰ ਆਪ ਕਰਾਇੰਦਾ । ਪੁਰਖ ਅਬਿਨਾਸ਼ੀ ਸੁਣਨ ਆਇਆ ਫਰਿਯਾਦ, ਨਿਰਗੁਣ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਦੇਵਣਹਾਰਾ ਦਾਦ, ਵਸਤ ਅਮੋਲਕ ਆਪ ਵਰਤਾਇੰਦਾ । ਸਤਿ ਨਿਸ਼ਾਨਾ ਦੇਵੇ ਗਾਡ, ਦੋ ਜਹਾਨਾਂ ਆਪ ਝੁਲਾਇੰਦਾ । ਸ਼ਰਅ ਮਜ਼੍ਹਬ ਦੀ ਤੋੜੇ ਹਾਦ, ਨਵ ਨੌਂ ਇਕੋ ਰਾਹ ਵਖਾਇੰਦਾ । ਪਾਰਬ੍ਰਹਮ ਦਾ ਸੱਚਾ ਨਾਦ, ਬ੍ਰਹਮ ਸੁਣ ਸੁਣ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲਹਿਣਾ ਵਖਾਏ ਨੈਣਾ, ਗੁਰਮੁਖ ਵਿਰਲਾ ਵੇਖ ਵਖਾਇੰਦਾ । ਅਗਲਾ ਲਹਿਣਾ ਜਿਸ ਜਨ ਵੇਖਣ ਦਾ ਚਾਓ, ਸੋ ਸਾਹਿਬ ਦਏ ਸਮਝਾਈਆ । ਪ੍ਰਭ ਸਾਚੇ ਦਰ ਲਾਗੇ ਪਾਉਂ, ਦੇਵਣਹਾਰ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਈਆ । ਸਦਾ ਸਦਾ ਸਦ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਕਰੇ ਨਿਆਉਂ, ਅਨਿਆਏ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਪਿਛਲਾ ਲੇਖਾ ਦਏ ਜਣਾਈਆ । ਅਗਲਾ ਲੇਖਾ ਜਿਸ ਜਨ ਵੇਖਣਾ, ਪ੍ਰਭ ਸਚ ਸਚ ਦ੍ਰਿੜਾਈਆ । ਆਤਮ ਪਰਮਾਤਮ ਕਰਨਾ ਹੇਤਨਾ, ਹਿਤ ਇਕੋ ਇਕ ਰਖਾਈਆ । ਦੀਨ ਦਿਆਲ ਵਸੇ ਨੇਤਨ ਨੇਤਨਾ, ਨੇਰਨ ਨੇਰ ਡੇਰਾ ਲਾਈਆ । ਅਚਰਜ ਖੇਲ ਪ੍ਰਭ ਨੇ ਖੇਡਣਾ, ਵੇਦ ਕਤੇਬ ਨਾ ਸਕੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗਾ ਪਿੱਛਾ ਰਿਹਾ ਵਖਾਈਆ । ਅੱਗਾ ਪਿੱਛਾ ਕੋਈ ਨਾ ਵੇਖੇ, ਭਰਮੇ ਭੁੱਲੀ ਸਰਬ ਲੋਕਾਈਆ । ਬਾਹਰੋਂ ਬਾਹਰੋਂ ਲੱਭਦੇ ਭੇਤੇ, ਅੰਦਰ ਵੜਨ ਕੋਇ ਨਾ ਜਾਈਆ । ਸ੍ਰਿਸ਼ਟ ਸਬਾਈ ਕੱਲਰ ਰੇਤੇ, ਕੰਧ ਕੂੜੀ ਰਹੇ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਬਣ ਕਿਰਸਾਨਾ ਵੱਢਦਾ ਰਿਹਾ ਅਗੇਤ ਪਿਛੇਤੇ, ਹਾੜ੍ਹੀ ਸੌਣੀ ਰੂਪ ਵਖਾਈਆ । ਕਲਜੁਗ ਅੰਤਮ ਆਪਣੇ ਹੱਥ ਰੱਖੇ ਦੋ ਜਹਾਨਾਂ ਠੇਕੇ, ਗੁਰ ਅਵਤਾਰ ਡੋਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਦਿ ਮਧ ਆਪਣਾ ਖੇਲ ਵਖਾਈਆ । ਕਲਜੁਗ ਕਰਨਾ ਅੰਤ, ਸਤਿਜੁਗ ਸਾਚਾ ਮਾਤ ਲਗਾਈਆ । ਦੋਹਾਂ ਵਿਚੋਲਾ ਸ੍ਰੀ ਭਗਵੰਤ, ਭਗਵੰਤ ਆਪਣਾ ਖੇਲ ਵਖਾਈਆ । ਗੁਰਮੁਖ ਵੇਖੇ ਸਾਚੇ ਸੰਤ, ਸਤਿ ਸਤਿਵਾਦੀ ਲਏ ਉਠਾਈਆ । ਇਕ ਜਣਾਏ ਨਾਮ ਮੰਤ, ਮੰਤਰ ਨਾਮ ਇਕ ਦ੍ਰਿੜਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਮਜੀਠੀ ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਲੇਖ ਚੁਕਾਏ ਭੁੱਖ ਨੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪ ਮਹਾਨ, ਕਲਜੁਗ ਅੰਤ ਮੇਟੇ ਨਿਸ਼ਾਨ, ਸਤਿਜੁਗ ਧਰੇ ਮਾਤ ਬਲਵਾਨ, ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਏਕਾ ਅੱਖਰ ਵੱਖਰ ਆਪ ਪੜ੍ਹਾਈਆ ।


੮੩੬
੧੨

## ✳ ੨੨ ਭਾਦਰੋਂ ੨੦੧੯ ਬਿਕ੍ਰਮੀ ਬਖ਼ਤੌਰ ਸਿੰਘ ਦੇ ਗ੍ਰਿਹ ਖਿਆਲੀ ਵਾਲਾ ਜ਼ਿਲਾ ਬਠਿੰਡਾ ✳

ਜਨਮ ਅਜਨਮ ਲੇਖੇ ਲਾ, ਧਰਮ ਅਧਰਮ ਦਏ ਦੁਹਾਈਆ । ਨਿਹਕਰਮੀ ਲੈਣਾ ਕਰਮ ਕਮਾ, ਕਰਮ ਕਾਂਡ ਦਏ ਖਪਾਈਆ । ਸਾਚੀ ਬਖ਼ਸ਼ ਇਕ ਸਰਨਾ, ਸਰਨਗਤ ਇਕ ਸਮਝਾਈਆ । ਮਿਹਰਵਾਨ ਹੋਏ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਡੁੱਬਦੇ ਪਾਥਰ ਲਏ ਤਰਾ, ਮੰਝ ਬੇੜਾ ਪਾਰ ਕਰਾਈਆ । ਸਾਚੀ ਸਿਖਿਆ ਇਕ ਸਮਝਾ, ਸਿਖ ਸਿਖਿਆ ਰੂਪ ਸਮਾਈਆ । ਆਤਮ ਪਰਦਾ ਦਵੈਤੀ ਲਾਹ, ਪਰਮਾਤਮ ਰੰਗ ਚੜ੍ਹਾਈਆ । ਸਚ ਮਹਾਤਮ ਦਏ ਸਮਝਾ, ਬਿਨ ਆਤਮ ਪਰਮਾਤਮ ਦੂਜੀ ਅਵਰ ਨਾ ਕੋਇ ਕੁੜਮਾਈਆ । ਜ਼ਾਹਰ ਬਾਤਨ ਦਰਸ ਦਏ ਕਰਾ, ਨੇਤਰ ਨੈਣ ਨੈਣ ਖੁਲ੍ਹਾਈਆ । ਅੰਮ੍ਰਿਤ ਮੇਘ ਮੇਘ ਬਰਸਾ, ਅਗਨੀ ਤਤ ਤਤ ਬੁਝਾਈਆ । ਲੱਖ ਚੁਰਾਸੀ ਹਰਸ ਮਿਟਾ, ਨਾਮ ਨਿਧਾਨ ਝੋਲੀ ਪਾਈਆ । ਅਰਸ਼ ਫਰਸ਼ ਵੇਖੇ ਦੋਏ ਥਾਂ, ਕਾਇਆ ਕੁਰਾ ਖੋਜ ਖੋਜਾਈਆ । ਜਨ ਭਗਤਾਂ ਤਰਸ ਕਰੇ ਆਪ ਹੋਏ ਨਿਗਹ ਥਾਂ, ਨਿਗਹ ਆਪਣੀ ਆਪ ਉਠਾਈਆ । ਨੇੜ ਨਾ ਆਏ ਜਗਤ ਸ਼ੈਤਾਨ, ਸੰਸਾ ਰੋਗ ਰਹੇ ਨਾ ਰਾਈਆ । ਅੰਤਮ ਦੇਵੇ ਪਦ ਨਿਰਬਾਨ, ਨਿਰਬਾਣ ਪਦ ਵਖਾਈਆ । ਸ਼ਬਦ ਅਗੰਮੀ ਸਚ ਬਬਾਣ, ਗੁਰਮੁਖਾਂ ਆਪ ਚੜ੍ਹਾਈਆ । ਲੇਖਾ ਚੁੱਕੇ ਆਵਣ ਜਾਣ, ਜਨਮ ਮਰਨ ਫੰਦ ਕਟਾਈਆ । ਜਿਸ ਭਗਤ ਮਿਲੇ ਭਗਵਾਨ, ਸੋ ਭਗਤ ਭਗਵਨ ਵਿਚ ਸਮਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਨਿਰਗੁਣ ਆਪਣਾ ਨੂਰ ਧਰਾਈਆ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਵਖਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਣ, ਗੁਰਮੁਖ ਸੱਜਣ ਲਏ ਉਠਾਈਆ । ਜਿਸ ਜਨ ਸੋਹੰ ਸ਼ਬਦ ਦੇਵੇ ਦਾਨ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਗੁਰ ਸਤਿਗੁਰ ਪਾਰ ਕਰਾਈਆ ।



## ✳ ੨੨ ਭਾਦਰੋਂ ੨੦੧੯ ਬਿਕ੍ਰਮੀ ਮੁਕੰਦ ਸਿੰਘ ਦੇ ਗ੍ਰਿਹ ਮਰਾਜ ਜ਼ਿਲਾ ਬਠਿੰਡਾ ✳

ਸਤਿ ਪੁਰਖ ਤੇਰਾ ਠਾਂਡਾ ਦਰਬਾਰ, ਸਤਿ ਸਤਿ ਵਡਿਆਈਆ । ਹਰਿ ਪੁਰਖ ਤੇਰਾ ਖੇਲ ਅਪਾਰ, ਮਹਿਮਾ ਅਕੱਥ ਕਥੀ ਨਾ ਜਾਈਆ । ਏਕੰਕਾਰ ਤੇਰਾ ਸਚ ਵਿਹਾਰ, ਭੇਵ ਨਾ ਜਾਣੇ ਕੋਇ ਰਾਈਆ । ਆਦਿ ਨਿਰੰਜਣ ਤੇਰਾ ਨੂਰ ਅਪਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰੀ ਸਾਚੀ ਧਾਰ, ਧਾਰ ਧਾਰ ਵਿਚ ਰਖਾਈਆ । ਸ੍ਰੀ ਭਗਵਾਨ ਤੇਰਾ ਸਚ ਨਿਸ਼ਾਨ, ਦਰ ਸਾਚੇ ਸੋਭਾ ਪਾਈਆ । ਪਾਰਬ੍ਰਹਮ ਤੇਰਾ ਰੂਪ ਮਹਾਨ, ਰੂਪ ਰੇਖ ਨਜ਼ਰ ਕੋਇ ਨਾ ਆਈਆ । ਸ਼ਹਿਨਸ਼ਾਹ ਵਡ ਰਾਜ ਰਾਜਾਨ, ਭੂਪਤ ਭੂਪ ਖੇਲ ਖਲਾਈਆ । ਪਰਵਰਦਿਗਾਰ ਨੌਜਵਾਨ, ਮੁਕਾਮੇ ਹੱਕ ਤੇਰੀ ਰੁਸ਼ਨਾਈਆ । ਲਾਸ਼ਰੀਕ ਵਡ ਮਿਹਬਾਨ, ਮਿਹਬਾਨ ਬੀਦੋ ਤੇਰਾ ਅੰਤ ਕੋਇ ਨਾ ਆਈਆ । ਤਖ਼ਤ ਨਿਵਾਸੀ ਤੇਰਾ ਧੁਰ ਫ਼ਰਮਾਣ, ਨਾ ਕੋਈ ਮੇਟੇ ਮੇਟ ਮਿਟਾਈਆ । ਸਚਖੰਡ ਨਿਵਾਸੀ ਤੇਰਾ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਇਕ ਮਹਾਨ, ਕਮਲਾਪਾਤੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੇਵ ਕੋਇ ਨਾ ਆਈਆ । ਸੋ ਪੁਰਖ ਨਿਰੰਜਣ ਤੇਰਾ ਉਚ

ਮੁਨਾਰਾ, ਊਚੋ ਊਚ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰਾ ਠਾਂਡਾ ਦਰਬਾਰਾ, ਦਰ ਘਰ ਸਾਚਾ ਸੋਭਾ ਪਾਈਆ । ਏਕੰਕਾਰ ਕਰ ਪਸਾਰਾ, ਆਦਿ ਨਿਰੰਜਣ ਨੂਰ ਵਖਾਈਆ । ਅਬਿਨਾਸ਼ੀ ਕਰਤਾ ਦੇ ਹੁਲਾਰਾ, ਸ੍ਰੀ ਭਗਵਾਨ ਵੇਖੇ ਚਾਈਂ ਚਾਈਂਆ । ਪਾਰਬ੍ਰਹਮ ਪ੍ਰਭ ਕਰੇ ਨਿਮਸਕਾਰਾ, ਨਿਰਗੁਣ ਨਿਰਗੁਣ ਸੀਸ ਝੁਕਾਈਆ । ਤਖ਼ਤ ਨਿਵਾਸੀ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਆਪਣਾ ਖੇਲ ਕਰਾਈਆ । ਰੂਪ ਰੰਗ ਰੇਖ ਤੇ ਵਸੇ ਬਾਹਰਾ, ਤਤਵ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਓਟ ਤਕਾਈਆ । ਤੇਰੀ ਓਟ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲ, ਧਰਮ ਦਵਾਰ ਏਕ ਵਖਾਇੰਦਾ । ਦੀਆ ਬਾਤੀ ਏਕਾ ਬਾਲ, ਅੰਧ ਅੰਧੇਰ ਨਾ ਕੋਇ ਜਣਾਇੰਦਾ । ਖੇਲਣਹਾਰਾ ਖੇਲ ਨਿਰਾਲ, ਚਾਲ ਅਵੱਲੜੀ ਆਪ ਚਲਾਇੰਦਾ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਤੇਰੇ ਦਰ ਝੁਕੇ ਸੀਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਆਦਿ ਜੁਗਾਦੀ ਤੇਰੀ ਹਦੀਸ, ਮੰਨੇ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖਾਲੀ ਝੋਲੀ ਮੋਹੇ ਭਰਾਉਣਾ । ਦੇਣਾ ਵਰ ਸਾਹਿਬ ਸਮਰਥ, ਸਮਰਥ ਤੇਰੀ ਵਡਿਆਈਆ । ਸਚਖੰਡ ਦਵਾਰੇ ਰਿਹੋਂ ਵਸ, ਲਾਸ਼ਰੀਕ ਇਕ ਖ਼ੁਦਾਈਆ । ਆਦਿ ਜੁਗਾਦੀ ਮਾਰਗ ਦੱਸ, ਜੁਗ ਜੁਗ ਰਾਹ ਚਲਾਈਆ । ਨਿਰਗੁਣ ਨੂਰ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਨਿਜ ਗ੍ਰਹਿ ਨਿਜ ਮੰਦਰ ਨਿਜ ਘਰ ਕਰ ਕਰ ਵਾਸ, ਘਰ ਸਾਚਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਵਡ ਵਡਿਆਈਆ । ਵਡ ਦਰ ਤੇਰਾ ਸੁਲਤਾਨ, ਲੇਖਾ ਲਿਖਤ ਵਿਚ ਨਾ ਆਈਆ । ਤੇਰੀ ਮਹਿਮਾ ਗਣਤ ਮਹਾਨ, ਭੇਵ ਅਭੇਦ ਨਾ ਕੋਇ ਜਣਾਈਆ । ਤੇਰਾ ਤਖ਼ਤ ਨੂਰ ਮਹਾਨ, ਰੂਪ ਰੰਗ ਨਾ ਜਾਣੇ ਕੋਇ ਰਾਈਆ । ਤੇਰਾ ਹੁਕਮ ਸਚ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੱਤ ਚਾਰ ਢਹਿ ਪਏ ਸਰਨਾਈਆ । ਸੱਤ ਚਾਰ ਚਰਨੀ ਲੱਗ, ਨਿਉਂ ਨਿਉਂ ਸੀਸ ਝੁਕਾਇਆ । ਕਿਰਪਾ ਕਰ ਸੂਰੇ ਸਰਬੱਗ, ਦਰ ਤੇਰਾ ਇਕ ਧਿਆਇਆ । ਸਾਡਾ ਪਰਦਾ ਲੈਣਾ ਕੱਜ, ਸਿਰ ਆਪਣਾ ਹੱਥ ਟਿਕਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਨਗਾਰਾ ਗਿਆ ਵੱਜ, ਦੋ ਜਹਾਨਾਂ ਨਾਦ ਵਜਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖਿਆ ਭੱਜ, ਬਣ ਪਾਂਧੀ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਸੱਤ ਚਾਰ ਹੋਏ ਹੈਰਾਨ, ਹਰਿ ਜੂ ਭੇਵ ਕੋਇ ਨਾ ਆਇੰਦਾ । ਦੋਏ ਜੋੜ ਮੰਗਣ ਦਾਨ, ਖਾਲੀ ਝੋਲੀ ਸਰਬ ਵਖਾਇੰਦਾ । ਜੁਗ ਚੌਕੜੀ ਵੇਖਿਆ ਖੇਲ ਮਹਾਨ, ਖ਼ਾਲਕ ਖ਼ਲਕ ਤੇਰਾ ਭੇਵ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਆਦਿ ਜੁਗਾਦੀ ਖੇਲ ਰਚਾਇੰਦਾ । ਦਾਤਾ ਦਾਨੀ ਗੁਣ ਨਿਧਾਨ, ਵਸਤ ਅਮੋਲਕ ਆਪ ਵਰਤਾਇੰਦਾ । ਸੱਤ ਚਾਰ ਬਾਲ ਅਵਾਣ, ਆਪਣਾ ਬਲ ਨਾ ਕੋਇ ਰਖਾਇੰਦਾ । ਦਰ ਤੇਰੇ ਡਿਗੇ ਆਣ, ਬਾਹੋਂ ਫੜ ਗਲੇ ਨਾ ਕੋਇ ਲਗਾਇੰਦਾ । ਲੋਕਮਾਤ ਬਣ ਕੇ ਬੈਠੇ ਰਹੇ ਮਹਿਮਾਨ, ਮਹਿਮਾਨੀ ਤੇਰੀ ਨਾ ਕੋਇ ਸੁਣਾਇੰਦਾ । ਫਿਰਦੇ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਸਾਚਾ ਮੰਦਰ ਨਾ ਕੋਇ ਵਖਾਇੰਦਾ । ਸਮੁੰਦ ਸਾਗਰ

੮੩੯ ੧੨

ਡੂੰਘੀ ਕੰਦਰ ਵੇਖਦੇ ਰਹੇ ਮਾਰ ਧਿਆਨ, ਤੇਰਾ ਧਿਆਨ ਨਾ ਕੋਇ ਜਣਾਇੰਦਾ । ਰਸਨਾ ਜਿਹਵਾ ਬੱਤੀ ਦੰਦ ਗਉਂਦੇ ਰਹੇ ਗਾਣ, ਤੇਰਾ ਰਾਗ ਨਾ ਕੋਇ ਅਲਾਇੰਦਾ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੜਦੇ ਰਹੇ ਮਕਾਨ, ਤੇਰਾ ਮਕਾਨ ਨਾ ਕੋਇ ਵਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਮਿਲਦੇ ਰਹੇ ਸ਼ੈਤਾਨ, ਸ਼ਰਅ ਸ਼ੈਤਾਨ ਨਾ ਕੋਇ ਗਵਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਦੇ ਰਹੇ ਕਾਨ, ਕਾਨੀ ਤੀਰ ਨਾ ਕੋਇ ਲਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੰਨਦੇ ਰਹੇ ਈਮਾਨ, ਇਸਮ ਤੇਰਾ ਨਾ ਕੋਇ ਵਖਾਇੰਦਾ । ਸੇਵਾ ਕਰਦੇ ਰਹੇ ਬਣ ਬਣ ਗ਼ੁਲਾਮ, ਗੁਰਬਤ ਮਾਤ ਨਾ ਕੋਇ ਮਿਟਾਇੰਦਾ । ਕੂੜੀ ਕਿਰਿਆ ਵੇਖਿਆ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਲੱਖ ਚੁਰਾਸੀ ਬੇਈਮਾਨ, ਬੇਵਾ ਰੂਪ ਸਭ ਹੀ ਨਜ਼ਰੀ ਆਇੰਦਾ । ਤੁਧ ਬਿਨ ਕੋਇ ਨਾ ਪੁੱਛੇ ਆਣ, ਸਿਰ ਹੱਥ ਨਾ ਕੋਇ ਰਖਾਇੰਦਾ । ਅੰਤਮ ਮਿਟਦਾ ਜਾਏ ਨਿਸ਼ਾਨ, ਨਿਸ਼ਾਨਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ, ਸੱਤ ਚਾਰ ਏਕਾ ਵਾਰ ਸੁਣਾਇੰਦਾ । ਸੱਤ ਚਾਰ ਮਾਰਗ ਦੱਸ, ਹਰਿ ਹਰਿ ਜੂ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਆਉਣਾ ਨੱਸ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਤ੍ਰੈਗੁਣ ਮਾਇਆ ਚਰਨੀ ਜਾਣਾ ਢੱਠ, ਰਜੋ ਤਮੋ ਸਤੋ ਆਪਣਾ ਮਾਣ ਮਿਟਾਈਆ । ਪੰਜ ਤਤ ਹਰਿ ਚਰਨ ਦਵਾਰ ਵਹਾਉਣੀ ਆਪਣੀ ਰੱਤ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਾਣ ਗਵਾਈਆ । ਕਰੇ ਖੇਲ ਪੁਰਖ ਸਮਰਥ, ਸਭ ਦੀ ਆਸਾ ਪੂਰ ਵਖਾਈਆ । ਸਾਚਾ ਮਾਰਗ ਦੇਵੇ ਹੱਸ ਹੱਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਓਥੇ ਚਲੇ ਨਾ ਕੋਇ ਕਿਸੇ ਦਾ ਵਸ, ਬੇਵਸ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈ ਤ੍ਰੈ ਮੇਲੇ ਪੰਚਮ ਚੇਲਾ ਸੱਜਣ ਸੁਹੇਲਾ ਏਕਾ ਘਰ ਮੰਗਾਈਆ । ਸਾਚੇ ਦਰ ਆਉਣਾ ਦਰਬਾਰ, ਹਰਿ ਅਵਤਰੀ ਅਵਤਾਰਾਂ ਆਪ ਜਣਾਇੰਦਾ । ਬ੍ਰਹਮੇ ਸੁਤ ਰਹਿਣਾ ਖ਼ਬਰਦਾਰ, ਸੰਤ ਕੁਮਾਰ ਨੈਣ ਖੁਲ੍ਹਾਇੰਦਾ । ਬਰਾਹ ਵੇਖ ਉਠ ਬਲਧਾਰ, ਹਰਿ ਜੂ ਆਪਣਾ ਪਰਦਾ ਲਾਹਿੰਦਾ । ਹਾਵ ਗ਼ਰੀਵ ਕਰ ਪੁਕਾਰ, ਸੁਨਣਹਾਰਾ ਫੇਰੀ ਪਾਇੰਦਾ । ਯਗੇ ਪੁਰਸ਼ ਕਰ ਨਿਮਸਕਾਰ, ਹਰਿ ਜੂ ਆਪਣੀ ਦਇਆ ਕਮਾਇੰਦਾ । ਨਰਾਇਣ ਨੈਣ ਕਰ ਦੀਦਾਰ, ਅੱਖ ਅੱਖ ਨਾਲ ਮਿਲਾਇੰਦਾ । ਕਪਲ ਮੁਨ ਮੰਗ ਚਰਨ ਧੂੜੀ ਛਾਰ, ਮਸਤਕ ਟਿੱਕਾ ਏਕਾ ਲਾਇੰਦਾ । ਦੱਤਾ ਤ੍ਰੈ ਪਾਵੇ ਸਾਰ, ਤ੍ਰੈ ਤ੍ਰੈ ਆਪਣਾ ਮੂਲ ਚੁਕਾਇੰਦਾ । ਰਿਖਵ ਤੇਰਾ ਖੋਲ੍ਹ ਕਿਵਾੜ, ਸਤਿ ਸਰੂਪੀ ਰਾਹ ਜਣਾਇੰਦਾ । ਪਿਰਥੂ ਤੇਰੀ ਬੰਨ੍ਹੇ ਧਾਰ, ਪ੍ਰਿਥਮੇ ਪ੍ਰਿਥਮੀ ਨਾਲ ਮਿਲਾਇੰਦਾ । ਮਤਸ ਤੇਰੀ ਪਾਵੇ ਸਾਰ, ਜਲ ਥਲ ਮਹੀਅਲ ਫੋਲ ਫੋਲਾਇੰਦਾ । ਕਸ਼ਪ ਤੇਰਾ ਲਾਹੇ ਭਾਰ, ਮਿੰਦਰਾ ਪਿਠ ਨਾ ਕੋਇ ਟਿਕਾਇੰਦਾ । ਮੋਹਣੀ ਤੇਰਾ ਵੇਖ ਸ਼ੰਗਾਰ, ਮੋਹਣ ਮਾਧਵ ਆਪਣੇ ਅੰਗ ਲਗਾਇੰਦਾ । ਬਾਵਨ ਬਲ ਦਏ ਆਧਾਰ, ਦਰ ਦਵਾਰਾ ਇਕ ਸੁਹਾਇੰਦਾ । ਹੰਸਾ ਬੋਲ ਇਕ ਜੈਕਾਰ, ਪੰਖੀ ਸੋਹੰ ਢੋਲਾ ਏਕਾ ਗਾਇੰਦਾ । ਕਰੇ ਖੇਲ ਆਪ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਨਰ ਸਿੰਘ ਧਰ ਰੂਪ ਨਿਰੰਕਾਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਕਰੇ ਖੇਲ ਅਗੰਮ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਸਾਚੀ ਧਾਰ, ਪਰਸ ਪਰਸ ਪਰਸ ਜਣਾਈਆ । ਰਾਮ ਰਾਮਾ ਰਾਮ ਅਵਤਾਰ, ਰਘੁਪਤ ਲੇਖਾ ਜਾਣੇ ਥਾਉਂ ਥਾਈਂਆ । ਵੇਦ ਵਿਆਸਾ ਦੇ ਵਿਚਾਰ, ਤੇਰੀ ਵਿਚਾਰ ਵਿਚਾਰ ਲਏ ਮਿਲਾਈਆ । ਨੇਤਰ ਉਠ ਕਰ ਦੀਦਾਰ, ਦੀਦ ਦੀਦ

ਨਾਲ ਵਖਾਈਆ । ਤ੍ਰਿਲੋਕੀ ਨੰਦਨ ਖੋਲ੍ਹ ਕਿਵਾੜ, ਬੰਦ ਕਿਵਾੜਾ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਏਕਾ ਵਾਰ ਸੁਣਾਈਆ । ਸਚ ਸੰਦੇਸਾ ਸਾਚਾ ਮੀਤ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਈ ਰੀਤ, ਨਿਰਗੁਣ ਸਰਗੁਣ ਵੇਸ ਧਰਾਇੰਦਾ । ਕਲਜੁਗ ਵੇਖਣਹਾਰਾ ਪੱਤਤ ਪੁਨੀਤ, ਪੱਤਤ ਪਾਵਨ ਆਪਣਾ ਖੇਲ ਕਰਾਇੰਦਾ । ਬੁਧ ਬਿਬੇਕੀ ਕਰੇ ਸੀਤ, ਬੋਧ ਗਿਆਨਾ ਗਿਆਨ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਤ ਚਾਰ ਆਪ ਜਗਾਇੰਦਾ । ਸੱਤ ਚਾਰ ਖੋਲ੍ਹੇ ਅੱਖ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਨਿਰਗੁਣ ਨੂਰ ਹੋਇਆ ਪਰਤੱਖ, ਪਰਤੱਖ ਆਪਣੀ ਧਾਰ ਚਲਾਇੰਦਾ । ਭਗਤ ਅਠਾਰਾਂ ਕਰੇ ਵੱਖ, ਫੜ ਬਾਂਹੋਂ ਆਪ ਉਠਾਇੰਦਾ । ਧਰੂ ਪ੍ਰਹਿਲਾਦ ਮਾਰਗ ਦੱਸ, ਬਲ ਬਾਵਨ ਭੇਵ ਚੁਕਾਇੰਦਾ । ਅਮਰੀਕ ਮੇਲਾ ਹੱਸ ਹੱਸ, ਦੁਰਬਾਸ਼ਾ ਮਾਣ ਮਿਟਾਇੰਦਾ । ਜਨਕ ਅੰਦਰ ਆਪੇ ਵਸ, ਹਰੀ ਚੰਦ ਹਰਿ ਹਰਿ ਰੂਪ ਸਮਾਇੰਦਾ । ਬਿਦਰ ਸੁਦਾਮੇ ਤੀਰ ਨਿਰਾਲਾ ਮਾਰੇ ਕਸ, ਅਨਿਆਲਾ ਆਪ ਚਲਾਇੰਦਾ । ਰੱਖਣਹਾਰਾ ਦ੍ਰੋਪਤ ਪੱਤ, ਸਭਾ ਆਪਣੀ ਇਕ ਜਣਾਇੰਦਾ । ਜੈ ਦੇਓ ਪੜ੍ਹੇ ਅੱਖਰ ਤਤ, ਪੱਤ ਡਾਲ੍ਹੀ ਲੇਖ ਲਿਖਾਇੰਦਾ । ਰਵਦਾਸ ਚੁਮਾਰਾ ਸੱਬਰ ਇਕੋ ਘੱਤ, ਪਾਣਾਂ ਗੰਢ ਸੀਸ ਝੁਕਾਇੰਦਾ । ਜੈ ਦੇਵ ਨਾਮਾ ਮੰਗੇ ਮੰਗ, ਤ੍ਰਿਲੋਚਣ ਏਕਾ ਗੰਢ ਪੁਵਾਇੰਦਾ । ਕਰੇ ਖੇਲ ਸ੍ਰੀ ਭਗਵਨ, ਹਰਿ ਕਾ ਭੇਵ ਕੋਇ ਨਾ ਆਇੰਦਾ । ਗਣਕਾ ਪੂਤਨਾ ਸੁਣਾਇਆ ਛੰਦ, ਸੋਹਲਾ ਢੋਲਾ ਏਕਾ ਗਾਇੰਦਾ । ਬਧਕ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ । ਕਬੀਰ ਜੋਲਾਹਾ ਕਹੇ ਧੰਨ ਧੰਨ, ਹਰਿ ਸਤਿਗੁਰ ਇਕੋ ਨਜ਼ਰੀ ਆਇੰਦਾ । ਉਠ ਉਠ ਸੁਣਾਏ ਸਾਰਿਆਂ ਕੰਨ, ਕੂਕ ਕੂਕ ਅਲਾਇੰਦਾ । ਜੁਗ ਚੌਕੜੀ ਜਿਸ ਬੇੜਾ ਦਿਤਾ ਬੰਨ, ਸੋ ਸਤਿਗੁਰ ਵੇਸ ਵਟਾਇੰਦਾ । ਜਿਸ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਵਸਣਹਾਰਾ ਬਿਨ ਛੱਪਰੀ ਛੰਨ, ਸਾਚੇ ਮੰਦਰ ਸੋਭਾ ਪਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਨਿਰਮਲ ਜੋਤ ਡਗਮਗਾਇੰਦਾ । ਸਾਰੇ ਰਲ ਮਿਲ ਦੋਏ ਜੋੜ ਮੰਗੋ ਮੰਗ, ਪ੍ਰਭ ਪੂਰੀ ਆਸ ਕਰਾਇੰਦਾ । ਨਵ ਨੌਂ ਚਾਰ ਵੇਲਾ ਗਿਆ ਲੰਘ, ਪਾਰ ਕਿਨਾਰਾ ਇਕ ਜਣਾਇੰਦਾ । ਕਿਸੇ ਨਾ ਮਿਲੇ ਸਚ ਪਲੰਘ, ਸੇਜ ਸੁਹੰਜਣੀ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਦ੍ਰਿੜਾਇੰਦਾ । ਸਾਚਾ ਹੁਕਮ ਈਸਾ ਮੂਸਾ, ਪਰਵਰਦਿਗਾਰ ਆਪ ਜਣਾਈਆ । ਰਹਿਣ ਨਾ ਦੇਵੇ ਕਾਲਾ ਸੂਸਾ, ਕਾਲੀ ਧਾਰ ਧਾਰ ਮਿਟਾਈਆ । ਪਿਛਲੀ ਭੁੱਲੇ ਸਰਬ ਹਦੀਸਾ, ਹਜ਼ਰਤ ਕਰੇ ਸਚ ਪੜ੍ਹਾਈਆ । ਖਾਲੀ ਹੋਏ ਸਭ ਦਾ ਖੀਸਾ, ਵਸਤ ਕੋਇ ਰਹਿਣ ਨਾ ਪਾਈਆ । ਨਾਤਾ ਤੁੱਟੇ ਇਕ ਨੌਂ ਉਨੀਸਾ, ਇਕ ਇਕੱਲਾ ਰਿਹਾ ਸਮਝਾਈਆ । ਆਪਣੀ ਜ਼ਮੀਰ ਜ਼ਹੀਰ ਗੁਣੀ ਗਹੀਰ ਬੇਨਜ਼ੀਰ ਵਖਾਏ ਸ਼ੀਸ਼ਾ, ਸੁਹਰਤ ਆਪਣੀ ਆਪ ਜਣਾਈਆ । ਲੇਖਾ ਚੁਕਾਏ ਤੀਸ ਬਤੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲਏ ਬੁਲਾਈਆ । ਦਰ ਸਾਚੇ ਵਸੇ ਹੱਕ ਅਮਾਮ, ਨੂਰੋ ਨੂਰ ਨੂਰ ਧਰਾਇੰਦਾ । ਕਲਜੁਗ ਅੰਤਮ ਪੀਰ ਪੈਗ਼ੰਬਰ ਨਬੀ ਰਸੂਲ ਕਰੇ ਸਰਬ ਗ਼ੁਲਾਮ, ਫੜ ਬਾਂਹੋਂ ਆਪ ਉਠਾਇੰਦਾ । ਵੇਖਣਹਾਰਾ ਚੌਦਾਂ ਲੋਕ ਨਜ਼ਾਮ, ਨਜ਼ਮ ਮੁਹੰਮਦ ਇਕ ਸੁਣਾਇੰਦਾ । ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਹੋਏ ਹੈਰਾਨ, ਹੈਰਤ ਵਿਚ ਸਰਬ ਰਖਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਕਵਣ ਦਵਾਰੇ ਪਰਵਰਦਿਗਾਰ ਸੰਦੇਸਾ


੯੪੦
੧੨

ਦੇਵੇ ਆਣ, ਰਸਨਾ ਜ਼ਬਾਨ ਨਾ ਕੋਇ ਹਿਲਾਇੰਦਾ । ਨਾਤਾ ਤੁੱਟਾ ਸ਼ਰਅ ਈਮਾਨ, ਸਿਰਕਤ ਸਭ ਦੀ ਆਪ ਗਵਾਇੰਦਾ । ਨਜ਼ਰ ਆਏ ਨਾ ਕੋਇ ਇਸਲਾਮ, ਅਲੈਕਮ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਕਾਸਦ ਦੇਵੇ ਪੈਗ਼ਾਮ, ਪੀਰ ਪੈਗ਼ੰਬਰ ਗੀਤ ਨਾ ਕੋਇ ਅਲਾਇੰਦਾ । ਸਚ ਦਵਾਰੇ ਚਲ ਕੇ ਆਓ ਤਮਾਮ, ਤਮਾਂ ਸਭ ਦੀ ਆਪ ਮਿਟਾਇੰਦਾ । ਮੱਕਾ ਕਾਅਬਾ ਹੋਏ ਵੈਰਾਨ, ਦੋ ਦੋ ਆਬਾ ਮੇਲ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਈਸਾ ਮੂਸਾ ਸੰਗ ਮੁਹੰਮਦ ਇਕ ਲਗਾਏ ਆਪਣੀ ਰਮਜ਼, ਅਲਫ਼ ਯੇ ਲੇਖਾ ਆਪ ਮੁਕਾਇੰਦਾ । ਸਚ ਮੁਹੰਮਦ ਹੋ ਤਿਆਰ, ਚਾਰ ਯਾਰੀ ਨਾਲ ਰਲਾਈਆ । ਦਰ ਬਣ ਕੇ ਔਣਾ ਭਿਖਾਰ, ਖਾਲੀ ਝੋਲੀ ਰਿਹਾ ਵਖਾਈਆ । ਸਦੀ ਚੌਧਵੀਂ ਆਈ ਹਾਰ, ਚੌਦਾਂ ਤਬਕ ਦੇਣ ਦੁਹਾਈਆ । ਸਾਚਾ ਸਬਕ ਨਾ ਸਿਖਿਆ ਮੀਆ ਯਾਰ, ਮੁਹੱਬਤ ਮੋਹ ਨਾ ਕੋਇ ਵਖਾਈਆ । ਤੋਬਾ ਤੋਬਾ ਕਰਨ ਅੰਤਮ ਵਾਰ, ਸੋਭਾ ਕੋਇ ਰਹਿਣ ਨਾ ਪਾਈਆ । ਪਰਦਾ ਉਹਲਾ ਚੁੱਕਿਆ ਏਕੰਕਾਰ, ਅਕਲ ਕਲ ਆਪਣੀ ਖੇਲ ਕਰਾਈਆ । ਫੜ ਬਾਂਹੋਂ ਸੱਦੇ ਚਰਨ ਦਵਾਰ, ਹਦ ਹਦੂਦ ਨਾ ਕੋਇ ਜਣਾਈਆ । ਮਹਿਦੂਦ ਰੱਖੇ ਏਕੰਕਾਰ, ਬਲ ਸਕੇ ਨਾ ਕੋਇ ਜਣਾਈਆ । ਹਜ਼ਾਰਾ ਦਰੂਦ ਪੜ੍ਹੇ ਨਾ ਕੋਇ ਬੋਲ ਜੈਕਾਰ, ਨਾਅਰਾ ਹੱਕ ਨਾ ਕੋਇ ਸੁਣਾਈਆ । ਸਾਰੇ ਹੋਇਣ ਸ਼ਰਮਸਾਰ, ਨੇਤਰ ਨੈਣ ਸਕੇ ਨਾ ਕੋਇ ਉਠਾਈਆ । ਅੱਲਾ ਰਾਣੀ ਨੇਤਰ ਰੋਵੇ ਜ਼ਾਰੋ ਜ਼ਾਰ, ਖੁਲੀ ਮੀਂਢੀ ਦਏ ਦੁਹਾਈਆ । ਮੇਰੀ ਅਲਫ਼ੀ ਗਈ ਪਾਟ, ਚੁੰਨੀ ਸੀਸ ਨਾ ਕੋਇ ਟਿਕਾਈਆ । ਚੋਟੀ ਮੁੰਨੀ ਪਰਵਰਦਿਗਾਰ, ਪਰਦਾ ਰੱਖੇ ਨਾ ਕੋਇ ਗੋਸਾਈਆ । ਮੁਸਲਮ ਸੁਨੀ ਹੋਏ ਖੁਵਾਰ, ਬੇਖ਼ਬਰ ਖ਼ਬਰ ਕੋਇ ਨਾ ਪਾਈਆ । ਅੰਤਮ ਪਾਸਾ ਆਇਆ ਹਾਰ, ਜਿਤ ਕੋਇ ਰਹਿਣ ਨਾ ਪਾਈਆ । ਕਰੇ ਖੇਲ ਪਰਵਰਦਿਗਾਰ, ਬੇਪਰਵਾਹ ਆਪਣੀ ਧਾਰ ਚਲਾਈਆ । ਸਹੀ ਸਲਾਮਤ ਏਕੰਕਾਰ, ਆਪਣਾ ਫੇਰਾ ਪਾਈਆ । ਵਸਣਹਾਰਾ ਧਾਮ ਨਿਆਰ, ਮੁਕਾਮੇ ਹੱਕ ਬੈਠਾ ਆਸਣ ਲਾਈਆ । ਰਾਹ ਤੱਕਣ ਚਾਰ ਯਾਰ, ਨੇਤਰ ਰੋਵਣ ਜ਼ਾਰੋ ਜ਼ਾਰ, ਕੋਈ ਨਾ ਦਿਸੇ ਮਦਦਗਾਰ, ਅਲੀ ਮਦਦ ਨਾ ਕੋਇ ਰਖਾਈਆ । ਇਕ ਦੂਜੇ ਨਾਲ ਕਰ ਵਿਚਾਰ, ਫੜ ਫੜ ਬਾਂਹੋਂ ਰਹੇ ਉਠਾਲ, ਚਲੋ ਚਲ ਕੇ ਕਰੀਏ ਸਵਾਲ, ਏਕਾ ਹਾਲ ਸੁਣਾਈਆ । ਕਿਰਪਾ ਕਰੇ ਦੀਨ ਦਿਆਲ, ਸਾਡੀ ਕਰਨੀ ਕਰੇ ਬਹਾਲ, ਰਹਿਮਤ ਰਹੀਮ ਰਹਿਮਾਨ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਹੱਤਰਾਂ ਏਕਾ ਹੁਕਮ ਸੁਣਾਈਆ । ਸਾਚਾ ਹੁਕਮ ਸਤਿਗੁਰ ਗੁਰ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਨਿਰਗੁਣ ਨਾਨਕ ਮੇਲਾ ਧੁਰ, ਧੁਰ ਸੰਜੋਗੀ ਮੇਲ ਕਰਾਇੰਦਾ । ਜੋਤੀ ਜੋਤ ਨਾਤਾ ਗਿਆ ਜੁੜ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਪਾਰਬ੍ਰਹਮ ਪ੍ਰਭ ਏਕਾ ਬਹੁੜ, ਆਪ ਆਪਣੇ ਅੰਗ ਲਗਾਇੰਦਾ । ਮਿੱਠਾ ਕਰੇ ਰਸ ਰੀਠਾ ਕੌੜ, ਅੰਮ੍ਰਿਤ ਰਸ ਇਕ ਚਖਾਇੰਦਾ । ਦੋ ਜਹਾਨਾਂ ਲਾ ਲਾ ਪੌੜ, ਸਚ ਮਹੱਲੇ ਆਪ ਬਹਾਇੰਦਾ । ਨਿਰਗੁਣ ਨਿਰਗੁਣ ਵੇਖੇ ਕਰ ਕੇ ਗ਼ੌਰ, ਨੇਤਰ ਨੈਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਆਵਾਜ਼ ਲਗਾਇੰਦਾ । ਨਿਰਗੁਣ ਆਵਾਜ਼ ਨਾਮ ਨਗਾਰਾ, ਨੌਬਤ ਇਕੋ ਇਕ ਵਜਾਈਆ । ਏਕਾ ਜੋਤੀ ਦਸ ਅਵਤਾਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਧਾ ਸੂਰ ਬਲੀ ਬਲਕਾਰਾ, ਬਲ ਆਪਣਾ ਆਪ ਜਣਾਈਆ । ਲੇਖਾ ਜਾਣੇ ਗੁਪਤ ਜ਼ਾਹਰਾ, ਅੰਦਰ ਬਾਹਰ ਰਿਹਾ ਸਮਝਾਈਆ । ਨੇਤਰ ਖੋਲ੍ਹ ਏਕੰਕਾਰਾ, ਖ਼ਾਲਕ ਖ਼ਲਕ ਦਏ ਵਖਾਈਆ । ਸ੍ਰਿਸ਼ਟ ਸਬਾਈ

ਧੂੰਆਂਧਾਰਾ, ਜਗਤ ਅੰਧੇਰਾ ਛਾਈਆ । ਗੁਰ ਕਾ ਇਸ਼ਟ ਨਾ ਕੋਇ ਪਿਆਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਖ ਚੁਰਾਸੀ ਨਾਰ ਹੋਈ ਵਿਭਚਾਰਾ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਅਠਸਠ ਤੀਰਥ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਾਧ ਸੰਤ ਹੋਏ ਅਵਾਰਾ, ਮਨ ਵਾਸਨਾ ਹੋਈ ਹਲਕਾਈਆ । ਗੁਰਦਰ ਮੰਦਰ ਮਸਜਿਦ ਮੱਠ, ਅਗਨੀ ਲੱਗੀ ਤਤੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਕੂੜੀ ਕਿਰਿਆ ਲੱਗਾ ਅਖਾੜਾ, ਧੀਆਂ ਭੈਣਾਂ ਨਾਚ ਨਚਾਈਆ । ਗੋਬਿੰਦ ਵੇਖ ਸੁਤ ਦੁਲਾਰਾ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਚਾਰ ਵਰਨ ਨਾ ਕੋਇ ਪਿਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਲੜਾਈਆ । ਹੱਕ ਮੁਕਾਮ ਨਾ ਕੋਇ ਨਾਅਰਾ, ਬਿਸਮਿਲ ਰੂਪ ਨਾ ਕੋਇ ਰਖਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਪੀਰ ਪੈਗ਼ੰਬਰ ਨਾ ਕੋਇ ਪੜ੍ਹਾਈਆ । ਅੰਤਰ ਦੀਪਕ ਨਾ ਕੋਇ ਉਜਿਆਰਾ, ਲੱਖ ਚੁਰਾਸੀ ਜਗਤ ਦੀਵਾਲੀ ਕਰੇ ਰੁਸ਼ਨਾਈਆ । ਦਰ ਨਾ ਕਿਸੇ ਦਿਸੇ ਠਾਂਡਾ ਦਰਬਾਰਾ, ਨੌਂ ਖੰਡ ਪ੍ਰਿਥਮੀ ਹੋਈ ਹਲਕਾਈਆ । ਉਠੋ ਵੇਖੋ ਕਲਜੁਗ ਅੰਤ ਨਜ਼ਾਰਾ, ਏਕਾ ਜੋਤ ਜੋਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਦਸ ਦਰ ਬੁਲਾਈਆ । ਦਸ ਗੁਰ ਸਚ ਸੰਦੇਸਾ, ਪੁਰਖ ਅਕਾਲ ਸੁਣਾਇੰਦਾ । ਕਰੇ ਖੇਲ ਆਦਿ ਜੁਗਾਦਿ ਜੁਗ ਜੁਗ ਹਮੇਸਾ, ਨਿਰਗੁਣ ਆਪਣੀ ਕਾਰ ਕਮਾਇੰਦਾ । ਸ਼ਾਹ ਸੁਲਤਾਨ ਨਰ ਨਰੇਸ਼ਾ, ਧੁਰ ਫ਼ਰਮਾਨਾ ਹੁਕਮ ਅਲਾਇੰਦਾ । ਵੇਖਣਹਾਰਾ ਧਾਰੀ ਕੇਸਾ, ਮੂੰਡ ਮੁੰਡਾਏ ਪਰਦਾ ਲਾਹਿੰਦਾ । ਨੇਤਰ ਖੋਲ੍ਹ ਦਸ ਦਸਮੇਸਾ, ਦਹਿ ਦਿਸ਼ਾ ਫੇਰੀ ਪਾਇੰਦਾ । ਭਰਮੇ ਭੁੱਲਾ ਔਲੀਆ ਪੀਰ ਸ਼ੇਖਾ, ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਇੰਦਾ । ਚਾਰ ਕੁੰਟ ਚਾਰ ਵਰਨ ਚੌਥੇ ਜੁਗ ਕੋਇ ਨਾ ਕਰੇ ਕਿਸੇ ਹੇਤਾ, ਪ੍ਰੇਮ ਪਿਆਰ ਨਾ ਕੋਇ ਰਖਾਇੰਦਾ । ਕੂੜੀ ਕਿਰਿਆ ਕਲਜੁਗ ਖੇਡਾ, ਸਾਚਾ ਵਣਜ ਨਾ ਕੋਇ ਕਰਾਇੰਦਾ । ਆਤਮ ਪਰਮਾਤਮ ਕਿਸੇ ਨਾ ਮਿਲਿਆ ਭੇਤਾ, ਸੋਹੰ ਢੋਲਾ ਬਣ ਵਿਚੋਲਾ ਨਾਨਕ ਇਕ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਭੁਲਿਆ ਚੇਤਾ, ਚੇਤਨ ਰੂਪ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਉਜੜਨਹਾਰਾ ਖੇਤਾ, ਪੀਰ ਪੈਗ਼ੰਬਰ ਗੁਰ ਅਵਤਾਰ ਆਪ ਵਖਾਇੰਦਾ । ਕਲਜੁਗ ਅੰਤਮ ਪਾਰਬ੍ਰਹਮ ਪੁਰਖ ਅਬਿਨਾਸ਼ੀ ਸਭ ਨੂੰ ਦਿਤਾ ਨੇਂਤਾ, ਦਰ ਆਪਣੇ ਆਪ ਬੁਲਾਇੰਦਾ । ਅੱਖੀਂ ਵੇਖੋ ਆਪਣਾ ਪੇਸ਼ਾ, ਸਾਖਿਆਤ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਹੱਤਰਾਂ ਏਕਾ ਹੁਕਮ ਸੁਣਾਇੰਦਾ । ਦਸ ਗੁਰੂ ਪ੍ਰਭ ਚਰਨ ਦਵਾਰ, ਆ ਆ ਸੀਸ ਝੁਕਾਈਆ । ਨਾਨਕ ਨਿਰਗੁਣ ਬੋਲ ਜੈਕਾਰ, ਲੱਖ ਲੱਖ ਸ਼ੁਕਰ ਮਨਾਈਆ । ਗੋਬਿੰਦ ਸੂਰਾ ਕਰ ਪਿਆਰ, ਪਰਮ ਪੁਰਖ ਵਿਚ ਸਮਾਈਆ । ਜਿਉਂ ਭਾਵੇ ਤਿਉਂ ਕਰ ਕਾਰ, ਤੇਰੀ ਕੀਮਤ ਕਹਿਣ ਨਾ ਜਾਈਆ । ਹਉਂ ਬਾਲੀ ਬੁਧ ਬਾਲ ਅਵਾਣ, ਤੂੰ ਸਾਹਿਬ ਸੱਚਾ ਸ਼ਹਿਨਸ਼ਾਹੀਆ । ਤੇਰੇ ਹੁਕਮੇ ਅੰਦਰ ਖੇਲ ਮਹਾਨ, ਖੇਲ ਖੇਲ ਖ਼ੁਸ਼ੀ ਮਨਾਈਆ । ਤੇਰਾ ਸਰਗੁਣ ਨੂਰ ਮਹਾਨ, ਨਿਰਗੁਣ ਸਰਗੁਣ ਵਿਚ ਟਿਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰਾਂ ਰੱਖਿਆ ਹੱਥ ਵਿਧਾਨ, ਲੋਕਮਾਤ ਬਣਤ ਬਣਾਈਆ । ਲੇਖਾ ਲਿਖ ਲਿਖ ਦਿਤਾ ਵੇਦ ਪੁਰਾਨ, ਸ਼ਾਸਤਰ ਸਿਮਰਤ ਕਰ ਪੜ੍ਹਾਈਆ । ਖਾਣੀ ਬਾਣੀ ਕਰ ਪਰਧਾਨ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਕਲਜੁਗ ਅੰਤਮ ਹੋਈ ਬਾਲ ਅਵਾਣ, ਬਾਲੀ ਬੁਧ ਨਾ ਕੋਇ ਵਡਿਆਈਆ । ਦੋਏ ਜੋੜ ਸਰਨੀ ਡਿਗੀ ਆਣ, ਬਲਹੀਣ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਹੱਤਰਾਂ ਏਕਾ ਹੁਕਮ ਜਣਾਈਆ । ਛੇ ਘਰ ਨੌਂ ਦਰ,

੮੪੨
੧੨

ਛੀਕਾ ਨਾਇਆ ਜੋੜ ਜੋੜਾਇੰਦਾ । ਇਕ ਇਕੱਲਾ ਵੇਸ ਕਰ, ਦੋਏ ਦੋਏ ਰੂਪ ਵਖਾਇੰਦਾ । ਤ੍ਰੈ ਤ੍ਰੈ ਲੇਖਾ ਆਪੇ ਜਾਣ, ਤ੍ਰੈ ਤ੍ਰੈ ਬੰਧਨ ਪਾਇੰਦਾ । ਚਾਰ ਚਾਰ ਹੋ ਪਰਧਾਨ, ਪੰਚਮ ਪੰਚ ਪੰਚ ਅਲਾਇੰਦਾ । ਛੇ ਛੇ ਖੇਲ ਕਰੇ ਭਗਵਾਨ, ਸਤਿ ਸਤਿ ਏਕਾ ਰਾਹ ਚਲਾਇੰਦਾ । ਅੱਠ ਅੱਠ ਖੋਲ੍ਹ ਤਤ ਦੁਕਾਨ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਮਿਲਾਇੰਦਾ । ਨੌਂ ਦਰ ਲੇਖਾ ਜੀਵ ਜਹਾਨ, ਨੌਂ ਖੰਡ ਪ੍ਰਿਥਮੀ ਖੋਜ ਖੋਜਾਇੰਦਾ । ਛੇ ਨੌਂ ਅੰਕ ਕਰੇ ਪਰਵਾਨ, ਉਨੰਤਰਾਂ ਏਕਾ ਘਰ ਵਸਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਚ ਤਤ ਕਰ ਪਰਵਾਨ, ਤੇਈ ਅਵਤਾਰ ਗੰਢ ਬੰਧਾਇੰਦਾ । ਅਠਾਰਾਂ ਭਗਤ ਦੇ ਦਾਨ, ਈਸਾ ਮੂਸਾ ਮੁਹੰਮਦ ਭੇਵ ਚੁਕਾਇੰਦਾ । ਚਾਰ ਯਾਰੀ ਕਰ ਕਲਿਆਣ, ਕਲਾ ਆਪਣੇ ਹੱਥ ਰਖਾਇੰਦਾ । ਏਕਾ ਜੋਤੀ ਗੁਰ ਦਸ ਦੇ ਗਿਆਨ, ਗੁਰ ਮੰਤਰ ਨਾਮ ਪੜ੍ਹਾਇੰਦਾ । ਉਨੰਤਰਾਂ ਦੇਵੇ ਚਰਨ ਧਿਆਨ, ਲੇਖਾ ਕਾਇਆ ਜੋੜ ਜੋੜਾਇੰਦਾ । ਅੱਗੇ ਦੱਸੇ ਸਚ ਮੁਕਾਮ, ਸਚਖੰਡ ਦਵਾਰ ਇਕ ਵਖਾਇੰਦਾ । ਨਿਰਗੁਣ ਰੂਪ ਵਡ ਮਿਹਰਵਾਨ, ਮਿਹਰਵਾਨਗੀ ਆਪ ਕਮਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਇੰਦਾ । ਗੁਰਮੁਖ ਸਾਚੇ ਕਰ ਪਰਵਾਨ, ਨਾਉਂ ਪਰਵਾਨਾ ਹੱਥ ਫੜਾਇੰਦਾ । ਸੋਹੰ ਬਣਾਏ ਸਚ ਵਿਧਾਨ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਸਾਚੇ ਤਖ਼ਤ ਆਸਣ ਲਾਇੰਦਾ । ਹਾਕਮ ਹੁਕਮ ਹੁਕਮਰਾਨ, ਹੱਕ ਹਕ਼ੀਕ਼ਤ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣਾ ਰਾਹ ਜਣਾਇੰਦਾ । ਪੰਚਮ ਪੰਚ ਕਰੇ ਪਰਮੁੱਖ, ਪਰਮੁਖ ਇਕੋ ਇਕ ਸਲਾਹੀਆ । ਦੇਵਣਹਾਰਾ ਸਾਚਾ ਸੁਖ, ਸੁਖ ਨਾਲ ਮਿਲਾਈਆ । ਮੇਟਣਹਾਰਾ ਦੋ ਜਹਾਨਾਂ ਦੁੱਖ, ਦੁਖੀਆਂ ਦੁਖ ਗਵਾਈਆ । ਸਫਲ ਕਰਾਵਣਹਾਰਾ ਕੁੱਖ, ਮਾਤਾ ਕੁੱਖ ਦਏ ਵਡਿਆਈਆ । ਭਗਤ ਭਗਵੰਤ ਗੋਦੀ ਚੁੱਕ, ਦਰ ਸਾਚੇ ਖ਼ੁਸ਼ੀ ਮਨਾਈਆ । ਨਿਰਗੁਣ ਧਾਰੋਂ ਨਿਰਗੁਣ ਉਠ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਮਾਂ ਨਿਰਗੁਣ ਪਿਤਾ ਨਿਰਗੁਣ ਪੁੱਤ, ਨਿਰਗੁਣ ਬਣੇ ਧੰਨ ਜਣੇਂਦੀ ਮਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਦੂਸਰ ਸੰਗ ਨਾ ਕੋਇ ਰਲਾਈਆ । ਸਚਖੰਡ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਆਪਣੀ ਧਾਰ ਕਿਸੇ ਕੋਲੋਂ ਨਾ ਲਏ ਪੁੱਛ, ਜਿਉਂ ਭਾਵੇ ਚਲੇ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਆਪਣਾ ਮੇਲ ਮਿਲਾਈਆ । ਪੰਚਮ ਨਾਤਾ ਪੁਰਖ ਬਿਧਾਤਾ, ਪੰਚਮ ਜੋੜ ਜੋੜਾਇੰਦਾ । ਪੰਚਮ ਗਾਥਾ ਹਰਿ ਸਮਰਾਥਾ, ਏਕਾ ਨਾਮ ਪੜ੍ਹਾਇੰਦਾ । ਪੰਚਮ ਦੇਵਣਹਾਰਾ ਦਾਤਾ, ਵਸਤ ਅਮੋਲਕ ਝੋਲੀ ਪਾਇੰਦਾ । ਪੰਚਮ ਰੱਖੇ ਉਤਮ ਜਾਤਾ, ਜਾਤ ਅਜਾਤੀ ਮੇਟ ਮਿਟਾਇੰਦਾ । ਪੰਚਮ ਮੇਲਾ ਇਕ ਇਕਾਂਤਾ, ਏਕਾ ਘਰ ਵਖਾਇੰਦਾ । ਪੰਚਮ ਮੇਲਾ ਕਰੇ ਸਾਹਿਬ ਸੱਜਣ ਸਰਬ ਸੁਖ ਦਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਪੰਚਮ ਮੀਤਾ ਠਾਂਢਾ ਸੀਤਾ, ਪੰਚਮ ਆਪਣਾ ਰੰਗ ਚੜ੍ਹਾਈਆ । ਪੰਚਮ ਧਾਮ ਵਖਾਏ ਇਕ ਅਨਡੀਠਾ, ਜਗਤ ਨੇਤਰ ਨਜ਼ਰ ਨਾ ਆਈਆ । ਪੰਚਮ ਤਤ ਤਨ ਨਾ ਤਪੇ ਅੰਗੀਠਾ, ਹਵਨ ਕੁੰਡ ਨਾ ਕੋਇ ਵਖਾਈਆ । ਪੰਚਮ ਨਾਦ ਸ਼ਬਦ ਧੁੰਨ ਕੋਇ ਨਾ ਗਾਏ ਗੀਤਾ, ਗਿਆਨ ਧਿਆਨ ਨਾ ਕੋਇ ਵਡਿਆਈਆ । ਪੰਚਮ ਮੇਲਾ ਤ੍ਰੈਗੁਣ ਅਤੀਤਾ, ਤ੍ਰੈਗੁਣ ਨਾਤਾ ਤੋੜ ਤੋੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਭਗਤ ਭਗਵੰਤ ਚਾੜ੍ਹੇ ਚੰਦ, ਦੋ ਜਹਾਨ ਆਪ ਰੁਸ਼ਨਾਇੰਦਾ ।


੮੪੩
੧੨

ਜੁਗ ਚੌਕੜੀ ਬੇੜਾ ਬੰਨ੍ਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰ ਕਰਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣਾਵਣਹਾਰਾ ਰਾਗ ਕੰਨ, ਬੋਧ ਅਗਾਧੀ ਸ਼ਬਦ ਅਨਾਦੀ ਅਨਹਦ ਰਾਗ ਸੁਣਾਇੰਦਾ । ਦੇਵਣਹਾਰਾ ਲੱਖ ਚੁਰਾਸੀ ਡੰਨ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਰਾਹ ਵਖਾਇੰਦਾ । ਪੰਚਮ ਦੱਸੇ ਏਕਾ ਰਾਹ, ਨਾਨਕ ਨਿਰਗੁਣ ਸੰਗ ਸਮਾਈਆ । ਪੁਰਖ ਅਕਾਲ ਬਣ ਮਲਾਹ, ਬੇੜਾ ਮਾਤ ਚਲਾਈਆ । ਦੇਵਣਹਾਰਾ ਸਚ ਸਲਾਹ, ਸਲਾਹਗੀਰ ਫੇਰਾ ਪਾਈਆ । ਆਤਮ ਪਰਮਾਤਮ ਜਪਾਏ ਸੱਚਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਡੂੰਘੀ ਭਵਰੋਂ ਲਏ ਕਢਾ, ਫੜ ਬਾਹੋਂ ਗਲੇ ਲਗਾਈਆ । ਸਾਚੇ ਪੌੜੇ ਦਏ ਚੜ੍ਹਾ, ਅਧ ਵਿਚਕਾਰ ਨਾ ਕੋਇ ਅਟਕਾਈਆ । ਸਾਚੇ ਮੰਦਰ ਦਏ ਬਹਾ, ਘਰ ਸਾਚੇ ਵਜੇ ਵਧਾਈਆ । ਆਪਣਾ ਖੇਲ ਆਪ ਕਰਾ, ਆਪੇ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਨਿਹਕਲੰਕਾ ਨਾਉਂ ਧਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਆਸ ਕਰਾਈਆ । ਜਿਸ ਦਾ ਵੇਦ ਵਿਆਸਾ ਗਿਆ ਧਿਆਨ ਲਗਾ, ਈਸਾ ਨੇਤਰ ਨੈਣ ਉਠਾਈਆ । ਜਿਸ ਦਾ ਮੁਹੰਮਦ ਤੱਕੇ ਰਾਹ, ਰਹਿਬਰ ਆਵੇ ਸੱਚਾ ਮਾਹੀਆ । ਜਿਸ ਦਾ ਢੋਲਾ ਨਾਨਕ ਗਿਆ ਗਾ, ਮਹਾਬਲੀ ਫੇਰਾ ਪਾਈਆ । ਜਿਸ ਦਾ ਗੋਬਿੰਦ ਜਪਿਆ ਨਾਂ, ਸੋ ਪੁਰਖ ਅਕਾਲ ਵੇਸ ਵਟਾਈਆ । ਵੇਖਣਹਾਰਾ ਸਭਨੀ ਥਾਂ, ਥਾਨ ਥਨੰਤਰ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਬੂਝ ਬੁਝਾਈਆ । ਪੰਚਮ ਬੂਝੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਪੰਚਮ ਦੇਵੇ ਇਕ ਧਿਆਨ, ਏਕਾ ਰਾਹ ਚਲਾਇੰਦਾ । ਪੰਚਮ ਦੇਵੇ ਏਕਾ ਮਾਣ, ਏਕਾ ਘਰ ਵਸਾਇੰਦਾ । ਪੰਚਮ ਪੰਚ ਕਰ ਪਰਧਾਨ, ਪੰਚਮ ਗਾਨਾ ਆਪ ਬੰਧਾਇੰਦਾ । ਪੰਚਮ ਹੱਥ ਸਚ ਨਿਸ਼ਾਨ, ਧੁਰਦਰਗਾਹੀ ਆਪ ਲਹਿਰਾਇੰਦਾ । ਗੁਰਮੁਖ ਸਾਚੇ ਕਰ ਪਰਵਾਨ, ਨਾਮ ਖੰਡਾ ਹੱਥ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੇਖਾ ਚੁੱਕੇ ਆਣ, ਥਿਰ ਕੋਇ ਰਹਿਣ ਨਾ ਪਾਇੰਦਾ । ਵਿਸ਼ਨੂੰ ਵਿਸ਼ਵ ਕਰ ਕਲਿਆਣ, ਵਾਸਤਕ ਆਪਣਾ ਰੰਗ ਰੰਗਾਇੰਦਾ । ਭਗਵਨ ਖੇਲ ਕਰੇ ਮਹਾਨ, ਮਹਿਮਾ ਕਥ ਨਾ ਕੋਇ ਸੁਣਾਇੰਦਾ । ਬ੍ਰਹਮੇ ਛੱਡਣੀ ਪਏ ਦੁਕਾਨ, ਬ੍ਰਹਮ ਨਾਤਾ ਤੋੜ ਤੋੜਾਇੰਦਾ । ਸ਼ੰਕਰ ਅੰਤਮ ਆਵੇ ਹਾਣ, ਹੱਥ ਤ੍ਰਿਸੂਲ ਨਾ ਕੋਇ ਉਠਾਇੰਦਾ । ਬਾਸਕ ਤਸ਼ਕਾ ਸਹੰਸਰ ਮੁਖ ਨਾ ਕੋਇ ਗਾਣ, ਸਾਂਗੋ ਪਾਂਗ ਸੇਜ ਨਾ ਕੋਇ ਹੰਢਾਇੰਦਾ । ਤ੍ਰੈਗੁਣ ਮਾਇਆ ਤੋੜੇ ਮਾਣ ਅਭਿਮਾਨ, ਰੂਪ ਨਾ ਕੋਇ ਵਟਾਇੰਦਾ । ਪੰਜ ਤਤ ਅੰਤਮ ਚੁੱਕੇ ਕਾਣ, ਕਲ ਆਪਣੀ ਆਪ ਵਖਾਇੰਦਾ । ਤੇਈ ਅਵਤਾਰ ਦਰ ਡਿਗਣ ਆਣ, ਅੱਗੇ ਸੀਸ ਨਾ ਕੋਇ ਉਠਾਇੰਦਾ । ਭਗਤ ਅਠਾਰਾਂ ਕਰਨ ਧਿਆਨ, ਨੇਤਰ ਨੈਣ ਸਗਲ ਸ਼ਰਮਾਇੰਦਾ । ਈਸਾ ਮੂਸਾ ਮੁਹੰਮਦ ਦੂਰ ਦੁਰਾਡੇ ਮੰਗਣ ਦਾਨ, ਸੱਯਦਾ ਸੀਸ ਜਗਦੀਸ ਝੁਕਾਇੰਦਾ । ਨਾਨਕ ਗੋਬਿੰਦ ਢੋਲਾ ਗਾਣ, ਸੋਹਲਾ ਇਕੋ ਇਕ ਅਲਾਇੰਦਾ । ਸੋਹੰ ਰੂਪ ਆਪ ਭਗਵਾਨ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦਿਤਾ ਦਾਨ, ਥਿਰ ਘਰ ਸਾਚਾ ਹੱਟ ਚਲਾਇੰਦਾ । ਨਿਰਗੁਣ ਗੋਪੀ ਨਿਰਗੁਣ ਕਾਹਨ, ਨਿਰਗੁਣ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਦਰ ਆਪਣੇ ਆਪ ਮੰਗਾਇੰਦਾ । ਦਰ ਆਏ ਛੇ ਨੌਂ, ਆਪਣਾ ਹਾਲ ਸੁਣਾਈਆ । ਲੱਖ ਚੁਰਾਸੀ ਥੱਕੇ ਭੌਂ, ਬਨ ਖੰਡ ਫੇਰਾ ਪਾਈਆ । ਰਸਨਾ ਜਿਹਵਾ ਥੱਕੇ ਗੌਂ, ਗਾ ਗਾ ਅੰਤ ਕੋਇ ਨਾ ਆਈਆ । ਦੇ ਦੇ ਥੱਕੇ ਢੋਆ ਢੌ, ਲੱਖ ਚੁਰਾਸੀ ਝੋਲੀ ਪਾਈਆ । ਅੱਖਰੀ ਨਾਉਂ ਦੇ ਦੇ ਗਏ ਥੋ, ਬੀਜ ਮੰਤਰ

ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਤੇਰੀ ਦੱਸਦੇ ਰਹੇ ਸੋ, ਹੰ ਬ੍ਰਹਮ ਕਰ ਰੁਸ਼ਨਾਈਆ । ਕਲਜੁਗ ਅੰਤਮ ਕਰਿਆ ਖੇਲ ਓਹ, ਉਹਲਾ ਪਰਦਾ ਦਏ ਮਿਟਾਈਆ । ਆਪਣੇ ਜਿਹਾ ਆਪੇ ਹੋ, ਲੋਕਮਾਤ ਫੇਰਾ ਪਾਈਆ । ਤ੍ਰੈਭਵਨ ਧਨੀ ਦੋ ਜਹਾਨਾਂ ਕਰੇ ਲੋ, ਲੋਆਂ ਪੁਰੀਆਂ ਇਕ ਰੁਸ਼ਨਾਈਆ । ਸ੍ਰਿਸ਼ਟ ਸਬਾਈ ਵੇਖੇ ਅੰਦਰ ਵੜ ਵੜ ਟੋਹ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਨਾਲ ਜਾਏ ਛੋਹ, ਜਿਸ ਆਪਣੀ ਦਇਆ ਕਮਾਈਆ । ਪੰਚ ਵਿਕਾਰਾ ਦੇਵੇ ਕੋਹ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਰਵ ਸਸ ਸੂਰਜ ਚੰਨ ਮੰਡਲ ਮੰਡਪ ਰਹੇ ਰੋ, ਧੀਰਜ ਧੀਰ ਨਾ ਕੋਇ ਧਰਾਈਆ । ਸਾਧ ਸੰਤ ਜੀਵ ਜੰਤ ਆਪਣੀ ਪੱਤ ਰਹੇ ਖੋਹ, ਪਤਿਵੰਤਾ ਨਜ਼ਰ ਕੋਇ ਨਾ ਆਈਆ । ਸੁਗੰਧੀ ਬਣ ਗਈ ਬੋ, ਕਸਤੂਰੀ ਵਾਸਨਾ ਮਿਰਗ ਸੁੰਘ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਦੇਵੇ ਮਾਣ ਵਡਿਆਈਆ । ਪੰਚਮ ਜਾਗੇ ਵਡ ਵਡ ਭਾਗੇ, ਵਡਿਭਾਗੀ ਦਇਆ ਕਮਾਇੰਦਾ । ਪੰਚਮ ਮਿਲਿਆ ਕੰਤ ਸੁਹਾਗੇ, ਸੇਜ ਸੁਹੰਜਣੀ ਆਪ ਬਹਾਇੰਦਾ । ਪੰਚਮ ਸੁਣਾਏ ਅਗੰਮੀ ਵਾਜੇ, ਛੱਤੀ ਰਾਗ ਨਾ ਕੋਇ ਅਲਾਇੰਦਾ । ਪੰਚਮ ਰਚਿਆ ਆਪੇ ਕਾਜੇ, ਕਰਨੀ ਕਰਤਾ ਕਾਜ ਰਚਾਇੰਦਾ । ਪੰਚਮ ਹਰਿ ਜੂ ਸਾਜਨ ਸਾਚੇ, ਸਚਖੰਡ ਸਾਚੇ ਆਪ ਬਹਾਇੰਦਾ । ਕਰਿਆ ਖੇਲ ਗੁਰੂ ਮਹਾਰਾਜੇ, ਮਹਾਰਾਜ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਸਾਚਾ ਜੋੜ ਜੁੜਾਇੰਦਾ । ਪੰਚਮ ਜੁੜਿਆ ਸਾਚਾ ਜੋੜਾ, ਜੋੜਨਹਾਰ ਹਰਿ ਅਖਵਾਇੰਦਾ । ਪੰਚਮ ਮਿਲਿਆ ਏਕੋ ਘੋੜਾ, ਸ਼ਬਦ ਅਗੰਮੀ ਆਪ ਬਣਾਇੰਦਾ । ਪੰਚਾਂ ਸਤਿਗੁਰ ਇਕ ਬੌਹੜਾ, ਬੌਹੜੀ ਬੌਹੜੀ ਦੁੱਖ ਨਾ ਕੋਇ ਸੁਣਾਇੰਦਾ । ਪੰਚਾਂ ਵੇਖਿਆ ਸੱਸੇ ਉਪਰ ਲੱਗਾ ਹੋੜਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਪੰਚਾਂ ਮੇਲਾ ਹਾਹਾ ਟਿੱਪੀ ਹੰ ਬ੍ਰਹਮ ਚੁੱਕੀ ਔੜਾ, ਤ੍ਰਿਸਨਾ ਭੁੱਖ ਨਾ ਕੋਇ ਰਖਾਇੰਦਾ । ਪੰਚਾਂ ਮਿਲਿਆ ਇਕੋ ਪੌੜਾ, ਉਚੇ ਡੰਡੇ ਹੱਥ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਪਰਵਾਨ ਪੰਚ ਪਰਧਾਨ ਪੰਚਾਂ ਦੇਵੇ ਏਕਾ ਮਾਣ, ਪੰਚੇ ਸੋਹੇ ਦਰ ਰਾਜਾਨ, ਰਾਜ ਰਾਜਾਨ ਸ਼ਾਹੋ ਭੂਪ ਸਤਿ ਸਰੂਪ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਬੋਧ ਅਗਾਧੀ ਸ਼ਬਦ ਅਨਾਦੀ ਏਕਾ ਰਾਗ ਸੁਣਾਇੰਦਾ । ਏਕਾ ਰਾਗ ਧੁੰਨ ਜੈਕਾਰਾ, ਪੰਚਮ ਹਰਿ ਹਰਿ ਆਪ ਸੁਣਾਈਆ । ਏਕਾ ਮੰਦਰ ਖੋਲ੍ਹ ਦੁਆਰਾ, ਸਚਖੰਡ ਸਾਚੇ ਲਏ ਬਹਾਈਆ । ਏਕਾ ਮਿੱਤਰ ਮਿਲਿਆ ਪਿਆਰਾ, ਮਿਲਿਆ ਮਿੱਤਰ ਵਿਛੜ ਨਾ ਜਾਈਆ । ਏਕਾ ਹੁਕਮ ਸੱਚੀ ਸਰਕਾਰਾ, ਸ਼ਾਹ ਆਪਣਾ ਨਾਉਂ ਦ੍ਰਿੜਾਈਆ । ਪੰਚੇ ਮਿਲ ਕੇ ਸੋਹੰ ਬੋਲੋ ਸਚ ਜੈਕਾਰਾ, ਦੋ ਜਹਾਨਾਂ ਹੋਏ ਰੁਸ਼ਨਾਈਆ । ਵਿਸ਼ਨੂੰ ਨਿਉਂ ਨਿਉਂ ਕਰੇ ਨਿਮਸਕਾਰਾ, ਬ੍ਰਹਮਾ ਬੈਠਾ ਸੀਸ ਝੁਕਾਈਆ । ਸ਼ੰਕਰ ਮੰਗੇ ਧੂੜੀ ਛਾਰਾ, ਮਸਤਕ ਟਿੱਕਾ ਖ਼ਾਕ ਰਮਾਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਪੰਜ ਤਤ ਕਰੇ ਪੁਕਾਰਾ, ਕੂਕ ਕੂਕ ਸੁਣਾਈਆ । ਪੰਜਾਂ ਸੁਣਿਆ ਇਕੋ ਨਾਅਰਾ, ਪੁਰਖ ਅਕਾਲ ਇਕ ਦਰਸਾਈਆ । ਪੰਜਾਂ ਮਿਲਿਆ ਇਕ ਦਰਬਾਰਾ, ਦਰ ਦਰਵਾਜ਼ਾ ਹਰਿ ਖੁਲ੍ਹਾਈਆ । ਕਰਿਆ ਖੇਲ ਅਪਰ ਅਪਾਰਾ, ਸਿੰਘ ਪਾਲ ਸਦਾ ਸੁਖਦਾਈਆ । ਸਵਰਨ ਮਿਲਿਆ ਸਤਿ ਹੁਲਾਰਾ, ਧਰੂ ਲੇਖਾ ਦਏ ਚੁਕਾਈਆ । ਬ੍ਰਹਮੇ ਤੇਰਾ ਅੰਤ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਬਲਹੀਣ ਬਲ ਨਾ ਕੋਇ ਵਖਾਈਆ । ਜਗਤ ਜਗਦੀਸ ਬਣਿਆ ਵਣਜਾਰਾ, ਸੋਹੰ ਸਾਚਾ ਹੱਟ ਚਲਾਈਆ । ਸੁਰਪਤ

ਇੰਦ ਡਿਗਾ ਮੂੰਹ ਦੇ ਭਾਰਾ, ਕਰੋੜ ਤੇਤੀਸਾ ਸਕੇ ਨਾ ਕੋਇ ਉਠਾਈਆ । ਅੱਪਛਰਾਂ ਦਿਸੇ ਨਾ ਕੋਇ ਅਖਾੜਾ, ਮੋਹਨੀ ਨਾਚ ਨਾ ਕੋਇ ਨਚਾਈਆ । ਮਨਜੀਤਾ ਜਿਤ ਕੇ ਗਿਆ ਸੰਸਾਰਾ, ਜਿਤ ਇਕੋ ਇਕ ਵਖਾਈਆ । ਕਰੇ ਖੇਲ ਆਪ ਕਰਤਾਰਾ, ਭੇਵ ਕੋਇ ਨਾ ਜਾਣੇ ਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਸ਼ਰਮਸ਼ਾਰਾ, ਨੇਤਰ ਨੈਣ ਸਕੇ ਨਾ ਕੋਇ ਉਠਾਈਆ । ਕਲਜੁਗ ਤੇਰਾ ਅੰਤਮ ਕਿਨਾਰਾ, ਸਿੰਘ ਗੁਰਦਿਆਲ ਦਏ ਵਖਾਈਆ । ਬਲ ਬਾਵਨ ਹੋ ਉਜਿਆਰਾ, ਅਕਾਸ਼ ਪਰਕਾਸ਼ ਫੇਰਾ ਪਾਈਆ । ਇਤਲ ਵਿਤਲ ਸਿਤਲ ਵੇਖੇ ਡੂੰਘੀ ਗਾਰਾ, ਖ਼ਾਕੀ ਖ਼ਾਕ ਫੋਲ ਫੋਲਾਈਆ । ਛੱਤੀ ਜੁਗ ਦਾ ਦੇਵੇ ਇਕ ਹੁਲਾਰਾ, ਨਾਨਕ ਲੇਖਾ ਦਏ ਸਮਝਾਈਆ । ਸ੍ਰਿਸ਼ਟ ਸਬਾਈ ਆਰ ਪਾਰ ਅੰਤ ਕਿਨਾਰਾ, ਮੰਝਧਾਰ ਦਏ ਰੁੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਅੱਗੇ ਕੱਢਣ ਹਾੜਾ, ਦਰ ਬੈਠੇ ਅਲੱਖ ਜਗਾਈਆ । ਦਰੋਹੀ ਤੇਰੇ ਨਾਮ ਖ਼ੁਦਾਏ ਸਾਡਾ ਚਲੇ ਨਾ ਕੋਇ ਚਾਰਾ, ਬਾਹੂ ਬਲ ਨਾ ਕੋਇ ਰਖਾਈਆ । ਲੋਹਾਰ ਤਰਖਾਣ ਜੋ ਘੜਦਾ ਰਿਹਾ ਤਲਵਾਰਾ, ਤਿੱਖੀ ਧਾਰ ਰਹਿਣ ਨਾ ਪਾਈਆ । ਤੇਰਾ ਖੰਡਾ ਇਕੋ ਨਾਮ ਦੋ ਜਹਾਨਾਂ ਮਾਰੇ ਮਾਰਾ, ਬਚਿਆ ਕੋਇ ਰਹਿਣ ਨਾ ਪਾਈਆ । ਤੇਰਾ ਹੁਕਮ ਸਤਿ ਵਰਤਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਬਲ ਵੱਡਾ ਬਲਕਾਰਾ, ਬਲਹੀਣ ਸਰਬ ਲੋਕਾਈਆ । ਤੇਰਾ ਅੰਤ ਨਾ ਪਾਰਾਵਾਰਾ, ਤੇਰੀ ਮਹਿਮਾ ਕਥ ਨਾ ਸਕੇ ਕੋਇ ਰਾਈਆ । ਤੂੰ ਸਾਹਿਬ ਏਕਓਅੰਕਾਰਾ, ਅਕਲ ਕਲ ਤੇਰੀ ਵਡਿਆਈਆ । ਲੱਖ ਚੁਰਾਸੀ ਤੇਰਾ ਵਣਜਾਰਾ, ਨਿਰਗੁਣ ਸਰਗੁਣ ਤੇਰਾ ਹੱਟ ਖੁਲ੍ਹਾਈਆ । ਕਾਗਦ ਕਲਮ ਨਾ ਲਿਖਣਹਾਰਾ, ਸੱਤ ਸਮੁੰਦਰ ਰੋਵੇ ਬਨਾਸਪਤ ਰਹੀ ਕੁਰਲਾਈਆ । ਅਠਾਰਾਂ ਭਾਰ ਨਾ ਕੋਇ ਪਸਾਰਾ, ਮਹਿਮਾ ਸਕੇ ਨਾ ਕੋਇ ਜਣਾਈਆ । ਪਰਤੱਖ ਪਰਤੱਖ ਪਰਤੱਖ ਪਰਗਟਿਆ ਨਿਹਕਲੰਕ ਨਰਾਇਣ ਨਰ ਅਵਤਾਰਾ, ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਕਲਜੁਗ ਕਰੇ ਅੰਤ ਪਾਰ ਕਿਨਾਰਾ, ਜਗਤ ਨੱਈਆ ਵੇਖੇ ਚਾਈਂ ਚਾਈਂਆ । ਜਨ ਭਗਤਾਂ ਦਏ ਇਕ ਸਹਾਰਾ, ਚਰਨ ਸਰਨ ਸੱਚੀ ਸਰਨਾਈਆ । ਰਾਤੀਂ ਸੁੱਤਿਆਂ ਦਏ ਦੀਦਾਰਾ, ਦਰਦੀ ਦਰਦ ਵੰਡਾਈਆ । ਬੰਦ ਖੋਲ੍ਹੇ ਆਪ ਕਿਵਾੜਾ, ਬਜਰ ਕਪਾਟੀ ਕੁੰਡਾ ਲਾਹੀਆ । ਸੁਖਮਨ ਵੇਖੇ ਡੂੰਘੀ ਗਾਰਾ, ਈੜਾ ਪਿੰਗਲ ਮੂੰਹ ਦੇ ਭਾਰ ਸੁਟਾਈਆ । ਅੰਮ੍ਰਿਤ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਇਕ ਝਿਰਾਈਆ । ਦੀਵਾ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਆਤਮ ਸੇਜਾ ਕਰ ਪਸਾਰਾ, ਸੇਜ ਸੁਹੰਜਣੀ ਆਪ ਸੁਹਾਈਆ । ਪਾਰਬ੍ਰਹਮ ਬ੍ਰਹਮ ਮੇਲਣਹਾਰਾ, ਮਿਲ ਮਿਲ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਵਸੇ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੇ ਜੈਕਾਰਾ, ਜਨਮ ਮਰਨ ਵਿਚ ਨਾ ਆਈਆ । ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਫੁੱਲ ਬਰਖ਼ਣ ਵਾਰੋ ਵਾਰਾ, ਗਣ ਗਣਧਰਬ ਕਿੰਨਰ ਜੱਛਪ ਏਕਾ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਕਰਨ ਪਿਆਰਾ, ਫੜ ਫੜ ਬਾਂਹੋਂ ਗਲੇ ਲਗਾਈਆ । ਮੁਹੰਮਦ ਅਧਵਿਚਕਾਰ ਮੰਗੇ ਚਰਨ ਧੂੜ ਛਾਰਾ, ਨੇਤਰ ਨੈਣਾਂ ਨੈਣ ਉਠਾਈਆ । ਬਿਨ ਭਗਤ ਭਗਵੰਤ ਸਾਚੇ ਮੰਦਰ ਚੜ੍ਹੇ ਨਾ ਕੋਇ ਦਵਾਰਾ, ਕਬੀਰ ਜੁਲਾਹਾ ਦਏ ਗਵਾਹੀਆ । ਸ੍ਰਿਸ਼ਟ ਸਬਾਈ ਰੁਲੇ ਵਿਚ ਸੰਸਾਰਾ, ਅੰਤਮ ਕੀਮਤ ਕੋਇ ਨਾ ਪਾਈਆ । ਭਰਮੇ ਭੁੱਲੇ ਜੀਵ ਗਵਾਰਾ, ਪੁਰਖ ਅਬਿਨਾਸ਼ੀ ਨਜ਼ਰ ਨਾ ਆਈਆ । ਗੁਰਮੁਖ ਉਪਜੇ ਸਾਚੀ ਕੁੱਲੇ, ਧੰਨ ਕੁੱਲ ਧੰਨ ਜਣੇਦੀ ਮਾਈਆ । ਹਰਿਜਨ ਬੂਟਾ ਕਦੇ ਨਾ ਹੁੱਲੇ, ਸਿਮਲ ਰੁੱਖ ਨਾ ਰੂਪ ਵਟਾਈਆ । ਸਤਿਗੁਰ

ਸਰਨਾਈ ਚਰਨ ਪ੍ਰੀਤੀ ਜੋ ਜਨ ਘੋਲ ਘੁਲੇ, ਤਿਸ ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਮਿਲਾਈਆ । ਗੁਰਮੁਖ ਸੱਜਣ ਏਕੋ ਇਕ, ਏਕੰਕਾਰਾ ਪਾਇਆ । ਸਾਚੀ ਸਿਖਿਆ ਲਏ ਸਿਖ, ਸਿਖ ਸਤਿਗੁਰ ਰੂਪ ਸਮਾਇਆ । ਸਾਹਿਬ ਸਤਿਗੁਰ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇਆ । ਆਤਮ ਪਰਮਾਤਮ ਪਾਵੇ ਭਿਖ, ਸਾਚੀ ਭਿਛਿਆ ਆਪ ਵਰਤਾਇਆ । ਦੋ ਜਹਾਨਾਂ ਵੰਡੇ ਹਿੱਸ, ਏਥੇ ਓਥੇ ਡੇਰਾ ਲਾਇਆ । ਸਤਿਗੁਰ ਪੂਰਾ ਲੱਖ ਚੁਰਾਸੀ ਸੁੱਤਾ ਦੇ ਕਰ ਪਿਠ, ਆਪਣੀ ਕਰਵਟ ਨਾ ਸਕੇ ਬਦਲਾਇਆ । ਹਰਿਜਨ ਵਿਰਲਾ ਮਾਨਸ ਜਨਮ ਜਾਏ ਜਿਤ, ਜੀਵਨ ਜੁਗਤ ਜਗ ਦਾਤਾ ਇਕ ਸਮਝਾਇਆ । ਸਤਿ ਸਵਾਮੀ ਸਾਚਾ ਹਿਤ, ਨਿਹਕਰਮੀ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰੰਗ ਸਮਾਇਆ । ਗੁਰਮੁਖ ਰੰਗ ਅਗੰਮ ਅਪਾਰ, ਅਲੱਖ ਅਗੋਚਰ ਆਪ ਰੰਗਾਈਆ । ਗੁਰਮੁਖ ਮਹਿਮਾ ਲਿਖਣ ਪੜ੍ਹਨ ਤੋਂ ਬਾਹਰ, ਸ਼ਾਸਤਰ ਸਿਮਰਤ ਲੇਖ ਲਿਖ ਨਾ ਸਕੇ ਕੋਇ ਰਾਈਆ । ਗੁਰਮੁਖ ਵਸੇ ਧਾਮ ਨਿਆਰ, ਜਿਸ ਧਾਮ ਰਵ ਸਸ ਸੂਰਜ ਚੰਦ ਨਜ਼ਰ ਕੋਇ ਨਾ ਆਈਆ । ਗੁਰਮੁਖ ਮਿਲੇ ਸੱਜਣ ਮੀਤ ਮੁਰਾਰ, ਸਤਿਗੁਰ ਪੂਰਾ ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੱਜਣ ਸੁਹੇਲਾ ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪਣਾ ਵੇਸ ਵਟਾਈਆ । ਚੇਲਾ ਗੁਰ ਆਪੇ ਆਪ, ਸਤਿਗੁਰ ਪੂਰਾ ਇਕ ਅਖਵਾਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਦੋ ਜਹਾਨਾਂ ਵੇਖ ਵਖਾਇੰਦਾ । ਚੌਦਾਂ ਵਿਦਿਆ ਗਾਵਣਹਾਰਾ ਰਸਨਾ ਜਿਹਵਾ ਪੂਜਾ ਪਾਠ, ਸੋਲਾ ਇਛਿਆ ਫੋਲ ਫੋਲਾਇੰਦਾ ।

੮੪੭
ਆਦਿ ਜੁਗਾਦਿ ਵੇਸ ਵਟਾਏ ਨਟੂਆ ਨਾਟ, ਬਣ ਸਵਾਂਗੀ ਸਾਂਗ ਰਚਾਇੰਦਾ । ਗੁਰਮੁਖ ਸੱਜਣ ਸੰਤ ਸੁਹੇਲੇ ਆਪੇ ਲਾਧ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਨਾਮ ਸੁਣਾਏ ਬੋਧ ਅਗਾਧ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੁਰਤੀ ਸ਼ਬਦੀ ਦੇਵੇ ਦਾਦ, ਸ਼ਬਦੀ ਸੁਰਤੀ ਗੰਢ ਪੁਆਇੰਦਾ ।

੧੨
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਚਾੜ੍ਹੇ ਆਪਣਾ ਰੰਗ, ਆਤਮ ਸੇਜਾ ਸਚ ਪਲੰਘ, ਨਾਮ ਮਰਦੰਗ ਇਕ ਵਜਾਇੰਦਾ । ਨਾਮ ਮਰਦੰਗ ਵੱਜੇ ਸਿਤਾਰ, ਤੰਦੀ ਨਜ਼ਰ ਕੋਇ ਨਾ ਆਈਆ । ਬਿਨ ਰਸਨਾ ਜਿਹਵਾ ਗਾਏ ਏਕੰਕਾਰ, ਇਕਓਅੰਕਾਰ ਕਰੇ ਪੜ੍ਹਾਈਆ । ਵੇਖੇ ਵਿਗਸੇ ਵੇਖਣਹਾਰ, ਵਾਹਵਾ ਆਪਣੀ ਕਲ ਵਰਤਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਯਾਰ, ਕਲਜੁਗ ਅੰਤਮ ਲਏ ਮਿਲਾਈਆ । ਦਹਿ ਦਿਸ਼ਾ ਨਿਰਗੁਣ ਸਰਗੁਣ ਵੇਖੇ ਕਰੇ ਭਾਲ, ਭਾਓ ਭਗਤ ਭਗਵੰਤ ਆਪਣੀ ਆਪ ਜਣਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਏਥੇ ਓਥੇ ਬਣ ਦਲਾਲ, ਦੋ ਜਹਾਨਾਂ ਪਾਰ ਕਰਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਜਿਸ ਗ੍ਰਿਹਿ ਵਸੇ ਦੀਨ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਰੰਗ ਵਖਾਈਆ । ਗੁਰਮੁਖ ਰੰਗ ਹਰਿ ਸਤਿ ਸਰੂਪ, ਬਿਨ ਰੇਖਾ ਰੇਖ ਜਣਾਇੰਦਾ । ਵਸਣਹਾਰਾ ਦਹਿ ਦਿਸ਼ਾ ਚਾਰ ਕੂਟ, ਚਾਰ ਚਾਰ ਚਾਰ ਭੇਵ ਖੁਲ੍ਹਾਇੰਦਾ । ਪੰਚਮ ਪੰਚ ਪੰਚ ਦੇ ਸਬੂਤ, ਸਾਬਤ ਸੂਰਤ ਆਪ ਵਖਾਇੰਦਾ । ਭਾਗ ਲਗਾਏ ਪੰਜ ਤਤ ਕਲਬੂਤ, ਤਨ ਖ਼ਾਕੀ ਮਾਟੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਵੇਖੇ ਆਣ, ਸਤਿਜੁਗ ਸਾਚਾ ਦੇਵੇ ਦਾਨ, ਮੁਰੀਦ ਮੁਰਸ਼ਦ

ਦੋਵੇਂ ਮਿਲ ਮਿਲ ਗਾਣ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਮਕਾਨ, ਸੋਹੰ ਰੂਪ ਸ੍ਰੀ ਭਗਵਾਨ, ਸੰਤ ਕੰਤ ਮਿਲ ਖ਼ੁਸ਼ੀ ਮਨਾਣ, ਘਰ ਮੰਦਰ ਮਹੱਲ ਅਟੱਲ ਉਚ ਮਨਾਰ ਪ੍ਰਭ ਮਿਲਿਆ ਸੱਚਾ ਮਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਲਜੁਗ ਅੰਤਮ ਉਤਰੇ ਪਾਰ, ਜ਼ਾਤ ਪਾਤ ਦੀਨ ਮਜ਼੍ਹਬ ਸ਼ਰਅ ਇਸਲਾਮ ਹੱਦ ਹਦੂਦ ਬੰਦੀਖਾਨਾ ਕੋਇ ਰਹਿਣ ਨਾ ਪਾਈਆ । ਇਕੋ ਮਿਲਿਆ ਹਰਿ ਮਹਿਬੂਬ, ਮੋਹ ਮੁਹੱਬਤ ਸਭ ਦੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ ।

## ✳ ੨੩ ਭਾਦਰੋਂ ੨੦੧੯ ਬਿਕ੍ਰਮੀ ਵਧਾਵਾ ਸਿੰਘ ਦੇ ਗ੍ਰਹਿ ਮਰਾਜ ਜ਼ਿਲਾ ਬਠਿੰਡਾ ✳

ਗੁਰਮੁਖ ਦਵਾਰਾ ਇਕ ਸੱਚ, ਹਰਿ ਸਤਿਗੁਰ ਆਪ ਸੁਹਾਇੰਦਾ । ਲੱਖ ਚੁਰਾਸੀ ਰਹੀ ਮੱਚ, ਅਗਨੀ ਤਤ ਤਤ ਤਪਾਇੰਦਾ । ਆਤਮ ਪਰਮਾਤਮ ਜਪੇ ਨਾ ਕੋਇ ਜਪ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਮਾਇਆ ਰਾਣੀ ਡੱਸਣੀ ਡੱਸੇ ਸੱਪ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਪੰਜ ਤਤ ਕਾਇਆ ਖੇੜਾ ਹੋਇਆ ਭੱਠ, ਕੰਚਨ ਗੜ੍ਹ ਨਾ ਰੂਪ ਵਟਾਇੰਦਾ । ਨੇਤਰ ਰੋਵਣ ਤਤ ਅਠ, ਅਠਸਠ ਧੀਰ ਨਾ ਕੋਇ ਧਰਾਇੰਦਾ । ਨਾੜ ਬਹੱਤਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਗੁਰਮੁਖ ਵਿਰਲਾ ਰਿਹਾ ਹੱਸ, ਜਿਸ ਪ੍ਰਭ ਆਪਣਾ ਦਰਸ ਵਖਾਇੰਦਾ । ਸਾਚੇ ਮੰਦਰ ਰਿਹਾ ਵਸ, ਘਰ ਘਰ ਵਿਚ ਖ਼ੁਸ਼ੀ ਵਖਾਇੰਦਾ । ਕੋਟ ਜਨਮ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਲੇਖੇ ਲਾਏ ਪਵਣ ਸਵਾਸ, ਪਵਣ ਉਣੰਜਾ ਸੇਵ ਲਗਾਇੰਦਾ । ਨਿਰਮਲ ਦੀਆ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਪੂਰਬ ਲਹਿਣਾ ਹੱਥੋ ਹਾਥ, ਸੋ ਪੁਰਖ ਨਿਰੰਜਣ ਆਪ ਚੁਕਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਬੰਕ ਇਕ ਵਡਿਆਇੰਦਾ । ਗੁਰਸਿਖ ਦਵਾਰਾ ਸਚ ਮਕਾਨ, ਹਰਿ ਜੂ ਹਰਿ ਹਰਿ ਬਣਤ ਬਣਾਈਆ । ਲੱਖ ਚੁਰਾਸੀ ਝੂਠ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਈਆ । ਮਨ ਵਾਸਨਾ ਹੋਈ ਸ਼ੈਤਾਨ, ਜਗਤ ਸ਼ਰਅ ਕਰੇ ਲੜਾਈਆ । ਸਿਦਕ ਸਬੂਰੀ ਨਾ ਕੋਇ ਈਮਾਨ, ਧੀਰਜ ਧੀਰ ਨਾ ਕੋਇ ਰਖਾਈਆ । ਮਾਇਆ ਮਮਤਾ ਹੋਏ ਗ਼ੁਲਾਮ, ਪੱਲੂ ਸਕੇ ਨਾ ਕੋਇ ਛੁਡਾਈਆ । ਆਪਣਾ ਗ੍ਰਹਿ ਨਾ ਸਕੇ ਕੋਇ ਪਹਿਚਾਣ, ਨੌਂ ਦਰ ਭੁੱਲੀ ਭਰਮ ਲੋਕਾਈਆ । ਕੂੜੀ ਕਿਰਿਆ ਪੀਣ ਖਾਣ, ਸਾਚਾ ਰਸ ਨਾ ਕੋਇ ਰਖਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਿਸ਼ਅੱਖਰ ਕਰੇ ਨਾ ਕੋਇ ਪੜ੍ਹਾਈਆ । ਫਿਰ ਫਿਰ ਥੱਕੇ ਵਿਚ ਜਹਾਨ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਗਾ ਗਾ ਥੱਕੇ ਰਸਨਾ ਜਿਹਵਾ ਗਾਣ, ਅਨਹਦ ਨਾਦ ਨਾ ਕੋਇ ਸੁਣਾਈਆ । ਪੀ ਪੀ ਥੱਕੇ ਮਦਿਰਾ ਪਾਨ, ਅੰਮਿਉਂ ਰਸ ਰਸ ਨਾ ਕੋਇ ਚਖਾਈਆ । ਸੁਣ ਸੁਣ ਥੱਕੇ ਜਗਤ ਕਾਨ, ਬਿਨ ਕੰਨਾਂ ਨਾਦ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮਹੱਲ ਇਕ ਵਡਿਆਈਆ । ਹਰਿਜਨ ਮਹੱਲਾ ਉਚ ਅਥਾਹ, ਸੋ ਸਤਿਗੁਰ ਆਪ ਵਸਾਇੰਦਾ । ਲੱਖ ਚੁਰਾਸੀ ਹੋਏ ਫ਼ਨਾਹ, ਥਿਰ ਕੋਇ ਰਹਿਣ ਨਾ ਪਾਇੰਦਾ । ਬੇਵਫ਼ਾ ਕਰੇ ਗੁਨਾਹ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਪਰਵਰਦਿਗਾਰ ਭੁਲਿਆ ਨਾਂ, ਮੁਰਸ਼ਦ ਮੁਰੀਦ

ਨਾ ਕੋਇ ਮਿਲਾਇੰਦਾ । ਚਾਰੋਂ ਕੁੰਟ ਅੰਧੇਰਾ ਰਿਹਾ ਛਾ, ਸਾਚਾ ਨੂਰ ਨਜ਼ਰ ਨਾ ਆਇੰਦਾ । ਸੰਤ ਭੁੱਲੇ ਪਾਂਧੀ ਰਾਹ, ਮਾਰਗ ਪੰਥ ਨਾ ਕੋਇ ਵਖਾਇੰਦਾ । ਡੂੰਘਾ ਸਾਗਰ ਵੇਖ ਅਸਗਾਹ, ਜਲ ਥਲ ਪਾਰ ਨਾ ਕੋਇ ਕਰਾਇੰਦਾ । ਬਾਂਹੋਂ ਫੜ ਨਾ ਲਏ ਕੋਇ ਤਰਾ, ਤਾਰਨਹਾਰਾ ਨਜ਼ਰ ਕੋਇ ਨਾ ਆਇੰਦਾ । ਜੀਵ ਜੰਤ ਰੋਵਣ ਮਾਰਨ ਧਾਹ, ਸਗਲਾ ਸੰਗ ਨਾ ਕੋਇ ਰਖਾਇੰਦਾ । ਅੰਤਮ ਨਾਤਾ ਤੁਟੇ ਪੁੱਤਰ ਮਾਂ, ਪਿਤਾ ਪੂਤ ਗੋਦ ਨਾ ਕੋਇ ਸੁਹਾਇੰਦਾ । ਕਲਜੁਗ ਜੀਵ ਕਲ ਕਾਤੀ ਹੋਏ ਕਾਂ, ਹੰਸ ਰੂਪ ਨਾ ਕੋਇ ਵਖਾਇੰਦਾ । ਕਿਸੇ ਮੁਖ ਸੂਰ ਕਿਸੇ ਮੁੱਖ ਗਾਂ, ਗਊ ਗ਼ਰੀਬ ਸਰਬ ਕੁਰਲਾਇੰਦਾ । ਪੁਰਖ ਅਬਿਨਾਸ਼ੀ ਦੇਵਣਹਾਰਾ ਸਜ਼ਾ, ਦੋ ਜਹਾਨਾਂ ਭੇਵ ਖੁਲ੍ਹਾਇੰਦਾ । ਸਭ ਦੇ ਸਿਰ ਤੇ ਕੂਕੇ ਕਜ਼ਾ, ਅੱਗੇ ਹੋ ਨਾ ਕੋਇ ਬਚਾਇੰਦਾ । ਗੁਰਮੁਖ ਵਿਰਲਾ ਚਲੇ ਸਚ ਰਜ਼ਾ, ਰਹਿਮਤ ਰਹਿਮਾਨ ਆਪ ਕਰਾਇੰਦਾ । ਕਲਜੁਗ ਅੰਤਮ ਖੇਲ ਕਰੇ ਬੇਪਰਵਾਹ, ਪਰਦਾ ਸਭ ਦਾ ਆਪ ਉਠਾਇੰਦਾ । ਫੜ ਬਾਂਹੋਂ ਛੱਤਰੂ ਲਏ ਉਠਾ, ਮਿੱਤਰ ਨਜ਼ਰ ਕੋਇ ਨਾ ਆਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੱਥਰੂ ਰਿਹਾ ਪੂੰਝਾ, ਮੁੱਖ ਪੱਲੂ ਇਕ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਦਵਾਰਾ ਇਕ ਵਡਿਆਇੰਦਾ । ਗੁਰਮੁਖ ਦਵਾਰਾ ਸੱਚਾ ਬੰਕ, ਬੰਕ ਦਵਾਰੀ ਆਪ ਸੁਹਾਈਆ । ਨਾਮ ਅਗੰਮੀ ਵੱਜੇ ਡੰਕ, ਦੋ ਜਹਾਨਾਂ ਆਪ ਸਮਝਾਈਆ । ਪਕੜ ਉਠਾਏ ਰਾਉ ਰੰਕ, ਰਾਣਾ ਸੋਇਆ ਕੋਇ ਰਹਿਣ ਨਾ ਪਾਈਆ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਡੇਰਾ ਲਾਈਆ । ਘਾੜਤ ਘੜਤ ਬਣਾਏ ਬਣਤ, ਘੜਨ ਭੰਨਣਹਾਰ ਸਮਰਥ ਮਹਿਮਾ ਅਕਥ ਆਪ ਦ੍ਰਿੜਾਈਆ । ਸੰਤ ਸੁਹੇਲੇ ਦੇਵੇ ਸਾਚਾ ਮੰਤ, ਮੰਤਰ ਆਤਮ ਪਰਮਾਤਮ ਇਕ ਪੜ੍ਹਾਈਆ । ਗ੍ਰਿਹਿ ਮੇਲਾ ਨਾਰੀ ਕੰਤ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦਵਾਰਾ ਇਕ ਸੁਹਾਈਆ । ਗੁਰਮੁਖ ਦਵਾਰਾ ਸਚ ਮੁਨਾਰਾ ਨੂਰ ਨੁਰਾਨਾ ਆਪ ਜਣਾਇੰਦਾ । ਵੇਖਣਹਾਰਾ ਏਕੰਕਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਮਹੱਲ ਅਟੱਲ ਕਰ ਤਿਆਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਸਣ ਲਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣੇ ਸੱਜਣ ਸਾਚਾ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਕਲਜੁਗ ਅੰਤਮ ਸਚ ਜਣਾਏ ਆਪਣੀ ਰੀਤਾ, ਰੀਤੀਵਾਨ ਫੇਰਾ ਪਾਇੰਦਾ । ਏਕਾ ਨਾਮ ਦਏ ਅਨਡੀਠਾ, ਲਿਖਣ ਪੜ੍ਹਨ ਵਿਚ ਲੇਖ ਨਾ ਕੋਇ ਰਖਾਇੰਦਾ । ਤ੍ਰੈਭਵਨ ਧਨੀ ਸਦਾ ਸਦਾ ਸਦ ਅਤੀਤਾ, ਗੁਰਮੁਖ ਦਵਾਰਾ ਅਤੀਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖੇ ਜਗਤ ਅੰਗੀਠਾ, ਤ੍ਰੈਗੁਣ ਮਾਇਆ ਅਗਨ ਤਪਾਇੰਦਾ । ਭਗਤ ਦਵਾਰਾ ਡੂੰਘਾ ਸਾਗਰ, ਮਾਣਕ ਮੋਤੀ ਵਿਚ ਟਿਕਾਈਆ । ਭਗਤ ਭਗਵਾਨ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਲੱਖ ਚੁਰਾਸੀ ਨਾਮ ਵਣਜ ਕਰਾਏ ਬਣ ਸੌਦਾਗਰ, ਸਾਚਾ ਹੱਟ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰਾ ਇਕ ਵਡਿਆਈਆ । ਭਗਤ ਦਵਾਰਾ ਸਾਚਾ ਸਰ, ਸਰ ਸਰੋਵਰ ਸੀਸ ਝੁਕਾਇੰਦਾ । ਭਗਤ ਦਵਾਰਾ ਇਕੋ ਹਰਿ, ਹਰਿ ਜੂ ਆਪਣਾ ਆਸਣ ਲਾਇੰਦਾ । ਭਗਤ ਦਵਾਰਾ ਇਕੋ ਘੜ, ਕੋਟਨ ਕੋਟ ਜੀਵ ਤਰਾਇੰਦਾ । ਭਗਤ ਦਵਾਰਾ ਆਪੇ ਚੜ੍ਹ, ਸਚ ਮਹੱਲ ਸੋਭਾ ਪਾਇੰਦਾ । ਭਗਤ ਦਵਾਰਾ ਆਪੇ ਖੜ, ਨਿਰਗੁਣ ਨੂਰ ਨੂਰ ਰੁਸ਼ਨਾਇੰਦਾ । ਭਗਤ ਦਵਾਰਾ ਅੱਖਰ ਪੜ੍ਹ, ਦੋ ਜਹਾਨਾਂ ਰਾਗ

ਅਲਾਇੰਦਾ । ਭਗਤ ਦਵਾਰਾ ਵਸਾਏ ਸੱਚਾ ਘਰ, ਸਚਖੰਡ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚੇ ਮੰਦਰ ਖੋਲ੍ਹ ਤਾਕੀ, ਗੁਰਮੁਖ ਗ੍ਰਿਹਿ ਦਏ ਵਡਿਆਈਆ । ਭਾਗ ਲਗਾਏ ਤਨ ਮਾਟੀ ਖ਼ਾਕੀ, ਖ਼ਾਲਕ ਆਪਣਾ ਭੇਵ ਚੁਕਾਈਆ । ਭਰ ਪਿਆਲਾ ਜਾਮ ਪਿਆਏ ਸਾਕੀ, ਅੰਮ੍ਰਿਤ ਸਰ ਰੂਪ ਵਟਾਈਆ । ਜਨਮ ਕਰਮ ਵਰਨ ਬਰਨ ਜ਼ਾਤ ਪਾਤ ਊਚ ਨੀਚ ਪੂਰਬ ਲਹਿਣਾ ਚੁਕਾਏ ਬਾਕੀ, ਦੇਣਾ ਕੋਇ ਰਹਿਣ ਨਾ ਪਾਈਆ । ਬਾਂਹੋਂ ਫੜ ਪਾਰ ਕਰਾਏ ਦੋ ਜਹਾਨਾਂ ਘਾਟੀ, ਅਧਵਿਚਕਾਰ ਨਾ ਕੋਇ ਅਟਕਾਈਆ । ਮੇਟੇ ਕਲਜੁਗ ਅੰਤਮ ਰੈਣ ਅੰਧੇਰੀ ਰਾਤੀ, ਅੰਧ ਅੰਧੇਰ ਦਏ ਗਵਾਈਆ । ਮੇਲ ਮਿਲਾਵਾ ਕਮਲਾਪਾਤੀ, ਕਵਲ ਨੈਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਦੇਵੇ ਮਾਣ ਪਰਮ ਪੁਰਖ ਸ੍ਰੀ ਭਗਵਾਨ, ਭਗਵਨ ਆਪਣਾ ਭੇਵ ਖੁਲ੍ਹਾਈਆ । ਗੁਰਮੁਖ ਮੰਦਰ ਸਾਢੇ ਤਿੰਨ ਹੱਥ, ਦੂਸਰ ਅਵਰ ਨਾ ਕੋਇ ਰਖਾਈਆ । ਅੰਦਰ ਵੜ ਪੁਰਖ ਸਮਰਥ, ਘਰ ਮੇਲ ਮਿਲਾਏ ਚਾਈਂ ਚਾਈਆ । ਸ਼ਬਦ ਅਗੰਮੀ ਗਾਏ ਗਾਥ, ਕਥਨੀ ਕਥ ਕਥ ਸੁਣਾਈਆ । ਸਾਚਾ ਮਾਰਗ ਆਪੇ ਦੱਸ, ਦਹਿ ਦਿਸ਼ਾ ਦਏ ਖੁਲ੍ਹਾਈਆ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਕੇ ਪੌੜੇ ਦਏ ਚੜ੍ਹਾਈਆ । ਗੁਰਮੁਖ ਮੇਲਾ ਨੱਸ ਨੱਸ, ਘਰ ਸਾਚੇ ਵੱਜੇ ਵਧਾਈਆ । ਇਕ ਦੂਜੇ ਦਾ ਗੌਣ ਜਸ, ਤੂੰ ਮੇਰਾ ਮੈਂ ਤੇਰਾ ਨਾਤਾ ਜੁੜਿਆ ਏਕਾ ਥਾਈਂਆ । ਸਰਨ ਸਰਨਾਈ ਸਾਚੀ ਢੱਠ, ਢਹਿ ਢਹਿ ਖ਼ੁਸ਼ੀ ਮਨਾਈਆ । ਇਕੋ ਨਾਦ ਅਗੰਮੀ ਵੱਜੇ ਸੱਟ, ਤੁਰੀਆ ਰਾਗ ਮੁਖ ਸ਼ਰਮਾਈਆ । ਏਕਾ ਨਿਰਮਲ ਜੋਤ ਹੋਏ ਪਰਗਟ, ਪਰਮ ਪੁਰਖ ਰੂਪ ਵਟਾਈਆ । ਆਦਿ ਜੁਗਾਦਿ ਇਕੋ ਨਜ਼ਰੀ ਆਏ ਸਤਿ, ਸਤਿ ਸਤਿਵਾਦੀ ਰਾਹ ਵਖਾਈਆ । ਏਕਾ ਨਾਉਂ ਲੈਣਾ ਰਟ, ਸੋਹੰ ਅੱਖਰ ਸਚ ਪੜ੍ਹਾਈਆ । ਦੁਰਮਤ ਮੈਲ ਦੇਵੇ ਕੱਟ, ਕੂੜੀ ਕਿਰਿਆ ਨਾ ਲਾਗੇ ਰਾਈਆ । ਲੱਖ ਚੁਰਾਸੀ ਕਿਸੇ ਨਾ ਮਿਲੇ ਹੱਟ, ਭਰਮੇ ਭੁੱਲੀ ਭਰਮ ਲੋਕਾਈਆ । ਸਤਿਗੁਰ ਪੂਰਾ ਦੇਵਣਹਾਰਾ ਵੱਥ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮਹੱਲ ਇਕ ਸੁਹਾਈਆ । ਗੁਰਮੁਖ ਮਹੱਲ ਸਾਚੀ ਬਣਤ, ਬਾਢੀ ਕੋਇ ਘੜਨ ਨਾ ਪਾਈਆ । ਨਾ ਕੋਈ ਜਾਣੇ ਆਦਿ ਅੰਤ, ਮਧ ਨਜ਼ਰ ਕਿਸੇ ਨਾ ਆਈਆ । ਸਿਫ਼ਤ ਸਾਲਾਹੀ ਸਾਚੇ ਸੰਤ, ਸਤਿਗੁਰ ਧੰਦੇ ਲਾਈਆ । ਜੁਗਾ ਜੁਗੰਤਰ ਮਹਿਮਾ ਅਗਣਤ, ਗੁਣਵੰਤ ਦਏ ਵਡਿਆਈਆ । ਜਿਸ ਗ੍ਰਿਹਿ ਹਰਿ ਸਤਿਗੁਰ ਮਿਲੇ ਹਰਿ ਸਾਚਾ ਕੰਤ, ਸੋ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਕਰੇ ਰੁਸ਼ਨਾਈਆ । ਗੁਰਮੁਖ ਮੰਦਰ ਰੰਗ ਅਪਾਰ, ਰੂਪ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਨੂਰ ਝਿਲਮਿਲਕਾਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਬੋਧ ਅਗਾਧ ਸੱਚੀ ਧੁੰਨਕਾਰ, ਅਨਾਦ ਅਨਾਦੀ ਨਾਦ ਸੁਣਾਇੰਦਾ । ਬਿਨ ਸਖ਼ੀਆਂ ਮੰਗਲਾਚਾਰ, ਸੋਹਲਾ ਢੋਲਾ ਆਪੇ ਗਾਇੰਦਾ । ਬਿਨ ਗੋਪੀ ਕਾਹਨ ਕਰ ਸ਼ੰਗਾਰ, ਸਾਚੇ ਮੰਡਲ ਰਾਸ ਰਚਾਇੰਦਾ । ਬਿਨ ਤੰਦੀ ਤੰਦ ਸਿਤਾਰ, ਤਾਲ ਤਲਵਾੜਾ ਆਪ ਜਣਾਇੰਦਾ । ਬਿਨ ਸ਼ਾਹੋ ਭੂਪ ਸਿਕਦਾਰ, ਆਪਣਾ ਹੁਕਮ ਆਪ ਵਰਤਾਇੰਦਾ । ਖੇਲੇ ਖੇਲ ਪੁਰਖ ਨਾਰ, ਪਰਮ ਪੁਰਖ ਵੇਸ ਵਟਾਇੰਦਾ । ਸਚ ਮਹੱਲ ਅਟੱਲ ਮਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਆਪ ਸੁਹਾਇੰਦਾ । ਸਚ ਮਨਾਰਾ ਸਾਚੀ ਧਾਰ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਗੁਰਮੁਖ ਮੰਦਰ ਰਹੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ ।

੮੫੦
੧੨

ਗੁਰਸਿਖ ਖੇੜਾ ਵਸੇ ਸੰਸਾਰ, ਸਤਿਗੁਰ ਸਾਚਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਵਖਾਈਆ । ਸਾਚਾ ਮੰਦਰ ਵੇਖੇ ਭਾਈ, ਹਰਿ ਸਤਿਗੁਰ ਆਪ ਵਖਾਇੰਦਾ । ਨਿਰਗੁਣ ਸਰਗੁਣ ਬਣਤ ਬਣਾਈ, ਘੜ ਭਾਂਡੇ ਡੇਰਾ ਲਾਇੰਦਾ । ਸੁਰਤੀ ਸ਼ਬਦੀ ਕਰ ਕੁੜਮਾਈ, ਸਾਚਾ ਸਗਨ ਮਨਾਇੰਦਾ । ਏਕਾ ਘਰ ਵਸੇ ਧੀ ਜਵਾਈ, ਸੌਹਰੇ ਪੇਈਏ ਏਕਾ ਰੂਪ ਵਟਾਇੰਦਾ । ਕਰੇ ਖੇਲ ਬੇਪਰਵਾਹੀ, ਬੇਅੰਤ ਆਪਣਾ ਭੇਵ ਨਾ ਕਿਸੇ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹਰਿਜਨ ਲੇਖਾ ਜਾਣੇ ਥਾਉਂ ਥਾਈਂ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਨਿਰਗੁਣ ਸਰਗੁਣ ਵੇਖਣਹਾਰਾ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹੀਂ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਆਪ ਵਸਾਇੰਦਾ । ਗੁਰਮੁਖ ਘਰ ਵਸੇ ਖੇੜਾ, ਖਿੜਕੀ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਖੁਲ੍ਹਾ ਵੇਹੜਾ, ਬ੍ਰਹਮ ਪਾਰਬ੍ਰਹਮ ਸੋਭਾ ਪਾਇੰਦਾ । ਜਗਤ ਚੁੱਕੇ ਝੂਠਾ ਝੇੜਾ, ਕੂੜਾ ਮੋਹ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਦੇਵੇ ਗੇੜਾ, ਗੇੜਾ ਗੇੜੇ ਵਿਚ ਭੁਵਾਇੰਦਾ । ਜਨ ਭਗਤਾਂ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਸਾਹਿਬ ਸਤਿਗੁਰ ਸ਼ਾਹ ਸੁਲਤਾਨ, ਸੂਰਬੀਰ ਵਡ ਸ਼ੇਰਾ, ਸਿੰਘ ਆਪਣਾ ਬਲ ਧਰਾਇੰਦਾ । ਦੋ ਜਹਾਨ ਸ੍ਰਿਸ਼ਟ ਸਬਾਈ ਲੋਆਂ ਪੁਰੀਆਂ ਪਾਏ ਘੇਰਾ, ਨਵ ਨੌਂ ਆਪਣਾ ਬੰਧਨ ਪਾਇੰਦਾ । ਜਨ ਭਗਤ ਉਪਰ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਇੰਦਾ । ਨਾਤਾ ਜੋੜੇ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਘਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪ ਵਡਿਆਇੰਦਾ । ਸਾਚਾ ਘਰ ਮਹੱਲ ਅਟਾਰੀ, ਅਟੱਲ ਆਪ ਰਖਾਈਆ । ਏਕਾ ਵਸੇ ਨਰ ਨਿਰੰਕਾਰੀ, ਨਿਰਗੁਣ ਆਸਣ ਲਾਈਆ । ਏਕਾ ਮੇਲਾ ਭਗਤ ਦਵਾਰੀ, ਭਗਵਨ ਆਪਣਾ ਮੇਲ ਮਿਲਾਈਆ । ਇਕ ਵਿਚੋਲਾ ਵਡ ਸੰਸਾਰੀ, ਦੂਜਾ ਨਜ਼ਰ ਕੋਇ ਨਾ ਆਈਆ । ਏਕਾ ਢੋਲਾ ਨਿਰਗੁਣ ਸਰਗੁਣ ਧਾਰੀ, ਸੋਹੰ ਆਪਣਾ ਨਾਉਂ ਦ੍ਰਿੜਾਈਆ । ਏਕਾ ਗੋਲਾ ਸੇਵਾਦਾਰੀ, ਬਣ ਸੇਵਕ ਸੇਵ ਕਮਾਈਆ । ਏਕਾ ਹੋਲਾ ਖੇਡੇ ਵਾਰੋ ਵਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਏਕਾ ਸਾਹਿਬ ਵਡ ਲਿਖਾਰੀ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਲੇਖ ਜਣਾਈਆ । ਏਕਾ ਸੂਰਬੀਰ ਵਡ ਬਲਕਾਰੀ, ਬਲ ਬਾਵਨ ਭੇਵ ਚੁਕਾਈਆ । ਏਕਾ ਨਾਮ ਖੰਡਾ ਤੇਜ ਕਟਾਰੀ, ਬ੍ਰਹਿਮੰਡਾਂ ਪਾਰ ਕਰਾਈਆ । ਏਕਾ ਬਸਤਰ ਭੂਸ਼ਨ ਕਰੇ ਤਨ ਸ਼ੰਗਾਰੀ, ਸਚ ਸ਼ਿੰਗਾਰ ਇਕ ਵਖਾਈਆ । ਏਕਾ ਸੀਸ ਜਗਦੀਸ ਸੋਹੇ ਦਸਤਾਰੀ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਮੰਦਰ ਸਾਚੇ ਚੜ੍ਹ, ਘਰ ਸਾਚੇ ਸੋਭਾ ਪਾਈਆ । ਗੁਰਮੁਖ ਮੰਦਰ ਹਰਿ ਜੂ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਕਾਰ ਕਮਾਇੰਦਾ । ਆਦਿ ਜੁਗਾਦਿ ਨਾ ਜਾਏ ਹਰ, ਹਾਰ ਜਿਤ ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਨਾ ਜਾਏ ਮਰ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਭਗਤ ਭਗਵੰਤ ਲਏ ਫੜ, ਜੁਗ ਵਿਛੜੇ ਮੇਲ ਮਿਲਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਰਖਾਇੰਦਾ । ਸਰ ਸਰੋਵਰ ਨੁਹਾਏ ਸਾਚੇ ਸਰ, ਕੋਟਨ ਕੋਟ ਸੁਰਸਤੀ ਮਾਣ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦਵਾਰਾ ਇਕ ਸਾਲਾਹਿੰਦਾ । ਗੁਰਸਿਖ ਦਵਾਰਾ ਸਿਫ਼ਤ

ਸਾਲਾਹੀ, ਹਰਿ ਸਾਚਾ ਸਚ ਜਣਾਇੰਦਾ । ਜਿਸ ਘਰ ਵਸੇ ਸਾਚਾ ਮਾਹੀ, ਸੋ ਮੰਦਰ ਸੋਭਾ ਪਾਇੰਦਾ । ਜਨਮ ਜਨਮ ਦੀ ਕੱਟੇ ਫਾਹੀ, ਫਾਸੀ ਜਮ ਨਾ ਕੋਇ ਰਖਾਇੰਦਾ । ਜਨਮ ਜਨਮ ਦੀ ਧੋਵੇ ਸ਼ਾਹੀ, ਨਿਰਮਲ ਨੀਰ ਨੀਰ ਰਖਾਇੰਦਾ । ਗੋਬਿੰਦ ਬੂਟਾ ਪੁਟਿਆ ਕਾਹੀ, ਲੱਖ ਚੁਰਾਸੀ ਜੜ੍ਹ ਉਖੜਾਇੰਦਾ । ਗੁਰਮੁਖ ਬੇੜਾ ਪਾਰ ਕਰਾਈ, ਆਪਣੇ ਕੰਧ ਉਠਾਇੰਦਾ । ਪਰਗਟ ਹੋਏ ਸੱਚਾ ਸ਼ਹਿਨਸ਼ਾਹੀ, ਨਿਹਕਲੰਕਾ ਨਾਉਂ ਰਖਾਇੰਦਾ । ਵੇਖਣਹਾਰਾ ਥਾਉਂ ਥਾਈਂ, ਨੌਂ ਖੰਡ ਪ੍ਰਿਥਮੀ ਫੋਲ ਫੋਲਾਇੰਦਾ । ਕਰੇ ਕਰਾਏ ਸਚ ਨਿਆਈ, ਨਿਆਂਕਾਰ ਆਪ ਹੋ ਜਾਇੰਦਾ । ਸਚ ਅਦਾਲਤ ਮੰਗੇ ਨਾ ਕੋਇ ਗਵਾਹੀ, ਸ਼ਹਾਦਤ ਕੀਮਤ ਨਾ ਕੋਇ ਰਖਾਇੰਦਾ । ਅੱਗੇ ਹੋ ਨਾ ਦੇਵੇ ਕੋਇ ਸਫ਼ਾਈ, ਮੁਲਜ਼ਮ ਬਰੀ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਗੁਰਮੁਖ ਦਰ ਇਕ ਵਖਾਇੰਦਾ । ਗੁਰਮੁਖ ਦਰ ਸਚ ਦਰਵਾਜ਼ਾ, ਹਰਿ ਸਤਿਗੁਰ ਆਪ ਖੁਲ੍ਹਾਇੰਦਾ । ਅੰਦਰ ਵੜ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਵੇਖ ਵਖਾਇੰਦਾ । ਸੀਸ ਜਗਦੀਸ ਰੱਖ ਰੱਖ ਤਾਜਾ, ਦੋ ਜਹਾਨਾਂ ਹੁਕਮ ਜਣਾਇੰਦਾ । ਜ਼ਿਮੀਂ ਅਸਮਾਨਾਂ ਰਚਿਆ ਕਾਜਾ, ਕਰਨੀ ਕਰਤਾ ਆਪ ਕਰਾਇੰਦਾ । ਲੱਖ ਚੁਰਾਸੀ ਅੰਦਰ ਵੜ ਵੜ ਵਜਾਏ ਵਾਜਾ, ਸੁਰ ਤਾਲ ਨਾ ਕੋਇ ਜਣਾਇੰਦਾ । ਪੀਰ ਪੈਗ਼ੰਬਰ ਪੜ੍ਹਾਏ ਨਿਮਾਜ਼ਾ, ਸਯਦਾ ਸੀਸ ਸਰਬ ਝੁਕਾਇੰਦਾ । ਗੁਰ ਅਵਤਾਰ ਮਾਰਨ ਵਾਜ਼ਾ, ਉਚੀ ਕੂਕ ਕੂਕ ਅਲਾਇੰਦਾ । ਕਰੇ ਖੇਲ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣੀ ਕਲ ਧਰਾਇੰਦਾ । ਜੁਗ ਚੌਕੜੀ ਕਰਦਾ ਰਿਹਾ ਹਾਸ ਬਲਾਸਾ, ਆਪਣਾ ਭੇਵ ਨਾ ਕਿਸੇ ਵਖਾਇੰਦਾ । ਕਲਜੁਗ ਅੰਤਮ ਪਰਗਟ ਹੋ ਜਨ ਭਗਤਾਂ ਦੇਵੇ ਸਚ ਭਰਵਾਸਾ, ਭਾਂਡਾ ਭਰਮ ਭੌ ਭੰਨਾਇੰਦਾ । ਅੰਤਮ ਪੂਰੀ ਕਰੇ ਆਸਾ, ਆਸਾ ਆਸਾ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਦਰ ਇਕੋ ਵਡਿਆਇੰਦਾ । ਗੁਰਸਿਖ ਦਰ ਸਚ ਦਵਾਰਾ, ਗੁਰ ਦੇਵਣਹਾਰ ਵਡਿਆਈਆ । ਗੁਰਮੁਖ ਪ੍ਰੇਮ ਸਚ ਪਿਆਰਾ, ਪਰਮ ਪੁਰਖ ਸਿਫ਼ਤ ਸਾਲਾਹੀਆ । ਗੁਰਸਿਖ ਨੇਮ ਸਚ ਵਿਹਾਰਾ, ਸ੍ਰਿਸ਼ਟ ਸਬਾਈ ਆਪ ਸਮਝਾਈਆ । ਗੁਰਸਿਖ ਹੇਮ ਠੰਡਾ ਠਾਰਾ, ਗੋਬਿੰਦ ਸੀਤਲ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਈਆ । ਗੁਰਮੁਖ ਸਾਚਾ ਘਰ ਵੇਖ, ਵੇਖ ਵੇਖ ਖ਼ੁਸ਼ੀ ਮਨਾਇੰਦਾ । ਨਾ ਕੋਈ ਰੂਪ ਨਾ ਕੋਈ ਰੇਖ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਾ ਕੋਈ ਤੁਲਾਈ ਨਾ ਕੋਈ ਲੇਫ਼, ਤਕੀਆ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਮਾਈ ਬਾਪ ਨਾ ਬੇਟੀ ਬੇਟ, ਨਾਰ ਪਿਆਰ ਨਾ ਕੋਇ ਵਧਾਇੰਦਾ । ਪੁਰਖ ਅਬਿਨਾਸ਼ੀ ਇਕੋ ਇਕ ਕਰੇ ਸਾਚਾ ਹੇਤ, ਆਪ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੰਦਰ ਸੋਭਾ ਪਾਇੰਦਾ । ਗੁਰਸਿਖ ਮੰਦਰ ਮੌਲੇ ਰੁੱਤ, ਰੁੱਤ ਰੁੱਤੜੀ ਹਰਿ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਰੂਪ ਅਨੂਪ ਆਪ ਵਖਾਈਆ । ਸੰਤ ਸੁਹੇਲੇ ਸਾਚੇ ਸੁਤ, ਹਰਿ ਸਤਿਗੁਰ ਆਪ ਉਠਾਈਆ । ਪੰਚ ਵਿਕਾਰਾ ਕੱਢੇ ਕੁੱਟ, ਕੂੜੀ ਕਿਰਿਆ ਦਏ ਮਿਟਾਈਆ । ਨਾਮ ਨਿਧਾਨਾ ਦੇਵੇ ਤੁਠ, ਅਤੋਟ ਅਤੁਟ ਵਰਤਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਜਗਤ ਹਰਸ ਮਿਟਾਈਆ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਪੰਧ ਮੁਕਾਈਆ । ਲੇਖੇ ਲਾਏ ਪੰਜ ਤਤ ਕਾਇਆ ਬੁੱਤ, ਤਤਵ ਤਤ ਤਤ ਸਮਾਈਆ । ਜੁਗ ਚੌਕੜੀ ਭਗਤ ਦਵਾਰਾ ਆਪੇ ਪੁੱਛ, ਘਰ ਬੈਠਾ ਸੱਚਾ ਮਾਹੀਆ । ਆਪਣੀ ਵਸਤ ਨਾ ਰੱਖੇ ਕੁਛ, ਜਨ ਭਗਤਾਂ ਝੋਲੀ ਪਾਈਆ । ਜੇ ਕੋਈ

ਪੁੱਛੇ ਅੱਗੋ ਹੋ ਜਾਏ ਚੁੱਪ, ਆਪਣਾ ਹਾਲ ਨਾ ਕਿਸੇ ਸੁਣਾਈਆ । ਜੇ ਕੋਈ ਲੱਭਣ ਲਗੇ ਵਸੇ ਅੰਧੇਰੇ ਘੁੱਪ, ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਅੰਦਰ ਆਪੇ ਉਠ, ਆਪ ਆਪਣਾ ਪਰਦਾ ਲਾਹੀਆ । ਨਿਰਮਲ ਜੋਤ ਕਰ ਪਰਕਾਸ਼, ਪਰਗਟ ਕਰੇ ਸਾਚੀ ਜੋਤ, ਜੋਤ ਜੋਤ ਨਾਲ ਮਿਲਾਈਆ । ਗੁਰਮੁਖ ਬਣਾਏ ਸਚ ਪਰੋਹਤ, ਬਣ ਜ਼ਜ਼ਮਾਨ ਸੇਵ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਜੋ ਕਰਦਾ ਰਿਹਾ ਭਗਤਾਂ ਨਾਲ ਖੋਟ, ਆਪਣੀ ਭੁੱਲ ਲਏ ਬਖ਼ਸ਼ਾਈਆ । ਕਲਜੁਗ ਅੰਤਮ ਗੁਰਮੁਖਾਂ ਰੱਖੀ ਇਕੋ ਓਟ, ਹਰਿਜਨ ਤੇਰੀ ਸੱਚੀ ਸਰਨਾਈਆ । ਤੇਰਾ ਦਵਾਰਾ ਗੁਰਸਿਖ ਇਕੋ ਬਹੁਤ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਸ੍ਰਿਸ਼ਟ ਸਬਾਈ ਭਰਿਆ ਖੋਟ, ਖੋਟੀ ਵਾਸਨਾ ਨਾ ਕੋਇ ਗਵਾਈਆ । ਮਾਇਆ ਮਮਤਾ ਹੋਈ ਮੋਹਤ, ਮਨਮਤ ਨਾ ਕੋਇ ਮਿਟਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਸਭ ਨੂੰ ਦੇਵੇ ਝੋਕ, ਭੱਠੀ ਅਗਨੀ ਏਕਾ ਤਾਈਆ । ਬਿਨ ਭਗਤਾਂ ਮਿਲੇ ਨਾ ਕਿਸੇ ਸੱਚੀ ਮੋਖ, ਸਾਧ ਸੰਤ ਦੇਣ ਦੁਹਾਈਆ । ਸ਼ਾਸਤਰ ਸਿਮਰਤ ਥੱਕੇ ਘੋਖ, ਹਰਿ ਕਾ ਭੇਵ ਕੋਇ ਨਾ ਪਾਈਆ । ਪ੍ਰਭ ਦਰਸਨ ਨੂੰ ਸਾਰੇ ਰਹੇ ਲੋਚ, ਬਿਨ ਕਿਰਪਾ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਥੱਕੇ ਕਰ ਕਰ ਸੋਚ, ਸੋਚਿਆਂ ਸੋਚ ਨਾ ਸਕਿਆ ਕੋਇ ਰਾਈਆ । ਭਗਤ ਭਗਵੰਤ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਨੂਰ ਇਕੋ ਜੋਤ, ਮਿਲ ਜੋਤੀ ਖ਼ੁਸ਼ੀ ਮਨਾਈਆ । ਸਚਖੰਡ ਦਵਾਰੇ ਵਸਣ ਸਾਰੇ ਕਿਲੇ ਕੋਟ, ਬੰਕ ਦਵਾਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਬਲੀ ਬਲਵਾਨ, ਗੁਰਮੁਖ ਸਾਚੇ ਕਰ ਪਰਵਾਨ, ਲੇਖੇ ਲਾਏ ਕਾਇਆ ਮੰਦਰ ਸਾਢੇ ਤਿੰਨ ਹੱਥ ਮਕਾਨ, ਵੇਲੇ ਅੰਤ ਜਗਤ ਮਕਬਰਾ ਨਾ ਕੋਇ ਬਣਾਈਆ । ਜਗਤ ਕਹੇ ਵਧਾਵਾ ਵਾਧੂ, ਵਾਧਲ ਦਏ ਦੁਹਾਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਸੱਚਾ ਸਾਧੂ, ਸਗਲਾ ਸੰਗ ਰਖਾਈਆ । ਪਿਛਲਾ ਜਨਮ ਦੇਹੁਰਾ ਦਾਦੂ, ਗੋਬਿੰਦ ਮਿਲੀ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਮਿਲਿਆ ਮੋਹਣ ਮਾਧੂ, ਮਧੁਰ ਧੁਨ ਧੁਨ ਧੁਨੀ ਰਾਗ ਸੁਣਾਈਆ ।

### ✳ ੨੩ ਭਾਦਰੋਂ ੨੦੧੯ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹ ਭਦੌੜ ਜ਼ਿਲਾ ਬਠਿੰਡਾ ✳

ਸੋ ਪੁਰਖ ਨਿਰੰਜਣ ਵਡ ਸੁਲਤਾਨ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਕਰ ਮਿਹਰਵਾਨ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਏਕੰਕਾਰਾ ਵਡ ਬਲਵਾਨ, ਨਿਰਗੁਣ ਨਿਰਗੁਣ ਆਪਣਾ ਨੂਰ ਪਰਗਟਾਇੰਦਾ । ਆਦਿ ਨਿਰੰਜਣ ਖੇਲ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਸਚ ਮਹੱਲੇ ਸੋਭਾ ਪਾਇੰਦਾ । ਸ੍ਰੀ ਭਗਵਾਨ ਉਠਾਵਣਹਾਰਾ ਸਚ ਨਿਸ਼ਾਨ, ਸਚਖੰਡ ਦਵਾਰੇ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਰਾਜ ਰਾਜਾਨ, ਭੂਪਤ ਭੂਪ ਨਾਉਂ ਧਰਾਇੰਦਾ । ਖੇਲੇ ਖੇਲ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਪਣੀ ਇਛਿਆ ਕਰ ਬਲਵਾਨ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਆਦਿ ਅੰਤ, ਹਰਿ ਕਰਤਾ ਆਪ ਕਰਾਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਜੁਗ ਰੂਪ ਧਰਾਈਆ । ਬਣਾਵਣਹਾਰਾ

ਸਾਚੀ ਬਣਤ, ਸਾਚਾ ਘਾੜਣ ਲਏ ਘੜਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਵਿਸ਼ਨ ਬ੍ਰਹਮਾ ਸ਼ਿਵ ਭੇਵ ਚੁਕਾਈਆ । ਨਾਤਾ ਜੋੜ ਨਾਰ ਕੰਤ, ਕੰਤ ਕੰਤੂਹਲ ਸੇਜ ਹੰਢਾਈਆ । ਬੋਧ ਅਗਾਧ ਏਕਾ ਮੰਤਰ, ਗੁਰ ਮੰਤਰ ਨਾਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸਮਰਥ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਚਖੰਡ ਦਵਾਰੇ ਹੋ ਪਰਗਟ, ਸਾਚੀ ਧਾਰ ਚਲਾਇੰਦਾ । ਵਸਤ ਅਮੋਲਕ ਦੇਵੇ ਵੱਥ, ਨਿਰਗੁਣ ਨਿਰਗੁਣ ਆਪ ਵਰਤਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਾਮ ਜਣਾਏ ਮਹਿਮਾ ਅਕੱਥ, ਕਥ ਕਥ ਆਪ ਅਲਾਇੰਦਾ । ਸਚ ਦਵਾਰੇ ਆਪੇ ਵਸ, ਗ੍ਰਿਹ ਮੰਦਰ ਖ਼ੁਸ਼ੀ ਮਨਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਇੰਦਾ । ਆਦਿ ਜੁਗਾਦੀ ਵਸੇ ਸਾਥ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਹਰਿ ਕਰਤਾਰਾ, ਆਦਿ ਜੁਗਾਦਿ ਕਰਾਈਆ । ਜੁਗ ਚੌਕੜੀ ਲਏ ਅਵਤਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਵਸਣਹਾਰਾ ਧਾਮ ਨਿਆਰਾ, ਨਿਹਚਲ ਆਪਣਾ ਆਸਣ ਲਾਈਆ । ਖੇਲੇ ਖੇਲ ਅਗੰਮ ਅਪਾਰਾ, ਅਗੋਚਰ ਆਪਣੀ ਧਾਰ ਬੰਧਾਈਆ । ਸ਼ਬਦੀ ਸ਼ਬਦ ਨਾਦ ਜੈਕਾਰਾ, ਨਰ ਨਿਰੰਕਾਰਾ ਆਪ ਦ੍ਰਿੜਾਈਆ । ਸੇਵਕ ਸੇਵਾ ਕਰੇ ਸੇਵਾਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਏਕਾ ਧਾਰ ਬੰਧਾਈਆ । ਆਦਿ ਅੰਤ ਖੇਲ ਅਵੱਲਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਵਸਣਹਾਰਾ ਸਚਖੰਡ ਦਵਾਰ ਸਚਖੰਡ ਮਹੱਲਾ, ਦਰਗਹਿ ਸਾਚੀ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਰਲ ਮਿਲ ਆਪਣਾ ਰੰਗ ਰੰਗਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕਾ ਮੱਲਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚ ਸੰਦੇਸ ਦੋ ਜਹਾਨਾਂ ਏਕਾ ਘੱਲਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਪੱਲੂ ਏਕਾ ਗੰਢ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣੀ ਕਰਨੀ ਆਪ ਕਮਾਇੰਦਾ । ਆਦਿ ਜੁਗਾਦਿ ਖੇਲ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪ ਕਰਾਈਆ । ਵੇਖਣਹਾਰ ਦੋ ਜਹਾਨ ਤਮਾਸ਼ਾ, ਦੋਏ ਦੋਏ ਆਪਣਾ ਰੂਪ ਵਟਾਈਆ । ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਮਾਈਆ । ਕਰਤਾ ਪੁਰਖ ਕਰਨੇਹਾਰਾ, ਕੁਦਰਤ ਕਾਦਰ ਵੇਖ ਵਖਾਇੰਦਾ । ਜੁਗਾ ਜੁਗੰਤਰ ਲੈ ਅਵਤਾਰਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣਾ ਰਾਹ ਚਲਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਅਗੰਮ ਅਗੰਮੜਾ ਬੋਲ ਜੈਕਾਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਕਰੇ ਖੇਲ ਸਚਖੰਡ ਨਿਵਾਸੀ ਏਕੰਕਾਰਾ, ਇਕਓਅੰਕਾਰਾ ਹੁਕਮ ਮਨਾਇੰਦਾ । ਕਾਗਦ ਕਲਮ ਬਣ ਬਣ ਲਿਖਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰੇ ਨਿਮਸਕਾਰਾ, ਅੱਗੇ ਸੀਸ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਕਰ, ਕਰਨੀ ਆਪ ਕਰਾਇੰਦਾ । ਜੁਗ ਕਰਤਾ ਸ੍ਰੀ ਭਗਵਾਨ, ਮਹਿਮਾ ਅਕੱਥ ਕਥੀ ਨਾ ਜਾਈਆ । ਦੇਵਣਹਾਰਾ ਸਾਚਾ ਦਾਨ, ਵਿਸ਼ਨੂੰ ਵਿਸ਼ਵ ਵਸਤ ਇਕ ਵਰਤਾਈਆ । ਬ੍ਰਹਮੇ ਦੇਵੇ ਏਕਾ ਮਾਣ, ਬ੍ਰਹਮ ਲੇਖਾ ਥਾਉਂ

ਬਾਈਆ । ਸ਼ੰਕਰ ਵੇਖੇ ਮਾਰ ਧਿਆਨ, ਸ਼ਰਅ ਸ਼ਰੀਅਤ ਇਕ ਸਮਝਾਈਆ । ਤਿੰਨਾਂ ਵਿਚੋਲਾ ਨੌਜਵਾਨ, ਪਾਰਬ੍ਰਹਮ ਵਡੀ ਵਡਿਆਈਆ । ਭੂਪਤ ਭੂਪ ਰਾਜ ਰਾਜਾਨ, ਸਚ ਸੰਦੇਸਾ ਇਕ ਸੁਣਾਈਆ । ਬੋਧ ਅਗਾਧਾ ਦੇ ਗਿਆਨ, ਅੱਖਰ ਵੱਖਰ ਕਰੇ ਪੜ੍ਹਾਈਆ । ਬ੍ਰਹਮਾਵੇਤਾ ਕਰ ਪਰਵਾਨ, ਪਰਮ ਪੁਰਖ ਸਿਫ਼ਤ ਸਾਲਾਹੀਆ । ਰਸਨਾ ਜਿਹਵਾ ਬਿਨ ਗਾਏ ਗਾਣ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਅੱਖਰ ਕਰੇ ਪੜ੍ਹਾਈਆ । ਬਿਨ ਅੱਖਰ ਅੱਖਰ ਹਰਿ ਕਾ ਪੜ੍ਹਨਾ, ਪਾਰਬ੍ਰਹਮ ਪ੍ਰਭ ਆਪ ਪੜ੍ਹਾਇੰਦਾ । ਬਿਨ ਪੌੜੇ ਪੌੜੇ ਸਾਚੇ ਚੜ੍ਹਨਾ, ਸੋ ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਬਿਨ ਪੱਲੂ ਪੱਲੂ ਏਕਾ ਫੜਨਾ, ਫੜਿਆ ਲੜ ਛੁੱਟ ਨਾ ਜਾਇੰਦਾ । ਬਿਨ ਚਰਨ ਸਰਨਾਈ ਸਾਚੀ ਪੜਨਾ, ਚਰਨ ਸਰਨ ਇਕ ਰਖਾਇੰਦਾ । ਬਿਨ ਨੇਤਰ ਖੋਲ੍ਹੇ ਹਰਨਾ ਫਰਨਾ, ਨੈਣ ਨੈਣ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾਵੇਤਾ ਦੇਵੇ ਨੇਤਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਨਿਜ ਨੇਤਰ ਆਪੇ ਖੋਲ੍ਹ, ਖੋਲ੍ਹ ਖੋਲ੍ਹ ਸਮਝਾਈਆ । ਸ਼ਬਦ ਅਗੰਮੀ ਆਪੇ ਬੋਲ, ਚਾਰੇ ਮੁਖ ਕਰੇ ਪੜ੍ਹਾਈਆ । ਤੋਲਣਹਾਰਾ ਸਾਚਾ ਤੋਲ, ਤੋਲਾ ਬਣਿਆ ਸਾਚਾ ਮਾਹੀਆ । ਏਕਾ ਵਸਤ ਰੱਖੇ ਕੋਲ, ਆਦਿ ਅੰਤ ਵਰਤਾਈਆ । ਅੰਮ੍ਰਿਤ ਨਾਭੀ ਜਾਏ ਮੌਲ, ਕਵਲ ਕਵਲਾ ਦਏ ਵਡਿਆਈਆ । ਸਚ ਦਵਾਰ ਏਕਾ ਖੋਲ੍ਹ, ਖ਼ਾਲਕ ਖ਼ਲਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਰਨੀ ਆਪ ਸਮਝਾਈਆ । ਆਪਣੀ ਕਰਨੀ ਹਰਿ ਕਰਤਾਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਲੱਖ ਚੁਰਾਸੀ ਭਰ ਭੰਡਾਰਾ, ਤ੍ਰੈਗੁਣ ਝੋਲੀ ਆਪ ਭਰਾਇੰਦਾ । ਪੰਚਮ ਪੰਚ ਲਾਏ ਅਖਾੜਾ, ਪੰਚਮ ਆਪਣਾ ਨਾਚ ਨਚਾਇੰਦਾ । ਮਨ ਮਤ ਬੁਧ ਦਏ ਅਧਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਨੌ ਦਰ ਖੋਲ੍ਹ ਕਿਵਾੜਾ, ਨਵ ਨੌਂ ਵੰਡ ਵੰਡਾਇੰਦਾ । ਰਕਤ ਬੂੰਦ ਕਰ ਤਿਆਰਾ, ਸਚ ਮੁਨਾਰਾ ਇਕ ਸੁਹਾਇੰਦਾ । ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਅਨਹਦ ਸ਼ਬਦ ਸੱਚੀ ਧੁੰਨਕਾਰਾ, ਘਰ ਰਾਗੀ ਰਾਗ ਸੁਣਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਕਵਲ ਭਰਾਇੰਦਾ । ਬੰਦ ਕਿਵਾੜੀ ਲਾਏ ਤਾਲਾ, ਆਪਣੇ ਹੱਥੀਂ ਬੰਦ ਰਖਾਇੰਦਾ । ਸੁਖਮਣ ਟੇਢੀ ਖੇਲ ਨਿਆਰਾ, ਨਜ਼ਰ ਕਿਸੇ ਨਾ ਆਇੰਦਾ । ਈੜਾ ਪਿੰਗਲ ਹੋਏ ਬੇਹਾਲਾ, ਨੇਤਰ ਨੀਰ ਨੀਰ ਵਹਾਇੰਦਾ । ਘਰ ਵਿਚ ਘਰ ਵਖਾਏ ਖੇਲ ਨਿਰਾਲਾ, ਨਿਰਗੁਣ ਆਪਣਾ ਭੇਵ ਚੁਕਾਇੰਦਾ । ਲੇਖਾ ਜਾਣੇ ਕਾਲ ਮਹਾਕਾਲਾ, ਮਹਾਕਾਲ ਆਪਣੀ ਕਲ ਜਣਾਇੰਦਾ । ਜੁਗ ਚੌਕੜੀ ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਾਚਾ ਖੇਲ ਆਪ ਜਣਾਇੰਦਾ । ਸਰਗੁਣ ਸਰਗੁਣ ਪਹਿਰੇ ਬਾਣਾ, ਕਾਇਆ ਚੋਲਾ ਆਪ ਹੰਢਾਇੰਦਾ । ਸ਼ਬਦ ਅਗੰਮੀ ਗਾਏ ਗਾਨਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਚਰਨ ਕਵਲ ਕਵਲ ਚਰਨ ਨਿਰਗੁਣ ਸਰਗੁਣ ਦਏ ਧਿਆਨਾ, ਧਿਆਨ ਧਿਆਨ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਖੇਲ ਕਰਾਇੰਦਾ । ਜੁਗ ਕਰਤਾ ਪੁਰਖ ਸਮਰਥ, ਹਰਿ ਜੂ ਆਪਣੀ ਧਾਰ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਦੇ ਦੇ ਵੱਥ, ਕਲਜੁਗ ਵੇਖੇ ਚਾਈਂ ਚਾਈਂਆ । ਗੁਰ ਅਵਤਾਰਾਂ ਮਾਰਗ ਦੱਸ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਭਗਤ ਭਗਵਾਨ ਹਿਰਦੇ ਵੱਸ, ਹਰਿ ਹਰਿ ਰੂਪ ਵਖਾਈਆ । ਸਾਚੇ ਸੰਤਾਂ ਪੂਰੀ ਕਰ ਕਰ ਆਸ, ਆਸਾ ਮਨਸਾ ਦਏ ਮਿਟਾਈਆ । ਗੁਰਮੁਖਾਂ ਮੇਟ ਅੰਧੇਰੀ ਰਾਤ,

੮੫੫ ੧੨

ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੁਰਸਿਖਾਂ ਪੁਛੇ ਆਪੇ ਵਾਤ, ਜੁਗ ਜੁਗ ਫੇਰਾ ਪਾਈਆ । ਖੋਲ੍ਹਣਹਾਰਾ ਬੰਦ ਤਾਕ, ਹਰਿ ਮੰਦਰ ਦਏ ਵਖਾਈਆ । ਫੜ ਬਾਂਹੋਂ ਕਰਾਏ ਪਾਰ ਘਾਟ, ਅਧਵਿਚਕਾਰ ਨਾ ਕੋਇ ਰੁੜ੍ਹਾਈਆ । ਅੰਤ ਕੰਤ ਕਲ ਪੁਛੇ ਵਾਤ, ਨਿਰਗੁਣ ਸਰਗੁਣ ਹੋਏ ਸਹਾਈਆ । ਜੁਗ ਚੌਕੜੀ ਖੇਲ ਤਮਾਸ਼, ਪੁਰਖ ਅਬਿਨਾਸ਼ੀ ਵੇਖ ਵਖਾਈਆ । ਮੰਡਲ ਮੰਡਪ ਪਾਵੇ ਰਾਸ, ਬੰਸਰੀ ਏਕਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਕਰੇ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਜੁਗ ਚੌਕੜੀ ਸੰਦੇਸਾ ਦੇਂਦਾ ਰਿਹਾ ਵਿਚ ਸੰਸਾਰ, ਸ਼ਬਦ ਅਗੰਮੀ ਰਾਗ ਅਲਾਇੰਦਾ । ਗੁਰ ਅਵਤਾਰਾਂ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਇੰਦਾ । ਸਾਚੀ ਸੇਵਾ ਵਿਚ ਸੰਸਾਰ, ਹਰਿ ਸਤਿਗੁਰ ਆਪ ਜਣਾਈਆ । ਪਰਗਟ ਕਰ ਗੁਰੂ ਅਵਤਾਰ, ਗੁਰ ਗੁਰ ਬੂਝ ਬੁਝਾਈਆ । ਆਤਮ ਪਰਮਾਤਮ ਕਰਨਾ ਸਚ ਪਿਆਰ, ਪਰਮ ਪੁਰਖ ਪੁਰਖ ਸਮਝਾਈਆ । ਬ੍ਰਹਮ ਪਾਰਬ੍ਰਹਮ ਦਏ ਅਧਾਰ, ਬ੍ਰਹਮ ਲੇਖਾ ਥਾਉਂ ਥਾਈਂਆ । ਈਸ਼ ਜੀਵ ਇਕ ਘਰ ਬਾਰ, ਜਗਦੀਸ ਵੇਖੇ ਚਾਈਂ ਚਾਈਂਆ । ਏਕਾ ਨਾਦ ਸ਼ਬਦ ਧੁੰਨਕਾਰ ਗਾਵਣਹਾਰਾ ਇਕ ਅਖਵਾਈਆ । ਏਕਾ ਮੰਦਰ ਇਕ ਦਵਾਰ, ਏਕਾ ਸਤਿਗੁਰ ਸੋਭਾ ਪਾਈਆ । ਏਕਾ ਦੀਆ ਬਾਤੀ ਕਰ ਉਜਿਆਰ, ਅੰਧ ਅੰਧੇਰ ਗਵਾਈਆ । ਏਕਾ ਸਾਕੀ ਜਾਮ ਪਿਆਵਣਹਾਰ, ਮਧੁਰ ਪਿਆਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਨ੍ਹੇ ਧਾਰਾ, ਧਾਰ ਆਪਣੀ ਨਾ ਕਿਸੇ ਜਣਾਇੰਦਾ । ਗੁਰ ਅਵਤਾਰ ਖੋਲ੍ਹ ਕਿਵਾੜਾ, ਕੁੰਜੀ ਆਪਣੇ ਹੱਥ ਰਖਾਇੰਦਾ । ਏਕਾ ਦੇਵੇ ਵਸਤ ਹਰਿ ਥਾਰਾ, ਨਾਮ ਨਿਧਾਨਾ ਆਪ ਵਰਤਾਇੰਦਾ । ਸਚ ਸਿੰਘਾਸਣ ਬੈਠ ਨਿਰੰਕਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਦੇਂਦਾ ਆਇਆ ਵਾਰੋ ਵਾਰਾ, ਵਾਰ ਥਿਤ ਨਾ ਕਿਸੇ ਜਣਾਇੰਦਾ । ਸ੍ਰਿਸ਼ਟ ਸਬਾਈ ਪਰਵਰਦਿਗਾਰਾ, ਹੱਕ ਮੁਕਾਮੇ ਡੇਰਾ ਲਾਇੰਦਾ । ਨੂਰ ਇਲਾਹੀ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਪਰਦਾ ਆਪਣਾ ਆਪ ਉਠਾਇੰਦਾ । ਹੱਕ ਹਕ਼ੀਕ਼ਤ ਬੋਲ ਜੈਕਾਰਾ, ਆਪਣਾ ਨਾਅਰਾ ਆਪ ਸੁਣਾਇੰਦਾ । ਪੀਰ ਪੈਗ਼ੰਬਰ ਦੇ ਹੁਲਾਰਾ, ਨਬੀ ਰਸੂਲ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰਾਇੰਦਾ । ਜੁਗ ਚੌਕੜੀ ਖੇਲ ਕਰ, ਹਰਿ ਕਰਤਾ ਵੇਸ ਵਟਾਈਆ । ਗੁਰ ਅਵਤਾਰ ਧਰਨੀ ਧਰ, ਧਵਲ ਦਏ ਵਡਿਆਈਆ । ਸਾਚਾ ਅੱਖਰ ਲੈਣ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਸਾਚੇ ਮੰਦਰ ਵੇਖਣ ਚੜ੍ਹ, ਪ੍ਰਭ ਵਸੇ ਸੱਚਾ ਮਾਹੀਆ । ਨਾ ਕੋਈ ਸੀਸ ਨਾ ਕੋਈ ਧੜ, ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਥਾਈਂ ਲੇਖਾ ਜਾਣੇ ਥਨੰਤਰ, ਦੋ ਜਹਾਨਾਂ ਵੇਖ ਵਖਾਇੰਦਾ । ਗੁਰਦੇਵ ਆਦਿ ਅੰਤ ਇਸ਼ਟ ਸਤਿ ਮੰਤਰ, ਮੰਤਰ ਆਪਣਾ ਨਾਮ ਸਮਝਾਇੰਦਾ । ਵੇਖਣਹਾਰਾ ਗਗਨ ਗਗਨੰਤਰ, ਦੋ ਜਹਾਨਾਂ ਫੋਲ ਫੋਲਾਇੰਦਾ । ਲੱਖ ਚੁਰਾਸੀ ਬਣਾਵਣਹਾਰਾ ਬਣਤਰ, ਘੜਨ ਭੰਨਣ ਆਪਣਾ ਰਾਹ ਚਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਚਾਰ ਚਾਰ ਪੰਧ ਮੁਕਾਇੰਦਾ । ਨਵ ਨੌਂ ਚਾਰ ਚੁੱਕੇ

੮੫੭ ੧੨

ਝੇੜਾ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਦੇਵਣਹਾਰਾ ਗੇੜਾ, ਬ੍ਰਹਿਮੰਡ ਖੰਡ ਦਏ ਭੁਆਈਆ । ਹਰਿਜਨ ਬੰਨਣਹਾਰਾ ਬੇੜਾ, ਭਗਵਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਪਾਏ ਘੇਰਾ, ਸ਼ਬਦ ਡੋਰੀ ਤੰਦ ਬੰਧਾਈਆ । ਕਲਜੁਗ ਅੰਤਮ ਆਇਆ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਕਿਸੇ ਨਾ ਦੀਸੇ ਸੰਝ ਸਵੇਰਾ, ਜਗਤ ਅੰਧੇਰਾ ਰਿਹਾ ਛਾਈਆ । ਪੰਚ ਵਕਾਰ ਲੱਗਾ ਝੇੜਾ, ਪੰਚ ਸ਼ਬਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਫੇਰਾ ਪਾਈਆ । ਜੁਗ ਜੁਗ ਆਪਣਾ ਫੇਰਾ ਪਾ, ਪਾਰਖੂ ਆਪਣੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਾਚਾ ਚੱਪੂ ਨਾਮ ਲਗਾਇੰਦਾ । ਸਤਿ ਪੁਰਖ ਨਿਰੰਜਣ ਦੇਵੇ ਸਤਿ ਸਲਾਹ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਗੁਰ ਅਵਤਾਰ ਨਾਲ ਰਲਾ, ਪੀਰ ਪੈਗ਼ੰਬਰ ਅੰਗ ਲਗਾਇੰਦਾ । ਕਲਮਾ ਕਲਾਮ ਆਪ ਸਮਝਾ, ਕਾਤਬ ਲੇਖਾ ਆਪ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਹਰਿ ਨਿਰੰਕਾਰ, ਆਪਣਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਸੀਸ ਝੁਕਾਈਆ । ਤ੍ਰੈਗੁਣ ਮਾਇਆ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪੰਜ ਤਤ ਨਾ ਕੋਇ ਅਧਾਰ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤੇਰਾ ਅੰਤ ਨਾ ਪਾਰਾਵਾਰ, ਤੇਰਾ ਭੇਵ ਕੋਇ ਨਾ ਆਈਆ । ਪੀਰ ਪੈਗ਼ੰਬਰ ਹਾਹਾਕਾਰ, ਹੂ ਹੂ ਨਾਅਰਾ ਰਹੇ ਸੁਣਾਈਆ । ਤੂ ਹੀ ਤੂ ਸੱਚੀ ਸਰਕਾਰ, ਤੇਰਾ ਲੇਖ ਨਾ ਲੱਖਿਆ ਜਾਈਆ । ਤੇਰੀ ਕਿਰਨ ਕਿਰਨ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖ਼ਾਲਕ ਖ਼ਲਕ ਵੇਖ ਵਖਾਈਆ । ਵੇਖਣਹਾਰਾ ਖ਼ਾਲਕ ਖ਼ਲਕ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਭੇਵ ਚੁਕਾਏ ਅਰਸ਼ ਫ਼ਰਸ਼ ਫਲਕ, ਪਰਦਾਨਸੀਂ ਪਰਦਾ ਆਪ ਉਠਾਇੰਦਾ । ਕਲਜੁਗ ਅੰਤ ਚਾਰੋਂ ਕੁੰਟ ਜੂਠ ਝੂਠ ਚੜ੍ਹਿਆ ਕਟਕ, ਅੱਗੇ ਹੋ ਨਾ ਕੋਇ ਬਚਾਇੰਦਾ । ਮਤ ਮਤਵਾਲੀ ਰਹੀ ਲਟਕ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਲੱਖ ਚੁਰਾਸੀ ਅਧਵਿਚਕਾਰ ਰਹੀ ਲਟਕ, ਪਾਰ ਕਿਨਾਰਾ ਨਾ ਕੋਇ ਵਖਾਇੰਦਾ । ਮਨ ਵਾਸਨਾ ਰਹੀ ਭਟਕ, ਤ੍ਰਿਸਨਾ ਤ੍ਰਿਖਾ ਨਾ ਕੋਇ ਬੁਝਾਇੰਦਾ । ਕੂੜੀ ਛੁਰੀ ਕਰ ਰਹੀ ਝਟਕ, ਸੀਸ ਧੜ ਅੱਡ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਆਪਣਾ ਵੇਸ ਰੱਖ, ਰੱਖਕ ਆਪਣਾ ਖੇਲ ਕਰਾਇੰਦਾ । ਸਤਿ ਸਰੂਪੀ ਹੋ ਪਰਤੱਖ, ਸਤਿ ਸਤਿਵਾਦੀ ਰਾਹ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਮਾਰਗ ਦੱਸ, ਦਹਿ ਦਿਸ਼ਾ ਵੇਖ ਵਖਾਇੰਦਾ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਰੈਣ ਅੰਧੇਰੀ ਹੋਈ ਮੱਸ, ਸਾਚਾ ਚੰਦ ਨਜ਼ਰ ਕੋਇ ਨਾ ਆਇੰਦਾ । ਜਗਤ ਖੇੜਾ ਹੋਇਆ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਜੁਗ ਜੁਗ ਖੋਲ੍ਹੇ ਆਪਣਾ ਭੇਤ, ਭੇਵ ਅਭੇਦ ਜਣਾਇੰਦਾ । ਨਿਰਗੁਣ ਸਰਗੁਣ ਕਰ ਕਰ ਹੇਤ, ਗੁਰ ਅਵਤਾਰ ਮੇਲ ਮਿਲਾਇੰਦਾ । ਦਰਸ ਦਿਖਾਏ ਨੇਤਨ ਨੇਤ, ਨਿਜ ਆਤਮ ਡੇਰਾ ਲਾਇੰਦਾ । ਹਰਿਆ ਕਰੇ ਕਾਇਆ ਖੇਤ, ਅੰਮ੍ਰਿਤ ਸਿੰਚ ਦਇਆ ਕਮਾਇੰਦਾ । ਰੁੱਤ ਬਸੰਤੀ ਕਰੇ ਚੇਤ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਪੰਜ ਤਤ ਕਾਇਆ ਮਾਟੀ ਵੇਖ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸ਼ਬਦੀ

ਸ਼ਬਦ ਗੁਰੂ ਗੁਰ ਖੇਡ, ਹਰਿ ਕਰਤਾ ਆਪ ਕਰਾਇੰਦਾ । ਦੇਵਣਹਾਰਾ ਸਾਚਾ ਭੇਤ, ਦਵੈਤੀ ਪਰਦਾ ਆਪ ਉਠਾਇੰਦਾ । ਨਾਮ ਨਿਧਾਨ ਲਗਾਏ ਮੇਖ, ਲੱਗੀ ਮੇਖ ਨਾ ਕੋਇ ਕਢਾਇੰਦਾ । ਹਰਿ ਕਾ ਭੇਵ ਨਾ ਪਾਏ ਕੋਈ ਔਲੀਆ ਪੀਰ ਸ਼ੇਖ, ਸ਼ਰਅ ਵਿਚ ਕਦੇ ਨਾ ਆਇੰਦਾ । ਸਦਾ ਸੁਹੇਲਾ ਇਕ ਇਕੇਲਾ ਆਦਿ ਜੁਗਾਦਿ ਜੁਗਾ ਜੁਗੰਤਰ ਰਹੇ ਹਮੇਸ਼, ਹਰਿ ਮੰਦਰ ਸੋਭਾ ਪਾਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਜਗਦੀਸ ਮੂੰਡ ਨਾ ਕੋਇ ਮੁੰਡਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼, ਸਚਖੰਡ ਸਾਚੇ ਆਸਣ ਲਾਇੰਦਾ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਦਰ ਦਰ ਸੀਸ ਝੁਕਾਇੰਦਾ । ਗੁਰ ਅਵਤਾਰ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਵਖਾਇੰਦਾ । ਪੀਰ ਪੈਗ਼ੰਬਰ ਬਣਾਏ ਰੇਖ, ਦਸਤਗੀਰ ਆਪਣਾ ਦਸਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਜੁਗ ਜੁਗ ਨਾਉਂ ਹਰਿ ਨਿਰੰਕਾਰ, ਆਪਣਾ ਆਪ ਚਲਾਈਆ । ਸੇਵਾ ਲਾ ਤੇਈ ਅਵਤਾਰ, ਤ੍ਰੈ ਤ੍ਰੈ ਨਾਤਾ ਤੋੜ ਤੁੜਾਈਆ । ਏਕਾ ਦੇ ਦਰਸ ਅਪਾਰ, ਦਰਸੀ ਦਰਸ ਕਰਾਈਆ । ਹਵਸ ਹਿਰਸ ਮੇਟ ਸੰਸਾਰ, ਤ੍ਰਿਸਨਾ ਭੁੱਖ ਭੁੱਖ ਗਵਾਈਆ । ਏਕਾ ਨੂਰ ਕਰ ਉਜਿਆਰ, ਨੂਰੋ ਨੂਰ ਨੂਰ ਰਖਾਈਆ । ਇਕ ਜ਼ਹੂਰ ਸਚ ਪਿਆਰ, ਜ਼ਾਹਰਾ ਜ਼ਹੂਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਈ ਅਵਤਾਰ ਆਪ ਜਗਾਈਆ । ਤੇਈ ਅਵਤਾਰ ਖੋਲ੍ਹ ਅੱਖ, ਨਿਰਗੁਣ ਸਰਗੁਣ ਭੇਵ ਚੁਕਾਇਆ । ਸਤਿ ਸਤਿਵਾਦੀ ਮਾਰਗ ਦੱਸ, ਮਾਇਆ ਪਰਦਾ ਲਾਹਿਆ । ਹਿਰਦੇ ਅੰਦਰ ਆਪੇ ਵਸ, ਹਰਿ ਹਰਿ ਰੰਗ ਚੜ੍ਹਾਇਆ । ਪੰਧ ਮੁਕਾਇਆ ਨੱਸ ਨੱਸ, ਦੋ ਜਹਾਨਾਂ ਫੇਰਾ ਪਾਇਆ । ਅਣੀਆਲਾ ਤੀਰ ਮਾਰਿਆ ਕਸ, ਤਿੱਖੀ ਮੁਖੀ ਧਾਰ ਜਣਾਇਆ । ਕਰ ਖੇਲ ਪੁਰਖ ਸਮਰਥ, ਸਾਚਾ ਮੰਤਰ ਆਪ ਪੜ੍ਹਾਇਆ । ਜੁਗ ਜੁਗ ਗੇੜੀ ਉਲਟੀ ਲਠ, ਗੇੜਾ ਆਪਣੇ ਹੱਥ ਰਖਾਇਆ । ਜੋ ਉਪਜਿਆ ਸੋ ਹੋਇਆ ਸੱਥ, ਅੰਤਮ ਸੱਥਰ ਗਿਆ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਰਾਇਆ । ਸਾਚੀ ਸੇਵਾ ਤੇਈ ਅਵਤਾਰ, ਲੋਕਮਾਤ ਕਰਾਈਆ । ਸਤਿਜੁਗ ਵੇਖੇ ਇਕ ਅਠ ਧਾਰ, ਦੋਏ ਦੋਏ ਤ੍ਰੇਤਾ ਵੇਸ ਵਟਾਈਆ । ਦੁਆਪਰ ਦੋਹਰਾ ਗਾਏ ਏਕਾ ਵਾਰ, ਵਾਰਤਾ ਆਪਣੀ ਆਪ ਜਣਾਈਆ । ਕਰੇ ਖੇਲ ਅਗੰਮ ਅਪਾਰ, ਅਗੰਮੀ ਕਾਰ ਆਪਣੇ ਹੱਥ ਰਖਾਈਆ । ਵੇਦ ਵਿਆਸਾ ਦੇ ਅਧਾਰ, ਪੁਰਾਨ ਪੁਰਾਨੀ ਭੇਵ ਚੁਕਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਕਵਲ ਨੈਣ ਨੈਣ ਇਕ ਉਘਾੜ, ਪਰਤੱਖ ਅੱਖ ਵਖਾਈਆ । ਭਗਤਨ ਮੀਤਾ ਠਾਂਢਾ ਸੀਤਾ ਕਰੇ ਸਚ ਪਿਆਰ, ਗੀਤਾ ਗਿਆਨ ਗਿਆਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪਾਏ ਬੰਧਨ, ਕਰੇ ਖੇਲ ਤ੍ਰਿਲੋਕੀ ਨੰਦਨ, ਊਚਾਂ ਨੀਚਾਂ ਰਾਉਂ ਰੰਕਾਂ ਵੇਖ ਵਖਾਈਆ । ਜੁਗ ਚੌਕੜੀ ਬੀਤੇ ਕਾਲ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਿਸੇ ਨਾ ਨਿਭਿਆ ਨਾਲ, ਕਲਜੁਗ ਬੈਠੇ ਢੇਰੀ ਢਾਹੀਆ । ਈਸਾ ਮੂਸਾ ਮੁਹੰਮਦ ਹੋਏ ਬੇਹਾਲ, ਬਿਹਬਲ ਹੋਏ ਦੇਣ ਦੁਹਾਈਆ । ਚਾਰ ਯਾਰੀ ਹੋਈ ਕੰਗਾਲ, ਸਚ ਵਸਤ ਨਜ਼ਰ ਕੋਇ ਨਾ ਆਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਖੇ ਥਾਉਂ ਥਾਈਂਆ । ਜੁਗ ਜੁਗ ਵੇਖੇ ਸ੍ਰੀ ਭਗਵੰਤ, ਵੇਖਣਹਾਰਾ ਨਜ਼ਰ ਨਾ ਆਇੰਦਾ । ਕਲਜੁਗ ਅੰਤਮ ਮਾਇਆ ਪਈ ਬੇਅੰਤ, ਦਵੈਤੀ ਪਰਦਾ ਕੋਇ ਨਾ ਲਾਹਿੰਦਾ । ਕਿਸੇ ਨਾ ਮਿਲਿਆ ਹਰਿ ਜੂ

੮੫੮ ੧੨

ਕੰਤ, ਸਚ ਸੁੱਚ ਨਾ ਕੋਇ ਹੰਢਾਇੰਦਾ । ਸ੍ਰਿਸ਼ਟ ਸਬਾਈ ਭੁਲੀ ਭਗਵੰਤ, ਭਗਵਨ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਗੁਰ ਗੁਰ ਧਾਰ, ਸ਼ਬਦੀ ਸ਼ਬਦ ਨਾਦ ਜਣਾਈਆ । ਨਾਨਕ ਗੋਬਿੰਦ ਕਰੇ ਵੀਚਾਰ, ਹਰਿ ਵੀਚਾਰ ਵਿਚ ਨਾ ਆਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਪੁਕਾਰ ਪੁਕਾਰ ਅੱਗੇ ਸੁਣਾਈਆ । ਆਦਿ ਜੁਗਾਦੀ ਏਕੰਕਾਰ, ਇਕ ਇਕੱਲਾ ਸੱਚਾ ਮਾਹੀਆ । ਵਸਣਹਾਰਾ ਧਾਮ ਨਿਆਰ, ਸਚਖੰਡ ਬੈਠਾ ਡੇਰਾ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਥਿਰ ਘਰ ਵਾਸੀ ਰਾਗ ਸੁਣਾਈਆ । ਰਾਗੀ ਨਾਦੀ ਗਏ ਹਾਰ, ਬ੍ਰਹਮ ਪਾਰਬ੍ਰਹਮ ਖੋਜ ਨਾ ਪਾਈਆ । ਅੰਡਜ ਜੇਰਜ ਉਤਭੁਜ ਸੇਤਜ ਹੋਏ ਖੁਆਰ, ਬਿਨ ਹਰਿ ਨਾਮੇ ਨਾ ਕੋਇ ਚਤੁਰਾਈਆ । ਪਰਾ ਪਸੰਤੀ ਮਧਮ ਬੈਖਰੀ ਗਾ ਗਾ ਥੱਕੀ ਵਾਰ, ਸਾਚੀ ਵਾਰਤਾ ਨਾ ਕੋਇ ਸੁਣਾਈਆ । ਸੰਤ ਸਾਧ ਨੇਤਰ ਖੋਲ੍ਹ ਖੋਲ੍ਹ ਥੱਕੇ ਕਿਵਾੜ, ਬੰਦ ਕੁੰਡਾ ਨਾ ਕੋਇ ਖੁਲ੍ਹਾਈਆ । ਕਲਜੁਗ ਅਗਨੀ ਤਤੀ ਹਾੜ, ਸ੍ਰਿਸ਼ਟ ਸਬਾਈ ਰਹੀ ਜਲਾਈਆ । ਲੱਗੀ ਅੱਗ ਬਹੱਤਰ ਨਾੜ, ਨਾ ਸਕੇ ਕੋਇ ਬੁਝਾਈਆ । ਨਾਤਾ ਛੁੱਟਿਆ ਗੁਰ ਅਵਤਾਰ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਅਠਸਠ ਤੀਰਥ ਹੋਏ ਖੁਆਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਹਾਹਾਕਾਰ, ਹਰਿ ਹਰਿ ਨਾਮ ਨਾ ਕੋਇ ਧਿਆਈਆ । ਨੌਂ ਖੰਡ ਪ੍ਰਿਥਮੀ ਹੋਈ ਨਾਰ ਵਿਭਚਾਰ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਕਾਗਦ ਕਲਮ ਸ਼ਾਹੀ ਲਿਖ ਲਿਖ ਗਈ ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਏ ਗਵਾਹੀਆ । ਪੜ੍ਹ ਪੜ੍ਹ ਥੱਕਾ ਜੀਵ ਸੰਸਾਰ, ਪੜ੍ਹ ਪੜ੍ਹ ਮੁਕਤ ਕਿਸੇ ਨਾ ਆਈਆ । ਸਾਚੀ ਜੁਗਤੀ ਹੱਥ ਰੱਖੇ ਨਿਰੰਕਾਰ, ਬਿਨ ਭਗਤਾਂ ਨਾ ਕਿਸੇ ਸਮਝਾਈਆ । ਕੋਟਨ ਕੋਟ ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਵਾਜਾਂ ਰਹੇ ਮਾਰ, ਕੂਕ ਕੂਕ ਸੁਣਾਈਆ । ਕੋਟਨ ਕੋਟ ਡੁੱਬੇ ਜਲ ਜਲ ਧਾਰ, ਕੋਟਨ ਕੋਟ ਡੂੰਘੀ ਗਾਰ ਬੈਠੇ ਆਸਣ ਲਾਈਆ । ਕੋਟਨ ਕੋਟ ਕਾਇਆ ਮਾਟੀ ਮਲ ਮਲ ਛਾਰ, ਧੂਣੀ ਬੈਠੇ ਜਗਤ ਤਪਾਈਆ । ਕੋਟਨ ਕੋਟ ਫਿਰ ਫਿਰ ਗਏ ਹਾਰ, ਬਣਖੰਡ ਫੇਰਾ ਪਾਈਆ । ਕੋਟਨ ਕੋਟ ਪੜ੍ਹ ਪੜ੍ਹ ਸੁਣਾਵਣ ਵਾਰ, ਰਸਨਾ ਜਿਹਵਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਵੇਖੇ ਚਾਈਂ ਚਾਈਂਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਲੰਘ, ਕਲਜੁਗ ਅੰਤਮ ਆਇੰਦਾ । ਕੂੜ ਕੁੜਿਆਰਾ ਵੱਜੇ ਮਰਦੰਗ, ਨੌਂ ਖੰਡ ਪ੍ਰਿਥਮੀ ਰਾਗ ਸੁਣਾਇੰਦਾ । ਮਾਇਆ ਮਮਤਾ ਗਾਏ ਛੰਦ, ਹਉਮੇ ਹੰਗਤਾ ਗੀਤ ਅਲਾਇੰਦਾ । ਜੀਵ ਜੰਤ ਹੋਏ ਨੰਗ, ਸਤਿ ਪਰਦਾ ਨਾ ਕੋਇ ਰਖਾਇੰਦਾ । ਕਰਮ ਧਰਮ ਹੋਇਆ ਖੰਡ, ਖੰਡਾ ਨਾਮ ਨਾ ਕੋਇ ਚਮਕਾਇੰਦਾ । ਜਗਤ ਵਾਸਨਾ ਹੋਇਆ ਘੁਮੰਡ, ਨਿਵਣ ਸੋ ਅੱਖਰ ਨਾ ਕੋਇ ਪੜ੍ਹਾਇੰਦਾ । ਸੁਰਤ ਸੁਆਣੀ ਹੋਈ ਰੰਡ, ਸ਼ਬਦ ਹਾਣੀ ਕੰਤ ਨਾ ਕੋਇ ਮਿਲਾਇੰਦਾ । ਰਸਨਾ ਖਾ ਖਾ ਥੱਕੇ ਗੰਦ, ਸਚ ਸੁਗੰਧੀ ਨਾ ਕੋਇ ਮਹਿਕਾਇੰਦਾ । ਜਗਤ ਨੇਤਰ ਪੇਖ ਪੇਖ ਥੱਕੇ ਜਗਤ ਚੰਦ, ਗ੍ਰਿਹਿ ਪਰਕਾਸ਼ ਨਾ ਕੋਇ ਕਰਾਇੰਦਾ । ਗਾ ਗਾ ਥੱਕੇ ਬੱਤੀ ਦੰਦ, ਬਿਨ ਦੰਦਾਂ ਰਾਗ ਨਾ ਕੋਇ ਅਲਾਇੰਦਾ । ਜਾਤ ਪਾਤ ਦੀਨ ਮਜ਼੍ਹਬ ਦੂਈ ਦਵੈਤੀ ਹੋਈ ਕੰਧ, ਸ਼ਰਅ ਪਰਦਾ ਨਾ ਕੋਇ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਗਤ ਵੰਡਾਂ ਗਏ ਵੰਡ, ਹੱਦ ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਸਾਹਿਬ ਦਿਆਲ ਠਾਕਰ ਸਵਾਮੀ ਇਕ ਸੁਣਾਏ ਸੁਹਾਗੀ ਛੰਦ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ ।

ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਤਮ ਪਰਮਾਤਮ ਇਕ ਅਨੰਦ, ਨਿਜਾਨੰਦ ਰਸ ਚਖਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਆਪਣਾ ਬੰਧਣ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਚਲੇ ਰਾਹ ਨਿਰਾਲਾ, ਨਿਰਗੁਣ ਆਪਣੀ ਧਾਰ ਚਲਾਈਆ । ਕਲਜੁਗ ਅੰਤਮ ਹੋ ਉਜਾਲਾ, ਜੋਤੀ ਜਾਤਾ ਵੇਸ ਵਟਾਈਆ । ਕਿਰਪਾ ਨਿਧ ਦੀਨ ਦਿਆਲਾ, ਸਿਰ ਦੀਨਨ ਹੱਥ ਟਿਕਾਈਆ । ਇਕ ਵਖਾਏ ਸਚ ਸੱਚੀ ਧਰਮਸਾਲਾ, ਘਰ ਘਰ ਵਿਚ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਣ ਜੁਗਤ ਜੁਗਤ ਜਣਾਈਆ । ਭੌ ਚੁੱਕੇ ਕਾਲ ਮਹਾਕਾਲਾ, ਭਿਆਨਕ ਹੋਏ ਆਪ ਸਹਾਈਆ । ਏਥੇ ਓਥੇ ਚਲੇ ਨਾਲ ਨਾਲਾ, ਸਗਲਾ ਸੰਗ ਨਿਭਾਈਆ । ਮਾਰਗ ਦੱਸੇ ਇਕ ਸੁਖਾਲਾ, ਚਾਰ ਵਰਨ ਰਾਹ ਵਖਾਈਆ । ਫਲ ਲਗਾਏ ਕਾਇਆ ਡਾਲਾ, ਫੁਲ ਫਲਵਾੜੀ ਆਪ ਮਹਿਕਾਈਆ । ਗੁਰਮੁਖ ਗੁਰਸਿਖ ਹਰਿ ਸਤਿਗੁਰ ਬਣਾਏ ਸੱਚਾ ਲਾਲਾ, ਬਾਲ ਅਞਾਣਾ ਗੋਦ ਉਠਾਈਆ । ਏਕਾ ਦੇਵੇ ਨਾਮ ਸੱਚਾ ਧੰਨ ਮਾਲਾ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚਾ ਰਾਹ ਵਖਾਈਆ । ਕਲਜੁਗ ਅੰਤਮ ਦੱਸੇ ਰਾਹ, ਲੱਖ ਚੁਰਾਸੀ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਇਕ ਮਲਾਹ, ਪੁਰਖ ਅਬਿਨਾਸ਼ੀ ਬੇੜਾ ਇਕ ਉਠਾਇੰਦਾ । ਆਦਿ ਜੁਗਾਦੀ ਇਕੋ ਨਾਂ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਦ੍ਰਿੜਾਇੰਦਾ । ਪੁਰਖ ਅਕਾਲ ਪਿਤਾ ਮਾਂ, ਲੱਖ ਚੁਰਾਸੀ ਪੂਤ ਉਪਾਇੰਦਾ । ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਹੰਸਾ ਜਾਪ ਜਪਾਇੰਦਾ । ਕਲਜੁਗ ਅੰਤਮ ਲੇਖਾ ਦਏ ਮੁਕਾ, ਲੋਕਮਾਤ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਸੋਈ ਸੁਰਤੀ ਦਏ ਜਗਾ, ਸ਼ਬਦੀ ਡੰਕਾ ਇਕ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਭਗਤ ਭਗਵੰਤ ਲਏ ਹਿਲਾ, ਹਰਕਤ ਆਪਣੀ ਆਪ ਰਖਾਇੰਦਾ । ਸਭ ਦੀ ਸਿਰਕਤ ਦਏ ਮਿਟਾ, ਲਾਸ਼ਰੀਕ ਫੇਰਾ ਪਾਇੰਦਾ । ਮਰਦ ਮਰਦਾਨਾ ਆਪ ਅਖਵਾ, ਨਾਮ ਮਰਦੰਗਾ ਇਕ ਵਜਾਇੰਦਾ । ਦੀਨ ਮਜ਼੍ਹਬ ਡੇਰਾ ਦੇਵੇ ਢਾਹ, ਜ਼ਾਤ ਪਾਤ ਰਹਿਣ ਨਾ ਕੋਇ ਪਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਦਏ ਬਹਾ, ਸ਼ਾਹ ਸੁਲਤਾਨਾ ਸੰਗ ਰਖਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਸਾਚਾ ਮੰਤਰ ਦਏ ਪੜ੍ਹਾ, ਸਾਚੀ ਸਿਖਿਆ ਇਕ ਰਖਾਇੰਦਾ । ਸਾਚੇ ਮੰਦਰ ਕੁੰਡਾ ਦੇਵੇ ਲਾਹ, ਕਾਇਆ ਬੰਕ ਆਪ ਸੁਹਾਇੰਦਾ । ਨਿਝਰ ਝਿਰਨਾ ਦਏ ਝਿਰਾ, ਅੰਮ੍ਰਿਤ ਰਸ ਮੁਖ ਚੁਆਇੰਦਾ । ਕਲਜੁਗ ਕੂੜਾ ਝੇੜਾ ਦਏ ਮੁਕਾ, ਝੰਜਟ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਅੰਗੀਕਾਰ ਲਏ ਕਰਾ, ਅੰਗ ਅੰਗ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਖੇਲ ਕਰਾਇੰਦਾ । ਜੁਗ ਕਰਤਾ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਝੁਲਾਵਣਹਾਰਾ ਸਚ ਨਿਸ਼ਾਨ, ਸ਼ਬਦ ਨਿਸ਼ਾਨਾ ਹੱਥ ਉਠਾਈਆ । ਧੁਰਦਰਗਾਹੀ ਹੁਕਮਰਾਨ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਬੁਲਾਈਆ । ਸਚ ਸੰਦੇਸਾ ਨੌਜਵਾਨ, ਏਕਾ ਵਾਰ ਸੁਣਾਈਆ । ਨੇਤਰ ਖੋਲ੍ਹੇ ਮਾਰ ਧਿਆਨ, ਨੌਂ ਖੰਡ ਪ੍ਰਿਥਮੀ ਲੋਕਮਾਤ ਰਹੀ ਕੁਰਲਾਈਆ । ਕਿਸੇ ਨਜ਼ਰ ਨਾ ਆਏ ਸਚ ਈਮਾਨ, ਮੁਰੀਦ ਮੁਰਸ਼ਦ ਨਾ ਕੋਇ ਸਹਾਈਆ । ਕਿਸੇ ਮਿਲੇ ਨਾ ਮੰਤਰ ਸਤਿ ਨਾਮ, ਨਾਮ ਸਤਿ ਨਾ ਕੋਇ ਕੁੜਮਾਈਆ । ਚਾਰੋਂ ਕੁੰਟ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਆਪਣਾ ਘੁੰਗਟ ਲਾਹੀਆ । ਦਰ ਦਰ ਘਰ ਘਰ ਨੱਚੇ ਆਣ, ਬਣ ਸਵਾਂਗੀ ਸਵਾਂਗ ਵਟਾਈਆ । ਨੇਤਰ

ਨੈਣ ਨੈਣ ਸ਼ਰਮਾਣ, ਗੁਰਮੁਖ ਨੈਣ ਨਾ ਕੋਇ ਉਠਾਈਆ । ਬਹੁੜੀ ਬਹੁੜੀ ਕਰ ਕੁਰਲਾਣ, ਕੂਕ ਕੂਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਮੁਕਾਈਆ । ਕਲਜੁਗ ਲੇਖਾ ਅੰਤ ਮੁਕੌਣਾ, ਹਰਿ ਸਤਿਗੁਰ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੇਖ ਜਣੌਣਾ, ਲੇਖ ਆਪਣੇ ਹੱਥ ਰਖਾਇੰਦਾ । ਤ੍ਰੈਗੁਣ ਮਾਇਆ ਡੇਰਾ ਢੌਣਾ, ਪੰਚਮ ਗੜ੍ਹ ਨਾ ਕੋਇ ਸੁਹਾਇੰਦਾ । ਤੇਈ ਅਵਤਾਰਾਂ ਪੰਧ ਮੁਕੌਣਾ, ਭਗਤ ਅਠਾਰਾਂ ਜੋਤ ਮਿਲਾਇੰਦਾ । ਈਸਾ ਮੂਸਾ ਮੁਹੰਮਦ ਨੂਰੀ ਜਲਵਾ ਨੂਰ ਦਰਸੌਣਾ, ਜ਼ਹੂਰ ਅੱਗੇ ਨਾ ਕੋਇ ਰਖਾਇੰਦਾ । ਨਾਨਕ ਗੋਬਿੰਦ ਗੋਬਿੰਦ ਨਾਨਕ ਏਕਾ ਗੋਦ ਬਹੌਣਾ, ਆਪ ਆਪਣੀ ਗੋਦ ਸੁਹਾਇੰਦਾ । ਚਾਰ ਵੇਦ ਝੋਲੀ ਪੌਣਾ, ਸ਼ਾਸਤਰ ਸਿਮਰਤ ਨਾਲ ਰਲਾਇੰਦਾ । ਪੁਰਾਨ ਅਠਾਰਾਂ ਮੋਹ ਚੁਕੌਣਾ, ਗੀਤਾ ਗਿਆਨ ਗੰਢ ਪੁਵਾਇੰਦਾ । ਅੰਜੀਲ ਕੁਰਾਨਾ ਪਰਦਾ ਲੌਹਣਾ, ਲਾਹ ਲਾਹ ਸ਼ੁਕਰ ਮਨਾਇੰਦਾ । ਖਾਣੀ ਬਾਣੀ ਬਾਣੀ ਖਾਣੀ ਗੁਰ ਗੁਰ ਰੂਪ ਸਮੌਣਾ, ਗੁਰ ਗੁਰ ਏਕਾ ਰਾਹ ਚਲਾਇੰਦਾ । ਪੂਰਬ ਲੇਖਾ ਪੂਰ ਕਰੌਣਾ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਵੇਦ ਵਿਆਸਾ ਨੈਣ ਖੁਲ੍ਹੌਣਾ, ਮੂਸਾ ਏਕਾ ਨੂਰ ਦਰਸਾਇੰਦਾ । ਈਸਾ ਆਸ ਪੂਰ ਕਰੌਣਾ, ਨੂਰ ਇਲਾਹੀ ਫੇਰਾ ਪਾਇੰਦਾ । ਮੁਹੰਮਦ ਪੰਧ ਆਪ ਮੁਕੌਣਾ, ਸਦੀ ਚੌਧਵੀ ਚੌਦਾਂ ਤਬਕਾਂ ਰਾਹ ਜਣਾਇੰਦਾ । ਨਾਨਕ ਗੋਬਿੰਦ ਲੇਖਾ ਲੇਖੇ ਲੌਣਾ, ਲੇਖਾ ਆਪਣਾ ਹੱਥ ਰਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਅਜੂਨੀ ਰਹਿਤ ਅਨਭਵ ਪਰਕਾਸ਼ ਇਕ ਕਰੌਣਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਮਹਾਬਲੀ ਅਵਤਾਰ ਆਪਣਾ ਨਾਉਂ ਧਰੌਣਾ, ਮਾਤ ਪਿਤ ਨਾ ਕੋਇ ਬਣਾਇੰਦਾ । ਨਾਮ ਡੰਕਾ ਇਕ ਵਜੌਣਾ, ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਲਜੁਗ ਕੂੜਾ ਪੰਧ ਮੁਕੌਣਾ, ਬਣ ਪਾਂਧੀ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਏਕਾ ਇਸ਼ਟ ਵਖੌਣਾ, ਗੁਰਦੇਵ ਇਕੋ ਨਜ਼ਰੀ ਆਇੰਦਾ । ਭਗਤ ਭਗਵੰਤ ਦ੍ਰਿਸ਼ਟ ਖੁਲ੍ਹੌਣਾ, ਦ੍ਰਿਸ਼ਟੀ ਆਪਣੀ ਏਕਾ ਪਾਇੰਦਾ । ਜਨਤ ਬਹਿਸ਼ਤ ਚਰਨਾਂ ਹੇਠ ਦਬੌਣਾ, ਚਰਨ ਕਵਲ ਕਵਲ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਕਰੇ ਕਰਤਾਰਾ, ਕਲਜੁਗ ਅੰਤਮ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਸੋਭਾ ਪਾਈਆ । ਥਿਰ ਘਰ ਖੋਲ੍ਹਣਹਾਰ ਕਿਵਾੜਾ, ਸੁੰਨ ਅਗੰਮੀ ਡੇਰਾ ਲਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਦਿ ਜੁਗਾਦੀ ਜਾਣੇ ਆਪਣੀ ਕਾਰਾ, ਬ੍ਰਹਮ ਬ੍ਰਹਿਮਾਦੀ ਖੋਜ ਖੋਜਾਈਆ । ਅਨਾਦ ਅਨਾਦੀ ਬੋਲ ਜੈਕਾਰਾ, ਵਿਸਮਾਦੀ ਵਿਸਮਾਦ ਕਰੇ ਸ਼ਨਵਾਈਆ । ਵਰਨ ਬਰਨ ਜ਼ਾਤ ਪਾਤ ਤੇ ਵਸੇ ਬਾਹਰਾ, ਦੀਨ ਮਜ਼੍ਹਬ ਵੰਡ ਨਾ ਕੋਇ ਰਖਾਈਆ । ਕਾਗ਼ਜ਼ ਕਲਮ ਸ਼ਾਹੀ ਪਾਵੇ ਨਾ ਕੋਇ ਸਾਰਾ, ਸੱਤ ਸਮੁੰਦਰ ਮਸ ਨੇਤਰ ਰੋਵੇ ਅਠਾਰਾਂ ਭਾਰ ਬਨਾਸਪਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਪੈਂਡਾ ਆਪ ਮੁਕਾਈਆ । ਕਲਜੁਗ ਪੈਂਡਾ ਜਾਏ ਮੁੱਕ, ਹਰਿ ਸਤਿਗੁਰ ਆਪ ਮੁਕਾਇੰਦਾ । ਦੂਰ ਦੁਰਾਡਾ ਨੇੜੇ ਹੋ ਕੇ ਵੇਖੇ ਝੁਕ, ਅੰਦਰ ਵੜ ਵੜ ਕੁੰਡਾ ਲਾਹਿੰਦਾ । ਲੇਖਾ ਜਾਣੇ ਪੰਜ ਤਤ ਕਾਇਆ ਮਾਟੀ ਬੁੱਤ, ਬੁੱਤ ਆਪਣਾ ਨਾ ਕੋਇ ਰਖਾਇੰਦਾ । ਕਲਜੁਗ ਜੀਵ ਅਪਰਾਧੀ ਹੋਏ ਸੁਤ, ਪੂਤ ਸਪੂਤਾ ਨਾਉਂ ਨਾ ਕੋਇ ਧਰਾਇੰਦਾ । ਘਰ ਘਰ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਬੈਠਾ ਲੁਕ, ਦਿਨ ਦਿਹਾੜੇ ਲੁੱਟੀ ਜਾਇੰਦਾ । ਹਉਮੇ ਹੰਗਤਾ ਮਾਇਆ ਮਮਤਾ ਪਈ ਲੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ

ਅੰਤਮ ਵੇਖੇ ਮਾਹੀ, ਮਿਹਰਵਾਨ ਵਡੀ ਵਡਿਆਈਆ । ਨਿਰਗੁਣ ਨਿਰਗੁਣ ਕਰ ਰੁਸ਼ਨਾਈ, ਜੋਤੀ ਜਾਤਾ ਵੇਸ ਵਟਾਈਆ । ਜਨ ਭਗਤ ਸੁਹੇਲੇ ਲਏ ਉਠਾਈ, ਗੁਰ ਚੇਲੇ ਮੇਲ ਮਿਲਾਈਆ । ਆਦਿ ਅੰਤ ਜੋ ਬਣਦਾ ਰਿਹਾ ਸਾਈ, ਬਣ ਸੇਵਕ ਸੇਵ ਕਮਾਈਆ । ਜਿਸ ਨੂੰ ਕਹਿੰਦੇ ਆਦਿ ਸ਼ਕਤ ਮਾਈ, ਸੋ ਮੱਯਾ ਖੇਲ ਕਰਾਈਆ । ਜਿਸ ਨੂੰ ਕਹਿੰਦੇ ਚਤੁਰਭੁਜ ਗੁਸਾਈਂ, ਸੋ ਨਿਰਗੁਣ ਖੜਗ ਖੰਡਾ ਇਕ ਚਮਕਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਮਨਾਈ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਜਿਸ ਨੂੰ ਭਗਤ ਮੰਨਦੇ ਰਹੇ ਬੇਪਰਵਾਹੀ, ਸੋ ਬੇਪਰਵਾਹ ਫੇਰਾ ਪਾਇੰਦਾ । ਜਿਸ ਦੀ ਝੱਲੇ ਨਾ ਕੋਇ ਜੁਦਾਈ, ਸਾਧ ਸੰਤ ਸਰਬ ਕੁਰਲਾਇੰਦਾ । ਆਦਿ ਅੰਤ ਕਰੇ ਕੁੜਮਾਈ, ਲੱਖ ਚੁਰਾਸੀ ਨਾਤਾ ਜੋੜ ਜੁੜਾਇੰਦਾ । ਕਲਜੁਗ ਅੰਤਮ ਨਿਹਕਲੰਕਾ ਆਪਣਾ ਨਾਉਂ ਧਰਾਈ, ਦੋ ਜਹਾਨਾਂ ਡੰਕ ਵਜਾਇੰਦਾ । ਗੁਰਮੁਖ ਪਕੜੇ ਸਾਚੇ ਬਾਹੀਂ, ਫੜ ਬਾਂਹੋਂ ਗਲੇ ਲਗਾਇੰਦਾ । ਜਨਮ ਜਨਮ ਦੀ ਕੱਟਣਹਾਰਾ ਫਾਹੀ, ਫਾਸੀ ਜਨ ਨਾ ਕੋਇ ਵਖਾਇੰਦਾ । ਰਾਏ ਧਰਮ ਨਾ ਦਏ ਸਜ਼ਾਈ, ਚਿਤਰ ਗੁਪਤ ਨੇੜ ਨਾ ਆਇੰਦਾ । ਲਾੜੀ ਮੌਤ ਨਾ ਲਏ ਪਰਣਾਈ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਜੁਗ ਜੁਗ ਰੰਗ ਚੜ੍ਹਾਏ ਰੰਗੀਲਾ, ਏਕਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਮਿਲਣ ਦਾ ਆਪੇ ਕਰਿਆ ਹੀਲਾ, ਜਗਤ ਵਿਚੋਲਾ ਨਾ ਕੋਇ ਬਣਾਈਆ । ਚੜ੍ਹਣਹਾਰਾ ਅਸਵ ਨੀਲਾ, ਨੀਲੀ ਧਾਰ ਪਾਰ ਕਰਾਈਆ । ਸ਼ਾਹ ਸੁਲਤਾਨ ਛੈਲ ਛਬੀਲਾ, ਸ਼ਾਹ ਸਵਾਰ ਵਡੀ ਵਡਿਆਈਆ । ਕਲਜੁਗ ਅੰਤਮ ਵੇਖਣ ਆਇਆ ਆਪਣਾ ਕਬੀਲਾ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਬਦਲਣਹਾਰ ਦਲੀਲਾ, ਸਚ ਦਲੀਲ ਇਕ ਦ੍ਰਿੜਾਈਆ । ਭਗਤ ਭਗਵਾਨ ਬਣੇ ਆਪ ਵਕੀਲਾ, ਸਚ ਵਕਾਲਤ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਤਰਾਈਆ । ਜੁਗ ਜੁਗ ਤਾਰੇ ਆਪ ਪ੍ਰਭ, ਨਿਰਧਨ ਦਇਆ ਕਮਾਇੰਦਾ । ਕੂੜੀ ਕਿਰਿਆ ਮਿਟੇ ਹੱਦ, ਝੂਠੀ ਵੰਡ ਨਾ ਕੋਇ ਵੰਡਾਇੰਦਾ । ਅੰਮ੍ਰਿਤ ਰਸ ਪਿਆਏ ਮਦਿ, ਨਾਮ ਖੁਮਾਰੀ ਇਕ ਚੜ੍ਹਾਇੰਦਾ । ਪੰਚ ਵਿਕਾਰਾ ਵਿਚੋਂ ਕੱਢ, ਪੰਚਮ ਮੇਲ ਮਿਲਾਇੰਦਾ । ਸਚ ਦਵਾਰੇ ਗੁਰਮੁਖ ਸੱਦ, ਏਕਾ ਛੰਦ ਸੁਣਾਇੰਦਾ । ਕੋਟਨ ਕੋਟ ਕਾਲ ਗਏ ਲਦ, ਕਲਜੁਗ ਅੰਤ ਰਹਿਣ ਨਾ ਪਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜੋ ਬੈਠੇ ਹੋ ਕੇ ਅੱਡ, ਅੰਤਮ ਹਰਿ ਜੂ ਮੇਲ ਮਿਲਾਇੰਦਾ । ਚਰਨ ਦਵਾਰੇ ਸਾਰਿਆਂ ਆਉਣਾ ਭੱਜ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਮੇਟ ਮਿਟਾਏ ਲੋਕ ਲੱਜ, ਲੱਜਿਆ ਵਿਚ ਕਦੇ ਨਾ ਆਇੰਦਾ । ਭਗਤ ਭਗਵਾਨ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਬਿਨਾਸ਼ੀ ਚਰਨ ਦਵਾਰੇ ਚਾਰ ਵਰਨ ਬਹਿਣਾ ਸਜ, ਊਚ ਨੀਚ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਆਪ ਮੁਕਾਇੰਦਾ । ਲਹਿਣਾ ਦੇਣਾ ਮੁੱਕੇ ਜਗ, ਜਗਜੀਵਣ ਦਾਤਾ ਆਪ ਮੁਕਾਈਆ । ਤ੍ਰੈਗੁਣ ਅਗਨੀ ਬੁਝੇ ਅੱਗ, ਸਾਂਤਕ ਸਤਿ ਸਤਿ ਕਰਾਈਆ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਰਘੁਪਤ ਆਪਣਾ ਮੇਲ ਮਿਲਾਈਆ । ਮੁਰੀਦ ਮੁਰਸ਼ਦ ਕਰਾਏ ਹੱਜ, ਕਾਇਆ ਕਾਅਬਾ ਇਕ ਸੁਹਾਈਆ । ਸਾਚੀ ਨੌਬਤ ਜਾਏ ਵੱਜ, ਅਨਹਦ ਰਾਗੀ ਰਾਗ ਸੁਣਾਈਆ । ਸਤਿ ਪੁਰਖ


੮੬੨ ੧੨

ਨਿਰੰਜਣ ਸਤਿ ਸਤਿਵਾਦੀ ਦਰਗਹਿ ਸਾਚੀ ਬੈਠਾ ਜੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਪੰਧ ਮੁਕਾਈਆ । ਕਲਜੁਗ ਅੰਤਮ ਮੁੱਕੇ ਪੰਧ, ਪਾਂਧੀ ਮਾਤ ਰਹਿਣ ਨਾ ਪਾਈਆ । ਕੋਈ ਖਾਏ ਨਾ ਮਦਰਾ ਮਾਸ ਗੰਦ, ਅੰਮ੍ਰਿਤ ਮੁਖ ਚੁਆਈਆ । ਕੋਈ ਨਾ ਦਿਸੇ ਨਾਰ ਰੰਡ, ਸੁਹਾਗ ਕੰਤ ਇਕ ਹੰਢਾਈਆ । ਕੋਈ ਨਾ ਰਹੇ ਭਾਗਾਂ ਮੰਦ, ਰਸਨਾ ਜਿਹਵਾ ਹਰਿ ਗੁਣ ਗਾਈਆ । ਕੋਈ ਨਾ ਹੋਏ ਨੇਤਰ ਅੰਧ, ਅਗਿਆਨ ਅੰਧੇਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦਏ ਲਗਾਈਆ । ਸਤਿਜੁਗ ਸਾਚਾ ਲੱਗੇ ਮਾਤ, ਹਰਿ ਸਤਿਗੁਰ ਆਪ ਲਗਾਇੰਦਾ । ਗ਼ਰੀਬ ਨਿਮਾਣਿਆ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਇੰਦਾ । ਇਕੋ ਮੰਤਰ ਇਕੋ ਜਾਪ, ਏਕਾ ਪੁਰਖ ਅਕਾਲ ਪੜ੍ਹਾਇੰਦਾ । ਇਕੋ ਪੂਜਾ ਇਕੋ ਪਾਠ, ਇਸ਼ਟ ਗੁਰਦੇਵ ਇਕ ਰਖਾਇੰਦਾ । ਇਕੋ ਨਾਤਾ ਕਮਲਾਪਾਤ, ਪੁਰਖ ਬਿਧਾਤਾ ਆਪ ਜੁੜਾਇੰਦਾ । ਇਕੋ ਰਸੂਲ ਪਾਕੀ ਪਾਕ, ਰਹਿਬਰ ਇਕੋ ਨਜ਼ਰੀ ਆਇੰਦਾ । ਇਕੋ ਸੱਜਣ ਇਕੋ ਸਾਕ, ਸਗਲਾ ਸੰਗ ਇਕ ਨਿਭਾਇੰਦਾ । ਇਕ ਸਿੰਘਾਸਣ ਇਕੋ ਖਾਟ, ਏਕਾ ਹਰਿ ਜੂ ਸੋਭਾ ਪਾਇੰਦਾ । ਇਕ ਸਰੋਵਰ ਏਕਾ ਤਾਟ, ਅੰਮ੍ਰਿਤ ਇਕੋ ਇਕ ਨੁਹਾਇੰਦਾ । ਏਕਾ ਮੇਟਣਹਾਰਾ ਵਾਟ, ਜੁਗ ਚੌਕੜੀ ਪੰਧ ਮੁਕਾਇੰਦਾ । ਏਕਾ ਬੰਨ੍ਹਣਹਾਰਾ ਨਾਤ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਏਕਾ ਕਰਣਹਾਰਾ ਘਾਤ, ਲੱਖ ਚੁਰਾਸੀ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿ ਸਤਿਵਾਦੀ ਰਾਹ ਚਲਾਇੰਦਾ । ਸਤਿ ਸਤਿਵਾਦੀ ਹਰਿ ਕਾ ਨਾਉਂ, ਨਰ ਨਿਰੰਕਾਰ ਆਪ ਦ੍ਰਿੜਾਈਆ । ਲੇਖਾ ਜਾਣੇ ਅਗੰਮ ਅਥਾਹੋ, ਅਲੱਖ ਅਗੋਚਰ ਬੇਪਰਵਾਹੀਆ । ਗ਼ਰੀਬ ਨਿਮਾਣਿਆ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਈਆ । ਚਾਰ ਵਰਨ ਦੇਵੇ ਏਕਾ ਥਾਉਂ, ਅਠਾਰਾਂ ਬਰਨ ਏਕਾ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਨੇ ਯੋਗ, ਜੀਵਣ ਦਾਤਾ ਦਇਆ ਕਮਾਇੰਦਾ । ਆਤਮ ਪਰਮਾਤਮ ਸਾਚੀ ਚੋਗ, ਸੋਹੰ ਮਾਣਕ ਮੋਤੀ ਮੁਖ ਰਖਾਇੰਦਾ । ਲੇਖਾ ਜਾਣੇ ਚੌਦਾਂ ਲੋਕ, ਅਵਣ ਗਵਣ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਇਕ ਸਲੋਕ, ਸੋਹੰ ਢੋਲਾ ਆਪ ਜਣਾਇੰਦਾ । ਪਾਰਬ੍ਰਹਮ ਬ੍ਰਹਮ ਨਿਰਮਲ ਜੋਤ, ਜੋਤੀ ਜਾਤਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਰੰਗ ਰੰਗਾਇੰਦਾ । ਰੰਗ ਰਤੜਾ ਹਰਿ ਨਿਰੰਕਾਰਾ, ਏਕਾ ਰੰਗ ਸਮਾਈਆ । ਗੁਰਮੁਖ ਵੇਖੇ ਮੀਤ ਮੁਰਾਰਾ, ਮਿੱਤਰ ਪਿਆਰਾ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਚੌਕੜੀ ਬਣਿਆ ਰਿਹਾ ਯਾਰਾ, ਕਲਜੁਗ ਅੰਤਮ ਯਾਰੀ ਯਾਰਾਂ ਨਾਲ ਨਿਭਾਈਆ । ਵਸਣਹਾਰਾ ਸਚਖੰਡ ਸੱਚੇ ਦਰਬਾਰਾ, ਥਿਰ ਘਰ ਏਕਾ ਕੁੰਡਾ ਲਾਹੀਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲਜੁਗ ਅੰਤਮ ਫੇਰੀ ਪਾਈਆ । ਪਿਛਲਾ ਲੇਖਾ ਕਰੇ ਪਾਰ ਕਿਨਾਰਾ, ਅਗਲਾ ਮਾਰਗ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਸੰਤ ਸੱਜਣ ਗੁਰਮੁਖ ਗੁਰਸਿਖ ਸਾਰੇ ਬੋਲਣ ਇਕੋ ਨਾਅਰਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੋਹਲਾ ਦਏ ਸੁਣਾਈਆ । ਸਾਚਾ ਸੋਹਲਾ ਏਕੰਕਾਰ, ਕਲਜੁਗ ਅੰਤ ਆਪ ਜਣਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਲੱਖ ਚੁਰਾਸੀ ਕਰੇ ਪਿਆਰ, ਜੀਵ ਜੰਤ ਮੇਲ ਮਿਲਾਇੰਦਾ ।

ਆਤਮ ਪਰਮਾਤਮ ਦੇ ਅਧਾਰ, ਸਾਂਤਕ ਸਤਿ ਸਤਿ ਕਰਾਇੰਦਾ । ਪਾਰਬ੍ਰਹਮ ਬ੍ਰਹਮ ਮੇਲਾ ਵਿਚ ਸੰਸਾਰ, ਮਿਲ ਮਿਲ ਖ਼ੁਸ਼ੀ ਮਨਾਇੰਦਾ । ਬਣ ਵਿਚੋਲਾ ਇਕਓਅੰਕਾਰ, ਪਰਦਾ ਉਹਲਾ ਆਪ ਉਠਾਇੰਦਾ । ਸੋਹੰ ਸ਼ਬਦ ਅਗੰਮੀ ਧਾਰ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਆਪ ਵਰਤਾਇੰਦਾ । ਵਸਤ ਅਮੋਲਕ ਦੇਵੇ ਦਾਤ, ਮਿਹਰਵਾਨ ਆਪ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਇਕ ਜਮਾਤ, ਏਕਾ ਪੱਟੀ ਦਏ ਪੜ੍ਹਾਈਆ । ਨਿਸ਼ਅੱਖਰ ਵੱਖਰ ਲਿਖੇ ਬਿਨ ਕਲਮ ਦਵਾਤ, ਭੇਵ ਨਾ ਜਾਣੇ ਕੋਇ ਸ਼ਾਹੀਆ । ਬੋਧ ਅਗਾਧ ਸੁਣਾਏ ਗਾਥ, ਗੀਤ ਗੋਬਿੰਦ ਅਲਾਈਆ । ਲਹਿਣਾ ਦੇਣਾ ਜਾਣੇ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਈਆ । ਚਰਨ ਬਹਾਏ ਤ੍ਰਿਲੋਕੀ ਨਾਥ, ਅਨਾਥ ਅਨਾਥਾਂ ਦਏ ਵਡਿਆਈਆ । ਸ੍ਰਿਸ਼ਟ ਸਬਾਈ ਏਕਾ ਪਾਠ, ਆਤਮ ਪਰਮਾਤਮ ਦਏ ਜਣਾਈਆ । ਪਾਰਬ੍ਰਹਮ ਬ੍ਰਹਮ ਇਕੋ ਜ਼ਾਤ, ਦੂਜੀ ਜ਼ਾਤ ਨਾ ਕੋਇ ਰਖਾਈਆ । ਨੇੜ ਨਾ ਆਏ ਸ਼ਰਅ ਕਮਜ਼ਾਤ, ਕੁਲੱਖਣੀ ਫੇਰਾ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਆਪਣੀ ਹੱਥੀਂ ਕਰੇ ਘਾਤ, ਘਾਓ ਇਕੋ ਇਕ ਲਗਾਈਆ । ਅੰਤਮ ਕਲਜੁਗ ਚੁੱਕੇ ਵਾਟ, ਪਾਂਧੀ ਪੰਧ ਨਾ ਕੋਇ ਰਖਾਈਆ । ਤਿੰਨ ਜੁਗ ਸੁੱਤਾ ਰਹੇ ਖਾਟ, ਕਰਵਟ ਸਕੇ ਨਾ ਫੇਰ ਬਦਲਾਈਆ । ਸਤਿਜੁਗ ਸਾਚਾ ਖੁਲ੍ਹੇ ਹਾਟ, ਹਰਿ ਸਤਿਗੁਰ ਆਪ ਖੁਲ੍ਹਾਈਆ । ਜਨ ਭਗਤਾਂ ਦੇਵੇ ਇਕੋ ਦਾਤ, ਦਇਆਵਾਨ ਵਰਤਾਈਆ । ਦਰਸ ਦਿਖਾਏ ਬਹੁ ਬਿਧ ਭਾਂਤ, ਭੇਵ ਅਭੇਦ ਖੁਲ੍ਹਾਈਆ । ਰਾਤੀਂ ਸੁੱਤਿਆਂ ਪੁੱਛੇ ਵਾਤ, ਆਲਸ ਨਿੰਦਰਾ ਨਾ ਕੋਇ ਰਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੇਲ ਮਿਲਾਇਆ ਕਮਲਾਪਾਤ, ਘਰ ਸਾਚੇ ਵੱਜੇ ਵਧਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਸ਼ਬਾਸੀ ਚਰਨ ਕਵਲ ਵਖਾਏ ਨਿਵਾਸ, ਦੂਸਰ ਓਟ ਨਾ ਕੋਇ ਜਣਾਈਆ । ਸ਼ਾਹ ਸੁਲਤਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਨੌਜਵਾਨਾ ਵਸੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਸਾਚੇ ਉਠ ਉਠ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਦੀਪਕ ਜੋਤੀ ਦਏ ਚਿਰਾਗ਼, ਅੰਧ ਅੰਧੇਰ ਗਵਾਇੰਦਾ । ਗੁਰਮੁਖ ਮੇਲਾ ਸਤਿਗੁਰ ਸੱਜਣ ਸਾਕ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਕਰਨਹਾਰਾ ਪੂਰਾ ਭਵਿਖਤ ਵਾਕ, ਪਿਛਲਾ ਕੀਤਾ ਭੁੱਲ ਨਾ ਜਾਇੰਦਾ । ਪਾਕ ਰਸੂਲ ਪਾਕੀ ਪਾਕ, ਪਤਿਤ ਪੁਨੀਤ ਆਪ ਤਰਾਇੰਦਾ । ਨਿਝਰ ਰਸ ਅੰਮ੍ਰਿਤ ਝਿਰਨਾ ਲੈਣਾ ਚਾਟ, ਰਸ ਮਿੱਠਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗ੍ਰਿਹ ਮੰਦਰ ਇਕ ਸੁਹਾਇੰਦਾ । ਗ੍ਰਿਹ ਮੰਦਰ ਸੁਹਾਏ ਆਪ, ਆਪਣੀ ਦਇਆ ਕਮਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਗਾਏ ਪਾਠ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਵੇਖੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਦਾਤਾ ਦਾਨੀ ਦਇਆਵਾਨ, ਬਖ਼ਸ਼ੰਦ ਠਾਕਰ ਨਿਹਕਰਮੀ ਨਿਹਕਾਮੀ ਅੰਤਰਜਾਮੀ ਲੱਖ ਚੁਰਾਸੀ ਘਟ ਅੰਦਰ ਕਾਇਆ ਮੰਦਰ ਡੂੰਘੀ ਕੰਦਰ ਉਚ ਮਹੱਲ ਅਟੱਲ ਮੁਨਾਰ ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ ।

## ✳ ੨੪ ਭਾਦਰੋਂ ੨੦੧੯ ਬਿਕ੍ਰਮੀ ਸੁਖਰਾਮ ਦੇ ਗ੍ਰਿਹ ਪਿੰਡ ਚੱਕਰ ਜ਼ਿਲਾ ਲੁਧਿਆਣਾ ✳

ਸਚਖੰਡ ਨਿਵਾਸੀ ਸ੍ਰੀ ਭਗਵੰਤ, ਆਦਿ ਪੁਰਖ ਹਰਿ ਖੇਲ ਖਿਲਾਇੰਦਾ । ਜੁਗਾ ਜੁਗੰਤਰ ਸਾਚਾ ਕੰਤ, ਨਿਰਗੁਣ ਸਰਗੁਣ ਆਪ ਪਰਣਾਇੰਦਾ । ਆਤਮ ਪਰਮਾਤਮ ਬਣਾਏ ਬਣਤ, ਥਿਰ ਘਰ ਸਾਚੀ ਵੰਡ ਵੰਡਾਇੰਦਾ । ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਨੂਰ ਧਰਾਇੰਦਾ । ਬੋਧ ਅਗਾਧੀ ਮਣੀਆ ਮੰਤ, ਅੱਖਰ ਵੱਖਰ ਨਾਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਨਿਰਗੁਣ ਸਰਗੁਣ ਵੇਖੇ ਮਾਰ ਧਿਆਨ, ਲੱਖ ਚੁਰਾਸੀ ਫੋਲ ਫੋਲਾਈਆ । ਅੰਤਰ ਮੰਤਰ ਇਕ ਗਿਆਨ, ਗੁਰ ਗੁਰ ਸ਼ਬਦ ਪੜ੍ਹਾਈਆ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਰਾਗ ਸੁਣਾਏ ਅਗੰਮੀ ਗਾਣ, ਗਾਵਣਹਾਰਾ ਆਪ ਅਲਾਈਆ । ਸਤਿ ਸਰੂਪੀ ਪੀਣ ਖਾਣ, ਅੰਮ੍ਰਿਤ ਆਤਮ ਰਸ ਚਖਾਈਆ । ਬਜਰ ਕਪਾਟੀ ਖੋਲ੍ਹ ਦੁਕਾਨ, ਬੰਦ ਤਾਕੀ ਕੁੰਡਾ ਲਾਹੀਆ । ਨਾਤਾ ਤੋੜ ਪੰਜ ਸ਼ੈਤਾਨ, ਜਗਤ ਸ਼ਰੀਅਤ ਦਏ ਮਿਟਾਈਆ । ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਈਆ । ਜੁਗ ਚੌਕੜੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਜਨ ਭਗਤਾਂ ਦੇਵੇ ਸਾਚਾ ਦਾਨ, ਭਗਵਨ ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਥਾਹ, ਅਲੱਖ ਅਗੋਚਰ ਆਪਣੀ ਕਾਰ ਕਰਾਇੰਦਾ । ਭਗਤ ਭਗਵੰਤ ਬਣ ਮਲਾਹ, ਨਿਰਗੁਣ ਸਰਗੁਣ ਬੇੜਾ ਪਾਰ ਕਰਾਇੰਦਾ । ਸਿਫ਼ਤ ਸਲਾਹੀ ਦੇਵੇ ਨਾਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਭੇਵ ਅਭੇਦਾ ਆਪ ਖੁਲ੍ਹਾ, ਦੂਈ ਦਵੈਤੀ ਪਰਦਾ ਲਾਹਿੰਦਾ । ਸਾਚੀ ਸਿਖਿਆ ਇਕ ਦ੍ਰਿੜਾ, ਸਚ ਸੁੱਚ ਸੰਦੇਸਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਆਦਿ ਜੁਗਾਦਿ, ਪੁਰਖ ਅਕਾਲ ਵਡੀ ਵਡਿਆਈਆ । ਸਤਿ ਸਰੂਪੀ ਸਤਿ ਸਤਿਵਾਦੀ ਵਜਾਏ ਸੱਚਾ ਨਾਦ, ਅਨਹਦ ਨਾਦੀ ਨਾਦ ਸੁਣਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਸੰਤ ਸਤਿਗੁਰ ਆਪੇ ਲਾਦ, ਆਪ ਆਪਣਾ ਮੇਲ ਮਿਲਾਈਆ । ਸੁਰਤੀ ਸ਼ਬਦ ਲਡਾਏ ਲਾਡ, ਦੂਸਰ ਸੰਗ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਵਿਚੋਂ ਕਾਡ, ਮਮਤਾ ਮੋਹ ਦਏ ਤਜਾਈਆ । ਨੌਂ ਦਵਾਰੇ ਪਾਰ ਹਾਦ, ਜਗਤ ਵਾਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਤੇਰਾ ਕਾਇਆ ਬੰਕ, ਪੰਜ ਤਤ ਮਾਟੀ ਵੇਖ ਵਖਾਇੰਦਾ । ਜਗਤ ਤ੍ਰਿਸਨਾ ਹੋਇਆ ਸ਼ੰਕ, ਸੰਸਾ ਰੋਗ ਆਪ ਚੁਕਾਇੰਦਾ । ਏਕੰਕਾਰ ਇਕ ਸੁਣਾਏ ਆਪਣਾ ਅੰਕ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਦ੍ਰਿੜਾਇੰਦਾ । ਸਾਚੇ ਸੰਤ ਸੰਤ ਹਰਿ ਮੀਤਾ, ਪ੍ਰਭ ਵੱਡਾ ਵਡ ਵਡਿਆਈਆ । ਜੁਗ ਚੌਕੜੀ ਵੇਖੇ ਰੀਤਾ, ਰੀਤੀਵਾਨ ਬੇਪਰਵਾਹੀਆ । ਕਰੇ ਖੇਲ ਇਕ ਅਣਡੀਠਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਕਲਜੁਗ ਤਪੇ ਅੰਗੀਠਾ, ਅਗਨੀ ਤਤ ਨਾ ਕੋਇ ਬੁਝਾਈਆ । ਨਾਤਾ ਤੁੱਟਾ ਸੁਰਤ ਸੁਆਣੀ ਰਾਮ ਸੀਤਾ, ਸਾਚਾ ਕੰਤ ਨਾ ਕੋਇ ਵਡਿਆਈਆ । ਲੱਖ ਚੁਰਾਸੀ ਵੇਖਣਹਾਰਾ ਨੀਤਾ, ਨੀਤੀਵਾਨ ਸਹਿਜ ਸੁਖਦਾਈਆ । ਜੀਵ ਜੰਤ ਹੋਇਆ ਕੌੜਾ ਰੀਠਾ, ਮਿਠਾ ਰਸ ਨਾ ਕੋਇ ਚਖਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੇ ਗੀਤਾ, ਹਿਰਦੇ ਹਰਿ ਨਾ ਕੋਇ ਵਸਾਈਆ ।

੮੬੬
੧੨

ਸਾਕ ਸੱਜਣ ਮਿਲਿਆ ਮਿੱਤਰ ਮੀਤਾ, ਮਿੱਤਰ ਪਿਆਰਾ ਅੰਗ ਨਾ ਕੋਇ ਲਗਾਈਆ । ਰਸਨਾ ਜਿਹਵਾ ਮਦਿ ਪਿਆਲਾ ਪੀਤਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਆਤਮ ਪਰਮਾਤਮ ਸੁੱਤਾ ਦੇ ਕਰ ਪੀਠਾ, ਕਰਵਟ ਸਕੇ ਨਾ ਮਾਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਖਣਹਾਰਾ ਜਗਤ ਬਸੰਤਰ, ਰੂਪ ਅਨੂਪ ਆਪ ਧਰਾਈਆ । ਗੁਰਸਿਖ ਕਾਇਆ ਮਾਟੀ ਜਗਤ ਹੱਟ, ਲੱਖ ਚੁਰਾਸੀ ਵੰਡ ਵੰਡਾਇੰਦਾ । ਵਸਤ ਅਮੋਲਕ ਅੰਦਰ ਰੱਖ, ਨਿਰਗੁਣ ਸਰਗੁਣ ਪਰਦਾ ਪਾਇੰਦਾ । ਜਗਤ ਵਾਸਨਾ ਰਹੀ ਨੱਠ, ਨੱਠ ਨੱਠ ਪੰਧ ਨਾ ਕੋਇ ਮੁਕਾਇੰਦਾ । ਜੋ ਜਨ ਸਤਿਗੁਰ ਸਰਨਾਈ ਜਾਏ ਢੱਠ, ਤਿਸ ਪਰਦਾ ਆਪ ਉਠਾਇੰਦਾ । ਦੁਰਮਤ ਮੈਲ ਦੇਵੇ ਕੱਟ, ਨਿਰਮਲ ਨੀਰ ਸੀਰ ਪਿਆਇੰਦਾ । ਅਨਹਦ ਸ਼ਬਦ ਮਾਰੇ ਸੱਟ, ਤਾਲ ਤਲਵਾੜਾ ਆਪ ਵਜਾਇੰਦਾ । ਜੋਤ ਨਿਰੰਜਣ ਕਰ ਪਰਗਟ, ਅੰਧ ਅੰਧੇਰ ਮਿਟਾਇੰਦਾ । ਆਤਮ ਸੇਜਾ ਜਾਏ ਵਸ, ਸੇਜ ਸੁਹੰਜਣੀ ਆਪ ਸੁਹਾਇੰਦਾ । ਇਕੋ ਦੇਵੇ ਅੰਮ੍ਰਿਤ ਰਸ, ਰਸ ਰਸੀਆ ਮੁਖ ਚੁਆਇੰਦਾ । ਕਰ ਪਰਕਾਸ਼ ਕੋਟਨ ਰਵ ਸਸ, ਨਿਰਗੁਣ ਨਿਰਗੁਣ ਪਰਦਾ ਲਾਹਿੰਦਾ । ਸੰਤ ਸਾਜਣ ਮਾਰਗ ਦੱਸ, ਸਾਚੇ ਮਗ ਆਪ ਚਲਾਇੰਦਾ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਕੇ ਪੌੜੇ ਆਪ ਚੜ੍ਹਾਇੰਦਾ । ਜਗਤ ਵਿਕਾਰਾ ਹੋਏ ਸੱਥ, ਸੱਥਰ ਧਰਨੀ ਖਾਕ ਸਮਾਇੰਦਾ । ਭਗਤ ਭਗਵੰਤ ਦੇਵੇ ਵੱਥ, ਨਾਮ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਜਿਸ ਜਨ ਕਿਰਪਾ ਕਰੇ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਨਿਰਮਲ ਕਰਮ ਕਰੇ ਉਜਾਗਰ, ਉਜਰਤ ਕੋਇ ਨਾ ਮਾਂਗੇ ਮਾਹੀਆ । ਸਾਚੇ ਦਰ ਵਣਜ ਕਰਾਏ ਬਣ ਸੌਦਾਗਰ, ਦੋ ਜਹਾਨਾਂ ਹੱਟ ਖੁਲ੍ਹਾਈਆ । ਕਿਰਪਾ ਕਰੇ ਕਰੀਮ ਕਾਦਰ, ਬੇਐਬ ਪਰਵਰਦਿਗਾਰ ਨੂਰ ਇਲਾਹੀਆ । ਦੋ ਜਹਾਨਾਂ ਦੇਵਣਹਾਰਾ ਆਦਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਸਮਰਥ, ਦੂਸਰ ਨਜ਼ਰ ਕੋਇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਭਗਤ ਭਗਵੰਤ ਮਾਰਗ ਦੱਸ, ਮਹਿਫਲ ਇਕ ਘਰ ਵਖਾਇੰਦਾ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਪੰਧ ਮੁਕਾਏ ਨੱਸ ਨੱਸ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਆਤਮ ਪਰਮਾਤਮ ਦੇਵੇ ਸਾਚਾ ਰਸ, ਰਸ ਫੀਕਾ ਨਾ ਕੋਇ ਵਖਾਇੰਦਾ । ਬ੍ਰਹਮ ਪਾਰਬ੍ਰਹਮ ਹੋਏ ਵਸ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਮੇਲ ਮਿਲਾਵਾ ਕਮਲਾਪਾਤ, ਈਸ਼ ਜੀਵ ਗੰਢ ਪੁਆਇੰਦਾ । ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰੱਤ ਆਪ ਸੁਕਾਇੰਦਾ । ਜਾਨਣਹਾਰਾ ਮਿਤ ਗਤ, ਸੰਤ ਸੁਹੇਲੇ ਵੇਖ ਵਖਾਇੰਦਾ । ਦੇਵਣਹਾਰਾ ਬ੍ਰਹਮ ਮਤ, ਜਗਤ ਵਿਦਿਆ ਨਾ ਕੋਇ ਪੜ੍ਹਾਇੰਦਾ । ਸਾਚਾ ਮਾਰਗ ਇਕੋ ਦੱਸ, ਸਾਚੇ ਧੰਦੇ ਆਪੇ ਲਾਇੰਦਾ । ਮੇਲ ਮਿਲਾਵਾ ਹੱਸ ਹੱਸ, ਸੋਹੰ ਹੰਸਾ ਹੰਸ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿਗੁਰ ਵੇਖ ਵਖਾਇੰਦਾ । ਸੰਤ ਸਤਿਗੁਰ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਸਹਿਜ ਸੁਖਦਾਈਆ । ਮੇਟਣਹਾਰਾ ਤੀਨੋ ਤਾਪ, ਤ੍ਰੈਗੁਣ ਨਾਤਾ ਦਏ ਤੁੜਾਈਆ । ਸਤਿ ਸਤਿਵਾਦੀ ਦੇਵੇ ਸਾਚਾ ਜਾਪ, ਬਿਨ ਰਸਨਾ ਜਿਹਵਾ ਆਪ ਜਪਾਈਆ । ਆਤਮ ਅੰਤਰ ਇਕੋ ਪਾਠ, ਸ਼ਬਦ ਅਨਾਦੀ ਨਾਦ ਸੁਣਾਈਆ । ਸਰ ਸਰੋਵਰ ਇਕੋ ਘਾਟ, ਤਟ ਕਿਨਾਰਾ ਇਕ ਵਖਾਈਆ । ਇਕੋ ਨਾਉਂ ਇਕੋ

ਗਾਥ, ਏਕੰਕਾਰਾ ਕਰੇ ਪੜ੍ਹਾਈਆ । ਭਗਤ ਭਗਵੰਤ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਲੇਖਾ ਜਾਣੇ ਪਵਣ ਸਵਾਸ, ਪਵਣ ਉਨੰਜਾ ਚਵਰ ਝੁਲਾਈਆ । ਸਚ ਕਰਾਏ ਭੋਗ ਬਲਾਸ, ਭਸਮੜ ਸਾਚੀ ਸੇਜ ਹੰਢਾਈਆ । ਹਰਿਜਨ ਹੋਏ ਨਾ ਕਦੇ ਉਦਾਸ, ਸਤਿਗੁਰ ਪੂਰਾ ਸੀਸ ਜਗਦੀਸ ਹੱਥ ਟਿਕਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਚਰਨਾਂ ਹੇਠ ਦਬਾਈਆ । ਨਿਰਮਲ ਜੋਤੀ ਕਰ ਪਰਕਾਸ਼, ਅਗੰਮ ਨਿਗਮ ਸੂਝ ਜਣਾਈਆ । ਸਾਚੇ ਮੰਦਰ ਕਾਇਆ ਬਹਿ ਬਹਿ ਪਾਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਅੱਗੇ ਪਿਛੇ ਮੇਟੇ ਵਾਟ, ਆਪ ਆਪਣਾ ਬੰਧਨ ਪਾਈਆ । ਲਹਿਣਾ ਚੁੱਕੇ ਜ਼ਾਤ ਪਾਤ, ਆਤਮ ਪਰਮਾਤਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰੱਖੇ ਡੂੰਘਾ ਖਾਤ, ਵਡ ਭੰਡਾਰ ਆਪ ਵਰਤਾਈਆ । ਵਡ ਭੰਡਾਰ ਹਰਿ ਕਾ ਨਾਉਂ, ਹਰਿ ਜੂ ਹਰਿ ਹਰਿ ਆਪ ਵਰਤਾਇੰਦਾ । ਖੇਲੇ ਖੇਲ ਅਗੰਮ ਅਥਾਹੋਂ, ਬੇਪਰਵਾਹ ਆਪਣੀ ਧਾਰ ਚਲਾਇੰਦਾ । ਭਗਤ ਭਗਵਾਨ ਮਿਲਣ ਦਾ ਰੱਖੇ ਚਾਓ, ਚਾਓ ਘਨੇਰਾ ਇਕ ਜਣਾਇੰਦਾ । ਅਜਪਾ ਜਾਪ ਜਪੇ ਨਾਉਂ, ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਸਤਿਗੁਰ ਸੱਚਾ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਆਪ ਹੋ ਜਾਇੰਦਾ । ਦੋ ਜਹਾਨਾਂ ਦੇਵੇ ਠੰਡੀ ਛਾਉਂ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਤ ਗਿਆਨ ਬ੍ਰਹਮ ਨਿਸ਼ਾਨ, ਬ੍ਰਹਮਵੇਤਾ ਨੇਤਨ ਨੇਤਾ ਨਿਜ ਆਤਮ ਆਪ ਦਰਸਾਇੰਦਾ । ਨਿਜ ਆਤਮ ਖੋਲ੍ਹੇ ਬੰਦ ਕਿਵਾੜ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਅਗਨੀ ਤਪੇ ਨਾ ਤਤੀ ਹਾੜ, ਸਾਂਤਕ ਸਤਿ ਵਖਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਫੋਲ ਫੋਲਾਈਆ । ਪਾਵਣਹਾਰਾ ਸਾਚੀ ਸਾਰ, ਘਰ ਘਰ ਵਸਿਆ ਸੱਚਾ ਮਾਹੀਆ । ਗ੍ਰਿਹਿ ਗ੍ਰਿਹਿ ਦੀਪਕ ਕਰ ਉਜਿਆਰ, ਜੋਤੀ ਜਾਤਾ ਵੇਖ ਵਖਾਈਆ । ਕਮਲਾਪਾਤੀ ਮੀਤ ਮੁਰਾਰ, ਮਿਲ ਮਿਲ ਸਖ਼ੀ ਖ਼ੁਸ਼ੀ ਮਨਾਈਆ । ਗੁਰਸਿਖ ਸਾਚੇ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਕਲਜੁਗ ਅੰਤਮ ਆਈ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾਤਾ ਤੁਟਾ ਸਗਲਾ ਯਾਰ, ਸ੍ਰਿਸ਼ਟੀ ਕੂਕੇ ਦਏ ਦੁਹਾਈਆ । ਦ੍ਰਿਸ਼ਟੀ ਹੋਈ ਨਾਰ ਵਿਭਚਾਰ, ਸਾਚਾ ਕੰਤ ਕੋਇ ਨਾ ਪਾਈਆ । ਬੁੱਧ ਭ੍ਰਿਸ਼ਟੀ ਹਾਹਾਕਾਰ, ਸਤਿ ਸੰਤੋਖ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਾਜਨ ਮੇਲੇ ਸਾਚੇ ਘਰ, ਘਰ ਮੰਦਰ ਦਏ ਵਡਿਆਈਆ । ਸੰਤ ਸਾਜਣ ਇਕੋ ਰੰਗ, ਸੋ ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਆਤਮ ਸੇਜਾ ਸਤਿ ਪਲੰਘ, ਹਰਿ ਪੁਰਖ ਨਿਰੰਜਣ ਆਪ ਹੰਢਾਇੰਦਾ । ਏਕੰਕਾਰਾ ਅੰਦਰ ਲੰਘ, ਚਰਨ ਕਵਲ ਕਵਲ ਚਰਨ ਆਪ ਟਿਕਾਇੰਦਾ । ਆਦਿ ਨਿਰੰਜਣ ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ੍ਰੀ ਭਗਵਾਨ ਵਜਾਏ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਅਬਿਨਾਸ਼ੀ ਕਰਤਾ ਗਾਏ ਛੰਦ, ਨਿਰਗੁਣ ਨਿਰਗੁਣ ਢੋਲਾ ਗਾਇੰਦਾ । ਪਾਰਬ੍ਰਹਮ ਪ੍ਰਭ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਜੁਗ ਚੌਕੜੀ ਟੁੱਟੀ ਗੰਢ, ਏਕਾ ਬੰਧਨ ਪਾਇੰਦਾ । ਲੇਖਾ ਤੋੜ ਭੇਖ ਪਖੰਡ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਨਾਤਾ ਜੋੜੇ ਬਿਨ ਤੰਦੀ ਤੰਦ, ਪ੍ਰੇਮ ਬੰਧਨ ਏਕਾ ਪਾਇੰਦਾ । ਭਰਮ ਭੁਲੇਖਾ ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭਉ ਭੰਨਾਇੰਦਾ । ਗੁਰਮੁਖ ਨਾਰ ਦੁਹਾਗਣ ਨਾ ਹੋਏ ਰੰਡ, ਸਤਿਗੁਰ ਕੰਤ ਆਪ ਪਰਨਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਆਪ ਚੁਕਾਇੰਦਾ । ਗੁਰਮੁਖ ਲੇਖਾ ਜਾਏ ਚੁੱਕ, ਲੋਕਮਾਤ ਰਹਿਣ ਨਾ ਪਾਈਆ । ਸਤਿਗੁਰ ਸੱਚਾ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਅੰਦਰੇ ਅੰਦਰ ਪਏ ਉਠ, ਜਗਤ ਨੇਤਰ ਨਜ਼ਰ ਨਾ ਆਈਆ । ਆਪਣੀ ਵਸਤ ਦੇਵੇ ਨਾਮ ਕੁਛ, ਭੇਵ ਅਭੇਦਾ ਆਪ ਜਣਾਈਆ । ਨਾਤਾ ਤੋੜੇ ਮਾਤ ਗਰਭ ਉਲਟਾ ਰੁਖ, ਦਸ ਦਸ ਮਾਸ ਨਾ ਅਗਨ ਤਪਾਈਆ । ਸੰਤ ਸੱਜਣ ਕਰੇ ਉਜਲ ਮੁੱਖ, ਮੁੱਖ ਮੁਖੜਾ ਆਪ ਸਲਾਹੀਆ । ਆਵਣ ਜਾਵਣ ਲੱਖ ਚੁਰਾਸੀ ਕੱਟੇ ਦੁੱਖ, ਦੁੱਖ ਰੋਗ ਨਾ ਲਾਗੇ ਰਾਈਆ । ਲਹਿਣਾ ਦੇਣਾ ਮੁਕਾਏ ਮਾਤ ਕੁੱਖ, ਜਨ ਜਨਣੀ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਪਾਰ ਕਰਾਈਆ । ਸਾਚੇ ਸੰਤ ਏਕ ਓਟ, ਦੂਜਾ ਇਸ਼ਟ ਨਾ ਕੋਇ ਰਖਾਇੰਦਾ । ਸਾਚੇ ਸੰਤ ਏਕਾ ਕੋਟ, ਸਚਖੰਡ ਦਵਾਰ ਇਕ ਵਡਿਆਇੰਦਾ । ਸਾਚੇ ਸੰਤ ਏਕਾ ਜੋਤ, ਪੁਰਖ ਅਕਾਲ ਜੋਤ ਮਿਲਾਇੰਦਾ । ਸਾਚੇ ਸੰਤ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਬੁਲਾਇੰਦਾ । ਸਾਚਾ ਸੰਤ ਸਾਚਾ ਮੀਤਾ, ਹਰਿ ਸਤਿਗੁਰ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰਜੰਣ ਇਕ ਅਤੀਤਾ, ਤ੍ਰੈਗੁਣ ਨਾਤਾ ਤੋੜ ਤੁੜਾਇੰਦਾ । ਏਕੰਕਾਰਾ ਜਾਣੇ ਆਪਣੀ ਰੀਤਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਦਿ ਨਿਰੰਜਣ ਵਸੇ ਚੀਤਾ, ਚਿਤਵਿਤ ਠਗੌਰੀ ਕੋਇ ਨਾ ਪਾਇੰਦਾ । ਅਬਿਨਾਸ਼ੀ ਕਰਤਾ ਸੁਣਾਏ ਗੀਤਾ, ਗੀਤ ਗੋਬਿੰਦ ਆਪ ਅਲਾਇੰਦਾ । ਸ੍ਰੀ ਭਗਵਾਨ ਛਤਰ ਝੁਲਾਏ ਸਾਚਾ ਸੀਸਾ, ਸੀਸ ਜਗਦੀਸ ਆਪ ਸੁਹਾਇੰਦਾ । ਪਾਰਬ੍ਰਹਮ ਬ੍ਰਹਮ ਦਏ ਹਦੀਸਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਤਿ ਸਤਿ ਸਮਾਇੰਦਾ । ਸੰਤ ਸਤਿਗੁਰ ਸਾਚੀ ਧਾਰ, ਨਿਰਗੁਣ ਨਿਰਗੁਣ ਆਪ ਪਰਗਟਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਿਚ ਸੰਸਾਰ, ਨਵ ਨੌਂ ਚਾਰ ਫੋਲ ਫੋਲਾਈਆ । ਭੇਵ ਚੁਕਾ ਗੁਰ ਅਵਤਾਰ, ਪੀਰ ਪੈਗ਼ੰਬਰ ਨਾਦ ਸੁਣਾਈਆ । ਕਲਜੁਗ ਅੰਤਮ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਸੰਤ ਸੱਜਣ ਲਏ ਉਭਾਰ, ਲੱਖ ਚੁਰਾਸੀ ਫੋਲ ਫੋਲਾਈਆ । ਸੋਵਤ ਜਾਗਤ ਜਾਗਤ ਸੋਵਤ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਖੋਪਤ ਕਰੇ ਇਕ ਪਿਆਰ, ਪ੍ਰੇਮ ਪਿਆਰ ਨਾਲ ਰਖਾਈਆ । ਤੁਰੀਆ ਨਾਦ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ, ਬੇਪਰਵਾਹ ਆਪਣਾ ਆਪ ਸੁਣਾਈਆ । ਸੰਤ ਸੁਹੇਲੇ ਲਏ ਮਿਲਾ, ਮਿਲ ਮਿਲ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਦਏ ਸਮਝਾਈਆ । ਸੰਤ ਮਿਲਣ ਦਾ ਸਾਚਾ ਵੇਲਾ, ਹਰਿ ਆਦਿ ਜੁਗਾਦਿ ਰਖਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਗੁਰ ਵੇਸ ਵਟਾਇੰਦਾ । ਵਸਣਹਾਰਾ ਧਾਮ ਨਵੇਲਾ, ਲੱਖ ਚੁਰਾਸੀ ਅੰਦਰ ਮੰਦਰ ਸੋਭਾ ਪਾਇੰਦਾ । ਸਾਹਿਬ ਸੁਲਤਾਨ ਸੱਜਣ ਸੁਹੇਲਾ, ਸਗਲਾ ਸੰਗ ਰਖਾਇੰਦਾ । ਕਰੇ ਖੇਲ ਇਕ ਇਕੇਲਾ, ਅਕਲ ਕਲ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਾਚੇ ਸੰਤਾਂ ਸੰਗ ਸਮਾਇੰਦਾ । ਸੰਤਾਂ ਅੰਦਰ ਹਰਿ ਜੂ ਵੜ, ਆਪਣਾ ਖੇਲ ਕਰਾਇੰਦਾ । ਨਾਤਾ ਚੁੱਕੇ ਪੁਰਖ ਨਰ, ਨਰ ਨਰਾਇਣ ਵੇਸ ਵਟਾਇੰਦਾ । ਅੱਖਰ ਵੱਖਰ ਆਪੇ ਪੜ੍ਹ, ਸਾਚਾ ਢੋਲਾ ਏਕਾ ਗਾਇੰਦਾ । ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਇੰਦਾ । ਨਾ ਜਨਮੇ ਨਾ ਜਾਏ ਮਰ, ਸਤਿਗੁਰ ਪੂਰਾ ਸੋ ਅਖਵਾਇੰਦਾ । ਹੰ ਬ੍ਰਹਮ ਲਏ ਫੜ, ਫੜ

ਪੱਲੂ ਗੰਢ ਪੁਆਇੰਦਾ । ਦੋ ਜਹਾਨਾਂ ਪਾਰ ਕਰ, ਸਚ ਮਕਾਨਾ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੱਜਣ ਵੇਖ ਵਖਾਇੰਦਾ । ਸੰਤ ਸਾਜਣ ਵੇਖੇ ਹਰਿ, ਪੇਖ ਪੇਖ ਖ਼ੁਸ਼ੀ ਮਨਾਈਆ । ਵਸਣਹਾਰਾ ਸਾਚੇ ਦਰ, ਦਰ ਦਵਾਰਾ ਦਏ ਖੁਲ੍ਹਾਈਆ । ਕਿਰਪਾਨਿਧ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਲੇ ਸੱਚਾ ਮਾਹੀਆ । ਸਰਨ ਸਰਨਾਈ ਜੋ ਜਾਏ ਪੜ੍ਹ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਅਧਵਿਚਕਾਰ ਨਾ ਜਾਏ ਅੜ, ਜਗਤ ਵਾਸਨਾ ਰਹੇ ਨਾ ਰਾਈਆ । ਸੁਖਮਨ ਟੇਢੀ ਪਾਰ ਕਰ, ਈੜਾ ਪਿੰਗਲਾ ਮੂੰਹ ਦੇ ਭਾਰ ਸੁਟਾਈਆ । ਨਿਰਮਲ ਨੂਰ ਜੋਤ ਪਰਕਾਸ਼ ਕਰ, ਅੰਧ ਅੰਧੇਰ ਗੁਆਈਆ । ਨਿਰਗੁਣ ਨਿਰਗੁਣ ਸਾਥ ਧਰ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਕਿਨਾਰਾ ਇਕ ਦਰਸਾਈਆ । ਸਤਿ ਕਿਨਾਰਾ ਸਾਚਾ ਘਾਟ, ਹਰਿ ਸਤਿਗੁਰ ਚਰਨ ਰਖਾਇੰਦਾ । ਸੰਤ ਸੱਜਣ ਮੁੱਕੇ ਵਾਟ, ਅੱਗੇ ਪੰਧ ਨਾ ਕੋਇ ਪਾਇੰਦਾ । ਮੇਲ ਮਿਲਾਵਾ ਆਤਮ ਖਾਟ, ਸੇਜ ਸੁਹੰਜਣੀ ਆਪ ਸੁਹਾਇੰਦਾ । ਬੋਧ ਅਗਾਧ ਸੁਣਾਏ ਗਾਥ, ਅਗੰਮ ਅਗੰਮੀ ਢੋਲਾ ਗਾਇੰਦਾ । ਨਿਰਗੁਣ ਨਿਰਗੁਣ ਪੁੱਛੇ ਵਾਤ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਿਲਾਏ ਆਪਣੇ ਘਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਗ੍ਰਿਹ ਮੰਦਰ ਉਚ ਮੁਨਾਰਾ, ਮੁਨੀ ਰਿਖੀ ਧਿਆਨ ਲਗਾਈਆ । ਰਾਹ ਤੱਕਣ ਗੁਰ ਅਵਤਾਰਾ, ਨੇਤਰ ਨੈਣ ਉਠਾਈਆ । ਪੀਰ ਪੈਗ਼ੰਬਰ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਰਾਹ ਤੱਕਣ ਪਰਵਰਦਿਗਾਰਾ, ਬੇਐਬ ਨਾਮ ਖੁਦਾਈਆ । ਮੁਕਾਮੇ ਹੱਕ ਖੇਲ ਨਿਆਰਾ, ਹਰਿ ਜੂ ਹਜ਼ਰਤ ਆਪ ਕਰਾਈਆ । ਮੁਰੀਦ ਮੁਰਸ਼ਦ ਦਏ ਅਧਾਰਾ, ਆਪ ਆਪਣਾ ਬੰਧਨ ਪਾਈਆ । ਸਚਖੰਡ ਨਿਵਾਸੀ ਏਕੰਕਾਰਾ, ਅਕਲ ਕਲ ਆਪਣੀ ਖੇਲ ਕਰਾਈਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਸ਼ਬਦੀ ਸੁਤ ਦਏ ਵਡਿਆਈਆ । ਸ਼ਬਦੀ ਸੁਤ ਕਰ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਗੋਦ ਬਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਤ੍ਰੈਗੁਣ ਮਾਇਆ ਕਰ ਪਸਾਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜ ਤਤ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਕਰ ਉਜਿਆਰਾ, ਲੱਖ ਚੁਰਾਸੀ ਗੰਢ ਪੁਆਈਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਦਏ ਸਹਾਰਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਭੇਵ ਖਲ੍ਹਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਸੁਣਾਈਆ । ਨਿਰਗੁਣ ਨਿਰਗੁਣ ਬਣ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਈਆ । ਏਕਾ ਵਣਜ ਇਕ ਵਾਪਾਰਾ, ਏਕਾ ਵਸਤ ਦਏ ਵਰਤਾਈਆ । ਸੋਹੰ ਰੂਪ ਸਰਬ ਸੰਸਾਰਾ, ਸਤਿਗੁਰ ਸਾਚਾ ਆਪ ਜਣਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਬ੍ਰਹਮਾਵੇਤਾ ਨਾ ਪਾਏ ਸਾਰਾ, ਚਾਰੇ ਵੇਦ ਨੈਣ ਸ਼ਰਮਾਈਆ । ਸ਼ਾਸਤਰ ਸਿਮਰਤ ਰੋਵਣ ਜ਼ਾਰੋ ਜ਼ਾਰਾ, ਹਰਿ ਕਾ ਅੰਤ ਕਿਸੇ ਨਾ ਆਈਆ । ਵੇਦ ਵਿਆਸਾ ਬਣ ਲਿਖਾਰਾ, ਏਕਾ ਆਠਾ ਜੋੜ ਜੁੜਾਈਆ । ਏਕਾ ਆਠਾ ਬੋਲ ਜੈਕਾਰਾ, ਕਾਹਨਾ ਕ੍ਰਿਸ਼ਨਾ ਦਏ ਵਡਿਆਈਆ । ਅੰਜੀਲ ਕੁਰਾਨਾ ਖੋਲ੍ਹ ਕਿਵਾੜਾ, ਤੀਸ ਬਤੀਸਾ ਸਚ ਹਦੀਸਾ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਨਬੀ ਰਸੂਲ ਕਲਮਾ ਨਬੀ ਨਬੀ ਉਚਾਰਾ, ਲੇਖਾ ਜਾਣ ਨੂਰ ਕਲਾਮ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸਚ ਸੁਲਤਾਨਾ, ਸਾਚੇ ਤਖ਼ਤ ਆਸਣ ਲਾਇੰਦਾ । ਜੁਗ ਚੌਕੜੀ ਹੋ ਪਰਧਾਨਾ, ਨਿਰਗੁਣ ਸਰਗੁਣ ਵੇਖ ਵਖਾਇੰਦਾ ।

ਨਾਮ ਨਿਧਾਨਾ ਬੋਲ ਤਰਾਨਾ, ਰਾਗ ਅਨਾਦੀ ਨਾਦ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਵੇਖੇ ਮਾਰ ਧਿਆਨਾ, ਨੇਤਰ ਨੈਣ ਇਕ ਖੁਲ੍ਹਾਇੰਦਾ । ਪਾਵੇ ਸਾਰ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਜੇਰਜ ਅੰਡਾਂ ਕਰਨਹਾਰਾ ਕਲਿਆਣਾ, ਕਾਲ ਮਹਾਕਾਲ ਆਪਣਾ ਹੁਕਮ ਵਰਤਾਇੰਦਾ । ਚਤੁਰਭੁਜ ਨੌਜਵਾਨਾ, ਆਦਿ ਸ਼ਕਤ ਨੂਰ ਮਹਾਨਾ, ਸੋ ਪੁਰਖ ਨਿਰੰਜਣ ਮਿਹਰਵਾਨਾ, ਹਰਿ ਪੁਰਖ ਨਿਰੰਜਣ ਦੇਵੇ ਦਾਨਾ, ਏਕੰਕਾਰਾ ਕਰ ਪਸਾਰਾ ਆਦਿ ਨਿਰੰਜਣ ਦੀਪਕ ਜੋਤ ਜਗਾਇੰਦਾ । ਸ੍ਰੀ ਭਗਵਾਨ ਲਾ ਅਖਾੜਾ, ਲੱਖ ਚੁਰਾਸੀ ਵੇਖੇ ਲਾੜੀ ਲਾੜਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਦੀਪਕ ਆਪਣਾ ਇਕ ਵਖਾਇੰਦਾ । ਅਬਿਨਾਸ਼ੀ ਕਰਤਾ ਹੋ ਉਜਿਆਰਾ, ਵੇਖੇ ਵਿਗਸੇ ਵੇਖਣਹਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਅਨੂਪ ਆਪ ਧਰਾਇੰਦਾ । ਪਾਰਬ੍ਰਹਮ ਬ੍ਰਹਮ ਬਣ ਵਣਜਾਰਾ, ਹੱਟ ਚਲਾਏ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਆਦਿ ਜੁਗਾਦੀ ਆਪਣਾ ਬੰਧਨ ਪਾਇੰਦਾ । ਆਦਿ ਜੁਗਾਦੀ ਨਿਰਗੁਣ ਨਿਰਗੁਣ ਬੰਧਨ, ਸਰਗੁਣ ਸਰਗੁਣ ਜੋੜ ਜੁੜਾਇਆ । ਖੇਲੇ ਖੇਲ ਸੂਰਾ ਸਰਬੰਗਣ, ਸੂਰਬੀਰ ਬੇਪਰਵਾਹਿਆ । ਵਸਣਹਾਰਾ ਸਚ ਦਵਾਰ ਸਚਖੰਡਣ, ਖੰਡਾ ਖੜਗ ਨਾਮ ਚਮਕਾਇਆ । ਪਾਵੇ ਸਾਰ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਂਡ ਖੋਜ ਖੋਜਾਇਆ । ਲੇਖਾ ਜਾਣੇ ਜੇਰਜ ਅੰਡਨ, ਉਤਭੁਜ ਸੇਤਜ ਰੰਗ ਚੜ੍ਹਾਇਆ । ਜੁਗ ਚੌਕੜੀ ਕਰੇ ਭੰਗਣ, ਥਿਰ ਕੋਇ ਰਹਿਣ ਨਾ ਪਾਇਆ । ਕਲਜੁਗ ਅੰਤ ਵਜਾਏ ਇਕ ਮਰਦੰਗਣ, ਮਰਦ ਮਰਦਾਨਾ ਨਾਉਂ ਧਰਾਇਆ । ਜਨ ਭਗਤਾਂ ਦੇਵੇ ਇਕ ਅਨੰਦਨ, ਅਨੰਦ ਅਨੰਦ ਵਿਚ ਰਖਾਇਆ । ਗੀਤ ਸੁਣਾਏ ਸੁਹਾਗੀ ਛੰਦਣ, ਸੋਹੰ ਢੋਲਾ ਆਪ ਪਰਗਟਾਇਆ । ਬਣ ਵਿਚੋਲਾ ਕੱਟੇ ਫੰਦਣ, ਸ਼ਬਦ ਗੁਰ ਆਪਣਾ ਨਾਉਂ ਰਖਾਇਆ । ਗੁਰਮੁਖ ਮਸਤਕ ਲਾਏ ਸਾਚਾ ਚੰਦਨ, ਤਿਲਕ ਲਿਲਾਟੀ ਜੋਤ ਰੁਸ਼ਨਾਇਆ । ਸੰਤ ਕੰਤ ਆਦਿ ਜੁਗਾਦਿ ਜੁਗ ਜੁਗ ਇਕ ਦੂਜੇ ਦਾ ਦਰ ਮੰਗਣ, ਪ੍ਰੇਮ ਭਿਛਿਆ ਇਕ ਵਰਤਾਇਆ । ਗੁਰਮੁਖ ਮਾਣਸ ਜਨਮ ਨਾ ਹੋਏ ਭੰਗਣ, ਜਿਸ ਸਤਿਗੁਰ ਸੱਚਾ ਨਜ਼ਰੀ ਆਇਆ । ਕਲਜੁਗ ਅੰਤਮ ਬੇੜਾ ਕੰਢਣ, ਕੰਢੀ ਬੈਠਾ ਰਾਹ ਤਕਾਇਆ । ਸ੍ਰਿਸ਼ਟ ਸਬਾਈ ਜੀਵ ਜੰਤ ਲੱਖ ਚੁਰਾਸੀ ਏਕਾ ਨਾਮ ਆਇਆ ਵੰਡਣ, ਅੱਖਰ ਵੱਖਰ ਕਰੇ ਪੜ੍ਹਾਈਆ । ਭਗਤ ਭਗਵੰਤ ਕੱਟੇ ਫੰਧਣ, ਫਾਸੀ ਜਮ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸਾਚੇ ਸੰਤ ਕਾਇਆ ਚੋਲੀ ਦਏ ਰੰਗਾਈਆ । ਕਾਇਆ ਚੋਲੀ ਰੰਗ ਚਲੂਲ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਗੁਰਮੁਖ ਗੁਰ ਗੁਰ ਸ਼ਬਦ ਨਾ ਜਾਏ ਭੂਲ, ਗੁਰ ਮੰਤਰ ਆਪ ਦ੍ਰਿੜਾਇੰਦਾ । ਕਰਨਹਾਰਾ ਸੂਲੀਉਂ ਸੂਲ, ਤ੍ਰਿਸੂਲ ਹੱਥ ਨਾ ਕੋਇ ਵਖਾਇੰਦਾ । ਪੂਰਬ ਜਨਮ ਦਾ ਲਹਿਣਾ ਦੇਵੇ ਮੂਲ, ਅੱਗੇ ਲੇਖਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਜਾਣੇ ਸਚ ਅਸੂਲ, ਅਸਲੀਅਤ ਆਪਣੇ ਨਾਲ ਪਰਣਾਇੰਦਾ । ਮੁਰੀਦ ਮੁਰਸ਼ਦ ਹੁਕਮ ਕਰੇ ਕਬੂਲ, ਮਕਬਰਾ ਕੋਇ ਨਾ ਅੰਤ ਵਖਾਇੰਦਾ । ਹਰਿ ਕਾ ਨਾਮ ਸਦਾ ਮਾਕੂਲ, ਇਸਮ ਆਜ਼ਮ ਇਕ ਦ੍ਰਿੜਾਇੰਦਾ । ਬਣਖੰਡ ਦਹਿ ਦਿਸ਼ਾ ਫਿਰਨਾ ਫਿਜ਼ੂਲ, ਘਰ ਮੰਦਰ ਇਕ ਸੁਹਾਇੰਦਾ । ਮਨ ਕਾਤਲ ਆਸ਼ਾ ਮਕਤੂਲ, ਆਸਾ ਮਨਸਾ ਦੋਹਾਂ ਵੇਖ ਵਖਾਇੰਦਾ । ਜੋ ਜਨ ਸਾਚੇ ਦਰ ਹੋਏ ਕਬੂਲ, ਸੋ ਸੰਤ ਸੰਤ ਸੰਤ ਮਾਤ ਅਖਵਾਇੰਦਾ । ਫਲ ਫੁਲਵਾੜੀ ਫੁਲੇ ਫੂਲ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਅੰਤ ਰਾਏ ਧਰਮ ਨਾ ਮੰਗੇ ਕੋਇ ਮਸੂਲ, ਚਿਤਰ ਗੁਪਤ ਨਾ ਲੇਖ ਵਖਾਇੰਦਾ । ਲਾੜੀ ਮੌਤ

੮੭੦
੧੨

ਨੇੜ ਨਾ ਆਏ ਹੂਰ, ਕੋਟਨ ਕੋਟ ਬਹਿਸ਼ਤ ਜੰਨਤ ਚਰਨਾਂ ਹੇਠ ਦਬਾਇੰਦਾ । ਸਾਚੇ ਸੰਤ ਇਕ ਸਰੂਰ, ਸਤਿ ਪੁਰਖ ਨਿਰੰਜਣ ਆਪਣਾ ਰਸ ਚਖਾਇੰਦਾ । ਸ੍ਰਿਸ਼ਟ ਸਬਾਈ ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲੇ ਸਾਚੇ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਸੋਹੇ ਹਰਿ ਨਿਰੰਕਾਰਾ, ਨਿਰਗੁਣ ਆਪਣਾ ਆਸਣ ਲਾਈਆ । ਗੁਰਸਿਖ ਗੁਰ ਗੁਰ ਕਰ ਪਿਆਰਾ, ਗੁਰਮਤ ਇਕ ਦ੍ਰਿੜਾਈਆ । ਨਾਨਕ ਗੋਬਿੰਦ ਇਕ ਸਹਾਰਾ, ਪੁਰਖ ਅਕਾਲ ਸਰਨਾਈਆ । ਰਾਮ ਕ੍ਰਿਸ਼ਨ ਇਕ ਦਵਾਰਾ, ਬੈਠੇ ਸੀਸ ਝੁਕਾਈਆ । ਈਸਾ ਮੂਸਾ ਬਣ ਭਿਖਾਰਾ, ਝੋਲੀ ਅੱਗੇ ਡਾਹੀਆ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਦੀ ਚੌਧਵੀਂ ਆਈ ਹਾਰਾ, ਰੋ ਰੋ ਦਏ ਦੁਹਾਈਆ । ਨਾਤਾ ਤੁਟਿਆ ਯਾਰ ਯਾਰਾ, ਚਾਰ ਯਾਰੀ ਅੰਤ ਰਹਿਣ ਨਾ ਪਾਈਆ । ਅੱਲਾ ਰਾਣੀ ਹੋਈ ਖੁਆਰਾ, ਮੀਆਂ ਖ਼ਾਹਸ਼ ਨਾ ਪੂਰ ਕਰਾਈਆ । ਪਰਵਰਦਿਗਾਰ ਆਵੇ ਆਪਣੀ ਧਾਰਾ, ਅਮਾਮ ਅਮਾਮਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਾਜਣ ਆਪ ਮਿਲਾਈਆ । ਆਤਮ ਪਰਮਾਤਮ ਸਾਚੀ ਸੇਵਾ, ਨਿਸਫਲ ਕਦੀ ਨਾ ਜਾਈਆ । ਆਤਮ ਪਰਮਾਤਮ ਗੁਰਦੇਵ ਦੇਵਾ, ਦੇਵ ਆਤਮ ਵਡ ਵਡਿਆਈਆ । ਅੰਮ੍ਰਿਤ ਰਸ ਮਿਲੇ ਮੇਵਾ, ਬਿਨ ਰਸਨਾ ਰਸ ਚਖਾਈਆ । ਲੇਖਾ ਜਾਣੇ ਅਲਖ ਅਭੇਵਾ, ਅਲੱਖ ਅਗੋਚਰ ਬੇਪਰਵਾਹੀਆ । ਨਾਤਾ ਤੁਟੇ ਰਸਨਾ ਜਿਹਵਾ, ਬੱਤੀ ਦੰਦ ਨਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਾਚੀ ਸੇਵਾ, ਹਰਿ ਸੰਤਨ ਆਪ ਜਣਾਈਆ । ਸਾਚੀ ਸੇਵਾ ਆਤਮ ਰਸ, ਹਰਿ ਅੰਮ੍ਰਿਤ ਆਪ ਜਣਾਇੰਦਾ । ਮਨ ਵਾਸਨਾ ਕਰਨੀ ਵਸ, ਮਨੂਆ ਉਠ ਨਾ ਦਹਿ ਦਿਸ਼ ਧਾਇੰਦਾ । ਕੂੜੀ ਕਿਰਿਆ ਛੱਡਣੀ ਰਸ, ਵਿਸ਼ਾ ਵਿਕਾਰ ਮੋਹ ਹੰਕਾਰ ਲੋਭ ਨੇੜ ਨਾ ਆਇੰਦਾ । ਆਤਮ ਪਰਮਾਤਮ ਗਾਏ ਜਸ, ਜਸ ਵੇਦ ਪੁਰਾਨ ਸਿਫ਼ਤ ਸਲਾਹਿੰਦਾ । ਨੇਤਰ ਨੈਣ ਖੋਲ੍ਹ ਅੱਖ, ਪਰਦਾ ਦੂਈ ਚੁਕਾਇੰਦਾ । ਸਤਿਗੁਰ ਸਾਹਿਬ ਹੋ ਪਰਤੱਖ, ਸਾਚੀ ਸੇਵਾ ਆਪ ਲਗਾਇੰਦਾ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਪੰਧ ਮੁਕਾਇੰਦਾ । ਇਕ ਦੂਜੇ ਦੇ ਹੋਣਾ ਵਸ, ਸਾਚੀ ਰੀਤ ਆਪ ਚਲਾਇੰਦਾ । ਮੇਟੇ ਰੈਣ ਅੰਧੇਰੀ ਮਸ, ਸਤਿ ਸਤਿਵਾਦੀ ਚੰਦ ਚੜ੍ਹਾਇੰਦਾ । ਗੁਰਮੁਖ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਸਾਚੀ ਸੇਵਾ ਜਣਾਏ ਜੱਗ, ਜਗ ਜੀਵਣ ਦਾਤਾ ਦਇਆ ਕਮਾਈਆ । ਹਰਿ ਸਰਨ ਸਰਨਾਈ ਜਾਣਾ ਲੱਗ, ਮਿਲੇ ਮਾਣ ਵਡਿਆਈਆ । ਕੂੜੀ ਕਿਰਿਆ ਦੇਣੀ ਤਜ, ਮਮਤਾ ਮੋਹ ਨਾ ਹੋਏ ਹਲਕਾਈਆ । ਭਾਂਡਾ ਭਰਮ ਜਾਏ ਭੱਜ, ਹੰਗਤਾ ਗੜ੍ਹ ਰਹਿਣ ਨਾ ਪਾਈਆ । ਆਤਮ ਸੇਜਾ ਚੜ੍ਹਨਾ ਭੱਜ, ਭੱਜ ਭੱਜ ਆਪਣੀ ਸੇਵ ਕਮਾਈਆ । ਆਪਣਾ ਪਰਦਾ ਲੈਣਾ ਕੱਜ, ਗੁਰਮੁਖ ਇਕੋ ਸੇਵਾ ਬਣ ਆਈਆ । ਗ਼ਰੀਬ ਨਿਮਾਣਿਆ ਅੰਦਰ ਬਹਿਣਾ ਸਜ, ਜਗਤ ਹੰਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਦ੍ਰਿੜਾਈਆ । ਸਾਚੀ ਸੇਵਾ ਸਤਿਗੁਰ ਚਰਨ, ਹਰਿ ਸੱਚਾ ਸਚ ਜਣਾਇੰਦਾ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਨੇਤਰ ਰੂਪ ਵਖਾਇੰਦਾ । ਨਾਤਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਪੌੜੇ ਸਾਚੇ ਚੜ੍ਹਨ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਦਰਗਹਿ ਸਾਚੀ

੮੭੧ ੧੨

ਘਰ ਸਾਚੇ ਵੜਨ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਤੂੰ ਮੇਰਾ ਮੈਂ ਤੇਰਾ ਇਕੋ ਅੱਖਰ ਪੜ੍ਹਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਇਕ ਦੂਜੇ ਦਾ ਪੱਲੂ ਫੜਨ, ਫੜਿਆ ਪੱਲੂ ਨਾ ਕੋਇ ਛੁਡਾਇੰਦਾ । ਸਾਹਿਬ ਸੁਲਤਾਨ ਸਤਿਗੁਰ ਪੁਰਖ ਅਬਿਨਾਸ਼ੀ ਨਰ ਨਰਾਇਣ ਇਕੋ ਵਰਨ, ਹਰਿ ਕੰਤ ਕੰਤੂਹਲ ਦਇਆ ਕਮਾਇੰਦਾ । ਸਰਨ ਸਰਨਾਈ ਸਾਚੀ ਸੇਵਾ ਕਰਨ, ਕੀਤੀ ਘਾਲ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਜਣਾਇੰਦਾ । ਕਿਰਪਾ ਅੰਦਰ ਕਿਰਪਾ ਰੱਖ, ਕਿਰਪਨ ਦਇਆ ਕਮਾਈਆ । ਜਿਸ ਨੂੰ ਕਹਿੰਦੇ ਰਹੇ ਵੱਖ, ਸੋ ਅੰਦਰ ਵੜਿਆ ਸੱਚਾ ਮਾਹੀਆ । ਆਪਣਾ ਮਾਰਗ ਦੇਵੇ ਦੱਸ, ਸਾਚਾ ਰਾਹ ਜਣਾਈਆ । ਅੰਤਮ ਮੇਲਾ ਹੱਸ ਹੱਸ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਕਰ ਕਿਰਪਾ ਗੁਰਮੁਖ ਗੁਰਸਿਖ ਕਰੇ ਵਸ, ਵਸ ਆਪਣਾ ਗੁਰਸਿਖਾਂ ਅੱਗੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਇਕੋ ਨਾਮ ਵਡਿਆਈਆ । ਸਾਚੀ ਕਿਰਪਾ ਹਰਿ ਕਾ ਨਾਮ, ਨਾਮ ਨਿਧਾਨਾ ਦਇਆ ਕਮਾਇੰਦਾ । ਸਾਚੀ ਕਿਰਪਾ ਅੰਮ੍ਰਿਤ ਜਾਮ, ਅੰਮ੍ਰਿਤ ਰਸ ਚਖਾਇੰਦਾ । ਸਾਚੀ ਕਿਰਪਾ ਬਿਰਹੋਂ ਬਾਣ, ਅਣਿਆਲਾ ਤੀਰ ਲਗਾਇੰਦਾ । ਸਾਚੀ ਕਿਰਪਾ ਬਖ਼ਸ਼ੇ ਚਰਨ ਧਿਆਨ, ਗੁਰ ਸਰਨ ਸਰਨਾਈ ਜਣਾਇੰਦਾ । ਸਾਚੀ ਕਿਰਪਾ ਨਿਰਗੁਣ ਸਰਗੁਣ ਦਰਸ਼ਨ ਦੇਵੇ ਆਣ, ਦੋ ਜਹਾਨਾਂ ਪੰਧ ਮੁਕਾਇੰਦਾ । ਸਾਚੀ ਕਿਰਪਾ ਆਤਮ ਪਰਮਾਤਮ ਦੇਵੇ ਗਿਆਨ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸਾਚੀ ਕਿਰਪਾ ਇਕ ਨਿਸ਼ਾਨ, ਸਤਿਗੁਰ ਸ਼ਬਦ ਆਪ ਝੁਲਾਇੰਦਾ । ਸਾਚੀ ਕਿਰਪਾ ਮੂਰਖ ਮੁਗਧ ਬਣਾਏ ਚਤਰ ਸੁਜਾਨ, ਸੂਖਮ ਆਪਣਾ ਭੇਵ ਚੁਕਾਇੰਦਾ । ਕਾਰਣ ਹੋਏ ਨਿਗਹਬਾਨ, ਅਸਬੂਲ ਸਾਚੀ ਗੰਢ ਪੁਆਇੰਦਾ । ਪਰਾ ਪਸੰਤੀ ਮਧਮ ਬੈਖਰੀ ਦੇਵੇ ਦਾਨ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਕਾਇਆ ਗੋਲਕ, ਇਕੋ ਇਕ ਟਿਕਾਇੰਦਾ । ਨਾ ਕੋਈ ਗਲਤੀ ਨਾ ਗੁਸਤਾਖ, ਗੁੱਸਾ ਗਿਲਾ ਨਾ ਕੋਇ ਜਣਾਈਆ । ਘਟ ਘਟ ਅੰਦਰ ਰਿਹਾ ਭਾਖ, ਭਾਖਿਆ ਆਪਣੀ ਸਰਬ ਸੁਣਾਈਆ । ਅੰਦਰ ਵੜ ਵੜ ਵੇਖੇ ਤਾਕ, ਡੂੰਘੀ ਭਵਰੀ ਫੇਰਾ ਪਾਈਆ । ਕਵਣ ਹੰਸ ਕਵਣ ਕਾਗ, ਕਵਣ ਜਗਤ ਰਿਹਾ ਕੁਰਲਾਈਆ । ਕਰੇ ਖੇਲ ਆਦਿ ਜੁਗਾਦਿ, ਜੁਗ ਜੁਗ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਅਭੁੱਲ ਭੁੱਲ ਨਾ ਕੋਇ ਜਣਾਈਆ । ਸੋ ਸਾਹਿਬ ਹੋਏ ਠੀਕ, ਝੂਠਾ ਠੀਕਰ ਦਏ ਭੰਨਾਈਆ । ਕਾਇਆ ਮੰਦਰ ਮੇਟੇ ਅੰਧੇਰਾ ਤਾਰੀਕ, ਨਿਜ ਨੇਤਰ ਕਰੇ ਰੁਸ਼ਨਾਈਆ । ਮਾਰਗ ਪਾਰ ਕਰੇ ਬਾਰੀਕ, ਅਧਵਿਚਕਾਰ ਨਾ ਕੋਇ ਅਟਕਾਈਆ । ਪੰਚ ਵਿਕਾਰ ਨਾ ਰਹੇ ਸ਼ਰੀਕ, ਸਿਰਕਤ ਕੋਇ ਰਹਿਣ ਨਾ ਪਾਈਆ । ਦੂਈ ਦਵੈਤੀ ਮੇਟੇ ਲੀਕ, ਪੱਟੀ ਸਾਫ ਇਕ ਵਖਾਈਆ । ਭਗਤ ਭਗਵਾਨ ਰਲ ਮਿਲ ਇਕ ਦੂਜੇ ਦੇ ਗਾਵਣ ਗੀਤ, ਘਰ ਘਰ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਸ਼ਿਵਦਵਾਲਾ ਠਾਕਰ ਮੱਠ ਮਸੀਤ, ਹਰਿ ਮੰਦਰ ਅੰਦਰ ਬੈਠਾ ਸਤਿਗੁਰ ਡੇਰਾ ਲਾਈਆ । ਗੁਰਸਿਖ ਗੁਰਚਰਨ ਕਰ ਸਚ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠੀਕ ਨਿਸ਼ਾਨਾ ਦਏ ਲਗਾਈਆ । ਠੀਕ ਨਿਸ਼ਾਨਾ ਮਾਰੇ ਤੀਰ, ਤ੍ਰੈਗੁਣ ਅਤੀਤਾ ਦਇਆ ਕਮਾਇੰਦਾ । ਹਉਮੇ ਹੰਗਤਾ ਕੱਢੇ ਪੀੜ, ਪੀਆ ਪ੍ਰੀਤਮ ਵੇਖ ਵਖਾਇੰਦਾ । ਬਦਲਣਹਾਰਾ ਤਕਦੀਰ, ਤਕਸੀਰ ਤਦਬੀਰ ਆਪਣੀ ਆਪ ਜਣਾਇੰਦਾ । ਤੋੜਨਹਾਰਾ ਸ਼ਰਅ ਜ਼ੰਜ਼ੀਰ, ਸ਼ਰੀਅਤ ਗੜ੍ਹ ਨਾ ਕੋਇ

ਵਖਾਇੰਦਾ । ਵਖਾਵਣਹਾਰਾ ਸਚ ਤਸਵੀਰ, ਸਾਬਤ ਰੂਪ ਆਪ ਸਮਝਾਇੰਦਾ । ਚੋਟੀ ਚਾੜ੍ਹੇ ਫੜ ਅਖ਼ੀਰ, ਆਖਰ ਆਪਣਾ ਮੇਲ ਮਿਲਾਇੰਦਾ । ਸੋ ਸਾਹਿਬ ਠੀਕ ਹੋਏ ਗੁਣੀ ਗਹੀਰ, ਗਹਿਰ ਗੁਣ ਸਾਗਰ ਗੁਰਮੁਖ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਇਕੋ ਧੀਰ, ਧੀਰਜ ਧੀਰ ਆਪ ਰਖਾਇੰਦਾ । ਸੰਗਤ ਸਾਰੀ ਕਰੋ ਦਰਸ, ਹਰਿ ਦਰਸੀ ਦਰਸ ਜਣਾਇੰਦਾ । ਆਤਮ ਬੋਧੀ ਕਰੋ ਪਰਖ, ਹਰਿ ਪਾਰਖੂ ਫੇਰਾ ਪਾਇੰਦਾ । ਜਨਮ ਜਨਮ ਦੀ ਮੇਟੋ ਹਰਸ, ਹਵਸ ਨਾ ਕੋਇ ਜਣਾਇੰਦਾ । ਵਸਣਹਾਰਾ ਅਰਸ਼ ਫਰਸ਼, ਨੰਗੀ ਪੈਰੀਂ ਫੇਰਾ ਪਾਇੰਦਾ । ਬਚਨ ਕਰੋ ਹੋ ਨਿਧੜਕ, ਸਭ ਦੇ ਪਰਦੇ ਆਪ ਉਠਾਇੰਦਾ । ਜੋ ਅਭਿਆਸੀ ਰਾਹ ਵਿਚ ਗਿਆ ਅਟਕ, ਫੜ ਬਾਂਹੋਂ ਉਪਰ ਉਠਾਇੰਦਾ । ਜਿਸ ਦਾ ਮਨ ਰਿਹਾ ਖਟਕ, ਤਿਸ ਅੱਗੇ ਆਪ ਬੁਲਾਇੰਦਾ । ਪਿਛੋਂ ਕੋਈ ਨਾ ਕਹੇ ਜਗਤ, ਆਇਆ ਨਜ਼ਰ ਕਿਸੇ ਨਾ ਆਇੰਦਾ । ਵਖਾਵਣਹਾਰਾ ਸਾਚਾ ਕੰਤ, ਸਾਖਿਆਤ ਫੇਰਾ ਪਾਇੰਦਾ । ਲੇਖੇ ਲਾਵੇ ਬੂੰਦ ਰਕਤ, ਪੰਜ ਤਤ ਮਾਟੀ ਫੋਲ ਫੋਲਾਇੰਦਾ । ਪ੍ਰਭ ਮਿਲਣ ਦਾ ਸਾਚਾ ਵਕ਼ਤ, ਵੇਲਾ ਗਿਆ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਗੁਪਤ ਜ਼ਾਹਿਰ ਦੋਵੇ ਰੰਗ ਵਖਾਇੰਦਾ । ਅੰਦਰ ਵੜੇ ਡੂੰਘੇ ਸਾਗਰ, ਨਜ਼ਰ ਕਿਸੇ ਨਾ ਆਈਆ । ਗ਼ਰੀਬ ਨਿਮਾਣਿਆਂ ਨਿਰਮਲ ਕਰਮ ਕਰੇ ਉਜਾਗਰ, ਸਿਰ ਆਪਣਾ ਹੱਥ ਟਿਕਾਈਆ । ਦਰ ਆਇਆਂ ਸਭ ਨੂੰ ਦੇਵੇ ਆਦਰ, ਏਥੇ ਓਥੇ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਲੇਖਾ ਲੇਖੇ ਪਾਈਆ । ਸੰਗਤ ਦਰਸਨ ਨੇਤਰ ਨੈਣ, ਨੈਣ ਨੈਣ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਵਹੇ ਡੂੰਘੇ ਵਹਿਣ, ਕਲਜੁਗ ਬੇੜਾ ਪਾਰ ਨਾ ਕੋਇ ਕਰਾਇੰਦਾ । ਕੂੜੀ ਕਿਰਿਆ ਨਾਤਾ ਤੁੱਟਾ ਭਾਈ ਭੈਣ, ਸਾਕ ਸੈਣ ਨਾ ਕੋਇ ਵਖਾਇੰਦਾ । ਮਾਇਆ ਰਾਣੀ ਖਾਏ ਡੈਣ, ਅੱਗੇ ਹੋ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗ਼ਰੀਬ ਨਿਮਾਣਿਆਂ ਆਇਆ ਆਪ ਲੈਣ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਫੇਰਾ ਪਾਇੰਦਾ । ਬੱਝੀ ਕੁੰਡੀ ਜਾਏ ਤੁੱਟ, ਜਿਸ ਜਨ ਸਤਿਗੁਰ ਦਇਆ ਕਮਾਇੰਦਾ । ਡੂੰਘੀ ਭਵਰੀ ਵਿਚੋਂ ਉਠ, ਆਪਣਾ ਰੂਪ ਵਖਾਇੰਦਾ । ਗੁਰਸਿਖ ਫੜ ਕੇ ਸਾਚੇ ਸੁਤ, ਆਪਣੀ ਗੋਦ ਬਹਾਇੰਦਾ । ਦੋ ਜਹਾਨ ਮੌਲੇ ਰੁੱਤ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਬਰਖਾ ਲਾਇੰਦਾ । ਜਿਸ ਜਨ ਮਿਲਿਆ ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਤਿਸ ਦੋ ਜਹਾਨ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਗ੍ਰਿਹ ਗ੍ਰਿਹ ਆਪਣਾ ਭੇਵ ਚੁਕਾਇੰਦਾ । ਮਾਇਆ ਮੋਹ ਤੁਟੇ ਜਾਲ, ਜੰਜਾਲ ਕੋਇ ਰਹਿਣ ਨਾ ਪਾਈਆ । ਅੰਤ ਨਾ ਕੂਕੇ ਸਿਰ ਤੇ ਕਾਲ, ਮਹਾਕਾਲ ਨਾ ਭੈ ਵਖਾਈਆ । ਸਾਹਿਬ ਸਤਿਗੁਰ ਸੱਚਾ ਮਿਲੇ ਆਣ, ਨਿਰਗੁਣ ਸਰਗੁਣ ਵੇਖ ਵਖਾਈਆ । ਜਿਸ ਦੀ ਘਾਲਣਾ ਰਹੇ ਘਾਲ, ਸੋ ਗੋਬਿੰਦ ਬਾਂਹੋਂ ਫੜ ਲਏ ਉਠਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਨਿਝਰ ਰਸ ਇਕ ਚਖਾਈਆ । ਲੇਖੇ ਲਾਏ ਕਾਇਆ ਮਾਟੀ ਪੰਜ ਤਤ ਖਾਲ, ਰਕ਼ਤ ਬੂੰਦ ਆਪਣੀ ਝੋਲੀ ਪਾਈਆ । ਦੇਵਣਹਾਰਾ ਸੱਚਾ ਧੰਨ ਮਾਲ, ਨਾਮ ਖ਼ਜ਼ਾਨਾ ਇਕ ਲੁਟਾਈਆ । ਗੁਰਸਿਖ ਕਦੇ ਨਾ ਹੋਏ ਕੰਗਾਲ, ਸ਼ਾਹ ਪਾਤਸ਼ਾਹ ਰਾਜ ਰਾਜਾਨ ਖਾਲੀ ਹੱਥ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਦਾ ਸਦ ਸਹਾਈਆ । ਸ਼ਾਹ ਕੰਗਾਲ ਦੋਵੇਂ ਰੋਣ,

੮੭੩
੧੨

ਧੀਰਜ ਧੀਰ ਨਾ ਕੋਇ ਧਰਾਈਆ । ਗੁਰਮੁਖ ਵਿਰਲੇ ਗੂੜ੍ਹੀ ਨੀਦੇ ਸੌਣ, ਜਿਸ ਸਤਿਗੁਰ ਮਿਲਿਆ ਸੱਚਾ ਮਾਹੀਆ । ਬਿਨ ਸਤਿਗੁਰ ਵਾਤ ਨਾ ਪੁੱਛੇ ਕੋਈ ਕੌਣ, ਵੇਲੇ ਅੰਤ ਨਾ ਕੋਇ ਛੁਡਾਈਆ । ਰਸਨਾ ਜਿਹਵਾ ਜੀਵ ਜੰਤ ਸਾਰੇ ਗੌਣ, ਅੰਦਰ ਵੜ ਗੁਰਮੁਖ ਵਿਰਲਾ ਦਰਸ਼ਨ ਪਾਈਆ । ਸਾਧ ਸੰਤ ਉਚੀ ਫਿਰਦੇ ਕਰ ਕਰ ਧੌਣ, ਨਿਵਣ ਸੋ ਅੱਖਰ ਨਾ ਕੋਇ ਸਮਝਾਈਆ । ਮੋਹਣੀ ਰੂਪ ਵੇਖ ਪੌਣ ਉਣੰਜਾ ਝੁੱਲੇ ਪੌਣ, ਪੌਣ ਪੌਣ ਰਹੀ ਕੁਰਲਾਈਆ । ਪਾਰਬ੍ਰਹਮ ਅੰਤਮ ਗੇੜਾ ਰੱਖੇ ਅਵਣ ਗਵਣ, ਪਾਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਹੋਏ ਆਪ ਜ਼ਾਮਨ, ਦਰਗਹਿ ਸਾਚੀ ਆਪਣੀ ਜ਼ਾਮਨੀ ਇਕ ਰਖਾਈਆ । ਸੰਤਨ ਸੇਵਾ ਦਿਵਸ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਅੱਠੇ ਪਹਿਰ ਵੰਡਣ ਦਾਤ, ਹਰਿ ਹਰਿ ਨਾਮ ਵਰਤਾਈਆ । ਮਨ ਮਤ ਮੇਟਣ ਨਾਰ ਕਮਜ਼ਾਤ, ਗੁਰਮਤ ਕਰਨ ਪੜ੍ਹਾਈਆ । ਪੁਰਖ ਅਕਾਲ ਦੱਸਣ ਇਕੋ ਸੱਚਾ ਨਾਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਉਠੋ ਸਾਰੇ ਬਣੋ ਪਾਰਜਾਤ, ਪਾਰਖੂ ਇਕੋ ਸੱਚਾ ਮਾਹੀਆ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਘਰ ਮਿਲੇ ਹਰਿ ਜੂ ਕੰਤ ਕਮਲਾਪਾਤ, ਸੁਰਤ ਸੁਵਾਣੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸੇਵਾ ਦਿਵਸ ਰੈਣ ਰੈਣ ਦਿਵਸ ਏਕਾ ਰਾਹ ਚਲਾਈਆ ।

### ✳ ੨੪ ਭਾਦਰੋਂ ੨੦੧੯ ਬਿਕ੍ਰਮੀ ਸੰਤ ਦਰਬਾਰੀ ਲਾਲ ਨਾਲ ਲੋਪੋ ✳

ਸਚ ਪਿਔਣੀ ਨਾਮ ਚਾਹ, ਦੂਜੀ ਓਟ ਨਾ ਕੋਇ ਰਖਾਈਆ । ਅੰਮ੍ਰਿਤ ਆਤਮ ਜਾਮ ਦੇਣਾ ਪਿਆ, ਜਗ ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਤ੍ਰੈਗੁਣ ਅਗਨੀ ਦੇਣੀ ਬੁਝਾ, ਪੰਜ ਤਤ ਨਾ ਕੋਇ ਲੜਾਈਆ । ਬੰਦ ਤਾਕੀ ਦੇਣੀ ਖੁਲ੍ਹਾ, ਅੰਦਰ ਮੰਦਰ ਕੁੰਡਾ ਲਾਹੀਆ । ਅਨਹਦ ਨਾਦ ਦੇਣਾ ਸੁਣਾ, ਸ਼ਬਦ ਅਨਰਾਗੀ ਰਾਗ ਅਲਾਈਆ । ਨਿਰਮਲ ਦੀਆ ਦੇਣਾ ਜਗਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਆਤਮ ਪਰਮਾਤਮ ਦੇਣਾ ਮਿਲਾ, ਮਿਲਿਆ ਮੇਲ ਵਿਛੜ ਨਾ ਜਾਈਆ । ਸਾਚਾ ਸੋਹਲਾ ਦੇਣਾ ਸੁਣਾ, ਰਸਨਾ ਜਿਹਵਾ ਕੋਇ ਨਾ ਗਾਈਆ । ਪਰਦਾ ਉਹਲਾ ਦੇਣਾ ਚੁਕਾ, ਦੂਈ ਦਵੈਤ ਮੇਟ ਮਿਟਾਈਆ । ਪੰਜ ਤਤ ਵਿਕਾਰਾ ਦੇਣਾ ਸੁਵਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਸੋ ਪੁਰਖ ਨਿਰੰਜਣ ਦਰਸ ਦੇਣਾ ਕਰਾ, ਹਰਿ ਪੁਰਖ ਨਿਰੰਜਣ ਮੇਲਾ ਸਹਿਜ ਸੁਭਾਈਆ । ਏਕੰਕਾਰਾ ਦਰ ਦਰਬਾਰਾ ਦੇਣਾ ਵਖਾ, ਦਰਬਾਰ ਇਕੋ ਇਕ ਵਡਿਆਈਆ । ਆਦਿ ਨਿਰੰਜਣ ਨੂਰ ਦੇਣਾ ਜਗਾ, ਨੂਰੋ ਨੂਰ ਕਰੇ ਰੁਸ਼ਨਾਈਆ । ਸਚ ਨਿਸ਼ਾਨਾ ਦੇਣਾ ਝੁਲਾ, ਅਬਿਨਾਸ਼ੀ ਕਰਤਾ ਹੱਥ ਉਠਾਈਆ । ਸ੍ਰੀ ਭਗਵਾਨ ਦੇਣਾ ਪਰਗਟਾ, ਪਰਗਟ ਆਪਣੀ ਜੋਤ ਧਰਾਈਆ । ਪਾਰਬ੍ਰਹਮ ਪ੍ਰਭ ਲੇਖਾ ਦੇਣਾ ਮੁਕਾ, ਲੇਖਾ ਲੇਖ ਰਹੇ ਨਾ ਰਾਈਆ । ਦੋ ਜਹਾਨਾਂ ਪੰਧ ਦੇਣਾ ਮੁਕਾ, ਆਵਣ ਜਾਵਣ ਖੇਲ ਨਾ ਕੋਇ ਰਖਾਈਆ । ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਡੇਰਾ ਦੇਣਾ ਢਾਹ, ਢਾਹ ਢਾਹ ਖ਼ਾਕੀ ਖ਼ਾਕ ਮਿਲਾਈਆ । ਅੰਤਰ ਆਤਮ ਰੰਗ ਦੇਣਾ ਚੜ੍ਹਾ, ਰੰਗਿਆ ਰੰਗ ਉਤਰ ਨਾ ਜਾਈਆ । ਸਚ ਪਿਆਲਾ ਦੇਣਾ ਪਿਆ, ਜਾਮ ਇਕੋ ਹੱਥ ਉਠਾਈਆ । ਕੋਟ ਜਨਮ ਦੇ ਬਖ਼ਸ਼ ਦਏ ਗੁਨਾਹ, ਪਤਿਤ ਪਾਪੀ ਦਏ ਤਰਾਈਆ । ਇਕ ਵਖਾਏ ਸਚ ਮਕਾਨ, ਮੁਕਾਮੇ ਹੱਕ ਸੋਭਾ ਪਾਈਆ ।

ਇਕ ਮਿਲਾਏ ਸਚ ਰਾਮ, ਰਾਮ ਰਾਮ ਸਮਝਾਈਆ । ਇਕ ਮਿਲਾਏ ਸੱਚਾ ਕਾਹਨ, ਗੋਪੀ ਕਾਹਨ ਏਕਾ ਰਾਸ ਰਚਾਈਆ । ਏਕਾ ਦੇਵੇ ਸਚ ਨਾਮ, ਸਚ ਕਰੇ ਪੜ੍ਹਾਈਆ । ਏਕਾ ਦੇਣਾ ਸਚ ਨਿਸ਼ਾਨ, ਨਿਸ਼ਾਨਾ ਇਕੋ ਇਕ ਲਗਾਈਆ । ਏਕਾ ਦੱਸਣਾ ਸਚ ਗਿਆਨ, ਲਿਖਣ ਪੜ੍ਹਨ ਵਿਚ ਨਾ ਆਈਆ । ਚੌਦਾਂ ਵਿਦਿਆ ਹੋਣ ਹੈਰਾਨ, ਭੇਵ ਅਭੇਦਾ ਦੇ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਸਰਬ ਕੁਰਲਾਣ, ਨੇਤਰ ਰੋ ਰੋ ਨੀਰ ਵਹਾਈਆ । ਸਾਚਾ ਲੇਖਾ ਚੁੱਕੇ ਆਣ, ਲੇਖਾ ਲਿਖਿਆ ਰਹੇ ਨਾ ਰਾਈਆ । ਸਾਚਾ ਪਿਔਣਾ ਏਕਾ ਏਕ ਜਾਮ,

ਮਧੁਰ ਪਿਆਲਾ ਹੱਥ ਉਠਾਈਆ । ਆਏ ਦਰ ਚਲ ਕਰੋ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਜਿਸ ਨਾਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਿਤਾ ਦਾਨ, ਭਗਤ ਭਗਵੰਤ ਕਰੀ ਕੁੜਮਾਈਆ । ਸੋ ਸੰਤ ਦੇਵਣ ਸੱਚਾ ਜਾਮ, ਧੁਰਦਰਗਾਹੀ ਪਿਆਲਾ ਹੱਥ ਉਠਾਈਆ । ਇਕੋ ਪੀਣ ਆਏ ਸੱਚਾ ਜਾਮ, ਨਿਸ਼ਕਾਮ ਸ਼ੰਕ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਚਾਹ, ਸਤਿਗੁਰ ਮਿਲੇ ਸ਼ਬਦ ਮਲਾਹ, ਦੋ ਜਹਾਨਾਂ ਬੇੜਾ ਦੇਵੇ ਪਾਰ ਕਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਚਾਹ ਪੀਣ ਦਾ ਚਾਓ ਘਨੇਰਾ, ਇਕੋ ਆਸ ਰਖਾਈਆ । ਨਾਤਾ ਤੁਟੇ ਮੇਰਾ ਤੇਰਾ, ਤੂੰ ਮੈਂ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਗਤ ਵਿਕਾਰਾ ਚੁੱਕੇ ਝੇੜਾ, ਏਕਾ ਮਿਲੇ ਸਹਿਜ ਸੁਖਦਾਈਆ । ਏਥੇ ਓਥੇ ਕਰੇ ਹੱਕ ਨਬੇੜਾ, ਹੱਕ ਹਕ਼ੀਕ਼ਤ ਵੇਖ ਵਖਾਈਆ । ਘਰ ਵਿਚ ਘਰ ਵਖਾਏ ਖੁਲ੍ਹਾ ਵੇਹੜਾ, ਘਰ ਮੰਦਰ ਕਰ ਰੁਸ਼ਨਾਈਆ । ਆਤਮ ਪਰਮਾਤਮ ਦੂਈ ਦਵੈਤੀ ਚੁੱਕੇ ਝੇੜਾ, ਝੰਜਟ ਕੋਇ ਰਹਿਣ ਨਾ ਪਾਈਆ । ਏਕਾ ਰੰਗ ਵਖਾਏ ਸੰਝ ਸਵੇਰਾ, ਦਿਵਸ ਰੈਣ ਨਾ ਕੋਇ ਚਤੁਰਾਈਆ । ਗੁਰਮੁਖ ਹਰਿਜਨ ਹਰਿ ਸੰਤ ਭਗਤ ਭਗਵਾਨ ਦੇਵੇ ਨਾਮ ਚਾਹ ਸਾਚੀ ਕਰ ਕਰ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਚਾਹ ਪੀਣ ਦੀ ਸਾਚੀ ਆਸ, ਗੁਰਮੁਖ ਸਦਾ ਰਖਾਇੰਦਾ । ਧੰਨ ਵਡਿਆਈ ਜੋ ਬੁਝਾਏ ਪਿਆਸ, ਤ੍ਰਿਸਨਾ ਰੋਗ ਗਵਾਇੰਦਾ । ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਸੋਭਾ ਗਾਇੰਦਾ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪਾਰ ਕਰਾਇੰਦਾ । ਨਿਰਮਲ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਇਕ ਅਖਵਾਇੰਦਾ । ਮਹੱਲ ਅਟੱਲ ਮੁਨਾਰ ਖੇਲ ਤਮਾਸ਼, ਖ਼ਾਲਕ ਖ਼ਲਕ ਆਪ ਖਲਾਇੰਦਾ । ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਰਾਜ ਰਾਜਾਨ ਸਾਚੇ ਤਖ਼ਤ ਸੋਭਾ ਪਾਇੰਦਾ । ਜਨ ਭਗਤਾਂ ਸਾਚੀ ਚਾਹ ਦੇਵੇ ਭਰ ਗਲਾਸ, ਸਚ ਪਿਆਲਾ ਹੱਥ ਉਠਾਇੰਦਾ । ਸਾਚੇ ਸੰਤਾਂ ਕੋਲੋਂ ਕੋਈ ਨਾ ਹੋਵੇ ਨਿਰਾਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਹਰਿ ਸੰਗਤ ਬਣ ਨਿਮਾਣੀ ਮੂੰਹ ਵਿਚ ਘਾਸ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜਨਮ ਜਨਮ ਦਾ ਕੱਟੇ ਜਮ ਕਾ ਫਾਸ, ਰਾਏ ਧਰਮ ਨੇੜ ਨਾ ਆਇੰਦਾ । ਮਾਇਆ ਮਮਤਾ ਪਰਦਾ ਕਰਨਾ ਫਾਸ ਫਾਸ, ਕਤਰਾ ਕਤਰਾ ਕਤਰੇ ਕਤਰੇ ਨਾਲ ਕਤਰਾਇੰਦਾ । ਚਾਹ ਪੀਵਣ ਦੀ ਸਦਾ ਪਿਆਸ, ਬਿਨ ਚਾਹ ਸਾਂਤਕ ਸਤਿ ਨਾ ਕੋਇ ਕਰਾਇੰਦਾ । ਚਾਹ ਪਿਆਓ ਨਾਮ ਮਦਿ, ਮਧੁਰ ਰਸ ਵਖਾਈਆ । ਆਪਣੇ ਅੰਦਰ ਆਪੇ ਸੱਦ, ਘਰ ਘਰ ਵਿਚ ਭੇਵ ਖੁਲ੍ਹਾਈਆ । ਸ਼ਬਦ ਅਗੰਮੀ ਵੱਜੇ ਨੱਦ, ਧੁੰਨ ਆਤਮਕ ਰਾਗ ਸੁਣਾਈਆ । ਨੌਂ ਦਵਾਰੇ ਮੁੱਕੇ ਹੱਦ, ਘਰ ਦਸਵੇਂ ਮਿਲੇ ਵਡਿਆਈਆ । ਆਤਮ ਪਰਮਾਤਮ ਕਰਾਓ ਲੱਡ, ਪਿਤਾ ਪੂਤ ਮਿਲੇ ਸਹਿਜ ਸੁਖਦਾਈਆ । ਵਿਸ਼ਵ ਸੋਹੇ ਇਕੋ ਯੱਦ, ਵਿਸ਼ਨੂੰ ਆਪਣਾ ਰੂਪ ਵਖਾਈਆ । ਕੋਈ ਨਾ ਲੌਣਾ

ਅਜ ਪਜ, ਬਿਨ ਪੀਤਿਆਂ ਮੁੜ ਕੋਇ ਨਾ ਜਾਈਆ । ਦਰ ਦਵਾਰੇ ਆਏ ਭੱਜ, ਬਣ ਪਾਂਧੀ ਪੰਧ ਮੁਕਾਈਆ । ਇਕ ਦੂਜੇ ਦੇ ਸਾਮ੍ਹਣੇ ਰਹੇ ਸਜ, ਨਾ ਕੋਇ ਸਕੇ ਮੁਖ ਛੁਪਾਈਆ । ਇਕੋ ਮੰਦਰ ਕਰੌਣਾ ਹੱਜ, ਇਕੋ ਕਾਅਬਾ ਨਜ਼ਰੀ ਆਈਆ । ਇਕ ਨਗਾਰਾ ਜਾਏ ਵੱਜ, ਏਕਾ ਨੌਬਤ ਨਾਮ ਸੁਣਾਈਆ । ਦਰ ਦਵਾਰੇ ਸਾਚੀ ਚਾਹ ਪੀਏ ਰੱਜ ਰੱਜ, ਮੁੜ ਕੇ ਫੇਰ ਪੀਣ ਦੀ ਲੋੜ ਰਹੇ ਨਾ ਰਾਈਆ । ਸਾਚੀ ਚਾਹ ਕਰੇ ਤਿਆਰ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਸਾਚੀ ਭੱਠੀ ਦਿਓ ਚਾੜ੍ਹ, ਅਗਨੀ ਜੋਤੀ ਲੰਬੂ ਲਾਇੰਦਾ । ਮਿੱਠਾ ਪਾਓ ਅਗੰਮ ਅਪਾਰ, ਰਸ ਨਜ਼ਰ ਕਿਸੇ ਨਾ ਆਇੰਦਾ । ਕਾਇਆ ਨਾਲੋਂ ਪੱਤੀ ਤੋੜੇ ਪੱਤ ਡਾਲ੍ਹ, ਡਾਲ੍ਹੀ ਡਾਲ੍ਹੀ ਵੇਖ ਵਖਾਇੰਦਾ । ਛਾਣ ਪੁਣ ਕਰੇ ਤਿਆਰ, ਜਗਤ ਦੁਰਮਤ ਮੈਲ ਨਾ ਕੋਇ ਵਖਾਇੰਦਾ । ਭਰ ਪਿਆਲਾ ਦੇਣਾ ਵਿਚ ਸੰਸਾਰ, ਸੰਸਾਰੀ ਜੀਵ ਸਰਬ ਤਰਸਾਇੰਦਾ । ਸੰਤ ਸਤਿਗੁਰ ਪੂਰਾ ਸਦਾ ਸਦਾ ਕਰੇ ਸਚ ਪਿਆਰ, ਸਾਚੀ ਚਾਹ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਾਚਾ ਵਰ, ਦਰ ਦਰਵੇਸ਼ ਖਲੋਤਾ ਦਰ, ਇਕੋ ਆਸਾ ਆਸ ਵਿਚੋਂ ਪਰਗਟਾਇੰਦਾ । ਆਸਾ ਵਿਚੋਂ ਆਸ ਪਰਗਟ, ਪਰਗਟ ਧਾਰ ਵਖਾਈਆ । ਕਰ ਕਿਰਪਾ ਪਿਆਲਾ ਦੇਣਾ ਝੱਟ, ਦੋਵੇਂ ਹੱਥ ਵਖਾਈਆ । ਬਿਨ ਰਸਨਾ ਪੀਤਾ ਜਾਏ ਗਟ ਗਟ, ਨਾ ਸਕੇ ਕੋਇ ਅਟਕਾਈਆ । ਬਜਰ ਕਪਾਟੀ ਖੁਲ੍ਹੇ ਝੱਟ, ਨਿਰਗੁਣ ਜੋਤ ਹੋਏ ਰੁਸ਼ਨਾਈਆ । ਅਨਹਦ ਅਗੰਮੀ ਵੱਜੇ ਸੱਟ, ਮਿਲ ਸਖ਼ੀਆਂ ਮੰਗਲ ਗਾਈਆ । ਇਕੋ ਮਿਲੇ ਕਮਲਾਪਤ, ਕਵਲ ਨੈਣ ਸੱਚਾ ਮਾਹੀਆ । ਅੰਤਮ ਰੱਖੇ ਕਲਜੁਗ ਪਤ, ਲੱਖ ਚੁਰਾਸੀ ਨਾਰ ਦੁਹਾਗਣ ਰਹੀ ਕੁਰਲਾਈਆ । ਸਿਰ ਸਮਰਥ ਰੱਖ ਹੱਥ, ਦੋ ਜਹਾਨਾਂ ਲਹਿਣਾ ਦਏ ਚੁਕਾਈਆ । ਆਂਢ ਗੁਆਂਢ ਸਾਰੇ ਰਹੇ ਦੱਸ, ਸੰਤ ਦਰਬਾਰੀ ਲਾਲ ਆਪਣਾ ਦਰਬਾਰ ਖੁਲ੍ਹਾਈਆ । ਜੋ ਆਵੇ ਸੋ ਹੋ ਜਾਏ ਵਸ, ਬਚਿਆ ਕੋਇ ਰਹਿਣ ਨਾ ਪਾਈਆ । ਕਰ ਕਿਰਪਾ ਮਾਰਗ ਦੇਣਾ ਦੱਸ, ਜਿਸ ਦਵਾਰੇ ਮਿਲੇ ਸੱਚਾ ਮਾਹੀਆ । ਪੰਧ ਮੁਕਾਈਏ ਨੱਠ ਨੱਠ, ਪੈਰੀਂ ਚਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਾਚਾ ਦਰ, ਚਾਹ ਚਾਹਨਾ ਵਿਚ ਮਿਲਾਈਆ । ਭੋਲੇ ਭਾਲੇ ਵੇਖੇ ਜੱਟ, ਸੁਰਤੀ ਸ਼ਬਦ ਨਾ ਕਿਸੇ ਮਿਲਾਈਆ । ਸੰਤਾਂ ਕੋਲੋਂ ਲਾਹਾ ਰਹੇ ਖੱਟ, ਦਰ ਦਰ ਫੇਰਾ ਪਾਈਆ । ਬਿਨ ਸੰਤ ਭਗਵੰਤ ਕੋਇ ਨਾ ਚਲਾਏ ਲੋਕਮਾਤ ਹੱਟ, ਨਾਮ ਖ਼ਜ਼ਾਨਾ ਨਾ ਕੋਇ ਲੁਟਾਈਆ । ਕੋਟਨ ਕੋਟ ਮਣਕਾ ਮਣਕਾ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਆਈਆ । ਕੋਟਨ ਕੋਟ ਬੈਠੇ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਡੇਰਾ ਲਾਈਆ । ਅੰਮ੍ਰਿਤ ਆਤਮ ਨਾ ਦੇਵੇ ਕੋਈ ਝੱਟ, ਨਿਝਰ ਰਸ ਨਾ ਕੋਇ ਝਿਰਾਈਆ । ਸੰਤ ਸਾਜਣ ਦੁਰਮਤ ਮੈਲ ਦੇਣੀ ਕੱਟ, ਮੈਲ ਕੋਇ ਰਹਿਣ ਨਾ ਪਾਈਆ । ਆਓ ਸਿਖੋ ਵੇਖੋ ਖੁਲ੍ਹਾ ਹੱਟ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਰਿਹਾ ਖੁਲ੍ਹਾਈਆ । ਜਿਸ ਦਵਾਰੇ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਸੰਤ ਸਾਧ ਬੈਠੇ ਢੱਠ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਸੋ ਸਾਹਿਬ ਪੁਰਖ ਸਮਰਥ, ਸਰਬ ਜੀਆਂ ਦੇਵਣਹਾਰ ਅਖਵਾਈਆ । ਸੰਤਾਂ ਕੋਲ ਸੌਦਾ ਹੱਥੋ ਹੱਥ, ਉਧਾਰ ਕੋਇ ਨਾ ਜਗਤ ਕਰਾਈਆ । ਇਧਰੋਂ ਕੱਢ ਐਧਰ ਰੱਖਣ ਵੱਥ, ਵਸਤੂ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਇਕੋ ਦਰ, ਇਕੋ ਆਸ ਰਖਾਈਆ । ਸੰਤ ਕੋਈ ਨਾ ਕਰੇ ਨਿਹਾਲ, ਪ੍ਰਭੂ ਅੱਗੇ ਕਰਨ ਅਰਜ਼ੋਈਆ । ਸੰਤ ਸਦਾ ਮਾਤ ਦਲਾਲ, ਬਣ ਵਿਚੋਲੇ ਸੇਵ ਕਮਾਈਆ । ਸਾਚਾ ਮਾਰਗ ਦੇਣ

ਸਿਖਾਲ, ਲੱਖ ਚੁਰਾਸੀ ਪਾਂਧੀ ਪੰਧ ਮੁਕਾਈਆ । ਅੰਦਰ ਵੜ ਵੜ ਚਲਣਾ ਨਾਲ ਨਾਲ, ਬਾਹਰੋਂ ਰਸਨਾ ਨਾਲ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਆਪ ਵਖਾਏ ਸੱਚੀ ਧਰਮਸਾਲ, ਸਚਖੰਡ ਦਵਾਰ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸੰਤਾਂ ਆਪਣੇ ਨਾਮ ਦੇਵੇ ਵਡਿਆਈਆ । ਸੋ ਮੁਖ ਸੋਹੇ ਜੋ ਰਸਨਾ ਹੱਸੇ, ਬੱਤੀ ਦੰਦ ਵਡਿਆਈਆ । ਜਿਸ ਹਿਰਦੇ ਪਰਮ ਪੁਰਖ ਪਰਮੇਸ਼ਵਰ ਵਸੇ, ਤਿਸ ਅੱਠੇ ਪਹਿਰ ਰੁਸ਼ਨਾਈਆ । ਕੋਟਨ ਕੋਟ ਕਰੇ ਪਰਕਾਸ਼ ਰਵ ਸੱਸੇ, ਨੂਰ ਇਕੋ ਇਕ ਜਣਾਈਆ । ਆਪਣਾ ਮਾਰਗ ਸੰਤਾਂ ਦੱਸੇ, ਸੰਤ ਮਾਰਗ ਸ੍ਰਿਸ਼ਟ ਸਬਾਈ ਦਏ ਲਗਾਈਆ । ਆਤਮ ਪਰਮਾਤਮ ਏਕਾ ਮੰਦਰ ਵਸੇ, ਸੋਹੰ ਸੋ ਪੁਰਖ ਨਿਰੰਜਣ ਕਰ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰਸਾ ਸੋਹੰ ਸੋਹੰ ਹੰਸਾ ਆਪਣਾ ਰੰਗ ਰੰਗਾਈਆ । ਅਧਵਿਚਕਾਰ ਨਿੱਕੀ ਕੰਧ, ਪਰਦਾ ਕੋਇ ਨਜ਼ਰ ਨਾ ਆਈਆ । ਸੋਹੰ ਇਕੋ ਛੰਦ, ਗੋਬਿੰਦ ਗੀਤ ਅਲਾਈਆ । ਅੰਦਰੇ ਅੰਦਰ ਮੁੱਕੇ ਪੰਧ, ਬਾਹਰ ਸਫਰ ਨਾ ਕੋਇ ਕਰਾਈਆ । ਸੰਤ ਮਹਾਤਮ ਆਤਮ ਖੋਲ੍ਹੇ ਅਪਣੀ ਗੰਢ, ਸਾਚਾ ਨਾਮ ਦਿਉ ਵਰਤਾਈਆ । ਭੁਖਿਆਂ ਨੰਗਿਆਂ ਪੈ ਜਾਏ ਠੰਡ, ਅਗਨੀ ਤਤ ਬੁਝਾਈਆ । ਜਨਮ ਜਨਮ ਦੀ ਹੋਈ ਰੰਡ, ਹਰਿ ਕੰਤ ਲਏ ਮਨਾਈਆ । ਕਲਜੁਗ ਔਧ ਰਹੀ ਲੰਘ, ਵੇਲਾ ਗਿਆ ਹੱਥ ਨਾ ਆਈਆ । ਇਕ ਵਖਾਉਣੀ ਸੇਜ ਪਲੰਘ, ਜਿਸ ਸੇਜ ਉਪਰ ਸੁੱਤਾ ਸੱਚਾ ਮਾਹੀਆ । ਅੱਠੇ ਪਹਿਰ ਵਜਾਏ ਮਰਦੰਗ, ਢੋਲਕ ਛੈਣਾ ਨਾ ਕੋਇ ਰਖਾਈਆ । ਬਿਨ ਸੂਰਜ ਚੰਦ ਚੜ੍ਹਿਆ ਚੰਦ, ਪਰਕਾਸ਼ ਪਰਕਾਸ਼ ਪਰਕਾਸ਼ਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਸੰਤਾਂ ਕੋਲ ਰੱਖੀ ਇਕੋ ਮੰਗ, ਦੂਜੀ ਚਾਹ ਨਾ ਕੋਇ ਰਖਾਈਆ । ਕੰਧ ਵਿਚਾਰੀ ਰਹੀ ਰੋ, ਨੇਤਰ ਨੈਣਾ ਨੀਰ ਵਹਾਈਆ । ਬੌਹੜੀ ਬੌਹੜੀ ਸੰਤ ਇਕ ਦੂਜੇ ਨਾਲ ਅਜੇ ਨਾ ਸਕੇ ਛੋਹ, ਮੇਰਾ ਪਰਦਾ ਨਾ ਕੋਇ ਉਠਾਈਆ । ਜਗਤ ਵਿਦਿਆ ਵਧਿਆ ਮੋਹ, ਅਨੁਭਵ ਦ੍ਰਿਸ਼ਟ ਨਾ ਕੋਇ ਜਣਾਈਆ । ਮੇਰੀ ਖ਼ਬਰ ਨਾ ਦੇਵੇ ਸੋ, ਹੰ ਬ੍ਰਹਮ ਦਏ ਜਗਾਈਆ । ਮੇਰੇ ਘਰ ਨਾ ਹੋਈ ਲੋ, ਮੇਰੀ ਤਾਕੀ ਨਾ ਕਿਸੇ ਖੁਲ੍ਹਾਈਆ । ਅਸੀਂ ਵੇਖੀਏ ਅੱਗੇ ਹੋ, ਕਿਸ ਘਰ ਹੋਏ ਰੁਸ਼ਨਾਈਆ । ਕਵਣ ਨਿਝਰ ਝਿਰਨਾ ਰਿਹਾ ਚੋ, ਬੂੰਦ ਬੂੰਦ ਰਿਹਾ ਟਪਕਾਈਆ । ਬਾਂਹ ਸਰਹਾਣੇ ਲੈ ਕੇ ਉਤੇ ਨਾ ਜਾਏ ਸੌਂ, ਸਚ ਸਿੰਘਾਸਣ ਇਕ ਰਖਾਈਆ । ਇਕੋ ਦੇਣਾ ਸਾਚਾ ਢੋਆ ਢੋ, ਅਤੋਟ ਅਤੁਟ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਹ ਮੰਗਣ ਦੀ ਇਕੋ ਆਸ ਰਖਾਈਆ । ਇੱਟਾਂ ਕੰਧ ਰੋਵੇ ਹੱਸੇ, ਦੋਵੇਂ ਕੰਧ ਵਖਾਈਆ । ਮੇਰੇ ਅੰਤਰ ਰੈਣ ਅੰਧੇਰੀ ਮੱਸੇ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਜਿੰਨਾ ਚਿਰ ਸੰਤ ਦਰਬਾਰੀ ਲਾਲ ਨਾ ਮਾਰਗ ਦੱਸੇ, ਓਨ੍ਹਾਂ ਚਿਰ ਮੇਰੀ ਖ਼ੁਸ਼ੀ ਕਦੇ ਨਾ ਆਈਆ । ਬਹਿ ਬਹਿ ਚਰਨ ਨਿਮਾਣੀ ਝੱਸੇ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗ ਮੰਗਣਹਾਰਾ ਇਕੋ ਮੰਗ ਮੰਗਾਈਆ । ਦਿਆਲ ਗੁਰੂ ਨਾ ਕੋਇ ਘਾਟਾ, ਘਾਟਾ ਕੋਇ ਰਹਿਣ ਨਾ ਪਾਈਆ । ਅੰਦਰ ਬਾਹਰ ਨੇੜੇ ਆਈ ਵਾਟਾ, ਨਿੱਕੀ ਕੰਧ ਨਾ ਸਕੇ ਅਟਕਾਈਆ । ਹੋਏ ਨਿਮਾਣੀ ਖੋਹੇ ਝਾਟਾ, ਬਿਹਬਲ ਹੋ ਦਏ ਦੁਹਾਈਆ । ਭਗਤ ਭਗਵੰਤ ਇਕੋ ਸਾਕਾ, ਹਰਿ ਸੱਜਣ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਦਵਾਰੇ ਵੇਖ ਭੰਡਾਰੇ ਬੋਲ ਜੈਕਾਰੇ, ਏਕਾ ਅਲਖ ਅਲਖ ਅਲਖ

ਸੁਣਾਈਆ । ਅਲਖ ਅਲਖ ਅਲਖ ਨਿਰੰਜਣ, ਅਗੰਮ ਅਗੰਮ ਸੁਣਾਇੰਦਾ । ਸੰਤ ਸੱਜਣ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਇੰਦਾ । ਨੇਤਰ ਨਾਮ ਨਿਧਾਨ ਪਾਏ ਅੰਞਣ, ਅਗਿਆਨ ਅੰਧੇਰ ਝੁਕਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣ, ਅਠਸਠ ਮੁਖ ਸ਼ਰਮਾਇੰਦਾ । ਮਿਲ ਸੰਤਾਂ ਦੀਪਕ ਜੋਤੀ ਜਗਣ, ਜਾਗਰਤ ਜੋਤ ਡਗਮਗਾਇੰਦਾ । ਮੁਖ ਲਗਾਉਣਾ ਸਾਚਾ ਸ਼ਗਨ, ਇਕੋ ਨਾਮ ਮੰਗ ਮੰਗਾਇੰਦਾ । ਤ੍ਰੈਗੁਣ ਮਾਇਆ ਨਾ ਲੱਗੇ ਅਗਨ, ਪੰਜ ਤਤ ਨਾ ਕੋਇ ਹਲਕਾਇੰਦਾ । ਅੱਠੇ ਪਹਿਰ ਏਕਾ ਨੂਰੀ ਜੋਤੀ ਨੁਰਾਨੀ ਨਾਮ ਰਹੇ ਲਗਨ, ਲਾਗੇ ਕੋਇ ਹੋਰ ਨਾ ਆਇੰਦਾ । ਬਿਨ ਸੰਤਾਂ ਦਿਸੇ ਨਾ ਕੋਇ ਸੱਜਣ, ਲੱਖ ਚੁਰਾਸੀ ਝੂਠਾ ਨਾਤਾ ਮੋਹ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਾਚਾ ਦਰ, ਗ੍ਰਿਹ ਮੰਦਰ ਅੰਦਰ ਇਕੋ ਮੰਗ ਰਖਾਇੰਦਾ । ਰਾਮ ਨਾਮ ਸਾਚੀ ਸੇਵਾ, ਦੂਜੀ ਸੇਵਾ ਕੰਮ ਕਿਸੇ ਨਾ ਆਈਆ । ਆਤਮ ਪਰਮਾਤਮ ਮਿਲੇ ਦੇਵੀ ਦੇਵਾ, ਦੇਵ ਆਤਮ ਹੋਏ ਕੁੜਮਾਈਆ । ਲਹਿਣਾ ਦੇਣਾ ਚੁਕਾਏ ਅਲਖ ਅਭੇਵਾ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਸੱਚਾ ਦੇਣਾ ਇਕੋ ਮੇਵਾ, ਬਿਨ ਰਸਨਾ ਜਿਹਵਾ ਖਾਈਆ । ਮਸਤਕ ਲਾਉਣਾ ਸਾਚਾ ਥੇਵਾ, ਕੌਸਤਕ ਮਣੀਆ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਇਕੋ ਸਮਝਾਈਆ । ਇਕੋ ਇਕ ਆਦਿ ਜੁਗਾਦਿ, ਜੰਮਣ ਮਰਨ ਵਿਚ ਨਾ ਆਈਆ । ਇਕੋ ਇਕ ਬੋਧ ਅਗਾਧ, ਆਦਿ ਜੁਗਾਦਿ ਕਰੇ ਪੜ੍ਹਾਈਆ । ਇਕੋ ਇਕ ਅਨਾਦੀ ਨਾਦ, ਅਨਾਦੀ ਦਏ ਸੁਣਾਈਆ । ਇਕੋ ਇਕ ਕੋਟਨ ਕੋਟ ਉਪਾਏ ਸੰਤ ਸਾਧ, ਲੋਕਮਾਤ ਸੇਵ ਲਗਾਈਆ । ਇਕੋ ਇਕ ਦੇਵਣਹਾਰਾ ਦਾਦ, ਲੱਖ ਚੁਰਾਸੀ ਝੋਲੀ ਆਪ ਭਰਾਈਆ । ਇਕੋ ਇਕ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚੋਂ ਕਾਢ, ਅੰਤ ਆਪਣੇ ਵਿਚ ਸਮਾਈਆ । ਸੋ ਸਾਹਿਬ ਦਿਆਲ ਠਾਕਰ ਸਵਾਮੀ ਜੁਗਾ ਜੁਗੰਤਰ ਸਭ ਨੂੰ ਰਹੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ ।

### ✳ ੨੪ ਭਾਦਰੋਂ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਬਧਨੀ ਜ਼ਿਲਾ ਫਿਰੋਜ਼ਪੁਰ ✳

ਗ੍ਰਿਹ ਮੰਦਰ ਘਰ ਸੁਹੰਜਣਾ, ਹਰਿਜਨ ਮਿਲੇ ਮਾਣ ਵਡਿਆਈਆ । ਪ੍ਰਭ ਪਾਇਆ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨਿਮ ਵਾਸ ਮਹਿਕਾਏ ਚੰਦਨਾ, ਸਚ ਸੁਗੰਧੀ ਇਕ ਪਰਗਟਾਈਆ । ਆਤਮ ਦੇਵੇ ਸਚ ਅਨੰਦਨਾ, ਅਨੰਦ ਅਨੰਦ ਵਿਚ ਰਖਾਈਆ । ਜਮ ਕੀ ਫਾਸੀ ਤੋੜੇ ਫੰਧਨਾ, ਲੱਖ ਚੁਰਾਸੀ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਬੇੜਾ ਉਤਰੇ ਪਾਰ, ਸਤਿਗੁਰ ਪੂਰਾ ਆਪ ਕਰਾਇੰਦਾ । ਅੰਤ ਬੇੜਾ ਨਾ ਕੋਇ ਡੋਬੇ ਮੰਝਧਾਰ, ਸੰਸਾਰ ਸਾਗਰ ਵੇਖ ਵਖਾਇੰਦਾ । ਸਾਚੀ ਨੱਯਾ ਦੇਵੇ ਚਾੜ੍ਹ, ਨਾਮ ਨੌਕਾ ਇਕ ਵਖਾਇੰਦਾ । ਸੇਵਾ ਕਰੇ ਆਪ ਕਰਤਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਪਾਰ ਕਰਾਇੰਦਾ । ਗੁਰਮੁਖ ਸੱਜਣ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਏਕਾ ਦੇਵੇ ਨਾਮ ਧੰਨ, ਵਸਤ ਅਮੋਲਕ ਝੋਲੀ ਪਾਈਆ । ਏਕਾ ਰਾਗ ਸੁਣਾਏ ਕੰਨ, ਸ਼ਬਦ ਅਗੰਮੀ ਨਾਦ ਵਜਾਈਆ । ਏਕਾ ਵਾਸਨਾ ਮਾਰੇ ਮਨ, ਮਨ ਮਮਤਾ ਦਏ ਖਪਾਈਆ । ਕਰੇ ਪਰਕਾਸ਼ ਅੰਧੇਰ ਅੰਨ੍ਹ, ਚੰਦ ਚਾਂਦਨੀ ਇਕ ਰੁਸ਼ਨਾਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਇਕੋ

ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਹਰਿਜਨ ਲੇਖਾ ਚੁੱਕੇ ਮਾਤ, ਆਵਣ ਜਾਵਣ ਰਹਿਣ ਨਾ ਪਾਈਆ । ਸਤਿਗੁਰ ਪੂਰਾ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਨਿਰਗੁਣ ਸਰਗੁਣ ਸਗਲਾ ਸਾਥ, ਬਣ ਸੰਗੀ ਆਪ ਨਿਭਾਈਆ । ਏਕਾ ਨਾਮ ਦੇਵੇ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਅਠਸਠ ਤੀਰਥ ਨ੍ਹਾਵਣ ਕੋਇ ਨਾ ਜਾਈਆ । ਘਰ ਮਿਲੇ ਪੁਰਖ ਸਮਰਾਥ, ਮਿਹਰਵਾਨ ਏਕਾ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਹਿਣਾ ਝੋਲੀ ਪਾਈਆ । ਗੁਰਮੁਖ ਲਹਿਣਾ ਚਾਰ ਜੁਗ, ਜੁਗ ਚੌਕੜੀ ਆਪ ਮੁਕਾਇੰਦਾ । ਸਤਿਗੁਰ ਪੂਰਾ ਗੋਦੀ ਚੁੱਕ, ਸ਼ਬਦ ਹੁਲਾਰ ਇਕ ਰਖਾਇੰਦਾ । ਉਜਲ ਕਰੇ ਮਾਤ ਮੁੱਖ, ਦੁਰਮਤ ਮੈਲ ਧੁਆਇੰਦਾ । ਨਾਤਾ ਤੋੜ ਮਾਤ ਗਰਭ ਉਲਟਾ ਰੁੱਖ, ਅਜੂਨ ਜੂਨ ਨਾ ਕੋਇ ਭੁਆਇੰਦਾ । ਆਤਮ ਪਰਮਾਤਮ ਦੇਵੇ ਸੁਖ, ਸੋਹੰ ਢੋਲਾ ਇਕ ਸੁਣਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਚਤੁਰਭੁਜ ਆਪਣੇ ਰੰਗ ਰੰਗਾਇੰਦਾ । ਸੰਤ ਸੁਹੇਲੇ ਸਾਚੇ ਸੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਵੇਖ ਵਖਾਇੰਦਾ । ਸਾਚੇ ਘਰ ਵੇਖਣਹਾਰਾ, ਦੀਨਨ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਊਚਾਂ ਨੀਚਾਂ ਭੇਵ ਚੁਕਾਈਆ । ਏਕਾ ਦੇਵੇ ਚਰਨ ਸਹਾਰਾ, ਹਰਿ ਸਰਨ ਵਡੀ ਵਡਿਆਈਆ । ਆਵਣ ਜਾਵਣ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਨਾਮ ਅਗੰਮੀ ਇਕ ਜੈਕਾਰਾ, ਸੋਹੰ ਸੋਹਲਾ ਰਸਨਾ ਗਾਈਆ । ਬਣ ਵਿਚੋਲਾ ਏਕੰਕਾਰਾ, ਸੇਵਕ ਸਾਚੀ ਸੇਵ ਕਮਾਈਆ । ਜਨ ਭਗਤਾਂ ਅੰਮ੍ਰਿਤ ਰਸ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੇਖਾ ਲੇਖੇ ਪਾਈਆ । ਗੁਰਸਿਖ ਲੇਖਾ ਲੇਖੇ ਜਾਏ ਲੱਗ, ਬਾਕੀ ਕੋਇ ਰਹਿਣ ਨਾ ਪਾਈਆ । ਰਸਨਾ ਮੁਖ ਭੋਗ ਲਗਾਏ ਸਾਚਾ ਸਗ, ਸਗਨ ਇਕੋ ਵਾਰ ਮਨਾਈਆ । ਹੰਸ ਬਣਾਏ ਫੜ ਫੜ ਕਗ, ਬੁੱਧੀ ਕਾਗ ਨਾ ਕੋਇ ਕੁਰਲਾਈਆ । ਅੰਤਮ ਪਰਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਹੋਏ ਆਪ ਸਹਾਈਆ । ਸਦਾ ਸਹਾਈ ਗੁਰਸਿਖ ਤੇਰਾ, ਹਰਿ ਸਤਿਗੁਰ ਦਇਆ ਕਮਾਇੰਦਾ । ਭੇਵ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਏਕਾ ਘਰ ਵਸਾਇੰਦਾ । ਭਾਂਡਾ ਭਰਮ ਭੌ ਢਾਹੇ ਢੇਰਾ, ਢੇਰੀ ਢਾਹ ਖ਼ਾਕ ਮਿਲਾਇੰਦਾ । ਏਕਾ ਰੰਗ ਵਖਾਏ ਸੰਝ ਸਵੇਰਾ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਇੰਦਾ । ਹਰਿਜਨ ਸਾਚਾ ਪਾਰ ਲੰਘ, ਤਟ ਕਿਨਾਰੇ ਫੇਰਾ ਪਾਈਆ । ਆਤਮ ਅੰਤਰ ਸਚ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਅੱਠੇ ਪਹਿਰ ਇਕ ਮਰਦੰਗ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਸਰੋਵਰ ਧਾਰਾ ਗੰਗ, ਨਿਝਰ ਝਿਰਨਾ ਦਏ ਝਿਰਾਈਆ । ਦਰਸ ਦਿਖਾਏ ਸੂਰਾ ਸਰਬੰਗ, ਸਵੱਛ ਸਰੂਪੀ ਰੂਪ ਵਟਾਈਆ । ਗੁਰਸਿਖ ਜਨਮ ਨਾ ਹੋਏ ਭੰਗ, ਮਾਣਸ ਮਾਨੁਖ ਲੇਖੇ ਲਾਈਆ । ਦੂਈ ਦਵੈਤੀ ਢਾਹੇ ਕੰਧ, ਆਤਮ ਪਰਮਾਤਮ ਮੇਲ ਮਿਲਾਈਆ । ਗੁਰਸਿਖ ਗੁਰ ਗੁਰ ਇਕੋ ਛੰਦ, ਗੁਰ ਚੇਲਾ ਕਰੇ ਪੜ੍ਹਾਈਆ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਨਾਉਂ ਨਿਰੰਕਾਰਾ ਰਿਹਾ ਵੰਡ, ਜਨ ਭਗਤਾਂ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬੇੜਾ ਮਾਤ ਬੰਨ੍ਹ, ਸੰਸਾਰ ਸਾਗਰ ਪਾਰ ਕਰਾਈਆ ।


੮੭੯ ੧੨

## ✳ ੨੪ ਭਾਦਰੋਂ ੨੦੧੯ ਦਿਆਲ ਸਿੰਘ ਦੇ ਗ੍ਰਿਹ ਰਾਮੂੰ ਵਾਲਾ ਜ਼ਿਲਾ ਫਿਰੋਜ਼ਪੁਰ ✳

ਕਲਜੁਗ ਅੰਤਮ ਕੂੜ ਪਖੰਡ, ਨੌਂ ਖੰਡ ਪ੍ਰਿਥਮੀ ਰਿਹਾ ਸਮਾਈਆ । ਸਾਧਾਂ ਸੰਤਾਂ ਆਤਮ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਆਪਣੀ ਟੁੱਟੀ ਨਾ ਸਕੇ ਕੋਈ ਗੰਢ, ਜਗਤ ਜੀਵਾਂ ਧੱਕਾ ਰਹੇ ਲਾਈਆ । ਆਤਮ ਅੰਤਰ ਅੰਧੇਰਾ ਅੰਧ, ਸਚ ਪਰਕਾਸ਼ ਨਾ ਕੋਇ ਕਰਾਈਆ । ਅਨਹਦ ਅਨਾਦੀ ਨਾ ਕੋਇ ਛੰਦ, ਬੋਧ ਅਗਾਧ ਨਾ ਕੋਇ ਪੜ੍ਹਾਈਆ । ਅੰਮ੍ਰਿਤ ਆਤਮ ਨਾ ਕੋਇ ਠੰਡ, ਸਚ ਸਰੋਵਰ ਨਾ ਕੋਇ ਨਹਾਈਆ । ਨੰਗੀ ਹੋਈ ਸਭ ਦੀ ਕੰਡ, ਪਰਦਾ ਸਕੇ ਨਾ ਕੋਇ ਪਾਈਆ । ਰਸਨਾ ਜਿਹਵਾ ਕੂਕ ਕੂਕ ਪਾਇਣ ਡੰਡ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜਗਤ ਵਿਕਾਰਾ ਹੋਏ ਜੰਗ, ਪੰਚਮ ਪੰਚ ਪਰਪੰਚ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਕਲਜੁਗ ਕਿਰਿਆ ਵਡ ਬਲਕਾਰ, ਬਲ ਆਪਣਾ ਰਹੀ ਜਣਾਈਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਈਆ । ਸਾਧ ਸੰਤ ਕਰਨ ਵਿਭਚਾਰ, ਸਤਿ ਸੰਤੋਖ ਨਾ ਕੋਇ ਵਡਿਆਈਆ । ਰਸਨਾ ਜਿਹਵਾ ਕਰਨ ਪਰਚਾਰ, ਪਰਚਾ ਨਾਮ ਨਾ ਕੋਇ ਫੜਾਈਆ । ਗੁਰਦਰ ਮੰਦਰ ਮਸਜਿਦ ਦਿਸੇ ਧੂੰਆਧਾਰ, ਸਚਾ ਚੰਦ ਨਾ ਕੋਇ ਚੜ੍ਹਾਈਆ । ਨਾਨਕ ਨਾਮ ਨਾ ਸਕਿਆ ਕੋਇ ਵਿਚਾਰ, ਗੋਬਿੰਦ ਭੇਵ ਕੋਇ ਨਾ ਆਈਆ । ਅਰਜਨ ਲੇਖਾ ਲਿਖਿਆ ਇਕ ਅਪਾਰ, ਅਪਰੰਪਰ ਕਰ ਪੜ੍ਹਾਈਆ । ਆਦਿ ਜੁਗਾਦੀ ਇਕ ਅਵਤਾਰ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਜੁਗ ਚੌਕੜੀ ਵੇਖੇ ਵਾਰੋ ਵਾਰ, ਨਿਤ ਨਵਿਤ ਵੇਸ ਵਟਾਈਆ । ਭਗਤ ਭਗਵੰਤ ਲਏ ਉਭਾਰ, ਭੇਵ ਅਭੇਦ ਖੁਲ੍ਹਾਈਆ । ਸਾਚੇ ਸੰਤਾਂ ਦਏ ਦੀਦਾਰ, ਦਰਸੀ ਆਪਣਾ ਦਰਸ ਕਰਾਈਆ । ਗੁਰਮੁਖਾਂ ਦੇਵੇ ਨਾਮ ਆਧਾਰ, ਨਾਮ ਨਿਧਾਨਾ ਝੋਲੀ ਪਾਈਆ । ਗੁਰਸਿਖਾਂ ਕਰੇ ਸਚ ਪਿਆਰ, ਬਖ਼ਸ਼ੇ ਚਰਨ ਸਰਨ ਸਰਨਾਈਆ । ਨਾਤਾ ਤੋੜ ਜਗਤ ਪਿਆਰ, ਸਚ ਪ੍ਰੀਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਕਲਜੁਗ ਜੂਠ ਝੂਠ ਰਿਹਾ ਕੂਕ, ਕੂਕ ਕੂਕ ਸੁਣਾਇੰਦਾ । ਸਾਧਾਂ ਸੰਤਾਂ ਚੁੱਕੀ ਚੂਕ, ਚੌਥੇ ਪਦ ਨਾ ਕੋਇ ਸਮਾਇੰਦਾ । ਅੰਦਰੋਂ ਖ਼ਾਲੀ ਦਿਸਣ ਭੂਕ, ਜਗਤ ਮੁਲੱਮਾ ਰੰਗ ਚੜ੍ਹਾਇੰਦਾ । ਸੁਰਤ ਸੁਵਾਣੀ ਸੁੱਤੀ ਗੂੜ੍ਹੀ ਨੀਂਦ ਘੂਕ, ਸ਼ਬਦੀ ਨਾਦ ਨਾ ਕੋਇ ਅਲਾਇੰਦਾ । ਰਸਨਾ ਜਿਹਵਾ ਕਹਿਣ ਜੂਠ ਝੂਠ, ਸਚ ਸੁੱਚ ਨਾ ਕੋਇ ਦ੍ਰਿੜਾਇੰਦਾ । ਪੁਰਖ ਅਕਾਲ ਬਣ ਬਣ ਬਹਿਣ ਪੂਤ, ਤਾਗਾ ਸੂਤ ਗੰਢ ਨਾ ਕੋਇ ਪੁਵਾਇੰਦਾ । ਅੰਤਮ ਸਭ ਦਾ ਆਵਾ ਜਾਣਾ ਊਤ, ਪੁਰਖ ਅਬਿਨਾਸ਼ੀ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਕੂੜ ਕਿਰਿਆ ਮਾਰੇ ਬੋਲ, ਝੂਠ ਸਟੈਂਟ ਦਏ ਦੁਹਾਈਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਹੱਥ ਰਹੇ ਫਿਰਾਈਆ । ਸਤਿ ਨਾ ਤੋਲੇ ਕੋਇ ਤੋਲ, ਨਾਮ ਕੰਡਾ ਨਾ ਕੋਇ ਉਠਾਈਆ । ਜਗਤ ਤ੍ਰਿਸਨਾ ਲੱਗਾ ਘੋਲ, ਬਲ ਆਪਣਾ ਆਪ ਜਣਾਈਆ । ਬਣ ਬਣ ਬੈਠੇ ਪੰਡਤ ਰੌਲ, ਆਪਣਾ ਆਪਣਾ ਰੌਲਾ ਪਾਈਆ । ਆਤਮ ਪਰਮਾਤਮ ਕੋਇ ਨਾ ਜਾਏ ਮੌਲ, ਮੌਲਾ ਨਜ਼ਰ ਕਿਸੇ ਨਾ ਆਈਆ । ਉਲਟਾ ਨਾ ਕੋਇ ਨਾਭ ਕੌਲ, ਕਵਲ ਨਾਭ ਨਾ ਕੋਇ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਰਿਹਾ ਖਪਾਈਆ । ਕਲਜੁਗ ਕਿਰਿਆ ਮੇਟੇ ਅੰਤ, ਮੇਟਣਹਾਰਾ ਫੇਰਾ ਪਾਇੰਦਾ । ਕਰੇ ਖੇਲ ਸ੍ਰੀ ਭਗਵੰਤ, ਭਗਵਨ


tto ੧੨

ਆਪਣਾ ਰਾਹ ਚਲਾਇੰਦਾ । ਸਚ ਸਚ ਚਲਾਏ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਕੰਤ ਸੁਹਾਗ ਚਾੜ੍ਹੇ ਰੰਗ ਬਸੰਤ, ਚੋਲੀ ਕਾਇਆ ਆਪ ਰੰਗਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਸਰਬ ਸਮਝਾਇੰਦਾ । ਮੇਲ ਮਿਲਾਏ ਸਾਚੀ ਸੰਗਤ, ਸਗਲਾ ਸੰਗ ਰਖਾਇੰਦਾ । ਭਗਤ ਦਵਾਰੇ ਬਣੇ ਮੰਗਤ, ਦਰ ਘਰ ਆਪਣੀ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਪਾਰ ਕਰਾਇੰਦਾ । ਕਲਜੁਗ ਕਿਰਿਆ ਕਰੇ ਪਾਰ, ਕੂੜ ਕੁੜਿਆਰਾ ਦਏ ਮਿਟਾਈਆ । ਸਤਿ ਸਤਿਵਾਦੀ ਬੰਨ੍ਹੇ ਸਾਚੀ ਧਾਰ, ਸਤਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਸ੍ਰਿਸ਼ਟ ਸਬਾਈ ਇਕ ਦਵਾਰ, ਸਚ ਦਵਾਰਾ ਦਏ ਦਰਸਾਈਆ । ਨੌਂ ਖੰਡ ਪ੍ਰਿਥਮੀ ਇਕ ਪਿਆਰ, ਆਤਮ ਪਰਮਾਤਮ ਜੋੜ ਜੋੜਾਈਆ । ਸੱਤਾਂ ਦੀਪਾਂ ਇਕ ਜੈਕਾਰ, ਸੋਹੰ ਢੋਲਾ ਆਪ ਸੁਣਾਈਆ । ਲੱਖ ਚੁਰਾਸੀ ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਭਗਤ ਭਗਵੰਤ ਮੇਟਣਹਾਰ ਅੰਧ ਅੰਧਿਆਰ, ਗਿਆਨ ਨੇਤਰ ਕਰੇ ਰੁਸ਼ਨਾਈਆ । ਮਹੱਲ ਅਟੱਲ ਪਾਵੇ ਸਾਰ, ਡੂੰਘੀ ਕੰਦਰ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਦਏ ਚੁਕਾਈਆ । ਕੂੜ ਕੁੜਿਆਰਾ ਚੁੱਕੇ ਪੰਧ, ਲੋਕਮਾਤ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਦੇਵੇ ਇਕ ਅਨੰਦ, ਅਨੰਦ ਆਪਣਾ ਨਾਉਂ ਵਖਾਈਆ । ਭਗਤ ਭਗਵੰਤ ਸੁਣਾਏ ਛੰਦ, ਸੋਹਲਾ ਢੋਲਾ ਆਪੇ ਗਾਈਆ । ਜੁਗ ਜਨਮ ਦੀ ਟੁੱਟੀ ਗੰਢ, ਆਪਣਾ ਬੰਧਨ ਪਾਈਆ । ਕਾਇਆ ਮੰਦਰ ਅੰਦਰ ਲੰਘ, ਡੂੰਘੀ ਕਵਰੀ ਭਵਰੀ ਹੋਏ ਸਹਾਈਆ । ਕਰ ਕਿਰਪਾ ਵਜਾਏ ਨਾਮ ਮਰਦੰਗ, ਸਚ ਮਰਦਾਨਗੀ ਆਪ ਜਣਾਈਆ । ਸਤਿ ਸਰੂਪੀ ਦੇਵੇ ਇਕ ਅਨੰਦ, ਰਸਨਾ ਜਿਹਵਾ ਕਥ ਨਾ ਸਕੇ ਰਾਈਆ । ਜੂਠ ਝੂਠ ਮਿਟਾਏ ਪੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਵੇਖੇ ਮਾਰ ਧਿਆਨ, ਘਟ ਘਟ ਅੰਦਰ ਆਪਣਾ ਖੇਲ ਕਰਾਈਆ । ਕਾਇਆ ਅੰਦਰ ਸਾਚੇ ਸਾਜ, ਤੰਦੀ ਤੰਦ ਨਾ ਕੋਇ ਰਖਾਈਆ । ਅੱਠੇ ਪਹਿਰ ਵਜਾਏ ਗ਼ਰੀਬ ਨਿਵਾਜ, ਘੜੀ ਪਲ ਨਾ ਵੰਡ ਵੰਡਾਈਆ । ਸ਼ਬਦ ਅਗੰਮੀ ਸੁਣਾਏ ਵਾਜ, ਛੱਤੀ ਰਾਗ ਰਹੇ ਜਸ ਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਗੁਰ ਕਾ ਸ਼ਬਦ ਸੱਚਾ ਨਾਦ, ਧੁੰਨ ਆਤਮਕ ਰਸ ਵਖਾਈਆ । ਜਿਨ੍ਹਾਂ ਸਤਿਗੁਰ ਵਸੇ ਪਾਸ, ਤਿਨ੍ਹਾਂ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਾਜ ਸੱਜਣ ਆਪ ਵਜਾਈਆ । ਗੁਰਮੁਖ ਬੁਧੀ ਸਦਾ ਬਿਬੇਕ, ਵਿਵੇਕੀ ਆਪ ਜਣਾਇੰਦਾ । ਗੁਰ ਗੁਰ ਸਤਿਗੁਰ ਨੇਤਰ ਪੇਖ, ਪੇਖ ਪੇਖ ਸਮਝਾਇੰਦਾ । ਪਤਿਪਰਮੇਸ਼ਵਰ ਇਕੋ ਟੇਕ, ਏਕਾ ਘਰ ਵਖਾਇੰਦਾ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਅਗਨੀ ਅੱਗ ਨਾ ਕੋਇ ਜਲਾਇੰਦਾ । ਸਾਹਿਬ ਸਤਿਗੁਰ ਦਾ ਇਕੋ ਭੇਖ, ਭੇਖਾਂ ਵਿਚ ਕਦੇ ਨਾ ਆਇੰਦਾ । ਜਨ ਭਗਤਾਂ ਲਿਖਣਹਾਰਾ ਲੇਖ, ਬਿਨ ਕਲਮ ਸ਼ਾਹੀ ਲਿਖਤ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬੁਧ ਕਰੇ ਕਾਰਜ ਸੁਧ, ਰਿਧ ਸਿਧ ਦਰ ਦਰ ਧੱਕੇ ਲਾਇੰਦਾ ।

੮੮੧
੧੨

### ✳ ੨੫ ਭਾਦਰੋਂ ੨੦੧੯ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ ਨਵਾਂ ਰਾਮੂੰ ਵਾਲਾ ਜ਼ਿਲਾ ਫਿਰੋਜ਼ਪੁਰ ✳

ਗੁਰਮੁਖ ਫੁਲਵਾੜੀ ਗੁਲਸ਼ਨ ਬਹਾਰ, ਗੁਰ ਸਤਿਗੁਰ ਰੰਗ ਮਹਿਕਾਈਆ । ਸਤਿ ਸਤਿਵਾਦੀ ਸਚ ਪਿਆਰ, ਪਰਮ ਪੁਰਖ ਨਿਭਾਈਆ । ਪੱਤ ਡਾਲ੍ਹੀ ਵੇਖੇ ਵਿਚ ਸੰਸਾਰ, ਕਿਰਪਾ ਕਰ ਬੇਪਰਵਾਹੀਆ । ਵਸਤ ਅਮੋਲਕ ਦੇ ਨਿਰੰਕਾਰ, ਨਿਰਗੁਣ ਸਰਗੁਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਗੁਰ ਕਾ ਸੱਚਾ ਬਾਗ਼, ਜੁਗ ਜੁਗ ਮਾਤ ਲਗਾਇੰਦਾ । ਦੀਪਕ ਜੋਤ ਰੱਖ ਚਿਰਾਗ਼, ਨੂਰ ਨੂਰ ਪਰਗਟਾਇੰਦਾ । ਸ਼ਬਦ ਅਗੰਮੀ ਮਾਰ ਆਵਾਜ਼, ਹੋਕਾ ਦੇ ਦੇ ਆਪ ਜਗਾਇੰਦਾ । ਰਾਖਾ ਬਣੇ ਗ਼ਰੀਬ ਨਿਵਾਜ, ਦਿਵਸ ਰੈਣ ਸੇਵ ਕਮਾਇੰਦਾ । ਲਾਜਾ ਰੱਖੇ ਵਿਚ ਜਹਾਨ, ਜੀਵਣ ਜੁਗਤ ਆਪ ਜਣਾਇੰਦਾ । ਆਤਮ ਪਰਮਾਤਮ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਣ ਦਿਵਾਇੰਦਾ । ਹਰਿਜਨ ਸੱਚਾ ਸਾਚਾ ਬੂਟਾ, ਲੋਕਮਾਤ ਲਹਿਰਾਈਆ । ਪਵਣ ਪਵਣੀ ਸੱਚਾ ਹੂਟਾ, ਪ੍ਰੇਮ ਪ੍ਰੇਮ ਸਮਾਈਆ । ਨਾਤਾ ਤੁਟੇ ਜੂਠਾ ਝੂਠਾ, ਕੂੜੀ ਕਿਰਿਆ ਦਏ ਮਿਟਾਈਆ । ਸਾਹਿਬ ਸਤਿਗੁਰ ਇਕੋ ਤੁਠਾ, ਦੇਵਣਹਾਰ ਸਰਨਾਈਆ । ਅੰਮ੍ਰਿਤ ਜਾਮ ਪਿਆਏ ਘੁੱਟਾ, ਨਿਝਰ ਰਸ ਚਖਾਈਆ । ਆਵਣ ਜਾਵਣ ਲੇਖਾ ਛੁੱਟਾ, ਪੰਧ ਕੋਇ ਰਹਿਣ ਨਾ ਪਾਈਆ । ਕਰੇ ਖੇਲ ਅਬਿਨਾਸ਼ੀ ਅਚੁਤਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਮਾਤ ਗਰਭ ਦਾ ਉਲਟਾ ਰੁੱਖਾ, ਲੋਕਮਾਤ ਫਲ ਫੂਲ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਜੁਗ ਜਨਮ ਦਾ ਘੁੱਸਾ, ਫੜ ਬਾਂਹੋਂ ਆਪ ਮਿਲਾਈਆ । ਗੁਰਮੁਖ ਬੂਟਾ ਪਤ ਡਾਲ੍ਹੀ, ਹਰਿ ਜੂ ਹਰਿ ਹਰਿ ਆਪ ਮਹਿਕਾਇੰਦਾ । ਗੋਬਿੰਦ ਸੂਰਾ ਸਾਚਾ ਵਾਲੀ, ਦਿਵਸ ਰੈਣ ਵੇਖ ਵਖਾਇੰਦਾ । ਮੇਲ ਮਿਲਾਵਾ ਜੋਤ ਅਕਾਲੀ, ਅਕਲ ਕਲ ਸਮਾਇੰਦਾ । ਸ੍ਰਿਸ਼ਟ ਸਬਾਈ ਦਿਸੇ ਹੱਥਾਂ ਖਾਲੀ, ਹਰਿ ਕਾ ਨਾਮ ਹੱਥ ਨਾ ਕੋਇ ਰਖਾਇੰਦਾ । ਚਾਰੋਂ ਕੁੰਟ ਘਟਾ ਕਾਲੀ, ਜਗਤ ਅੰਧੇਰਾ ਛਾਇੰਦਾ । ਕੋਈ ਨਾ ਦਿਸੇ ਸੱਚਾ ਪਾਲੀ, ਪ੍ਰਿਤਪਾਲਕ ਮੁਖ ਭੁਵਾਇੰਦਾ । ਗੁਰਮੁਖ ਵਿਰਲੇ ਘਾਲ ਘਾਲੀ, ਕੀਤੀ ਘਾਲ ਲੇਖੇ ਲਾਇੰਦਾ । ਭਗਤ ਭਗਵੰਤ ਬਣ ਸੁਵਾਲੀ, ਸਾਚੀ ਝੋਲੀ ਅੱਗੇ ਡਾਹਿੰਦਾ । ਦੇਵਣਹਾਰ ਸੱਚਾ ਧੰਨ ਮਾਲੀ, ਮਾਲ ਖ਼ਜ਼ਾਨਾ ਆਪ ਵਖਾਇੰਦਾ । ਨਿਰਗੁਣ ਹੋ ਹੋ ਕਰੇ ਦਲਾਲੀ, ਸਰਗੁਣ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਵਖਾਇੰਦਾ । ਗੁਰਮੁਖ ਬੂਟਾ ਫੁੱਲੇ ਫੁੱਲ, ਹਰਿ ਸੰਗਤ ਰੰਗ ਰੰਗਾਇੰਦਾ । ਦੇਵੇ ਵਡਿਆਈ ਪੰਜ ਤਤ ਕੁਲ, ਕਾਇਆ ਕੱਪੜ ਵੇਖ ਵਖਾਇੰਦਾ । ਵਸਤ ਅਮੋਲਕ ਨਾਮ ਅਨਮੁਲ, ਬਿਨ ਮੰਗਿਆ ਝੋਲੀ ਪਾਇੰਦਾ । ਤੋਲਣਹਾਰਾ ਸਾਚਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਦਇਆ ਕਮਾਇੰਦਾ । ਦਰ ਘਰ ਸੱਚਾ ਸੁਹੰਜਣਾ, ਸੋਹੇ ਬੰਕ ਦਵਾਰ । ਪ੍ਰਭ ਪਾਇਆ ਪੁਰਖ ਅਲੱਖ ਨਿਰੰਜਣਾ, ਆਦਿ ਜੁਗਾਦੀ ਏਕੰਕਾਰ । ਗ੍ਰਿਹਿ ਮਿਲਿਆ ਸੱਚਾ ਸੱਜਣਾ, ਦੋ ਜਹਾਨਾਂ ਪੰਧ ਨਿਵਾਰ । ਚਰਨ ਧੂੜ ਕਰਾਏ ਮਜਣਾ, ਕੂੜੀ ਕਿਰਿਆ ਮੇਟੇ ਛਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਆਧਾਰ । ਹਰਿਜਨ ਉਧਰੇ ਲੋਕਮਾਤ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਜਿਸ ਜਨ ਦੇਵੇ ਆਪਣੀ ਦਾਤ, ਨਾਉਂ ਨਿਰੰਕਾਰਾ ਝੋਲੀ ਪਾਇੰਦਾ । ਡੂੰਘਾ

ਭਰੇ ਆਪੇ ਖਾਤ, ਖਾਤਾ ਆਪਣੇ ਹੱਥ ਰਖਾਇੰਦਾ । ਨਿਸ਼ਅੱਖਰ ਵੱਖਰ ਆਪੇ ਵਾਚ, ਆਪਣਾ ਹੁਕਮ ਸੁਣਾਇੰਦਾ । ਜੋਤੀ ਜਾਤਾ ਕਰ ਪਰਕਾਸ਼, ਪਰਕਾਸ਼ਵਾਨ ਖੇਲ ਕਰਾਇੰਦਾ । ਲੇਖਾ ਜਾਣੇ ਰਕਤ ਬੂੰਦ ਹੱਡ ਨਾੜੀ ਮਾਸ, ਪੰਜ ਤਤ ਕਾਇਆ ਗੰਢ ਪੁਵਾਇੰਦਾ । ਦੇਵਣਹਾਰਾ ਪਵਣ ਸਵਾਸ, ਸਵਾਸ ਪਵਣ ਰੂਪ ਵਖਾਇੰਦਾ । ਜਨਮ ਜੁਗ ਜਗ ਪੂਰੀ ਕਰੇ ਆਸ, ਸਿਰ ਆਪਣਾ ਹੱਥ ਟਿਕਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਗ੍ਰਿਹ ਗ੍ਰਿਹ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਰੰਗਾਇੰਦਾ । ਹਰਿਜਨ ਬੂਟਾ ਸੋਹਣਾ ਰੁੱਖ, ਹਰਿ ਸਤਿਗੁਰ ਆਪ ਉਪਾਇਆ । ਲੱਖ ਚੁਰਾਸੀ ਵਿਚੋਂ ਮਾਣਸ ਦੇਹ ਮਾਨੁਖ, ਮਾਨਵ ਆਪਣਾ ਰੰਗ ਚੜ੍ਹਾਇਆ । ਆਤਮ ਪਰਮਾਤਮ ਦੱਸੇ ਸੁਖ, ਸੁਖ ਸਹਿਜ ਸਹਿਜ ਸਮਾਇਆ । ਜਗਤ ਤ੍ਰਿਸਨਾ ਮੇਟੇ ਭੁੱਖ, ਭੁਖਿਆਂ ਭੁੱਖ ਗਵਾਇਆ । ਜਗਤ ਵਿਕਾਰਾ ਮੇਟੇ ਦੁੱਖ, ਦੁਖੀਆਂ ਦਰਦ ਵੰਡਾਇਆ । ਦਰਸ ਦੇਵੇ ਲੁਕ ਲੁਕ, ਆਪਣਾ ਮੁੱਖ ਛੁਪਾਇਆ । ਭਗਤ ਭਗਵਾਨ ਇਕ ਦੂਜੇ ਕੋਲੋਂ ਲੈਣ ਪੁੱਛ, ਮੁਰੀਦ ਮੁਰਸ਼ਦ ਹਾਲ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਰੇ ਆਪ ਉਠਾਇਆ । ਹਰਿਜਨ ਸਾਚਾ ਊਚੋ ਊਚ, ਏਕਾ ਏਕ ਅਖਵਾਈਆ । ਅੰਦਰ ਬਾਹਰ ਸਾਚੀ ਸੁਚ, ਕੂੜੀ ਕਿਰਿਆ ਰਹੇ ਨਾ ਰਾਈਆ । ਭਾਗ ਲੱਗੇ ਪੰਜ ਤਤ ਕਾਇਆ ਮਾਟੀ ਬੁੱਤ, ਤਨ ਖ਼ਾਕੀ ਸੋਭਾ ਪਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਸਦਾ ਸੁਹੇਲਾ ਹੋਏ ਸਹਾਈਆ । ਸਚ ਸੁਹੰਜਣੀ ਸੋਹੇ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਠਗ ਚੋਰ ਯਾਰ ਕੋਇ ਨਾ ਜਾਏ ਲੁੱਟ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਗੁਰ ਪੂਰਾ ਦੀਨ ਦਿਆਲ ਆਪਣੀ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਦੇਵੇ ਨਾਮ ਵਡਿਆਈਆ । ਗੁਰਮੁਖ ਸੋਹਣਾ ਸੁੱਚਾ ਬਿਰਖ, ਬਿਰਛ ਰੂਪ ਵਖਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਚਿਖਾ ਨਾ ਕੋਇ ਜਣਾਇੰਦਾ । ਨੇਤਰ ਲੋਚਣ ਸਾਚਾ ਦਰਸ, ਦਰਸੀ ਦਰਸ ਆਪ ਵਖਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਹਾਸਲ ਇਕੋ ਅੰਕ ਜਣਾਇੰਦਾ । ਅੰਮ੍ਰਿਤ ਮੇਘ ਅੰਮਿਉਂ ਰਸ ਬਰਸ, ਹੰ ਬ੍ਰਹਮ ਪਰਨਾਇੰਦਾ । ਪੂਰਬ ਲਹਿਣਾ ਲਾਹੇ ਕਰਜ਼, ਮਕਰੂਜ਼ ਆਪਣਾ ਫ਼ਰਜ਼ ਕਮਾਇੰਦਾ । ਜਨ ਭਗਤਾਂ ਮਿਲਣ ਦੀ ਰੱਖੇ ਗ਼ਰਜ਼, ਜੁਗ ਜੁਗ ਫੇਰਾ ਪਾਇੰਦਾ । ਲੱਖ ਚੁਰਾਸੀ ਕੋਈ ਨਾ ਸਕੇ ਵਰਜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਰੰਗ ਰੰਗਾਇੰਦਾ । ਗੁਰਮੁਖ ਬੂਟਾ ਰੰਗ ਬਸੰਤ, ਨੂਰ ਨੂਰ ਸਮਾਈਆ । ਸਾਹਿਬ ਸਤਿਗੁਰ ਮਿਲੇ ਸੱਚਾ ਕੰਤ, ਘਰ ਮੰਦਰ ਵੱਜੇ ਵਧਾਈਆ । ਗੜ੍ਹ ਤੁਟੇ ਹਉਮੇ ਹੰਗਤ, ਹਉਮੇ ਰੋਗ ਰਹੇ ਨਾ ਰਾਈਆ । ਰੂਪ ਵਟਾਏ ਸਾਚਾ ਸੰਤ, ਸੰਤ ਸਤਿਗੁਰ ਸਿਖ ਸਿਖ ਸਮਾਈਆ । ਮਹਿਮਾ ਜਾਣ ਜਣਾਏ ਅਗਣਤ, ਬੇਅੰਤ ਬੇਪਰਵਾਹੀਆ । ਨਾਮ ਨਿਧਾਨਾ ਗੁਰ ਗੁਰ ਮੰਤ, ਮੰਤਰ ਅੰਤਰ ਕਰੇ ਪੜ੍ਹਾਈਆ । ਲੇਖਾ ਜਾਣ ਜੁਗੋ ਜੁਗੰਤ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਚਾਈਂ ਚਾਈਆ । ਪਾਵੇ ਸਾਰ ਜੇਰਜ ਅੰਡਜ, ਉਤਭੁਜ ਸੇਤਜ ਪਰਦਾ ਲਾਹੀਆ । ਗਿਆਨ ਬੋਧ ਪ੍ਰਭ ਏਕਾ ਪੰਡਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਨਾਉਂ ਨਿਰੰਕਾਰਾ ਦੇਵੇ ਅਖੰਡਤ, ਖੰਡ ਖੰਡ ਨਾ ਕੋਇ ਕਰਾਈਆ । ਮਿਹਰਵਾਨ ਸੂਰਾ ਸਰਬੰਗਤ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਚਰਨਾਂ ਹੇਠ ਦਬਾਏ ਸਵਰਗ ਜੰਨਤ, ਬਹਿਸ਼ਤ ਮਾਣ ਨਾ ਕੋਇ ਰਖਾਈਆ । ਮੇਲ ਮਿਲਾਏ ਆਪਣਾ ਅੰਤ, ਆਪ

੮੮੩
੧੨

ਆਪਣੇ ਵਿਚ ਸਮਾਈਆ । ਗੁਰਮੁਖ ਮਹਿਮਾ ਸਦਾ ਅਗਣਤ, ਵੇਦ ਸ਼ਾਸਤਰ ਦੇਣ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਮਿਲਾਏ ਆਪਣੀ ਸੰਗਤ, ਤਿਸ ਲੱਖ ਚੁਰਾਸੀ ਰਹਿਣ ਨਾ ਪਾਈਆ ।

✳ ੨੫ ਭਾਦਰੋਂ ੨੦੧੯ ਬਿਕ੍ਰਮੀ ਕਰਤਾਰ ਸਿੰਘ, ਬੀਬੀ ਮਹਿੰਦਰ ਕੌਰ ਦੇ ਗ੍ਰਹਿ ਚੜਿਕ ਜ਼ਿਲਾ ਫਿਰੋਜ਼ਪੁਰ ✳

ਕਰੇ ਖੇਲ ਪੁਰਖ ਸਮਰਾਥਾ, ਖੇਲ ਆਪਣੇ ਹੱਥ ਰਖਾਇੰਦਾ । ਨਿਰਗੁਣ ਨੂਰ ਕਰ ਪਰਕਾਸ਼ਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸਚਖੰਡ ਨਿਵਾਸੀ ਵੇਖਣਹਾਰ ਤਮਾਸ਼ਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਮੰਡਲ ਮੰਡਪ ਪਾਵਣਹਾਰਾ ਰਾਸਾ, ਦੋ ਜਹਾਨਾਂ ਨਾਚ ਨਚਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਫੋਲ ਫੋਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੱਖੇ ਦਾਸੀ ਦਾਸਾ, ਹਰਿ ਹਰਿ ਹੁਕਮ ਮਨਾਇੰਦਾ । ਜੁਗ ਚੌਕੜੀ ਦੇਵਣਹਾਰ ਦਿਲਾਸਾ, ਰਾਗ ਅਨਾਦ ਧੁੰਨ ਸੁਣਾਇੰਦਾ । ਭੇਵ ਅਭੇਦ ਖੋਲਣਹਾਰ ਖੁਲਾਸਾ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਗੁਰ ਅਵਤਾਰ ਪਰਗਟ ਕਰ ਕਰ ਸੇਵਾ ਲਾਏ ਦਾਸੀ ਦਾਸਾ, ਸੇਵਕ ਸੇਵਾ ਇਕ ਸਮਝਾਇੰਦਾ । ਕਲਜੁਗ ਅੰਤਮ ਖੋਲ੍ਹਣ ਆਇਆ ਖਾਤਾ, ਪਿਛਲਾ ਲੇਖਾ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਾਨਣਹਾਰਾ ਨਾਤਾ, ਨਾਤਾ ਬਿਧਾਤਾ ਆਪ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਰਨੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਸਤਿਗੁਰ ਸਾਹਿਬ ਵਡ ਵਡਿਆਈਆ । ਆਦਿ ਜੁਗਾਦੀ ਇਕ ਅਤੀਤਾ, ਦਰ ਘਰ ਸਾਚੇ ਸੋਭਾ ਪਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਚਲਾਏ ਆਪਣੀ ਰੀਤਾ, ਰੀਤੀਵਾਨ ਆਪ ਅਖਵਾਈਆ । ਜੁਗ ਚੌਕੜੀ ਵੇਖੇ ਖੇਲ ਬੀਤਾ, ਪਰਦਾ ਸਭ ਦਾ ਦਏ ਉਠਾਈਆ । ਲੇਖਾ ਜਾਣੇ ਹਸਤ ਕੀਟਾ, ਘਟ ਘਟ ਰਿਹਾ ਸਮਾਈਆ । ਕਲਜੁਗ ਅੰਤਮ ਤਪੇ ਅੰਗੀਠਾ, ਨੌਂ ਖੰਡ ਪ੍ਰਿਥਮੀ ਅਗਨ ਲਗਾਈਆ । ਨਾਮ ਨਿਧਾਨ ਕਿਸੇ ਨਾ ਪੀਤਾ, ਭਰਮੇ ਭੁੱਲੀ ਸਰਬ ਲੋਕਾਈਆ । ਸੁਰਤ ਸਵਾਣੀ ਮਿਲਿਆ ਮੇਲ ਨਾ ਰਾਮ ਸੀਤਾ, ਸਾਂਤਕ ਸਤਿ ਨਾ ਕੋਇ ਕਰਾਈਆ । ਗਿਆਨ ਧਿਆਨ ਨਾ ਕੋਇ ਗੀਤਾ, ਗੋਬਿੰਦ ਮੇਲ ਨਾ ਕੋਇ ਮਿਲਾਈਆ । ਖੇਲੇ ਖੇਲ ਪ੍ਰਭੂ ਅਨਡੀਠਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪੁਰਖ ਸਮਰਥ ਬੇਪਰਵਾਹ, ਭੇਵ ਕੋਇ ਨਾ ਆਇੰਦਾ । ਜੁਗ ਜੁਗ ਚਲਾਏ ਆਪਣਾ ਰਾਹ, ਰਹਿਬਰ ਆਪਣਾ ਨਾਉਂ ਰਖਾਇੰਦਾ । ਸ਼ਬਦ ਅਨਾਦੀ ਦੇ ਸਲਾਹ, ਸਾਚੇ ਮਾਰਗ ਪਾਇੰਦਾ । ਦੋ ਜਹਾਨਾਂ ਖੇੜਾ ਦਏ ਵਸਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣੇ ਰੰਗ ਰੰਗਾਇੰਦਾ । ਉਤਭੁਜ ਸੇਤਜ ਜੇਰਜ ਅੰਡ ਲਏ ਪਰਗਟਾ, ਤ੍ਰੈ ਪੰਜ ਮੇਲਾ ਜੋੜ ਜੁੜਾਇੰਦਾ । ਇਕ ਇਕੇਲਾ ਫੇਰਾ ਪਾ, ਘਟ ਘਟ ਡੇਰਾ ਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਆਪ ਹੰਢਾ, ਕਲਜੁਗ ਆਪਣਾ ਭੇਵ ਚੁਕਾਇੰਦਾ । ਨਵ ਨੌਂ ਪੰਧ ਦਏ ਮੁਕਾ, ਲੋਕਮਾਤ ਰਹਿਣ ਨਾ ਪਾਇੰਦਾ । ਸਚਖੰਡ ਦਵਾਰੇ ਸਚ ਸਿੰਘਾਸਣ ਇਕ ਸੁਹਾ, ਸੋਭਾਵੰਤ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਲਾਇੰਦਾ । ਨਾ ਕੋਈ ਦੂਸਰ ਸਾਜਨ ਸੰਗ, ਸਗਲਾ ਸੰਗ ਨਾ ਕੋਇ


੮੮੪ ੧੨

੮੯੫ ੧੨

ਨਿਭਾਈਆ । ਆਦਿ ਜੁਗਾਦਿ ਵਜਾਏ ਮਰਦੰਗ, ਨਾਮ ਨਿਧਾਨਾ ਇਕ ਦਸਾਈਆ । ਸਾਹਿਬ ਸੁਲਤਾਨ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਏ ਆਪਣਾ ਛੰਦ, ਸੋਹਲਾ ਢੋਲਾ ਆਪੇ ਗਾਈਆ । ਲਹਿਣਾ ਦੇਣਾ ਚੁਕਾਏ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਆਤਮ ਪਰਮਾਤਮ ਸਚ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਪੁਰਖ ਵਡ ਵਡਿਆਈਆ । ਸਮਰਥ ਪੁਰਖ ਹਰਿ ਵੱਡਾ ਵਡ, ਭੇਵ ਕੋਇ ਨਾ ਆਇੰਦਾ । ਆਪਣੇ ਵਿਚੋਂ ਆਪਾ ਕੱਢ, ਆਪੇ ਰੰਗ ਰੰਗਾਇੰਦਾ । ਨਿਰਗੁਣ ਨਿਰਗੁਣ ਲਡਾਏ ਲਡ, ਆਪਣੀ ਗੋਦ ਬਹਾਇੰਦਾ । ਬੋਧ ਅਗਾਧਾ ਏਕਾ ਛੰਦ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਲੱਖ ਚੁਰਾਸੀ ਪਾਏ ਬੰਧਨ ਬੰਦ, ਬੰਦੀਖਾਨਾ ਨਜ਼ਰ ਕਿਸੇ ਨਾ ਆਇੰਦਾ । ਭਗਤ ਭਗਵੰਤ ਸਚ ਦਵਾਰੇ ਲਏ ਸੱਦ ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਿਮਾ ਅਕੱਥ ਆਪ ਜਣਾਇੰਦਾ । ਸਮਰਥ ਪੁਰਖ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ, ਛੋਟੇ ਬਾਲੇ ਰਾਹ ਚਲਾਈਆ । ਨਾਮ ਅਗੰਮੀ ਪਾਏ ਨੱਥ, ਡੋਰੀ ਆਪਣੇ ਹੱਥ ਰਖਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਅੰਤਰ ਦੇਵੇ ਇਕੋ ਰਸ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤ ਨਿਰੰਜਣ ਕਰ ਪਰਕਾਸ਼, ਆਦਿ ਨਿਰੰਜਣ ਵੇਖੇ ਚਾਈਂ ਚਾਈਂਆ । ਅੰਦਰ ਬਾਹਰ ਗੁਪਤ ਜ਼ਾਹਰ ਸਦਾ ਰੱਖੇ ਸਗਲਾ ਸਾਥ, ਵਿਛੜ ਕਦੇ ਨਾ ਜਾਈਆ । ਇਕੋ ਮੰਤਰ ਇਕੋ ਪੂਜਾ ਇਕੋ ਪਾਠ, ਇਸ਼ਟ ਦੇਵ ਗੁਰ ਇਕ ਸਮਝਾਈਆ । ਇਕੋ ਚਰਨ ਇਕੋ ਕਵਲ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਇਕੋ ਪਿਤਾ ਇਕੋ ਮਾਤ, ਇਕੋ ਵਸਤ ਇਕੋ ਦਾਤ, ਦੇਵਣਹਾਰ ਇਕ ਹੋ ਜਾਈਆ । ਇਕੋ ਬ੍ਰਹਮ ਇਕੋ ਜ਼ਾਤ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਇਕੋ ਮੰਦਰ ਇਕੋ ਖਾਟ, ਇਕੋ ਭੇਵ ਰਿਹਾ ਖੁਲ੍ਹਾਈਆ । ਇਕੋ ਮੰਡਲ ਇਕੋ ਰਾਸ, ਗੋਪੀ ਕਾਹਨ ਇਕ ਨਚਾਈਆ । ਏਕਾ ਭੋਗ ਇਕ ਬਲਾਸ, ਏਕਾ ਸੇਜਾ ਰਿਹਾ ਹੰਢਾਈਆ । ਏਕਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸਤਿ ਪੁਰਖ ਨਿਰੰਜਣ ਬੇਪਰਵਾਹੀਆ । ਏਕਾ ਪੂਰੀ ਕਰੇ ਆਸ, ਜੁਗ ਜੁਗ ਆਪਣੀ ਦਇਆ ਕਮਾਈਆ । ਏਕਾ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਏਕਾ ਮੁਕਾਮੇ ਹੱਕ ਰੱਖੇ ਨਿਵਾਸ, ਪਰਵਰਦਿਗਾਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਧਾਰ ਚਲਾਈਆ । ਸਮਰਥ ਪੁਰਖ ਪ੍ਰਭ ਖੇਲ ਅਵੱਲਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਸਚਖੰਡ ਨਿਵਾਸੀ ਵੇਸ ਵਟਾਇੰਦਾ । ਗੁਰ ਅਵਤਾਰ ਫੜਾਏ ਪੱਲਾ, ਪੀਰ ਪੈਗ਼ੰਬਰ ਗੰਢ ਪੁਵਾਇੰਦਾ । ਨਾਮ ਸੰਦੇਸ ਸਾਚਾ ਘੱਲਾ, ਜੁਗ ਜੁਗ ਆਪਣਾ ਹੁਕਮ ਮਨਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਵਸਣਹਾਰਾ ਜਲਾ ਥਲਾ, ਘਰ ਘਰ ਆਪਣਾ ਡੇਰਾ ਲਾਇੰਦਾ । ਧਾਮ ਸੁਹਾਏ ਇਕ ਅਟੱਲਾ, ਮਹੱਲ ਅਟੱਲ ਆਪ ਵਸਾਇੰਦਾ । ਆਪਣੇ ਦੀਪਕ ਆਪੇ ਬਲਾ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਸਾਚਾ ਮੱਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਖੇਲ ਕਰਾਇੰਦਾ । ਸਮਰਥ

ਪੁਰਖ ਪੁਰਖ ਬੇਅੰਤ, ਹਰਿ ਜੂ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਕੰਤੂਹਲ ਵੇਸ ਵਟਾਇੰਦਾ । ਸ੍ਰਿਸ਼ਟ ਸਬਾਈ ਬਣਾਏ ਬਣਤ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ । ਗੁਰ ਅਵਤਾਰ ਦੇ ਦੇ ਮੰਤ, ਮੰਤਰ ਆਪਣਾ ਨਾਮ ਦ੍ਰਿੜਾਇੰਦਾ । ਭੇਵ ਖੁਲ੍ਹਾਏ ਸਾਚੇ ਸੰਤ, ਸੰਤ ਸਤਿਗੁਰ ਰੰਗ ਰੰਗਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਮਝਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਆਦਿ ਜੁਗਾਦਿ ਰਹੇ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰੰਗ ਵਖਾਇੰਦਾ । ਸਮਰਥ ਪੁਰਖ ਹਰਿ ਸਾਚਾ ਰੰਗ, ਜਗਤ ਨੇਤਰ ਨਜ਼ਰ ਨਾ ਆਈਆ । ਅਨਾਦ ਅਨਾਦੀ ਵਜਾਏ ਮਰਦੰਗ, ਘਰ ਸਾਚੇ ਰਾਗ ਅਲਾਈਆ । ਆਤਮ ਸੇਜ ਸੁਹੰਜਣੀ ਇਕ ਪਲੰਘ, ਪਰਮ ਪੁਰਖ ਪ੍ਰਭ ਆਪ ਸੁਹਾਈਆ । ਅੰਤਰ ਆਤਮ ਨਿਝਰ ਰਸ ਅਨੰਦ, ਸਾਚਾ ਝਿਰਨਾ ਆਪ ਝਿਰਾਈਆ । ਦੂਈ ਦਵੈਤੀ ਢਾਹੇ ਕੰਧ, ਖੰਡਾ ਖੜਗ ਇਕ ਚਮਕਾਈਆ । ਪੰਚ ਵਿਕਾਰਾ ਦੇਵੇ ਡੰਡ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਗੁਰਮੁਖਾਂ ਤੋੜੇ ਖਾਨਾ ਬੰਦੀ ਬੰਦ, ਆਪ ਆਪਣਾ ਬੰਧਨ ਪਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਘਰ ਘਰ ਵਿਚ ਕਰੇ ਰੁਸ਼ਨਾਈਆ । ਆਤਮ ਪਰਮਾਤਮ ਗਾਏ ਛੰਦ, ਸੋਹੰ ਢੋਲਾ ਇਕ ਸੁਣਾਈਆ । ਜਨਮ ਜਨਮ ਦੀ ਟੁੱਟੀ ਗੰਢ, ਸੁਰਤੀ ਸ਼ਬਦੀ ਲਏ ਮਿਲਾਈਆ । ਬਿਨ ਪਾਣੀਉਂ ਪਾਏ ਠੰਡ, ਤ੍ਰੈਗੁਣ ਅਗਨੀ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਲ ਵਰਤਾਈਆ । ਸਮਰਥ ਪੁਰਖ ਪੁਰਖ ਬਿਧਾਤਾ, ਸੋ ਪੁਰਖ ਨਿਰੰਜਣ ਖੇਲ ਰਚਾਇੰਦਾ । ਮੇਟਣਹਾਰ ਅੰਧੇਰੀ ਰਾਤਾ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਨਿਰਗੁਣ ਸਰਗੁਣ ਚਲਾਏ ਸਾਚਾ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਇਕ ਜਣਾਏ ਪੂਜਾ ਪਾਠਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਭੇਵ ਚੁਕਾਏ ਤ੍ਰਲੋਕੀ ਨਾਥਾ, ਕੋਟਨ ਕੋਟ ਤ੍ਰਿਲੋਕੀ ਨਾਥ ਆਪਣੀ ਸੇਵ ਲਗਾਇੰਦਾ । ਹਰਿਜਨ ਦੇਵੇ ਸਚ ਭਰਵਾਸਾ, ਚਰਨ ਕਵਲ ਕਵਲ ਚਰਨ ਉਪਰ ਧਵਲ ਇਕੋ ਮਾਣ ਰਖਾਇੰਦਾ । ਜੁਗ ਜਨਮ ਦੀ ਪੂਰੀ ਕਰੇ ਆਸਾ, ਮਨਸਾ ਮਨ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਵਖਾਇੰਦਾ । ਸਮਰਥ ਪੁਰਖ ਰੰਗ ਅਪਾਰਾ, ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜਾਤਾ ਜੋਤ ਉਜਿਆਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਈਆ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਮੁਖ ਛੁਪਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਦਏ ਹੁਲਾਰਾ, ਹੁਕਮੀ ਹੁਕਮ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਕਰੇ ਪਾਰਾ, ਥਿਰ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰਾਂ ਨਾਲ ਮਿਲਾਈਆ । ਕਲਜੁਗ ਅੰਤਮ ਖੇਲ ਨਿਆਰਾ ਕਰੇ ਕਰਾਏ ਕਰਨੇਹਾਰਾ, ਕੁਦਰਤ ਕਾਦਰ ਵੇਖ ਵਖਾਈਆ । ਨੂਰ ਇਲਾਹੀ ਹੋ ਉਜਿਆਰਾ, ਸ੍ਰਿਸ਼ਟ ਸਬਾਈ ਸਾਂਝਾ ਯਾਰਾ, ਮੁਖ ਨਕਾਬ ਪਰਦਾ ਦਏ ਉਠਾਈਆ । ਅਹਿਬਾਬ ਰਬਾਬ ਵਜਾਏ ਸਿਤਾਰਾ, ਚੌਦਾਂ ਲੋਕਾਂ ਖੋਲ੍ਹ ਕਿਵਾੜਾ, ਚੌਦਾਂ ਤਬਕਾਂ ਦਏ ਜਗਾਈਆ । ਈਸਾ ਮੂਸਾ ਮੁਹੰਮਦ ਨੇਤਰ ਨੈਣ ਨੈਣ ਉਘਾੜਾ, ਅੱਖ ਅੱਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਦਾਤਾ ਬੇਪਰਵਾਹੀਆ । ਸਮਰਥ ਦਾਤਾ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ,

੮੮੭
੧੨

ਤ੍ਰੈਗੁਣ ਅਤੀਤਾ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਹੰ ਬ੍ਰਹਮ ਮੇਲ ਮਿਲਾਇੰਦਾ । ਏਕੰਕਾਰਾ ਦੇ ਆਧਾਰ, ਸਿਰ ਆਪਣਾ ਹੱਥ ਰਖਾਇੰਦਾ । ਆਦਿ ਨਿਰੰਜਣ ਕਰ ਉਜਿਆਰ, ਜੋਤੀ ਦੀਪਕ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਬੰਨ੍ਹੇ ਚਰਨ ਪਿਆਰ, ਚਰਨ ਸਰਨ ਇਕ ਸਮਝਾਇੰਦਾ । ਸ੍ਰੀ ਭਗਵਾਨ ਵਖਾਏ ਠਾਂਡਾ ਦਰਬਾਰ, ਅਗਨੀ ਤਤ ਨਾ ਕੋਇ ਰਖਾਇੰਦਾ । ਪਾਰਬ੍ਰਹਮ ਪ੍ਰਭ ਕਰੇ ਪਿਆਰ, ਸਾਚੀ ਗੋਦੀ ਆਪ ਬਹਾਇੰਦਾ । ਬ੍ਰਹਮ ਲੇਖਾ ਅੰਤਮ ਵਾਰ, ਹਰਿ ਜੂ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਬੀਤੇ ਚਾਰ, ਚਾਰ ਚਾਰ ਵੰਡ ਵੰਡਾਇੰਦਾ । ਕੋਟਨ ਕੋਟ ਪੀਰ ਪੈਗ਼ੰਬਰ ਕਰਨ ਪੁਕਾਰ, ਦਰ ਸੱਯਦਾ ਸੀਸ ਝੁਕਾਇੰਦਾ । ਕੋਟਨ ਕੋਟ ਗੁਰ ਅਵਤਾਰ, ਖਾਲੀ ਝੋਲੀ ਅੱਗੇ ਡਾਹਿੰਦਾ । ਕੋਟਨ ਕੋਟ ਦਰ ਦਰਵੇਸ਼ ਬਣੇ ਭਿਖਾਰ, ਅਲਫ਼ੀ ਤਨ ਨਾ ਕੋਇ ਰਖਾਇੰਦਾ । ਕੋਟਨ ਕੋਟ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਧੀਰ ਨਾ ਕੋਇ ਧਰਾਇੰਦਾ । ਏਕੰਕਾਰਾ ਬੈਠ ਸੱਚੇ ਦਰਬਾਰ, ਸਚ ਸਿੰਘਾਸਣ ਆਸਣ ਲਾਇੰਦਾ । ਵੇਖਣਹਾਰਾ ਪੁਰਖ ਕਰਤਾਰ, ਵੇਸ ਅਨੇਕਾ ਰੂਪ ਵਟਾਇੰਦਾ । ਹੁਕਮੇ ਅੰਦਰ ਤੇਈ ਅਵਤਾਰ, ਜੁਗ ਜੁਗ ਆਪਣੀ ਧਾਰ ਜਣਾਇੰਦਾ । ਹੁਕਮੇ ਅੰਦਰ ਬੋਲ ਜੈਕਾਰ, ਨਾਉਂ ਨਿਰੰਕਾਰਾ ਆਪ ਸੁਣਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਲਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਦਏ ਉਚਾਰ, ਹੁਕਮੇ ਅੰਦਰ ਰਾਗ ਅਲਾਇੰਦਾ । ਹੁਕਮੇ ਅੰਦਰ ਗੀਤਾ ਗਿਆਨ ਦਏ ਆਧਾਰ, ਹੁਕਮੇ ਅੰਦਰ ਅੰਜੀਲ ਕੁਰਾਨ ਪੜ੍ਹਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਪਾਵੇ ਸਾਰ, ਪਰਾ ਪਸੰਤੀ ਮਧਮ ਬੈਖਰੀ ਆਪ ਸੁਣਾਇੰਦਾ । ਹੁਕਮੇ ਅੰਦਰ ਚਾਰੇ ਖਾਣੀ ਦਏ ਆਧਾਰ, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਪਾਇੰਦਾ । ਹੁਕਮੇ ਅੰਦਰ ਘੜੇ ਘੜ ਭੰਨੇ ਭੰਨਣਹਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋ ਆਇਆ ਸੋ ਉਠ ਉਠ ਗਿਆ ਆਪਣੀ ਵਾਰ, ਥਿਰ ਕੋਇ ਨਜ਼ਰ ਨਾ ਆਇੰਦਾ । ਦੋਏ ਜੋੜ ਜੋੜ ਕਰਨ ਨਿਮਸਕਾਰ, ਨਮੋ ਨਮੋ ਸਰਬ ਸੁਣਾਇੰਦਾ । ਸਯਦਾ ਸੀਸ ਝੁਕੇ ਪਰਵਰਦਿਗਾਰ, ਜਗਦੀਸ ਆਪਣਾ ਹੁਕਮ ਮਨਾਇੰਦਾ । ਕਾਤਬ ਬਣਿਆ ਨਾ ਕੋਇ ਲਿਖਾਰ, ਲਿਖ ਲਿਖ ਲੇਖਾ ਨਾ ਕੋਇ ਜਣਾਇੰਦਾ । ਸ੍ਰਿਸ਼ਟ ਸਬਾਈ ਅੰਤਮ ਗਈ ਹਾਰ, ਹਰਿ ਹਰਿ ਰੂਪ ਨਜ਼ਰ ਕਿਸੇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਕਰੇ ਵਿਭਚਾਰ, ਧੀਰਜ ਜੱਤ ਨਾ ਕੋਇ ਜਣਾਇੰਦਾ । ਕੂੜ ਕੁੜਿਆਰਾ ਨੈਣ ਸ਼ੰਗਾਰ, ਸਚ ਸੁੱਚ ਰੰਗ ਨਾ ਕੋਇ ਰੰਗਾਇੰਦਾ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਗੁਰੂ ਹੱਟ ਨਾ ਕੋਇ ਵਖਾਇੰਦਾ । ਪੀਰ ਪੈਗ਼ੰਬਰ ਗਏ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰਾਹ ਚਲਾਇੰਦਾ । ਸਮਰਥ ਪੁਰਖ ਲਾਏ ਮਗ, ਪੰਥ ਆਪਣਾ ਇਕ ਜਣਾਈਆ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਨਿਰਮਲ ਜੋਤੀ ਜਾਏ ਜਗ, ਅਗਿਆਨ ਅੰਧੇਰ ਮਿਟਾਈਆ । ਹੰਸ ਬਣਾਏ ਫੜ ਫੜ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਇਕ ਬਣਾਏ ਸਾਚੀ ਯਦ, ਵਿਸ਼ਵ ਆਪਣਾ ਰੂਪ ਦਰਸਾਈਆ । ਦੀਨ ਮਜ਼੍ਹਬ ਵਰਨ ਗੋਤ ਪਾਰ ਕਰਾਏ ਹੱਦ, ਘਰ ਇਕੋ ਇਕ ਦਏ ਵਡਿਆਈਆ । ਕੂੜੀ ਕਿਰਿਆ ਵਿਚੋਂ ਕੱਢ, ਝੂਠਾ ਨਾਤਾ ਦਏ ਤੁੜਾਈਆ । ਆਤਮ ਪਰਮਾਤਮ ਗ੍ਰਿਹਿ ਮੰਦਰ ਸਾਚੇ ਲਏ ਸੱਦ, ਘਰ ਹੁਜਰਾ ਦਏ ਵਖਾਈਆ । ਬੋਧ ਅਗਾਧ ਅਗੰਮੀ ਧੁੰਨ ਆਤਮ ਵੱਜੇ ਨਦ, ਅਨਾਦੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰਾਹ ਵਖਾਈਆ ।

ਸਮਰਥ ਪੁਰਖ ਵਡ ਬੇਅੰਤ, ਬੇਅੰਤ ਬੇਅੰਤ ਆਪ ਅਖਵਾਇੰਦਾ । ਆਪਣੀ ਮਹਿਮਾ ਗਣਾਏ ਅਗਣਤ, ਲੇਖਾ ਲੇਖ ਨਾ ਕੋਇ ਰਖਾਇੰਦਾ । ਕਲਜੁਗ ਵੇਖਣਹਾਰਾ ਅੰਤ, ਅੰਤਮ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰਾਹ ਚਲਾਇੰਦਾ । ਸਮਰਥ ਪੁਰਖ ਹਰਿ ਰਾਹ ਚਲੌਣਾ, ਨਿਰਗੁਣ ਸਰਗੁਣ ਦਏ ਸਮਝਾਈਆ । ਨਵ ਨੌਂ ਚਾਰ ਪੰਧ ਮੁਕੌਣਾ, ਲੋਕਮਾਤ ਰਹਿਣ ਨਾ ਪਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਏਕਾ ਦਰ ਬਹੌਣਾ, ਘਰ ਸਾਚਾ ਇਕ ਸੁਹਾਈਆ । ਅੱਖਰ ਵੱਖਰ ਇਕ ਪੜ੍ਹੌਣਾ, ਨਿਸ਼ਅੱਖਰ ਕਰੇ ਪੜ੍ਹਾਈਆ । ਸਾਚਾ ਮੰਤਰ ਇਕ ਜਪੌਣਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਤੂ ਹੀ ਤੂ ਸਭ ਨੇ ਗੌਣਾ, ਦੂਜਾ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਸ਼ਬਦ ਨਿਸ਼ਾਨਾ ਇਕ ਝੁਲੌਣਾ, ਸ਼ਾਹ ਪਾਤਸ਼ਾਹ ਬੈਠਣ ਸੀਸ ਝੁਕਾਈਆ । ਧੁਰ ਫ਼ਰਮਾਣਾ ਇਕ ਸੁਣੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਭਗਤ ਵਿਧਾਨ ਇਕ ਬਣੌਣਾ, ਤਰਮੀਮ ਸਕੇ ਨਾ ਕੋਇ ਕਰਾਈਆ । ਜਗਤ ਤਕਸੀਮ ਬੰਦ ਕਰੌਣਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਅਲਫ਼ ਯੇ ਵਕ਼ਤ ਚੁਕੌਣਾ, ਚੌਦਾਂ ਵਿਦਿਆ ਨੈਣ ਸ਼ਰਮਾਈਆ । ਤਿੰਨ ਪੰਜ ਆਪਣੇ ਖਾਤੇ ਪੌਣਾ, ਪੈਂਤੀਸ ਅੱਖਰੀ ਪਰਦਾ ਲਾਹੀਆ । ਬਵੰਜਾ ਅੱਖਰ ਰਾਹ ਵਖੌਣਾ, ਬਾਵਨ ਏਕਾ ਹੁਕਮ ਵਰਤਾਈਆ । ਆਦਿ ਪੁਰਖ ਨਿਰੰਜਣ ਨਜ਼ਰੀ ਔਣਾ, ਦੂਸਰ ਕੋਇ ਰਹਿਣ ਨਾ ਪਾਈਆ । ਦਰਦ ਦੁੱਖ ਭੈ ਭੰਜਨ ਦਰਦ ਵੰਡੌਣਾ, ਬਣ ਦਰਦੀ ਫੇਰਾ ਪਾਈਆ । ਜਨ ਭਗਤਾਂ ਨੇਤਰ ਏਕਾ ਅੰਜਣ ਪੌਣਾ, ਨਾਮ ਅੰਜਣ ਨਾਲ ਮਹਿਕਾਈਆ । ਸਚ ਸਰੋਵਰ ਮਜਨ ਆਪ ਕਰੌਣਾ, ਅਠਸਠ ਨਾਤਾ ਦਏ ਤੁੜਾਈਆ । ਆਤਮ ਪਰਮਾਤਮ ਪਰਦਾ ਲੌਹਣਾ, ਭੇਵ ਅਭੇਦਾ ਆਪ ਖੁਲ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਪੜ੍ਹੌਣਾ, ਬਿਨ ਪੜ੍ਹਿਆਂ ਲੇਖਾ ਦਏ ਮੁਕਾਈਆ । ਰਾਤੀਂ ਸੁੱਤਿਆਂ ਦਰਸ ਵਖੌਣਾ, ਜਾਗਦਿਆਂ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਭੇਵ ਖੁਲ੍ਹਾਈਆ । ਸਮਰਥ ਪੁਰਖ ਭੇਵ ਖੋਲ੍ਹ, ਅਭੇਦ ਆਪ ਜਣਾਇੰਦਾ । ਲੱਖ ਚੁਰਾਸੀ ਤੋਲੇ ਤੋਲ, ਤੋਲਣਹਾਰਾ ਫੇਰਾ ਪਾਇੰਦਾ । ਆਦਿ ਅੰਤ ਰਹੇ ਅਡੋਲ, ਡੁਲ ਕਦੇ ਨਾ ਜਾਇੰਦਾ । ਕਲਜੁਗ ਅੰਤਮ ਸਚਖੰਡ ਦਵਾਰ ਦੇਵੇ ਖੋਲ੍ਹ, ਸਤਿਜੁਗ ਸਾਚਾ ਰਾਹ ਚਲਾਇੰਦਾ । ਸ੍ਰਿਸ਼ਟ ਸਬਾਈ ਰਹੀ ਅਨਭੋਲ, ਹਰਿ ਕਾ ਭੇਵ ਕੋਇ ਨਾ ਆਇੰਦਾ । ਅਬਿਨਾਸ਼ੀ ਕਰਤਾ ਆਤਮ ਪਰਮਾਤਮ ਵਸੇ ਕੋਲ, ਦੂਈ ਪਰਦਾ ਆਪੇ ਲਾਹਿੰਦਾ । ਘਰ ਘਰ ਵੱਜੇ ਮਰਦੰਗਾ ਢੋਲ, ਅਨਹਦ ਨਾਦੀ ਨਾਦ ਸੁਣਾਇੰਦਾ । ਅੰਮ੍ਰਿਤ ਆਤਮ ਦੇਵੇ ਪੌਹਲ, ਰਸ ਰਸਨਾ ਇਕ ਚਖਾਇੰਦਾ । ਉਲਟਾ ਕਰੇ ਨਾਭ ਕੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਖੇਲ ਕਰਾਇੰਦਾ । ਸਮਰਥ ਪੁਰਖ ਹਰਿ ਖੇਲੇ ਖੇਲ, ਖੇਲਣਹਾਰਾ ਬੇਪਰਵਾਹੀਆ । ਮੇਲ ਮਿਲਾਏ ਗੁਰੂ ਗੁਰ ਚੇਲ, ਗੁਰ ਚੇਲਾ ਏਕਾ ਰੂਪ ਵਖਾਈਆ । ਏਥੇ ਓਥੇ ਸੱਜਣ ਸੁਹੇਲ, ਹਰਿ ਸਾਚਾ ਸੰਗ ਹੋ ਜਾਈਆ । ਆਦਿ ਨਿਰੰਜਣ ਚਾੜ੍ਹੇ ਤੇਲ, ਜੋਤ ਨਿਰੰਜਣ ਸਗਨ ਮਨਾਈਆ । ਕਲਜੁਗ ਅੰਤਮ ਆਇਆ ਵੇਲ, ਵੇਲਾ ਗਿਆ ਹੱਥ ਨਾ ਆਈਆ । ਲੱਖ ਚੁਰਾਸੀ ਪਾਏ ਨਕੇਲ, ਰਾਏ ਧਰਮ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਮਰਥ ਪੁਰਖ ਧੁਰ ਫ਼ਰਮਾਣਾ, ਏਕਾ ਏਕ ਜਣਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨਾ, ਧੁਰ ਦਰਬਾਰੀ ਵੇਖ ਵਖਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਸਭ ਨੂੰ ਮੰਨਣਾ ਪਏ ਭਾਣਾ, ਭਾਣੇ ਵਿਚ

ਆਪ ਭੁਵਾਇੰਦਾ । ਕਲਜੁਗ ਮਿਟੇ ਕੂੜ ਨਿਸ਼ਾਨਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਸ੍ਰਿਸ਼ਟ ਸਬਾਈ ਏਕਾ ਗਾਣਾ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਖੇਲੇ ਖੇਲ ਦੋ ਜਹਾਨਾਂ, ਦੋਏ ਦੋਏ ਆਪਣੀ ਧਾਰ ਵਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਹਿਰੇ ਬਾਣਾ, ਬਾਣ ਅਣਿਆਲਾ ਤੀਰ ਚਲਾਇੰਦਾ । ਆਤਮ ਪਰਮਾਤਮ ਮਾਰੇ ਨਿਸ਼ਾਨਾ, ਬਜਰ ਕਪਾਟੀ ਤੋੜ ਤੁੜਾਇੰਦਾ । ਘਰ ਮੰਦਰ ਸੁਣਾਏ ਸਾਚਾ ਗਾਣਾ, ਅਨਹਦ ਰਾਗੀ ਰਾਗ ਸੁਣਾਇੰਦਾ । ਇਕ ਵਖਾਏ ਪਦ ਨਿਰਬਾਣਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਖੇਲ ਵਖਾਇੰਦਾ । ਸਮਰਥ ਪੁਰਖ ਪ੍ਰਭ ਕਰਨੇ ਯੋਗ, ਯੁਗਤੀ ਆਪਣੇ ਹੱਥ ਰਖਾਈਆ । ਲੇਖਾ ਜਾਣੇ ਲੋਕ ਪਰਲੋਕ, ਅਵਣ ਗਵਣ ਤ੍ਰੈਭਵਨ ਰਿਹਾ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਆਦਿ ਅੰਤ ਗਾਇਣ ਹਰਿ ਸਲੋਕ, ਸੋਹਲਾ ਗੁਰ ਅਵਤਾਰ ਪੀਰ ਪੈਗੰਬਰ ਰਿਹਾ ਪੜ੍ਹਾਈਆ । ਲੱਖ ਚੁਰਾਸੀ ਏਕਾ ਓਟ, ਏਕਾ ਇਸ਼ਟ ਦਏ ਦਿੜ੍ਹਾਈਆ । ਸਚਖੰਡ ਦਵਾਰ ਕਿਲਾ ਕੋਟ, ਏਕਾ ਬੰਕ ਦਏ ਵਖਾਈਆ । ਕਰ ਪਰਕਾਸ਼ ਨਿਰਮਲ ਜੋਤ, ਬਿਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਚੁਕੇ ਗੁਰਮੁਖ, ਗੁਰ ਸਤਿਗੁਰ ਆਪ ਚੁਕਾਇੰਦਾ । ਜਨਮ ਜਨਮ ਦਾ ਮੇਟੇ ਦੁੱਖ, ਦੁੱਖ ਦਲਿੱਦਰ ਰਹਿਣ ਕੋਇ ਨਾ ਪਾਇੰਦਾ । ਸਫ਼ਲ ਕਰਾਏ ਮਾਤ ਕੁੱਖ, ਦਸ ਦਸ ਲੇਖਾ ਮੂਲ ਚੁਕਾਇੰਦਾ । ਉਜਲ ਕਰੇ ਜਗਤ ਮੁਖ, ਮੁਖ ਸੋਹੰ ਹੰਸਾ ਜਾਪ ਜਪਾਇੰਦਾ । ਨਾਤਾ ਤੁਟੇ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਆਪਣੀ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਸੂਰਬੀਰ ਸ਼ਹਿਨਸ਼ਾਹ ਏਕਾ ਪਿਆ ਬੁੱਕ, ਭਬਕ ਦੋ ਜਹਾਨ ਲਗਾਇੰਦਾ । ਕਲਜੁਗ ਅੰਤਮ ਪੈਂਡਾ ਰਿਹਾ ਮੁੱਕ, ਬਣ ਪਾਂਧੀ ਆਪ ਮੁਕਾਇੰਦਾ । ਹਰਿ ਕਾ ਭਾਣਾ ਜਾਏ ਨਾ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਮਾਨੁਖ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਆਪਣਾ ਪਰਦਾ ਆਪ ਚੁਕਾਇੰਦਾ । ਸਮਰਥ ਪੁਰਖ ਸਰਬ ਗੁਣ ਭਰਪੂਰ, ਭਰਪੂਰੀ ਹਰਿ ਅਖਵਾਈਆ । ਅੰਤਮ ਪਰਗਟ ਹੋਇਆ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਜਨ ਭਗਤਾਂ ਮੇਲੇ ਆਪ ਜ਼ਰੂਰ, ਜ਼ਾਹਰ ਬਾਤਨ ਕਰ ਰੁਸ਼ਨਾਈਆ । ਜਗਤ ਅੰਧੇਰਾ ਕਰੇ ਦੂਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਮਾਇਆ ਮਮਤਾ ਨਾਤਾ ਤੋੜੇ ਕੂੜ, ਕੂੜੀ ਕਿਰਿਆ ਦਏ ਖਪਾਈਆ । ਕੋਈ ਨਾ ਖਾਏ ਗਾਏ ਸੂਰ, ਸਭ ਦੀ ਸ਼ਰਅ ਦਏ ਮਿਟਾਈਆ । ਜਨ ਭਗਤਾਂ ਬਖ਼ਸ਼ੇ ਆਪ ਕਸੂਰ, ਪਿਛਲਾ ਲਹਿਣਾ ਝੋਲੀ ਪਾਈਆ । ਹਰਿ ਸੰਗਤ ਭਰੇ ਸਾਚਾ ਪੂਰ, ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਆਪਣੀ ਕਲ ਵਰਤਾਈਆ । ਸਮਰਥ ਪੁਰਖ ਵਰਤੇ ਕਲ, ਕਲਜੁਗ ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਕਰੇ ਅਛਲ ਅਛੱਲ, ਛਲਧਾਰੀ ਆਪਣਾ ਵੇਸ ਵਟਾਇੰਦਾ । ਜੁਗ ਚੌਕੜੀ ਸ਼ਬਦ ਸੰਦੇਸੇ ਰਿਹਾ ਘਲ, ਗੁਰ ਅਵਤਾਰ ਪੀਰ ਪੈਗੰਬਰ ਸੇਵ ਲਗਾਇੰਦਾ । ਕਲਜੁਗ ਅੰਤਮ ਆਇਆ ਚਲ, ਨਿਰਗੁਣ ਵੇਸ ਵਟਾਇੰਦਾ । ਸੰਬਲ ਡੇਰਾ ਬੈਠਾ ਮਲ, ਗੋਬਿੰਦ ਚੇਲਾ ਗੁਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਬਲੀ ਆਪਣਾ ਫੇਰਾ ਪਾਇੰਦਾ । ਮਹਾਬਲੀ ਸ੍ਰੀ ਭਗਵਾਨ, ਦੂਸਰ ਕੋਇ ਨਜ਼ਰ ਨਾ ਆਈਆ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਸੰਬਲ


੮੮੯ ੧੨

ਵਸੇ ਧਾਮ ਮਕਾਨ, ਗੋਬਿੰਦ ਮੇਲਾ ਸਹਿਜ ਸੁਭਾਈਆ । ਵੇਦ ਵਿਆਸਾ ਹੋਏ ਹੈਰਾਨ, ਪੂਤ ਸਪੂਤਾ ਬ੍ਰਹਿਮਣ ਗੌੜਾ ਨਾਉਂ ਧਰਾਈਆ । ਮੁਹੰਮਦ ਝੁਕ ਝੁਕ ਕਰੇ ਸਲਾਮ, ਅਮਾਮ ਅਮਾਮਾਂ ਨੂਰ ਰੁਸ਼ਨਾਈਆ । ਈਸਾ ਦੋਏ ਜੋੜ ਕਰੇ ਪਰਨਾਮ, ਖਾਲੀ ਝੋਲੀ ਅੱਗੇ ਡਾਹੀਆ । ਮੂਸਾ ਭੁੱਲੇ ਸਚ ਨਿਸ਼ਾਨ, ਨੇਤਰ ਨੈਣ ਨਾ ਸਕੇ ਉਠਾਈਆ । ਨਾਨਕ ਨਿਰਗੁਣ ਪੁਰਖ ਅਕਾਲਾ ਮਿਲੇ ਆਣ, ਸਚਖੰਡ ਵੱਜੇ ਵਧਾਈਆ । ਕਲਜੁਗ ਅੰਤ ਹੋਏ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸ਼ਹਿਨਸ਼ਾਹ ਸ਼ਾਹੋ ਭੂਪ ਰਾਜ ਰਾਜਾਨ, ਲੱਖ ਚੁਰਾਸੀ ਰੱਯਤ ਵੇਖ ਵਖਾਈਆ । ਸਚ ਸੰਦੇਸਾ ਏਕਾ ਦੇਵੇ ਹੁਕਮਰਾਨ, ਹੱਕ ਹਕੀਕਤ ਦਏ ਸਮਝਾਈਆ । ਲਾਸ਼ਰੀਕ ਪਰਗਟ ਹੋਏ ਮਿਹਰਵਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਧਰਾਈਆ । ਸਚ ਮੁਸੱਲਾ ਜ਼ਿਮੀਂ ਅਸਮਾਨ, ਇਕੋ ਮਸਲਾ ਲਹਿਣਾ ਦੇਣਾ ਚੁਕਾਏ ਅੰਜੀਲ ਕੁਰਾਨ, ਕਾਇਆ ਕਾਅਬਾ ਦੋ ਦੋ ਆਬਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਤਗੀਰ ਦਸਤ ਆਪਣਾ ਲਏ ਮਿਲਾਈਆ । ਸਮਰਥ ਪੁਰਖ ਹਰਿ ਪਰਵਰਦਿਗਾਰਾ, ਪਾਰਬ੍ਰਹਮ ਵਡੀ ਵਡਿਆਈਆ । ਕਲਜੁਗ ਅੰਤਮ ਪਾਰ ਕਿਨਾਰਾ, ਚੌਦਾਂ ਤਬਕ ਵੇਖ ਵਖਾਈਆ । ਸਦੀ ਚੌਧਵੀਂ ਆਏ ਹਾਰਾ, ਜਿਤ ਕੋਇ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਹੋਏ ਖੁਵਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਸਾਧ ਸੰਤ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਆਪਣੀ ਕਲ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਪਸਾਰਾ, ਜੁਗਾ ਜੁਗੰਤਰ ਵੇਖਣਹਾਰਾ, ਨਿਤ ਨਵਿਤ ਲਏ ਅਵਤਾਰਾ, ਭਗਤਾਂ ਹਿਤ ਕਰੇ ਖੇਲ ਨਿਆਰਾ, ਅਬਿਨਾਸ਼ੀ ਅਚੁਤ ਹੋ ਉਜਿਆਰਾ, ਸਾਚੀ ਰੁੱਤ ਲੋਕਮਾਤ ਆਪ ਮਹਿਕਾਈਆ ।



ਹਰਿ ਮੰਦਰ ਸਾਚਾ ਸਾਢੇ ਤਿੰਨ ਹੱਥ, ਗੁਰੂ ਗੁਰਦੇਵ ਗਏ ਸਮਝਾਈਆ । ਪੁਰਖ ਅਬਿਨਾਸ਼ੀ ਆਵੇ ਨੱਸ, ਜਿਉਂ ਨਾਨਕ ਨਿਰਗੁਣ ਮਿਲਿਆ ਚਾਈਂ ਚਾਈਂਆ । ਅੰਗਦ ਅੰਦਰ ਨਾਨਕ ਵਸ, ਭੇਵ ਅਭੇਦਾ ਦਏ ਖੁਲ੍ਹਾਈਆ । ਕਰੇ ਖੇਲ ਪੁਰਖ ਸਮਰਥ, ਲੇਖਾ ਲੇਖ ਦਏ ਜਣਾਈਆ । ਨਾਨਕ ਗੋਬਿੰਦ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਸ੍ਰਿਸ਼ਟ ਸਬਾਈ ਹੋਈ ਨੰਗ, ਪਰਦਾ ਕੋਇ ਨਾ ਸੀਸ ਰਖਾਈਆ । ਜਗਤ ਵਿਕਾਰਾ ਹੋਏ ਜੰਗ, ਸਾਂਤ ਸਤਿ ਨਾ ਕੋਇ ਵਡਿਆਈਆ । ਦੂਈ ਦਵੈਤੀ ਹੋਈ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਇਕ ਅਰਜ਼ੋਈਆ । ਪੁਰਖ ਅਬਿਨਾਸ਼ੀ ਹਰਿ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਅੰਤਰ ਅੰਤਰ ਦਏ ਗਿਆਨਾ, ਨਾਨਕ ਗੋਬਿੰਦ ਆਪ ਸਮਝਾਇੰਦਾ । ਜੁਗਾ ਜੁਗੰਤਰ ਮੇਰਾ ਖੇਲ ਮਹਾਨਾ, ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਸਚ ਮਕਾਨਾ, ਸਚਖੰਡ ਸੱਚਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਵ ਗੁਰੂ ਗੁਰ ਸੂਰਾ, ਹਰਿ ਸਤਿਗੁਰ ਆਪ ਜਣਾਇੰਦਾ । ਲਿਖਿਆ ਲੇਖ ਕਰੇ ਪੂਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਾਚਾ ਮੰਦਰ ਇਕ ਹਜ਼ੂਰਾ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਜੋਤੀ ਗੋਬਿੰਦ ਵੇਸ ਵਟਾਇੰਦਾ ।

ਗੋਬਿੰਦ ਵੇਸ ਅਵੱਲਾ ਹਰਿ ਹਰਿ, ਪੁਰਖ ਅਕਾਲ ਦਏ ਵਡਿਆਈਆ । ਮੇਲ ਮਿਲਾਵਾ ਸਾਚੇ ਘਰ ਘਰ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੋਬਿੰਦ ਰਿਹਾ ਸਮਝਾਈਆ । ਗੋਬਿੰਦ ਮੰਗੇ ਦਾਨ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਦੇਵਣਹਾਰਾ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਅੰਤਮ ਖੇਲੇ ਖੇਲ ਮਹਾਨ, ਭੇਵ ਕੋਇ ਨਾ ਪਾਈਆ । ਤੇਰਾ ਨਾਉਂ ਕਰੇ ਪਰਧਾਨ, ਸ਼ਬਦ ਡੰਕਾ ਇਕ ਵਜਾਈਆ । ਹਰਿ ਮੰਦਰ ਵੇਖੇ ਹਰਿ ਜੂ ਆਣ, ਤੇਰਾ ਬੰਕ ਸੁਹਾਈਆ । ਚਰਨ ਟਿਕਾਏ ਸ੍ਰੀ ਭਗਵਾਨ, ਹਰਿ ਕਾ ਚਰਨ ਨਜ਼ਰ ਕਿਸੇ ਨਾ ਆਈਆ । ਗੁਰੂ ਗ੍ਰੰਥ ਗੁਰ ਦੇਵੇ ਗਿਆਨ, ਬਿਨ ਗੁਰ ਸ਼ਬਦ ਬੂਝ ਨਾ ਪਾਈਆ । ਡੰਕਾ ਵਜਾਏ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਜਗਾਈਆ । ਕਲ ਕਲਕੀ ਲੈ ਅਵਤਾਰ, ਕਲਗੀ ਤੋੜਾ ਸੀਸ ਟਿਕਾਈਆ । ਸੱਸੇ ਉਪਰ ਲਾਏ ਹੋੜਾ ਨਿਰਗੁਣ ਸਰਗੁਣ ਖੇਲ ਕਰੇ ਮਹਾਨ, ਖੇਲਣਹਾਰਾ ਦਿਸ ਕਿਸੇ ਨਾ ਆਈਆ । ਜਿਸ ਦਾ ਨਾਨਕ ਗਾਇਆ ਗਾਣ, ਸੋਹੰ ਅੱਖਰ ਕਰ ਪੜ੍ਹਾਈਆ । ਜਿਸ ਨੂੰ ਗੋਬਿੰਦ ਕਰਿਆ ਪਰਵਾਨ, ਚਿੱਲਾ ਤੀਰ ਹੱਥ ਕਮਾਨ ਉਠਾਈਆ । ਸੋ ਸਾਹਿਬ ਸਤਿਗੁਰ ਹਰਿ ਮੰਦਰ ਵਸੇ ਆਣ, ਆਪਣਾ ਚਰਨ ਟਿਕਾਈਆ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਹਿਨਸ਼ਾਹ ਸ਼ਾਹੋ ਭੂਪ ਇਕ ਅਖਵਾਈਆ । ਵੀਹ ਸੌ ਵੀਹ ਬਿਕ੍ਰਮੀ ਰਾਹ ਤੱਕੇ ਬਣ ਅਵਾਣ, ਕਵਣ ਵੇਲਾ ਹਰਿ ਜੂ ਦਏ ਸੁਹਾਈਆ । ਜਨ ਭਗਤਾਂ ਮਿਲੇ ਆਣ, ਗੁਰਮੁਖਾਂ ਮੁਖ ਉਜਲ ਦਏ ਕਰਾਈਆ । ਗੁਰਸਿਖਾਂ ਦੇਵੇ ਇਕ ਧਿਆਨ, ਜਗਤ ਗਿਆਨ ਨਾ ਕੋਇ ਦ੍ਰਿੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਮਿਲ ਖ਼ੁਸ਼ੀ ਮਨਾਣ, ਘਰ ਮਿਲੇ ਗੋਬਿੰਦ ਸੱਚਾ ਮਾਹੀਆ । ਗੋਬਿੰਦ ਮੇਲਾ ਕਰੇ ਸ੍ਰੀ ਭਗਵਾਨ, ਮਿਲਿਆ ਮੇਲ ਵਿਛੜ ਨਾ ਜਾਈਆ । ਸਾਢੇ ਤਿੰਨ ਹੱਥ ਮੰਦਰ ਸੋਹੇ ਇਕ ਮਕਾਨ, ਜਿਸ ਮੰਦਰ ਅੰਦਰ ਗੋਬਿੰਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਮਹੱਲਾ ਇਕ ਇਕੱਲਾ ਉਚ ਅਟੱਲਾ ਸੰਬਲ ਨਗਰੀ ਸਚ ਸਮਗਰੀ ਜੋਤ ਇਕਗਰੀ ਅਕਾਲ ਮੂਰਤ ਨਿਰਗੁਣ ਸੂਰਤ ਨਾਦ ਤੁਰੀਆ ਬਿਨ ਤਰਜ਼ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਬਲ ਵੇਖੇ ਚਾਈਂ ਚਾਈਆ ।



### ✳ ੨੫ ਭਾਦਰੋਂ ੨੦੧੯ ਬਿਕ੍ਰਮੀ ਜਰਨੈਲ ਸਿੰਘ, ਨਛੱਤਰ ਸਿੰਘ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ✳

ਪਰਮਾਤਮਾ ਆਤਮਾ ਲਏ ਖੋਜ, ਜਨ ਭਗਤ ਦਏ ਵਡਿਆਈਆ । ਸੰਤ ਸੱਜਣ ਜੋ ਰਹੇ ਲੋਚ, ਨੇਤਰ ਨੈਣਾਂ ਦਰਸ ਦਿਖਾਈਆ । ਜਗਤ ਵਿਦਿਆ ਜੋ ਪੜ੍ਹ ਪੜ੍ਹ ਰਹੇ ਸੋਚ, ਸੋਚ ਵਿਚ ਕਿਸੇ ਨਾ ਆਈਆ । ਵਸਣਹਾਰਾ ਪੁਸ਼ਕਰ ਲੱਖਣ ਕਰੌਚ ਜੰਬੂ ਡੇਰਾ ਲਾਈਆ । ਸਾਲ ਸਲਮਲ ਨਾ ਕੋਇ ਕੁਸ਼ਾ ਭੇਵ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪਰਮਾਤਮ ਆਤਮ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਆਦਿ ਜੁਗਾਦੀ ਲੱਖ ਚੁਰਾਸੀ ਧਾਰਾ, ਜੂਨ ਅਜੂਨੀ ਰੂਪ ਵਖਾਇੰਦਾ । ਜੁਗਾ ਜੁਗੰਤਰ ਨਿਰਗੁਣ ਸਰਗੁਣ ਲੈ ਅਵਤਾਰਾ, ਸਰਗੁਣ ਨਿਰਗੁਣ ਬੂਝ ਬੁਝਾਇੰਦਾ । ਨਾਮ ਨਿਧਾਨਾ ਬੋਲ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ ।

ਭਗਤਨ ਮੇਲਾ ਧੁਰ ਦਰਬਾਰਾ, ਧੁਰ ਦਰਗਾਹੀ ਆਪ ਕਰਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜਾ, ਬੰਦ ਤਾਕੀ ਕੁੰਡਾ ਲਾਹਿੰਦਾ । ਦੀਆ ਬਾਤੀ ਕਰ ਉਜਿਆਰਾ, ਜਾਗਰਤ ਜੋਤ ਇਕ ਜਗਾਇੰਦਾ । ਮਹੱਲ ਅਟੱਲ ਸਚ ਮੁਨਾਰਾ, ਸੋਭਾਵੰਤ ਆਪ ਸੁਹਾਇੰਦਾ । ਕਰ ਪਰਕਾਸ਼ ਏਕੰਕਾਰਾ, ਅਗਿਆਨ ਅੰਧੇਰ ਚੁਕਾਇੰਦਾ । ਰਵ ਸਸ ਕਰਨ ਨਿਮਸਕਾਰਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਭੇਵ ਚੁਕਾਇੰਦਾ । ਪਰਮਾਤਮਾ ਆਤਮ ਵਸੇ ਕੋਲ, ਘਰ ਘਰ ਵਿਚ ਰਿਹਾ ਸਮਾਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਸਕੇ ਕੋਇ ਡੁਲਾਈਆ । ਲੱਖ ਚੁਰਾਸੀ ਕਰਨਹਾਰਾ ਘੋਲ, ਅੰਡਜ ਜੇਰਜ ਉਤਭੁਜ ਸੇਤਜ ਕਰੇ ਲੜਾਈਆ । ਸਤਿ ਦਵਾਰਾ ਏਕਾ ਖੋਲ੍ਹ, ਭਗਤ ਭਗਵੰਤ ਦਏ ਪੜ੍ਹਾਈਆ । ਦੇਵੇ ਵਸਤ ਇਕ ਅਨਮੋਲ, ਨਾਮ ਨਿਧਾਨਾ ਆਪ ਵਰਤਾਈਆ । ਸੋਹੰ ਅੱਖਰ ਸਾਚਾ ਬੋਲ, ਆਤਮ ਪਰਮਾਤਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਆਤਮ ਪਰਮਾਤਮ ਪਾਏ ਬੰਧਨ, ਬੰਦੀਖਾਨਾ ਨਾ ਕੋਇ ਰਖਾਇੰਦਾ । ਤਿਲਕ ਲਲਾਟੀ ਏਕਾ ਚੰਦਨ, ਚੰਦ ਚਾਦਨੀ ਮੁਖ ਸ਼ਰਮਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਹਾਰਾ ਟੁੱਟੀ ਗੰਢਣ, ਗੰਢ ਆਪਣੀ ਇਕ ਵਖਾਇੰਦਾ । ਵੇਖਣਹਾਰਾ ਬ੍ਰਹਿਮੰਡ ਬ੍ਰਹਿਮੰਡਣ, ਬ੍ਰਹਿਮਾਂਡ ਖੋਜ ਖੋਜਾਇੰਦਾ । ਲੇਖਾ ਜਾਣ ਤ੍ਰਿਲੋਕੀ ਨੰਦਨ, ਲੋਆਂ ਪੁਰੀਆਂ ਫੇਰਾ ਪਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਨਾਮ ਚਿੱਲਾ ਤੀਰ ਕਮੰਦਨ, ਸਾਚਾ ਭੱਥਾ ਆਪ ਉਠਾਇੰਦਾ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਵਜਾਏ ਇਕ ਮਰਦੰਗਣ, ਨਾਮ ਮਰਦੰਗਾ ਹੱਥ ਉਠਾਇੰਦਾ । ਕੂੜੀ ਕਿਰਿਆ ਕਰੇ ਖੰਡਣ, ਖੜਗ ਖੰਡਾ ਇਕ ਚਮਕਾਇੰਦਾ । ਨਾਤਾ ਤੋੜੇ ਭੁੱਖ ਨੰਗਣ, ਭੁੱਖਿਆਂ ਭੁੱਖ ਆਪ ਮਿਟਾਇੰਦਾ । ਇਕ ਜਣਾਏ ਪਰਮਾਨੰਦਨ, ਨਿਜ ਆਤਮ ਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਖੇਲ ਕਰਾਇੰਦਾ । ਪਰਮਾਤਮ ਆਤਮ ਵੇਖੇ ਮੀਤ, ਮਿੱਤਰ ਪਿਆਰਾ ਖੇਲ ਕਰਾਇੰਦਾ । ਕਾਇਆ ਮੰਦਰ ਅੰਦਰ ਸਚ ਮਸੀਤ, ਸਾਚਾ ਦੇਹੁਰਾ ਸੋਭਾ ਪਾਇੰਦਾ । ਸਾਹਿਬ ਸਤਿਗੁਰ ਸੁੱਤਾ ਇਕ ਅਨਡੀਠ, ਆਪਣੀ ਕਰਵਟ ਨਾ ਕੋਇ ਬਦਲਾਇੰਦਾ । ਅੱਠੇ ਪਹਿਰ ਗਾਏ ਗੀਤ, ਘੜੀ ਪਲ ਨਾ ਵੰਡ ਵੰਡਾਇੰਦਾ । ਆਤਮ ਪਰਮਾਤਮ ਬੰਨ੍ਹੇ ਪ੍ਰੀਤ, ਪ੍ਰੀਤੀਵਾਨ ਦਇਆ ਕਮਾਇੰਦਾ । ਲੱਖ ਚੁਰਾਸੀ ਪਰਖੇ ਨੀਤ, ਗ੍ਰਿਹ ਗ੍ਰਿਹ ਫੋਲ ਫੋਲਾਇੰਦਾ । ਲੇਖਾ ਜਾਣੇ ਹਸਤ ਕੀਟ, ਅਭੁਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਭੇਵ ਚੁਕਾਇੰਦਾ । ਆਤਮ ਪਰਮਾਤਮ ਚਾੜ੍ਹੇ ਰੰਗ, ਰੰਗ ਏਕਾ ਏਕ ਵਖਾਈਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਪਾਰ ਲੰਘ, ਲੱਖ ਚੁਰਾਸੀ ਮਾਣਸ ਮਾਨੁਖ ਦਏ ਵਡਿਆਈਆ । ਏਕਾ ਡੋਰੀ ਸਤਿ ਪਤੰਗ, ਗੁਰ ਸ਼ਬਦੀ ਆਪ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਖੋਜ ਖੋਜਾਈਆ । ਆਤਮ ਪਰਮਾਤਮ ਡੂੰਘਾ ਸਾਗਰ, ਘਰ ਘਰ ਵਿਚ ਆਪ ਉਪਾਇੰਦਾ । ਆਪ ਵਸਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਵੇਸ ਵਟਾਇੰਦਾ । ਭਗਤ ਭਗਵਾਨ ਬਣਾਏ ਸਚ ਸੌਦਾਗਰ, ਸਾਚਾ ਵਣਜ ਇਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਭੇਵ ਚੁਕਾਇੰਦਾ । ਆਤਮ ਪਰਮਾਤਮ ਚੁੱਕੇ ਉਹਲਾ, ਪਰਦਾ ਵਿਚ ਰਹਿਣ ਨਾ ਪਾਈਆ । ਨਿਰਗੁਣ ਗਾਏ ਨਿਰਗੁਣ ਸੋਹਲਾ, ਸਰਗੁਣ ਢੋਲਾ ਰਾਗ ਅਲਾਈਆ । ਕਰਨਹਾਰਾ ਉਲਟਾ

ਕੌਲਾ, ਕਵਲ ਕਵਲੀ ਮੁਖ ਉਲਟਾਈਆ । ਦੇਵੇ ਵਡਿਆਈ ਉਪਰ ਧੌਲਾ, ਧਰਨੀ ਧਰਤ ਹੋਏ ਸਹਾਈਆ । ਆਦਿ ਜੁਗਾਦੀ ਨੂਰ ਇਲਾਹੀ ਅਵੱਲਾ, ਆਲਮੀਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮਾਤਮ ਆਤਮ ਆਤਮ ਪਰਮਾਤਮ ਏਕਾ ਘਰ ਵਸਾਈਆ । ਆਤਮ ਪਰਮਾਤਮ ਸਚ ਘਰ ਵਸੇਰਾ, ਮੰਦਰ ਇਕੋ ਇਕ ਵਖਾਇੰਦਾ । ਵਸਣਹਾਰਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੁਗ ਚੌਕੜੀ ਦੇਵਣਹਾਰਾ ਗੇੜਾ, ਗੇੜਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਚੁਕਾਏ ਝੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਵੰਡ ਵੰਡਾਇੰਦਾ । ਆਤਮ ਪਰਮਾਤਮ ਵੰਡੇ ਵੰਡ, ਭੇਵ ਕੋਇ ਨਾ ਆਇੰਦਾ । ਪਰਮਾਤਮ ਵਸੇ ਸਚਖੰਡ, ਸਚਖੰਡ ਦਵਾਰੇ ਸੋਭਾ ਪਾਇੰਦਾ । ਆਤਮ ਵਸੇ ਜੇਰਜ ਅੰਡ, ਉਤਭੁਜ ਸੇਤਜ ਵਿਚ ਸਮਾਇੰਦਾ । ਕਰੇ ਖੇਲ ਸੂਰਾ ਸਰਬੰਗ, ਸਾਹਿਬ ਸੁਲਤਾਨ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਭੇਵ ਦੱਸ, ਪਰਦਾ ਆਪ ਉਠਾਈਆ । ਨਿਰਗੁਣ ਨਿਰਗੁਣ ਸਰਗੁਣ ਅੰਦਰ ਵਸ, ਵਾਸਦੇਵ ਇਕ ਸਮਝਾਈਆ । ਆਤਮ ਦੇਵ ਪਰਮਾਤਮ ਪਿਆਰ ਜਾਏ ਫਸ, ਬੰਧਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮ ਪੁਰਖ ਆਪਣਾ ਵੇਸ ਵਟਾਈਆ । ਪਰਮ ਆਤਮਾ ਪਰਮ ਪੁਰਖ, ਪਾਰਬ੍ਰਹਮ ਵਡੀ ਵਡਿਆਈਆ । ਨਿਰਗੁਣ ਆਤਮਾ ਲੱਖ ਚੁਰਾਸੀ ਸੁਖ, ਘਰ ਘਰ ਵਿਚ ਰਿਹਾ ਛੁਪਾਈਆ । ਪੰਜ ਤਤ ਕਾਇਆ ਮਾਟੀ ਮਾਣਸ ਮਾਨੁਖ, ਰਕਤ ਬੂੰਦ ਕਰ ਕੁੜਮਾਈਆ । ਮਨ ਮਤ ਬੁਧ ਧੂੰਆਂ ਰਿਹਾ ਧੁਖ, ਗ੍ਰਿਹ ਮੰਦਰ ਅੰਦਰ ਆਪ ਟਿਕਾਈਆ । ਸਤਿ ਸਰੂਪ ਬੈਠਾ ਲੁਕ, ਭੂਪ ਨਜ਼ਰ ਕਿਸੇ ਨਾ ਆਈਆ । ਚਾਰੇ ਕੂਟ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸਾਹਿਬ ਸਤਿਗੁਰ ਹਰਿ ਸੁਲਤਾਨਾ ਵਡ ਮਿਹਰਵਾਨਾ ਜਨ ਭਗਤ ਦਵਾਰੇ ਪਏ ਉਠ, ਨਿਰਗੁਣ ਆਪਣਾ ਰੂਪ ਧਰਾਈਆ । ਠਾਕਰ ਸਵਾਮੀ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਕੱਢੇ ਕੁੱਟ, ਏਕਾ ਡੰਕਾ ਰਿਹਾ ਵਜਾਈਆ । ਜਨ ਭਗਤਾਂ ਰਿਹਾ ਘਰ ਘਰ ਪੁੱਛ, ਦਰ ਦਰ ਫੇਰਾ ਪਾਈਆ । ਨਾਤਾ ਜੁੜਿਆ ਜਿਉਂ ਮਾਤ ਪੁੱਤ, ਪਿਤਾ ਪੂਤ ਸਹਿਜ ਸੁਖਦਾਈਆ । ਕਲਜੁਗ ਅੰਤ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਅਬਿਨਾਸ਼ੀ ਧਾਰ ਚਲਾਈਆ । ਹਰਿਜਨ ਦੇਵੇ ਸਾਚਾ ਸੁਖ, ਆਤਮ ਪਰਮਾਤਮ ਮੇਲ ਮਿਲਾਈਆ । ਲਹਿਣਾ ਚੁੱਕੇ ਮਾਤ ਗਰਭ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਆਪਣੀ ਗੋਦੀ ਲਏ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਅਧਵਿਚਕਾਰ ਨਾ ਦੇਵੇ ਸੁੱਟ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਇਕ ਵਖਾਏ ਸਾਚਾ ਕੋਟ, ਕਿਲਾ ਬੰਕ ਦਏ ਵਡਿਆਈਆ । ਕਰ ਪਰਕਾਸ਼ ਨਿਰਮਲ ਜੋਤ, ਪਰਮਾਤਮ ਪਰਦਾ ਦਏ ਉਠਾਈਆ । ਆਤਮ ਦਰਸ਼ਨ ਰਹੀ ਲੋਚ, ਲੋਚਾ ਪੂਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਪਰਮਾਤਮ ਆਤਮ ਰੱਖੀ ਆਸਾ, ਆਸਾ ਇਕੋ ਇਕ ਜਣਾਇੰਦਾ । ਨਿਰਗੁਣ ਸਰਗੁਣ ਸਚ ਭਰਵਾਸਾ, ਧੀਰਜ ਧੀਰ ਧੀਰ ਧਰਾਇੰਦਾ । ਵੇਖਣਹਾਰਾ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਦੀਆ ਬਾਤੀ ਕਮਲਾਪਾਤੀ ਨਿਰਗੁਣ ਨੂਰ ਜੋਤ ਪਰਕਾਸ਼ਾ, ਨੂਰੋ ਨੂਰ ਡਗਮਗਾਇੰਦਾ । ਦੋ ਜਹਾਨ ਮੰਡਲ ਮੰਡਪ ਬ੍ਰਹਿਮੰਡ ਖੰਡ ਗੋਪੀ ਕਾਹਨ ਪਾਏ ਰਾਸਾ, ਸਾਚੀ ਸਖ਼ੀਆਂ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ


੮੯੩
੧੨

ਕਰਾਇੰਦਾ । ਪਰਮਾਤਮ ਆਤਮ ਖੇਲ ਮਹਾਨ, ਘਰ ਘਰ ਵਿਚ ਆਪ ਕਰਾਈਆ । ਸਾਚਾ ਮੇਲਾ ਗੋਪੀ ਕਾਹਨ, ਨਿਰਗੁਣ ਨਿਰਗੁਣ ਬੰਧਨ ਪਾਈਆ । ਸੁਰਤ ਸੁਵਾਣੀ ਸੀਤਾ ਸ਼ਬਦ ਗੁਰ ਮਿਲੇ ਰਾਮ, ਘਰ ਸਾਚੇ ਵੱਜੇ ਵਧਾਈਆ । ਨਾਮ ਬੰਸਰੀ ਸੁਣੇ ਕਾਨ, ਮਧੁਰ ਧੁਨ ਇਕ ਸੁਣਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਭੇਵ ਚੁਕਾਈਆ । ਰਾਗ ਨਾਦ ਹੋਣ ਹੈਰਾਨ, ਛੱਤੀ ਬੈਠੇ ਮੁਖ ਸ਼ਰਮਾਈਆ । ਧੁਰ ਸੰਦੇਸਾ ਦੇਵੇ ਆਣ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਵਿਚ ਜਹਾਨ, ਜੀਵਣ ਜੁਗਤ ਦਏ ਜਣਾਈਆ । ਭਗਤ ਭਗਵੰਤ ਵੇਖੇ ਆਣ, ਬਿਨ ਨੇਤਰ ਨੈਣ ਮਿਲਾਈਆ । ਸੱਚਾ ਦੱਸੇ ਇਕੋ ਗਾਨ, ਆਤਮ ਪਰਮਾਤਮ ਪਰਮਾਤਮ ਆਤਮ ਕਰ ਪੜ੍ਹਾਈਆ । ਸੋਹੰ ਸ਼ਬਦ ਸਚ ਨਿਸ਼ਾਨ, ਸੋ ਸਤਿਗੁਰ ਆਪ ਝੁਲਾਈਆ । ਆਪਾ ਚੀਨ ਪਾਵੇ ਮਾਣ, ਮਾਣਸ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਬੰਧਨ ਪਾਈਆ । ਆਤਮ ਪਰਮਾਤਮ ਖੇਲ ਅਪਾਰਾ, ਗ੍ਰਿਹ ਮੰਦਰ ਆਪ ਕਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਵੇਸ ਵਟਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧਰਨੀ ਧਰਤ ਧਵਲ ਸੁਹਾਇੰਦਾ । ਪਾਵੇ ਸਾਰ ਸਾਢੇ ਤਿੰਨ ਹੱਥ ਮੁਨਾਰਾ, ਕਾਇਆ ਮਾਟੀ ਬੰਕ ਸੁਹਾਇੰਦਾ । ਵੇਖਣਹਾਰਾ ਡੂੰਘੀ ਗਾਰਾ, ਕਾਇਆ ਕਵਰੀ ਭਵਰੀ ਫੋਲ ਫੋਲਾਇੰਦਾ । ਗੁਰਮੁਖ ਗੁਰ ਗੁਰ ਦਏ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪ ਜਗਾਇੰਦਾ । ਆਤਮ ਪਰਮਾਤਮ ਜਗਾਏ ਸੋਈ, ਏਕਾ ਅੱਖ ਖੁਲ੍ਹਾਈਆ । ਦਰਗਹਿ ਸਾਚੀ ਦੇਵੇ ਢੋਈ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਵਿਰਲਾ ਜਾਣੇ ਕੋਈ, ਜਿਸ ਜਨ ਆਪਣੀ ਬੂਝ ਬੁਝਾਈਆ । ਨਾਰ ਭਤਾਰ ਕਬੀਰਾ ਲੋਈ, ਸੁਰਤੀ ਸ਼ਬਦ ਕਰੇ ਕੁੜਮਾਈਆ । ਸਾਚਾ ਬੀਜ ਰਿਹਾ ਬੋਈ, ਪਤ ਡਾਲ੍ਹੀ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਲਏ ਜਗਾਈਆ । ਆਤਮ ਜਾਗੇ ਹੋਏ ਵੈਰਾਗੇ, ਬਿਰਹੋਂ ਰੋਗ ਇਕ ਵਖਾਇੰਦਾ । ਮੇਲ ਮਿਲਾਵਾ ਕੰਤ ਸੁਹਾਗੇ ਵਡ ਵਡ ਭਾਗੇ, ਗ੍ਰਿਹ ਮੰਦਰ ਵੇਖ ਵਖਾਇੰਦਾ । ਹੰਸ ਬਣਾਏ ਕਾਗੇ ਧੋਵੇ ਦਾਗ਼ੇ, ਦੁਰਮਤ ਮੈਲ ਧੁਵਾਇੰਦਾ । ਲੱਖ ਚੁਰਾਸੀ ਵਿਚੋਂ ਕਾਢੇ, ਚਰਨ ਕਵਲ ਕਰਾਏ ਲਾਡੇ, ਸਿਰ ਆਪਣਾ ਹੱਥ ਟਿਕਾਇੰਦਾ । ਨਾਮ ਸੁਣਾਏ ਬੋਧ ਅਗਾਧੇ, ਦੇਵਣਹਾਰ ਸਾਚੀ ਦਾਦੇ, ਵਸਤ ਅਮੋਲਕ ਆਪ ਵਰਤਾਇੰਦਾ । ਗੁਰਮੁਖ ਸੱਜਣ ਸਾਚੇ ਸਾਧੇ, ਮੇਲ ਮਿਲਾਏ ਮਾਧਵ ਮਾਧੇ, ਮੋਹਣੀ ਆਪਣਾ ਰੂਪ ਵਟਾਇੰਦਾ । ਪਾਵੇ ਸਾਰ ਬ੍ਰਹਮ ਬ੍ਰਹਿਮਾਦੇ, ਸ਼ਬਦ ਅਗੰਮ ਵਜਾਏ ਨਾਦੇ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਭਗਤ ਦਵਾਰੇ ਹੋ ਵਿਸਮਾਦੇ, ਬਿਸਮਲ ਆਪਣਾ ਰੂਪ ਵਖਾਇੰਦਾ । ਕਲਜੁਗ ਅੰਤ ਸੁਣੇ ਫ਼ਰਯਾਦੇ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪ ਜਗਾਇੰਦਾ । ਆਤਮ ਪਰਮਾਤਮ ਦੇ ਹੁਲਾਰਾ, ਏਕਾ ਰੰਗ ਵਖਾਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜਾ, ਗ੍ਰਿਹ ਮੰਦਰ ਆਪ ਵਡਿਆਇੰਦਾ । ਦੀਆ ਬਾਤੀ ਕਰ ਉਜਿਆਰਾ, ਹਰਿ ਸੱਜਣ ਆਪ ਜਗਾਇੰਦਾ । ਸੇਵਕ ਸੇਵਾਦਾਰ ਬਣ ਭਿਖਾਰਾ, ਘਰ ਇਕੋ ਅਲੱਖ ਜਗਾਇੰਦਾ । ਮੰਗੇ ਮੰਗ ਵਿਚ ਸੰਸਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਸਚ ਪ੍ਰੀਤੀ ਮਿਲੇ ਆਧਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪ ਮਿਲਾਇੰਦਾ । ਆਤਮ ਪਰਮਾਤਮ ਖੋਲ੍ਹੇ ਅੱਖ, ਨੇਤਰ ਨੈਣ ਨੈਣ ਖੁਲ੍ਹਾਈਆ । ਨਿਰਗੁਣ ਦਾਤਾ ਹੋ ਪਰਤੱਖ, ਆਪਣਾ ਭੇਵ ਚੁਕਾਈਆ । ਸ਼ਬਦ ਅਗੰਮੀ ਬੋਲ ਅਲੱਖ, ਸਾਚਾ ਨਾਅਰਾ ਦਏ ਸੁਣਾਈਆ । ਇਕ ਦੂਜੇ ਨਾਲੋਂ ਹੋਏ ਵੱਖ, ਅੰਤਮ ਆਪਣਾ ਮੇਲ ਮਿਲਾਈਆ । ਭਗਤ ਭਗਵੰਤ ਪੱਤ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਏਕਾ ਮੰਦਰ ਜਾਣ ਵਸ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਲਏ ਜਗਾਈਆ । ਆਤਮ ਉਠੀ ਉਠ ਉਠ ਰੋਵੇ, ਨੇਤਰ ਨੈਣਾਂ ਨੀਰ ਵਹਾਈਆ । ਚਾਰ ਕੁੰਟ ਦਹਿ ਦਿਸ਼ਾ ਨਜ਼ਰ ਨਾ ਆਏ ਕੋਇ, ਸ੍ਰਿਸ਼ਟੀ ਕਾਗ ਵਾਂਗ ਕੁਰਲਾਈਆ । ਸਚ ਮੁਹੱਬਤ ਕਰੇ ਨਾ ਕੋਈ ਮੋਹੇ, ਨਾਤਾ ਤੁਟਾ ਖ਼ਲਕ ਖ਼ੁਦਾਈਆ । ਫਿਰ ਫਿਰ ਥੱਕੀ ਜੰਗਲ ਜੂਹ ਉਜਾੜ ਪਹਾੜ ਜੂਹੇ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਈ ਸਰਨਾਈਆ । ਆਤਮ ਉਠੀ ਕਰੇ ਪੁਕਾਰ, ਬਹੁੜੀ ਬਹੁੜੀ ਕੁਰਲਾਈਆ । ਪ੍ਰਭ ਵਿਸਰਿਆ ਸੱਚਾ ਯਾਰ, ਕੂੜਾ ਨਾਤਾ ਰਹਿਣ ਨਾ ਪਾਈਆ । ਨਵ ਨੌਂ ਦਿਸੇ ਧੁੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਫਿਰ ਫਿਰ ਥੱਕੀ ਆਰ ਪਾਰ ਕਿਨਾਰ, ਕਿਨਾਰਾ ਕੋਇ ਨਜ਼ਰ ਨਾ ਆਈਆ । ਪੜ੍ਹ ਪੜ੍ਹ ਥੱਕੀ ਸ਼ਾਸਤਰ ਸਿਮਰਤ ਵੇਦ ਚਾਰ, ਗੀਤਾ ਗਿਆਨ ਅੰਜੀਲ ਕੁਰਾਨ ਨਾਲ ਰਲਾਈਆ । ਮੇਰੀ ਆਸਾ ਪੂਰੀ ਕਰੇ ਨਾ ਕੋਈ ਵਿਚ ਸੰਸਾਰ, ਸੰਸਾ ਸਕੇ ਨਾ ਕੋਇ ਮਿਟਾਈਆ । ਖੁਲ੍ਹੜੇ ਕੇਸ ਦਰ ਦਰਵੇਸ ਰੋਵੇ ਧਾਹਾਂ ਮਾਰ, ਮੀਢੀ ਸੀਸ ਨਾ ਕੋਇ ਗੁੰਦਾਈਆ । ਨੇਤਰ ਨੈਣ ਕਜਲਾ ਨਾ ਕੋਇ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਆਤਮ ਰੋਵੇ ਕੁਰਲਾਵੇ, ਕੂਕ ਕੂਕ ਸੁਣਾਈਆ । ਕਲਜੁਗ ਅੰਤਮ ਦੁੱਖੜਾ ਖਾਵੇ, ਬਿਰਹੋਂ ਰੋਗ ਲਗਾਈਆ । ਭਗਤ ਸੰਤ ਦਹਿ ਦਿਸ਼ਾ ਉਠ ਉਠ ਧਾਵੇ, ਸਾਚਾ ਦਰ ਨਜ਼ਰ ਕੋਇ ਨਾ ਆਈਆ । ਅਠਸਠ ਤੀਰਥ ਜਾ ਜਾ ਨਹਾਵੇ, ਦੁਰਮਤ ਮੈਲ ਨਾ ਕੋਇ ਧੁਵਾਈਆ । ਅੰਮ੍ਰਿਤ ਸੰਧਿਆ ਉਠ ਉਠ ਗਾਵੇ, ਰਸਨਾ ਜਿਹਵਾ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਥਾਈਂਆ । ਥਾਨ ਥਨੰਤਰ ਵੇਖਿਆ ਜੱਗ, ਨੇਤਰ ਨੈਣ ਖੁਲ੍ਹਾਇਆ । ਨੌਂ ਚੰਡ ਪ੍ਰਿਥਮੀ ਇਕੋ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇਆ । ਤਤੀ ਵਾ ਰਹੀ ਵਗ, ਪਵਣ ਉਣੰਜਾ ਰਹੀ ਜਲਾਇਆ । ਕੋਇ ਨਾ ਬੰਨ੍ਹੇ ਸਾਚਾ ਤਗ, ਸਤਿ ਸਤਿਵਾਦੀ ਸਗਨ ਨਾ ਕੋਇ ਮਨਾਇਆ । ਹੰਸ ਹੋਏ ਅੰਤਮ ਕਗ, ਕਾਗ ਕਾਗ ਵਾਂਗ ਕੁਰਲਾਇਆ । ਗੁਰਮੁਖ ਵਿਰਲੇ ਮੰਗਣ ਮੰਗ, ਪ੍ਰਭ ਸਾਚਾ ਹੋਏ ਸਹਾਇਆ । ਇਕੋ ਦੇਵੇ ਨਾਮ ਅਨੰਦ, ਰਸ ਰਸਨਾ ਰਹੇ ਨਾ ਰਾਇਆ । ਜਨਮ ਜੁਗ ਦੀ ਟੁੱਟੀ ਦੇਵੇ ਗੰਢ, ਆਪ ਆਪਣੇ ਅੰਗ ਲਗਾਇਆ । ਕਲਜੁਗ ਔਧ ਰਹੀ ਹੰਢ, ਵੇਲਾ ਗਿਆ ਹੱਥ ਨਾ ਆਇਆ । ਫਿਰੇ ਦਰੋਹੀ ਨੌਂ ਖੰਡ, ਸੱਤ ਦੀਪ ਕੁਰਲਾਇਆ । ਮੈਂ ਨਿਮਾਣੀ ਹੋਈ ਰੰਡ, ਹਰਿ ਕੰਤ ਨਜ਼ਰ ਨਾ ਆਇਆ । ਕਰ ਕਿਰਪਾ ਸਤਿਗੁਰ ਪਾ ਠੰਡ, ਮੇਰਾ ਦੁੱਖੜਾ ਦਰਦ ਮਿਟਾਇਆ । ਚੌਥੇ ਯੁਗ ਕੱਟਿਆ ਪੰਧ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਰਾਹ ਤਕਾਇਆ । ਮੇਰਾ ਨਜ਼ਰ ਨਾ ਆਏ ਕੋਈ ਬੱਤੀ ਦੰਦ, ਰਸਨਾ ਮੁਖ ਨਾ ਕੋਇ ਰਖਾਇਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਨਾ ਪਾਵਾਂ ਡੰਡ, ਨਿਉਂ ਨਿਉਂ ਸੀਸ ਨਾ ਕੋਇ ਝੁਕਾਇਆ । ਤੂੰ ਸਾਹਿਬ ਸਦਾ ਬਖਸ਼ੰਦ,


੮੯੫
੧੨

੮੯੬
੧੨

ਗੁਣ ਅਵਗੁਣ ਨਾ ਕੋਇ ਜਣਾਇਆ । ਮੇਰਾ ਤੋੜ ਖ਼ਾਨਾਬੰਦ, ਬੰਦੀਖ਼ਾਨਾ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਸਰਨਾਇਆ । ਮੈਂ ਨਿਮਾਣੀ ਕੋਝੀ ਕਮਲੀ, ਬੁਧਹੀਣ ਰਹੀ ਕੁਰਲਾਈਆ । ਏਕਾ ਦੇਣੀ ਸਚ ਤਸੱਲੀ, ਤਸਬੀ ਮਾਲਾ ਹੱਥ ਨਾ ਕੋਇ ਰਖਾਈਆ । ਦਰ ਦਰ ਫਿਰਾਂ ਇਕ ਇਕੱਲੀ, ਸੱਜਣ ਨਜ਼ਰ ਕੋਇ ਨਾ ਆਈਆ । ਬਿਰਹੋਂ ਕੁੱਠੀ ਹੋਈ ਝੱਲੀ, ਤੇਰੀ ਝਲਕ ਕੋਇ ਨਾ ਪਾਈਆ । ਸੁੱਕਦੀ ਜਾਏ ਅਗੰਮੀ ਕੱਲੀ, ਕਲਜੁਗ ਤਤੀ ਵਾ ਰਿਹਾ ਲਗਾਈਆ । ਚਾਰ ਕੁੰਟ ਫਿਰਾਂ ਹੋ ਹੋ ਝੱਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਦੁੱਖੜਾ ਦੇ ਮਿਟਾਈਆ । ਮੇਰਾ ਦੁੱਖੜਾ ਕੱਟ ਭਗਵਾਨ, ਤੇਰੇ ਅੱਗੇ ਮੇਰੀ ਅਰਜ਼ੋਈਆ । ਮੈਂ ਬਾਲੀ ਬੁਧ ਅਵਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਹੱਥ ਤੇਰੇ ਵਡਿਆਈਆ । ਮੈਂ ਚਾਰ ਕੁੰਟ ਫਿਰ ਫਿਰ ਹੋਈ ਹੈਰਾਨ, ਹਰਿ ਕਾ ਪੌੜਾ ਨਜ਼ਰ ਕੋਇ ਨਾ ਆਈਆ । ਜਹਿ ਦੇਖਾਂ ਤਹਿ ਜੀਵ ਸ਼ੈਤਾਨ, ਸ਼ਰਅ ਕਰੇ ਲੜਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਸਾਰੇ ਗਾਣ, ਹਿਰਦੇ ਕੋਇ ਨਾ ਸਕੇ ਵਸਾਈਆ । ਤੇਰਾ ਨਜ਼ਰ ਨਾ ਆਏ ਸਚ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਦਰ ਤੇਰੇ ਰੱਖੀ ਇਕੋ ਓਟ, ਮੇਰੇ ਸਾਹਿਬ ਸੱਚੇ ਸੁਲਤਾਨਾ । ਜਗਤ ਨਿਮਾਣੀ ਕੱਢ ਖੋਟ, ਏਕਾ ਦੇਣਾ ਬ੍ਰਹਮ ਗਿਆਨਾ । ਕਰ ਪਰਕਾਸ਼ ਨਿਰਮਲ ਜੋਤ, ਬ੍ਰਹਮ ਪਾਰਬ੍ਰਹਮ ਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨਾ । ਨੌਜਵਾਨ ਸ੍ਰੀ ਭਗਵਾਨ, ਆਪਣੀ ਦਇਆ ਕਮਾਇੰਦਾ । ਗੁਰਸਿਖ ਆਤਮ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਉਠ ਸਪੁੱਤਰੀ ਕਰ ਧਿਆਨ, ਨੇਤਰ ਨੈਣ ਇਕ ਖੁਲ੍ਹਾਇੰਦਾ । ਸਾਚਾ ਮੰਦਰ ਸਚ ਮਕਾਨ, ਗ੍ਰਹਿ ਆਪਣਾ ਆਪ ਵਖਾਇੰਦਾ । ਦੀਆ ਬਾਤੀ ਨੂਰ ਨੁਰਾਨ, ਕਮਲਾਪਾਤੀ ਆਪ ਜਗਾਇੰਦਾ । ਸਾਚਾ ਸਾਕੀ ਪਿਆਏ ਜਾਮ, ਅੰਮ੍ਰਿਤ ਪਿਆਲਾ ਹੱਥ ਫੜਾਇੰਦਾ । ਇਕ ਵਖਾਏ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਨੇਤਰ ਖੋਲ੍ਹ ਵੇਖ ਭਗਵਾਨ, ਹਰਿ ਜੂ ਹਰਿ ਹਰਿ ਫੇਰਾ ਪਾਇੰਦਾ । ਤੇਰਾ ਮੇਲਾ ਵਿਚ ਇਸਲਾਮ, ਇਸਮ ਆਜ਼ਮ ਆਪ ਵਖਾਇੰਦਾ । ਤੇਰਾ ਖੇਲ ਇਲਾਹੀ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਤੇਰਾ ਭੇਵ ਸਚ ਪੈਗ਼ਾਮ, ਆਇਤ ਸ਼ਰਾਇਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਤਮ ਆਪ ਮਿਲਾਇੰਦਾ । ਗੁਰਸਿਖ ਆਤਮ ਫੜ ਫੜ ਮੀਤ, ਹਰਿ ਆਪਣੀ ਦਇਆ ਕਮਾਇੰਦਾ । ਉਠ ਵੇਖ ਪ੍ਰਭ ਸਾਚੇ ਦੀ ਸਾਚੀ ਰੀਤ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਜਿਸ ਵਖਾਈ ਜਗਤ ਮਸੀਤ, ਮੁਸੱਲਾ ਹੇਠਾਂ ਇਕ ਵਿਛਾਇੰਦਾ । ਗੋਬਿੰਦ ਨਾਲ ਬੰਧਾਈ ਪ੍ਰੀਤ, ਚਾਰ ਕਹਾਰੀ ਰੂਪ ਵਟਾਇੰਦਾ । ਅੰਤ ਨਿਸ਼ਾਨਾ ਦੱਸ ਕੇ ਗਿਆ ਠੀਕ, ਭੇਵ ਅਭੇਦ ਆਪ ਖੁਲ੍ਹਾਇੰਦਾ । ਪਰਵਰਦਿਗਾਰ ਆਏ ਲਾਸ਼ਰੀਕ, ਸਿਰਕਤ ਸਭ ਦੀ ਆਪ ਗਵਾਇੰਦਾ । ਆਪਣੀ ਨਿਭਾਏ ਸਚ ਪ੍ਰੀਤ, ਪ੍ਰੀਤੀਵਾਨ ਭੁੱਲ ਕਦੇ ਨਾ ਜਾਇੰਦਾ । ਉਚ ਦਾ ਪੀਰ ਗਾਏ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਕੋਇ ਨਾ ਆਇੰਦਾ । ਸੋਹੰ ਰੂਪ ਸਦਾ ਅਤੀਤ, ਆਤਮ ਪਰਮਾਤਮ ਨਾਉਂ ਧਰਾਇੰਦਾ । ਕਲਜੁਗ ਅੰਤਮ ਜਾਏ ਬੀਤ, ਲੋਕਮਾਤ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣਾ ਇਕ ਵਖਾਇੰਦਾ । ਗੁਰਸਿਖ ਆਤਮ ਉਠ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ ।

੮੯੭
੧੨

ਜਨਮ ਜਨਮ ਦਾ ਧੋਵੇ ਦਾਗ਼, ਨਿਰਮਲ ਨਿਰਮਲ ਆਪ ਕਰਾਇੰਦਾ । ਦੂਰ ਦੁਰਾਡੀ ਕੱਟ ਕੇ ਆਏ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਗੁਰਮੁਖ ਵੇਖੇ ਸੇਜਾ ਖਾਟ, ਆਤਮ ਅੰਤਰ ਫੇਰਾ ਪਾਇੰਦਾ । ਸਾਚੀ ਗੌਣੀ ਇਕ ਗਾਥ, ਸਿਖਿਆ ਸਚ ਸਚ ਦ੍ਰਿੜਾਇੰਦਾ । ਮਿਲਿਆ ਮੇਲ ਪੁਰਖ ਸਮਰਾਥ, ਸੋ ਪੁਰਖ ਨਿਰੰਜਣ ਫੇਰਾ ਪਾਇੰਦਾ । ਸਗਲ ਵਿਸੂਰੇ ਜਾਇਣ ਲਥ, ਜਨਮ ਮਰਨ ਫੰਦ ਕਟਾਇੰਦਾ । ਲਹਿਣਾ ਦੇਣਾ ਚੁੱਕੇ ਹੱਥੋ ਹੱਥ, ਜਗਤ ਉਧਾਰ ਨਾ ਕੋਇ ਕਰਾਇੰਦਾ । ਸਾਚਾ ਮਾਰਗ ਰਿਹਾ ਦੱਸ, ਭੇਵ ਅਭੇਦ ਖੁਲ੍ਹਾਇੰਦਾ । ਆਤਮ ਪਰਮਾਤਮ ਹੋ ਹੋ ਵਸ, ਵਸਤੂ ਆਪਣੀ ਇਕ ਵਰਤਾਇੰਦਾ । ਸੋਹੰ ਢੋਲਾ ਗੌਣਾ ਜਸ, ਆਤਮ ਪਰਮਾਤਮ ਸਿਫ਼ਤ ਸਾਲਾਹਿੰਦਾ । ਏਕਾ ਮੰਦਰ ਜਾਣਾ ਵਸ, ਘਰ ਇਕੋ ਇਕ ਵਡਿਆਇੰਦਾ । ਇਕੋ ਪੀਣਾ ਅੰਮ੍ਰਿਤ ਰਸ, ਦੂਜਾ ਰਸ ਨਾ ਕੋਇ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਤਮ ਆਪ ਤਰਾਇੰਦਾ । ਗੁਰਸਿਖ ਆਤਮ ਚੜ੍ਹਿਆ ਚਾ, ਚਾਓ ਘਨੇਰਾ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਮਿਲਿਆ ਬੇਪਰਵਾਹ, ਬੇਪਰਵਾਹੀ ਆਪਣੀ ਰਿਹਾ ਵਖਾਈਆ । ਜਿਸ ਨੂੰ ਪੀਰ ਪੈਗ਼ੰਬਰ ਕਹਿੰਦੇ ਰਹੇ ਖ਼ੁਦਾ, ਆਕਾਸ਼ ਆਕਾਸ਼ਾਂ ਉਪਰ ਰਿਹਾ ਸਮਾਈਆ । ਜਿਸ ਨੂੰ ਗੁਰ ਅਵਤਾਰ ਕਹਿੰਦੇ ਸਚਖੰਡ ਬੈਠਾ ਡੇਰਾ ਲਾ, ਮਹੱਲ ਅਟੱਲ ਸੋਭਾ ਪਾਈਆ । ਸੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਕਲਜੁਗ ਅੰਤਮ ਫੇਰਾ ਪਾ, ਨਿਰਗੁਣ ਆਪਣਾ ਵੇਸ ਵਟਾਈਆ । ਗੁਰਮੁਖ ਸੱਜਣ ਘਰ ਘਰ ਰਿਹਾ ਜਗਾ, ਫੜ ਫੜ ਬਾਂਹੋਂ ਆਪ ਉਠਾਈਆ । ਆਤਮ ਪਰਮਾਤਮ ਰਿਹਾ ਮਿਲਾ, ਮਿਲ ਮਿਲ ਖ਼ੁਸ਼ੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰਮੁਖ ਆਤਮ ਪਈ ਹੱਸ, ਪ੍ਰਭ ਮਿਲਿਆ ਸਹਿਜ ਸੁਖਦਾਇਆ । ਬਿਨ ਡੋਰੀਉਂ ਗਿਆ ਫਸ, ਪ੍ਰੇਮ ਬੰਧਨ ਇਕ ਰਖਾਇਆ । ਕਲਜੁਗ ਅੰਤ ਨਾ ਜਾਏ ਨੱਸ, ਗੁਰਮੁਖ ਘੇਰਾ ਰਹੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਪੁਰਖ ਅਬਿਨਾਸ਼ੀ ਬੇਨਜ਼ੀਰ, ਨਜ਼ਰ ਆਪਣੀ ਇਕ ਉਠਾਇੰਦਾ । ਗੁਰਮੁਖਾਂ ਤੋੜਾਂ ਅੰਤ ਜ਼ੰਜੀਰ, ਸ਼ਰਅ ਜੰਜੀਰ ਨਾ ਕੋਇ ਰਖਾਇੰਦਾ । ਬਦਲਣਹਾਰਾ ਤਕਦੀਰ, ਤਦਬੀਰ ਆਪਣੀ ਆਪ ਜਣਾਇੰਦਾ । ਸੋਹੰ ਨਾਮ ਸਚ ਅਕਸੀਰ, ਸਾਚੇ ਹੱਟ ਵਿਕਾਇੰਦਾ । ਆਤਮ ਪਰਮਾਤਮ ਦੇਵੇ ਧੀਰ, ਸਾਂਤਕ ਸਤਿ ਸਤਿ ਵਖਾਇੰਦਾ । ਮੁਰਸ਼ਦ ਮੁਰੀਦ ਮਿਲੇ ਸਾਚਾ ਪੀਰ, ਦਸਤਗੀਰ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਪਰਮਾਤਮ ਵਿਚ ਸਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜ਼ਾਹਰ ਬਾਤਨ ਆਪਣਾ ਹੁਕਮ ਵਰਤਾਇੰਦਾ ।

### ✳ ੨੬ ਭਾਦਰੋਂ ੨੦੧੯ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✳

ਸ੍ਰਿਸ਼ਟ ਸਬਾਈ ਨਾਤਾ ਕਸ਼ਟ, ਸੁਖ ਨਜ਼ਰ ਕੋਇ ਨਾ ਆਇੰਦਾ । ਰਾਜ ਰਾਜਾਨਾਂ ਬੁੱਧੀ ਹੋਈ ਭ੍ਰਿਸ਼ਟ, ਅਨਭਵ ਰੂਪ ਨਾ ਕੋਇ ਰਖਾਇੰਦਾ । ਸਤਿ ਸਤਿਵਾਦੀ ਭੁੱਲਿਆ ਇਸ਼ਟ, ਗੁਰਦੇਵ ਨਾ ਕੋਇ ਮਨਾਇੰਦਾ । ਅੰਤਰ ਆਤਮ ਨਾ ਖੁਲ੍ਹੀ ਦ੍ਰਿਸ਼ਟ, ਸਤਿ ਸੰਤੋਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਵੇਖ ਵਖਾਇੰਦਾ । ਦੋ ਜਹਾਨਾਂ ਵੇਖਣਹਾਰਾ, ਸੋ ਪੁਰਖ ਨਿਰੰਜਣ ਵਡ ਵਡਿਆਈਆ ।

ਹਰਿ ਪੁਰਖ ਨਿਰੰਜਣ ਕਰ ਪਸਾਰਾ, ਨਿਰਗੁਣ ਵੇਖੇ ਥਾਉਂ ਥਾਈਂਆ । ਏਕੰਕਾਰਾ ਵਡ ਬਲਕਾਰਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਆਦਿ ਨਿਰੰਜਣ ਹੋ ਉਜਿਆਰਾ, ਨੂਰੋ ਨੂਰ ਨੂਰ ਦਰਸਾਈਆ । ਅਬਿਨਾਸ਼ੀ ਕਰਤਾ ਜੋਧਾ ਸੂਰਬੀਰ ਬਲਕਾਰਾ, ਬਲ ਆਪਣਾ ਆਪ ਪਰਗਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨਾ ਮਾਰੇ ਏਕਾ ਵਾਰਾ, ਦੋ ਜਹਾਨਾਂ ਤੀਰ ਚਲਾਈਆ । ਪਾਰਬ੍ਰਹਮ ਪ੍ਰਭ ਵੇਖਣਹਾਰਾ, ਬਿਨ ਨੈਣਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਸ਼ਾਹ ਪਾਤਸ਼ਾਹ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਜੁਗ ਚੌਕੜੀ ਰਾਹ ਚਲਾ, ਨਿਤ ਨਵਿਤ ਵੇਸ ਵਟਾਇੰਦਾ । ਮਾਰਗ ਪੰਥ ਆਪ ਲਗਾ, ਰਹਿਬਰ ਆਪਣਾ ਰੰਗ ਰੰਗਾਇੰਦਾ । ਜੀਵ ਜੰਤ ਜਗਤ ਸਮਝਾ, ਜੁਗਤੀ ਆਪਣੀ ਆਪ ਦ੍ਰਿੜਾਇੰਦਾ । ਭਗਤ ਭਗਵੰਤ ਮੇਲ ਮਿਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚ ਸੁਗੰਧੀ ਇਕ ਵਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਪੁਰਖ ਅਗੰਮ, ਅਲੱਖ ਅਗੋਚਰ ਆਪ ਕਰਾਈਆ । ਜੁਗ ਚੌਕੜੀ ਬੇੜਾ ਬੰਨ੍ਹ, ਸਤਿਜੁਗ ਤ੍ਰੇਤਾ ਦੁਆਵਰ ਕਲਜੁਗ ਆਪ ਹੰਢਾਈਆ । ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਆਪ ਵਰਤਾਈਆ । ਸੁਣਾਵਣਹਾਰਾ ਰਾਗ ਕੰਨ, ਅਨਹਦ ਨਾਦੀ ਨਾਦ ਵਜਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਕੰਧ ਆਪਣੇ ਭਾਰ ਉਠਾਈਆ । ਕੂੜ ਰਾਜਾ ਦੇਵੇ ਡੰਨ, ਲੋਕਮਾਤ ਰਹਿਣ ਨਾ ਪਾਈਆ । ਗੜ੍ਹ ਹੰਕਾਰੀ ਦੇਵੇ ਭੰਨ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਹਰਿ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੁਗ ਚੌਕੜੀ ਹੋ ਤਿਆਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਰਗੁਣ ਮੇਲਾ ਵਿਚ ਸੰਸਾਰਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸ਼ਬਦ ਅਗੰਮੀ ਦੇ ਹੁਲਾਰਾ, ਅਨਾਦ ਅਨਾਦੀ ਰਾਗ ਸੁਣਾਇੰਦਾ । ਬ੍ਰਹਮ ਪਾਰਬ੍ਰਹਮ ਪਾਵੇ ਸਾਰਾ, ਉਤਭੁਜ ਸੇਤਜ ਜੇਰਜ ਅੰਡਜ ਏਕਾ ਗੋਦ ਸੁਹਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦਰਦ ਵੇਖ ਵਖਾਇੰਦਾ । ਦੁੱਖ ਦਰਦ ਵੇਖੇ ਭੈ ਭੰਜਨ, ਭੈ ਭਿਆਨਕ ਹੋਏ ਸਹਾਈਆ । ਗੁਰਮੁਖਾਂ ਸਤਿਗੁਰ ਸਾਚਾ ਸੱਜਣ, ਸਦ ਸਦ ਸੇਵ ਕਮਾਈਆ । ਨੇਤਰ ਪਾਏ ਨਾਮ ਅੰਜਣ, ਅਗਿਆਨ ਅੰਧੇਰ ਗਵਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਪਰਦੇ ਕੱਜਣ, ਸਿਰ ਆਪਣਾ ਹੱਥ ਰਖਾਈਆ । ਚਰਨ ਕਵਲ ਉਪਰ ਧਵਲ ਕਰਾਏ ਸਾਚਾ ਮਜਨ, ਸਚ ਸੁਲਤਾਨਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਜਗਤ ਕਸ਼ਟ ਹੋਏ ਦੂਰ, ਤਨ ਨਾਤਾ ਰਹਿਣ ਨਾ ਪਾਈਆ । ਕਿਰਪਾ ਕਰੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਸੁਖਦਾਇਕ ਸੁਖ ਦੇਵੇ ਜ਼ਰੂਰ, ਜ਼ਰੂਰਤ ਇਕੋ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਤੀ ਦੁਸ਼ਮਣ ਮਿੱਤਰ ਦਏ ਬਣਾਈਆ । ਸਾਚਾ ਮਿੱਤਰ ਨਾਮ ਪਿਆਰਾ, ਪੀਆ ਪ੍ਰੀਤਮ ਖੇਲ ਕਰਾਇੰਦਾ । ਰੋਗ ਸੋਗ ਤੋਂ ਵਸੇ ਬਾਹਰਾ, ਜਨ ਭਗਤਾਂ ਰੋਗ ਸੋਗ ਚਿੰਤਾ ਦੁੱਖ ਆਪ ਗਵਾਇੰਦਾ । ਆਤਮ ਪਰਮਾਤਮ ਦੇ ਸਹਾਰਾ, ਪੰਜ ਤਤ ਕਾਇਆ ਮਾਟੀ ਲੇਖੇ ਲਾਇੰਦਾ । ਮਨ ਮਤ ਬੁਧ ਨਾ ਕਰੇ ਕੋਇ ਵਿਚਾਰਾ, ਵਿਚਾਰ ਵਿਚ ਕਦੇ ਨਾ ਆਇੰਦਾ । ਤੋੜਨਹਾਰਾ

੮੯੮
੧੨

ਗੜ੍ਹ ਹੰਕਾਰਾ, ਹਉਮੇਂ ਹੰਗਤਾ ਮੂਲ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਦੀ ਆਪਣਾ ਦਰਦ ਵੰਡਾਇੰਦਾ । ਜਗਤ ਕਸ਼ਟ ਨਾ ਆਏ ਨੇੜੇ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਭਾਗ ਲਗਾਏ ਸਾਢੇ ਤਿੰਨ ਹੱਥ ਖੇੜੇ, ਕਾਇਆ ਮੰਦਰ ਆਪ ਸੁਹਾਇੰਦਾ । ਤਾਰਨਹਾਰਾ ਡੁੱਬਦੇ ਬੇੜੇ, ਸ਼ੌਹ ਦਰਯਾਏ ਪਾਰ ਕਰਾਇੰਦਾ । ਦੇਵਣਹਾਰਾ ਉਲਟੇ ਗੇੜੇ, ਸੁਲਤਾਨਾਂ ਖ਼ਾਕ ਮਿਲਾਇੰਦਾ । ਵਸਣਹਾਰਾ ਸਦ ਨੇਰਨ ਨੇਰੇ, ਨਿਜ ਘਰ ਆਪਣਾ ਪਰਦਾ ਲਾਹਿੰਦਾ । ਹਰਿਜਨ ਦੇਵੇ ਚਾਓ ਘਨੇਰੇ, ਚਾਓ ਘਨੇਰਾ ਇਕ ਰਖਾਇੰਦਾ । ਰਾਤੀਂ ਸੁੱਤਿਆਂ ਘਰ ਘਰ ਮਾਰੇ ਫੇਰੇ, ਬਣ ਦਰਵੇਸ਼ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੱਟਣਹਾਰਾ ਝੂਠੇ ਜੇੜੇ, ਨਾਮ ਖੰਡਾ ਹੱਥ ਚਮਕਾਇੰਦਾ । ਕੱਟੇ ਕਸ਼ਟ ਨਾਮ ਖੰਡਾ, ਸਤਿਗੁਰ ਪੂਰਾ ਖੜਗ ਖੜਕਾਈਆ । ਪਾਵੇ ਸਾਰ ਵਿਚ ਬ੍ਰਹਿਮੰਡਾਂ, ਲੋਕਮਾਤ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਜੇਰਜ ਅੰਡਾ, ਉਤਭੁਜ ਸੇਤਜ ਨਾ ਫੇਰਾ ਪਾਈਆ । ਗੀਤ ਸੁਹਾਗੀ ਏਕਾ ਛੰਦਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਤੋੜਨਹਾਰਾ ਖ਼ਾਨਾਬੰਦਾ, ਬੰਦੀਖ਼ਾਨਾ ਦਏ ਮਿਟਾਈਆ । ਸਾਹਿਬ ਦਿਆਲ ਸਤਿਗੁਰ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੀ ਦਏ ਜਣਾਈਆ । ਕਲਜੁਗ ਜੀਵ ਹੰਕਾਰੀ ਗੰਦਾ, ਹਰਿ ਕਾ ਭੇਵ ਕੋਇ ਨਾ ਪਾਈਆ । ਬਿਨ ਗਿਆਨ ਨੇਤਰ ਹੋਇਆ ਅੰਧਾ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਸਾਂਤਕ ਸਤਿ ਸਤਿ ਸਰੂਪ ਨਾ ਪਾਏ ਕੋਇ ਠੰਡਾ, ਬਿਨ ਸਤਿਗੁਰ ਪੂਰੇ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਕਲਜੁਗ ਅੰਤਮ ਆਇਆ ਕੰਢਾ, ਪ੍ਰਭ ਸਭ ਦੀ ਕਰੇ ਸਫ਼ਾਈਆ । ਨਿਰਗੁਣ ਫੜਿਆ ਨਿਰਗੁਣ ਖੰਡਾ, ਗੋਬਿੰਦ ਰਿਹਾ ਚਮਕਾਈਆ । ਵੰਡਣਹਾਰਾ ਸਾਚੀ ਵੰਡਾ, ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਜਗਾਈਆ । ਢਾਹਵਣਹਾਰਾ ਦਵੈਤੀ ਕੰਧਾ, ਦੋਹਰੀ ਧਾਰ ਆਪ ਵਖਾਈਆ । ਦੇਵਣਹਾਰਾ ਟੁੱਟੀ ਗੰਢਾ, ਗੰਢ ਆਪਣੇ ਨਾਲ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਦੁਖ ਦਏ ਗਵਾਈਆ । ਕਸ਼ਟ ਦੁੱਖ ਕੱਟੇ ਰੋਗ, ਦੂਤੀ ਦੁਸ਼ਮਣ ਰਹਿਣ ਕੋਇ ਨਾ ਪਾਇੰਦਾ । ਏਕਾ ਕਰੇ ਸਚ ਸੰਜੋਗ, ਆਤਮ ਪਰਮਾਤਮ ਜੋੜ ਜੁੜਾਇੰਦਾ । ਹੋਏ ਸਹਾਈ ਚੋਦਾਂ ਲੋਕ, ਪਰਲੋਕ ਆਪਣੇ ਹੱਥ ਰਖਾਇੰਦਾ । ਦੇਵਣਹਾਰਾ ਸਾਚੀ ਮੋਖ, ਮੁਕਤੀ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਵੇਖੇ ਹਰਿ ਨਿਰੰਕਾਰਾ, ਸਰਗੁਣ ਦਏ ਵਡਿਆਈਆ । ਆਦਿ ਪੁਰਖ ਨਿਰੰਜਣ ਹੋ ਉਜਿਆਰਾ, ਤ੍ਰੈਭਵਨ ਧਨੀ ਫੇਰਾ ਪਾਈਆ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਕਲਜੁਗ ਅੰਤ ਰਹਿਣ ਨਾ ਪਾਈਆ । ਜਨ ਭਗਤਾਂ ਵਖਾਏ ਇਕ ਦਵਾਰਾ, ਦਰ ਦਰਵਾਜਾ ਆਪ ਖੁਲ੍ਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਜ਼ਰੀ ਆਏ ਜੋਤ ਨਿਰਾਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਹਰਿਜਨ ਸਿਰ ਰੱਖੇ ਹੱਥ, ਲੇਖਾ ਹੱਥੋ ਹੱਥ ਮੁਕਾਇੰਦਾ । ਪੁਰਖ ਅਬਿਨਾਸ਼ੀ ਸਾਹਿਬ ਸਮਰਥ, ਭੈ ਭਿਆਨਕ ਨਾ ਕੋਇ ਡਰਾਇੰਦਾ । ਜਿਸ ਭਾਵੇ ਤਿਸ ਲਏ ਰੱਖ, ਜਮ ਨੇੜ ਕੋਇ ਨਾ ਆਇੰਦਾ । ਕਲਜੁਗ ਡੂੰਘੀ ਭਵਰੋਂ ਬਾਹਰ ਕੱਢ, ਸਚ ਸਾਗਰ ਆਪ ਨੁਹਾਇੰਦਾ । ਅੰਤਮ ਮਿਟਣਹਾਰੀ ਕੂੜੀ ਹੱਦ, ਸੋ ਪੁਰਖ ਨਿਰੰਜਣ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਕਸ਼ਟ ਆਪ ਖਪਾਇੰਦਾ । ਜਗਤ ਕਸ਼ਟ ਜੁਗ ਜਗਤ ਯਾਰ, ਯਾਰ ਯਾਰਾਂ ਵੇਖ ਵਖਾਇੰਦਾ । ਯਾਰੀ ਯਾਰ ਕਰੇ ਵਿਭਚਾਰ, ਵਿਭਚਾਰੀ ਭੇਵ ਜਣਾਇੰਦਾ ।


੮੯੯
੧੨

ਵੇਖਣਹਾਰਾ ਅੰਦਰ ਬਾਹਰ, ਗੁਪਤ ਜ਼ਾਹਰ ਖੇਲ ਕਰਾਇੰਦਾ । ਜਗਤ ਸਿਆਸਤ ਜਾਏ ਹਾਰ, ਲੇਖਾ ਹਰਿ ਜੂ ਆਪ ਮੁਕਾਇੰਦਾ । ਬਿਨ ਹਰਿ ਭਗਤ ਨਾ ਹੋਏ ਕੋਇ ਉਜਿਆਰ, ਬਿਨ ਸ਼ਹਿਨਸ਼ਾਹ ਸੀਸ ਤਾਜ ਨਾ ਕੋਇ ਟਿਕਾਇੰਦਾ । ਬੀਸ ਬੀਸਾ ਹਰਿ ਜਗਦੀਸਾ ਨਵ ਨੌਂ ਕਰੇ ਸਰਬ ਖ਼ਬਰਦਾਰ, ਬੇਖ਼ਬਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਬੇਨਜ਼ੀਰ ਆਪਣੀ ਨਜ਼ਰ ਆਪ ਬਦਲਾਇੰਦਾ । ਨਜ਼ਰ ਬਦਲਾ ਲਏ ਤੱਕ, ਪਰਵਰਦਿਗਾਰ ਵਡੀ ਵਡਿਆਈਆ । ਕਰੇ ਨਿਬੇੜਾ ਹੱਕੋ ਹੱਕ, ਹੱਕ ਹਕ਼ੀਕਤ ਵੇਖੇ ਲਾਸ਼ਰੀਕ ਖ਼ੁਦਾਈਆ । ਕੂੜ ਕੁੜਿਆਰਾਂ ਪਾਵਣਹਾਰਾ ਨੱਥ ਨੱਕ, ਨਾਮ ਡੋਰੀ ਰਿਹਾ ਉਠਾਈਆ । ਦੋ ਜਹਾਨਾਂ ਸਚਖੰਡ ਨਿਵਾਸੀ ਰਿਹਾ ਤੱਕ, ਬਚਿਆ ਕੋਇ ਰਹਿਣ ਨਾ ਪਾਈਆ । ਅੰਤ ਪਰਦਾ ਸਕੇ ਨਾ ਕੋਈ ਢਕ, ਜਿਨ੍ਹਾਂ ਭੁੱਲਿਆ ਹਰਿ ਰਘੁਰਾਈਆ । ਜੁਗ ਜੁਗ ਜਨ ਭਗਤਾਂ ਕਰਦਾ ਆਇਆ ਪੱਖ, ਨਿਰਗੁਣ ਸਰਗੁਣ ਹੋ ਸਹਾਈਆ । ਬਲਦੀ ਅਗਨੀ ਵਿਚੋਂ ਲਏ ਰੱਖ, ਤਤੀ ਵਾ ਨਾ ਲਾਗੇ ਰਾਈਆ । ਮੇਟੇ ਰੈਣ ਅੰਧੇਰੀ ਮੱਸ, ਸਾਚਾ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਗਤ ਕਸ਼ਟ ਜਾਏ ਲੱਥ, ਦੇਵਣਹਾਰ ਨਾ ਕੋਇ ਸਜ਼ਾਈਆ । ਪਾਰਬ੍ਰਹਮ ਬ੍ਰਹਮ ਏਕਾ ਜਸ, ਘਰ ਘਰ ਖ਼ੁਸ਼ੀ ਮਨਾਈਆ । ਗੁਰਮੁਖ ਗੁਰ ਗੁਰ ਮੇਲਾ ਹੱਸ ਹੱਸ, ਨੇਤਰ ਨੈਣ ਏਕਾ ਰੰਗ ਰੰਗਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਡੂੰਘੀ ਭਵਰੀ ਕਾਇਆ ਕਵਰੀ ਆਤਮ ਸੇਜਾ ਆਪੇ ਵਸ, ਸੇਜ ਸੁਹੰਜਣੀ ਲਏ ਸੁਹਾਈਆ । ਨਿਰਗੁਣ ਨੂਰ ਕਰ ਪਰਕਾਸ਼, ਚੰਦ ਚਾਂਦਨੀ ਦਏ ਮਿਟਾਈਆ । ਕਰਨਹਾਰਾ ਬੰਦ ਖੁਲਾਸ਼, ਬੰਦੀਖਾਨਾ ਦਏ ਤੁੜਾਈਆ । ਵਿਗੜੇ ਕਾਰਜ ਕਰੇ ਰਾਸ, ਕਰਤਾ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਜਗਤ ਵਡਿਆਈਆ । ਜਗਤ ਕਸ਼ਟ ਰੋਵੇ ਮਾਰੇ ਧਾਹ, ਕੂਕ ਕੂਕ ਸੁਣਾਈਆ । ਨਿਰਗੁਣ ਦੇਵਣਹਾਰ ਸਚ ਸਲਾਹ, ਸਰਗੁਣ ਆਪਣਾ ਨਾਮ ਦ੍ਰਿੜਾਈਆ । ਬਣ ਵਿਚੋਲਾ ਬੇਪਰਵਾਹ, ਲੇਖਾ ਦਏ ਮੁਕਾਈਆ । ਫੜ ਬਾਂਹੋਂ ਪਾਰ ਦਏ ਕਰਾ, ਅਧਵਿਚਕਾਰ ਨਾ ਕੋਇ ਰਖਾਈਆ । ਵਿਚ ਸੰਸਾਰ ਫਿਰਨਾ ਚਾਓ ਚਾ, ਚਾਓ ਘਨੇਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨਨ ਦੀਨਨ ਦਇਆ ਨਾਥ ਦਇਆ ਕਮਾਈਆ । ਭਵਿਖਤ ਅੰਦਰ ਵਸਿਆ ਭਵਿਖ, ਭੇਖ ਨਜ਼ਰ ਕੋਇ ਨਾ ਆਇੰਦਾ । ਨਾਨਕ ਗੋਬਿੰਦ ਗਿਆ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਦੋ ਜਹਾਨਾਂ ਵੰਡਿਆ ਹਿੱਸ, ਹਿੱਸਾ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦ ਸ੍ਰੀ ਭਗਵਾਨ, ਨਿਰਗੁਣ ਨਿਰੰਕਾਰ ਆਪ ਖੁਲ੍ਹਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਰਲਾਈਆ । ਸਚਖੰਡ ਵਸਣਹਾਰਾ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਈਆ । ਥਿਰ ਘਰ ਦੇਵਣਹਾਰਾ ਮਾਣ, ਸ਼ਬਦ ਸੁਤ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਤ੍ਰੈ ਪੰਜ ਮੇਲਾ ਸਹਿਜ ਸੁਭਾਈਆ । ਬੋਧ ਅਗਾਧਾ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਨਾਉਂ ਨਿਰੰਕਾਰਾ ਕਰ ਪਰਵਾਨ, ਸਤਿ ਸੰਦੇਸਾ ਇਕ ਸੁਣਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਦੇਵੇ ਮਾਣ, ਚਾਰੇ ਬਾਣੀ ਰਾਗ ਅਲਾਈਆ । ਚਾਰੇ ਵੇਦ ਕਰ ਕਲਿਆਣ, ਚਾਰੇ ਜੁਗ ਖੇਲ ਕਰਾਈਆ । ਚਾਰ ਵਰਨ ਜਗਤ

ਨਿਸ਼ਾਨ, ਬਰਨ ਅਠਾਰਾਂ ਦਏ ਚਲਾਈਆ । ਚਾਰ ਕੁੰਟ ਖੇਲ ਮਹਾਨ, ਚਾਰ ਯਾਰੀ ਸੰਗ ਰਲਾਈਆ । ਨਿਰਗੁਣ ਸਰਗੁਣ ਕਰ ਬਲਵਾਨ, ਬਲ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦਏ ਚੁਕਾਈਆ । ਪਰਦਾ ਚੁੱਕੇ ਆਪ ਭਗਵਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਗੁਰ ਗੁਰ ਵੇਸ ਵਟਾਇੰਦਾ । ਪੀਰ ਪੈਗ਼ੰਬਰ ਦੇ ਫ਼ਰਮਾਣ, ਕਲਮਾ ਨਬੀ ਰਸੂਲ ਜਣਾਇੰਦਾ । ਮੁਕਾਮੇ ਹੱਕ ਬੈਠ ਅਮਾਮ, ਪਰਵਰਦਿਗਾਰ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਵੇਖੇ ਆਣ, ਅਨੁਭਵ ਆਪਣੀ ਧਾਰ ਚਲਾਇੰਦਾ । ਸਿਫ਼ਤੀ ਸਿਫ਼ਤ ਸਲਾਹੀ ਦਏ ਗਿਆਨ, ਅੱਖਰ ਅੱਖਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਸੰਦੇਸਾ ਇਕ ਜਣਾਇੰਦਾ । ਜੁਗ ਚੌਕੜੀ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵ ਲਗਾਈਆ । ਬੋਧ ਅਗਾਧ ਬੋਲ ਜੈਕਾਰ, ਜੈ ਜੈਕਾਰ ਸੁਣਾਈਆ । ਸ਼ਬਦ ਅਨਾਦੀ ਨਾਦ ਧੁੰਨਕਾਰ, ਬ੍ਰਹਮ ਬ੍ਰਹਿਮਾਦੀ ਆਪ ਜਣਾਈਆ । ਅੱਖਰ ਵੱਖਰ ਝੋਲੀ ਡਾਰ, ਸ਼ਾਸਤਰ ਸਿਮਰਤ ਵੇਦ ਪੁਰਾਣ ਕਰੇ ਪੜ੍ਹਾਈਆ । ਅਲਫ਼ ਯੇ ਕਰ ਪਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤ੍ਰੈਭਵਨ ਧਨੀ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਜਣਾਈਆ । ਜੁਗ ਜੁਗ ਖੇਲ ਹਰਿ ਅਵੱਲਾ, ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਮ ਅਗੰਮੀ ਫੜਾਏ ਪੱਲਾ, ਪੱਲੂ ਆਪਣੀ ਗੰਢ ਪੁਆਇੰਦਾ । ਸਚ ਸੰਦੇਸ ਸਤਿ ਸਤਿਵਾਦ ਏਕਾ ਘੱਲਾ, ਆਖਰ ਅੱਖਰ ਆਪ ਪੜ੍ਹਾਇੰਦਾ । ਘਟ ਘਟ ਅੰਦਰ ਲੱਖ ਚੁਰਾਸੀ ਜੀਵ ਜੰਤ ਸਚ ਸਿੰਘਾਸਣ ਏਕਾ ਮੱਲਾ, ਆਤਮ ਪਰਮਾਤਮ ਡੇਰਾ ਲਾਇੰਦਾ । ਵਸਣਹਾਰਾ ਜਲਾਂ ਥਲਾਂ, ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਫੇਰਾ ਪਾਇੰਦਾ । ਜੋਤੀ ਸ਼ਬਦੀ ਨਿਰਗੁਣ ਰੱਲਾ, ਸਰਗੁਣ ਪੰਜ ਤਤ ਕਾਇਆ ਵੇਖ ਵਖਾਇੰਦਾ । ਕਰ ਪਰਕਾਸ਼ ਬਿਨ ਤੇਲ ਬਾਤੀ ਆਪੇ ਬੱਲਾ, ਨੂਰੋ ਨੂਰ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌਂ ਚਾਰ ਆਪ ਹੰਢਾਇੰਦਾ । ਨਵ ਨੌਂ ਚਾਰ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ੍ਰਿਸ਼ਟ ਸਬਾਈ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹਾਹਾਕਾਰ, ਗੁਰੂਦਵਾਰੇ ਗੁਰ ਗੁਰ ਰੰਗ ਨਾ ਕੋਇ ਰੰਗਾਈਆ । ਸਰ ਸਰੋਵਰ ਹੋਏ ਵਿਭਚਾਰ, ਸਤਿ ਸੰਤੋਖ ਧੀਰਜ ਜਤ ਨਜ਼ਰ ਕੋਇ ਨਾ ਆਈਆ । ਇਸ਼ਟ ਗੁਰਦੇਵ ਭੁੱਲਿਆ ਜੀਵ ਗਵਾਰ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਆਤਮ ਪਰਮਾਤਮ ਨਾ ਕੋਇ ਪਿਆਰ, ਝੂਠਾ ਨਾਤਾ ਬੰਧਨ ਪਾਈਆ । ਬ੍ਰਹਮ ਪਾਰਬ੍ਰਹਮ ਨਾ ਕੋਇ ਆਧਾਰ, ਘਰ ਵੱਜੇ ਨਾ ਸਚ ਵਧਾਈਆ । ਸਾਚੀ ਸਖ਼ੀਆਂ ਨਾ ਮੰਗਲਾਚਾਰ, ਗੀਤ ਗੋਬਿੰਦ ਨਾ ਕੋਇ ਗਾਈਆ । ਅੰਤਮ ਵੇਲਾ ਲੇਖਾ ਲਿਖ ਲਿਖ ਦੇ ਗਏ ਗੁਰੂ ਅਵਤਾਰ, ਭਵਿਖਤ ਵਾਕ ਜਣਾਈਆ । ਵੇਦ ਵਿਆਸਾ ਕਰੇ ਪੁਕਾਰ, ਬ੍ਰਹਿਮਣ ਗੌੜਾ ਪੂਤ ਸਪੂਤਾ ਨਿਹਕਲੰਕਾ ਆਵੇ ਸੱਚਾ ਮਾਹੀਆ । ਈਸਾ ਕਹੇ ਮੇਰਾ ਪਰਵਰਦਿਗਾਰ, ਦੋ ਜਹਾਨਾਂ ਸਾਂਝਾ ਯਾਰ, ਸਾਚੀ ਅਲਫ਼ੀ ਤਨ ਸ਼ੰਗਾਰ, ਨੂਰੋ ਨੂਰ ਨੂਰ ਦਰਸਾਈਆ । ਏਕਾ ਕਲਮਾ ਕਰੇ ਤਿਆਰ, ਨਬੀ ਰਸੂਲਾਂ ਕਰੇ ਪਾਰ, ਉਮਤੀ ਉਮਤ ਕਰੇ ਪੜ੍ਹਾਈਆ । ਮੇਰੇ ਪਿਛੇ ਆਵੇ ਆਪਣੀ ਧਾਰ, ਮਾਤ ਪਿਤਾ ਨਾ ਕੋਇ ਬਣਾਈਆ । ਮੁਹੰਮਦ ਰੋਵੇ ਧਾਹਾਂ


੯੦੧
੧੨

ਮਾਰ, ਉਚੀ ਕੂਕ ਕੂਕ ਕਰੇ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੰਗੇ ਮੰਗ ਬਣ ਭਿਖਾਰ, ਖਾਲੀ ਝੋਲੀ ਅੱਗੇ ਡਾਹੀਆ । ਕਰ ਕਿਰਪਾ ਪਰਵਰਦਿਗਾਰ, ਮੇਰੀ ਆਸਾ ਪੂਰ ਕਰਾਈਆ । ਮੇਰੀ ਆਸਾ ਅੱਲਾ ਰਾਣੀ ਕਰ ਤਿਆਰ, ਆਲਮੀਨ ਵੇਖ ਖ਼ੁਦਾਈਆ । ਚੌਦਾਂ ਤਬਕ ਹੋ ਸਿਕਦਾਰ, ਤੇਰਾ ਨਾਉਂ ਡੰਕ ਵਜਾਈਆ । ਚੌਦਾਂ ਸਦੀਆਂ ਬੀਤਣ ਸੰਸਾਰ, ਅੰਤ ਵਿਛੋੜਾ ਤੇਰੀ ਝੋਲੀ ਪਾਈਆ । ਅਮਾਮ ਅਮਾਮਾ ਵਡ ਸਿਕਦਾਰ, ਰੰਗ ਰੰਗੀਲਾ ਇਕ ਚੜ੍ਹਾਈਆ । ਨਾਨਕ ਨਿਰਗੁਣ ਬੋਲੇ ਸਚ ਜੈਕਾਰ, ਜੈ ਜੈਕਾਰ ਗਿਆ ਸੁਣਾਈਆ । ਮਹਾਬਲੀ ਉਤਰੇ ਆਪਣੀ ਧਾਰ, ਨਿਹਕਲੰਕਾ ਨਾਉਂ ਧਰਾਈਆ । ਪੂਤ ਸਪੂਤਾ ਗੋਬਿੰਦ ਸੂਰਾ ਕਰੇ ਸਚ ਪਿਆਰ, ਸਾਚੀ ਗੋਦੀ ਇਕ ਸੁਹਾਈਆ । ਵਸਣਹਾਰਾ ਧਾਮ ਨਿਆਰ, ਸਾਚਾ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਵੇਖੇ ਧਾਮ ਨਿਆਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਹਰਿ ਮੰਦਰ ਵਸੇ ਆਪ ਨਿਰੰਕਾਰਾ, ਸੋ ਹਰਿ ਮੰਦਰ ਲੋਹਾਰ ਤਰਖਾਣ ਨਾ ਕੋਇ ਬਣਾਇੰਦਾ । ਸੂਰਜ ਚੰਦ ਨਾ ਕੋਇ ਸਿਤਾਰਾ, ਚਾਰ ਦੀਵਾਰ ਨਾ ਕੋਇ ਵਡਿਆਇੰਦਾ । ਮੰਡਲ ਮੰਡਪ ਨਾ ਕੋਇ ਸਹਾਰਾ, ਬ੍ਰਹਿਮੰਡ ਖੰਡ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਗੁਰੂ ਅਵਤਾਰਾ, ਪੀਰ ਪੈਗੰਬਰ ਰੂਪ ਨਾ ਕੋਇ ਵਟਾਇੰਦਾ । ਸਾਚੇ ਮੰਦਰ ਵਜਾਏ ਆਪ ਨਗਾਰਾ, ਨਿਰਗੁਣ ਤਾਲ ਇਕ ਰਖਾਇੰਦਾ । ਗੋਬਿੰਦ ਗੁਰ ਕਰੇ ਪਿਆਰਾ, ਪ੍ਰੇਮ ਪਿਆਰ ਇਕ ਜਣਾਇੰਦਾ । ਸੰਬਲ ਵਸੇ ਧਾਮ ਨਿਆਰਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਗੋਬਿੰਦ ਕਹੇ ਬੋਲ ਜੈਕਾਰਾ, ਜੈ ਜੈਕਾਰ ਸੁਣਾਇੰਦਾ । ਕਲ ਕਲਕੀ ਲਏ ਅਵਤਾਰਾ, ਕਲਜੁਗ ਲੇਖਾ ਆਪ ਚੁਕਾਇੰਦਾ । ਬੀਸ ਬੀਸਾ ਸ਼ਾਹ ਸਿਕਦਾਰਾ, ਸਾਚਾ ਹੁਕਮ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਵਿਖਤ ਆਪਣੇ ਹੱਥ ਰਖਾਇੰਦਾ । ਪਿਛਲਾ ਭਵਿਖਤ ਹੋਵੇ ਪੂਰ, ਵੀਹ ਸੌ ਵੀਹ ਬਿਕ੍ਰਮੀ ਰਾਹ ਤਕਾਈਆ । ਸ੍ਰਿਸ਼ਟ ਸਬਾਈ ਭਰਿਆ ਕੂੜ, ਕੂੜੀ ਕਿਰਿਆ ਦਏ ਮਿਟਾਈਆ । ਜਨ ਭਗਤਾਂ ਮਸਤਕ ਲਾਏ ਧੂੜ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਆਪਣਾ ਨਾਉਂ ਕਰੇ ਪੜ੍ਹਾਈਆ । ਜੇਹੜੇ ਪੈਂਡਾ ਤੱਕਦੇ ਰਹੇ ਦੂਰ, ਸੋ ਅੰਤਮ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਰਿਹਾ ਮੁਕਾਈਆ । ਕਲਜੁਗ ਲੇਖਾ ਮੁੱਕੇ ਅੰਤ, ਅੰਤਸ਼ਕਰਣ ਵੇਖ ਵਖਾਇੰਦਾ । ਭਰਮੇ ਭੁੱਲੇ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਤ੍ਰੈਗੁਣ ਮਾਇਆ ਪਈ ਬੇਅੰਤ, ਮਨ ਕਾ ਮਣਕਾ ਨਾ ਕੋਇ ਭੁਆਇੰਦਾ । ਘਰ ਘਰ ਬਣਿਆ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸ੍ਰਿਸ਼ਟ ਸਬਾਈ ਮੇਟੇ ਪਾਪ, ਪਤਿਤ ਪਾਪੀ ਪਾਰ ਕਰਾਈਆ । ਇਕ ਜਣਾਏ ਸਾਚਾ ਜਾਪ, ਜੀਵਣ ਜੁਗਤ ਦਏ ਜਣਾਈਆ । ਸ਼ਾਹ ਸੁਲਤਾਨ ਕਰੇ ਰਾਖ, ਖ਼ਾਕੀ ਖ਼ਾਕ ਖ਼ਾਕ ਮਿਲਾਈਆ । ਸੀਸ ਰਖੇ ਨਾ ਕੋਇ ਤਾਜ, ਨੌਂ ਖੰਡ ਪ੍ਰਿਥਮੀ ਦਏ ਦੁਹਾਈਆ । ਮਨਮੁਖਤਾ ਹੋਈ ਲਾੜੀ ਮੌਤ ਖ਼ਾਜ, ਵੇਲੇ ਅੰਤ ਨਾ ਕੋਇ ਛੁਡਾਈਆ । ਨਾਤਾ ਤੁੱਟੇ ਪੰਜ ਵਕ਼ਤ ਨਿਮਾਜ਼, ਵੁਜ਼ੂ ਬਾਂਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇੜਾ ਰਿਹਾ ਢਾਹੀਆ । ਕਲਜੁਗ ਖੇੜਾ

ਅੰਤਮ ਢੱਠਣਾ, ਹਰਿ ਸਤਿਗੁਰ ਆਪੇ ਢਾਹਿੰਦਾ । ਗੁਰਮੁਖ ਵਿਰਲਾ ਹਰਿ ਜੂ ਰੱਖਣਾ, ਲੱਖ ਚੁਰਾਸੀ ਫੋਲ ਫੋਲਾਇੰਦਾ । ਨਾਮ ਮਧਾਣੇ ਜੀਵ ਜੰਤ ਮਥਣਾ, ਦੋ ਜਹਾਨਾਂ ਆਪ ਰਿੜਕਾਇੰਦਾ । ਕਰੇ ਖੇਲ ਅਲੱਖ ਅਲੱਖਨਾ, ਅਲੱਖ ਅਗੋਚਰ ਵੇਸ ਵਟਾਇੰਦਾ । ਤਖ਼ਤ ਤਾਜ ਹੋਏ ਸੱਖਣਾ, ਹੁਕਮ ਹਾਕਮ ਨਾ ਕੋਇ ਜਣਾਇੰਦਾ । ਮੰਦਰ ਮਹੱਲ ਅਟੱਲ ਛੱਡ ਛੱਡ ਨੱਸਣਾ, ਸਾਚੀ ਸੇਜ ਨਾ ਕੋਇ ਹੰਢਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਦੁਰਘਟਨਾ, ਘਟ ਘਟ ਆਪ ਕਰਾਇੰਦਾ । ਗੋਬਿੰਦ ਕਿਸੇ ਨਜ਼ਰ ਨਾ ਆਏ ਵਿਚ ਪਟਣਾ, ਪੁਰ ਅਨੰਦ ਨਾ ਵੇਸ ਵਟਾਇੰਦਾ । ਨਿਰਗੁਣ ਪਰਗਟ ਹੋ ਕੇ ਆਪਣਾ ਆਪ ਦੱਸਣਾ, ਗੋਬਿੰਦ ਸ਼ਬਦ ਡੰਕਾ ਇਕ ਵਜਾਇੰਦਾ । ਵਡ ਵੱਡਾ ਜਗਤ ਦਰਬਾਰੀ ਫੱਟਣਾ, ਫਟ ਏਕਾ ਘਾਓ ਲਗਾਇੰਦਾ । ਬਿਨ ਗੁਰਮੁਖ ਪੂਰੇ ਸਤਿ ਸਤਿਵਾਦੀ ਕਿਸੇ ਨਾ ਮਿਲਣਾ ਵਟਣਾ, ਸਾਚੇ ਘੋੜੇ ਨਾ ਕੋਇ ਚੜ੍ਹਾਇੰਦਾ । ਲਹਿਣਾ ਦੇਣਾ ਦੇਣਾ ਲਹਿਣਾ ਚੁਕਾਏ ਹੱਥੋ ਹੱਥਣਾ, ਪੁਰਖ ਸਮਰਥ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਅੰਦਰ ਨਿਰਗੁਣ ਹੋ ਹੋ ਵਸਣਾ, ਸਰਗੁਣ ਆਪਣੀ ਬੂਝ ਬੁਝਾਇੰਦਾ । ਮੀਆਂ ਹਰਿ ਪਰਵਰਦਿਗਾਰ, ਪਾਰਬ੍ਰਹਮ ਅਖਵਾਇੰਦਾ । ਮੁਕਾਮੇ ਹੱਕ ਖੇਲ ਅਪਾਰ, ਜਲਵਾ ਨੂਰ ਨੂਰ ਰੁਸ਼ਨਾਇੰਦਾ । ਸ਼ਾਹੋ ਭੂਪ ਵਡ ਸਿਕਦਾਰ, ਤਖ਼ਤ ਨਿਵਾਸੀ ਹੁਕਮ ਚਲਾਇੰਦਾ । ਹੁਕਮੇ ਅੰਦਰ ਈਸਾ ਮੂਸਾ ਕਰ ਤਿਆਰ, ਮੁਹੰਮਦ ਪੰਜ ਤਤ ਖ਼ਾਕੀ ਰੰਗ ਰੰਗਾਇੰਦਾ । ਮਧੁਰ ਪਿਆਲਾ ਦੇਵੇ ਠੰਡਾ ਠਾਰ, ਭਰ ਜਾਮ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਕਰ ਆਪ, ਆਪਣੀ ਦਇਆ ਕਮਾਈਆ । ਮੁਹੰਮਦ ਦੇਵੇ ਵਡ ਪਰਤਾਪ, ਕਲਜੁਗ ਕਲ ਕੁੜਮਾਈਆ । ਮੁਹੰਮਦ ਰੱਖੇ ਇਕੋ ਖ਼ਾਹਸ਼, ਆਪਣੀ ਖ਼ਾਹਸ਼ ਜਣਾਈਆ । ਮੇਰੀ ਇਛਿਆ ਦੇਵੇ ਮੇਰਾ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਇਕ ਮੁਹੰਮਦ ਕਰ ਪਿਆਰ, ਪੀਆ ਪ੍ਰੀਤਮ ਦਇਆ ਕਮਾਇੰਦਾ । ਤੇਰੀ ਇਛਿਆ ਤੇਰੀ ਧਾਰ, ਤੇਰੇ ਨਾਲ ਮਿਲਾਇੰਦਾ । ਮੁਹੰਮਦ ਢਹਿ ਢਹਿ ਚਰਨ ਧੂੜ ਲਾਏ ਛਾਰ, ਪਰਵਰਦਿਗਾਰ ਤੇਰਾ ਸ਼ੁਕਰ ਮਨਾਇੰਦਾ । ਤੂੰ ਮੀਆਂ ਦੇਵਣਹਾਰ, ਮੇਰਾ ਹੀਆ ਪੂਰ ਕਰਾਇੰਦਾ । ਬੀਜ ਬੀਆ ਮੇਰੀ ਅੰਤਰ ਨੂਰੋ ਨੂਰ ਨੂਰ ਰਖਾਇੰਦਾ । ਮੇਰਾ ਅੰਤਰ ਆਏ ਬਾਹਰ, ਮੇਰਾ ਭੇਵ ਜਣਾਇੰਦਾ । ਤਿਸ ਨਾਲ ਹੋਏ ਪਿਆਰ, ਪਰੇ ਆਪਣੀ ਆਪ ਬਣਾਇੰਦਾ । ਮੁਹੰਮਦ ਖ਼ਾਹਸ਼ ਅੱਲਾ ਰਾਣੀ ਨਾਰ ਮੁਟਿਆਰ, ਪੰਜ ਤਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਅੱਲਾ ਰਾਣੀ ਬੜੀ ਲਾਇਕ, ਲੁਕਮਾ ਸਭ ਦਾ ਰਹੀ ਬਣਾਈਆ । ਵੇਖਣਹਾਰੀ ਪੀਰ ਪੈਗ਼ੰਬਰ ਮਸਾਇਕ, ਮਸਲਾ ਸਭ ਨੂੰ ਰਹੀ ਪੜ੍ਹਾਈਆ । ਲਿਖ ਲਿਖ ਦੱਸੀ ਸ਼ਰਅ ਸ਼ਰਾਇਤ, ਸ਼ਰੀਅਤ ਆਪਣੀ ਵੰਡ ਵੰਡਾਈਆ । ਸੁਣ ਸੁਣ ਹੱਸੇ ਇਕੋ ਆਇਤ, ਏਕਾ ਕਲਮਾ ਨਬੀ ਜਣਾਈਆ । ਕਲਜੁਗ ਅੰਤਮ ਸਾਚੇ ਮੀਏ ਕੋਲੋਂ ਮੰਗੇ ਖ਼ਰਾਇਤ, ਖ਼ਾਲੀ ਝੋਲੀ ਅੱਗੇ ਡਾਹੀਆ । ਕਰ ਕਿਰਪਾ ਕਰ ਇਨਾਇਤ, ਦਰ ਤੇਰੇ ਚਲ ਕੇ ਆਈਆ । ਤੂੰ ਸਾਹਿਬ ਖ਼ਾਲਕ ਖ਼ਲਕ ਕਰ ਇਸ਼ਾਇਤ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਚੌਦਾਂ ਸਦੀਆਂ ਰਹੀ ਮੁਹੰਮਦ ਮੁਤਾਹਿਤ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਮੰਨਿਆ ਤੇਰਾ ਕਾਨੂੰਨ ਕਵਾਇਦ, ਤੇਰਾ ਹੁਕਮ ਸਿਰ ਸਿਰ ਲਿਆ ਟਿਕਾਈਆ । ਪੀਰ ਪੈਗ਼ੰਬਰ ਹੋਏ ਮੁਸ਼ਾਹਦ, ਮੁਸ਼ਾਅਰਾ ਇਕੋ

ਇਕ ਸੁਣਾਈਆ । ਤੂੰ ਲਾਸ਼ਰੀਕ ਖ਼ੁਦਾ ਵਾਹਦ, ਵਾਹਵਾ ਤੇਰੀ ਵਡਿਆਈਆ । ਦਰੋਹੀ ਖ਼ੁਦਾਏ ਦੀ ਲੋਕਮਾਤ ਫੇਰ ਮਿਲੇ ਨਾ ਸ਼ਾਇਦ, ਵੇਲਾ ਗਿਆ ਹੱਥ ਨਾ ਆਈਆ । ਕਲਜੁਗ ਅੰਤਮ ਮੈਨੂੰ ਫੇਰ ਨਾ ਕਰੀਂ ਕਿਸੇ ਦੀ ਕੈਦ, ਬਿਨ ਤੇਰੇ ਚਰਨ ਨਾ ਕੋਇ ਵਡਿਆਈਆ । ਮੈਂ ਨੇਤਰ ਰੋ ਰੋ ਤੇਰੇ ਅੱਗੇ ਕਰਾਂ ਜਦੋਜਹਿਦ, ਰੋ ਰੋ ਆਪਣਾ ਹਾਲ ਸੁਣਾਈਆ । ਪੀਰ ਪੈਗ਼ੰਬਰ ਮੇਰੇ ਨਾਲ ਕਰ ਕਰ ਗਏ ਬਹਿਸ, ਤਬਸਰਾ ਜਗਤ ਸੁਣਾਈਆ । ਮੈਂ ਬਣੀ ਰਹੀ ਮੁਹੰਮਦ ਖ਼ਾਹਸ਼, ਅੰਤਮ ਤੇਰੀ ਖ਼ਾਹਸ਼ ਰਖਾਈਆ । ਚੌਦਾਂ ਲੋਕ ਚੌਦਾਂ ਤਬਕ ਤੇਰੀ ਕਰਦੀ ਰਹੀ ਤਲਾਸ਼, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਫੇਰਾ ਪਾਈਆ । ਅੰਜੀਲ ਕੁਰਾਨ ਦੇ ਨਾ ਸਕੀ ਕੋਈ ਨਿਜਾਤ, ਨਿਸਬਤ ਤੇਰੀ ਕੋਇ ਨਾ ਵੰਡ ਵੰਡਾਈਆ । ਕਰ ਕਿਰਪਾ ਮੇਰੀ ਕਰ ਇਮਦਾਦ, ਸਿਰ ਮੇਰੇ ਹੱਥ ਟਿਕਾਈਆ । ਖ਼ਾਲੀ ਹੱਥ ਵਖਾਵੇ ਕੋਈ ਨਾ ਦਿਸੇ ਜਾਇਦਾਦ, ਲੋਕ ਪਰਲੋਕ ਨੰਗੀ ਪੈਰੀਂ ਫੇਰੀ ਪਾਈਆ । ਮੈਂ ਨੱਠ ਨੱਠ ਥੱਕੀ ਵਿਚ ਕਾਇਨਾਤ, ਮੱਕਾ ਕਾਅਬਾ ਹੁਜਰਾ ਮਹਿਰਾਬ ਵੇਖ ਥਾਉਂ ਥਾਈਂਆ । ਪਰਵਰਦਿਗਾਰ ਤੇਰਾ ਨੂਰ ਨਜ਼ਰ ਨਾ ਆਇਆ ਸਾਖਿਆਤ, ਮੀਆਂ ਕਰੀ ਨਾ ਕੋਇ ਰੁਸ਼ਨਾਈਆ । ਕਲਜੁਗ ਅੰਤਮ ਵੇਖ ਮਾਰ ਝਾਤ, ਕੋਝੀ ਕਮਲੀ ਦਰ ਬੈਠੀ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਆਪਣੀ ਕਰਵਟ ਰਿਹਾ ਬਦਲਾਈਆ । ਤੇਰੀ ਪੂਰੀ ਕਰਾਂ ਖ਼ਾਹਸ਼, ਨਿਰਾਸਾ ਕੋਇ ਰਹਿਣ ਨਾ ਪਾਈਆ । ਮੇਰੇ ਭਗਤਾਂ ਦੀ ਬਣ ਦਾਸੀ ਦਾਸ, ਚਰਨ ਧੂੜੀ ਟਿੱਕਾ ਲਾਈਆ । ਫਿਰ ਹੋਏ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਤੇਰਾ ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਪ੍ਰਿਥਮ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੱਲਾ ਰਾਣੀ ਖੇਲ ਮਹਾਨੀ ਨਿਰਗੁਣ ਦੇਵੇ ਨਿਰਗੁਣ ਨਿਸ਼ਾਨੀ, ਸਰਗੁਣ ਸਰਗੁਣ ਸਰਗੁਣ ਬੰਧਨ ਪਾਈਆ ।



## ✳ ਪਹਿਲੀ ਅੱਸੂ ੨੦੧੯ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✳

ਸ਼ਹਿਨਸ਼ਾਹ ਤੇਰੀ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਧਾਹੀਂ, ਨੇਤਰ ਨੈਣਾਂ ਨੀਰ ਸਰਬ ਵਹਾਇੰਦਾ । ਦੋ ਜਹਾਨ ਸ੍ਰੀ ਭਗਵਾਨ ਦਰ ਤੇਰੇ ਨਾ ਦੇਵੇ ਕੋਇ ਗਵਾਹੀ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲੇ ਰਹੇ ਰਾਹੀ, ਰਹਿਬਰ ਤੇਰਾ ਭੇਵ ਕੋਇ ਨ ਪਾਇੰਦਾ । ਖਾਣੀ ਬਾਣੀ ਵੇਦ ਪੁਰਾਨੀ ਸ਼ਾਸਤਰ ਸਿਮਰਤ ਅੰਜੀਲ ਕੁਰਾਨੀ ਦੱਸਦੇ ਰਹੇ ਸੱਚਾ ਮਾਹੀ, ਮਾਹੀ ਮੇਲ ਨਾ ਕੋਇ ਕਰਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੰਜ ਤਤ ਤ੍ਰੈਗੁਣ ਲੱਗੀ ਸ਼ਾਹੀ, ਨਿਰਮਲ ਨੀਰ ਨਾ ਕੋਇ ਵਖਾਇੰਦਾ । ਗੋਬਿੰਦ ਚੇਲਾ ਇਕ ਇਕੇਲਾ ਲੋਕਮਾਤ ਬੂਟਾ ਪੁੱਟ ਕੇ ਆਇਆ ਕਾਹੀ, ਧਰਤ ਧਵਲ ਖੋਜ ਖੋਜਾਇੰਦਾ । ਦੀਨ ਦਿਆਲ ਠਾਕਰ ਸਵਾਮੀ ਰਹਿਮਤ ਰਹੀਮ ਰਹਿਮਾਨ ਇਕ ਗੋਸਾਈਂ, ਪਰਵਰਦਿਗਾਰ ਬੇਨਕਾਬ ਮੁਖ ਪਰਦਾ ਨਾ ਕੋਇ ਉਠਾਇੰਦਾ । ਨਾਮ ਰਬਾਬ ਸਚ ਅਹਿਬਾਬ ਧੁਨ ਰਾਗ, ਰਸ ਰਸੀਆ ਨਾ ਕੋਇ ਜਣਾਇੰਦਾ । ਨਿਰਗੁਣ ਨਿਰਗੁਣ ਨਾ ਕੋਇ ਵੈਰਾਗ, ਸਰਗੁਣ ਸਰਗੁਣ ਨਾ ਕੋਇ ਕੰਤ ਸੁਹਾਗ, ਨਾਰੀ ਰੂਪ ਨਾ ਕੋਇ ਵਟਾਇੰਦਾ । ਨੇਤਰ ਨੈਣ ਨਾ ਖੁਲ੍ਹੀ ਜਾਗ, ਬ੍ਰਹਮ ਹੋਏ ਨਾ ਵਡ ਵਡ ਭਾਗ, ਹੰਸ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਸ਼ਹਿਨਸ਼ਾਹ ਸਚ ਸੁਲਤਾਨ, ਤੇਰੀ ਮਹਿਮਾ ਕਥਨ ਨਾ ਜਾਈਆ । ਜੁਗ ਚੌਕੜੀ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਣ, ਉਚੀ ਕੂਕ ਕੂਕ ਸੁਣਾਈਆ । ਦੇਵਤ ਸੁਰ ਧਿਆਨ ਲਗਾਣ, ਧਿਆਨ ਵਿਚ ਨਾ ਕਿਸੇ ਰਖਾਈਆ । ਕਾਗ਼ਜ਼ ਕਲਮ ਦੇ ਗਿਆਨ, ਲਿਖ ਲਿਖ ਲੇਖਾ ਥੱਕੀ ਸ਼ਾਹੀਆ । ਰਸਨਾ ਜਿਹਵਾ ਬੋਲ ਜ਼ਬਾਨ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਪੜ੍ਹਾਈਆ । ਸਚ ਨਾ ਦੱਸਿਆ ਕਿਸੇ ਨਿਸ਼ਾਨ, ਨਿਰਗੁਣ ਵਸੇ ਸਤਿ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਲੇਖਾ ਬੰਧਨ ਬੰਧਪ ਜ਼ਿਮੀਂ ਅਸਮਾਨ, ਮੰਡਲ ਮੰਡਪ ਖੇਲ ਸ਼ੈਤਾਨ, ਦੋ ਜਹਾਨਾਂ ਬੇਪਹਿਚਾਨ, ਨੂਰ ਨੁਰਾਨਾ ਹਰਿ ਮਿਹਰਵਾਨਾ, ਸ੍ਰੀ ਭਗਵਾਨਾ ਭੇਵ ਕੋਇ ਨਾ ਰਾਈਆ । ਨਵ ਨੌਂ ਵੇਖੇ ਮਾਰ ਧਿਆਨਾ, ਚਾਰ ਚਾਰ ਨੈਣ ਸ਼ਰਮਾਨਾ, ਪੰਚਮ ਪੰਚ ਮੁੱਕਾ ਗਾਣਾ, ਗਾ ਗਾ ਗੀਤ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਸ਼ਹਿਨਸ਼ਾਹ ਸੁਲਤਾਨ ਮੇਰੇ ਮਹਿਬੂਬ, ਮਿਹਰ ਮੁਹੱਬਤ ਨਜ਼ਰ ਕਿਸੇ ਨਾ ਆਈਆ । ਤੇਰਾ ਕਿਸੇ ਕਲਮਾ ਸਚ ਨਾ ਦਿਤਾ ਸਬੂਤ, ਸਾਬਤ ਸੂਰਤ ਨਾ ਕਿਸੇ ਵਖਾਈਆ । ਤੇਰਾ ਭੇਵ ਨਾ ਪਾਇਆ ਪੰਜ ਤਤ ਕਾਇਆ ਕਲਬੂਤ, ਪੀਰ ਪੈਗ਼ੰਬਰ ਕੋਟਨ ਕੋਟ ਚੋਲਾ ਗਏ ਹੰਢਾਈਆ । ਤੇਰਾ ਸਚ ਨਾ ਦਿਸਿਆ ਅਰੂਜ, ਅਰਸ਼ ਫਰਸ਼ ਤੇਰੀ ਕੁੜਮਾਈਆ । ਤੇਰਾ ਨਾਉਂ ਤੇਰੀ ਰਹਿਮਤ ਨਾਲ ਕਰਦੇ ਰਹੇ ਮਹਿਸੂਸ, ਆਪਣੀ ਮਜਲਿਸ ਨਾ ਕੋਇ ਵਖਾਈਆ । ਦਿਨ ਕੱਟ ਕੇ ਗਏ ਬਣ ਮਾਸ਼ੂਕ, ਮਸ਼ਵਰਾ ਆਪਣਾ ਨਾ ਸਕੇ ਸੁਣਾਈਆ । ਤੇਰਾ ਮਿਲਿਆ ਨਾ ਸਚ ਹਕੂਕ, ਤੇਰਾ ਲੇਖਾ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਡ ਵਡਿਆਈਆ । ਸ਼ਹਿਨਸ਼ਾਹ ਸੁਲਤਾਨ ਸ੍ਰੀ ਭਗਵਾਨ, ਭਗਵਨ ਭੇਵ ਤੇਰਾ ਨਾ ਆਇਆ । ਸੇਵਾ ਕਰ ਕਰ ਆਏ ਵਿਚ ਜਹਾਨ, ਨਿਰਗੁਣ ਸਰਗੁਣ ਵੇਸ ਵਟਾਇਆ । ਕਾਗਦ ਕਲਮ ਲਿਖ ਲਿਖ ਦੇ ਬਿਆਨ, ਬਿਆਨਾ ਤੇਰਾ ਨਾਮ ਜਣਾਇਆ । ਤੇਰੇ ਉਪਰ ਰੱਖ ਰੱਖ ਮਾਣ, ਮਾਣ ਆਪਣਾ ਨਾਲ ਰਖਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਜੁਗ ਬੀਤੇ ਆਣ, ਤੇਰੀ ਵਾਰਤਾ ਸਕੇ ਨਾ ਕੋਇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸਰਨਾਇਆ । ਸ਼ਹਿਨਸ਼ਾਹ ਵਡ ਰਾਜਨ ਰਾਜ, ਰਈਅਤ ਤੇਰੀ ਰਹੀ ਕੁਰਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਬਣਿਆ ਇਕ ਸਮਾਜ, ਸਮਾਂ ਆਪਣਾ ਰਹੇ ਸੁਣਾਈਆ । ਜੁਗ ਜੁਗ ਰਚ ਰਚ ਵੇਖਿਆ ਕਾਜ, ਕਰਤਾ ਪੁਰਖ ਤੇਰੀ ਵਡਿਆਈਆ । ਏਕਾ ਨਾਉਂ ਵਜਾਇਆ ਨਾਦ, ਅਨਾਦੀ ਧੁੰਨ ਸੁਣਾਈਆ । ਭੇਵ ਜਣਾਇਆ ਬੋਧ ਅਗਾਧ, ਲੇਖਾ ਲਿਖਤ ਵਿਚ ਨਾ ਆਈਆ । ਇਕੋ ਰੱਖੀ ਤੇਰੀ ਯਾਦ, ਯਾਦਦਾਸ਼ਤ ਨਾ ਹੋਰ ਬਣਾਈਆ । ਕਰ ਕਿਰਪਾ ਅੰਤਮ ਲੈਣਾ ਲਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਸਤਿ ਸਰੂਪੀ ਮਾਰ ਅਵਾਜ਼, ਬਿਨ ਕੰਨਾਂ ਦੇ ਸੁਣਾਈਆ । ਤੁਧ ਬਿਨ ਕੋਇ ਨਾ ਰੱਖੇ ਲਾਜ, ਸਿਰ ਹੱਥ ਨਾ ਕੋਇ ਟਿਕਾਈਆ । ਦਰੋਹੀ ਖ਼ੁਦਾਏ ਦੀ ਭੁੱਲੀ ਨਿਮਾਜ਼, ਰੋਜ਼ਾ ਬਾਂਗ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਸ਼ਹਿਨਸ਼ਾਹ ਸਾਚੇ ਭਗਵੰਤ, ਤੇਰਾ ਰੰਗ ਨਜ਼ਰ ਨਾ ਆਇਆ । ਆਦਿ ਜੁਗਾਦੀ ਇਕੋ ਕੰਤ, ਗੁਰ ਅਵਤਾਰ ਪੀਰ ਪੈਗ਼ੰਬਰ

ਸੇਜ ਹੰਢਾਇਆ । ਨਾਮ ਚੋਲੀ ਚਾੜ੍ਹ ਰੰਗਤ, ਰੰਗ ਰੰਗੀਲਾ ਇਕ ਵਖਾਇਆ । ਨਿਰਗੁਣ ਨਿਰਗੁਣ ਕਰ ਕਰ ਮਿੰਨਤ, ਨਿਉਂ ਨਿਉਂ ਸੱਜਦਾ ਸੀਸ ਝੁਕਾਇਆ । ਦਰ ਦਵਾਰ ਬਣੇ ਬਣਤ, ਘੜਨ ਭੰਨਣਹਾਰ ਬੇਪਰਵਾਹਿਆ । ਤੇਰੇ ਦਵਾਰੇ ਆਏ ਮੰਗਤ, ਆਪਣੀ ਝੋਲੀ ਰਹੇ ਵਖਾਇਆ । ਚੌਥਾ ਜੁਗ ਹੋਇਆ ਨੰਗਤ, ਪਰਦਾ ਕੋਇ ਨਾ ਰਿਹਾ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸਚੇ ਸ਼ਹਿਨਸ਼ਾਹਿਆ । ਸ਼ਹਿਨਸ਼ਾਹ ਰਹੀਮ ਰਹਿਮਾਨ, ਰਹਿਮਤ ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੇ ਕਲਮਾ ਕਲਾਮ, ਕਾਇਨਾਤ ਨਾਤ ਸੁਣਾਈਆ । ਪੀਰ ਪੈਗ਼ੰਬਰ ਰੋਵਣ ਅਮਾਮ, ਅਮਾਮ ਅਮਾਮਾਂ ਤੇਰੀ ਵਡਿਆਈਆ । ਸਚ ਸੰਦੇਸਾ ਜਬਰਾਈਲ ਮੇਕਾਈਲ ਅਸਰਾਫੀਲ ਦੇਂਦੇ ਰਹੇ ਪੈਗ਼ਾਮ, ਪੀਰ ਪੈਗ਼ੰਬਰ ਨਾਲ ਰਲਾਈਆ । ਦਰ ਕਬੂਲ ਸਯਦਾ ਸਲਾਮ, ਅਲੈਕਮ ਤੇਰੀ ਖ਼ਾਕ ਰੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਤੁਧ ਬਿਨ ਨਜ਼ਰ ਨਾ ਦੀਸੇ ਕੋਇ, ਚੌਦਾਂ ਤਬਕ ਦੇਣ ਦੁਹਾਈਆ । ਪੀਰ ਪੈਗ਼ੰਬਰ ਰਹੇ ਰੋਏ, ਲੋਚਨ ਨੈਣ ਨੀਰ ਵਹਾਈਆ । ਚੌਦਾਂ ਸਦੀਆਂ ਰਹੇ ਸੋਏ, ਸੋਇਆਂ ਰੈਣ ਵਹਾਈਆ । ਤੇਰਾ ਕਲਮਾ ਲੈ ਕੇ ਆਏ ਢੋਏ, ਢੋਲਕ ਲੋਕਮਾਤ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਅਲੱਖ ਜਗਾਈਆ । ਅਲੱਖ ਨਿਰੰਜਣ ਤੇਰੇ ਦਰ ਅਲੱਖ, ਲੱਖ ਲੱਖ ਵਾਰ ਸੀਸ ਝੁਕਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਚਲ ਕੇ ਆਏ ਖ਼ਾਲੀ ਹੱਥ, ਦੋਏ ਦੋਏ ਰਹੇ ਵਖਾਇਆ । ਤੂੰ ਸਾਹਿਬ ਦਿਆਲ ਠਾਕਰ ਸਵਾਮੀ ਸਮਰਥ, ਤੇਰਾ ਅੰਤ ਕਿਸੇ ਨਾ ਪਾਇਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਡੇਰਾ ਲਾਇਆ । ਆਦਿ ਜੁਗਾਦਿ ਖੋਲ੍ਹੇਂ ਹੱਟ, ਦੋ ਜਹਾਨਾਂ ਆਪ ਜਣਾਇਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦੇਵੇਂ ਵੱਥ, ਨਾਮ ਅਮੋਲਕ ਝੋਲੀ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਇਆ । ਨਿਰਗੁਣ ਸਰਗੁਣ ਪਾਈ ਨੱਥ, ਨਾਮ ਡੋਰੀ ਤੰਦ ਬੰਧਾਇਆ । ਸਤਿ ਸਰੂਪ ਹੋ ਪਰਤੱਖ, ਸਵੱਛ ਸਰੂਪੀ ਰੂਪ ਵਟਾਇਆ । ਜੁਗ ਚੌਕੜੀ ਰੱਖਦਾ ਆਇਆ ਪਤ, ਪਤਿਪਰਮੇਸ਼ਵਰ ਨਾਉਂ ਧਰਾਇਆ । ਗਾ ਗਾ ਥੱਕੇ ਤੇਰਾ ਜਸ, ਜਸ ਵੇਦ ਪੁਰਾਣ ਸਲਾਹਿਆ । ਤੇਈ ਅਵਤਾਰ ਚਰਨੀ ਗਏ ਢੱਠ, ਬਲਹੀਣ ਕੂਕ ਕੁਰਲਾਇਆ । ਨੇਤਰ ਨੀਰ ਵਿਰੋਲਣ ਅੱਥ, ਧੀਰਜ ਧੀਰ ਨਾ ਕੋਇ ਰਖਾਇਆ । ਕਲਜੁਗ ਅੰਤਮ ਸਾਡੀ ਹੋਈ ਬੱਸ, ਬੌਹੜੀ ਬੌਹੜੀ ਵਾਸਤਾ ਪਾਇਆ । ਤੇਰੇ ਚਰਨਾਂ ਗਏ ਢੱਠ, ਜਿਉਂ ਭਾਵੇ ਲੈ ਉਠਾਇਆ । ਖੇਲਿਆ ਖੇਲ ਬਾਜ਼ੀਗਰ ਨਟ, ਬਣ ਨਟੂਆ ਸਾਂਗ ਵਰਤਾਇਆ । ਸਾਚਾ ਮਾਰਗ ਦੇਣਾ ਦੱਸ, ਭੇਵ ਅਭੇਦ ਜਣਾਇਆ । ਤੇਰੇ ਤੇਰੇ ਹੋਵਣ ਵੱਸ, ਦੂਜੀ ਓਟ ਨਾ ਕੋਇ ਰਖਾਇਆ । ਪੁਰਖ ਅਬਿਨਾਸ਼ੀ ਅੱਗੋਂ ਹੱਸ, ਸੋਹੰ ਢੋਲਾ ਇਕ ਸੁਣਾਇਆ । ਸਾਰੇ ਉਠ ਕੇ ਪਓ ਨੱਠ, ਹਰਿ ਜੂ ਮਾਰਗ ਦਏ ਵਖਾਇਆ । ਕਲਜੁਗ ਅੰਤਮ ਹੋਇਆ ਪਰਗਟ, ਨਿਹਕਲੰਕਾ ਨਾਉਂ ਰਖਾਇਆ । ਇਕੋ ਮਾਰਗ ਰਿਹਾ ਦੱਸ, ਆਦਿ ਜੁਗਾਦੀ ਆਪ ਜਣਾਇਆ । ਭਗਤਾਂ ਅੰਦਰ ਆਪੇ ਵਸ, ਪਰਦਾ ਦਏ ਖੁਲ੍ਹਾਇਆ । ਨੇਤਰ ਨੈਣ ਵੇਖੇ ਝੱਟ, ਪਲਕ ਪਲਕ ਦਏ ਉਠਾਇਆ । ਸ਼ਰਅ ਦਵੈਤੀ ਕੱਢੇ ਵੱਟ, ਭਾਂਡਾ ਭਰਮ ਭੰਨਾਇਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਰੱਤ ਰੰਗਾਇਆ । ਚਰਨ ਕਵਲ ਬੰਧਾਏ ਨੱਤ, ਨਾਤਾ ਬਿਧਾਤਾ ਜੋੜ ਜੁੜਾਇਆ ।

ਆਤਮ ਪਰਮਾਤਮ ਦੇਵੇ ਮਤ, ਬ੍ਰਹਮ ਮਤ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬੈਠੇ ਸੀਸ ਝੁਕਾਇਆ । ਸ਼ਾਹ ਪਾਤਸ਼ਾਹ ਭੂਪਤ ਭੂਪ, ਬੇਅੰਤ ਬੇਐਬ ਪਰਵਰਦਿਗਾਰਿਆ । ਆਦਿ ਜੁਗਾਦੀ ਤੇਰਾ ਨਜ਼ਰ ਨਾ ਆਏ ਰੰਗ ਰੂਪ, ਰੇਖ ਭੇਖ ਨਾ ਕੋਇ ਵਿਚਾਰਿਆ । ਜੁਗਾ ਜੁਗੰਤਰ ਵਸਣਹਾਰਾ ਚਾਰੇ ਕੂਟ, ਤ੍ਰੈਭਵਣ ਧਨੀ ਅਵਨ ਗਵਨ ਸਮਾ ਰਿਹਾ । ਨਿਰਗੁਣ ਸਰਗੁਣ ਤਾਣਾ ਪੇਟਾ ਸੂਤ, ਲੱਖ ਚੁਰਾਸੀ ਤੰਦੀ ਤੰਦ ਬੰਧਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆ ਰਿਹਾ । ਸ਼ਾਹ ਪਾਤਸ਼ਾਹ ਆਦਿ ਪੁਰਖ, ਸੋ ਪੁਰਖ ਤੇਰੀ ਵਡਿਆਈਆ । ਜੁਗਾ ਜੁਗੰਤਰ ਵਖਾਏ ਆਪਣਾ ਦਰਸ, ਦਰਸ ਤੇਰੀ ਸਰਨਾਈਆ । ਜੁਗ ਚੌਕੜੀ ਆਏ ਭਟਕ, ਭਟਕਣਾ ਨਾ ਕੋਇ ਮਿਟਾਈਆ । ਦੀਨ ਮਜ਼੍ਹਬਾਂ ਵਿਚ ਰਹੇ ਅਟਕ, ਅਟਕ ਕੋਇ ਨਾ ਰਿਹਾ ਕਢਾਈਆ । ਕੋਟਨ ਕੋਟ ਪੈਗ਼ੰਬਰ ਰਹੇ ਲਟਕ, ਡੋਰੀ ਤੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚੀ ਸਰਨਾਈਆ । ਸ਼ਾਹ ਸੁਲਤਾਨ ਦਰ ਲੈਣ ਮੰਗ, ਇਕੋ ਮੰਗ ਮੰਗਾਈਆ । ਚਾਰ ਚੌਕੜੀ ਕੀਤੇ ਨੰਗ, ਪਰਦਾ ਕੋਇ ਨਾ ਉਪਰ ਪਾਈਆ । ਸਰਗੁਣ ਦਿਸੇ ਨਾ ਕੋਇ ਸੰਗ, ਨਿਰਗੁਣ ਮਿਲੇ ਨਾ ਮਾਣ ਵਡਿਆਈਆ । ਕਲ ਜੀਵ ਮਾਣਸ ਜਨਮ ਹੋਇਆ ਭੰਗ, ਪਾਰਬ੍ਰਹਮ ਨਾ ਕੋਇ ਸਰਨਾਈਆ । ਕਿਸੇ ਨਾ ਮਿਲਿਆ ਆਤਮ ਆਨੰਦ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਸੁਰਤ ਸੁਆਣੀ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਨਿਰਗੁਣ ਜੋਤ ਨਾ ਚੜ੍ਹਿਆ ਚੰਦ, ਅੰਧ ਅੰਧੇਰ ਨਾ ਕੋਇ ਮਿਟਾਈਆ । ਅਨਹਦ ਸ਼ਬਦ ਨਾ ਸੁਣਿਆ ਛੰਦ, ਰਸਨਾ ਜਿਹਵਾ ਜਗਤ ਹਲਕਾਈਆ । ਦੂਈ ਦਵੈਤ ਨਾ ਢਾਹੀ ਕੰਧ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਪੰਚ ਵਿਕਾਰ ਨਾ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਪਈ ਲੜਾਈਆ । ਕੂੜੀ ਕਿਰਿਆ ਚੁੱਕੀ ਪੰਡ, ਜੂਠ ਝੂਠ ਸੰਗ ਰਖਾਈਆ । ਨਾ ਕੋਈ ਤੋੜੇ ਬੰਦੀਖ਼ਾਨਾ ਬੰਦ, ਲੱਖ ਚੁਰਾਸੀ ਲੱਗੀ ਫਾਹੀਆ । ਸਾਹਿਬ ਦਿਆਲ ਇਕੋ ਸੂਰਾ ਸਰਬੰਗ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਇਕੋ ਦੇ ਵਰਤਾਈਆ । ਸ਼ਹਿਨਸ਼ਾਹ ਹਰਿ ਤੇਰਾ ਦਵਾਰ, ਦਰ ਦਰਵਾਜ਼ਾ ਇਕੋ ਨਜ਼ਰੀ ਆਇਆ । ਜੁਗ ਚੌਕੜੀ ਬਣ ਭਿਖਾਰ, ਲੋਕਮਾਤ ਫੇਰਾ ਪਾਇਆ । ਰਸਨਾ ਜਿਹਵਾ ਬੋਲ ਜੈਕਾਰ, ਤੇਰਾ ਡੰਕਾ ਨਾਮ ਸੁਣਾਇਆ । ਜੀਵਾਂ ਜੰਤਾਂ ਕਰ ਕਰ ਖ਼ਬਰਦਾਰ, ਬੇਖ਼ਬਰ ਨਾਲ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਭੇਵ ਕੋਇ ਨਾ ਆਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਏਕਾ ਧੁੰਨ ਸੁਣਾਈਆ । ਸਾਰੇ ਉਠੋ ਨੌਜਵਾਨ, ਨਵ ਜੋਬਨ ਦਏ ਵਖਾਈਆ । ਚਰਨ ਕਵਲ ਕਵਲ ਚਰਨ ਕਰੋ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਸੁਣੋ ਸੰਦੇਸਾ ਬਿਨ ਰਸਨਾ ਕਾਨ, ਬਿਨ ਅੱਖਰ ਕਰੇ ਪੜ੍ਹਾਈਆ । ਕਰੋ ਵਸੇਰਾ ਬਿਨ ਛਪਰ ਛੰਨ ਮਕਾਨ, ਚਾਰ ਦੀਵਾਰ ਨਾ ਕੋਇ ਵਡਿਆਈਆ । ਹੋਏ ਪਰਕਾਸ਼ ਬਿਨ ਸੂਰਜ ਭਾਨ, ਚੰਦ ਚਾਂਦਨੀ ਇਕ ਰੁਸ਼ਨਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਦਏ ਵਖਾਈਆ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸਿੰਘਾਸਣ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਲੇਖਾ ਰਿਹਾ ਜਣਾਈਆ । ਸਚ ਸਿੰਘਾਸਣ ਹਰਿ ਜੂ ਚੜ੍ਹਿਆ, ਏਕਾ ਨਜ਼ਰੀ ਆਇੰਦਾ । ਸ਼ਬਦ ਅਨਾਦੀ

ਨਿਸ਼ਅੱਖਰ ਆਪੇ ਪੜ੍ਹਿਆ, ਦੂਸਰ ਭੇਵ ਕੋਇ ਨਾ ਪਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਘਾੜਤ ਘਾੜਨ ਘੜਿਆ, ਭੰਨਣਹਾਰ ਖੇਲ ਵਖਾਇੰਦਾ । ਨਿਰਗੁਣ ਹੋ ਕੇ ਅੰਦਰ ਵੜਿਆ, ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਹੱਥਾਂ ਬਾਹਵਾਂ ਫੜਿਆ, ਆਪਣੀ ਕਲ ਆਪ ਵਰਤਾਇੰਦਾ । ਸਮਰਥ ਸਵਾਮੀ ਸਰਬ ਗੁਣ ਭਰਪੂਰ ਆਪੇ ਭਰਿਆ, ਮੰਗਣ ਦਰ ਕਿਸੇ ਨਾ ਜਾਇੰਦਾ । ਨਿਰਭੈ ਹੋਏ ਕਦੇ ਨਾ ਡਰਿਆ, ਭੌ ਆਪਣਾ ਸਰਬ ਵਖਾਇੰਦਾ । ਪੁਰਖ ਅਕਾਲ ਆਪਣਾ ਨਾਉਂ ਧਰਿਆ, ਅਜੂਨੀ ਰਹਿਤ ਮਾਤ ਗਰਭ ਨਾ ਫੇਰਾ ਪਾਇੰਦਾ । ਦਸ ਦਸ ਮਾਸ ਨਾ ਅਗਨੀ ਸੜਿਆ, ਤ੍ਰੈਗੁਣ ਜੋੜ ਨਾ ਕੋਇ ਜੁੜਾਇੰਦਾ । ਆਪਣੀ ਕਰਨੀ ਕਰਤਾ ਪੁਰਖ ਆਪੇ ਕਰਿਆ, ਕਰਨਹਾਰਾ ਆਪ ਅਖਵਾਇੰਦਾ । ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਇੰਦਾ । ਸਾਚਾ ਹੁਕਮ ਸ਼ਾਹ ਸੁਲਤਾਨ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਠੇ ਬਾਲ ਅਞਾਣ, ਬਾਲੀ ਬਾਲੇ ਆਪ ਜਗਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਜ਼ਾਹਰਾ ਜ਼ਹੂਰ ਖੇਲ ਕਰਾਇੰਦਾ । ਦੋ ਜਹਾਨ ਝੁਲਾਉਣਹਾਰ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਇੰਦਾ । ਵਿਸ਼ਨੂੰ ਦੇਵੇ ਇਕ ਧਿਆਨ, ਬ੍ਰਹਮੇ ਪਾਰਬ੍ਰਹਮ ਪੜ੍ਹਾਇੰਦਾ । ਸ਼ੰਕਰ ਸ਼ਰਅ ਕਰ ਕਲਿਆਣ, ਤ੍ਰੈ ਤ੍ਰੈ ਲੇਖਾ ਆਪ ਮੁਕਾਇੰਦਾ । ਪੰਚਮ ਪੰਚ ਵੇਖੇ ਆਣ, ਪਰਪੰਚ ਭੇਵ ਮਿਟਾਇੰਦਾ । ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਫੋਲ ਫੋਲਾਇੰਦਾ । ਦੇਵਣਹਾਰਾ ਦਾਨੀ ਦਾਨ, ਖਾਣੀ ਬਾਣੀ ਵੰਡ ਵੰਡਾਇੰਦਾ । ਨਾਮ ਨਿਧਾਨਾ ਸਚ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸਾਚਾ ਗੀਤ, ਹਰਿ ਸਤਿਗੁਰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਾਚੇ ਦੀ ਵੇਖੋ ਰੀਤ, ਹਰਿ ਜੂ ਆਪਣੀ ਰਿਹਾ ਚਲਾਈਆ । ਰਸਨਾ ਜਿਹਵਾ ਬਿਨ ਗਾਓ ਪ੍ਰਭੂ ਦੇ ਗੀਤ, ਗੀਤ ਗੋਬਿੰਦ ਇਕ ਪੜ੍ਹਾਈਆ । ਸਚਖੰਡ ਨਿਵਾਸੀ ਵਸੇ ਧਾਮ ਅਣਡੀਠ, ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ ਠਾਂਡਾ ਸੀਤ, ਅਗਨੀ ਤਤ ਨਾ ਕੋਇ ਰਖਾਈਆ । ਵਸਣਹਾਰਾ ਸਦਾ ਅਤੀਤ, ਤ੍ਰੈਗੁਣ ਵਿਚ ਨਾ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਪਿਛਲਾ ਲੇਖਾ ਰਿਹਾ ਮੁਕਾਈਆ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਨਾ ਕੋਇ ਵਡਿਆਈਆ । ਆਤਮ ਪਰਮਾਤਮ ਬੰਧਾਏ ਪ੍ਰੀਤ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਗ਼ਰੀਬ ਨਿਮਾਣਿਆਂ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਦਾ ਸੁਹੇਲਾ ਵਸੇ ਚੀਤ, ਚੇਤਨ ਆਪਣਾ ਪਰਦਾ ਲਾਹੀਆ । ਦਰਸ ਦਿਖਾਏ ਨੇਤਨ ਨੇਤ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਜਨ ਭਗਤਾਂ ਦੱਸਿਆ ਆਪਣਾ ਭੇਤ, ਪਰਦਾ ਹਰਿ ਜੂ ਦਿਤਾ ਉਠਾਈਆ । ਲਹਿਣਾ ਦੇਣਾ ਚੁਕਾਏ ਮੁੱਲਾਂ ਸ਼ੇਖ਼, ਮਸਾਇਕ ਕੋਇ ਰਹਿਣ ਨਾ ਪਾਈਆ । ਨਿਰਗੁਣ ਧਰਿਆ ਨਿਰਗੁਣ ਭੇਖ, ਸਰਗੁਣ ਲੇਖਾ ਆਪਣੇ ਹੱਥ ਰਖਾਈਆ । ਮੁਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਏ ਨਾ ਬੇਪਰਵਾਹੀਆ । ਜਿਸ ਨੂੰ ਦੱਸ ਗੁਰ ਤੇਈ ਅਵਤਾਰ ਕਰ ਕਰ ਗਏ ਆਦੇਸ, ਸੋ ਆਪਣਾ ਦੇਸ ਵੇਖਣ ਆਈਆ । ਸ਼ਾਹ ਪਾਤਸ਼ਾਹ ਸੱਚਾ ਨਰੇਸ਼, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਵਾਰ ਜਗਾਈਆ । ਜਾਗੋ ਜਾਗੋ ਜਾਗੋ,

ਹਰਿ ਸਾਚਾ ਆਪ ਜਗਾਇੰਦਾ । ਭਾਗੋ ਭਾਗੋ ਭਾਗੋ, ਹਰਿ ਸਾਚਾ ਰਾਹ ਵਖਾਇੰਦਾ । ਲਾਗੋ ਲਾਗੋ ਲਾਗੋ, ਪ੍ਰਭ ਚਰਨ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਆਪਣਾ ਆਪ ਵਰਤਾਈਆ । ਭੁੱਲ ਨਾ ਜਾਣਾ ਬਣ ਨਾਦਾਨ, ਸਚ ਸੰਦੇਸਾ ਰਿਹਾ ਸੁਣਾਈਆ । ਅੰਤਮ ਲੇਖਾ ਮੰਗੇ ਆਣ, ਲੁਕਿਆ ਕੋਇ ਰਹਿਣ ਨਾ ਪਾਈਆ । ਆਪਣਾ ਆਪਣਾ ਦੇਣਾ ਪਏ ਸਰਬ ਬਿਆਨ, ਬਿਨ ਕਲਮ ਸ਼ਾਹੀ ਲਿਖ ਲਿਖ ਰਿਹਾ ਜਣਾਈਆ । ਦੋ ਜਹਾਨਾਂ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਣ, ਕੂਕ ਕੂਕ ਦੇਣ ਦੁਹਾਈਆ । ਕਰੋੜ ਤੇਤੀਸਾ ਆਏ ਹਾਣ, ਸੁਰਪਤ ਧੀਰ ਨਾ ਕੋਇ ਰਖਾਈਆ । ਤੇਈ ਅਵਤਾਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਭਗਤ ਅਠਾਰਾਂ ਨੈਣ ਸਰਮਾਣ, ਸੀਸ ਸਕੇ ਨਾ ਕੋਇ ਉਠਾਈਆ । ਈਸਾ ਮੂਸਾ ਮੁਹੰਮਦ ਸਰਬ ਕੁਰਲਾਣ, ਕੂਕ ਕੂਕ ਰਹੇ ਜਣਾਈਆ । ਗੁਰੂ ਦੱਸ ਕਹਿਣ ਸ੍ਰੀ ਭਗਵਾਨ, ਤੁਧ ਬਿਨ ਓਟ ਅਵਰ ਨਾ ਕੋਇ ਰਖਾਈਆ । ਚੌਥੇ ਜੁਗ ਤੇਰਾ ਅੰਤ ਖੇਲ ਮਹਾਨ, ਸ਼ਾਸਤਰ ਸਿਮਰਤ ਵੇਦ ਪੁਰਾਣ ਦੇਣ ਗਵਾਹੀਆ । ਤੇਰਾ ਅੰਤ ਨਾ ਪਾਇਆ ਵਿਚ ਜਹਾਨ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਾਰੇ ਰੱਖੇ ਇਕੋ ਆਸ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਬੁਝਾਏ ਪਿਆਸ, ਏਕੰਕਾਰਾ ਮੇਘ ਬਰਸਾਇੰਦਾ । ਆਦਿ ਨਿਰੰਜਣ ਕਰੇ ਪਰਕਾਸ਼, ਸ੍ਰੀ ਭਗਵਾਨ ਅੰਧੇਰ ਚੁਕਾਇੰਦਾ । ਅਬਿਨਾਸ਼ੀ ਕਰਤਾ ਦੇਵੇ ਸਾਥ, ਪਾਰਬ੍ਰਹਮ ਪ੍ਰਭ ਬ੍ਰਹਮ ਮਿਲਾਇੰਦਾ । ਜੁਗ ਚੌਕੜੀ ਵੇਖਣਹਾਰਾ ਖੇਲ ਤਮਾਸ਼, ਗੁਰ ਅਵਤਾਰ ਸੇਵ ਲਗਾਇੰਦਾ । ਲੱਖ ਚੁਰਾਸੀ ਦੇਵਣਹਾਰਾ ਪਵਣ ਸਵਾਸ, ਆਤਮ ਪਰਮਾਤਮ ਗੰਢ ਪੁਆਇੰਦਾ । ਨਿਰਗੁਣ ਸਰਗੁਣ ਪਾਵਣਹਾਰਾ ਰਾਸ, ਗੋਪੀ ਕਾਹਨ ਨਾਚ ਨਚਾਇੰਦਾ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਰਬ ਗੁਣਤਾਸ, ਗੁਣਵੰਤਾ ਗੁਣ ਰਖਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਇੰਦਾ । ਪਰਗਟ ਹੋ ਸਾਖਿਆਤ, ਨਿਹਕਲੰਕਾ ਨਾਉਂ ਰਖਾਇੰਦਾ । ਕਲਜੁਗ ਅੰਤਮ ਕਰੇ ਵਫ਼ਾਤ, ਫਾਤਿਆ ਸਭ ਦਾ ਆਪ ਪੜ੍ਹਾਇੰਦਾ । ਸਤਿਜੁਗ ਰੱਖੇ ਇਕ ਜਮਾਤ, ਪਟੀ ਇਕੋ ਇਕ ਵਖਾਇੰਦਾ । ਰਲ ਮਿਲ ਸਾਰੇ ਗੌਣ ਸੱਚੀ ਗਾਥ, ਸੋ ਮੰਤਰ ਆਪ ਪੜ੍ਹਾਇੰਦਾ । ਵਰਨ ਗੋਤ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਸ਼ਰਅ ਜਣਾਇੰਦਾ । ਵੁਜ਼ੂ ਬਾਂਗ, ਨਾ ਕੋਇ ਨਿਮਾਜ਼, ਸਜਦਾ ਸੀਸ ਨਾ ਕੋਇ ਨਿਵਾਇੰਦਾ । ਮੱਕਾ ਕਾਅਬਾ ਨਾ ਕੋਇ ਖ਼ੁਆਬ, ਹੁਜਰੇ ਹੱਜ ਨਾ ਕੋਇ ਜਣਾਇੰਦਾ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਨਵਾਬ, ਨੌਬਤ ਆਪਣੀ ਨਾਮ ਵਜ਼ਾਇੰਦਾ । ਕਾਇਆ ਮੰਦਰ ਅੰਦਰ ਵਖਾਏ ਸਚ ਮਹਿਰਾਬ, ਮਹਿਬੂਬ ਆਪਣਾ ਦਰਸ ਕਰਾਇੰਦਾ । ਸ਼ਬਦ ਅਗੰਮੀ ਮਾਰ ਆਵਾਜ਼, ਹੂ ਹੂ ਨਾਅਰਾ ਏਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪੁੰਨ ਸਵਾਬ, ਪੁਨਹ ਪੁਨਹ ਵੇਖ ਵਖਾਇੰਦਾ । ਸ੍ਰੀ ਭਗਵਾਨ ਸਰਬ ਗੁਣ ਦਾਤਾ, ਗਹਿਰ ਗੰਭੀਰ ਰਿਹਾ ਸਮਝਾਈਆ । ਕਲਜੁਗ ਅੰਤ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸ੍ਰਿਸ਼ਟ ਸਬਾਈ ਵੇਦ ਪੁਰਾਣ, ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਗਾਥਾ, ਗਾ ਗਾ ਪੰਧ ਨਾ ਕੋਇ ਮੁਕਾਈਆ । ਮਨ ਵਾਸਨਾ ਨੌਂ ਦਵਾਰ ਦਹਿ ਦਿਸ਼ਾ ਹੋਈ ਨਾਰ ਕਮਜ਼ਾਤਾ, ਕੁਲੱਖਣੀ ਘਰ ਘਰ ਫੇਰਾ ਪਾਈਆ । ਪੁਰਖ ਪੁਰਖੋਤਮ

੯੦੯
੧੨

੬੧੦
੧੨

ਪਾਰਬ੍ਰਹਮ ਬ੍ਰਹਮ ਬੱਧਾ ਨਾ ਕੋਇ ਨਾਤਾ, ਆਤਮ ਪਰਮਾਤਮ ਨਾ ਕੋਇ ਜਣਾਈਆ । ਅਨਹਦ ਸ਼ਬਦ ਅਨਾਦੀ ਧੁਨ ਧੁਨ ਰਾਗ ਸੁਣਾਏ ਨਾ ਕੋਇ ਸਾਕਾ, ਸਖ਼ੀ ਮਿਲ ਮਿਲ ਮੰਗਲ ਕੋਇ ਨਾ ਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਮਿਲਿਆ ਹਰਿ ਨਾ ਕਮਲਾਪਾਤਾ, ਜਗਤ ਸੁਹਾਗਣ ਸੋਭਾ ਕੋਇ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਮੂਰਤ ਅਕਾਲ ਅਕਾਲ ਵੇਖਣਹਾਰ ਤਮਾਸ਼ਾ, ਆਪਣਾ ਖੇਲ ਰਿਹਾ ਕਰਾਈਆ । ਕਲਜੁਗ ਅੰਤਮ ਜਨ ਭਗਤਾਂ ਅੰਦਰ ਕਰੇ ਵਾਸਾ, ਵਾਸ ਨਿਵਾਸਾ ਰੱਖੇ ਏਕਾ ਥਾਈਆ । ਬਿਨ ਤੇਲ ਬਾਤੀ ਦੀਪਕ ਜੋਤ ਕਰੇ ਪਰਕਾਸ਼ਾ, ਪਰਕਾਸ਼ਵਾਨ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹਾਥ ਨਾ ਆਇਆ ਲੱਖ ਅਕਾਸ਼ ਅਕਾਸ਼ਾ, ਕੋਟਨ ਕੋਟ ਬ੍ਰਹਿਮੰਡਾਂ ਭੇਵ ਕੋਇ ਨਾ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਦੇ ਰਹੇ ਭਾਖਾ, ਆਪਣਾ ਭਾਸ਼ਣ ਨਿੱਕਾ ਨਿੱਕਾ ਸੁਣਾਈਆ । ਵਾਂਗ ਬੱਚਿਆਂ ਦੱਸਦਾ ਰਿਹਾ ਬਾਤਾਂ, ਵਾਂਗ ਪੁੱਤਰਾਂ ਕਰ ਪੜ੍ਹਾਈਆ । ਆਪ ਬੈਠਾ ਰਿਹਾ ਇਕ ਇਕਾਂਤਾ, ਸਚਖੰਡ ਸਾਚਾ ਆਸਣ ਲਾਈਆ । ਬਿਨ ਨਾਨਕ ਖੋਲ੍ਹ ਨਾ ਵਖਾਇਆ ਕਿਸੇ ਤਾਕਾ, ਤਾਕੀ ਆਪਣੀ ਬੰਦ ਵਖਾਈਆ । ਕਬੀਰ ਕਹੇ ਪ੍ਰਭ ਮੇਰਾ ਰਾਖਾ, ਜਿਸ ਮਿਲੀ ਚਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਰਹਿਮਤ ਇਕ ਵਡਿਆਈਆ । ਰਹਿਮਤ ਕਰ ਮੇਰੇ ਰਸੂਲ, ਰੁਸਵਾ ਤੇਰੀ ਆਸ ਤਕਾਈਆ । ਅਰਜ਼ ਕਰ ਕਬੂਲ, ਕਬਰਸਤਾਨ ਦਏ ਦੁਹਾਈਆ । ਆਦਿ ਜੁਗਾਦੀ ਤੇਰਾ ਅਸੂਲ, ਅਸਲ ਇਕੋ ਇਕ ਰਖਾਈਆ । ਨਾਮ ਨਿਧਾਨ ਤੇਰਾ ਮਾਅਕੂਲ, ਨਾ ਕੋਇ ਮੇਟੇ ਮੇਟ ਮਿਟਾਈਆ । ਦੀਨ ਮਜ਼੍ਹਬ ਤੇਰਾ ਲੈਂਦੇ ਰਹੇ ਮਸੂਲ, ਚੁੰਗੀਖਾਨਾ ਜਗਤ ਬਣਾਈਆ । ਮੁੱਲਾ ਸ਼ੇਖ਼ ਮਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਰਸਨਾ ਜਿਹਵਾ ਗਾਉਂਦੇ ਰਹੇ ਫਜ਼ੂਲ, ਫਜ਼ਲ ਤੇਰਾ ਨਜ਼ਰ ਕਿਸੇ ਨਾ ਆਈਆ । ਅੰਤਮ ਲੇਖਾ ਤੇਰੇ ਹੱਥ ਰੋਂਦੇ ਦੋਵੇਂ ਕਾਤਲ ਮਕਤੂਲ, ਸਾਚਾ ਹੱਜ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਰਵਰਦਿਗਾਰ ਤੇਰੀ ਸਰਨਾਈਆ । ਪਰਵਰਦਿਗਾਰ ਮੇਰੇ ਖ਼ੁਦਾ, ਨੇਤਰ ਨੈਣ ਨੈਣ ਸ਼ਰਮਾਇੰਦਾ । ਤੇਰੇ ਨਾਲੋਂ ਹੋਏ ਜੁਦਾ, ਜ਼ੁਜ ਵੱਖਰਾ ਰੂਪ ਵਟਾਇੰਦਾ । ਏਕਾ ਮਾਰਗ ਦੱਸ ਸਿੱਧਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਚੌਦਾਂ ਸਦੀਆਂ ਅੱਲਾ ਰਾਣੀ ਨਾਲ ਮਿਲ ਕੇ ਪਾਇਆ ਗਿੱਧਾ, ਲੋਕਮਾਤ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਸੀਸ ਜਗਦੀਸ ਇਕ ਝੁਕਾ, ਨਿਉਂ ਨਿਉਂ ਚਰਨ ਨਿਮਸਕਾਰ । ਪੁਰਖ ਅਬਿਨਾਸ਼ੀ ਹੋ ਸਹਾ, ਨਿਰਗੁਣ ਬਣ ਮਦਦਗਾਰ । ਦੋਏ ਰੂਪ ਪਾਰ ਕਰਾ, ਸਰਗੁਣ ਤੇਰਾ ਸਚ ਪਿਆਰ । ਤੇਰੀ ਰਹੇ ਓਟ ਤਕਾ, ਪਾਰਬ੍ਰਹਮ ਬੇਅੰਤ ਹਰਿ ਨਿਰੰਕਾਰ । ਬਾਂਹੋਂ ਫੜ ਗਲੇ ਲਗਾ, ਦਰਦ ਵਿਛੋੜਾ ਦੁੱਖ ਨਿਵਾਰ । ਆਪਣੀ ਗੋਦੀ ਲੈ ਉਠਾ, ਝੱਲਿਆ ਜਾਏ ਨਾ ਦੁੱਖ ਸਾਂਝੇ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦਰ ਸੱਚਾ ਦਵਾਰ । ਤੇਰਾ ਦਰ ਉਚ ਮਹੱਲਾ, ਮਿਹਰਵਾਨ ਤੇਰੀ ਵਡਿਆਈਆ । ਆਦਿ ਜੁਗਾਦਿ ਵਸੇਂ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਜਲਾ ਥਲਾ, ਮਹੀਅਲ ਡੇਰਾ ਆਪਣਾ ਲਾਈਆ । ਜੁਗ ਚੌਕੜੀ ਕਰਦਾ ਰਿਹਾ ਵਲਾ ਛਲਾ, ਅਛਲ ਛਲ ਆਪਣੀ ਧਾਰ ਚਲਾਈਆ । ਨਾਉਂ ਨਿਰੰਕਾਰ ਫੜਾਇਆ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਸਚ ਸੰਦੇਸ ਜੁਗ ਜੁਗ ਘੱਲਾ, ਗੁਰ

ਅਵਤਾਰ ਪੈਗ਼ੰਬਰ ਲਏ ਪੜ੍ਹਾਈਆ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਪੁਰਖ ਨਿਰੰਜਨ ਸਚ ਗੋਸਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਤਿਵਾਦੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਨ ਬ੍ਰਹਮ ਬ੍ਰਹਿਮਾਦ, ਹਰਿ ਪੁਰਖ ਨਿਰੰਜਣ ਖੋਜ ਖੋਜਾਇੰਦਾ । ਏਕੰਕਾਰ ਅਗੰਮੀ ਨਾਦ, ਦੋ ਜਹਾਨਾਂ ਆਪ ਸੁਣਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਨਿਰਗੁਣ ਸਰਗੁਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਪਾਵੇ ਰਾਸ, ਆਤਮ ਪਰਮਾਤਮ ਨਾਚ ਨਚਾਇੰਦਾ । ਸ੍ਰੀ ਭਗਵਾਨ ਸਾਖਿਆਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਗੁਰ ਗੁਰ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਰੁੱਤ ਅਗੰਮੜੀ ਆਪ ਸੁਹਾਇੰਦਾ । ਵੇਖਣਹਾਰਾ ਸਾਚੀ ਜ਼ਾਤ, ਅਜ਼ਾਤੀ ਆਪਣਾ ਨਾਉਂ ਸਮਝਾਇੰਦਾ । ਜਗਤ ਜੁਗ ਪੁੱਛਣਹਾਰਾ ਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਖੋਲ੍ਹੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਨਿਹਕਲੰਕਾ ਨਾਉਂ ਰਖਾਈਆ । ਪਰਗਟ ਹੋਵੇ ਵਿਚ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਈਆ । ਧੁਰਦਰਗਾਹੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਨਾਲ ਉਠਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਸਾਚਾ ਤਖ਼ਤ ਇਕ ਸੁਹਾਈਆ । ਸਾਢੇ ਤਿੰਨ ਹੱਥ ਕਰ ਪਰਵਾਨ, ਸਚ ਪਰਵਾਨਾ ਦਏ ਫੜਾਈਆ । ਭੂਪਤ ਭੂਪ ਬਣ ਰਾਜਾਨ, ਰੱਯਤ ਵੇਖੇ ਚਾਈਂ ਚਾਈਆ । ਕਰੇ ਖੇਲ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸਮਝਾਈਆ । ਸਾਚਾ ਹੁਕਮ ਸਚ ਸੰਦੇਸਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਸ਼ਾਹ ਪਾਤਸ਼ਾਹ ਹਰਿ ਨਰ ਨਰੇਸ਼ਾ, ਨਰ ਨਿਰੰਕਾਰਾ ਵੇਸ ਵਟਾਇੰਦਾ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਵੇਖਣਹਾਰਾ ਦੇਸ ਪਰਦੇਸਾ, ਲੋਕ ਪਰਲੋਕ ਡੇਰਾ ਢਾਹਿੰਦਾ । ਦੇਵਣਹਾਰਾ ਸਚ ਸੰਦੇਸਾ, ਆਦਿ ਜੁਗਾਦਿ ਗੁਰ ਮੰਤਰ ਆਪ ਸੁਣਾਇੰਦਾ । ਬਣਾਵਣਹਾਰਾ ਸਾਚੀ ਰੇਖਾ, ਘੜ ਘੜ ਭਾਂਡੇ ਆਪ ਸੁਹਾਇੰਦਾ । ਦੇਵਣਹਾਰਾ ਸਾਚਾ ਭੇਤਾ, ਘਰ ਘਰ ਵਿਚ ਘਰ ਵਡਿਆਇੰਦਾ । ਕਰਨਹਾਰਾ ਸਾਚਾ ਹੇਤਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਰੱਖਣਹਾਰਾ ਸਾਚਾ ਚੇਤਾ, ਨਿਤ ਨਵਿਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਇਕੋ ਇਕ, ਏਕੰਕਾਰਾ ਆਪ ਜਣਾਈਆ । ਆਦਿ ਪੁਰਖ ਆਪਣਾ ਲੇਖਾ ਆਪੇ ਲਿਖ, ਆਪਣੇ ਵਿਚ ਛੁਪਾਈਆ । ਨੇਤਰ ਨੈਣ ਨਾ ਆਏ ਦਿਸ, ਲੋਚਣ ਦਰਸ ਕੋਇ ਨਾ ਪਾਈਆ । ਅੱਗੇ ਹੋ ਨਾ ਸਕੇ ਕੋਈ ਪੁੱਛ, ਗੁਰ ਅਵਤਾਰ ਬੈਠੇ ਸੀਸ ਝੁਕਾਈਆ । ਇਕ ਦੂਜੇ ਪਿਛੇ ਰਹੇ ਲੁਕ, ਪਿਛਲੀ ਕੀਤੀ ਨਜ਼ਰ ਨਾ ਆਈਆ । ਸਭ ਦਾ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਕੂੜੀ ਕਿਰਿਆ ਸਭ ਦੇ ਮੂੰਹ ਵਿਚ ਪਿਆ ਥੁੱਕ, ਗੁਰ ਕਾ ਸ਼ਬਦ ਨਾ ਕੋਇ ਗਾਈਆ । ਅੰਮ੍ਰਿਤ ਜਾਮ ਨਾ ਮਿਲਿਆ ਘੁੱਟ, ਮਦਿਰਾ ਮਾਸ ਹੋਈ ਹਲਕਾਈਆ । ਕੂੜੀ ਕਿਰਿਆ ਨਾ ਮਿਟੀ ਫੁੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਰੁੱਤ ਬਸੰਤੀ ਨਾ ਮੌਲੀ ਅਬਿਨਾਸ਼ੀ ਅਚੁੱਤ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਬਿਨ ਹਰਿ ਨਾਮੇ ਖਾਲੀ ਦਿਸਣ ਬੁੱਤ, ਪੰਜ ਤਤ ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਆਪ, ਆਪ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਵਡ ਪਰਤਾਪ, ਹਰਿ ਪਰਤਾਪੀ ਆਪ ਵਖਾਇੰਦਾ । ਆਦਿ ਜੁਗਾਦੀ ਸਾਚਾ ਜਾਪ, ਮੰਤਰ ਨਾਮ ਇਕ ਦ੍ਰਿੜਾਇੰਦਾ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੂਤ ਵੇਖ ਵਖਾਇੰਦਾ । ਆਦਿ ਜੁਗਾਦੀ ਦੇਵਣਹਾਰਾ ਸਾਥ, ਨਿਰਗੁਣ ਸਰਗੁਣ ਸੰਗ ਨਿਭਾਇੰਦਾ । ਆਦਿ ਜੁਗਾਦੀ ਗਾਵਣਹਾਰਾ ਪਾਠ, ਪੜ੍ਹ ਪੜ੍ਹ ਆਪਣਾ ਨਾਉਂ ਸੁਣਾਇੰਦਾ । ਆਦਿ ਜੁਗਾਦੀ ਵੇਖਣਹਾਰਾ ਮਾਰ ਝਾਤ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਆਦਿ ਜੁਗਾਦੀ ਸੱਜਣ ਸਾਕ, ਨਿਰਗੁਣ ਸਰਗੁਣ ਸਗਲਾ ਸੰਗ ਨਿਭਾਇੰਦਾ । ਆਦਿ ਜੁਗਾਦੀ ਪਾਕੀ ਪਾਕ, ਪੱਤਤ ਪੁਨੀਤ, ਆਪ ਕਰਾਇੰਦਾ । ਆਦਿ ਜੁਗਾਦੀ ਭਵਿਖਤ ਵਾਕ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਸੁਣਾਇੰਦਾ । ਆਦਿ ਜੁਗਾਦੀ ਖੇਲੇ ਖੇਲ ਤਮਾਸ਼, ਖੇਲਣਹਾਰਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਉਠਾਇੰਦਾ । ਸਾਚਾ ਪਰਦਾ ਖੋਲ੍ਹਣ ਆਇਆ, ਖ਼ਾਲਕ ਖ਼ਲਕ ਖ਼ਲਕ ਕਰਤਾਰ । ਗੁਰ ਅਵਤਾਰ ਪੀਰ ਪੈਗ਼ੰਬਰ ਫੜਨ ਆਇਆ, ਨਿਰਗੁਣ ਨਿਰਗੁਣ ਲੈ ਅਵਤਾਰ । ਸਚ ਮਹੱਲੇ ਉਚੇ ਟਿੱਲੇ ਚੜ੍ਹਨੇ ਆਇਆ, ਮਹੱਲ ਅਟੱਲ ਵੇਖੇ ਵੇਖਣਹਾਰ । ਉਚੀ ਕੂਕ ਕੂਕ ਸੁਣਾਵਣ ਆਇਆ, ਦੋ ਜਹਾਨਾਂ ਕਰੇ ਖ਼ਬਰਦਾਰ । ਸ੍ਰਿਸ਼ਟ ਸਬਾਈ ਸੁੱਤੀ ਆਪ ਉਠਾਵਣ ਆਇਆ, ਸੋਇਆ ਰਹੇ ਨਾ ਕੋਇ ਵਿਚ ਸੰਸਾਰ । ਕਲਜੁਗ ਰੁੱਤੀ ਅੰਤ ਮੁਕਾਵਣ ਆਇਆ, ਕੂੜੀ ਕਿਰਿਆ ਮੇਟੇ ਛਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਲੱਖ ਅਗੋਚਰ ਅਗੰਮ ਅਪਾਰ । ਅਲੱਖ ਅਗੋਚਰ ਅਗੰਮ ਅਥਾਹ, ਬੇਪਰਵਾਹ ਵਡੀ ਵਡਿਆਈਆ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਹੁਕਮ ਹਾਸਲ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਨੋ ਪਨਾਹ, ਸਚ ਸੰਦੇਸਾ ਇਕ ਦ੍ਰਿੜਾਈਆ । ਗਲ ਵਿਚ ਪੱਲੂ ਲਓ ਪਾ, ਸਾਚੀ ਸਿਖਿਆ ਇਕ ਸਮਝਾਈਆ । ਵਾਹਿਗੁਰੂ ਰਾਮ ਸਾਰੇ ਕਹੋ ਖ਼ੁਦਾ, ਖ਼ੁਦੀ ਕੋਇ ਨਜ਼ਰ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਰਹੇ ਜੁਦਾ, ਜੁਦਾ ਆਪਣੀ ਵੰਡ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅੰਤ ਕੰਤ ਭਗਵੰਤ ਨਾਰੀ ਕੰਤ ਲਏ ਪਰਨਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਰਲ ਮਿਲ ਸਾਰੇ ਚਰਨ ਕਵਲ ਸੇਵਾ ਲਓ ਕਮਾ, ਕਵਲ ਨੈਣ ਮਿਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ, ਏਕੋ ਰਿਹਾ ਜਣਾਈਆ । ਤੇਰਾ ਸੰਦੇਸਾ ਸੋਹਣਾ ਲੱਗਾ, ਲੱਗਾ ਤੀਰ ਨਿਆਰਾ । ਸੋ ਪੁਰਖ ਨਿਰੰਜਣ ਨਜ਼ਰੀ ਆਏ ਤੇਰਾ ਇਕੋ ਅੱਗਾ, ਪਿਛਾ ਰਿਹਾ ਨਾ ਕੋਇ ਕਿਨਾਰਾ । ਤੇਰਾ ਨਾਮ ਨਗਾਰਾ ਇਕੋ ਵੱਜਾ, ਦੋ ਜਹਾਨਾਂ ਕਰੇ ਖ਼ਬਰਦਾਰਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮੇ ਅੰਦਰ ਬੱਝਾ, ਤੇਰੇ ਚਰਨ ਕਰੇ ਨਿਮਸਕਾਰਾ । ਧੰਨ ਭਾਗ ਸਾਹਿਬ ਸੁਲਤਾਨ ਸਚ ਸਿੰਘਾਸਣ ਸਜਾ, ਬੇਐਬ ਪਰਵਰਦਿਗਾਰਾ । ਸਾਡੀ ਚਾਰ ਯੁਗ ਦੀ ਲੱਥੀ ਲੱਜਾ, ਨੇਤਰ ਹੋਣ ਨਾ ਸ਼ਰਮਸਾਰਾ । ਕਿਰਪਾਨਿਧ ਪਰਦਾ ਕੱਜਾ, ਠਾਕਰ ਮਿਲਿਆ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮਿਲੇ ਚਰਨ ਸਹਾਰਾ । ਚਰਨ ਸਹਾਰਾ ਦੇ ਦੇ ਏਕ, ਏਕੰਕਾਰ ਤੇਰੀ ਵਡਿਆਈਆ । ਅੰਤ ਰੱਖ ਕੇ ਆਏ ਤੇਰੀ ਟੇਕ, ਇਕੋ ਆਸ ਤਕਾਈਆ । ਕਲਜੁਗ ਅੰਤ ਆਪਣੀ ਕਿਰਪਾ ਆਪੇ ਵੇਖ, ਸਾਡੀ ਹੋਈ ਜੁਦਾਈਆ । ਅਸੀਂ ਕਹਿ ਕਹਿ ਆਏ ਅੰਤਮ ਆਏ ਨਰ ਨਰੇਸ਼, ਨਿਹਕਲੰਕਾ ਨਾਉਂ

ਧਰਾਈਆ । ਮਹਾਬਲੀ ਧਰੇ ਭੇਖ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਵਸੇ ਇਕੋ ਸਾਚੇ ਦੇਸ, ਸੰਬਲ ਆਪਣਾ ਚਰਨ ਟਿਕਾਈਆ । ਵਿਸ਼ਨੂੰ ਸੇਵਾ ਕਰੇ ਛੱਡ ਸਾਂਗੋ ਪਾਂਗ ਬਾਸ਼ਕ ਸੇਜ, ਸੇਜਾ ਅਵਰ ਨਾ ਕੋਇ ਹੰਢਾਈਆ । ਨਿਜ ਨੇਤਰ ਨਿਜ ਨੈਣ ਨਿਜ ਲੋਚਣ ਨਿਜ ਘਰ ਨਿਜ ਗ੍ਰਿਹਿ ਨਿਜ ਮੰਦਰ ਲਏ ਵੇਖ, ਆਪ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਸੰਦੇਸਾ ਦੇ ਕੇ ਆਇਆ ਗੁਰ ਦਸਮੇਸ, ਗੋਬਿੰਦ ਨਾਮ ਨਿਧਾਨਾ ਗਾਈਆ । ਅੰਤ ਸੰਦੇਸਾ ਤੇਰਾ ਸੱਜਣ, ਮੁਰੀਦ ਮੁਰਸ਼ਦ ਗਿਆ ਜਣਾਈਆ । ਪਰਵਰਦਿਗਾਰ ਹੋਏ ਪਰਦੇ ਕੱਜਣ, ਬੇਐਬ ਫੇਰਾ ਪਾਈਆ । ਮਰਦ ਮਰਦਾਨਾ ਕਰੇ ਖੇਲ ਸੂਰਾ ਸਰਬੰਗਣ, ਬਲ ਆਪਣਾ ਆਪ ਵਖਾਈਆ । ਲੱਖ ਚੁਰਾਸੀ ਜੀਵ ਜੰਤ ਜੋ ਘੜਿਆ ਸੋ ਭਾਂਡੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਗੁਰਮੁਖਾਂ ਰੱਖੇ ਅੰਤਮ ਲੱਜਣ, ਸਿਰ ਆਪਣਾ ਹੱਥ ਟਿਕਾਈਆ । ਚਰਨ ਸਰੋਵਰ ਕਰਾਏ ਮਜਨ, ਅਠਸਠ ਤੀਰਥ ਡੇਰਾ ਢਾਹੀਆ । ਸੰਤ ਸੁਹੇਲੇ ਸਤਿਗੁਰ ਦਵਾਰੇ ਬਹਿ ਬਹਿ ਸਜਣ, ਭਗਤ ਭਗਵੰਤ ਕਰੇ ਕੁੜਮਾਈਆ । ਗੁਰਮੁਖ ਦਰਸ਼ਨ ਕਰ ਕਰ ਰਜਣ, ਨੇਤਰ ਨੈਣ ਨੈਣ ਬਿਗਸਾਈਆ । ਗੁਰਸਿਖ ਮਿਲ ਮਿਲ ਗੁਰਸਿਖ ਹੱਸਣ, ਸੋਹੰ ਢੋਲਾ ਏਕਾ ਗਾਈਆ । ਹਰਿ ਚਰਨ ਦਵਾਰੇ ਬਹਿ ਬਹਿ ਸਜਣ, ਮਿਲੇ ਸੱਚੀ ਸਰਨਾਈਆ । ਜਗਤ ਨਾਤਾ ਕੂੜਾ ਤੱਜਣ, ਪੁਰਖ ਅਕਾਲ ਇਕ ਮਨਾਈਆ । ਦੋਏ ਜੋੜ ਕਰਨ ਬੰਦਨ, ਬੰਦੀਖਾਨਾ ਦਏ ਤੁੜਾਈਆ । ਲੱਖ ਚੁਰਾਸੀ ਛੁੱਟੇ ਫੰਦਨ, ਰਾਏ ਧਰਮ ਨਾ ਦਏ ਸਜ਼ਾਈਆ । ਮਸਤਕ ਟਿੱਕਾ ਲਾਏ ਚੰਦਨ, ਕੌਸਤਕ ਮਣੀਆ ਰੂਪ ਵਖਾਈਆ । ਮੇਲ ਮਿਲਾਵਾ ਤ੍ਰਿਲੋਕੀ ਨੰਦਨ, ਤ੍ਰਿਲੋਕੀ ਨੰਦਨ ਲੇਖਾ ਆਪ ਚੁਕਾਈਆ । ਕਲ ਕਲਕੀ ਆਏ ਸਰਬ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਕਿਸੇ ਦਵਾਰੇ ਨਾ ਜਾਏ ਮੰਗਣ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਚਰਨਾਂ ਹੇਠ ਰਖਾਈਆ । ਪਿਛਲਾ ਲੇਖਾ ਕਰੇ ਖੰਡਨ, ਅੱਗੇ ਖੰਡਾ ਖੜਗ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹਲਾ ਪਰਦਾ ਦਏ ਚੁਕਾਈਆ । ਉਹਲਾ ਪਰਦਾ ਚੁਕਾਏ ਸ੍ਰੀ ਭਗਵਾਨ, ਮੁਖ ਨਕਾਬ ਨਾ ਕੋਇ ਰਖਾਈਆ । ਕਲਜੁਗ ਮਿਟੇ ਕੂੜ ਨਿਸ਼ਾਨ, ਕੂੜ ਕੂੜਾ ਦਏ ਗਵਾਈਆ । ਸਤਿਜੁਗ ਸਚ ਹੋਏ ਪਰਧਾਨ, ਵਡ ਪਰਧਾਨਗੀ ਆਪ ਕਮਾਈਆ । ਸ਼ਾਹ ਸੁਲਤਾਨਾ ਕਰੇ ਹੈਰਾਨ, ਹਰਿ ਜੂ ਆਪਣੀ ਖੇਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਬਹਾ ਸਾਚੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਆਪ ਜਣਾਇੰਦਾ । ਸਤਿ ਸਤਿਵਾਦੀ ਅੱਖਰ ਬੋਲ, ਅੱਖਰ ਅੱਖਰ ਭੇਵ ਚੁਕਾਇੰਦਾ । ਤੋਲਣਹਾਰਾ ਸਾਚਾ ਤੋਲ, ਸਾਚਾ ਕੰਡਾ ਹੱਥ ਉਠਾਇੰਦਾ । ਜੁਗ ਜੁਗ ਮਾਰਨਹਾਰਾ ਰੋਲ, ਭੇਵ ਅਭੇਦ ਆਪ ਛੁਪਾਇੰਦਾ । ਕਲਜੁਗ ਅੰਤ ਜਨ ਭਗਤਾਂ ਵਸੇ ਸਦਾ ਕੋਲ, ਵਿਛੜ ਕਦੇ ਨਾ ਜਾਇੰਦਾ । ਨੌਂ ਖੰਡ ਪ੍ਰਿਥਮੀ ਵੱਜੇ ਢੋਲ, ਢੋਲਾ ਇਕੋ ਹਰਿ ਜੂ ਗਾਇੰਦਾ । ਆਤਮ ਪਰਮਾਤਮ ਜਾਏ ਮੌਲ, ਮੌਲਾ ਰੂਪ ਇਕ ਵਖਾਇੰਦਾ । ਅੰਮ੍ਰਿਤ ਰਸ ਨਾਭ ਕੌਲ, ਕਵਲ ਕਵਲਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਸ਼ਹਿਨਸ਼ਾਹ, ਸ਼ਾਹ ਏਕਾ ਏਕ ਜਣਾਈਆ । ਉਨੀ ਕੱਤਕ ਦਿਵਸ ਦਏ ਸੁਹਾ, ਲੋਕਮਾਤ ਵੱਜੇ ਵਧਾਈਆ । ਸਚ ਸੰਦੇਸਾ ਸਚ ਲਿਖਾ, ਭੇਵ ਅਭੇਦਾ ਦਏ ਜਣਾਈਆ । ਵਾਲੀ ਹਿੰਦ ਦਏ ਉਠਾ, ਉਠ ਉਠ ਆਪਣਾ ਰਾਹ ਵਖਾਈਆ । ਲਿਖ ਲਿਖ ਪਾਤੀ

ਦਏ ਪੁਚਾ, ਕਮਲਾਪਾਤੀ ਦਇਆ ਕਮਾਈਆ । ਪਹਿਲੀ ਚੇਤ ਧਿਆਨ ਲਗਾ, ਲਗਾ ਧਿਆਨ ਨਾ ਕੋਇ ਛੁਡਾਈਆ । ਨਰ ਨਰਾਇਣ ਜਾਏ ਆ, ਨਿਹਕਲੰਕਾ ਵੇਸ ਵਟਾਈਆ । ਸਾਚੀ ਸਿਖਿਆ ਜਾਏ ਸਮਝਾ, ਸਮਝ ਸਮਝ ਨਾਲ ਮਿਲਾਈਆ । ਪੰਚ ਪਿਆਰੇ ਲਏ ਗਵਾਹ, ਸ਼ਹਾਦਤ ਇਕੋ ਇਕ ਸਮਝਾਈਆ । ਸ਼ਬਦ ਲਿਖਾਰੀ ਦਏ ਸਲਾਹ, ਕਰੇ ਸਚ ਪੜ੍ਹਾਈਆ । ਉਨੀ ਸਾਲ ਪਰਦਾ ਰੱਖਿਆ ਪਾ, ਪੰਜ ਤਤ ਅੰਤਰ ਡੇਰਾ ਲਾਈਆ । ਬੀਸ ਬੀਸਾ ਖ਼ੁਸ਼ੀ ਲਏ ਮਨਾ, ਆਪ ਆਪਣਾ ਬਲ ਧਰਾਈਆ । ਭੇਵ ਅਭੇਦ ਦਏ ਖੁਲ੍ਹਾ, ਥਿਰ ਕੋਇ ਰਹਿਣ ਨਾ ਪਾਈਆ । ਬਿਨ ਹਰਿ ਸੰਗਤ ਮਿਲਣਾ ਨਾ ਕੋਈ ਥਾਂ, ਪਾਰ ਕਿਨਾਰ ਨਾ ਕੋਇ ਕਰਾਈਆ । ਕਰੇ ਖੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਦੇਵੇ ਇਕੋ ਵਰ, ਦਰ ਆਇਆ ਦਰਦੀ ਦਰਦ ਦੁੱਖ ਲਏ ਵੰਡਾਈਆ ।

## ✳ ੫ ਅੱਸੂ ੨੦੧੯ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਹਿ ਹਰੀਪੁਰ ✳

ਬ੍ਰਹਿਮੰਡ ਖੰਡ ਤੱਕਣ ਰਾਹ, ਕੋਟਨ ਕੋਟ ਧਿਆਨ ਲਗਾਈਆ । ਨਿਉਂ ਨਿਉਂ ਸਜਦਾ ਸੀਸ ਰਹੇ ਝੁਕਾ, ਨੇਤਰ ਨੈਣ ਨੈਣ ਸ਼ਰਮਾਈਆ । ਕਵਣ ਵੇਲਾ ਮਿਲੇ ਪ੍ਰਭ ਬੇਪਰਵਾਹ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਲੇਖਾ ਲਵੇ ਲਾ, ਲਹਿਣਾ ਦੇਣਾ ਮੂਲ ਚੁਕਾਈਆ । ਲੋਆਂ ਪੁਰੀਆਂ ਪਰਦਾ ਦਏ ਉਠਾ, ਆਪ ਆਪਣੀ ਦਇਆ ਕਮਾਈਆ । ਰਵ ਸਸ ਸੂਰਜ ਚੰਦ ਪੰਧ ਦਏ ਮੁਕਾ, ਬਣ ਪਾਂਧੀ ਸੱਚਾ ਮਾਹੀਆ । ਨਿਰਗੁਣ ਨਿਰਗੁਣ ਸਰਗੁਣ ਢੋਲਾ ਦਏ ਸੁਣਾ, ਅੱਖਰ ਵੱਖਰ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਦਰ ਆਪਣੇ ਲਏ ਬਹਾ, ਨਾਮ ਡੋਰੀ ਬੰਧਣ ਪਾਈਆ । ਜੁਗ ਚੌਕੜੀ ਲੇਖਾ ਦਏ ਚੁਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਣ ਅਭਿਮਾਣ ਨਾ ਕੋਇ ਰਖਾਈਆ । ਜ਼ਿਮੀਂ ਅਸਮਾਨਾਂ ਨਾਤਾ ਦਏ ਤੁੜਾ, ਮੰਡਲ ਮੰਡਪ ਵੇਖੇ ਥਾਉਂ ਥਾਈਆ । ਲੱਖ ਚੁਰਾਸੀ ਬੰਧਣ ਦੇਵੇ ਪਾ, ਅੰਡਜ ਜੇਰਜ ਸੇਤਜ ਉਤਭੁਜ ਏਕਾ ਹੁਕਮ ਮਨਾਈਆ । ਕਾਗਦ ਕਲਮ ਲੇਖਾ ਦਏ ਚੁਕਾ, ਗੀਤ ਸੁਹਾਗੀ ਏਕਾ ਗਾਈਆ । ਹਰਿਜਨ ਹਰਿ ਭਗਤ ਗੁਰਮੁਖ ਸੱਜਣ ਲਏ ਉਠਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਚਾਤ੍ਰਿਕ ਤ੍ਰਿਖਾ ਦਏ ਬੁਝਾ, ਅੰਮ੍ਰਿਤ ਮੇਘ ਇਕ ਬਰਸਾਈਆ । ਰੁੱਤ ਸੁਹੰਜਣੀ ਦਏ ਮਹਿਕਾ, ਫਲ ਫੁਲ ਪੱਤ ਡਾਲ੍ਹੀ ਆਪ ਮਹਿਕਾਈਆ । ਸਚ ਸੁਗੰਧੀ ਦਏ ਵਖਾ, ਮਨ ਵਾਸਨਾ ਗੰਦੀ ਬਾਹਰ ਕਢਾਈਆ । ਬਿਨ ਤੰਦੀ ਰਾਗ ਦਏ ਸੁਣਾ, ਅੰਤਰ ਢੋਲਾ ਇਕੋ ਗਾਈਆ । ਚੰਦ ਨੌਚੰਦੀ ਦਏ ਚੜ੍ਹਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਕੰਢੀ ਬੈਠਿਆਂ ਮਿਲੇ ਆ, ਦੂਰ ਦੁਰਾਡਾ ਪੰਧ ਮੁਕਾਈਆ । ਬੰਦੀਖਾਨਾ ਦਏ ਤੁੜਾ, ਵੇਲੇ ਅੰਤ ਨਾ ਕੋਇ ਸਜ਼ਾਈਆ । ਸਾਚਾ ਮੰਦਰ ਦਏ ਖੁਲ੍ਹਾ, ਸਚਖੰਡ ਸਾਚੇ ਵੱਜੇ ਵਧਾਈਆ । ਥਿਰ ਘਰ ਨੈਣ ਲਏ ਉਠਾ, ਲੋਚਣ ਆਪਣੇ ਰੰਗ ਰੰਗਾਈਆ । ਸ਼ਬਦ ਮਿਲਾਵਾ ਸਹਿਜ ਸੁਭਾ, ਜੋਤੀ ਜਾਤਾ ਵੇਖ ਵਖਾਈਆ । ਪੁਰਖ ਬਿਧਾਤਾ ਆਪਣਾ ਪਰਦਾ ਦਏ ਉਠਾ, ਮੁਖ ਨਕਾਬ ਨਾ ਕੋਇ ਰਖਾਈਆ । ਅਹਿਬਾਬ ਰਬਾਬ ਦਏ ਵਜਾ, ਦਸਤਗੀਰ ਦਇਆ ਕਮਾਈਆ । ਮੁਕਾਮੇ ਹੱਕ ਚਲੇ ਇਕ ਰਜ਼ਾ, ਰਹਿਮਤ ਆਪਣੀ ਇਕ ਵਖਾਈਆ । ਸਹੀ

ਸਲਾਮਤ ਸਾਹਿਬ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਪਰਵਰਦਿਗਾਰ ਪੱਲੂ ਲਏ ਫੜਾ, ਦਸਤ ਬਦਸਤ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬ੍ਰਹਿਮੰਡ ਖੰਡ ਨੇਤਰ ਰੋ, ਨੈਣ ਨੈਣਾਂ ਨੀਰ ਵਹਾਇਆ । ਕਵਣ ਵੇਲਾ ਪ੍ਰਭ ਦੱਸੇ ਸੱਚੀ ਸੋ, ਭੇਵ ਅਭੇਦਾ ਆਪ ਖੁਲ੍ਹਾਇਆ । ਵਿਸ਼ਨ ਬ੍ਰਹਮਾ ਸ਼ਿਵ ਅੰਮ੍ਰਿਤ ਰਸ ਦੇਵੇ ਚੋ, ਕਰੋੜ ਤੇਤੀਸਾ ਸਾਂਤਕ ਸਤਿ ਕਰਾਇਆ । ਨਿਰਗੁਣ ਸਰਗੁਣ ਕਰੇ ਲੋ, ਪਰਕਾਸ਼ ਪਰਕਾਸ਼ ਨਾਲ ਮਿਲਾਇਆ । ਸਾਚਾ ਢੋਆ ਦੇਵੇ ਢੋ, ਨਾਮ ਸੰਦੇਸਾ ਇਕ ਸੁਣਾਇਆ । ਆਤਮ ਪਰਮਾਤਮ ਜਾਏ ਛੋ, ਦੂਈ ਦਵੈਤੀ ਪੰਧ ਮੁਕਾਇਆ । ਬ੍ਰਹਮ ਪਾਰਬ੍ਰਹਮ ਆਪੇ ਹੋ, ਬ੍ਰਹਮ ਲੇਖਾ ਲਏ ਲਗਾਇਆ । ਦੁਰਮਤ ਮੈਲ ਦੇਵੇ ਧੋ, ਕਾਗ ਹੰਸ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਦੇਵੇ ਵਰ, ਦਰ ਘਰ ਸਾਚੇ ਫੇਰਾ ਪਾਇਆ । ਬ੍ਰਹਿਮੰਡ ਖੰਡ ਰਹੇ ਉਡੀਕ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਬਖ਼ਸ਼ੇ ਚਰਨ ਪ੍ਰੀਤ, ਪ੍ਰੀਤ ਚਰਨ ਇਕ ਸਮਝਾਈਆ । ਕਲਜੁਗ ਮੇਟੇ ਕੂੜੀ ਰੀਤ, ਸਤਿਜੁਗ ਸਾਚਾ ਪੰਧ ਵਖਾਈਆ । ਸ੍ਰਿਸ਼ਟ ਸਬਾਈ ਗਾਏ ਗੀਤ, ਸੋਹੰ ਢੋਲਾ ਏਕਾ ਗਾਈਆ । ਨਾਤਾ ਤੁਟੇ ਮੰਦਰ ਮਸੀਤ, ਮੱਠ ਸ਼ਿਵਦਵਾਲਾ ਰਹਿਣ ਨਾ ਪਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਲੇਖਾ ਦਏ ਚੁਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਠਾਂਡਾ ਸੀਤ, ਸਚਖੰਡ ਬੈਠਾ ਡੇਰਾ ਲਾਈਆ । ਵਸਣਹਾਰਾ ਹਸਤ ਕੀਟ, ਊਚ ਨੀਚ ਰਾਉ ਰੰਕ ਰਿਹਾ ਸਮਾਈਆ । ਕਰੇ ਖੇਲ ਆਪ ਅਣਡੀਠ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਮਿੱਠਾ ਕਰੇ ਕੌੜਾ ਰੀਠ, ਜਿਸ ਜਨ ਆਪਣਾ ਅੰਮ੍ਰਿਤ ਰਸ ਚੁਆਈਆ । ਜੋਤੀ

੬੧੫ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਏਕਾ ਝੋਲੀ ਪਾਈਆ । ਬ੍ਰਹਿਮੰਡ ਖੰਡ ਨੇਤਰ ਰਹੇ ਖੋਲ੍ਹ, ਨੈਣ ੬੧੫

੧੨ ਨੈਣ ਨੈਣ ਉਠਾਇਆ । ਕਵਣ ਦਿਸ਼ਾ ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਬੋਲ, ਅਨਬੋਲਤ ਰਾਗ ਸੁਣਾਇਆ । ਕਵਣ ਕੰਢੇ ਤੋਲ ਰਿਹਾ ਤੋਲ, ੧੨

ਤੋਲਣਹਾਰ ਸੱਚਾ ਸ਼ਹਿਨਸ਼ਾਹਿਆ । ਕਵਣ ਵਸਤ ਰੱਖੇ ਕੋਲ, ਜਨ ਭਗਤਾਂ ਦਏ ਵਰਤਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੁੱਤੇ ਰਹੇ ਅਣਭੋਲ, ਆਲਸ ਨਿੰਦਰਾ ਨਾ ਕੋਇ ਮਿਟਾਇਆ । ਆਪਣਾ ਆਪ ਨਾ ਲਿਆ ਫੋਲ, ਪਰਦਾ ਲਏ ਨਾ ਕੋਇ ਚੁਕਾਇਆ । ਘਰ ਮੰਦਰ ਵਸਤ ਅਨਮੋਲ, ਗ੍ਰਹਿ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਦੇਵੇ ਵਰ, ਸਚ ਸੰਦੇਸਾ ਇਕ ਸੁਣਾਇਆ । ਬ੍ਰਹਿਮੰਡ ਖੰਡ ਰਹੇ ਤੱਕ, ਧਿਆਨ ਧਿਆਨ ਵਿਚ ਰਖਾਈਆ । ਜੁਗ ਚੌਕੜੀ ਗਏ ਅੱਕ, ਪਾਂਧੀ ਪੰਧ ਨਾ ਕੋਇ ਮੁਕਾਈਆ । ਰਵ ਸਸ ਗਏ ਥੱਕ, ਕੋਹ ਕਰੋੜੀ ਚਲਤ ਅੰਤ ਨਾ ਪਾਈਆ । ਨਵ ਨੌਂ ਲੌਂਦੇ ਭੱਖ, ਭਾਖਿਆ ਹਰਿ ਨਾ ਕੋਇ ਸੁਣਾਈਆ । ਚਾਰ ਵਰਨ ਭਾਂਡੇ ਸੱਖ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਡਿਆਈਆ । ਨਾਦ ਸੁਣਾਏ ਨਾ ਕੋਇ ਹੱਕ, ਹਕ਼ੀਕ਼ਤ ਪਰਦਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਇਕੋ ਓਟ ਤਕਾਈਆ । ਬ੍ਰਹਿਮੰਡ ਖੰਡ ਰਹੇ ਉਡੀਕ, ਉਤਰ ਪੂਰਬ ਪੱਛਮ ਦੱਖਣ ਧਿਆਨ ਲਗਾਇਆ । ਕਵਣ ਵੇਲਾ ਮਿਲੇ ਪ੍ਰਭ ਲਾਸ਼ਰੀਕ, ਪਰਦਾਨਸ਼ੀਂ ਪਰਦਾ ਆਪ ਉਠਾਇਆ । ਬੇਨਜ਼ੀਰ ਮਿਹਰ ਨਜ਼ਰ ਮੇਟੇ ਤਾਰੀਕ, ਅੰਧ ਅੰਧੇਰ ਦਏ ਗੁਆਇਆ । ਜੁਗ ਚੌਕੜੀ ਪੂਰਬ ਲੇਖੇ ਮਾਰੇ ਲੀਕ, ਅਗਲਾ ਲੇਖਾ ਦਏ ਸਮਝਾਇਆ । ਲੱਖ ਚੁਰਾਸੀ ਪਰਖੇ

ਨੀਤ, ਨੀਤੀਵਾਨ ਫੇਰਾ ਪਾਇਆ । ਪਰਾ ਪਸੰਤੀ ਮਧਮ ਬੈਖਰੀ ਸਾਚਾ ਢੋਲਾ ਗਾਏ ਏਕਾ ਗੀਤ, ਸੋਹੰ ਅੱਖਰ ਵੱਖਰ ਆਪ ਪੜ੍ਹਾਇਆ । ਤ੍ਰੈਭਵਨ ਧਨੀ ਕਰੇ ਖੇਲ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇਆ । ਜਨ ਭਗਤਾਂ ਵਸੇ ਚੀਤਨ ਚੀਤ, ਚਿਤ ਵਿਤ ਠਗੌਰੀ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਲਹਿਣਾ ਦੇਣਾ ਦਏ ਚੁਕਾਇਆ । ਬ੍ਰਹਿਮੰਡ ਖੰਡ ਰੱਖਣ ਯਾਦ, ਯਾਦ ਯਾਦ ਵਿਚ ਸਮਾਈਆ । ਕਵਣ ਵੇਲਾ ਸੁਣੇ ਫਰਿਯਾਦ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜਿਸ ਨੇ ਰਚਨਾ ਰਚੀ ਆਦਿ, ਸੋ ਜੁਗਾਦਿ ਵੇਖੇ ਚਾਈਂ ਚਾਈਂਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਵਿਚੋਂ ਲਏ ਕਾਢ, ਅੰਤ ਆਪਣੇ ਵਿਚ ਸਮਾਈਆ । ਜਿਸ ਤ੍ਰੈਗੁਣ ਮਾਇਆ ਪੰਚ ਤਤ ਲੱਖ ਚੁਰਾਸੀ ਦਿਤੀ ਦਾਤ, ਅੰਤਮ ਲੇਖਾ ਲੇਖੇ ਲਾਈਆ । ਜਿਸ ਆਤਮ ਪਰਮਾਤਮ ਲੱਖ ਚੁਰਾਸੀ ਅੰਦਰ ਵਜਾਇਆ ਨਾਦ, ਧੁੰਨੀ ਧੁੰਨ ਰਾਗ ਸੁਣਾਈਆ । ਜਿਸ ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਸੁਣਾਈ ਬੋਧ ਅਗਾਧ, ਅਗਾਧ ਬੋਧ ਕਰ ਪੜ੍ਹਾਈਆ । ਜਿਸ ਭਗਤ ਭਗਵੰਤ ਸੰਤ ਸੱਜਣ ਲਏ ਲਾਧ, ਸੋ ਪੁਰਖ ਨਿਰੰਜਣ ਵਡ ਦਾਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਵੇਲਾ ਦੇਵੇ ਵਰ, ਗ੍ਰਿਹ ਮੰਦਰ ਫੇਰਾ ਪਾਈਆ । ਬ੍ਰਹਿਮੰਡ ਖੰਡ ਰੱਖੀ ਆਸ, ਆਸ ਆਸਾ ਵਿਚ ਰਖਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੱਗੀ ਰਹੀ ਪਿਆਸ, ਤ੍ਰਿਸਨਾ ਤ੍ਰਿਖਾ ਨਾ ਕੋਇ ਬੁਝਾਇਆ । ਲੇਖਾ ਮੁੱਕਿਆ ਨਾ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ ਰਹੇ ਕੁਰਲਾਇਆ । ਲੋਅ ਪੁਰੀ ਬ੍ਰਹਿਮੰਡ ਖੰਡ ਅਵਨ ਗਵਣ ਤ੍ਰੈਭਵਨ ਵੇਖ ਖੇਲ ਤਮਾਸ਼, ਸਾਚੀ ਰਾਸ ਨਾ ਕੋਇ ਰਚਾਇਆ । ਗੁਰ ਅਵਤਾਰ ਪੀਰ ਪੈਗੰਬਰ ਭਗਤ ਭਗਵੰਤ ਬਣ ਬਣ ਦਾਸੀ ਦਾਸ, ਆਤਮ ਪਰਮਾਤਮ ਗਏ ਸੇਵ ਕਮਾਇਆ । ਨਿਰਗੁਣ ਸਰਗੁਣ ਕਰ ਕਰ ਆਸ, ਸਰਗੁਣ ਨਿਰਗੁਣ ਓਟ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਬ੍ਰਹਿਮੰਡ ਖੰਡ ਮਾਰਨ ਧਾਹ, ਉਚੀ ਕੂਕ ਕੂਕ ਸੁਣਾਈਆ । ਨਵ ਨੌਂ ਭੁਲਿਆ ਰਾਹ, ਰਹਿਬਰ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਮੁੱਖ ਛੁਪਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਤੇਈ ਅਵਤਾਰ ਆਪਣਾ ਪਰਦਾ ਰਹੇ ਪਾ, ਪੱਲੂ ਸਕੇ ਨਾ ਕੋਇ ਉਠਾਈਆ । ਭਗਤ ਅਠਾਰਾਂ ਮੰਗਣ ਚਰਨ ਪਨਾਹ, ਸੀਸ ਚਰਨ ਕਵਲ ਝੁਕਾਈਆ । ਈਸਾ ਮੂਸਾ ਮੁਹੰਮਦ ਨਿਉਂ ਨਿਉਂ ਸਯਦਾ ਰਹੇ ਝੁਕਾ, ਪਰਵਰਦਿਗਾਰ ਬੇਐਬ ਤੇਰੀ ਸ਼ਰਨਾਈਆ । ਨਾਨਕ ਗੋਬਿੰਦ ਏਕਾ ਓਟ ਲਈ ਤਕਾ, ਪੁਰਖ ਅਕਾਲ ਸੱਚਾ ਮਾਹੀਆ । ਹਰਿ ਕਾ ਸ਼ਬਦ ਆਦਿ ਜੁਗਾਦਿ ਗੁਰ ਸਤਿਗੁਰ ਵੇਸ ਵਟਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਦੋ ਜਹਾਨਾਂ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੋਜਾਈਆ । ਨਵ ਨੌਂ ਚਾਰ ਵੇਲਾ ਗਿਆ ਵਿਹਾ, ਥਿਤ ਵਾਰ ਨਾ ਕੋਇ ਸਮਝਾਈਆ । ਰਵ ਸਸ ਸੂਰਜ ਚੰਦ, ਮੰਡਲ ਮੰਡਪ ਨੇਤਰ ਨੈਣਾਂ ਨੀਰ ਰਹੇ ਵਹਾ, ਧੀਰਜ ਧੀਰ ਨਾ ਕੋਇ ਧਰਾਈਆ । ਤ੍ਰੈਗੁਣ ਅਗਨੀ ਲੱਗੀ ਭਾਅ, ਪੰਜ ਤਤ ਰਹੀ ਜਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾ, ਹੌਲਾ ਭਾਰ ਨਾ ਕੋਇ ਵਖਾਈਆ । ਜੀਵ ਜੰਤ ਸ੍ਰਿਸ਼ਟ ਸਬਾਈ ਗੁਰ ਕਾ ਸ਼ਬਦ ਗਏ ਭੁੱਲਾ, ਸਤਿਗੁਰ ਸਰਨ ਨਾ ਕੋਇ ਤਕਾਈਆ । ਅਠਸਠ ਤੀਰਥ ਦੁਰਮਤ ਮੈਲ ਨਾ ਸਕੇ ਕੋਈ ਗੁਆ, ਆਤਮ ਅਸ਼ਨਾਨ ਨਾ ਕੋਇ ਕਰਾਈਆ । ਲਿਖ ਲਿਖ ਥੱਕੀ ਕਲਮ ਸ਼ਾਹ, ਕਾਗਦ ਮਿਲੇ ਨਾ ਕੋਇ ਵਡਿਆਈਆ । ਬਿਨ ਹਰਿ ਪਕੜੇ ਨਾ ਕੋਇ ਬਾਂਹ, ਸਾਧ ਸੰਤ


੯੧੬
੧੨

ਦੇਣ ਦੁਹਾਈਆ । ਕਲਜੁਗ ਅੰਤ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਨਾ ਦਏ ਕੋਇ ਰੰਗਾ, ਦੂਈ ਦਵੈਤੀ ਘਰ ਘਰ ਕਰੇ ਲੜਾਈਆ । ਆਤਮ ਪਰਮਾਤਮ ਨਾ ਦੇਵੇ ਕੋਇ ਮਿਲਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਬ੍ਰਹਮ ਪਾਰਬ੍ਰਹਮ ਲੇਖਾ ਸਕੇ ਨਾ ਕੋਇ ਮੁਕਾ, ਪੂਰਬ ਲਹਿਣਾ ਝੋਲੀ ਕੋਇ ਨਾ ਪਾਈਆ । ਨੇਤਰ ਨੈਣਾ ਪਤਿਪਰਮੇਸ਼ਵਰ ਦਰਸ ਸਕੇ ਨਾ ਕੋਇ ਪਾ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਅਨਹਦ ਅਨਾਦੀ ਨਾਦ ਨਾ ਸਕੇ ਕੋਇ ਸੁਣਾ, ਗਾ ਗਾ ਥੱਕੀ ਸਰਬ ਸ੍ਰਿਸ਼ਟ ਰਸਨਾ ਜਿਹਵਾ ਹੋ ਹਲਕਾਈਆ । ਤੇਰਾ ਮੇਰਾ ਮੇਰਾ ਤੇਰਾ ਪੰਧ ਸਕੇ ਨਾ ਕੋਇ ਮੁਕਾ, ਬਣ ਪਾਂਧੀ ਜਗਤ ਰਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਬਿਨਾਸ਼ੀ ਤੁਧ ਬਿਨ ਨਜ਼ਰ ਨਾ ਕੋਈ ਆ, ਨਵ ਨੌਂ ਵੇਖਿਆ ਥਾਉਂ ਥਾਈਆ । ਕਰ ਕਿਰਪਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਫੜ ਬੇੜਾ ਬਾਂਹੋਂ ਪਾਰ ਕਰਾ, ਮੰਜਧਾਰ ਨਾ ਕੋਇ ਰੁੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਕਰ ਗਏ ਨਾ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਬ੍ਰਹਿਮੰਡ ਖੰਡ ਕਰ ਧਿਆਨ, ਨੇਤਰ ਨੈਣ ਨੈਣ ਉਠਾਇਆ । ਕਰ ਕਿਰਪਾ ਸ੍ਰੀ ਭਗਵਾਨ, ਕਲਜੁਗ ਅੰਤ ਅੰਧੇਰਾ ਛਾਇਆ । ਸਚ ਮਿਲੇ ਨਾ ਕੋਇ ਨਿਸ਼ਾਨ, ਸਾਚਾ ਮਾਰਗ ਨਾ ਕੋਇ ਜਣਾਇਆ । ਜੀਵ ਜੰਤ ਹੋਏ ਬੇਈਮਾਨ, ਬੇਵਾ ਰੂਪ ਸਰੂਪ ਵਟਾਇਆ । ਹਰਿ ਕੰਤ ਨਾ ਮਿਲਿਆ ਆਣ, ਸੇਜ ਸੁਹੰਜਣੀ ਨਾ ਕੋਇ ਸੁਹਾਇਆ । ਘਰ ਆਤਮ ਪਰਮਾਤਮ ਨਾ ਮਿਲਿਆ ਦਾਨ, ਨਾਮ ਵਸਤ ਨਾ ਕੋਇ ਵਖਾਇਆ ।

ਹਰਿ ਕਾ ਸ਼ਬਦ ਨਾ ਸੁਣਿਆ ਬਿਨ ਕਾਨ, ਛੱਤੀ ਰਾਗ ਰਹੇ ਜਸ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਇਆ । ਬ੍ਰਹਿਮੰਡ ਖੰਡ ਬੋਲ ਅਲੱਖ, ਅਲੱਖ ਅਲੱਖਣਾ ਰਹੇ ਧਿਆਈਆ । ਕਲਜੁਗ ਅੰਤਮ ਭਾਂਡੇ ਹੋਏ ਸੱਖ, ਹਰਿ ਕਾ ਨਾਉਂ ਨਜ਼ਰ ਕੋਇ ਨਾ ਆਇਆ । ਨਿਰਗੁਣ ਨਿਰਾਕਾਰ ਨਿਰਵੈਰ ਮੂਰਤ ਅਕਾਲ ਅਜੂਨੀ ਰਹਿਤ ਹੋ ਪਰਤੱਖ, ਪਰਮ ਪੁਰਖ ਤੇਰੀ ਵਡਿਆਈਆ । ਸਾਚਾ ਮਾਰਗ ਇਕੋ ਦੱਸ, ਲੱਖ ਚੁਰਾਸੀ ਦੇ ਪੜ੍ਹਾਈਆ । ਆਤਮ ਪਰਮਾਤਮ ਗਾਵੇ ਤੇਰਾ ਜਸ, ਦੂਸਰ ਰਾਗ ਨਾ ਕੋਇ ਸੁਣਾਈਆ । ਜਗਤ ਅੰਧੇਰਾ ਮਿਟੇ ਮਸ, ਜੋਤ ਨਿਰੰਜਣ ਹੋਏ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਮੇਲਾ ਹੱਸ, ਕਵਲ ਨੈਣ ਖ਼ੁਸ਼ੀ ਮਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਇਕ ਤੇਰੀ ਓਟ ਤਕਾਈਆ । ਤੂੰ ਵਸਣਹਾਰਾ ਘਟ ਘਟ, ਗ੍ਰਹਿ ਗ੍ਰਹਿ ਬੈਠਾ ਡੇਰਾ ਲਾਈਆ । ਲੇਖਾ ਜਾਣੇ ਪੰਜ ਤਤ ਕਾਇਆ ਮਟ, ਸਚ ਸਿੰਘਾਸਣ ਆਸਣ ਸੋਭਾ ਪਾਈਆ । ਨਿਰਮਲ ਜੋਤ ਨੂਰ ਪਰਕਾਸ਼ ਲਟ ਲਟ, ਅਵਣ ਗਵਣ ਰਿਹਾ ਸਮਾਈਆ । ਤੇਰਾ ਖੇਲ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕ ਤੇਰੀ ਸਰਨਾਈਆ । ਤੇਰਾ ਲੇਖਾ ਤੀਰਥ ਅਠਸਠ, ਸਰ ਸਰੋਵਰ ਚਰਨ ਧੂੜੀ ਖ਼ਾਕ ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਚਰਨ ਸਰਨ ਸਰਨ ਚਰਨ ਰਹੇ ਢੱਠ, ਆਪਣਾ ਬਲ ਨਾ ਕੋਇ ਧਰਾਈਆ । ਕਲਜੁਗ ਵੇਲਾ ਅੰਤ ਅੰਤ ਹੋ ਪਰਗਟ, ਪਰਗਟ ਆਪਣੀ ਕਲ ਵਖਾਈਆ । ਜੁਗ ਜੁਗ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਲਹਿਣਾ ਦੇਣਾ ਮੁਕਾ ਸੀਆਂ ਸਾਢੇ ਤਿੰਨ ਹੱਥ, ਰਵਿਦਾਸ ਚੁਮਾਰਾ ਦਏ ਗੁਆਈਆ । ਅੱਗੇ ਮਾਰਗ ਤੇਰੇ ਹੱਥ, ਸਤਿਜੁਗ ਸਾਚੀ ਧਾਰ ਬੰਧਾਈਆ । ਮਨ ਵਾਸ਼ਨਾ ਪਾਉਣੀ ਨੱਥ, ਮਨੂਆਂ

ਉਠ ਨਾ ਦਹਿ ਦਿਸ਼ ਧਾਈਆ । ਲੇਖੇ ਲਾਉਣੀ ਰੱਤੀ ਰੱਤ, ਰੱਤੀ ਰੱਤ ਤੇਰੇ ਲੇਖੇ ਪਾਈਆ । ਜਿਸ ਦਵਾਰੇ ਗੋਬਿੰਦ ਸੱਥਰ ਬੈਠਾ ਘੱਤ, ਸੱਥਰ ਯਾਰੜਾ ਸੇਜ ਹੰਢਾਈਆ । ਸੋ ਸਾਹਿਬ ਸੱਚਾ ਸਮਰਥ, ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਆਪਣੀ ਮਹਿਮਾ ਜਾਣੇ ਅਕਥ, ਰਸਨਾ ਕਥਨੀ ਕਥ ਨਾ ਕੋਇ ਗਾਈਆ । ਚਰਨ ਸਰਨ ਸ੍ਰੀ ਭਗਵਾਨ, ਤੇਰੀ ਗਏ ਢੱਠ, ਫੜ ਬਾਂਹੋਂ ਗਲੇ ਲਗਾਈਆ । ਦੋ ਜਹਾਨ ਵੇਖਿਆ ਨੱਠ ਨੱਠ, ਦਹਿ ਦਿਸ਼ਾ ਫੇਰੀ ਪਾਈਆ । ਕੋਈ ਨਾ ਰੱਖਣਹਾਰਾ ਪੱਤ, ਸਾਰੇ ਬੈਠੇ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖਾਲੀ ਝੋਲੀ ਰਹੇ ਵਖਾਈਆ । ਬ੍ਰਹਿਮੰਡ ਖੰਡ ਵਖਾਵਣ ਝੋਲੀ, ਪੱਲੂ ਆਪਣਾ ਆਪ ਉਠਾਇਆ । ਸਾਚੀ ਵਸਤ ਨਾ ਕੋਇ ਕੋਲੀ, ਕਵਲ ਨੈਣ ਤੇਰਾ ਨੂਰ ਨਜ਼ਰ ਕੋਇ ਨਾ ਆਇਆ । ਕਲਜੁਗ ਅੰਤਮ ਕੋਇ ਨਾ ਚੁੱਕੇ ਡੋਲੀ, ਚੌਥਾ ਜੁਗ ਦਏ ਦੁਹਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਸੁਣੇ ਬੋਲੀ, ਰਸਨਾ ਜਿਹਵਾ ਜਿਹਵਾ ਰਸਨਾ ਬੱਤੀ ਦੰਦ ਸਲਾਹਿਆ । ਆਤਮ ਪਰਮਾਤਮ ਰੁੱਤ ਬਸੰਤੀ ਕੋਇ ਨਾ ਮੌਲੀ, ਪੱਤ ਡਾਲ੍ਹੀ ਨਾ ਕੋਇ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਇਕੋ ਮੰਗ ਮੰਗਾਇਆ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਏਕਾ ਨਾਦ ਸੁਣਾਈਆ । ਬ੍ਰਹਿਮੰਡ ਖੰਡ ਕਰੋ ਧਿਆਨ, ਧਰਨੀ ਧਰਤ ਧਵਲ ਨਾਲ ਮਿਲਾਈਆ । ਰਵ ਸਸ ਦਿਓ ਗਿਆਨ, ਮੰਡਲ ਮੰਡਪ ਕਰ ਪੜ੍ਹਾਈਆ । ਪੁਰਖ ਅਬਿਨਾਸ਼ੀ ਸ੍ਰੀ ਭਗਵਾਨ, ਸਦਾ ਸਦਾ ਸਹਿਜ ਸੁਖਦਾਈਆ । ਜੁਗ ਚੌਕੜੀ ਵੇਖੇ ਆਣ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਕਰੇ ਖੇਲ ਗੋਪੀ ਕਾਹਨ ਮੰਡਲ ਮੰਡਪ ਰਾਸ ਰਚਾਈਆ । ਬੋਧ ਅਗਾਧਾ ਇਕ ਗਿਆਨ, ਵੇਦ ਪੁਰਾਣ ਸ਼ਾਸਤਰ ਸਿਮਰਤ ਅਨੁਭਵ ਭੇਵ ਅਭੇਦ ਜਣਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੰਗ ਸਮਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਆਦਿ ਜੁਗਾਦਿ ਸੁਣਾਈਆ । ਹੁਕਮੇ ਅੰਦਰ ਖੇਲ ਮਹਾਨ, ਹੁਕਮ ਹਾਕਮ ਇਕ ਜਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਜਣਾਇੰਦਾ । ਨਵ ਨੌਂ ਚਾਰ ਖੇਲ ਅਪਾਰਾ, ਬ੍ਰਹਿਮੰਡ ਖੰਡ ਸਮਝਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰਾ, ਲੋਕਮਾਤ ਨਿਸ਼ੱਖਰ ਵੱਖਰ ਆਪ ਪੜ੍ਹਾਇਆ । ਆਤਮ ਪਰਮਾਤਮ ਕਰ ਪਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਕਲਜੁਗ ਅੰਤ ਕਰੇ ਖੇਲ ਮਹਾਨ, ਭੇਵ ਕੋਇ ਨਾ ਆਇੰਦਾ । ਪਰਗਟ ਹੋਵੇ ਨੌਜਵਾਨ, ਮਹਾਬਲੀ ਬਲ ਆਪਣਾ ਆਪ ਰਖਾਇੰਦਾ । ਸੰਬਲ ਵਸੇ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸਚ ਸੰਦੇਸਾ ਦੇਵੇ ਆਣ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਭਗਤ ਭਗਵੰਤ ਵੇਖੇ ਆਣ, ਲੱਖ ਚੁਰਾਸੀ ਮੋਹ ਤੁੜਾਇੰਦਾ । ਸਾਚੇ ਸੰਤਾਂ ਦੇਵੇ ਮਾਣ, ਚਰਨ ਕਵਲ ਕਵਲ ਚਰਨ ਧਿਆਨ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਚ ਸੰਦੇਸਾ ਏਕੰਕਾਰ,

ਏਕਾ ਵਾਰ ਸੁਣਾਈਆ । ਕਲਜੁਗ ਅੰਤਮ ਆਏ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਨਿਹਕਲੰਕਾ ਨਰ ਅਵਤਾਰ, ਨਰ ਨਰਾਇਣ ਵੇਸ ਵਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਪੰਜ ਤਤ ਤਤ ਨਾ ਕੋਇ ਰਖਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਬੋਲ ਜੈਕਾਰ, ਪਾਰਬ੍ਰਹਮ ਬ੍ਰਹਮ ਬ੍ਰਹਿਮੰਡ ਕਰੇ ਪੜ੍ਹਾਈਆ । ਭਗਤ ਭਗਵੰਤ ਲਏ ਉਭਾਰ, ਰਾਤੀ ਸੁੱਤਿਆਂ ਦਰਸ ਦਿਖਾਈਆ । ਸੁਰਤੀ ਸ਼ਬਦ ਕਰੇ ਪਿਆਰ, ਸ਼ਬਦ ਸੁਰਤ ਸੁਰਤ ਸ਼ਬਦ ਏਕਾ ਰੰਗ ਰੰਗਾਈਆ । ਦਸਮ ਦਵਾਰੀ ਖੋਲ੍ਹ ਕਿਵਾੜ, ਬਜਰ ਕਪਾਟੀ ਦਏ ਤੁੜਾਈਆ । ਨਿਰਗੁਣ ਜੋਤ ਕਰ ਉਜਿਆਰ, ਅੰਧ ਅੰਧੇਰ ਦਏ ਮਿਟਾਈਆ । ਅਨਹਦ ਨਾਦ ਸੱਚੀ ਧੁੰਨਕਾਰ, ਧੁੰਨ ਆਤਮਕ ਰਾਗ ਸੁਣਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਬਹਿ ਬਹਿ ਗੀਤ ਗੋਬਿੰਦ ਅਲਾਈਆ । ਅੰਮ੍ਰਿਤ ਆਤਮ ਝਿਰਨਾ ਝਿਰੇ ਠੰਡਾ ਠਾਰ, ਕਵਲ ਨਾਭ ਆਪ ਉਲਟਾਈਆ । ਆਵਣ ਜਾਵਣ ਪਤਿਤ ਪਾਵਣ ਦੁੱਖੜਾ ਦਏ ਨਿਵਾਰ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਚਿਤਰ ਗੁਪਤ ਲੇਖ ਨਾ ਕੋਇ ਜਣਾਈਆ । ਜੋਗ ਅਭਿਆਸ ਤੋਂ ਕਰੇ ਬਾਹਰ, ਹਠ ਤਪ ਨਾ ਕੋਇ ਸਮਝਾਈਆ । ਏਕਾ ਅੱਖਰ ਵੱਖਰ ਕਰ ਪਿਆਰ, ਤ੍ਰੈਭਵਨ ਧਨੀ ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਲੇਖਾ ਆਪ ਮੁਕਾਈਆ । ਸੋਹੰ ਸ਼ਬਦ ਜੈ ਜੈਕਾਰ, ਅਵਨ ਗਵਣ ਉਨੰਜਾ ਪਵਣ ਆਪ ਸਮਾਈਆ । ਬ੍ਰਹਿਮੰਡ ਖੰਡ ਪਾਵੇ ਸਾਰ, ਚਰਨ ਕਵਲ ਦੇ ਅਧਾਰ, ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਸਚਖੰਡ ਨਿਵਾਸੀ ਕਰ ਪਿਆਰ, ਪਤ ਪਤਿਵੰਤਾ ਪਤ ਆਪਣੇ ਹੱਥ ਰਖਾਈਆ ।



## ❋ ੬ ਅੱਸੂ ੨੦੧੯ ਬਿਕ੍ਰਮੀ ਹਰਿ ਦਿਆਲ ਸਿੰਘ ਦੇ ਗ੍ਰਿਹਿ ਜਲੰਧਰ ❋

ਸੋ ਪੁਰਖ ਨਿਰੰਜਣ ਖੇਲ ਮਹਾਨ, ਹਰਿ ਖ਼ਾਲਕ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਰਹਿਮਤ ਰਹਿਮਾਨ ਆਪ ਕਮਾਇੰਦਾ । ਏਕੰਕਾਰਾ ਨੌਜਵਾਨ, ਬੇਐਬ ਵੇਸ ਵਟਾਇੰਦਾ । ਆਦਿ ਨਿਰੰਜਣ ਨੂਰ ਨੁਰਾਨ, ਜੋਤੀ ਜਲਵਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਨਿਸ਼ਾਨ, ਸਚ ਦਵਾਰੇ ਆਪ ਉਠਾਇੰਦਾ । ਸ੍ਰੀ ਭਗਵਾਨ ਵਡ ਮਿਹਰਵਾਨ, ਮਿਹਬਾਨ ਬੀਦੋ ਖੇਲ ਕਰਾਇੰਦਾ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਮੁਕਾਮੇ ਹੱਕ ਸੋਭਾ ਪਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਕਰੇ ਖੇਲ ਮਹਾਨ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਵਸਣਹਾਰਾ ਸਚ ਮਕਾਨ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਭੂਪਤ ਭੂਪ ਰਾਜਨ ਰਾਜ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇਹਾਰਾ, ਕਰਤਾ ਪੁਰਖ ਵਡੀ ਵਡਿਆਈਆ । ਆਦਿ ਜੁਗਾਦੀ ਹੋ ਉਜਿਆਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਹੱਲ ਅਟੱਲ ਉਚ ਮੁਨਾਰਾ, ਹਰਿ ਸਾਚਾ ਇਕ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮ ਹਾਕਮ ਆਪ ਸਮਝਾਈਆ । ਦਰ ਦਰਵੇਸ਼ ਬਣ ਚੋਬਦਾਰਾ, ਅਲੱਖ ਨਿਰੰਜਣ ਅਲੱਖ ਜਗਾਈਆ । ਵੇਖੇ ਵਿਗਸੇ ਵੇਖਣਹਾਰਾ, ਆਪਣੀ ਕਲ ਆਪ ਧਰਾਈਆ । ਨਾ ਕੋਈ ਦੂਸਰ ਮੀਤ ਮੁਰਾਰਾ, ਸੱਜਣ ਸੈਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਦਏ ਵਡਿਆਈਆ । ਗ੍ਰਿਹਿ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ

ਸੁਹਾਇੰਦਾ । ਆਦਿ ਪੁਰਖ ਆਦਿ ਬਣਾਈ ਬਣਤ, ਮਧ ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਲੇਖਾ ਜਾਣ ਨਾਰ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਪੂਤ ਸਪੂਤਾ ਨਾਮ ਨਿਧਾਨਾ ਮਣੀਆ ਮੰਤ, ਨਾਉਂ ਨਿਰੰਕਾਰਾ ਏਕਾ ਏਕ ਪਰਗਟਾਇੰਦਾ । ਅਗੰਮ ਅਥਾਹ ਬੇਪਰਵਾਹ ਮਹਿਮਾ ਅਗਣਤ, ਲੇਖਾ ਲਿਖਤ ਲੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਏਕਾ ਏਕ, ਏਕੰਕਾਰ ਆਪ ਸੁਹਾਈਆ । ਸੋ ਪੁਰਖ ਨਿਰੰਜਣ ਦੇਵੇ ਸਾਚੀ ਟੇਕ, ਹਰਿ ਪੁਰਖ ਨਿਰੰਜਣ ਸੀਸ ਝੁਕਾਈਆ । ਏਕੰਕਾਰਾ ਰਿਹਾ ਵੇਖ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹੇ ਭੇਤ, ਸ੍ਰੀ ਭਗਵਾਨ ਪਰਦਾ ਦਏ ਉਠਾਈਆ । ਪ੍ਰਭ ਕਰੇ ਹੇਤ, ਨਿਤ ਨਵਿਤ ਆਪਣਾ ਮੇਲ ਮਿਲਾਈਆ । ਸਚਖੰਡ ਦਵਾਰੇ ਸਾਚੀ ਖੇਡ, ਇਕ ਇਕੱਲਾ ਉਚ ਮਹੱਲਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਸੁਹਾਈਆ । ਘਰ ਸਾਚਾ ਸਚ ਮਹੱਲਾ, ਸਚਖੰਡ ਦਵਾਰਾ ਆਪ ਸੁਹਾਇੰਦਾ । ਵਸਣਹਾਰਾ ਇਕ ਇਕੱਲਾ, ਅਕਲ ਕਲਧਾਰੀ ਵੇਸ ਵਟਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਆਪੇ ਰੱਲਾ, ਨੂਰ ਨੂਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਆਪੇ ਰੱਖ, ਸਚਖੰਡ ਦਵਾਰੇ ਖੇਲ ਕਰਾਈਆ । ਨਿਰਗੁਣ ਅੰਦਰ ਹੋ ਪਰਤੱਖ, ਨਿਰਗੁਣ ਵੇਖ ਵਖਾਈਆ । ਨਿਰਗੁਣ ਪੱਤ ਆਪੇ ਲਏ ਰੱਖ, ਪੱਤ ਪਤਵੰਤਾ ਸੱਚਾ ਮਾਹੀਆ । ਸਚ ਦਵਾਰੇ ਗਾਏ ਜਸ, ਨਾਉਂ ਨਿਰੰਕਾਰਾ ਆਪ ਸੁਣਾਈਆ । ਨਿਰੰਕਾਰ ਨਿਰੰਕਾਰ ਅੰਤਰ ਏਕਾ ਵਸ, ਘਰ ਸਾਚੇ ਵੱਜੇ ਵਧਾਈਆ । ਸਤਿ ਸਤਿਵਾਦੀ ਮਾਰਗ ਦੱਸ, ਬਿਨ ਅੱਖਰ ਕਰੇ ਪੜ੍ਹਾਈਆ । ਕਰੇ ਖੇਲ ਪੁਰਖ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਆਪੇ ਲਾਹ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਏਕੰਕਾਰਾ ਦਏ ਸਲਾਹ, ਸਾਚੀ ਸਿਖਿਆ ਆਪ ਉਪਾਇੰਦਾ । ਆਦਿ ਨਿਰੰਜਣ ਕਰ ਰੁਸ਼ਨਾ, ਨੂਰ ਨੁਰਾਨਾ ਨੂਰ ਵਖਾਇੰਦਾ । ਸ੍ਰੀ ਭਗਵਾਨ ਚੜ੍ਹੇ ਚਾ, ਚਾਉ ਘਨੇਰਾ ਇਕ ਵਖਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਲਏ ਝੁਲਾ, ਨਿਸ਼ਾਨਾ ਇਕੋ ਇਕ ਵਡਿਆਇੰਦਾ । ਪਾਰਬ੍ਰਹਮ ਦੋਏ ਜੋੜ ਪਏ ਸਰਨਾ, ਸਰਨਗਤ ਇਕ ਅਖਵਾਇੰਦਾ । ਆਪੇ ਖੇਲ ਕਰੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਸੀਸ ਜਗਦੀਸ ਤਾਜ ਇਕ ਸਜ਼ਾ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸਾਚੇ ਤਖ਼ਤ ਡੇਰਾ ਲਾਇੰਦਾ । ਧੁਰ ਫ਼ਰਮਾਣਾ ਆਪ ਅਲਾ, ਬੋਧ ਅਗਾਧਾ ਦਏ ਸੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਆਪ ਪਰਗਟਾਇੰਦਾ । ਸਾਚੀ ਸਿਖਿਆ ਏਕੰਕਾਰ, ਅਕਲ ਕਲ ਧਾਰੀ ਆਪ ਪਰਗਟਾਈਆ । ਥਿਰ ਘਰ ਖੋਲ੍ਹੇ ਆਪ ਕਿਵਾੜ, ਚਰਨ ਕਵਲ ਕਵਲ ਚਰਨ ਦਏ ਸਰਨਾਈਆ । ਆਦਿ ਆਦਿ ਕਰੇ ਪਿਆਰ, ਮਧ ਆਪਣਾ ਭੇਵ ਜਣਾਈਆ । ਸਚ ਫ਼ਰਮਾਨਾ ਦੇਵੇ ਦੇਵਣਹਾਰ, ਸਚ ਸੰਦੇਸਾ ਇਕ ਸੁਣਾਈਆ । ਵਸਤ ਅਮੋਲਕ ਭਰ ਭੰਡਾਰ, ਨਾਮ ਨਿਧਾਨਾ ਝੋਲੀ ਪਾਈਆ । ਕਿਰਪਾ ਕਰ ਏਕਾ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ

ਜਣਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਸਚਖੰਡ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਇੰਦਾ । ਸੁਤ ਦੁਲਾਰੇ ਦੇਵੇ ਮਾਣ, ਸ਼ਬਦੀ ਸ਼ਬਦ ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਕਰੇ ਖੇਲ ਦੋ ਜਹਾਨ, ਦੋਏ ਦੋਏ ਧਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਅਛਲ, ਅਛੇਦਾ ਆਪ ਖੁਲ੍ਹਾਇੰਦਾ । ਸਾਚਾ ਭੇਵ ਹਰਿ ਜੂ ਦੱਸ, ਸੁਤ ਸ਼ਬਦ ਕਰੇ ਪੜ੍ਹਾਈਆ । ਥਿਰ ਘਰ ਦਵਾਰੇ ਆਪੇ ਵਸ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਸੱਚਾ ਮਾਹੀਆ । ਏਕੰਕਾਰ ਓਅੰਕਾਰ ਨਿਰੰਕਾਰ ਗਾਏ ਜਸ, ਜਸ ਆਪਣਾ ਆਪ ਸੁਣਾਈਆ । ਅੰਤਰ ਅੰਤਰ ਆਪੇ ਵਸ, ਗ੍ਰਹਿ ਗ੍ਰਹਿ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੁਤ ਦੁਲਾਰਾ ਲਏ ਉਠਾਈਆ । ਸੁਤ ਦੁਲਾਰੇ ਉਠ ਉਠ ਜਾਗ, ਹਰਿ ਸਾਚਾ ਸਚ ਜਗਾਇੰਦਾ । ਥਿਰ ਘਰ ਦਵਾਰੇ ਲੱਗਾ ਭਾਗ, ਵਡਭਾਗੀ ਆਪ ਲਗਾਇੰਦਾ । ਬਿਨ ਤੇਲ ਬਾਤੀ ਜਗੇ ਚਿਰਾਗ਼, ਆਦਿ ਨਿਰੰਜਣ ਨੂਰ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਇਕੋ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਨੂਰ ਇਲਾਹੀ ਪਾਕੀ ਪਾਕ, ਜਲਵਾ ਜ਼ਹੂਰ ਆਪ ਪਰਗਟਾਇੰਦਾ । ਤੇਰਾ ਖੋਲ੍ਹਣ ਆਇਆ ਤਾਕ, ਪਰਦਾ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਕਰੇ ਭਵਿਖਤ ਵਾਕ, ਭੇਵ ਅਭੇਦਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਆਦਿ ਪੁਰਖ ਚਲਾਏ ਆਪਣੀ ਰੀਤ, ਹਰਿ ਪੁਰਖ ਨਿਰੰਜਣ ਵੇਖੇ ਚਾਈਂ ਚਾਈਂਆ । ਏਕੰਕਾਰਾ ਖੇਲ ਕਰੇ ਅਣਡੀਠ, ਆਦਿ ਨਿਰੰਜਣ ਸੰਗ ਰਖਾਈਆ । ਅਬਿਨਾਸ਼ੀ ਕਰਤਾ ਸਾਚਾ ਮੀਤ, ਮਿੱਤਰ ਪਿਆਰਾ ਸੋਭਾ ਪਾਈਆ । ਸ੍ਰੀ ਭਗਵਾਨ ਬੈਠਾ ਰਹੇ ਅਤੀਤ, ਸਚਖੰਡ ਵਸੇ ਸੱਚਾ ਮਾਹੀਆ । ਪਾਰਬ੍ਰਹਮ ਪ੍ਰਭ ਜਣਾਏ ਸਾਚੀ ਰੀਤ, ਰੀਤੀਵਾਨ ਇਕ ਹੋ ਆਈਆ । ਥਿਰ ਘਰ ਦਵਾਰਾ ਠਾਂਡਾ ਸੀਤ, ਅਗਨੀ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਹਰਿ ਨਿਰੰਕਾਰ, ਆਦਿ ਆਦਿ ਜਣਾਇੰਦਾ । ਸੁਤ ਦੁਲਾਰੇ ਹੋ ਤਿਆਰ, ਪੁਰਖ ਅਬਿਨਾਸ਼ੀ ਆਪ ਉਠਾਇੰਦਾ । ਤੇਰਾ ਮੇਰਾ ਇਕ ਬਿਵਹਾਰ, ਬਿਵਹਾਰੀ ਬਿਵਹਾਰ ਆਪ ਕਰਾਇੰਦਾ । ਪਿਤਾ ਪੂਤ ਸੋਹੇ ਇਕ ਦਵਾਰ, ਦੂਜਾ ਕੋਇ ਰਹਿਣ ਨਾ ਪਾਇੰਦਾ । ਏਕੋ ਵਸਤ ਅਮੋਲਕ ਦੇਵੇ ਥਾਰ, ਥਿਰ ਦਰਬਾਰੀ ਆਪ ਵਰਤਾਇੰਦਾ । ਸਤਿ ਸਤਿਵਾਦੀ ਭਰਿਆ ਸਤਿ ਭੰਡਾਰ, ਅਤੋਟ ਅਤੁਟ ਜਣਾਇੰਦਾ । ਆਦਿ ਅੰਤ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਆਪ ਸੁਣਾਇੰਦਾ । ਸਚ ਸੰਦੇਸਾ ਸੁਣ ਦੁਲਾਰਾ, ਪ੍ਰਭ ਚਰਨੀ ਸੀਸ ਝੁਕਾਇੰਦਾ । ਹਉਂ ਸੇਵਕ ਯਾਚਕ ਖ਼ਾਕੀ ਖ਼ਾਕ ਭਿਖਾਰਾ, ਦਰ ਤੇਰੇ ਅਲੱਖ ਜਗਾਇੰਦਾ । ਬਾਲੀ ਬੁੱਧ ਬਾਲ ਅੰਞਾਣਾ, ਤੇਰਾ ਭੇਵ ਕੋਇ ਨਾ ਆਇੰਦਾ । ਥਿਰ ਘਰ ਵਸਾਂ ਸਚ ਮਕਾਨਾ, ਸਚਖੰਡ ਤੇਰੇ ਚਰਨ ਧਿਆਨ ਲਗਾਇੰਦਾ । ਇਕੋ ਗਾਵਾਂ ਤੇਰਾ ਗਾਣਾ, ਗਾ ਗਾ ਆਪਣਾ ਸ਼ੁਕਰ ਮਨਾਇੰਦਾ । ਆਦਿ ਜੁਗਾਦਿ ਸਦ ਮੰਨਾ ਤੇਰਾ ਭਾਣਾ, ਭਾਣਾ ਆਪਣੇ ਸੀਸ ਟਿਕਾਇੰਦਾ । ਸ਼ਾਹੋ ਭੂਪ

ਭੂਪਤ ਵਡ ਰਾਣਾ, ਸ਼ਹਿਨਸ਼ਾਹ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਧਿਆਨ ਲਗਾਇੰਦਾ । ਚਰਨ ਕਵਲ ਪ੍ਰਭ ਤੇਰੇ ਆਸ, ਦੂਜੀ ਆਸ ਨਾ ਕੋਇ ਰਖਾਈਆ । ਥਿਰ ਘਰ ਤੇਰੇ ਮਿਲਣ ਦੀ ਰਹੇ ਪਿਆਸ, ਤ੍ਰਿਸਨਾ ਮੂਲ ਨਾ ਲਾਗੇ ਰਾਈਆ । ਅੰਦਰ ਬਾਹਰ ਗੁਪਤ ਜ਼ਾਹਿਰ ਨਿਰਗੁਣ ਨਿਰਗੁਣ ਦੇਣਾ ਸਾਥ, ਵਿਛੜ ਕਦੇ ਨਾ ਜਾਈਆ । ਸਿਫ਼ਤ ਸਲਾਹੀ ਗਾਵਾਂ ਤੇਰੀ ਗਾਥ, ਬਿਨ ਅੱਖਰ ਢੋਲਾ ਗਾਈਆ । ਏਥੇ ਓਥੇ ਰਹੇ ਯਾਦ, ਯਾਦਦਾਸ਼ਤ ਭੁੱਲ ਨਾ ਜਾਈਆ । ਸਾਹਿਬ ਸਤਿਗੁਰ ਸੁਣੀ ਫਰਿਯਾਦ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਚਲਾਂ ਤੁਧ ਰਜ਼ਾਈਆ । ਸ੍ਰੀ ਭਗਵਾਨ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਮਿਹਰਵਾਨ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਵਖਾਏ ਸਚ ਨਿਸ਼ਾਨਾ, ਸਤਿ ਨਿਸ਼ਾਨਾ ਆਪ ਉਠਾਇੰਦਾ । ਆਦਿ ਨਿਰੰਜਣ ਦੇ ਪਰਵਾਨਾ, ਪਰਮ ਪੁਰਖ ਅੱਖਰ ਵੱਖਰ ਆਪ ਪੜ੍ਹਾਇੰਦਾ । ਅਬਿਨਾਸ਼ੀ ਕਰਤਾ ਗੁਣ ਨਿਧਾਨਾ, ਗੁਣ ਆਪਣਾ ਆਪ ਜਣਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣੀ ਕਲ ਵਰਤਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨਾ, ਬਿਨ ਨੇਤਰ ਲੋਚਣ ਨੈਣ ਵੇਖ ਵਖਾਇੰਦਾ । ਸ਼ਬਦ ਸੁਤ ਸੁਤ ਕਰ ਪਰਵਾਨਾ, ਸਚ ਪਰਵਾਨਾ ਹੱਥ ਵਖਾਇੰਦਾ । ਤੇਰਾ ਖੇਲ ਖੇਲ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਜਣਾਇੰਦਾ । ਸਾਚੀ ਵਸਤ ਦੇਵਣਹਾਰਾ, ਏਕਾ ਰਿਹਾ ਵਰਤਾਈਆ । ਸੁਤ ਸ਼ਬਦ ਤੇਰਾ ਭਰ ਭੰਡਾਰਾ, ਭਰਪੂਰ ਰਿਹਾ ਜਣਾਈਆ । ਸੋਹੰ ਰੂਪ ਹੋ ਤਿਆਰਾ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਅੰਸ ਬੰਸ ਤੇਰਾ ਪਰਵਾਰਾ, ਸਹੰਸ ਸਹੰਸਰ ਖੇਲ ਕਰਾਈਆ । ਵਿਸ਼ਨੂੰ ਵਿਸ਼ਵ ਤੇਰੀ ਧਾਰਾ, ਤੇਰਾ ਨੂਰ ਨੂਰ ਰੁਸ਼ਨਾਈਆ । ਤੇਰਾ ਅੰਮ੍ਰਿਤ ਜਲ ਠੰਡਾ ਠਾਰਾ, ਨਾਭੀ ਕਵਲ ਕਵਲ ਭਰਾਈਆ । ਪੱਤ ਡਾਲ੍ਹੀ ਖਿਲੇ ਗੁਲਜ਼ਾਰਾ, ਪੰਖੜੀ ਆਪਣਾ ਰੰਗ ਵਖਾਈਆ । ਪਾਰਬ੍ਰਹਮ ਬ੍ਰਹਮ ਦੇ ਸਹਾਰਾ, ਹਰਿ ਆਪਣਾ ਰੰਗ ਰੰਗਾਈਆ । ਬ੍ਰਹਮ ਵੇਤਾ ਵੇਤਾ ਹੋ ਨਿਆਰਾ, ਨਿਰਗੁਣ ਹੇਤਾ ਇਕ ਜਣਾਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਤੇਰੀ ਵੰਡ ਵੰਡੇ ਕਰਤਾਰਾ, ਵੰਡਣਹਾਰਾ ਦਿਸ ਨਾ ਆਈਆ । ਸੁੰਨ ਅਗੰਮੀ ਧੂੰਆਂਧਾਰਾ, ਸੁੰਨ ਸਮਾਧ ਸਮਾਈਆ । ਸ਼ੰਕਰ ਕੰਕਰ ਇਕ ਅੰਗਿਆਰਾ, ਤਤ ਤਤ ਵਡਿਆਈਆ । ਦੇਵਣਹਾਰ ਹਰਿ ਭੰਡਾਰਾ, ਹਰਿ ਜੂ ਲੇਖਾ ਰਿਹਾ ਜਣਾਈਆ । ਚਰਨ ਕਵਲ ਕਵਲ ਚਰਨ ਸਹਾਰਾ, ਦੁਰਮਤ ਮੈਲ ਦਏ ਗੁਆਈਆ । ਰਜੋ ਤਮੋ ਸਤੋ ਅਖਾੜਾ, ਪੰਜ ਤਤ ਕਰੇ ਕੁੜਮਾਈਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਖੇਲ ਨਿਆਰਾ, ਨਿਰਾਕਾਰਾ ਆਪ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਈਆ । ਤੇਰਾ ਭਰੇ ਸਚ ਭੰਡਾਰਾ, ਲੱਖ ਚੁਰਾਸੀ ਘਾੜਤ ਦਏ ਘੜਾਈਆ । ਘਾੜਤ ਘੜੇ ਬਣ ਠਠਿਆਰਾ, ਸੇਵਕ ਆਪਣੀ ਸੇਵ ਕਮਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਪਾਵੇ ਸਾਰਾ, ਕਰੇ ਖੇਲ ਬੇਪਰਵਾਹੀਆ । ਮਨ ਮਤ ਬੁਧ ਦੇ ਅਧਾਰਾ, ਆਤਮ ਪਰਮਾਤਮ ਪਰਦਾ ਪਾਈਆ । ਈਸ਼ ਜੀਵ ਕਰ ਪਿਆਰਾ, ਜਗਦੀਸ਼ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬ੍ਰਹਮ ਬੋਲ ਜੈਕਾਰਾ, ਗੀਤ ਗੋਬਿੰਦ ਅਲਾਈਆ । ਅਨਹਦ ਰਾਗ ਸੱਚੀ ਧੁੰਨਕਾਰਾ, ਸ਼ਬਦੀ ਤੇਰਾ ਰਾਗ ਸੁਣਾਈਆ । ਘਰ ਘਰ ਵਿਚ ਮੰਦਰ ਖੋਲ੍ਹ ਕਿਵਾੜਾ, ਗ੍ਰਿਹ ਗ੍ਰਿਹ ਆਪਣਾ

ਭੇਵ ਚੁਕਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਦਏ ਜਣਾਈਆ । ਡੂੰਘੀ ਕੰਦਰ ਧੁੰਆਂਧਾਰਾ, ਅੰਧ ਅੰਧੇਰਾ ਦਏ ਵਖਾਈਆ । ਲੇਖਾ ਜਾਣੇ ਕਾਮ ਕਰੋਧ ਲੋਭ ਮੋਹ ਹੰਕਾਰਾ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਹਉਮੇ ਹੰਗਤਾ ਗੜ੍ਹ ਨਿਆਰਾ, ਕਾਇਆ ਕੰਚਨ ਵੇਖ ਵਖਾਈਆ । ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਦਏ ਸੁਣਾਈਆ । ਜੁਗ ਚੌਕੜੀ ਵੇਖੇ ਖੇਲ ਵਾਰੋ ਵਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਸਚ ਸੰਦੇਸਾ ਦੇਵੇ ਵਿਚ ਸੰਸਾਰਾ, ਧਰਨੀ ਧਰਤ ਧਵਲ ਮਾਣ ਰਖਾਈਆ । ਜ਼ਿਮੀਂ ਅਸਮਾਨਾ ਜਾਣੇ ਧਾਰਾ, ਮੰਡਲ ਮੰਡਪ ਬ੍ਰਹਿਮੰਡ ਖੰਡ ਵੱਜੇ ਵਧਾਈਆ । ਭੇਵ ਚੁਕਾਏ ਰਵ ਸਸ ਸੂਰਜ ਚੰਦ ਸਿਤਾਰਾ, ਕਿਰਨ ਕਿਰਨ ਕਰੇ ਰੁਸ਼ਨਾਈਆ । ਸੇਵਾ ਲਾਏ ਗੁਰ ਅਵਤਾਰਾ, ਪੀਰ ਪੈਗ਼ੰਬਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਈਆ । ਕਾਗਦ ਕਲਮ ਲਿਖ ਲਿਖ ਲੇਖਾ ਦਏ ਲਿਖਾਰਾ, ਕਾਤਬ ਆਪਣਾ ਕਲਮਾ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕੁਰਾਨ ਗੀਤਾ ਗਿਆਨ ਦਏ ਸਹਾਰਾ, ਖਾਣੀ ਬਾਣੀ ਨਾਲ ਮਿਲਾਈਆ । ਅਠਸਠ ਤੀਰਥ ਜਗਤ ਵਖਾਏ ਕਿਨਾਰਾ, ਘਾਟ ਆਪਣਾ ਆਪ ਛੁਹਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਵਸੇ ਸਭ ਤੋਂ ਬਾਹਰਾ, ਸ਼ਬਦੀ ਤੇਰਾ ਰੰਗ ਰੰਗਾਈਆ । ਜੁਗ ਚੌਕੜੀ ਤੇਰਾ ਪਸਾਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਏਕਾ ਵਾਰ ਪੜ੍ਹਾਈਆ । ਸਾਚੀ ਸਿਖਿਆ ਹਰਿ ਹਰਿ ਸੱਜਣ, ਹਰਿ ਸਤਿਗੁਰ ਆਪ ਜਣਾਇੰਦਾ । ਦੋ ਜਹਾਨਾਂ ਏਕਾ ਮਜਣ, ਸਰ ਸਰੋਵਰ ਇਕ ਵਖਾਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਪਰਦੇ ਕੱਜਣ, ਸਮਰਥ ਪੁਰਖ ਨਾਮ ਪਰਦਾ ਹੱਥ ਫੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਪੰਜ ਤਤ ਕਾਇਆ ਭਾਂਡੇ ਸਭ ਦੇ ਭੱਜਣ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਸ਼ਬਦ ਗੁਰਦੇਵ ਸਵਾਮੀ, ਗੁਰ ਮੰਤਰ ਗੁਰ ਨਿਹਕਾਮੀ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਨਿਰਗੁਣ ਅੰਦਰ ਨਿਰਗੁਣ ਅੰਤਰਜਾਮੀ, ਬੋਧ ਅਗਾਧ ਅਗੰਮੀ ਬਾਣੀ, ਸਿਫ਼ਤ ਸਲਾਹੀ ਸਿਫ਼ਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਸ਼ਬਦੀ ਤੇਰਾ ਨਾਉਂ ਵਡਿਆਇੰਦਾ । ਸ਼ਬਦ ਦੁਲਾਰੇ ਉਠ ਬਲ ਧਾਰ, ਹਰਿ ਸਾਚਾ ਸਚ ਜਣਾਇੰਦਾ । ਦੋ ਜਹਾਨਾਂ ਖੇਲ ਅਪਾਰ, ਅਪਰੰਪਰ ਆਪ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਆਪ ਲਗਾਇੰਦਾ । ਜੁਗ ਜੁਗ ਪਰਗਟ ਕਰ ਗੁਰ ਅਵਤਾਰ, ਤੇਰਾ ਨਾਉਂ ਨਾਦ ਵਜਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਆਸਣ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਆਪਣੀ ਵਾਰ, ਕੋਟਨ ਕੋਟ ਵੇਸ ਵਟਾਇੰਦਾ । ਕਾਗਦ ਕਲਮ ਕਰਨ ਪੁਕਾਰ, ਬਨਾਸਪਤ ਰੋ ਰੋ ਨੇਤਰ ਨੈਣਾਂ ਨੀਰ ਵਹਾਇੰਦਾ । ਸਮੁੰਦ ਸਾਗਰ ਨਾ ਪਾਏ ਸਾਰ, ਡੂੰਘੀ ਕੰਦਰ ਭੇਵ ਨਾ ਕੋਇ ਜਣਾਇੰਦਾ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਰਾਹ ਤੱਕਣ ਤੇਰਾ ਪਰਵਰਦਿਗਾਰ, ਮੁਕਾਮੇ ਹੱਕ ਹੱਕ ਹਕ਼ੀਕਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰਾ ਹੁਕਮ ਦੋ ਜਹਾਨ ਆਪ ਵਰਤਾਇੰਦਾ । ਤੇਰਾ ਹੁਕਮ ਸ੍ਰੀ ਭਗਵਾਨ, ਆਦਿ ਜੁਗਾਦਿ ਵਰਤਾਈਆ । ਤੇਈ ਅਵਤਾਰ ਦੇ ਦੇ ਦਾਨ, ਚੌਕੜੀ ਬੰਧਨ ਪਾਈਆ । ਭਗਤ ਅਠਾਰਾਂ ਕਰ ਗਿਆਨ, ਗੋਹਝ ਗੋਹਝ ਸਮਝਾਈਆ । ਈਸਾ ਮੂਸਾ ਮੁਹੰਮਦ ਕਲਮਾ ਪੜ੍ਹ ਕਲਾਮ,

੯੨੩ ੧੨

ਕਾਇਨਾਤ ਦਏ ਸੁਣਾਈਆ । ਨਾਨਕ ਗੋਬਿੰਦ ਇਕ ਮਕਾਨ, ਸਚਖੰਡ ਪ੍ਰਭ ਚਰਨ ਮਿਲੇ ਸ਼ਰਨਾਈਆ । ਅੰਤਮ ਸਾਰੇ ਮੰਗਣ ਦਾਨ, ਪ੍ਰਭ ਅੱਗੇ ਸੀਸ ਝੁਕਾਈਆ । ਹਉਂ ਬਾਲਕ ਬਾਲ ਅਞਾਣ, ਤੇਰਾ ਅੰਤ ਕਹਿਣ ਨਾ ਪਾਈਆ । ਕਰ ਕਿਰਪਾ ਗੁਣ ਨਿਧਾਨ, ਗੁਣ ਅਵਗੁਣ ਦੇ ਸਮਝਾਈਆ । ਲਿਖ ਲਿਖ ਥੱਕੇ ਨਾਲ ਜ਼ਬਾਨ, ਜ਼ੇਰ ਜ਼ਬਰ ਨਾ ਦੇਵੇ ਕੋਇ ਗਵਾਹੀਆ । ਪੈਂਤੀ ਅੱਖਰ ਲੱਭ ਨਾ ਸਕੀ ਤੇਰਾ ਕੋਈ ਨਿਸ਼ਾਨ, ਅਲਫ ਯੇ ਪੰਧ ਰਹੀ ਮੁਕਾਈਆ । ਸਾਚਾ ਮੰਦਰ ਨਾ ਮਿਲਿਆ ਕੋਇ ਮਕਾਨ, ਬੇਮੁਕਾਮ ਨਜ਼ਰ ਕੋਇ ਨਾ ਆਈਆ । ਤੇਰੀ ਸਿਫ਼ਤ ਕਰੇ ਅੰਜੀਲ ਕੁਰਾਣ, ਈਸਾ ਮੂਸਾ ਮੁਹੰਮਦ ਢੋਲਾ ਰਹੇ ਸੁਣਾਈਆ । ਨਾਨਕ ਨਿਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸਚ ਸੰਦੇਸਾ ਦੇਵੇ ਆਣ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰੇ ਪੜ੍ਹਾਈਆ । ਗੋਬਿੰਦ ਮੰਨੇ ਏਕਾ ਆਣ, ਪੁਰਖ ਅਕਾਲ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਤੇਰਾ ਮਾਣ ਤੇਰੀ ਵਡਿਆਈਆ । ਸ਼ਬਦ ਸੁਤ ਤੇਰਾ ਬਲ, ਬਲਧਾਰੀ ਆਪ ਜਣਾਇੰਦਾ । ਜੁਗ ਚੌਕੜੀ ਅਛਲ ਅਛਲ, ਵਲ ਛਲ ਆਪਣਾ ਖੇਲ ਵਖਾਇੰਦਾ । ਸਰਗੁਣ ਅੰਦਰ ਨਿਰਗੁਣ ਰਲ, ਗੁਰ ਅਵਤਾਰ ਨਾਉਂ ਪਰਗਟਾਇੰਦਾ । ਸਤਿ ਸੰਦੇਸਾ ਸਾਚਾ ਘਲ, ਖਾਣੀ ਬਾਣੀ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਇੰਦਾ । ਸ਼ਬਦ ਸੁਤ ਚੜ੍ਹਿਆ ਚਾ, ਆਦਿ ਆਦਿ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਮਿਲਿਆ ਮਲਾਹ, ਬੇੜਾ ਸਦਾ ਚਲਾਈਆ । ਨਾਉਂ ਨਿਰੰਕਾਰਾ ਦੇਵੇ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਕਰੇ ਖੇਲ ਦੋ ਜਹਾਨ, ਦੋਏ ਦੋਏ ਰੂਪ ਵੇਖ ਵਖਾਈਆ । ਸਰਗੁਣ ਨਿਰਗੁਣ ਪਕੜੇ ਬਾਂਹ, ਦੀਨਨ ਆਪਣੀ ਗੋਦ ਬਹਾਈਆ । ਸਤਿ ਸਤਿਵਾਦੀ ਸਤਿ ਝੁਲਾਏ ਨਿਸ਼ਾਂ, ਕੂੜੀ ਕਿਰਿਆ ਦਏ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਰ ਰੱਖੇ ਠੰਡੀ ਛਾਂ, ਤਤੀ ਵਾ ਨਾ ਲਗੇ ਰਾਈਆ । ਹਉਂ ਮੰਗਾਂ ਚਰਨ ਪਨਾਹ, ਸਰਨ ਮਿਲੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਮੇਲਾ ਲਏ ਮਿਲਾਈਆ । ਪੁਰਖ ਅਬਿਨਾਸ਼ੀ ਹੋ ਖ਼ੁਸ਼ਹਾਲ, ਖ਼ਾਲਕ ਆਪਣਾ ਭੇਵ ਜਣਾਇੰਦਾ । ਸੁਤ ਦੁਲਾਰੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਜੁਗ ਚੌਕੜੀ ਬੀਤੇ ਕਾਲ, ਕਾਲ ਮਹਾਕਾਲ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲੇ ਨਾਲ ਨਾਲ, ਸਦਾ ਸਦ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸੁਤ ਸ਼ਬਦ ਕਰ ਧਿਆਨ, ਹਰਿ ਸਤਿਗੁਰ ਸਚ ਜਣਾਇਆ । ਨਵ ਨੌਂ ਚਾਰ ਖੇਲ ਮਹਾਨ, ਬ੍ਰਹਿਮੰਡ ਖੰਡ ਨਾਚ ਨਚਾਇਆ । ਮੰਡਲ ਰਾਸੀ ਗੋਪੀ ਕਾਹਨ, ਮੁਕੰਦ ਮਨੋਹਰ ਵੇਖ ਵਖਾਇਆ । ਕਲਜੁਗ ਅੰਤਮ ਪਰਗਟ ਹੋਏ ਵਿਚ ਜਹਾਨ, ਮਹਾਬਲੀ ਆਪਣਾ ਨਾਉਂ ਧਰਾਇਆ । ਵੇਦ ਵਿਆਸਾ ਲਿਖ ਲਿਖ ਗਿਆ ਬਿਆਨ, ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਇਆ । ਈਸਾ ਮੰਗਦਾ ਰਿਹਾ ਦਾਨ, ਖ਼ਾਲੀ ਝੋਲੀ ਅੱਗੇ ਡਾਹਿਆ । ਮੁਹੰਮਦ ਕਹੇ ਮੇਰਾ ਅਮਾਮ, ਸਿਰ ਅਮਾਮਾਂ ਸੱਚਾ ਸ਼ਹਿਨਸ਼ਾਹਿਆ । ਨਾਨਕ ਗੋਬਿੰਦ ਦੱਸ ਕੇ ਗਿਆ ਪਹਿਚਾਣ, ਸਚ ਸੰਦੇਸਾ ਇਕ ਸੁਣਾਇਆ । ਨਿਹਕਲੰਕਾ ਆਏ ਵਿਚ ਜਹਾਨ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਨਾਮ ਖੰਡਾ ਤੇਜ਼ ਕਿਰਪਾਨ, ਬ੍ਰਹਿਮੰਡਾਂ ਦਏ ਚਮਕਾਇਆ । ਜੁਗ ਚੌਕੜੀ ਲੇਖਾ ਮੁਕਾਏ ਆਣ, ਬਾਕੀ ਕੋਇ ਰਹਿਣ ਨਾ ਪਾਇਆ । ਸ੍ਰਿਸ਼ਟ


੯੨੪
੧੨

ਸਬਾਈ ਦੇਵੇ ਇਕ ਗਿਆਨ, ਆਤਮ ਪਰਮਾਤਮ ਲਏ ਮਿਲਾਇਆ । ਰਾਉ ਰੰਕ ਰਾਜ ਰਾਜਾਨ ਊਚ ਨੀਚ ਢੋਲਾ ਏਕਾ ਗਾਣ, ਸੋ ਪੁਰਖ ਨਿਰਜੰਣ ਆਪ ਸੁਣਾਇਆ । ਹੰ ਬ੍ਰਹਮ ਮਾਰੇ ਬਾਣ, ਤੀਰ ਅਣਿਆਲਾ ਆਪ ਉਠਾਇਆ । ਸੁਤ ਦੁਲਾਰੇ ਤੇਰਾ ਵਿਧਾਨ, ਲੋਕਮਾਤ ਲਏ ਪਰਗਟਾਇਆ । ਅੰਤਮ ਮੇਲਾ ਮੇਲੇ ਵਿਚ ਜਹਾਨ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇਆ । ਸੰਬਲ ਵਸੇ ਸਚ ਮਕਾਨ, ਚਾਰ ਦੀਵਾਰ ਛੱਪਰ ਛੰਨ ਨਾ ਕੋਇ ਛੁਹਾਇਆ । ਭਗਤ ਭਗਵੰਤ ਵੇਖੇ ਆਣ, ਸੰਤ ਸੱਜਣ ਨਾਲ ਰਲਾਇਆ । ਗੁਰਮੁਖਾਂ ਰਾਗ ਸੁਣਾਏ ਏਕਾ ਕਾਨ, ਧੁੰਨ ਅਨਾਦੀ ਨਾਦ ਅਲਾਇਆ । ਗੁਰਸਿਖ ਵਿਛੜੇ ਮੇਲੇ ਕਰ ਪਹਿਚਾਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਪੰਧ ਮੁਕਾਇਆ । ਨੇਤਰ ਲੋਚਣ ਨੈਣ ਦਰਸ਼ਨ ਦੇਵੇ ਆਣ, ਦਰਦੀ ਦਰਦੀਆਂ ਦਰਦ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਅਬਿਨਾਸ਼ੀ ਅਚੁਤ, ਕਲਜੁਗ ਅੰਤ ਸੁਹਾਏ ਤੇਰੀ ਰੁੱਤ, ਜਗਤ ਵਿਕਾਰਾ ਕੱਢੇ ਕੁੱਟ, ਗੁਰਮੁਖ ਫੁਲਵਾੜੀ ਪਏ ਫੁੱਟ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਨਾਮ ਬਾਗ਼ੀਚਾ ਇਕ ਲਗਾਇਆ ।

### ❊ ੬ ਅੱਸੂ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਹਿ ਜਲੰਧਰ ਛਾਉਣੀ ❊



ਲੱਖ ਚੁਰਾਸੀ ਉਤਰੇ ਪਾਰ, ਜੂਨ ਅਜੂਨ ਨਾ ਕੋਇ ਭੁਵਾਈਆ । ਲੱਖ ਚੁਰਾਸੀ ਨਾਤਾ ਤੁੱਟੇ ਸੰਸਾਰ, ਡੂੰਘੇ ਸਾਗਰ ਨਾ ਕੋਇ ਰੁੜ੍ਹਾਈਆ । ਸਤਿਗੁਰ ਪੂਰਾ ਮਿਲੇ ਏਕਾ ਵਾਰ, ਘਰ ਸਾਚੇ ਲਏ ਮਿਲਾਈਆ । ਜੀਵ ਜੰਤ ਤਨ ਕਾਇਆ ਦਏ ਆਧਾਰ, ਕਾਇਆ ਗਗਰੀਆ ਲੇਖੇ ਲਾਈਆ । ਮਨ ਨਾਚੇ ਨਾ ਦਹਿ ਦਿਸ਼ ਧਾਰ, ਮਤ ਮਤਵਾਲੀ ਨਾ ਦਏ ਦੁਹਾਈਆ । ਬੁਧ ਬਿਬੇਕੀ ਕਰੇ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਸਮਝਾਈਆ । ਲੱਖ ਚੁਰਾਸੀ ਤੁੱਟੇ ਨਾਤਾ, ਅਵਣ ਗਵਣ ਪੰਧ ਮੁਕਾਈਆ । ਸਾਹਿਬ ਸਤਿਗੁਰ ਮਿਲੇ ਦਾਤਾ, ਦਾਤਾ ਦਾਨੀ ਦਇਆ ਕਮਾਈਆ । ਅੰਧ ਅੰਧੇਰੀ ਮਿਟੇ ਰਾਤਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਬਿਨ ਰਸਨਾ ਜਿਹਵਾ ਸੁਣਾਏ ਗਾਥਾ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਆਤਮ ਪਿਆਏ ਬਾਟਾ, ਨਿਝਰ ਝਿਰਨਾ ਆਪ ਝਿਰਾਈਆ । ਕਰੇ ਪਰਕਾਸ਼ ਜੋਤ ਲਲਾਟਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਸਿਰ ਆਪਣਾ ਹੱਥ ਟਿਕਾਈਆ । ਆਵਣ ਜਾਵਣ ਮੁੱਕੇ ਵਾਟਾ, ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਓਥੇ ਦੋ ਜਹਾਨ ਨਿਭਾਏ ਸਾਥਾ, ਅਧਵਿਚਕਾਰ ਛੱਡ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਲੇਖਾ ਦਏ ਚੁਕਾਈਆ । ਲੱਖ ਚੁਰਾਸੀ ਹੋਏ ਦੂਰ, ਬੰਦੀਖਾਨਾ ਬੰਦ ਤੁੜਾਇੰਦਾ । ਸਰਬ ਕਲਾ ਸਤਿਗੁਰ ਭਰਪੂਰ, ਹਰਿ ਭਰਪੂਰੀ ਵੇਖ ਵਖਾਇੰਦਾ । ਨਜ਼ਰੀ ਆਏ ਜੋ ਦਿਸੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਠਾਕਰ ਦਿਆਲ ਸਵਾਮੀ ਕੋਟ ਜਨਮ ਦੇ ਬਖ਼ਸ਼ੇ ਆਪ ਕਸੂਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਨਾਤਾ ਆਪ ਤੁੜਾਇੰਦਾ । ਲੱਖ ਚੁਰਾਸੀ ਨਾਤਾ ਜਾਏ ਤੁੱਟ, ਆਵਣ ਜਾਵਣ ਰਹੇ ਨਾ ਰਾਈਆ । ਮਿਲੇ ਮੇਲ ਪੁਰਖ ਅਬਿਨਾਸ਼ੀ ਅਚੁੱਤ, ਹਰਿ

ਪਰਮੇਸ਼ਵਰ ਹੋਏ ਸਹਾਈਆ । ਗੁਰਮੁਖ ਆਤਮ ਮੌਲੇ ਰੁੱਤ, ਪਰਮਾਤਮ ਵੇਖੇ ਚਾਈਂ ਚਾਈਂਆ । ਹਰਿਜਨ ਉਠਾਏ ਸਾਚੇ ਸੁਤ, ਸਤਿਗੁਰ ਆਪਣੀ ਗੋਦ ਬਹਾਈਆ । ਬਿਨ ਹੱਥਾਂ ਬਾਹਵਾਂ ਲਏ ਚੁੱਕ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਸਿਖ ਗੁਰਮੁਖ ਹਰਿ ਭਗਤ ਹਰਿ ਸੰਤ ਰਾਹ ਵਿਚ ਨਾ ਜਾਏ ਰੁਕ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਏ ਆਪਣਾ ਘਰ, ਤਿਸ ਲੱਖ ਚੁਰਾਸੀ ਦਏ ਮੁਕਾਈਆ । ਲੱਖ ਚੁਰਾਸੀ ਤੁੱਟੇ ਗੰਢ, ਹਰਿ ਸਤਿਗੁਰ ਖੇਲ ਕਰਾਇੰਦਾ । ਰਾਏ ਧਰਮ ਦੇਵਣਹਾਰਾ ਦੰਡ, ਚਿਤਰ ਗੁਪਤ ਪਰਦਾ ਲਾਹਿੰਦਾ । ਸਾਹਿਬ ਦਿਆਲ ਸਦਾ ਬਖ਼ਸ਼ੰਦ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਲੇਖਾ ਜਾਣੇ ਬੱਤੀ ਦੰਦ, ਰਸਨਾ ਜਿਹਵਾ ਭੇਵ ਚੁਕਾਇੰਦਾ । ਗੁਰਸਿਖਾਂ ਦੇਵੇ ਆਤਮ ਅਨੰਦ, ਨਿਜਾਨੰਦ ਇਕ ਰਖਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਕਲਜੁਗ ਅੰਤਮ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਏ ਛੰਦ, ਤਿਸ ਜਮ ਨੇੜ ਨਾ ਆਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੋਲਾਇੰਦਾ । ਜਨਮ ਜੁਗ ਦੀ ਟੁੱਟੀ ਦੇਵੇ ਗੰਢ, ਜੁਗਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਗੇੜ ਆਪ ਮੁਕਾਇੰਦਾ । ਲੱਖ ਚੁਰਾਸੀ ਚੁੱਕੇ ਗੇੜਾ, ਅਵਣ ਗਵਣ ਨਾ ਕੋਇ ਭੁਆਈਆ । ਕਰੇ ਕਰਾਏ ਹੱਕ ਨਿਬੇੜਾ, ਹਕ਼ੀਕ਼ਤ ਵੇਖੇ ਥਾਉਂ ਥਾਈਂਆ । ਨਿਜ ਆਤਮ ਨਿਜ ਗ੍ਰਿਹਿ ਨਿਜ ਮੰਦਰ ਪਾਵੇ ਫੇਰਾ, ਘਰ ਘਰ ਵਿਚ ਲਏ ਮਿਲਾਈਆ । ਨਾਤਾ ਤੁਟੇ ਮੇਰਾ ਤੇਰਾ, ਤੇਰਾ ਮੇਰਾ ਏਕਾ ਰੂਪ ਵਖਾਈਆ । ਜਿਸ ਜਨ ਉਪਰ ਸਤਿਗੁਰ ਪੂਰਾ ਕਰੇ ਮਿਹਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਤਿਸ ਜਮਦੂਤ ਨਾ ਪਾਏ ਘੇਰਾ, ਜਮ ਫਾਸ ਨਾ ਕੋਇ ਵਖਾਈਆ । ਪੁਰਖ ਅਕਾਲ ਨਿਰਭੈ ਨਿਰਵੈਰ ਆਪਣਾ ਨਾਉਂ ਧਰਾਏ ਇਕੋ ਸਿੰਘ ਸ਼ੇਰਾ, ਸ਼ੇਰ ਭਬਕ ਇਕ ਲਗਾਈਆ । ਦੋ ਜਹਾਨ ਗੁਰਮੁਖ ਤੇਰਾ ਵਸਦਾ ਰਹੇ ਖੇੜਾ, ਇਥੇ ਓਥੇ ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਮ ਕਾ ਦੰਡ ਰਿਹਾ ਮੁਕਾਈਆ । ਜਮ ਕਾ ਦੰਡ ਨਾ ਕੋਇ ਫਾਸ, ਫਾਸੀ ਗਲ ਨਾ ਕੋਇ ਲਟਕਾਇੰਦਾ । ਗੁਰਸਿਖ ਜਨਮ ਜਨਮ ਦੀ ਮਿਟੇ ਪਿਆਸ, ਜਿਸ ਸਤਿਗੁਰ ਪੂਰਾ ਨਜ਼ਰੀ ਆਇੰਦਾ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਚਰਨਾਂ ਹੇਠ ਦਬਾਇੰਦਾ । ਨਿਰਮਲ ਨੂਰ ਵਖਾਏ ਇਕ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਗੁਰਸਿਖ ਗੁਰ ਸਤਿਗੁਰ ਪੂਰਾ ਰੱਖੇ ਚਰਨਾਂ ਪਾਸ, ਚਰਨ ਕਵਲ ਕਵਲ ਚਰਨ ਇਕੋ ਇਕ ਜਣਾਇੰਦਾ । ਲੱਖ ਚੁਰਾਸੀ ਹੋਵੇ ਨਾਸ, ਫਾਤਿਆ ਸਭ ਦਾ ਆਪ ਪੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਜਨ ਭਗਤਾਂ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਕਿਰਪਾ ਕਰੇ ਸਤਿਗੁਰ ਠਾਕਰ, ਠੋਕਰ ਨਾਮ ਲਗਾਈਆ । ਨਿਰਮਲ ਕਰਮ ਕਰਮ ਉਜਾਗਰ, ਉਜਰਤ ਕੋਇ ਨਾ ਮੰਗੇ ਸੱਚਾ ਸ਼ਹਿਨਸ਼ਾਹੀਆ । ਏਕਾ ਨਾਮ ਵਣਜ ਸਚ ਸੌਦਾਗਰ, ਚੌਦਾਂ ਲੋਕ ਖਾਲੀ ਝੋਲੀ ਰਹੇ ਵਖਾਈਆ । ਭਾਗ ਲਗਾਏ ਕਾਇਆ ਗਾਗਰ, ਨਿਰਮਲ ਨੀਰ ਇਕ ਵਖਾਈਆ । ਦਰ ਆਇਆਂ ਘਰ ਦੇਵੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਆਵਣ ਜਾਵਣ ਲੱਖ ਚੁਰਾਸੀ ਬੇੜਾ ਪਾਰ ਕੀਤਾ ਡੂੰਘਾ ਸਾਗਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਸ਼ਬਦ ਦੁਸ਼ਾਲਾ ਪਾਏ ਚਿੱਟੀ ਚਾਦਰ, ਚਾਰੇ ਕੰਨੀਆਂ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਲੇਖਾ ਦਏ ਮੁਕਾਈਆ । ਘਰ ਘਰ

ਅੰਦਰ ਨਾਮ ਭੰਡਾਰ, ਲੱਖ ਚੁਰਾਸੀ ਹਰਿ ਟਿਕਾਇੰਦਾ । ਗੁਰਮੁਖ ਵਿਰਲੇ ਕਰ ਪਿਆਰ, ਆਪਣੀ ਬੂਝ ਬੁਝਾਇੰਦਾ । ਰਾਤੀ ਸੁੱਤਿਆਂ ਦਏ ਦੀਦਾਰ, ਆਲਸ ਨਿੰਦਰਾ ਪਰਦਾ ਲਾਹਿੰਦਾ । ਬਾਂਹੋਂ ਪਕੜ ਲਏ ਉਠਾਲ, ਉਠ ਉਠ ਆਪਣਾ ਹਾਲ ਸੁਣਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣਾ ਪਰਦਾ ਲਾਹਿੰਦਾ । ਜੁਗ ਚੌਕੜੀ ਬਣ ਦਲਾਲ, ਗੁਰ ਸਤਿਗੁਰ ਨਾਉਂ ਧਰਾਇੰਦਾ । ਨਿਰਗੁਣ ਸਰਗੁਣ ਪੁੱਛਣਹਾਰ ਮੁਰੀਦਾਂ ਹਾਲ, ਮੁਰੀਦ ਮੁਰਸ਼ਦ ਆਪਣੇ ਰੰਗ ਰੰਗਾਇੰਦਾ । ਬਿਨ ਹਰਿ ਨਾਮੇ ਸ੍ਰਿਸ਼ਟ ਸਬਾਈ ਹੋਈ ਬੇਹਾਲ, ਹਰਿ ਕਾ ਨਾਮ ਨਜ਼ਰ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਸਤਿਗੁਰ ਪੂਰਾ ਦਏ ਵਖਾਲ, ਘਰ ਘਰ ਵਿਚ ਰਾਗ ਅਲਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦਵਾਲੇ ਕੋਈ ਨਾ ਕਰੇ ਭਾਲ, ਭਾਲਿਆਂ ਹੱਥ ਕਿਸੇ ਨਾ ਆਇੰਦਾ । ਗੁਰਮੁਖ ਕਾਇਆ ਮੰਦਰ ਅੰਦਰ ਅਣਮੁਲੜਾ ਲਾਲ, ਗੁਰ ਸਤਿਗੁਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆ ਸਭ ਦਾ ਲੇਖਾ ਲੇਖੇ ਪਾਇੰਦਾ । ਸਾਇੰਸ ਜੁਗ ਰਹੇ ਜੁਗ ਚਾਰ, ਜੁਗਤੀ ਹਰਿ ਜੂ ਆਪ ਬਣਾਈਆ । ਅਥਰਵਣ ਲੇਖਾ ਲਿਖ ਅਗੰਮ ਅਪਾਰ, ਐੜਾ ਅੱਖ ਅੱਖ ਖੁਲ੍ਹਾਈਆ । ਜਗਤ ਬੁਧੀ ਦੇ ਅਧਾਰ, ਆਤਮ ਸੁਧੀ ਸੁਧ ਗੁਆਈਆ । ਬ੍ਰਹਮ ਰੁਚੀ ਗਏ ਹਾਰ, ਸੁਚੀ ਵਾਸ਼ਨਾ ਨਾ ਕੋਇ ਵਡਿਆਈਆ । ਚਹੁੰ ਗੁਠੀ ਹਾਹਾਕਾਰ, ਮਾਣ ਮੋਹ ਹੰਕਾਰ ਕਰੇ ਲੜਾਈਆ । ਦਹਿ ਦਿਸ਼ਾ ਹੋਏ ਖ਼ੁਆਰ, ਵੇਲਾ ਅੰਤਮ ਨੇੜੇ ਆਈਆ । ਜ਼ਿਮੀਂ ਆਸਮਾਨਾਂ ਜੋ ਚੱਕਰ ਰਹੇ ਮਾਰ, ਚੱਕਰ ਸੁਦਰਸ਼ਨ ਸਭ ਦਾ ਲੇਖਾ ਦਏ ਮੁਕਾਈਆ । ਕੋਟਨ ਕੋਟ ਬੀਤੇ ਕਾਲ, ਮਹਾਕਾਲ ਸਭ ਦਾ ਲੇਖਾ ਰਿਹਾ ਮਿਟਾਈਆ । ਜਗਤ ਵਿਦਿਆ ਜਗਤ ਸਾਇੰਸ ਕਿਸੇ ਨਾ ਨਿਭੀ ਨਾਲ, ਸਿਆਸਤ ਵਰਾਸਤ ਨਾ ਕੋਇ ਵਖਾਈਆ । ਬਿਨ ਹਰਿ ਨਾਮੇ ਕੋਈ ਨਾ ਮਿਲਿਆ ਦਲਾਲ, ਏਥੇ ਓਥੇ ਲਏ ਛੁਡਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੱਖ ਚੁਰਾਸੀ ਪਾਵਣਹਾਰਾ ਜਾਲ, ਡੋਰੀ ਡੋਰ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਇੰਸ ਜੁਗ ਜੁਗ ਨਾਲ ਟਕਰਾਈਆ ।

### ❊ ੬ ਅੱਸੂ ੨੦੧੯ ਸਰਦੂਲ ਸਿੰਘ ਦੇ ਗ੍ਰਿਹ ਜਲੰਧਰ ਛਾਉਣੀ ❊

ਸ਼ਬਦ ਸੁਤ ਦਰ ਮੰਗੇ ਮੰਗ, ਥਿਰ ਘਰ ਆਪਣਾ ਸੀਸ ਝੁਕਾਈਆ । ਸਚਖੰਡ ਨਿਵਾਸੀ ਸੂਰਾ ਸਰਬੰਗ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਦੇਣਾ ਇਕ ਅਨੰਦ, ਅਨੰਦ ਅਨੰਦ ਵਿਚ ਪਰਗਟਾਈਆ । ਸਾਚਾ ਸੋਹਲਾ ਗਾਵਾਂ ਛੰਦ, ਗੀਤ ਗੋਬਿੰਦ ਅਲਾਈਆ । ਬਿਨ ਸੂਰਜ ਚੰਦ ਨਾ ਚੜ੍ਹੇ ਚੰਦ, ਪਰਕਾਸ਼ ਪਰਕਾਸ਼ ਤੇਰੀ ਵਡਿਆਈਆ । ਵਸਤ ਅਮੋਲਕ ਏਕਾ ਵੰਡ, ਖਾਲੀ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਦਇਆ ਕਮਾਈਆ । ਸ਼ਬਦ ਸੁਤ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਸੋ ਪੁਰਖ ਨਿਰੰਜਣ ਤੇਰਾ ਠਾਂਡਾ ਦਰਬਾਰ, ਆਦਿ ਜੁਗਾਦੀ ਏਕਾ ਨਜ਼ਰੀ ਆਇੰਦਾ । ਹਰਿ ਪੁਰਖ ਨਿਰੰਜਣ ਤੇਰਾ ਸਤਿ ਪਿਆਰ, ਸਤਿ ਸਤਿਵਾਦੀ ਭੁੱਲ ਕਦੇ ਨਾ ਜਾਇੰਦਾ । ਏਕੰਕਾਰਾ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਆਦਿ ਨਿਰੰਜਣ ਕਰ ਉਜਿਆਰ, ਜੋਤੀ

੬੨੮
੧੨

ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਦੇ ਅਧਾਰ, ਦੋਏ ਜੋੜ ਸੀਸ ਝੁਕਾਇੰਦਾ । ਸ੍ਰੀ ਭਗਵਾਨ ਵੇਖ ਵਿਚਾਰ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਕਰ ਵੀਚਾਰ, ਵੀਚਾਰ ਵੀਚਾਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਇੰਦਾ । ਤੇਰੇ ਦਰ ਅਲੱਖ ਅਲੱਖ ਨਿਰੰਜਣ, ਦੂਸਰ ਓਟ ਨਾ ਕੋਇ ਤਕਾਈਆ । ਦਰ ਦਵਾਰ ਆਇਆ ਮੰਗਣ, ਬਣ ਦਰਵੇਸ਼ ਫੇਰਾ ਪਾਈਆ । ਦਇਆਵਾਨ ਦਇਆ ਕਰ ਠਾਕਰ ਸਵਾਮੀ ਸੂਰੇ ਸਰਬੰਗਣ, ਭੂਪਤ ਭੂਪ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਾਮ ਨਿਧਾਨਾ ਝੋਲੀ ਪਾਈਆ । ਪੁਰਖ ਅਬਿਨਾਸ਼ੀ ਦਇਆਨਿਧ, ਦੀਨਨ ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਕਾਰਜ ਕਰੇ ਸਿਧ, ਸਚ ਸੰਦੇਸਾ ਇਕ ਸੁਣਾਇੰਦਾ । ਆਦਿ ਜੁਗਾਦਿ ਆਪੇ ਜਾਣੇ ਆਪਣੀ ਬਿਧ, ਬਿਧ ਨਾਤਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰ ਇਕ ਸੁਣਾਇੰਦਾ । ਸੁਣ ਸੰਦੇਸਾ ਸ੍ਰੀ ਭਗਵਾਨ, ਸ਼ਬਦੀ ਸੁਤ ਖ਼ੁਸ਼ੀ ਮਨਾਈਆ । ਤੇਰੀ ਮਹਿਮਾ ਦੋ ਜਹਾਨ, ਕਥਨੀ ਕਥ ਨਾ ਸਕੇ ਰਾਈਆ । ਤੇਰਾ ਹੁਕਮ ਧੁਰ ਫ਼ਰਮਾਣ, ਧੁਰ ਦਰਬਾਰੀ ਤੇਰਾ ਭੇਵ ਖੁਲ੍ਹਾਈਆ । ਹਉਂ ਬਾਲਕ ਬਾਲ ਅਵਾਣ, ਸੁਤ ਦੁਲਾਰਾ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਿਹਿ ਮੰਦਰ ਵੱਜੇ ਵਧਾਈਆ । ਗ੍ਰਿਹਿ ਮੰਦਰ ਤੇਰਾ ਰੰਗ, ਦੂਸਰ ਓਟ ਨਾ ਕੋਇ ਤਕਾਈਆ । ਥਿਰ ਘਰ ਵੱਜੇ ਮਰਦੰਗ, ਮਰਦ ਮਰਦਾਨ ਤੇਰੀ ਸ਼ਹਿਨਸ਼ਾਹੀਆ । ਨਿਰਗੁਣ ਨਿਰਾਕਾਰ ਸਦਾ ਵਸਣਾ ਸੰਗ, ਅਜੂਨੀ ਰਹਿਤ ਵਿਛੜ ਨਾ ਜਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪਣਾ ਮੁਕਾਉਣਾ ਆਪ ਪੰਧ, ਪਾਂਧੀ ਹੋਰ ਨਾ ਕੋਇ ਬਣਾਈਆ । ਸੁਤ ਦੁਲਾਰੇ ਸੁਣਾਉਣਾ ਏਕਾ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਦਾਤਾ ਦਾਨੀ ਖੇਲ ਵਖਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਅਬਿਨਾਸ਼ੀ ਕਰਤਾ ਰੱਖੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਸ੍ਰੀ ਭਗਵਾਨ ਝੁਲਾਏ ਨਿਸ਼ਾਨ, ਸਚ ਨਿਸ਼ਾਨਾ ਆਪ ਵਖਾਇੰਦਾ । ਪਾਰਬ੍ਰਹਮ ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਧਾਰਾ ਆਪ ਬਣਾਇੰਦਾ । ਕਰੇ ਖੇਲ ਸਚਖੰਡ ਸੱਚੇ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸ਼ਾਹੋ ਭੂਪ ਬਣ ਸੁਲਤਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਆਦਿ ਜੁਗਾਦੀ ਸਚ ਸੰਦੇਸਾ ਦੇਵਣਹਾਰਾ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਇੰਦਾ । ਸ਼ਬਦ ਸੁਤ ਕਰ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਸੁਣਾਏ ਰਾਗ ਬਿਨ ਕਾਨ, ਬਿਨ ਰਸਨਾ ਜਿਹਵਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਦਰਬਾਰੇ ਆਪਣਾ ਹੁਕਮ ਵਰਤਾਇੰਦਾ । ਥਿਰ ਦਰਬਾਰ ਸਚ ਸੰਦੇਸਾ, ਨਰ ਨਿਰੰਕਾਰਾ ਆਪ ਜਣਾਈਆ । ਸੁਤ ਦੁਲਾਰੇ ਤੇਰਾ ਵੇਸਾ, ਵੇਸ ਅਨੇਕ ਰੂਪ ਵਟਾਈਆ । ਤੇਰੀ ਚਰਨ ਕਵਲ ਸਰਨ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼ਾ, ਦਰ ਦਰਵੇਸ਼ ਦੇਵੇ ਅਲੱਖ ਜਗਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼, ਪਾਤਾਲ

ਗਗਨ ਮੰਡਲ ਤੇਰਾ ਲੇਖਾ, ਬ੍ਰਹਿਮੰਡ ਬ੍ਰਹਿਮਾਂਡ ਤੇਰਾ ਰਚਨ ਰਚਾਈਆ । ਰਵ ਸਸ ਸੂਰਜ ਚੰਦ ਕਰ ਪਰਕਾਸ਼, ਕਿਰਨ ਕਿਰਨ ਕਿਰਨ ਤੇਰਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਗਿਆਨ, ਹਰਿ ਅੰਤਰ ਆਪ ਬੁਝਾਇੰਦਾ । ਵਸੇ ਥਿਰ ਘਰ ਤੇਰਾ ਮਕਾਨ, ਬੇਮੁਕਾਮ ਵੇਖ ਵਖਾਇੰਦਾ । ਚਰਨ ਕਵਲ ਕਵਲ ਚਰਨ ਸਚ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਆਦਿ ਅੰਤ ਮਧ ਮੰਨਣੀ ਪਏ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸ਼ਬਦ ਸੁਤ ਬਾਲ ਅਞਾਣਾ, ਬਾਲੀ ਬੁਧ ਦਏ ਦੁਹਾਈਆ । ਸਮਰਥ ਪੁਰਖ ਤੂੰ ਸਾਹਿਬ ਸੁਲਤਾਨਾ, ਬੇਅੰਤ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਨਿਰਾਕਾਰ ਹੋ ਪਰਧਾਨਾ, ਸਚ ਪਰਧਾਨਗੀ ਇਕ ਕਮਾਈਆ । ਨਿਰਵੈਰ ਪੁਰਖ ਝੁਲਾਏ ਸਚ ਨਿਸ਼ਾਨਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਮਿਹਰਵਾਨ ਮਿਹਰਵਾਨ ਹੋਏ ਮਿਹਰਵਾਨਾ, ਮੋਹੇ ਆਪਣਾ ਭੇਵ ਖੁਲ੍ਹਾਈਆ । ਹਉਂ ਸੇਵਕ ਬਾਲਕ ਦਰ ਦਰਵੇਸ਼ ਦਰਬਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਸ੍ਰੀ ਭਗਵਾਨ, ਏਕਾ ਮੰਗ ਮੰਗਾਈਆ । ਆਦਿ ਜੁਗਾਦੀ ਦੇਣਾ ਦਾਨ, ਜੁਗ ਜੁਗ ਸੇਵ ਕਮਾਈਆ । ਚਰਨ ਕਵਲ ਕਵਲ ਚਰਨ ਮਿਲੇ ਮਾਣ, ਅਭਿਮਾਣ ਰੂਪ ਨਾ ਕੋਇ ਵਖਾਈਆ । ਵੱਜਦਾ ਰਹੇ ਨਾਦ ਧੁੰਨਕਾਨ, ਰਾਗੀ ਰਾਗ ਨਾ ਕੋਇ ਸੁਣਾਈਆ । ਛੱਪਰ ਛੰਨ ਨਾ ਕੋਇ ਮਕਾਨ, ਚਾਰ ਦੀਵਾਰ ਨਾ ਕੋਇ ਵਡਿਆਈਆ । ਥਿਰ ਘਰ ਮੇਲਾ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਦੂਸਰ ਅਵਰ ਨਾ ਕੋਇ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਇਕੋ ਓਟ ਰੱਖੀ ਆਸ, ਨਿਰਧਨ ਤੇਰਾ ਧਿਆਨ ਲਗਾਈਆ । ਨਿਰਮਲ ਜੋਤ ਨੂਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਹਿਨਸ਼ਾਹ ਮੇਲਾ ਸ਼ਾਹੋ ਸ਼ਾਬਾਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਤਮਾਸ਼, ਰਵ ਸਸ ਨਾਚ ਨਚਾਈਆ । ਸਦਾ ਸੁਹੇਲਾ ਵਸੇ ਪਾਸ, ਇਕ ਇਕੇਲਾ ਫੇਰਾ ਪਾਈਆ । ਥਿਰ ਘਰ ਦਵਾਰੇ ਤੇਰਾ ਦਾਸ, ਦਾਸੀ ਦਾਸ ਰੂਪ ਵਟਾਈਆ । ਚਰਨ ਸਰੋਵਰ ਦੇ ਬੁਝਾਣੀ ਪਿਆਸ, ਤ੍ਰਿਸਨਾ ਮੂਲ ਨਾ ਲਾਗੇ ਰਾਈਆ । ਜੁਗਾ ਜੁਗੰਤਰ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਨਾਉਂ ਨਿਰੰਕਾਰ ਪੜ੍ਹਾਉਣੀ ਗਾਥ, ਨਿਸ਼ਅੱਖਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਆਸਾ ਮੰਨਸਾ ਹਰਿ ਜੂ ਪੂਰ, ਆਦਿ ਪੁਰਖ ਦਇਆ ਕਮਾਇੰਦਾ । ਸੁਤ ਦੁਲਾਰੇ ਸਾਚਾ ਨੂਰ, ਪੂਤ ਸਪੂਤਾ ਗੋਦ ਬਹਾਇੰਦਾ । ਜਨਣੀ ਜਣ ਬਣੇ ਸਰਬ ਕਲਾ ਭਰਪੂਰ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਪਰਗਟ ਹੋ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਬਿਨ ਕਲਮ ਦਵਾਤ, ਹਰਿ ਜੂ ਹਰਿ ਹਰਿ ਆਪ ਜਣਾਈਆ । ਸੁਤ ਦੁਲਾਰੇ ਮਾਰ ਝਾਤ, ਸਚਖੰਡ ਦਵਾਰ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਬੈਠਾ ਇਕ ਇਕਾਂਤ, ਇਕ ਇਕੱਲਾ ਸੋਭਾ ਪਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਜਨਣੀ ਜਣ ਨਾ ਕੋਇ ਬਣਾਈਆ । ਪੁੱਤਰ

੬੩੦
੧੨

ਧੀ ਨਾ ਸੱਜਣ ਸਾਕ, ਬੰਧਪ ਕੋਇ ਨਜ਼ਰ ਨਾ ਆਈਆ । ਨਿਰਗੁਣ ਨਿਰਵੈਰ ਪਾਕੀ ਪਾਕ, ਨਿਰਮਲ ਜੋਤ ਜੋਤ ਰੁਸ਼ਨਾਈਆ । ਸਚ ਸਿੰਘਾਸਣ ਸੁੱਤਾ ਆਪਣੇ ਖਾਟ, ਪਾਵਾ ਚੂਲ ਨਾ ਕੋਇ ਬਣਾਈਆ । ਨਿਰਮਲ ਜੋਤ ਜੋਤ ਪਰਕਾਸ਼, ਅਨੁਭਵ ਆਪਣਾ ਖੇਲ ਵਖਾਈਆ । ਬਿਨ ਗੋਪੀ ਕਾਹਨ ਪਾਏ ਰਾਸ, ਬਿਨ ਸਖ਼ੀਆਂ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਭੇਵ ਖੁਲ੍ਹਾਈਆ । ਸੁਤ ਦੁਲਾਰੇ ਖੋਲ੍ਹ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਚਖੰਡ ਨਿਵਾਸੀ ਹੋ ਪਰਤੱਖ, ਸਵੱਛ ਸਰੂਪੀ ਰੂਪ ਵਟਾਇੰਦਾ । ਆਪਣਾ ਮਾਰਗ ਆਪੇ ਦੱਸ, ਸਾਚੇ ਧੰਦੇ ਆਪੇ ਲਾਇੰਦਾ । ਪੰਧ ਮੁਕਾਵੇ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਨਾਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਜਣਾਇੰਦਾ । ਸਾਚੀ ਸਿਖਿਆ ਛੋਟੇ ਬਾਲ, ਜਨ ਜਨਨੀ ਰੂਪ ਵਟਾਇੰਦਾ । ਲੇਖਾ ਜਾਣ ਦੋ ਜਹਾਨ, ਦੋਏ ਦੋਏ ਧਾਰ ਆਪ ਸਮਝਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਸਾਚੀ ਸੇਵਾ ਸੇਵਕ ਲਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨ, ਪੰਜ ਤਤ ਸਾਚਾ ਜੋੜ ਜੁੜਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਖੇਲ ਮਹਾਨ, ਹਰਿ ਖ਼ਾਲਕ ਵੇਖ ਵਖਾਇੰਦਾ । ਮਿਹਬਾਨ ਬੀਦੋ ਨੌਜਵਾਨ, ਮੁਕਾਮੇ ਹੱਕ ਡੇਰਾ ਲਾਇੰਦਾ । ਲਾਸ਼ਰੀਕ ਹੋ ਮਿਹਰਵਾਨ, ਬੇਐਬ ਖ਼ੁਦਾਈ ਰੂਪ ਅਨੂਪ ਆਪ ਧਰਾਇੰਦਾ । ਸਚ ਤੌਫ਼ੀਕ ਬੇਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਆਪ ਵਡਿਆਇੰਦਾ । ਸੁਤ ਦੁਲਾਰੇ ਉਠ ਉਠ ਜਾਗ, ਹਰਿ ਜਾਗਰਤ ਜੋਤ ਜਗਾਈਆ । ਸਚਖੰਡ ਨਿਵਾਸੀ ਥਿਰ ਘਰ ਦਵਾਰੇ ਲਾਏ ਭਾਗ, ਭਾਗ ਆਪਣਾ ਦਏ ਵੰਡਾਈਆ । ਬਿਨ ਤੇਲ ਬਾਤੀ ਦਏ ਚਿਰਾਗ਼, ਅੰਧ ਅੰਧੇਰ ਗਵਾਈਆ । ਬਿਨ ਨਾਰੀ ਕੰਤ ਸੁਹਾਗ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਮਾਰੇ ਆਵਾਜ਼, ਬਿਨ ਕੰਨਾਂ ਰਿਹਾ ਸੁਣਾਈਆ । ਸਰਨ ਸਰਨਾਈ ਜਾਣਾ ਲਾਗ, ਚਰਨ ਕਵਲ ਮਿਲੇ ਵਡਿਆਈਆ । ਨਿਰਗੁਣ ਨਿਰਗੁਣ ਚਲਾਏ ਜਹਾਜ਼, ਬੇੜਾ ਆਪਣੇ ਕੰਧ ਉਠਾਈਆ । ਆਦਿ ਜੁਗਾਦਿ ਰੱਖੇ ਲਾਜ, ਜੁਗਾ ਜੁਗੰਤਰ ਵੇਖ ਵਖਾਈਆ । ਪੰਜ ਤ੍ਰੈ ਰਚਿਆ ਕਾਜ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਲੱਖ ਚੁਰਾਸੀ ਦੇਵੇ ਦਾਤ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਖੇਲਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਘਟ ਘਟ ਅੰਦਰ ਕਰ ਪਰਕਾਸ਼, ਨੂਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਤੇਰਾ ਮੰਦਰ ਦਏ ਸੁਹਾਈਆ । ਸੁਤ ਦੁਲਾਰੇ ਤੇਰਾ ਮੰਦਰ, ਲੱਖ ਚੁਰਾਸੀ ਆਪ ਬਣਾਇੰਦਾ । ਪੁਰਖ ਅਬਿਨਾਸ਼ੀ ਵਸਣਹਾਰਾ ਡੂੰਘੀ ਕੰਦਰ, ਸਚ ਸਿੰਘਾਸਣ ਸੋਭਾ ਪਾਇੰਦਾ । ਤੇਰਾ ਨਾਉਂ ਰੱਖੇ ਬਜਰ ਕਪਾਟੀ ਅੰਦਰ ਜੰਦਰ, ਆਪਣੀ ਹੱਥੀਂ ਕੁੰਡਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਦੇਵੇ ਗੋਪਾਲ, ਪਾਰਬ੍ਰਹਮ ਵਡੀ ਵਡਿਆਈਆ । ਕਾਇਆ ਮੰਦਰ ਅੰਦਰ ਤੇਰੀ ਧਰਮਸਾਲ, ਧਰਮ ਦਵਾਰਾ ਦਏ ਵਖਾਈਆ । ਨਿਰਗੁਣ ਨਿਰਗੁਣ ਕਰੇ ਪ੍ਰਿਤਪਾਲ, ਸਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਕਰੇ ਖੇਲ ਹਰਿ ਕਮਾਲ, ਨੇਤਰ ਲੋਚਣ ਨੈਣ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਸ਼ਬਦ ਸ਼ਬਦ ਗੁਰ ਬਣੇ ਦਲਾਲ, ਪੰਜ

੬੩੧
੧੨

ਤਤ ਕਾਇਆ ਚੋਲਾ ਮਾਤ ਹੰਢਾਈਆ । ਸਾਚੀ ਸਿਖਿਆ ਦਏ ਸਿਖਾਲ, ਸਾਖਿਆਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸੁਤ ਤੇਰਾ ਰੰਗ, ਹਰਿ ਸਤਿਗੁਰ ਆਪ ਰੰਗਾਇੰਦਾ । ਘਰ ਘਰ ਸੇਜਾ ਸਚ ਪਲੰਘ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਗ੍ਰਿਹ ਗ੍ਰਿਹ ਵੱਜੇ ਤੇਰਾ ਮਰਦੰਗ, ਅਨਹਦ ਨਾਦੀ ਨਾਦ ਸੁਣਾਇੰਦਾ । ਡੂੰਘੀ ਭਵਰੀ ਕਾਇਆ ਕਵਰੀ ਆਪੇ ਲੰਘ, ਬਣ ਪਾਂਧੀ ਪੰਧ ਮੁਕਾਇੰਦਾ । ਗੀਤ ਸੁਹਾਗੀ ਸਾਚਾ ਛੰਦ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਨਿਜ ਆਤਮ ਦੇਵੇ ਨਿਜਾਨੰਦ, ਨਿਜ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਲੇਖਾ ਲੇਖ ਸਮਝਾਇੰਦਾ । ਸ਼ਬਦ ਸੁਤ ਤੇਰੀ ਸਾਚੀ ਧਾਰ, ਘਰ ਘਰ ਆਪ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਵੇਖੇ ਵੇਖਣਹਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਨਾਉਂ ਧਰਾਈਆ । ਬੋਧ ਅਗਾਧਾ ਬੋਲ ਜੈਕਾਰ, ਜੈ ਜੈਕਾਰਾ ਕਰੇ ਪੜ੍ਹਾਈਆ । ਤ੍ਰੈ ਤ੍ਰੈ ਮੇਲਾ ਵਿਚ ਸੰਸਾਰ, ਪੰਚਮ ਪੰਚ ਕਰੇ ਕੁੜਮਾਈਆ । ਚਾਰ ਚਾਰ ਦਏ ਆਧਾਰ, ਚਾਰ ਚਾਰ ਵੇਖੇ ਥਾਉਂ ਥਾਈਂਆ । ਨਵ ਨੌਂ ਚਾਰ ਖੋਲ੍ਹ ਦਵਾਰ, ਦਰ ਦਵਾਰੇ ਫੇਰਾ ਪਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਰੰਗ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਤੇਰੇ ਹੱਥ ਰੱਖੇ ਵਡਿਆਈਆ । ਸ਼ਬਦ ਸੁਤ ਚਾਉ ਘਨੇਰਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਆਦਿ ਪੁਰਖ ਪ੍ਰਭ ਹੇਤਾ ਮੇਰਾ, ਦੂਜੀ ਓਟ ਨਾ ਕੋਇ ਤਕਾਇੰਦਾ । ਆਵਣ ਜਾਵਣ ਲੱਖ ਚੁਰਾਸੀ ਬਣਾਇਆ ਗੇੜਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਿਤ ਨਵਿਤ ਭਰਮ ਭੌ ਢਾਹੇ ਢੇਰਾ, ਭਾਂਡਾ ਭਰਮ ਆਪ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਸਾਚੀ ਵਸਤ ਨਾਮ ਦਾਤ, ਨਰ ਨਿਰੰਕਾਰਾ ਝੋਲੀ ਪਾਈਆ । ਜੁਗ ਜੁਗ ਮੇਟੇ ਅੰਧੇਰੀ ਰਾਤ, ਅੰਧ ਅੰਧੇਰ ਰਹੇ ਨਾ ਰਾਈਆ । ਗੁਰ ਅਵਤਾਰ ਸੁਣਾਏ ਗਾਥ, ਅੱਖਰ ਵੱਖਰ ਕਰ ਪੜ੍ਹਾਈਆ । ਪੀਰ ਪੈਗ਼ੰਬਰ ਦਏ ਨਿਜਾਤ, ਸਿਰ ਆਪਣਾ ਹੱਥ ਟਿਕਾਈਆ । ਵੇਖਣਹਾਰਾ ਡੂੰਘਾ ਖਾਤ, ਸਮੁੰਦ ਸਾਗਰ ਫੋਲ ਫੋਲਾਈਆ । ਲੇਖਾ ਜਾਣੇ ਡਾਲ੍ਹੀ ਪਾਤ, ਫੁਲ ਫੁਲਵਾੜੀ ਆਪ ਮਹਿਕਾਈਆ । ਲੱਖ ਚੁਰਾਸੀ ਕਰਨਹਾਰਾ ਘਾਤ, ਨਾਮ ਖੰਡਾ ਰਿਹਾ ਚਮਕਾਈਆ । ਕਾਲ ਮਹਾਕਾਲ ਵੇਖੇ ਮਾਰ ਝਾਤ, ਤ੍ਰੈਭਵਣ ਧਨੀ ਵਡੀ ਵਡਿਆਈਆ । ਸਚਖੰਡ ਨਿਵਾਸੀ ਸਾਖਿਆਤ, ਸਵੱਛ ਸਰੂਪੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਦ੍ਰਿੜਾਈਆ । ਸਾਚਾ ਹੁਕਮ ਆਦਿ ਅੰਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸ਼ਬਦ ਸੁਤ ਹਰਿ ਸਾਚਾ ਕੰਤ, ਮੰਤਰ ਨਾਮ ਨਾਮ ਪੜ੍ਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਨਾਰ ਕੰਤ, ਆਤਮ ਪਰਮਾਤਮ ਸੇਜ ਸੁਹੰਜਣੀ ਆਪ ਹੰਢਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਬਣਤ, ਨਿਰਗੁਣ ਸਰਗੁਣ ਘੜ ਘੜ ਭਾਂਡੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸੁਤ ਸ਼ਬਦ ਤੇਰਾ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਫੜਾਏ ਪੱਲਾ, ਪੱਲੂ ਏਕਾ ਗੰਢ ਪੁਵਾਈਆ । ਏਕੰਕਾਰਾ ਪਾਵੇ ਸਾਰਾ ਜਲਾਂ ਥਲਾਂ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਫੋਲ ਫੋਲਾਈਆ ।

ਆਦਿ ਨਿਰੰਜਣ ਆਤਮ ਪਰਮਾਤਮ ਅੰਤਰ ਰੱਲਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਸਚ ਸੰਦੇਸਾ ਏਕਾ ਘੱਲਾ, ਗੁਰ ਅਵਤਾਰ ਕਰੇ ਪੜ੍ਹਾਈਆ । ਸ੍ਰੀ ਭਗਵਾਨ ਵੇਖਣਹਾਰਾ ਡੂੰਘੀ ਡੱਲਾ, ਕਾਇਆ ਮੰਦਰ ਅੰਦਰ ਖੋਜ ਖੋਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਹਮ ਪਾਰਬ੍ਰਹਮ ਆਪੇ ਰੱਲਾ, ਦੂਈ ਦਵੈਤੀ ਪਰਦਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚਾ ਲੇਖਾ ਆਪ ਦ੍ਰਿੜਾਈਆ । ਸਾਚਾ ਲੇਖਾ ਪੁਰਖ ਸਮਰਥ, ਹਰਿ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਚਲਾਏ ਰਥ, ਵੇਸ ਅਨੇਕ ਰੂਪ ਵਟਾਇੰਦਾ । ਗੁਰ ਅਵਤਾਰਾਂ ਮਾਰਗ ਦੱਸ, ਗਿਆਨ ਧਿਆਨ ਇਕ ਸਮਝਾਇੰਦਾ । ਪੀਰ ਪੈਗ਼ੰਬਰਾਂ ਦੇਵੇ ਰਸ, ਆਬੇ ਹਯਾਤ ਜਾਮ ਪਿਆਇੰਦਾ । ਭਗਤ ਭਗਵਾਨ ਹੋਏ ਵਸ, ਨਾਮ ਡੋਰੀ ਬੰਧਨ ਪਾਇੰਦਾ । ਸੰਤ ਸਾਜਣ ਮੇਲ ਮਿਲਾਏ ਹੱਸ ਹੱਸ, ਸੋਹੰ ਹੰਸਾ ਜਾਪ ਜਪਾਇੰਦਾ । ਗੁਰਮੁਖਾਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਗੁਰਸਿਖਾਂ ਕੱਟੇ ਜਮ ਕਾ ਫਾਸ, ਲੱਖ ਚੁਰਾਸੀ ਫੰਦ ਕਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਖੇਲ ਤਮਾਸ਼, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਇੰਦਾ । ਗੁਰ ਅਵਤਾਰ ਕਰ ਕਰ ਦਾਸ, ਪੀਰ ਪੈਗ਼ੰਬਰ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਬਲ ਵਡਿਆਇੰਦਾ । ਸ਼ਬਦ ਸੁਤ ਤੇਰਾ ਬਲ ਬਲਵਾਨ, ਬਲਧਾਰੀ ਆਪ ਜਣਾਈਆ । ਆਦਿ ਜੁਗਾਦਿ ਝੁੱਲੇ ਤੇਰਾ ਨਿਸ਼ਾਨ, ਦੋ ਜਹਾਨ ਵੱਜੇ ਵਧਾਈਆ । ਬ੍ਰਹਿਮੰਡ ਖੰਡ ਮੰਨਣ ਆਣ, ਪੁਰੀ ਲੋਅ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਕਰੋੜ ਤੇਤੀਸਾ ਝੋਲੀ ਡਾਹੀਆ । ਗੁਰ ਅਵਤਾਰ ਤੇਰਾ ਨਿਸ਼ਾਨ, ਪੰਜ ਤਤ ਚੋਲੀ ਕਾਇਆ ਹੰਢਾਈਆ । ਤੇਰਾ ਨਾਉਂ ਨਾਮ ਨਿਧਾਨ, ਅੱਖਰ ਵੱਖਰ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਦੇਣ ਬਿਆਨ, ਰਸਨਾ ਜਿਹਵਾ ਨਾਲ ਮਿਲਾਈਆ । ਸਿਫ਼ਤੀ ਸਿਫ਼ਤ ਸਿਫ਼ਤ ਖੇਲ ਮਹਾਨ, ਸਿਫ਼ਤ ਵਿਚ ਕਦੇ ਨਾ ਆਈਆ । ਚਾਰ ਵੇਦ ਗਾਇਣ ਤੇਰਾ ਗਾਨ, ਸ਼ਾਸਤਰ ਸਿਮਰਤ ਪੁਰਾਣ ਅਠਾਰਾਂ ਢੋਲਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਲੇਖਾ ਦਏ ਵਖਾਈਆ । ਤੇਰਾ ਲੇਖਾ ਗੀਤਾ ਗਿਆਨ, ਦਸ ਅਠ ਜੋੜ ਜੁੜਾਇੰਦਾ । ਤੇਰਾ ਲੇਖਾ ਅੰਜੀਲ ਕੁਰਾਨ, ਤੀਸ ਬਤੀਸਾ ਸੋਭਾ ਪਾਇੰਦਾ । ਤੇਰਾ ਲੇਖਾ ਬੇਪਹਿਚਾਨ, ਖਾਣੀ ਬਾਣੀ ਭੇਵ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਹੋਣ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬਲ ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਤੇਰਾ ਵੱਡਾ ਬਲ, ਹਰਿ ਜੂ ਹਰਿ ਹਰਿ ਆਪ ਜਣਾਈਆ । ਆਦਿ ਜੁਗਾਦਿ ਅਛਲ ਅਛੱਲ, ਵਲ ਛਲ ਤੇਰੀ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲ, ਅੱਖਰ ਅੱਖਰ ਕਰੇ ਪੜ੍ਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਉਚ ਮਹੱਲ ਬੈਠਾ ਵੇਖ ਵਖਾਈਆ । ਲੇਖਾ ਜਾਣੇ ਘੜੀ ਘੜੀ ਪਲ ਪਲ, ਵਾਰ ਥਿਤ ਵੰਡ ਨਾ ਕੋਇ ਵੰਡਾਈਆ । ਜੋਤੀ ਸ਼ਬਦੀ ਨਿਰਗੁਣ ਧਾਰ ਨਿਰਗੁਣ ਰਿਹਾ ਰਲ, ਏਕਾ ਨੂਰ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਸਾਚਾ ਪੰਧ, ਸਤਿਗੁਰ ਸੱਚਾ ਆਪ ਮੁਕਾਈਆ । ਕਵਣ ਵੇਲਾ ਮੇਰਾ ਮੁੱਕੇ ਪੰਧ, ਸ਼ਬਦੀ ਸੁਤ ਸੀਸ ਝੁਕਾਇਆ । ਕਵਣ ਵੇਲਾ ਮਿਲੇ ਸੂਰਾ ਸਰਬੰਗ, ਹਰਿ ਸਤਿਗੁਰ ਦਰਸ ਦਿਖਾਇਆ । ਕਵਣ ਵੇਲਾ ਮੇਰੀ ਤੁੱਟੀ ਲਏ ਗੰਢ, ਆਪ ਆਪਣਾ ਬੰਧਨ ਪਾਇਆ । ਕਵਣ ਵੇਲਾ ਦੇਵੇਂ ਇਕ ਅਨੰਦ, ਲੱਖ ਚੁਰਾਸੀ ਨਾਤਾ

੬੩੩
੧੨

ਤੋੜ ਤੋੜਾਇਆ । ਕਵਣ ਵੇਲਾ ਗਾਏਂ ਸੁਹਾਗੀ ਛੰਦ, ਆਦਿ ਪੁਰਖ ਆਪਣਾ ਢੋਲਾ ਅਲਾਇਆ । ਕਵਣ ਵੇਲਾ ਮੇਰਾ ਖ਼ੁਸ਼ੀ ਹੋਏ ਬੰਦ ਬੰਦ, ਬੰਦੀਖਾਨਾ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਦਵਾਰੇ ਲਏਂ ਮਿਲਾਇਆ । ਕਵਣ ਵੇਲਾ ਰੱਖਾਂ ਆਸ, ਆਸ ਇਕੋ ਇਕ ਤਕਾਈਆ । ਕਵਣ ਵੇਲਾ ਬੁਝਾਏ ਪਿਆਸ, ਤ੍ਰਿਸਨਾ ਮੂਲ ਨਾ ਲਾਗੇ ਰਾਈਆ । ਕਵਣ ਵੇਲਾ ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਇ ਵਡਿਆਈਆ । ਕਵਣ ਵੇਲਾ ਸੇਵਾ ਕਰਾਂ ਬਣ ਬਣ ਦਾਸੀ ਦਾਸ, ਚਰਨ ਕਵਲ ਮਿਲੇ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਸੀਸ ਗਿਆ ਝੁਕ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਕਵਣ ਵੇਲਾ ਪੈਂਡਾ ਜਾਏ ਮੁੱਕ, ਮੇਟਣਹਾਰ ਬੇਪਰਵਾਹਿਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖਾਂ ਲੁਕ ਲੁਕ, ਗੁਰ ਅਵਤਾਰ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਪਰਦਾ ਦਏਂ ਚੁਕਾਇਆ । ਪੁਰਖ ਅਬਿਨਾਸ਼ੀ ਪਿਆ ਹੱਸ, ਘਰ ਸਾਚੇ ਖ਼ੁਸ਼ੀ ਮਨਾਈਆ । ਸੁਤ ਦੁਲਾਰੇ ਮਾਰਗ ਦੱਸ, ਭੇਵ ਅਭੇਦ ਖੁਲ੍ਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਉਣਾ ਨੱਸ ਨੱਸ, ਦੋ ਜਹਾਨਾਂ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਕਾਸ਼, ਬ੍ਰਹਮ ਪਾਰਬ੍ਰਹਮ ਮਿਲਾਈਆ । ਬੋਧ ਅਗਾਧਾ ਸ਼ਬਦ ਗਿਆਨਾ ਖੋਲ੍ਹ ਅਭਿਆਸ, ਖਾਣੀ ਬਾਣੀ ਮੂਲ ਰਖਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਰ ਸਾਰੇ ਕਰਾਉਣ ਬੰਦ ਖੁਲਾਸ, ਅੰਤ ਕੋਇ ਕਹਿਣ ਨਾ ਪਾਈਆ । ਤੇਈ ਅਵਤਾਰ ਹੋਣ ਨਿਰਾਸ, ਭਗਤ ਅਠਾਰਾਂ ਨੈਣ ਸ਼ਰਮਾਈਆ । ਈਸਾ ਮੂਸਾ ਮੁਹੰਮਦ ਮੁਖ ਵਿਚ ਲੈਣ ਘਾਸ, ਤੋਬਾ ਤੋਬਾ ਦੇਣ ਦੁਹਾਈਆ । ਪਰਵਰਦਿਗਾਰ ਤੇਰੀ ਕੋਈ ਨਾ ਕਰੇ ਸ਼ਨਾਖ਼, ਸ਼ਨਾਖਤ ਵਿਚ ਕਦੇ ਨਾ ਆਈਆ । ਚੋਦਾਂ ਤਬਕ ਬੰਦ ਖੁਲਾਸ, ਖੁਲਾਸਾ ਆਪਣਾ ਨਾ ਕਿਸੇ ਸਮਝਾਈਆ । ਮੁਕਾਮੇ ਹੱਕ ਖੇਲ ਤਮਾਸ਼, ਮਹਿਬੂਬ ਸੱਚਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਸਾਚਾ ਕਲਮਾ ਕਲਮਾ ਨਬੀ ਰਸੂਲ ਪੜ੍ਹਾਈਆ । ਸਾਚਾ ਕਲਮਾ ਇਲਾਹੀ ਕਲਾਮ, ਕਾਇਨਾਤ ਜਣਾਇੰਦਾ । ਆਦਿ ਜੁਗਾਦੀ ਧੁਰ ਪੈਗ਼ਾਮ, ਧੁਰ ਦਰਗਾਹੀ ਆਪ ਸੁਣਾਇੰਦਾ । ਗੁਰ ਅਵਤਾਰ ਕਰਨ ਸਲਾਮ, ਅਲੈਕਮ ਆਪਣਾ ਰੰਗ ਰੰਗਾਇੰਦਾ । ਸ਼ਾਹ ਪਾਤਸ਼ਾਹ ਵਡ ਅਮਾਮ, ਸੀਸ ਜਗਦੀਸ ਤਾਜ ਟਿਕਾਇੰਦਾ । ਪੀਰ ਪੈਗ਼ੰਬਰ ਕਰੇ ਗ਼ੁਲਾਮ, ਮੁੱਲਾਂ ਸ਼ੇਖ਼ ਮਸਾਇਕ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਅੰਤਰ ਧਾਰ, ਹਰਿ ਸਾਚਾ ਆਪ ਜਣਾਈਆ । ਜੁਗ ਚੌਕੜੀ ਉਤਰੇ ਪਾਰ, ਥਿਰ ਕੋਇ ਨਜ਼ਰ ਨਾ ਆਈਆ । ਕਲਜੁਗ ਅੰਤਮ ਲੇਖਾ ਜਾਣੇ ਆਪ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਨਾਨਕ ਗੋਬਿੰਦ ਦੇ ਆਧਾਰ, ਏਕਾ ਜੋਤੀ ਨੂਰ ਰੁਸ਼ਨਾਈਆ । ਭੇਵ ਅਭੇਦਾ ਖੋਲ੍ਹ ਕਿਵਾੜ, ਸਾਚਾ ਲੇਖਾ ਲੇਖ ਸੁਣਾਈਆ । ਮਹਾਬਲੀ ਉਤਰੇ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਡੰਕਾ ਵੱਜੇ ਅਗੰਮ ਅਪਾਰ, ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰ, ਲੋਆਂ ਪੁਰੀਆਂ ਪਰਦਾ ਦਏ ਉਠਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਬੇਖ਼ਬਰ ਆਪਣੀ ਖ਼ਬਰ ਆਪ ਸੁਣਾਈਆ । ਜ਼ੇਰ ਜ਼ਬਰ ਨਾ ਕੋਇ ਪਿਆਰ, ਅਲਫ਼ ਯੇ ਪੰਧ ਮੁਕਾਈਆ । ਚੌਦਾਂ ਵਿਦਿਆ

ਕਰੇ ਖੁਆਰ, ਚੌਦਾਂ ਲੋਕ ਦੇਣ ਦੁਹਾਈਆ । ਚੌਦਾਂ ਤਬਕ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਹਾਰ, ਕਲਜੁਗ ਆਪਣਾ ਬਲ ਵਧਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਧੂੰਆਂਧਾਰ, ਜਗਤ ਅੰਧੇਰਾ ਛਾਈਆ । ਗੁਰ ਕਾ ਸ਼ਬਦ ਨਾ ਸਕੇ ਕੋਇ ਵਿਚਾਰ, ਸ਼ਬਦ ਗੁਰ ਨਾ ਕੋਇ ਕੁੜਮਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਧੀਆਂ ਭੈਣਾਂ ਕਰਨ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਰਿਹਾ ਸਮਝਾਈਆ । ਸ਼ਬਦ ਸੁਤ ਵੇਲਾ ਅੰਤਮ ਆਉਣਾ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਸ਼ਬਦ ਵਿਚੋਲਾ ਇਕ ਬਣਾਉਣਾ, ਦੋ ਜਹਾਨਾਂ ਵੇਖ ਵਖਾਇੰਦਾ । ਨਾਮ ਤੋਲਾ ਲੋਕਮਾਤ ਰਖੌਣਾ, ਲੱਖ ਚੁਰਾਸੀ ਏਕਾ ਕੰਡੇ ਪਾਇੰਦਾ । ਬਰਨ ਅਠਾਰਾਂ ਮੇਟ ਮਿਟਾਉਣਾ, ਚਾਰ ਵਰਨ ਪੰਧ ਮੁਕਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਨਜ਼ਰ ਨਾ ਔਣਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਪੰਜ ਤਤ ਕਾਇਆ ਚੋਲਾ ਸਰਬ ਹੰਢਾਉਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਸਵੱਛ ਸਰੂਪੀ ਰੂਪ ਧਰਾਉਣਾ, ਨੂਰ ਨੂਰ ਨੂਰ ਪਰਗਟਾਇੰਦਾ । ਜੁਗ ਚੌਕੜੀ ਲੇਖਾ ਲਹਿਣਾ ਝੋਲੀ ਪਾਉਣਾ, ਪੂਰਬ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਆਪ ਵਡਿਆਇੰਦਾ । ਸ਼ਬਦ ਸੁਤ ਸੁਤ ਵੱਡਾ ਵਡ, ਵਡ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਗਏ ਲਦ, ਤੇਰੀ ਸਾਰ ਕਿਸੇ ਨਾ ਪਾਈਆ । ਆਪਣੀ ਆਪਣੀ ਵੰਡ ਕੇ ਗਏ ਹੱਦ, ਪਾਰ ਹੱਦ ਨਾ ਕੋਇ ਕਰਾਈਆ । ਕਾਇਆ ਮੰਦਰ ਅੰਦਰ ਵਜਾਉਂਦੇ ਗਏ ਨੱਦ, ਦੋ ਜਹਾਨ ਰਾਗ ਨਾ ਕੋਇ ਸੁਣਾਈਆ । ਪੁਰਖ ਅਕਾਲ ਢੋਲਾ ਗੌਂਦੇ ਗਏ ਛੰਦ, ਆਪਣਾ ਨਾਮ ਨਾ ਕੋਇ ਸਮਝਾਈਆ । ਕਲਜੁਗ ਅੰਤਮ ਸਾਰੇ ਗਏ ਫਧ, ਪੱਲੂ ਸਕੇ ਨਾ ਕੋਇ ਛੁਡਾਈਆ । ਕਰੇ ਖੇਲ ਪੁਰਖ ਸਮਰਥ, ਵੇਖਣਹਾਰਾ ਥਾਉਂ ਥਾਈਂਆ । ਸਚ ਦਰਬਾਰੇ ਬੈਠਾ ਸਜ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਈਆ । ਪੀਰ ਪੈਗ਼ੰਬਰ ਸਾਰੇ ਲਏ ਸਦ, ਲੁਕਿਆ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਪਾਰ ਕਰਨੀ ਹੱਦ, ਅਧਵਿਚਕਾਰ ਨਾ ਕੋਇ ਅਟਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਝਗੜਾ ਦੇਣਾ ਛੱਡ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਆਤਮ ਪਰਮਾਤਮ ਵਿਸ਼ਵ ਯੱਦ, ਏਕਾ ਨੂਰ ਜ਼ਹੂਰ ਦਰਸਾਈਆ । ਕੂੜੀ ਕਿਰਿਆ ਮਿਟਿਆ ਪੰਧ, ਲੋਕਮਾਤ ਰਹਿਣ ਨਾ ਪਾਈਆ । ਅੰਤਮ ਸਭ ਦੀ ਨੰਗੀ ਹੋਈ ਕੰਡ, ਪੱਲੂ ਕੋਇ ਨਾ ਉਪਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰੇ ਨਾਉਂ ਦਏ ਵਡਿਆਈਆ । ਸ਼ਬਦ ਸੁਤ ਤੇਰਾ ਨਾਉਂ ਨਿਰੰਕਾਰਾ, ਏਕਾ ਏਕ ਜਣਾਇੰਦਾ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਲੈਂਦੇ ਰਹੇ ਸਹਾਰਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਜਿਸ ਦਾ ਰਸਨਾ ਜਿਹਵਾ ਬੋਲਦੇ ਰਹੇ ਜੈਕਾਰਾ, ਸੋ ਜੈ ਜੈਕਾਰ ਆਪ ਅਲਾਇੰਦਾ । ਜਿਸ ਦੇ ਦਰ ਦਰਵੇਸ ਬਣ ਬਣ ਕਰਦੇ ਰਹੇ ਨਿਮਸਕਾਰਾ, ਸੋ ਨਮੋ ਨਮੋ ਸੀਸ ਝੁਕਾਇੰਦਾ । ਜਿਸ ਨੂੰ ਮੰਨਦੇ ਰਹੇ ਪਰਵਰਦਿਗਾਰਾ, ਬੇਐਬ ਖੇਲ ਕਰਾਇੰਦਾ । ਜਿਸ ਨੂੰ ਕਹਿੰਦੇ ਮੁਕਾਮੇ ਹੱਕ ਵਸੇ ਸਾਂਝਾ ਯਾਰਾ, ਸਚ ਤੌਫ਼ੀਕ ਇਕ ਰਖਾਇੰਦਾ । ਜਿਸ ਨੂੰ ਨਾਨਕ ਨਿਰਗੁਣ ਕਰੇ ਪਿਆਰਾ, ਗੋਬਿੰਦ ਪੁਰਖ ਅਕਾਲ ਸੁਣਾਇੰਦਾ । ਸੋ ਸਾਹਿਬ ਸੁਲਤਾਨ ਵਸਣਹਾਰਾ ਧਾਮ ਨਿਆਰਾ, ਸਚਖੰਡ ਆਪਣਾ ਰੰਗ ਰੰਗਾਇੰਦਾ । ਸੁਤ ਸ਼ਬਦ ਦੇਵੇ ਇਕ ਹੁਲਾਰਾ,

ਥਿਰ ਘਰ ਪਰਦਾ ਆਪ ਉਠਾਇੰਦਾ । ਕਲਜੁਗ ਅੰਤਮ ਕਰਾਏ ਸਚ ਵਣਜ ਵਣਜਾਰਾ, ਦੋ ਜਹਾਨਾਂ ਹੱਟ ਚਲਾਇੰਦਾ । ਲੱਖ ਚੁਰਾਸੀ ਕਰੇ ਪਿਆਰਾ, ਆਤਮ ਪਰਮਾਤਮ ਬੰਧਨ ਪਾਇੰਦਾ । ਪਾਰਬ੍ਰਹਮ ਬ੍ਰਹਮ ਲੇਖਾ ਲਿਖਣਹਾਰਾ, ਲਿਖ ਲਿਖ ਲੇਖਾ ਆਪ ਸਮਝਾਇੰਦਾ । ਈਸ਼ ਜੀਵ ਜਗਦੀਸ ਦਏ ਸਹਾਰਾ, ਸੀਸ ਆਪਣਾ ਹੱਥ ਟਿਕਾਇੰਦਾ । ਕਲਜੁਗ ਆਇਆ ਅੰਤ ਕਿਨਾਰਾ, ਹਰਿ ਸਤਿਗੁਰ ਵੇਖ ਵਖਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਧਰਨੀ ਧਰਤ ਧਵਲ ਵਡਿਆਇੰਦਾ । ਜੀਵ ਜੰਤ ਇਕ ਜੈਕਾਰਾ, ਸਾਧ ਸੰਤ ਆਪ ਪੜ੍ਹਾਇੰਦਾ । ਸੋਹੰ ਸ਼ਬਦ ਕਰ ਪਿਆਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਸ਼ਬਦੀ ਗੁਰ ਤੇਰੀ ਖੇਲ ਵਖਾਇੰਦਾ । ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਹੰ ਬ੍ਰਹਮ ਦਏ ਵਡਿਆਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਆਤਮ ਪਰਮਾਤਮ ਪਰਦਾ ਲਾਹੀਆ । ਏਕੰਕਾਰਾ ਦੇਵੇ ਦਾਨ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਆਦਿ ਨਿਰੰਜਣ ਖੋਲ੍ਹ ਦੁਕਾਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਮਾਰ ਧਿਆਨ, ਈਸ਼ ਜੀਵ ਕਰੇ ਕੁੜਮਾਈਆ । ਸ੍ਰੀ ਭਗਵਾਨ ਵਖਾਏ ਨਿਸ਼ਾਨ, ਧਰਮ ਦਵਾਰੇ ਇਕ ਝੁਲਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਆਤਮ ਸੇਜਾ ਇਕ ਹੰਢਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਰੂਪ ਅਨੂਪ ਆਪ ਦਰਸਾਈਆ । ਗੁਰਮੁਖ ਮੇਲਾ ਵਿਚ ਜਹਾਨ, ਗੁਰ ਚੇਲਾ ਨਾਉਂ ਵਡਿਆਈਆ । ਸੁਰਤ ਸ਼ਬਦ ਕਰੇ ਪਰਵਾਨ, ਨਾਮ ਪਰਵਾਨਾ ਇਕ ਫੜਾਈਆ । ਕਾਗਦ ਕਲਮ ਹੋਏ ਹੈਰਾਨ, ਹਰਿ ਕਾ ਅੰਤ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਤਿ ਸੰਦੇਸਾ ਸਤਿ ਪੁਰਖ ਨਿਰਜੰਣ, ਸਤਿ ਸਤਿਵਾਦੀ ਆਪ ਜਣਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਕਲਜੁਗ ਅੰਤਮ ਵੇਸ ਵਟਾਇੰਦਾ । ਨਿਰਗੁਣ ਸਰਗੁਣ ਨੇਤਰ ਨਾਮ ਪਾਏ ਅੰਜਣ, ਅਗਿਆਨ ਅੰਧੇਰ ਚੁਕਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣ, ਅਠਸਠ ਮੁਖ ਸ਼ਰਮਾਇੰਦਾ । ਅਨਾਦ ਅਨਾਦੀ ਤਾਲ ਵੱਜਣ, ਛੱਤੀ ਰਾਗ ਸਿਫ਼ਤ ਸਲਾਹਿੰਦਾ । ਆਤਮ ਪਰਮਾਤਮ ਆਇਆ ਪਰਦੇ ਕੱਜਣ, ਗੁਰਮੁਖ ਗੁਰ ਗੁਰ ਗੋਦ ਬਹਾਇੰਦਾ । ਸਾਹਿਬ ਸਤਿਗੁਰ ਸੱਚਾ ਸੱਜਣ, ਸਗਲਾ ਸੰਗ ਰਖਾਇੰਦਾ । ਲੱਖ ਚੁਰਾਸੀ ਭਾਂਡੇ ਭੱਜਣ, ਘੜਨ ਭੰਨਣਹਾਰ ਨਜ਼ਰ ਕਿਸੇ ਨਾ ਆਇੰਦਾ । ਕਾਲ ਨਗਾਰੇ ਸਿਰ ਤੇ ਵੱਜਣ, ਚਾਰੋਂ ਕੁੰਟ ਕਲਜੁਗ ਡੌਰੂ ਵਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਆਇਆ ਆਪੇ ਸੱਦਣ, ਸੱਦਾ ਆਪਣਾ ਨਾਮ ਰਖਾਇੰਦਾ । ਪਾਰ ਕਿਨਾਰਾ ਕਰਨ ਹੱਦਣ, ਹੱਦ ਹਦੂਦ ਨਾ ਕੋਇ ਵੰਡਾਇੰਦਾ । ਲੱਖ ਚੁਰਾਸੀ ਵਿਚੋਂ ਆਇਆ ਕੱਢਣ, ਫੜ ਬਾਂਹੋਂ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਸਮਝਾਇੰਦਾ । ਸ਼ਬਦ ਗੁਰ ਗੁਰੂ ਗੁਰਦੇਵ, ਦੇਵ ਆਤਮਾ ਆਪ ਜਣਾਈਆ । ਸਤਿਜੁਗ ਸਾਚੀ ਕਰਨੀ ਸੇਵ, ਸੇਵਕ ਸੇਵਾ ਇਕ ਰਖਾਈਆ । ਪਾਰਬ੍ਰਹਮ ਪ੍ਰਭ ਮਿਲੇ ਅਲੱਖ ਅਭੇਵ, ਦੂਜੀ ਸਰਨ ਨਾ ਕੋਇ ਤਕਾਈਆ । ਨਾਤਾ ਤੁੱਟਾ ਰਸਨਾ ਜਿਹਵ, ਅਜਪਾ ਜਾਪ ਦਏ ਦ੍ਰਿੜਾਈਆ । ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵ, ਅਟੱਲ ਮਹੱਲ ਕਰੇ ਰੁਸ਼ਨਾਈਆ । ਦਾਤਾ ਦਾਨੀ ਸੂਰਬੀਰ ਵਡ ਦੇਵੀ ਦੇਵ, ਦੇਵਤ ਸੁਰ ਸਰਨੀ ਰਿਹਾ ਲਗਾਈਆ । ਜਨ ਭਗਤਾਂ ਦੇਵੇ ਆਤਮ ਪਰਮਾਤਮ ਸਾਚਾ ਮੇਵ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਹੰ ਲੇਖਾ ਦਏ ਸਮਝਾਈਆ । ਸੋਹੰ ਰੂਪ ਆਪ ਪ੍ਰਭ, ਆਤਮ ਪਰਮਾਤਮ

ਖੇਲ ਕਰਾਇੰਦਾ । ਨਾਨਕ ਨਿਰਗੁਣ ਲਿਆ ਲੱਭ, ਸਰਗੁਣ ਨਾਤਾ ਤੋੜ ਤੁੜਾਇੰਦਾ । ਅੰਮ੍ਰਿਤ ਝਿਰਨਾ ਝਿਰਿਆ ਕਵਲ ਨੱਭ, ਨਿਝਰ ਰਸ ਇਕ ਵਖਾਇੰਦਾ । ਥਿਰ ਘਰ ਦਵਾਰ ਪਾਰ ਹੱਦ, ਸਚਖੰਡ ਦਵਾਰ ਚਰਨੀ ਸੀਸ ਝੁਕਾਇੰਦਾ । ਕਿਰਪਾਨਿਧ ਠਾਕਰ ਸਵਾਮੀ ਆਪਣੇ ਦਰ ਆਪੇ ਸਦ, ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸਚ ਸਚ ਵਖਾਇੰਦਾ । ਨਾਨਕ ਮਿਲਿਆ ਸੋਹੰ ਧਾਰ, ਮੈਂ ਤੂੰ ਰਹੀ ਨਾ ਰਾਈਆ । ਤੇਰਾ ਮੇਰਾ ਇਕ ਪਿਆਰ, ਨਾ ਕੋਈ ਤੋੜੇ ਤੋੜ ਤੁੜਾਈਆ । ਤੇਰਾ ਮੇਰਾ ਇਕ ਦਵਾਰ, ਘਰ ਮੰਦਰ ਵੱਜੇ ਵਧਾਈਆ । ਤੇਰਾ ਮੇਰਾ ਇਕ ਸ਼ਿੰਗਾਰ, ਬਸਤਰ ਭੂਸ਼ਣ ਨਾ ਕੋਇ ਛੁਹਾਈਆ । ਤੇਰਾ ਮੇਰਾ ਇਕ ਜੈਕਾਰ, ਨਾਮ ਸਤਿ ਸਤਿ ਪੜ੍ਹਾਈਆ । ਤੇਰਾ ਮੇਰਾ ਇਕ ਅਖਾੜ, ਸਾਚੀ ਮੰਡਲ ਰਾਸ ਰਚਾਈਆ । ਤੇਰਾ ਮੇਰਾ ਇਕ ਅਧਾਰ, ਉਦਰ ਅਦਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਤੇਰਾ ਦਰ, ਨਿਰਗੁਣ ਨਿਰਗੁਣ ਦਏ ਵਖਾਈਆ । ਨਾਨਕ ਨਿਰਗੁਣ ਤੱਕਿਆ ਹਰਿ, ਸਰਗੁਣ ਨਾਨਕ ਕੰਮ ਕਿਸੇ ਨਾ ਆਇਆ । ਸਚ ਮਹੱਲੇ ਏਕਾ ਚੜ੍ਹ, ਤਖ਼ਤ ਨਿਵਾਸੀ ਦਰਸ਼ਨ ਪਾਇਆ । ਸੋਹੰ ਅੱਖਰ ਨਿਸ਼ਅੱਖਰ ਪੜ੍ਹ, ਬਿਨ ਅੱਖਰ ਰਾਗ ਅਲਾਇਆ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਮਰਨ ਜਨਮ ਵਿਚ ਨਾ ਆਇਆ । ਸਾਚੀ ਸਿਖਿਆ ਧਰਨੀ ਧਰਤ ਧਵਲ ਧਰ, ਸਚ ਸੰਦੇਸਾ ਗਿਆ ਸੁਣਾਇਆ । ਕਲਜੁਗ ਅੰਤਮ ਨਿਹਕਲੰਕ ਆਵੇ ਨਰਾਇਣ ਨਰ, ਨਿਰਗੁਣ ਆਪਣਾ ਰੂਪ ਵਟਾਇਆ । ਭਗਤ ਭਗਵੰਤ ਲਏ ਫੜ, ਗੁਰਮੁਖ ਗੁਰ ਗੁਰ ਆਪ ਉਠਾਇਆ । ਸਤਿ ਸਤਿਵਾਦੀ ਅੱਖਰ ਪੜ੍ਹ, ਸੋ ਪੁਰਖ ਨਿਰੰਜਣ ਦਏ ਸੁਣਾਇਆ । ਹੰ ਬ੍ਰਹਮ ਲਗਾਏ ਲੜ, ਨਾਰ ਕੰਤ ਰੂਪ ਵਟਾਇਆ । ਚਾਰ ਵਰਨ ਖੁਲ੍ਹਾਏ ਏਕਾ ਦਰ, ਬਰਨ ਅਠਾਰਾਂ ਮਾਰਗ ਪਾਇਆ । ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਰਨੀ ਜਾਇਨ ਪੜ੍ਹ, ਸੀਸ ਜਗਦੀਸ ਇਕ ਝੁਕਾਇਆ । ਸ਼ਬਦ ਸੁਤ ਤੇਰਾ ਪੂਰਾ ਕਰੇ ਵਰ, ਵਰ ਦਾਤਾ ਫੇਰਾ ਪਾਇਆ । ਨਿਰਭਉ ਚੁਕਾਏ ਭੈ ਡਰ, ਭਿਆਨਕ ਰੂਪ ਰਹੇ ਨਾ ਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਕਾਰਜ ਕਰ, ਕਰਤਾ ਪੁਰਖ ਖੇਲ ਕਰਾਇਆ । ਗੁਰੂ ਗ੍ਰੰਥ ਗੁਰ ਪਰਕਾਸ਼, ਹਰਿ ਸਤਿਗੁਰ ਸ਼ਬਦ ਜਣਾਇੰਦਾ । ਗੁਰੂ ਗ੍ਰੰਥ ਗੁਰ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਗੁਰੂ ਗ੍ਰੰਥ ਗੁਰਮੁਖ ਰਾਸ, ਗੁਰ ਗੁਰ ਹੱਟ ਚਲਾਇੰਦਾ । ਗੁਰੂ ਗ੍ਰੰਥ ਕਲਜੁਗ ਜੀਵਾਂ ਜਗਤ ਬਣਾਇਆ ਖੇਲ ਤਮਾਸ਼, ਗੁਰ ਕੀਮਤ ਕੋਇ ਨਾ ਪਾਇੰਦਾ । ਗੁਰ ਮੰਦਰ ਬਹਿ ਬਹਿ ਕਰਨ ਭੋਗ ਬਿਲਾਸ, ਧੀਆਂ ਭੈਣਾਂ ਨੈਣ ਤਕਾਇੰਦਾ । ਗੁਰੂ ਗ੍ਰੰਥ ਗੁਰ ਸੱਚਾ ਦਾਦ ਬੈਠਾ ਕਰੇ ਬੰਦ ਖੁਲਾਸ, ਜੋ ਜਨ ਆਤਮ ਅੰਤਰ ਧਿਆਨ ਲਗਾਇੰਦਾ । ਗੁਰਮੁਖ ਹਿਰਦੇ ਗੁਰ ਕਾ ਨੂਰ ਸਦਾ ਪਰਕਾਸ਼, ਅੱਠੇ ਪਹਿਰ ਬੰਦ ਨਾ ਕੋਇ ਕਰਾਇੰਦਾ । ਦਿਵਸ ਰੈਣ ਸ਼ਬਦ ਗੁਰ ਗੁਰ ਦੇਵੇ ਧਰਵਾਸ, ਅਨਹਦ ਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਅੱਖਰ ਅੱਖਰ ਮੇਲ ਮਿਲਾਇੰਦਾ । ਗੁਰੂ ਗ੍ਰੰਥ ਪੈਂਤੀਸ ਅੱਖਰ, ਤਿੰਨ ਪੰਜ ਕਰੇ ਕੁੜਮਾਈਆ । ਕਲਜੁਗ ਜੀਵ ਹੋਏ ਪੱਥਰ, ਬਜਰ ਕਪਾਟੀ ਨਾ ਕੋਇ ਤੁੜਾਈਆ । ਕੂੜੀ ਕਿਰਿਆ ਪਾਇਆ ਸੱਥਰ, ਸੱਥਰ ਯਾਰ ਨਾ ਕੋਇ ਹੰਢਾਈਆ । ਜਿਸ ਗੁਰਸਿਖ ਸਤਿਗੁਰ ਮਿਲਣ ਦਾ ਫਿਕਰ, ਸੋ ਰਸਨਾ ਜਿਹਵਾ ਫਿਕਰਾ ਪੜ੍ਹਨ ਨਾ ਜਾਈਆ । ਨਿਰਗੁਣ ਸਚ ਮਹੱਲੇ ਚੜ੍ਹ ਕੇ ਬੈਠਾ ਸਿਖਰ, ਬਿਨ ਨਿਝ ਨੇਤਰ ਨਜ਼ਰ ਕਿਸੇ ਨਾ ਆਈਆ । ਛੱਤੀ ਰਾਗ ਇਕਵੰਜਾ ਬਵੰਜਾ ਪਾਰਬ੍ਰਹਮ ਦਾ ਕਰਦੇ

ਰਹੇ ਜ਼ਿਕਰ, ਰਸਨਾ ਜਿਹਵਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਤਿਸ ਗੁਰੂ ਗ੍ਰੰਥ ਕਾਇਆ ਅੰਦਰ ਦਏ ਪਰਗਟਾਈਆ । ਕਾਇਆ ਅੰਦਰ ਗੁਰੂ ਗ੍ਰੰਥ, ਨਾਨਕ ਅੰਗਦ ਅਮਰਦਾਸ ਪਰਗਟਾਇੰਦਾ । ਰਾਮ ਦਾਸ ਵਜਾਇਆ ਸੰਖ, ਧੁੰਨ ਅਨਾਦੀ ਨਾਦ ਸੁਣਾਇੰਦਾ । ਗੁਰ ਅਰਜਨ ਬਣਾਇਆ ਪੰਥ, ਪੰਚਮ ਨਾਤਾ ਜੋੜ ਜੁੜਾਇੰਦਾ । ਇਕੱਠੇ ਕੀਤੇ ਭਗਤ ਭਗਵੰਤ, ਸੰਤ ਗੁਰਸਿਖ ਗੁਰ ਗੁਰ ਮੇਲ ਮਿਲਾਇੰਦਾ । ਨਾਨਕ ਨਿਰਗੁਣ ਸਚ ਸੰਦੇਸਾ ਦੇ ਕੇ ਗਿਆ ਅੰਤ, ਗੋਬਿੰਦ ਵੇਲਾ ਵਕ਼ਤ ਸਮਝਾਇੰਦਾ । ਪਰਗਟ ਹੋਏ ਸ੍ਰੀ ਭਗਵੰਤ, ਚਾਰ ਜੁਗ ਦਾ ਲਹਿਣਾ ਆਪਣੇ ਹੱਥ ਰਖਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਸਾਚਾ ਕੰਤ, ਜੋਗ ਅਭਿਆਸ ਪੂਜਾ ਪਾਠ ਨਾ ਕੋਇ ਕਰਾਇੰਦਾ । ਕਾਇਆ ਚੋਲੀ ਰੰਗੇ ਰੰਗ ਬਸੰਤ, ਰੰਗ ਮਜੀਠੀ ਇਕ ਰੰਗਾਇੰਦਾ । ਗੁਰ ਕਾ ਪਿਆਰ ਗੁਰ ਇਸ਼ਟ ਦੇਵ ਸੱਚਾ ਗੁਰੂ ਗ੍ਰੰਥ, ਗੁਰ ਗੁਰ ਆਪਣਾ ਰੂਪ ਵਖਾਇੰਦਾ । ਜਿਸ ਨੂੰ ਪੜ੍ਹ ਪੜ੍ਹ ਭੁੱਲਾ ਪੰਥ, ਸੋ ਸਤਿਗੁਰ ਮਨਮੁਖਾਂ ਕੋਲੋਂ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤ ਗੁਰੂ ਗ੍ਰੰਥ ਗੁਰਦੇਵ ਸਦਾ ਸਦ ਸਚ ਪਰਕਾਸ਼ ਰਖਾਇੰਦਾ । ਗੁਰੂ ਗ੍ਰੰਥ ਗੁਰ ਆਤਮ ਰਸ, ਰਸਨਾ ਰਸ ਨਾ ਕੋਇ ਵਖਾਈਆ । ਹਰਿਗੋਬਿੰਦ ਹਰਿ ਹੋਇਆ ਵਸ, ਹਰਿਰਾਏ ਮਿਲੀ ਵਡਿਆਈਆ । ਹਰਿਕਿਸ਼ਨ ਹਰਿ ਜੂ ਮਾਰਗ ਦੱਸ, ਤੇਗ ਬਹਾਦਰ ਕਰੀ ਰੁਸ਼ਨਾਈਆ । ਗੁਰ ਗੋਬਿੰਦ ਪੁਰਖ ਅਕਾਲ ਗਾਇਆ ਜਸ, ਦੂਜੀ ਓਟ ਨਾ ਕੋਇ ਤਕਾਈਆ । ਸੱਥਰ ਵਿਛਾਇਆ ਯਾਰੜਾ ਸੱਥ, ਸੂਲਾਂ ਸੇਜ ਆਪ ਹੰਢਾਈਆ । ਬਣ ਪਾਂਧੀ ਪੰਧ ਮੁਕਾਇਆ ਨੱਸ, ਨੀਹਾਂ ਹੇਠਾਂ ਬਾਲੇ ਦਿਤੇ ਦਬਾਈਆ । ਤੇਰਾ ਖੇਲ ਅਬਿਨਾਸ਼ੀ ਅਚੁੱਤ, ਚੇਤਨ ਤੇਰੀ ਧਾਰ ਵਡਿਆਈਆ । ਕਲਜੁਗ ਅੰਤਮ ਮੌਲੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸੁਤ ਦੁਲਾਰੇ ਉਤੇ ਹੋਇਆ ਖ਼ੁਸ਼, ਆਪਣੀ ਖ਼ੁਸ਼ੀ ਇਕ ਸਮਝਾਈਆ । ਗੁਰਸਿਖਾਂ ਕੋਲੋਂ ਜਾ ਕੇ ਪੁੱਛ, ਪੂਰਬ ਲਹਿਣਾ ਦੇ ਮੁਕਾਈਆ । ਜਿਨ੍ਹਾਂ ਕੋਲੋਂ ਨਦੇੜ ਆਇਓਂ ਲੁਕ, ਆਪ ਆਪਣਾ ਮੁਖ ਛੁਪਾਈਆ । ਸ਼ਬਦ ਰੂਪ ਹੋ ਕੇ ਉਠ, ਬਲ ਆਪਣਾ ਆਪ ਵਖਾਈਆ । ਗ਼ਰੀਬ ਨਿਮਾਣਿਆਂ ਉਪਰ ਤੁਠ, ਜੋ ਸਰਸੇ ਗਿਆਂ ਰੁੜ੍ਹਾਈਆ । ਆਪਣੇ ਕੋਲ ਨਾ ਰੱਖਿਆ ਕੁਛ, ਗੁਰਮੁਖਾਂ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਗ੍ਰੰਥ ਗੁਰ ਗੁਰ ਰੂਪ ਵਖਾਈਆ । ਗੁਰੂ ਗ੍ਰੰਥ ਗੁਰ ਸਾਚਾ ਬੋਧ, ਸਤਿਗੁਰ ਅੰਦਰੇ ਨਜ਼ਰੀ ਆਇੰਦਾ । ਬਾਹਰ ਕਰਨਾ ਪਏ ਨਾ ਕੋਇ ਜੋਧ, ਸਾਚੀ ਸਿਖਿਆ ਇਕ ਸਮਝਾਇੰਦਾ । ਆਤਮ ਪਰਮਾਤਮ ਮਾਣੇ ਮੌਜ, ਗੁਰ ਚੇਲਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਘਰ ਹੀ ਨਜ਼ਰੀ ਆਇੰਦਾ । ਗੁਰੂ ਗ੍ਰੰਥ ਏਕਾ ਰੰਗ, ਰੰਗ ਰੰਗੀਲਾ ਇਕ ਜਣਾਈਆ । ਅੱਠੇ ਪਹਿਰ ਵੱਜੇ ਮਰਦੰਗ, ਨਾਮ ਨਿਧਾਨਾ ਢੋਲਾ ਗਾਈਆ । ਪਰਗਟ ਹੋਵੇ ਜੋ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਲਏ ਬਦਲਾਈਆ । ਜਿਸ ਨੂੰ ਲੱਭਦੇ ਫਿਰਦੇ ਕੋਟਨ ਕੋਟ ਬ੍ਰਹਿਮੰਡ, ਨੇਤਰ ਨੈਣ ਨੈਣ ਉਠਾਈਆ । ਸੋ ਸਤਿਗੁਰ ਮੁਕਾ ਕੇ ਆਇਆ ਆਪਣਾ ਪੰਧ, ਬਣ ਪਾਂਧੀ ਫੇਰਾ ਪਾਈਆ । ਗੁਰੂ ਗ੍ਰੰਥ ਗੁਰ ਸਚ ਸੁਣਾਇਆ ਛੰਦ, ਬਿਨ ਸਤਿਗੁਰ ਪਾਰ ਨਾ ਕੋਇ ਲੰਘਾਈਆ । ਜਨਮ ਜੁਗ ਦੀ ਟੁੱਟੀ ਨਾ ਦੇਵੇ ਕੋਈ ਗੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਇਕੋ ਇਕ ਅਖਵਾਈਆ । ਆਦਿ ਜੁਗਾਦੀ ਇਕੋ ਗੁਰ, ਹਰਿ ਸਤਿਗੁਰ ਆਪ ਅਖਵਾਇੰਦਾ ।

ਰਾਗ ਤਾਲ ਨਾ ਕੋਇ ਸੁਰ, ਤਾਲ ਤਲਵਾੜਾ ਨਾ ਕੋਇ ਵਜਾਇੰਦਾ । ਨਿਰਗੁਣ ਸਰਗੁਣ ਜਾਏ ਬੌਹੜ, ਬੌਹੜ ਆਪਣਾ ਹਾਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਰ, ਘਰ ਸਾਚਾ ਇਕ ਸੁਹਾਇੰਦਾ । ਸਤਿਗੁਰ ਪੂਰਾ ਸਾਂਤਕ ਸਤਿ, ਸਤਿ ਸਤਿ ਵਿਚ ਸਮਾਇੰਦਾ । ਅਰਜਨ ਗੁਰ ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰੱਤ ਨਾ ਕੋਇ ਵਖਾਇੰਦਾ । ਸ੍ਰਿਸ਼ਟ ਗਿਆਨ ਦੇ ਕੇ ਗਿਆ ਮੱਤ, ਮੂਰਖ ਮੁਗਧ ਸਰਬ ਸਮਝਾਇੰਦਾ । ਨਿਵਣ ਸੁ ਅੱਖਰ ਮਾਰਗ ਗਿਆ ਦੱਸ, ਰੀਤੀ ਨੀਤੀ ਜਗਤ ਬਣਾਇੰਦਾ । ਪੁਰਖ ਅਕਾਲ ਭਾਣਾ ਸਹਿਣਾ ਹੱਸ ਹੱਸ, ਆਪਣਾ ਬਲ ਨਾ ਕੋਇ ਧਰਾਇੰਦਾ । ਜਗਤ ਪਿਆਰ ਨਾ ਗਿਆ ਫਸ, ਝੂਠੀ ਮੁਹੱਬਤ ਨਾ ਕੋਇ ਵਧਾਇੰਦਾ । ਜਨ ਭਗਤਾਂ ਕਰਦਾ ਗਿਆ ਜਸ, ਗੁਰੂ ਗ੍ਰੰਥ ਗੁਰ ਆਪ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗੁਰਦੇਵ ਵਖਾਏ ਇਕ ਘਰ, ਜਿਸ ਘਰ ਗੁੱਸਾ ਗਿਲਾ ਹਰਖ਼ ਸੋਗ ਨਜ਼ਰ ਨਾ ਆਇੰਦਾ ।

## ✳ ੭ ਅੱਸੂ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਢੱਡੇ ਕਲਾਂ ✳

ਸ਼ਬਦ ਗੁਰ ਸਦਾ ਮਿਹਰਵਾਨ, ਆਦਿ ਜੁਗਾਦਿ ਦਇਆ ਕਮਾਇੰਦਾ । ਆਤਮ ਪਰਮਾਤਮ ਦੇਵੇ ਗਿਆਨ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਏਕਾ ਨਾਦ ਸੁਣਾਏ ਸਾਚੇ ਕਾਨ, ਅਨਹਦ ਰਾਗੀ ਰਾਗ ਅਲਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਨਿਝਰ ਰਸ ਮੁਖ ਚੁਆਇੰਦਾ । ਨਿਰਮਲ ਦੀਆ ਜੋਤੀ ਜੋਤ ਜਗੇ ਮਹਾਨ, ਅਗਿਆਨ ਅੰਧੇਰ ਮਿਟਾਇੰਦਾ । ਸਚ ਸੁਹਾਏ ਮੰਦਰ ਮਕਾਨ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਇਆ ਕਮਾਇੰਦਾ । ਸ਼ਬਦ ਗੁਰ ਗਹਿਰ ਗੰਭੀਰ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਚੋਟੀ ਚੜ੍ਹ ਰਹੇ ਅਖ਼ੀਰ, ਆਖਰ ਆਪਣਾ ਰੰਗ ਵਖਾਇੰਦਾ । ਅਣਿਆਲਾ ਮਾਰੇ ਇਕੋ ਤੀਰ, ਮੁਖੀ ਤਿੱਖੀ ਧਾਰ ਪਰਗਟਾਇੰਦਾ । ਬਜਰ ਕਪਾਟੀ ਦੇਵੇ ਚੀਰ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਦੂਈ ਦਵੈਤੀ ਕੱਢੇ ਪੀੜ, ਭਾਂਡਾ ਭਰਮ ਭਓ ਭੰਨਾਇੰਦਾ । ਅੰਮ੍ਰਿਤ ਦੇਵੇ ਸੱਚਾ ਸੀਰ, ਰਸ ਰਸੀਆ ਇਕ ਵਖਾਇੰਦਾ । ਬਦਲਣਹਾਰਾ ਤਕਦੀਰ, ਤਦਬੀਰ ਆਪਣੀ ਆਪ ਜਣਾਇੰਦਾ । ਤੋੜਨਹਾਰਾ ਸ਼ਰਅ ਜ਼ੰਜੀਰ, ਸ਼ਰੀਅਤ ਲੇਖਾ ਆਪ ਚੁਕਾਇੰਦਾ । ਲੇਖਾ ਜਾਣ ਸ਼ਾਹ ਫਕੀਰ, ਹਕੀਰ ਆਪਣੇ ਰੰਗ ਰੰਗਾਇੰਦਾ । ਕਰੇ ਖੇਲ ਬੇਨਜ਼ੀਰ, ਨੇਤਰ ਨੈਣ ਦਿਸ ਕਿਸੇ ਨਾ ਆਇੰਦਾ । ਦਾਤਾ ਜੋਧਾ ਸੂਰਬੀਰ, ਬਲ ਆਪਣਾ ਆਪ ਜਣਾਇੰਦਾ । ਲੇਖਾ ਜਾਣੇ ਪੈਗ਼ੰਬਰ ਪੀਰ, ਮੁਰੀਦ ਮੁਰਸ਼ਦ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਸ਼ਬਦ ਗੁਰੂ ਵਡ ਮਿਹਰਵਾਨੀ, ਦਇਆਵਾਨ ਦਇਆ ਕਮਾਇੰਦਾ । ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਏ ਬਾਣੀ, ਅੱਖਰ ਵੱਖਰ ਆਪ ਪੜ੍ਹਾਇੰਦਾ । ਆਦਿ ਜੁਗਾਦਿ ਦਰਗਹਿ ਸਾਚੀ ਸਚਖੰਡ ਸਚ ਵਖਾਏ ਇਕ ਨਿਸ਼ਾਨੀ, ਨਿਰਗੁਣ ਆਪਣਾ ਨੂਰ ਧਰਾਇੰਦਾ । ਏਕਾ ਦੇਵੇ ਪਦ ਨਿਰਬਾਨੀ, ਨਿਰਬਾਨ ਪਦ ਆਪਣਾ ਆਪ ਸਮਝਾਇੰਦਾ । ਮਹਿਮਾ ਅਕੱਥ ਅਕੱਥ ਕਹਾਣੀ, ਰਸਨਾ ਜਿਹਵਾ ਭੇਵ ਕੋਇ ਨਾ ਆਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਦੋ

ਜਹਾਨਾਂ ਹੁਕਮ ਵਰਤਾਇੰਦਾ । ਘਟ ਘਟ ਅੰਤਰ ਹੋਏ ਜਾਣ ਜਾਣੀ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਲੇਖਾ ਜਾਣੇ ਅੰਡਜ ਜੇਰਜ ਉਤਭੁਜ ਸੇਤਜ ਚਾਰ ਖਾਣੀ, ਪਰਾ ਪਸੰਤੀ ਮਧਮ ਬੈਖਰੀ ਅੱਖਰ ਵੱਖਰ ਬਾਣੀ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਗੁਰਦੇਵ ਸਵਾਮੀ, ਨਿਹਚਲ ਆਪਣਾ ਮਹੱਲ ਸੁਹਾਇੰਦਾ । ਸ਼ਬਦ ਗੁਰ ਗੁਰੂ ਬਲਵਾਨ, ਬਲ ਆਪਣਾ ਆਪ ਜਣਾਈਆ । ਆਦਿ ਜੁਗਾਦੀ ਠਾਂਡਾ ਸੀਤਾ ਮਿਹਰਵਾਨ, ਮਿਹਰ ਨੈਣ ਇਕ ਉਠਾਈਆ । ਕਾਗਦ ਕਲਮ ਸ਼ਾਹੀ ਨਾ ਸਕੇ ਪਛਾਣ, ਅਲਫ਼ ਯੇ ਕਰ ਕਰ ਥੱਕੀ ਪੜ੍ਹਾਈਆ । ਪੈਂਤੀ ਅੱਖਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਸਰਬ ਸ਼ਰਮਾਣ, ਨੇਤਰ ਨੈਣ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਣ, ਅੰਜੀਲ ਕੁਰਾਨ ਖਾਣੀ ਬਾਣੀ ਦੇ ਦੇ ਸਰਬ ਬਿਆਨ, ਜਗਤ ਸਿਖਿਆ ਕਰ ਕਰ ਗਏ ਪੜ੍ਹਾਈਆ । ਆਦਿ ਅੰਤ ਕੋਇ ਨਾ ਜਾਣੇ ਸ੍ਰੀ ਭਗਵਾਨ, ਬੇਅੰਤ ਕਹਿ ਕਹਿ ਪੱਲੂ ਰਹੇ ਛੁਡਾਈਆ । ਸ਼ਬਦ ਸਤਿਗੁਰ ਸਦ ਵਸੇ ਸਚ ਮਕਾਨ, ਉਚ ਮਹੱਲ ਅਟੱਲ ਮੁਕਾਮੇ ਹੱਕ ਡੇਰਾ ਲਾਈਆ । ਦੀਵਾ ਬਾਤੀ ਕਮਲਾਪਾਤੀ ਨਾ ਕੋਇ ਰੱਖੇ ਨਿਸ਼ਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦੀਨਨ ਦੀਨ, ਦਇਆਵਾਨ ਦਇਆ ਕਮਾਈਆ । ਦੀਨਨ ਦੀਨ ਦਇਆਨਿਧ ਠਾਕਰ, ਹਰਿ ਸਤਿਗੁਰ ਖੇਲ ਕਰਾਇੰਦਾ । ਭਗਤ ਭਗਵੰਤ ਲੱਖ ਚੁਰਾਸੀ ਪਾਰ ਕਰਾਏ ਡੂੰਘਾ ਸਾਗਰ, ਸਚ ਕਿਨਾਰਾ ਇਕ ਵਖਾਇੰਦਾ । ਕਰ ਪਰਕਾਸ਼ ਨਿਰਮਲ ਜੋਤ ਅੰਧ ਅੰਧੇਰਾ ਮੇਟੇ ਕਾਇਆ ਗਾਗਰ, ਸਵੱਛ ਸਰੂਪ ਸ਼ਾਹੋ ਭੂਪ ਨੂਰ ਨੁਰਾਨਾ ਆਪ ਵਖਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਤਿ ਸਰੂਪ, ਸਤਿ ਸਤਿ ਸਤਿ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਗੁਰ ਸ਼ਬਦ ਏਕਾ ਘਰ ਬਹਾਇੰਦਾ । ਸ਼ਬਦ ਗੁਰ ਗੁਰ ਸਚ ਅਪਾਰਾ, ਅਪਰੰਪਰ ਆਪਣਾ ਖੇਲ ਕਰਾਈਆ । ਆਦਿ ਜੁਗਾਦੀ ਲੈ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਆਵਣ ਜਾਵਣ ਪਤਿਤ ਪਾਵਣ ਆਪਣੀ ਧਾਰ ਚਲਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਬੋਧ ਅਗਾਧ ਕਰੇ ਪੜ੍ਹਾਈਆ । ਕਾਤਬ ਲੇਖਾ ਲਿਖੇ ਬਣ ਲਿਖਾਰਾ, ਲਿਖ ਲਿਖ ਲੇਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਇਕ ਵਡਿਆਈਆ । ਸ਼ਬਦ ਗੁਰੂ ਗੁਰ ਦਾਤਾਰ, ਦਇਆਵਾਨ ਖੇਲ ਕਰਾਇੰਦਾ । ਭਗਤ ਭਗਵਾਨ ਲਏ ਉਭਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸੰਤ ਸਾਜਣ ਲਏ ਉਠਾਲ, ਗ੍ਰਹਿ ਮੰਦਰ ਫੇਰਾ ਪਾਇੰਦਾ । ਗੁਰਮੁਖ ਲੇਖਾ ਚੁਕਾਏ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਗੁਰਸਿਖਾਂ ਬਣੇ ਆਪ ਦਲਾਲ, ਦੋ ਜਹਾਨਾਂ ਫੇਰਾ ਪਾਇੰਦਾ । ਏਕਾ ਦੇਵੇ ਵਸਤ ਨਾਮ ਧੰਨ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਏਥੇ ਓਥੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਨੈਣ ਉਠਾਇੰਦਾ । ਦੀਨ ਦਿਆਲ ਸਦਾ ਦਿਆਲ, ਦਇਆਨਿਧ ਆਪਣੀ ਦਇਆ ਕਮਾਇੰਦਾ । ਸ਼ਬਦ ਗੁਰ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਲੇਖਾ ਜਾਣੇ ਕਾਇਆ ਮਾਟੀ ਪੰਜ ਤਤ ਖਾਲ, ਰੱਤੀ ਰੱਤ ਖੋਜ ਖੋਜਾਇੰਦਾ । ਵਸਣਹਾਰਾ ਸਚ ਸੱਚੀ ਧਰਮਸਾਲ, ਘਰ ਘਰ ਆਪਣਾ ਨੂਰ ਧਰਾਇੰਦਾ । ਸ਼ਬਦ ਅਗੰਮੀ ਵਜਾਏ ਤਾਲ, ਅਨਹਦ ਰਾਗੀ ਰਾਗ ਸੁਣਾਇੰਦਾ । ਗੁਰਮੁਖ ਉਠਾਏ ਸਾਚੇ ਲਾਲ, ਫੜ ਬਾਂਹੋਂ ਗੋਦ ਬਹਾਇੰਦਾ । ਨੇੜ ਨਾ ਆਏ

ਕਾਲ ਮਹਾਕਾਲ, ਰਾਏ ਧਰਮ ਨਾ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਇਆ ਕਮਾਇੰਦਾ । ਗੁਰ ਸ਼ਬਦ ਖੋਲ੍ਹੇ ਭੇਵ, ਅਭੇਦ ਆਪ ਜਣਾਈਆ । ਆਦਿ ਜੁਗਾਦੀ ਸਾਚੀ ਸੇਵ, ਆਦਿ ਨਿਰੰਜਣ ਰਿਹਾ ਕਮਾਈਆ । ਕੋਈ ਗਾ ਨਾ ਸਕੇ ਰਸਨਾ ਜਿਹਵ, ਕੋਟਨ ਕੋਟ ਜੀਵ ਜੰਤ ਰਹੇ ਕੁਰਲਾਈਆ । ਜਿਸ ਜਨ ਦੇਵੇ ਆਪਣਾ ਨਾਮ ਮੇਵ, ਰਸ ਇਕੋ ਇਕ ਵਖਾਈਆ । ਮੇਲ ਮਿਲਾਏ ਵਡ ਦੇਵੀ ਦੇਵ, ਦੇਵ ਆਤਮਾ ਕਰ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਆਪਣਾ ਪਰਦਾ ਦਏ ਉਠਾਈਆ । ਸ਼ਬਦ ਗੁਰੂ ਗੁਰ ਪਰਦਾ ਖੋਲ੍ਹੇ, ਪਰਦਾ ਕੋਇ ਨਜ਼ਰ ਨਾ ਆਈਆ । ਬਿਨ ਰਸਨਾ ਜਿਹਵਾ ਆਪੇ ਬੋਲੇ, ਬਿਨ ਬੱਤੀ ਦੰਦ ਸਲਾਹੀਆ । ਬਿਨ ਮੰਦਰ ਮਕਾਨ ਵਸੇ ਕੋਲੇ, ਘਰ ਬੈਠਾ ਸੱਚਾ ਮਾਹੀਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਦੋ ਜਹਾਨ ਲੋਆਂ ਪੁਰੀਆਂ ਆਪੇ ਫੋਲੇ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਬਣਾਏ ਗੋਲੇ, ਸੇਵਕ ਸਾਚੀ ਸੇਵ ਲਗਾਈਆ । ਖਾਣੀ ਬਾਣੀ ਵੇਦ ਪੁਰਾਨੀ ਗਾਏ ਢੋਲੇ, ਸੋਹਲੇ ਆਪਣਾ ਰਾਗ ਅਲਾਈਆ । ਲੱਖ ਚੁਰਾਸੀ ਅੰਤਰ ਆਤਮ ਆਪੇ ਮੌਲੇ, ਮੌਲਾ ਆਪਣਾ ਖੇਲ ਵਖਾਈਆ । ਜੁਗਾ ਜੁਗੰਤਰ ਪਰਗਟ ਹੋਏ ਉਪਰ ਧੌਲੇ, ਧਰਨੀ ਧਰਤ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਅਖਵਾਈਆ । ਸ਼ਬਦ ਗੁਰੂ ਅਗੰਮ ਅਥਾਹ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਸਚ ਮਕਾਂ, ਥਿਰ ਘਰ ਆਪਣਾ ਡੇਰਾ ਲਾਇੰਦਾ । ਦੇਵਣਹਾਰਾ ਸਚ ਸਲਾਹ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਦੋ ਜਹਾਨਾਂ ਵੇਖੇ ਥਾਉਂ ਥਾਂ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਕੜੇ ਬਾਂਹ, ਕਰੋੜ ਤੇਤੀਸਾ ਸੁਰਪਤ ਇੰਦ ਉਂਗਲੀ ਲਾਇੰਦਾ । ਕਿੰਨਰ ਯੱਛਪ ਲਏ ਉਠਾ, ਢੋਲ ਮਰਦੰਗ ਆਪ ਵਜਾਇੰਦਾ । ਗੋਪੀ ਕਾਹਨ ਵੇਸ ਵਟਾ, ਮਧਰ ਨੈਣ ਬੰਸਰੀ ਧੁਨ ਆਪ ਅਲਾਇੰਦਾ । ਸੀਤਾ ਸੁਰਤੀ ਖੇਲ ਕਰਾ, ਰਾਮ ਰੂਪ ਰੂਪ ਰਘੁਪਤ ਆਪਣਾ ਰੰਗ ਵਖਾਇੰਦਾ । ਈਸਾ ਮੂਸਾ ਪੱਲੂ ਲਏ ਫੜਾ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾਹ ਇਲਾਹੀ ਨੂਰ ਇਕ ਦਰਸਾਇੰਦਾ । ਮੁਹੰਮਦ ਖ਼ਾਹਸ਼ ਦਏ ਪਰਣਾ, ਅੱਲਾ ਰਾਣੀ ਜੋੜ ਜੋੜਾਇੰਦਾ । ਚਾਰ ਯਾਰੀ ਚਾਰ ਕੁੰਟ ਚਾਰ ਜੁਗ ਵੰਡ ਵੰਡਾ, ਵਰਭੰਡੀ ਵੇਖ ਵਖਾਇੰਦਾ । ਸ਼ਬਦ ਗੁਰੂ ਗੁਰ ਵੇਸ ਵਟਾ, ਗੁਰ ਗੁਰ ਆਪਣਾ ਰੰਗ ਰੰਗਾਇੰਦਾ । ਨਾਨਕ ਗੋਬਿੰਦ ਦਏ ਪੜ੍ਹਾ, ਸਾਚੀ ਸਿਖਿਆ ਇਕ ਸਮਝਾਇੰਦਾ । ਲੇਖਾ ਜਾਣੇ ਸ਼ਹਿਨਸ਼ਾਹ, ਦੂਸਰ ਸੰਗ ਨਾ ਕੋਇ ਰਲਾਇੰਦਾ । ਭੂਪਤ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ, ਹੁਕਮ ਹਾਕਮ ਆਪ ਸੁਣਾਇੰਦਾ । ਸ਼ਬਦ ਗੁਰ ਆਦਿ ਜੁਗਾਦੀ ਲੱਖ ਚੁਰਾਸੀ ਪਿਤਾ ਮਾਂ, ਪਿਤਾ ਪੂਤ ਵੇਖ ਵਖਾਇੰਦਾ । ਜਨ ਭਗਤ ਫੜ ਫੜ ਲਏ ਉਠਾ, ਆਲਸ ਨਿੰਦਰਾ ਮੋਹ ਮਿਟਾਇੰਦਾ । ਜਿਸ ਜਨ ਉਪਰ ਦਇਆ ਦਏ ਕਮਾ, ਸਿਰ ਆਪਣਾ ਹੱਥ ਰਖਾਇੰਦਾ । ਕਾਗੋਂ ਹੰਸ ਦਏ ਬਣਾ, ਹੰਸ ਕਾਗ ਰੂਪ ਵਟਾਇੰਦਾ । ਸੋਹੰ ਮਾਣਕ ਮੋਤੀ ਚੋਗ ਦਏ ਚੁਗਾ, ਸਚ ਸਰੋਵਰ ਆਪ ਨੁਹਾਇੰਦਾ । ਵਾਸ਼ਨਾ ਖੋਟੀ ਦਏ ਕਢਾ, ਸਚ ਸੁਗੰਧੀ ਇਕ ਭਰਾਇੰਦਾ । ਨਿਰਮਲ ਜੋਤੀ ਦਏ ਜਗਾ, ਅਗਿਆਨ ਅੰਧੇਰ ਚੁਕਾਇੰਦਾ । ਨਾਮ ਸੋਟੀ ਹੱਥ ਦਏ ਫੜਾ, ਸਾਚਾ ਖੰਡਾ ਇਕ ਚਮਕਾਇੰਦਾ । ਬ੍ਰਹਿਮੰਡਾਂ ਖੰਡਾਂ ਡੇਰਾ ਦੇਵੇ ਢਾਹ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਰਵ ਸਸ ਸੂਰਜ ਚੰਦ ਮੰਡਲ ਮੰਡਪ ਸੀਸ ਰਹੇ ਝੁਕਾ, ਜਗਦੀਸ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸ਼ਬਦ ਗੁਰੁ ਗੁਰ ਸਾਖਿਆਤ, ਗੁਰਮੁਖ ਬਣਾਏ ਪਾਰਜਾਤ, ਲੋਹਾ ਕੰਚਨ ਰੂਪ ਵਟਾਇੰਦਾ । ਲੋਹਾ ਕੰਚਨ ਢਾਲੇ ਪਾਸਾ, ਆਪਣੀ ਦਇਆ ਕਮਾਈਆ । ਪਾਰਸ ਛੋਹੇ ਹੋਏ ਖੁਲਾਸਾ, ਖੁਲਾਸੀ ਆਪਣੀ ਲਏ ਕਰਾਈਆ । ਆਦਿ ਜੁਗਾਦਿ ਜੁਗੋ ਜੁਗ ਸਤਿਗੁਰ ਸ਼ਬਦ ਇਕ ਪਰਕਾਸ਼ਾ, ਪਰਕਾਸ਼ਵਾਨ ਸਰਬ ਲੋਕਾਈਆ । ਲੱਖ ਚੁਰਾਸੀ ਕਰੇ ਭੋਗ ਬਿਲਾਸਾ, ਭਸਮੜ ਆਪਣਾ ਮੁਖ ਛੁਪਾਈਆ । ਭਗਤ ਭਗਵੰਤ ਦੇ ਦਿਲਾਸਾ, ਧੀਰਜ ਧੀਰ ਇਕ ਧਰਾਈਆ । ਸਾਚੇ ਸੰਤ ਵਖਾਏ ਸਚ ਤਮਾਸ਼ਾ, ਨਿਰਗੁਣ ਨਿਰਗੁਣ ਪਰਦਾ ਲਾਹੀਆ । ਗੁਰਮੁਖਾਂ ਪੂਰੀ ਕਰੇ ਆਸਾ, ਗੁਰ ਪੂਰੇ ਹੱਥ ਵਡਿਆਈਆ । ਗੁਰਸਿਖਾਂ ਦਰਸ ਦਿਖਾਏ ਸਾਖਿਆਤਾ, ਸਵੱਛ ਸਰੂਪੀ ਰੂਪ ਵਟਾਈਆ । ਰਾਤੀਂ ਸੁੱਤਿਆਂ ਕਰੇ ਬਾਤਾਂ, ਆਪ ਆਪਣਾ ਭੇਵ ਜਣਾਈਆ । ਗੁਰ ਸ਼ਬਦ ਨਾਤਾ ਤੋੜੇ ਜਾਤਾਂ ਪਾਤਾਂ, ਵਰਨ ਗੋਤ ਵਿਚ ਕਦੇ ਨਾ ਆਈਆ । ਏਥੇ ਓਥੇ ਦੋ ਜਹਾਨ ਸਗਲਾ ਸਾਥਾ, ਅਧਵਿਚਕਾਰ ਨਾ ਕੋਇ ਡੁਬਾਈਆ । ਚੌਦਾਂ ਲੋਕ ਚੌਦਾਂ ਤਬਕ ਇਕ ਨਿੱਕਾ ਜਿਹਾ ਹਾਟਾ, ਆਪਣਾ ਹੱਟ ਨਾ ਕਿਸੇ ਵਖਾਈਆ । ਵੱਡਾ ਰੱਖਿਆ ਇਕੋ ਖਾਤਾ, ਜਿਸ ਖਾਤੇ ਅੰਦਰ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਛੁਪਾਈਆ । ਸੋ ਸਾਹਿਬ ਆਦਿ ਜੁਗਾਦਿ ਸਰਬ ਦਾ ਦਾਤਾ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਸੁਤ ਦੇਵੇ ਵਰ, ਸੰਤ ਭਗਤ ਗੁਰਮੁਖ ਗੁਰਸਿਖ ਲਏ ਫੜ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਆਤਮ ਮੰਗੇ ਮਿਹਰ ਦਾਨ, ਕੂਕ ਕੂਕ ਕੁਰਲਾਈਆ । ਘਰ ਸਤਿਗੁਰ ਸੱਚਾ ਮਿਲੇ ਆਣ, ਜੰਗਲ ਜੂਹ ਉਜਾੜ ਪਹਾੜ ਢੂੰਡਨ ਕੋਇ ਨਾ ਜਾਈਆ । ਆਸਾ ਤ੍ਰਿਸਨਾ ਮਿਟੇ ਜਹਾਨ, ਮਨ ਮਨਸਾ ਪੂਰ ਕਰਾਈਆ । ਨਿਰਮਲ ਦੀਆ ਜਗੇ ਭਾਨ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਨਾਤਾ ਤੁੱਟੇ ਜਗਤ ਜਹਾਨ, ਜੀਵਣ ਜੁਗਤ ਦਏ ਸਮਝਾਈਆ । ਹਉਮੇ ਹੰਗਤਾ ਛੁੱਟੇ ਮੋਹ ਅਭਿਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਨ ਆਸਾ ਦਏ ਕਰਾਈਆ । ਪੂਰਨ ਆਸਾ ਕਰੇ ਪੂਰ, ਭਰਪੂਰ ਰਿਹਾ ਸਭ ਠਾਈਂਆ । ਨੇੜੇ ਆਏ ਜੋ ਵਸੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਉਮੇ ਹੰਗਤਾ ਰੋਗ ਮਿਟਾਈਆ । ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਦਏ ਜਣਾਈਆ । ਮਸਤਕ ਲਾਏ ਚਰਨ ਧੂੜ, ਦੁਰਮਤ ਮੈਲ ਰਹੇ ਨਾ ਰਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਪੂਰਬ ਜਨਮ ਕਰਮ ਨਿਹਕਰਮੀ ਮੁਆਫ ਕਰੇ ਕਸੂਰ, ਅੱਗੇ ਲੇਖਾ ਮੰਗੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਜਿਸ ਘਰ ਵਸੇ ਸੱਚਾ ਮਾਹੀਆ । ਸਾਚਾ ਘਰ ਸਚ ਮਹੱਲਾ, ਹਰਿ ਸਤਿਗੁਰ ਸਚ ਜਣਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਨਿਰਗੁਣ ਡੇਰਾ ਲਾਇੰਦਾ । ਭਗਤ ਭਗਵਾਨ ਫੜਾਏ ਪੱਲਾ, ਜੁਗ ਜੁਗ ਖੇਲ ਵਖਾਇੰਦਾ । ਸਚ ਸੰਦੇਸ ਏਕਾ ਘੱਲਾ, ਨਰ ਨਰੇਸ਼ ਆਪ ਸੁਣਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਪੰਜ ਤਤ ਚੋਲਾ ਆਪ ਹੰਢਾਇੰਦਾ । ਵਸਣਹਾਰਾ ਡੂੰਘੀ ਡੱਲਾ, ਆਤਮ ਸੇਜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਆਤਮ ਪਰਮਾਤਮ ਮੰਗੇ ਰੰਗ, ਇਕੋ ਓਟ ਤਕਾਈਆ । ਪਾਰਬ੍ਰਹਮ ਪ੍ਰਭ ਮਿਲੇ ਸਚ ਪਲੰਘ, ਕਾਇਆ ਅੰਦਰ ਇਕ ਸੁਹਾਈਆ । ਦਿਵਸ ਰੈਣ ਵਜਾਏ ਮਰਦੰਗ, ਤਾਲ ਤਲਵਾੜਾ ਨਾ ਕੋਇ ਰਖਾਈਆ । ਏਕਾ ਘਰ ਵਹਾਏ ਗੰਗ, ਨੀਰ ਸੀਰ ਰੂਪ ਵਟਾਈਆ । ਨਿਰਮਲ ਜੋਤ ਚੜ੍ਹੇ ਚੰਦ,

ਕੋਟਨ ਕੋਟ ਚੰਦ ਮੁਖ ਸ਼ਰਮਾਈਆ । ਆਤਮ ਦੇਵੇ ਇਕ ਅਨੰਦ, ਨਿਜਾਨੰਦ ਹੋਏ ਰਸਾਈਆ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਆਪਣੀ ਗੰਢ ਪੁਵਾਈਆ । ਲੱਖ ਚੁਰਾਸੀ ਕਰੇ ਖੰਡ, ਖੰਡਾ ਖੜਗ ਨਾਮ ਵਖਾਈਆ । ਭਾਂਡਾ ਭਰਮ ਭੌ ਢਾਹੇ ਦਵੈਤੀ ਕੰਧ, ਕੂੜੀ ਕਿਰਿਆ ਦਏ ਖਪਾਈਆ । ਢੋਲਾ ਗੌਣਾ ਇਕੋ ਸੁਹਾਗੀ ਛੰਦ, ਸੋਹੰ ਅੱਖਰ ਕਰੇ ਪੜ੍ਹਾਈਆ । ਏਥੇ ਓਥੇ ਦੋ ਜਹਾਨ ਹੋਏ ਬਖ਼ਸ਼ੰਦ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵਸਤ ਰਿਹਾ ਵੰਡ, ਦੋ ਜਹਾਨਾਂ ਆਪ ਵਰਤਾਈਆ । ਇਕੋ ਵਸਤ ਸਦਾ ਅਨਮੁਲ, ਕਰਤਾ ਕੀਮਤ ਕੋਇ ਨਾ ਲਾਇੰਦਾ । ਇਕੋ ਤੋਲਣਹਾਰਾ ਤੋਲ, ਤੋਲਾ ਅਵਰ ਨਾ ਕੋਇ ਜਣਾਇੰਦਾ । ਇਕੋ ਬੈਠਾ ਰਹੇ ਅਡੋਲ, ਅਡੋਲ ਆਪਣਾ ਖੇਲ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਾਮ ਵਸਤ ਰੱਖੇ ਕੋਲ, ਜਨ ਭਗਤਾਂ ਆਪ ਵਰਤਾਇੰਦਾ । ਆਤਮ ਤਾਕੀ ਪਰਦਾ ਖੋਲ੍ਹ, ਅੰਦਰ ਡੂੰਘੀ ਕੰਦਰ ਆਪ ਟਿਕਾਇੰਦਾ । ਨਿਰਗੁਣ ਸਰਗੁਣ ਕਰੇ ਚੋਲ, ਪਰੇਮ ਬੰਧਨ ਏਕਾ ਪਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਨਡਿਠ ਆਪ ਵਖਾਇੰਦਾ । ਇਕੋ ਵਸਤ ਇਕੋ ਦਾਤ, ਇਕੋ ਰਿਹਾ ਵਰਤਾਈਆ । ਇਕੋ ਚਰਨ ਇਕੋ ਨਾਤ, ਬਿਧਾਤਾ ਇਕੋ ਜੋੜ ਜੁੜਾਈਆ । ਇਕੋ ਅੱਖਰ ਇਕੋ ਜਮਾਤ, ਏਕਾ ਪੱਟੀ ਰਿਹਾ ਪੜ੍ਹਾਈਆ । ਏਕਾ ਸਤਿਗੁਰ ਵਸੇ ਸਾਥ, ਦੂਜਾ ਸੰਗ ਕੋਇ ਨਾ ਜਾਈਆ । ਏਕਾ ਸੇਜਾ ਏਕਾ ਖਾਟ, ਏਕਾ ਬੈਠਾ ਡੇਰਾ ਲਾਈਆ । ਇਕ ਮੁਕਾਵਣਹਾਰਾ ਵਾਟ, ਦੋ ਜਹਾਨਾਂ ਫੇਰਾ ਪਾਈਆ । ਏਕਾ ਖੇਲ ਖੇਲੇ ਪੁਰਖ ਸਮਰਾਥ, ਸਮਰਥ ਦਾਤਾ ਸੱਚਾ ਸ਼ਹਿਨਸ਼ਾਹੀਆ । ਏਕਾ ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਜਗਤ ਉਧਾਰ ਨਾ ਕੋਇ ਕਰਾਈਆ । ਇਕੋ ਪੂਜਾ ਇਕੋ ਪਾਠ, ਇਸ਼ਟ ਗੁਰਦੇਵ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਰਿਹਾ ਵਰਤਾਈਆ । ਏਕਾ ਵਸਤ ਵਸਤ ਅਮੋਲਕ, ਹਰਿ ਅਨਮੁਲੜਾ ਆਪ ਵਰਤਾਇੰਦਾ । ਆਪ ਰਖਾਏ ਕਾਇਆ ਗੋਲਕ, ਘਰ ਘਰ ਵਿਚ ਆਪ ਸੁਹਾਇੰਦਾ । ਰਾਗ ਸੁਣਾਏ ਏਕਾ ਅਨਬੋਲਤ, ਅਨਡਿਠੜੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਖਾਇੰਦਾ । ਸੱਚੀ ਵਸਤ ਹਰਿ ਹਰਿ ਨਾਮ, ਦੂਸਰ ਅਵਰ ਨਾ ਕੋਇ ਵਡਿਆਈਆ । ਗੁਰ ਅਵਤਾਰਾਂ ਦੇਵੇ ਜਾਮ, ਪੀਰ ਪੈਗ਼ੰਬਰਾਂ ਆਬ ਹਯਾਤ ਪਿਆਈਆ । ਨਾਦ ਧੁੰਨ ਸੁਣਾਏ ਅਗੰਮੀ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਲੇਖਾ ਜਾਣੇ ਸ਼ਾਹ ਅਮਾਮ, ਸ਼ਹਿਨਸ਼ਾਹ ਸੱਚਾ ਪਾਤਸ਼ਾਹੀਆ । ਲੱਖ ਚੁਰਾਸੀ ਕਰੇ ਗ਼ੁਲਾਮ, ਬਰਦੇ ਸਭ ਨੂੰ ਰਿਹਾ ਬਣਾਈਆ । ਦੇਵਣਹਾਰਾ ਸਚ ਪੈਗ਼ਾਮ, ਜਬਰਾਈਲ ਮੇਕਾਈਲ ਅਸਰਾਈਲ ਅਸਰਾਫੀਲ ਰਿਹਾ ਸਮਝਾਈਆ । ਨਾਨਕ ਨਿਰਗੁਣ ਦਿਤੀ ਵਸਤ ਸਤਿ ਨਾਮ, ਨਾਮ ਸਤਿ ਸਤਿ ਸਤਿ ਦ੍ਰਿੜਾਈਆ । ਪੀਰ ਪੈਗ਼ੰਬਰ ਨਿਉਂ ਨਿਉਂ ਸਯਦਾ ਕਰਨ ਸਲਾਮ, ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵਸਤ ਹੱਥ ਰਖਾਈਆ । ਇਕੋ ਵਸਤ ਵਡ ਅਸਗਾਹ, ਭੇਵ ਕੋਇ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਰਾਹ, ਰਹਿਬਰ ਆਪਣਾ ਨਾਉਂ ਵਡਿਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਣ ਗੀਤਾ ਗਿਆਨ ਅੰਜੀਲ ਕੁਰਾਨ ਲਏ ਪੜ੍ਹਾ, ਖਾਣੀ ਬਾਣੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਅਨੇਕਾ ਰੂਪ ਧਰਾ, ਧਰਨੀ ਧਰਤ ਧਵਲ ਰੂਪ ਸੁਹਾਇੰਦਾ । ਅਕਾਸ਼ ਪਰਕਾਸ਼ ਪੁਰੀਆਂ


੯੪੨ ੧੨

ਲੋਆਂ ਬ੍ਰਹਿਮੰਡਾਂ ਖੰਡਾਂ ਪਰਦਾ ਲਾਹ, ਭੇਵ ਅਭੇਦ ਆਪ ਜਣਾਇੰਦਾ । ਏਕਾ ਵਸਤ ਦਸਤ ਬਦਸਤ ਦਏ ਵਰਤਾ, ਦਇਆਵਾਨ ਦਇਆ ਕਮਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਝੋਲੀ ਦਏ ਭਰਾ, ਜੋ ਜਨ ਸਰਨ ਸਰਨਾਈ ਸੀਸ ਝੁਕਾਇੰਦਾ । ਆਵਣ ਜਾਵਣ ਪਤਿਤ ਪਾਵਣ ਲਹਿਣਾ ਦੇਣਾ ਲੇਖਾ ਦਏ ਮੁਕਾ, ਲੱਖ ਚੁਰਾਸੀ ਫੰਦ ਕਟਾਇੰਦਾ । ਥਿਰ ਘਰ ਬਹਿਣਾ ਸਾਚੀ ਸਿਖਿਆ ਦਏ ਸਮਝਾ, ਨੇਤਰ ਨੈਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਵਸਤ ਆਪ ਵਰਤਾਇੰਦਾ । ਨਾਮ ਵਸਤ ਸ੍ਰੀ ਭਗਵਾਨ, ਜੁਗਾ ਜੁਗੰਤਰ ਆਪ ਵਰਤਾਈਆ । ਕੋਟਨ ਕੋਟ ਮੰਗਣ ਦਾਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਸਰਬ ਕੁਰਲਾਣ, ਕੂਕ ਕੂਕ ਸਰਬ ਸੁਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪਾਰਬ੍ਰਹਮ ਤੇਰਾ ਖੇਲ ਮਹਾਨ, ਬੇਅੰਤ ਤੇਰੀ ਵਡਿਆਈਆ । ਹਉਂ ਬਾਲੀ ਬੁਧ ਬਾਲ ਅਵਾਣ, ਰਸਨੀ ਕਥਨੀ ਕਹਿਣ ਕੁਛ ਨਾ ਜਾਈਆ । ਕਰ ਕਿਰਪਾ ਦੇਣਾ ਏਕੋ ਦਾਨ, ਅਤੋਟ ਅਤੁੱਟ ਵਰਤਾਈਆ । ਨਾਤਾ ਤੁੱਟੇ ਪੀਣ ਖਾਣ, ਤ੍ਰਿਸਨਾ ਭੁੱਖ ਨੇੜ ਨਾ ਆਈਆ । ਰੋਗ ਸੋਗ ਸਰਬ ਮਿਟ ਜਾਣ, ਚਿੰਤਾ ਚਿਖਾ ਨਾ ਕੋਇ ਜਲਾਈਆ । ਘਰ ਮੰਦਰ ਗ੍ਰਿਹਿ ਸਤਿਗੁਰ ਮਿਲੇ ਆਣ, ਮਿਲ ਸਖ਼ੀਆਂ ਖ਼ੁਸ਼ੀ ਮਨਾਈਆ । ਇਕੋ ਢੋਲਾ ਸਾਰੇ ਤੇਰਾ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਚੁੱਕੇ ਕਾਣ, ਬ੍ਰਹਮ ਪਾਰਬ੍ਰਹਮ ਵਡਿਆਈਆ । ਈਸ਼ ਜੀਵ ਜਗਦੀਸ ਵਸੇ ਇਕ ਮਕਾਨ, ਸਚ ਮਕਾਨ ਸੋਭਾ ਪਾਈਆ । ਸ਼ਬਦ ਗੁਰ ਗੁਰ ਦਇਆਵਾਨ, ਗੁਰਦੇਵ ਸਵਾਮੀ ਵੇਖੇ ਚਾਈਂ ਚਾਈਂਆ । ਵਸਤੂ ਵਸਤ ਇਕ ਮਹਾਨ, ਮਹਾਬਲੀ
੯੪੩ ਆਪ ਵਰਤਾਈਆ । ਗੁਰਸਿਖ ਭੁੱਲ ਨਾ ਜਾਏ ਅਣਜਾਣ, ਬਾਲੀ ਬੁਧ ਆਪ ਸਮਝਾਈਆ । ਜਿਸ ਸਾਹਿਬ ਮਿਲਿਆ ਆਣ, ਸੋ ਦੂਜੇ ਦਰ ਨਾ ਮੰਗਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵਸਤ ਦੇਵੇ ਹੱਥ, ਕਰੇ ਖੇਲ ਪੁਰਖ ਸਮਰਥ, ਸਮਝ ਸਮਝ ਨਾਲ ਮਿਲਾਈਆ । ੯੪੩
੧੨ ੧੨

✳ ੭ ਅੱਸੂ ੨੦੧੯ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ ✳

ਸੋ ਪੁਰਖ ਨਿਰੰਜਣ ਤੇਰਾ ਦਰਬਾਰਾ, ਦਰਗਹਿ ਸਾਚੀ ਨਜ਼ਰ ਕਿਸੇ ਨਾ ਆਇੰਦਾ । ਹਰਿ ਪੁਰਖ ਨਿਰੰਜਣ ਤੇਰਾ ਉਚ ਮੁਨਾਰਾ, ਮੁਕਾਮੇ ਹੱਕ ਪਰਦਾ ਕੋਇ ਨਾ ਲਾਹਿੰਦਾ । ਏਕੰਕਾਰਾ ਤੇਰਾ ਅਗੰਮ ਅਥਾਹ ਪਸਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਆਦਿ ਨਿਰੰਜਣ ਤੇਰਾ ਨੂਰ ਉਜਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਹੱਥ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤੇ ਤੇਰਾ ਖੇਲ ਨਿਆਰਾ, ਅਨੁਭਵ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਤੇਰਾ ਸਚ ਹੁਲਾਰਾ, ਸਚ ਨਿਸ਼ਾਨਾ ਇਕ ਉਠਾਇੰਦਾ । ਪਾਰਬ੍ਰਹਮ ਸ਼ਾਹੋ ਭੂਪ ਭੂਪ ਵਡ ਸਿਕਦਾਰਾ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਬੇਅੰਤ, ਕਥਨੀ ਕਥ ਨਾ ਸਕੇ ਰਾਈਆ । ਹਰਿ ਪੁਰਖ ਨਿਰੰਜਣ ਆਦਿ ਅੰਤ, ਨਿਰਗੁਣ ਨਿਰਗੁਣ ਵੇਸ ਵਟਾਈਆ । ਏਕੰਕਾਰਾ ਨਾਰ ਕੰਤ, ਸੇਜ ਸੁਹੰਜਣੀ ਸੋਭਾ

ਪਾਈਆ । ਆਦਿ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਸ੍ਰੀ ਭਗਵਾਨ ਆਪੇ ਗਾਏ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਦ੍ਰਿੜਾਈਆ । ਅਬਿਨਾਸ਼ੀ ਕਰਤਾ ਆਪੇ ਕਰੇ ਆਪਣੀ ਮੰਨਤ, ਇਸ਼ਟ ਦੇਵ ਆਪ ਅਖਵਾਈਆ । ਪਾਰਬ੍ਰਹਮ ਲੇਖਾ ਜਾਣੇ ਜੁਗਾ ਜੁਗੰਤ, ਜੁਗ ਕਰਤਾ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਸੋ ਪੁਰਖ ਨਿਰੰਜਣ ਤੇਰਾ ਸਚ ਮਹੱਲਾ, ਦੂਰ ਦੁਰਾਡਾ ਨਜ਼ਰ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਵਸੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਏਕੰਕਾਰ ਫੜਾਏ ਪੱਲਾ, ਪੱਲੂ ਆਪਣਾ ਗੰਢ ਪੁਆਇੰਦਾ । ਆਦਿ ਨਿਰੰਜਣ ਬਿਨ ਤੇਲ ਬਾਤੀ, ਸਚ ਪਰਕਾਸ਼ ਆਪੇ ਬੱਲਾ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕ ਵਡਿਆਇੰਦਾ । ਪਾਰਬ੍ਰਹਮ ਜੋਤੀ ਸ਼ਬਦੀ ਨਿਰਗੁਣ ਨਿਰਗੁਣ ਧਾਰ ਆਪੇ ਰੱਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਹਰਿ ਪੁਰਖ ਨਿਰੰਜਣ ਸਾਹਿਬ ਸਮਰਥ, ਸਮਰਥ ਹੱਥ ਵਡੀ ਵਡਿਆਈਆ । ਏਕੰਕਾਰਾ ਅੰਤਰ ਅੰਤਰ ਆਪੇ ਵਸ, ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਕਰ ਪਰਕਾਸ਼, ਦੀਵਾ ਬਾਤੀ ਡਗਮਗਾਈਆ । ਸ੍ਰੀ ਭਗਵਾਨ ਪਾਵੇ ਰਾਸ, ਮੰਡਲ ਮੰਡਪ ਆਪ ਸੁਹਾਈਆ । ਅਬਿਨਾਸ਼ੀ ਕਰਤਾ ਖੇਲ ਤਮਾਸ਼, ਹਰਿ ਖ਼ਾਲਕ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਦਾਸੀ ਦਾਸ, ਸੇਵਕ ਸੇਵਾ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਤੇਰਾ ਖੇਲ ਅਪਾਰਾ, ਭੇਵ ਕੋਇ ਨਾ ਪਾਇੰਦਾ । ਹਰਿ ਪੁਰਖ ਨਿਰੰਜਣ ਤੇਰੀ ਅਗੰਮੀ ਧਾਰਾ, ਧਾਰ ਧਾਰ ਵਿਚ ਸਮਾਇੰਦਾ । ਏਕੰਕਾਰ ਤੇਰਾ ਅਖਾੜਾ, ਦੋ ਜਹਾਨਾਂ ਨਾਚ ਨਚਾਇੰਦਾ । ਆਦਿ ਨਿਰੰਜਣ ਤੇਰਾ ਉਜਿਆਰਾ, ਥਿਰ ਘਰ ਸਾਚੇ ਆਪ ਸੁਹਾਇੰਦਾ । ਅਬਿਨਾਸ਼ੀ ਕਰਤਾ ਵੇਖੇ ਵਿਗਸੇ ਵੇਖਣਹਾਰਾ, ਨੇਤਰ ਲੋਚਨ ਨੈਣ ਨਾ ਕੋਇ ਰਖਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰਾ, ਹੱਕ ਮੁਕਾਮੇ ਡੇਰਾ ਲਾਇੰਦਾ । ਨੂਰ ਇਲਾਹੀ ਪਰਵਰਦਿਗਾਰਾ, ਬੇਐਬ ਖ਼ੁਦਾਈ ਆਪਣਾ ਨਾਮ ਰਖਾਇੰਦਾ । ਪਾਰਬ੍ਰਹਮ ਪ੍ਰਭ ਕਰਨੀ ਕਰਤਾ ਕਰਨੇਹਾਰਾ, ਪੁਰਖ ਪੁਰਖੋਤਮ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸਚਖੰਡ, ਦਰਗਹਿ ਸਾਚੀ ਵੱਜੇ ਵਧਾਈਆ । ਸਾਹਿਬ ਸਤਿਗੁਰ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਆਸਣ ਲਾਈਆ । ਹਰਿ ਪੁਰਖ ਨਿਰੰਜਣ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਆਦਿ ਨਿਰੰਜਣ ਕਰੇ ਪਰਕਾਸ਼ ਬਿਨ ਸੂਰਜ ਚੰਦ, ਰਵ ਸਸ ਨਾ ਕੋਇ ਵਡਿਆਈਆ । ਅਬਿਨਾਸ਼ੀ ਕਰਤਾ ਸ਼ਬਦ ਅਗੰਮੀ ਗਾਏ ਛੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸ੍ਰੀ ਭਗਵਾਨ ਸਾਹਿਬ ਦਿਆਲ ਠਾਕਰ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੰਗਣਹਾਰਾ ਸਾਚੀ ਮੰਗ, ਦਰ ਦਰਵੇਸ਼ ਆਪਣੀ ਅਲੱਖ ਜਗਾਈਆ । ਕਰੇ ਖੇਲ ਬਿਨ ਰੂਪ ਰੰਗ, ਰੇਖ ਭੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖੇ ਵਡਿਆਈ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚਖੰਡ ਦਵਾਰੇ ਵੱਜੇ ਵਧਾਈ,

ਵਾਹਵਾ ਗੀਤ ਆਪਣਾ ਆਪ ਅਲਾਇੰਦਾ । ਨਿਰਗੁਣ ਮੇਲਾ ਨਿਰਗੁਣ ਵੇਖੇ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਇੰਦਾ । ਆਦਿ ਜੁਗਾਦਿ ਸਦ ਚਲੇ ਆਪਣੀ ਆਪ ਰਜ਼ਾਈ, ਦੂਜਾ ਹੁਕਮ ਨਾ ਕੋਇ ਮਨਾਇੰਦਾ । ਕਰਨਹਾਰਾ ਸਚ ਨਿਆਈਂ, ਸਚ ਸਿੰਘਾਸਣ ਆਸਣ ਲਾਇੰਦਾ । ਸ਼ਾਹੋ ਭੂਪ ਰਾਜਨ ਰਾਜ ਬੇਪਰਵਾਹੀ, ਬੇ ਮੁਹਤਾਜੇ ਆਪਣਾ ਖੇਲ ਆਪ ਕਰਾਇੰਦਾ । ਸਚਖੰਡ ਦਵਾਰੇ ਰਚ ਰਚ ਕਾਜੇ, ਕਰਨੀ ਕਰਤਾ ਆਪ ਕਮਾਇੰਦਾ । ਦੇਵਣਹਾਰਾ ਸਾਚੀ ਦਾਤ, ਵਸਤ ਅਮੋਲਕ ਆਪ ਪਰਗਟਾਇੰਦਾ । ਆਪਣੀ ਪੂਰੀ ਕਰੇ ਆਪੇ ਆਸ, ਆਸਾ ਆਸਾ ਵਿਚ ਰਖਾਇੰਦਾ । ਨਿਜ ਗ੍ਰਹਿ ਨਿਜ ਮੰਦਰ ਨਿਝ ਘਰ ਨਿਝ ਵਾਸੀ ਵਸੇ ਪਾਸ, ਵਿਛੋੜਾ ਪੰਧ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਸੁਹਾਇੰਦਾ । ਸਚਖੰਡ ਨਿਵਾਸੀ ਤੇਰਾ ਭੇਵ ਅਪਾਰਾ, ਸ਼ਾਸਤਰ ਸਿਮਰਤ ਵੇਦ ਪੁਰਾਣ ਕਹਿਣ ਨਾ ਜਾਈਆ । ਗਾ ਗਾ ਥੱਕੇ ਗੁਰ ਅਵਤਾਰਾ, ਅਲੱਖਣਾ ਲੱਖ ਨਾ ਸਕੇ ਕੋਇ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਕਰੋੜ ਤੇਤੀਸਾ ਕਰੇ ਪੁਕਾਰਾ, ਸੁਰਪਤ ਬੈਠਾ ਡੇਰਾ ਢਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਨਿਰਾਕਾਰ ਸਭ ਤੋਂ ਵਸੇ ਬਾਹਰਾ, ਆਪਣੀ ਕਲ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਜੁਗ ਚਲਾਏ ਰਾਹ, ਬਣ ਰਹਿਬਰ ਦੇ ਸਮਝਾਈਆ । ਲੱਖ ਚੁਰਾਸੀ ਆਤਮ ਪਰਮਾਤਮ ਨਿਰਗੁਣ ਸਰਗੁਣ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਅੰਤਰ ਮੰਤਰ ਸਾਚਾ ਸੋਹਲਾ ਢੋਲਾ ਦਏ ਪੜ੍ਹਾ, ਨਿਸ਼ਅੱਖਰ ਆਪੇ ਗਾਈਆ । ਪਰਦਾ ਉਹਲਾ ਦਏ ਚੁਕਾ, ਦੂਈ ਦਵੈਤੀ ਡੇਰਾ ਢਾਹੀਆ । ਮੌਲਾ ਰੂਪ ਏਕਾ ਨੂਰ ਸਚ ਖ਼ੁਦਾ, ਜ਼ਾਹਿਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖ ਨਾ ਲਖਿਆ ਜਾਈਆ । ਤੇਰਾ ਲੇਖ ਨਾ ਜਾਣੇ ਲੇਖਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਭਰਮ ਭੁਲੇਖਾ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮਸਾਇਕ ਕਰਦੇ ਰਹੇ ਚੇਤਾ, ਨਿਤ ਨਵਿਤ ਧਿਆਨ ਲਗਾਇੰਦਾ । ਬਿਨ ਕਿਰਪਾ ਕਿਸੇ ਨਾ ਦੱਸਿਆ ਭੇਤਾ, ਲੱਖ ਚੁਰਾਸੀ ਜੀਵ ਜੰਤ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਤੁਧ ਬਿਨ ਨਜ਼ਰ ਨਾ ਆਏ ਕੋਇ, ਦੋ ਜਹਾਨ ਫਿਰੀ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੂੜ੍ਹੀ ਨੀਂਦ ਸੋਏ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਬੀਜ ਨਾ ਕੋਇ ਬੋਏ, ਸਚ ਕਿਰਸਾਣਾ ਹੱਲ ਨਾ ਕੋਇ ਚਲਾਈਆ । ਸਚ ਸੰਦੇਸਾ ਨਰ ਨਰੇਸ਼ਾ ਦੇਵੇ ਨਾ ਕੋਈ ਢੋਏ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਬਿਨ ਤੁਧ ਕਲਜੁਗ ਅੰਤ ਜੀਵਤ ਹੋਏ ਮੋਏ, ਜੀਵਤ ਰੂਪ ਨਾ ਕੋਇ ਰਖਾਇੰਦਾ । ਖਾਣੀ ਬਾਣੀ ਵੇਦ ਪੁਰਾਨੀ ਸ਼ਾਸਤਰ ਸਿਮਰਤ ਅੰਜੀਲ ਕੁਰਾਨੀ ਤੇਰੀ ਸੁਣੀ ਸੋਏ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਨਿਰਗੁਣ ਤੇਰਾ ਵਾਸਾ ਤ੍ਰੈ ਤ੍ਰੈ ਲੋਏ, ਕੋਟਨ ਕੋਟ ਬ੍ਰਹਿਮੰਡ ਖੰਡ ਚਰਨਾਂ ਹੇਠ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਤੁਧ ਬਿਨ ਅੰਮ੍ਰਿਤ ਰਸ ਕੋਇ ਨਾ ਚੋਏ, ਪੀਰ ਪੈਗ਼ੰਬਰ ਸਰਬ ਕੁਰਲਾਇੰਦਾ । ਆਪਣਾ ਆਪ ਕਲਜੁਗ ਜੀਵ ਬੈਠੇ ਖੋਏ, ਖਾਲੀ ਹੱਥ ਸਰਬ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ


੯੪੫
੧੨

ਸਾਚਾ ਵਰ, ਦਰ ਤੇਰਾ ਮੰਗ ਮੰਗਾਇੰਦਾ, ਤੇਰਾ ਦਰ ਸਚ ਦਰਬਾਰਾ, ਦਰਗਹਿ ਸਾਚੀ ਮਿਲੇ ਵਡਿਆਈਆ । ਕਲਜੁਗ ਕੂੜਾ ਦੋਏ ਜੋੜ ਕਰੇ ਨਿਮਸਕਾਰਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਨਵ ਨੌਂ ਦਿਸੇ ਹਾਹਾਕਾਰਾ, ਚਾਰ ਚਾਰ ਪਈ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧੂੰਆਂਧਾਰਾ, ਸਚ ਪਰਕਾਸ਼ ਨਾ ਕੋਇ ਕਰਾਈਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰਾ, ਹਰਿ ਕੰਤ ਨਾ ਕੋਇ ਹੰਢਾਈਆ । ਗੂੜ੍ਹੀ ਨੀਂਦੇ ਸੁੱਤੇ ਪੈਰ ਪਸਾਰਾ, ਕਰਵਟ ਸਕੇ ਨਾ ਕੋਇ ਬਦਲਾਈਆ । ਚੌਦਾਂ ਤਬਕ ਕਰਨ ਪੁਕਾਰਾ, ਸਦੀ ਚੌਧਵੀ ਰਹੀ ਕੁਰਲਾਈਆ । ਚੌਦਾਂ ਲੋਕ ਲੱਗਾ ਅਖਾੜਾ, ਜ਼ਿਮੀਂ ਅਸਮਾਨ ਦੇਣ ਦੁਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਭਗਤ ਭਗਵਾਨ ਅੱਗੇ ਕੱਢਣ ਹਾੜਾ, ਬੌਹੜੀ ਬੌਹੜੀ ਰਹੇ ਸੁਣਾਈਆ । ਸਾਧ ਸੰਤ ਕੋਈ ਨਾ ਦਿਸੇ ਜੰਗਲ ਜੂਹ ਵਿਚ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਸਾਚੀ ਲਹਿਰ ਨਾ ਕੋਇ ਵਖਾਈਆ । ਹਰਿ ਕਾ ਨਾਉਂ ਨਾ ਕਿਸੇ ਪਿਆਰਾ, ਗੁਰ ਗੁਰ ਸ਼ਬਦ ਨਾ ਢੋਲਾ ਗਾਈਆ । ਜੂਠ ਝੂਠ ਵਣਜ ਵਾਪਾਰਾ, ਸਚ ਸੁੱਚ ਨਾ ਕੋਇ ਵਡਿਆਈਆ । ਨਾਨਕ ਗੋਬਿੰਦ ਕਰਨ ਪੁਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਵੇਦ ਵਿਆਸਾ ਲੇਖ ਲਿਖਾਰਾ, ਲਿਖ ਲਿਖ ਏਕਾ ਮੰਗ ਮੰਗਾਈਆ । ਈਸਾ ਕਹੇ ਮੇਰਾ ਪਰਵਰਦਿਗਾਰਾ, ਰਹਿਬਰ ਆਵੇ ਸੱਚਾ ਮਾਹੀਆ । ਮੁਹੰਮਦ ਕਹੇ ਮੇਰਾ ਸਾਂਝਾ ਯਾਰਾ, ਸਾਖਿਆਤ ਰੂਪ ਵਟਾਈਆ । ਕਲਜੁਗ ਕਹੇ ਮੇਰੀ ਸੁਣੇ ਪੁਕਾਰਾ, ਅੰਤ ਲੇਖਾ ਦਏ ਮੁਕਾਈਆ । ਧਰਨੀ ਰੋਵੇ ਕਰੇ ਹਾਹਾਕਾਰਾ, ਖ਼ਾਕੀ ਖ਼ਾਕ ਰਹੀ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਕਲਜੁਗ ਤੇਰੀ ਰਖੀ ਆਸ, ਪ੍ਰਭ ਸਾਹਿਬ ਸੱਚੇ ਗੁਸਾਈਆ । ਅੰਤ ਬੁਝਾਉਣੀ ਜਗਤ ਪਿਆਸ, ਕੂੜੀ ਕਿਰਿਆ ਕਰ ਜੁਦਾਈਆ । ਲੋਕਮਾਤ ਕਰਨੀ ਬੰਦ ਖੁਲਾਸ, ਚਰਨ ਸਰਨ ਸਰਨ ਚਰਨ ਮਿਲੇ ਸਰਨਾਈਆ । ਕੂੜੀ ਕਿਰਿਆ ਕੀਤਾ ਭੋਗ ਬਿਲਾਸ, ਮਾਇਆ ਮਮਤਾ ਸੇਜ ਹੰਢਾਈਆ । ਨਵ ਨੌਂ ਨਾ ਦਿਸਿਆ ਕੋਇ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਸਾਹਿਬ ਗੁਣ ਦਾਤਾ, ਗਹਿਰ ਗੰਭੀਰ ਦਇਆ ਕਮਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਨਿਰਗੁਣ ਸਰਗੁਣ ਨਾਚ ਨਚਾਇੰਦਾ । ਗੋਪੀ ਕਾਹਨ ਪਾਵੇ ਰਾਸਾ, ਮੰਡਲ ਮੰਡਪ ਆਪ ਸੁਹਾਇੰਦਾ । ਵੇਖੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਸੋਭਾ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰ ਦਿਲਾਸਾ, ਸਿਰ ਸਮਰਥ ਹੱਥ ਟਿਕਾਇੰਦਾ । ਆਦਿ ਅੰਤ ਹੋਏ ਨਾ ਕੋਇ ਨਿਰਾਸਾ, ਜੋ ਸਰਨਾਈ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਹਰਿ ਜੂ ਆਪ ਸਮਝਾਇੰਦਾ । ਕਲਜੁਗ ਸੁਣ ਸਾਚੇ ਸੁਤ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਅੰਤਮ ਆਈ ਰੁੱਤ, ਹਰਿ ਰੁੱਤੜੀ ਵੇਖ ਵਖਾਇੰਦਾ । ਪਰਗਟ ਹੋ ਅਬਿਨਾਸ਼ੀ ਅਚੁੱਤ, ਨਵ ਨੌਂ ਆਪਣਾ ਫੇਰਾ ਪਾਇੰਦਾ । ਆਪਣੀ ਕੁੱਖੋਂ ਆਪੇ ਉਠ, ਮਾਤ ਪਿਤ ਨਾ ਕੋਇ ਬਣਾਇੰਦਾ । ਗ਼ਰੀਬ ਨਿਮਾਣਿਆਂ ਲਏ ਪੁੱਛ, ਭਗਤ ਭਗਵੰਤ ਆਪ ਜਗਾਇੰਦਾ । ਝੋਲੀ ਭਰੇ ਸਚ ਸੁੱਚ, ਕੂੜੀ ਕਿਰਿਆ ਮੋਹ ਮੁਕਾਇੰਦਾ । ਗੁਰਸਿਖ ਕੋਇ ਨਾ ਦਿਸੇ ਸਿੰਮਲ ਦੀਰਘ ਅਤਿ ਮੁਚ, ਪਤ ਡਾਲ੍ਹੀ ਫੁਲ ਆਪ ਮਹਿਕਾਇੰਦਾ । ਆਪਣੇ ਕੋਲ ਨਾ ਰੱਖੇ ਕੁਛ, ਗੁਰਮੁਖਾਂ ਝੋਲੀ ਆਪ ਭਰਾਇੰਦਾ । ਲੱਖ ਚੁਰਾਸੀ ਕੋਲੋਂ ਬੈਠਾ ਲੁਕ, ਬਿਨ ਗੁਰਮੁਖ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਤੇਰੀ ਜੜ੍ਹ ਦੇਵੇ ਪੁੱਟ, ਲੋਕਮਾਤ ਫੇਰ ਨਾ ਕੋਇ ਲਗਾਇੰਦਾ । ਰਾਜ

ਰਾਜਾਨਾਂ ਸ਼ਾਹ ਸੁਲਤਾਨਾਂ ਭਾਗ ਗਏ ਨਿਖੁਟ, ਸੀਸ ਤਾਜ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਲੈ ਬਾਲ, ਸੋ ਪੁਰਖ ਨਿਰੰਜਣ ਆਪ ਜਣਾਇਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਇਆ । ਤੇਰੀ ਅੰਤਮ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਪਾਇਆ । ਗੁਰਸਿਖ ਸੱਜਣ ਲਏ ਉਠਾਲ, ਆਪ ਆਪਣਾ ਮੇਲ ਮਿਲਾਇਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਨ ਜੁਗਤ ਦਏ ਸਮਝਾਇਆ । ਭਾਗ ਲਗਾਏ ਪੰਜ ਤਤ ਕਾਇਆ ਮਾਟੀ ਖਾਲ, ਖਾਲਕ ਖ਼ਲਕ ਵੇਖ ਵਖਾਇਆ । ਇਕ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਆਪ ਪਰਗਟਾਇਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਆਤਮ ਪਰਮਾਤਮ ਵਿਛੜ ਕਦੇ ਨਾ ਜਾਇਆ । ਸਤਿਜੁਗ ਸਾਚੀ ਸਿਖਿਆ ਦਏ ਸਿਖਾਲ, ਅੱਖਰ ਵੱਖਰ ਆਪ ਪੜ੍ਹਾਇਆ । ਦੀਨਾ ਬੰਧਪ ਦੀਨ ਦਿਆਲ, ਗੋਪਾਲ ਸਵਾਮੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਇਆ । ਸਚ ਸੰਦੇਸਾ ਸੁਣ ਲੈ ਜਗ, ਜਗਜੀਵਨ ਦਾਤਾ ਆਪ ਜਣਾਈਆ । ਚਾਰ ਕੁੰਟ ਲੱਗੇ ਅੱਗ, ਅਗਨੀ ਤਤ ਤਤ ਤਪਾਈਆ । ਜਨ ਭਗਤਾਂ ਮੇਲਾ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਨਾਦ ਅਨਾਦੀ ਜਾਏ ਵੱਜ, ਧੁੰਨ ਆਤਮਕ ਰਾਗ ਸੁਣਾਈਆ । ਕਲਜੁਗ ਤੇਰੀ ਪਾਰ ਹੱਦ, ਕਿਨਾਰਾ ਕੋਇ ਨਜ਼ਰ ਨਾ ਆਈਆ । ਸੰਗੀ ਸਾਥੀ ਏਥੇ ਜਾਣੇ ਛੱਡ, ਰਾਏ ਧਰਮ ਦਏ ਸਜ਼ਾਈਆ । ਸਭ ਦੀ ਚੋਟੀ ਦੇਣੀ ਵੱਢ, ਨੇਤਰ ਨੈਣ ਨਾ ਕੋਇ ਉਠਾਈਆ । ਧਰਮ ਦੁਆਰਿਉਂ ਦੇਣੇ ਕੱਢ, ਦਰਗਹਿ ਸਾਚੀ ਨਾ ਕੋਇ ਬਹਾਈਆ । ਆਪਣਾ ਆਪਣਾ ਭਾਰ ਜਾਇਣ ਲੱਦ, ਗੁਰ ਅਵਤਾਰ ਨਾ ਕੋਇ ਸਹਾਈਆ । ਕੂੜੀ ਕਿਰਿਆ ਜਾਣ ਬੱਝ, ਜਗਤ ਜੰਜਾਲ ਨਾ ਕੋਇ ਤੁੜਾਈਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਈਆ । ਕਿਸੇ ਲੌਣ ਨਾ ਦੇਵੇ ਅਜ ਪਜ, ਸੀਸ ਸਕੇ ਨਾ ਕੋਇ ਛੁਪਾਈਆ । ਉਚੇ ਟਿੱਲੇ ਪਰਬਤ ਸਮੁੰਦ ਸਾਗਰ ਵੇਖੇ ਭੱਜ ਭੱਜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਫੇਰਾ ਪਾਈਆ । ਗੁਰਮੁਖ ਵਿਰਲੇ ਆਪਣੀ ਚਰਨੀ ਲਏ ਸੱਦ, ਪੂਰਬ ਲਹਿਣਾ ਦਏ ਚੁਕਾਈਆ । ਅੰਤਮ ਪਰਦਾ ਦੇਵੇ ਕੱਜ, ਨਾਮ ਦੁਸ਼ਾਲਾ ਉਪਰ ਪਾਈਆ । ਕਾਇਆ ਕਾਅਬਾ ਵਖਾਏ ਇਕ ਹੱਜ, ਮਹਿਬੂਬ ਹੁਜ਼ਰਾ ਇਕ ਸੁਹਾਈਆ । ਨੌਬਤ ਨਾਮ ਜਾਏ ਵੱਜ, ਸਚ ਮਹਿਰਾਬ ਹੋਏ ਸ਼ਨਵਾਈਆ । ਪੁਰਖ ਅਬਿਨਾਸ਼ੀ ਮਿਹਰਵਾਨ ਮਿਹਰਵਾਨ ਮਿਹਰਵਾਨ ਜਨ ਭਗਤਾਂ ਰੱਖੇ ਆਪੇ ਲੱਜ, ਆਪਣੀ ਲੱਜਿਆ ਭਗਤਾਂ ਹੱਥ ਫੜਾਈਆ । ਦੋ ਜਹਾਨ ਸ੍ਰੀ ਭਗਵਾਨ ਕੂੜੀ ਕਿਰਿਆ ਦੇਵੇ ਤਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੀ ਸਭ ਦੀ ਆਸ ਕਰਾਈਆ । ਪੂਰੀ ਆਸ ਕਰੇ ਭਗਵਾਨ, ਹਰਿ ਭਗਵਨ ਆਪ ਜਣਾਇੰਦਾ । ਕੂੜ ਕੁੜਿਆਰਾ ਮਿਟੇ ਨਿਸ਼ਾਨ, ਲੋਕਮਾਤ ਰਹਿਣ ਨਾ ਪਾਇੰਦਾ । ਸਤਿਜੁਗ ਸਤਿ ਸਤਿਵਾਦੀ ਦੇਵੇ ਦਾਨ, ਸਤਿ ਪੁਰਖ ਨਿਰੰਜਣ ਦਇਆ ਕਮਾਇੰਦਾ । ਸ੍ਰਿਸ਼ਟ ਸਬਾਈ ਇਕੋ ਨਜ਼ਰੀ ਆਏ ਕਾਹਨ, ਲੱਖ ਚੁਰਾਸੀ ਗੋਪੀ ਆਪ ਪਰਣਾਇੰਦਾ । ਲੱਖ ਚੁਰਾਸੀ ਸੀਤਾ ਸੁਰਤੀ ਦਿਸੇ ਇਕੋ ਸੱਚਾ ਰਾਮ, ਮਨ ਰਾਵਣ ਹੰਕਾਰੀ ਮਾਰ ਮੁਕਾਇੰਦਾ । ਈਸਾ ਮੂਸਾ ਮੁਹੰਮਦ ਘਰ ਇਕੋ ਦਏ ਪੈਗ਼ਾਮ, ਨੂਰ ਇਲਾਹੀ ਕਲਮਾ ਕਾਇਨਾਤ ਆਪ ਪੜ੍ਹਾਇੰਦਾ । ਦਾਮਨਗੀਰ ਪਕੜੇ ਦਾਮ, ਜ਼ਾਮਨੀ ਆਪਣੀ ਇਕ ਰਖਾਇੰਦਾ । ਨਾਨਕ ਗੋਬਿੰਦ ਕਰੇ ਪਰਨਾਮ, ਨਿਉਂ ਨਿਉਂ ਏਕਾ ਅਲੱਖ ਜਗਾਇੰਦਾ । ਪੁਰਖ ਅਕਾਲ ਵਡ ਮਿਹਰਵਾਨ, ਮਿਹਰਵਾਨ ਬੇਨਜ਼ੀਰ ਨਜ਼ਰ ਇਕ ਉਠਾਇੰਦਾ । ਸਤਿਜੁਗ ਸਾਚਾ ਦੇਵੇ ਬਿਆਨ,

ਗਿਆਨ ਗੋਝ ਆਪ ਜਣਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਪਰਮ ਪੁਰਖ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਅੰਤਮ ਕਲ, ਕੁਲਵੰਤਾ ਆਪ ਜਣਾਈਆ । ਜੋਤੀ ਸ਼ਬਦੀ ਗਿਆ ਰਲ, ਨਿਰਗੁਣ ਨਿਰਗੁਣ ਧਾਰ ਪਰਗਟਾਈਆ । ਸਰਗੁਣ ਭੁਲਾਏ ਕਰ ਕਰ ਵਲ ਛਲ, ਅਛਲ ਛਲ ਆਪਣੀ ਖੇਲ ਰਚਾਈਆ । ਸਚ ਸਿੰਘਾਸਣ ਬੈਠਾ ਮੱਲ, ਸੰਬਲ ਆਪਣਾ ਡੇਰਾ ਲਾਈਆ । ਨਾਮ ਸੰਦੇਸਾ ਦੇਵੇ ਘੜੀ ਘੜੀ ਪਲ ਪਲ, ਵਾਰ ਥਿਤ ਨਾ ਕੋਇ ਰਖਾਈਆ । ਵਸਣਹਾਰਾ ਮਹੱਲ ਅਟੱਲ, ਸਾਚਾ ਮੰਦਰ ਰਿਹਾ ਸੁਹਾਈਆ । ਪਾਵੇ ਸਾਰ ਜਲ ਥਲ, ਮਹੀਅਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਦਏ ਚੁਕਾਈਆ । ਤੇਰਾ ਲਹਿਣਾ ਚੁੱਕੇ ਅੰਤ, ਅੰਤਸ ਕਰਣ ਵੇਖ ਵਖਾਇੰਦਾ । ਹਰਿਜਨ ਮੇਲੇ ਸਾਚੇ ਸੰਤ, ਸੰਤ ਸਤਿਗੁਰ ਦਇਆ ਕਮਾਇੰਦਾ । ਭਗਤ ਪਿਆਰਾ ਇਕ ਭਗਵੰਤ, ਭਗਵਨ ਆਪਣੀ ਗੋਦ ਬਹਾਇੰਦਾ । ਗੁਰਮੁਖ ਵਡਿਆਈ ਜੀਵ ਜੰਤ, ਜੀਵਨ ਜੁਗਤ ਆਪ ਜਣਾਇੰਦਾ । ਗੁਰਸਿਖ ਦ੍ਰਿੜਾਏ ਮਣੀਆ ਮੰਤ, ਮੰਤਰ ਆਪਣਾ ਇਕ ਵਖਾਇੰਦਾ । ਕਲਜੁਗ ਅੰਤ ਬਣਾਏ ਬਣਤ, ਸਤਿਜੁਗ ਸਾਚਾ ਰਾਹ ਵਖਾਇੰਦਾ । ਗੜ੍ਹ ਤੁਟੇ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਿਖਾਇੰਦਾ । ਗੁਰਮੁਖ ਦੂਜੇ ਘਰ ਨਾ ਜਾਏ ਮੰਗਤ, ਪੁਰਖ ਅਬਿਨਾਸ਼ੀ ਖਾਲੀ ਝੋਲੀ ਸਰਬ ਭਰਾਇੰਦਾ । ਕੋਈ ਨਾ ਦਿਸੇ ਪਾਂਧਾ ਪੰਡਤ, ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਕੋਈ ਰਹਿਣ ਨਾ ਪਾਇੰਦਾ । ਚੌਥੇ ਜੁਗ ਤੇਰੀ ਆਰਜ਼ੂ ਹੋਏ ਖੰਡਤ, ਖੰਡਾ ਖੜਗ ਇਕ ਚਮਕਾਇੰਦਾ । ਮਾਣ ਰਖਾਏ ਹਰਿ ਜੂ ਹਰਿ ਹਰਿ ਸੰਗਤ, ਸਗਲਾ ਸੰਗ ਆਪ ਹੋ ਜਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗਤ, ਆਤਮ ਪਰਮਾਤਮ ਮੇਲ ਮਿਲਾਇੰਦਾ । ਨਾਤਾ ਤੋੜੇ ਸਾਕ ਸੱਜਣ ਸੈਣ ਬੰਧਪ, ਸਗਲਾ ਸੰਗ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖ ਚੁਕਾਇੰਦਾ । ਕਲਜੁਗ ਤੇਰਾ ਲੇਖਾ ਚੁੱਕੇ, ਚੂਕ ਕੋਇ ਰਹਿਣ ਨਾ ਪਾਈਆ । ਚੌਥੇ ਜੁਗ ਪੈਂਡਾ ਮੁੱਕੇ, ਪਾਂਧੀ ਕੋਇ ਨਜ਼ਰ ਨਾ ਆਈਆ । ਨੌਂ ਖੰਡ ਪ੍ਰਿਥਮੀ ਆਪੇ ਪੁੱਛੇ, ਲੱਖ ਚੁਰਾਸੀ ਡੇਰਾ ਢਾਹੀਆ । ਜੀਵ ਜੰਤ ਬਿਨ ਹਰਿ ਨਾਮੇ ਬੂਟੇ ਸੁੱਕੇ, ਹਰਿਆ ਸਿੰਚ ਨਾ ਕੋਇ ਕਰਾਈਆ । ਸਾਧ ਸੰਤ ਕੂੜੀ ਕਿਰਿਆ ਵਿਚ ਲੁਕੇ, ਸਭ ਦੇ ਪਰਦੇ ਦਏ ਖੁਲ੍ਹਾਈਆ । ਫੜ ਫੜ ਅੰਤਮ ਟੰਗੇ ਪੁੱਠੇ, ਨਾ ਸਕੇ ਕੋਇ ਬਚਾਈਆ । ਏਥੇ ਓਥੇ ਦੋ ਜਹਾਨ ਦੇਵੇ ਕੁੱਠੇ, ਕੁੱਠਾ ਖਾਧਾ ਬਚਿਆ ਕੋਇ ਰਹਿਣ ਨਾ ਪਾਈਆ । ਸਿੰਘ ਸ਼ੇਰ ਏਕਾ ਬੁੱਕੇ, ਦੋ ਜਹਾਨਾਂ ਭਬਕ ਲਗਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤੇ, ਚੇਤਨ ਏਕਾ ਧਾਰ ਚਲਾਈਆ । ਗੋਬਿੰਦ ਉਠਾਇਆ ਇਕ ਸੁੱਤੇ, ਪੂਤ ਸਪੂਤਾ ਨਾਲ ਮਿਲਾਈਆ । ਗੁਰਮੁਖ ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠੇ, ਰਾਤੀਂ ਸੁੱਤਿਆਂ ਲਏ ਜਗਾਈਆ । ਅੰਮ੍ਰਿਤ ਆਤਮ ਦੇਵੇ ਨਿਝਰ ਘੁੱਟੇ, ਕਵਲ ਨਾਭ ਆਪ ਉਲਟਾਈਆ । ਕਲਜੁਗ ਜੀਵ ਕਲਜੁਗ ਮਾਇਆ ਅੰਦਰ ਗੂੜ੍ਹੀ ਨੀਂਦ ਸੁੱਤੇ, ਸੁੱਤਿਆਂ ਰੈਣ ਵਿਹਾਈਆ । ਕਲਜੁਗ ਤੇਰਾ ਲੇਖਾ ਸਾਹਿਬ ਸਤਿਗੁਰ ਘਰ ਘਰ ਪੁੱਛੇ, ਦਰ ਦਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਸਾਚੇ ਜਾਣਾ ਜਾਗ, ਸਤਿਗੁਰ ਪੂਰਾ ਆਪ ਜਗਾਇੰਦਾ । ਕਿਰਪਾ ਕਰ ਧੋਵੇ ਦੁਰਮਤ ਮੈਲ ਦਾਗ਼, ਕਾਗ ਹੰਸ ਰੂਪ ਵਟਾਇੰਦਾ । ਨਿਰਮਲ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਗੁਆਇੰਦਾ । ਪਤਿਤ ਪਾਪੀ

ਕਰੇ ਪਾਕੀ ਪਾਕ, ਪਾਕ ਰਸੂਲ ਫੇਰਾ ਪਾਇੰਦਾ । ਲੇਖੇ ਲਾਏ ਕਾਇਆ ਮਾਟੀ ਖਾਕ, ਖਾਕੀ ਖਾਕ ਧੂੜ ਰਮਾਇੰਦਾ । ਜਗਤ ਕੁੜਾਵਾ ਦਿਸੇ ਸਾਕ, ਸਗਲਾ ਸੰਗ ਨਾ ਕੋਇ ਰਖਾਇੰਦਾ । ਬਿਨ ਸਤਿਗੁਰ ਪੂਰੇ ਕੋਇ ਨਾ ਨਿਭੇ ਸਾਥ, ਬੇੜਾ ਪਾਰ ਨਾ ਕੋਇ ਕਰਾਇੰਦਾ । ਵੇਲੇ ਅੰਤ ਨਾ ਪੁੱਛੇ ਵਾਤ, ਜਮ ਫਾਸ ਨਾ ਕੋਇ ਤੁੜਾਇੰਦਾ । ਕਲਜੁਗ ਕਰਨਹਾਰਾ ਸਭ ਦਾ ਘਾਤ, ਘਾਓ ਇਕੋ ਇਕ ਲਗਾਇੰਦਾ । ਅੰਤਮ ਕੋਈ ਨਾ ਰਹੇ ਜਮਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਦੱਸੇ ਏਕਾ ਪਾਠ, ਸੋਹੰ ਮੰਤਰ ਆਪ ਪੜ੍ਹਾਇੰਦਾ । ਸੋਹੰ ਮੰਤਰ ਪੂਜਾ ਪਾਠ, ਆਤਮ ਪਰਮਾਤਮ ਮੇਲ ਮਿਲਾਈਆ । ਬ੍ਰਹਮ ਪਾਰਬ੍ਰਹਮ ਬਣਾਏ ਸਾਕ, ਘਰ ਸੱਜਣ ਰੰਗ ਵਖਾਈਆ । ਈਸ਼ ਜੀਵ ਖੋਲ੍ਹੇ ਤਾਕ, ਜਗਦੀਸ ਵੱਜੇ ਵਧਾਈਆ । ਗ੍ਰਹਿ ਗ੍ਰਹਿ ਸੁਣਾਏ ਏਕਾ ਨਾਦ, ਧੁਨ ਅਨਾਦੀ ਨਾਦ ਅਲਾਈਆ । ਅੰਮ੍ਰਿਤ ਸਰੋਵਰ ਮਾਰੇ ਠਾਠ, ਨਿਝਰ ਝਿਰਨਾ ਲਏ ਝਿਰਾਈਆ । ਪੂਰਬ ਜਨਮ ਦਾ ਲੇਖਾ ਪੂਰਾ ਕਰੇ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਗੁਰਮੁਖ ਤੇਰੀ ਮੁੱਕੀ ਵਾਟ, ਜੋ ਚਲ ਆਇਆ ਸਰਨਾਈਆ । ਸਿਰ ਰੱਖੇ ਦੇ ਕਰ ਹਾਥ, ਏਥੇ ਓਥੇ ਹੋਏ ਸਹਾਈਆ । ਗੁਰਸਿਖ ਤੇਰਾ ਦਰਸ ਕਰਨ ਤ੍ਰਿਲੋਕੀ ਨਾਥ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜਿਨ੍ਹਾਂ ਵਸਿਆ ਸਤਿਗੁਰ ਪਾਸ, ਪਾਸਾ ਸਭ ਦਾ ਦਏ ਉਲਟਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਆਪਣੀ ਪੂਰੀ ਕਰਨ ਆਇਆ ਖਾਹਸ਼, ਖਾਹਸ਼ ਭਗਤਾਂ ਆਪਣੀ ਝੋਲੀ ਪਾਈਆ । ਗੁਰਸਿਖ ਤੇਰਾ ਲੇਖੇ ਲੱਗੇ ਸਵਾਸ ਸਵਾਸ, ਪਵਣ ਉਨੰਜਾ ਮੁਖ ਸ਼ਰਮਾਈਆ । ਚਰਨ ਚੁੰਮੇ ਪ੍ਰਿਥਮੀ ਆਕਾਸ਼, ਰਵ ਸਸ ਨਿਉਂ ਨਿਉਂ ਸੀਸ ਝੁਕਾਈਆ । ਜਿਸ ਦਵਾਰੇ ਨਰ ਨਿਰੰਕਾਰ ਬਣਿਆ ਦਾਸੀ ਦਾਸ, ਸੋ ਦਵਾਰੇ ਮਿਲੇ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੀਤ ਗੁਰ ਮਿੱਤਰ ਪਿਤਾ ਪੂਤ ਸਹਿਜ ਸੁਖਦਾਈਆ ।

### ✳ ੮ ਅੱਸੂ ੨੦੧੯ ਮਨਸਾ ਸਿੰਘ ਦੇ ਗ੍ਰਹਿ ਹਰਦੋ ਫਰਾਲਾ ਜ਼ਿਲਾ ਜਲੰਧਰ ✳

ਰਕਤ ਬੂੰਦ ਹੱਡ ਮਾਸ ਨਾੜੀ ਰੱਤ, ਤਤਵ ਤਤ ਖੋਜ ਖੋਜਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੇਵਣਹਾਰਾ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸੰਤ ਸੁਹੇਲੇ ਸਾਜਣ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕਰ ਵੱਖ, ਆਪਣਾ ਬੰਧਣ ਆਪੇ ਪਾਇੰਦਾ । ਦਰਸ ਦਿਖਾਏ ਹੋ ਪਰਤੱਖ, ਭਾਂਡਾ ਭਰਮ ਭਉ ਭੰਨਾਇੰਦਾ । ਨਿਰਗੁਣ ਸਰਗੁਣ ਗਾਏ ਜਸ, ਸੋਹਲਾ ਢੋਲਾ ਆਪ ਸੁਣਾਇੰਦਾ । ਆਤਮ ਪਰਮਾਤਮ ਕਰ ਕਰ ਵਸ, ਜਗਤ ਵਿਛੋੜਾ ਪੰਧ ਮੁਕਾਇੰਦਾ । ਹਿਰਦੇ ਅੰਦਰ ਆਪੇ ਵਸ, ਹਰਿ ਮੰਦਰ ਡੇਰਾ ਲਾਇੰਦਾ । ਕਰ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰ ਗੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਡ ਮਾਸ ਨਾੜੀ ਰੱਤ ਆਪਣੇ ਲੇਖੇ ਲਾਇੰਦਾ । ਹੱਡ ਮਾਸ ਵੇਖੇ ਨਾੜੀ, ਤਤਵ ਤਤ ਖੋਜ ਖੋਜਾਇੰਦਾ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜ਼ਾਹਿਰੀ, ਭੇਵ ਅਭੇਦ ਆਪ ਜਣਾਇੰਦਾ । ਮਹੱਲ ਅਟੱਲ ਪਾਵੇ ਸਾਰ ਉਚ ਮੁਨਾਰੀ, ਬੰਕ ਦਵਾਰਾ ਖੋਜ ਖੋਜਾਇੰਦਾ । ਈਸ਼ ਜੀਵ ਜਗਦੀਸ ਮੇਲ ਮਿਲਾਵਾ ਏਕੰਕਾਰੀ, ਅਕਲ ਕਲ ਆਪਣੀ ਖੇਲ

ਸਮਝਾਇੰਦਾ । ਰਾਤੀ ਰੁੱਤੀ ਥਿਤੀ ਨਾ ਕੋਇ ਵਾਰੀ, ਘੜੀ ਪੱਲ ਨਾ ਵੰਡ ਵੰਡਾਇੰਦਾ । ਕਰੇ ਖੇਲ ਅਗੰਮ ਅਪਾਰੀ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣੇ ਰੰਗ ਰੰਗਾਇੰਦਾ । ਗੁਰਮੁਖ ਗੁਰਸਿਖ ਹਰਿ ਸੱਜਣ ਸਾਚਾ ਪਾਰ ਉਤਾਰੀ, ਬੇੜਾ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਾਟੀ ਲੇਖੇ ਲਾਇੰਦਾ । ਤਨ ਮਾਟੀ ਵੇਖੇ ਖਾਕ, ਹਰਿ ਸਤਿਗੁਰ ਦਇਆ ਕਮਾਇੰਦਾ । ਗੁਰਮੁਖ ਕਹੇ ਉਤਮ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਰੂਪ ਨਾ ਕੋਇ ਵਖਾਇੰਦਾ । ਨੇੜ ਨਾ ਆਏ ਮਨਮਤ ਨਾਰ ਕਮਜ਼ਾਤ, ਸਤਿਗੁਰ ਪੂਰਾ ਦਰ ਦੁਰਕਾਇੰਦਾ । ਕਾਇਆ ਮੰਦਰ ਅੰਦਰ ਡੂੰਘਾ ਖਾਤ, ਪਰਦਾਨਸ਼ੀਂ ਪਰਦਾ ਆਪ ਚੁਕਾਇੰਦਾ । ਦਿਵਸ ਰੈਣ ਰੈਣ ਦਿਵਸ ਸਦਾ ਸੁਹੇਲਾ ਪੁੱਛੇ ਵਾਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਡ ਮਾਸ ਲੇਖਾ ਲੇਖੇ ਲਾਇੰਦਾ । ਹੱਡ ਮਾਸ ਨਾ ਉਬਲੇ ਰੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਮੇਲ ਮਿਲਾਵਾ ਕਮਲਾਪਤ, ਕਵਲ ਨੈਣ ਹੋਏ ਸਹਾਈਆ । ਮਾਰਗ ਏਕੰਕਾਰਾ ਦੱਸ, ਇਕ ਇਕੱਲਾ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਹੱਥੋ ਹੱਥ ਦਏ ਮੁਕਾਈਆ । ਨਾਮ ਜਣਾਏ ਮਹਿਮਾ ਅਕਥ, ਸੋਹੰ ਅੱਖਰ ਕਰੇ ਪੜ੍ਹਾਈਆ । ਸਰਬ ਕਲਾ ਆਪੇ ਸਮਰਥ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਆਪ ਲਗਾਈਆ । ਹਰਿਜਨ ਲੇਖਾ ਲੇਖੇ ਜਾਏ ਲਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਪੰਚਮ ਤਤ ਨਾ ਕੋਇ ਜਲਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਰਘੁਪਤ ਆਪਣਾ ਰੂਪ ਵਟਾਇੰਦਾ । ਜਗਤ ਕਿਨਾਰਾ ਪਾਰ ਹੱਦ, ਭਗਤ ਦਵਾਰਾ ਇਕ ਵਖਾਇੰਦਾ । ਗ੍ਰਿਹ ਮੰਦਰ ਅੰਦਰ ਆਤਮ ਪਰਮਾਤਮ ਆਪੇ ਸੱਦ, ਸਦਾ ਏਕਾ ਨਾਮ ਲਗਾਇੰਦਾ । ਰਾਗ ਅਨਾਦੀ ਵੱਜੇ ਅਨਹਦ, ਧੁੰਨ ਆਤਮਕ ਆਪ ਸੁਣਾਇੰਦਾ । ਕੂੜੀ ਕਿਰਿਆ ਵਿਚੋਂ ਕੱਢ, ਸਾਚੇ ਧੰਦੇ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪਣੇ ਹੱਥ ਰਖਾਇੰਦਾ । ਤਤਵ ਤਤ ਤਤ ਵਿਚਾਰ, ਬੇਪਰਵਾਹ ਖੇਲ ਕਰਾਇੰਦਾ । ਮਨ ਮਤ ਬੁਧ ਦੇ ਅਧਾਰ, ਨਵ ਦਰ ਖੋਜ ਖੋਜਾਇੰਦਾ । ਦਹਿ ਦਿਸ਼ਾ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਜਗਤ ਜੀਵ ਈਸ਼ ਆਪਣੇ ਦਰ ਬਹਾਇੰਦਾ । ਕਲਜੁਗ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਜਿਸ ਦਵਾਰੇ ਸਤਿਗੁਰ ਪੂਰਾ ਫੇਰਾ ਜਾਏ ਪਾ, ਤਿਸ ਗ੍ਰਿਹ ਨੇੜ ਨਾ ਆਈਆ । ਬਿਰਧ ਬਾਲ ਅੰਞਾਣੇ ਲਏ ਤਰਾ, ਡੁੱਬਦੇ ਪਾਥਰ ਪਾਰ ਕਰਾਈਆ । ਚਰਨ ਸਰਨ ਸਰਨ ਚਰਨ ਜਿਸ ਜਨ ਸੀਸ ਲਿਆ ਝੁਕਾ, ਝੁਕ ਝੁਕ ਵੇਖੇ ਸਰਬ ਲੋਕਾਈਆ । ਗੁਰਸਿਖ ਗੁਰਮੁਖ ਗੁਰ ਗੁਰ ਰੂਪ ਗਿਆ ਸਮਾ, ਆਪ ਆਪਾ ਰਿਹਾ ਨਾ ਰਾਈਆ । ਜਿਸ ਜਨ ਸੋਹੰ ਢੋਲਾ ਲਿਆ ਗਾ, ਤਿਸ ਜਮ ਪੋਹ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਲ ਫਾਸ ਕਲਕਾਤੀ ਰਿਹਾ ਮਿਟਾਈਆ ।


੬੫੦ ੧੨

## ✳ ੮ ਅੱਸੂ ੨੦੧੯ ਬਿਕ੍ਰਮੀ ਸਾਧੂ ਸਿੰਘ, ਪ੍ਰੀਤਮ ਸਿੰਘ ਦੇ ਗ੍ਰਿਹ ਫਗਵਾੜਾ ਜ਼ਿਲਾ ਜਲੰਧਰ ✳

ਸਚਖੰਡ ਨਿਵਾਸੀ ਸਚ ਦਰਬਾਰਾ, ਦਰਗਹਿ ਸਾਚੀ ਆਪ ਲਗਾਇੰਦਾ । ਭੂਪਤ ਭੂਪ ਬਣ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਇੰਦਾ । ਹੁਕਮੀ ਹੁਕਮ ਕਰੇ ਵਰਤਾਰਾ, ਨਾ ਕੋਇ ਮੇਟੇ ਮੇਟ ਮਿਟਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰਾ, ਬੇਖ਼ਬਰ ਆਪ ਜਗਾਇੰਦਾ । ਸ਼ਬਦ ਸੁਤ ਦਏ ਹੁਲਾਰਾ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲਾ ਕਲ ਖੇਲ ਕਰਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸੀਸ ਜਗਦੀਸ ਤਾਜ ਟਿਕਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਥਿਰ ਘਰ ਸਾਚੇ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਸਚ ਸੰਦੇਸਾ ਦੇਵੇ ਏਕਾ ਵਾਰ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਸੁਹਾਈਆ । ਸਚ ਦਰਬਾਰਾ ਸਚ ਮਹੱਲਾ, ਹਰਿ ਸਾਚਾ ਸਚ ਲਗਾਇੰਦਾ । ਸੋ ਪੁਰਖ ਨਿਰੰਜਣ ਇਕ ਇਕੱਲਾ, ਹਰਿ ਪੁਰਖ ਨਿਰੰਜਣ ਸੋਭਾ ਪਾਇੰਦਾ । ਏਕੰਕਾਰਾ ਸਚ ਸਿੰਘਾਸਣ ਏਕਾ ਮੱਲਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਆਦਿ ਨਿਰੰਜਣ ਦੀਪਕ ਜੋਤ ਏਕਾ ਬੱਲਾ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਅਬਿਨਾਸ਼ੀ ਕਰਤਾ ਫੜਾਵਣਹਾਰਾ ਪੱਲਾ, ਪੱਲੂ ਇਕੋ ਇਕ ਵਖਾਇੰਦਾ । ਪਾਰਬ੍ਰਹਮ ਜੋਤੀ ਧਾਰ ਆਪੇ ਰਲਾ, ਸ਼ਬਦੀ ਸ਼ਬਦ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਸਚਖੰਡ ਦਵਾਰੇ ਆਪ ਕਰਾਈਆ । ਸੁਤ ਦੁਲਾਰੇ ਦੇਵੇ ਮਾਣ, ਸ਼ਬਦੀ ਸ਼ਬਦ ਪੈਜ ਰਖਾਈਆ । ਵਸਤ ਅਮੋਲਕ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਥਿਰ ਘਰ ਬਣਾਏ ਸਾਚਾ ਕਾਹਨ, ਸਿਰ ਆਪਣਾ ਹੱਥ ਰਖਾਈਆ । ਸਚ ਵਖਾਏ ਇਕ ਨਿਸ਼ਾਨ, ਬਿਨ ਰੰਗ ਰੂਪ ਆਪ ਝੁਲਾਈਆ । ਵਸਣਹਾਰਾ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਪੁਰਖ ਪੁਰਖੋਤਮ ਹੋ ਪਰਧਾਨ, ਵਡ ਪਰਧਾਨਗੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਈਆ । ਸਚਖੰਡ ਸਚ ਸੰਦੇਸਾ, ਸਤਿ ਸਤਿਵਾਦੀ ਆਪ ਜਣਾਇੰਦਾ । ਆਪੇ ਲਿਖਣਹਾਰਾ ਲੇਖਾ, ਲੇਖਾ ਆਪਣੇ ਵਿਚ ਛੁਪਾਇੰਦਾ । ਆਪੇ ਧਾਰਨਹਾਰਾ ਭੇਖਾ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਸ੍ਰੀ ਭਗਵੰਤ, ਏਕੰਕਾਰਾ ਆਪ ਜਣਾਈਆ । ਲੇਖਾ ਜਾਣ ਆਦਿ ਅੰਤ, ਜੁਗ ਜੁਗ ਵੇਸ ਵਟਾਈਆ । ਨਾਉਂ ਨਿਰੰਕਾਰਾ ਮਣੀਆ ਮੰਤ, ਪਾਰਬ੍ਰਹਮ ਕਰੇ ਪੜ੍ਹਾਈਆ । ਆਪਣੀ ਮਹਿਮਾ ਜਾਣੇ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਖੇਲ ਰਚਾਈਆ । ਸਚਖੰਡ ਦਵਾਰਾ ਹਰਿ ਜੂ ਖੋਲ੍ਹ, ਸਾਚੇ ਤਖ਼ਤ ਸੋਭਾ ਪਾਇੰਦਾ । ਸ਼ਬਦ ਅਗੰਮੀ ਏਕਾ ਬੋਲ, ਜੈ ਜੈਕਾਰ ਆਪ ਸੁਣਾਇੰਦਾ । ਨਾਮ ਨਿਧਾਨਾ ਤੋਲੇ ਤੋਲ, ਤੋਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪਣੇ ਹੱਥ ਰਖਾਇੰਦਾ । ਸਾਚਾ ਹੁਕਮ ਰੱਖੇ ਹੱਥ, ਦੂਸਰ ਸੰਗ ਨਾ ਕੋਇ ਰਖਾਈਆ । ਦੋ ਜਹਾਨ ਚਲਾਏ ਰਥ, ਬਣ ਰਥਵਾਹੀ

ਸੇਵ ਕਮਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵੇ ਮੱਥ, ਭੇਵ ਅਭੇਵ ਨਾ ਜਾਣੇ ਕੋਈ ਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਮਾਰਗ ਦੱਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਰਸ, ਰਸ ਰਸੀਆ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਡੇਰਾ ਲਾਈਆ । ਦਰਗਹਿ ਸਾਚੀ ਸੋਹੇ ਧਾਮ, ਧਾਮ ਅਵੱਲੜਾ ਆਪ ਸੁਹਾਇੰਦਾ । ਨਿਰਗੁਣ ਨੂਰ ਏਕਾ ਰਾਮ, ਰਮਈਆ ਆਪਣਾ ਖੇਲ ਕਰਾਇੰਦਾ । ਸਾਹਿਬ ਸੁਲਤਾਨ ਸੱਚਾ ਸ਼ਾਮ, ਸ਼ਹਿਨਸ਼ਾਹ ਏਕਾ ਰੰਗ ਵਖਾਇੰਦਾ । ਆਦਿ ਜੁਗਾਦਿ ਦੇਵਣਹਾਰ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨਿਉਂ ਨਿਉਂ ਸਯਦਾ ਕਰੇ ਸਲਾਮ, ਸਲਾਮਾਲੈਕਮ ਆਪਣਾ ਹੁਕਮ ਵਰਤਾਇੰਦਾ । ਵਸਣਹਾਰਾ ਸਚ ਗਰਾਮ, ਖੇੜਾ ਇਕੋ ਇਕ ਸੁਹਾਇੰਦਾ । ਕਰ ਪਰਕਾਸ਼ ਕੋਟਨ ਭਾਨ, ਨੂਰੋ ਨੂਰ ਡਗਮਗਾਇੰਦਾ । ਜੁਗ ਚੌਕੜੀ ਵੇਖੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਅਵਤਾਰ ਬੰਧਨ ਪਾਇੰਦਾ । ਭਗਤ ਭਗਵੰਤ ਦੇਵੇ ਨਾਮ, ਨਾਮ ਅਮੋਲਕ ਝੋਲੀ ਪਾਇੰਦਾ । ਸੰਤ ਸਾਜਣ ਆਪ ਪਹਿਚਾਨ, ਦੂਈ ਦਵੈਤੀ ਆਪ ਲਾਹਿੰਦਾ । ਗੁਰਮੁਖ ਵੇਖੇ ਚਤੁਰ ਸੁਜਾਨ, ਲੱਖ ਚੁਰਾਸੀ ਖੋਜ ਖੋਜਾਇੰਦਾ । ਗੁਰਸਿਖ ਸਾਚੇ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਸ਼ਾਹੋ ਭੂਪ ਵਡ ਸੁਲਤਾਨ, ਸਾਚੇ ਤਖ਼ਤ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਬੈਠਾ ਚੜ੍ਹ, ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਦਵਾਰ ਸਚ ਮੁਨਾਰਾ, ਮਹਿਮਾ ਅਕੱਥ ਕਥੀ ਨਾ ਜਾਈਆ । ਏਕਾ ਵਸੇ ਏਕੰਕਾਰਾ, ਅਕਲ ਕਲਧਾਰੀ ਆਪਣਾ ਖੇਲ ਵਖਾਈਆ । ਰੂਪ ਰੰਗ ਤੇ ਵਸੇ ਬਾਹਰਾ ਰੇਖ ਭੇਖ ਨਾ ਕੋਇ ਵਡਿਆਈਆ । ਸ਼ਬਦ ਨਾਦ ਨਾ ਕੋਇ ਜੈਕਾਰਾ, ਧੁਨ ਰਾਗ ਨਾ ਕੋਇ ਸੁਣਾਈਆ । ਸਾਧ ਸੰਤ ਨਾ ਕੋਇ ਅਵਤਾਰਾ, ਗੁਰ ਪੀਰ ਨਾ ਕੋਇ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖਾ ਨਾ ਕੋਇ ਸਮਝਾਈਆ । ਸਾਚੇ ਤਖ਼ਤ ਬੈਠਾ ਆਪ ਕਰਤਾਰਾ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਜੁਗ ਚੌਕੜੀ ਕਰਦਾ ਰਿਹਾ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖੇ ਵਿਗਸੇ ਵੇਖਣਹਾਰਾ, ਆਪਣਾ ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਸੁਤ ਦੁਲਾਰੇ, ਹਰਿ ਸ਼ਬਦੀ ਸ਼ਬਦ ਸੁਣਾਇੰਦਾ । ਕਲਜੁਗ ਅੰਤਮ ਖੇਲ ਨਿਆਰੇ, ਕਰਤਾ ਪੁਰਖ ਆਪ ਕਮਾਇੰਦਾ । ਪਰਗਟ ਹੋ ਨਿਹਕਲੰਕ ਨਰ ਅਵਤਾਰੇ, ਨਿਰਗੁਣ ਡੰਕਾ ਨਾਮ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰੇ, ਸੋਇਆ ਕੋਇ ਰਹਿਣ ਨਾ ਪਾਇੰਦਾ । ਤੇਈ ਅਵਤਾਰ ਫੜ ਉਠਾਲੇ, ਆਲਸ ਨਿੰਦਰਾ ਸਭ ਦੀ ਲਾਹਿੰਦਾ । ਭਗਤ ਅਠਾਰਾਂ ਰੱਖੇ ਨਾਲੇ, ਦੱਸ ਅਠ ਜੋੜ ਜੁੜਾਇੰਦਾ । ਈਸਾ ਮੂਸਾ ਮੁਹੰਮਦ ਦੱਸੇ ਰਾਹ ਸੁਖਾਲੇ, ਕਲਮਾ ਨਬੀ ਇਕ ਜਣਾਇੰਦਾ । ਨਾਨਕ ਗੋਬਿੰਦ ਬੋਲ ਜੈਕਾਰੇ, ਜੈ ਜੈਕਾਰ ਇਕ ਸੁਣਾਇੰਦਾ । ਲੱਖ ਚੁਰਾਸੀ ਪਾਵੇ ਸਾਰੇ, ਲੁਕਿਆ ਕੋਇ ਨਜ਼ਰ ਨਾ ਆਇੰਦਾ । ਕੂੜੀ ਕਿਰਿਆ ਕਰੇ ਪਾਰ ਕਿਨਾਰੇ, ਸ਼ੌਹ ਦਰਿਆਏ ਆਪ ਰੁੜ੍ਹਾਇੰਦਾ । ਚਾਰ ਵਰਨ ਕਰੇ ਖੁਆਰੇ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਰਬ ਕੁਰਲਾਇੰਦਾ । ਬਰਨ ਅਠਾਰਾਂ ਹਾਹਾਕਾਰੇ, ਚੌਦਾਂ ਲੋਕ ਨੇਤਰ ਨੈਣਾਂ ਨੀਰ ਵਹਾਇੰਦਾ । ਚੌਦਾਂ ਤਬਕ ਧਾਈਂ ਮਾਰੇ, ਸਤਿ ਸੰਤੋਖ ਨਾ ਕੋਈ ਜਣਾਇੰਦਾ । ਪਰਗਟ ਹੋਇਆ ਪਰਵਰਦਿਗਾਰੇ,


੯੫੨ ੧੨

ਮੁਕਾਮੇ ਹੱਕ ਸੋਭਾ ਪਾਇੰਦਾ । ਲਾਸ਼ਰੀਕ ਖੇਲ ਨਿਆਰੇ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਕਲਮਾ ਕਾਇਨਾਤ ਸੁਣਾਏ ਸਚ ਜੈਕਾਰੇ, ਇਸਮ ਆਜ਼ਮ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਖੇਲ ਕਰਾਇੰਦਾ । ਸਚਖੰਡ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਸ਼ਬਦ ਅਗੰਮੀ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਈਆ । ਆਦਿ ਜੁਗਾਦੀ ਗੁਰ ਅਵਤਾਰਾ, ਗੁਰ ਗੁਰ ਬੰਧਨ ਪਾਈਆ । ਆਦਿ ਜੁਗਾਦੀ ਭਗਤ ਭੰਡਾਰਾ, ਸ੍ਰੀ ਭਗਵਾਨ ਆਪ ਵਰਤਾਈਆ । ਸਦਾ ਸੁਹੇਲਾ ਏਕੰਕਾਰਾ, ਸੰਤ ਸਾਜਣ ਲਏ ਮਿਲਾਈਆ । ਗੁਰਮੁਖਾਂ ਵਖਾਏ ਇਕ ਦਵਾਰਾ, ਦੂਜੀ ਓਟ ਨਾ ਕੋਇ ਰਖਾਈਆ । ਗੁਰਸਿਖਾਂ ਕਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਚਾਰ ਵਰਨਾਂ ਦੇਵੇ ਏਕਾ ਨਾਮ ਪਿਆਰਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਕੂੜੀ ਕਿਰਿਆ ਨਾਤਾ ਤੁੱਟੇ ਸਰਬ ਸੰਸਾਰਾ, ਸਾਚੀ ਸਾਖ਼ੀ ਇਕ ਸਮਝਾਈਆ । ਘਰ ਘਰ ਵੱਜੇ ਨਾਦ ਧੁੰਨ ਸੱਚੀ ਧੁਨਕਾਰਾ, ਅਨਹਦ ਰਾਗੀ ਰਾਗ ਅਲਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਜਾਮ ਪਿਆਈਆ । ਜੋਤ ਨਿਰੰਜਣ ਕਰ ਉਜਿਆਰਾ, ਗ੍ਰਿਹ ਗ੍ਰਿਹ ਕਰੇ ਰੁਸ਼ਨਾਈਆ । ਆਤਮ ਸੇਜਾ ਕਰ ਪਸਾਰਾ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਚਲਾਈਆ । ਸਚਖੰਡ ਨਿਵਾਸੀ ਬੇਪਰਵਾਹ, ਧੁਰਦਰਗਾਹੀ ਹੁਕਮ ਜਨਾਇੰਦਾ । ਨਵ ਨੌਂ ਚਲਾਏ ਏਕਾ ਰਾਹ, ਪੂਰਬ ਲਹਿਣਾ ਪੰਧ ਮੁਕਾਇੰਦਾ । ਵੇਖਣਹਾਰਾ ਥਲ ਅਸਗਾਹ, ਉਚੇ ਟਿੱਲੇ ਪਰਬਤ ਖੋਜ ਖੋਜਾਇੰਦਾ । ਲੱਖ ਚੁਰਾਸੀ ਜਪਾਵਣਹਾਰਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਹੰਸਾ ਮਾਣਕ ਮੋਤੀ ਚੋਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਇੰਦਾ । ਸਚ ਦਵਾਰਾ ਸੋਭਨੀਕ, ਹਰਿ ਸਤਿਗੁਰ ਆਪ ਸੁਹਾਈਆ । ਦੂਸਰ ਨਾ ਕੋਈ ਦਿਸੇ ਸ਼ਰੀਕ, ਲਾਸ਼ਰੀਕ ਇਕ ਖ਼ੁਦਾਈਆ । ਆਦਿ ਜੁਗਾਦਿ ਜਨ ਭਗਤਾਂ ਕਰੇ ਸਚ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਆਤਮ ਪਰਮਾਤਮ ਢੋਲਾ ਸੁਣਾਏ ਸਾਚਾ ਗੀਤ, ਰਸਨਾ ਜਿਹਵਾ ਸਿਫ਼ਤ ਸਲਾਹੀਆ । ਕਾਇਆ ਮੰਦਰ ਅੰਦਰ ਵਖਾਏ ਸਚ ਮਸੀਤ, ਕਾਇਆ ਕਾਅਬਾ ਦੋ ਦੋ ਆਬਾ ਮੇਲ ਮਿਲਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਦਏ ਵਡਿਆਈਆ । ਕਲਜੁਗ ਅੰਤਮ ਖੇਲ ਕਰੇ ਅਨਡੀਠ, ਨੇਤਰ ਨੈਣ ਨਜ਼ਰ ਕੋਇ ਨਾ ਪਾਈਆ । ਲੱਖ ਚੁਰਾਸੀ ਸੁੱਤਾ ਦੇ ਕਰ ਪੀਠ, ਜਨ ਭਗਤਾਂ ਪਰਦਾ ਰਿਹਾ ਉਠਾਈਆ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਲੋਕ ਚੌਦਾਂ ਤਬਕ ਦੇਣ ਦੁਹਾਈਆ । ਪ੍ਰਭ ਪਰਖਣਹਾਰਾ ਲੱਖ ਚੁਰਾਸੀ ਨੀਤ, ਘਰ ਘਰ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਖੇਲ ਕਰਾਈਆ । ਸਚਖੰਡ ਨਿਵਾਸੀ ਸਾਚਾ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਏ ਆਪਣੀ ਰੀਤਾ, ਰੀਤੀਵਾਨ ਦਇਆ ਕਮਾਇੰਦਾ । ਕੂੜੀ ਕਿਰਿਆ ਅੰਤਮ ਵੇਲਾ ਬੀਤਾ, ਲੋਕਮਾਤ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ਼ਬਦੀ ਸੁਤ, ਹਰਿ ਸਤਿਗੁਰ ਆਪ ਜਣਾਈਆ । ਸਤਿ ਸਤਿਵਾਦੀ ਮੌਲੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਬੇਪਰਵਾਹੀਆ । ਸਤਿਜੁਗ ਸਤਿ ਸਤਿਵਾਦੀ ਜਾਏ ਉਠ, ਕਿਰਪਾਨਿਧ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ

ਸਾਚਾ ਹੁਕਮ ਏਕਾ ਏਕ ਜਣਾਈਆ । ਸਾਚਾ ਹੁਕਮ ਵਰਤੇ ਜਗ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਪੰਚਮ ਤਤ ਨਾ ਕੋਇ ਜਲਾਇੰਦਾ । ਕਿਰਪਾ ਕਰੇ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਬਜਰ ਕਪਾਟੀ ਤੋੜ ਤੁੜਾਇੰਦਾ । ਘਰ ਵਿਚ ਘਰ ਕਰਾਏ ਹੱਜ਼, ਮੱਕਾ ਕਾਅਬਾ ਆਪ ਵਖਾਇੰਦਾ । ਸ਼ਬਦ ਅਗੰਮੀ ਵੱਜੇ ਨੱਦ, ਅਨਹਦ ਨਾਦੀ ਨਾਦ ਸੁਣਾਇੰਦਾ । ਭਾਂਡਾ ਭਰਮ ਭੌ ਜਾਏ ਭੱਜ, ਮਾਇਆ ਮਮਤਾ ਮੋਹ ਮਿਟਾਇੰਦਾ । ਹਿਰਦੇ ਅੰਦਰ ਹਰਿ ਜੂ ਵਸ, ਗੁਰਸਿਖ ਗੁਰਮੁਖ ਆਪ ਜਗਾਇੰਦਾ । ਬਿਰਹੋਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਹੱਸ ਹੱਸ, ਸੋਹੰ ਹੰਸਾ ਰੂਪ ਵਟਾਇੰਦਾ । ਭਗਤ ਭਗਵਾਨ ਇਕ ਦੂਜੇ ਦਾ ਗਾਵਣ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹਿੰਦਾ । ਕਲਜੁਗ ਅੰਤਮ ਕੂੜੀ ਕਿਰਿਆ ਜਾਏ ਢੱਠ, ਬਲਹੀਣ ਬਲ ਨਾ ਕੋਇ ਧਰਾਇੰਦਾ । ਗ਼ਰੀਬ ਨਿਮਾਣਿਆਂ ਰੱਖੇ ਹਰਿ ਜੂ ਪਤ, ਪਤਵੰਤਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਇੰਦਾ । ਹੁਕਮ ਵਰਤੇ ਹਰਿ ਜਗਦੀਸ, ਨਾ ਕੋਈ ਮੇਟੇ ਮੇਟ ਮਿਟਾਈਆ । ਲੱਖ ਚੁਰਾਸੀ ਪੀਸਣ ਜਾਏ ਪੀਸ, ਕਲਜੁਗ ਚੱਕੀ ਰਿਹਾ ਚਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਹੋਵਣ ਖੀਸ, ਦਰ ਦਰ ਫਿਰਨ ਰੋਵਣ ਮਾਰਨ ਧਾਹੀਂਆ । ਕੋਈ ਨਾ ਦਿਸੇ ਸਚ ਹਦੀਸ, ਅੰਜੀਲ ਕੁਰਾਨ ਨਾ ਕੋਇ ਪੜ੍ਹਾਈਆ । ਰਾਜ ਰਾਜਾਨ ਛਤਰ ਨਾ ਝੁੱਲੇ ਕਿਸੇ ਸੀਸ, ਖ਼ਾਕੀ ਖ਼ਾਕ ਸਰਬ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਈਆ । ਧੁਰ ਫ਼ਰਮਾਨਾ ਏਕਾ ਏਕ,

੯੫੪ ਆਦਿ ਪੁਰਖ ਜਣਾਇੰਦਾ । ਕਲਜੁਗ ਅੰਤਮ ਸਾਚੀ ਟੇਕ, ਸ੍ਰੀ ਭਗਵਾਨ ਇਕ ਰਖਾਇੰਦਾ । ਭਗਤ ਭਗਵੰਤ ਕਰੇ ਬੁਧ ਬਿਬੇਕ, ਵਿਵੇਕੀ ਆਪਣਾ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਸਾਂਤਕ ਸਤਿ ਸਤਿ ਵਖਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਕਰੇ ਸਾਚਾ ਹੇਤ, ੯੫੪

੧੨ ਈਸ਼ ਜੀਵ ਜੋੜ ਜੁੜਾਇੰਦਾ । ਭਾਗ ਲਗਾਏ ਕਾਇਆ ਖੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ੧੨

ਸਚਖੰਡ ਨਿਵਾਸੀ ਸਾਹਿਬ ਸੁਲਤਾਨ, ਏਕਾ ਹੱਥ ਰੱਖੇ ਵਡਿਆਈਆ । ਬੀਸ ਬੀਸਾ ਹੋ ਪਰਧਾਨ, ਹੁਕਮ ਏਕਾ ਏਕ ਜਣਾਈਆ । ਨੌਂ ਖੰਡ ਪ੍ਰਿਥਮੀ ਬਣੇ ਸਚ ਵਿਧਾਨ, ਸੋ ਪੁਰਖ ਨਿਰੰਜਣ ਆਪ ਬਣਾਈਆ । ਹੰ ਬ੍ਰਹਮ ਗੀਤ ਸਾਰੇ ਗਾਣ, ਸੋਹੰ ਢੋਲਾ ਇਕ ਸਮਝਾਈਆ । ਸਤਿ ਸਤਿਵਾਦੀ ਸਾਚੀ ਰੱਖੇ ਇਕੋ ਆਣ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਾਗੇ ਅੰਤਮ ਅੰਤ, ਹਰਿ ਕਰਤਾ ਆਪ ਜਗਾਇੰਦਾ । ਮੇਲ ਮਿਲਾਏ ਨਾਰ ਕੰਤ, ਕੰਤ ਕੰਤੂਹਲ ਸੇਜ ਸੁਹਾਇੰਦਾ । ਨਿਰਗੁਣ ਸਰਗੁਣ ਬਣਾਏ ਬਣਤ, ਗ੍ਰਿਹ ਮੰਦਰ ਖੋਜ ਖੋਜਾਇੰਦਾ । ਇਕ ਸੁਣਾਏ ਸਾਚਾ ਮੰਤ, ਮੰਤਰ ਏਕਾ ਨਾਮ ਦ੍ਰਿੜਾਇੰਦਾ । ਭੇਵ ਨਾ ਜਾਣੇ ਕੋਈ ਪੰਡਤ, ਮੁੱਲਾ ਸ਼ੇਖ਼ ਸਰਬ ਕੁਰਲਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਚਾਰ ਵਰਨ ਬਣਾਏ ਸਾਚੀ ਸੰਗਤ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਦੂਜੇ ਦਰ ਨਾ ਜਾਏ ਕੋਈ ਮੰਗਤ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਕਲਜੁਗ ਕੂੜੀ ਕਿਰਿਆ ਕਰੇ ਖੰਡਤ, ਖੰਡਾ ਸ਼ਬਦ ਹੱਥ ਉਠਾਇੰਦਾ । ਮਾਇਆ ਮਮਤਾ ਹੋਏ ਰੰਡਪ, ਜਗਤ ਰੰਡੇਪਾ ਇਕ ਵਖਾਇੰਦਾ । ਪਾਵੇ ਸਾਰ ਜੇਰਜ

ਅੰਡਜ, ਉਤਭੁਜ ਸੇਤਜ ਖੋਜ ਖੋਜਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਭੂਪ ਰਾਜ ਰਾਜਾਨ ਕਿਸੇ ਦਰ ਨਾ ਜਾਏ ਮੰਗਣ, ਆਪਣੀ ਕਰਨੀ ਆਪ ਕਮਾਇੰਦਾ । ਸਤਿਜੁਗ ਸਾਚੇ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਚਾੜ੍ਹੇ ਸਾਚੀ ਰੰਗਣ, ਰੰਗ ਰੰਗੀਲਾ ਛੈਲ ਛਬੀਲਾ ਏਕ ਰੰਗ ਵਖਾਇੰਦਾ । ਲੇਖਾ ਜਾਣੇ ਦੋ ਜਹਾਨ ਵਰਭੰਡਨ, ਬ੍ਰਹਿਮੰਡਨ ਖੋਜ ਖੋਜਾਇੰਦਾ । ਪਾਵੇ ਸਾਰ ਸੂਰਜ ਚੰਦਨ, ਮੰਡਲ ਮੰਡਪ ਗੋਪੀ ਕਾਹਨ ਏਕਾ ਰਾਸ ਵਖਾਇੰਦਾ । ਦੀਨ ਦਿਆਲ ਠਾਕਰ ਸਵਾਮੀ ਆਦਿ ਜੁਗਾਦਿ ਜੁਗ ਜੁਗ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਤੋੜੇ ਲੱਖ ਚੁਰਾਸੀ ਫੰਦਨ, ਰਾਏ ਧਰਮ ਨੇੜ ਨਾ ਆਇੰਦਾ । ਮਸਤਕ ਟਿੱਕਾ ਲਾਏ ਚੰਦਨ, ਨਿਮ ਕਸਤੂਰ ਵਾਂਗ ਮਹਿਕਾਇੰਦਾ । ਗੁਰਸਿਖ ਗੁਰਮੁਖ ਗੁਰ ਗੁਰ ਇਕ ਦੂਜੇ ਨੂੰ ਕਰਨ ਬੰਦਨ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਸਚ ਫ਼ਰਮਾਨ, ਦੇਵਣਹਾਰ ਸ੍ਰੀ ਭਗਵਾਨ, ਹਰਿ ਕਰਤਾ ਆਪ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਧਰਾਇੰਦਾ ।

### ✳ ੮ ਅੱਸੂ ੨੦੧੯ ਸੰਸਾਰ ਸਿੰਘ ਦੇ ਗ੍ਰਹਿ ਡਵਿਡਾ ਰਿਹਾਣਾ ✳



ਸਚਖੰਡ ਨਿਵਾਸੀ ਸਾਚਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਐਬ ਖੇਲ ਕਰਾਇੰਦਾ । ਏਕੰਕਾਰਾ ਸਿਫ਼ਤ ਸਾਲਾਹ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਇੰਦਾ । ਆਦਿ ਨਿਰੰਜਣ ਨੂਰ ਧਰਾ, ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਨਾਉਂ ਵਡਿਆਇੰਦਾ । ਅਬਿਨਾਸ਼ੀ ਕਰਤਾ ਵੇਸ ਵਟਾ, ਸਚਖੰਡ ਸਾਚੇ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾ, ਅਨਭਵ ਆਪਣੀ ਧਾਰ ਚਲਾਇੰਦਾ । ਲੇਖਾ ਜਾਣੇ ਦੋ ਜਹਾਂ, ਦੋਏ ਦੋਏ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇਹਾਰਾ, ਏਕਾ ਏਕ ਵਡੀ ਵਡਿਆਈਆ । ਜੁਗ ਚੌਕੜੀ ਪਾਵੇ ਸਾਰਾ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੱਖ ਚੁਰਾਸੀ ਵੇਖੇ ਚਾਈਂ ਚਾਈਂਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸਮਰਥ ਪੁਰਖ ਵਡੀ ਵਡਿਆਈਆ । ਬੋਧ ਅਗਾਧਾ ਬੋਲ ਜੈਕਾਰਾ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਇਕ ਇਕੱਲਾ ਆਪ ਕਰਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ, ਖਾਣੀ ਬਾਣੀ ਖੋਜ ਖੋਜਾਇੰਦਾ । ਬੋਧ ਅਗਾਧੀ ਅਨਾਦ ਅਨਾਦੀ ਬੋਲ ਜੈਕਾਰਾ, ਗ੍ਰਹਿ ਗ੍ਰਹਿ ਮੰਦਰ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚਾ ਨਾਉਂ ਹਰਿ ਕਰਤਾਰ, ਆਦਿ ਜੁਗਾਦਿ ਪਰਗਟਾਈਆ । ਸ਼ਬਦ ਸੁਤ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਤ੍ਰੈ ਤ੍ਰੈ ਮੇਲਾ ਵਿਚ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਕਰੇ ਕੁੜਮਾਈਆ । ਆਤਮ ਪਰਮਾਤਮ ਖੋਲ੍ਹ ਕਿਵਾੜ, ਦੂਈ ਦਵੈਤੀ ਪਰਦਾ ਦਏ ਉਠਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰ, ਮੇਲ ਮਿਲਾਏ ਸਹਿਜ ਸੁਭਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਹਿਜ ਸੁਖਦਾਈਆ । ਸਹਿਜ ਸੁਖਦਾਈ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਨਿਰਗੁਣ ਜੋਤ ਆਪੇ ਰੱਲਾ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦੀ ਸ਼ਬਦ ਫੜਾਏ ਪੱਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਕਰਤਾਰ, ਮਹਿਮਾ ਕਥ ਨਾ ਸਕੇ ਕੋਇ ਰਾਈਆ । ਨਵ ਨੌਂ ਵੇਖੇ ਵੇਖਣਹਾਰ, ਜੁਗ ਚੌਕੜੀ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰੇ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਨਾਲ ਮਿਲਾਈਆ । ਭਗਤ ਭਗਵੰਤ ਦਏ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਸਾਚੇ ਸੰਤਾਂ ਕਰ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਗੁਰਮੁਖ ਸੱਜਣ ਲਏ ਉਠਾਲ, ਗੁਰ ਗੁਰ ਬੂਝ ਬੁਝਾਈਆ । ਗੁਰਸਿਖਾਂ ਚਲੇ ਸਦਾ ਨਾਲ, ਏਥੇ ਓਥੇ ਸੰਗ ਰਖਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜਾ ਵੱਜੇ ਤਾਲ, ਸਾਚੀ ਚੋਟ ਨਾ ਕੋਇ ਲਗਾਈਆ । ਜੀਵ ਜੰਤ ਸਾਧ ਸੰਤ ਹੋਏ ਬੇਹਾਲ, ਬਿਹਬਲ ਰੋਵੇ ਸਰਬ ਲੋਕਾਈਆ । ਨਾਮ ਵਸਤ ਨਾ ਕੋਇ ਧਨ ਮਾਲ, ਖਾਲੀ ਝੋਲੀ ਨਾ ਕੋਇ ਭਰਾਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਾਚੀ ਦਿਸੇ ਨਾ ਕੋਈ ਧਰਮਸਾਲ, ਗੁਰਦਰ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਕੂਕ ਕੂਕ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਕਰੇ ਨਿਰੰਕਾਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਫੇਰੀ ਪਾਇੰਦਾ । ਠਾਂਡਾ ਸੀਤਾ ਖੇਲ ਕਰੇ ਨਿਆਰ, ਅੰਮ੍ਰਿਤ ਮੇਘ ਮੇਘ ਬਰਸਾਇੰਦਾ । ਪਤਿਤ ਪੁਨੀਤਾ ਵੇਖੇ ਵੇਖਣਹਾਰ, ਹਸਤ ਕੀਟਾ ਖੋਜ ਖੋਜਾਇੰਦਾ । ਨਾਉਂ ਜਣਾਏ ਅਨਡੀਠਾ ਵਿਚ ਸੰਸਾਰ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਾਰ ਕਰੇ ਭਗਵਾਨ, ਦੂਜਾ ਸੰਗ ਨਾ ਕੋਇ ਰਖਾਈਆ । ਜੁਗ ਚੌਕੜੀ ਵੇਖੇ ਆਣ, ਵੇਸ ਅਵੱਲਾ ਰੂਪ ਧਰਾਈਆ । ਭਗਤ ਭਗਵੰਤ ਦੇ ਗਿਆਨ, ਗੋਝ ਗਿਆਨ ਦਏ ਸਮਝਾਈਆ । ਸੰਤ ਸੱਜਣ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਬਣਾਏ ਚਤੁਰ ਸੁਜਾਨ, ਸੁਘੜ ਆਪਣਾ ਪਰਦਾ ਲਾਹੀਆ । ਗੁਰਸਿਖਾਂ ਦੇਵੇ ਇਕੋ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਅੰਡਜ ਜੇਰਜ ਉਤਭੁਜ ਸੇਤਜ ਵੇਖੇ ਆਣ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲੇਖਾ ਜਾਣੇ ਥਾਉਂ ਥਾਈਆ । ਪਰਾ ਪਸੰਤੀ ਮਧਮ ਬੈਖਰੀ ਗਾਏ ਗਾਣ, ਗੀਤ ਗੋਬਿੰਦ ਗੋਬਿੰਦ ਅਲਾਈਆ । ਭੇਵ ਖੁਲ੍ਹਾਏ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਖੁਲ੍ਹਾਈਆ । ਜੁਗ ਜੁਗ ਖੋਲ੍ਹੇ ਆਪਣਾ ਭੇਵ, ਅਨੁਭਵ ਆਪਣੀ ਧਾਰ ਜਣਾਇੰਦਾ । ਲੇਖਾ ਜਾਣੇ ਕਰੋੜ ਤੇਤੀਸਾ ਦੇਵੀ ਦੇਵ, ਸੁਰਪਤ ਆਪਣਾ ਬੰਧਨ ਪਾਇੰਦਾ । ਆਦਿ ਜੁਗਾਦੀ ਅਲਖ ਅਭੇਵ, ਅਗੋਚਰ ਆਪਣੀ ਖੇਲ ਕਰਾਇੰਦਾ । ਹੰ ਬ੍ਰਹਮ ਆਤਮ ਪਰਮਾਤਮ ਦੇਵੇ ਮੇਵ, ਸੋ

ਪੁਰਖ ਨਿਰੰਜਣ ਵਸਤ ਅਮੋਲਕ ਝੋਲੀ ਪਾਇੰਦਾ । ਨਾਮ ਜਪਾਏ ਬਿਨ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਰਾਹ ਚਲਾਏ ਮੀਤ, ਮਿੱਤਰ ਪਿਆਰੇ ਵਡ ਵਡਿਆਈਆ । ਸਤਿਜੁਗ ਚਲਾਈ ਆਪਣੀ ਰੀਤ, ਕਲਜੁਗ ਕਰੀ ਕੂੜ ਕੁੜਮਾਈਆ । ਸਦੀ ਚੌਧਵੀਂ ਗਏ ਬੀਤ, ਚੌਦਾਂ ਤਬਕ ਦੇਣ ਦੁਹਾਈਆ । ਨੇਤਰ ਰੋਵਣ ਮੁੱਲਾ ਸ਼ੇਖ਼ ਮਸਾਇਕ ਮਸੀਤ, ਮੁਸੱਲਾ ਹੱਕ ਨਾ ਕੋਇ ਵਿਛਾਈਆ । ਪਰਵਰਦਿਗਾਰ ਨਾ ਕੋਇ ਪ੍ਰੀਤ, ਹੱਕ ਜ਼ਨਾਬ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਚਲਾਈਆ । ਜੁਗ ਜੁਗ ਚਲਾਏ ਆਪਣਾ ਨਾਉਂ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਕਲਜੁਗ ਅੰਤਮ ਕਰੇ ਸਚ ਨਿਆਉਂ, ਸਾਚੇ ਤਖ਼ਤ ਆਸਣ ਲਾਇੰਦਾ । ਭਗਤ ਭਗਵੰਤ ਉਠਾਏ ਫੜ ਫੜ ਬਾਂਹੋਂ, ਨੇਤਰ ਲੋਚਣ ਨੈਣ ਇਕ ਖੁਲ੍ਹਾਇੰਦਾ । ਜੀਵ ਜੰਤ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਆਪੇ ਪਿਤਾ ਆਪੇ ਮਾਉਂ, ਪਿਤਾ ਪੂਤ ਖੇਲ ਖਿਲਾਇੰਦਾ । ਵੇਖਣਹਾਰਾ ਕਾਇਆ ਖੇੜਾ ਨਗਰ ਗਰਾਉਂ, ਸਾਢੇ ਤਿੰਨ ਹੱਥ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਖੁਲ੍ਹਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਹਰਿ ਕਰਤਾ ਆਪ ਕਰਾਈਆ । ਕਲਜੁਗ ਅੰਤਮ ਕਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਕੂੜੀ ਕਿਰਿਆ ਦਏ ਨਿਵਾਰ, ਜੂਠ ਝੂਠ ਦਏ ਮਿਟਾਈਆ । ਸਚ ਸੁੱਚ ਸਤਿ ਵਿਹਾਰ, ਸਤਿ ਸਤਿਵਾਦੀ ਆਪ ਜਣਾਈਆ । ਆਤਮ ਪਰਮਾਤਮ ਇਕ ਪਿਆਰ, ਪਰਮ ਪੁਰਖ ਦਏ ਸਮਝਾਈਆ । ਸੋਹੰ ਢੋਲਾ ਵਿਚ ਸੰਸਾਰ, ਨੌਂ ਖੰਡ ਪ੍ਰਿਥਮੀ ਦਏ ਸਮਝਾਈਆ । ਅੰਤਮ ਬੋਲਾ ਏਕੰਕਾਰ, ਏਕਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪੇ ਲਾਈਆ । ਜੁਗ ਚੌਕੜੀ ਲਾਏ ਧੰਦੇ, ਸਾਚੀ ਕਰਨੀ ਆਪ ਕਰਾਇੰਦਾ । ਲੱਖ ਚੁਰਾਸੀ ਵੇਖਣਹਾਰਾ ਜੀਵ ਜੰਤ ਖੋਟੇ ਬੰਦੇ, ਗ੍ਰਿਹ ਗ੍ਰਿਹ ਮੰਦਰ ਵੇਖ ਵਖਾਇੰਦਾ । ਗੁਰਮੁਖ ਗੁਰਸਿਖ ਦੀਨ ਦਿਆਲ ਠਾਕਰ ਸਵਾਮੀ ਸਦਾ ਬਖ਼ਸ਼ੰਦੇ, ਬਖ਼ਸ਼ਿਸ਼ ਆਪਣੀ ਆਪ ਕਰਾਇੰਦਾ । ਆਤਮ ਪਰਮਾਤਮ ਦੇਵੇ ਇਕ ਅਨੰਦੇ, ਅਨੰਦ ਅਨੰਦ ਵਿਚ ਰਖਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦੇ, ਜੋਤੀ ਜੋਤ ਡਗਮਗਾਇੰਦਾ । ਲੇਖਾ ਜਾਣੇ ਨਵ ਨਵ ਖੰਡੇ, ਨੌਂ ਨੌਂ ਆਪਣਾ ਰਾਹ ਵਖਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਕਲਜੁਗ ਜੀਵ ਅੰਧੇ, ਅਗਿਆਨ ਅੰਧੇਰ ਨਾ ਕੋਇ ਚੁਕਾਇੰਦਾ । ਬਜਰ ਕਪਾਟੀ ਨਾ ਕੋਈ ਤੋੜੇ ਜੰਦੇ, ਦਸਮ ਦੁਆਰੀ ਕੁੰਡਾ ਕੋਇ ਨਾ ਲਾਹਿੰਦਾ । ਅੰਮ੍ਰਿਤ ਜਾਮ ਨਾ ਪਿਆਏ ਕੋਈ ਠੰਡੇ, ਨਿਝਰ ਝਿਰਨਾ ਨਾ ਕੋਈ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਅੰਤਮ ਕਲ, ਹਰਿ ਕਰਤਾ ਆਪ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਆਇਆ ਵਲ ਛਲ, ਅਛਲ ਛਲਧਾਰੀ ਵੇਸ ਵਟਾਈਆ । ਜੋਧਾ ਸੂਰਬੀਰ ਵਸਣਹਾਰਾ ਮਹੱਲ ਅਟੱਲ, ਉਚ ਮੁਨਾਰ ਡੇਰਾ ਲਾਈਆ । ਸਚ ਸੰਦੇਸ ਨਰ ਨਰੇਸ਼ ਏਕੰਕਾਰ ਆਪਣਾ ਘੱਲ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਚੁਕਾਏ ਨਰਾਇਣ, ਨਰ ਹਰਿ ਆਪਣੀ ਦਇਆ ਕਮਾਇੰਦਾ । ਹਰਿ ਕੀ ਮਹਿਮਾ ਕੋਇ ਨਾ ਸਕੇ ਕਹਿਣ, ਰਸਨਾ ਕਹਿ ਕਹਿ ਪੰਧ ਨਾ ਕੋਇ ਮੁਕਾਇੰਦਾ । ਲੱਖ ਚੁਰਾਸੀ ਅੰਤਮ ਖਾਏ ਲਾੜੀ ਮੌਤ ਡੈਣ, ਅੱਗੇ

੯੫੭
੧੨

ਹੋ ਨਾ ਕੋਇ ਬਚਾਇੰਦਾ । ਨਾਤਾ ਤੁਟੇ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਸੰਗ ਨਾ ਕੋਇ ਰਖਾਇੰਦਾ । ਜਨ ਭਗਤਾਂ ਸ੍ਰੀ ਭਗਵਾਨ ਆਪੇ ਆਏ ਲੈਣ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਮੇਲ ਮਿਲਾਇੰਦਾ । ਦਰਸ ਦੇਵੇ ਏਕਾ ਨੈਣ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਜਾਏ ਲਗ, ਸਤਿਗੁਰ ਪੂਰਾ ਆਪ ਲਗਾਈਆ । ਤ੍ਰੈਗੁਣ ਅਗਨੀ ਬੁੱਝੇ ਜਗ, ਪੰਜ ਤਤ ਨਾ ਕੋਇ ਲੜਾਈਆ । ਮਨ ਵਾਸ਼ਨਾ ਨਾ ਰਹੇ ਕਗ, ਕੂੜੀ ਕਿਰਿਆ ਨਾ ਕੋਇ ਵਖਾਈਆ । ਨੌਂ ਦਵਾਰੇ ਪਾਰ ਹੱਦ, ਸਾਚਾ ਮੰਦਰ ਇਕ ਸੁਹਾਈਆ । ਵਿਸ਼ਨੂੰ ਵਿਸ਼ਵ ਬਣਾਏ ਸਾਚੀ ਯੱਦ, ਜ਼ਾਤ ਪਾਤ ਵਰਨ ਗੋਤ ਰਹਿਣ ਨਾ ਪਾਈਆ । ਆਤਮ ਪਰਮਾਤਮ ਲੜਾਏ ਲੜ, ਬ੍ਰਹਮ ਪਾਰਬ੍ਰਹਮ ਵੇਖੇ ਚਾਈਂ ਚਾਈਆ । ਈਸ਼ ਜੀਵ ਪਾਏ ਗੰਢ, ਜਗਦੀਸ ਏਕਾ ਬੰਧਨ ਪਾਈਆ । ਗੀਤ ਸੁਹਾਗੀ ਗਾਏ ਛੰਦ, ਸੋ ਪੁਰਖ ਨਿਰੰਜਣ ਏਕਾ ਢੋਲਾ ਰਿਹਾ ਸੁਣਾਈਆ । ਹੰ ਬ੍ਰਹਮ ਇਕ ਅਨੰਦ, ਨਿਜਾਨੰਦ ਰਹੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਵਖਾਈਆ । ਜੁਗ ਜੁਗ ਰਾਹ ਵਖਾਏ ਏਕ, ਏਕੰਕਾਰਾ ਖੇਲ ਕਰਾਇੰਦਾ । ਕਲਜੁਗ ਅੰਤਮ ਮਿਟੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਸਤਿਜੁਗ ਸਾਚੇ ਦੇਵੇ ਟੇਕ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵੰਤ ਬੁਧ ਕਰੇ ਬਿਬੇਕ, ਵਿਵੇਕੀ ਆਪਣਾ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਇੰਦਾ । ਸ੍ਰਿਸ਼ਟ ਸਬਾਈ ਕਰੇ ਹੇਤ, ਮਿੱਤਰ ਪਿਆਰਾ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਆਪਣਾ ਭੇਤ, ਅੰਤਰ ਆਤਮ ਬੂਝ ਬੁਝਾਇੰਦਾ । ਸੰਤ ਸੁਹੇਲੇ ਆਪੇ ਵੇਖ, ਪੇਖ ਪੇਖ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਡਿਆਇੰਦਾ । ਸਾਚਾ ਰਾਹ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਲਜੁਗ ਪਾਰ ਕਿਨਾਰਾ ਅੰਤਮ ਹੱਦ, ਹਦੂਦ ਅਵਰ ਨਾ ਕੋਇ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਦਰ ਦਰ ਸੱਦ, ਸਚ ਸੰਦੇਸਾ ਦਏ ਸੁਣਾਈਆ । ਕਲਜੁਗ ਅੰਤਮ ਜਾਏ ਲਦ, ਥਿਰ ਕੋਇ ਰਹਿਣ ਨਾ ਪਾਈਆ । ਖਾਲੀ ਦਿਸਣ ਕਾਇਆ ਹੱਡ, ਹਰਿ ਨਾਮ ਨਾ ਕੋਇ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਵਖਾਲ, ਬੇਪਰਵਾਹ ਖੇਲ ਕਰਾਇੰਦਾ । ਸਚ ਨਾ ਦਿਸੇ ਕੋਈ ਧਰਮਸਾਲ, ਧਰਮ ਦਵਾਰ ਨਾ ਕੋਇ ਸੁਹਾਇੰਦਾ । ਨਵ ਨੌਂ ਚਾਰ ਹੋਣ ਬੇਹਾਲ, ਬਿਹਬਲ ਰੂਪ ਸਰਬ ਵਖਾਇੰਦਾ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਇੰਦਾ । ਗੁਰਮੁਖ ਵਿਰਲਾ ਘਾਲੇ ਘਾਲ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਤਿਜੁਗ ਸਾਚਾ ਉਠੇ ਲਾਲ, ਧਰਨੀ ਧਰਤ ਧਵਲ ਗੋਦ ਆਪ ਟਿਕਾਇੰਦਾ । ਪਤਿਪਰਮੇਸ਼ਵਰ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਸੋਹੰ ਸ਼ਬਦ ਕਰੇ ਦਲਾਲ, ਆਤਮ ਪਰਮਾਤਮ ਮੇਲਾ ਮੇਲ ਮਿਲਾਇੰਦਾ । ਨਾਤਾ ਤੁੱਟੇ ਸ਼ਾਹ ਕੰਗਾਲ, ਊਚ ਨੀਚ ਏਕਾ ਘਰ ਵਖਾਇੰਦਾ । ਨੌਂ ਖੰਡ ਪ੍ਰਿਥਮੀ ਇਕ ਧਰਮਸਾਲ, ਧਰਮ ਦਵਾਰਾ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਧਰਮ ਦਵਾਰਾ ਇਕੋ ਇਕ, ਏਕੰਕਾਰਾ ਦਏ ਜਣਾਈਆ । ਚਾਰ ਵਰਨ ਪਾਏ ਭਿਖ, ਬਰਨ ਅਠਾਰਾਂ ਸੰਗ ਮਿਲਾਈਆ । ਸਤਿਜੁਗ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ ।

ਸਰਬ ਜੀਆਂ ਦਾ ਇਕੋ ਪਿਤ, ਏਕੰਕਾਰਾ ਸੱਚਾ ਮਾਹੀਆ । ਕਰੇ ਖੇਲ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਕਰ ਕਰ ਹਿਤ, ਭਗਤ ਭਗਵੰਤ ਲਏ ਜਗਾਈਆ । ਨਾ ਕੋਈ ਵਾਰ ਨਾ ਕੋਈ ਥਿਰ, ਘੜੀ ਪਲ ਨਾ ਵੰਡ ਵਖਾਈਆ । ਅੰਮ੍ਰਿਤ ਆਤਮ ਦੇਵੇ ਸਿਤ, ਸਿੰਚ ਕਿਆਰੀ ਹਰੀ ਆਪ ਕਰਾਈਆ । ਆਪਣੇ ਮਿਲਣ ਦੀ ਆਪੇ ਬਿਧ, ਸਤਿਗੁਰ ਪੂਰਾ ਦਏ ਸਮਝਾਈਆ । ਮਾਣ ਗਵਾਏ ਨੌਂ ਨਿਧ ਅਠਾਰਾਂ ਸਿਧ, ਅਠ ਦਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦਏ ਲਗਾਈਆ । ਸਤਿਜੁਗ ਸਾਚਾ ਲੱਗੇ ਮਾਤ, ਮਾਤਰ ਭੂੰਮੀ ਆਪ ਵਡਿਆਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਚਲਾਇੰਦਾ । ਪਰਗਟ ਹੋਏ ਸਾਖਿਆਤ, ਨਿਰਗੁਣ ਨਿਰਗੁਣ ਜੋਤੀ ਜਾਤਾ ਡਗਮਗਾਇੰਦਾ । ਪੂਰਾ ਕਰੇ ਭਵਿਖਤ ਵਾਕ, ਵੇਦ ਵਿਆਸਾ ਲਿਖਿਆ ਲੇਖ ਲੇਖੇ ਲਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਦੇਵੇ ਦਾਤ, ਦਾਤਾ ਦਾਨੀ ਵੇਖ ਵਖਾਇੰਦਾ । ਈਸਾ ਦੇਵਣਹਾਰ ਨਿਜਾਤ, ਪਰਵਰਦਿਗਾਰ ਫੇਰਾ ਪਾਇੰਦਾ । ਮੁਹੰਮਦ ਸੁਣਾਏ ਬਾਤਨ ਬਾਤ, ਗੁਪਤ ਜ਼ਾਹਰ ਵੇਖ ਵਖਾਇੰਦਾ । ਨਾਨਕ ਗੋਬਿੰਦ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਕਾਸ਼, ਨਿਹਕਲੰਕਾ ਨਾਉਂ ਰਖਾਇੰਦਾ । ਗੁਰਮੁਖਾਂ ਲੇਖੇ ਲਾਏ ਪਵਣ ਸਵਾਸ, ਪਵਣ ਉਨੰਜਾ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਦੇਵੇ ਦਾਨ, ਸ੍ਰਿਸ਼ਟ ਸਬਾਈ ਇਕ ਗਿਆਨ, ਲੱਖ ਚੁਰਾਸੀ ਸਾਚਾ ਸੋਹਲਾ ਸੋਹੰ ਢੋਲਾ ਆਤਮ ਪਰਮਾਤਮ ਪਰਮਾਤਮ ਆਤਮ ਆਪ ਜਣਾਇੰਦਾ ।



### ❋ ੯ ਅੱਸੂ ੨੦੧੯ ਬਿਕ੍ਰਮੀ ਜੀਤ ਸਿੰਘ ਦੇ ਗ੍ਰਿਹਿ ਡਵਿਡਾ ਰਿਹਾਣਾ ❋

ਕਿਰਪਾ ਕਰੇ ਪੁਰਖ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਹਰਿਜਨ ਰੱਖੇ ਦੇ ਕਰ ਹੱਥ, ਸੀਸ ਜਗਦੀਸ ਆਪ ਟਿਕਾਈਆ । ਨਾਮ ਨਿਧਾਨ ਦੇਵੇ ਵੱਥ, ਵਸਤ ਅਮੋਲਕ ਝੋਲੀ ਪਾਈਆ । ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਸੀਰ ਝਿਰਾਈਆ । ਕਰੇ ਪਰਕਾਸ਼ ਕੋਟਨ ਰਵ ਸਸ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਮਾਣਸ ਜਨਮ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਸਮਰਥ ਹਰਿ ਦੀਨ ਦਿਆਲਾ, ਦੀਨਨ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਖੇਲ ਨਿਰਾਲਾ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਪਰਧਾਨਾ, ਲੋਕਮਾਤ ਵੇਖ ਵਖਾਇੰਦਾ । ਬੋਧ ਅਗਾਧੀ ਸ਼ਬਦ ਗਿਆਨਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਇੰਦਾ । ਜੀਵ ਜੰਤ ਲੱਖ ਚੁਰਾਸੀ ਸਾਧ ਸੰਤ ਦੇਵੇ ਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਮਰਥ ਪੁਰਖ ਪੁਰਖ ਬੇਅੰਤ, ਹਰਿ ਵੱਡਾ ਵਡ ਵਡਿਆਈਆ । ਜੁਗਾ ਜੁਗੰਤਰ ਮਹਿਮਾ ਅਗਣਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਨਿਰੰਕਾਰਾ ਦੇਵੇ

ਮੰਤ, ਏਕੰਕਾਰਾ ਕਰੇ ਪੜ੍ਹਾਈਆ । ਲੇਖਾ ਜਾਣੇ ਸਾਚੇ ਸੰਤ, ਹਰਿ ਸੱਜਣ ਲਏ ਉਠਾਈਆ । ਮੇਲ ਮਿਲਾਏ ਭਗਤ ਭਗਵੰਤ, ਭਗਵਨ ਆਪਣਾ ਰੰਗ ਰੰਗਾਈਆ । ਗੁਰਮੁਖਾਂ ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਗੁਰਸਿਖ ਮਾਣ ਦਵਾਏ ਜੀਵ ਜੰਤ, ਜੀਵਣ ਜੁਗਤ ਜਗਤ ਜਣਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਾਰ ਆਪ ਕਰਾਈਆ । ਸਮਰਥ ਪੁਰਖ ਹਰਿ ਨਿਰੰਕਾਰਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਪੀਰ ਪੈਗ਼ੰਬਰ ਦੇ ਅਧਾਰਾ, ਮੁੱਲਾਂ ਸ਼ੇਖ਼ ਮਸਾਇਕ ਆਪ ਪੜ੍ਹਾਇੰਦਾ । ਗੁਰ ਅਵਤਾਰ ਖੋਲ੍ਹ ਕਿਵਾੜਾ, ਚੌਦਾਂ ਵਿਦਿਆ ਰਾਹ ਚਲਾਇੰਦਾ । ਚੌਦਾਂ ਤਬਕ ਏਕਾ ਨਾਅਰਾ, ਚੌਦਾਂ ਲੋਕ ਨਾਦ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਸਚ ਅਖਾੜਾ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਬੋਧ ਅਗਾਧ ਨਾਮ ਨਿਧਾਨ ਬੋਲ ਜੈਕਾਰਾ, ਆਪਣਾ ਮੰਤਰ ਆਪ ਪੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰਾ, ਕਲਜੁਗ ਅੰਤਮ ਖੇਲ ਕਰਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੀ ਕਰਨੀ ਆਪ ਕਰਾਇੰਦਾ । ਸਮਰਥ ਪੁਰਖ ਹਰਿ ਬੇਅੰਤ, ਮਹਿਮਾ ਅਕਥ ਕਥੀ ਨਾ ਜਾਈਆ । ਸਤਿਜੁਗ ਸਚ ਜਣਾਏ ਮੰਤ, ਮੰਤਰ ਇਕੋ ਇਕ ਪੜ੍ਹਾਈਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਘਟ ਘਟ ਅੰਤਰ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਮਰਥ ਪੁਰਖ ਹਰਿ ਸ਼ਹਿਨਸ਼ਾਹ, ਸਚਖੰਡ ਦਵਾਰੇ ਆਸਣ ਲਾਇੰਦਾ । ਥਿਰ ਘਰ ਦਰਬਾਰਾ ਆਪ ਖੁਲ੍ਹਾ, ਸੁਤ ਦੁਲਾਰਾ ਸੋਭਾ ਪਾਇੰਦਾ । ਸੁੰਨ ਅਗੰਮ ਡੇਰਾ ਢਾਹ, ਧੁੰਆਂਧਾਰ ਮੇਟ ਮਿਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਪਰਗਟਾ, ਸੁਤ ਅਨਾਦੀ ਨਾਉਂ ਧਰਾਇੰਦਾ । ਤ੍ਰੈਗੁਣ ਮਾਇਆ ਝੋਲੀ ਪਾ, ਪੰਚਮ ਨਾਤਾ ਜੋੜ ਜੁੜਾਇੰਦਾ । ਆਤਮ ਪਰਮਾਤਮ ਖੇਲੇ ਖੇਲ ਸਹਿਜ ਸੁਭਾ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਪਾਰਬ੍ਰਹਮ ਪ੍ਰਭ ਵੇਸ ਵਟਾ, ਬ੍ਰਹਮ ਆਪਣੇ ਅੰਗ ਲਗਾਇੰਦਾ । ਕਰੇ ਖੇਲ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਰਖਾਇੰਦਾ । ਕਲਜੁਗ ਅੰਤਮ ਵੇਸ ਵਟਾ, ਵੇਸ ਅਵੱਲਾ ਆਪ ਧਰਾਇੰਦਾ । ਪੰਜ ਤਤ ਕਾਇਆ ਕੋਇ ਦਿਸੇ ਨਾ, ਤਤਵ ਤਤ ਨਾ ਕੋਇ ਨਚਾਇੰਦਾ । ਸ਼ਬਦ ਅਗੰਮੀ ਏਕਾ ਗਾ, ਸਾਚਾ ਨਾਅਰਾ ਆਪੇ ਲਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਕਰੋੜ ਤੇਤੀਸਾ ਸੁਰਪਤ ਇੰਦ ਦਏ ਪੜ੍ਹਾ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਬਾਰ ਲਏ ਮੰਗਾ, ਸਚ ਸੰਦੇਸਾ ਇਕ ਸੁਣਾਇੰਦਾ । ਚਾਰ ਜੁਗ ਦਾ ਲੇਖਾ ਮੰਗੇ ਥਾਉਂ ਥਾਂ, ਪੂਰਬ ਲਹਿਣਾ ਵੇਖ ਵਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਲਏ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਭੇਵ ਖੁਲ੍ਹਾਇੰਦਾ । ਸਮਰਥ ਪੁਰਖ ਭੇਵ ਅਵੱਲਾ, ਏਕੰਕਾਰਾ ਆਪ ਖੁਲ੍ਹਾਈਆ । ਵਸਣਹਾਰਾ ਸਚਖੰਡ ਸਚ ਮਹੱਲਾ, ਦਰਗਹਿ ਸਾਚੀ ਡੇਰਾ ਲਾਈਆ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਰਿਹਾ ਸਮਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿ ਸਤਿਵਾਦੀ ਫੜਾਏ ਏਕਾ ਪੱਲਾ, ਪੱਲੂ ਏਕਾ ਨਾਮ ਵਖਾਈਆ । ਜੋਤੀ ਸ਼ਬਦੀ ਨਿਰਗੁਣ ਧਾਰਾ ਆਪੇ ਰੱਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ ।

੯੬੦
੧੨

ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦਿ ਅਛਲ ਅਛਲਾ, ਵਲ ਛਲ ਧਾਰੀ ਖੇਲ ਰਚਾਈਆ । ਵਸਣਹਾਰਾ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਸਮੁੰਦ ਸਾਗਰ ਖੋਜ ਖੋਜਾਈਆ । ਸਤਿ ਸੰਦੇਸ ਨਰ ਨਰੇਸ਼ ਦੋ ਜਹਾਨ ਏਕਾ ਘੱਲਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਸਮਰਥ ਪੁਰਖ ਸ੍ਰੀ ਭਗਵਾਨ, ਇਕ ਇਕੱਲਾ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਨੌਜਵਾਨ, ਬਿਰਧ ਬਾਲ ਨਾ ਰੂਪ ਵਖਾਇੰਦਾ । ਹਰਿ ਪੁਰਖ ਨਿਰੰਜਣ ਮਿਹਰਵਾਨ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਅਬਿਨਾਸ਼ੀ ਕਰਤਾ ਵੇਖਣਹਾਰਾ ਮਾਰ ਧਿਆਨ, ਅਨੁਭਵ ਆਪਣੀ ਖੇਲ ਰਚਾਇੰਦਾ । ਪਾਰਬ੍ਰਹਮ ਭੂਪਤ ਭੂਪ ਰਾਜ ਰਾਜਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਹੁਕਮ ਹਾਕਮ ਆਪ ਜਣਾਇੰਦਾ । ਕਲਜੁਗ ਅੰਤਮ ਵੇਖੇ ਆਣ, ਨਿਹਕਲੰਕਾ ਨਾਉਂ ਰਖਾਇੰਦਾ । ਨਾਮ ਡੰਕਾ ਵਜਾਏ ਦੋ ਜਹਾਨ, ਲੋਆਂ ਪੁਰੀਆਂ ਆਪ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਹੋਏ ਹੈਰਾਨ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਨੈਣ ਸ਼ਰਮਾਣ, ਖਾਣੀ ਬਾਣੀ ਨੇਤਰ ਨੈਣਾਂ ਨੀਰ ਵਹਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਕਰੇ ਖੇਲ ਸ੍ਰੀ ਭਗਵਾਨ, ਆਪਣਾ ਬਲ ਆਪ ਰਖਾਇੰਦਾ । ਕੂੜੀ ਕਿਰਿਆ ਮੇਟੇ ਵਿਚ ਜਹਾਨ, ਮਾਇਆ ਮਮਤਾ ਹਉਮੇ ਹੰਗਤਾ ਮਿਟੇ ਨਿਸ਼ਾਨ, ਸਚ ਸੁੱਚ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਖੇਲ ਆਪ ਕਰਾਇੰਦਾ । ਸਮਰਥ ਪੁਰਖ

ਬੇਪਰਵਾਹ, ਬੇਅੰਤ ਵਡੀ ਵਡਿਆਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਜੂਠ ਝੂਠ ਰਹਿਣ ਨਾ ਪਾਈਆ । ਸਤਿਜੁਗ ਸਾਚਾ ਲੇਖਾ ਦਏ ਸਮਝਾ, ਸਤਿ ਸਤਿ ਸਤਿ ਦ੍ਰਿੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਲਏ ਮਿਲਾ, ਮਿਲ ਮਿਲ ਆਪਣਾ ਰੰਗ ਰੰਗਾਈਆ । ਸੋ

ਪੁਰਖ ਨਿਰੰਜਣ ਹੰ ਬ੍ਰਹਮ ਢੋਲਾ ਏਕਾ ਗਾ, ਕਾਇਆ ਚੋਲਾ ਦਏ ਬਦਲਾਈਆ । ਤੋਲਾ ਬਣਿਆ ਸ਼ਹਿਨਸ਼ਾਹ, ਨਾਮ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਅਪਾਰਾ, ਕਲਜੁਗ ਅੰਤ ਅੰਤ ਕਰਾਇੰਦਾ । ਪਰਗਟ ਹੋ ਵਿਚ ਸੰਸਾਰਾ, ਸੰਸਾਰ ਸਾਗਰ ਖੋਜ ਖੋਜਾਇੰਦਾ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਕਾਗਦ ਕਲਮ ਸ਼ਾਹੀ ਲਿਖ ਲਿਖ ਕਰੇ ਪੁਕਾਰਾ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਸਿਫ਼ਤ ਸਲਾਹੀ ਹਰਿ ਭੰਡਾਰਾ, ਸਿਫ਼ਤੀ ਸਿਫ਼ਤ ਸਿਫ਼ਤ ਵਿਚ ਕਦੇ ਨਾ ਆਇੰਦਾ । ਜੁਗਾ ਜੁਗੰਤਰ ਕਰੇ ਕਰਾਏ ਸਾਚੀ ਕਾਰਾ, ਜੁਗ ਚੌਕੜੀ ਆਪਣਾ ਬੰਧਨ ਪਾਇੰਦਾ । ਨਵ ਨੌਂ ਚਾਰ ਲੇਖਾ ਜਾਣੇ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਖੇਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਆਪਣਾ ਪਰਦਾ ਆਪ ਉਠਾਇੰਦਾ । ਸਮਰਥ ਪੁਰਖ ਆਪਣਾ ਪਰਦਾ ਚੁੱਕ, ਹਰਿ ਆਪਣਾ ਭੇਵ ਖੁਲ੍ਹਾਈਆ । ਨੌਂ ਸੌ ਚੁਰਾਨਵੇ ਚੌਕੜੀ ਜੋ ਬੈਠਾ ਰਿਹਾ ਲੁਕ, ਸਚਖੰਡ ਸਾਚੇ ਡੇਰਾ ਲਾਈਆ । ਮੁਕਾਮੇ ਹੱਕ ਪਰਵਰਦਿਗਾਰ ਨੂਰ ਇਲਾਹੀ ਕਰੇ ਖੇਲ ਅਦਭੁਤ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਗ੍ਰਿਹਿ ਮੰਦਰ ਅੰਦਰ ਮਹੱਲ ਅਟੱਲ ਉਚ ਮੁਨਾਰ ਸਚ ਮਹਿਰਾਬੇ ਆਪੇ ਉਠ, ਆਪ ਆਪਣਾ ਬਲ

ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਮਰਥ ਆਪਣੀ ਕਲ ਆਪ ਵਰਤਾਈਆ । ਵਰਤੇ ਕਲ ਅਕਲ ਕਲਧਾਰ, ਕਲਵੰਤਾ ਭੇਵ ਨਾ ਆਇੰਦਾ । ਕਲ ਕਲਕੀ ਲਏ ਅਵਤਾਰ, ਕਲਜੁਗ ਲੇਖਾ ਆਪ ਮੁਕਾਇੰਦਾ । ਸੰਬਲ ਵਸੇ ਧਾਮ ਨਿਆਰ, ਬੰਕ ਦਵਾਰਾ ਇਕ ਵਡਿਆਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਸੋਭਾ ਪਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਅਨਹਦ ਨਾਦ ਸ਼ਬਦ ਧੁੰਨਕਾਰ, ਧੁੰਨ ਆਤਮਕ ਰਾਗ ਸੁਣਾਇੰਦਾ । ਸਤਿਜੁਗ ਸਚ ਕਰੇ ਵਿਹਾਰ, ਸਤਿ ਸਤਿਵਾਦੀ ਖੇਲ ਕਰਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਆਤਮਾ ਪਰਮਾਤਮ ਮੇਲਾ ਮੇਲੇ ਆਣ, ਦੂਈ ਦਵੈਤੀ ਪਰਦਾ ਆਪ ਚੁਕਾਇੰਦਾ । ਸਾਚੀ ਸੇਜਾ ਕਰ ਪਰਵਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਆਪਣਾ ਰੰਗ ਰੰਗਾਇੰਦਾ । ਸਮਰਥ ਪੁਰਖ ਆਪਣਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਇਕ ਸੁਹਾਈਆ । ਗੁਰਮੁਖ ਗੁਰਸਿਖ ਅੱਠੇ ਪਹਿਰ ਵਜਾਏ ਮਰਦੰਗ, ਨਾਮ ਮਰਦੰਗਾ ਹੱਥ ਉਠਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭਓ ਭੰਨਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨਿਜ ਨੇਤਰ ਕਰ ਰੁਸ਼ਨਾਈਆ । ਜਨਮ ਜੁਗ ਦੀ ਟੁੱਟੀ ਗੰਢ, ਆਪਣਾ ਬੰਧਨ ਪਾਈਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਏਕਾ ਗਾਈਆ । ਲੇਖਾ ਜਾਣੇ ਜੀਉ ਪਿੰਡ, ਬ੍ਰਹਿਮੰਡ ਖੋਜ ਖੋਜਾਈਆ । ਠਾਕਰ ਸਵਾਮੀ ਗਹਿਰ ਗੰਭੀਰ ਗੁਣੀ ਗਹਿੰਦ, ਬੇਅੰਤ ਬੇਅੰਤ ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਜਗਾਈਆ । ਕਲਜੁਗ ਅੰਤਮ ਅੰਤਮ ਮੇਲਾ, ਹਰਿ ਅੰਤਸ਼ਕਰਣ ਵੇਖ ਵਖਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਖੇਲ ਕਰਾਇੰਦਾ । ਏਥੇ ਓਥੇ ਦੋ ਜਹਾਨ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਜੁਗਾ ਜੁਗੰਤਰ ਜਾਨਣਹਾਰਾ ਸਾਚਾ ਵੇਲਾ, ਵਾਰ ਥਿਤ ਵੰਡ ਨਾ ਕੋਇ ਵੰਡਾਇੰਦਾ । ਵਸਣਹਾਰਾ ਧਾਮ ਨਵੇਲਾ, ਸਚਖੰਡ ਆਪਣਾ ਆਸਣ ਲਾਇੰਦਾ । ਕੱਟਣਹਾਰਾ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਸਿਖ ਸਤਿਗੁਰ ਗੁਰ ਗੁਰ ਮੇਲਾ, ਕਰ ਕਿਰਪਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਵਖਾਏ ਏਕਾ ਘਰ, ਘਰ ਮੰਦਰ ਇਕ ਸੁਹਾਇੰਦਾ ।



### ✳ ੯ ਅੱਸੂ ੨੦੧੯ ਬਿਕ੍ਰਮੀ ਕੇਸਰ ਸਿੰਘ ਦੇ ਗ੍ਰਿਹ ਡੱਲੇਵਾਲ ਜ਼ਿਲਾ ਜਲੰਧਰ ✳

ਚੌਥੇ ਜੁਗ ਦਇਆ ਕਮਾ, ਚਾਰ ਵਰਨ ਖੋਜ ਖੋਜਾਇੰਦਾ । ਚੌਥੇ ਜੁਗ ਵੇਸ ਵਟਾ, ਚਾਰੋ ਕੁੰਟ ਫੋਲ ਫੋਲਾਇੰਦਾ । ਚੌਥੇ ਜੁਗ ਫੇਰਾ ਪਾ, ਨੌਂ ਖੰਡ ਪ੍ਰਿਥਮੀ ਚਰਨਾਂ ਹੇਠ ਦਬਾਇੰਦਾ । ਚੌਥੇ ਜੁਗ ਜੋਤ ਜਗਾ, ਜਗਤ ਅੰਧੇਰਾ ਅੰਧ ਮਿਟਾਇੰਦਾ । ਚੌਥੇ ਜੁਗ ਚੋਗ ਚੁਗਾ, ਗੁਰਮੁਖ ਗੁਰਸਿਖ ਵਸਤ ਅਮੋਲਕ ਝੋਲੀ ਪਾਇੰਦਾ । ਚੌਥੇ ਜੁਗ ਜੋਗ ਕਮਾ, ਜਾਗਰਤ ਜੋਤ ਇਕ ਜਗਾਇੰਦਾ । ਚੌਥੇ ਜੁਗ ਰੋਗ ਮਿਟਾ, ਜਨਮ ਮਰਨ ਫੰਦ ਕਟਾਇੰਦਾ । ਚੌਥੇ ਜੁਗ ਸੰਜੋਗ ਕਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਚੌਥੇ ਜੁਗ ਲੋਕ ਪਰਲੋਕ ਡੇਰਾ ਢਾਹ, ਬ੍ਰਹਿਮੰਡ ਖੰਡ ਭੇਵ ਚੁਕਾਇੰਦਾ । ਚੌਥੇ

ਜੁਗ ਸਚ ਸਲੋਕ ਇਕ ਸੁਣਾ, ਸਾਚਾ ਸੋਹਲਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਚੌਥੇ ਜੁਗ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਚੌਥੇ ਜੁਗ ਹੋ ਤਿਆਰਾ, ਤ੍ਰੈਗੁਣ ਆਪਣਾ ਵੇਸ ਵਟਾਇੰਦਾ । ਚੌਥੇ ਜੁਗ ਭਰ ਭੰਡਾਰਾ, ਜਨ ਭਗਤਾਂ ਆਪ ਵਰਤਾਇੰਦਾ । ਚੌਥੇ ਜੁਗ ਸਚ ਪਿਆਰਾ, ਪਰਮ ਪੁਰਖ ਪ੍ਰਭ ਆਪ ਕਮਾਇੰਦਾ । ਚੌਥੇ ਜੁਗ ਬਣ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਚੌਥੇ ਜੁਗ ਗੁਰਮੁਖ ਗੁਰਸਿਖ ਦਏ ਅਧਾਰਾ, ਮਿਹਰਵਾਨ ਆਪਣੀ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਚੌਥੇ ਜੁਗ ਲਾਏ ਭਾਗ, ਵਡਭਾਗੀ ਦਇਆ ਕਮਾਈਆ । ਚੌਥੇ ਜੁਗ ਦੀਪਕ ਜੋਤ ਜਗਾਏ ਚਿਰਾਗ਼, ਤੇਲ ਬਾਤੀ ਨਾ ਕੋਇ ਪਾਈਆ । ਚੌਥੇ ਜੁਗ ਜਨ ਭਗਤਾਂ ਬੁਝਾਏ ਤ੍ਰਿਸਨਾ ਆਗ, ਅਗਨੀ ਤਤ ਨਾ ਲਾਗੇ ਰਾਈਆ । ਚੌਥੇ ਜੁਗ ਹੰਸ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਚੌਥੇ ਜੁਗ ਮੇਲ ਮਿਲਾਏ ਕੰਤ ਸੁਹਾਗ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਚੌਥੇ ਜੁਗ ਦੁਰਮਤ ਮੈਲ ਧੋਵੇ ਦਾਗ਼, ਪਤਿਤ ਪਾਪੀ ਪਾਰ ਕਰਾਈਆ । ਚੌਥੇ ਜੁਗ ਲੱਖ ਚੁਰਾਸੀ ਵਿਚੋਂ ਕਾਢ, ਗੁਰਸਿਖ ਆਪਣੀ ਗੋਦ ਬਹਾਈਆ । ਚੌਥੇ ਜੁਗ ਗ਼ਰੀਬ ਨਿਮਾਣਿਆਂ ਕਰੇ ਲਾਡ, ਸ਼ਾਹ ਸੁਲਤਾਨਾਂ ਖਾਕ ਮਿਲਾਈਆ । ਚੌਥੇ ਜੁਗ ਸ਼ਬਦ ਅਗੰਮੀ ਮਾਰੇ ਵਾਜ, ਰਾਤੀਂ ਸੁੱਤਿਆਂ ਲਏ ਜਗਾਈਆ । ਚੌਥੇ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਚੌਥੇ ਜੁਗ ਕਿਰਪਾ ਧਾਰ, ਦੀਨਨ ਆਪਣੀ ਦਇਆ ਕਮਾਇੰਦਾ । ਚੌਥੇ ਜੁਗ ਪਾਵੇ ਸਾਰ, ਮਹਾਸਾਰਥੀ ਵੇਸ ਵਟਾਇੰਦਾ । ਚੌਥੇ ਜੁਗ ਕਰੇ ਖ਼ਬਰਦਾਰ, ਗੁਰਸਿਖ ਸੋਏ ਆਪ ਜਗਾਇੰਦਾ । ਚੌਥੇ ਜੁਗ ਚਰਨ ਕਵਲ ਕਵਲ ਚਰਨ ਦੇ ਪਿਆਰ, ਸਚ ਪ੍ਰੀਤੀ ਇਕ ਸਮਝਾਇੰਦਾ । ਚੌਥੇ ਜੁਗ ਵੇਖੇ ਵਿਗਸੇ ਵੇਖਣਹਾਰ, ਨੇਤਰ ਨੈਣ ਜਗਤ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਰੰਗ ਰੰਗਾਇੰਦਾ । ਚੌਥੇ ਜੁਗ ਰੰਗ ਰੰਗੀਲਾ, ਹਰਿ ਸਤਿਗੁਰ ਆਪ ਰੰਗਾਇੰਦਾ । ਚੌਥੇ ਜੁਗ ਛੈਲ ਛਬੀਲਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਚੌਥੇ ਜੁਗ ਲੇਖਾ ਜਾਣੇ ਕਾਲਾ ਪੀਲਾ, ਦੋਏ ਦੋਏ ਧਾਰ ਬੰਧਨ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਮਿਲਾਏ ਕਰ ਕਰ ਹੀਲਾ, ਜੁਗ ਚੌਕੜੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਚੌਥੇ ਜੁਗ ਲਹਿਣਾ ਦੇਣਾ, ਹਰਿ ਸਤਿਗੁਰ ਆਪ ਮੁਕਾਈਆ । ਚੌਥੇ ਜੁਗ ਭਾਣਾ ਸਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਚੌਥੇ ਜੁਗ ਮੰਨਣਾ ਕਹਿਣਾ, ਗੁਰ ਅਵਤਾਰ ਸੀਸ ਝੁਕਾਈਆ । ਚੌਥੇ ਜੁਗ ਏਕਾ ਧਾਮ ਬਹਿਣਾ, ਊਚ ਨੀਚ ਰਾਉ ਰੰਕ ਨਾ ਕੋਇ ਵਡਿਆਈਆ । ਚੌਥੇ ਜੁਗ ਕੂੜੀ ਕਿਰਿਆ ਪਾਰ ਵਹਿਣਾ, ਡੂੰਘੇ ਸਾਗਰ ਦਏ ਰੁੜ੍ਹਾਈਆ । ਚੌਥੇ ਜੁਗ ਹਰਿ ਕਾ ਨਾਮ ਸਭ ਨੇ ਇਕੋ ਲੈਣਾ, ਪੁਰਖ ਅਕਾਲ ਆਪ ਪੜ੍ਹਾਈਆ । ਚੌਥੇ ਜੁਗ ਜਨ ਭਗਤਾਂ ਦਰਸ ਕਰਾਏ ਨੇਤਰ ਨੈਣਾਂ, ਲੱਖ ਚੁਰਾਸੀ ਗੂੜ੍ਹੀ ਨੀਂਦ ਸੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੌਥੇ ਜੁਗ ਚਾੜ੍ਹੇ ਚੰਦ, ਚੰਦ ਚਾਂਦਨੀ ਆਪ ਚਮਕਾਇੰਦਾ । ਚੌਥੇ ਜੁਗ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਮਾਇੰਦਾ । ਚੌਥੇ ਜੁਗ ਟੁੱਟੀ ਗੰਢ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਚੌਥੇ ਜੁਗ ਗਾਏ ਛੰਦ, ਸੋਹੰ ਢੋਲਾ ਆਪ ਸੁਣਾਇੰਦਾ । ਚੌਥੇ ਜੁਗ ਦੇਵੇ ਅਨੰਦ, ਪਰਮਾਨੰਦ ਆਪ ਚਖਾਇੰਦਾ । ਚੌਥੇ ਜੁਗ


੯੬੩
੧੨

ਖ਼ੁਸ਼ੀ ਕਰੇ ਬੰਦ ਬੰਦ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਚੌਥੇ ਜੁਗ ਲਹਿਣਾ ਦੇਣਾ ਚੁੱਕੇ ਬੱਤੀ ਦੰਦ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰਸ ਵਖਾਇੰਦਾ । ਚੌਥੇ ਜੁਗ ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਚੌਥੇ ਜੁਗ ਲੇਖਾ ਜਾਣੇ ਜੀਵ ਜੰਤ ਲੱਖ ਚੁਰਾਸੀ ਵਰਭੰਡ, ਵਰਭੰਡੀ ਖੋਜ ਖੋਜਾਇੰਦਾ । ਚੌਥੇ ਜੁਗ ਪਾਵੇ ਸਾਰ ਜੇਰਜ ਅੰਡ, ਉਤਭੁਜ ਸੇਤਜ ਪਰਦਾ ਲਾਹਿੰਦਾ । ਚੌਥੇ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਇਕੋ ਵੰਡ, ਗ੍ਰਿਹ ਗ੍ਰਿਹ ਆਪਣੀ ਵਸਤ ਟਿਕਾਇੰਦਾ । ਚੌਥੇ ਜੁਗ ਨਾਮ ਅਗੰਮ, ਹਰਿ ਪੁਰਖ ਨਿਰੰਜਣ ਆਪ ਵਰਤਾਈਆ । ਚੌਥੇ ਜੁਗ ਲੇਖਾ ਜਾਣੇ ਦਮਾ ਦਮ, ਪਵਣ ਸਵਾਸਾਂ ਰਿਹਾ ਸਮਾਈਆ । ਚੌਥੇ ਜੁਗ ਕਰੇ ਕਰਾਏ ਆਪਣਾ ਕੰਮ, ਕਰਤਾ ਪੁਰਖ ਵਡ ਵਡਿਆਈਆ । ਚੌਥੇ ਜੁਗ ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਈਆ । ਚੌਥੇ ਜੁਗ ਗੁਰਮੁਖ ਚੜ੍ਹਾਏ ਸਾਚੇ ਚੰਨ, ਨੂਰੋ ਨੂਰ ਨੂਰ ਰੁਸ਼ਨਾਈਆ । ਚੌਥੇ ਜੁਗ ਭਗਤ ਭਗਵੰਤ ਕਹਿਣ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਚੌਥੇ ਜੁਗ ਮਾਇਆ ਮਮਤਾ ਦੇਵੇ ਡੰਨ, ਕੂੜੀ ਕਿਰਿਆ ਦਏ ਖਪਾਈਆ । ਚੌਥੇ ਜੁਗ ਗ਼ਰੀਬ ਨਿਮਾਣਿਆਂ ਬੇੜਾ ਬੰਨ੍ਹ, ਆਪਣੇ ਕੰਧ ਉਠਾਈਆ । ਚੌਥੇ ਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਸੁਹਾਈਆ । ਚੌਥੇ ਜੁਗ ਬੰਨ੍ਹੇ ਬੇੜਾ, ਖੇਵਟ ਖੇਟਾ ਫੇਰਾ ਪਾਇੰਦਾ । ਚੌਥੇ ਜੁਗ ਕਰੇ ਹੱਕ ਨਬੇੜਾ, ਹੱਕ ਹਕ਼ੀਕ਼ਤ ਖੋਜ ਖੋਜਾਇੰਦਾ । ਚੌਥੇ ਜੁਗ ਚੁਕਾਏ ਝੇੜਾ, ਪੰਜ ਤਤ ਨਾ ਕੋਇ ਲੜਾਇੰਦਾ । ਚੌਥੇ ਜੁਗ ਗੁਰਸਿਖ ਵਸਾਏ ਇਕੋ ਖੇੜਾ, ਜਿਸ ਗ੍ਰਿਹ ਆਪਣਾ ਆਸਣ ਲਾਇੰਦਾ । ਚੌਥੇ ਯੁਗ ਭਾਂਡਾ ਭਰਮ ਭੌ ਢਾਏ ਢੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਰਾਇੰਦਾ । ਚੌਥੇ ਯੁਗ ਖੇਲ ਅਪਾਰਾ, ਹਰਿ ਅਪਰੰਪਰ ਆਪ ਕਰਾਈਆ । ਚੌਥੇ ਯੁਗ ਦਏ ਸਹਾਰਾ, ਗੁਰਸਿਖ ਸਾਚੇ ਪਾਰ ਕਰਾਈਆ । ਚੌਥੇ ਯੁਗ ਵਿਸ਼ਨ ਬ੍ਰਹਮ ਸ਼ਿਵ ਨੇਤਰ ਰੋਵਣ ਜ਼ਾਰੋ ਜ਼ਾਰਾ, ਉਚੀ ਕੂਕ ਕੂਕ ਸੁਣਾਈਆ । ਚੌਥੇ ਯੁਗ ਰਾਹ ਤੱਕਣ ਪੀਰ ਪੈਗ਼ੰਬਰ ਪਰਵਰਦਿਗਾਰਾ, ਨੇਤਰ ਨੈਣ ਨੈਣ ਉਠਾਈਆ । ਚੌਥੇ ਯੁਗ ਸੀਸ ਝੁਕਾਵਣ ਗੁਰ ਅਵਤਾਰਾ, ਚਰਨ ਧੂੜੀ ਖ਼ਾਕ ਰਮਾਈਆ । ਚੌਥੇ ਯੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਚੌਥੇ ਯੁਗ ਖੇਲ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰ, ਜੋਤੀ ਜਾਤਾ ਵੇਸ ਵਟਾਇੰਦਾ । ਤਖ਼ਤ ਨਿਵਾਸੀ ਸ਼ਾਹਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਦੋ ਜਹਾਨਾਂ ਕਰ ਖ਼ਬਰਦਾਰ, ਆਲਸ ਨਿੰਦਰਾ ਸਰਬ ਗੁਵਾਇੰਦਾ । ਲੋਕਮਾਤ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਗੁਰਮੁਖ ਗੁਰਸਿਖ ਲਏ ਉਠਾਲ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਨਾਮ ਖ਼ਜ਼ਾਨਾ ਦੇਵੇ ਹੱਕ ਹਲਾਲ, ਹਕ਼ੀਕ਼ਤ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਆਪ ਜਣਾਇੰਦਾ । ਚੌਥੇ ਜੁਗ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਚੌਥੇ ਯੁਗ ਗੁਰਸਿਖਾਂ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਚੌਥੇ ਯੁਗ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਯੁਗ ਖੇਲ ਕਰਾਇੰਦਾ । ਚੌਥੇ ਯੁਗ ਖੇਲ ਅਵੱਲਾ, ਆਲਮੀਨ ਆਪ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਚੌਦਾਂ ਤਬਕ ਖੋਜ ਖੋਜਾਇੰਦਾ । ਬਿਸਮਲ

ਰੂਪ ਹੋ ਹੋ ਹਰ ਘਟ ਅੰਦਰ ਰੱਲਾ, ਨੂਰ ਨੂਰ ਵਿਚ ਟਿਕਾਇੰਦਾ । ਕਲਮਾ ਅਮਾਮ ਏਕਾ ਘੱਲਾ, ਕਾਇਨਾਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਜਗ, ਚੌਥੇ ਯੁਗ ਫੇਰਾ ਪਾਈਆ । ਚੌਥੇ ਯੁਗ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ੍ਰਿਸ਼ਟ ਸਬਾਈ ਰਹੀ ਮੱਚ, ਨਵ ਨੌਂ ਦਏ ਦੁਹਾਈਆ । ਕੂੜੀ ਕਿਰਿਆ ਘਰ ਘਰ ਅੰਦਰ ਗਈ ਰਚ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਨਜ਼ਰ ਨਾ ਆਏ ਕੋਇ ਸੱਚ, ਸਚ ਵਸਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਨਿਰਗੁਣ ਫੇਰਾ, ਸੋ ਪੁਰਖ ਨਿਰੰਜਣ ਆਪੇ ਪਾਇੰਦਾ । ਚੌਥੇ ਯੁਗ ਢਾਹੇ ਢੇਰਾ, ਨਵ ਨੌਂ ਖੇੜਾ ਨਜ਼ਰ ਕੋਇ ਨਾ ਆਇੰਦਾ । ਆਪਣਾ ਨਾਉਂ ਜਪਾਏ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਏਕਾ ਬੰਧਨ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਾਏ ਘੇਰਾ, ਫੜ ਫੜ ਆਪਣੇ ਚਰਨ ਬਹਾਇੰਦਾ । ਹੁਕਮ ਸੁਣਾਏ ਸਿੰਘ ਸ਼ੇਰਾ, ਸ਼ੇਰ ਆਪਣੀ ਭਬਕ ਲਗਾਇੰਦਾ । ਜਨ ਭਗਤਾਂ ਉਪਰ ਕਰ ਕਰ ਮਿਹਰਾਂ, ਮਿਹਰਵਾਨ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਥਾ ਯੁਗ ਵੇਖ ਵਖਾਇੰਦਾ । ਚੌਥਾ ਯੁਗ ਵੇਖਣ ਆਇਆ, ਪਾਰਬ੍ਰਹਮ ਕਰਤਾਰ । ਨਿਰਗੁਣ ਆਪਣਾ ਨਾਉਂ ਧਰਾਇਆ, ਨਿਹਕਲੰਕ ਲੈ ਅਵਤਾਰ । ਲੋਆਂ ਪੁਰੀਆਂ ਖੋਜ ਖੋਜਾਇਆ, ਬ੍ਰਹਿਮੰਡ ਖੰਡ ਪਾਵੇ ਸਾਰ । ਗੁਰ ਅਵਤਾਰ ਲਏ ਉਠਾਇਆ, ਪੀਰ ਪੈਗ਼ੰਬਰ ਰੱਖੇ ਨਾਲ । ਭਗਤ ਭਗਵੰਤ ਲਏ ਜਗਾਇਆ, ਸਾਚਾ ਦੇਵੇ ਇਕ ਹੁਲਾਰ । ਰਾਓ ਰੰਕਾਂ ਡੇਰਾ ਢਾਹਿਆ, ਲੇਖਾ ਜਾਣੇ ਸ਼ਾਹ ਕੰਗਾਲ । ਸਾਚਾ ਮੰਤਰ ਇਕ ਦ੍ਰਿੜਾਇਆ, ਆਤਮ ਪਰਮਾਤਮ ਬਣ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਯੁਗ ਕਰੇ ਖੇਲ ਨਰਾਲ । ਚੌਥੇ ਯੁਗ ਖੇਲ ਨਿਰਾਲਾ, ਜੁਗ ਕਰਤਾ ਆਪ ਕਰਾਈਆ । ਚੌਥੇ ਯੁਗ ਰਾਹ ਸੁਖਾਲਾ, ਜਗ ਜੀਵਣ ਦਾਤਾ ਆਪ ਜਣਾਈਆ । ਚੌਥੇ ਯੁਗ ਦੇਵੇ ਨਾਮ ਸੱਚਾ ਧੰਨ ਮਾਲਾ, ਧਨ ਦੌਲਤ ਨਾ ਕੋਇ ਵਡਿਆਈਆ । ਚੌਥੇ ਯੁਗ ਗੁਰਮੁਖ ਵੇਖੇ ਸਾਚੇ ਲਾਲਾ, ਲਾਲਨ ਆਪਣਾ ਰੰਗ ਚੜ੍ਹਾਈਆ । ਚੌਥੇ ਯੁਗ ਪਰਗਟ ਹੋ ਹਰਿ ਗੋਪਾਲਾ, ਗੋਬਿੰਦ ਆਪਣਾ ਫੇਰਾ ਪਾਈਆ । ਚੌਥੇ ਯੁਗ ਨੌਂ ਖੰਡ ਪ੍ਰਿਥਮੀ ਵਖਾਏ ਇਕੋ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਬਣਾਈਆ । ਚੌਥੇ ਯੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਚੌਥੇ ਯੁਗ ਕਰਨੀ ਕਰ, ਹਰਿ ਕਰਤਾ ਖੇਲ ਕਰਾਇੰਦਾ । ਵਰਨ ਬਰਨ ਜਾਏ ਹਰ, ਜ਼ਾਤ ਪਾਤ ਮੇਟ ਮਿਟਾਇੰਦਾ । ਜੀਵ ਜੰਤ ਇਕ ਸਰਨਾਈ ਜਾਏ ਪੜ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਏਕਾ ਅੱਖਰ ਨਾਮ ਲੈਣ ਪੜ੍ਹ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਬੰਧਾਏ ਲੜ, ਪਾਰਬ੍ਰਹਮ ਆਪਣੀ ਗੰਢ ਪੁਵਾਇੰਦਾ । ਦਰਸ ਦਿਖਾਏ ਗ੍ਰਿਹਿ ਮੰਦਰ ਅੰਦਰ ਖੜ, ਸਵੱਛ ਸਰੂਪੀ ਰੂਪ ਧਰਾਇੰਦਾ । ਕਰ ਪਰਕਾਸ਼ ਬਹੱਤਰ ਨੜ, ਅਗਿਆਨ ਅੰਧੇਰ ਚੁਕਾਇੰਦਾ । ਲੇਖਾ ਜਾਣੇ ਚੋਟੀ ਜੜ੍ਹ, ਗੁਰਮੁਖ ਆਪਣੇ ਅੰਗ ਲਗਾਇੰਦਾ । ਡੂੰਘੀ ਕੰਦਰ ਉਚੇ ਟਿੱਲੇ ਸਾਚੇ ਪਰਬਤ ਆਪੇ ਚੜ੍ਹ, ਮਹੱਲ ਅਟੱਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਯੁਗ ਵੰਡ ਵੰਡਾਇੰਦਾ । ਚੌਥੇ ਯੁਗ ਵੰਡੇ ਵੰਡ, ਵੰਡਣਹਾਰਾ ਇਕ ਅਖਵਾਈਆ । ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਨਾਮ ਸੁਣਾਏ ਸੁਹਾਗੀ

ਛੰਦ, ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਇਕੋ ਦਾਨ, ਆਤਮ ਪਰਾਮਤਮ ਪਰਮਾਤਮ ਆਤਮ ਮੇਲਾ ਆਪ ਮਿਲਾਈਆ ।

✳ ੯ ਅੱਸੂ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਡਲੇਵਾਲ ਜ਼ਿਲਾ ਜਲੰਧਰ ✳

ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚਖੰਡ ਸਾਚੀ ਖ਼ੁਸ਼ੀ ਮਨਾਈਆ । ਸਚ ਸੰਦੇਸਾ ਦੇਵੇ ਏਕੰਕਾਰ, ਇਕ ਇਕੱਲਾ ਆਪ ਸੁਣਾਈਆ । ਸੁਤ ਦੁਲਾਰਾ ਕਰੇ ਖ਼ਬਰਦਾਰ, ਪੂਤ ਸਪੂਤਾ ਸ਼ਬਦ ਜਣਾਈਆ । ਦੋ ਜਹਾਨਾਂ ਪਾਵੇ ਸਾਰ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਪੁਰਖ ਨਿਰੰਜਣ ਕਰੇ ਖੇਲ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਹਰਿ ਪੁਰਖ ਨਿਰੰਜਣ ਕਰ ਤਿਆਰ, ਸਾਚਾ ਲੇਖਾ ਦਏ ਜਣਾਈਆ । ਏਕੰਕਾਰਾ ਵੇਖੇ ਵਿਗਸੇ ਪਾਵੇ ਸਾਰ, ਦੂਸਰ ਸੰਗ ਨਾ ਕੋਇ ਰਲਾਈਆ । ਆਦਿ ਨਿਰੰਜਣ ਕਰ ਉਜਿਆਰ, ਏਕਾ ਨੂਰ ਦਏ ਦਰਸਾਈਆ । ਅਬਿਨਾਸ਼ੀ ਕਰਤਾ ਹੋ ਤਿਆਰ, ਤ੍ਰੈਭਵਣ ਧਨੀ ਲੇਖਾ ਜਾਣੇ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਦਏ ਹੁਲਾਰ, ਬ੍ਰਹਿਮੰਡ ਖੰਡ ਆਪ ਹਿਲਾਈਆ । ਪਾਰਬ੍ਰਹਮ ਲੇਖਾ ਜਾਣੇ ਧੁਰ ਦਰਬਾਰ, ਧੁਰ ਦਾ ਲੇਖਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੇ ਤਖ਼ਤ ਸ੍ਰੀ ਭਗਵਾਨ, ਤਖ਼ਤ ਨਿਵਾਸੀ ਆਸਣ ਲਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸਚ ਸੰਦੇਸਾ ਹੁਕਮ ਸੁਣਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਅੰਤਮ ਵੇਖੇ ਆਣ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ਼ਬਦ ਸੁਤ ਮਾਰ ਧਿਆਨ, ਵਡ ਧਿਆਨੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਕਰੇ ਕਰਤਾਰ, ਹਰਿ ਆਪਣੀ ਦਇਆ ਕਮਾਈਆ । ਤਖ਼ਤ ਨਿਵਾਸੀ ਹੋ ਉਜਿਆਰ, ਸ਼ਾਹੋ ਭੂਪ ਆਪਣੇ ਹੱਥ ਰੱਖੇ ਵਡਿਆਈਆ । ਸਚ ਸੰਦੇਸਾ ਦੇਵੇ ਏਕਾ ਵਾਰ, ਇਕ ਇਕੱਲਾ ਕਰੇ ਪੜ੍ਹਾਈਆ । ਮੰਡਲ ਮੰਡਪ ਸੋਹੇ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗ਼ਰੀਬ ਨਿਵਾਜਾ ਹੋ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਖ਼ੁਸ਼ੀ ਮਨਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਆਦਿ ਬਣਾਈ ਆਪਣੀ ਬਣਤ, ਅੰਤ ਆਪੇ ਵੇਖ ਵਖਾਇਆ । ਜੁਗ ਜੁਗ ਲੇਖਾ ਜਾਣੇ ਸਾਧ ਸੰਤ, ਤਖ਼ਤ ਨਿਵਾਸੀ ਰੰਗ ਰੰਗਾਇਆ । ਜੀਵ ਬਣਾਏ ਲੱਖ ਚੁਰਾਸੀ ਜੀਵ ਜੰਤ, ਆਤਮ ਪਰਮਾਤਮ ਵੰਡ ਵੰਡਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਲਾ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਇਆ । ਗੁਰਮੁਖ ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਰੰਗੀਲਾ ਏਕਾ ਰੰਗ ਵਖਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਅਨਾਦਿ ਸੁਣਾਏ ਮਣੀਆ ਮੰਤ, ਨਾਦ ਅਨਾਦੀ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਇਆ । ਸਚਖੰਡ ਸਾਚਾ ਸੋਹੇ ਦਰਬਾਰ, ਦਰ ਦਰਵਾਜ਼ੇ ਵੱਜੇ ਵਧਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਾਹ ਪਾਤਸ਼ਾਹ ਆਸਣ ਲਾਈਆ । ਤੇਈ ਅਵਤਾਰ ਸੱਦੇ ਚਰਨ ਕਵਲ ਕਵਲ ਚਰਨ ਕਰ ਪਿਆਰ, ਨਰ ਨਰੇਸ਼ਾ ਇਕ ਸੰਦੇਸਾ ਆਪ ਸੁਣਾਈਆ । ਵੇਖੇ ਵਿਗਸੇ ਪਾਵੇ ਸਾਰ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਹਰਿ ਜੂ ਆਪਣਾ ਖੇਲ ਕਰਾਇੰਦਾ । ਸਚ ਦਰਬਾਰਾ ਇਕ ਲਗਾ, ਸਾਚੀ ਕਰਨੀ ਆਪ ਕਮਾਇੰਦਾ । ਜੁਗ ਚੌਕੜੀ ਵੇਖੇ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਫੇਰਾ ਪਾ, ਲੋਆਂ ਪੁਰੀਆਂ ਚਰਨਾਂ ਹੇਠ ਦਬਾਇੰਦਾ । ਰਵ ਸਸ ਨੂਰ ਚਮਕਾ, ਜੋਤੀ ਜੋਤ ਡਗਮਗਾਇੰਦਾ । ਗੁਰ ਅਵਤਾਰਾਂ ਸੇਵਾ ਲਾ, ਪੀਰ ਪੈਗ਼ੰਬਰ ਹੁਕਮ ਸੁਣਾਇੰਦਾ । ਭਗਤ ਭਗਵੰਤ ਲਏ ਉਠਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸੰਤ ਸਾਜਣ ਲਏ ਜਗਾ, ਜੀਵਣ ਜੁਗਤ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਝੁਲਾਵਣਹਾਰਾ ਜਗਤ ਨਿਸ਼ਾਨ, ਸਚ ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚਾ ਖੇਲ ਕਰਾਇੰਦਾ । ਸਚਖੰਡ ਦਵਾਰੇ ਸਚ ਸਿੰਘਾਸਣ, ਸਤਿਗੁਰ ਪੂਰਾ ਆਸਣ ਲਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੀ ਧਾਰ ਚਲਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਨ, ਆਕਾਸ਼ ਆਕਾਸ਼ਾਂ ਵੇਖ ਵਖਾਈਆ । ਲੱਖ ਚੁਰਾਸੀ ਕਰੇ ਦਾਸੀ ਦਾਸਣ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਮਨਾਈਆ । ਘਟ ਘਟ ਅੰਦਰ ਕਰੇ ਵਾਸਣ, ਨਿਰਗੁਣ ਸਰਗੁਣ ਅੰਦਰ ਡੇਰਾ ਲਾਈਆ । ਏਕਾ ਨੂਰ ਕਰੇ ਪਰਕਾਸ਼ਨ, ਜੋਤ ਨਿਰੰਜਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਸੁਹਾਏ ਸ਼ਾਹੋ ਭੂਪ, ਭੂਪਤ ਆਪਣੀ ਦਇਆ ਕਮਾਇੰਦਾ । ਨਾ ਕੋਈ ਰੇਖ ਰੰਗ ਨਾ ਰੂਪ, ਭੇਖ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿਵਾਦੀ ਵੇਸ ਵਟਾਇੰਦਾ । ਵਸਣਹਾਰਾ ਚਾਰੇ ਕੂਟ, ਦੋ ਜਹਾਨਾਂ ਡੰਕ ਵਜਾਇੰਦਾ । ਕਲਜੁਗ ਅੰਤਮ ਮੇਟੇ ਝੂਠ, ਕੂੜੀ ਕਿਰਿਆ ਮੋਹ ਤੁੜਾਇੰਦਾ । ਸਾਹਿਬ ਸਤਿਗੁਰ ਏਕਾ ਤੁਠ, ਦੀਨਨ ਆਪਣੀ ਦਇਆ ਕਮਾਇੰਦਾ । ਪਾਰਬ੍ਰਹਮ ਪ੍ਰਭ ਆਪੇ ਉਠ, __ __ __ ਦੋ ਜਹਾਨਾਂ ਪਾਏ ਲੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਲਾਰਾ ਇਕ ਲਗਾਇੰਦਾ । ਸਚ ਹੁਲਾਰਾ ਸਚਖੰਡ, ਹਰਿ ਸਾਚਾ ਆਪ ਲਗਾਈਆ । ਆਦਿ ਜੁਗਾਦਿ ਵੰਡਣਹਾਰਾ ਵੰਡ, ਜੁਗ ਚੌਕੜੀ ਬੰਧਨ ਪਾਈਆ । ਲੱਖ ਚੁਰਾਸੀ ਦੇਵਣਹਾਰਾ ਦੰਡ, ਵੇਖਣਹਾਰਾ ਥਾਉਂ ਥਾਈਂਆ । ਗੀਤ ਸੁਹਾਗੀ ਸੁਣਾਵਣਹਾਰ ਛੰਦ, ਗੁਰ ਅਵਤਾਰ ਕਰੇ ਪੜ੍ਹਾਈਆ । ਨਿਝ ਆਤਮ ਦੇਵਣਹਾਰਾ ਨਿਜਾਨੰਦ, ਘਰ ਘਰ ਡੇਰਾ ਰਿਹਾ ਲਾਈਆ । ਖੜਕਾਵਣਹਾਰਾ ਚੰਡ ਪਰਚੰਡ, ਨਾਮ ਖੰਡਾ ਇਕ ਚਮਕਾਈਆ । ਲੱਖ ਚੁਰਾਸੀ ਦੇਵਣਹਾਰਾ ਦੰਡ, ਕੂੜੀ ਕਿਰਿਆ ਰਿਹਾ ਖਪਾਈਆ । ਭਰਮ ਭੁਲੇਖਾ ਢਾਵਣਹਾਰਾ ਕੰਧ, ਦੂਈ ਦਵੈਤੀ ਦਏ ਮਿਟਾਈਆ । ਵਸਣਹਾਰਾ ਸਦਾ ਸੰਗ, ਸਗਲਾ ਸੰਗ ਆਪ ਨਿਭਾਈਆ । ਨਾਮ ਨਿਧਾਨਾ ਵਜਾਵਣਹਾਰਾ ਮਰਦੰਗ, ਅਨਹਦ ਨਾਦੀ ਨਾਦ ਵਜਾਈਆ । ਆਤਮ ਸਰੋਵਰ ਵਖਾਏ ਸਾਚੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮੁਖ ਸ਼ਰਮਾਈਆ । ਗੀਤ ਸੁਹਾਗੀ ਸੁਣਾਵਣਹਾਰਾ ਛੰਦ, ਸੋਹੰ ਅੱਖਰ ਕਰੇ ਪੜ੍ਹਾਈਆ । ਕਲਜੁਗ ਕਰਨਹਾਰਾ ਖੰਡ ਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਸਚਖੰਡ ਦਵਾਰੇ ਚੜ੍ਹਿਆ ਚਾ, ਪ੍ਰਭ ਸਾਚਾ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰ ਲਏ ਬੁਲਾ, ਪੀਰ ਪੈਗ਼ੰਬਰ ਨਾਲ ਰਖਾਇੰਦਾ । ਉਠ ਉਠ ਸਾਰੇ ਵੇਖੋ ਵਿਚ ਜਹਾਂ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕੋਈ ਨਾ ਜਾਣੇ ਮੇਰਾ ਨਾਂ, ਨਾਉਂ ਨਿਰੰਕਾਰਾ ਨਜ਼ਰ ਕਿਸੇ ਨਾ ਆਇੰਦਾ । ਕੋਈ ਖਾਏ ਸੂਰ ਕੋਈ ਖਾਏ ਗਾਂ, ਸ਼ਰਅ ਹੱਕ ਨਾ ਕੋਇ ਜਣਾਇੰਦਾ । ਚਾਰ

ਕੁੰਟ ਅੰਧੇਰਾ ਗਿਆ ਛਾ, ਗੁਰ ਕਾ ਸ਼ਬਦ ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਨਾਤਾ ਤੁੱਟਾ ਪੁੱਤਰਾਂ ਮਾਂ, ਪਿਤਾ ਪੂਤ ਨਾ ਕੋਇ ਸੁਹਾਇੰਦਾ । ਨਾਰ ਕੰਤ ਨਾ ਰਹੀ ਹੰਢਾ, ਵਿਭਚਾਰ ਸਰਬ ਕਮਾਇੰਦਾ । ਜੀਵ ਜੰਤ ਸਾਧ ਸੰਤ ਮਾਰਨ ਧਾਹ, ਸਤਿ ਸੰਤੋਖ ਨਜ਼ਰ ਕੋਇ ਨਾ ਆਇੰਦਾ । ਅਠਸਠ ਤੀਰਥ ਰੋਵਣ ਨੇਤਰ ਨੈਣਾਂ ਨੀਰ ਰਹੇ ਵਹਾ, ਨਿਰਮਲ ਜਾਮ ਨਾ ਕੋਇ ਪਿਆਇੰਦਾ । ਉਚੇ ਟਿੱਲੇ ਪਰਬਤ ਡੂੰਘੀ ਕੰਦਰ ਸਮੁੰਦ ਸਾਗਰ ਰਹੇ ਕੁਰਲਾ, ਸੰਤ ਸਾਜਣ ਸੰਗ ਨਾ ਕੋਇ ਰਖਾਇੰਦਾ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਕੋਇ ਨਾ ਪਕੜੇ ਕਿਸੇ ਬਾਂਹ, ਸਿਰ ਹੱਥ ਨਾ ਕੋਇ ਰਖਾਇੰਦਾ । ਨਾਤਾ ਜੁੜਿਆ ਪੁੱਤਰਾਂ ਮਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਕਾਰ ਕਮਾਇੰਦਾ । ਸਚਖੰਡ ਦਵਾਰੇ ਸਾਚੇ ਚੜ੍ਹ, ਤਖ਼ਤ ਨਿਵਾਸੀ ਵੇਖ ਵਖਾਈਆ । ਕਲਜੁਗ ਅੰਤਮ ਕੂੜਾ ਗੜ੍ਹ, ਚਾਰੋਂ ਕੁੰਟ ਘੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਡਰ, ਅੱਗੇ ਹੋ ਨਾ ਕੋਇ ਬਚਾਈਆ । ਸ਼ਰਅ ਅੰਦਰ ਗਏ ਸੜ, ਸ਼ਰੀਅਤ ਲੇਖਾ ਨਾ ਕੋਇ ਚੁਕਾਈਆ । ਜੀਵਤ ਜੀਵਤ ਜੀਵਤ ਗਏ ਮਰ, ਮਰ ਮਰ ਫੇਰ ਫੇਰਾ ਕੋਇ ਨਾ ਪਾਈਆ । ਹਿੰਦੂ ਮੁਸਲਮ ਸਿੱਖ ਈਸਾਈ ਆਪਣਾ ਕੀਤਾ ਲੈਣ ਭਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਬਚਿਆ ਕੋਇ ਰਹਿਣ ਨਾ ਪਾਈਆ । ਲੇਖਾ ਦੇਣਾ ਪਏ ਨਾਰੀ ਨਰ, ਨਰ ਨਰਾਇਣ ਲੇਵਣਹਾਰਾ ਸਾਚਾ ਮਾਹੀਆ । ਪੁਰਖ ਅਕਾਲ ਦੀਨ ਦਿਆਲ ਉਚ ਮਹੱਲੇ ਵੇਖੇ ਖੜ, ਦੋ ਜਹਾਨਾਂ ਨੈਣ ਉਠਾਈਆ । ਕਲਜੁਗ ਕਾਲਾ ਦਰਵੇਸ਼ ਲਏ ਫੜ, ਨਰ ਨਰੈਣ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਰਚਣ ਵਖਾਈਆ । ਸਚਖੰਡ ਦਵਾਰੇ ਖੇਲ ਨਿਆਰਾ, ਹਰਿ ਸਤਿਗੁਰ ਆਪ ਕਰਾਇੰਦਾ । ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰਾ ਨਜ਼ਰ ਨਾ ਆਇੰਦਾ । ਆਦਿ ਜੁਗਾਦੀ ਲੈ ਅਵਤਾਰਾ, ਗੁਰ ਗੁਰ ਰੂਪ ਵਟਾਇੰਦਾ । ਨਾਮ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਅਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰਾ, ਗੀਤਾ ਗਿਆਨ ਗਿਆਨ ਦ੍ਰਿੜਾਇੰਦਾ । ਅੰਜੀਲ ਕੁਰਾਨਾ ਦਏ ਸਹਾਰਾ, ਖਾਣੀ ਬਾਣੀ ਭੇਵ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਿਆਰਾ, ਪੰਜ ਤਤ ਕਾਇਆ ਆਪ ਹੰਢਾਇੰਦਾ । ਆਤਮ ਜੋਤੀ ਨੂਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਰਾਗ ਸੁਣਾਇੰਦਾ । ਸਚ ਸੰਦੇਸਾ ਦੇਵੇ ਵਾਰੋ ਵਾਰਾ, ਲੋਕ ਪਰਲੋਕ ਆਪੇ ਗਾਇੰਦਾ । ਅਵਣ ਗਵਣ ਪਾਵੇ ਸਾਰਾ, ਤ੍ਰੈਭਵਣ ਖੋਜ ਖੋਜਾਇੰਦਾ । ਚੌਦਾਂ ਲੋਕ ਬਣ ਵਣਜਾਰਾ, ਹਰਿ ਜੂ ਇਕੋ ਹੱਟ ਖੁਲ੍ਹਾਇੰਦਾ । ਚੌਦਾਂ ਤਬਕਾਂ ਵੇਖ ਅਖਾੜਾ, ਜ਼ਿਮੀਂ ਅਸਮਾਨਾਂ ਨਾਚ ਨਚਾਇੰਦਾ । ਸ਼ਬਦ ਅਗੰਮੀ ਏਕਾ ਨਾਅਰਾ, ਹੱਕ ਹਕੀਕਤ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਕਲਜੁਗ ਅੰਤਮ ਵੇਖੇ ਵੇਖਣਹਾਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਾਚੇ ਖੜ, ਦੋ ਜਹਾਨਾਂ ਖਿੜਕੀ ਆਪ ਖੁਲ੍ਹਾਇੰਦਾ । ਦੋ ਜਹਾਨਾਂ ਖੋਲ੍ਹ ਖਿੜਕੀ, ਆਪਣਾ ਪਰਦਾ ਆਪ ਉਠਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਆਪਣੀ ਕਿਰਤੀ, ਕਿਰਤ ਆਪਣੀ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਸਭ ਦੀ ਹਿਲੀ ਬਿਰਤੀ, ਸਤਿ ਸਤਿਵਾਦੀ ਧਿਆਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵੇਖੇ ਸੱਚਾ ਮਾਹੀਆ । ਸਚਖੰਡ ਦਵਾਰੇ ਨੇਤਰ ਖੋਲ੍ਹ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਲੱਖ ਚੁਰਾਸੀ ਹੋਈ ਡੋਲ, ਗੁਰ ਅਵਤਾਰ

ਪੀਰ ਪੈਗ਼ੰਬਰ ਧਿਆਨ ਨਾ ਕੋਇ ਲਗਾਇੰਦਾ । ਸਤਿ ਨਾਮ ਨਾ ਕਿਸੇ ਕੋਲ, ਖ਼ਾਲੀ ਹੱਥ ਸਰਬ ਵਖਾਇੰਦਾ । ਸਾਧਾਂ ਸੰਤਾਂ ਪਿਆ ਘੋਲ, ਆਤਮ ਪਰਮਾਤਮ ਪਰਦਾ ਨਾ ਕੋਇ ਉਠਾਇੰਦਾ । ਸੁਰਤੀ ਸ਼ਬਦੀ ਨਾ ਜਾਏ ਕੋਇ ਮੌਲ, ਮੌਲਾ ਰੂਪ ਨਾ ਕੋਇ ਵਖਾਇੰਦਾ । ਝਿਰਨਾ ਝਿਰੇ ਨਾ ਅੰਮ੍ਰਿਤ ਨਾਭ ਕੌਲ, ਕਵਲੀ ਨਾਭ ਨਾ ਕੋਇ ਉਲਟਾਇੰਦਾ । ਝਗੜਾ ਪਿਆ ਧਰਨੀ ਧਰਤ ਧੌਲ, ਸਾਚੀ ਵੰਡ ਨਾ ਕੋਇ ਵਖਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਮੁੱਲਾਂ ਸ਼ੇਖ਼ ਮਸਾਇਕ ਪੀਰ ਹੱਥ ਕਿਸੇ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਜੁਗਾ ਜੁਗੰਤਰ ਆਪੇ ਕਰੇ ਆਪਣਾ ਪੂਰਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਵੇਖੇ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਨੌਂ ਖੰਡ ਪ੍ਰਿਥਮੀ ਹੋਈ ਨੰਗ, ਹਰਿ ਕਾ ਨਾਮ ਕਿਸੇ ਘਰ ਨਜ਼ਰ ਨਾ ਆਈਆ । ਕੂੜੀ ਕਿਰਿਆ ਜੂਠ ਝੂਠ ਗ੍ਰਿਹ ਗ੍ਰਿਹ ਵਜਾਏ ਮਰਦੰਗ, ਡੌਰੂ ਡੰਕਾ ਹੱਥ ਰਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਸਿਆ ਤੰਗ, ਚਾਰੋਂ ਕੁੰਟ ਅਸਵ ਰਿਹਾ ਦੌੜਾਈਆ । ਸਾਧ ਸੰਤ ਹੋਏ ਬੈਠੇ ਨੰਗ, ਤ੍ਰੈਗੁਣ ਪੱਲਾ ਸਕੇ ਨਾ ਕੋਇ ਛੁਡਾਈਆ । ਕਿਸੇ ਰਸ ਨਾ ਮਿਲੇ ਨਿਜਾਨੰਦ, ਰਸਨਾ ਜਿਹਵਾ ਹੋਈ ਹਲਕਾਈਆ । ਖਾ ਖਾ ਥੱਕੇ ਮਦਿਰਾ ਮਾਸ ਗੰਦ, ਜਗਤ ਤ੍ਰਿਸਨਾ ਨਾ ਕੋਇ ਬੁਝਾਈਆ । ਪੰਚ ਵਿਕਾਰਾ ਨਾ ਹੋਏ ਖੰਡ ਖੰਡ, ਨਾਮ ਖੰਡਾ ਤਨ ਗਾਤਰੇ ਨਾ ਕੋਇ ਲਟਕਾਈਆ । ਜੀਵ ਜੰਤ ਆਤਮ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਕੂੜ ਕੁੜਿਆਰ ਹੋਇਆ ਘਮੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਵੇਖੇ ਸੱਚਾ ਮਾਹੀਆ । ਸਚਖੰਡ ਨਿਵਾਸੀ ਕਰ ਧਿਆਨ, ਦੋ ਜਹਾਨਾਂ ਵੇਖ ਵਖਾਇੰਦਾ । ਕਲਜੁਗ ਅੰਤਮ ਖੇਲ ਜਗਤ ਸ਼ੈਤਾਨ, ਸ਼ਰੀਅਤ ਸ਼ਰਅ ਨਾਲ ਟਕਰਾਇੰਦਾ । ਨਵ ਨੌਂ ਚਾਰ ਬੇ ਈਮਾਨ, ਬੇਵਾ ਰੂਪ ਸਰਬ ਵਖਾਇੰਦਾ । ਹਰਿ ਕਾ ਨਾਮ ਨਾ ਕੋਇ ਨਿਸ਼ਾਨ, ਕੂੜ ਨਿਸ਼ਾਨਾ ਸਰਬ ਝੁਲਾਇੰਦਾ । ਭਰਮੇ ਭੁੱਲੇ ਰਾਜ ਰਾਜਾਨ, ਸ਼ਾਹ ਸੁਲਤਾਨ ਸ਼ਹਿਨਸ਼ਾਹ ਸਚ ਨਾ ਕੋਇ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਨਿਝ ਨੇਤਰ ਵੇਖ ਵਖਾਇੰਦਾ । ਨਿਝ ਨੇਤਰ ਹਰਿ ਜੂ ਆਪਣਾ ਖੋਲ੍ਹੇ, ਦੂਸਰ ਓਟ ਨਾ ਕੋਇ ਰਖਾਈਆ । ਆਦਿ ਜੁਗਾਦੀ ਤੋਲਣਹਾਰਾ ਸਾਚਾ ਤੋਲੇ, ਤੋਲਾ ਇਕੋ ਬੇਪਰਵਾਹੀਆ । ਲੱਖ ਚੁਰਾਸੀ ਪੰਜ ਤਤ ਕਾਇਆ ਚੋਲੀ ਵੇਖੇ ਡੋਲੇ, ਅਡੋਲ ਬੈਠਾ ਸੱਚਾ ਮਾਹੀਆ । ਡੂੰਘੀ ਭਵਰੀ ਕਾਇਆ ਕਵਰੀ ਆਪੇ ਫੋਲੇ, ਗ੍ਰਿਹ ਗ੍ਰਿਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਇੰਦਾ । ਸਚਖੰਡ ਨਿਵਾਸੀ ਇਕ ਇਕੱਲਾ, ਦੋ ਜਹਾਨਾਂ ਖੋਜ ਖੋਜਾਇੰਦਾ । ਕਲਜੁਗ ਅੰਤਮ ਨਿਰਗੁਣ ਨੂਰ ਨਿਰਾਕਾਰ ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਭੇਵ ਕੋਇ ਨਾ ਪਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਚ ਸੰਦੇਸ ਸਤਿਜੁਗ ਤ੍ਰੇਤਾ ਦੁਆਪਰ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਕਲਜੁਗ ਅੰਤਮ ਨਿਹਕਲੰਕ ਸਭ ਦਾ ਫੜੇ ਪੱਲਾ, ਪੱਲੂ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚਖੰਡ ਨਿਵਾਸੀ ਖੋਲ੍ਹ ਅੱਖ, ਕਲਜੁਗ ਆਖਰ ਵੇਖ ਵਖਾਈਆ । ਲੱਖ ਚੁਰਾਸੀ ਰਿਹਾ ਤੱਕ, ਪਰਦਾ ਸਭ ਦਾ ਰਿਹਾ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਵਸਦਾ ਰਿਹਾ ਵੱਖ, ਵੱਖਰੀ ਆਪਣੀ ਧਾਰ ਚਲਾਈਆ ।

ਕਲਜੁਗ ਅੰਤਮ ਹੋਏ ਪਰਤੱਖ, ਪਾਰਬ੍ਰਹਮ ਵਡੀ ਵਡਿਆਈਆ । ਸ਼ਬਦ ਅਗੰਮੀ ਬੋਲ ਅਲਖ, ਅਲਖ ਅਲੱਖਨਾ ਏਕ ਅਲਖ ਜਗਾਈਆ । ਸਰਬ ਕਲਾ ਹੋ ਸਮਰਥ, ਸਮਰਥ ਆਪਣੀ ਧਾਰ ਜਣਾਈਆ । ਭਗਤ ਭਗਵੰਤ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਮੇਲ ਮਿਲਾਏ ਨੱਸ ਨੱਸ, ਦੂਰ ਦੁਰਾਡਾ ਪੰਧ ਮੁਕਾਈਆ । ਦਰਸ ਦਿਖਾਏ ਹੱਸ ਹੱਸ, ਕਵਲ ਨੈਣ ਸੱਚਾ ਮਾਹੀਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਗੁਰਸਿਖਾਂ ਗਾਏ ਆਪੇ ਜਸ, ਜਸ ਵੇਦ ਪੁਰਾਨ ਗਾ ਨਾ ਸਕੇ ਰਾਈਆ । ਪ੍ਰੇਮ ਪਿਆਰ ਅੰਦਰ ਫਸ, ਨਿਤ ਨਵਿਤ ਵੇਸ ਵਟਾਈਆ । ਸਾਚਾ ਮਾਰਗ ਜਾਏ ਦੱਸ, ਗੁਰਮਤ ਕਰ ਪੜ੍ਹਾਈਆ । ਲੇਖਾ ਜਾਣੇ ਪੰਜ ਤਤ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਖੋਜ ਖੋਜਾਈਆ । ਲੇਖੇ ਲਾਏ ਰੱਤੀ ਰੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਇਕ ਖੁਲ੍ਹਾਈਆ । ਨੇਤਰ ਨੈਣ ਖੋਲ੍ਹ ਨਿਰੰਕਾਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਵੇਖੇ ਵੇਖਣਹਾਰ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਸ੍ਰਿਸ਼ਟ ਸਬਾਈ ਹਾਹਾਕਾਰ, ਸਤਿ ਸੰਤੋਖ ਗਿਆਨ ਨਾ ਕੋਇ ਦ੍ਰਿੜਾਇੰਦਾ । ਜਗਤ ਸਿਆਸਤ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਹੁਕਮ ਵਰਤਾਇੰਦਾ । ਕਲਜੁਗ ਅੰਤ ਸ੍ਰੀ ਭਗਵਾਨਾ, ਏਕਾ ਹੁਕਮ ਜਣਾਈਆ । ਕੂੜੀ ਕਿਰਿਆ ਵੇਖ ਨਿਸ਼ਾਨਾ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਕਲਜੁਗ ਸੁਤ ਵਡ ਬਲਵਾਨਾ, ਆਪਣੀ ਮਰਦਾਨਗੀ ਰਿਹਾ ਜਣਾਈਆ । ਚਾਰ ਕੁੰਟ ਕਰੇ ਵੈਰਾਨਾ, ਨਵ ਨੌਂ ਖੇਹ ਉਡਾਈਆ । ਕੂੜੀ ਕਿਰਿਆ ਦਿਤਾ ਪੈਗ਼ਾਮਾ, ਘਰ ਘਰ ਨਾਦ ਸੁਣਾਈਆ । ਆਤਮ ਪਰਮਾਤਮ ਭੁਲਾਇਆ ਰਾਮਾ, ਈਸ਼ ਜੀਵ ਨਾ ਕੋਇ ਚਤੁਰਾਈਆ । ਹਉਮੇ ਹੰਗਤਾ ਗਾਇਆ ਗਾਣਾ, ਰਸਨਾ ਜਿਹਵਾ ਕਰ ਹਲਕਾਈਆ । ਮਦਿਰਾ ਮਾਸ ਪੀਣਾ ਖਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਰਿਹਾ ਸਲਾਹੀਆ । ਕਲਜੁਗ ਤੇਰਾ ਸਚ ਵਿਹਾਰਾ, ਹਰਿ ਸਤਿਗੁਰ ਆਪ ਸਲਾਹਿਆ । ਆਪਣੀ ਕਰਨੀ ਕਰੀ ਵਿਚ ਸੰਸਾਰਾ, ਸੰਸਾਰੀ ਕੋਇ ਨਜ਼ਰ ਨਾ ਆਇਆ । ਮੂਰਖ ਮੁਗਧ ਕਰੇ ਗਵਾਰਾ, ਮਨਮਤ ਪਰਦਾ ਪਾਇਆ । ਨਵ ਨੌਂ ਹੋਇਆ ਧੂੰਅਾਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲਏ ਲਗਾਇਆ । ਤੇਰਾ ਲੇਖਾ ਅੰਤ ਲਗਾਏ ਹਰਿ, ਹਰਿ ਜੂ ਆਪਣੀ ਦਇਆ ਕਮਾਇੰਦਾ । ਚਲ ਕੇ ਔਣਾ ਸਾਚੇ ਦਰ, ਹਰਿ ਦਰਦੀ ਦਰਦ ਵੰਡਾਇੰਦਾ । ਆਪਣੀ ਕਰਨੀ ਲਈ ਕਰ, ਅੱਗੇ ਕਰਤਾ ਮਾਰਗ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਫੜ, ਲੇਖਾ ਸਭ ਦਾ ਆਪ ਚੁਕਾਇੰਦਾ । ਨਿਰਭਓ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਸਰਨ ਸਰਨਾਈ ਆ ਕੇ ਪੜ, ਸਿਰ ਤੇਰੇ ਹੱਥ ਟਿਕਾਇੰਦਾ । ਏਕਾ ਚੌਕਾ ਪੂਰਾ ਵਰ, ਚੌਦਸ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣਿਆ ਕੰਨ, ਕਲਜੁਗ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਗਿਆ ਮੰਨ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਰਸਨਾ ਕਹੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਤੂੰ ਦਾਤਾ ਜਨਣੀ ਜਣ, ਹਉਂ ਬਾਲਕ ਪੂਤ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਅੱਗੇ ਸੀਸ ਝੁਕਾਈਆ । ਕਲਜੁਗ ਉਠ ਹੋ ਤਿਆਰ, ਤ੍ਰੈਗੁਣ ਅਤੀਤਾ ਆਪ ਜਣਾਇੰਦਾ ।

ਲੋਕਮਾਤ ਅੰਤਮ ਵਾਰ, ਵੇਲਾ ਅੰਤ ਸਮਝਾਇੰਦਾ । ਨਾਤਾ ਤੁਟੇ ਵਿਚ ਸੰਸਾਰ, ਪੁਰਖ ਬਿਧਾਤਾ ਆਪ ਤੁੜਾਇੰਦਾ । ਪੂਰਬ ਲਹਿਣਾ ਦਏ ਨਿਵਾਰ, ਭਾਣਾ ਸਹਿਣਾ ਹੁਕਮ ਮਨਾਇੰਦਾ । ਨੇਤਰ ਨੈਣਾਂ ਦਏ ਵਖਾਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਹਰਿ ਜੂ ਠਾਕਰ, ਆਪਣੀ ਦਇਆ ਕਮਾਈਆ । ਕਲਜੁਗ ਤੇਰਾ ਵੇਖਿਆ ਸਾਗਰ, ਡੂੰਘੀ ਭਵਰੀ ਫੋਲ ਫੋਲਾਈਆ । ਲੱਖ ਚੁਰਾਸੀ ਕਾਇਆ ਗਾਗਰ, ਮਾਟੀ ਕਾਚੀ ਥਿਰ ਰਹਿਣ ਨਾ ਪਾਈਆ । ਕੋਈ ਨਾ ਮਿਲਿਆ ਸਚ ਸੌਦਾਗਰ, ਕੂੜੀ ਕਿਰਿਆ ਜਗਤ ਲਗਾਈਆ । ਪਾਰਬ੍ਰਹਮ ਪ੍ਰਭ ਦੇਵੇ ਆਦਰ, ਮੰਨਿਆ ਹੁਕਮ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕੂੜੇ ਚੜ੍ਹਿਆ ਚਾ, ਚਾਓ ਘਨੇਰਾ ਇਕ ਰਖਾਇਆ । ਪੁਰਖ ਅਬਿਨਾਸ਼ੀ ਮਿਲਿਆ ਅੰਤ ਮਲਾਹ, ਮੇਰਾ ਡੇਰਾ ਲਏ ਤਰਾਇਆ । ਪਿਛਲੇ ਬਖ਼ਸ਼ੇ ਸਰਬ ਗੁਨਾਹ, ਅੱਗੇ ਮਾਰਗ ਦਏ ਸਮਝਾਇਆ । ਮੁਖ ਧੋਵੇ ਕਾਲੀ ਛਾਹ, ਨਿਰਮਲ ਨੀਰ ਦਏ ਪਿਆਇਆ । ਮੇਰਾ ਦੁਖੜਾ ਦਏ ਮਿਟਾ, ਦਰਦੀ ਦਰਦ ਵੰਡਾਇਆ । ਸੁਖ ਸਹਿਜੇ ਜਾਏ ਸਮਾ, ਸਾਂਤਕ ਸਤਿ ਸਤਿ ਕਰਾਇਆ । ਆਪਣੀ ਗੋਦੀ ਲਏ ਬਹਾ, ਸਮਰਥ ਪੁਰਖ ਬੇਪਰਵਾਹਿਆ । ਪਤਿਤ ਪਾਪੀ ਰਿਹਾ ਤਰਾ, ਪਤਿਤ ਪਾਵਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇਆ । ਕਲਜੁਗ ਉਠ ਉਠ ਨੇਤਰ ਰੋ, ਨੈਣਾਂ ਦਏ ਦੁਹਾਈਆ । ਕਵਣ ਬਿਧ ਪਾਰਬ੍ਰਹਮ ਚਰਨੀ ਜਾਵਾਂ ਛੋਹ, ਸਚ ਵਸਤ ਪੱਲੂ ਕੋਈ ਨਾ ਰਾਈਆ । ਆਪਣਾ ਆਪ ਲਿਆ ਕੋਹ, ਰੱਤੀ ਰੱਤ ਰੱਤ ਸੁਕਾਈਆ । ਚਾਰ ਕੁੰਟ ਨਾ ਦਿਸੇ ਕੋਈ ਲੋ, ਜਗਤ ਅੰਧੇਰਾ ਰਿਹਾ ਛਾਈਆ । ਸਾਹਿਬ ਸਤਿਗੁਰ ਦੀ ਕੋਈ ਨਾ ਦੱਸੇ ਸਾਚੀ ਸੋ, ਸੋ ਪੁਰਖ ਨਿਰੰਜਣ ਨਾ ਕੋਇ ਮਿਲਾਈਆ । ਕੂੜੀ ਕਿਰਿਆ ਬੀਜ ਦਿਤਾ ਬੋ, ਕਲਜੁਗ ਬੂਟਾ ਅੰਤ ਰਿਹਾ ਲਹਿਰਾਈਆ । ਕਵਣ ਵਸਤ ਲੈ ਕੇ ਢੋਆ ਜਾਵਾਂ ਢੋ, ਪ੍ਰਭ ਚਰਨਾਂ ਭੇਟ ਚੜ੍ਹਾਈਆ । ਚਾਰੋਂ ਕੁੰਟ ਦਹਿ ਦਿਸ਼ਾ ਉਠ ਕੇ ਵੇਖੇ ਸਚ ਨਜ਼ਰ ਨਾ ਆਏ ਕੋ, ਕੂੜ ਕੁੜਿਆਰਾ ਨਜ਼ਰੀ ਆਈਆ । ਮਾਇਆ ਮਮਤਾ ਲੱਗਾ ਮੋਹ, ਤ੍ਰੈਗੁਣ ਫੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਤੇਰੇ ਲਾਗਾਂ ਪਾਈਆ । ਪਾਰਬ੍ਰਹਮ ਪ੍ਰਭ ਹੋ ਦਿਆਲ, ਕਲਜੁਗ ਅੰਤ ਅੰਤ ਸੁਣਾਇੰਦਾ । ਛੋਟੇ ਸੁਤ ਸੁਣ ਲੈ ਲਾਲ, ਹਰਿ ਲਾਲਨ ਰੰਗ ਰੰਗਾਇੰਦਾ । ਤੇਰੀ ਸੇਵਾ ਕਾਲ ਮਹਾਕਾਲ, ਮਹਾਬੀਰ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਬਣ ਦਲਾਲ, ਤੇਰਾ ਲੇਖ ਚੁਕਾਇੰਦਾ । ਤੇਰਾ ਫਲ ਨਾ ਕਿਸੇ ਡਾਲ, ਸਿੰਮਲ ਚਾਰੋਂ ਕੁੰਟ ਨਜ਼ਰੀ ਆਇੰਦਾ । ਨਾ ਕੋਇ ਜਾਣੇ ਹੱਕ ਹਲਾਲ, ਹਕ਼ੀਕ਼ਤ ਰੂਪ ਨਾ ਕੋਈ ਵਖਾਇੰਦਾ । ਕਾਇਆ ਮਾਟੀ ਝੂਠੀ ਖਾਲ, ਸਾਚਾ ਤਤ ਨਾ ਕੋਇ ਜਣਾਇੰਦਾ । ਸਾਧ ਸੰਤ ਹੋਏ ਬੇਹਾਲ, ਹਰਿ ਕੰਤ ਨਾ ਕੋਇ ਮਨਾਇੰਦਾ । ਪੁਰਖ ਅਬਿਨਾਸ਼ੀ ਤੇਰੇ ਅੰਤਮ ਚਲੀ ਅਵੱਲੜੀ ਚਾਲ, ਆਪਣਾ ਭੇਵ ਖੁਲ੍ਹਾਇੰਦਾ । ਨਾਤਾ ਤੋੜ ਮੰਦਰ ਮਸਜਿਦ ਮੱਠ ਸ਼ਿਵਦਵਾਲੇ ਧਰਮਸਾਲ, ਜਨ ਭਗਤਾਂ ਅੰਦਰ ਡੇਰਾ ਲਾਇੰਦਾ । ਜਾ ਕੇ ਆਪਣਾ ਮੇਰੇ ਗੁਰਮੁਖਾਂ ਦੱਸ ਹਾਲ, ਹਵਾਲਾ ਆਪਣਾ ਆਪ ਸਮਝਾਇਆ । ਗੁਰਸਿਖ ਤੇਰੇ ਹੋ ਜਾਏ ਜੇ ਨਾਲ, ਤੇਰਾ ਲੇਖਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣਿਆ ਮਾਹੀ, ਕਲਜੁਗ ਲੱਖ ਲੱਖ ਸ਼ੁਕਰ

ਮੰਨਾਇਆ । ਚਾਰੋਂ ਕੁੰਟ ਉਠ ਉਠ ਵੇਖੇ ਕਵਣ ਦਵਾਰੇ ਬਣਾ ਰਾਹੀ, ਆਪਣਾ ਪੰਧ ਮੁਕਾਇਆ । ਕੂੜ ਰਾਜਾ ਕੂੜ ਪਰਜਾ ਕੂੜੀ ਸ਼ਾਹੀ, ਕੂੜੀ ਰਈਅਤ ਪੰਧ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਪਰਦਾ ਦੇ ਚੁਕਾਇਆ । ਮੇਰਾ ਪਰਦਾ ਲਾਹ ਭਗਵਾਨ, ਕਲਜੁਗ ਦੋਏ ਜੋੜ ਕਰੇ ਅਰਜ਼ੋਈਆ । ਆਪਣੇ ਭਗਤਾਂ ਦੱਸ ਸਚ ਨਿਸ਼ਾਨ, ਜਿਸ ਦਵਾਰੇ ਮਿਲੇ ਮੋਹੇ ਢੋਈਆ । ਮੈਂ ਮੂਰਖ ਮੁਗਧ ਅਵਾਣ, ਨੇਤਰ ਨੈਣਾਂ ਰਿਹਾ ਰੋਈਆ । ਤੇਰਾ ਗੁਰਮੁਖ ਚਤੁਰ ਸੁਘੜ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਬਾਨ ਦਇਆ ਕਮਾਇੰਦਾ । ਜਿਸ ਗ੍ਰਹਿ ਖੇਲ ਕਰੇ ਸ੍ਰੀ ਭਗਵਾਨ, ਸੋ ਗੁਰਮੁਖ ਰੂਪ ਵਖਾਇੰਦਾ । ਜੋ ਰਸਨਾ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਭਗਤ ਭਗਵੰਤ ਇਕੋ ਭਾਇੰਦਾ । ਤਿਨ੍ਹਾਂ ਚਰਨੀ ਡਿਗੀਂ ਆਣ, ਤੇਰਾ ਲੇਖਾ ਲੇਖ ਚੁਕਾਇੰਦਾ । ਅੱਗੇ ਦੇਵੇ ਸਚ ਫ਼ਰਮਾਨ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਨਿਮਾਣਿਆਂ ਦੇਵਣਹਾਰਾ ਮਾਣ, ਗ਼ਰੀਬਾਂ ਆਪਣੀ ਗੋਦ ਬਹਾਇੰਦਾ । ਜੁਗ ਚੌਕੜੀ ਖੇਲ ਕਰੇ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਕਲਜੁਗ ਅੰਤ ਮਿਟੇ ਤੇਰਾ ਨਿਸ਼ਾਨ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿ ਸਤਿਵਾਦੀ ਬਣਾਏ ਸਤਿ ਵਿਧਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਸ੍ਰਿਸ਼ਟ ਸਬਾਈ ਗਾਏ ਏਕਾ ਗਾਣ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਵਖਾਏ ਇਕ ਮਕਾਨ, ਮੰਦਰ ਦਵਾਰਾ ਗੁਰੂ ਇਕ ਸਮਝਾਇੰਦਾ । ਜੀਵ ਜੰਤ ਸਾਚਾ ਢੋਲਾ ਏਕਾ ਗਾਣ, ਸੋਹੰ ਸੋ ਆਪ ਸੁਣਾਇੰਦਾ । ਇਸ਼ਟ ਦੇਵ ਗੁਰ ਇਕ ਮਨਾਨ, ਪੁਰਖ ਅਕਾਲ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਖੁਲ੍ਹਾਇੰਦਾ । ਸਾਚਾ ਪਰਦਾ ਖੋਲ੍ਹ ਭੇਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਅੰਤਮ ਲਹਿਣਾ ਮੁਕਣਾ ਚਾਰ ਵੇਦ, ਸ਼ਾਸਤਰ ਸਿਮਰਤ ਆਪਣੀ ਝੋਲੀ ਪਾਈਆ । ਵੇਖਣਹਾਰਾ ਚੌਦਾਂ ਵਿਦਿਆ ਜਗਤ ਕਤੇਬ, ਅੱਖਰ ਅੱਖਰ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਕਲਜੁਗ ਉਠ ਕਰੇ ਵੀਚਾਰ, ਵੀਚਾਰ ਵਿਚ ਹਰਿ ਕਦੇ ਨਾ ਆਇੰਦਾ । ਚੌਦਾਂ ਸਦ ਕੱਟ ਵਗਾਰ, ਬਣ ਵਗਾਰੀ ਸੇਵ ਕਮਾਇੰਦਾ । ਮੁਹੰਮਦ ਕਹੇ ਮੇਰਾ ਆਵੇ ਪਰਵਰਦਿਗਾਰ, ਅਮਾਮ ਅਮਾਮਾਂ ਫੇਰਾ ਪਾਇੰਦਾ । ਈਸਾ ਕਹੇ ਮੇਰਾ ਸਾਂਝਾ ਯਾਰ, ਨੂਰੀ ਜਲਵਾ ਨੂਰ ਰਖਾਇੰਦਾ । ਵੇਦ ਵਿਆਸਾ ਬਣ ਲਿਖਾਰ, ਬ੍ਰਹਿਮਣ ਗੌੜਾ ਪੂਤ ਸਪੂਤਾ ਰਾਹ ਤਕਾਇੰਦਾ । ਨਾਨਕ ਨਿਰਗੁਣ ਦੱਸ ਕੇ ਗਿਆ ਸਚ ਵਿਹਾਰ, ਨਿਹਕਲੰਕਾ ਵੇਸ ਵਟਾਇੰਦਾ । ਗੋਬਿੰਦ ਕਹੇ ਮੇਰਾ ਪਿਤਾ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਸਚਖੰਡ ਵਸੇ ਸੱਚੀ ਧਰਮਸਾਲ, ਦਰਗਹਿ ਸਾਚੀ ਆਸਣ ਲਾਇੰਦਾ । ਜੁਗ ਚੌਕੜੀ ਖੇਲ ਕਰੇ ਕਮਾਲ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤ ਬਣੇ ਦਲਾਲ, ਕਲ ਕਲਕੀ ਵੇਸ ਵਟਾਇੰਦਾ । ਸੰਬਲ ਵਸੇ ਸੱਚੀ ਧਰਮਸਾਲ, ਸੰਬਲ ਨਜ਼ਰ ਕੋਇ ਨਾ ਪਾਇੰਦਾ । ਗੁਰਮੁਖ ਗੁਰਸਿਖ ਲਏ ਉਠਾਲ, ਸੰਤ ਸਾਜਣ ਆਪ ਜਗਾਇੰਦਾ । ਭਗਤਾਂ ਮਾਰਗ ਦਏ ਸਿਖਾਲ, ਸਾਚਾ ਰਾਹ ਇਕ ਜਣਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਚਲੇ ਨਾਲ ਨਾਲ, ਜਗਤ ਵਿਛੋੜਾ ਪੰਧ ਮੁਕਾਇੰਦਾ । ਮੇਰੀ ਪ੍ਰੀਤੀ ਲੱਗੀ ਨਿਭੇ ਨਾਲ, ਆਦਿ ਅੰਤ ਨਾ ਕੋਇ ਤੁੜਾਇੰਦਾ । ਗੁਰਮੁਖਾਂ ਤ੍ਰੈਗੁਣ ਮਾਇਆ ਤੋੜੇ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਅੰਤ ਸੁਣੇ ਮੁਰੀਦਾਂ

ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਸਰਸੇ ਡੁੱਬੇ ਲਏ ਭਾਲ, ਲੱਖ ਚੁਰਾਸੀ ਖੋਜ ਖੋਜਾਇੰਦਾ । ਲੇਖੇ ਲਾਏ ਪਿਛਲੀ ਘਾਲ, ਪੂਰਬ ਲਹਿਣਾ ਆਪ ਮੁਕਾਇੰਦਾ । ਆਪੇ ਚੁੱਕ ਚੁੱਕ ਗੋਦੀ ਲਾਲ, ਲੱਖ ਲੱਖ ਆਪਣਾ ਸ਼ੁਕਰ ਮਨਾਇੰਦਾ । ਕਲਜੁਗ ਤੇਰੀ ਕਰੇ ਫੇਰ ਸੰਭਾਲ, ਸੰਬਲ ਆਪਣਾ ਆਸਣ ਲਾਇੰਦਾ । ਤੇਰਾ ਹੱਲ ਕਰੇ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਵੇਸ ਵਟਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ਾ, ਦੂਸਰ ਅਵਰ ਨਾ ਕੋਇ ਜਣਾਈਆ । ਕਲਜੁਗ ਵੇਖਣ ਆਏ ਤੇਰਾ ਤਮਾਸ਼ਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲੱਖ ਚੁਰਾਸੀ ਮੂਰਖ ਮੁਗਧ ਕਰੇ ਹਾਸਾ, ਗੁਰਮੁਖ ਵਿਰਲੇ ਬੂਝ ਬੁਝਾਈਆ । ਬ੍ਰਹਿਮੰਡ ਖੰਡ ਰਚਾਏ ਸਾਚੀ ਰਾਸਾ, ਗੋਪੀ ਕਾਹਨ ਨਾਚ ਨਚਾਈਆ । ਭਗਤ ਭਗਵੰਤ ਦਏ ਭਰਵਾਸਾ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਜਾਣ ਤ੍ਰਿਲੋਕੀ ਨਾਥਾ, ਕੋਟਨ ਕੋਟ ਤ੍ਰਿਲੋਕੀ ਨਾਥ ਲਏ ਉਠਾਈਆ । ਸਤਿ ਸਤਿਵਾਦੀ ਸੁਣਾਏ ਸਾਚੀ ਗਾਥਾ, ਅੱਖਰ ਵੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਖੜ੍ਹ, ਖੰਡਾ ਖੜਗ ਇਕ ਚਮਕਾਈਆ । ਖੰਡਾ ਖੜਗ ਤੇਜ਼ ਕਟਾਰ, ਤੀਰ ਤਰਕਸ਼ ਆਪ ਉਠਾਇੰਦਾ । ਨਾ ਕੋਈ ਘੜੇ ਲੋਹਾਰ ਤਰਖਾਣ, ਬਾਢੀ ਬਣਤ ਨਾ ਕੋਇ ਬਣਾਇੰਦਾ । ਆਪਣਾ ਖੇਲ ਕਰੇ ਸ੍ਰੀ ਭਗਵਾਨ, ਦੂਸਰ ਸੰਗ ਨਾ ਕੋਇ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਰਨ ਧਿਆਨ, ਨੇਤਰ ਨੈਣ ਨਾ ਕੋਇ ਉਠਾਇੰਦਾ । ਦੋ ਜਹਾਨ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਰਬ ਕੁਰਲਾਣ, ਕੂਕ ਕੂਕ ਵਾਸਤਾ ਸਰਬ ਪਾਇੰਦਾ । ਤੇਰੀ ਮਹਿਮਾ ਗਾਉਂਦੇ ਰਹੇ ਨੌਜਵਾਨ, ਕਲਮ ਸ਼ਾਹੀ ਸੰਗ ਰਖਾਇੰਦਾ । ਤੇਰਾ ਅੰਤ ਨਾ ਦਿਸਿਆ ਕਿਸੇ ਨਿਸ਼ਾਨ, ਬੇਅੰਤ ਬੇਅੰਤ ਬੇਅੰਤ ਤੇਰੀ ਸਿਫ਼ਤ ਸਰਬ ਸਲਾਹਿੰਦਾ । ਤੇਰੀ ਕੋਈ ਨਾ ਸਕਿਆ ਕਰ ਪਹਿਚਾਨ, ਤੇਰਾ ਹੁਲੀਆ ਨਾ ਕੋਇ ਛੁਪਾਇੰਦਾ । ਗੁਰ ਅਵਤਾਰ ਬਣ ਕੇ ਆਏ ਬਾਲ ਅਵਾਣ, ਜੋ ਆਇਆ ਸੋ ਤੇਰੀ ਓਟ ਤਕਾਇੰਦਾ । ਤੂੰ ਦਾਤਾ ਦਾਨੀ ਦੇਵਣਹਾਰਾ ਦਾਨ, ਅਤੋਟ ਅਤੁਟ ਵਰਤਾਇੰਦਾ । ਕਲਜੁਗ ਅੰਤ ਖੇਲ ਮਹਾਨ, ਭਗਵੰਤ ਤੇਰਾ ਭੇਵ ਕੋਇ ਨਾ ਪਾਇੰਦਾ । ਕਰ ਕਿਰਪਾ ਵਡ ਮਿਹਰਵਾਨ, ਮਿਹਰ ਨਜ਼ਰ ਮੰਗ ਮੰਗਾਇੰਦਾ । ਮੇਰੀ ਕਿਰਿਆ ਕਰਮ ਨਾ ਕੋਈ ਪਹਿਚਾਨ, ਕਲਜੁਗ ਰੋ ਰੋ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਇਕ ਧਿਆਨ, ਦੂਜੀ ਆਸ ਨਾ ਕੋਇ ਰਖਾਇੰਦਾ ।

### ✳ ੧੦ ਅੱਸੂ ੨੦੧੯ ਬਿਕ੍ਰਮੀ ਹਜ਼ੂਰਾ ਸਿੰਘ ਦੇ ਗ੍ਰਿਹਿ ਗੁਰਾਇਆ ਜ਼ਿਲਾ ਜਲੰਧਰ ✳

ਕਿਰਪਾ ਕਰ ਹਰਿ ਨਿਰੰਕਾਰ, ਕਲਜੁਗ ਅੰਤ ਰਿਹਾ ਸਮਝਾਈਆ । ਭਗਤ ਦਵਾਰਾ ਵਿਚ ਸੰਸਾਰ, ਏਕੰਕਾਰਾ ਇਕ ਜਣਾਈਆ । ਜਿਸ ਗ੍ਰਿਹਿ ਵਸੇ ਮੀਤ ਮੁਰਾਰ, ਨਿਰਗੁਣ ਦਾਤਾ ਬੇਪਰਵਾਹੀਆ । ਸਮਰਥ ਪੁਰਖ ਹੋ ਤਿਆਰ, ਤ੍ਰੈਗੁਣ ਅਤੀਤਾ ਡੇਰਾ ਲਾਈਆ । ਦੋ ਜਹਾਨਾਂ ਪਾਵੇ ਸਾਰ, ਤ੍ਰੈਭਵਨ ਖੋਜ ਖੋਜਾਈਆ । ਲੇਖਾ ਮੁਕਾਏ ਗੁਰ ਅਵਤਾਰ, ਪੂਰਬ ਕੋਇ ਰਹਿਣ ਨਾ ਪਾਈਆ । ਪੀਰ ਪੈਗ਼ੰਬਰ ਕਰੇ ਖ਼ਬਰਦਾਰ, ਨੇਤਰ


੯੭੩
੧੨

ਨੈਣ ਦਏ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਜੋ ਕਰਦਾ ਆਇਆ ਉਧਾਰ, ਕਲਜੁਗ ਲਹਿਣਾ ਦਏ ਚੁਕਾਈਆ । ਨੇਤਰ ਨੈਣਾਂ ਦਏ ਵਖਾਲ, ਬੰਦ ਤਾਕੀ ਕੁੰਡਾ ਲਾਹੀਆ । ਸਤਿਗੁਰ ਸਾਹਿਬ ਦਿਆਲ ਬਣ ਦਲਾਲ, ਜਗਤ ਦਲਾਲੀ ਇਕ ਕਮਾਈਆ । ਗੁਰਸਿਖ ਸੱਜਣ ਸਾਚੇ ਭਾਲ, ਭਲ ਆਪਣੀ ਦਏ ਵਡਿਆਈਆ । ਅੰਦਰ ਬਾਹਰ ਚਲੇ ਨਾਲ, ਜੀਵਨ ਜੁਗਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਰਿਹਾ ਜਣਾਈਆ । ਸਚ ਦਵਾਰਾ ਹਰਿ ਨਿਰੰਕਾਰ, ਏਕਾ ਏਕ ਜਣਾਇੰਦਾ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕਹਿ ਪੱਲੂ ਸਰਬ ਛੁਡਾਇੰਦਾ । ਜਿਸ ਗ੍ਰਿਹਿ ਵਸੇ ਸਿਰਜਣਹਾਰ, ਸੋ ਮੰਦਰ ਸੋਭਾ ਪਾਇੰਦਾ । ਜਿਸ ਘਰ ਦੇਵੇ ਨਾਮ ਭੰਡਾਰ, ਸਤਿ ਸਤਿਵਾਦੀ ਆਪ ਵਰਤਾਇੰਦਾ । ਜਿਸ ਮੰਦਰ ਬੋਲ ਜੈਕਾਰ, ਜੈ ਜੈਕਾਰਾ ਇਕ ਸੁਣਾਇੰਦਾ । ਜਿਸ ਆਸਣ ਬੈਠ ਸੱਚੀ ਸਰਕਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਚ ਦਵਾਰਾ ਭਗਤ ਭਗਵਾਨ, ਏਕਾ ਏਕ ਦ੍ਰਿੜਾਈਆ । ਨਿਰਗੁਣ ਨਿਰਵੈਰ ਝੁਲਾਏ ਨਿਸ਼ਾਨ, ਸਤਿ ਨਿਸ਼ਾਨਾ ਹੱਥ ਉਠਾਈਆ । ਕਰੇ ਖੇਲ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਕਰ ਹੈਰਾਨ, ਹਰਿ ਜੂ ਆਪਣੀ ਕਾਰ ਕਮਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਨਾ ਸਕੀ ਪਹਿਚਾਨ, ਬੇਪਹਿਚਾਨ ਨਜ਼ਰ ਵਿਚ ਨਾ ਆਈਆ । ਜੁਗ ਚੌਕੜੀ ਗਾ ਗਾ ਥੱਕੇ ਗਾਣ, ਗਾ ਗਾ ਗੀਤ ਨਾ ਕੋਇ ਮੁਕਾਈਆ । ਅੰਤਮ ਸਭ ਤੋਂ ਲੇਖਾ ਮੰਗੇ ਆਣ, ਭੁੱਲਿਆ ਕੋਇ ਰਹਿਣ ਨਾ ਪਾਈਆ । ਵਸਣਹਾਰਾ ਸਚ ਮਕਾਨ, ਸਾਚਾ ਮੰਦਰ ਇਕ ਸੁਹਾਈਆ । ਸੇਵਾ ਕਰੀ ਬਣ ਤਰਖਾਣ, ਬਾਢੀ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਜਣਾਈਆ । ਸਚ ਦਵਾਰਾ ਪੁਰਖ ਅਗੰਮ, ਏਕਾ ਏਕ ਜਣਾਇੰਦਾ । ਸਤਿ ਸਤਿਵਾਦੀ ਬੇੜਾ ਬੰਨ੍ਹ, ਦਰ ਸਾਚਾ ਆਪ ਖੁਲ੍ਹਾਇੰਦਾ । ਕਰ ਪਰਕਾਸ਼ ਨਿਰਗੁਣ ਚੰਨ, ਨੂਰ ਨੁਰਾਨਾ ਡਗਮਗਾਇੰਦਾ । ਭਗਤ ਭਗਵਾਨ ਗਿਆ ਮੰਨ, ਕਲਜੁਗ ਅੰਤਮ ਵੇਸ ਵਟਾਇੰਦਾ । ਦੇਵਣ ਆਇਆ ਨਾਮ ਧੰਨ, ਸਚ ਖ਼ਜ਼ਾਨਾ ਇਕ ਲੁਟਾਇੰਦਾ । ਲੇਖੇ ਲਾਏ ਜਨਣੀ ਜਣ, ਆਪਣੀ ਗੋਦ ਬਹਾਇੰਦਾ । ਨਾਤਾ ਤੁਟਾ ਪੰਜ ਤਤ ਤਨ, ਨਿਰਗੁਣ ਨਿਰਗੁਣ ਬੰਧਨ ਪਾਇੰਦਾ । ਨੱਕ ਮੂੰਹ ਨਾ ਕੋਇ ਕੰਨ, ਨੇਤਰ ਅੱਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਜਣਾਇੰਦਾ । ਸਚ ਦਵਾਰ ਸੋਭਾਵੰਤ, ਹਰਿ ਕਲਜੁਗ ਆਪ ਜਣਾਈਆ । ਜਿਸ ਗ੍ਰਿਹਿ ਵਸੇ ਨਿਰਭੌ ਕੰਤ, ਨਰਾਇਣ ਡੇਰਾ ਲਾਈਆ । ਤਿਸ ਮੰਦਰ ਮਹਿਮਾ ਅਗਣਤ, ਲੇਖਾ ਲਿਖ ਨਾ ਸਕੇ ਕੋਇ ਰਾਈਆ । ਚਰਨ ਦਵਾਰ ਰੱਖੇ ਸਾਚੇ ਸੰਤ, ਸੰਤ ਸਾਜਣ ਮੇਲ ਮਿਲਾਈਆ । ਮਾਣਸ ਜਨਮ ਬਣਾਏ ਬਣਤ, ਲੱਖ ਚੁਰਾਸੀ ਪਾਰ ਕਰਾਈਆ । ਇਕ ਪੜ੍ਹਾਏ ਸਾਚਾ ਮੰਤ, ਸੋਹੰ ਅੱਖਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਭਗਤ ਦਵਾਰ ਸਚ ਮਹੱਲਾ, ਹਰਿ ਸਾਚਾ ਸਚ ਜਣਾਇੰਦਾ । ਪਾਰਬ੍ਰਹਮ ਪ੍ਰਭ ਇਕ ਇਕੱਲਾ, ਆਦਿ ਜੁਗਾਦਿ ਬਣਾਇੰਦਾ । ਪਾਵੇ ਸਾਰ ਜਲਾ ਥਲਾ, ਸਮੁੰਦ ਸਾਗਰ ਖੋਜ ਖੋਜਾਇੰਦਾ । ਵੇਖਣਹਾਰਾ ਨਿਹਚਲ ਧਾਮ ਅਟੱਲਾ, ਅਟੱਲ ਆਪਣਾ ਨਾਉਂ ਵਡਿਆਇੰਦਾ । ਸਚ ਸੰਦੇਸਾ ਸਾਚਾ ਘੱਲਾ, ਕਲਜੁਗ ਸਿਖਿਆ ਇਕ ਸਮਝਾਇੰਦਾ । ਗੁਰਮੁਖ ਸਾਚੇ ਫੜਾਏ ਪੱਲਾ, ਬਿਨ ਗੁਰਮੁਖ ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਕੂੜ ਕੁੜਿਆਰਾ ਨੌਂ ਖੰਡ ਪ੍ਰਿਥਮੀ

ਹੋਇਆ ਝੱਲਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਵਖਾਇੰਦਾ । ਸਚ ਦਵਾਰਾ ਸਚ ਦਰਬਾਰ, ਹਰਿ ਸਾਚਾ ਸਚ ਜਣਾਈਆ । ਜਿਸ ਗ੍ਰਿਹਿ ਹਰਿ ਜੂ ਕਰੇ ਪਿਆਰ, ਭਗਤ ਭਗਵੰਤ ਆਪ ਮਿਲਾਈਆ । ਜਿਸ ਮੰਦਰ ਖੋਲ੍ਹ ਕਿਵਾੜ, ਆਪਣਾ ਕੁੰਡਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਮੰਦਰ ਦਏ ਸਮਝਾਈਆ । ਸਾਚਾ ਮੰਦਰ ਸਾਢੇ ਤਿੰਨ ਹੱਥ, ਹਰਿ ਸਤਿਗੁਰ ਆਪ ਜਣਾਇਆ । ਅੰਦਰ ਵੜ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇਆ । ਨਿਰਗੁਣ ਸਰਗੁਣ ਪਾਏ ਨੱਥ, ਡੋਰੀ ਆਪਣੇ ਹੱਥ ਰਖਾਇਆ । ਦਿਵਸ ਰੈਣ ਏਕਾ ਨਾਮ ਰੱਟ, ਰਸਨਾ ਜਿਹਵਾ ਏਕਾ ਗੁਣ ਵਖਾਇਆ । ਅੰਤਰ ਬਾਹਰ ਖੋਲ੍ਹ ਹੱਟ, ਸਾਚੀ ਵਸਤ ਆਪ ਵਿਕਾਇਆ । ਕਰ ਪਰਕਾਸ਼ ਲਟ ਲਟ, ਅੰਧ ਅੰਧੇਰ ਮਿਟਾਇਆ । ਨਾਮ ਅਮੋਲਕ ਏਕਾ ਘੱਤ, ਸਚ ਭੰਡਾਰਾ ਆਪ ਭਰਾਇਆ । ਲੇਖੇ ਲਾਏ ਰੱਤੀ ਰੱਤ, ਨਾੜ ਬਹੱਤਰ ਨਾ ਕੋਇ ਤਪਾਇਆ । ਬੀਜ ਬੀਜੇ ਸਾਚੇ ਵਤ, ਅੰਮ੍ਰਿਤ ਫਲ ਆਪ ਵਖਾਇਆ । ਆਤਮ ਪਰਮਾਤਮ ਦੇਵੇ ਬ੍ਰਹਮ ਮਤ, ਮਨਮਤ ਦਏ ਗਵਾਇਆ । ਸਤਿ ਸੰਤੋਖ ਦੇਵੇ ਧੀਰਜ ਜਤ, ਸਾਂਤਕ ਸਤਿ ਸਤਿ ਕਰਾਇਆ । ਕੂੜੀ ਕਿਰਿਆ ਦੇਵੇ ਮਥ, ਨਾਮ ਮਧਾਣਾ ਹੱਥ ਉਠਾਇਆ । ਹਉਮੇ ਹੰਗਤਾ ਬੁਰਜ ਰਿਹਾ ਢੱਠ, ਉਚਾ ਟਿੱਲਾ ਰਹਿਣ ਨਾ ਪਾਇਆ । ਚਰਨ ਦਵਾਰ ਬਣਾਏ ਅਠਸਠ, ਸਰ ਸਰੋਵਰ ਮਾਣ ਮਿਟਾਇਆ । ਜਨ ਭਗਤਾਂ ਮਾਰਗ ਆਪਣਾ ਦੱਸ, ਦਹਿ ਦਿਸ਼ਾ ਪੰਧ ਚੁਕਾਇਆ । ਘਰ ਮੰਦਰ ਸਾਚੇ ਆਪੇ ਵਸ, ਨਿਰਗੁਣ ਮੇਲਾ ਮੇਲ ਮਿਲਾਇਆ । ਜਨਮ ਜੁਗ ਦੀ ਪੂਰੀ ਕਰ ਆਸ, ਆਸਾ ਤ੍ਰਿਸਨਾ ਦਏ ਗਵਾਇਆ । ਕਰੀ ਭਗਤਾਂ ਬੰਦ ਖੁਲਾਸ, ਤੇਰਾ ਬੰਦੀਖਾਨਾ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਸੁਣ ਨਿਰੰਕਾਰ, ਕਲਜੁਗ ਨਿਉਂ ਨਿਉਂ ਸੀਸ ਝੁਕਾਇੰਦਾ । ਮੈਂ ਜਾਵਾਂ ਅੰਤਮ ਵਾਰ, ਦਰ ਦਰ ਖੋਜ ਖੋਜਾਇੰਦਾ । ਚਰਨ ਧੂੜੀ ਮੰਗਾਂ ਛਾਰ, ਨਿਉਂ ਨਿਉਂ ਮਸਤਕ ਟਿੱਕਾ ਲਾਇੰਦਾ । ਦੋਏ ਜੋੜ ਕਰਾਂ ਪੁਕਾਰ, ਰਸਨਾ ਜਿਹਵਾ ਵਾਸਤਾ ਪਾਇੰਦਾ । ਕਲਜੁਗ ਅੰਤਮ ਗਿਆ ਹਾਰ, ਬਲਹੀਣ ਬਲ ਨਾ ਕੋਇ ਰਖਾਇੰਦਾ । ਚਾਰੋਂ ਕੁੰਟ ਨਾਤਾ ਤੁਟਾ ਸਰਬ ਸੰਸਾਰ, ਸਗਲਾ ਸੰਗ ਨਾ ਕੋਇ ਰਖਾਇੰਦਾ । ਚਾਰ ਵੇਦ ਗਏ ਹਾਰ, ਚਾਰ ਵਰਨ ਮੁਖ ਭੁਵਾਇੰਦਾ । ਚਾਰ ਯਾਰੀ ਹੋਈ ਖੁਵਾਰ, ਚਾਰ ਖਾਣੀ ਸੰਗ ਨਾ ਕੋਇ ਨਿਭਾਇੰਦਾ । ਚਾਰੇ ਬਾਣੀ ਮਾਰੇ ਮਾਰ, ਪਾਰਬ੍ਰਹਮ ਨਾ ਕੋਇ ਮਿਲਾਇੰਦਾ । ਮੈਂ ਫਿਰ ਫਿਰ ਗਿਆ ਹਾਰ, ਹਰਿ ਕਾ ਰਾਹ ਨਾ ਕੋਇ ਵਖਾਇੰਦਾ । ਅਵਗੁਣ ਭਰਿਆ ਸਰਬ ਸੰਸਾਰ, ਗੁਣ ਨਜ਼ਰ ਕੋਇ ਨਾ ਆਇੰਦਾ । ਸਾਧ ਸੰਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਸਰਬ ਵਹਾਇੰਦਾ । ਉਚੀ ਕੂਕ ਕੂਕ ਕਰਨ ਪੁਕਾਰ, ਦੋਏ ਜੋੜ ਜੋੜ ਵਾਸਤਾ ਸਰਬ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਗ੍ਰਿਹਿ ਗੁਰਮੁਖ ਡੇਰਾ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਰਾਲਾ, ਅਚਰਜ ਆਪਣਾ ਖੇਲ ਰਚਾਈਆ । ਕਲਜੁਗ ਅੰਤਮ ਹੋ ਉਜਾਲਾ, ਨੂਰ ਨੁਰਾਨਾ ਨੂਰ ਦਰਸਾਈਆ । ਪਰਗਟ ਹੋ ਗੁਰ ਗੋਪਾਲਾ, ਗੋਬਿੰਦ ਆਪਣੀ ਧਾਰ ਜਣਾਈਆ । ਇਕ ਵਖਾਏ ਸੱਚੀ ਧਰਮਸਾਲਾ, ਜਿਸ ਗ੍ਰਿਹਿ ਆਪਣਾ ਚਰਨ ਟਿਕਾਈਆ । ਮਨ ਕਾ ਮਣਕਾ ਫੇਰੇ ਮਾਲਾ, ਤਸਬੀ ਹੱਥ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਜਗਤ ਜਗਾਈਆ । ਲੇਖਾ ਜਾਣ ਸ਼ਾਹ ਕੰਗਾਲਾ, ਗ਼ਰੀਬ ਨਿਮਾਣੇ ਰਿਹਾ ਉਠਾਈਆ । ਦੇਵੇ


੬੭੫
੧੨

ਨਾਮ ਸੱਚਾ ਧਨ ਮਾਲਾ, ਧਨ ਇਕੋ ਇਕ ਲੁਟਾਈਆ । ਕਰੇ ਕਰਾਏ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਸਾਚਾ ਭੇਵ ਹਰਿ ਜੂ ਦੱਸੇ, ਸਚਖੰਡ ਵਾਸੀ ਦਇਆ ਕਮਾਇੰਦਾ । ਕਲਜੁਗ ਕਿਰਿਆ ਵੇਖ ਵੇਖ ਹੱਸੇ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਹੋਇਆ ਮਾਤਮ ਅੰਧੇਰੀ ਮੱਸੇ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਪੀਰ ਪੈਗ਼ੰਬਰ ਫਿਰਨ ਨੱਠੇ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਲੇਖਾ ਮੰਗਣ ਹੱਥੋ ਹੱਥੇ, ਦੋਏ ਹੱਥ ਸਰਬ ਉਠਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚਾ ਮਾਰਗ ਸਭ ਨੂੰ ਦੱਸੇ, ਇਕੋ ਅੱਖਰ ਆਪ ਪੜ੍ਹਾਇੰਦਾ । ਕਲਜੁਗ ਅੰਤਮ ਹਰਿ ਨਿਰੰਕਾਰ ਕਿਰਪਾ ਧਾਰ ਭਗਤ ਦਵਾਰੇ ਆਪੇ ਵਸੇ, ਦੂਸਰ ਮੰਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਨਾ ਕੋਈ ਮੰਦਰ ਨਾ ਕੋਈ ਮੱਠ, ਸ਼ਿਵਦਵਾਲਾ ਨਾ ਕੋਏ ਜਣਾਇੰਦਾ । ਕਲਜੁਗ ਅੰਤਮ ਖੇੜਾ ਭੱਠ, ਭੱਠ ਖੇੜਾ ਆਪ ਵਖਾਇੰਦਾ । ਪੁਰਖ ਅਕਾਲ ਹੋ ਪਰਗਟ, ਪਰਗਟ ਆਪਣੀ ਧਾਰ ਚਲਾਈਆ । ਦੋ ਜਹਾਨਾਂ ਖੋਲ੍ਹੇ ਹੱਟ, ਬਣ ਵਣਜਾਰਾ ਫੇਰਾ ਪਾਈਆ । ਲੇਖਾ ਜਾਣ ਅਠਸਠ, ਤੀਰਥ ਤਟ ਨਾ ਕੋਇ ਦਰਸਾਈਆ । ਨਿਰਮਲ ਜੋਤ ਜੱਗੇ ਲਟ ਲਟ, ਨੂਰੋ ਨੂਰ ਨੂਰ ਰੁਸ਼ਨਾਈਆ । ਦੁਰਮਤ ਮੈਲ ਦੇਵੇ ਕੱਟ, ਗੁਰਮੁਖ ਸਾਚੇ ਲਏ ਉਠਾਈਆ । ਵਸਤ ਅਮੋਲਕ ਅੰਦਰ ਦੇਵੇ ਘਤ, ਬੰਦ ਤਾਕੀ ਕੁੰਡਾ ਲਾਹੀਆ । ਮੇਲ ਮਿਲਾਏ ਕਮਲਾਪਤ, ਕਵਲ ਨੈਣ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵੇਸ ਵਟਾਈਆ । ਭਗਤ ਭਗਵੰਤ ਵੇਸ ਅਪਾਰਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਕਲਜੁਗ ਉਠ ਵੇਖ ਖੇਲ ਨਿਆਰਾ, ਨਿਰਗੁਣ ਕਰਤਾ ਆਪ ਕਰਾਇੰਦਾ । ਚਲ ਕੇ ਮੰਗ ਇਕ ਦਵਾਰਾ, ਦਾਤੀ ਭਿਛਿਆ ਆਪ ਵਰਤਾਇੰਦਾ । ਕਾਗਦ ਕਲਮ ਸ਼ਾਹੀ ਰੋਵਣ ਜ਼ਾਰੋ ਜ਼ਾਰਾ, ਲੇਖਾ ਹੱਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਤ ਆਪ ਦ੍ਰਿੜਾਇੰਦਾ । ਸਾਚੀ ਮਤ ਸੁਣ ਲੈ ਕੰਨ, ਬਿਨ ਕੰਨਾਂ ਆਪ ਸੁਣਾਈਆ । ਚਲ ਕੇ ਔਣਾ ਬਿਨ ਤਨ, ਬਿਨ ਤਤਵ ਦਏ ਮਿਲਾਈਆ । ਭਰਮ ਭੁਲੇਖਾ ਕੱਢੇ ਜਨ, ਭਰਮ ਭੌ ਨਾ ਕੋਇ ਵਡਿਆਈਆ । ਕਰੇ ਪਰਕਾਸ਼ ਨੇਤਰ ਅੰਨ੍ਹ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਸੱਚਾ ਸਚ ਜਣਾਇੰਦਾ । ਜਿਸ ਲੇਖਾ ਤੇਰਾ ਦਿਤਾ ਲਿਖ, ਸੋ ਅੰਤਮ ਮੇਟ ਮਿਟਾਇੰਦਾ । ਜਨ ਭਗਤ ਦਵਾਰੇ ਮਿਲੇ ਭਿਖ, ਦੂਜਾ ਮੰਦਰ ਨਾ ਕੋਇ ਸੁਹਾਇੰਦਾ । ਚਰਨ ਦਵਾਰ ਹਰਿ ਨਿਰੰਕਾਰ ਜਾ ਜਾ ਪੇਖ, ਪੇਖ ਪੇਖ ਤੇਰਾ ਦੁੱਖ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਸਾਚਾ ਰਾਹ ਇਕੋ ਏਕ, ਏਕੰਕਾਰਾ ਆਪ ਜਣਾਈਆ । ਭਗਤ ਭਗਵਾਨ ਕਰੇ ਹੇਤ, ਨਿਤ ਨਵਿਤ ਵੇਸ ਵਟਾਈਆ । ਰੁੱਤ ਸੁਹੰਜਣੀ ਵੇਖੇ ਚੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਕਲਜੁਗ ਅੰਤਮ ਮੌਲਿਆ ਖੇਤ, ਖ਼ਿਜ਼ਾਂ ਰੁੱਤ ਨੈਣ ਉਠਾਈਆ । ਕੋਈ ਨਾ ਰੱਖੇ ਸਾਇਆ ਹੇਠ, ਅਗਨੀ ਤਤ ਰਹੀ ਤਪਾਈਆ । ਆਦਿ ਅੰਤ ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਪਾਇਆ ਪ੍ਰਭ ਕਾ ਭੇਤ, ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਕਲਜੁਗ ਅੰਤਮ ਖੇਡਣ ਆਇਆ ਖੇਡ, ਨਿਰਗੁਣ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਆਪਣੇ ਅੰਤਰ ਲਏ ਲਪੇਟ, ਪਰਦਾ ਕੋਇ ਨਾ ਸਕੇ

੯੭੬
੧੨

ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸੋ, ਸੋ ਸਾਹਿਬ ਸਤਿਗੁਰ ਆਇਆ । ਸਤਿ ਸਤਿਵਾਦੀ ਆਪੇ ਹੋ, ਹਰਿ ਆਪਣਾ ਖੇਲ ਰਚਾਇਆ । ਨਰ ਨਿਰੰਕਾਰਾ ਢੋਆ ਢੋ, ਦੋ ਜਹਾਨਾਂ ਵੇਖ ਵਖਾਇਆ । ਆਦਿ ਨਿਰੰਜਣ ਕਰ ਕਰ ਲੋ, ਪਰਕਾਸ਼ ਪਰਕਾਸ਼ ਰਿਹਾ ਮਿਲਾਇਆ । ਅਬਿਨਾਸ਼ੀ ਕਰਤਾ ਕਰ ਕਰ ਮੋਹ, ਪ੍ਰੇਮ ਪਿਆਰ ਇਕ ਵਧਾਇਆ । ਸ੍ਰੀ ਭਗਵਾਨ ਅੱਗੇ ਹੋ, ਹਰਿਜਨ ਹਰਿ ਜੂ ਰਿਹਾ ਉਠਾਇਆ । ਪਾਰਬ੍ਰਹਮ ਪ੍ਰਭ ਅੰਮ੍ਰਿਤ ਰਸ ਨਿਝਰ ਝਿਰਨਾ ਚੋ, ਰਸ ਅੰਮ੍ਰਿਤ ਮੁਖ ਚੁਆਇਆ । ਹੰ ਬ੍ਰਹਮ ਸੁਣਾਏ ਆਪਣੀ ਸੋ, ਸੋਹੰ ਆਪਣਾ ਰੂਪ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪਣੇ ਹੱਥ ਰਖਾਇਆ ।

### ✳ ੧੦ ਅੱਸੂ ੨੦੧੯ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹ ਲੁਧਿਆਣਾ ✳

ਦੋਏ ਜੋੜ ਕਰ ਨਿਮਸਕਾਰ, ਕਲਜੁਗ ਚਰਨੀ ਸੀਸ ਨਿਵਾਇੰਦਾ । ਸੋ ਪੁਰਖ ਨਿਰੰਜਣ ਤੇਰਾ ਸਚ ਦਰਬਾਰ, ਦੋ ਜਹਾਨਾਂ ਇਕੋ ਨਜ਼ਰੀ ਆਇੰਦਾ । ਹਰਿ ਪੁਰਖ ਨਿਰੰਜਣ ਤੇਰਾ ਸਤਿ ਪਸਾਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਏਕੰਕਾਰ ਤੇਰਾ ਵਿਹਾਰ, ਬਿਵਹਾਰੀ ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਤੇਰਾ ਉਜਿਆਰ, ਲੱਖ ਚੁਰਾਸੀ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਤੇਰਾ ਨਿਸ਼ਾਨ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਮਨਾਇੰਦਾ । ਅਬਿਨਾਸ਼ੀ ਕਰਤੇ ਤੇਰਾ ਦਾਨ, ਸਾਧ ਸੰਤ ਝੋਲੀ ਡਾਹਿੰਦਾ । ਪਾਰਬ੍ਰਹਮ ਤੇਰਾ ਖੇਲ ਮਹਾਨ, ਮਹਿਮਾ ਕਥ ਨਾ ਕੋਇ ਸੁਣਾਇੰਦਾ । ਸਚਖੰਡ ਖੇਲ ਕਰੇ ਸ੍ਰੀ ਭਗਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਏਕਾ ਨਾਉਂ ਵਡਿਆਇੰਦਾ । ਧੁਰਦਰਗਾਹੀ ਸਚ ਸੰਦੇਸਾ ਦੇ ਫ਼ਰਮਾਣ, ਨਾਦ ਅਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਆਪਣਾ ਘਰ, ਦੂਜਾ ਦਰ ਨਾ ਕੋਇ ਜਣਾਇੰਦਾ । ਕਲਜੁਗ ਵੇਖ ਹਰਿ ਦਰਬਾਰਾ, ਨੇਤਰ ਨੈਣਾਂ ਨੀਰ ਵਹਾਈਆ । ਬੇਅੰਤ ਬੇਪਰਵਾਹ ਤੇਰਾ ਖੇਲ ਨਿਆਰਾ, ਖ਼ਾਲਕ ਖ਼ਲਕ ਵਡੀ ਵਡਿਆਈਆ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਦੇਵੇ ਅੰਤ ਨਾ ਕੋਇ ਗਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਜੁਗ ਜੁਗ ਆ ਆ ਗੌਂਦੇ ਰਹੇ ਤੇਰੀ ਵਾਰਾ, ਵਾਰਤਾ ਤੇਰੀ ਨਾ ਕਿਸੇ ਜਣਾਈਆ । ਤੇਰਾ ਨਾਮ ਸੰਦੇਸਾ ਦੇਂਦੇ ਰਹੇ ਇਸ਼ਾਰਾ, ਆਦਿ ਅੰਤ ਨਾ ਕੋਇ ਵਖਾਈਆ । ਜੁਗ ਚੌਕੜੀ ਕੱਢਦੇ ਗਏ ਵਗਾਰਾ, ਹੁਕਮੇ ਅੰਦਰ ਸੇਵਕ ਸੇਵਾ ਲੈਣ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਓਟ ਨਾ ਕੋਇ ਤਕਾਈਆ । ਸ਼ਹਿਨਸ਼ਾਹ ਤੇਰਾ ਦਰ ਦਰਵਾਜ਼ਾ, ਦਰਗਹਿ ਸਾਚੀ ਨਜ਼ਰੀ ਆਇੰਦਾ । ਆਦਿ ਜੁਗਾਦੀ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਜੁਗਾ ਜੁਗੰਤਰ ਰਚ ਰਚ ਕਾਜਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਬੋਧ ਅਗਾਧ ਅਗੰਮੀ ਵਾਜਾ, ਸ਼ਬਦ ਅਨਾਦੀ ਰਾਗ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਜਾ, ਤ੍ਰੈ ਪੰਜ ਜੋੜ ਜੁੜਾਇੰਦਾ । ਗੁਰ ਅਵਤਾਰ ਕਰ ਕਰ ਮੇਲਾ ਸੰਤ ਸੁਭਾਗਾ, ਸੇਜ ਸੁਹੰਜਣੀ ਆਪ ਹੰਢਾਇੰਦਾ । ਅੰਦਰ ਬਾਹਰ ਆਤਮ ਪਰਮਾਤਮ ਚਲਾਏ


੯੭੭
੧੨

੯੭੮
੧੨

ਜਹਾਜ਼ਾ, ਖੇਵਟ ਖੇਟਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਇੰਦਾ । ਤੇਰਾ ਦਰਬਾਰ ਸਚ ਮੁਨਾਰਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਮੈਂ ਆਪਾ ਕਰਿਆ ਖ਼ਾਕ ਮੰਗਾਂ ਚਰਨ ਧੂੜੀ ਛਾਰਾ, ਮਸਤਕ ਧੂੜੀ ਇਕ ਰਮਾਈਆ । ਨੇਤਰ ਨੈਣ ਵੇਖਿਆ ਅਖਾੜਾ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਨਾਤਾ ਤੁਟਿਆ ਗੁਰ ਅਵਤਾਰਾ, ਅੰਤਮ ਸੰਗ ਨਾ ਕੋਇ ਨਿਭਾਈਆ । ਭਗਤ ਕਰ ਕਰ ਬੈਠੇ ਕਿਨਾਰਾ, ਮੰਝਧਾਰ ਨਾ ਕੋਇ ਵੇਖ ਵਖਾਈਆ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰਾ, ਉਚੀ ਕੂਕ ਕੂਕ ਸੁਣਾਈਆ । ਵੇਦ ਸ਼ਾਸਤਰ ਅੰਤਮ ਹਾਰਾ, ਹਰਿ ਕਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸੱਚਾ ਘਰ, ਘਰ ਤੇਰੇ ਵਡ ਵਡਿਆਈਆ । ਕਲਜੁਗ ਵੇਖ ਸਚ ਦਰਬਾਰ, ਧੁਰਦਰਗਾਹੀ ਸੀਸ ਨਿਵਾਇੰਦਾ । ਕਲਜੁਗ ਅੰਤਮ ਮੇਰੀ ਧਾਰ, ਤੇਰਾ ਨੂਰ ਤੇਰੇ ਵਿਚ ਸਮਾਇੰਦਾ । ਛੋਟੇ ਸੁਤ ਕਰ ਪਿਆਰ, ਅਬਿਨਾਸ਼ੀ ਅਚੁੱਤ ਮੰਗ ਮੰਗਾਇੰਦਾ । ਗੋਬਿੰਦ ਦਿਤਾ ਇਕ ਅਧਾਰ, ਨਾਨਕ ਜੋਤੀ ਜੋਤ ਜਗਾਇੰਦਾ । ਚੋਟੀ ਚੜ੍ਹ ਆਪ ਨਿਰੰਕਾਰ, ਸਚਖੰਡ ਸਾਚੇ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰਬਾਰੇ ਮੰਗ ਮੰਗਾਇੰਦਾ । ਸਚ ਦਰਬਾਰੇ ਇਕੋ ਮੰਗ, ਪ੍ਰਭ ਏਕਾ ਵਾਰ ਮੰਗ ਮੰਗਾਈਆ । ਕੂੜੀ ਕਿਰਿਆ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਤੁਧ ਬਿਨ ਹੋਇਆ ਭਾਗ ਮੰਦ, ਮੇਰੀ ਕੀਮਤ ਕੋਇ ਨਾ ਪਾਈਆ । ਜੂਠ ਝੂਠ ਗਾਇਆ ਛੰਦ, ਲੱਖ ਚੁਰਾਸੀ ਰਾਗ ਸੁਣਾਈਆ । ਨਵ ਨੌਂ ਖੰਡ ਪ੍ਰਿਥਮੀ ਰਚਾ ਖੇਲ ਭੇਖ ਪਖੰਡ, ਮਾਇਆ ਮਮਤਾ ਨਾਲ ਰਲਾਈਆ । ਜੀਵ ਜੰਤ ਨਾਰ ਦੁਹਾਗਣ ਜਗਤ ਰੰਡ, ਹਰਿ ਕੰਤ ਸੇਜ ਨਾ ਕੋਇ ਸੁਹਾਈਆ । ਰਸਨਾ ਜਿਹਵਾ ਕੋਇ ਨਾ ਗਾਏ ਬੱਤੀ ਦੰਦ, ਬੱਤੀ ਧਾਰ ਨਾ ਕੋਇ ਬਖ਼ਸ਼ਾਈਆ । ਆਤਮ ਪਰਮਾਤਮ ਹੋਈ ਅੰਧ, ਦੂਈ ਪਰਦਾ ਨਾ ਕੋਇ ਉਠਾਈਆ । ਮਨਮਤ ਚਾਰ ਕੁੰਟ ਪਾਏ ਡੰਡ, ਗੁਰਮਤ ਬੈਠੀ ਡੇਰਾ ਢਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਚੰਡ ਪਰਚੰਡ, ਕੰਚਨ ਗੜ੍ਹ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਿਨ ਤੁਧ ਅੰਗ ਨਾ ਕੋਇ ਸੁਹਾਈਆ । ਸਚ ਤੇਰਾ ਦਰਬਾਰ ਬੇਅੰਤ ਬੇਅੰਤ ਬੇਅੰਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪ੍ਰਿਤਪਾਲ ਨਿਧਾਨਾ ਆਇਆ ਮੰਗਤ, ਦਰ ਦਰਵੇਸ਼ ਫੇਰਾ ਪਾਈਆ । ਗੜ੍ਹ ਤੁਟਾ ਮਾਣ ਹੰਗਤ, ਅਭਿਮਾਨ ਕੋਇ ਰਹਿਣ ਨਾ ਪਾਈਆ । ਮੇਰਾ ਬਲ ਹੋਇਆ ਖੰਡਤ, ਬੁਧ ਬੈਠੀ ਰਹੀ ਕੁਰਲਾਈਆ । ਚੌਥੇ ਜੁਗ ਕੋਈ ਨਾ ਸਾਥੀ ਬਣਿਆ ਪੰਡਤ, ਮੁੱਲਾਂ ਸ਼ੇਖ਼ ਪੱਲੂ ਗਏ ਛੁਡਾਈਆ । ਪੀਰ ਪੈਗ਼ੰਬਰ ਹੋਏ ਨੰਗਤ, ਸਚ ਦੋਸ਼ਾਲਾ ਹੱਥ ਨਾ ਕੋਇ ਫੜਾਈਆ । ਨਾਤਾ ਤੁਟਾ ਜੇਰਜ ਅੰਡਤ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਮਿਲੇ ਸੀਰ ਨਾ ਜਮਨਾ ਸੁਰਸਤੀ ਗੋਦਾਵਰੀ ਗੰਗਤ, ਗੰਗਾ ਬੈਠੀ ਮੁਖ ਭੁਆਈਆ । ਨਾਮ ਨਿਧਾਨ ਨਾ ਚੜ੍ਹਾਏ ਕੋਇ ਰੰਗਤ, ਕੂੜੀ ਕਿਰਿਆ ਸਭ ਤੇ ਪਰਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਤੇਰਾ ਸਚ ਦਵਾਰ ਹਉਂ ਦਰਵੇਸ਼, ਬਣ ਪਾਂਧੀ ਫੇਰਾ ਪਾਇਆ । ਤੂੰ ਸ਼ਾਹ ਸੱਚਾ ਨਰੇਸ਼, ਸ਼ਹਿਨਸ਼ਾਹ ਤੇਰੀ ਵਡਿਆਇਆ । ਕੋਟਨ ਕੋਟ ਦਰ ਖੜੇ ਵਿਸ਼ਨ ਬ੍ਰਹਮਾ ਮਹੇਸ਼ ਗਣੇਸ਼, ਬੈਠੇ ਸੀਸ ਝੁਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਕਿਸੇ ਨਾ ਚਲੇ ਕੋਈ ਪੇਸ਼, ਨੇਤਰ ਨੈਣ ਸਰਬ ਸ਼ਰਮਾਇਆ । ਦੋਏ ਜੋੜ ਜੋੜ ਕਰਨ ਸਰਬ

ਆਦੇਸ਼, ਦੇਸ ਦਿਸੰਤਰ ਵੇਖ ਵਖਾਇਆ । ਤੇਰਾ ਰੂਪ ਰੰਗ ਨਾ ਕੋਇ ਰੇਖ, ਭੇਖ ਹਰ ਘਟ ਆਪ ਕਰਾਇਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੂੰਡ ਮੁੰਡਾਇਆ । ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਸੇਵਾ ਲਾਇਆ । ਸਤਿਜੁਗ ਤ੍ਰੇਤਾ ਦੁਆਪਰ ਕਰ ਕਿਰਪਾ ਲਏ ਵੇਖ, ਮੇਰਾ ਵੇਲਾ ਅੰਤਮ ਆਇਆ । ਮੇਰਾ ਸੁੰਞਾ ਹੋਇਆ ਖੇਤ, ਤੁਧ ਬਿਨ ਹੋਏ ਨਾ ਕੋਇ ਸਹਾਇਆ । ਮੇਰੀ ਬਾਲੂ ਕੰਧ ਕੱਲਰ ਰੇਤ, ਮੇਰਾ ਕਰਮ ਰਿਹਾ ਢਾਹਿਆ । ਤੇਰੇ ਨਾਉਂ ਨਾ ਕਰਿਆ ਹੇਤ, ਕੂੜੀ ਕਿਰਿਆ ਬੰਧਨ ਪਾਇਆ । ਤੁਧ ਬਿਨ ਕਿਸੇ ਨਾ ਦੱਸਿਆ ਤੇਰਾ ਭੇਤ, ਚੌਦਾਂ ਵਿਦਿਆ ਪੜ੍ਹ ਪੜ੍ਹ ਹੋਇਆ ਹਲਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿੱਕੇ ਨਿੱਕੇ ਬਾਲੇ ਮੇਰੇ ਵਿਚ ਖੇਡਾਂ ਗਏ ਖੇਡ, ਮੈਂ ਆਪਣੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਦਰ ਤੇਰੇ ਸੀਸ ਗਿਆ ਝੁਕ, ਮੇਰੇ ਸਾਹਿਬ ਸੱਚੇ ਸੁਲਤਾਨਾ । ਮੇਰਾ ਅੰਤਮ ਪੈਂਡਾ ਰਿਹਾ ਮੁੱਕ, ਏਕਾ ਦੱਸ ਸਚ ਨਿਸ਼ਾਨਾ । ਕਰ ਕਿਰਪਾ ਗੋਦੀ ਚੁੱਕ, ਆਦਿ ਜੁਗਾਦਿ ਵਡ ਮਿਹਰਵਾਨਾ । ਚੌਦਾਂ ਸਦੀਆਂ ਰਿਹਾ ਲੁਕ, ਦੱਸਦਾ ਰਿਹੋਂ ਨਾਮ ਨਿਸ਼ਾਨਾ । ਅੰਤਰਜਾਮੀ ਕਿਰਪਾ ਕਰਕੇ ਆਪੇ ਉਠ, ਆਪ ਬਣ ਮਰਦ ਮਰਦਾਨਾ । ਨੇਤਰ ਵੇਖਾਂ ਗੋਬਿੰਦ ਸੁਤ, ਪਰਮ ਪੁਰਖ ਸ਼ਾਹ ਸੁਲਤਾਨਾ । ਤੇਰਾ ਨਾਉਂ ਅਬਿਨਾਸ਼ੀ ਅਚੁੱਤ, ਚੇਤਨ ਤੇਰਾ ਖੇਲ ਮਹਾਨਾ । ਮੇਰੀ ਅੰਤਮ ਹੋਈ ਰੁੱਤ, ਸਚ ਦਿਸੇ ਨਾ ਕੋਈ ਨਿਸ਼ਾਨਾ । ਆਪਣੀ ਹੱਥੀਂ ਬੂਟਾ ਪੁੱਟ, ਫੇਰ ਲਗੇ ਨਾ ਵਿਚ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੇਰੇ ਚਰਨ ਰਹੇ ਧਿਆਨਾ । ਸਚ ਦਰਬਾਰ ਮੰਗੀ ਮੰਗ, ਦੋਏ ਜੋੜ ਸ਼ਰਨਾਈਆ । ਮੇਰਾ ਦੁਖੀ ਹੋਇਆ ਅੰਗ ਅੰਗ, ਮੇਰਾ ਤਨ ਦਰਦਾਂ ਦਰਦ ਭਰਾਈਆ । ਅੰਤ ਦਿਸੇ ਨਾ ਕੋਇ ਸੰਗ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਮੇਰੀ ਕਰਨੀ ਮੇਰੇ ਨਾਲ ਗਈ ਹੰਢ, ਨਾ ਕੋਈ ਸਕੇ ਪਾਰ ਕਰਾਈਆ । ਨਾ ਕੋਈ ਰਾਗ ਸਿਤਾਰ ਨਾ ਕੋਈ ਤੰਦੀ ਤੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਪੁਰਖ ਅਬਿਨਾਸ਼ੀ ਦਇਆਵਾਨ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਸੁਣ ਸੰਦੇਸਾ ਸਾਚੇ ਕਾਨ, ਹਰਿ ਸਤਿਗੁਰ ਆਪ ਸੁਣਾਇੰਦਾ । ਕਲਜੁਗ ਤੇਰਾ ਖੇਲ ਵੇਖਿਆ ਜਹਾਨ, ਜੀਵ ਜਗਤ ਖੋਜ ਖੋਜਾਇੰਦਾ । ਨੌਂ ਖੰਡ ਪ੍ਰਿਥਮੀ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਪੜ੍ਹ ਪੜ੍ਹ ਥੱਕੇ ਮੁੱਲਾ ਸ਼ੇਖ਼ ਮਸਾਇਕ ਪੰਡਤ ਬਾਲੀ ਬੁਧ ਅਵਾਣ, ਬੋਧ ਗਿਆਨ ਨਾ ਕੋਇ ਦ੍ਰਿੜਾਇੰਦਾ । ਅੰਤਰ ਆਤਮ ਨਾ ਕਰੇ ਕੋਇ ਧਿਆਨ, ਧਿਆਨ ਧਿਆਨ ਨਾ ਕੋਇ ਰਖਾਇੰਦਾ । ਨਾਤਾ ਤੁਟੇ ਨਾ ਪਵਣ ਮਸਾਣ, ਪਵਣ ਉਣੰਜਾ ਨਾ ਮੋਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਆਪ ਸਮਝਾਇੰਦਾ । ਸਾਚਾ ਵਰ ਸਾਚਾ ਦਰ ਸਾਚਾ ਘਰ ਸਾਚਾ ਨਰ, ਹਰਿ ਸੱਚਾ ਸਚ ਜਣਾਇੰਦਾ । ਕਲਜੁਗ ਅੰਤਮ ਖੇਲ ਕਰ ਤੇਰਾ ਲੇਖਾ ਤੇਰੇ ਅੱਗੇ ਦੇਵੇ ਧਰ, ਧਰਨੀ ਧਰਤ ਧਵਲ ਖੋਜ ਖੋਜਾਇੰਦਾ । ਤੇਈ ਅਵਤਾਰ ਲਏ ਫੜ, ਭਗਤ ਅਠਾਰਾਂ ਨਾਲ ਜੜ, ਈਸਾ ਮੂਸਾ ਮੁਹੰਮਦ ਸੰਗ ਰਲਾਇੰਦਾ । ਦਸ ਗੁਰ ਵਖਾਏ ਘਰ, ਪੁਰਖ ਅਬਿਨਾਸ਼ੀ ਨਰਾਇਣ ਨਰ, ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਭਾਣਾ ਲੈਣਾ ਜਰ, ਨਿਰਭੌ ਚੁਕਾਏ ਭੈ ਡਰ, ਵੇਖਣਹਾਰਾ ਦੋ ਜਹਾਨਾਂ ਖੜ, ਖੰਡਾਂ ਖੜਗ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਕਲਜੁਗ ਕਰਨੀ ਆਪ ਜਣਾਈਆ । ਤੇਰੇ ਗਾਤਰੇ ਵਿਚੋਂ ਖਿਚ ਤੇਰੀ ਕਿਰਪਾਨ, ਕਿਰਪਾ ਨਿਧ ਲਏ ਚਮਕਾਈਆ । ਲੱਖ ਚੁਰਾਸੀ ਮੇਟੇ ਤ੍ਰਿਸਨਾ ਭੁੱਖ ਪੀਣ ਖਾਣ, ਆਲਸ ਨਿੰਦਰਾ ਦਏ ਗੁਆਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਅੰਡਜ ਜੇਰਜ ਉਤਭੁਜ ਸੇਤਜ ਡੂੰਘੇ ਸਾਗਰ ਫੋਲ ਫੋਲਾਈਆ । ਸਚ ਦਵਾਰਾ ਇਕ ਮਕਾਨ, ਜਿਥੇ ਵਸੇ ਸ੍ਰੀ ਭਗਵਾਨ, ਦੀਵਾ ਬਾਤੀ ਨਾ ਕੋਇ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਚ ਟਿਕਾਣਾ ਦੱਸੇ ਮਾਤ, ਹਰਿ ਸਤਿਗੁਰ ਦਇਆ ਕਮਾਇੰਦਾ । ਜਿਸ ਘਰ ਨਾ ਕੋਈ ਜਮਾਤ, ਜੁਮਲਾ ਅੱਖਰ ਨਾ ਕੋਇ ਬਣਾਇੰਦਾ । ਜਿਸ ਗ੍ਰਿਹ ਨਾ ਕੋਇ ਰਾਤ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਜਿਸ ਦਵਾਰ ਨਾ ਕੋਇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਜਿਸ ਗ੍ਰਿਹ ਨਾ ਕੋਇ ਤੀਰਥ ਤਾਟ, ਕਿਨਾਰਾ ਇਕੋ ਇਕ ਵਡਿਆਇੰਦਾ । ਜਿਸ ਦਾ ਆਦਿ ਜੁਗਾਦੀ ਪੂਜਾ ਪਾਠ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸੋ ਸਾਹਿਬ ਪੁਰਖ ਸਮਰਥ, ਨਿਰਗੁਣ ਆਪਣਾ ਖੇਲ ਕਰਾਇੰਦਾ । ਕਲਜੁਗ ਤੇਰੀ ਪਤ ਲਏ ਰੱਖ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਇੰਦਾ । ਸਾਚਾ ਮਾਰਗ ਦੱਸੇ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਕਲਜੁਗ ਤੇਰਾ ਲੇਖਾ ਚੁਕਾਇਆ ਮੰਦਰ ਮਸੀਤ, ਗੁਰਦਵਾਰ ਸ਼ਿਵਦਵਾਲਾ ਮੱਠ ਤੇਰੀ ਧੀਰ ਨਾ ਕੋਇ ਧਰਾਈਆ । ਸਾਰੇ ਅੰਤਮ ਕਰਕੇ ਗਏ ਬਸ, ਬਸਤਾ ਬੰਨ੍ਹ ਕੇ ਰਹੇ ਵਖਾਈਆ । ਪਾਰਬ੍ਰਹਮ ਸਾਡਾ ਕੋਇ ਨਾ ਚਲੇ ਵਸ, ਨੇਤਰ ਨੈਣਾਂ ਨੀਰ ਵਹਾਈਆ । ਬਿਨ ਢਾਹਿਉਂ ਗਏ ਢੱਠ, ਬਲਹੀਣ ਰਹੇ ਕੁਰਲਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਕਲਜੁਗ ਤੇਰਾ ਅੰਤਮ ਅੰਤ, ਹਰਿ ਸਤਿਗੁਰ ਆਪ ਕਰਾਇੰਦਾ । ਤੇਰੀ ਬਣਾਏ ਆਪ ਬਣਤ, ਘੜਣ ਭੰਨਣਹਾਰਾ ਵੇਖ ਵਖਾਇੰਦਾ । ਤੇਰੀ ਮਹਿਮਾ ਗਾਏ ਅਗਣਤ, ਜਿਨ ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਸਰਬ ਚੁਕਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਆਪਣੇ ਹੱਥ ਰਖਾਵਣਾ । ਕਲਜੁਗ ਤੇਰਾ ਲੇਖਾ ਵੱਡਾ, ਹਰਿ ਵਡਾ ਆਪ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋ ਜਹਾਨਾਂ ਦੇ ਦੇ ਸੱਦਾ, ਚਰਨ ਕਵਲ ਆਪ ਬਹਾਇੰਦਾ । ਗੁਰਮੁਖ ਗੁਰਸਿਖ ਸੰਤ ਸੱਜਣ ਭਗਤ ਭਗਵੰਤ ਆਪਣੇ ਪਿਆਰ ਬੱਧਾ, ਦੂਜੀ ਓਟ ਨਾ ਕੋਇ ਜਣਾਇੰਦਾ । ਸਚ ਨਗਾਰਾ ਦੋ ਜਹਾਨਾਂ ਏਕਾ ਵੱਜਾ, ਨੌਬਤ ਆਪਣੇ ਨਾਮ ਸੁਣਾਇੰਦਾ । ਪਰਵਰਦਿਗਾਰ ਬੇਪਰਵਾਹ ਨੂਰ ਨੁਰਾਨਾ ਫਿਰੇ ਭੱਜਾ, ਲਾਸ਼ਰੀਕ ਆਪਣਾ ਖੇਲ ਵਖਾਇੰਦਾ । ਮੱਕਾ ਕਾਅਬਾ ਸਚ ਮਹੱਲੇ ਕਰਾਏ ਹੱਜਾ, ਮਹਿਰਾਬ ਬੇਆਬ ਵੇਖ ਵਖਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਤਟ ਕਿਨਾਰ ਆਪੇ ਬਹਿ ਬਹਿ ਸਜਾ, ਤਖ਼ਤ ਨਿਵਾਸੀ ਵੇਸ ਵਟਾਇੰਦਾ । ਤੇਰਾ ਪਰਦਾ ਜਿਸ ਨੇ ਕੱਜਾ, ਸੋ ਅੰਤਮ ਆਪ ਉਠਾਇੰਦਾ । ਲੱਖ ਚੁਰਾਸੀ ਤੇਰੀ ਦਾਸੀ ਅੰਤਮ ਵੇਖੇ ਡੂੰਘੀ ਖੱਡਾ, ਭਵ ਸਾਗਰ ਆਪ ਰੁੜ੍ਹਾਇੰਦਾ । ਗੁਰਮੁਖ ਵਿਰਲੇ ਰੱਖੇ ਲੱਜਾ, ਜਿਸ ਜਨ ਆਪਣਾ ਭੇਵ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਰ ਕਿਨਾਰਾ ਹੋਈ ਹੱਦਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਪੁਰਖ ਅਬਿਨਾਸ਼ੀ ਆਪਣੇ ਹੁਕਮ ਅੰਦਰ

ਬੱਧਾ, ਨੌਂ ਖੰਡ ਪ੍ਰਿਥਮੀ ਨੈਣ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਪ੍ਰਭ ਸਰਨਾਈ ਡਿਗੇ ਆਣ, ਲੇਖਾ ਮਾਤ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਤਿਜੁਗ ਤ੍ਰੇਤਾ ਦਆਪਰ ਕਲਜੁਗ ਤੇਰੀ ਮੰਨੀ ਆਣ, ਪੰਜ ਤਤ ਕਾਇਆ ਚੋਲਾ ਸੇਵ ਕਮਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਆਤਮ ਪਰਮਾਤਮ ਗਾ ਗਾ ਆਏ ਗਾਣ, ਬ੍ਰਹਮ ਪਾਰਬ੍ਰਹਮ ਤੇਰਾ ਭੇਵ ਚੁਕਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਗੀਤਾ ਗਿਆਨ ਖਾਣੀ ਬਾਣੀ ਦੇ ਦੇ ਆਏ ਬਿਆਨ, ਸਚ ਸੰਦੇਸਾ ਲੋਕਮਾਤ ਸੁਣਾਇਆ । ਕਲਜੁਗ ਕੂੜੀ ਕਿਰਿਆ ਹੋਈ ਪਰਧਾਨ, ਸਚ ਸੁੱਚ ਮਿਟਿਆ ਨਿਸ਼ਾਨ, ਸਾਧ ਸੰਤ ਹੋਏ ਬੇਈਮਾਨ, ਧੀਰਜ ਧੀਰ ਸਤਿ ਸੰਤੋਖ ਨਾ ਕੋਇ ਰਖਾਇਆ । ਮਾਇਆ ਮਮਤਾ ਪੀਣ ਖਾਣ, ਧੀਆਂ ਭੈਣਾਂ ਸਰਬ ਤਕਾਣ, ਨੇਤਰ ਨੈਣ ਨਾ ਕੋਇ ਸ਼ਰਮਾਇਆ । ਰਸਨਾ ਗਾਉਂਦੇ ਗੁਰੂ ਗਿਆਨ, ਅੰਦਰ ਵੜਿਆ ਪੰਜ ਤਤ ਸ਼ੈਤਾਨ, ਸ਼ਰਅ ਹੱਕ ਨਾ ਕੋਇ ਰਖਾਇਆ । ਰਸਨਾ ਜਿਹਵਾ ਕੂੜ ਤੂਫ਼ਾਨ, ਦਰ ਦਰ ਮੰਗਦੇ ਫਿਰਨ ਦਾਨ, ਸਾਚੀ ਅਲਖ ਨਾ ਕੋਇ ਜਗਾਇਆ । ਨੇਤਰ ਨੈਣਹੀਣ ਹੋਇਆ ਜਹਾਨ ਨਾਬੀਨਾ ਕੋਈ ਨਾ ਸਕੇ ਤੈਨੂੰ ਪਛਾਣ, ਬੇਪਹਿਚਾਨ ਤੇਰਾ ਨੂਰ ਨਜ਼ਰ ਕਿਸੇ ਨਾ ਆਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਸਰਬ ਕੁਰਲਾਣ, ਉਚੀ ਕੂਕ ਕੂਕ ਦੇਣ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਤੁਧ ਬਿਨ ਪਾਰ ਨਾ ਕੋਇ ਕਰਾਇਆ । ਤੁਧ ਬਿਨ ਕੋਇ ਨਾ ਪਾਰ ਕਿਨਾਰਾ, ਜੁਗ ਚੌਕੜੀ ਤੇਰਾ ਰਾਹ ਤਕਾਇੰਦਾ । ਤੂੰ ਸਾਹਿਬ ਸੁਲਤਾਨ ਆਦਿ ਜੁਗਾਦੀ ਏਕੰਕਾਰਾ, ਅਕਲ ਕਲ ਆਪਣੀ ਖੇਲ ਵਰਤਾਇੰਦਾ । ਰਾਗਾਂ ਨਾਦਾਂ ਵਸੇ ਬਾਹਰਾ, ਖਾਣੀ ਬਾਣੀ ਤੇਰਾ ਭੇਵ ਨਾ ਆਇੰਦਾ । ਗੁਰ ਅਵਤਾਰ ਕਰਨ ਨਿਮਸਕਾਰਾ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਘਰ ਮੰਦਰ ਤੇਰਾ ਮੋਹੇ ਭਾਇੰਦਾ । ਤੇਰਾ ਮੰਦਰ ਸ੍ਰੀ ਭਗਵਾਨ, ਇਕੋ ਇਕ ਨਜ਼ਰੀ ਆਈਆ । ਜਿਥੇ ਝੁੱਲੇ ਸਤਿ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਿਥੇ ਵਸੇ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਦਵਾਰੇ ਦੇਣਾ ਮਾਣ ਵਡਿਆਈਆ । ਮਾਣ ਵਡਿਆਈ ਦੇਵੇ ਪ੍ਰਭ, ਜੁਗ ਜੁਗ ਦਇਆ ਕਮਾਇੰਦਾ । ਕਲਜੁਗ ਭੇਵ ਸੁਣ ਲੈ ਸਭ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕੂੜੀ ਕਿਰਿਆ ਤੇਰੀ ਦੇਵੇ ਦੱਬ, ਨਾਮ ਆਪਣਾ ਇਕ ਉਠਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਗੁਰਮੁਖ ਗੁਰਸਿਖ ਆਪ ਉਠਾਇੰਦਾ । ਆਤਮ ਜਾਮ ਪਿਆਏ ਮਦਿ, ਰਸ ਇਕੋ ਇਕ ਰਖਾਇੰਦਾ । ਗ੍ਰਹਿ ਮੰਦਰ ਆਪਣੇ ਸਾਚੇ ਸੱਦ, ਛੱਪਰ ਛੰਨ ਆਪ ਛੁਹਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕਰ ਅੱਡ, ਆਪਣਾ ਬੰਧਨ ਆਪੇ ਪਾਇੰਦਾ । ਜਗਤ ਵਿਕਾਰਾ ਪਾਰ ਹੱਦ, ਸਾਚੀ ਹੱਦ ਆਪ ਰਖਾਇੰਦਾ । ਏਕਾ ਨਾਦ ਸੁਣਾਏ ਨਦ, ਛੱਤੀ ਰਾਗ ਮੁੱਖ ਭੁਆਇੰਦਾ । ਚਰਨ ਕਵਲ ਪ੍ਰੀਤੀ ਦੇਵੇ ਬੱਧ, ਬੰਦੀਖਾਨਾ ਆਪ ਤੁੜਾਇੰਦਾ । ਲੇਖਾ ਚੁਕਾਏ ਬੱਤੀ ਦੰਦ, ਬਿਨ ਰਸਨਾ ਜਿਹਵਾ ਜਾਪ ਜਪਾਇੰਦਾ । ਆਤਮ ਪਰਮਾਤਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਬਿਨ ਸੂਰਜ ਚੰਦ ਕਰੇ ਪਰਕਾਸ਼ ਕਾਇਆ ਬ੍ਰਹਿਮੰਡ, ਬ੍ਰਹਿਮੰਡ ਖੰਡ ਖੋਜ ਖੋਜਾਇੰਦਾ ।

ਕਲਜੁਗ ਅੰਤਮ ਕਰੇ ਸਾਚੀ ਵੰਡ, ਵੰਡਣਹਾਰਾ ਫੇਰਾ ਪਾਇੰਦਾ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਮੋਹ ਮਿਟਾਇੰਦਾ । ਮਾਤ ਗਰਭ ਹੋਏ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੁਭਵ ਆਪਣਾ ਰਾਹ ਸਮਝਾਇੰਦਾ । ਅਨੁਭਵ ਖੇਲ ਕਰੇ ਕਰਤਾਰਾ, ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਤੇਰਾ ਵੇਖ ਪਸਾਰਾ, ਕੂੜੀ ਕਿਰਿਆ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪੁਕਾਰਾ, ਦੋਏ ਜੋੜ ਮੰਗ ਮੰਗਾਈਆ । ਕਲ ਆਵੇ ਅੰਤ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਆਪਣਾ ਫੇਰਾ ਪਾਈਆ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਭੇਖ ਨਾ ਕੋਇ ਜਣਾਈਆ । ਏਕਾ ਵਸੇ ਧਾਮ ਨਿਆਰਾ, ਸੰਬਲ ਬੈਠਾ ਆਸਣ ਲਾਈਆ । ਚਾਰ ਜੁਗ ਦੀ ਪਾਵੇ ਸਾਰਾ, ਪੂਰਬ ਲੇਖਾ ਵੇਖੇ ਥਾਉਂ ਥਾਈਂਆ । ਚਰਨ ਕਵਲ ਲਿਆਏ ਗੁਰ ਅਵਤਾਰਾ, ਪੀਰ ਪੈਗ਼ੰਬਰ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਵੇਖੇ ਅਖਾੜਾ, ਨਵ ਨੌਂ ਆਪਣੀ ਵੰਡ ਵੰਡਾਈਆ । ਪੰਚਮ ਪੰਚ ਪੰਚ ਪਿਆਰਾ, ਪੰਚਮ ਲਹਿਣਾ ਦੇਣਾ ਦਏ ਚੁਕਾਈਆ । ਕਲਜੁਗ ਤੇਰਾ ਲੇਖਾ ਵੇਖੇ ਵੇਖਣਹਾਰਾ, ਕੀਤਾ ਕੌਲ ਭੁੱਲ ਨਾ ਜਾਈਆ । ਅਥਰਬਣ ਮੰਗੇ ਦਰ ਭਿਖਾਰਾ, ਐੜਾ ਇਕੋ ਅੱਖ ਖੁਲ੍ਹਾਈਆ । ਈੜੀ ਇਸ਼ਟ ਏਕੰਕਾਰਾ, ਆਦਿ ਪੁਰਖ ਬੇਪਰਵਾਹੀਆ । ਸੱਸਾ ਸਤਿਗੁਰ ਹੋ ਤਿਆਰਾ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਹਾਹਾ ਹੰ ਬ੍ਰਹਮ ਦਏ ਅਧਾਰਾ, ਆਤਮ ਪਰਮਾਤਮ ਜੋੜ ਜੁੜਾਈਆ । ਊੜਾ ਓਅੰਕਾਰ ਜਿਸ ਕੀਆ ਪਸਾਰਾ, ਸੋ ਨਿਰੰਕਾਰ ਵੇਖਣਹਾਰਾ ਅਲੰਕਾਰ ਆਪਣਾ ਨਾ ਕੋਇ ਵਖਾਈਆ । ਸ਼ਾਸਤਰ ਸਿਮਰਤ ਵਸੇ ਬਾਹਰਾ, ਵੇਦ ਪੁਰਾਨ ਨਾ ਕੋਇ
੬੮੨ ਸਹਾਰਾ, ਆਪਣੀ ਮਹਿਮਾ ਕਥ ਨਾ ਕਿਸੇ ਜਣਾਈਆ । ਅਲਖ ਅਗੋਚਰ ਅਗੰਮ ਅਪਾਰਾ, ਬੇਐਬ ਖ਼ੁਦਾਈ ਪਰਵਰਦਿਗਾਰਾ, ਮੁਕਾਮੇ ਹੱਕ ਡੇਰਾ ੬੮੨
੧੨ ਲਾਈਆ । ਸਚ ਤੌਫ਼ੀਕ ਸਾਂਝੇ ਯਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੁਭਵ ਆਪਣਾ ਭੇਵ ਜਣਾਈਆ । ਅਨੁਭਵ ੧੨
ਮੇਰਾ ਪਰਕਾਸ਼, ਹਰਿ ਪਰਕਾਸ਼ੀ ਆਪ ਜਣਾਇੰਦਾ । ਜੁਗ ਚੌਕੜੀ ਸੇਵਕ ਦਾਸੀ ਦਾਸ, ਆਦਿ ਜੁਗਾਦਿ ਹੁਕਮ ਵਰਤਾਇੰਦਾ । ਹੁਕਮੇ ਅੰਦਰ ਪ੍ਰਿਥਮੀ ਅਕਾਸ਼, ਗਗਨ ਮੰਡਲ ਆਪ ਫਿਰਾਇੰਦਾ । ਰਵ ਸਸ ਗਾਵਣ ਸਵਾਸ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਗੁਰ ਅਵਤਾਰ ਰੱਖਣ ਆਸ, ਆਸਾ ਸਭ ਦੀ ਪੂਰ ਕਰਾਇੰਦਾ । ਕਲਜੁਗ ਤੇਰਾ ਅੰਤਮ ਖੇਲ ਤਮਾਸ਼, ਹਰਿ ਖ਼ਾਲਕ ਵੇਖ ਵਖਾਇੰਦਾ । ਕਰੇ ਖੇਲ ਸਰਬ ਗੁਣਤਾਸ, ਗੁਣਵੰਤਾ ਰੂਪ ਵਟਾਇੰਦਾ । ਜਿਸ ਦੀ ਭਾਖਿਆ ਕੋਇ ਨਾ ਸਕੇ ਭਾਖ, ਬੇਅੰਤ ਆਪਣਾ ਭੇਵ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਆਪ ਮੁਕਾਇੰਦਾ । ਜੁਗ ਜੁਗ ਲਹਿਣਾ ਮੁਕੇ ਜੱਗ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਚਾਰ ਕੁੰਟ ਲੈਣਾ ਭੱਜ, ਪੁਰਖ ਅਬਿਨਾਸ਼ੀ ਰਿਹਾ ਸੁਣਾਈਆ । ਸਾਕ ਸੱਜਣ ਮੀਤ ਮਿੱਤਰ ਲੈਣੇ ਸੱਦ, ਜੋ ਤੇਰਾ ਸੰਗ ਨਿਭਾਈਆ । ਬੁੱਢੇ ਸ਼ੇਖ਼ ਭੱਜਣੇ ਹੱਡ, ਹਰਿ ਸਤਿਗੁਰ ਆਪ ਭੰਨਾਈਆ । ਜਗਤ ਨਾਬੀਨੇ ਡਿਗਣਾ ਡੂੰਘੀ ਖੱਡ, ਨਾਮ ਡੰਗੋਰੀ ਹੱਥ ਕੋਇ ਨਾ ਆਈਆ । ਚੌਦਾਂ ਤਬਕ ਹੋ ਕੇ ਬੈਠਾ ਅੱਡ, ਸਦੀ ਚੌਧਵੀ ਦਏ ਸਫਾਈਆ । ਅੰਤਮ ਵੇਲਾ ਰਿਹਾ ਲਦ, ਸਿਰ ਤੇਰੇ ਭਾਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਕਲਜੁਗ ਰੋਵੇ ਮਾਰੇ ਧਾਹ, ਬੌਹੜੀ ਬੌਹੜੀ ਹਾਲ ਸੁਣਾਇਆ । ਪੁਰਖ ਅਬਿਨਾਸ਼ੀ ਬੇਪਰਵਾਹ,

ਤੇਰੇ ਚਰਨਾਂ ਸੀਸ ਨਿਵਾਇਆ । ਮੇਰੇ ਖਾਲੀ ਹੱਡ ਵਿਚ ਨਾ ਕੋਈ ਸਾਹ, ਸਗਲਾ ਸਾਥੀ ਨਜ਼ਰ ਕੋਇ ਨਾ ਆਇਆ । ਪੀਰ ਪੈਗ਼ੰਬਰ ਪੱਲੂ ਗਏ ਛੁਡਾ, ਹਜ਼ਰਤ ਤੇਰਾ ਲੜ ਨਾ ਕੋਇ ਫੜਾਇਆ । ਅੱਲਾ ਰਾਣੀ ਤੁਟਾ ਨਿਕਾਹ, ਮੁਖ ਪਰਦਾ ਨੈਣ ਸ਼ਰਮਾਇਆ । ਮੈਂ ਆਪਣਾ ਭਾਰ ਨਾ ਸਕਾ ਉਠਾ, ਬਣ ਕੁਕਰਮੀ ਕਰਮ ਕਮਾਇਆ । ਗੁਰ ਅਵਤਾਰਾਂ ਦਿਤਾ ਲੜਾ, ਪੀਰ ਪੈਗ਼ੰਬਰ ਨਾਲ ਟਕਰਾਇਆ । ਸ਼ਰਅ ਨਾਲ ਸ਼ਰੀਅਤ ਖੰਡਾ ਦਿਤਾ ਖੜਕਾ, ਬਣ ਅਧਰਮੀ ਧਰਮ ਮਿਟਾਇਆ । ਤੇਰੇ ਭਗਤ ਭਗਵਾਨ ਖ਼ਾਕ ਦਿਤੇ ਮਿਲਾ, ਸੀਸ ਜਗਦੀਸ਼ ਅੱਡ ਕਰਾਇਆ । ਪੁਠੀ ਖੱਲ ਦਿਤੀ ਲੁਹਾ, ਆਪ ਆਪਣਾ ਹੁਕਮ ਵਰਤਾਇਆ । ਜਿਸ ਨੇ ਜਪਿਆ ਤੇਰਾ ਨਾਂ, ਤਿਸ ਅਗਨੀ ਤਤ ਜਲਾਇਆ । ਜਿਸ ਵੇਖਿਆ ਤੇਰਾ ਥਾਂ, ਤਿਸ ਸੂਲਾਂ ਸੇਜ ਸੁਹਾਇਆ । ਜਿਸ ਤੇਰੀ ਓਟ ਲਈ ਤਕਾ, ਤਿਸ ਨੀਹਾਂ ਹੇਠ ਦਬਾਇਆ । ਬੌਹੜੀ ਬੌਹੜੀ ਮੇਰੇ ਖ਼ੁਦਾ, ਮੇਰੀ ਖ਼ੁਦੀ ਮੋਹੇ ਗੁਆਇਆ । ਅੰਤਮ ਤੇਰੇ ਚਰਨੀ ਡਿਗਾ ਆ, ਰਹਿਮਤ ਕਰ ਬੇਪਰਵਾਹਿਆ । ਮੇਰੇ ਨਾਲ ਸਹਿਮਤ ਨਾ ਹੋਇਆ ਕੋਈ ਵਿਚ ਜਹਾਂ, ਦੋਏ ਦੋਏ ਲੋਚਨ ਵੇਖ ਵਖਾਇਆ । ਮੇਰੀ ਬੁਧੀ ਹੋਈ ਕਾਂ, ਕਾਗ ਵਾਂਗ ਰਿਹਾ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇਆ । ਪੁਰਖ ਅਬਿਨਾਸ਼ੀ ਦਏ ਹੁਲਾਰਾ, ਏਕਾ ਏਕ ਜਣਾਈਆ । ਕਲਜੁਗ ਵੇਖ ਆਪਣਾ ਸੰਸਾਰਾ, ਨਵ ਨੌਂ ਨੈਣ ਉਠਾਈਆ । ਚਾਰੋਂ ਕੁੰਟ ਧੂੰਆਂਧਾਰਾ, ਅੰਧ ਅੰਧੇਰਾ ਛਾਈਆ । ਸਾਧ ਸੰਤ ਪਾਵੇ ਕੋਈ ਨਾ ਮੇਰੀ ਸਾਰਾ, ਮੇਰਾ ਰੂਪ ਨਾ ਕੋਇ ਸਮਾਈਆ । ਘਰ ਘਰ ਚਲਿਆ ਵਿਭਚਾਰਾ, ਵਿਭਚਾਰ ਸਰਬ ਲੋਕਾਈਆ । ਅੰਤਮ ਵੇਖੇ ਵੇਖਣਹਾਰਾ, ਆਪਣਾ ਨੇਤਰ ਨੈਣ ਖੁਲ੍ਹਾਈਆ । ਤੇਰੀ ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਚਰਨ ਕਵਲ ਠੋਕਰ ਏਕਾ ਲਾਈਆ । ਕੋਈ ਸੀਸ ਨਾ ਚੁਕੇ ਗੁਰ ਅਵਤਾਰਾ, ਪੀਰ ਪੈਗ਼ੰਬਰ ਨਾ ਨੈਣ ਉਠਾਈਆ । ਸਾਰੇ ਕੱਠੇ ਬਹਿ ਬਹਿ ਕਰਨ ਨਿਮਸਕਾਰਾ, ਵਾਹਵਾ ਤੇਰੀ ਵਡ ਵਡਿਆਈਆ । ਜਿਸ ਵਿਚ ਅਸੀਂ ਕੱਟ ਦੇ ਆਏ ਵਗਾਰਾ, ਬਣ ਵਗਾਰੀ ਸੇਵ ਕਮਾਈਆ । ਜਿਸ ਵਿਚ ਚਲਿਆ ਨਾ ਕੋਈ ਚਾਰਾ, ਚਾਰ ਕੁੰਟ ਪਈ ਦੁਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰੋਵਣ ਜ਼ਾਰੋ ਜ਼ਾਰਾ, ਜ਼ੱਰਾ ਜ਼ੱਰਾ ਦਏ ਦੁਹਾਈਆ । ਸ਼ਰਅ ਸ਼ਰੀਅਤ ਫਿਰਿਆ ਆਰਾ, ਕਰਮ ਕਾਂਡ ਫੱਟ ਲਗਾਈਆ । ਮਾਇਆ ਮੋਹ ਲੱਗਾ ਅਖਾੜਾ, ਜੂਠ ਝੂਠ ਨਾਚ ਨਚਾਈਆ । ਸਾਧ ਸੰਤ ਵਜਾਉਣ ਤਾੜਾ, ਹੱਥ ਹੱਥ ਨਾਲ ਮਿਲਾਈਆ । ਅੰਤਮ ਸਭ ਨੂੰ ਪਿਆ ਪੁਆੜਾ, ਪੁਰਖ ਅਬਿਨਾਸ਼ੀ ਪੁਠੀ ਖੱਲ ਲੁਹਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੋਲ ਫੋਲਾਈਆ । ਕਰੇ ਖੇਲ ਨਰ ਨਿਰੰਕਾਰਾ, ਨਿਰਗੁਣ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਸਜ਼ਾਈਆ । ਕਲਜੁਗ ਸੁਣ ਮਾਰੀ ਕੂਕ, ਬਿਰਹੋਂ ਰਾਗ ਅਲਾਈਆ । ਮੇਰੀ ਅੰਤਮ ਚੁੱਕੀ ਚੂਕ, ਚਾਰੋਂ ਕੁੰਟ ਦਏ ਦੁਹਾਈਆ । ਸੋ ਪੁਰਖ ਨਿਰੰਜਣ ਹਰਿ ਕਰਤਾ ਲੱਖ ਚੁਰਾਸੀ ਦੇਵੇ ਫੂਕ, ਜੋਤੀ ਅਗਨੀ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਨਿਸ਼ਾਨਾ ਅੰਤ ਮਿਟ ਨਾ ਜਾਈਆ । ਮੇਰਾ ਨਿਸ਼ਾਨਾ ਸ੍ਰੀ ਭਗਵਾਨਾ, ਲੋਕਮਾਤ ਅੰਤ ਮਿਟਾਈਆ । ਇਕੋ ਦੇਣਾ ਸੱਚਾ ਦਾਨਾ, ਦਰ ਤੇਰੇ ਮੰਗ ਮੰਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਦਾ ਰਹੇਂ ਵਿਚ ਜਹਾਨਾਂ, ਦੋ ਜਹਾਨਾਂ ਆਪਣਾ ਖੇਲ ਕਰਾਈਆ । ਸੂਰਬੀਰ ਮਰਦ ਮਰਦਾਨਾ, ਵਡ ਮਰਦਾਨਗੀ ਆਪਣੇ ਹੱਥ ਰਖਾਈਆ । ਕਲਜੁਗ ਵੇਲਾ ਅੰਤ ਕਵਣ


੯੮੩
੧੨

ਟਿਕਾਣਾ, ਜਿਸ ਦਰ ਦੇਵੇਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਸ ਬਿਧ ਮਿਲੇ ਮੋਹੇ ਵਡਿਆਈਆ । ਪੁਰਖ ਅਬਿਨਾਸ਼ੀ ਬਾਂਹੋਂ ਫੜ, ਸ਼ਬਦ ਇਸ਼ਾਰੇ ਨਾਲ ਜਣਾਇੰਦਾ । ਕਲਜੁਗ ਉਠ ਵੇਖ ਨੇਤਰ ਖੜ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਜਿਸ ਮੰਦਰ ਅੰਦਰ ਬੈਠਾ ਵੜ, ਸੋ ਗੁਰਮੁਖ ਆਪ ਵਡਿਆਇੰਦਾ । ਆਤਮ ਪਰਮਾਤਮ ਬੰਨ੍ਹਾਇਆ ਆਪਣੇ ਲੜ, ਪੱਲੂ ਆਪਣੀ ਗੰਢ ਰਖਾਇੰਦਾ । ਭਗਤ ਭਗਵੰਤ ਆਪਣੇ ਜੇਹੇ ਕਰ, ਆਪ ਆਪਣਾ ਮੇਲ ਮਿਲਾਇੰਦਾ । ਸਚਖੰਡ ਨਿਵਾਸੀ ਨਿਰਗੁਣ ਹੋ ਕੇ ਮੰਗਣ ਆਇਆ ਦਰ, ਬਣ ਦਰਵੇਸ਼ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨ ਇਕ ਵਖਾਇੰਦਾ । ਸਚ ਨਿਸ਼ਾਨ ਦੱਸੇ ਮਾਤ, ਭਗਵਾਨ, ਆਪ ਜਣਾਈਆ । ਗੁਰਸਿਖ ਮੇਰਾ ਪਾਰਜਾਤ, ਜੋ ਸੋਹੰ ਢੋਲਾ ਗਾਈਆ । ਗੁਰਮੁਖ ਬਣਾਈ ਇਕ ਜਮਾਤ, ਇਕੋ ਪੱਟੀ ਰਿਹਾ ਪੜ੍ਹਾਈਆ । ਸੰਤ ਸੁਹੇਲੇ ਦੇ ਦੇ ਦਾਤ, ਆਪਣਾ ਨਾਮ ਵਰਤਾਈਆ । ਭਗਤ ਭਗਵੰਤ ਕੀਤੀ ਇਕੋ ਜ਼ਾਤ, ਦੂਜੀ ਜ਼ਾਤ ਨਾ ਕੋਇ ਵਖਾਈਆ । ਕਲਜੁਗ ਤੇਰੀ ਮਿਟੇ ਅੰਧੇਰੀ ਰਾਤ, ਗੁਰਮੁਖ ਮੇਰਾ ਚੰਦ ਛੁਪ ਨਾ ਜਾਈਆ । ਸਤਿਜੁਗ ਸਾਚੀ ਬਹਿ ਬਹਿ ਗਾਵੇ ਗਾਥ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਦੋ ਜਹਾਨਾਂ ਰੱਖੇ ਸਾਥ, ਏਥੇ ਓਥੇ ਹੋਏ ਸਹਾਈਆ । ਨਿਰਗੁਣ ਪਰਗਟ ਹੋ ਕੇ ਸਾਖਿਆਤ, ਸਵੱਛ ਸਰੂਪੀ ਦਰਸ ਕਰਾਈਆ । ਸਚਖੰਡ ਨਿਵਾਸੀ ਲੋਕਮਾਤ ਵੇਖੇ ਮਾਰ ਝਾਤ, ਦੂਰ ਦੁਰਾਡਾ ਪੰਧ ਮੁਕਾਈਆ । ਸਚਖੰਡ ਦਵਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਸੱਜਣ ਸਾਕ, ਲੋਕਮਾਤ ਗੁਰਮੁਖ ਆਪਣਾ ਬੰਧਣ ਪਾਈਆ । ਆਤਮ ਪਰਮਾਤਮ ਮੇਲ ਮਿਲਾਇਆ ਹਰਿ ਕਮਲਾਪਾਤ, ਨਰ ਹਰਿ ਆਪਣੀ ਦਇਆ ਕਮਾਈਆ । ਅੰਤਮ ਰੱਖੇ ਆਪਣੇ ਪਾਸ, ਸਾਚੀ ਗੋਦ ਆਪ ਉਠਾਈਆ । ਇਕ ਵਖਾਏ ਸਾਚੀ ਖਾਟ, ਸਚਖੰਡ ਦਵਾਰੇ ਆਪ ਵਿਛਾਈਆ । ਚਾਰ ਜੁਗ ਜਿਸ ਵਲ ਕੋਈ ਨਾ ਸਕਿਆ ਝਾਕ, ਸੋ ਗੁਰਮੁਖਾਂ ਆਪਣੀ ਝਾਕੀ ਦਏ ਵਖਾਈਆ । ਥਿਰ ਘਰ ਖੋਲ੍ਹ ਕੇ ਆਇਆ ਤਾਕ, ਆਪਣੀ ਹੱਥੀਂ ਕੁੰਡਾ ਲਾਹੀਆ । ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਚਰਨ ਜੋੜੇ ਸੱਚਾ ਨਾਤ, ਨਾਤਾ ਬਿਧਾਤਾ ਆਪ ਬੰਧਾਈਆ । ਕਲਜੁਗ ਤੇਰਾ ਸੱਚਾ ਸਾਕ, ਗੁਰਮੁਖ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਨਿਸ਼ਾਨਾ ਦਏ ਵਖਾਈਆ । ਸਚ ਨਿਸ਼ਾਨਾ ਤੇਰਾ ਭਗਤ, ਪਾਰਬ੍ਰਹਮ ਤੇਰੀ ਵਡਿਆਈਆ । ਕਵਣ ਵੇਲਾ ਦੱਸ ਵਕ਼ਤ, ਮੈਂ ਦਰਸ਼ਨ ਪਾਵਾਂ ਚਾਈਂ ਚਾਈਂਆ । ਜਿਸ ਮੇਰੇ ਘਰ ਵਿਚ ਰੱਖੀ ਬਰਕਤ, ਮੇਰਾ ਡੁੱਬਦਾ ਬੇੜਾ ਪਾਰ ਕਰਾਈਆ । ਲੱਖ ਚੁਰਾਸੀ ਨਾਲੋਂ ਛੱਡ ਕੇ ਸ਼ਿਰਕਤ, ਤੇਰੇ ਚਰਨਾਂ ਲਿਵ ਲਾਈਆ । ਮੈਂ ਵੇਖਾਂ ਉਹਦੀ ਹਰਕਤ, ਕਿਸ ਬਿਧ ਤੇਰੇ ਵਿਚ ਸਮਾਈਆ । ਜੁਗ ਚੌਕੜੀ ਤੇਰਾ ਕਿਸੇ ਨਾ ਕੱਢਿਆ ਫਰਕ, ਤੇਰਾ ਫਿਕਰਾ ਗਏ ਸੁਣਾਈਆ । ਕਵਣ ਬਿਧ ਪ੍ਰਭ ਆਏਂ ਪਰਤ, ਆਪਣਾ ਨਿਰਗੁਣ ਵੇਸ ਵਟਾਈਆ । ਤੇਰਾ ਲੇਖਾ ਦੱਸਿਆ ਨਾ ਕਿਸੇ ਲਿਖਤ ਪੜ੍ਹਤ, ਚਾਰ ਜੁਗ ਦੀ ਬਾਣੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਦਰਸ਼ਨ ਪਾਈਆ । ਮੇਰੇ ਭਗਤ ਦਾ ਜਿਸ ਦਰਸ਼ਨ ਪੌਣਾ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਮਾਣ ਅਭਿਮਾਨ ਸਰਬ ਗਵਾਉਣਾ, ਹਉਮੇ ਰੋਗ ਨਾ ਕੋਇ ਰਖਾਇੰਦਾ । ਨੇਤਰ ਨੈਣ ਨੈਣ ਸ਼ਰਮਾਉਣਾ, ਅੱਖ ਨਾ ਕੋਇ ਵਟਾਇੰਦਾ । ਰਸਨਾ ਬੋਲ ਨਾ ਕੋਇ ਗਾਉਣਾ, ਅਨਬੋਲਤ ਭੇਵ


੬੮੪ ੧੨

ਚੁਕਾਇੰਦਾ । ਚਰਨ ਕਵਲ ਕਵਲ ਚਰਨ ਧਿਆਨ ਇਕ ਲਗਾਉਣਾ, ਦੂਜੀ ਓਟ ਨਾ ਕੋਇ ਰਖਾਇੰਦਾ । ਤਿਸ ਉਪਰ ਆਪਣਾ ਹੱਥ ਟਿਕਾਉਣਾ, ਫਿਰ ਆਪਣਾ ਭੇਵ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹ ਮਾਰਗ ਪੌਣਾ, ਸਾਚਾ ਮਾਰਗ ਇਕ ਸਮਝਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਮੇਰਾ ਰੂਪ ਨਜ਼ਰੀ ਔਣਾ, ਦੂਜਾ ਨੂਰ ਨਾ ਕੋਇ ਤਕਾਇੰਦਾ । ਸੋਹੰ ਢੋਲਾ ਜਿਸ ਨੇ ਗੌਣਾ, ਤਿਸ ਆਪਣੇ ਭਗਤ ਮਿਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਰਨ ਦਵਾਰੇ ਪਾਇਆ ਰੌਲਾ, ਊਚੀ ਕੂਕ ਕੂਕ ਸਰਬ ਸੁਣਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਦਿ ਜੁਗਾਦੀ ਇਕੋ ਮੌਲਾ, ਮਵਲ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਵਿਚ ਸਮਾਇੰਦਾ । ਭਗਤ ਭਗਵੰਤ ਇਕੋ ਰੰਗ, ਕਲਜੁਗ ਅੰਤ ਆਪ ਜਣਾਇਆ । ਸਾਢੇ ਤਿੰਨ ਹੱਥ ਅੰਦਰ ਸੇਜ ਪਲੰਘ, ਪੁਰਖ ਅਬਿਨਾਸ਼ੀ ਆਪ ਹੰਢਾਇਆ । ਰਾਤੀਂ ਸੁੱਤਿਆਂ ਅੰਦਰ ਜਾਏ ਲੰਘ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਇਆ । ਉਚੇ ਟਿੱਲੇ ਪਰਬਤ ਕਰੇ ਖੰਡ ਖੰਡ, ਗੜ੍ਹ ਹੰਕਾਰੀ ਦਏ ਤੁੜਾਇਆ । ਗੁਰਸਿਖ ਸਖ਼ੀ ਮਿਲ ਮਿਲ ਪਾਏ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇਆ । ਸਾਚਾ ਸੋਹਲਾ ਗਾਏ ਛੰਦ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਕੋਇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਵਡਿਆਇਆ । ਭਗਵਾਨ ਕਹੇ ਮੇਰਾ ਭਗਤ ਮਹੱਲਾ, ਦੂਜੇ ਦਰ ਨਾ ਕੋਇ ਵਡਿਆਈਆ । ਲੋਕਮਾਤ ਜਿਸ ਫੜਿਆ ਮੇਰਾ ਪੱਲਾ, ਘਰ ਆਇਆਂ ਲਏ ਬਹਾਈਆ । ਤਿਸ ਦਵਾਰੇ ਝਾੜੂ ਦੇਵੇ ਬਣ ਸੁਆਣੀ ਰਾਣੀ ਅੱਲਾ, ਖੁਲ੍ਹੀ ਮੀਂਡੀ ਸੀਸ ਵਖਾਈਆ । ਚੌਦਾਂ ਤਬਕ ਪਏ ਤਰਥਲਾ, ਥਰਹਰ ਕਾਂਪੇ ਸਰਬ ਲੋਕਾਈਆ । ਗੁਰਮੁਖ ਦੀਪਕ ਇਕੋ ਬਲਾ, ਬਲ ਬਾਵਨ ਗਿਆ ਸਮਝਾਈਆ । ਪੰਚਮ ਸ਼ਬਦ ਸਚ ਸੰਦੇਸ ਜਿਸ ਨੇ ਘੱਲਾ, ਪੰਚਮ ਦੇਵੇ ਮਾਣ ਵਡਿਆਈਆ । ਸੋ ਸਤਿਗੁਰ ਜਨ ਭਗਤਾਂ ਪਿਛੇ ਬਣਿਆ ਝੱਲਾ, ਭੇਖੀ ਆਪਣਾ ਭੇਖ ਵਟਾਈਆ । ਜੇ ਕੋਈ ਫੜੇ ਕਰ ਕੇ ਹੱਲਾ, ਸ਼ਾਹ ਸੁਲਤਾਨਾਂ ਹੱਥ ਨਾ ਆਈਆ । ਜੋ ਗੁਰਮੁਖ ਗੁਰਸਿਖ ਗਲ ਵਿਚ ਪਾਏ ਪੱਲਾ, ਤਿਸ ਦਰ ਆਪਣੀ ਅਲਖ ਜਗਾਈਆ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛੱਲਾ, ਅਛਲ ਛਲ ਆਪਣਾ ਰੂਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਦੇਵੇ ਅੰਤ ਗਿਆਨ, ਬਿਨ ਗੁਰਮੁਖ ਨਾ ਦੀਸੇ ਕੋਈ ਨਿਸ਼ਾਨ, ਨਿਸ਼ਾਨਾ ਸਭ ਦਾ ਦਏ ਮਿਟਾਈਆ । ਇਕ ਦੋ ਦੋ ਇਕ, ਇਕ ਇਕ ਨਾਲ ਮਿਲਾਇਆ । ਤਿੰਨ ਚਾਰ ਚਾਰ ਤਿੰਨ ਲਿਖ ਲੇਖ, ਲੇਖਾ ਆਪਣੇ ਵਿਚ ਸਮਾਇਆ । ਪੰਜ ਛੇ ਛੇ ਪੰਜ ਧਾਰ ਭੇਖ, ਭੇਖੀ ਆਪਣਾ ਖੇਲ ਕਰਾਇਆ । ਸਤ ਅੱਠ ਅੱਠ ਸਤ ਮੇਟ ਰੇਖ, ਰੇਖਾ ਆਪਣੀ ਦਏ ਸਮਝਾਇਆ । ਨੌਂ ਦਸ ਦਸ ਨੌਂ ਕਰ ਹੇਤ, ਗੁਰਮੁਖ ਗੁਰਸਿਖ ਲਏ ਮਿਲਾਇਆ । ਨਿਰਗੁਣ ਖੋਲ੍ਹੇ ਸਰਗੁਣ ਭੇਤ, ਭੇਤ ਆਪਣਾ ਨਾਲ ਮਿਲਾਇਆ । ਕਲਜੁਗ ਅੰਤਮ ਖੇਡਣ ਆਇਆ ਖੇਡ, ਪੁਰਖ ਅਬਿਨਾਸ਼ੀ ਬੇਪਰਵਾਹਿਆ । ਚਾਰ ਜੁਗ ਜੋ ਜਗਤ ਮਾਇਆ ਨਾਲ ਲਏ ਲਬੇੜ, ਅੰਤਮ ਏਕਾ ਵਾਰ ਧੁਆਇਆ । ਵਰਨ ਬਰਨ ਜੋ ਛੇੜੀ ਛੇੜ, ਅੰਤਮ ਡੇਰਾ ਦੇਵੇ ਢਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਘੱਲੇ ਫੇਰ ਫੇਰ, ਫੇਰੇ ਅੰਦਰ ਫੇਰਾ ਆਪਣਾ ਨਾਮ ਦੁਆਇਆ । ਦੀਨ ਮਜ਼੍ਹਬ ਵੰਡ ਰੱਖੀ ਘੇਰ ਘੇਰ, ਘੇਰਾ ਸ਼ਰੀਅਤ ਰੂਪ ਵਟਾਇਆ । ਅੰਤਮ ਹੱਕ ਨਿਬੇੜਾ ਦਏ ਨਿਬੇੜ, ਹਕ਼ੀਕ਼ਤ ਵੇਖੇ ਥਾਉਂ ਥਾਇਆਂ । ਪਰਗਟ ਹੋਇਆ ਇਕੋ ਸ਼ੇਰ, ਸਿੰਘ ਸ਼ਹਿਨਸ਼ਾਹ

੬੮੬
੧੨

ਬੇਪਰਵਾਹਿਆ । ਜਨ ਭਗਤਾਂ ਉਤੇ ਇਕੋ ਵਾਰ ਕਰੇ ਮਿਹਰ, ਮਿਹਰਵਾਨ ਆਪਣੀ ਦਇਆ ਕਮਾਇਆ । ਨਾਤਾ ਤੁੱਟੇ ਸੰਝ ਸਵੇਰ, ਇਕੋ ਨੂਰ ਨਜ਼ਰੀ ਆਇਆ । ਜਿਉਂ ਭੀਲਣੀ ਖਾਧੇ ਬੇਰ, ਤਿਉਂ ਗ਼ਰੀਬ ਨਿਮਾਣਿਆਂ ਦਰ ਦਰ ਘਰ ਘਰ ਚੋਗ ਚੁਗਣ ਆਇਆ । ਗੁਰਸਿਖ ਤੇਰਾ ਕਰਮ ਕਾਂਡ ਕੂੜੀ ਕਿਰਿਆ ਸਿਰ ਆਪਣੇ ਚੁੱਕੇ ਢੇਰ, ਦੁਰਮਤ ਮੈਲ ਧੁਆਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਚੁਕਾਇਆ ਮੇਰ ਤੇਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲ ਇਕ ਸੁਣਾਇਆ । ਗੁਰਮੁਖ ਸੱਜਣ ਲੱਖ ਚੁਰਾਸੀ ਵਿਚੋਂ ਕੱਢੇ ਹੋ ਕੇ ਆਪ ਦਲੇਰ, ਸਿਰ ਆਪਣਾ ਹੱਥ ਟਿਕਾਇਆ । ਲੱਖ ਚੁਰਾਸੀ ਮਾਰੇ ਭੇੜ ਭੇੜ, ਠੀਕਰ ਸਭ ਦਾ ਭੰਨ ਵਖਾਇਆ । ਆਪਣਾ ਚਾਲੂ ਰੱਖੇ ਗੇੜ, ਤ੍ਰੈਗੁਣ ਭੱਠਾ ਵਾਰੋ ਵਾਰ ਤਪਾਇਆ । ਗੁਰਸਿਖਾਂ ਨਾਲ ਏਥੇ ਓਥੇ ਸਚਖੰਡ ਨਿਵਾਸੀ ਸਾਚੀ ਖੇਡ ਰਿਹਾ ਖੇਡ, ਅੰਦਰ ਬਾਹਰ ਬਾਹਰ ਅੰਦਰ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੋ ਦੋ ਇਕ ਅੰਤ ਇਕੋ ਰੂਪ ਸਮਾਇਆ । ਇਕ ਦੋ ਬਣਿਆ ਆਦਿ, ਹਰਿ ਵੱਡਾ ਵਡ ਵਡਿਆਈਆ । ਤਿੰਨ ਚਾਰ ਵੱਜਾ ਨਾਦ, ਪੰਜ ਛੇ ਕਰੇ ਸ਼ਨਵਾਈਆ । ਸੱਤ ਅੱਠ ਦਿਤੀ ਦਾਦ, ਵਸਤ ਅਮੋਲਕ ਝੋਲੀ ਪਾਈਆ । ਨੌਂ ਦਸ ਖੇਲ ਤਮਾਸ਼, ਹਰਿ ਖ਼ਾਲਕ ਵੇਖ ਵਖਾਈਆ । ਅੰਤ ਗੁਰਮੁਖਾਂ ਕਰੇ ਪੂਰੀ ਆਸ, ਨਿਰਾਸੀ ਹੋਏ ਸਰਬ ਲੋਕਾਈਆ । ਇਕੋ ਕੰਮ ਕਰੇ ਖਾਸ, ਭਗਤ ਭਗਵੰਤ ਲਏ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲੌਂਦਾ ਆਇਆ ਗੁਰ ਅਵਤਾਰ ਪੀਰ ਪੈਗ਼ੰਬਰ ਸ਼ਾਖ਼, ਸ਼ਨਾਖਤ ਆਪਣੀ ਆਪ ਸਮਝਾਈਆ । ਆਪ ਬਣਿਆ ਰਿਹਾ ਪਾਕੀ ਪਾਕ, ਮੁਖ ਨਕਾਬ ਪਰਦਾ ਰਿਹਾ ਛੁਪਾਈਆ । ਕਲਜੁਗ ਅੰਤਮ ਖੋਲ੍ਹ ਤਾਕ, ਪਿਛਲੀ ਕੀਤੀ ਰਿਹਾ ਉਲਟਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪਾਰਬ੍ਰਹਮ ਪ੍ਰਭ ਬਣਿਆ ਸਾਕ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਧੱਕਾ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਦੋ ਦੋ ਇਕ ਬਿਨ ਇਕ ਦੋ ਕੰਮ ਕਿਸੇ ਨਾ ਆਈਆ । ਇਕ ਦੋ ਤਿੰਨ ਚਾਰ, ਚਾਰ ਚਾਰ ਖੇਲ ਕਰਾਇੰਦਾ । ਪੰਜ ਛੇ ਸੱਤ ਅੱਠ ਧਾਰ, ਧਾਰ ਧਾਰ ਵੰਡ ਵੰਡਾਇੰਦਾ । ਨੌਂ ਦਸ ਦਸ ਨੌਂ ਖੋਲ੍ਹ ਕਿਵਾੜ, ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਮੁਖ ਗੁਰਸਿਖ ਗੁਰ ਸਤਿਗੁਰ ਕਰ ਪਿਆਰ, ਗੁਰ ਮੰਤਰ ਨਾਮ ਦ੍ਰਿੜਾਇੰਦਾ । ਜਗਤ ਭਿਖਾਰੀ ਬਣ ਭਿਖਾਰ, ਭਗਵੰਤ ਭਗਤ ਦਵਾਰਾ ਮੰਗਣ ਆਇੰਦਾ । ਕਰ ਕਿਰਪਾ ਜਨ ਭਗਤ ਪ੍ਰੇਮ ਭਿਛਿਆ ਜੇ ਝੋਲੀ ਦੇਵੇ ਡਾਰ, ਭਗਵਨ ਲੱਖ ਲੱਖ ਸ਼ੁਕਰ ਮਨਾਇੰਦਾ । ਲੱਖ ਚੁਰਾਸੀ ਵਿਚੋਂ ਲੱਭੇ ਇਕੋ ਯਾਰ, ਯਾਰੀ ਆਦਿ ਅੰਤ ਨਿਭਾਇੰਦਾ । ਜਨਮੇ ਮਰੇ ਨਾ ਵਿਚ ਸੰਸਾਰ, ਜੀਵਨ ਮਰਨ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੋ ਤਿੰਨ ਚਾਰ ਦਏ ਆਧਾਰ, ਚਾਰ ਤਿੰਨ ਦੋ ਇਕ ਪਾਵੇ ਸਾਰ, ਬਿਨ ਇਕ ਚਾਰ ਮੁਖ ਨਾ ਕੋਇ ਸਲਾਹਿੰਦਾ ।

ਛਦਾਉਣ ਮਾਈ ਪੌਣ ਭੰਨੇ ਸੀਸ, ਨਾਮ ਡੰਡਾ ਹੱਥ ਉਠਾਈਆ । ਮਾਈ ਗੋਰਜਾਂ ਅੰਤਮ ਪੀਸਣ ਲਿਆ ਪੀਸ, ਕਲਜੁਗ ਚੱਕੀ ਕੂੜ ਚਲਾਈਆ । ਹਾਕਣ ਡਾਕਣ ਇਕ ਹਦੀਸ, ਹੁਕਮ ਹਾਕਮ ਇਕ ਸਮਝਾਈਆ । ਸੀਰ ਨੀਰ ਪੀਏ ਨਾ ਕੋਈ ਲਾ ਕੇ ਝੀਕ, ਛਲ ਛਿਦਰ ਨਾ ਕੋਇ ਵਡਿਆਈਆ ।

ਮੂੰਡੇ ਸਭ ਦਾ ਫੜ ਕੇ ਸੀਸ, ਚੋਟੀ ਗੁਰਸਿਖਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਸਾਚਾ ਵਰ, ਚਿੱਟਾ ਦੁਧ ਨਿਰਮਲ ਸੀਰ ਕੋਇ ਬੰਧਣ ਨਾ ਪਾਈਆ ।

### ✳ ੧੧ ਅੱਸੂ ੨੦੧੯ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਹਿ ਢਹਿ ਪਈ ਜ਼ਿਲਾ ਲੁਧਿਆਣਾ ✳

ਸੋ ਪੁਰਖ ਨਿਰੰਜਣ ਬੇਪਰਵਾਹਿਆ, ਹਰਿ ਪੁਰਖ ਨਿਰੰਜਣ ਖੇਲ ਕਰਾਈਆ । ਏਕੰਕਾਰਾ ਨਾਉਂ ਧਰਾਇਆ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਵੇਸ ਵਟਾਇਆ, ਸ੍ਰੀ ਭਗਵਾਨ ਨਿਸ਼ਾਨ ਝੁਲਾਈਆ । ਪਾਰਬ੍ਰਹਮ ਪ੍ਰਭ ਖੇਲ ਰਚਾਇਆ, ਨਿਰਗੁਣ ਵੇਖੇ ਥਾਉਂ ਥਾਈਆ । ਮਹੱਲ ਅਟੱਲ ਇਕ ਸੁਹਾਇਆ, ਸੰਬਲ ਆਪਣਾ ਡੇਰਾ ਲਾਈਆ । ਸੋਹਲਾ ਢੋਲਾ ਇਕੋ ਗਾਇਆ, ਬੋਧ ਅਗਾਧੀ ਨਾਉਂ ਦ੍ਰਿੜਾਈਆ । ਧੁਰ ਫ਼ਰਮਾਨਾ ਇਕ ਜਣਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚਾ ਤਖ਼ਤ ਇਕ ਸੁਹਾਇਆ, ਤਖ਼ਤ ਨਿਵਾਸੀ ਆਸਣ ਲਾਈਆ । ਬੇਪਰਵਾਹ ਬੇਐਬ ਪਰਵਰਦਿਗਾਰ ਵੇਖਣ ਆਇਆ, ਨੂਰ ਇਲਾਹੀ ਸੱਚਾ ਮਾਹੀਆ । ਸਚ ਸੰਦੇਸਾ ਰਿਹਾ ਸੁਣਾਇਆ, ਮੁਕਾਮੇ ਹੱਕ ਵਡ ਵਡਿਆਈਆ । ਹੱਕ ਹਕੀਕਤ ਖੋਜ ਖੋਜਾਇਆ, ਲੋਕ ਪਰਲੋਕ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾਇਆ, ਸੋਇਆ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਡੇਰਾ ਦੇਵੇ ਢਾਹਿਆ, ਕੂੜੀ ਕਿਰਿਆ ਦਏ ਖਪਾਈਆ । ਪੰਜ ਤਤ ਲੇਖਾ ਦਏ ਮੁਕਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਿਹਾ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਜਿਸ ਹੰਢਾਇਆ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਜਿਸ ਪਰਗਟਾਇਆ, ਨਿਰਗੁਣ ਸਰਗੁਣ ਮੇਲ ਮਿਲਾਈਆ । ਪੀਰ ਪੈਗ਼ੰਬਰ ਜਨਣੀ ਜਨ ਬਣ ਜਿਸ ਜਾਇਆ, ਸੋ ਖੇਲ ਕਰੇ ਨੂਰ ਇਲਾਹੀਆ । ਅੱਖਰ ਵੱਖਰ ਬੋਧ ਅਗਾਧ ਮੰਤਰ ਅੰਤਰ ਜਿਸ ਪੜ੍ਹਾਇਆ, ਸਾਚੀ ਸਿਖਿਆ ਆਪ ਸਮਝਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਜਿਸ ਵੰਡ ਵੰਡਾਇਆ, ਜੁਗ ਚੌਕੜੀ ਖੇਲ ਕਰਾਈਆ । ਧਰਤ ਧਵਲ ਜ਼ਿਮੀਂ ਅਸਮਾਨ, ਆਕਾਸ਼ ਪਰਕਾਸ਼ ਜਿਸ ਕਰਾਇਆ, ਰਵ ਸਸ ਸੂਰਜ ਚੰਦ ਰੁਸ਼ਨਾਈਆ । ਸਮੁੰਦ ਸਾਗਰ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਜਿਸ ਡੇਰਾ ਲਾਇਆ, ਜਲ ਥਲ ਮਹੀਅਲ ਰਿਹਾ ਸਮਾਈਆ । ਤ੍ਰੈ ਪੰਜ ਮੇਲਾ ਗੁਰ ਚੇਲਾ ਜਿਸ ਜੋੜ ਜੁੜਾਇਆ, ਲੱਖ ਚੁਰਾਸੀ ਘਾੜਨ ਘੜਤ ਘੜਾਈਆ । ਅੰਡਜ ਜੇਰਜ ਉਤਭੁਜ ਸੇਤਜ ਅਨੁਭਵ ਆਪਣਾ ਖੇਲ ਕਰਾਇਆ, ਜੋਤੀ ਨੂਰ ਕਰ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵੰਡ ਵੰਡਾਇਆ, ਨਿਰਗੁਣ ਨਿਰਗੁਣ ਖੇਲੇ ਖੇਲ ਬੇਪਰਵਾਹੀਆ । ਗੀਤ ਸੁਹਾਗੀ ਛੰਦ ਏਕਾ ਗਾਇਆ, ਬੱਤੀ ਦੰਦ ਦਏ ਵਡਿਆਈਆ । ਜੀਉ ਪਿੰਡ ਜਿਸ ਤਨ ਰਚਾਇਆ, ਲੇਖਾ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਜਣਾਈਆ । ਧਰਤ ਧਵਲ ਬਣਾਇਆ ਆਕਾਸ਼, ਆਕਾਸ਼ ਆਕਾਸ਼ਾਂ ਵਿਚ ਸਮਾਈਆ । ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਸਰਬ ਗੁਣ ਤਾਸ, ਗੁਣ ਵੰਤਾ ਵਡ ਵਡਿਆਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਦੋ ਜਹਾਨਾਂ ਖੋਜ ਖੋਜਾਈਆ । ਲੱਖ ਚੁਰਾਸੀ ਦੇਵਣਹਾਰਾ ਪਵਣ ਸਵਾਸ, ਪਵਣ ਪਵਣਾਂ ਡੇਰਾ ਲਾਈਆ । ਜੁਗ ਚੌਕੜੀ ਵੇਖਣਹਾਰਾ ਖੇਲ ਤਮਾਸ਼,

ਮੰਡਲ ਮੰਡਪ ਰਾਸ ਰਚਾਈਆ । ਭਗਤਾਂ ਪੂਰੀ ਕਰਨਹਾਰਾ ਆਸ, ਭਗਵਨ ਆਪਣਾ ਫੇਰਾ ਪਾਈਆ । ਨਿਤ ਨਵਿਤ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਿਸ ਨੂੰ ਕਹਿੰਦੇ ਸ੍ਰੀ ਭਗਵਾਨ, ਨਿਰਗੁਣ ਆਪਣਾ ਖੇਲ ਕਰਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਆਦਿ ਜੁਗਾਦੀ ਹੁਕਮਰਾਨ, ਲੋਆਂ ਪੁਰੀਆਂ ਆਪ ਮਨਾਇੰਦਾ । ਗੁਰ ਅਵਤਾਰ ਦੇਵਣਹਾਰਾ ਦਾਨ, ਪੀਰ ਪੈਗ਼ੰਬਰ ਝੋਲੀ ਆਪ ਭਰਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਦਵਾਰੇ ਆਪ ਉਠਾਇੰਦਾ । ਪਰਗਟ ਕਰੇ ਹਰਿ ਹਰਿ ਨਾਮ, ਕੋਟਨ ਕੋਟ ਜਿਹਵਾ ਜਾਪ ਜਪਾਇੰਦਾ । ਅੰਮ੍ਰਿਤ ਆਤਮ ਸਾਚਾ ਜਾਮ, ਨਿਝਰ ਝਿਰਨਾ ਆਪ ਝਿਰਾਇੰਦਾ । ਜੁਗ ਚੌਕੜੀ ਪੂਰਾ ਕਰੇ ਕਾਮ, ਕਰਨੀ ਕਰਤਾ ਆਪ ਕਮਾਇੰਦਾ । ਲੇਖਾ ਜਾਣ ਸ੍ਰੀ ਭਗਵਾਨ, ਲੇਖਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਸਾਚਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਡਿਆਇੰਦਾ । ਜਿਸ ਨੂੰ ਕਹਿੰਦੇ ਸ੍ਰੀ ਭਗਵੰਤ, ਸਚਖੰਡ ਵਸੇ ਸੱਚਾ ਮਾਹੀਆ । ਆਦਿ ਜੁਗਾਦਿ ਮਹਿਮਾ ਅਗਣਤ, ਗੁਰ ਅਵਤਾਰ ਭੇਵ ਨਾ ਆਈਆ । ਗਾ ਗਾ ਥੱਕੇ ਸਾਧ ਸੰਤ, ਕੋਟਨ ਕੋਟ ਰਹੇ ਜਸ ਗਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਲਿਖ ਲਿਖ ਥੱਕੀ ਛੰਤ, ਹਰਿ ਕਾ ਛੰਦ ਨਾ ਕੋਇ ਲਿਖਾਈਆ । ਆਦਿ ਜੁਗਾਦਿ ਬਣਾਏ ਬਣਤ, ਘੜਨ ਭੰਨਣਹਾਰ ਆਪਣਾ ਖੇਲ ਵਖਾਈਆ । ਕੋਇ ਨਾ ਜਾਣੇ ਪ੍ਰਭ ਕਾ ਅੰਤ, ਬੇਅੰਤ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਜਿਸ ਨੂੰ ਕਹਿੰਦੇ ਪੁਰਖ ਅਗੰਮ, ਅਲੱਖ ਅਗੋਚਰ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹਡ ਮਾਸ ਨਾ ਕੋਇ ਚੰਮ, ਨਾੜ ਬਹੱਤਰ ਰੱਤੀ ਰੱਤ ਨਾ ਕੋਇ ਵਖਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਸਤਾਇੰਦਾ । ਨਿਰਗੁਣ ਰੂਪ ਸ੍ਰੀ ਭਗਵਾਨ, ਜੋਤੀ ਜੋਤ ਡਗਮਗਾਇੰਦਾ । ਸਚਖੰਡ ਵਸੇ ਸਚ ਮਕਾਨ, ਥਿਰ ਘਰ ਆਪਣਾ ਹੁਕਮ ਵਰਤਾਇੰਦਾ । ਬ੍ਰਹਿਮੰਡ ਖੰਡ ਵੇਖੇ ਆਣ, ਜੁਗ ਚੌਕੜੀ ਫੇਰਾ ਪਾਇੰਦਾ । ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਰਖਾਇੰਦਾ । ਕਾਗਦ ਕਲਮ ਸ਼ਾਹੀ ਲਿਖ ਲਿਖ ਦਏ ਬਿਆਨ, ਸਿਫ਼ਤ ਸਾਲਾਹੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਕਰਨੀ ਆਪ ਕਮਾਇੰਦਾ । ਜਿਸ ਨੂੰ ਕਹਿੰਦੇ ਬੇਪਰਵਾਹ, ਬੇਪਰਵਾਹ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਆ, ਨਿਤ ਨਵਿਤ ਵੇਸ ਵਟਾਈਆ । ਨਿਰਗੁਣ ਸਰਗੁਣ ਬਣੇ ਮਲਾਹ, ਆਪਣੇ ਕੰਧ ਉਠਾਈਆ । ਨਾਉਂ ਨਿਰੰਕਾਰਾ ਦਏ ਦ੍ਰਿੜਾ, ਆਤਮ ਪਰਮਾਤਮ ਭੇਵ ਚੁਕਾਈਆ । ਪਾਰਬ੍ਰਹਮ ਬ੍ਰਹਮ ਪਰਦਾ ਦਏ ਉਠਾ, ਈਸ਼ ਜੀਵ ਕਰੇ ਕੁੜਮਾਈਆ । ਅਨਹਦ ਨਾਦੀ ਨਾਦ ਦਏ ਵਜਾ, ਧੁੰਨ ਆਤਮਕ ਰਾਗ ਸੁਣਾਈਆ । ਨਿਰਮਲ ਦੀਆ ਜੋਤ ਦਏ ਜਗਾ, ਅਗਿਆਨ ਅੰਧੇਰ ਚੁਕਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਅਠਸਠ ਤੀਰਥ ਲੇਖਾ ਦਏ ਮੁਕਾਈਆ । ਘਰ ਮੰਦਰ ਕਰ ਰੁਸ਼ਨਾ, ਗ੍ਰਿਹ ਵੇਖੇ ਚਾਈਂ ਚਾਈਂਆ । ਨਾਰੀ ਕੰਤ ਮੇਲਾ ਸਹਿਜ ਸੁਭਾ, ਸ੍ਰੀ ਭਗਵੰਤ ਆਪ ਕਰਾਈਆ । ਬੇਅੰਤ ਬੇਅੰਤ ਖੇਲ ਕਰੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ ਕਰੇ ਖੇਲ ਹਰਿ ਰਘੁਰਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਮਿਹਬਾਨ ਬੀਦੋ ਖੇਲ ਕਰਾਇੰਦਾ । ਮੁਕਾਮੇ ਹੱਕ ਵਸੇ ਸਾਂਝਾ ਯਾਰ, ਲਾਸ਼ਰੀਕ ਨਾਉਂ ਧਰਾਇੰਦਾ । ਹੱਕ ਹਕੀਕਤ ਲਏ ਵਿਚਾਰ, ਬੇਨਜ਼ੀਰ ਨਜ਼ਰ ਇਕ ਉਠਾਇੰਦਾ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਚੌਦਸ ਚੌਦਸ ਚੰਦ ਚਮਕਾਇੰਦਾ । ਈਸਾ ਮੂਸਾ ਮੁਹੰਮਦ ਦੇ ਪੈਗ਼ਾਮ, ਪੀਰ ਪੈਗ਼ੰਬਰ ਆਪ ਜਣਾਇੰਦਾ । ਲੋਕਮਾਤ ਕਰ ਗ਼ੁਲਾਮ, ਬਰਦੇ ਆਪਣੀ ਸੇਵਾ ਲਾਇੰਦਾ । ਆਪੇ ਬਣਿਆ ਰਹੇ ਅਮਾਮ, ਸਿਰ ਅਮਾਮਾਂ ਨਾਉਂ ਧਰਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਕਲ ਵਖਾਇੰਦਾ । ਤੀਸ ਬਤੀਸਾ ਗਾ ਗਾ ਗਾਣ, ਅੰਜੀਲ ਕੁਰਾਨਾਂ ਵੰਡ ਵੰਡਾਇੰਦਾ । ਅੰਤਮ ਦੇਵੇ ਸੱਚਾ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਆਪਣਾ ਖੇਲ ਆਪ ਕਰਾਇੰਦਾ । ਜਿਸ ਨੂੰ ਕਹਿੰਦੇ ਸਚਖੰਡ ਨਿਵਾਸੀ, ਸੋ ਸਤਿਗੁਰ ਖੇਲ ਕਰਾਈਆ । ਹਰਿ ਪੁਰਖ ਨਿਰੰਜਣ ਇਕ ਅਬਿਨਾਸ਼ੀ, ਅਬਿਨਾਸ਼ੀ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਵੇਖੇ ਰਾਸੀ, ਮੰਡਲ ਰਾਸੀ ਆਪ ਰਚਾਈਆ । ਖੋਜ ਖੋਜਾਏ ਪ੍ਰਿਥਮੀ ਆਕਾਸ਼ੀ, ਗਗਨ ਮੰਡਲ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਵੇਖੇ ਸੱਚੇ ਸਾਥੀ, ਸਗਲਾ ਸੰਗ ਕਵਣ ਨਿਭਾਈਆ । ਲਹਿਣਾ ਦੇਣਾ ਚੁਕਾਏ ਤ੍ਰਿਲੋਕੀ ਨਾਥੀ, ਨਾਥ ਤ੍ਰਿਲੋਕੀ ਲਏ ਉਠਾਈਆ । ਪੀਰ ਪੈਗ਼ੰਬਰਾਂ ਖੋਲ੍ਹੇ ਤਾਕੀ, ਸਾਚਾ ਹੁਜਰਾ ਆਪ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚੁਕਾਏ ਬਾਕੀ, ਲਹਿਣਾ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਪ੍ਰਭ ਬਣੇ ਆਪ ਸਾਕੀ, ਹਰਿ ਸੱਜਣ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਜੀਵ ਖ਼ਾਕੀ, ਧਰਨੀ ਧਰਤ ਧਵਲ ਖੋਜ ਖੋਜਾਈਆ । ਗੁਰਮੁਖ ਚਾੜ੍ਹੇ ਫੜ ਫੜ ਸਾਚੀ ਘਾਟੀ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਰਮਲ ਜੋਤ ਜਗੇ ਲਲਾਟੀ, ਅਗਿਆਨ ਅੰਧੇਰ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਏ ਕਮਲਾਪਾਤੀ, ਕਵਲ ਨੈਣ ਰੰਗ ਰੰਗਾਈਆ । ਦਰਸ ਦਿਖਾਏ ਬਹੁ ਬਿਧ ਭਾਂਤੀ, ਅਨਕ ਕਲ ਆਪਣਾ ਖੇਲ ਕਰਾਈਆ । ਵਸਣਹਾਰਾ ਇਕ ਇਕਾਂਤੀ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਿਸ ਨੂੰ ਕਹਿੰਦੇ ਸਚ ਖ਼ੁਦਾ, ਨੂਰੀ ਜਲਵਾ ਨੂਰ ਧਰਾਇੰਦਾ । ਜਿਸ ਦੇ ਉਤੋਂ ਪੀਰ ਪੈਗ਼ੰਬਰ ਹੋਏ ਫਿਦਾ, ਮੁਰਸ਼ਦ ਮੁਰੀਦ ਰਾਹ ਤਕਾਇੰਦਾ । ਜਿਸ ਦਵਾਰੇ ਕੋਟਨ ਕੋਟ ਮੁਹੰਮਦ ਪਾਇਣ ਗਿੱਧਾ, ਰਸੂਲ ਰਸੂਲਾਂ ਸੋ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਵੇਸ ਵਟਾਇੰਦਾ । ਸੋ ਸਾਹਿਬ ਸੱਚਾ ਸੁਲਤਾਨ, ਜਿਸ ਹੱਥ ਵਡੀ ਵਡਿਆਈਆ । ਦਰਗਹਿ ਬੈਠਾ ਸਚ ਮਕਾਨ, ਸਚਖੰਡ ਸਾਚੇ ਵੱਜੇ ਵਧਾਈਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਡੰਕ ਵਜਾਏ ਇਕ ਜਹਾਨ, ਦੋ ਜਹਾਨਾਂ ਆਪ ਜਗਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਚਰਨ ਕਵਲ ਮਿਲੇ ਸਰਨਾਈਆ । ਭਗਤ ਭਗਵੰਤ ਮਿਲ ਮਿਲ ਗੀਤ ਇਕੋ ਗਾਣ, ਸੋਹੰ ਢੋਲਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਭਗਤ ਭਗਵੰਤ ਇਕੋ ਢੋਲਾ, ਹਰਿ ਮੰਦਰ ਆਪ ਜਣਾਇੰਦਾ । ਭਗਤ ਭਗਵੰਤ ਇਕੋ ਸੋਹਲਾ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਭਗਤ ਭਗਵੰਤ ਬਣ ਵਿਚੋਲਾ, ਲੋਕਮਾਤ ਮੇਲ ਮਿਲਾਇੰਦਾ । ਭਗਤ ਭਗਵਾਨ ਉਠਾਏ ਉਹਲਾ, ਦੂਈ ਦਵੈਤੀ ਪਰਦਾ ਲਾਹਿੰਦਾ ।

ਭਗਤ ਭਗਵਾਨ ਨਜ਼ਰੀ ਆਏ ਇਕੋ ਮੌਲਾ, ਮੌਲਾ ਆਪਣਾ ਖੇਲ ਵਖਾਇੰਦਾ । ਭਗਤ ਭਗਵਾਨ ਪੂਰਾ ਕਰੇ ਕੌਲਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਭਗਤ ਭਗਵਾਨ ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਜੂ ਬਹੁੜਾ, ਨਿਤ ਨਵਿਤ ਕਰ ਕਰ ਹਿਤ ਵੇਖ ਵਖਾਇੰਦਾ । ਜਿਸ ਨੂੰ ਮੰਨਦੇ ਰਹੇ ਪੂਤ ਸਪੂਤਾ ਬ੍ਰਹਿਮਣ ਗੌੜਾ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਆਪਣਾ ਵੇਸ ਵਟਾਇੰਦਾ । ਅੰਤਮ ਵੇਸ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਜੋਧਾ ਮਹਾਬਲੀ ਅਵਤਾਰ, ਬਲ ਆਪਣਾ ਆਪ ਰਖਾਈਆ । ਲੱਖ ਚੁਰਾਸੀ ਮਾਰੇ ਮਾਰ, ਬਚਿਆ ਕੋਇ ਰਹਿਣ ਨਾ ਪਾਈਆ । ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਸੀਸ ਤਾਜ ਨਾ ਕੋਇ ਟਿਕਾਈਆ । ਗੁਰਮੁਖ ਸੱਜਣ ਲਏ ਉਠਾਲ, ਦੀਨਨ ਆਪਣੀ ਦਇਆ ਕਮਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਚੀ ਘਾਲਣ ਜਿਸ ਲਈ ਘਾਲ, ਕੀਤੀ ਘਾਲ ਲੇਖੇ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਆਤਮ ਪਰਮਾਤਮ ਪਰਮ ਪੁਰਖ ਵੇਖ ਵਖਾਈਆ । ਨੇੜ ਨਾ ਆਏ ਕਾਲ ਮਹਾਕਾਲ, ਮਹਾਕਾਲਕਾ ਭੈ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਫੇਰਾ ਆਪੇ ਪਾਈਆ । ਆਪਣਾ ਫੇਰਾ ਪਾ ਗੋਬਿੰਦ, ਹਰਿ ਜੂ ਆਪਣੀ ਖੇਲ ਕਰਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਬੇਅੰਤ ਰੂਪ ਵਟਾਇੰਦਾ । ਲੱਖ ਚੁਰਾਸੀ ਲਾਏ ਨਿੰਦ, ਨਿੰਦਕ ਨਿੰਦਿਆ ਮੁੱਖ ਭਰਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਉਪਜਾਏ ਸਾਚੀ ਬਿੰਦ, ਸੁਤ ਅਨਾਦੀ ਨਾਉਂ ਧਰਾਇੰਦਾ । ਅੰਮ੍ਰਿਤ ਜਾਮ ਪਿਆਏ ਕਾਇਆ ਗਾਗਰ ਸਾਗਰ ਸਿੰਧ, ਅੰਮਿਉਂ ਰਸ ਆਪਣਾ ਇਕ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਸ ਵਟਾਇੰਦਾ । ਜੁਗ ਕਰਤਾ ਵਟਾਏ ਵੇਸ, ਰੂਪ ਅਨੂਪ ਧਰਾਈਆ । ਭਗਤ ਭਗਵੰਤ ਲਏ ਵੇਖ, ਲੱਖ ਚੁਰਾਸੀ ਖੋਜ ਖੋਜਾਈਆ । ਨਿਰੰਕਾਰ ਨਿਰਾਕਾਰ ਨਿਰਵੈਰ ਧਰਿਆ ਭੇਖ, ਭੇਖੀ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਦੇਸ ਪਰਦੇਸ, ਦੇਸ ਦਸੰਤਰ ਖੋਜ ਖੋਜਾਈਆ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਸੁਰਪਤ ਇੰਦ ਨਾਲ ਮਿਲਾਈਆ । ਬਿਨ ਨੇਤਰ ਨੈਣਾਂ ਬਿਨ ਅੱਖਾਂ ਰਿਹਾ ਵੇਖ, ਬਿਨ ਕੰਨਾਂ ਰਿਹਾ ਸੁਣਾਈਆ । ਕਲਜੁਗ ਅੰਤਮ ਕੂੜੀ ਕਿਰਿਆ ਹੋਣਾ ਖੇਤ, ਥਿਰ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਪ੍ਰਭ ਚਰਨ ਦਵਾਰੇ ਚੜ੍ਹਨੀ ਭੇਟ, ਭੇਟਾ ਆਪਣੀ ਆਪ ਕਰਾਈਆ । ਜੂਠ ਝੂਠ ਕੋਇ ਨਾ ਰਹਿਣਾ ਕੌੜਾ ਰੇਠ, ਕੂੜੀ ਕਿਰਿਆ ਦਏ ਖਪਾਈਆ । ਭਗਤ ਭਗਵੰਤ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਸਤਿ ਸਤਿਵਾਦੀ ਰੁੱਤ ਮੌਲੇ ਬਸੰਤੀ ਚੇਤ, ਚੇਤਨ ਸਭ ਦੀ ਸੁਰਤੀ ਦਏ ਕਰਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਕਰੇ ਸਾਚਾ ਹੇਤ, ਮਿੱਤਰ ਪਿਆਰਾ ਮਿਲ ਮਿਲ ਖ਼ੁਸ਼ੀ ਮਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕ ਇਕੱਲਾ ਰਿਹਾ ਖੇਡ, ਖੇਡਣਹਾਰਾ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਆਇਆ ਜਗ, ਜਗ ਜੀਵਣ ਦਾਤਾ ਖੇਲ ਕਰਾਇੰਦਾ । ਸੰਤ ਸੁਹੇਲੇ ਸਾਚੇ ਸੱਦ, ਸੱਦਾ ਇਕੋ ਨਾਮ ਦਵਾਇੰਦਾ । ਕੂੜੀ ਕਿਰਿਆ ਪਾਰ ਹੱਦ, ਸਾਚਾ ਮਾਰਗ ਏਕਾ ਲਾਇੰਦਾ । ਵਿਸ਼ਨ ਬਣਾਏ ਵਿਸ਼ਵ ਯੱਦ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਉਚ ਨੀਚ ਨਾ ਕੋਇ ਰਖਾਇੰਦਾ । ਗ਼ਰੀਬ

੯੯੦ ੧੨

ਨਿਮਾਣਿਆਂ ਲਡਾਏ ਲਡ, ਸਾਚੀ ਗੋਦੀ ਗੋਦ ਸੁਹਾਇੰਦਾ । ਡੂੰਘੇ ਸਾਗਰ ਆਪੇ ਕੱਢ, ਸਚ ਸਿੰਘਾਸਣ ਆਪ ਬਹਾਇੰਦਾ । ਨਾਮ ਨਿਧਾਨ ਪਿਆਏ ਮਦਿ, ਅੱਠੇ ਪਹਿਰ ਖ਼ੁਮਾਰ ਜਣਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਦੇਵੇ ਵੱਢ, ਮਾਇਆ ਮਮਤਾ ਮੋਹ ਮਿਟਾਇੰਦਾ । ਗ੍ਰਿਹਿ ਮੰਦਰ ਅੰਦਰ ਧੁਨ ਰਾਗ ਸੁਣਾਏ ਅਨਹਦ, ਰਾਗੀ ਆਪਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਮੇਲਾ ਏਕੰਕਾਰ, ਗੁਰ ਸ਼ਬਦੀ ਮੇਲ ਮਿਲਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਠਾਂਡਾ ਸੀਤਾ ਵਸੇ ਸਚ ਦਰਬਾਰ, ਸੰਬਲ ਆਪਣਾ ਆਸਣ ਲਾਈਆ । ਹਸਤ ਕੀਟਾ ਦੇ ਆਧਾਰ, ਊਚਾਂ ਨੀਚਾਂ ਏਕਾ ਰੰਗ ਵਖਾਈਆ । ਨਾਮ ਮੀਠਾ ਕਰ ਪਿਆਰ, ਸੋਹੰ ਅੱਖਰ ਕਰੇ ਪੜ੍ਹਾਈਆ । ਤ੍ਰੈਗੁਣ ਅੰਗੀਠਾ ਤਪੇ ਅੰਗਿਆਰ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਪਤਿਤ ਪੁਨੀਤਾ ਪਾਵੇ ਸਾਰ, ਪਤਿਤ ਪਾਪੀ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਆਪਣਾ ਖੇਲ ਵਖਾਈਆ । ਨਿਰਗੁਣ ਖੇਲ ਗੁਰਮੁਖ ਮੇਲਾ, ਭੇਵ ਕੋਇ ਨਾ ਪਾਇੰਦਾ । ਏਕਾ ਘਰ ਬਹਾਏ ਗੁਰੂ ਗੁਰ ਚੇਲਾ, ਗੁਰ ਗੋਬਿੰਦ ਸੰਗ ਨਿਭਾਇੰਦਾ । ਆਦਿ ਜੁਗਾਦੀ ਸੱਜਣ ਸੁਹੇਲਾ, ਸੰਤ ਸਾਜਨ ਵੇਖ ਵਖਾਇੰਦਾ । ਵਸਣਹਾਰਾ ਧਾਮ ਨਵੇਲਾ, ਲੋਕਮਾਤ ਵੇਸ ਵਟਾਇੰਦਾ । ਕੱਟਣਹਾਰਾ ਧਰਮ ਰਾਏ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਕਲਜੁਗ ਜਾਣੇ ਅੰਤਮ ਵੇਲਾ, ਵਾਰ ਥਿਤ ਨਾ ਕੋਇ ਵਡਿਆਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇੰਦਾ । ਜਿਸ ਨੂੰ ਕਹਿੰਦੇ ਕਰਨੀ ਕਰਤਾ, ਸੋ ਆਪਣਾ ਖੇਲ ਕਰਾਈਆ । ਨਿਰਭੌ ਹੋਏ ਕਦੇ ਨਾ ਡਰਦਾ, ਭੈ ਆਪਣਾ ਸਰਬ ਜਣਾਈਆ । ਨਾ ਜਨਮੇ ਨਾ ਕਦੇ ਮਰਦਾ, ਜਨਮ ਮਰਨ ਵਿਚ ਨਾ ਆਈਆ । ਆਪਣੇ ਦਰ ਦਰਵੇਸ਼ ਬਣੇ ਆਪੇ ਬਰਦਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਆਪਣਾ ਘਾੜਨ ਆਪੇ ਘੜਦਾ, ਆਪੇ ਘੜੇ ਭੰਨੇ ਸਰਬ ਲੋਕਾਈਆ । ਆਪਣੇ ਮੰਦਰ ਆਪੇ ਚੜ੍ਹਦਾ, ਸਚਖੰਡ ਵਸੇ ਸੱਚਾ ਮਾਹੀਆ । ਆਪਣਾ ਨਾਉਂ ਆਪੇ ਪੜ੍ਹਦਾ, ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਕਰੇ ਪੜ੍ਹਾਈਆ । ਆਪ ਉਠਾਏ ਆਪਣਾ ਪਰਦਾ, ਪਰਦਾਨਸ਼ੀਂ ਮੁਖ ਨਕਾਬ ਨਾ ਕੋਇ ਰਖਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਘਰ ਘਰ ਦਾ, ਘਰ ਘਰ ਆਪਣਾ ਮੁਖ ਛੁਪਾਈਆ । ਕਰੇ ਵੇਸ ਨਰ ਹਰਿ ਨਰਾਇਣ ਨਰ ਦਾ, ਨਰ ਨਰੇਸ਼ ਸੱਚਾ ਮਾਹੀਆ । ਗੁਰਮੁਖ ਗੁਰਸਿਖ ਹਰਿਜਨ ਸੱਜਣ ਆਪੇ ਫੜਦਾ, ਫੜ ਫੜ ਬਾਂਹੋਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਵਿਚ ਜਹਾਨ, ਖ਼ਾਲਕ ਖ਼ਲਕ ਖ਼ਲਕ ਖ਼ਾਲਕ ਹਰਿ ਵੇਖੇ ਚਾਈਂ ਚਾਈਂਆ ।


੬੬੧
੧੨

## ✳ ੧੧ ਅੱਸੂ ੨੦੧੯ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਹਿ ਪੱਖੋਵਾਲ ਜ਼ਿਲਾ ਲੁਧਿਆਣਾ ✳

ਸਾਚੇ ਤਖ਼ਤ ਬੈਠਾ ਸ਼ਹਿਨਸ਼ਾਹ, ਸਚਖੰਡ ਸਾਚੇ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਰੂਪ ਧਰਾ, ਨਿਰਗੁਣ ਖੇਲ ਕਰੇ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਵੇਸ ਵਟਾ, ਅਗੰਮ ਅਗੰਮੜੀ ਕਾਰ ਕਮਾਈਆ । ਏਕੰਕਾਰਾ ਨਾਉਂ ਧਰਾ, ਨਾਉਂ ਨਿਰੰਕਾਰਾ ਦਏ ਜਣਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਲਏ ਬਣਾ, ਸਤਿ ਸਤਿਵਾਦੀ ਆਪ ਉਠਾਈਆ । ਅਬਿਨਾਸ਼ੀ ਕਰਤਾ ਵੇਖੇ ਨੈਣ ਉਠਾ, ਨਿਜ ਨੈਣ ਆਪ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਸੀਸ ਝੁਕਾ, ਦਰ ਆਪਣੇ ਮੰਗ ਮੰਗਾਈਆ । ਭੂਪਤ ਭੂਪ ਰਾਜ ਰਾਜਾਨ ਆਪ ਅਖਵਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਮੁਕਾਮੇ ਹੱਕ ਡੇਰਾ ਲਾ, ਜਲਵਾ ਨੂਰ ਨੂਰ ਦਰਸਾਈਆ । ਨੂਰੀ ਜਲਵਾ ਇਕ ਖ਼ੁਦਾ, ਲਾਸ਼ਰੀਕ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਇਕ ਸੁਹਾਈਆ । ਸਚਖੰਡ ਬੈਠਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵੱਜੇ ਵਧਾਈਆ । ਸਚ ਸੰਦੇਸਾ ਰਿਹਾ ਸੁਣਾ, ਨਰ ਨਰੇਸ਼ਾ ਇਕੋ ਮਾਹੀਆ । ਦੋ ਜਹਾਨਾਂ ਰਿਹਾ ਜਗਾ, ਥਿਰ ਘਰ ਆਪਣਾ ਹੁਕਮ ਵਰਤਾਈਆ । ਸੁੰਨ ਅਗੰਮ ਪਰਦਾ ਦਏ ਚੁਕਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਖੇਲ ਕਰਾਈਆ । ਸਚਖੰਡ ਦਵਾਰੇ ਹਰਿ ਨਿਰੰਕਾਰਾ, ਹਰਿ ਜੂ ਆਪਣਾ ਆਸਣ ਲਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਕਰ ਪਸਾਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਚ ਸੰਦੇਸਾ ਏਕਾ ਵਾਰਾ, ਆਦਿ ਜੁਗਾਦੀ ਆਪ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਚਖੰਡ, ਹਰਿ ਸਾਚਾ ਸਚ ਕਰਾਈਆ । ਕਰੇ ਖੇਲ ਸੂਰਾ ਸਰਬੰਗ, ਦੂਸਰ ਸਾਥ ਨਾ ਕੋਇ ਰਖਾਈਆ । ਆਦਿ ਜੁਗਾਦਿ ਵਜਾਏ ਮਰਦੰਗ, ਨਾਮ ਨਿਧਾਨਾ ਇਕ ਰਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਗ੍ਰਹਿ ਗ੍ਰਹਿ ਮੰਦਰ ਖੋਜ ਖੋਜਾਈਆ । ਲੇਖਾ ਜਾਣੇ ਸੂਰਜ ਚੰਦ, ਜ਼ਿਮੀਂ ਅਸਮਾਨ ਦਏ ਵਡਿਆਈਆ । ਲੱਖ ਚੁਰਾਸੀ ਵੰਡਣ ਵੰਡ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਸਚ ਸੁਲਤਾਨਾ, ਹਰਿ ਸਾਚੀ ਕਾਰ ਕਮਾਇੰਦਾ । ਮਹਾਬੀਰ ਬਲੀ ਜੋਧਾ ਸੂਰ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਸਦਾ ਸੰਦੇਸਾ ਦੇਵਣਹਾਰਾ ਧੁਰ ਫ਼ਰਮਾਨਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਲੇਖਾ ਜਾਣੇ ਜੀਵ ਜਹਾਨਾ, ਜੀਵਣ ਜੁਗਤ ਜੋਤ ਆਪ ਜਗਾਇੰਦਾ । ਦੇਵਣਹਾਰਾ ਪਦ ਨਿਰਬਾਨਾ, ਨਿਰਬਾਨ ਪਦ ਇਕ ਵਖਾਇੰਦਾ । ਬੋਧ ਅਗਾਧੀ ਏਕਾ ਗਾਣਾ, ਬਿਨ ਅੱਖਰ ਆਪ ਸੁਣਾਇੰਦਾ । ਦਾਤਾ ਦਾਨੀ ਦੇਵਣਹਾਰਾ ਦਾਨਾ, ਦਇਆਨਿਧ ਠਾਕਰ ਸਵਾਮੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਠਾਂਡਾ ਸੀਤਾ, ਸਤਿਗੁਰ ਆਪਣੀ ਦਇਆ ਕਮਾਈਆ । ਜੁਗ ਚੌਕੜੀ ਚਲਾਏ ਰੀਤਾ, ਰੀਤੀਵਾਨ ਬੇਪਰਵਾਹੀਆ । ਤ੍ਰੈਗੁਣ ਲੇਖਾ ਜਾਣੇ ਅਤੀਤਾ, ਪੰਜ ਤਤ ਤਤ ਕੁੜਮਾਈਆ । ਅੰਤਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਠਾਂਡਾ ਸੀਤਾ, ਮੇਘ ਅੰਮ੍ਰਿਤ ਇਕ ਬਰਸਾਈਆ । ਵਸਣਹਾਰਾ

੯੯੨
੧੨

ਹਸਤ ਕੀਟਾ, ਊਚ ਨੀਚ ਡੇਰਾ ਲਾਈਆ । ਕਰੇ ਖੇਲ ਆਪ ਅਨਡੀਠਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਹਰਿ ਭਗਵਾਨਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਇੰਦਾ । ਸਚ ਸੰਦੇਸਾ ਧੁਰ ਫ਼ਰਮਾਨਾ, ਜੁਗਾ ਜੁਗੰਤਰ ਆਪ ਜਣਾਇੰਦਾ । ਗੁਰ ਅਵਤਾਰ ਕਰ ਪਰਧਾਨਾ, ਸਿਰ ਆਪਣਾ ਹੱਥ ਟਿਕਾਇੰਦਾ । ਪੀਰ ਪੈਗ਼ੰਬਰ ਜਗਤ ਨਿਸ਼ਾਨਾ, ਨਾਮ ਨਿਸ਼ਾਨੀ ਹੱਥ ਫੜਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਲੋਕ ਪਰਲੋਕ ਵੇਖ ਵਖਾਇੰਦਾ । ਚੌਦਾਂ ਤਬਕ ਸੁਣਾਏ ਗਾਣਾ, ਚੌਦਾਂ ਲੋਕ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਕਾਰ ਕਰਾਇੰਦਾ । ਸਚਖੰਡ ਨਿਵਾਸੀ ਕਰੇ ਕਾਰਾ, ਕਰਨੀ ਆਪਣੇ ਹੱਥ ਰਖਾਈਆ । ਆਦਿ ਜੁਗਾਦੀ ਹੋ ਤਿਆਰਾ, ਤ੍ਰੈਭਵਣ ਧਨੀ ਵੇਸ ਵਟਾਈਆ । ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਸੱਚੀ ਸਰਕਾਰਾ, ਵੇਖੇ ਸਰਬ ਲੋਕਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਕਹਿ ਕਹਿ ਪੱਲੂ ਸਰਬ ਛੁਡਾਈਆ । ਜੁਗ ਚੌਕੜੀ ਹੋਏ ਖ਼ਬਰਦਾਰਾ, ਸਾਚੀ ਖ਼ਬਰ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚ ਨਿਰੰਕਾਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਘਾੜਣ ਘੜੇ ਬਣ ਠਠਿਆਰ, ਘਾੜਤ ਆਪਣੇ ਹੱਥ ਰਖਾਇੰਦਾ । ਤ੍ਰੈਗੁਣ ਨਾਤਾ ਜੋੜ ਸੰਸਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਮਨ ਮਤ ਬੁਧ ਦੇ ਆਧਾਰ, ਰਕਤ ਬੂੰਦ ਰੰਗ ਰੰਗਾਇੰਦਾ । ਨਾਦ ਸ਼ਬਦ ਸੱਚੀ ਧੁੰਨਕਾਰ, ਘਰ ਆਤਮਕ ਆਪ ਟਿਕਾਇੰਦਾ । ਆਤਮ ਸੇਜਾ ਖੇਲ ਨਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਰਾਹ ਚਲਾਇੰਦਾ । ਸਚਖੰਡ ਨਿਵਾਸੀ ਸਾਚਾ ਰਾਹ, ਆਦਿ ਜੁਗਾਦਿ ਚਲਾਈਆ । ਜੁਗਾ ਜੁਗੰਤਰ ਦੇ ਸਲਾਹ, ਸਾਚੀ ਸਿਖਿਆ ਕਰੇ ਪੜ੍ਹਾਈਆ । ਗੁਰ ਅਵਤਾਰ ਲਏ ਪਰਗਟਾ, ਪਰਗਟ ਆਪਣੀ ਕਲ ਵਖਾਈਆ । ਨਿਰਗੁਣ ਸਰਗੁਣ ਰੂਪ ਧਰਾ, ਧਰਨੀ ਧਰਤ ਧਵਲ ਵਡਿਆਈਆ । ਸਚ ਸੰਦੇਸਾ ਦਏ ਘਲਾ, ਇਕ ਇਕੱਲਾ ਸੱਚਾ ਮਾਹੀਆ । ਲਿਖ ਲਿਖ ਲੇਖਾ ਦਏ ਸਮਝਾ, ਕਾਇਨਾਤ ਕਰੇ ਪੜ੍ਹਾਈਆ । ਅੱਖਰ ਅੱਖਰ ਜੋੜ ਜੁੜਾ, ਵੱਖਰ ਆਪਣੀ ਧਾਰ ਰਖਾਈਆ । ਸੱਥਰ ਸਾਚਾ ਲਏ ਵਿਛਾ, ਆਤਮ ਸੇਜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਸਾਚਾ ਰੰਗ ਹਰਿ ਕਰਤਾਰਾ, ਏਕਾ ਏਕ ਰੰਗਾਇੰਦਾ । ਆਦਿ ਜੁਗਾਦੀ ਬਣ ਸੇਵਾਦਾਰਾ, ਸੇਵਕ ਸਾਚੀ ਸੇਵ ਕਮਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਬਣ ਵਣਜਾਰਾ, ਚੌਦਾਂ ਲੋਕ ਹੱਟ ਚਲਾਇੰਦਾ । ਨਾਮ ਵਸਤ ਸਚ ਭੰਡਾਰਾ, ਅਤੋਟ ਅਤੁਟ ਵਖਾਇੰਦਾ । ਦੇਵਣਹਾਰ ਸਦਾ ਸੰਸਾਰਾ, ਮਹਾਸਾਰਥੀ ਫੇਰਾ ਪਾਇੰਦਾ । ਜੁਗ ਚੌਕੜੀ ਵੇਖੇ ਵਿਗਸੇ ਵੇਖਣਹਾਰਾ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਸਚਖੰਡ ਵਸੇ ਏਕੰਕਾਰਾ, ਅਕਲ ਕਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਪੁਰਖ ਸਮਰਥ, ਆਦਿ ਆਦਿ ਕਰਾਈਆ । ਵਿਸ਼ਨ ਬ੍ਰਹਮਾ ਦੇਵੇ ਸਾਚੀ ਵੱਥ, ਵਸਤ ਇਕੋ ਇਕ ਝੋਲੀ ਪਾਈਆ । ਅੰਤਰ ਆਤਮ ਮਾਰਗ ਦੱਸ, ਚਾਰ ਚਾਰ ਕਰੇ ਪੜ੍ਹਾਈਆ । ਜੁਗ ਚੌਕੜੀ

ਚਲਾਏ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਗੇੜਾ ਗੇੜੇ ਵਿਚ ਭੁਆਈਆ । ਜੁਗ ਚੌਕੜੀ ਗੇੜਾ ਗੇੜਣਹਾਰਾ, ਹਰਿ ਜੂ ਵੱਡਾ ਵਡ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਰੂਪ ਅਨੂਪ ਧਰਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵੇ ਸਾਰਾ, ਭਗਤ ਭਗਵੰਤ ਵੇਖ ਵਖਾਈਆ । ਨਾਤਾ ਤੋੜੇ ਹਉਮੇ ਹੰਗਤ ਗੜ੍ਹ ਕੂੜੀ ਕਿਰਿਆ ਮੇਟ ਅੰਧਿਆਰਾ, ਨਿਰਗੁਣ ਸਾਚਾ ਚੰਦ ਚੜ੍ਹਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਣ ਲਿਖਾਰਾ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਧੁਰ ਫ਼ਰਮਾਨਾ, ਧੁਰਦਰਗਾਹੀ ਆਪ ਜਣਾਇੰਦਾ । ਹੁਕਮੇ ਅੰਦਰ ਰਾਜਾ ਰਾਣਾ, ਸੀਸ ਜਗਦੀਸ ਸਰਬ ਝੁਕਾਇੰਦਾ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਗਾਏ ਗਾਣਾ, ਹੁਕਮੇ ਅੰਦਰ ਰਾਗ ਅਲਾਇੰਦਾ । ਹੁਕਮੇ ਅੰਦਰ ਆਤਮ ਪਰਮਾਤਮ ਅੰਮ੍ਰਿਤ ਰਸ ਪੀਣਾ ਖਾਣਾ, ਨਿਝਰ ਝਿਰਨਾ ਆਪ ਝਿਰਾਇੰਦਾ । ਹੁਕਮੇ ਅੰਦਰ ਜੋਤ ਪਰਕਾਸ਼ ਅਨੁਭਵ ਪਰਕਾਸ਼ ਵਖਾਣਾ, ਅਗਿਆਨ ਅੰਧੇਰ ਚੁਕਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਵਰਤੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਹੁਕਮੇ ਅੰਦਰ ਚਤੁਰ ਸੁਘੜ ਸਿਆਣਾ, ਹੁਕਮੇ ਅੰਦਰ ਮੂਰਖ ਮੂੜ੍ਹੇ ਗੂੜ੍ਹੀ ਨੀਂਦੇ ਸੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਚੜ੍ਹ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਹਰਿ ਨਿਰੰਕਾਰਾ, ਇਕ ਇਕੱਲਾ ਆਸਣ ਲਾਈਆ । ਦੀਵਾ ਬਾਤੀ ਨਾ ਕੋਇ ਉਜਿਆਰਾ, ਜੋਤੀ ਨੂਰ ਨੂਰ ਨੂਰ ਨੂਰ ਰੁਸ਼ਨਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਤਖ਼ਤ ਨਿਵਾਸੀ ਸੋਭਾ ਪਾਈਆ । ਦਰ ਦਰਵੇਸ਼ ਬਣ ਭਿਖਾਰਾ, ਅਲੱਖ ਨਿਰੰਜਣ ਆਪਣੀ ਅਲੱਖ ਆਪ ਜਗਾਈਆ । ਆਪੇ ਹੋਏ ਦੇਵਣਹਾਰਾ, ਆਪਣੀ ਝੋਲੀ ਆਪ ਭਰਾਈਆ । ਆਪੇ ਜਾਣੇ ਆਪਣਾ ਸਚ ਵਿਹਾਰਾ, ਕਰਨੀ ਕਰਤਾ ਆਪ ਕਮਾਈਆ । ਆਪੇ ਲੱਖ ਚੁਰਾਸੀ ਕਰ ਪਸਾਰਾ, ਅੰਡਜ ਜੇਰਜ ਉਤਭੁਜ ਸੇਤਜ ਰੱਖੇ ਥਾਉਂ ਥਾਈਆ । ਆਪੇ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬੰਧਨ ਪਾਈਆ । ਆਪੇ ਜੁਗ ਚੌਕੜੀ ਕਰੇ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਦਵਾਰ ਸੋਹਣਾ ਬੰਕ, ਸੋ ਪੁਰਖ ਨਿਰੰਜਣ ਆਪ ਬਣਾਇਆ । ਕੋਈ ਲੇਖਾ ਨਾ ਜਾਣੇ ਆਦਿ ਅੰਤ, ਮਧ ਆਪਣਾ ਖੇਲ ਕਰਾਇਆ । ਨਾ ਕੋਈ ਰਾਓ ਨਾ ਕੋਈ ਰੰਕ, ਏਕਾ ਰੰਗ ਸਮਾਇਆ । ਨਾ ਕੋਈ ਮਣੀਆ ਨਾ ਕੋਈ ਮੰਤ, ਮੰਤਰ ਸ਼ਬਦ ਨਾ ਕੋਇ ਸੁਣਾਇਆ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਅਵਤਾਰ ਨਜ਼ਰ ਕੋਇ ਨਾ ਆਇਆ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਮੁੱਲਾਂ ਸ਼ੇਖ਼ ਨਾ ਕੋਇ ਪੜ੍ਹਾਇਆ । ਨਾ ਕੋਈ ਗੜ੍ਹ ਹਉਮੇ ਹੰਗਤ, ਕਾਇਆ ਕੋਟ ਨਾ ਕੋਇ ਵਡਿਆਇਆ । ਨਾ ਕੋਈ ਖੰਡਾ ਨਾ ਕੋਈ ਖੰਡਤ, ਤੀਰ ਕਮਾਨ ਨਾ ਕੋਇ ਉਠਾਇਆ । ਨਾ ਕੋਈ ਜੇਰਜ ਨਾ ਕੋਈ ਅੰਡਤ, ਉਤਭੁਜ ਸੇਤਜ ਰੂਪ ਨਾ ਕੋਇ ਵਖਾਇਆ । ਸਚਖੰਡ ਦਵਾਰੇ ਪੁਰਖ ਅਬਿਨਾਸ਼ੀ ਇਕੋ ਇਕ ਬੋਧ ਗਿਆਨਾ ਪੰਡਤ, ਪਾਰਬ੍ਰਹਮ ਆਪਣਾ ਨਾਉਂ ਧਰਾਇਆ । ਨਾ ਦਰਵੇਸ਼ ਨਾ ਕੋਈ ਮੰਗਤ, ਭਿਖਾਰੀ ਰੂਪ ਨਾ ਕੋਇ ਵਖਾਇਆ । ਨਾ ਕੋਈ ਗੁਰ ਨਾ ਕੋਈ ਸੰਗਤ, ਨਾ ਕੋਈ ਚਰਨ ਕਵਲ ਸਮਝਾਇਆ ।

੯੯੪
੧੨

ਆਪੇ ਜਾਣੇ ਆਪਣੀ ਬਣਤ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਆਪੇ ਚੜ੍ਹ, ਸਾਚਾ ਖੇਲ ਆਪ ਵਰਤਾਇਆ । ਸਾਚਾ ਖੇਲ ਵਰਤੇ ਭਗਵੰਤ, ਮਹਿਮਾ ਅਕੱਥ ਕਥੀ ਨਾ ਜਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਰਚਨ ਰਚਾਈਆ । ਕੋਟਨ ਕੋਟ ਸਾਧ ਸੰਤ, ਭਗਤ ਭਗਵੰਤ ਸੇਵ ਲਗਾਈਆ । ਕੋਟਨ ਕੋਟ ਨਾਮ ਮਣੀਆ ਮੰਤ, ਰਸਨਾ ਜਿਹਵਾ ਰਹੀ ਗਾਈਆ । ਕੋਟਨ ਕੋਟ ਜਗਤ ਨਾਰ ਕੰਤ, ਹਰਿ ਕੰਤ ਇਕੋ ਇਕ ਨਜ਼ਰੀ ਆਈਆ । ਕੋਟਨ ਕੋਟ ਬਸਤਰ ਰੰਗ ਚਾੜ੍ਹਨ ਬਸੰਤ, ਹਰਿ ਬਸੰਤ ਰੰਗ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਆਪਣਾ ਪਰਦਾ ਪਾਈਆ । ਸਚਖੰਡ ਨਿਵਾਸੀ ਬੈਠਾ ਲੁਕ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਜੁਗਾ ਜੁਗੰਤਰ ਰਿਹਾ ਚੁੱਪ, ਗੁਰ ਅਵਤਾਰ ਪੀਰ ਪੈਗੰਬਰ ਇਕ ਪੜ੍ਹਾਇੰਦਾ । ਸ਼ਬਦ ਦੁਲਾਰਾ ਕੀਤਾ ਸੁਤ, ਜਨ ਜਨਣੀ ਆਪਣਾ ਰੂਪ ਵਟਾਇੰਦਾ । ਦਾਈ ਦਾਇਆ ਸੇਵਾ ਕਰੇ ਅਬਿਨਾਸ਼ੀ ਅਚੁੱਤ, ਸਾਚੀ ਸੇਵਾ ਆਪ ਕਮਾਇੰਦਾ । ਥਿਰ ਘਰ ਮੌਲੇ ਇਕੋ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਪੁਰਖ ਅਬਿਨਾਸ਼ੀ ਵੇਖੇ ਉਠ, ਆਪ ਆਪਣਾ ਨੈਣ ਖੁਲ੍ਹਾਇੰਦਾ । ਜਿਉਂ ਭਾਵੇ ਤਿਉਂ ਜਾਏ ਤੁਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਕਰੇ ਜਗ, ਜੁਗ ਜੁਗ ਵੇਸ ਵਟਾਈਆ । ਤ੍ਰੈਗੁਣ ਮਾਇਆ ਵੇਖੇ ਅੱਗ, ਲੱਖ ਚੁਰਾਸੀ ਤਪੇ ਲੋਕਾਈਆ । ਜੀਵ ਜੰਤ ਹੋਏ ਕਗ, ਬੁੱਧੀ ਕਾਗ ਵਾਂਗ ਕੁਰਲਾਈਆ । ਕਾਇਆ ਮੰਦਰ ਅੰਦਰ ਕੋਈ ਨਾ ਬਹੇ ਸਜ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਟਿੱਲੇ ਪਰਬਤ ਖੋਜ ਖੋਜਾਈਆ । ਅੰਮ੍ਰਿਤ ਆਤਮ ਪੀਵੇ ਕੋਈ ਨਾ ਰੱਜ, ਅਠਸਠ ਤੀਰਥ ਭਰਮੇ ਭੁੱਲੇ ਸਰਬ ਲੋਕਾਈਆ । ਨੌਂ ਦਵਾਰੇ ਰਹੇ ਨੱਚ, ਦਸਵੇਂ ਮੇਲ ਨਾ ਸੱਚੇ ਮਾਹੀਆ । ਲੇਖੇ ਲੱਗੇ ਨਾ ਕਾਇਆ ਮਾਟੀ ਕੱਚ, ਕਾਚੀ ਗਗਰੀਆ ਕੰਮ ਕਿਸੇ ਨਾ ਆਈਆ । ਹਿਰਦੇ ਵਸੇ ਨਾ ਹਰਿ ਹਰਿ ਸੱਚ, ਸਚ ਸੁੱਚ ਨਾ ਕੋਇ ਕੁੜਮਾਈਆ । ਮਨ ਵਾਸ਼ਨਾ ਰਹੇ ਨੱਚ, ਦਹਿ ਦਿਸ਼ਾ ਉਠ ਉਠ ਧਾਈਆ । ਗੁਰ ਕਾ ਸ਼ਬਦ ਨਾ ਸਕੇ ਵਾਚ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਅਜੱਪਾ ਕਰੇ ਨਾ ਕੋਇ ਪਾਠ, ਰਸਨਾ ਜਿਹਵਾ ਸਰਬ ਹਲਕਾਈਆ । ਪੰਚ ਵਿਕਾਰਾ ਕਰੇ ਨਾ ਕੋਇ ਘਾਤ, ਖੰਡਾ ਨਾਮ ਹੱਥ ਨਾ ਕੋਇ ਚਮਕਾਈਆ । ਆਪਣੀ ਪਤ ਕੋਇ ਨਾ ਸਕੇ ਰਾਖ, ਬਿਹਬਲ ਰੋਵੇ ਸਰਬ ਲੋਕਾਈਆ । ਜੁਗ ਚੌਕੜੀ ਵੇਖਣਹਾਰਾ ਅੰਧੇਰੀ ਰਾਤ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਪੁਰਖ ਅਬਿਨਾਸ਼ੀ ਵੇਖੇ ਖੋਲ੍ਹ ਤਾਕ, ਦੋ ਜਹਾਨਾਂ ਪਰਦਾ ਆਪ ਉਠਾਈਆ । ਪੀਰ ਪੈਗੰਬਰ ਗੁਰ ਅਵਤਾਰ ਕਵਣ ਦਵਾਰੇ ਬੈਠੇ ਘਾਟ, ਆਪਣੇ ਪਤਣ ਡੇਰਾ ਲਾਈਆ । ਨੇੜੇ ਦੂਰ ਕਵਣ ਤਕਾਏ ਵਾਟ, ਬਣ ਪਾਂਧੀ ਫੇਰਾ ਪਾਈਆ । ਕਵਣ ਨਿਝਰ ਰਸ ਰਿਹਾ ਚਾਟ, ਰਸਨਾ ਰਸ ਨਾ ਕੋਇ ਵਖਾਈਆ । ਕਵਣ ਨਿਰਗੁਣ ਵਿਕਿਆ ਸਰਗੁਣ ਹਾਟ, ਹੱਟੋ ਹੱਟ ਨਾ ਕੋਇ ਭੁਆਈਆ । ਕਵਣ ਦਰਸ਼ਨ ਪਾਏ ਕਮਲਾਪਾਤ, ਕਵਲ ਨੈਣ ਇਕੋ ਨਜ਼ਰੀ ਆਈਆ । ਕਵਣ ਨਾਤਾ ਤੋੜੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਕਵਣ ਲੇਖਾ ਜਾਣੇ ਪਵਣ ਸਵਾਸ, ਉਨੰਜਾ ਪਵਣਾ ਰਿਹਾ ਸਮਾਈਆ । ਕਵਣ ਪੂਰੀ ਕਰੇ ਆਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਮੇਲ ਮਿਲਾਈਆ । ਕਵਣ ਪਰਗਟ ਹੋਏ ਸਾਖਿਆਤ, ਸਵੱਛ ਸਰੂਪੀ ਰੂਪ ਧਰਾਈਆ । ਕਵਣ ਗੁਰਸਿਖ ਬਣਾਏ ਪਾਰਜ਼ਾਤ,

ਚਰਨ ਕਵਲ ਦਏ ਵਡਿਆਈਆ । ਕਵਣ ਪੂਰਬ ਜਨਮ ਪੂਰਾ ਕਰੇ ਘਾਟ, ਪੂਰਬ ਲੇਖਾ ਦਏ ਚੁਕਾਈਆ । ਕਵਣ ਲੇਖਾ ਮੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਦਏ ਗਵਾਹੀਆ । ਕਵਣ ਬਣੇ ਮਾਈ ਬਾਪ, ਪਿਤਾ ਪੂਤ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਆਪਣਾ ਵੇਸ ਵਟਾਈਆ । ਸਚਖੰਡ ਦਵਾਰੇ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਜੁਗ ਜੁਗ ਵੇਸ ਵਖਾਇੰਦਾ । ਗੁਰ ਅਵਤਾਰ ਫੜਾਇਆ ਪੱਲਾ, ਪੱਲੂ ਏਕਾ ਗੰਢ ਪੁਆਇੰਦਾ । ਨਾਮ ਸੰਦੇਸ ਏਕਾ ਘੱਲਾ, ਨਰ ਨਰੇਸ਼ ਆਪ ਪੜ੍ਹਾਇੰਦਾ । ਦਰ ਦਰਵੇਸ਼ ਆਪੇ ਖਲਾ, ਜੋਤੀ ਜਾਤਾ ਡਗਮਗਾਇੰਦਾ । ਸ਼ਬਦੀ ਧਾਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਭੇਵ ਚੁਕਾਇੰਦਾ । ਸਚਖੰਡ ਨਿਵਾਸੀ ਖੋਲ੍ਹੇ ਭੇਤ, ਭੇਵ ਆਪਣਾ ਆਪ ਜਣਾਈਆ । ਜੁਗ ਚੌਕੜੀ ਕਰੇ ਹੇਤ, ਭਗਤ ਭਗਵੰਤ ਲਏ ਉਠਾਈਆ । ਲੱਖ ਚੁਰਾਸੀ ਵੇਖੇ ਖੇਤ, ਬਣ ਕਿਰਸਾਣਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਦੇਵੇ ਲਾਹ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਸਚ ਸੰਦੇਸਾ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਵਿਸ਼ਨੂੰ ਦਰ ਲਏ ਬੁਲਾ, ਬ੍ਰਹਮਾ ਏਕਾ ਹੁਕਮ ਮਨਾਇੰਦਾ । ਸ਼ੰਕਰ ਸੀਸ ਰਿਹਾ ਝੁਕਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਤ੍ਰੈਗੁਣ ਮਾਇਆ ਮਾਰੇ ਧਾਹ, ਧੀਰਜ ਧੀਰ ਨਾ ਕੋਇ ਧਰਾਇੰਦਾ । ਪੰਜ ਤਤ ਰਹੇ ਕੁਰਲਾ, ਦੋਏ ਜੋੜ ਵਾਸਤਾ ਸਰਬ ਪਾਇੰਦਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਲਏ ਬੁਲਾ, ਬਰਾਹ ਆਪਣਾ ਹੁਕਮ ਸੁਣਾਇੰਦਾ । ਯੁਗੇ ਪੁਰਸ਼ ਲਏ ਉਠਾ, ਹਾਵ ਗ਼ਰੀਵ ਨਾਲ ਰਲਾਇੰਦਾ । ਨਰ ਨਰਾਇਣ ਚਰਨੀ ਡਿਗੇ ਆ, ਕਪਲਮੁਨ ਮਸਤਕ ਟਿੱਕਾ ਏਕਾ ਲਾਇੰਦਾ । ਦਤਾ ਤ੍ਰੈ ਹੋਏ ਫਿਦਾ, ਫਿਤਰਤ ਆਪਣੀ ਆਪ ਮਿਟਾਇੰਦਾ । ਰਿਖਵ ਦੇਵ ਇਕੋ ਮੰਗ ਰਿਹਾ ਮੰਗਾ, ਖਾਲੀ ਝੋਲੀ ਅੱਗੇ ਡਾਹਿੰਦਾ । ਪਿਰਥੂ ਸੇਵ ਲਏ ਕਮਾ, ਸਾਚੀ ਸੇਵਾ ਝੋਲੀ ਪਾਇੰਦਾ । ਮਤਸ ਜਲ ਰਿਹਾ ਸਮਾ, ਜਲਧਾਰਾ ਖੇਲ ਜਣਾਇੰਦਾ । ਕਸ਼ਪ ਮਿੰਦਰਾ ਰਿਹਾ ਉਠਾ, ਤੇਰਾ ਹੁਕਮ ਸੀਸ ਟਿਕਾਇੰਦਾ । ਮੋਹਨੀ ਮਥਣ ਰਿਹਾ ਕਰਾ, ਸਮੁੰਦ ਸਾਗਰ ਵਰੋਲ ਵਖਾਇੰਦਾ । ਧਨੰਤਰ ਲੇਖਾ ਰਿਹਾ ਚੁਕਾ, ਦੋਏ ਜੋੜ ਵਾਸਤਾ ਪਾਇੰਦਾ । ਹੰਸਾ ਆਪਣਾ ਨਾਉਂ ਧਰਾ, ਸੋਹੰ ਗੀਤ ਸੋਹਲਾ ਢੋਲਾ ਏਕਾ ਗਾਇੰਦਾ । ਨਰ ਸਿੰਘ ਖੇਲ ਕਰੇ ਬੇਪਰਵਾਹ, ਦਰ ਆਪਣਾ ਇਕ ਜਣਾਇੰਦਾ । ਬਲ ਦਵਾਰੇ ਫੇਰਾ ਪਾ, ਬਾਵਣ ਆਪਣਾ ਭੇਵ ਖੁਲ੍ਹਾਇੰਦਾ । ਬਾਵਨ ਤੇਰਾ ਲੇਖਾ ਦਏ ਮੁਕਾ, ਪੁਰਖ ਅਬਿਨਾਸ਼ੀ ਆਪਣਾ ਹੁਕਮ ਵਰਤਾਇੰਦਾ । ਅੰਤਮ ਲਹਿਣਾ ਦਏ ਚੁਕਾ, ਬਾਕੀ ਕੋਇ ਨਜ਼ਰ ਨਾ ਆਇੰਦਾ । ਨਰ ਹਰਿ ਵੇਸ ਵਟਾ, ਧਰੂ ਬਾਲੇ ਲੇਖਾ ਆਪ ਚੁਕਾਇੰਦਾ । ਗਜ਼ ਤੰਦ ਆਪ ਕਟਾ, ਹਰੀਹਰ ਆਪਣਾ ਵੇਸ ਵਟਾਇੰਦਾ । ਹੁਕਮੇ ਅੰਦਰ ਲਏ ਬੰਨ੍ਹਾਂ, ਨਾਮ ਡੋਰੀ ਇਕ ਉਠਾਇੰਦਾ । ਪਰਸ ਰਾਮ ਲਏ ਉਠਾ, ਪਿਛਲੀ ਕੀਤੀ ਯਾਦ ਕਰਾਇੰਦਾ । ਰਾਮ ਦਸਰਥ ਬੇਟਾ ਲਏ ਜਗਾ, ਪਰਗਟ ਰਮਈਆ ਰਾਮ ਆਪਣਾ ਹੁਕਮ ਵਰਤਾਇੰਦਾ । ਵੇਦ ਵਿਆਸਾ ਨੈਣ ਦਏ ਖੁਲ੍ਹਾ, ਪੁਰਾਨ ਅਠਾਰਾਂ ਪਰਦਾ ਲਾਹਿੰਦਾ । ਗੀਤਾ ਗਿਆਨ ਲਹਿਣਾ ਦੇਣਾ ਦੇਵੇ ਝੋਲੀ ਪਾ, ਤ੍ਰਿਲੋਕੀ ਨੰਦ ਨੰਦ ਆਪ ਜਣਾਇੰਦਾ । ਫੜ ਬਾਂਹੋਂ ਚਰਨਾਂ ਹੇਠ ਲਏ ਦਬਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਮੂਸਾ

ਇਕ ਸੰਦੇਸਾ ਦਏ ਪਹੁੰਚਾ, ਕੋਹਤੂਰ ਨਜ਼ਰ ਕੋਇ ਨਾ ਆਇੰਦਾ । ਈਸਾ ਲੇਖਾ ਦਏ ਸਮਝਾ, ਖ਼ੁਦਾ ਨੂਰ ਜ਼ਹੂਰ ਇਕ ਦ੍ਰਿੜਾਇੰਦਾ । ਮੁਹੰਮਦ ਅਹਿਮਦ ਪਰਦਾ ਦੇਵੇ ਲਾਹ, ਅੱਲਾ ਰਾਣੀ ਗੰਢ ਪੁਵਾਇੰਦਾ । ਚਾਰ ਯਾਰੀ ਜੋੜ ਜੁੜਾ, ਜੁਗਤ ਆਪਣੇ ਹੱਥ ਰਖਾਇੰਦਾ । ਹੁਕਮੇ ਅੰਦਰ ਖੇਲ ਵਰਤਾ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸਚਖੰਡ ਖੇਲ ਕਰੇ ਸੱਚਾ ਸ਼ਹਿਨਸ਼ਾਹ, ਨਿਰਗੁਣ ਨਾਨਕ ਸਰਗੁਣ ਨਾਨਕ ਆਪਣੇ ਨਾਲ ਪਰਨਾਇੰਦਾ । ਏਕਾ ਮੰਤਰ ਨਾਮ ਦ੍ਰਿੜਾ, ਨਾਮ ਸਤਿ ਝੋਲੀ ਪਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਲੇਖਾ ਦਏ ਜਣਾ, ਈਸ਼ ਜੀਵ ਬ੍ਰਹਮ ਪਾਰਬ੍ਰਹਮ ਸੰਗ ਮਿਲਾਇੰਦਾ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਦਏ ਵਖਾ, ਜ਼ਾਤ ਪਾਤ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਇ ਜਣਾਇੰਦਾ । ਸਾਚੀ ਸਿਖਿਆ ਇਕ ਦ੍ਰਿੜਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਅਗੰਮੀ ਕਾਰ ਆਪ ਕਰਾ, ਅੰਗਦ ਏਕਾ ਅੰਗ ਲਗਾਇੰਦਾ । ਅੰਗਦ ਅੰਮ੍ਰਿਤ ਆਤਮ ਜਾਮ ਪਿਆ, ਅਮਰ ਦਾਸ ਵੇਖ ਵਖਾਇੰਦਾ । ਰਾਮ ਦਾਸ ਕਾਇਆ ਮੰਦਰ ਭੇਵ ਚੁਕਾ, ਹਰਿਮੰਦਰ ਰਾਮ ਦਾਸ ਪਰਦਾ ਲਾਹਿੰਦਾ । ਆਦਿ ਜੁਗਾਦੀ ਧੁੰਨ ਅਨਾਦੀ ਸ਼ਬਦ ਅਨਾਦੀ ਰਾਗ ਦਏ ਅਲਾ, ਗੁਰ ਅਰਜਨ ਅਰਜਨ ਗੁਰ ਭੇਵ ਖੁਲ੍ਹਾਇੰਦਾ । ਬੋਧ ਅਗਾਧੀ ਸ਼ਬਦ ਸੁਣਾ, ਅਨਰਾਗੀ ਆਪਣਾ ਰਾਗ ਅਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਲਏ ਮਿਲਾ, ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਆਪਣਾ ਮੇਲ ਮਿਲਾਇੰਦਾ । ਪੰਜ ਇਕ ਪੰਜ ਦੋ ਬਾਵਨ ਅੱਖਰ ਆਪੇ ਹੋ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੰਜ ਤਿੰਨ ਤਿੰਨ ਪੰਜ ਪੰਚਮ ਆਪਣਾ ਮੇਲ ਮਿਲਾਇੰਦਾ । ਗੁਰੂ ਗ੍ਰੰਥ ਬੀਜ ਸਾਚਾ ਬੋ, ਬੋਧ ਅਗਾਧ ਸੰਤ ਸਾਧ ਲੱਖ ਚੁਰਾਸੀ ਜੀਵ ਜੰਤ ਵੰਡ ਵੰਡਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਹਰਿ ਗੋਬਿੰਦ ਮੇਟੇ ਚਿੰਦ, ਸਚ ਕਟਾਰ ਕਰ ਤਿਆਰ, ਪ੍ਰੇਮ ਪਿਆਰ ਦੋ ਧਾਰ ਆਪ ਵਖਾਇੰਦਾ । ਹਰਿਰਾਏ ਦੇ ਅਧਾਰ, ਆਤਮ ਅੰਤਰ ਕਰ ਪਸਾਰ, ਹਰਿਕਿਸ਼ਨਾ ਕਰ ਵਿਚਾਰ, ਕਿਸ਼ਨਾ ਲੇਖ ਨਾ ਕੋਇ ਰਖਾਇੰਦਾ । ਤੇਗ਼ ਬਹਾਦਰ ਤਿੱਖੀ ਧਾਰ, ਸੰਸਾਰ ਸਾਗਰ ਕਰੇ ਪਾਰ, ਡੁੱਬਦੇ ਪਾਥਰ ਜਾਏ ਤਾਰ, ਪਾਹਨ ਆਪਣਾ ਚਰਨ ਛੁਹਾਇੰਦਾ । ਗੋਬਿੰਦ ਸੂਰਾ ਖ਼ਬਰਦਾਰ, ਪੁਰਖ ਅਕਾਲ ਕਰੇ ਪਿਆਰ, ਪੂਤ ਸਪੂਤਾ ਆਪਣੀ ਗੋਦ ਬਹਾਇੰਦਾ । ਖੜਗ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਖੰਡਾਂ ਗਗਨ ਪਤਾਲਾਂ ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਲੇਖਾ ਮੂਲ ਚੁਕਾਇੰਦਾ । ਭਗਤ ਅਠਾਰਾਂ ਵਣਜ ਵਣਜਾਰ, ਧਰੂ ਪ੍ਰਹਿਲਾਦ ਲਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਪੰਚਮ ਮੀਤਾ, ਪੰਚਮ ਪੰਚ ਜਣਾਈਆ । ਆਦਿ ਜੁਗਾਦੀ ਜਾਣੇ ਰੀਤਾ, ਸਤਿ ਸਤਿਵਾਦੀ ਬੇਪਰਵਾਹੀਆ । ਵਸੇ ਧਾਮ ਇਕ ਅਨਡੀਠਾ, ਸਚਖੰਡ ਆਪਣਾ ਡੇਰਾ ਲਾਈਆ । ਲੱਖ ਚੁਰਾਸੀ ਸੱਜਣ ਮੀਤਾ, ਘਰ ਘਰ ਵੇਖ ਵਖਾਈਆ । ਪਰਖਣਹਾਰਾ ਜੀਵ ਜੰਤ ਨੀਤਾ, ਨੀਤੀਵਾਨ ਇਕੋ ਇਕ ਰਘਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੇ ਹਰਿ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਕਰੇ ਅੰਤ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਕਲਜੁਗ ਖੇਲ ਕਰੇ ਬੇਅੰਤ, ਬੇਅੰਤ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਧਾਰ ਚਲਾਇੰਦਾ । ਸਚਖੰਡ ਨਿਵਾਸੀ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਨਿਰਗੁਣ

ਆਪਣਾ ਰੂਪ ਧਰਾਈਆ । ਏਕੰਕਾਰ ਮਹੱਲ ਅਟੱਲ ਵੇਖ ਮੁਨਾਰ, ਸੰਬਲ ਆਪਣਾ ਡੇਰਾ ਲਾਈਆ । ਆਦਿ ਨਿਰੰਜਣ ਕਰ ਉਜਿਆਰ, ਨੂਰ ਜ਼ਹੂਰ ਇਕ ਦਰਸਾਈਆ । ਅਬਿਨਾਸ਼ੀ ਕਰਤਾ ਖੋਲ੍ਹ ਠਾਂਡਾ ਦਰਬਾਰ, ਸ੍ਰੀ ਭਗਵਾਨ ਸਤਿ ਸਤਿਵਾਦੀ ਸਚ ਨਿਸ਼ਾਨ ਉਠਾਈਆ । ਪਾਰਬ੍ਰਹਮ ਬ੍ਰਹਮ ਕਰੇ ਪਿਆਰ, ਬ੍ਰਹਮਵੇਤਾ ਸੱਚਾ ਮਾਹੀਆ । ਅੰਤਮ ਲੇਖਾ ਮੇਟੇ ਸਰਬ ਸੰਸਾਰ, ਭਰਮ ਭੁਲੇਖਾ ਰਹੇ ਨਾ ਰਾਈਆ । ਨਰ ਨਰੇਸ਼ਾ ਸਿਰਜਣਹਾਰ, ਸਿਰ ਸਿਰ ਰਿਜ਼ਕ ਸਭਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਈ ਅਵਤਾਰ, ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਲਏ ਉਠਾਲ, ਹੁਕਮ ਹਾਕਮ ਇਕ ਜਣਾਈਆ । ਨੇਤਰ ਵੇਖੇ ਸ਼ਾਹ ਕੰਗਾਲ, ਕਲਜੁਗ ਜੀਵ ਰਹੇ ਕੁਰਲਾਈਆ । ਸਚ ਨਾ ਮਿਲੇ ਕੋਇ ਦਲਾਲ, ਨਾਮ ਦਲਾਲੀ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਾਉਣਾ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਆਪਣਾ ਨਾਉਂ ਧਰਾਉਣਾ, ਜ਼ਾਤ ਪਾਤ ਨਾ ਵੰਡ ਵੰਡਾਈਆ । ਸਤਿ ਸਤਿਵਾਦੀ ਆਦਿ ਜੁਗਾਦੀ ਢੋਲਾ ਇਕੋ ਗਾਉਣਾ, ਸੋਹੰ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਮੇਲ ਮਿਲਾਉਣਾ, ਦੂਈ ਦਵੈਤ ਰਹਿਣ ਨਾ ਪਾਈਆ । ਸਾਚਾ ਮੰਦਰ ਇਕੋ ਸਹੌਣਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਚਲਾਏ ਸ੍ਰੀ ਭਗਵਾਨ, ਸ੍ਰੀ ਭਗਵਾਨ ਵਡੀ ਵਡਿਆਈਆ । ਕਲਜੁਗ ਅੰਤ ਲੇਖਾ ਚੁਕਾਏ ਆਣ, ਲੇਖਾ ਆਪਣੇ ਵਿਚ ਛੁਪਾਈਆ । ਸ਼ਬਦ ਅਗੰਮੀ ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਈਆ । ਸ਼ਾਹ ਪਾਤਸ਼ਾਹ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ ।

੯੯੮ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਲੇਖਾ ਦਏ ਮੁਕਾਈਆ । ਜੁਗ ਚੌਕੜੀ ਮੁੱਕੇ ਪੰਧ, ੯੯੮

ਥਿਰ ਕੋਇ ਰਹਿਣ ਨਾ ਪਾਇਆ । ਕਲਜੁਗ ਅੰਤਮ ਮਿਟਨਾ ਚੰਦ, ਜਗਤ ਅੰਧੇਰਾ ਛਾਇਆ । ਲੱਖ ਚੁਰਾਸੀ ਵਾਸ਼ਨਾ ਗੰਦ, ਹਿਰਦੇ ਹਰਿ ਨਾ

੧੨ ਕੋਇ ਵਸਾਇਆ । ਆਤਮ ਬਿਨ ਪਰਮਾਤਮ ਹੋਈ ਰੰਡ, ਸੇਜ ਸੁਹੰਜਣੀ ਨਾ ਕੋਇ ਸੁਹਾਇਆ । ਕਿਸੇ ਨਾ ਮਿਲੇ ਨਿਜਾਨੰਦ, ਨਿਝਰ ਝਿਰਨਾ ੧੨

ਨਾ ਕੋਇ ਝਿਰਾਇਆ । ਰਸਨਾ ਜਿਹਵਾ ਖਾ ਖਾ ਥੱਕੀ ਗੰਦ, ਕੂੜੀ ਵਾਸ਼ਨਾ ਨਾ ਕੋਇ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦੇਵੇ ਚੁਕਾਇਆ । ਸਭ ਦਾ ਲਹਿਣਾ ਚੁਕਾਉਣਾ ਆਪ, ਪ੍ਰਭ ਸਾਚਾ ਦਇਆ ਕਮਾਇੰਦਾ । ਪੂਰਬ ਲਹਿਣਾ ਲੱਖ ਚੁਰਾਸੀ ਵੇਖਣਹਾਰਾ ਜਨਮ ਕਰਮ ਪਾਪ, ਪਤਿਤ ਪੁਨੀਤ ਖੋਜ ਖੋਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਲੱਭਣੇ ਸੱਜਣ ਸਾਕ, ਗੁਰਮੁਖ ਗੁਰਸਿਖ ਆਪ ਉਠਾਇੰਦਾ । ਤਟ ਕਿਨਾਰਾ ਵੇਖਣਹਾਰਾ ਘਾਟ, ਕਲਜੁਗ ਅੰਤਮ ਪੱਤਣ ਆਪਣਾ ਡੇਰਾ ਲਾਇੰਦਾ । ਪੀਰ ਪੈਗ਼ੰਬਰ ਰਾਹ ਤੱਕਣ ਅੰਤਮ ਮੁੱਕੀ ਸਾਡੀ ਵਾਟ, ਚੌਦਾਂ ਸਦੀਆਂ ਪੰਧ ਮੁਕਾਇੰਦਾ । ਕਵਣ ਸੁੱਤੇ ਡੂੰਘੇ ਖਾਤ, ਕਵਣ ਦਵਾਰੇ ਬੰਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਆਪਣੀ ਕਲ ਆਪ ਵਰਤਾਇੰਦਾ । ਕਲਜੁਗ ਅੰਤਮ ਹਰਿ ਬਲਵਾਨਾ, ਨਿਹਕਲੰਕ ਨਾਉਂ ਰਖਾਈਆ । ਵੇਦ ਵਿਆਸਾ ਲਿਖ ਕੇ ਗਿਆ ਬਿਆਨਾ, ਵਾਕ ਭਵਿਖਤ ਰਿਹਾ ਸਮਝਾਈਆ । ਈਸਾ ਮੰਗੇ ਦਰ ਦਰਵੇਸ ਦਾਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਬੇਨਜ਼ੀਰ ਨਜ਼ਰ ਮਿਹਰ ਇਕ ਉਠਾਈਆ । ਮੁਹੰਮਦ ਕਹੇ ਮੇਰਾ ਅਮਾਮ ਅਮਾਮਾਂ,

ਦਸਤਗੀਰ ਆਵੇ ਮਾਹੀਆ । ਨਾਨਕ ਨਿਰਗੁਣ ਕਹੇ ਨਿਹਕਲੰਕ ਮਹਾਬਲੀ ਉਤਰੇ ਵਾਲੀ ਦੋ ਜਹਾਨਾਂ, ਨਾ ਕੋਈ ਪਿਤਾ ਨਾ ਕੋਈ ਮਾਈਆ । ਗੋਬਿੰਦ ਕਹੇ ਪੁਰਖ ਅਕਾਲ ਮੇਰਾ ਸਾਹਿਬ ਸਤਿਗੁਰ ਬੀਨਾ ਦਾਨਾ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਠਾਕਰ ਸਵਾਮੀ ਮੇਰਾ ਠਾਂਡਾ ਕਰੇ ਸੀਨਾ, ਪੂਤ ਸਪੂਤਾ ਗਲੇ ਲਗਾਈਆ । ਵੇਖਣਹਾਰਾ ਮੱਕਾ ਮਦੀਨਾ, ਕਾਇਆ ਮਕਬਰਾ ਖੋਜ ਖੋਜਾਈਆ । ਆਦਿ ਜੁਗਾਦਿ ਲੋਕ ਪਰਲੋਕ ਅਵਨ ਗਵਨ ਤ੍ਰੈਭਵਨ ਖੰਡ ਬ੍ਰਹਿਮੰਡ ਜਿਸ ਰੱਖੇ ਆਪਣੇ ਹਦੀਨਾ, ਗੁਰ ਅਵਤਾਰ ਪੀਰ ਪੈਗੰਬਰ ਹੁਕਮੇ ਅੰਦਰ ਰਿਹਾ ਫਿਰਾਈਆ । ਸੋ ਸਾਹਿਬ ਆਏ ਪਰਬੀਨਾ, ਪਰਬਲ ਆਪਣਾ ਹੁਕਮ ਮਨਾਈਆ । ਗੁਰਮੁਖਾਂ ਠਾਂਡਾ ਕਰੇ ਸੀਨਾ, ਅੰਮ੍ਰਿਤ ਮੇਘ ਇਕ ਬਰਸਾਈਆ । ਕਾਇਆ ਚੋਲੀ ਚਾੜ੍ਹੇ ਰੰਗ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਬੁਝਾਏ ਆਸ ਜਗਤ ਗੁਰਸਿਖ ਮੀਨਾ, ਸਚ ਸਾਗਰ ਲਏ ਸਮਾਈਆ । ਨਾਤਾ ਤੋੜੇ ਤ੍ਰੈਗੁਣ ਮਾਇਆ ਲੋਕ ਤੀਨਾ, ਤ੍ਰਿਲੋਕੀ ਨੰਦ ਨਾ ਕੋਇ ਵਡਿਆਈਆ । ਗੁਰਮੁਖਾਂ ਹੋਣ ਨਾ ਦੇਵੇ ਕਿਸੇ ਹਦੀਨਾ, ਸਿਰ ਆਪਣਾ ਹੱਥ ਰਖਾਈਆ । ਭਗਤ ਭਗਵਾਨ ਆਦਿ ਜੁਗਾਦਿ ਲੱਖ ਚੁਰਾਸੀ ਨਾਲੋਂ ਵੱਖ ਕੀਨਾ, ਵੱਖਰੀ ਆਪਣੀ ਧਾਰ ਚਲਾਈਆ । ਕਲਜੁਗ ਰਾਜ ਰਾਜਨਾਂ ਸ਼ਾਹ ਸੁਲਤਾਨਾਂ ਭੰਨੇ ਹੰਕਾਰੀ ਬੀਨਾ, ਹੰਕਾਰੀ ਗੜ੍ਹ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਸਚੰਖਡ ਨਿਵਾਸਾ ਪੁਰਖ ਅਬਿਨਾਸ਼ਾ ਕਲਜੁਗ ਅੰਤਮ ਲੱਖ ਚੁਰਾਸੀ ਵੇਖੇ ਤਮਾਸ਼ਾ, ਘਰ ਘਰ ਮੰਦਰ ਅੰਦਰ ਮੰਡਪ ਆਪਣੀ ਰਾਸ ਰਚਾਈਆ । ਰਾਸ ਰਚੇ ਹਰਿ ਗੋਪੀ ਕਾਹਨ, ਲੱਖ ਚੁਰਾਸੀ ਖੋਜ ਖੋਜਾਇੰਦਾ । ਲੇਖਾ ਜਾਣੇ ਸੀਤਾ ਰਾਮ, ਸੁਰਤੀ ਸਭ ਦੀ ਆਪਣੇ ਹੱਥ ਰਖਾਇੰਦਾ । ਲਹਿਣਾ ਦੇਣਾ ਚੁਕਾਏ ਨਾਮ ਸਤਿਨਾਮ, ਨਾਨਕ ਨਿਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਜਨਮ ਮਰਨ ਵਿਚ ਨਾ ਆਇੰਦਾ । ਗੋਬਿੰਦ ਸਤਿਗੁਰ ਗੁਰ ਗੁਰ ਪਿਆਏ ਸਾਚਾ ਜਾਮ, ਸਚ ਪਿਆਲਾ ਮਧੁਰ ਰਸ ਹੱਥ ਰਖਾਇੰਦਾ । ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨ, ਗੋਬਿੰਦ ਝੁਲਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਲਹਿਣਾ ਮੁੱਕਾ ਜ਼ਿਮੀ ਅਸਮਾਨ, ਚੌਦਾਂ ਤਬਕ ਵੇਖੇ ਮਾਰ ਧਿਆਨ, ਚੌਦਾਂ ਲੋਕ ਨਾਮ ਇਕੋ ਗਾਣ, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਦਾਤਾ ਦਾਨੀ ਦਇਆਵਾਨ, ਪੁਰਖ ਅਕਾਲ ਅਕਲ ਕਲਧਾਰੀ ਇਕੋ ਨਜ਼ਰੀ ਆਇੰਦਾ । ਇਕ ਅਕਾਲ ਇਕ ਹਰਿ, ਏਕੰਕਾਰਾ ਇਕ ਵਡਿਆਈਆ । ਇਕ ਦਰਵੇਸ਼ ਇਕ ਦਰ, ਇਕੋ ਅਲਫੀ ਰਿਹਾ ਹੰਢਾਈਆ । ਇਕੋ ਅੱਖਰ ਨਿਸ਼ਅੱਖਰ ਰੂਪ ਰਿਹਾ ਪੜ੍ਹ, ਇਕੋ ਕਾਰੇ ਆਦਿ ਜੁਗਾਦਿ ਪੜ੍ਹਾਈਆ । ਇਕੋ ਨੂਰ ਅਨੁਭਵ ਪਰਕਾਸ਼ ਧਰ, ਧਰਨੀ ਧਰਤ ਧਵਲ ਆਕਾਸ਼ ਪਰਕਾਸ਼ ਕਰੇ ਰੁਸ਼ਨਾਈਆ । ਇਕੋ ਦੋ ਜਹਾਨਾਂ ਖੇਲ ਵੇਖੇ ਘਰ ਘਰ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਡੇਰਾ ਲਾਈਆ । ਇਕੋ ਆਦਿ ਜੁਗਾਦਿ ਜੁਗਾ ਜੁਗੰਤਰ ਘਾੜਤ ਲਏ ਘੜ, ਇਕੋ ਅੰਤਮ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਿਹਕਲੰਕ ਨਰਾਇਣ ਨਰ, ਜੁਗ ਕਰਤਾ ਜੁਗ ਕਰਨੇਹਾਰਾ ਕੀਤੀ ਸਭ ਦੀ ਵੇਖੇ ਥਾਉਂ ਥਾਈਂਆ ।

✳ ੧੨ ਅੱਸੂ ੨੦੧੯ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ✳

ਸਤਿ ਭੂਮਿਕਾ ਸੋਹੇ ਅਸਥਾਨ, ਸਚ ਖਾਕ ਮਿਲੇ ਵਡਿਆਈਆ । ਸੋਭਾਵੰਤ ਸੋ ਮਕਾਨ, ਜਿਸ ਗ੍ਰਿਹਿ ਮਿਹਰਵਾਨ ਨਜ਼ਰ ਟਿਕਾਈਆ । ਸੋ ਦਰ ਹੋਏ ਪਰਵਾਨ, ਜਿਸ ਘਰ ਪਰਵਾਨਾ ਨਾਮ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚੀ ਧਰਨੀ ਚੜ੍ਹਿਆ ਚਾ, ਖ਼ੁਸ਼ੀ ਇਕੋ ਇਕ ਵਖਾਈਆ । ਪੁਰਖ ਅਬਿਨਾਸ਼ੀ ਮਿਲਿਆ ਆ, ਕਲਜੁਗ ਅੰਤਮ ਫੇਰਾ ਪਾਈਆ । ਚੌਥੇ ਜੁਗ ਲੇਖਾ ਰਿਹਾ ਮੁਕਾ, ਲਹਿਣਾ ਆਪ ਦਵਾਈਆ । ਗ਼ਰੀਬ ਨਿਮਾਣੇ ਰਿਹਾ ਉਠਾ, ਫੜ ਬਾਂਹੋਂ ਗਲੇ ਲਗਾਈਆ । ਸਾਚਾ ਮਾਰਗ ਰਿਹਾ ਜਣਾ, ਆਤਮ ਪਰਮਾਤਮ ਦੇ ਵਡਿਆਈਆ । ਏਕਾ ਮੰਦਰ ਰਿਹਾ ਵਖਾ, ਜਿਸ ਘਰ ਵਸੇ ਸੱਚਾ ਮਾਹੀਆ । ਜਨਮ ਜਨਮ ਦਾ ਝੇੜਾ ਦਏ ਗੁਆ, ਝਗੜਾ ਤਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਧਰਨੀ ਧਰਤ ਪੇਖੇ ਨੈਣ, ਨੇਤਰ ਪੇਖ ਖ਼ੁਸ਼ੀ ਮਨਾਈਆ । ਵਾਹਵਾ ਹਰਿ ਜੂ ਹਰਿ ਹਰਿ ਆਇਆ ਲੈਣ, ਹਰਿਜਨ ਸਾਚੇ ਮੇਲ ਮਿਲਾਈਆ । ਪੂਰਬ ਜਨਮ ਦਾ ਦੇਵੇ ਦੇਣ, ਲੇਖਾ ਆਪਣੇ ਹੱਥ ਵਖਾਈਆ । ਜਿਸ ਨੂੰ ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਪਰਮ ਪੁਰਖ ਸੁਲਤਾਨ ਕਹਿਣ, ਸੋ ਸ਼ਹਿਨਸ਼ਾਹ ਫੇਰਾ ਪਾਈਆ । ਜਿਸ ਦਾ ਵਰਨ ਬਰਨ ਸ਼ਾਸਤਰ ਸਿਮਰਤ ਗਾਇਣ ਗਾਣ, ਗਾ ਗਾ ਸ਼ੁਕਰ ਮਨਾਈਆ । ਜਿਸ ਨੂੰ ਕਹਿੰਦੇ ਵੇਸ ਵਟਾਏ ਨਾਈ ਸੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਚਰਨ ਵੇਖੇ ਚਰਨ ਦਵਾਰ, ਹਰਿ ਚਰਨ ਮਿਲੇ ਵਡਿਆਈਆ । ਜਿਸ ਵਿਛੜਿਆਂ ਲੱਖ ਚੁਰਾਸੀ ਮਾਰੇ ਮਾਰ, ਰਾਏ ਧਰਮ ਦਏ ਸਜ਼ਾਈਆ । ਜਿਸ ਭੁੱਲਿਆਂ ਹੋਏ ਹਾਹਾਕਾਰ, ਨਵ ਨੌਂ ਨਾ ਕੋਇ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਫੇਰਾ ਪਾਈਆ । ਧਰਨੀ ਕਰੇ ਅਸੀਸ ਏਕ, ਦੋਏ ਦੋਏ ਨਿਮਸਕਾਰਿਆ । ਪਾਰਬ੍ਰਹਮ ਤੇਰਾ ਅਵਲੱੜਾ ਭੇਖ, ਨਜ਼ਰ ਨਾ ਆਏ ਵਿਚ ਸੰਸਾਰਿਆ । ਮੁਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡ ਮੁੰਡਾ ਰਿਹਾ । ਨਿਰਗੁਣ ਰੂਪ ਰਹੇ ਹਮੇਸ਼, ਸਚਖੰਡ ਸਾਚੇ ਸੋਭਾ ਪਾ ਰਿਹਾ । ਕੋਟਨ ਕੋਟ ਸੇਵਾ ਲਏ ਵਿਸ਼ਨ ਬ੍ਰਹਮ ਮਹੇਸ਼, ਬ੍ਰਹਮ ਆਪਣੀ ਅੰਸ ਬਣਾ ਰਿਹਾ । ਸਤਿਜੁਗ ਤ੍ਰੇਤਾ ਦੁਆਪਰ ਖੇਲ੍ਹਿਆ ਖੇਡ, ਗੁਰ ਅਵਤਾਰ ਹੁਕਮ ਵਰਤਾ ਰਿਹਾ । ਆਪਣੇ ਅੰਦਰ ਆਪਣਾ ਰੱਖਿਆ ਭੇਤ, ਭੇਵ ਆਪਣਾ ਆਪ ਛੁਪਾ ਰਿਹਾ । ਕਲਜੁਗ ਅੰਤਮ ਕਰ ਕਰ ਹੇਤ, ਰੂਪ ਅਨੂਪ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾ ਰਿਹਾ । ਧਰਨੀ ਕਹੇ ਮੇਰਾ ਸੋਹਿਆ ਘਰ, ਘਰ ਆਇਆ ਪੁਰਖ ਅਬਿਨਾਸ਼ਾ । ਚੌਥੇ ਜੁਗ ਮਿਲਿਆ ਵਰ, ਦਿਤਾ ਸਚ ਦਿਲਾਸਾ । ਲੇਖਾ ਜਾਣੇ ਨਰਾਇਣ ਨਰ, ਦੋ ਜਹਾਨਾਂ ਖੋਲ੍ਹੇ ਖੁਲਾਸਾ । ਗ਼ਰੀਬ ਨਿਮਾਣਿਆਂ ਲਏ ਫੜ, ਸਦਾ ਸੁਹੇਲਾ ਰੱਖੇ ਅਪਣੇ ਪਾਸਾ । ਨਿਰਭੌ ਚੁਕਾਏ ਭੈ ਡਰ, ਕਰੇ ਖੇਲ ਪੁਰਖ ਸਮਰਾਥਾ । ਗੁਰਮੁਖ ਸੱਜਣ ਲਏ ਫੜ, ਲੇਖਾ ਚੁਕਾਏ ਹੱਥੋ ਹਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਸਰਬ ਘਟ ਵਾਸਾ । ਧਰਨੀ ਕਹੇ ਮੇਰੀ ਆਦਿ ਉਡੀਕ, ਅੰਤ ਪੂਰ ਕਰਾਈਆ । ਪੁਰਖ ਅਬਿਨਾਸ਼ੀ ਨਜ਼ਰੀ ਆਇਆ ਲਾਸ਼ਰੀਕ, ਸ਼ਰਅ ਸੰਗ ਨਾ ਕੋਇ ਲਿਆਈਆ । ਕਲਜੁਗ ਮੇਟੇ ਅੰਤ ਅੰਧੇਰਾ ਤਾਰੀਕ, ਸਾਚਾ ਚੰਦ ਕਰੇ ਰੁਸ਼ਨਾਈਆ । ਸਚ ਨਿਸ਼ਾਨਾ ਮਾਰੇ ਠੀਕ, ਕਲਜੁਗ

ਠੀਕਰ ਭੰਨ ਵਖਾਈਆ । ਗ਼ਰੀਬ ਨਿਮਾਣਿਆਂ ਲਾਏ ਸਚ ਪ੍ਰੀਤ, ਪ੍ਰੀਤੀਵਾਨ ਫੇਰਾ ਪਾਈਆ । ਸ੍ਰਿਸ਼ਟ ਸਬਾਈ ਦੱਸੇ ਇਕੋ ਰੀਤ, ਊਚ ਨੀਚ ਨਾ ਕੋਇ ਵਖਾਈਆ । ਨਾਤਾ ਤੋੜੇ ਮੰਦਰ ਮਸੀਤ, ਗੁਰੂਦਵਾਰ ਸ਼ਿਵਦਵਾਲਾ ਮੱਠ ਏਕਾ ਏਕ ਘਰ ਵਖਾਈਆ । ਆਤਮ ਪਰਮਾਤਮ ਸੁਣਾਏ ਸਾਚਾ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਰੇ ਪਾਕ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਧਰਨੀ ਕਹੇ ਮੇਰਾ ਆਇਆ ਸ਼ਾਹ, ਸ਼ਹੁ ਮੇਰੇ ਵਡੀ ਵਡਿਆਈਆ । ਕੋਝੀ ਕਮਲੀ ਲਏ ਉਠਾ, ਮੇਰਾ ਦਰਦੀ ਦੁੱਖ ਵੰਡਾਈਆ । ਚਾਰ ਕੁੰਟ ਮਿਲੇ ਨਾ ਕੋਇ ਥਾਂ, ਥਾਨ ਥਨੰਤਰ ਨਾ ਕੋਇ ਸੁਹਾਈਆ । ਦੀਨ ਮਜ਼੍ਹਬ ਕਲਜੁਗ ਅੰਤਮ ਸਚ ਦਵਾਰਿਉਂ ਸਾਰੇ ਕਰ ਗਏ ਨਾ, ਅੱਗੇ ਹੋ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭ ਇਕੋ ਰੱਖ, ਆਪਣਾ ਖੇਲ ਵਖਾਇੰਦਾ । ਲੱਖ ਚੁਰਾਸੀ ਭਾਂਡੇ ਸੱਖ, ਭਰਿਆ ਕੋਇ ਨਜ਼ਰ ਨਾ ਆਇੰਦਾ । ਕੂੜੀ ਕਿਰਿਆ ਜਗਤ ਹੱਟ, ਨਾਮ ਵਣਜਾਰਾ ਨਾ ਕੋਇ ਰਖਾਇੰਦਾ । ਤ੍ਰੈਗੁਣ ਮਾਇਆ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਨਾ ਕੋਈ ਹਾਜੀ ਕਰੇ ਹੱਜ਼, ਮੱਕਾ ਕਾਅਬਾ ਸਰਬ ਕੁਰਲਾਇੰਦਾ । ਨਾ ਕੋਇ ਕਿਨਾਰਾ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਸ਼ਰਮਾਇੰਦਾ । ਸਾਧਾਂ ਸੰਤਾਂ ਖ਼ਾਲੀ ਦਿਸਣ ਮਟ, ਹਰਿ ਮੰਦਰ ਰੂਪ ਨਾ ਕੋਇ ਵਟਾਇੰਦਾ । ਸਾਚਾ ਦੀਪਕ ਜੋਤ ਜਗੇ ਨਾ ਲਟ ਲਟ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਦੂਈ ਦਵੈਤੀ ਸਭ ਨੂੰ ਲੱਗਾ ਫੱਟ, ਘਾਓ ਬੰਦ ਨਾ ਕੋਇ ਕਰਾਇੰਦਾ । ਕਰੇ ਖੇਲ ਪੁਰਖ ਸਮਰਥ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਬਿਨ ਗੁਰਮੁਖਾਂ ਗੁਰ ਗੁਰ ਕੋਇ ਨਾ ਰੱਖੇ ਪੱਤ, ਪਤਿਪਰਮੇਸ਼ਵਰ ਨਾ ਕੋਇ ਮਨਾਇੰਦਾ । ਜੁਗ ਚੌਕੜੀ ਜੋ ਰੱਖੇ ਢਕ, ਕਲਜੁਗ ਅੰਤਮ ਪਰਦਾ ਲਾਹਿੰਦਾ । ਕਰੇ ਨਿਬੇੜਾ ਹੱਕੋ ਹੱਕ, ਹੱਕ ਹਕ਼ੀਕ਼ਤ ਖੋਜ ਖੋਜਾਇੰਦਾ । ਸਚਖੰਡ ਨਿਵਾਸੀ ਬਿਨ ਅੱਖਾਂ ਰਿਹਾ ਤੱਕ, ਕਲਜੁਗ ਨੇਤਰ ਬੰਦ ਕਰਾਇੰਦਾ । ਭਾਗ ਲਗਾਏ ਕੁੱਲੀ ਕੱਖ, ਜਿਸ ਗ੍ਰਿਹਿ ਗੁਰਮੁਖ ਡੇਰਾ ਲਾਇੰਦਾ । ਧਰਨੀ ਵਛਾ ਕੇ ਬੈਠੀ ਸੱਥ, ਸੱਬਰ ਯਾਰੜਾ ਇਕ ਹੰਢਾਇੰਦਾ । ਗੋਬਿੰਦ ਮੀਤਾ ਠਾਂਡਾ ਸੀਤਾ ਮੇਰੀ ਪਤ ਲਏ ਰੱਖ, ਪਤ ਪਤਵੰਤਾ ਫੇਰੀ ਪਾਇੰਦਾ । ਮੇਰੇ ਨੱਕ ਸੋਹੇ ਸੁਹਾਗ ਨੱਥ, ਪੁਰਖ ਅਬਿਨਾਸ਼ੀ ਸਗਨ ਮਨਾਇੰਦਾ । ਜਨ ਭਗਤਾਂ ਸਾਚਾ ਮਾਰਗ ਰਿਹਾ ਦੱਸ, ਸਾਚੀ ਸਿਖਿਆ ਇਕ ਸਮਝਾਇੰਦਾ । ਚਾਰ ਵਰਨ ਜ਼ਾਤ ਪਾਤ ਊਚ ਨੀਚ ਰਾਓ ਰੰਕ ਏਕਾ ਮੰਦਰ ਜਾਣ ਵਸ, ਹਰਿ ਮੰਦਰ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਗਾਓ ਜਸ, ਦੂਸਰ ਜਸ ਕੰਮ ਕਿਸੇ ਨਾ ਆਇੰਦਾ । ਨਰ ਨਿਰੰਕਾਰ ਦਰਸ਼ਨ ਪਾਓ ਨੱਸ ਨੱਸ, ਵੇਲਾ ਗਿਆ ਹੱਥ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਖ਼ਾਲੀ ਹੱਥ ਰਹੇ ਝੱਸ, ਬੇਵਸ ਸਰਬ ਕੁਰਲਾਇੰਦਾ । ਕੂੜੀ ਕਿਰਿਆ ਜਗਤ ਮੁਨਾਰਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਇੰਦਾ । ਭਗਤ ਨਗਾਰਾ ਦੋ ਜਹਾਨ ਜਾਣਾ ਵੱਜ, ਸ੍ਰੀ ਭਗਵਾਨ ਆਪ ਵਜਾਇੰਦਾ । ਕਾਇਆ ਚੋਲਾ ਸਭ ਨੇ ਜਾਣਾ ਤਜ, ਪੰਜ ਤਤ ਸੰਗ ਨਾ ਕੋਇ ਰਖਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸਗਲਾ ਸੰਗ ਜਾਣਾ ਛੱਡ, ਬਿਨ ਸਤਿਗੁਰ ਸੰਗ ਨਾ ਕੋਇ ਨਿਭਾਇੰਦਾ । ਕਾਇਆ ਕਵਰੀ ਡੂੰਘੀ ਭਵਰੀ ਵਿਚੋਂ ਕਰਨਾ ਅਡ, ਸਚ ਮਹੱਲ ਇਕ ਵਖਾਇੰਦਾ । ਗੀਤ ਗੋਬਿੰਦ ਗਾਓ ਛੰਦ, ਸੋਹਲਾ ਢੋਲਾ ਇਕ ਪੜ੍ਹਾਇੰਦਾ । ਆਤਮ ਪਾਓ ਨਿਜਾਨੰਦ, ਨਿਜਾਨੰਦ ਇਕ ਵਖਾਇੰਦਾ । ਜਨਮ ਜੁਗ ਦੀ ਟੁੱਟੀ ਲਓ ਗੰਢ, ਗੰਢਣਹਾਰਾ

ਦਇਆ ਕਮਾਇੰਦਾ । ਜਿਸ ਨੂੰ ਕਹਿੰਦੇ ਰਹੇ ਸਾਹਿਬ ਬਖ਼ਸ਼ੰਦ, ਸੋ ਸਾਹਿਬ ਫੇਰਾ ਪਾਇੰਦਾ । ਜੋ ਆਦਿ ਜੁਗਾਦਿ ਜੁਗਾ ਜਗੰਤਰ ਵੰਡਾਂ ਰਿਹਾ ਵੰਡ, ਸੋ ਅੰਤਮ ਸਭ ਦੀ ਵੰਡ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਨੀ ਧਰਤ ਧਵਲ ਸੁਹਾਇੰਦਾ । ਧਰਨੀ ਕਹੇ ਮੇਰਾ ਰੰਗ, ਨਜ਼ਰ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਸੂਰੇ ਸਰਬੰਗ, ਸਿਰ ਮੇਰੇ ਹੱਥ ਟਿਕਾਇਆ । ਮੇਰੀ ਨੰਗੀ ਹੋਏ ਨਾ ਕੰਡ, ਪਰਦਾ ਇਕੋ ਇਕ ਪਾਇਆ । ਭਗਤ ਭਗਵੰਤ ਮੇਰੇ ਹਿੱਸੇ ਦਿਤੇ ਵੰਡ, ਮੈਂ ਜਾ ਜਾ ਸੀਸ ਝੁਕਾਇਆ । ਜਿਥੇ ਗੌਣ ਸੋਹੰ ਛੰਦ, ਤਿਸ ਮੰਦਰ ਹਰਿ ਜੂ ਰਿਹਾ ਸਮਾਇਆ । ਅੰਦਰ ਬਾਹਰ ਇਕੋ ਅਨੰਦ, ਦੂਜਾ ਰਸ ਨਾ ਕੋਇ ਵਖਾਇਆ । ਮੇਰੇ ਕਾਲਜੇ ਪੈ ਗਈ ਠੰਡ, ਚਾਰ ਯੁਗ ਦਾ ਦੁੱਖੜਾ ਦੁੱਖ ਗਵਾਇਆ । ਮੇਰਾ ਤੁਟਾ ਮਾਣ ਘੁਮੰਡ, ਬਲਹੀਣ ਦਿਆਂ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਜਿਸ ਗ੍ਰਿਹਿ ਵਸੇਂ ਸਾਚੇ ਸਾਈਆ । ਸੱਚਾ ਸਾਈਂ ਹਰਿ ਗੋਪਾਲ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜਿਸ ਗ੍ਰਿਹਿ ਵਸੇ ਮੇਰਾ ਲਾਲ, ਤਿਸ ਗ੍ਰਿਹਿ ਹਰਿ ਜੂ ਸੋਭਾ ਪਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਇੰਦਾ । ਆਪੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਸਵੱਛ ਸਰੂਪੀ ਦਰਸ ਵਖਾਲ, ਦੀਦ ਈਦ ਈਦ ਚੰਦ ਚੜ੍ਹਾਇੰਦਾ । ਸਦਾ ਸੁਹੇਲਾ ਚਲੇ ਨਾਲ, ਸਾਹਿਬ ਸਤਿਗੁਰ ਵਿਛੜ ਕਦੇ ਨਾ ਜਾਇੰਦਾ । ਲੇਖਾ ਜਾਣੇ ਸਾਹ ਕੰਗਾਲ, ਬਣ ਕੰਗਾਲ ਆਪਣਾ ਭੇਖ ਵਖਾਇੰਦਾ । ਕਲਜੁਗ ਅੰਤਮ ਬਣਿਆ ਆਪ ਦਲਾਲ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਖਾਤੇ ਵਿਚ ਰਖਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਹਰਿ ਏਕਾ ਮਾਰਗ ਦਏ ਵਖਾਲ, ਬਣ ਰਹਿਬਰ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸਚ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪਰਗਟ ਹੋ ਪਰਵਰਦਿਗਾਰ, ਪਰਦਾ ਆਪਣਾ ਦਏ ਉਠਾਈਆ । ਜਲਵਾ ਨੂਰ ਨੂਰ ਜਲਾਲ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਲੇਖਾ ਜਾਣੇ ਹੱਕ ਹਲਾਲ, ਹਕ਼ੀਕ਼ਤ ਵੇਖੇ ਥਾਉਂ ਥਾਈਂਆ । ਮੁਕਾਮੇ ਹੱਕ ਬੇਮਿਸਾਲ, ਬੇਨਜ਼ੀਰ ਫੇਰਾ ਪਾਈਆ । ਮਿਹਬਾਨ ਬੀਦੋ ਬਣ ਦਲਾਲ, ਬੀ ਖੈਰ ਯਾ ਅੱਲਾ ਇਲਾਹੀ ਨੂਰ ਵੇਖੇ ਥਾਉਂ ਥਾਈਂਆ । ਚੌਦਾਂ ਤਬਕਾਂ ਬਣ ਦਲਾਲ, ਸਾਚਾ ਸਬਕ ਇਕ ਸੁਣਾਈਆ । ਏਕਾ ਕਲਮਾ ਕਾਇਨਾਤ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਉਠਾਈਆ । ਪਰਦਾ ਓਹਲਾ ਲਾਹ ਸਮਰਥ, ਸਮਰਥ ਆਪਣਾ ਖੇਲ ਕਰਾਇੰਦਾ । ਨਿਰਗੁਣ ਨੂਰ ਨਿਰਾਕਾਰ ਨਿਰੰਕਾਰ ਹੋ ਪਰਗਟ, ਪਰਗਟ ਆਪਣਾ ਭੇਵ ਚੁਕਾਇੰਦਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਸਨਾ ਜਿਹਵਾ ਗਏ ਰਟ, ਨਿਉਂ ਨਿਉਂ ਸਯਦਾ ਸੀਸ ਸਰਬ ਝੁਕਾਇੰਦਾ । ਸੋ ਦੇਵਣ ਆਇਆ ਸਾਚੀ ਵੱਥ, ਹੰ ਆਪਣੀ ਝੋਲੀ ਪਾਇੰਦਾ । ਸਰਬ ਕਲਾ ਆਪੇ ਸਮਰਥ, ਸਮਰਥ ਆਪਣਾ ਖੇਲ ਸਮਝਾਇੰਦਾ । ਬੋਧ ਅਗਾਧੀ ਮਹਿਮਾ ਅਕੱਥ, ਕਥ ਕਥਨੀ ਆਪ ਜਣਾਇੰਦਾ । ਸਤਿ ਸਤਿਵਾਦੀ ਚਲਾਏ ਸਾਚਾ ਰਥ, ਸਤਿ ਪੁਰਖ ਨਿਰੰਜਣ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਨਾਮ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਹਿਰਦੇ ਅੰਦਰ ਆਪੇ ਵਸ, ਹਰਿ ਮੰਦਰ ਆਪ ਸੁਹਾਇੰਦਾ । ਦਿਵਸ ਰੈਣ ਗਾਏ ਜਸ, ਅਨਬੋਲਤ ਸ਼ਬਦ ਅਲਾਇੰਦਾ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਭੇਵ ਚੁਕਾਇੰਦਾ । ਮੇਟੇ ਰੈਣ ਅੰਧੇਰੀ ਮਸ, ਨਿਰਗੁਣ ਜੋਤ ਚੰਦ ਚੜ੍ਹਾਇੰਦਾ ।

੧੦੦੨
੧੨

ਤੀਰ ਅਣਿਆਲਾ ਮਾਰੇ ਕਸ, ਬਜਰ ਕਪਾਟੀ ਪਾਰ ਕਰਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਹੱਸ ਹੱਸ, ਹੰਸ ਮੁਖ ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਗੁਰਮੁਖ ਗੁਰਸਿਖ ਅਧਵਿਚਕਾਰ ਨਾ ਜਾਏ ਫਸ, ਜਮ ਕਾ ਫਾਸ ਆਪ ਕਟਾਇੰਦਾ । ਮੇਲ ਮਿਲਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਉਤੇ ਗੁਰਮੁਖ ਘਰ, ਗੁਰਮੁਖ ਘਰ ਆਪੇ ਵੜ ਕਾਇਆ ਮੰਦਰ ਸਾਚੇ ਚੜ੍ਹ, ਸੁਰਤ ਸਵਾਣੀ ਲਏ ਫੜ, ਸ਼ਬਦੀ ਅੱਖਰ ਇਕੋ ਪੜ੍ਹ, ਆਤਮ ਪਰਮਾਤਮ ਬੰਨ੍ਹੇ ਲੜ, ਪੱਲੂ ਇਕੋ ਗੰਢ ਵਖਾਇੰਦਾ । ਘਰ ਵਿਚ ਘਰ ਘਰ ਵਿਚ ਮੰਦਰ, ਘਰ ਘਰ ਵਿਚ ਖੋਜ ਖੋਜਾਈਆ । ਘਰ ਵਿਚ ਨਾਮ ਘਰ ਵਿਚ ਮੰਤਰ, ਘਰ ਵਿਚ ਸਿਖਿਆ ਦਏ ਸਮਝਾਈਆ । ਘਰ ਜੋਤ ਘਰ ਨਿਰੰਤਰ, ਘਰ ਵਸੇ ਸੱਚਾ ਮਾਹੀਆ । ਘਰ ਅਗਨੀ ਤਤ ਬਸੰਤਰ, ਘਰ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਵੇਖੇ ਚਾਈਂ ਚਾਈਆ । ਘਰ ਵਿਚ ਘਰ ਘਰ ਟਿਕਾਣਾ, ਹਰਿ ਘਰ ਘਰ ਆਪ ਸੁਹਾਈਆ । ਘਰ ਘਰ ਸ਼ਬਦ ਘਰ ਬਬਾਣਾ, ਹਰਿ ਘਰ ਘਰ ਰਿਹਾ ਉਡਾਈਆ । ਘਰ ਘਰ ਮਨੂਆਂ ਰਾਜਾ ਰਾਣਾ, ਆਪਣਾ ਹੁਕਮ ਵਰਤਾਈਆ । ਘਰ ਘਰ ਸਤਿਗੁਰ ਵਰਤੇ ਭਾਣਾ, ਮਨ ਮਨਸਾ ਦਏ ਖਪਾਈਆ । ਘਰ ਘਰ ਗਾਏ ਅਗੰਮੀ ਗਾਣਾ, ਅਨਹਦ ਨਾਦੀ ਨਾਦ ਵਜਾਈਆ । ਘਰ ਘਰ ਦੇਵੇ ਧੁਰ ਫ਼ਰਮਾਨਾ, ਸਚ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਹਿਜ ਸੁਭਾਈਆ । ਘਰ ਮੰਦਰ ਘਰ ਕੋਟ, ਘਰ ਆਸਣ ਸੋਭਾ ਪਾਇੰਦਾ । ਘਰ ਨੂਰ ਨਿਰਮਲ ਜੋਤ, ਘਰ ਪਰਕਾਸ਼ ਪਰਕਾਸ਼ ਵਖਾਇੰਦਾ । ਘਰ ਸ਼ਬਦ ਅਗੰਮੀ ਲੱਗੇ ਚੋਟ, ਘਰ ਡੰਕਾ ਨਾਮ ਵਜਾਇੰਦਾ । ਘਰ ਦੂਈ ਦਵੈਤੀ ਕੱਢੇ ਖੋਟ, ਘਰ ਭਾਂਡਾ ਭਰਮ ਭਓ ਭੰਨਾਇੰਦਾ । ਘਰ ਪੁਰਖ ਅਕਾਲ ਰਖਾਏ ਇਕ ਓਟ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਵਸਾਇੰਦਾ । ਸਾਚਾ ਘਰ ਵਸੇ ਖੇੜਾ, ਗੁਰਸਿਖ ਮਿਲੇ ਵਡਿਆਈਆ । ਸਤਿਗੁਰ ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਆਤਮ ਪਰਮਾਤਮ ਖੁਲ੍ਹਾ ਕਰੇ ਵੇਹੜਾ, ਦੂਈ ਦਵੈਤੀ ਪਰਦਾ ਲਾਹੀਆ । ਪੰਚ ਵਿਕਾਰ ਨਾ ਕਰੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ । ਡੂੰਘੇ ਸਾਗਰ ਕਲਜੁਗ ਭਵਰੀ ਬੰਨ੍ਹੇ ਬੇੜਾ, ਆਪਣੇ ਕੰਧ ਲਏ ਉਠਾਈਆ । ਇਕੋ ਨਾਤਾ ਜੋੜੇ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਦੇਵੇ ਵਡਿਆਈਆ । ਗੁਰਮੁਖ ਘਰ ਸਚ ਮਕਾਨਾ, ਮਕਬਰਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਹੋ ਮਿਹਰਬਾਨਾ, ਮਿਹਰ ਨਜ਼ਰ ਇਕ ਉਠਾਈਆ । ਦੀਪਕ ਜੋਤ ਜਗੇ ਮਹਾਨਾ, ਨੂਰੋ ਨੂਰ ਚਮਕਾਈਆ । ਅਨਹਦ ਸ਼ਬਦ ਅਗੰਮੀ ਗਾਏ ਗਾਣਾ, ਤਾਲ ਤਲਵਾੜਾ ਨਾ ਕੋਇ ਵਜਾਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਸੰਗ ਰਖਾਈਆ । ਗੁਰਮੁਖ ਵਿਰਲੇ ਦੇਵੇ ਮਾਣਾ, ਜਿਸ ਜਨ ਆਪਣੀ ਬੂਝ ਬੁਝਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨਾ, ਧਿਆਨ ਧਿਆਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਖੇੜਾ ਇਕ ਵਸਾਈਆ । ਗੁਰਮੁਖ ਖੇੜਾ ਵਸੇ ਬੰਕ, ਬੰਕ ਦਵਾਰੀ ਆਪ ਵਸਾਇੰਦਾ । ਨਾਮ ਨਿਧਾਨਾ ਵੱਜੇ ਡੰਕ, ਡੌਰੂ ਡੰਕਾ ਇਕ ਸੁਣਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਮਾਇਆ ਮਮਤਾ ਕੱਢੇ

ਸ਼ੰਕ, ਸ਼ਰਅ ਰੂਪ ਨਾ ਕੋਇ ਵਖਾਇੰਦਾ । ਆਤਮ ਪਰਮਾਤਮ ਬਣਾਏ ਸਾਚੀ ਬਣਤ, ਬਸਨ ਬਨਵਾਰੀ ਆਪਣੀ ਦਇਆ ਕਮਾਇੰਦਾ । ਘਰ ਮੇਲਾ ਨਾਰ ਕੰਤ, ਕੰਤ ਕੰਤੂਹਲ ਸਾਚੀ ਸੇਜ ਸੁਹਾਇੰਦਾ । ਏਕਾ ਨਾਉਂ ਮਣੀਆ ਮੰਤ, ਮਨ ਵਾਸ਼ਨਾ ਮੇਟ ਮਿਟਾਇੰਦਾ । ਗੁਰਸਿਖ ਸੱਚਾ ਗਿਆਨ ਬੋਧ ਆਤਮ ਪੰਡਤ, ਜਿਸ ਜਨ ਪਾਰਬ੍ਰਹਮ ਆਪਣਾ ਦਰਸ ਦਿਖਾਇੰਦਾ । ਸੋ ਪਰਵਾਨ ਹੋਏ ਸਾਚਾ ਸੰਤ, ਜਿਸ ਸਤਿ ਪਰਵਾਨਾ ਨਾਮ ਫੜਾਇੰਦਾ । ਤਿਸ ਲੇਖਾ ਜਾਣੇ ਭਗਤ ਭਗਵੰਤ, ਜਿਸ ਭਗਤ ਆਪਣੀ ਗੋਦ ਬਹਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਹੋਈ ਨੰਗਤ, ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਾਧ ਸੰਤ ਕੁਰਲਾਇੰਦਾ । ਦਰ ਭਿਖਾਰੀ ਬਣੇ ਨਾ ਕੋਇ ਮੰਗਤ, ਜਗਤ ਭਿਛਿਆ ਝੋਲੀ ਸਰਬ ਡਾਹਿੰਦਾ । ਗੜ੍ਹ ਤੁਟੇ ਨਾ ਹਉਮੇ ਹੰਗਤ, ਹਰਿ ਕਾ ਨਾਮ ਹਿਰਦੇ ਨਾ ਕੋਇ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬੰਕ ਇਕ ਸਲਾਹਿੰਦਾ । ਗੁਰਸਿਖ ਬੰਕ ਸਲਾਹਣਯੋਗ, ਜੁਗਤੀ ਹਰਿ ਜੂ ਆਪ ਬਣਾਈਆ । ਜਿਸ ਗ੍ਰਿਹਿ ਮਿਲੇ ਸਾਚੀ ਮੋਖ, ਮੁਕਤੀ ਚਰਨਾਂ ਹੇਠ ਦਬਾਈਆ । ਆਤਮ ਪਰਮਾਤਮ ਹੋਏ ਸਚ ਸੰਜੋਗ, ਧੁਰ ਸੰਜੋਗੀ ਮੇਲ ਲਏ ਮਿਲਾਈਆ । ਨਾਤਾ ਤੁੱਟੇ ਚੌਦਾਂ ਲੋਕ, ਲੋਕ ਪਰਲੋਕ ਲਹਿਣਾ ਦਏ ਮੁਕਾਈਆ । ਜਿਸ ਮੰਦਰ ਗਾਈਏ ਇਕ ਸਲੋਕ, ਸੋਹੰ ਢੋਲਾ ਇਕੋ ਗਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਗੁਰਮੁਖ ਪਕੜੇ ਆਲਣਿਉਂ ਡਿਗੇ ਬੋਟ, ਨਾਮ ਚੋਗ ਹੱਥੀਂ ਪਾਈਆ । ਅੰਤ ਜਣਾਏ ਸਾਚੀ ਓਟ, ਪੁਰਖ ਅਕਾਲ ਸੱਚੀ ਸਰਨਾਈਆ । ਸਤਿਗੁਰ ਸੱਚਾ ਇਕੋ ਬਹੁਤ ਕੋਟਨ ਕੋਟ, ਗੁਰੂ ਕੰਮ ਕਿਸੇ ਨਾ ਆਈਆ । ਨਿਰਗੁਣ ਸਰਗੁਣ ਓਤ ਪੋਤ, ਪੁਤ ਪੋਤਰੇ ਖੇਲ ਕਰਾਈਆ । ਜੋਤੀ ਜੋਤ ਸਰੂਪ ੧੦੦੪
੧੦੦੪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦਵਾਰਾ ਇਕ ਸੁਹਾਈਆ । ਗੁਰਸਿਖ ਦਵਾਰਾ ਸਚ ਮਹੱਲਾ, ਜਿਸ ਗ੍ਰਿਹਿ ਹਰਿ ਹਰਿ ਖੇਲ ਕਰਾਇੰਦਾ । ਹਰਿ ਸੰਗਤ ਰੂਪ ਸੰਗਤ ਰੱਲਾ, ਸਗਲਾ ਸੰਗ ਨਿਭਾਇੰਦਾ । ਅੰਦਰ ਬਾਹਰ ਫੜਾਏ ਪੱਲਾ, ਆਪਣਾ ਆਪ ਗੰਢ ਵਖਾਇੰਦਾ । ਸਚ ਸੰਦੇਸ ਨਰ ੧੨
੧੨ ਨਰੇਸ਼ ਏਕੰਕਾਰ ਏਕਾ ਘੱਲਾ, ਇਕੋ ਵਾਰ ਸਰਬ ਪੜ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਹਰਿਜਨ ਹਰਿ ਭਗਤ ਅੰਤਰ ਆਤਮ ਆਪ ਰੱਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਸਾਚੀ ਸੋਝੀ ਜਾਏ ਸੁਝ, ਸੂਚਨਾ ਹਰਿ ਜਣਾਈਆ । ਆਪਾ ਚੀਨ ਆਪਾ ਲਏ ਬੁੱਝ, ਬੁਝਾਰਤ ਇਕੋ ਹਰਿ ਸਮਝਾਈਆ । ਸਤਿਗੁਰ ਸਾਹਿਬ ਦੇਵਣਹਾਰਾ ਦਾਤ ਕੁਝ, ਕੋੜੇ ਕਮਲੇ ਲਏ ਉਠਾਈਆ । ਪਿਆਰ ਪਰਵਾਰ ਜਾਏ ਰੁਝ, ਰੁੱਚੀ ਆਤਮ ਪਰਮਾਤਮ ਲਿਵ ਲਾਈਆ । ਅੰਦਰ ਵਸਣਹਾਰਾ ਆਪੇ ਲਏ ਪੁੱਛ, ਗੁਰਮੁਖ ਕਿਹੜੇ ਰਸਤੇ ਜਾਈਆ । ਸਤਿਗੁਰ ਕੋਲੋਂ ਕੋਇ ਨਾ ਸਕੇ ਲੁਕ, ਪਰਦਾ ਸਕੇ ਨਾ ਕੋਇ ਛੁਪਾਈਆ । ਜਿਸ ਜਨ ਉਪਰ ਕਿਰਪਾ ਕਰ ਜਾਏ ਤੁਠ, ਆਪਣਾ ਭੇਵ ਦਏ ਖੁਲ੍ਹਾਈਆ । ਜਿਸ ਅੰਮ੍ਰਿਤ ਪਿਆਏ ਜਾਮ ਘੁੱਟ, ਤਿਸ ਤ੍ਰੈਭਵਣ ਦਏ ਬੁਝਾਈਆ । ਗੁਰਸਿਖ ਬੂਟਾ ਕਦੇ ਨਾ ਜਾਏ ਸੁਕ, ਸਿੰਚ ਹਰਿਆ ਆਪ ਕਰਾਈਆ । ਭਾਗ ਲਗਾਏ ਮਾਤਾ ਕੁੱਖ, ਜਨਣੀ ਜਨ ਦੇਵੇ ਵਡਿਆਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤ, ਚੇਤਨ ਸੁਰਤੀ ਦਏ ਕਰਾਈਆ । ਪੰਜ ਤਤ ਕਾਇਆ ਮੌਲੇ ਸੋਹੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਵਖਾਏ ਸੁਖ ਪਿਉ ਪੁੱਤ, ਪਿਤਾ ਪੂਤ ਏਕਾ ਰੰਗ ਵਖਾਈਆ ।

✳ ੧੨ ਅੱਸੂ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ✳

ਕਾਇਆ ਮਾਟੀ ਕਰੇ ਸਾਫ਼, ਨਿਰਗੁਣ ਸਰਗੁਣ ਸੇਵ ਕਮਾਈਆ । ਕੋਟ ਜਨਮ ਦੇ ਲਾਹੇ ਪਾਪ, ਦੁਰਮਤ ਮੈਲ ਧੁਵਾਈਆ । ਕਿਰਪਾ ਕਰੇ ਪ੍ਰਭੂ ਪ੍ਰਭ ਆਪ, ਜਨ ਮੇਲੇ ਹਰਿ ਗੋਸਾਈਂਆ । ਕਰ ਪਰਕਾਸ਼ ਅੰਧੇਰੀ ਰਾਤ, ਅਗਿਆਨ ਅੰਧੇਰ ਮਿਟਾਈਆ । ਘਰ ਮੰਦਰ ਖੋਲ੍ਹ ਤਾਕ, ਦਰ ਦਰਵਾਜ਼ਾ ਕੁੰਡਾ ਲਾਹੀਆ । ਨਾਮ ਸੁਣਾਏ ਸਾਚਾ ਨਾਦ, ਧੁੰਨ ਆਤਮਕ ਰਾਗ ਅਲਾਈਆ । ਗ੍ਰਿਹਿ ਮੰਦਰ ਕਰੇ ਲਾਡ, ਆਤਮ ਪਰਮਾਤਮ ਗੋਦ ਸੁਹਾਈਆ । ਹਰਿਜਨ ਲੇਖਾ ਜਾਣੇ ਸਾਚੇ ਸਾਧ, ਸਿਦਕ ਸਬੂਰੀ ਸਬਰ ਹੰਢਾਈਆ । ਭੇਵ ਚੁਕਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਈਆ । ਡੂੰਘੀ ਕੰਦਰ ਹੋ ਵਿਸਮਾਦ, ਵਿਸਮਾਦੀ ਵਿਸਮਾਦ ਸਮਾਈਆ । ਜੁਗ ਜੁਗ ਜਨ ਭਗਤਾਂ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸਾਚੀ ਸੇਵ ਕਮਾਈਆ । ਕਾਇਆ ਮੰਦਰ ਦੇਵੇ ਧੋ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਕਰੇ ਪਰਕਾਸ਼ ਸਾਚੀ ਲੋ, ਲੋਆਂ ਪੁਰੀਆਂ ਪਰਦਾ ਲਾਹਿੰਦਾ । ਹੰ ਬ੍ਰਹਮ ਆਪੇ ਹੋ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਅੰਮ੍ਰਿਤ ਰਸ ਨਿਝਰ ਚੋ, ਸਾਚੀ ਧਾਰਾ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਵੇਖ ਵਖਾਇੰਦਾ । ਹਰਿਜਨ ਮੰਦਰ ਦੀਆ ਬਾਤੀ, ਹਰਿ ਨਿਰਮਲ ਜੋਤ ਜਗਾਈਆ । ਕਰੇ ਖੇਲ ਇਕ ਇਕਾਂਤੀ, ਅਕਲ ਕਲ ਆਪਣੇ ਹੱਥ ਰੱਖੇ ਵਡਿਆਈਆ । ਅੰਦਰ ਵੜ ਵੜ ਸੁਣਾਏ ਸਾਕੀ, ਸਾਕਾ ਆਤਮ ਪਰਮਾਤਮ ਦਏ ਪੜ੍ਹਾਈਆ । ਸੋਹੰ ਅੱਖਰ ਪੂਜਾ ਪਾਠੀ, ਪੋਥੀ ਪੁਸਤਕ ਇਕੋ ਇਕ ਵਖਾਈਆ । ਪਾਰਬ੍ਰਹਮ ਪ੍ਰਭ

੧੦੦੫
ਸਗਲਾ ਸਾਥੀ, ਘਰ ਸਾਚਾ ਸੰਗ ਨਿਭਾਈਆ । ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਹ ਸ਼ਾਬਾਸ਼ੀ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਕਰੇ ਕਰਾਏ ਬੰਦ ਖ਼ੁਲਾਸ਼ੀ, ਬੰਦੀਖ਼ਾਨਾ ਦਏ ਤੁੜਾਈਆ । ਜਿਸ ਗ੍ਰਿਹਿ ਮੰਦਰ ਕਰੇ ਵਾਸੀ, ਤਿਸ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ,

੧੨
ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਇਕ ਸੁਹਾਈਆ । ਹਰਿਜਨ ਮੰਦਰ ਹਰਿ ਜੂ ਵੇਖ, ਆਪਣੀ ਖ਼ੁਸ਼ੀ ਮਨਾਇੰਦਾ । ਜਿਥੇ ਨਾ ਕੋਈ ਔਲੀਆ ਨਾ ਕੋਈ ਪੀਰ ਸ਼ੇਖ਼, ਪੰਡਤ ਪਾਂਧਾ ਨਾ ਕੋਇ ਪੜ੍ਹਾਇੰਦਾ । ਪੁਰਖ ਅਕਾਲ ਇਕੋ ਟੇਕ, ਦੂਜੀ ਓਟ ਨਾ ਕੋਇ ਰਖਾਇੰਦਾ । ਸਦ ਵਸੇ ਸੱਚਾ ਦੇਸ, ਜਿਸ ਦੇਸ ਹਰਿ ਜੂ ਡੇਰਾ ਲਾਇੰਦਾ । ਕਲਜੁਗ ਅੰਤਮ ਇਕ ਦੂਜੇ ਦਾ ਘਰ ਲੈਣ ਵੇਖ, ਗੁਰਸਿਖ ਗੁਰ ਗੁਰ ਪਰਦਾ ਆਪ ਉਠਾਇੰਦਾ । ਆਤਮ ਪਰਮਾਤਮ ਖੋਲ੍ਹੇ ਭੇਤ, ਭੇਵ ਅਭੇਦਾ ਆਪ ਜਣਾਇੰਦਾ । ਤੇਰਾ ਮੇਰਾ ਇਕੋ ਹੇਤ, ਹਿਤਕਾਰੀ ਆਪ ਸਮਝਾਇੰਦਾ । ਕਾਇਆ ਅੰਦਰ ਖੇਲੇ ਖੇਡ, ਖੇਡਣਹਾਰਾ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਸਾਫ਼ ਵੇਖ ਵਖਾਇੰਦਾ । ਸਾਫ਼ ਮੰਦਰ ਵੇਖ ਸੋਹਣਾ, ਸੋ ਆਪਣੀ ਰਿਹਾ ਜਣਾਈਆ । ਗੁਰਸਿਖ ਮੇਰੇ ਜਿਹਾ ਹੋਣਾ, ਮੇਰਾ ਰੂਪ ਗੁਰਮੁਖ ਨਜ਼ਰੀ ਆਈਆ । ਭਗਤ ਭਗਵੰਤ ਬੀਜ ਬੋਣਾ, ਪਤ ਡਾਲ੍ਹੀ ਆਪ ਮਹਿਕਾਈਆ । ਲੱਖ ਚੁਰਾਸੀ ਜੀਵ ਜੰਤ ਰੋਣਾ, ਰੋ ਰੋ ਦਏ ਦੁਹਾਈਆ । ਹਰਿ ਮੰਦਰ ਅੰਦਰ ਕਿਸੇ ਨਾ ਸੌਣਾ, ਰਾਏ ਧਰਮ ਦਏ ਸਜ਼ਾਈਆ । ਗੁਰਮੁਖਾਂ ਉਠ ਉਠ ਗੀਤ ਗੌਣਾ, ਸੋਹੰ ਢੋਲਾ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਇਕ ਮਨੌਣਾ, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਗ੍ਰਿਹਿ ਮੰਦਰ ਸੱਚਾ ਇਕੋ ਪੌਣਾ, ਜਿਸ ਘਰ ਠੱਗ ਚੋਰ ਯਾਰ ਨਜ਼ਰ ਨਾ ਆਈਆ । ਸਾਚੀ ਸੇਜਾ ਇਕੋ ਸੌਣਾ, ਜਿਸ

ਸੇਜੇ ਸੁੱਤਿਆਂ ਸਕੇ ਨਾ ਕੋਇ ਉਠਾਈਆ । ਵਰ ਘਰ ਦਾਤਾ ਇਕੋ ਪੌਣਾ, ਜਿਸ ਪਾ ਤੋਟ ਨਾ ਆਵੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਮੇਲਾ ਚਾਈਂ ਚਾਈਆ । ਗੁਰਮੁਖ ਮੰਦਰ ਸਚ ਮੁਨਾਰਾ, ਰਿਖੀ ਮੁਨੀ ਧਿਆਨ ਲਗਾਈਆ । ਜਿਸ ਘਰ ਵਸੇ ਆਪ ਨਿਰੰਕਾਰਾ, ਸੋ ਘਰ ਸਚਖੰਡ ਸੋਭਾ ਪਾਈਆ । ਜਿਸ ਗ੍ਰਿਹਿ ਲਗੇ ਸਚ ਦਰਬਾਰਾ, ਸੋ ਦਰ ਸਾਚੀ ਦਰਗਹਿ ਰੂਪ ਵਟਾਈਆ । ਜਿਸ ਦਰ ਬੋਲੇ ਨਾਮ ਜੈਕਾਰਾ, ਸੋ ਦਰ ਜੈ ਜੈਕਾਰ ਸੁਣਾਈਆ । ਕਲਜੁਗ ਅੰਤਮ ਖੇਲ ਨਿਆਰਾ, ਹਰਿ ਖ਼ਾਲਕ ਆਪ ਕਰਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਵਿਰਲਾ ਕਰ ਪਿਆਰਾ, ਗੁਰ ਗੁਰ ਗੁਰਮੁਖ ਸਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ, ਦਰ ਘਰ ਹਰਿ ਇਕੋ ਇਕ ਵਸਾਈਆ ।

### ✳ ੧੨ ਅੱਸੂ ੨੦੧੯ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ✳

ਸੋ ਪੁਰਖ ਸਾਹਿਬ ਸਮਰਥ, ਸਚਖੰਡ ਨਿਵਾਸੀ ਖੇਲ ਕਰਾਇੰਦਾ । ਸੁਤ ਸ਼ਬਦ ਦੁਲਾਰੇ ਦੇਵੇ ਮਤ, ਬੇਪਰਵਾਹ ਆਪ ਸਮਝਾਇੰਦਾ । ਵਿਸ਼ਨੂੰ ਨੇਤਰ ਖੋਲ੍ਹ ਅੱਖ, ਹਰਿ ਜੂ ਆਪਣੀ ਕਲ ਵਰਤਾਇੰਦਾ । ਬ੍ਰਹਮੇ ਸਤਿ ਸਰੂਪ ਵੇਖ ਪਰਤੱਖ, ਪਾਰਬ੍ਰਹਮ ਪ੍ਰਭ ਆਪਣਾ ਆਪ ਵਟਾਇੰਦਾ । ਸ਼ੰਕਰ ਤ੍ਰਿਸੂਲ ਹੱਥੋਂ ਸੱਟ, ਜੋਧਾ ਮਹਾਬੀਰ ਹੁਕਮ ਸੁਣਾਇੰਦਾ । ਤ੍ਰੈਗੁਣ ਖੇੜਾ ਹੁੰਦਾ ਜਾਏ ਭੱਠ, ਸਤਿ ਸਤਿਵਾਦੀ ਆਪ ਜਣਾਇੰਦਾ । ਪੰਜ ਤਤ ਲੱਗਣ ਵਾਲੀ ਅੱਗ, ਤਤਵ ਤਤ ਤਤ ਜਣਾਇੰਦਾ । ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਖੋਜ ਖੋਜਾਇੰਦਾ । ਦੋ ਜਹਾਨ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਬੋਧ ਅਗਾਧ ਮਹਿਮਾ ਅਕਥ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਅਵਤਾਰਾਂ ਮਾਰਗ ਰਿਹਾ ਦੱਸ, ਸਚ ਸੰਦੇਸਾ ਆਪ ਸੁਣਾਇੰਦਾ । ਜਗਤ ਵੇਖੇ ਨੱਠ ਨੱਠ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਅੰਦਰ ਮੰਦਰ ਰਿਹਾ ਵਸ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਲੇਖਾ ਜਾਣੇ ਰਵ ਸਸ, ਸੂਰਜ ਚੰਨ ਹੁਕਮੇ ਅੰਦਰ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਸਾਚਾ ਗੀਤ, ਹਰਿ ਸੱਜਣ ਆਪ ਸੁਣਾਈਆ । ਪੀਰ ਪੈਗ਼ੰਬਰ ਵੇਖੇ ਆਪਣੀ ਰੀਤ, ਰੀਤੀਵਾਨ ਰਿਹਾ ਸਮਝਾਈਆ । ਨਾਤਾ ਤੁਟਾ ਮੰਦਰ ਮਸੀਤ, ਮਸਜਦ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਹੋਈ ਪਲੀਤ, ਪਤਤ ਪਾਵਨ ਨਜ਼ਰ ਕਿਸੇ ਨਾ ਆਈਆ । ਕਾਇਆ ਚੋਲੀ ਚੜ੍ਹੇ ਰੰਗ ਨਾ ਕੋਇ ਮਜੀਠ, ਸਾਧ ਸੰਤ ਦੇਣ ਦੁਹਾਈਆ । ਪਰਮਾਤਮ ਆਤਮ ਆਤਮ ਪਰਮਾਤਮ ਕੋਇ ਨਾ ਗਾਏ ਗੀਤ, ਰਸਨਾ ਜਿਹਵਾ ਹੋਈ ਹਲਕਾਈਆ । ਸਤਿਗੁਰ ਸੱਚਾ ਸੁੱਤਾ ਦੇ ਕਰ ਪੀਠ, ਨੇਤਰ ਨੈਣ ਦਰਸ ਕੋਇ ਨਾ ਪਾਈਆ । ਜੀਵ ਜੰਤ ਕੌੜਾ ਹੋਇਆ ਰੀਠ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਕਲਜੁਗ ਅੰਤਮ ਰਿਹਾ ਬੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਈਆ । ਸਚ ਸੰਦੇਸਾ ਸ਼ਹਿਨਸ਼ਾਹ, ਸਚਖੰਡ ਨਿਵਾਸੀ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਆਪਣੀ ਧਾਰ ਵਖਾਇੰਦਾ । ਹਰਿ ਪੁਰਖ ਨਿਰੰਜਣ ਨਿਰਗੁਣ ਨਿਰਵੈਰ ਵੇਸ ਵਟਾ, ਅਜੂਨੀ ਰਹਿਤ ਡਗਮਗਾਇੰਦਾ । ਏਕੰਕਾਰਾ ਨਾਉਂ ਨਿਰੰਕਾਰਾ ਸਰਬ

ਦਏ ਪੜ੍ਹਾ, ਸਾਚੀ ਸਿਖਿਆ ਇਕ ਸਮਝਾਇੰਦਾ । ਆਦਿ ਨਿਰੰਜਣ ਘਟ ਘਟ ਅੰਦਰ ਦੀਪਕ ਜੋਤ ਦਏ ਜਗਾ, ਜੋਤ ਨਿਰੰਜਣ ਡਗਮਗਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਏਥੇ ਓਥੇ ਦੋ ਜਹਾਨਾ ਦਏ ਝੁੱਲਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੇ ਹੱਥ ਰਖਾਇੰਦਾ । ਅਬਿਨਾਸ਼ੀ ਕਰਤਾ ਨਾਦ ਅਗੰਮੀ ਦਏ ਵਜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਸੁਣਾਇੰਦਾ । ਪਾਰਬ੍ਰਹਮ ਪ੍ਰਭ ਲੇਖਾ ਦਏ ਮੁਕਾ, ਬ੍ਰਹਮ ਵੇਤਾ ਬ੍ਰਹਮ ਨੇਤਾ ਨੇਤਨ ਨੇਤ ਨੇਰਨ ਨੇਰ ਆਪਣਾ ਖੇਲ ਕਰਾਇੰਦਾ । ਭਗਤ ਭਗਵੰਤ ਕਰ ਕਰ ਹੇਤਾ, ਵੇਖਣਹਾਰਾ ਕਾਇਆ ਖੇਤਾ, ਪੰਜ ਤਤ ਅੰਦਰ ਮੰਦਰ ਡੂੰਘੀ ਕੰਦਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਇੰਦਾ । ਸਚ ਸੰਦੇਸਾ ਹਰਿ ਨਿਰੰਕਾਰਾ, ਦੋ ਜਹਾਨਾਂ ਆਪ ਜਣਾਈਆ । ਗੁਰ ਅਵਤਾਰ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਭਗਤ ਭਗਵੰਤ ਦਏ ਹੁਲਾਰਾ, ਨਾਮ ਹੁਲਾਰਾ ਇਕ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਸੰਸਾਰਾ, ਥਿਰ ਕੋਇ ਰਹਿਣ ਨਾ ਪਾਈਆ । ਨੌਂ ਸੌ ਚੁਰਾਨਵੇਂ ਚੋਕੜੀ ਯੁਗ ਨੇਤਰ ਰੋਵਣ ਵਾਰੋ ਵਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਦਵਾਰੇ ਲਾਇਆ ਇਕ ਅਖਾੜਾ, ਕੋਟਨ ਕੋਟ ਗੋਪੀ ਕਾਹਨ ਨਾਚ ਨਚਾਈਆ । ਦਰ ਦਰਵੇਸ਼ ਮੰਗਣ ਬਣ ਭਿਖਾਰਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੀਸ ਝੁਕਾਈਆ । ਅਲੱਖ ਨਿਰੰਜਣ ਬੋਲ ਜੈਕਾਰਾ, ਜੈ ਜੈਕਾਰ ਇਕੋ ਰਾਗ ਅਲਾਈਆ । ਕਲਜੁਗ ਅੰਤਮ ਖੇਲ ਨਿਆਰਾ, ਕਰੇ ਕਰਾਏ ਕਰਨੇਹਾਰਾ, ਤ੍ਰੈਗੁਣ ਅਤੀਤਾ ਆਪਣਾ ਰੂਪ ਅਨੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ

੧੦੦੭ ਪੁਰਖ ਅਬਿਨਾਸ਼ੀ ਇਕ ਇਕੱਲਾ ਏਕੰਕਾਰਾ, ਚਤੁਰਭੁਜ ਭੇਵ ਖੁਲ੍ਹਾਏ ਆਪਣਾ ਗੁਝ, ਪਰਦਾਨਸ਼ੀਂ ਆਪਣਾ ਪਰਦਾ ਆਪ ਉਠਾਈਆ । ਪਰਦਾਨਸ਼ੀਂ ਪਰਵਰਦਿਗਾਰ, ਰਹਿਮਤ ਰਹੀਮ ਰਹਿਮਾਨ ਆਪ ਕਮਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਇੰਦਾ । ਮੁਕਾਮੇ ਹੱਕ ਹੱਕ ਹੋ ਪਰਧਾਨ, ਲਾਸ਼ਰੀਕ ਨੌਜਵਾਨ, ਨੌਬਤ ਏਕਾ ਨਾਮ ਵਜਾਇੰਦਾ । ਚੌਦਾਂ ਤਬਕ ਹੋਏ ਹੈਰਾਨ, ਪੀਰ ਪੈਗ਼ੰਬਰ ਨੈਣ ਸ਼ਰਮਾਣ, ਈਸਾ ਮੂਸਾ ਮੁਹੰਮਦ ਚਾਰ ਯਾਰ ਨੇਤਰ ਨੈਣ ਨਾ ਕੋਇ ਉਠਾਇੰਦਾ । ਕਾਗਦ ਕਲਮ ਸਰਬ ਕੁਰਲਾਣ, ਲੇਖਾ ਲਿਖਿਆ ਨਾ ਜਾਏ ਬੇਪਹਿਚਾਣ, ਕਾਤਬ ਹੱਥ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਜਣਾਇੰਦਾ । ਸਚ ਸੰਦੇਸਾ ਸਤਿਗੁਰ ਮੀਤਾ, ਸਤਿ ਸਤਿਵਾਦੀ ਆਪ ਜਣਾਈਆ । ਤ੍ਰੈਗੁਣ ਮਾਇਆ ਤਪੇ ਅੰਗੀਠਾ, ਨੌਂ ਖੰਡ ਪ੍ਰਿਥਮੀ ਰਿਹਾ ਤਪਾਈਆ । ਕਿਸੇ ਨਾ ਮਿਲੇ ਰਾਮ ਸੀਤਾ, ਸੀਤਾ ਸੁਰਤੀ ਰਾਮ ਨਾ ਕੋਇ ਪਰਨਾਈਆ । ਪੜ੍ਹ ਪੜ੍ਹ ਥਕੇ ਗਿਆਨ ਗੀਤਾ, ਗੁਰ ਗਿਆਨ ਹੱਥ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਕਰੇ ਖੇਲ ਆਪ ਅਨਡੀਠਾ, ਅਨਡਿਠੜੀ ਧਾਰ ਚਲਾਈਆ । ਸਾਹਿਬ ਸੁਲਤਾਨ ਸੂਰਾ ਸਰਬੰਗ ਬੈਠਾ ਰਹੇ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਨੇਹੁੜਾ ਏਕਾ ਵਾਰ ਜਣਾਈਆ । ਸਚ ਸਨੇਹੁੜਾ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਨਾਉਂ ਨਿਰੰਕਾਰਾ ਵੇਖੇ ਮਾਰ ਧਿਆਨ, ਏਕੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ

ਲੱਖ ਚੁਰਾਸੀ ਖੋਜ ਖੋਜਾਇੰਦਾ । ਅਬਿਨਾਸ਼ੀ ਕਰਤਾ ਦੇਵੇ ਦਾਨ, ਅੰਦਰ ਬਾਹਰ ਗੁਪਤ ਜ਼ਾਹਰ ਅਨੁਭਵ ਆਪਣੀ ਖੇਲ ਕਰਾਇੰਦਾ । ਸ੍ਰੀ ਭਗਵਾਨ ਵਡ ਮਿਹਰਵਾਨ, ਆਦਿ ਜੁਗਾਦੀ ਦੇਵਣਹਾਰਾ ਬ੍ਰਹਮ ਗਿਆਨ, ਪਾਰਬ੍ਰਹਮ ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਸਾਚੇ ਚੜ੍ਹ, ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼ੀ ਸਾਚੇ ਤਖ਼ਤ ਸੋਭਾ ਪਾਇੰਦਾ । ਸਾਚਾ ਤਖ਼ਤ ਏਕੰਕਾਰ, ਏਕਾ ਏਕ ਬਣਾਈਆ । ਨਾ ਕੋਈ ਦੀਸੇ ਚੋਬਦਾਰ, ਸੇਵਕ ਰੂਪ ਨਾ ਕੋਇ ਵਖਾਈਆ । ਨਾ ਕੋਈ ਘਾੜਤ ਘੜੇ ਬਣ ਠਠਿਆਰ, ਬਾਢੀ ਰੂਪ ਨਾ ਕੋਇ ਵਟਾਈਆ । ਆਦਿ ਜੁਗਾਦੀ ਖੇਲ ਨਿਆਰ, ਜੁਗ ਕਰਤਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਏ ਵਾਰੋ ਵਾਰ, ਕੋਟਨ ਕੋਟ ਵੇਸ ਵਟਾਈਆ । ਗੁਰ ਅਵਤਾਰ ਬਾਲ ਅਞਾਣੇ ਸਚ ਸੰਦੇਸਾ ਵਿਚ ਸੰਸਾਰ, ਅੱਖਰ ਵੱਖਰ ਕਰੇ ਪੜ੍ਹਾਈਆ । ਚੌਦਾਂ ਵਿਦਿਆ ਸੁਣ ਪੁਕਾਰ, ਚੌਦਾਂ ਤਬਕ ਦੇ ਹੁਲਾਰ, ਜੈ ਜੈਕਾਰ ਆਪਣਾ ਆਪ ਸੁਣਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ ਆਪੇ ਵਸੇ ਸਭ ਤੋਂ ਬਾਹਰ, ਰੂਪ ਅਨੂਪ ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਤੇਈ ਅਵਤਾਰ ਕਰਨ ਪੁਕਾਰ, ਅਠਾਰਾਂ ਭਗਤ ਖੜੇ ਦਵਾਰ, ਈਸਾ ਮੂਸਾ ਮੁਹੰਮਦ ਰੋਵਣ ਜ਼ਾਰੋ ਜ਼ਾਰ, ਗੁਰ ਦਸ ਕਰ ਵਿਚਾਰ, ਏਕਾ ਅੱਖਰ ਮਿਲੇ ਆਧਾਰ, ਉਦਰ ਅਦਰ ਆਤਮ ਪਰਮਾਤਮ ਮਿਲੇ ਵਡਿਆਈਆ । ਤ੍ਰੈਗੁਣ ਨਾਤਾ ਤੋੜੇ ਵਿਚ ਸੰਸਾਰ, ਪੰਚਮ ਜੋੜੇ ਅਲਖ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਬੇਅੰਤ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਵਸਣਹਾਰਾ ਧਾਮ ਨਿਆਰਾ, ਸੰਬਲ ਆਪਣਾ ਡੇਰਾ ਲਾਇੰਦਾ । ਪੂਰਬ ਲੇਖਾ ਕਰੇ ਵਿਚਾਰਾ, ਜੁਗ ਚੌਕੜੀ ਖੋਜ ਖੋਜਾਇੰਦਾ । ਚਰਨ ਕਵਲ ਬਹਾਏ ਗੁਰ ਅਵਤਾਰਾ, ਪੀਰ ਪੈਗ਼ੰਬਰ ਸੰਗ ਮਿਲਾਇੰਦਾ । ਸਾਚੀ ਸਿਖਿਆ ਦੇਵੇ ਏਕਾ ਵਾਰਾ, ਇਕ ਇਕੱਲਾ ਆਪ ਪੜ੍ਹਾਇੰਦਾ । ਵਰਨ ਬਰਨ ਜ਼ਾਤ ਪਾਤ ਪਾਰ ਕਿਨਾਰਾ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਪਰਮ ਪੁਰਖ ਭੇਵ ਚੁਕਾਇੰਦਾ । ਨਜ਼ਰੀ ਆਏ ਕਰਤਾਰਾ, ਹਰਿ ਕਰਨੀ ਆਪ ਕਮਾਇੰਦਾ । ਕਲਜੁਗ ਕਿਰਿਆ ਸੁੱਟੇ ਡੂੰਘੀ ਗਾਰਾ, ਸ਼ਹੁ ਦਰਯਾਏ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਪਰਗਟਾਇੰਦਾ । ਸਚ ਸੰਦੇਸਾ ਪਰਗਟੇ ਜਗ, ਸ੍ਰੀ ਭਗਵਾਨ ਆਪ ਸੁਣਾਈਆ । ਸ੍ਰਿਸ਼ਟ ਸਬਾਈ ਏਕਾ ਮਾਰਗ ਜਾਏ ਲੱਗ, ਦੂਜਾ ਰਾਹ ਨਾ ਕੋਇ ਵਖਾਈਆ । ਏਕਾ ਆਤਮ ਪਰਮਾਤਮ ਵੱਜੇ ਨੱਦ, ਅਨਹਦ ਰਾਗੀ ਰਾਗ ਸੁਣਾਈਆ । ਪਾਰ ਕਿਨਾਰਾ ਹੋਏ ਹੱਦ, ਨੌਂ ਦਵਾਰੇ ਪੰਧ ਮੁਕਾਈਆ । ਭਗਤ ਭਗਵੰਤ ਘਰ ਸਾਚੇ ਸੱਦ, ਸੱਦਾ ਇਕੋ ਨਾਮ ਰਖਾਈਆ । ਲੇਖਾ ਜਾਣੇ ਰਕਤ ਬੂੰਦ ਮਾਸ ਹੱਡ, ਨਾੜ ਬਹੱਤਰ ਖੋਜ ਖੋਜਾਈਆ । ਅੰਮ੍ਰਿਤ ਆਤਮ ਪਿਆਏ ਸਾਚੀ ਮਦਿ, ਮਧੁਰ ਰਸ ਇਕ ਵਖਾਈਆ । ਲੱਖ ਚੁਰਾਸੀ ਵਿਚੋਂ ਕੱਢ, ਗੁਰਮੁਖ ਆਪਣੇ ਅੰਗ ਲਗਾਈਆ । ਆਤਮ ਪਰਮਾਤਮ ਨਿਜ ਦੇਵੇ ਸਚ ਅਨੰਦ, ਅਨੰਦ ਅਨੰਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸਤਿਜੁਗ ਸੰਗ, ਹਰਿ ਸਤਿਸੰਗੀ ਆਪ ਸੁਣਾਇੰਦਾ । ਕਲਜੁਗ ਅੰਤਮ ਜਾਏ ਲੰਘ, ਥਿਰ ਮਾਤ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਆਤਮ ਪਰਮਾਤਮ ਹੋਈ ਨੰਗ, ਪਰਦਾ ਸੀਸ ਨਾ ਕੋਇ ਟਿਕਾਇੰਦਾ । ਨੌਂ ਖੰਡ ਪ੍ਰਿਥਮੀ ਖੰਡ ਖੰਡ, ਹਰਿ ਜੂ ਖੰਡਾ ਖੜਗ ਖੜਕਾਇੰਦਾ ।

ਬਿਨ ਆਤਮ ਪਰਮਾਤਮ ਪਰਮਾਤਮ ਆਤਮ ਸਾਧ ਸੰਤ ਹੋਏ ਰੰਡ, ਸੇਜ ਸੁਹੰਜਣੀ ਨਾ ਕੋਇ ਵਡਿਆਇੰਦਾ । ਰਸਨਾ ਜਿਹਵਾ ਪਾਇਣ ਡੰਡ, ਡੌਰੂ ਡੰਕਾ ਇਕ ਵਜਾਇੰਦਾ । ਜੀਵ ਜੰਤ ਭਾਗਾਂਮੰਦ, ਭੈ ਭੌ ਨਜ਼ਰ ਨਾ ਕੋਇ ਰਖਾਇੰਦਾ । ਸਾਚਾ ਚੜ੍ਹਿਆ ਨਾ ਕੋਇ ਚੰਦ, ਜੋਤ ਉਜਾਲਾ ਨਾ ਕੋਇ ਵਖਾਇੰਦਾ । ਗਾ ਗਾ ਥੱਕੇ ਬੱਤੀ ਦੰਦ, ਅਜਪਾ ਜਾਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਰਾਹ ਚਲੇ ਕਰਤਾਰ, ਚਾਰ ਕੁੰਟ ਦਏ ਵਡਿਆਈਆ । ਚਾਰ ਯੁਗ ਲਹਿਣਾ ਦੇਣਾ ਕਰਜ਼ਾ ਦਏ ਉਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਰਹੇ ਨਾ ਰਾਈਆ । ਚਾਰ ਵਰਨਾਂ ਕਰੇ ਪਾਰ, ਅਠਾਰਾਂ ਬਰਨ ਪੰਧ ਮੁਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਆਧਾਰ, ਏਕਾ ਮੰਦਰ ਦਏ ਵਖਾਈਆ । ਏਕਾ ਇਸ਼ਟ ਦੇਵ ਵਿਚ ਸੰਸਾਰ, ਸਤਿਗੁਰ ਪੂਰਾ ਨਜ਼ਰੀ ਆਈਆ । ਏਕਾ ਮੰਤਰ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਵਾਂ ਇਕੋ ਨਾਮ ਦ੍ਰਿੜਾਈਆ । ਸਰਬ ਜੀਆਂ ਪ੍ਰਭ ਇਕੋ ਦਾਤਾ, ਏਕਾ ਘਰ ਸੁਹਾਇੰਦਾ । ਸਰਬ ਜੀਆਂ ਪ੍ਰਭ ਇਕੋ ਨਾਤਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਸਰਬ ਜੀਆਂ ਪ੍ਰਭ ਇਕੋ ਗਿਆਤਾ, ਅੱਖਰ ਵੱਖਰ ਨਾਮ ਸਿਖਾਇੰਦਾ । ਸਰਬ ਜੀਆਂ ਪ੍ਰਭ ਇਕੋ ਸਾਥਾ, ਆਦਿ ਜੁਗਾਦਿ ਵਿਛੜ ਨਾ ਜਾਇੰਦਾ । ਸਰਬ ਜੀਆਂ ਪ੍ਰਭ ਇਕੋ ਸਾਕਾ, ਸਾਕ ਸੱਜਣ ਹਰਿ ਹੋ ਜਾਇੰਦਾ । ਸਰਬ ਜੀਆਂ ਪ੍ਰਭ ਇਕੋ ਮਾਈ ਬਾਪਾ, ਪਿਤਾ ਪੂਤ ਗੋਦ ਬਹਾਇੰਦਾ । ਸਰਬ ਜੀਆਂ ਪ੍ਰਭ ਇਕੋ ਕਮਲਾਪਾਤਾ, ਲੱਖ ਚੁਰਾਸੀ ਨਾਰ ਹੰਢਾਇੰਦਾ । ਸਰਬ ਜੀਆਂ ਪ੍ਰਭ ਇਕੋ ਪੂਰਾ ਕਰੇ ਘਾਟਾ, ਪੂਰਬ ਜਨਮਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਏਕਾ ਰਾਹ ਚਲਾਇੰਦਾ । ਸਰਬ ਜੀਆਂ ਪ੍ਰਭ ਏਕਾ ਰੰਗ, ਏਕਾ ਵਾਰ ਵਖਾਈਆ । ਸਰਬ ਜੀਆਂ ਪ੍ਰਭ ਇਕੋ ਮਰਦੰਗ, ਘਰ ਅਨਹਦ ਨਾਦ ਸੁਣਾਈਆ । ਸਰਬ ਜੀਆਂ ਪ੍ਰਭ ਵਖਾਏ ਇਕੋ ਗੰਗ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸਰਬ ਜੀਆਂ ਪ੍ਰਭ ਇਕ ਹੰਢਾਏ ਸੇਜ ਪਲੰਘ, ਆਤਮ ਪਰਮਾਤਮ ਆਸਣ ਲਾਈਆ । ਸਰਬ ਜੀਆਂ ਪ੍ਰਭ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਕਰੇ ਪੜ੍ਹਾਈਆ । ਸਰਬ ਜੀਆਂ ਇਕ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਰਬ ਜੀਆਂ ਦੇਵੇ ਇਕ ਪਹਿਚਾਨ, ਬੇਪਹਿਚਾਨ ਆਪਣਾ ਪਰਦਾ ਲਾਹਿੰਦਾ । ਸਰਬ ਜੀਆਂ ਵਖਾਏ ਇਕ ਮਕਾਨ, ਮਿਹਰਵਾਨ ਚਰਨ ਕਵਲ ਕਵਲ ਚਰਨ ਇਕ ਵਡਿਆਇੰਦਾ । ਸਰਬ ਜੀਆਂ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਸਤਿ ਨਿਸ਼ਾਨਾ ਇਕ ਉਠਾਇੰਦਾ । ਸਰਬ ਜੀਆਂ ਦੇਵਣਹਾਰਾ ਮਾਣ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਰਬ ਜੀਆਂ ਇਕ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਜੁਗ ਨਿਰਗੁਣ ਸਰਗੁਣ ਲੈ ਅਵਤਾਰ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਸਤਿਜੁਗ ਤ੍ਰੇਤਾ ਦੁਆਵਰ ਵੇਖਿਆ ਵਾਰੋ ਵਾਰ, ਕਲਜੁਗ ਅੰਤਮ ਰਿਹਾ ਹੰਢਾਈਆ । ਗੁਰ ਅਵਤਾਰ ਪੀਰ ਪੈਗੰਬਰ ਕਰ ਕਰ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਦੋਏ ਦੋਏ ਜੋੜ ਮੰਗਦੇ ਗਏ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਜੀਆਂ ਦਾ ਸਾਂਝਾ ਯਾਰ, ਜ਼ਾਤ ਪਾਤ ਵਿਚ ਕਦੇ ਨਾ ਆਈਆ । ਦੀਨ ਦੁਨੀ ਵੇਖੇ ਵੇਖਣਹਾਰ,


੧੦੦੯
੧੨

ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਈਸਾ ਮੰਗੇ ਦਰਸ ਦੀਦਾਰ, ਮੂਸਾ ਕਹੇ ਪਰਵਰਦਿਗਾਰ, ਮੁਹੰਮਦ ਕਹੇ ਮੇਰਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਨਾਨਕ ਕਹੇ ਮੇਰਾ ਨਿਰੰਕਾਰ, ਗੋਬਿੰਦ ਕਹੇ ਪੁਰਖ ਅਕਾਲ, ਪਿਤਾ ਪੂਤ ਸਹਿਜ ਸੁਖਦਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਜੁਗ ਜੁਗ ਖੇਲ ਕਰੇ ਨਿਰਾਲ, ਹਰਿਜਨ ਵੇਖੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਪੂਰੀ ਕਰੇ ਘਾਲ, ਕੀਤੀ ਘਾਲ ਥਾਂਏ ਪਾਈਆ । ਪਰਗਟ ਹੋਏ ਦੀਨ ਦਿਆਲ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਚਰਨਾਂ ਹੇਠ ਦਬਾਏ ਕਾਲ ਮਹਾਕਾਲ, ਮਹਾਬਲੀ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਵਡਿਆਈਆ । ਸਚ ਸੰਦੇਸਾ ਗੁਰ ਅਵਤਾਰ, ਲੋਕਮਾਤ ਸੁਣਾਇਆ । ਲਿਖ ਲਿਖ ਲੇਖਾ ਅੱਖਰ ਵੱਖਰ ਕਰ ਤਿਆਰ, ਖਾਣੀ ਬਾਣੀ ਬਾਣੀ ਖਾਣੀ ਵੰਡ ਵੰਡਾਇਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਸਾਚੀ ਸੇਵ ਕਮਾਇਆ । ਚਾਰੇ ਖਾਣੀ ਕਰੇ ਵਿਚਾਰ, ਅੰਡਜ ਜੇਰਜ ਉਤਭੁਜ ਸੇਤਜ ਅੰਤ ਕਿਸੇ ਨਾ ਪਾਇਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਲਾਸ਼ਰੀਕ ਬੇਐਬ ਪਰਵਰਦਿਗਾਰ, ਹੱਕ ਮੁਕਾਮੇ ਏਕਾ ਖੇਲ ਰਚਾਇਆ । ਏਕੰਕਾਰਾ ਹੋ ਤਿਆਰਾ ਕਰੇ ਖੇਲ ਅਪਰ ਅਪਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਅਭੇਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕੋ ਇਕ ਪੜ੍ਹਾਇਆ । ਸਚ ਸੰਦੇਸਾ ਪੜ੍ਹਨਾ ਮਾਤ, ਮਾਤਰ ਭੂਮੀ ਆਪ ਜਣਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਲ ਵਰਤਾਇੰਦਾ । ਜੁਗ ਚੌਕੜੀ ਵੇਂਹਦਾ ਰਿਹਾ ਖੇਲ ਤਮਾਸ਼, ਗੁਰ ਅਵਤਾਰ ਪੀਰ ਪੈਗੰਬਰ ਸੇਵਾ ਲਾਇੰਦਾ । ਕਲਜੁਗ ਅੰਤਮ ਸਭ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੋਲ ਫੋਲਾਇੰਦਾ । ਲੱਖ ਚੁਰਾਸੀ ਵੇਖਣਹਾਰਾ ਪਵਣ ਸਵਾਸ, ਪਵਣ ਪਵਣਾਂ ਵਿਚ ਸਮਾਇੰਦਾ । ਭਸਮੜ ਆਪਣੀ ਧਾਰ ਜਣਾਇੰਦਾ । ਆਦਿ ਜੁਗਾਦਿ ਨਾ ਹੋਏ ਨਾਸ, ਜਨਮ ਮਰਨ ਮਰਨ ਜਨਮ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਾਖੀ ਆਪ ਪਰਗਟਾਇੰਦਾ । ਸਾਚੀ ਸਾਖੀ ਸਾਖਿਆਤ, ਹਰਿ ਸਤਿਗੁਰ ਆਪ ਸੁਣਾਈਆ । ਜੁਗ ਚੌਕੜੀ ਵੇਖੇ ਮਾਰ ਝਾਤ, ਬਣ ਦਾਤਾ ਦਇਆ ਕਮਾਈਆ । ਅੰਤਮ ਲੇਖਾ ਵੇਖੇ ਡੂੰਘੇ ਖਾਤ, ਖਾਤਾ ਆਪੇ ਲਏ ਫੋਲਾਈਆ । ਕਲਜੁਗ ਹੋਈ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਜੀਵ ਜੰਤ ਕੋਇ ਨਾ ਪੁੱਛੇ ਵਾਤ, ਸਾਰੇ ਬੈਠੇ ਮੁਖ ਭੁਵਾਈਆ । ਮਾਇਆ ਰਾਣੀ ਖਾਏ ਖਾਜ, ਸਤਿ ਸੰਤੋਖ ਨਾ ਕੋਇ ਦ੍ਰਿੜਾਈਆ । ਮਨ ਮਨੂਆ ਦਹਿ ਦਿਸ਼ਾ ਰਿਹਾ ਭਾਜ, ਡੋਰੀ ਸ਼ਬਦ ਬੰਧਨ ਨਾ ਕੋਇ ਪਾਈਆ । ਹਰਿ ਕਾ ਨਾਉਂ ਕਿਸੇ ਨਾ ਆਏ ਹਾਥ, ਕਲਜੁਗ ਸਾਗਰ ਆਪਣੇ ਵਿਚ ਛੁਪਾਈਆ । ਸਾਥ ਛੱਡ ਗਏ ਤ੍ਰਿਲੋਕੀ ਨਾਥ, ਨਾਥ ਅਨਾਥਾਂ ਨਾ ਕੋਇ ਸਹਾਈਆ । ਵੇਖਣਹਾਰਾ ਪੁਰਖ ਸਮਰਾਥ, ਸਚਖੰਡ ਵੇਖੇ ਸੱਚਾ ਮਾਹੀਆ । ਕਲਜੁਗ ਅੰਤਮ ਨਿਰਗੁਣ ਰੂਪ ਸਤਿ ਸਰੂਪ ਪਾਰਬ੍ਰਹਮ ਪ੍ਰਭ ਆਇਆ ਨੱਠ, ਨਿਹਕਲੰਕਾ ਆਪਣਾ ਨਾਉਂ ਧਰਾਈਆ । ਆਤਮ ਪਰਮਾਤਮ ਈਸ਼ ਜੀਵ ਜਗਦੀਸ ਵੇਖੇ ਘਟ ਘਟ, ਗ੍ਰਿਹ ਗ੍ਰਿਹ ਆਪਣਾ ਫੇਰਾ ਪਾਈਆ । ਜੀਵ ਜੰਤ ਸਾਧ ਸੰਤ ਮਾਰਗ ਲਿਆ ਮਨਮਤ, ਗੁਰਮਤ ਨਾ ਕੋਇ ਦ੍ਰਿੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਰੱਖੇ ਹੱਟ, ਸਾਚਾ ਵਣਜ ਨਾ ਕੋਇ ਕਰਾਈਆ । ਦੂਈ ਦਵੈਤ ਲੱਗਾ ਫਟ, ਨਾਮ ਪੱਟੀ ਨਾ ਕੋਇ ਬੰਧਾਈਆ । ਦੀਨ ਮਜ਼੍ਹਬ ਉਬਲੇ ਰੱਤ, ਰੱਤੀ ਰੱਤ ਨਾ ਕੋਇ ਸੁਕਾਈਆ ।


੧੦੧੦
੧੨

ਹਰਿ ਕਾ ਗਾਏ ਕੋਇ ਨਾ ਜਸ, ਰਸਨਾ ਜਿਹਵਾ ਕੂੜੀ ਸਿਫ਼ਤ ਸਾਲਾਹੀਆ । ਰੈਣ ਅੰਧੇਰੀ ਹੋਈ ਮਸ, ਗੁਰ ਗਿਆਨ ਸ਼ਬਦ ਚੰਦ ਨਾ ਕੋਇ ਚੜ੍ਹਾਈਆ । ਪੰਡਤ ਪਾਂਧੇ ਰਹੇ ਨੱਸ, ਤੀਰਥ ਤਟ ਜਮਨਾ ਸੁਰਸਤੀ ਗੰਗਾ ਗੋਦਾਵਰੀ ਫੇਰਾ ਪਾਈਆ । ਕੋਈ ਨਾ ਨਾਤਾ ਤੋੜੇ ਆਨ ਬਾਟ, ਮਾਤ ਗਰਭ ਨਾ ਫੰਦ ਕਟਾਈਆ । ਮਣਕਾ ਮਣਕਾ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਰਹੇ ਦੱਸ, ਹਿਰਦੇ ਹਰਿ ਨਾ ਕੋਇ ਵਸਾਈਆ । ਪੰਚ ਵਿਕਾਰਾ ਕੋਇ ਨਾ ਪਾਏ ਨੱਥ, ਮੁੱਲਾਂ ਸ਼ੇਖ਼ ਮਸਾਇਕ ਗ੍ਰੰਥੀ ਪੰਥੀ ਚਾਰੋਂ ਕੁੰਟ ਦਹਿ ਦਿਸ਼ਾ ਉਠ ਉਠ ਧਾਈਆ । ਕਲਜੁਗ ਕੂੜੀ ਕਿਰਿਆ ਕੀਤੇ ਸਭ ਵਸ, ਆਪਣਾ ਬੰਧਨ ਸਕੇ ਨਾ ਕੋਇ ਤੁੜਾਈਆ । ਮਾਇਆ ਮਮਤਾ ਅੰਦਰ ਗਏ ਫਸ, ਫਾਸੀ ਜਮ ਨਾ ਕੋਇ ਹਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੂਰ ਦੁਰਾਡੇ ਬੈਠੇ ਰਹੇ ਹੱਸ, ਵਾਹਵਾ ਭਰਮੇ ਭੁੱਲੀ ਸਰਬ ਲੋਕਾਈਆ । ਅਸੀਂ ਲੋਕਮਾਤ ਸਾਚਾ ਮਾਰਗ ਆਏ ਦੱਸ, ਬਿਨ ਹਰਿ ਅੰਤ ਨਾ ਕੋਇ ਸਹਾਈਆ । ਜਿਸ ਦਾ ਗਾ ਗਾ ਆਏ ਜਸ, ਸੋ ਸਾਹਿਬ ਵੇਲੇ ਅੰਤ ਫੇਰਾ ਪਾਈਆ । ਸੰਬਲ ਨਗਰ ਜਾਏ ਵਸ, ਗੋਬਿੰਦ ਚਲੇ ਇਕ ਰਜ਼ਾਈਆ । ਹਰਿਜਨ ਸਾਚੇ ਮੇਲੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਏਕਾ ਘਰ ਏਕਾ ਵਰ ਏਕਾ ਹਰਿ ਏਕਾ ਨਰ ਇਕ ਨਰਾਇਣ ਕਰੇ ਇਕੱਠ, ਏਕਾ ਮੰਦਰ ਦਏ ਵਖਾਈਆ । ਕਲਜੁਗ ਖੇੜਾ ਕਰੇ ਭੱਠ, ਤ੍ਰੈਗੁਣ ਅਗਨੀ ਹੇਠਾਂ ਡਾਹੀਆ । ਪੰਜ ਤਤ ਉਪਰ ਦੇਵੇ ਸੱਟ, ਲੰਬੂ ਇਕੋ ਵਾਰ ਲਗਾਈਆ । ਲੱਖ ਚੁਰਾਸੀ ਕਾਇਆ ਮਾਟੀ ਭੰਨੇ ਕੱਚ, ਥਿਰ ਕੋਇ ਰਹਿਣ ਨਾ ਪਾਈਆ । ਸ਼ਬਦ ਅਗੰਮੀ ਮਾਰੇ ਸੱਟ, ਕੂੜੀ ਕਿਰਿਆ ਦਏ ਖਪਾਈਆ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਆਪ ਸਮਝਾਈਆ । ਆਪਣਾ ਨਾਉਂ ਪੁਰਖ ਸਮਰਥ, ਸਮਰਥ ਪੁਰਖ ਖੇਲ ਕਰਾਈਆ । ਸਤਿਜੁਗ ਚਲਾਏ ਸਾਚਾ ਰਥ, ਬਣ ਰਥਵਾਹੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਨਿਰੰਕਾਰ ਨਿਰਾਕਾਰ ਆਪ ਜਣਾਈਆ । ਸਚ ਸੰਦੇਸਾ ਸ੍ਰੀ ਭਗਵੰਤ, ਭਗਵਨ ਆਪ ਜਣਾਈਆ । ਕਲਜੁਗ ਲੇਖਾ ਮੁਕੇ ਅੰਤ, ਅੰਤ ਕੋਇ ਰਹਿਣ ਨਾ ਪਾਈਆ । ਪਰਗਟ ਹੋਵੇ ਨਰ ਹਰਿ ਸਾਚਾ ਕੰਤ, ਕੰਤ ਕੰਤੂਹਲ ਦਇਆ ਕਮਾਈਆ । ਗੁਰਮੁਖਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਸ਼ਬਦ ਗਿਆਨ ਨਾਮ ਨਿਧਾਨ ਏਕਾ ਦੇਵੇ ਮਣੀਆਂ ਮੰਤ, ਮਨ ਵਾਸਨਾ ਦਏ ਖਪਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਇਕ ਸਹਾਈਆ । ਕੋਇ ਭੇਵ ਨਾ ਜਾਣੇ ਪਾਂਧਾ ਪੰਡਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਤਾ ਪੁਰਖ, ਆਪਣੀ ਆਪ ਕਰਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਇ ਰਖਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏ ਪਰਖ, ਨਾਮ ਕਸਵੱਟੀ ਹੱਥ ਉਠਾਇੰਦਾ । ਗ਼ਰੀਬ ਨਿਮਾਣਿਆਂ ਉਤੇ ਕਰੇ ਤਰਸ, ਦਇਆਵਾਨ ਦੀਨਾ ਨਾਥ ਦੀਨਨ ਆਪਣੇ ਰੰਗ ਰੰਗਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਜੁਗ ਜਨਮ ਦੀ ਅਗਨੀ ਤਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਲੈ ਕਲਜੁਗ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਔਧ ਗਈ ਪੁਗ, ਵੇਲਾ ਅੰਤ ਅੰਤ ਵਖਾਇੰਦਾ । ਚਾਰ ਕੁੰਟ ਨਾ ਜਾਣਾ ਲੁਕ, ਦਹਿ ਦਿਸ਼ਾ ਵੰਡ ਨਾ ਕੋਇ

ਵਖਾਇੰਦਾ । ਤੇਰੀ ਮੇਟੇ ਤ੍ਰਿਸਨਾ ਭੁੱਖ, ਤੇਰੀ ਹਵਸ ਬੰਦ ਕਰਾਇੰਦਾ । ਸਫਲ ਕਰਾਏ ਧਰਤ ਮਾਤ ਦੀ ਕੁੱਖ, ਤੇਰੀ ਸਫ਼ਾ ਆਪ ਉਠਾਇੰਦਾ । ਗ਼ਰੀਬ ਨਿਮਾਣਿਆਂ ਕੱਟਿਆ ਤੇਰੇ ਅੰਦਰ ਦੁੱਖ, ਦੁਖੀਆਂ ਦੁਖ ਆਪ ਗਵਾਇੰਦਾ । ਘਰ ਘਰ ਪਈ ਦਿਸੇ ਭੁੱਖ, ਭੁੱਖਿਆਂ ਭੁੱਖ ਨਾ ਕੋਇ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਤਾ ਗਿਆ ਛੁੱਟ, ਅੱਗੇ ਸੰਗ ਨਾ ਕੋਇ ਨਿਭਾਇੰਦਾ । ਤੇਰਾ ਭਾਗ ਗਿਆ ਨਿਖੁਟ, ਅੱਗੇ ਭਾਗ ਨਾ ਕੋਇ ਵੰਡਾਇੰਦਾ । ਲੇਖਾ ਜਾਣੇ ਗੋਬਿੰਦ ਸੁਤ, ਸੂਰਬੀਰ ਆਪ ਜਗਾਇੰਦਾ । ਜੜ ਤੇਰੀ ਦੇਵੇ ਪੁੱਟ, ਬਾਲੇ ਨੀਹਾਂ ਹੇਠ ਦਬਾਇੰਦਾ । ਹੁਕਮ ਦੇਵੇ ਅਬਿਨਾਸ਼ੀ ਅਚੁੱਤ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਕੋਲੋਂ ਪੁੱਛ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਸਾਰੇ ਬੈਠੇ ਇਕੋ ਗੁਠ, ਫੜ ਬਾਂਹੋਂ ਆਪ ਬਹਾਇੰਦਾ । ਪਰਗਟ ਹੋ ਸਾਹਿਬ ਸਮਰਥ ਗ਼ਰੀਬ ਨਿਮਾਣਿਆਂ ਉਪਰ ਗਿਆ ਤੁਠ, ਤੁਠ ਆਪਣੀ ਦਇਆ ਕਮਾਇੰਦਾ । ਆਪਣੇ ਕੋਲ ਵਸਤ ਰੱਖੀ ਕੁਛ, ਕੁਛ ਆਪਣੇ ਹੱਥ ਨਾ ਹੋਰ ਰਖਾਇੰਦਾ । ਤੇਰਾ ਸਿਮਲ ਬੂਟਾ ਉਚਾ ਲੰਮਾਂ ਦੀਰਘ ਮੁਚ, ਵੇਲੇ ਅੰਤ ਖ਼ਾਲੀ ਹੱਥ ਫਿਰਾਇੰਦਾ । ਚਾਰ ਕੁੰਟ ਨਜ਼ਰ ਨਾ ਆਈ ਸਚ ਸੁੱਚ, ਗੁਰੂਦਵਾਰ ਮੰਦਰ ਮਸਜਦ ਮਸੀਤ ਸ਼ਿਵਦਵਾਲੇ ਮਠ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਸਭ ਨੂੰ ਆਪ ਸੁਣਾਇੰਦਾ । ਸਚ ਸੰਦੇਸਾ ਸੁਣੋ ਜਗ ਮੀਤ, ਲੱਖ ਚੁਰਾਸੀ ਹਰਿ ਜਣਾਈਆ । ਆਪੇ ਆਪਣੀ ਵੇਖੇ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਕਾਇਆ ਦਿਸੇ ਨਾ ਕੋਇ ਠੰਡੀ ਸੀਤ, ਸੀਤਲ ਧਾਰ ਨਾ ਕੋਇ ਵਹਾਈਆ । ਸਤਿਗੁਰ ਸਚ ਨਾ ਕੋਇ ਪ੍ਰੀਤ, ਪ੍ਰੀਤੀ ਲੱਗੀ ਜਗਤ ਲੋਕਾਈਆ । ਆਤਮ ਗਾਏ ਨਾ ਕੋਇ ਗੀਤ, ਪਰਮਾਤਮ ਵੱਜੇ ਨਾ ਕੋਇ
੧੦੧੨ ਵਧਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਜੋ ਸੁੱਤਾ ਰਿਹਾ ਦੇ ਕਰ ਪੀਠ, ਕਲਜੁਗ ਅੰਤਮ ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ੧੦੧੨
੧੨ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਆਕਾਸ਼ ਪਰਕਾਸ਼, ਪਰਕਾਸ਼ਵਾਨ ਆਪ ਜਣਾਇੰਦਾ । ੧੨
ਵੇਖਣਹਾਰਾ ਖੇਲ ਤਮਾਸ਼, ਹਰਿ ਖ਼ਾਲਕ ਖ਼ਲਕ ਰੂਪ ਵਟਾਇੰਦਾ । ਸਚਖੰਡ ਨਿਵਾਸੀ ਹੋ ਉਦਾਸ, ਦੋ ਜਹਾਨਾਂ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਚਲਾਈ ਆਪਣੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਈਆ । ਵੇਖਣਹਾਰਾ ਰਾਣੀ ਅੱਲਾ, ਆਲਮੀਨ ਫੇਰਾ ਪਾਈਆ । ਪੀਰ ਪੈਗ਼ੰਬਰ ਹੋਇਆ ਝੱਲਾ, ਹਰਿ ਝਲਕ ਝੱਲ ਨਾ ਸਕੇ ਰਾਈਆ । ਚੌਦਾਂ ਤਬਕ ਵੇਖੇ ਡੂੰਘੀ ਡੱਲਾ, ਨੇਤਰ ਨੈਣ ਇਕ ਖੁਲ੍ਹਾਈਆ । ਦਰੋਹੀ ਖ਼ੁਦਾਏ ਮੁਹੰਮਦ ਫੜੇ ਪੱਲਾ, ਮਿਹਬਾਨ ਬੀਦੋ ਬੀ ਖੈਰ ਯਾ ਅੱਲਾ ਇਲਾਹੀ ਤੇਰਾ ਨੂਰ ਰੁਸ਼ਨਾਈਆ । ਤੇਰੀ ਧਾਰ ਇਕ ਬਿਸਮਿੱਲਾ, ਬਿਸਮਲ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਪੁਚਾਈਆ । ਸਚ ਸਨੇਹੁੜਾ ਪੈਗ਼ੰਬਰ ਪੀਰ, ਪਰਵਰਦਿਗਾਰ ਆਪ ਪੁਚਾਇੰਦਾ । ਨੇਤਰ ਵੇਖੋ ਸ਼ਰਅ ਜ਼ੰਜੀਰ, ਸ਼ਰੀਅਤ ਵੰਡ ਕਵਣ ਵੰਡਾਇੰਦਾ । ਚਾਰ ਯਾਰੀ ਹੋਈ ਦਿਲਗੀਰ, ਦਿਲਬਰ ਨਜ਼ਰ ਕੋਇ ਨਾ ਆਇੰਦਾ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗੰਭੀਰ ਹੁਕਮ ਵਰਤਾਇੰਦਾ । ਬਦਲਣਹਾਰਾ ਤਕਦੀਰ, ਤਕਬੀਰ ਤਦਬੀਰ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਕਰੇ ਖੇਲ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਇੰਦਾ । ਜੋਧਾ ਸੂਰ ਬਲੀ ਬਲਵਾਨ ਏਕਾ ਪਕੜੇ

ਸ਼ਮਸ਼ੀਰ, ਸ਼ਮਸ ਤਬਰੇਜ਼ ਨਾਲ ਉਠਾਇੰਦਾ । ਨਿਉਂ ਨਿਉਂ ਵੇਖੇ ਸ਼ਾਹ ਹਕੀਰ, ਹਕੀਰ ਹਕੀਰਾਂ ਮੇਲ ਮਿਲਾਇੰਦਾ । ਅੰਤਮ ਕੱਟਣਹਾਰਾ ਪੀੜ, ਬੇੜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ, ਪੀਰ ਪੈਗ਼ੰਬਰ ਆਪ ਸੁਣਾਇੰਦਾ । ਪੀਰ ਪੈਗ਼ੰਬਰ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤ ਸੁਣੇ ਫਰਿਯਾਦ, ਬੇਪਰਵਾਹ ਫੇਰਾ ਪਾਈਆ । ਚੌਦਾਂ ਲੋਕ ਕਬਰਸਤਾਨ ਵਿਚੋਂ ਲਏ ਕਾਢ, ਆਪ ਆਪਣਾ ਮੇਲ ਮਿਲਾਈਆ । ਸਚ ਮਹੱਲਾ ਵੇਖੇ ਮਹਿਰਾਬ, ਮੱਕਾ ਕਾਅਬਾ ਖੋਜ ਖੋਜਾਈਆ । ਲੇਖਾ ਜਾਣੇ ਦੋ ਦੋ ਆਬ, ਆਲਮੀਨ ਨੂਰ ਇਲਾਹੀਆ । ਲਹਿਣਾ ਦੇਣਾ ਚੁਕਾਏ ਪੁੰਨ ਸਵਾਬ, ਬਾਕੀ ਕੋਇ ਰਹਿਣ ਨਾ ਪਾਈਆ । ਪਰਗਟ ਹੋਵੇ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਚਰਨ ਘੋੜੇ ਦਏ ਰਕਾਬ, ਸੋਲਾਂ ਕਲੀਆਂ ਆਸਣ ਸੁਹਾਈਆ । ਮੁਹੰਮਦ ਪੂਰਾ ਕਰੇ ਖ਼ੁਵਾਬ, ਅਮਾਮ ਅਮਾਮਾਂ ਵੇਸ ਵਟਾਈਆ । ਦੇਵਣਹਾਰਾ ਸਰਬ ਅਜ਼ਾਬ, ਉਲਫਤ ਆਪਣੀ ਕਰੇ ਵਡਿਆਈਆ । ਕਲਜੁਗ ਅੰਤਮ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮਸਾਇਕ ਸਾਰੇ ਹੋਏ ਲਾਜਵਾਬ, ਨੇਤਰ ਨੈਣ ਨਾ ਕੋਇ ਉਠਾਈਆ । ਪਰਗਟ ਹੋਇਆ ਇਕ ਅਹਿਬਾਬ, ਸਚ ਰਬਾਬ ਸਤਾਰ ਵਜਾਈਆ । ਪਰਦਾਨਸ਼ੀਂ ਮੁਖ ਪਰਦਾ ਉਠਾਏ ਹੋਏ ਬੇਨਕ਼ਾਬ, ਨਕਾਬ ਕੋਇ ਨਜ਼ਰ ਨਾ ਆਈਆ । ਅਗਲੀ ਪਿਛਲੀ ਜੁਗ ਚੌਕੜੀ ਸਦੀ ਸਦੀਵ ਰੱਖੇ ਯਾਦ, ਯਾਦਦਾਸ਼ਤ ਆਪਣੇ ਹੱਥ ਰਖਾਈਆ । ਦੀਨ ਇਸਲਾਮ ਇਸਮ ਆਜ਼ਮ ਇਕ ਕਲਾਮ, ਕਲਮਾ ਨਬੀ ਰਸੂਲ ਅਸੂਲ ਮਾਕੂਲ ਇਕ ਜਣਾਈਆ । ਸੋਹੰ ਸ਼ਬਦ ਨਾ ਜਾਣਾ ਭੂਲ, ਮੁਰੀਦ ਮੁਰਸ਼ਦ ਸਚ ਸੁਗੰਧੀ ਸਾਚਾ ਫੂਲ, ਪਤ ਡਾਲ੍ਹੀ ਖ਼ਾਲਕ ਖ਼ਲਕ ਮਖ਼ਲੂਕ ਆਪ ਮਹਿਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਨਿਹਕਲੰਕ ਨਰਾਇਣ ਨਰ ਬਲੀ ਬਲਵਾਨ, ਸ਼ਾਹ ਪਾਤਸ਼ਾਹ ਵਡ ਅਮਾਮ, ਨਿਰਗੁਣ ਨਿਰਗੁਣ ਨਿਰਗੁਣ ਨਿਰੰਕਾਰ ਸੱਚਾ ਮਾਹੀਆ ।



### ❊੧੨ ਅੱਸੂ ੨੦੧੯ ਬਿਕ੍ਰਮੀ ਸਰਵਨ ਸਿੰਘ ਦੇ ਨਾਲ ਜੜਤੌਲੀ ❊

ਹੱਥ ਰੇਖ ਮਸਤਕ ਭਾਗ, ਹਰਿ ਵਡਭਾਗੀ ਵੇਖ ਵਖਾਇੰਦਾ । ਨਿਰਮਲ ਦੀਆ ਦੀਪਕ ਜੋਤ ਜਗੇ ਚਿਰਾਗ਼, ਨਿਝ ਨੇਤਰ ਲੋ ਕਰਾਇੰਦਾ । ਅਨਹਦ ਸ਼ਬਦ ਅਗੰਮੀ ਵੱਜੇ ਨਾਦ, ਧੁੰਨ ਅਨਾਦੀ ਆਤਮਕ ਰਾਗ ਅਲਾਇੰਦਾ । ਲੇਖਾ ਜਾਣੇ ਬੋਧ ਅਗਾਧ, ਅੱਖਰ ਵੱਖਰ ਨਿਸ਼ਅੱਖਰ ਆਪ ਪੜ੍ਹਾਇੰਦਾ । ਆਦਿ ਅੰਤ ਜੁਗਾ ਜੁਗੰਤ ਭੇਵ ਖੁਲ੍ਹਾਏ ਸੰਤ ਸਾਧ, ਹਰਿ ਸਤਿਗੁਰ ਮੇਲ ਮਿਲਾਇੰਦਾ । ਨਜ਼ਰੀ ਆਏ ਇਕ ਇਕੱਲਾ ਇਕ ਇਕਾਂਤ, ਸਚਖੰਡ ਸਾਚੇ ਸੋਭਾ ਪਾਇੰਦਾ । ਨਾਨਕ ਗੋਬਿੰਦ ਪੁੱਛੇ ਵਾਤ, ਗੁਰਮੁਖ ਗੁਰ ਗੁਰ ਮੇਲਾ ਮੇਲ ਮਿਲਾਇੰਦਾ । ਮੇਟ ਮਿਟਾਏ ਤੀਨੋ ਤਾਪ, ਜਗਤ ਸੰਤਾਪ ਨਾ ਕੋਇ ਰਖਾਇੰਦਾ । ਕਾਇਆ ਮੰਦਰ ਅੰਦਰ ਸੱਚਾ ਪੂਜਾ ਪਾਠ, ਬਿਨ ਰਸਨਾ ਜਿਹਵਾ ਆਪ ਕਰਾਇੰਦਾ । ਇਸ਼ਟ ਦੇਵ ਗੁਰ ਹਰਿ ਹਰਿ ਆਪ, ਏਕੰਕਾਰਾ ਸਤਿ ਸਰੂਪ ਇਕ ਵਖਾਇੰਦਾ । ਚਰਨ ਕਵਲ ਕਵਲ ਚਰਨ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਮਸਤਕ ਰੇਖ ਵੇਖ ਦਰਸ ਦਿਖਾਏ ਸਾਖਿਆਤ, ਅੱਗੇ ਬਹਿ ਬਹਿ ਮੇਲ ਮਿਲਾਇੰਦਾ । ਖੋਲ੍ਹਣਹਾਰਾ ਬੰਦ ਤਾਕ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਚੌਦਾਂ

ਲੋਕ ਵਖਾਏ ਇਕੋ ਹਾਟ, ਸਤਿਗੁਰ ਸੱਚਾ ਹੱਟ ਚਲਾਇੰਦਾ । ਨਾਨਕ ਗੋਬਿੰਦ ਗੁਰਸਿਖਾਂ ਪੁੱਛੇ ਵਾਤ, ਵਾਤਾਵਰਨ ਆਪਣਾ ਆਪ ਬਣਾਇੰਦਾ । ਏਥੇ ਓਥੇ ਦੋ ਜਹਾਨ ਦੇਵਣਹਾਰ ਨਜ਼ਾਤ, ਨਿਝ ਨੇਤਰ ਨੈਣ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਵਿਚੋਂ ਗੁਰਮੁਖ ਲੱਭੇ ਆਪਣੇ ਸਾਕ, ਦੂਜਾ ਸੱਜਣ ਨਾ ਕੋਇ ਬਣਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਘਾਤ, ਨਾਮ ਖੰਡਾ ਉਤੇ ਫੇਰਾਇੰਦਾ । ਵੇਖ ਹੱਥ ਨਾਲ ਰਲਾਏ ਰਾਸ, ਬਾਰਾਂ ਰਾਸੀ ਮੁਖ ਸ਼ਰਮਾਇੰਦਾ । ਜਿਸ ਸਤਿਗੁਰ ਵਸੇ ਪਾਸ, ਆਸ ਪਾਸ ਆਪਣੇ ਕੋਲ ਬਹਾਇੰਦਾ । ਅੰਦਰ ਬਾਹਰ ਗੁਪਤ ਜ਼ਾਹਿਰ, ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਲਹਿਣਾ ਦੇਣ ਚੁਕਾਏ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਗਗਨ ਮੰਡਲ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ, ਗੁਰਮੁਖਾਂ ਵੇਖੇ ਸਾਚਾ ਹਾਥ, ਹੱਥੋ ਹੱਥ ਲੇਖਾ ਸਰਬ ਮੁਕਾਇੰਦਾ । ਸੱਚਾ ਹੱਥ ਸੱਚੀ ਰਾਸ, ਹਰਿ ਰਾਸੀ ਆਪ ਬਣਾਈਆ । ਜਗਤ ਕਿਰਿਆ ਫ਼ਾਸ਼ ਫ਼ਾਸ਼, ਫਾਤਿਆ ਸਭ ਦਾ ਦਏ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦਾਸੀ ਦਾਸ, ਬ੍ਰਹਮ ਪਾਰਬ੍ਰਹਮ ਬਣ ਸੇਵਕ ਸੇਵ ਕਮਾਈਆ । ਇਕੋ ਕੰਮ ਰੱਖਿਆ ਖਾਸ, ਗੁਰਮੁਖਾਂ ਪੂਰੀ ਖ਼ਾਹਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੇਖਾ ਵੇਖ ਵਖਾਈਆ । ਰੇਖਾ ਵੇਖੇ ਸਾਚੇ ਨੇਤਰ, ਕਵਲ ਨੈਣ ਦਇਆ ਕਮਾਇੰਦਾ । ਗੁਰਮੁਖ ਫੁਲ ਫੁਲਵਾੜੀ ਫੁਲ ਮੌਲੇ ਰੁੱਤ ਬਸੰਤੀ ਚੇਤਰ, ਚੇਤਨ ਆਪਣੀ ਧਾਰ ਚਲਾਇੰਦਾ । ਭਾਗ ਲਗਾਏ ਕਾਇਆ ਖੇਤਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਖੋਜ ਖੋਜਾਇੰਦਾ । ਆਪਣੇ ਮਿਲਣ ਦੀ ਆਪ ਬਣਾਏ ਆਪਣੀ ਵੇਤਰ, ਬਿਧ ਨਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਤਮ ਪਰਮਾਤਮ ਪਰਮਾਤਮ ਆਤਮ ਗੁਰ ਚੇਲਾ ਚੇਲਾ ਗੁਰ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੇਖਾ ਰੇਖਾ ਨਾਲ ਮਿਲਾਇੰਦਾ । ਰੇਖਾ ਨਾਲ ਮਿਲੇ ਰੇਖ, ਰੇਖ ਸਭ ਦੀ ਰਿਹਾ ਬਦਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਅਵੱਲੜਾ ਭੇਸ, ਭੇਵ ਕੋਇ ਨਾ ਪਾਈਆ । ਨਾਨਕ ਬਣ ਕੇ ਮਾਹੀ ਫੜ ਖੂੰਡੀ ਮੱਝੀਆਂ ਪਿਛੇ ਰਿਹਾ ਖੇਡ, ਬਣ ਪਾਲੀ ਸੇਵ ਕਮਾਈਆ । ਗੋਬਿੰਦ ਰੂਪ ਸਤਿ ਸਰੂਪ ਵਸਣਹਾਰਾ ਸਾਚੇ ਦੇਸ, ਲੋਕਮਾਤ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਵੇਖਣਹਾਰਾ ਪਿਛਲਾ ਲੇਖ, ਲੇਖਾ ਪਿਛਲਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲਕੀਰ ਬਦਲਣਹਾਰ ਤਕਦੀਰ, ਤਦਬੀਰ ਇਕੋ ਰਿਹਾ ਸਮਝਾਈਆ । ਸਚ ਤਦਬੀਰ ਸਚ ਸਲਾਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿਗੁਰ ਪੂਰਾ ਮਿਲੇ ਮਲਾਹ, ਫੜ ਬੇੜਾ ਪਾਰ ਕਰਾਇੰਦਾ । ਗੁਰੂ ਗ੍ਰੰਥ ਗੁਰਦੇਵ ਸੁਣਾਏ ਸਚ ਨਾਂ, ਨਾਉਂ ਨਿਰੰਕਾਰਾ ਇਕ ਪੜ੍ਹਾਇੰਦਾ । ਪੁਰਖ ਅਕਾਲ ਫੜ ਫੜ ਬਾਂਹੋਂ ਪਾਰ ਲਏ ਕਢਾ, ਲੱਖ ਚੁਰਾਸੀ ਘੁੰਮਣ ਘੇਰ ਨਜ਼ਰ ਕੋਇ ਨਾ ਆਇੰਦਾ । ਏਥੇ ਓਥੇ ਦੋ ਜਹਾਨ ਸਮਰਥ ਸਿਰ ਦੇਵੇ ਠੰਡੀ ਛਾਂ, ਤਤੀ ਅੱਗ ਅਗਨੀ ਅੱਗ ਨਾ ਕੋਇ ਲਗਾਇੰਦਾ । ਗੁਰਸਿਖ ਸਿਖ ਸਤਿਗੁਰ ਗੁਰ ਆਪਣੀ ਗੋਦ ਉਠਾਏ ਜਿਉਂ ਪੁੱਤਰ ਮਾਂ, ਪਿਤਾ ਪੂਤ ਖੇਲ ਕਰਾਇੰਦਾ । ਸਦੀ ਸਤਾਰਵੀਂ ਵਿਛੜੇ ਬੀਸਵੀਂ ਲਏ ਮਿਲਾ, ਹੱਥ ਨਾਲ ਹੱਥ ਆਪ ਮਿਲਾਇੰਦਾ । ਗੋਬਿੰਦ ਮਿਲਣ ਦਾ ਰੱਖਿਆ ਚਾ, ਗੁਰ ਗੋਬਿੰਦ ਦਰਸ ਦਿਖਾਇੰਦਾ । ਸਿਖਾਂ ਅੰਦਰ ਰਿਹਾ ਸਮਾ, ਬਿਨ ਸਿਖਾਂ ਗੁਰੂ ਨਜ਼ਰ ਕਿਤੇ ਨਾ ਆਇੰਦਾ । ਨਾਨਕ ਜੋਤੀ ਜੋਤ ਰਿਹਾ ਜਗਾ, ਜੋਤੀ ਜਾਤਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਹੱਥ ਰੇਖ ਮਾਰ ਮੇਖ, ਪਿਛਲਾ ਪੂਰਬ ਲੇਖਾ ਵੇਖ, ਜਗਤ ਵਿਛੜੇ ਜੁਗ ਮੇਲ ਮਿਲਾਇੰਦਾ । ਚਾਲੀਆਂ ਵਿਚ ਇਕੋ ਸਿਖ, ਗੜ੍ਹੀ ਚਮਕੌਰ ਰਿਹਾ ਸਮਝਾਈਆ । ਬਿਨ ਨੇਤਰਾਂ ਹਰਿ ਜੂ ਲਏ ਵੇਖ, ਬਿਨ ਕੰਨਾਂ ਰਿਹਾ ਸੁਣਾਈਆ । ਗੋਬਿੰਦ ਗੁਰ ਭੁੱਲ ਨਾ ਜਾਏ ਗੁਰਸਿਖ ਹੇਤ, ਨਿਤ ਨਵਿਤ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਫੇਰ ਦੱਸੇ ਭੇਤ, ਪਰਦਾ ਪਿਛਲਾ ਦਏ ਉਠਾਈਆ । ਨੇਤਰ ਨੀਂਦ ਨਾ ਆਏ ਅੱਖ, ਅੱਖ ਨੀਰ ਨੀਰ ਵਹਾਈਆ । ਜਿਸ ਸਤਿਗੁਰ ਮਿਲੇ ਪਰਤੱਖ, ਸੋ ਫਿਰੇ ਚਾਈਂ ਚਾਈਂਆ । ਆਪੇ ਨਾਲੋਂ ਆਪਾ ਕਰਕੇ ਵੱਖ, ਪ੍ਰਭ ਸੱਚਾ ਲਏ ਮਿਲਾਈਆ । ਸੱਜਣਾ ਮਿੱਤਰਾਂ ਦੇਵੇ ਦੱਸ, ਗੋਬਿੰਦ ਮਿਲਿਆ ਸੱਚਾ ਮਾਹੀਆ । ਜਿਸ ਲੈਣੀ ਪਤ ਰੱਖ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖਾਂ ਗਾਉਂਦਾ ਫਿਰੇ ਜਸ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਪੂਰਬ ਜਨਮ ਪੂਰੀ ਕਰੇ ਆਸ, ਅਗਲੀ ਆਸਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣਸ ਜਨਮ ਦੇਵੇ ਨਾਮ ਸੱਚੀ ਰਾਸ, ਵਸਤ ਇਕੋ ਝੋਲੀ ਪਾਈਆ । ਸਾਚਾ ਮੰਦਰ ਸਚ ਮਕਾਨਾਂ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਸਚਖੰਡ ਦੱਸੇ ਸਚ ਟਿਕਾਣਾ, ਨਿਰਗੁਣ ਨੂਰ ਨੂਰ ਨਜ਼ਰੀ ਆਈਆ । ਗੁਰਮੁਖਾਂ ਅੰਦਰ ਇਕ ਟਿਕਾਣਾ, ਇਕੋ ਘਰ ਸਮਝਾਈਆ । ਅੱਠੇ ਪਹਿਰ ਸ਼ਬਦ ਬਬਾਣਾ, ਲੋਆਂ ਪੁਰੀਆਂ ਬ੍ਰਹਿਮੰਡਾ ਖੰਡਾਂ ਵਿਚ ਫਿਰਾਈਆ । ਜੋ ਜਨ ਨੌਂ ਖੰਡ ਪ੍ਰਿਥਮੀ ਉਤੇ ਕਰੇ ਧਿਆਨਾ, ਤਿਸ ਮਿਲੇ ਜਾ ਜਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਅਟੱਲ ਮਹੱਲ ਏਕਾ ਏਕ ਕਰੇ ਰੁਸ਼ਨਾਈਆ ।



## ✳ ੧੨ ਅੱਸੂ ੨੦੧੯ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਿਹਿ ਡੇਹਲੋਂ ਜ਼ਿਲਾ ਲੁਧਿਆਣਾ ✳



ਸੋ ਪੁਰਖ ਨਿਰੰਜਣ ਹਰਿ ਸਮਰਥ, ਸਚਖੰਡ ਸਾਚੇ ਡੇਰਾ ਲਾਈਆ । ਗੁਰ ਅਵਤਾਰ ਕਰ ਇਕੱਠ, ਸਾਰੇ ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਹੋਏ ਬੇਵਸ, ਵਸ ਚਲੇ ਨਾ ਕੋਇ ਰਾਈਆ । ਚਾਰ ਯੁਗ ਦਾ ਹਾਲ ਰਹੇ ਦੱਸ, ਪੂਰਬ ਲੇਖਾ ਰਹੇ ਜਣਾਈਆ । ਕਲਜੁਗ ਅੰਤ ਰੈਣ ਅੰਧੇਰੀ ਮਸ, ਸਾਚਾ ਚੰਦ ਨਜ਼ਰ ਨਾ ਆਈਆ । ਤ੍ਰੈਗੁਣ ਮਾਇਆ ਅੰਦਰ ਜੀਵ ਜੰਤ ਗਏ ਫਸ, ਫਾਂਦੀ ਫੰਦ ਨਾ ਕੋਇ ਕਟਾਈਆ । ਲੱਗੀ ਅੱਗ ਪੰਜ ਤਤ ਤਤ ਅੱਠ, ਤਿੰਨ ਪੰਜ ਕਰੇ ਲੜਾਈਆ । ਨੌਂ ਦਵਾਰੇ ਵੇਖੇ ਨੱਠ ਨੱਠ, ਜਗਤ ਵਾਸਨਾ ਹੋਈ ਹਲਕਾਈਆ । ਸਾਚੇ ਮੰਦਰ ਨਾ ਜਾਏ ਕੋਈ ਵਸ, ਦਸਮ ਦਵਾਰੀ ਸੁੰਞੀ ਸੇਜ ਨਜ਼ਰੀ ਆਈਆ । ਪਾਰਬ੍ਰਹਮ ਤੇਰਾ ਕੋਈ ਨਾ ਗਾਏ ਜਸ, ਮਨਮਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਭੁੱਲੀ ਸਰਬ ਲੋਕਾਈਆ । ਪੀਰ ਪੈਗ਼ੰਬਰ ਦੱਸਣ ਹਾਲ, ਪ੍ਰਭ ਅੱਗੇ ਖੋਲ੍ਹ ਸੁਣਾਇਆ । ਗੁਰ ਅਵਤਾਰ ਵਸਣ ਨਾਲ ਨਾਲ, ਮੇਲ ਮਿਲਾਇਆ ਸਹਿਜ ਸੁਭਾਇਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਹੋਈ ਬੇਹਾਲ, ਬੇਹਬਲ ਹੋ ਹੋ ਦਏ ਦੁਹਾਇਆ । ਸਾਚੀ ਵਸਤ ਨਾਮ ਧਨ ਨਾ ਸਕੇ ਕੋਇ ਵਖਾਲ, ਖ਼ਾਲੀ ਹੱਟ ਰਹੇ ਕੁਰਲਾਇਆ । ਸਾਧ ਸੰਤ ਹੋਏ ਕੰਗਾਲ, ਨਾਮ ਖ਼ਜ਼ਾਨਾ ਨਾ ਕੋਇ ਲੁਟਾਇਆ । ਫਲ ਨਾ ਦਿਸੇ ਕਿਸੇ ਡਾਲ, ਸਿੰਮਲ ਰੁਖ ਰਿਹਾ ਲਹਿਰਾਇਆ । ਆਤਮ ਪਰਮਾਤਮ ਕੋਇ ਨਾ ਕਰੇ ਪ੍ਰਿਤਪਾਲ,

ਸੇਵਕ ਸੇਵਾ ਰੂਪ ਨਾ ਕੋਇ ਰਖਾਇਆ । ਨੌਂ ਖੰਡ ਪ੍ਰਿਥਮੀ ਸਭ ਦੇ ਸਿਰ ਤੇ ਅੰਤਮ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਇਆ । ਬੇਅੰਤ ਬੇਪਰਵਾਹ ਅਵਲੜੀ ਤੇਰੀ ਚਾਲ, ਚਾਲ ਨਿਰਾਲੀ ਭੇਵ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਸ੍ਰਿਸ਼ਟ ਸਬਾਇਆ । ਪੀਰ ਪੈਗ਼ੰਬਰ ਗੁਰ ਅਵਤਾਰ ਖੋਲ੍ਹਣ ਭੇਤ, ਭੇਵ ਆਪਣਾ ਰਹੇ ਜਣਾਈਆ । ਨਿਰਗੁਣ ਭੁੱਲਾ ਸਰਗੁਣ ਹੇਤ, ਸਰਗੁਣ ਨਿਰਗੁਣ ਧਿਆਨ ਨਾ ਕੋਇ ਲਗਾਈਆ । ਕੂੜੀ ਕਿਰਿਆ ਰਹੇ ਖੇਡ, ਚਾਰੋਂ ਕੁੰਟ ਖ਼ਾਕ ਉਡਾਈਆ । ਕਲਜੁਗ ਅਗਨੀ ਤਪੀ ਜੇਠ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਵ ਨੌਂ ਤਪੇ ਬਾਲੂ ਰੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸੱਚੇ ਸੱਚੇ ਮਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਕੂਕ, ਕੂਕ ਕੂਕ ਸੁਣਾਈਆ । ਕਲਜੁਗ ਕਿਰਿਆ ਦਿਤਾ ਫੂਕ, ਜੀਵ ਜੰਤ ਦੇਣ ਦੁਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕਰਿਆ ਪਰਕਾਸ਼ ਜੂਠ ਝੂਠ, ਸਚ ਸੁੱਚ ਬੈਠਾ ਮੁੱਖ ਛੁਪਾਈਆ । ਤੇਰਾ ਨਜ਼ਰ ਨਾ ਆਏ ਰੰਗ ਰੂਪ, ਰੇਖ ਭੇਖ ਨਾ ਕੋਇ ਜਣਾਈਆ । ਸਾਚਾ ਦਿਸੇ ਨਾ ਕੋਇ ਨਰੇਸ਼, ਰੱਯਤ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਨਾਅਰਾ, ਇਕੋ ਏਕ ਮਤਾ ਪਕਾਇਆ । ਕਲਜੁਗ ਅੰਤਮ ਖੇਲ ਨਿਆਰਾ, ਬਿਨ ਹਰਿ ਕੋਇ ਨਾ ਵੇਖ ਵਖਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਯੁਗ ਗੌਂਦੇ ਆਏ ਵਾਰਾਂ, ਗੀਤ ਗੋਬਿੰਦ ਅਲਾਇਆ । ਜੀਵਾਂ ਜੰਤਾਂ ਸਾਧਾਂ ਸੰਤਾਂ ਦੇਂਦੇ ਆਏ ਆਧਾਰਾ, ਸਚ ਸੰਦੇਸਾ ਇਕ ਸੁਣਾਇਆ । ਕਲਜੁਗ ਅੰਤਮ ਪਰਗਟ ਹੋਏ ਮਹਾਬਲੀ ਅਵਤਾਰਾ, ਨਿਰਗੁਣ ਨਿਹਕਲੰਕਾ ਨਾਉਂ ਰਖਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਪਾਵੇ ਸਾਰਾ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਹਾਲ ਸੁਣਾਇਆ । ਪੁਰਖ ਅਬਿਨਾਸ਼ੀ ਲੈ ਅੰਗੜਾਈ, ਕਰਵਟ ਰਿਹਾ ਬਦਲਾਈਆ । ਸਚਖੰਡ ਸਾਚੇ ਵੱਜੇ ਵਧਾਈ, ਦਰਗਹਿ ਸਾਚੀ ਏਕਾ ਰੰਗ ਵਖਾਈਆ । ਗੁਰ ਅਵਤਾਰ ਬੈਠੇ ਸਰਨਾਈ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਈਆ । ਜਿਉਂ ਭਾਵੇ ਤਿਉਂ ਰਿਹਾ ਚਲਾਈ, ਤੇਰੇ ਭਾਣੇ ਸਰਬ ਲੋਕਾਈਆ । ਕਲਜੁਗ ਅੰਤਮ ਵੇਖ ਕੂੜੀ ਸ਼ਾਹੀ, ਚਾਰੋਂ ਕੁੰਟ ਅੰਧੇਰਾ ਛਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨੈਣ ਇਕ ਉਠਾਈਆ । ਪੁਰਖ ਅਬਿਨਾਸ਼ੀ ਖੋਲ੍ਹ ਅੱਖ, ਅੱਖ ਅੱਖ ਨਾਲ ਮਿਲਾਇੰਦਾ । ਨਿਰਗੁਣ ਰੂਪ ਕਰ ਪਰਤੱਖ, ਪਰਮ ਪੁਰਖ ਵੇਸ ਵਟਾਇੰਦਾ । ਸਚ ਸੰਦੇਸਾ ਰਿਹਾ ਦੱਸ, ਅਭੁੱਲ ਭੁੱਲ ਆਪ ਜਣਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਖੇਲ ਜਣਾਇੰਦਾ । ਕਲਜੁਗ ਅੰਤਮ ਦੇਵੇ ਮਥ, ਲਹਿਣਾ ਦੇਣਾ ਮਾਤ ਮੁਕਾਇੰਦਾ । ਨੌਂ ਖੰਡ ਪ੍ਰਿਥਮੀ ਪਾਵੇ ਨੱਥ, ਚਾਰੋਂ ਕੁੰਟ ਆਪ ਭੁਵਾਇੰਦਾ । ਲੇਖਾ ਜਾਣੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੋਜਾਇੰਦਾ । ਫੋਲ ਫੋਲਾਏ ਮੰਦਰ ਮਸਜਦ ਮੱਠ, ਸ਼ਿਵਦਵਾਲੇ ਪਰਦਾ ਲਾਹਿੰਦਾ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਖੋਜ ਖੋਜਾਇੰਦਾ । ਦੋ ਜਹਾਨਾਂ ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਮੰਡਲ ਮੰਡਪ ਪਾਵਾਂ ਰਾਸ, ਲੋਆਂ ਪੁਰੀਆਂ ਗੋਪੀ ਕਾਹਨ ਨਚਾਇੰਦਾ । ਆਪਣਾ ਨਾਉਂ

ਰੱਖ ਪੁਰਖ ਅਬਿਨਾਸ਼, ਅਬਿਨਾਸ਼ੀ ਖੇਲ ਆਪ ਕਰਾਇੰਦਾ । ਜਨ ਭਗਤਾਂ ਬਣ ਬਣ ਦਾਸੀ ਦਾਸ, ਸੇਵਕ ਸੇਵਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਗੁਰ ਅਵਤਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਤ੍ਰੈਗੁਣ ਅਤੀਤਾ ਰਿਹਾ ਸਮਝਾਈਆ । ਏਕੰਕਾਰਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਨੂਰ ਉਜਿਆਰ, ਲੱਖ ਚੁਰਾਸੀ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਂਝਾ ਯਾਰ, ਘਰ ਘਰ ਆਪਣਾ ਫੇਰਾ ਪਾਈਆ । ਸ੍ਰੀ ਭਗਵਾਨ ਦਏ ਹੁਲਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਜਗਾਈਆ । ਪਾਰਬ੍ਰਹਮ ਭੇਵ ਨਿਆਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਚਖੰਡ ਨਿਵਾਸੀ ਸਚ ਦਵਾਰਾ ਖੋਲ੍ਹ ਕਿਵਾੜ, ਥਿਰ ਘਰ ਆਪਣਾ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਸਚ ਸੰਦੇਸਾ ਪੈਗ਼ੰਬਰ ਪੀਰ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਆਦਿ ਜੁਗਾਦਿ ਦਸਤਗੀਰ, ਦਸਤ ਬਦਸਤ ਖੇਲ ਕਰਾਇੰਦਾ । ਮੁਕਾਮੇ ਹੱਕ ਵਸੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਬੇਐਬ ਪਰਵਰਦਿਗਾਰ ਗੁਣੀ ਗਹੀਰ, ਗਹਿਰ ਗੰਭੀਰ ਵੇਸ ਵਟਾਇੰਦਾ । ਲੇਖਾ ਜਾਣੇ ਸ਼ਰਅ ਜ਼ੰਜੀਰ, ਸ਼ਰੀਅਤ ਆਪਣੇ ਹੱਥ ਰਖਾਇੰਦਾ । ਬਦਲਣਹਾਰਾ ਤਕਦੀਰ ਤਕਸੀਰ, ਤਦਬੀਰ ਆਪਣੀ ਆਪ ਜਣਾਇੰਦਾ । ਚੌਦਾਂ ਤਬਕਾਂ ਕੱਟਣਹਾਰਾ ਭੀੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਪੀਰ ਪੈਗ਼ੰਬਰ ਖੋਲ੍ਹੇ ਕੰਨ, ਬਿਨ ਕੰਨਾਂ ਆਪ ਜਣਾਈਆ । ਪਰਵਰਦਿਗਾਰ ਕਹਿਣਾ ਲੈਣਾ ਮੰਨ, ਬੇਪਰਵਾਹ ਰਿਹਾ ਸਮਝਾਈਆ । ਗੀਤ ਸੁਹਾਗੀ ਗੌਣਾ ਛੰਨ, ਕਲਮਾ ਨਬੀ ਰਸੂਲ

੧੦੧੭ ਪੜ੍ਹਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣਾ ਰੰਗ ਰੰਗਾਈਆ । ਕਰ ਪਰਕਾਸ਼ ਬਿਨ ਸੂਰਜ ਚੰਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ੧੦੧੭

੧੨ ਕਲਜੁਗ ਅੰਤਮ ਦੇਵਣਹਾਰਾ ਡੰਨ, ਆਪਣਾ ਡੰਕਾ ਰਿਹਾ ਵਜਾਈਆ । ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੜਾ ਰਿਹਾ ਅਲਾਈਆ । ਸਚ ਸਨੇਹੁੜਾ ਪੀਰ ਪੈਗ਼ੰਬਰ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਨਾਤਾ ਤੁਟਾ ਮੰਦਰ ਮਸੀਤ, ਮਸਲਾ ਇਕੋ ਇਕ ਪੜ੍ਹਾਇੰਦਾ । ਆਤਮ ਪਰਮਾਤਮ ਗੌਣਾ ਗੀਤ, ਗੀਤ ਗੋਬਿੰਦ ਆਪ ਜਣਾਇੰਦਾ । ਉਮਤ ਉਮਤੀ ਪਰਖੇ ਨੀਤ, ਨੀਤੀਵਾਨ ਫੇਰਾ ਪਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਇੰਦਾ । ਜੋ ਸੁੱਤਾ ਰਿਹਾ ਦੇ ਕਰ ਪੀਠ, ਆਪਣੀ ਕਰਵਟ ਆਪ ਬਦਲਾਇੰਦਾ । ਸਚਖੰਡ ਅਬਿਨਾਸ਼ੀ ਬੀਠਲੋ ਬੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਸਾਚਾ ਹੁਕਮ ਹਰਿ ਹਰਿ, ਗੁਰ ਗੁਰ ਗੁਰ ਕਰਤਾ ਆਪ ਜਣਾਈਆ । ਲੇਖਾ ਜਾਣੇ ਲਿਖਿਆ ਧੁਰ ਧੁਰ, ਧੁਰਦਰਗਾਹੀ ਸੱਚਾ ਮਾਹੀਆ । ਆਦਿ ਜੁਗਾਦੀ ਨਿਰਗੁਣ ਸਰਗੁਣ ਜੁੜ ਜੁੜ, ਸਰਗੁਣ ਨਿਰਗੁਣ ਦਏ ਵਡਿਆਈਆ । ਜੁਗਾ ਜੁਗੰਤਰ ਲੇਖਾ ਵੇਖੇ ਦਰ ਦਰ ਘਰ ਘਰ ਬਹੁੜ ਬਹੁੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਗੁਰ ਅਵਤਾਰ, ਸ੍ਰੀ ਭਗਵਾਨ ਏਕਾ ਏਕ ਜਣਾਇੰਦਾ । ਨੇਤਰ ਖੋਲ੍ਹੋ ਕਰੋ ਧਿਆਨ, ਧਿਆਨ ਧਿਆਨ ਵਿਚ ਮਿਲਾਇੰਦਾ । ਜੋਧਾ ਸੂਰ ਬਲੀ ਬਲਵਾਨ, ਬਲ ਇਕੋ ਇਕ ਪਰਗਟਾਇੰਦਾ । ਨਾ ਕੋਈ ਚਿੱਲਾ ਤੀਰ ਕਮਾਨ, ਸ਼ਸਤਰ ਬਸਤਰ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਖੇਲ ਮਹਾਨ, ਧੁਰ ਫ਼ਰਮਾਣਾ

ਹੁਕਮ ਸੁਣਾਇੰਦਾ । ਕਲਜੁਗ ਅੰਤਮ ਵੇਖੇ ਆਣ, ਜੁਗ ਚੌਕੜੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਇੰਦਾ । ਸਚ ਸੰਦੇਸਾ ਸੁਣ ਲਓ ਜਗ, ਜਗ ਜੀਵਣ ਦਾਤਾ ਆਪ ਜਣਾਈਆ । ਅੰਤਮ ਕਰੇ ਕਲਜੁਗ ਹੱਦ, ਹਦੂਦ ਕੋਇ ਰਹਿਣ ਨਾ ਪਾਈਆ । ਪੀਰ ਪੈਗ਼ੰਬਰਾਂ ਇਕੋ ਵਾਰ ਕਰਾਏ ਹੱਜ਼, ਮੱਕਾ ਕਾਅਬਾ ਇਕ ਦਰਸਾਈਆ । ਗੁਰ ਅਵਤਾਰਾਂ ਲਏ ਸੱਦ, ਚਾਰ ਵਰਨ ਨੇਤਰ ਨੈਣ ਦਰਸਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਹੇ ਭੱਜ, ਜ਼ਾਤ ਪਾਤ ਕਰੀ ਲੜਾਈਆ । ਬਿਨ ਹਰਿ ਨਾਮੇ ਵੇਖੋ ਖ਼ਾਲੀ ਹੱਡ, ਕਾਇਆ ਬੁੱਤ ਦਏ ਦੁਹਾਈਆ । ਕੂੜਾ ਰਸ ਕੂੜੀ ਮਦਿ, ਕਲਜੁਗ ਕੂੜਾ ਰਸ ਚਖਾਈਆ । ਆਤਮ ਪਰਮਾਤਮ ਕੋਇ ਨਾ ਕਰੇ ਲਡ, ਬ੍ਰਹਮ ਪਾਰਬ੍ਰਹਮ ਨਾ ਕੋਇ ਸਮਾਈਆ । ਕੋਇ ਰੂਪ ਨਾ ਦਿਸੇ ਵਿਸ਼ਵ ਯੱਦ, ਏਕਾ ਪੁਰਖ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਵਖਾਈਆ । ਗੁਰ ਅਵਤਾਰ ਵੇਖੋ ਲੇਖਾ, ਪੀਰ ਪੈਗ਼ੰਬਰ ਆਪ ਜਣਾਇੰਦਾ । ਕਲਜੁਗ ਅੰਤਮ ਕੂੜ ਭੁਲੇਖਾ, ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼ਾ, ਪੰਡਤ ਪਾਂਧਾ ਭੇਵ ਕੋਇ ਨਾ ਪਾਇੰਦਾ । ਦਿਵਸ ਰੈਣ ਪੜ੍ਹਨ ਕਤੇਬਾ, ਆਤਮ ਪਰਮਾਤਮ ਪਰਦਾ ਕੋਇ ਨਾ ਲਾਹਿੰਦਾ । ਦੀਨ ਮਜ਼੍ਹਬ ਲਿਆ ਠੇਕਾ, ਠੋਕਰ ਨਾਮ ਨਾ ਕੋਇ ਲਗਾਇੰਦਾ । ਪਰਵਰਦਿਗਾਰ ਹੱਕ ਹਕ਼ੀਕਤ ਦੇਵੇ ਇਕੋ ਹੋਕਾ, ਉਚੀ ਕੂਕ ਕੂਕ ਸੁਣਾਇੰਦਾ । ਨਿਰਮਲ ਨੂਰ ਜੋਤ ਪਰਕਾਸ਼ ਪੁਰਖ ਅਬਿਨਾਸ਼ੀ ਇਕੋ ਜੋਤਾ, ਜੋਤੀ ਜਾਤਾ ਡਗਮਗਾਇੰਦਾ । ਵਸਣਹਾਰ ਸਚਖੰਡ ਦਵਾਰ ਸਾਚੇ ਕੋਟਾ, ਕਿਲਾ ਬੰਕ ਨਾ ਕੋਇ ਵਡਿਆਇੰਦਾ । ਕਲਜੁਗ ਅੰਤਮ ਕਿਸੇ ਨਾ ਦੇਵੇ ਧੋਖਾ, ਸਾਖਿਆਤ ਸਤਿ ਸਰੂਪ ਨਿਰਗੁਣ ਆਪਣਾ ਵੇਸ ਵਟਾਇੰਦਾ । ਸਤਿਜੁਗ ਮਾਰਗ ਲਾਏ ਸੌਖਾ, ਚਾਰ ਵਰਨ ਏਕਾ ਘਰ ਬਹਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹਾਜ਼ਰ ਹਜ਼ਰਤ ਵਖਾਏ ਮੌਕਾ, ਨੇਤਰ ਨੈਣ ਨੈਣ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਵਖਾਇੰਦਾ । ਸਚ ਸੰਦੇਸਾ ਦੇਵੇ ਦੇਵਣ ਜੋਗ, ਜੋਗ ਜੁਗਤ ਆਪਣੇ ਹੱਥ ਰਖਾਈਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕ ਰਿਹਾ ਹਿਲਾਈਆ । ਲੱਖ ਚੁਰਾਸੀ ਆਹਲਣਿਉਂ ਡਿਗੀ ਬੋਟ, ਕਲਜੁਗ ਅੰਤ ਨਾ ਕੋਇ ਉਠਾਈਆ । ਨਿਰਮਲ ਨੂਰ ਨਜ਼ਰ ਨਾ ਆਏ ਜੋਤ, ਜੋਤੀ ਜਾਤਾ ਭੁੱਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰੌਣਾ, ਹਰਿ ਕਰਤਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲੌਣਾ, ਸਗਲਾ ਸੰਗ ਆਪ ਰਖਾਇੰਦਾ । ਕੂੜੀ ਕਿਰਿਆ ਡੇਰਾ ਢੌਣਾ, ਢਾਹ ਢਾਹ ਖ਼ੁਸ਼ੀ ਮਨਾਇੰਦਾ । ਰਾਜਾ ਰਾਣਾ ਤਖ਼ਤੋਂ ਲੌਹਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਰਾਉ ਰੰਕਾਂ ਏਕਾ ਧਾਮ ਬਹੌਣਾ, ਊਚ ਨੀਚ ਨਾ ਕੋਇ ਜਣਾਇੰਦਾ । ਅੱਖਰ ਵੱਖਰ ਨਾਮ ਨਿਧਾਨਾ ਇਕ ਪੜ੍ਹੌਣਾ, ਆਤਮ ਪਰਮਾਤਮ ਢੋਲਾ ਗਾਇੰਦਾ । ਨਿਜਾਨੰਦ ਨਿਝ ਘਰ ਦਰਸੌਣਾ, ਨਿਜ ਮਹਲ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤ ਵੇਖੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਪਰਗਟ ਹੋਵੇ ਨੌਜਵਾਨ, ਨੌਂ ਖੰਡ ਨੱਯਾ ਵੇਖ ਵਖਾਈਆ । ਭਗਤ ਭਗਵੰਤ ਕਰੇ ਪਰਵਾਨ, ਭਾਗ ਆਪਣਾ ਲਏ ਵੰਡਾਈਆ । ਸਾਚੇ ਸੰਤਾਂ ਦੇਵੇ ਦਾਨ, ਸਤਿ ਸਤਿਵਾਦੀ ਝੋਲੀ ਪਾਈਆ । ਗੁਰਮੁਖਾਂ ਗੁਰ ਗੁਰ ਇਕ ਗਿਆਨ,


੧੦੧੮ ੧੨

ਬੋਧ ਅਗਾਧ ਕਰੇ ਪੜ੍ਹਾਈਆ । ਗੁਰਸਿਖ ਵੇਖੇ ਬਾਲ ਅੰਞਾਣ, ਫੜ ਬਾਂਹੋਂ ਗੋਦ ਉਠਾਈਆ । ਕਲਜੁਗ ਮੇਟੇ ਜੀਵ ਸ਼ੈਤਾਨ, ਸ਼ਰਅ ਨਾਲ ਸ਼ਰਅ ਟਕਰਾਈਆ । ਨਾਤਾ ਤੁਟੇ ਜ਼ਿਮੀਂ ਅਸਮਾਨ, ਜ਼ੋਰ ਜ਼ਬਰ ਨਾ ਕੋਇ ਜਣਾਈਆ । ਸਚ ਸੰਦੇਸਾ ਇਕੋ ਦੇਵੇ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਈਆ । ਤੇਈ ਅਵਤਾਰ ਕਰਨ ਧਿਆਨ, ਭਗਤ ਅਠਾਰਾਂ ਸੀਸ ਝੁਕਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ ਹੋਏ ਹੈਰਾਨ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਨਾਨਕ ਗੋਬਿੰਦ ਖ਼ੁਸ਼ੀ ਮਨਾਣ, ਪ੍ਰਭ ਮਿਲਿਆ ਸੱਚਾ ਮਾਹੀਆ । ਕਲਜੁਗ ਅੰਤਮ ਵੇਖੇ ਆਣ, ਨਿਰਗੁਣ ਆਪਣਾ ਰੂਪ ਵਟਾਈਆ । ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਲਏ ਧਰਾਈਆ । ਮਾਤ ਪਿਤ ਨਾ ਕੋਇ ਨਿਸ਼ਾਨ, ਭੈਣ ਭਾਈ ਨਾ ਕੋਇ ਅਖਵਾਈਆ । ਤੀਰ ਚਿੱਲਾ ਨਾ ਕੋਇ ਕਮਾਨ, ਖੰਡਾ ਖੜਗ ਨਾ ਕੋਇ ਖੜਕਾਈਆ । ਸਚਖੰਡ ਦਵਾਰ ਲੋਕਮਾਤ ਕਰੇ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਹੁਕਮ ਵਰਤਾਈਆ । ਨਿਰਗੁਣ ਹਰਿ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਦੋ ਜਹਾਨ ਫੜਾਏ ਪੱਲਾ, ਦਰੋਹੀ ਖ਼ੁਦਾਏ ਇਕ ਵਖਾਇੰਦਾ । ਕਲਜੁਗ ਅੰਤਮ ਪਏ ਤਰਥਲਾ, ਸ੍ਰਿਸ਼ਟ ਸਬਾਈ ਆਪ ਖਪਾਇੰਦਾ । ਸਚ ਸੰਦੇਸ ਇਕੋ ਘੱਲਾ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਲਹਿਣਾ ਦੇਣਾ ਚੁਕਾਏ ਰਾਣੀ ਅੱਲਾ, ਆਲਮੀਨ ਵੇਖ ਵਖਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਟੱਲ ਹੁਕਮ ਇਕ ਮਨਾਇੰਦਾ । ਕੂੜੀ ਕਿਰਿਆ ਸੁੱਟੇ ਡੂੰਘੀ ਡੱਲਾ, ਭਵ ਸਾਗਰ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਪਰਗਟਾਇੰਦਾ । ਸਚ ਸੰਦੇਸਾ ਦੇਵੇ ਆਪ, ਆਪੀਨੜਾ ਹੁਕਮ ਆਪ ਜਣਾਈਆ । ਕਲਜੁਗ ਮੇਟੇ ਕੂੜਾ ਪਾਪ, ਪਾਪੀ ਰੂਪ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਦੇਵੇ ਸਾਚਾ ਜਾਪ, ਅੱਖਸ਼ਰ ਬਿਨ ਅੱਖਸ਼ਰ ਆਪ ਪੜ੍ਹਾਈਆ । ਆਤਮ ਪਰਮਾਤਮ ਇਕੋ ਪਾਠ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਚਤੁਰਭੁਜ ਲੇਖਾ ਜਾਣੇ ਖੇਲ ਤਮਾਸ਼, ਆਦਿ ਸ਼ਕਤ ਨੂਰ ਰੁਸ਼ਨਾਈਆ । ਸੋ ਪੁਰਖ ਨਿਰੰਜਣ ਘਟ ਘਟ ਕਰੇ ਵਾਸ, ਨਿਵਾਸਾ ਇਕੋ ਧਾਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਖੋਲ੍ਹੇ ਭਗਵੰਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਆਦਿ ਅੰਤ, ਨਿਰਗੁਣ ਆਪਣਾ ਰੰਗ ਵਖਾਇੰਦਾ । ਏਕੰਕਾਰਾ ਖੇਲੇ ਖੇਲ ਨਾਰ ਕੰਤ, ਸੇਜ ਸੁਹੰਜਣੀ ਆਪ ਸੁਹਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਰਚਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਬਣਤ, ਲੱਖ ਚੁਰਾਸੀ ਵੰਡ ਵੰਡਾਇੰਦਾ । ਲੱਖ ਚੁਰਾਸੀ ਪੰਜ ਤਤ ਨਾਤਾ ਜੁੜੇ ਸ੍ਰੀ ਭਗਵੰਤ, ਆਤਮ ਪਰਮਾਤਮ ਰੰਗ ਰੰਗਾਇੰਦਾ । ਲੇਖਾ ਜਾਣੇ ਸਾਚੇ ਸੰਤ, ਸੰਤ ਸਾਜਣ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਆਪਣਾ ਖੇਲ ਦਏ ਵਖਾਲ, ਕਲਜੁਗ ਅੰਤਮ ਵੇਸ ਵਟਾਈਆ । ਆਦਿ ਜੁਗਾਦੀ ਇਕ ਦਲਾਲ, ਗੁਰ ਸ਼ਬਦੀ ਨਾਉਂ ਧਰਾਈਆ । ਗੁਰਮੁਖ ਗੁਰਸਿਖ ਵੇਖੇ ਸਾਚੇ ਲਾਲ, ਲਾਲ ਦੁਲਾਰੇ ਲਏ ਜਗਾਈਆ । ਲੇਖਾ ਜਾਣੇ ਕਾਲ ਮਹਾਕਾਲ, ਮਹਾਕਾਲ ਹੋਏ ਸਹਾਈਆ । ਤੋੜਨਹਾਰਾ ਜਗਤ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਸਾਧ ਸੰਤ ਸ੍ਰੀ ਭਗਵੰਤ ਚਰਨ ਕਵਲ ਰਿਹਾ ਬਹਾਲ, ਘਰ ਸਾਚਾ ਇਕ ਵਖਾਈਆ । ਸਚਖੰਡ ਵੇਖੋ ਸੱਚੀ ਧਰਮਸਾਲ, ਜਿਸ ਘਰ ਦੀਨ ਮਜ਼੍ਹਬ ਜ਼ਾਤ ਪਾਤ ਕੋਇ ਨਜ਼ਰ ਨਾ ਆਈਆ । ਜੁਗ ਚੌਕੜੀ ਜਗਤ ਮੁਸ਼ੱਕਤ ਆਏ ਘਾਲ, ਪੁਰਖ ਅਬਿਨਾਸ਼ੀ ਸੇਵਾ ਲਾਈਆ । ਅੰਤਮ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਵਡ ਵਡਿਆਈਆ । ਨਿਰਗੁਣ ਦਾਤਾ ਗਹਿਰ ਗੰਭੀਰ, ਬੇਅੰਤ ਖੇਲ ਕਰਾਇੰਦਾ । ਕਲਜੁਗ ਅੰਤਮ ਪਰਗਟ ਹੋ ਵਡ ਪੀਰਨ ਪੀਰ, ਪੀਰ ਪੈਗ਼ੰਬਰ ਆਪ ਉਠਾਇੰਦਾ । ਸਦੀ ਚੌਧਵੀਂ ਹੋਏ ਦਿਲਗੀਰ, ਦਿਲਬਰ ਆਪਣਾ ਰਾਹ ਜਣਾਇੰਦਾ । ਸਭ ਦੇ ਗਲੋਂ ਲਾਹੇ ਸ਼ਰਅ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵਖਾਇੰਦਾ । ਨਿਰਗੁਣ ਨਾਮ ਹੱਥ ਪਕੜੀ ਸ਼ਮਸ਼ੀਰ, ਤਿੱਖੀ ਧਾਰ ਆਪ ਜਣਾਇੰਦਾ । ਪ੍ਰਭ ਚਰਨ ਦਵਾਰੇ ਕੱਢੇ ਇਕ ਲਕੀਰ, ਪਿਛਲਾ ਲੇਖਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਪੀਰ ਪੈਗ਼ੰਬਰ ਗਏ ਮੰਨ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੇ ਹੁਕਮੇ ਅੰਦਰ ਹੰਡਾਇਆ ਤਨ, ਪੰਜ ਤਤ ਕਲਬੂਤ ਸੁਹਾਈਆ । ਤੇਰਾ ਭਾਣਾ ਆਏ ਮੰਨ, ਜਗਤ ਸੰਦੇਸਾ ਕਰ ਪੜ੍ਹਾਈਆ । ਕੂੜੀ ਕਾਇਆ ਠੀਕਰ ਦਿਤਾ ਭੰਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਤੇਰਾ ਕਲਮਾ ਤੇਰਾ ਨਾਉਂ ਕਾਇਨਾਤ ਚੜ੍ਹਾ ਕੇ ਆਏ ਚੰਨ, ਚੰਨ ਚੰਨ ਨਾਲ ਮਿਲਾਈਆ । ਤੇਰੀ ਮਹਿਮਾ ਕਹਿ ਕੇ ਆਏ ਧੰਨ ਧੰਨ, ਧੰਨ ਤੇਰੀ ਵਡਿਆਈਆ । ਕਲਜੁਗ ਜੀਵ ਭੇਵ ਪਾ ਨਾ ਸਕੇ ਨੇਤਰ ਅੰਨ੍ਹ, ਭਰਮੇ ਭੁਲੀ ਖ਼ਲਕ ਖ਼ੁਦਾਈਆ । ਜਿਉਂ ਭਾਵੇ ਤਿਉਂ ਬੇੜਾ ਬੰਨ੍ਹ, ਦਰ ਤੇਰੇ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਤੇਰਾ ਹੁਕਮ ਹੋਇਆ ਕਬੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਤੇਰੇ ਬਰਦੇ ਬਣੇ ਰਸੂਲ, ਖ਼ਿਦਮਤਗਾਰ ਸੇਵ ਕਮਾਇੰਦਾ । ਕਲਜੁਗ ਅੰਤ ਨਾ ਜਾਣਾ ਭੂਲ, ਪਰਵਰਦਿਗਾਰ ਤੇਰੀ ਸ਼ਰਨਾਈਆ । ਤੇਰਾ ਮੰਨੀਏ ਸਚ ਅਸੂਲ, ਅਸਲੀਅਤ ਦੇ ਬੁਝਾਈਆ । ਤੂੰ ਆਦਿ ਜੁਗਾਦੀ ਇਕ ਮਹਿਬੂਬ, ਤੇਰੀ ਮੁਹੱਬਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਰਿਹਾ ਸਮਝਾਈਆ । ਸਾਚਾ ਹੁਕਮ ਦਏ ਸੰਦੇਸਾ, ਸਤਿ ਸਤਿਵਾਦੀ ਆਪ ਜਣਾਇੰਦਾ । ਪੁਰਖ ਅਕਾਲ ਨਰ ਨਰੇਸ਼ਾ, ਪਰਵਰਦਿਗਾਰ ਹੁਕਮ ਜਣਾਇੰਦਾ । ਪੂਰਬ ਲੇਖਾ ਛੱਡੋ ਪੇਸ਼ਾ, ਪੇਸ਼ਵਾ ਰੂਪ ਨਾ ਕੋਇ ਵਟਾਇੰਦਾ । ਕਲਜੁਗ ਅੰਤਮ ਮੇਟਣਹਾਰਾ ਰੇਖਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਚੌਦਾਂ ਤਬਕ ਵੇਖੇ ਦੇਸਾ, ਦੇਸ ਦਸੰਤਰ ਖੋਜ ਖੋਜਾਇੰਦਾ । ਲੇਖਾ ਜਾਣੇ ਖੁਲ੍ਹੜੇ ਕੇਸਾ, ਮੂੰਡ ਮੁੰਡਾਏ ਭੇਵ ਚੁਕਾਇੰਦਾ । ਚਾਰ ਯੁਗ ਦਾ ਪੂਰਬ ਰੱਖੇ ਚੇਤਾ, ਨੌਂ ਸੌ ਚੁਰਾਨਵੇ ਚੌਕੜੀ ਵੰਡ ਵੰਡਾਇੰਦਾ । ਨਾਨਕ ਗੋਬਿੰਦ ਕਰੇ ਹੇਤਾ, ਨਿਤ ਨਵਿਤ ਵੇਖ ਵਖਾਇੰਦਾ । ਰਵਦਾਸ ਚੁਮਾਰਾ ਸਾਢੇ ਤਿੰਨ ਹੱਥ ਵੰਡ ਕੇ ਗਿਆ ਵੇਂਤਾ, ਲੱਖ ਚੁਰਾਸੀ ਵੰਡ ਵੰਡਾਇੰਦਾ । ਗੋਬਿੰਦ ਬਾਲੇ ਚਾੜ੍ਹ ਕੇ ਗਿਆ ਭੇਟਾ, ਕਲਜੁਗ ਤੇਰੀ ਜੜ ਉਖੜਾਇੰਦਾ । ਪੁਰਖ ਅਬਿਨਾਸ਼ੀ ਅੰਤਮ ਬਣੇ ਖੇਵਟ ਖੇਟਾ, ਨਿਰਗੁਣ ਬੇੜਾ ਆਪਣੇ ਕੰਧ ਉਠਾਇੰਦਾ । ਵੇਸ ਵਟਾਏ ਪਿਤਾ ਪੂਤ ਪੁੱਤ ਬੇਟਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸੁਤ ਦੁਲਾਰਾ ਹੋਏ ਸਾਚਾ ਪੰਚਮ ਜੇਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਨੇਹੁੜਾ ਇਕ ਘਲਾਇੰਦਾ । ਸਚ ਸਨੇਹੁੜਾ ਦੇਵੇ ਘੱਲ, ਹਰਿ ਜੂ ਏਕਾ ਹੁਕਮ ਜਣਾਈਆ ।

ਆਦਿ ਜੁਗਾਦਿ ਕਰਦਾ ਰਿਹਾ ਵਲ ਛਲ, ਅਛਲ ਛਲ ਆਪਣੀ ਖੇਲ ਵਖਾਈਆ । ਵਸਦਾ ਰਿਹਾ ਉਚੇ ਟਿੱਲੇ ਪਰਬਲ, ਪਰਮ ਪੁਰਖ ਬੇਪਰਵਾਹੀਆ । ਜੋਤੀ ਸ਼ਬਦੀ ਨਿਰਗੁਣ ਨਿਰਗੁਣ ਗਿਆ ਰਲ, ਸਰਗੁਣ ਰੂਪ ਨਾ ਕੋਇ ਵਖਾਈਆ । ਸਚ ਸਿੰਘਾਸਣ ਬੈਠਾ ਮੱਲ, ਸਚਖੰਡ ਦਵਾਰੇ ਆਸਣ ਲਾਈਆ । ਪਾਵੇ ਸਾਰ ਲੱਖ ਚੁਰਾਸੀ ਡੂੰਘੀ ਡਲ, ਘਰ ਘਰ ਆਪਣਾ ਫੇਰਾ ਪਾਈਆ । ਲੇਖਾ ਜਾਣੇ ਜਲ ਥਲ, ਮਹੀਅਲ ਆਪਣਾ ਰੰਗ ਵਖਾਈਆ । ਕਰੇ ਪਰਕਾਸ਼ ਘੜੀ ਘੜੀ ਪਲ ਪਲ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦਿ ਰਹੇ ਅਟੱਲ, ਅਟੱਲ ਪਦਵੀ ਇਕ ਸਮਝਾਈਆ । ਕਲਜੁਗ ਅੰਤ ਅੰਧੇਰਾ ਦੂਈ ਦਵੈਤੀ ਮੇਟੇ ਨਾ ਕੋਇ ਸਲ, ਪਟੀ ਨਾਮ ਨਾ ਕੋਇ ਬੰਧਾਈਆ । ਅੰਮ੍ਰਿਤ ਆਤਮ ਦਿਸੇ ਨਾ ਕੋਇ ਫਲ, ਵਿਖ ਰੂਪ ਸਰਬ ਵਟਾਈਆ । ਚੋਟੀ ਪਰਬਤ ਉਚੇ ਟਿੱਲੇ ਗਏ ਹਲ, ਧਰਨੀ ਹੌਲਾ ਭਾਰ ਨਾ ਕੋਇ ਕਰਾਈਆ । ਸੂਫ਼ੀ ਲੁਹਾ ਲੁਹਾ ਥੱਕੇ ਖੱਲ, ਖ਼ਾਲਕ ਖ਼ੁਸ਼ ਨਾ ਕਿਸੇ ਕਰਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਪੁਰਖ ਅਬਿਨਾਸ਼ੀ ਇਕ ਸੰਦੇਸਾ ਦੇਵੇ ਘੱਲ, ਸਤਿ ਸਤਿਵਾਦੀ ਆਪ ਜਣਾਈਆ । ਕਲਜੁਗ ਵੇਖੇ ਵਡੀ ਝੱਲ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਵਖਾਈਆ । ਸਚ ਸੰਦੇਸਾ ਦੇਵਣਹਾਰਾ, ਇਕੋ ਇਕ ਜਣਾਇੰਦਾ । ਨੇਤਰ ਨੈਣ ਸਰਬ ਉਘਾੜਾ, ਅੱਖ ਅੱਖ ਨਾਲ ਬਦਲਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੋਲਾਇੰਦਾ । ਲੇਖਾ ਜਾਣੇ ਬਹੱਤਰ ਨਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੋਜਾਇੰਦਾ । ਭੇਵ ਚੁਕਾਏ ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਅਨਾਦ ਅਨਾਦੀ ਬੋਲ ਜੈਕਾਰਾ, ਸ਼ਬਦ ਅਗੰਮੀ ਰਾਗ ਸੁਣਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਬੰਦ ਤਾਕੀ ਆਪ ਖੁਲ੍ਹਾਇੰਦਾ । ਸਾਚੀ ਸੇਜਾ ਸੋਹੇ ਬੰਕ ਦਵਾਰਾ, ਸੇਜ ਸੁਹੰਜਣੀ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਹੱਥੋ ਹੱਥ ਚੁਕਾਇੰਦਾ । ਲੇਖਾ ਹੱਥੋ ਹੱਥ ਜਾਏ ਚੁਕ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਹਰਿ ਪੁਰਖ ਨਿਰੰਜਣ ਸਚਖੰਡ ਨਿਵਾਸੀ ਸ਼ੇਰ ਗਿਆ ਬੁੱਕ, ਦੋ ਜਹਾਨਾਂ ਭਬਕ ਲਗਾਈਆ । ਪਾਰਬ੍ਰਹਮ ਪ੍ਰਭ ਭਾਣਾ ਜਾਏ ਨਾ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਬੂਟਾ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਸਤਿਜੁਗ ਧਰਤ ਮਾਤ ਦੀ ਰੱਖੇ ਕੁੱਖ, ਆਪੇ ਬਣੇ ਪਿਤਾ ਮਾਈਆ । ਗ਼ਰੀਬ ਨਿਮਾਣਿਆਂ ਮੇਟੇ ਦੁੱਖ, ਦੁਖੀਆਂ ਦਰਦ ਲਏ ਵੰਡਾਈਆ । ਗੁਰਮੁਖਾਂ ਦੇਵੇ ਇਕੋ ਸੁਖ, ਆਤਮ ਪਰਮਾਤਮ ਜੋੜ ਜੁੜਾਈਆ । ਜਨਮ ਜਨਮ ਦੀ ਕੱਟੇ ਭੁੱਖ, ਤ੍ਰਿਸਨਾ ਪਿਆਸ ਦਏ ਮਿਟਾਈਆ । ਸੰਤ ਸੁਹੇਲੇ ਗੋਦੀ ਚੁਕ, ਸਚ ਹੁਲਾਰਾ ਦਏ ਲਗਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਅਧਵਿਚਕਾਰ ਨਾ ਕੋਇ ਅਟਕਾਈਆ । ਦੀਨ ਦਿਆਲ ਠਾਕਰ ਸਵਾਮੀ ਸਤਿਗੁਰ ਪੂਰਾ ਜਾਏ ਤੁਠ, ਭਗਤ ਭਗਵਾਨ ਲਏ ਉਠਾਈਆ । ਅੰਮ੍ਰਿਤ ਨਿਧਾਨ ਪਿਆਏ ਇਕੋ ਘੁੱਟ, ਅੰਮਿਉਂ ਰਸ ਆਪਣਾ ਆਪ ਚੁਆਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਇਕ ਵਖਾਏ ਸਾਚਾ ਕੋਟ, ਜਿਸ ਘਰ ਵਸੇ ਬੇਪਰਵਾਹੀਆ । ਭਗਤ ਭਗਵਾਨ ਇਕੋ ਓਟ, ਦੂਜੀ ਓਟ ਨਾ ਕੋਇ ਤਕਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਇਕ ਦੂਜੇ ਦੇ ਦਰਸ਼ਨ ਰਹੇ ਲੋਚ, ਲੋਚਾ ਆਪਣੀ ਆਪੇ ਪੂਰ ਕਰਾਈਆ । ਪਾਰਬ੍ਰਹਮ ਕਿਸੇ ਨਾ ਆਵੇ ਸੋਚ, ਸੋਚ ਸੋਚ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ,

੧੦੨੧
੧੨

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਨਿਰਗੁਣ ਲਏ ਫੜ, ਆਪ ਆਪਣਾ ਬੰਧਨ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਸੱਦਾ, ਸਦਾ ਇਕੋ ਇਕ ਲਗਾਈਆ । ਸਾਰੇ ਦੀਨ ਮਜ਼੍ਹਬ ਜ਼ਾਤ ਪਾਤ ਪਾਰ ਕਰੋ ਹੱਦਾ, ਹੱਦ ਕੋਇ ਰਹਿਣ ਨਾ ਪਾਈਆ । ਸਚ ਨਿਸ਼ਾਨਾ ਸ੍ਰੀ ਭਗਵਾਨ ਇਕੋ ਗੱਡਾ, ਦੋ ਜਹਾਨਾਂ ਦਏ ਵਖਾਈਆ । ਨਾਮ ਨਗਾਰਾ ਇਕੋ ਵੱਜਾ, ਇਕੋ ਨੌਬਤ ਰਿਹਾ ਸੁਣਾਈਆ । ਸਾਚੇ ਤਖ਼ਤ ਇਕੋ ਸਜਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕੂੜ ਕੁੜਿਆਰਾ ਵੇਖੋ ਭੱਜਾ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਖਾਲੀ ਦਿਸਣ ਕੂੜੇ ਹੱਡਾ, ਕੂੜੀ ਕਿਰਿਆ ਬੈਠੀ ਮੁਖ ਛੁਪਾਈਆ । ਮਨ ਮਨੂਆ ਹੋਏ ਨਾ ਵੱਡਾ, ਗੜ੍ਹ ਹੰਕਾਰੀ ਦਏ ਤੁੜਾਈਆ । ਗੁਰਸਿਖ ਵੇਖੇ ਬਾਲਾ ਨੱਢਾ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਭਾਗ ਲਗਾਏ ਸਾਚੀ ਯੱਦਾ, ਯੱਦ ਇਕੋ ਇਕ ਸੁਹਾਈਆ । ਭਗਤ ਭਗਵਾਨ ਇਕ ਦੂਜੇ ਦੇ ਪਿਆਰ ਅੰਦਰ ਬੱਝਾ, ਪੱਲਾ ਕੋਇ ਨਾ ਸਕੇ ਛੁਡਾਈਆ । ਭਗਤਾਂ ਅੰਦਰ ਸ੍ਰੀ ਭਗਵਾਨ ਸਜਾ, ਸ੍ਰੀ ਭਗਵਾਨ ਦਵਾਰੇ ਭਗਤ ਬੈਠਾ ਆਸਣ ਲਾਈਆ । ਦੋਹਾਂ ਨੂੰ ਇਕੋ ਜਿਹੀ ਲਜਾ, ਬੇਸ਼ਰਮੀ ਰੂਪ ਨਾ ਕੋਇ ਵਟਾਈਆ । ਕਲਜੁਗ ਅੰਤਮ ਪਾਰਬ੍ਰਹਮ ਸੰਤ ਸੁਹੇਲੇ ਪਰਦਾ ਕਜਾ, ਨਾਮ ਦੁਸ਼ਾਲਾ ਹੱਥ ਉਠਾਈਆ । ਕਲਜੁਗ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਇਕ ਇਕੱਲਾ ਫਿਰੇ ਭੱਜਾ, ਸਾਥੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਸਚ ਸੰਦੇਸਾ ਕਲਜੁਗ ਅੰਤ ਅੰਤ ਰਿਹਾ ਜਣਾਈਆ । ਅੰਤ ਜਣਾਏ ਆਪ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਮੇਟਣਹਾਰਾ ਕੂੜ ਨਿਸ਼ਾਨ, ਕੂੜੀ ਕਿਰਿਆ ਵੇਖ ਵਖਾਇੰਦਾ । ਸਤਿ ਸਤਿਵਾਦੀ ਦੇਵੇ ਦਾਨ, ਸਤਿ ਸਤਿ ਏਕਾ ਵਸਤ ਵਰਤਾਇੰਦਾ । ਜੁਗ ਜੁਗ ਲੇਖ ਚੁਕਾਏ ਆਣ, ਲੇਖਾ ਸਭ ਦਾ ਆਪ ਮੁਕਾਇੰਦਾ । ਸੋ ਪੁਰਖ ਨਿਰੰਜਣ ਮਿਹਰਵਾਨ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਏਕੰਕਾਰਾ ਦੇਵੇ ਇਕ ਗਿਆਨ, ਆਦਿ ਨਿਰੰਜਣ ਗੁਰ ਸਮਝਾਇੰਦਾ । ਅਬਿਨਾਸ਼ੀ ਕਰਤਾ ਕਰ ਪਰਵਾਨ, ਸਤਿ ਪਰਵਾਨਾ ਹੱਥ ਫੜਾਇੰਦਾ । ਸ੍ਰੀ ਭਗਵਾਨ ਦਏ ਗਿਆਨ, ਗੋਝ ਗਿਆਨ ਆਪ ਸਮਝਾਇੰਦਾ । ਪਾਰਬ੍ਰਹਮ ਪ੍ਰਭ ਬਣਾਏ ਸਚ ਵਿਧਾਨ, ਸਾਚੀ ਧਾਰਾ ਆਪ ਚਲਾਇੰਦਾ । ਬ੍ਰਹਮ ਲੇਖਾ ਵੇਖੇ ਆਣ, ਨਿਰਗੁਣ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਜੁਗਾ ਜੁਗੰਤ, ਨਾਮ ਮੰਤ ਮੰਤਰ ਨਾਮ ਆਪ ਦ੍ਰਿੜਾਇੰਦਾ ।

ਜਿਸ ਦੇ ਪੱਲੇ ਪਿਆ ਨਹੀਂ ਕੱਖ, ਤਿਸ ਮਾਰਗ ਦਏ ਸਮਝਾਈਆ । ਸਾਧ ਸੰਗਤ ਚਰਨੀ ਜਾਏ ਢੱਠ, ਮਨ ਹੰਗਤਾ ਦਏ ਮਿਟਾਈਆ । ਬੀਜ ਬੀਜੇ ਸਾਚੇ ਵਤ, ਪਤ ਡਾਲ੍ਹੀ ਆਪ ਮਹਿਕਾਈਆ । ਅੰਦਰ ਦੇਵੇ ਬ੍ਰਹਮ ਮਤ, ਮਨਮਤ ਰਹੇ ਨਾ ਰਾਈਆ । ਹਿਰਦੇ ਅੰਦਰ ਹਰਿ ਜੂ ਵਸ, ਗਿਆਨ ਗੋਝ ਦਏ ਸਮਝਾਈਆ । ਕਰ ਪਰਕਾਸ਼ ਕੋਟਨ ਰਵ ਸਸ, ਅੰਧ ਅੰਧੇਰਾ ਦਏ ਗਵਾਈਆ । ਪੰਚ ਵਿਕਾਰਾ ਜਾਏ ਢੱਠ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਅੰਦਰ ਵੜ ਕੇ ਉਲਟੀ ਗੇੜੇ ਲੱਠ, ਗੇੜਾ ਆਪਣਾ ਆਪ ਦਿਵਾਈਆ । ਕਰ ਕਿਰਪਾ ਮਾਰਗ ਦੇਵੇ

ਦਸ, ਬਿਨ ਪੜ੍ਹਿਆ ਗਿਆਨ ਸਮਝਾਈਆ । ਮੋਹ ਮਮਤਾ ਅੰਦਰ ਜੋ ਰਹੇ ਫਸ, ਗੁਰ ਕਾ ਸ਼ਬਦ ਸੁਣਨ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਪੱਲਾ ਭਰਾਈਆ । ਆਤਮ ਪਰਮਾਤਮ ਪੱਲੂ ਦੇਵੇ ਭਰ, ਖ਼ਾਲੀ ਨਜ਼ਰ ਕੋਇ ਨਾ ਆਇੰਦਾ । ਗੁਰਮੁਖ ਸੱਜਣ ਲਏ ਫੜ, ਪੂਰਬ ਲੇਖਾ ਆਪ ਚੁਕਾਇੰਦਾ । ਅੱਖਰ ਵੱਖਰ ਜੋ ਜਨ ਲਏ ਪੜ੍ਹ, ਚੌਦਾਂ ਵਿਦਿਆ ਮਾਣ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੱਖੋਂ ਲੱਖ ਲੱਖੋਂ ਕੱਖ ਆਪ ਕਰਾਇੰਦਾ । ਨੀਵੀਂ ਪਦਵੀ ਫਿਰੇ ਜਗ, ਲੱਖ ਚੁਰਾਸੀ ਰਹੀ ਕੁਰਲਾਈਆ । ਸਤਿਗੁਰ ਵਸੇ ਉਪਰ ਸ਼ਾਹ ਰਗ, ਘਰ ਸਾਚੇ ਡੇਰਾ ਲਾਈਆ । ਗੁਰਸਿਖਾਂ ਦੱਸੇ ਆਚਾਰ ਚਜ, ਮਾਰਗ ਇਕੋ ਇਕ ਵਖਾਈਆ । ਨੌਂ ਦਵਾਰੇ ਪਾਰ ਹੱਦ, ਸੁਰਤ ਸ਼ਬਦ ਕਰੇ ਕੁੜਮਾਈਆ । ਨਾਦ ਅਨਾਦੀ ਜਾਏ ਵੱਜ, ਅਨਹਦ ਰਾਗੀ ਰਾਗ ਸੁਣਾਈਆ । ਭਾਂਡਾ ਭਰਮ ਭੌ ਜਾਏ ਭੱਜ, ਸਮਝ ਸਮਝ ਨਾਲ ਮਿਲਾਈਆ । ਗੁਰਸਿਖ ਗੁਰ ਗੁਰ ਦੋਵੇਂ ਸਾਚੇ ਧਾਮ ਬਹੇ ਸਜ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੀ ਨੀਵੀਂ ਪਦਵੀ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਘਰ ਵਖਾਈਆ । ਸੰਗਤ ਅੰਦਰ ਹਰਿ ਕਾ ਵਾਸਾ, ਬਿਨ ਸੰਗਤ ਹਰਿ ਜੂ ਕੰਮ ਕਿਸੇ ਨਾ ਆਈਆ । ਸੰਗਤ ਉਤੇ ਗੁਰ ਭਰਵਾਸਾ, ਬਿਨ ਗੁਰ ਸੰਗਤ ਨਾ ਕੋਇ ਬਣਾਈਆ । ਬਿਨ ਸੰਗਤ ਗੁਰੂ ਰਹੇ ਨਿਰਾਸਾ, ਗੁਰ ਗੁਰ ਕਹਿ ਕਹਿ ਸਿਫ਼ਤ ਨਾ ਕੋਇ ਸਾਲਾਹੀਆ । ਦੋਹਾਂ ਅੰਦਰ ਖੇਲ ਕਰੇ ਪੁਰਖ ਅਬਿਨਾਸ਼ਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਈਆ । ਆਦਿ ਅੰਤ ਪੁਰਖ ਅਕਾਲ ਇਕੋ ਗੁਰੂ ਜੁਗ ਜੁਗ ਵੇਖੇ ਤਮਾਸ਼ਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਨਾਨਕ ਗੋਬਿੰਦ ਦਸ ਜੋਤੀ ਪਾਈ ਸਾਚੀ ਰਾਸਾ, ਮੰਡਲ ਮੰਡਪ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਹਰਿ ਸੰਗਤ ਬਣਾਏ ਸਾਚੀ ਬਣਤਰ, ਨਾਮ ਜਣਾਏ ਇਕੋ ਮੰਤਰ, ਲੇਖਾ ਜਾਣੇ ਗਗਨ ਗਗਨੰਤਰ, ਸਰਬ ਜੀਆਂ ਘਟ ਜਾਣੇ ਅੰਤਰ, ਬਿਨ ਅੰਤਰ ਸਤਿਗੁਰ ਰੂਪ ਨਾ ਕੋਇ ਅਖਵਾਈਆ । ਸੰਗਤ ਵਡੀ ਗੁਰ ਵਡਿਆਏ, ਬਿਨ ਗੁਰ ਸੰਗਤ ਕਹਿਣ ਕੋਇ ਨਾ ਪਾਈਆ । ਨਾਮ ਰੰਗਤ ਗੁਰ ਚੜ੍ਹਾਏ, ਬਿਨ ਗੁਰ ਰੰਗ ਨਾ ਕੋਇ ਵਖਾਈਆ । ਨਾਮ ਮਰਦੰਗਾ ਗੁਰ ਵਜਾਏ, ਬਿਨ ਗੁਰ ਅਨਹਦ ਰਾਗ ਨਾ ਕੋਇ ਸੁਣਾਈਆ । ਸੰਗਤ ਸੰਗ ਗੁਰ ਬਣਾਏ, ਬਿਨ ਗੁਰ ਸੰਗੀ ਨਜ਼ਰ ਕੋਇ ਨਾ ਆਈਆ । ਹਰਿ ਸੰਗਤ ਸਤਿਗੁਰ ਚੰਦ ਚੜ੍ਹਾਏ, ਜਗਤ ਅੰਧੇਰਾ ਦਏ ਮਿਟਾਈਆ । ਆਦਿ ਜੁਗਾਦੀ ਲਿਖਿਆ ਲੇਖਾ ਨਾ ਕੋਈ ਖੰਡਤ ਕਰਾਏ, ਅਖੰਡ ਇਕੋ ਰੂਪ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸੰਗਤ ਰਿਹਾ ਵਡਿਆਈਆ । ਸਤਿਗੁਰ ਰੂਪ ਭਿੰਨ ਭਿੰਨ, ਆਦਿ ਜੁਗਾਦਿ ਕਰਾਇੰਦਾ । ਗੁਰਮੁਖ ਵਿਰਲਾ ਜਾਣੇ ਸੱਚਾ ਚਿੰਨ੍ਹ, ਜਿਸ ਆਪਣਾ ਨਿਰਗੁਣ ਚਿੰਨ੍ਹ ਚੱਕਰ ਵਖਾਇੰਦਾ । ਕੋਟਨ ਕੋਟ ਰੂਪ ਵਟਾਏ ਗਿਣ ਗਿਣ, ਧਰੂ ਪ੍ਰਹਿਲਾਦ ਕਵਣ ਰੂਪ ਧਰਾਇੰਦਾ । ਪੁਰਖ ਅਕਾਲ ਵੇਸ ਵਟਾਏ ਛਿੰਨ ਛਿੰਨ, ਛਿੰਨ ਭੰਗਰ ਆਪਣਾ ਖੇਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਰੂਪ ਇਕ ਸਮਝਾਇੰਦਾ । ਗੁਰ ਕਾ ਰੂਪ ਆਦਿ ਜੁਗਾਦਿ ਇਕ, ਨਿਰਗੁਣ ਨੂਰ ਰੁਸ਼ਨਾਈਆ । ਬਾਹਰੋਂ ਪੰਜ ਤਤ ਚੋਲਾ ਰਿਹਾ ਦਿਸ, ਹੱਡ ਮਾਸ ਨਾੜੀ ਰੱਤ ਨਾ ਕੋਇ ਵਡਿਆਈਆ । ਅੰਤਰ ਆਤਮਾ ਦਰਸ਼ਨ ਪਾਇਆ

ਜਿਸ, ਬਾਹਰ ਵੇਖਣ ਕੋਇ ਨਾ ਜਾਈਆ । ਜਗਤ ਲਬਾਸ ਕਲਜੁਗ ਵੰਡਿਆ ਹਿਸ, ਹਿਸਾ ਸ਼ਹਿਨਸ਼ਾਹੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਗੁਰਦੇਵ ਇਕੋ ਰੰਗ ਵਖਾਈਆ । ਨੌਂ ਖੰਡ ਪ੍ਰਿਥਮੀ ਦਿਸੇ ਤੂਫ਼ਾਨ, ਕਲਜੁਗ ਤੋਹਫ਼ਾ ਅੰਤ ਲਿਆਈਆ । ਸ੍ਰਿਸ਼ਟ ਸਬਾਈ ਹੋਈ ਹੈਰਾਨ, ਹਰਿ ਕਾ ਭੇਵ ਨਾ ਜਾਣੇ ਕੋਇ ਰਾਈਆ । ਗੁਰ ਕਾ ਭੁੱਲੇ ਸ਼ਬਦ ਨਿਸ਼ਾਨ, ਇਸ਼ਟ ਦੇਵ ਨਾ ਕੋਇ ਮਨਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਬੈਠੇ ਬੇਈਮਾਨ, ਬੇਵਾ ਰੂਪ ਵਟਾਈਆ । ਧੀਆਂ ਭੈਣਾਂ ਤੱਕਣ ਨੈਣ ਉਠਾਣ, ਵਿਭਚਾਰ ਰਹੇ ਕਮਾਈਆ । ਪੂਜਾ ਭੇਟਾ ਸਾਰੇ ਖਾਣ, ਖਾ ਖਾ ਖ਼ੁਸ਼ੀ ਮਨਾਈਆ । ਸਾਚਾ ਢੋਲਾ ਕੋਇ ਨਾ ਗਾਣ, ਕੂੜੀ ਰਸਨਾ ਹੋਈ ਹਲਕਾਈਆ । ਪੁਰਖ ਅਬਿਨਾਸ਼ੀ ਵੇਖਣਹਾਰਾ ਮਾਰ ਧਿਆਨ, ਸਚਖੰਡ ਨਿਵਾਸੀ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਿਰਿਆ ਰਿਹਾ ਜਣਾਈਆ । ਸਾਚੀ ਕਿਰਿਆ ਕੂੜੀ ਕੁੜਿਆਰ, ਕਲਜੁਗ ਅੰਤ ਧੰਦੇ ਲਾਇਆ । ਕੋਈ ਨਾ ਦਿਸੇ ਮਿੱਤਰ ਯਾਰ, ਯਾਰੀ ਯਾਰ ਨਾ ਕੋਇ ਨਿਭਾਇਆ । ਮਾਂ ਪੁੱਤਰ ਕਰੇ ਪਿਆਰ, ਭੈਣ ਭੱਯਾ ਸੰਗ ਰਖਾਇਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰ, ਹਰਿ ਜੂ ਕੰਤ ਨਾ ਕੋਇ ਹੰਢਾਇਆ । ਵੇਦ ਵਿਆਸਾ ਲਿਖ ਕੇ ਗਿਆ ਲਿਖਾਰ, ਕਲਜੁਗ ਅੰਤਮ ਭੇਵ ਚੁਕਾਇਆ । ਈਸਾ ਮੰਗਦਾ ਗਿਆ ਬਣ ਭਿਖਾਰ, ਪਰਵਰਦਿਗਾਰ ਅੱਗੇ ਝੋਲੀ ਡਾਹਿਆ । ਮੁਹੰਮਦ ਦੋਏ ਜੋੜ ਕਰੇ ਪੁਕਾਰ, ਮੇਰਾ ਅਮਾਮ ਹੋਏ ਸਹਾਇਆ । ਚੌਦਾਂ ਸਦੀਆਂ ਮੇਰੀ ਧਾਰ, ਚੌਦਾਂ ਤਬਕ ਤਬਕ ਵਡਿਆਇਆ । ਨਾਨਕ ਨਿਰਗੁਣ ਬੋਲ ਕੇ ਗਿਆ ਲਲਕਾਰ, ਉਚੀ ਕੂਕ ਕੂਕ ਸੁਣਾਇਆ । ਮਹਾਬਲੀ ਆਵੇ ਅਵਤਾਰ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਗੋਬਿੰਦ ਕਹੇ ਪੁਰਖ ਅਕਾਲ, ਸੰਬਲ ਆਪਣਾ ਡੇਰਾ ਲਾਇਆ । ਕਲਜੁਗ ਅੰਤਮ ਵੇਖੇ ਆਣ, ਪਾਰਬ੍ਰਹਮ ਬੇਪਰਵਾਹਿਆ । ਵੀਹ ਸੌ ਉਨੀ ਬਿਕ੍ਰਮੀ ਸ੍ਰਿਸ਼ਟ ਸਬਾਈ ਹੋਈ ਬੇਹਾਲ, ਬੇਹਬਲ ਹੋ ਹੋ ਦਏ ਦੁਹਾਇਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਸਭ ਦਾ ਸੁਣੇ ਹਾਲ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਇਆ । ਵੀਹ ਸੌ ਵੀਹ ਸਾਚਾ ਮਾਰਗ ਸਭ ਨੂੰ ਦਏ ਵਖਾਲ, ਦੁਖੀਆਂ ਦੁੱਖ ਦਰਦੀਆਂ ਦਰਦ ਲਏ ਵੰਡਾਇਆ । ਅੰਦਰ ਬਾਹਰ ਗੁਪਤ ਜ਼ਾਹਰ ਆਤਮ ਪਰਮਾਤਮ ਚਲੇ ਨਾਲ ਨਾਲ, ਜਗਤ ਵਛੋੜਾ ਪੰਧ ਮੁਕਾਇਆ । ਦੋ ਸਾਲ ਘਾਲਣਾ ਲਓ ਘਾਲ, ਪਿਛਲੀ ਕੀਤੀ ਘਾਲ ਅੱਗੇ ਲੇਖਾ ਲਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੇਰ ਆਪਣਾ ਹਲ ਕਰੇ ਸਵਾਲ, ਸਵਾਲ ਸਭ ਦੇ ਪੂਰ ਕਰਾਇਆ । ਜਿਸ ਜਨ ਲਾਏ ਸਿੱਧੇ ਰਾਹ, ਮਾਰਗ ਆਪਣਾ ਦਏ ਵਖਾਈਆ । ਨਿਰਗੁਣ ਸਰਗੁਣ ਬਣੇ ਮਲਾਹ, ਬੇੜਾ ਭਵਰੀ ਪਾਰ ਕਰਾਈਆ । ਆਪਣੀ ਹੱਥੀਂ ਪਕੜੇ ਬਾਂਹ, ਔਂਦਾ ਜਾਂਦਾ ਦਿਸ ਨਾ ਆਈਆ । ਸਵੱਛ ਸਰੂਪੀ ਦਰਸ ਦਏ ਦਿਖਾ, ਬਿਨ ਨੇਤਰ ਨੈਣ ਕਰ ਰੁਸ਼ਨਾਈਆ । ਆਪਣਾ ਪਰਦਾ ਦਏ ਚੁਕਾ, ਮੁੱਖ ਨਕ਼ਾਬ ਨਾ ਕੋਇ ਟਿਕਾਈਆ । ਹੌਲੀ ਹੌਲੀ ਸਭ ਨੂੰ ਰਿਹਾ ਸਮਝਾ, ਅੱਖਰ ਅੱਖਰ ਕਰ ਪੜ੍ਹਾਈਆ । ਵੀਹ ਸੌ ਇਕੀ ਬਿਕ੍ਰਮੀ ਸੱਚਾ ਮਾਰਗ ਨੌਂ ਖੰਡ ਪ੍ਰਿਥਮੀ ਦਏ ਵਖਾ, ਭਰਮ ਭੁਲੇਖਾ ਕੋਇ ਰਹੇ ਨਾ ਰਾਈਆ । ਗੁਰਸਿਖ ਗੁਰਮੁਖ ਗੁਰ ਗੁਰ ਰੂਪ ਨਜ਼ਰੀ ਜਾਏ ਆ, ਨਜ਼ਰ ਨਜ਼ਰ ਨਾਲ ਮਿਲਾਈਆ । ਫ਼ਰਜ਼ੀ ਆਪਣਾ ਫ਼ਰਜ਼ ਪੂਰਾ ਦਏ ਕਰਾ, ਹਿੰਦੀ ਉਰਦੂ ਫ਼ਾਰਸੀ ਗੁਰਮੁਖੀ ਲਿਪੀ ਟਿੱਪੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਾਰਗ ਧੰਦਾ ਵੇਖੇ ਚਾਈਂ ਚਾਈਆ ।

## ✳ ੧੩ ਅੱਸੂ ੨੦੧੯ ਬਿਕ੍ਰਮੀ ਪਰਕਾਸ਼ ਸਿੰਘ ਦੇ ਗ੍ਰਿਹ ਚੀਮਾਂ ਕਲਾਂ ✳

ਸਤਿਜੁਗ ਤੇਰਾ ਸਾਚਾ ਸੰਗ, ਸੋ ਪੁਰਖ ਨਿਰੰਜਣ ਆਪ ਨਿਭਾਈਆ । ਦੋ ਜਹਾਨ ਵਜਾਏ ਮਰਦੰਗ, ਨਾਉਂ ਨਿਰੰਕਾਰਾ ਹੱਥ ਉਠਾਈਆ । ਬ੍ਰਹਿਮੰਡ ਖੰਡ ਵੇਖੇ ਲੰਘ, ਪੁਰੀ ਲੋਅ ਫੋਲ ਫੋਲਾਈਆ । ਕਲਜੁਗ ਕੂੜੀ ਕਿਰਿਆ ਢਾਹੇ ਕੰਧ, ਜੂਠ ਝੂਠ ਦਏ ਖਪਾਈਆ । ਲੱਖ ਚੁਰਾਸੀ ਸੁਣਾਏ ਇਕੋ ਛੰਦ, ਆਤਮ ਪਰਮਾਤਮ ਕਰੇ ਪੜ੍ਹਾਈਆ । ਗੁਰਮੁਖਾਂ ਤੋੜੇ ਖ਼ਾਨਾਬੰਦ, ਲੱਖ ਚੁਰਾਸੀ ਬੰਦ ਕਟਾਈਆ । ਸੇਵਾ ਲਾਏ ਬੱਤੀ ਦੰਦ, ਰਸਨਾ ਜਿਹਵਾ ਨਾਮ ਧਿਆਈਆ । ਕੋਈ ਨਾ ਦਿਸੇ ਨੇਤਰ ਅੰਧ, ਗਿਆਨ ਨੇਤਰ ਦਏ ਖੁਲ੍ਹਾਈਆ । ਜੋਤ ਨਿਰੰਜਣ ਚਾੜ੍ਹੇ ਚੰਦ, ਘਰ ਘਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਪਾਵੇ ਠੰਡ, ਨਿਝਰ ਝਿਰਨਾ ਦਏ ਝਿਰਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵੰਤ ਇਕ ਅਨੰਦ, ਅਨੰਦ ਮੰਗਲ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਬੇਪਰਵਾਹੀਆ । ਸਤਿਜੁਗ ਤੇਰੀ ਪੂਰੀ ਕਰੇ ਮੰਗ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਘਰ ਘਰ ਅੰਦਰ ਸੇਜ ਪਲੰਘ, ਆਤਮ ਸੇਜਾ ਵੇਖ ਵਖਾਇੰਦਾ । ਸ਼ਬਦੀ ਨਾਦ ਵੱਜੇ ਅਨਹਦ, ਨਾਦੀ ਨਾਦ ਆਪ ਸੁਣਾਇੰਦਾ । ਨੌਂ ਦਵਾਰੇ ਪਾਰ ਹੱਦ, ਘਰ ਦਸਵੇਂ ਖੇਲ ਖਲਾਇੰਦਾ । ਗੁਰਮੁਖ ਉਪਜਾਏ ਸਾਚੀ ਯੱਦ, ਵਿਸ਼ਵ ਆਪਣੀ ਧਾਰ ਜਣਾਇੰਦਾ । ਬ੍ਰਹਮ ਪਾਰਬ੍ਰਹਮ ਲੜਾਏ ਲੜ, ਈਸ਼ ਜੀਵ ਸੰਗ ਰਖਾਇੰਦਾ । ਮਾਇਆ ਮਮਤਾ ਵਿਚੋਂ ਕੱਢ, ਸਾਚਾ ਮਾਰਗ ਆਪੇ ਲਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਬ੍ਰਹਮ ਬ੍ਰਹਿਮਾਦੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸੰਗ ਰਖਾਇੰਦਾ । ਸਤਿਜੁਗ ਤੇਰਾ ਮੀਤਾ ਪੁਰਖ ਸਮਰਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਬੋਧ ਅਗਾਧ ਮਹਿਮਾ ਗਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਕੂੜੀ ਕਿਰਿਆ ਕਰੇ ਭੱਠ, ਜੂਠ ਝੂਠ ਦਏ ਮਿਟਾਈਆ । ਨਾਤਾ ਤੋੜੇ ਮਨਮਤ, ਗੁਰਮਤ ਕਰੇ ਪੜ੍ਹਾਈਆ । ਨਾਮ ਬੀਜੇ ਸਾਚੇ ਵਤ, ਲੱਖ ਚੁਰਾਸੀ ਅੰਤਰ ਹਲ ਚਲਾਈਆ । ਆਤਮ ਪਰਮਾਤਮ ਜਾਏ ਰਚ, ਜੋਤੀ ਜੋਤ ਜੋਤ ਜਗਾਈਆ । ਖੇਲ ਕਰਾਏ ਇਕੋ ਸੱਚ, ਸਚ ਸੁੱਚ ਕਰੇ ਪੜ੍ਹਾਈਆ । ਮਨ ਮਨੂਆ ਦਹਿ ਦਿਸ਼ਾ ਨਾ ਜਾਏ ਨੱਚ, ਨੌਂ ਦਵਾਰੇ ਵਾਸਨਾ ਦਏ ਕਢਾਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਕਾਚੀ ਗਗਰੀਆ ਕੰਚਨ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਰਾਹ ਚਲਾਈਆ । ਸਤਿਜੁਗ ਤੇਰਾ ਚਲੇ ਰਾਹ, ਹਰਿ ਰਹਿਬਰ ਆਪ ਚਲਾਇੰਦਾ । ਲੱਖ ਚੁਰਾਸੀ ਦਏ ਸਲਾਹ, ਸ੍ਰਿਸ਼ਟ ਸਬਾਈ ਆਪ ਜਣਾਇੰਦਾ । ਨਾਉਂ ਨਿਰੰਕਾਰਾ ਇਕ ਸਮਝਾ, ਨਰ ਨਿਰੰਕਾਰਾ ਪਰਦਾ ਲਾਹਿੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਦਏ ਬਹਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਹੁਕਮ ਦਏ ਸੁਣਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਦਏ ਮਿਲਾ, ਗੁਰ ਚੇਲਾ ਰੰਗ ਰੰਗਾਇੰਦਾ । ਸੱਜਣ ਸੁਹੇਲਾ ਬੇਪਰਵਾਹ, ਸ਼ਹਿਨਸ਼ਾਹ ਆਪਣਾ ਖੇਲ ਕਰਾਇੰਦਾ । ਸਤਿ ਸਤਿਵਾਦੀ ਧਾਰਾ ਦਏ ਚਲਾ, ਸਤਿ ਅਸਤਿ ਰੂਪ ਨਾ ਕੋਇ ਵਟਾਇੰਦਾ । ਸਾਧ ਸੰਤ ਸ੍ਰੀ ਭਗਵੰਤ ਗੁਰਮੁਖ ਸੱਜਣ ਲਏ ਉਠਾ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਗੁਰਸਿਖ ਸਾਚੇ ਧੰਦੇ ਲਾ, ਸਾਚਾ ਰਾਹ ਇਕ ਵਖਾਇੰਦਾ । ਮੂਰਖ ਮੂੜ੍ਹੇ

੧੦੨੫
੧੨

ਪਾਪੀ ਗੰਦੇ ਦਏ ਖਪਾ, ਕਲਜੁਗ ਅੰਤਮ ਡੇਰਾ ਢਾਹਿੰਦਾ । ਭੇਖ ਪਖੰਡਾ ਦਏ ਮਿਟਾ, ਨਾਮ ਖੰਡਾ ਹੱਥ ਚਮਕਾਇੰਦਾ । ਦੋ ਜਹਾਨਾਂ ਕੰਢਾ ਵੇਖੇ ਆ, ਖੇਵਟ ਖੇਟਾ ਰੂਪ ਵਟਾਇੰਦਾ । ਵਰਭੰਡੀ ਲੇਖਾ ਜਾਣੇ ਥਾਉਂ ਥਾਂ, ਬ੍ਰਹਿਮੰਡੀ ਖੋਜ ਖੋਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੇਖਾ ਦਏ ਚੁਕਾ, ਲੇਖਾ ਸਭ ਦਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ, ਜੋਤੀ ਜੋਤ ਲਏ ਮਿਲਾ, ਜੋਤੀ ਜੋਤ ਜੋਤ ਸਮਾਇੰਦਾ । ਕਿਲਾ ਕੋਟ ਉਚੇ ਪਰਬਤ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੋਜਾਇੰਦਾ । ਹੱਕ ਹਕ਼ੀਕ਼ਤ ਕਰੇ ਨਿਆਂ, ਲਾਸ਼ਰੀਕ ਦਇਆ ਕਮਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਪੀਰ ਦਸਤਗੀਰ ਦਏ ਮੁਕਾ, ਦਸਤ ਆਪਣਾ ਸਰਬ ਮਿਲਾਇੰਦਾ । ਸ਼ਾਹ ਹਕੀਰ ਲਏ ਉਠਾ, ਬੇਨਜ਼ੀਰ ਦਇਆ ਕਮਾਇੰਦਾ । ਸਾਚੀ ਅਲਫ਼ੀ ਏਕਾ ਦਏ ਵਖਾ, ਗਲ ਮਾਲਾ ਤਸਬੀ ਨਾ ਕੋਇ ਲਟਕਾਇੰਦਾ । ਦੋ ਹਰਫ਼ੀ ਹਰਫ਼ ਦਏ ਪੜ੍ਹਾ, ਆਰਫ਼ ਨਜ਼ਰ ਕੋਇ ਨਾ ਆਇੰਦਾ । ਆਦਿ ਸ਼ਕਤੀ ਲਹਿਣਾ ਦੇਣਾ ਦਏ ਚੁਕਾ, ਚਤੁਰਭੁਜ ਆਪਣਾ ਹੁਕਮ ਵਰਤਾਇੰਦਾ । ਸ਼ਬਦ ਸੁਤ ਜੋਧਾ ਸੂਰਬੀਰ ਲਏ ਉਠਾ, ਬਲ ਆਪਣਾ ਆਪ ਪਰਗਟਾਇੰਦਾ । ਦੋ ਜਹਾਨਾਂ ਪਕੜੇ ਬਾਂਹ, ਨਿਰਗੁਣ ਸਰਗੁਣ ਬੰਧਨ ਪਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਚ ਨਿਸ਼ਾਨਾ ਦਏ ਝੁਲਾ, ਸਤਿ ਸਤਿਵਾਦੀ ਆਪਣੇ ਹੱਥ ਉਠਾਇੰਦਾ । ਭਗਤ ਭਗਵੰਤ ਬ੍ਰਹਮ ਗਿਆਨ ਦਏ ਦ੍ਰਿੜਾ, ਬ੍ਰਹਮ ਵਿਦਿਆ ਸਰਬ ਪੜ੍ਹਾਇੰਦਾ । ਤੀਰ ਨਿਸ਼ਾਨਾ ਇਕੋ ਦਏ ਲਗਾ, ਅਣਿਆਲਾ ਆਪ ਚਲਾਇੰਦਾ । ਨਾਮ ਖੰਡਾ ਦਏ ਚਮਕਾ, ਚੰਡ ਪਰਚੰਡ ਹੱਥ ਉਠਾਇੰਦਾ । ਜੇਰਜ ਅੰਡਜ ਵੇਖੇ ਫੋਲ ਫੋਲਾ, ਉਤਭੁਜ ਸੇਤਜ ਖੋਜ ਖੋਜਾਇੰਦਾ । ਸਤਿਜੁਗ ਤੇਰੇ ਅੰਤਰ ਇਕ ਜਪਾਏ ਨਾਂ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਚੌਦਾਂ ਤਬਕ ਏਕਾ ਸਿਖਿਆ ਦਏ ਸਮਝਾ, ਸਾਖਿਆਤ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰਾ ਰਾਹ ਜਣਾਇੰਦਾ । ਸਤਿਜੁਗ ਤੇਰਾ ਸਚ ਨਿਸ਼ਾਨ, ਸ੍ਰੀ ਭਗਵਾਨ ਆਪ ਝੁਲਾਈਆ । ਏਥੇ ਓਥੇ ਦੇਵੇ ਮਾਣ, ਦੋਏ ਦੋਏ ਰੂਪ ਆਪ ਵਖਾਈਆ । ਨਿਰਗੁਣ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਗ਼ਰੀਬ ਨਿਮਾਣਿਆਂ ਦੇਵੇ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਚਰਨ ਧੂੜ ਸਚ ਅਸ਼ਨਾਨ, ਅਠਸਠ ਤੀਰਥ ਮਾਣ ਮਿਟਾਈਆ । ਲੇਖਾ ਚੁਕੇ ਅੰਜੀਲ ਕੁਰਾਨ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਨਜ਼ਰੀ ਆਏ ਇਕ ਭਗਵਾਨ, ਪਰਵਰਦਿਗਾਰ ਨੂਰ ਸਚ ਖ਼ੁਦਾਈਆ । ਵਸਣਹਾਰਾ ਸਚ ਮਕਾਨ, ਹੱਕ ਮੁਕਾਮੇ ਡੇਰਾ ਲਾਈਆ । ਪੀਰ ਪੈਗ਼ੰਬਰ ਮੁਰੀਦ ਮੁਰਸ਼ਦ ਇਕੋ ਢੋਲਾ ਗਾਣ, ਕਲਮਾ ਨਬੀ ਰਸੂਲ ਇਕ ਪੜ੍ਹਾਈਆ । ਗੁਰ ਅਵਤਾਰ ਕਰਨ ਧਿਆਨ, ਪਾਰਬ੍ਰਹਮ ਸੱਚੀ ਸਰਨਾਈਆ । ਭਗਤ ਭਗਵੰਤ ਅੱਗੇ ਮੰਗਣ ਦਾਨ, ਖ਼ਾਲੀ ਝੋਲੀ ਰਹੇ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸਰਬ ਕੁਰਲਾਣ, ਉਚੀ ਕੂਕ ਕੂਕ ਸੁਣਾਈਆ । ਕਰੇ ਖੇਲ ਨੌਜਵਾਨ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਸਤਿਜੁਗ ਤੇਰਾ ਖੇਲ ਕਰੇ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਕਲਜੁਗ ਅੰਤਮ ਮਿਟੇ ਨਿਸ਼ਾਨ, ਕੂੜੀ ਕਿਰਿਆ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਉਂ ਇਕ ਦ੍ਰਿੜਾਈਆ । ਸਾਚਾ ਨਾਉਂ ਏਕਾ ਮੰਤਰ, ਆਤਮ ਪਰਮਾਤਮ ਭੇਵ ਖੁਲ੍ਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਾਣੇ ਬਿਧ ਅੰਤਰ, ਅੰਤਰ ਆਤਮਾ ਵੇਖ ਵਖਾਇੰਦਾ । ਲੇਖਾ ਜਾਣੇ ਬ੍ਰਹਮ ਨਿਰੰਤਰ, ਮਾਇਆ ਬ੍ਰਹਮ ਪਰਦਾ ਲਾਹਿੰਦਾ । ਤ੍ਰੈਗੁਣ


੧੦੨੬
੧੨

ਬੁਝਾਏ ਲੱਗੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲਹਿਣਾ ਦੇਣਾ ਚੁਕਾਏ ਗਗਨ ਗਗਨੰਤਰ, ਗ੍ਰਿਹਿ ਮੰਡਲ ਖੋਜ ਖੋਜਾਇੰਦਾ । ਮਾਣਸ ਜਨਮ ਬਣਾਏ ਬਣਤਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਧਾਰ ਚਲਾਇੰਦਾ । ਸਤਿਜੁਗ ਤੇਰੀ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਸਤਿ ਸਤਿਵਾਦੀ ਮਾਰਗ ਲਾਈਆ । ਏਕੰਕਾਰਾ ਵੇਖਣਹਾਰ, ਪੇਖ ਪੇਖ ਖ਼ੁਸ਼ੀ ਮਨਾਈਆ । ਆਦਿ ਨਿਰੰਜਣ ਨੂਰ ਉਜਿਆਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਆਤਮ ਪਰਮਾਤਮ ਪਰਦਾ ਦਏ ਚੁਕਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਧਰਮ ਦਵਾਰੇ ਇਕ ਵਖਾਈਆ । ਪਾਰਬ੍ਰਹਮ ਪ੍ਰਭ ਵਸੇ ਸਚ ਮਕਾਨ, ਮਹੱਲ ਅਟੱਲ ਕਰੇ ਰੁਸ਼ਨਾਈਆ । ਗੀਤ ਗੋਬਿੰਦ ਭਗਤ ਭਗਵੰਤ ਸਾਰੇ ਗਾਣ, ਵਾਹਵਾ ਵੱਜਦੀ ਰਹੇ ਵਧਾਈਆ । ਉਤਰ ਪੂਰਬ ਪੱਛਮ ਦੱਖਣ ਚਾਰੋਂ ਦਿਸ਼ਾ ਵੇਖੇ ਆਣ, ਨਵ ਨੌਂ ਆਪਣਾ ਫੇਰਾ ਪਾਈਆ । ਸਤਿਜੁਗ ਬਾਲੇ ਦੇਵੇ ਮਾਣ, ਬਾਲੀ ਬੁਧ ਬੁਧ ਸਮਝਾਈਆ । ਚਰਨ ਕਵਲ ਇਕ ਧਿਆਨ, ਸਰਨ ਚਰਨ ਮਿਲੇ ਸਰਨਾਈਆ । ਸ਼ਾਹੋ ਭੂਪ ਇਕ ਰਾਜਾਨ, ਸ਼ਹਿਨਸ਼ਾਹ ਇਕੋ ਨਾਮ ਵਖਾਈਆ । ਸਤਿ ਸਤਿਵਾਦੀ ਬੰਨ੍ਹੇ ਸਚ ਵਿਧਾਨ, ਸਾਚੀ ਧਾਰਾ ਆਪ ਬਣਾਈਆ । ਦੋ ਜਹਾਨਾਂ ਹੁਕਮਰਾਨ, ਸਚ ਸੰਦੇਸਾ ਇਕ ਸੁਣਾਈਆ । ਕਰੇ ਖੇਲ ਸ੍ਰੀ ਭਗਵਾਨ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਕਾਗਦ ਕਲਮ ਹੋਏ ਹੈਰਾਨ, ਸੱਤ ਸਮੁੰਦਰ ਰੋਵੇ ਮਸ ਬਣ ਬਣ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸੰਗ ਰਖਾਈਆ । ਸਤਿਜੁਗ ਤੇਰਾ ਸਾਚਾ ਮੀਤਾ, ਮਿੱਤਰ ਪਿਆਰਾ ਹਰਿ ਅਖਵਾਇੰਦਾ । ਕਲਜੁਗ ਅੰਤਮ ਬਦਲਣ ਆਇਆ ਰੀਤਾ, ਰੀਤੀਵਾਨ ਫੇਰਾ ਪਾਇੰਦਾ । ਲੇਖਾ ਜਾਣੇ ਹਸਤ ਕੀਟਾ, ਊਚਾਂ ਨੀਚਾਂ ਵੇਖ ਵਖਾਇੰਦਾ । ਆਦਿ ਜੁਗਾਦੀ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਰਖਾਇੰਦਾ । ਜਨ ਭਗਤਾਂ ਦੱਸੇ ਸਚ ਪ੍ਰੀਤਾ, ਸਚ ਪ੍ਰੀਤੀ ਇਕ ਜਣਾਇੰਦਾ । ਕੂੜੀ ਕਿਰਿਆ ਵੇਲਾ ਬੀਤਾ, ਬਣ ਪਾਂਧੀ ਪੰਧ ਮੁਕਾਇੰਦਾ । ਤਪਣਹਾਰਾ ਅੰਤ ਅੰਗੀਠਾ, ਤ੍ਰੈਗੁਣ ਅਗਨੀ ਅੱਗ ਲਗਾਇੰਦਾ । ਪੁਰਖ ਅਬਿਨਾਸ਼ੀ ਵੇਖੇ ਚਿਖਾ, ਪੰਜ ਤਤ ਹੱਡੀਆਂ ਬਾਲਣ ਅੰਦਰ ਡਾਹਿੰਦਾ । ਆਪੇ ਜਾਣੇ ਆਪਣਾ ਲੇਖਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਭਰਮ ਭੁਲੇਖਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਾਚੇ ਉਠ ਵੇਖ ਨੈਣ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤਮ ਮੁੱਕੇ ਦੇਣ, ਲਹਿਣਾ ਕੋਇ ਰਹਿਣ ਨਾ ਪਾਈਆ । ਨਾਤਾ ਤੁਟੇ ਸਾਕ ਸੱਜਣ ਸੈਣ, ਚਾਰ ਯਾਰੀ ਸੰਗ ਗਈ ਤੁੜਾਈਆ । ਮਾਇਆ ਰਾਣੀ ਖਾਏ ਡੈਣ, ਲੱਖ ਚੁਰਾਸੀ ਘਰ ਘਰ ਫੇਰਾ ਪਾਈਆ । ਪੀਰ ਪੈਗ਼ੰਬਰ ਇਕ ਦੂਜੇ ਨੂੰ ਕਹਿਣ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਜਣਾਈਆ । ਸਤਿਜੁਗ ਉਠ ਵੇਖ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤਮ ਧੂਅਾਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਪੀਰ ਪੈਗ਼ੰਬਰ ਗਏ ਹਾਰ, ਮੁਰਸ਼ਦ ਕੋਇ ਨਜ਼ਰ ਨਾ ਆਇੰਦਾ । ਉਮਤ ਉਮਤੀ ਹੋਏ ਖ਼ੁਵਾਰ, ਜਗਤ ਖ਼ੁਵਾਰੀ ਸਰਬ ਵਖਾਇੰਦਾ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰ, ਗਿਰਿਆਜ਼ਾਰੀ ਨਾ ਕੋਇ ਹਟਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮਠ ਪਈ ਹਾਹਾਕਾਰ, ਹਰਿ ਜੂ ਨਜ਼ਰ ਕਿਤੇ ਨਾ ਆਇੰਦਾ । ਪੰਡਤ ਪਾਂਧੇ ਪੱਤਰੀ ਰਹੇ ਵਿਚਾਰ,

ਪੱਤਣ ਡੇਰਾ ਕੋਇ ਨਾ ਲਾਇੰਦਾ । ਨਛੱਤਰ ਗ੍ਰਿਹਿ ਨਾ ਕੋਇ ਪਾਏ ਸਾਰ, ਬਾਰਾਂ ਰਾਸੀ ਵੰਡ ਨਾ ਕੋਇ ਵੰਡਾਇੰਦਾ । ਗੁਰ ਅਵਤਾਰ ਨਾ ਸਕੇ ਕੋਇ ਮੁੱਖ ਵਖਾਲ, ਪਰਦਾ ਏਕਾ ਰੱਖਿਆ ਪਾਈਆ । ਕਲਜੁਗ ਅੰਤ ਹੋਇਆ ਕੰਗਾਲ, ਸ਼ਾਹ ਸੰਗ ਨਾ ਕੋਇ ਨਿਭਾਈਆ । ਰਾਜ ਰਾਜਾਨ ਬਣੇ ਨਾ ਕੋਇ ਦਲਾਲ, ਅੱਗੇ ਹੋ ਨਾ ਕੋਇ ਛੁਡਾਈਆ । ਸੰਗੀ ਸਾਥੀ ਰਿਹਾ ਭਾਲ, ਸਗਲਾ ਸੰਗ ਨਾ ਕੋਇ ਜਣਾਈਆ । ਅੱਲਾ ਰਾਣੀ ਮੀਂਢੀ ਖੋਹੇ ਵਾਲ, ਸੀਸ ਨਾ ਕੋਇ ਗੁੰਦਾਈਆ । ਵੇਲੇ ਅੰਤ ਆਇਆ ਜ਼ਵਾਲ, ਜ਼ੁਲਫ਼ ਜ਼ਹੀਰ ਨਾ ਕੋਇ ਸਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗ਼ਾਰਾ ਰਿਹਾ ਵਜਾਈਆ । ਫਲ ਦਿਸੇ ਨਾ ਕਿਸੇ ਡਾਲ, ਸਿਮਲ ਰੁੱਖ ਨਜ਼ਰੀ ਆਈਆ । ਕਿਸੇ ਘਰ ਨਾ ਹੱਕ ਹਲਾਲ, ਕੂੜੀ ਕਿਰਿਆ ਦੇਣ ਦੁਹਾਈਆ । ਅੰਤਮ ਲੁੱਟਿਆ ਜਾਣਾ ਧੰਨ ਮਾਲ, ਚਾਰੋਂ ਕੁੰਟ ਵੇਖੇ ਥਾਉਂ ਥਾਈਂਆ । ਸਚ ਦਵਾਰ ਕੋਈ ਨਾ ਦਿਸੇ ਧਰਮਸਾਲ, ਗੁਰੂਦਵਾਰਾ ਸਤਿ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਕਲਜੁਗ ਅੰਤ ਦਏ ਵਖਾਈਆ । ਸਤਿਜੁਗ ਉਠ ਉਠ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਕਲਜੁਗ ਬੁੱਧੀ ਹੋਈ ਕਾਗ, ਚਾਰ ਕੁੰਟ ਕਾਗ ਵਾਂਗ ਕੁਰਲਾਇੰਦਾ । ਦੁਰਮਤ ਮੈਲ ਕੋਇ ਨਾ ਧੋਵੇ ਦਾਗ਼, ਪੱਤਤ ਪੁਨੀਤ ਨਾ ਕੋਇ ਕਰਾਇੰਦਾ । ਦੀਨ ਮਜ਼੍ਹਬ ਲੱਗੀ ਆਗ, ਜ਼ਾਤ ਪਾਤ ਸ਼ਰਅ ਸ਼ਰੀਅਤ ਨਾਲ ਲੜਾਇੰਦਾ । ਸ਼ਾਹੋ ਭੂਪ ਕੋਇ ਨਾ ਕਰੇ ਸੱਚਾ ਰਾਜ, ਰੱਯਤ ਦੁਖ ਨਾ ਕੋਇ ਮਿਟਾਇੰਦਾ । ਚਾਰ ਕੁੰਟ ਵਿਗੜਿਆ ਸਮਾਜ, ਸਮਾਜੀ ਰੂਪ ਨਾ ਕੋਇ ਵਖਾਇੰਦਾ । ਮਨਮਤ ਸਾਰੇ ਰਹੇ ਭਾਜ, ਗੁਰਮਤ ਸੀਸ ਨਾ ਕੋਇ ਟਿਕਾਇੰਦਾ । ਕਲਜੁਗ ਕੁਕਰਮਾਂ ਡੁੱਬਣ ਲੱਗਾ ਜਹਾਜ਼, ਅੱਗੇ ਹੋ ਨਾ ਕੋਇ ਬਚਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੋਇ ਨਾ ਰੱਖੇ ਲਾਜ, ਮਨਮੁਖਾਂ ਕੋਲੋਂ ਮੁੱਖ ਸਰਬ ਛੁਪਾਇੰਦਾ । ਲੰਗੜੇ ਲੂਲ੍ਹੇ ਹੋਏ ਅਪਾਹਜ, ਸਾਬਤ ਸੂਰਤ ਨਜ਼ਰ ਕੋਇ ਨਾ ਆਇੰਦਾ । ਕੂੜੀ ਕਿਰਿਆ ਖਾਧਾ ਖਾਜ, ਆਤਮ ਰਸ ਭੋਜਨ ਕੋਇ ਨਾ ਖਾਇੰਦਾ । ਕਿਸੇ ਕੰਮ ਨਾ ਆਈ ਪੰਜ ਵਕ਼ਤ ਨਿਮਾਜ਼, ਪੀਰ ਦਸਤਗੀਰ ਨੇਤਰ ਨੈਣ ਦਰਸ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਆਪ ਜਗਾਇੰਦਾ । ਸਤਿਜੁਗ ਉਠ ਸੁਤ ਦੁਲਾਰੇ, ਹਰਿ ਸਾਚਾ ਆਪ ਜਗਾਈਆ । ਨੌਂ ਖੰਡ ਪ੍ਰਿਥਮੀ ਹਾਹਾਕਾਰੇ, ਹੌਕਾ ਭਰੇ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਦੱਸ ਦੱਸ ਹਾਰੇ, ਸਾਚੇ ਮਾਰਗ ਚਲੇ ਨਾ ਕੋਇ ਲੋਕਾਈਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰੇ, ਕੂੜੀ ਕਿਰਿਆ ਕੰਤ ਹੰਢਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਿਆਰੇ, ਪਰਮ ਪੁਰਖ ਨਾ ਕੋਇ ਮਨਾਈਆ । ਕਵਾਰ ਕੰਨਿਆ ਕਰੇ ਸ਼ੰਗਾਰੇ, ਸੁਹਬਤ ਹਰਿ ਜੂ ਮੂਲ ਨਾ ਭਾਈਆ । ਮਨ ਵੇਸਵਾ ਬਣਿਆ ਜਗਤ ਵਣਜਾਰੇ, ਜਗਤ ਹੱਟ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਕਿਰਿਆ ਵੇਖੇ ਥਾਉਂ ਥਾਈਂਆ । ਸਤਿਜੁਗ ਉਠੇ ਛੋਟਾ ਬਾਲਾ, ਬਾਲੀ ਬੁਧ ਧਿਆਨ ਲਗਾਇੰਦਾ । ਪਾਰਬ੍ਰਹਮ ਪ੍ਰਭ ਵਡ ਗੋਪਾਲਾ, ਗੋਬਿੰਦ ਤੇਰਾ ਭੇਵ ਕੋਇ ਨਾ ਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬਣ ਰਖਵਾਲਾ, ਤੁਧ ਬਿਨ ਸਿਰ ਹੱਥ ਨਾ ਕੋਇ ਟਿਕਾਇੰਦਾ । ਕਲਜੁਗ ਅੰਤਮ ਦਿਸੇ ਮੂੰਹ ਕਾਲਾ, ਮੁਖ ਸ਼ਾਹੀ ਨਾ ਕੋਇ ਧੁਵਾਇੰਦਾ । ਲੱਖ ਚੁਰਾਸੀ ਤ੍ਰੈਗੁਣ ਮਾਇਆ ਪਿਆ ਜੰਜਾਲਾ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਮਨ ਮਨੂਆ ਕਰੇ ਬੇਹਾਲਾ, ਦਹਿ ਦਿਸ਼ਾ ਉਠ ਉਠ ਧਾਇੰਦਾ । ਮੇਰਾ ਤੇਰੇ

ਅੱਗੇ ਇਕੋ ਇਕ ਸਵਾਲਾ, ਦੋਏ ਜੋੜ ਸੀਸ ਝੁਕਾਇੰਦਾ । ਮੈਨੂੰ ਦੱਸਣੀ ਭੇਵ ਨਿਰਾਲੀ ਚਾਲਾ, ਜਿਸ ਵਿਚ ਤੇਰਾ ਵਿਛੋੜਾ ਕਦੇ ਨਾ ਆਇੰਦਾ । ਤੇਰੇ ਪ੍ਰੇਮ ਪਿਆਰ ਮੇਰੇ ਅੰਤਰ ਬਣੇ ਮਾਲਾ, ਮਣਕਾ ਹੋਰ ਨਾ ਮੋਹੇ ਭਾਇੰਦਾ । ਸਾਹਿਬ ਸਤਿਗੁਰ ਮਾਰਗ ਦੱਸਣਾ ਇਕ ਸੁਖਾਲਾ, ਸੁਖ ਸਹਿਜੇ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਤੇਰੀ ਅਵਲੜੀ ਚਾਲਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਛੋਟੇ ਬਾਲੇ ਦਏ ਵਡਿਆਈਆ । ਸਤਿਜੁਗ ਤੇਰੀ ਝੋਲੀ ਪਾਏ ਦਾਨ, ਦਾਤਾ ਦਾਨੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਇਕ ਗਿਆਨ, ਏਕਾ ਏਕ ਕਰੇ ਪੜ੍ਹਾਈਆ । ਏਕਾ ਮੰਦਰ ਇਕ ਮਕਾਨ, ਗੁਰੂਦਵਾਰ ਇਕ ਵਖਾਈਆ । ਏਕਾ ਇਸ਼ਟ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਏਕਾ ਤੋੜੇ ਮਾਣ ਅਭਿਮਾਨ, ਏਕਾ ਸਾਚਾ ਰੰਗ ਵਖਾਈਆ । ਏਕਾ ਰਾਗ ਸੁਣਾਏ ਕਾਨ, ਏਕਾ ਨਾਉਂ ਨਾਦ ਧੁੰਨ ਸ਼ਨਵਾਈਆ । ਏਕਾ ਸਾਹਿਬ ਵੇਖੇ ਆਣ, ਨਿਰਗੁਣ ਦਾਤਾ ਬੇਪਰਵਾਹੀਆ । ਸੋਹੰ ਸ਼ਬਦ ਕਰੇ ਪਰਧਾਨ, ਆਤਮ ਪਰਮਾਤਮ ਮੇਲ ਮਿਲਾਈਆ । ਭਗਤ ਭਗਵੰਤ ਧਾਮ ਇਕੱਠੇ ਬਹਿ ਬਹਿ ਗਾਣ, ਇਕ ਦੂਜੇ ਦਾ ਸ਼ੁਕਰ ਮਨਾਈਆ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕ ਪਹਿਚਾਣ, ਬ੍ਰਹਮ ਪਾਰਬ੍ਰਹਮ ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਂਆ । ਕਰੇ ਖੇਲ ਨੌਂਜਵਾਨ, ਸਤਿਜੁਗ ਨੱਯਾ ਨੌਕਾ ਆਪ ਚਲਾਈਆ । ਸਚਖੰਡ ਨਿਵਾਸੀ ਦਇਆਵਾਨ, ਠਾਕਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਦਏ ਸਮਝਾਈਆ । ਸਤਿਜੁਗ ਤੇਰਾ ਸਾਚਾ ਸੰਗ, ਹਰਿ ਸਤਿਗੁਰ ਆਪ ਜਣਾਇੰਦਾ । ਭਗਤ ਭਗਵੰਤ ਚਾੜ੍ਹੇ ਰੰਗ, ਰੰਗ ਤੇਰੇ ਨਾਲ ਮਿਲਾਇੰਦਾ । ਦੋਹਾਂ ਵਿਚ ਇਕ ਅਨੰਦ, ਇਕੋ ਰੂਪ ਸਮਾਇੰਦਾ । ਜਗਤ ਨਾਤਾ ਦੇਵੇ ਗੰਢ, ਪੁਰਖ ਬਿਧਾਤਾ ਜੋੜ ਜੁੜਾਇੰਦਾ । ਰਸਨਾ ਜਿਹਵਾ ਕੋਈ ਨਾ ਖਾਏ ਗੰਦ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਆਤਮ ਨਾ ਹੋਏ ਰੰਡੇਪਾ ਰੰਡ, ਗੁਰਮੁਖ ਗੁਰਸਿਖ ਗੁਰ ਗੁਰ ਏਕਾ ਦਰ ਵਖਾਇੰਦਾ । ਗੀਤ ਸੁਹਾਗੀ ਸਾਚਾ ਛੰਦ, ਹਰਿ ਸਤਿਗੁਰ ਆਪ ਸੁਣਾਇੰਦਾ । ਲੇਖਾ ਜਾਣੇ ਜੀਉ ਪਿੰਡ ਇੰਡ, ਬ੍ਰਹਿਮੰਡ ਖੋਜ ਖੋਜਾਇੰਦਾ । ਦਿਆਲ ਠਾਕਰ ਸਵਾਮੀ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਇੰਦਾ । ਸਾਚਾ ਨਾਮ ਦੇਵੇ ਵੰਡ, ਵੰਡ ਇਕੋ ਵਾਰ ਕਰਾਇੰਦਾ । ਜ਼ਾਤ ਪਾਤ ਕੋਈ ਰਹੇ ਨਾ ਕੰਧ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਗੁਰਮੁਖ ਅੰਦਰ ਗੋਬਿੰਦ ਰੰਗ, ਨਾਨਕ ਨਿਰਗੁਣ ਜੋਤੀ ਜੋਤ ਜਗਾਇੰਦਾ । ਪੁਰਖ ਅਕਾਲ ਆਪੇ ਜਾਣੇ ਅਗਲਾ ਪੰਧ, ਬਣ ਪਾਂਧੀ ਵੇਖ ਵਖਾਇੰਦਾ । ਭਗਤ ਭਗਵਾਨ ਸਤਿਜੁਗ ਸਤਿ ਸਤਿਵਾਦੀ ਦਾਨ ਸਾਚੀ ਮੰਗ, ਬਿਨ ਮੰਗਿਆਂ ਝੋਲੀ ਪਾਇੰਦਾ ।

## ✳ ੧੩ ਅੱਸੂ ੨੦੧੯ ਬਿਕ੍ਰਮੀ ਪਿਆਰਾ ਸਿੰਘ ਦੇ ਗ੍ਰਹਿ ਦੋਸਾਂਝ ਕਲਾਂ ✳

ਸਚ ਦਵਾਰ ਸਚਖੰਡ, ਗੁਰ ਅਵਤਾਰ ਧਿਆਨ ਲਗਾਈਆ । ਹੋਏ ਪਰਕਾਸ਼ ਬਿਨ ਸੂਰਜ ਚੰਦ, ਪੀਰ ਪੈਗ਼ੰਬਰ ਸੀਸ ਝੁਕਾਈਆ । ਆਦਿ ਜੁਗਾਦਿ ਇਕ ਅਨੰਦ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹੀਆ । ਨਜ਼ਰੀ ਆਏ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਹਰਿ ਸਚ ਦਵਾਰਾ, ਸੋ ਪੁਰਖ ਨਿਰੰਜਣ ਆਪ ਉਪਾਇੰਦਾ । ਹਰਿ ਪੁਰਖ ਨਿਰੰਜਣ ਕਰ ਪਸਾਰਾ, ਏਕੰਕਾਰਾ ਵੇਖ ਵਖਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਸਾਚੇ ਮੰਦਰ ਸੋਭਾ ਪਾਇੰਦਾ । ਸ੍ਰੀ ਭਗਵਾਨ ਦਏ ਹੁਲਾਰਾ, ਸਚ ਹੁਲਾਰਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਕਰ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਉਚ ਮਹੱਲਾ, ਹਰਿ ਜੂ ਹਰਿ ਹਰਿ ਆਪ ਵਸਾਈਆ । ਆਦਿ ਜੁਗਾਦੀ ਵਸੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਲਾਈਆ । ਨਿਰਗੁਣ ਨਿਰਗੁਣ ਫੜਿਆ ਪੱਲਾ, ਪੱਲੂ ਛੁਟ ਕਦੇ ਨਾ ਜਾਈਆ । ਜੋਤੀ ਜੋਤ ਜੋਤ ਆਪੇ ਰੱਲਾ, ਨੂਰ ਨੂਰ ਨੂਰ ਸਮਾਈਆ । ਸਚ ਸਿੰਘਾਸਣ ਇਕੋ ਮੱਲਾ, ਪਾਵਾ ਚੂਲ ਨਾ ਕੋਇ ਵਖਾਈਆ । ਸਤਿ ਸੰਦੇਸ ਨਰ ਨਰੇਸ਼ ਇਕੋ ਘੱਲਾ, ਬਿਨ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦਵਾਰ ਸ੍ਰੀ ਭਗਵਾਨ, ਹਰਿ ਸਤਿਗੁਰ ਆਪ ਸੁਹਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਪੁਰਖ ਅਕਾਲਾ ਸੋਭਾ ਪਾਇੰਦਾ । ਸਤਿ ਸਰੂਪੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਦਰ ਦਰਵੇਸ਼ ਬਣ ਦਰਬਾਨ, ਅਲੱਖ ਅਗੋਚਰ ਆਪਣੀ ਅਲਖ ਆਪ ਜਗਾਇੰਦਾ । ਲੇਖਾ ਜਾਣ ਸ੍ਰੀ ਭਗਵਾਨ, ਲੇਖਾ ਲਿਖਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਵਡਿਆਇੰਦਾ । ਸਚਖੰਡ ਦਵਾਰ ਸਤਿ ਪਰਕਾਸ਼, ਅਨੁਭਵ ਆਪ ਕਰਾਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਵਖਾਈਆ । ਨਾ ਕੋਈ ਮੰਡਲ ਨਾ ਕੋਈ ਰਾਸ, ਗੋਪੀ ਕਾਹਨ ਨਾ ਨਾਚ ਨਚਾਈਆ । ਨਾ ਕੋਈ ਦਾਸੀ ਨਾ ਕੋਈ ਦਾਸ, ਰਾਜਨ ਰਾਜ ਨਾ ਕੋਇ ਅਖਵਾਈਆ । ਨਾ ਕੋਈ ਦਿਸੇ ਤ੍ਰਿਲੋਕੀ ਨਾਥ, ਅਨਾਥਾਂ ਨਾਥ ਨਾ ਕੋਇ ਸਹਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਅੱਖਰ ਵੱਖਰ ਨਾ ਕੋਇ ਪੜ੍ਹਾਈਆ । ਨਾ ਕੋਈ ਨਾਰੀ ਨਾ ਕੋਈ ਕਮਲਾਪਾਤ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਨਾ ਕੋਈ ਸੂਰਜ ਨਾ ਕੋਈ ਚਾਂਦ, ਰਵ ਸਸ ਨਾ ਕੋਇ ਰੁਸ਼ਨਾਈਆ । ਨਾ ਕੋਈ ਖੇਲ ਨਾ ਤਮਾਸ਼, ਬਾਜ਼ੀਗਰ ਡੰਕ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਨਿਰਗੁਣ ਜੋਤ ਨੂਰ ਪਰਕਾਸ਼, ਨੂਰ ਨੁਰਾਨਾ ਇਕ ਧਰਾਈਆ । ਨੂਰ ਨੁਰਾਨਾ ਪਰਵਰਦਿਗਾਰ, ਬੇਐਬ ਆਪਣਾ ਖੇਲ ਕਰਾਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਡੇਰਾ ਲਾਇੰਦਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਸਚ ਮਹੱਲੇ ਕਰ ਪਸਾਰ, ਮਹਿਫਲ ਆਪਣੀ ਇਕ ਵਖਾਇੰਦਾ । ਕਰੇ ਖੇਲ ਅਗੰਮ ਅਪਾਰ, ਅਬਾਹ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰ ਆਪ ਵਸਾਇੰਦਾ । ਸਚਖੰਡ ਦਵਾਰਾ ਵਸਾਏ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਲੇਖਾ ਜਾਣੇ ਆਦਿ ਅੰਤ, ਆਦਿ ਅੰਤ ਆਪਣੇ ਹੱਥ ਰਖਾਈਆ । ਮੇਲ ਮਿਲਾਵਾ ਨਾਰੀ ਕੰਤ, ਨਿਰਗੁਣ ਨਿਰਗੁਣ ਲਏ ਪਰਨਾਈਆ । ਬੋਧ ਅਗਾਧੀ ਮਣੀਆ ਮੰਤ, ਨਾਉਂ ਨਿਰੰਕਾਰਾ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਚਖੰਡ ਦਵਾਰਾ ਵੇਖੇ ਚਾਈਂ ਚਾਈਆ । ਸਚਖੰਡ ਦਵਾਰੇ ਖੇਲ ਅਪਾਰਾ, ਹਰਿ ਅਪਰੰਪਰ ਆਪ ਕਰਾਇੰਦਾ । ਛੱਪਰ ਛੰਨ ਨਾ ਕੋਇ ਦੀਵਾਰਾ, ਨਾ ਕੋਇ ਬਾਢੀ ਬਣਤ ਬਣਾਇੰਦਾ । ਨਾ ਕੋਈ ਘਾੜਤ ਘੜੇ ਬਣ ਠਠਿਆਰਾ, ਨੇਤਰ ਲੋਚਣ ਨਾ ਕੋਇ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਸਾਲਾਹਿੰਦਾ । ਨਾ ਕੋਇ ਗੁਰ ਨਾ ਅਵਤਾਰਾ, ਸਾਧ ਸੰਤ ਨਾ ਡੰਕ ਵਜਾਇੰਦਾ । ਇਕ ਇਕੱਲਾ ਏਕੰਕਾਰਾ, ਨਿਰਗੁਣ ਨਿਰਗੁਣ ਕਰ ਪਸਾਰਾ, ਸਚ ਦਰ ਸਾਚੇ ਸੋਭਾ ਪਾਇੰਦਾ । ਸਚਖੰਡ ਦਵਾਰਾ ਸਾਚਾ ਰੰਗ, ਹਰਿ ਪੁਰਖ ਨਿਰੰਜਣ ਆਪ ਰੰਗਾਈਆ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਏਕੰਕਾਰਾ ਖੇਲ ਕਰਾਈਆ । ਆਦਿ ਨਿਰੰਜਣ ਇਕ ਅਨੰਦ, ਅਬਿਨਾਸ਼ੀ ਕਰਤਾ ਦਏ ਵਖਾਈਆ । ਸ੍ਰੀ ਭਗਵਾਨ ਖੇਲੇ ਖੇਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਪਾਰਬ੍ਰਹਮ ਪ੍ਰਭ ਵੰਡੇ ਵੰਡ, ਦਾਤਾ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਕਰਾਈਆ । ਸਚਖੰਡ ਦਵਾਰ ਹਰਿ ਨਿਰੰਕਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਆਦਿ ਪੁਰਖ ਪੁਰਖ ਕਰ ਪਸਾਰਾ, ਖੇਲੇ ਖੇਲ ਅਗੰਮ ਅਪਾਰਾ, ਅਗੋਚਰ ਆਪਣੀ ਧਾਰ ਜਣਾਇੰਦਾ । ਤਖ਼ਤ ਨਿਵਾਸੀ ਹੋ ਉਜਿਆਰਾ, ਸ਼ਾਹੋ ਸ਼ਾਬਾਸ਼ੀ ਭੇਵ ਨਿਆਰਾ, ਰਾਜਨ ਰਾਜ ਹੁਕਮ ਆਪਣਾ ਆਪ ਵਰਤਾਇੰਦਾ । ਧੁਰ ਫ਼ਰਮਾਣਾ ਬੋਲ ਜੈਕਾਰਾ, ਸਤਿ ਲਗਾਏ ਇਕੋ ਨਾਅਰਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਨਾ ਕੋਈ ਸੱਜਣ ਮੀਤ ਮੁਰਾਰਾ, ਪਿਤਾ ਪੂਤ ਨਾ ਕੋਇ ਆਧਾਰਾ, ਜਨਨੀ ਜਨ ਨਾ ਕੋਇ ਵਖਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ, ਆਪਣਾ ਕਰੇ ਆਪ ਪਸਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਆਪਣੀ ਕਿਰਤ ਆਪ ਕਮਾਈਆ । ਆਪੇ ਵੇਖੇ ਵਿਗਸੇ ਵੇਖਣਹਾਰ, ਦੂਸਰ ਸੰਗ ਨਾ ਕੋਇ ਰਲਾਈਆ । ਆਪਣੀ ਇਛਿਆ ਆਪੇ ਧਾਰ, ਆਪੇ ਭਿਛਿਆ ਦਏ ਵਰਤਾਈਆ । ਆਪੇ ਸਿਖਿਆ ਦੇਵੇ ਸੱਚੀ ਸਰਕਾਰ, ਸਤਿ ਸਤਿ ਕਰੇ ਪੜ੍ਹਾਈਆ । ਆਪੇ ਲੇਖਾ ਲਿਖਿਆ ਆਪਣਾ ਲਏ ਵਿਚਾਰ, ਲੇਖਾ ਆਪਣਾ ਆਪ ਵੰਡਾਈਆ । ਆਪਣਾ ਹਿੱਸਾ ਵੰਡੇ ਨਿਰੰਕਾਰ, ਨਿਰਗੁਣ ਨਿਰਗੁਣ ਝੋਲੀ ਆਪ ਭਰਾਈਆ । ਸਾਚੀ ਸੇਜਾ ਕਰ ਤਿਆਰ, ਸਚਖੰਡ ਸੇਜਾ ਆਪ ਹੰਢਾਈਆ । ਆਪੇ ਪੁਰਖ ਆਪੇ ਨਾਰ, ਨਰ ਨਰਾਇਣ ਏਕਾ ਕੰਤ ਰੂਪ ਵਟਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣੀ ਖੇਲ ਜਣਾਈਆ । ਜਨਨੀ ਜਨ ਬਣ ਕਰਤਾਰ, ਦਾਈ ਦਾਇਆ ਸੇਵ ਕਮਾਈਆ । ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਸ਼ਬਦ ਨਾਉਂ ਵਡਿਆਈਆ । ਥਿਰ ਘਰ ਦਵਾਰ ਖੋਲ੍ਹ ਕਿਵਾੜ, ਸਚਖੰਡ ਅੰਦਰ ਦਏ ਵਡਿਆਈਆ । ਛੋਟੇ ਬਾਲੇ ਅੰਦਰ ਦੇਵੇ ਵਾੜ, ਫੜ ਬਾਂਹੋਂ ਆਪ ਉਠਾਈਆ । ਆਪੇ ਚਲੇ ਨਾਲ ਨਾਲ, ਸਗਲਾ ਸੰਗ ਨਿਭਾਈਆ । ਸਾਚੀ ਸਿਖਿਆ ਇਕ ਸਿਖਾਲ, ਸਾਚਾ ਮਾਰਗ ਦਏ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਉਪਜਾਏ ਬਾਲ, ਬਾਲੀ ਬੁਧ ਨਾਲ ਰਲਾਈਆ । ਕਰੇ ਖੇਲ ਹਰਿ ਗੋਪਾਲ, ਗੋਬਿੰਦ ਆਪਣੀ ਧਾਰ ਜਣਾਈਆ । ਚਰਨ ਧੂੜੀ ਖੇਲ ਮਹਾਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਘਰ ਲਏ ਪਰਗਟਾਈਆ । ਘਰ ਵਿਚ ਘਰ ਥਿਰ ਘਰ, ਥਿਰ ਦਰਬਾਰੀ ਆਪ ਖੁਲ੍ਹਾਇਆ । ਪੁਰਖ ਅਬਿਨਾਸ਼ੀ ਘਾੜਨ ਘੜ, ਸਚਖੰਡ ਅੰਦਰ ਵੇਸ ਵਟਾਇਆ । ਸੁਤ ਦੁਲਾਰਾ ਅੰਦਰ ਕਰ, ਬਾਹਰ ਆਪਣਾ ਹੁਕਮ ਵਰਤਾਇਆ । ਸਚ ਸੰਦੇਸਾ

ਦੇਵੇ ਇਕੋ ਵਰ, ਏਕੰਕਾਰਾ ਏਕਾ ਵਾਰ ਸੁਣਾਇਆ । ਨਾ ਜਨਮੇ ਨਾ ਜਾਏ ਮਰ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇਆ । ਆਦਿ ਪੁਰਖ ਚਲਾਏ ਰਾਹ, ਮਹਿਮਾ ਅਕਥ ਕਥੀ ਨਾ ਜਾਈਆ । ਸੁਤ ਦੁਲਾਰਾ ਇਕ ਪਰਗਟਾ, ਸ਼ਬਦੀ ਸ਼ਬਦ ਦਏ ਵਡਿਆਈਆ । ਥਿਰ ਘਰ ਸਾਚੇ ਦਏ ਬਹਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਦੀਆ ਬਾਤੀ ਇਕ ਜਗਾ, ਕਮਲਾਪਾਤੀ ਵੇਖ ਵਖਾਈਆ । ਸਾਚਾ ਸਾਥੀ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਸਾਚੀ ਸਿਖਿਆ ਦਏ ਸਮਝਾ, ਬਿਨ ਅੱਖਰ ਕਰੇ ਪੜ੍ਹਾਈਆ । ਆਪਣਾ ਲੇਖਾ ਦਏ ਵਖਾ, ਲੇਖਾ ਇਕੋ ਇਕ ਦ੍ਰਿੜਾਈਆ । ਕਰੇ ਖੇਲ ਸੱਚਾ ਸ਼ਹਿਨਸ਼ਾਹ, ਸਚ ਸਿੰਘਾਸਣ ਆਸਣ ਲਾਈਆ । ਸੀਸ ਜਗਦੀਸ ਤਾਜ ਟਿਕਾ, ਧੁਰ ਫ਼ਰਮਾਣਾ ਇਕ ਅਲਾਈਆ । ਸੁਤ ਦੁਲਾਰੇ ਤੇਰੀ ਸੇਵਾ ਦਏ ਲਗਾ, ਸੇਵਕ ਏਕਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸ਼ਬਦ ਦਏ ਵਡਿਆਈਆ । ਸੁਤ ਦੁਲਾਰਾ ਛੋਟਾ ਬਾਲਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਪਾਰਬ੍ਰਹਮ ਤੇਰਾ ਖੇਲ ਨਿਰਾਲਾ, ਹਰਿ ਜੂ ਭੇਵ ਕੋਇ ਨਾ ਆਇੰਦਾ । ਮੋਹੇ ਮਾਰਗ ਦੱਸ ਇਕ ਸੁਖਾਲਾ, ਜਿਸ ਮਾਰਗ ਤੇਰਾ ਦਰਸ਼ਨ ਪਾਇੰਦਾ । ਚਰਨ ਕਵਲ ਕਵਲ ਚਰਨ ਮਿਲੇ ਮਾਣਾ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਆਦਿ ਜੁਗਾਦਿ ਰਹੇ ਤੇਰਾ ਧਿਆਨਾ, ਧਿਆਨ ਧਿਆਨ ਨਾਲ ਮਿਲਾਇੰਦਾ । ਸਾਚਾ ਦੱਸ ਆਪਣਾ ਗਾਣਾ, ਗਾ ਗਾ ਤੇਰਾ ਸ਼ੁਕਰ ਮਨਾਇੰਦਾ । ਸੀਸ ਜਗਦੀਸ ਮੰਨਾ ਤੇਰਾ ਭਾਣਾ, ਤੁਧ ਬਿਨ ਅਵਰ ਨਾ ਕੋਇ ਨਜ਼ਰੀ ਆਇੰਦਾ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਇੰਦਾ । ਸੁਤ ਸ਼ਬਦ ਵਡ ਬਲਵਾਨਾ,

ਬਲ ਤੇਰੇ ਵਿਚ ਟਿਕਾਇੰਦਾ । ਮੇਰਾ ਨੂਰ ਤੇਰਾ ਨਿਸ਼ਾਨਾ, ਤੇਰਾ ਨਿਸ਼ਾਨਾ ਮੇਰਾ ਨਾਉਂ ਪਰਗਟਾਇੰਦਾ । ਮੇਰਾ ਨਾਉਂ ਤੇਰਾ ਗਾਣਾ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਮੇਰਾ ਮੰਦਰ ਤੇਰਾ ਮਕਾਨਾ, ਚਰਨ ਕਵਲ ਟਿਕਾਣਾ ਇਕ ਰਖਾਇੰਦਾ । ਮੇਰਾ ਪ੍ਰੇਮ ਤੇਰਾ ਬਬਾਣਾ, ਸਚ ਉਡਾਰੀ ਇਕ ਲਗਾਇੰਦਾ ।

ਮੇਰਾ ਦਰਸ਼ਨ ਤੇਰਾ ਪੀਣਾ ਖਾਣਾ, ਦੂਜੀ ਤ੍ਰਿਸਨਾ ਭੁੱਖ ਨਾ ਕੋਇ ਰਖਾਇੰਦਾ । ਥਿਰ ਘਰ ਵਸੇ ਤੇਰਾ ਮਕਾਨਾ, ਸ੍ਰੀ ਭਗਵਾਨ ਆਪ ਵਸਾਇੰਦਾ । ਸਚਖੰਡ ਵਸੇ ਹਰਿ ਮਿਹਰਵਾਨਾ, ਮਿਹਰਵਾਨ ਮਿਹਰ ਨਜ਼ਰ ਬੇਨਜ਼ੀਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦੇਵੇ ਵਰ, ਥਿਰ ਘਰ ਸਾਚੇ ਮਾਣ ਰਖਾਇੰਦਾ । ਸੁਤ ਦੁਲਾਰੇ ਚੜ੍ਹਿਆ ਚਾ, ਥਿਰ ਘਰ ਸਾਚੇ ਵੱਜੀ ਵਧਾਈਆ । ਆਦਿ ਪੁਰਖ ਪ੍ਰਭ ਦਇਆ ਦਿਤੀ ਕਮਾ, ਦੀਨਨ ਆਪਣਾ ਹੱਥ ਟਿਕਾਈਆ । ਸਾਚੇ ਰਾਹੇ ਦੇਵੇ ਪਾ, ਫੜ ਬਾਂਹੋਂ ਦਏ ਸਮਝਾਈਆ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਂ, ਪਾਰਬ੍ਰਹਮ ਬੇਪਰਵਾਹੀਆ । ਚਰਨ ਕਵਲ ਕਵਲ ਚਰਨ ਦੇਵੇ ਸੱਚਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਆਦਿ ਅੰਤ ਕਰੇ ਸਚ ਨਿਆਂ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਆਦਿ ਜੁਗਾਦੀ ਜੁਗਾ ਜੁਗੰਤਰ ਬਣੇ ਪਿਤਾ ਮਾਂ, ਬਾਲਕ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਆਪਣਾ ਹੁਕਮ ਵਰਤਾਈਆ । ਆਦਿ ਪੁਰਖ ਸ੍ਰੀ ਭਗਵਾਨਾ, ਹਰਿ ਹਰਿ ਆਪਣਾ ਖੇਲ ਕਰਾਇੰਦਾ । ਸਚਖੰਡ ਨਿਵਾਸੀ ਵਡ ਪਰਧਾਨਾ, ਸਤਿ ਪਰਧਾਨਗੀ ਇਕ ਕਮਾਇੰਦਾ । ਸੁਤ ਦੁਲਾਰਾ ਨੌਜਵਾਨਾ, ਥਿਰ ਘਰ ਦਵਾਰੇ ਆਪ ਉਠਾਇੰਦਾ । ਸਚ ਸੰਦੇਸਾ ਦੇ ਪਰਵਾਨਾ, ਪਰਮ ਪੁਰਖ ਆਪ ਵਡਿਆਇੰਦਾ ।

ਕਰਨਾ ਖੇਲ ਦੋ ਜਹਾਨਾਂ ਦੋਏ ਦੋਏ ਧਾਰ ਆਪ ਰਖਾਇੰਦਾ । ਸਤਿ ਸਤਿਵਾਦੀ ਬੰਨ੍ਹੇ ਗਾਨਾਂ, ਘਰ ਸਾਚੇ ਸਗਨ ਮਨਾਇੰਦਾ । ਨਿਰਗੁਣ ਗੋਪੀ ਨਿਰਗੁਣ ਕਾਹਨਾ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਨਿਰਗੁਣ ਮਰਦ ਨਿਰਗੁਣ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਨਿਰਗੁਣ ਰਾਗ ਨਿਰਗੁਣ ਤਰਾਨਾ, ਨਿਰਗੁਣ ਤਾਲ ਤਲਵਾੜਾ ਵਜਾਇੰਦਾ । ਨਿਰਗੁਣ ਮੰਦਰ ਨਿਰਗੁਣ ਮਕਾਨਾ, ਨਿਰਗੁਣ ਸਾਚੀ ਸੇਜ ਸੁਹਾਇੰਦਾ । ਨਿਰਗੁਣ ਪਹਿਰੇ ਨਿਰਗੁਣ ਜਾਮਾ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਇਛਿਆ ਨਿਰਗੁਣ ਪੂਰਨ ਕਰੇ ਕਾਮਾ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਸ਼ਬਦ ਸੁਤ ਮਾਰ ਧਿਆਨ, ਹਰਿ ਸਾਚਾ ਸਚ ਜਣਾਈਆ । ਥਿਰ ਘਰ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਧੁਰ ਦਰਬਾਰੇ ਦੇਵੇ ਮਾਣ, ਚਰਨ ਸਰਨ ਸੱਚੀ ਸਰਨਾਈਆ । ਵਸਤ ਅਮੋਲਕ ਪਾਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਵਿਸ਼ਵ ਕਰਨਾ ਖੇਲ ਮਹਾਨ, ਵਿਸ਼ਨੂੰ ਨੂਰ ਜੋਤ ਰੁਸ਼ਨਾਈਆ । ਅੰਮ੍ਰਿਤ ਦੇਣਾ ਪੀਣ ਖਾਣ, ਚਰਨ ਚਰਨ ਨਾਲ ਰਗੜਾਈਆ । ਨਾਭੀ ਰੱਖਣਾ ਆਪੇ ਆਣ, ਆਪ ਆਪਣੀ ਦਇਆ ਕਮਾਈਆ । ਪਾਰਬ੍ਰਹਮ ਕਰੇ ਧਿਆਨ, ਧਿਆਨ ਧਿਆਨ ਵਿਚ ਪਰਗਟਾਈਆ । ਤੇਰਾ ਉਪਜਾਏ ਸਚ ਨਿਸ਼ਾਨ, ਆਪਣੀ ਵੰਡਣ ਵੰਡ ਵੰਡਾਈਆ । ਬ੍ਰਹਮ ਪਰਗਟ ਕਰੇ ਨੂਰ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਕਵਲ ਕਵਲਾ ਕਵਲ ਪਰਵਾਨ, ਪੰਖੜੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦੇਵੇ ਵਰ, ਸੁਤ ਦੁਲਾਰੇ ਵਸਾਏ ਤੇਰਾ ਘਰ, ਵਿਸ਼ਨੂੰ ਅੰਦਰ ਕਵਲ ਸਰ, ਕਵਲ ਸਰ ਅੰਦਰ ਬ੍ਰਹਮ ਪਾਰਬ੍ਰਹਮ ਲਏ ਪਰਗਟਾਈਆ । ਵਿਸ਼ਨ ਬ੍ਰਹਮਾ ਤੇਰਾ ਸਾਚਾ ਰੰਗ, ਹਰਿ ਸਾਚਾ ਸਚ ਜਣਾਇੰਦਾ । ਸੁੰਨ ਅਗੰਮ ਖੇਲ ਸੂਰਾ ਸਰਬੰਗ, ਧੂੰਆਂਧਾਰ ਖੋਜ ਖੋਜਾਇੰਦਾ । ਸ਼ੰਕਰ ਲਾ ਆਪਣੇ ਅੰਗ, ਧੂੜੀ ਧੂੜ ਖ਼ਾਕ ਰਮਾਇੰਦਾ । ਦੇਵਣਹਾਰਾ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਇਕੇ ਮੰਡਲ ਸਾਚੀ ਵੰਡ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸੁਤ ਦੁਲਾਰਾ ਚਰਨੀ ਢਹਿ, ਪ੍ਰਭ ਅੱਗੇ ਸੀਸ ਝੁਕਾਈਆ । ਆਦਿ ਪੁਰਖ ਆਦਿ ਜੁਗਾਦਿ ਤੇਰਾ ਨਾਉਂ ਰਹੇ, ਮੇਰੀ ਚਲੇ ਨਾ ਕੋਇ ਚਤੁਰਾਈਆ । ਸੋਹੇ ਧਾਮ ਸੁਹੰਜਣਾ ਜਿਸ ਦਵਾਰੇ ਸਾਹਿਬ ਸੱਚਾ ਬਹੇ, ਹਉਂ ਬਾਲਕ ਸੇਵ ਕਮਾਈਆ । ਤੇਰਾ ਮੇਰਾ ਸੰਗ ਸਦਾ ਸਦ ਰਹੇ, ਵਛੋੜਾ ਦੇਣਾ ਨਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦੀ ਸੁਤ ਝੋਲੀ ਰਿਹਾ ਡਾਹੀਆ । ਪੁਰਖ ਅਬਿਨਾਸ਼ੀ ਪਿਆ ਹੱਸ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਸ਼ਬਦ ਸੁਤ ਤੇਰਾ ਮੇਰਾ ਇਕੋ ਰਸ, ਰਸ ਰਸੀਆ ਆਪ ਵਖਾਇੰਦਾ । ਇਕ ਦੂਜੇ ਦੇ ਹੋਏ ਵਸ, ਪੱਲੂ ਆਦਿ ਅੰਤ ਨਾ ਕੋਇ ਛੁਡਾਇੰਦਾ । ਮੈਂ ਤੇਰਾ ਖੇਲ ਵੇਖਾਂ ਨੱਸ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਆਦਿ ਮਾਰਗ ਦੇਵਾਂ ਦੱਸ, ਅੰਤ ਆਪਣੇ ਹੱਥ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਮੇਰਾ ਗਾਇਣ ਜਸ, ਜਸ ਇਕੋ ਇਕ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਰਾਹ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਆਪਣੀ ਵਥ, ਵਸਤ ਅਮੋਲਕ ਆਪ ਵਰਤਾਇੰਦਾ । ਤ੍ਰੈਗੁਣ ਮਾਇਆ ਕਰ ਪਰਗਟ, ਸਤੋ ਰਜੋ ਤਮੋ ਤਿੰਨਾਂ ਝੋਲੀ ਆਪ ਭਰਾਇੰਦਾ । ਆਪਣੀ ਮਹਿਮਾ ਜਾਣੇ ਅਕੱਥ, ਕਥਨੀ ਕਥ ਨਾ ਕੋਇ ਗਾਇੰਦਾ ।

ਪੰਚਮ ਤਤ ਬਣਾਏ ਰਥ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਇੰਦਾ । ਲੇਖਾ ਦੇਵੇ ਹੱਥੋ ਹੱਥ, ਸਾਚੀ ਵਸਤ ਆਪ ਫੜਾਇੰਦਾ । ਨਿਰਗੁਣ ਨਿਰੰਕਾਰ ਨਿਰਾਕਾਰ ਅਜੂਨੀ ਰਹਿਤ ਪੁਰਖ ਅਕਾਲ ਆਪਣੀ ਪਾਏ ਨਾਮ ਨੱਥ, ਡੋਰੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਰਾਹ ਚਲਾਇੰਦਾ । ਸੁਤ ਦੁਲਾਰੇ ਤੇਰਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਈਆ । ਬ੍ਰਹਿਮੰਡ ਖੰਡ ਰਚਨਾ ਲਏ ਰਚਾ, ਲੋਆਂ ਪੁਰੀਆਂ ਵੇਸ ਵਟਾਈਆ । ਰਵ ਸਸ ਸੂਰਜ ਚੰਦ ਕਿਰਨ ਕਿਰਨ ਕਿਰਨ ਵੰਡ ਲਏ ਵੰਡਾ, ਗੁਰ ਗੁਰ ਨਾਲ ਮਿਲਾਈਆ । ਮੰਡਲ ਮੰਡਪ ਦਏ ਵਸਾ, ਲੋਕ ਪਰਲੋਕ ਸੋਭਾ ਪਾਈਆ । ਤਖ਼ਤ ਨਿਵਾਸੀ ਸਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਧੁਰ ਫ਼ਰਮਾਣਾ ਦਏ ਸੁਣਾਈਆ । ਜ਼ਿਮੀਂ ਅਸਮਾਨਾਂ ਘਾੜਤ ਲਏ ਘੜਾ, ਘੜਨ ਭੰਨਣਹਾਰ ਬੇਪਰਵਾਹੀਆ । ਜਲ ਥਲ ਮਹੀਅਲ ਜਾਏ ਸਮਾ, ਸਮਗਰੀ ਆਪਣੇ ਹਥ ਰਖਾਈਆ । ਉਚੇ ਟਿੱਲੇ ਪਰਬਤ ਲਏ ਬਣਾ, ਡੂੰਘੀ ਕੰਦਰ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਦਏ ਲਗਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਚ ਭੰਡਾਰਾ ਦਏ ਵਰਤਾ, ਵਸਤ ਅਮੋਲਕ ਇਕ ਰਖਾਈਆ । ਵਿਸ਼ਨੂੰ ਗੋਲਕ ਦਏ ਭਰਾ, ਕਿਰਪਾ ਕਰ ਬੇਪਰਵਾਹੀਆ । ਬ੍ਰਹਮੇ ਪਾਰਬ੍ਰਹਮ ਦਏ ਸਮਝਾ, ਬ੍ਰਹਮ ਆਪਣੀ ਵੰਡ ਵੰਡਾਈਆ । ਪਰਮਾਤਮ ਆਤਮ ਖੇਲ ਕਰਾ, ਖ਼ਾਲਕ ਖ਼ਲਕ ਵੇਖ ਵਖਾਈਆ । ਲੱਖ ਚੁਰਾਸੀ ਘਾੜਤ ਦਏ ਜਣਾ, ਘੜ ਘੜ ਆਪੇ ਦਏ ਸਮਝਾਈਆ । ਜੇਰਜ ਅੰਡਜ ਉਤਭੁਜ ਸੇਤਜ ਵੰਡ ਦਏ ਵੰਡਾ, ਚਾਰੇ ਖਾਣੀ ਨਾਉਂ ਪਰਗਟਾਈਆ । ਚਾਰੇ ਬਾਣੀ ਦਏ ਸੁਣਾ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਚਾਰੇ ਯੁਗਾਂ ਹਿੱਸਾ ਦੇਵੇ ਪਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਚਾਰੇ ਵਰਨ ਵੇਖੇ ਥਾਉਂ ਥਾਂ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਗੰਢ ਪੁਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਲਏ ਖਲਾ, ਧਰਤ ਧਵਲ ਧਵਲ ਧਰਤ ਦਏ ਸੁਹਾਈਆ । ਨੌਂ ਖੰਡ ਪ੍ਰਿਥਮੀ ਨਿਰਗੁਣ ਜੋਤ ਕਰੇ ਰੁਸ਼ਨਾ, ਸੱਤਾਂ ਦੀਪਾਂ ਫੇਰਾ ਪਾਈਆ । ਬ੍ਰਹਿਮੰਡ ਖੰਡ ਵੇਖੇ ਬਣ ਮਲਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦ ਸੁਤ ਤੇਰਾ ਹੁਕਮ ਦਏ ਵਰਤਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੇ ਹੁਕਮੇ ਅੰਦਰ ਪੰਜ ਤਤ ਦਏ ਵਡਿਆ, ਮਨ ਮਤ ਬੁਧ ਨਾਲ ਮਿਲਾਈਆ । ਘਰ ਵਿਚ ਘਰ ਤੇਰਾ ਦਏ ਵਸਾ, ਜੁਗ ਚੌਕੜੀ ਵੇਖਣ ਕੋਇ ਨਾ ਪਾਈਆ । ਬੂੰਦ ਰਕਤ ਪੰਜ ਤਤ ਤ੍ਰੈਗੁਣ ਮੇਲ ਮਿਲਾ, ਹੱਡ ਮਾਸ ਨਾੜੀ ਰਤ ਸੋਭਾ ਪਾਈਆ । ਨੌਂ ਦਵਾਰੇ ਦਏ ਖੁਲ੍ਹਾ, ਜਗਤ ਤ੍ਰਿਸਨਾ ਨਾਲ ਰਲਾਈਆ । ਸ਼ਾਹ ਰਗ ਉਪਰ ਡੇਰਾ ਦੇਵੇ ਲਾ, ਕਰੇ ਖੇਲ ਬੇਪਰਵਾਹੀਆ । ਡੂੰਘੀ ਭਵਰੀ ਵੇਸ ਵਟਾ, ਵੇਸ ਅਵੱਲਾ ਦਏ ਸਮਝਾਈਆ । ਸੁਖਮਨ ਟੇਢੀ ਬੰਕ ਦਏ ਬਣਾ, ਈੜਾ ਪਿੰਗਲ ਸੇਵ ਕਮਾਈਆ । ਅੰਮ੍ਰਿਤ ਆਤਮ ਕਵਲ ਨਾਭੀ ਦਏ ਟਿਕਾ, ਝਿਰਨਾ ਆਪਣੇ ਹੱਥ ਝਿਰਾਈਆ । ਘਰ ਦੀਪਕ ਜੋਤ ਨਿਰੰਜਣ ਦਏ ਟਿਕਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਤੇਰਾ ਅਨਹਦ ਨਾਦੀ ਨਾਦ ਦਏ ਵਜਾ, ਉਪਰ ਆਪਣਾ ਪਰਦਾ ਪਾਈਆ । ਬਜਰ ਕਪਾਟੀ ਕੁੰਡਾ ਦਏ ਲਗਾ, ਨਾ ਕੋਈ ਤੋੜੇ ਤੋੜ ਤੁੜਾਈਆ । ਆਤਮ ਸੇਜਾ ਦਏ ਵਿਛਾ, ਘਰ ਸੁਹੰਜਣੀ ਸੇਜ ਬਣਾਈਆ । ਪਰਮਾਤਮ ਬੈਠੇ ਮੁੱਖ ਛੁਪਾ, ਨਿਝ ਨੇਤਰ ਨੈਣ ਬਿਨ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਧੰਦੇ ਲਏ ਲਗਾ, ਲੋਕਮਾਤ ਬੰਧਨ ਪਾਈਆ । ਸ਼ਬਦ ਸੁਤ ਤੇਰਾ ਮਾਰਗ ਦਏ ਜਣਾ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਗੁਰ ਅਵਤਾਰ ਲਏ ਪਰਗਟਾ, ਤੇਰਾ ਨਾਉਂ ਕਰੇ ਰੁਸ਼ਨਾਈਆ । ਧੁਰ ਫ਼ਰਮਾਣਾ


੧੦੩੪ ੧੨

ਸ੍ਰੀ ਭਗਵਾਨਾ ਬੋਧ ਅਗਾਧਾ ਦਏ ਸੁਣਾ, ਅੱਖਰ ਵੱਖਰ ਕਰ ਪੜ੍ਹਾਈਆ । ਆਤਮ ਪਰਮਾਤਮ ਪਰਦਾ ਦੇਵੇ ਲਾਹ, ਸੇਜ ਸੁਹੰਜਣੀ ਸੋਭਾ ਪਾਈਆ । ਨਿਰਮਲ ਨੂਰ ਕਰ ਰੁਸ਼ਨਾ, ਅਗਿਆਨ ਅੰਧੇਰ ਚੁਕਾਈਆ । ਅਨਹਦ ਨਾਦੀ ਨਾਦ ਦਏ ਸੁਣਾ, ਅੱਠੇ ਪਹਿਰ ਕਰੇ ਸ਼ਨਵਾਈਆ । ਪੰਚ ਵਿਕਾਰਾ ਦਏ ਖਪਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਸਾ ਤ੍ਰਿਸ਼ਨਾ ਦਏ ਮਿਟਾ, ਹਉਮੇ ਹੰਗਤਾ ਰੋਗ ਮਿਟਾਈਆ । ਆਪਣਾ ਦਰਸ਼ਨ ਦਏ ਵਖਾ, ਸਵੱਛ ਸਰੂਪੀ ਰੂਪ ਵਟਾਈਆ । ਕਰੇ ਖੇਲ ਬੇਪਰਵਾਹ, ਸ਼ਬਦ ਸੁਤ ਤੇਰਾ ਨਾਉਂ ਸਿਫ਼ਤ ਸਾਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਮਨਾ, ਨਾਮ ਪੱਟੀ ਇਕ ਪੜ੍ਹਾਈਆ । ਕੋਟਨ ਕੋਟ ਸਿਫ਼ਤੀ ਨਾਉਂ ਲਏ ਰਖਾ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਲਏ ਹੰਢਾ, ਨਵ ਨੌਂ ਚਾਰ ਵੇਖ ਵਖਾਈਆ । ਕਾਗਦ ਕਲਮ ਸ਼ਾਹੀ ਲਏ ਰਲਾ, ਵੇਦ ਪੁਰਾਨ ਸ਼ਾਸਤਰ ਸਿਮਰਤ ਲੇਖਾ ਲਏ ਜਣਾਈਆ । ਅੰਜੀਲ ਕੁਰਾਨਾ ਤੀਸ ਬੱਤੀਸਾ ਲਏ ਗਾ, ਸਚ ਹਦੀਸਾ ਇਕ ਪੜ੍ਹਾਈਆ । ਖਾਣੀ ਬਾਣੀ ਮੇਲਾ ਸਹਿਜ ਸੁਭਾ, ਆਤਮ ਪਰਮਾਤਮ ਨਾਤਾ ਜੋੜ ਜੁੜਾਈਆ । ਸ਼ਬਦ ਗੁਰ ਤੇਰਾ ਡੰਕ ਦਏ ਵਜਾ, ਗੁਰੂ ਗੁਰ ਨਜ਼ਰੀ ਇਕੋ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਚੋਲਾ ਲਏ ਹੰਢਾ, ਨਿਤ ਨਵਿਤ ਵੇਸ ਵਟਾਈਆ । ਭਗਤ ਭਗਵਾਨ ਲਏ ਮਿਲਾ, ਭਾਗ ਆਪਣੇ ਹੱਥ ਰਖਾਈਆ । ਸਾਚੇ ਸੰਤਾਂ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖ ਗਲੇ ਲਏ ਲਗਾ, ਆਪ ਆਪਣੀ ਗੋਦ ਬਹਾਈਆ । ਗੁਰਸਿਖ ਲੱਖ ਚੁਰਾਸੀ ਫਾਸੀ ਦਏ ਤੁੜਾ, ਰਾਏ ਧਰਮ ਨਾ ਦਏ ਸਜ਼ਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਤੇਰੀ ਸੇਵਾ ਦਏ ਲਗਾ, ਸਾਚਾ ਹੁਕਮ ਇਕ ਸਮਝਾਈਆ । ਤੇਈ ਅਵਤਾਰ ਨਾਲ ਰਲਾ, ਭਗਤ ਅਠਾਰਾਂ ਦੇਣ ਸਲਾਹੀਆ । ਈਸਾ ਮੂਸਾ ਮੁਹੰਮਦ ਲੇਖਾ ਲੇਖ ਜਣਾ, ਪਾਕ ਰਸੂਲ ਦਏ ਵਡਿਆਈਆ । ਨਾਨਕ ਗੋਬਿੰਦ ਇਕੋ ਜੋਤੀ ਜੋਤ ਕਰ ਰੁਸ਼ਨਾ, ਦਹਿ ਦਿਸ਼ਾ ਵੇਖੇ ਚਾਈਂ ਚਾਈਂਆ । ਤੇਰਾ ਨਾਉਂ ਢੋਲਾ ਸਾਚਾ ਸੋਹਲਾ ਨਾਮ ਸਤਿ ਸਤਿ ਨਾਮ ਮੰਤਰ ਇਕ ਦ੍ਰਿੜਾ, ਦ੍ਰਿੜ ਵਿਸ਼ਵਾਸ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਗੁਰ ਸ਼ਬਦੀ ਤੇਰਾ ਨਾਉਂ ਮੰਤ, ਮੰਤਰ ਇਕੋ ਇਕ ਜਣਾਈਆ । ਆਦਿ ਅੰਤ ਮੰਤਰ ਗੁਰਦੇਵ, ਹਰਿ ਸਵਾਮੀ ਆਪ ਜਣਾਇੰਦਾ । ਚਾਰ ਯੁਗ ਕਰਨੀ ਸੇਵ, ਸੇਵਾ ਸਾਚੀ ਇਕ ਵਖਾਇੰਦਾ । ਪਾਰਬ੍ਰਹਮ ਵਡ ਦੇਵੀ ਦੇਵ, ਦੇਵਤ ਸੁਰ ਤੇਰੇ ਹੁਕਮ ਰਖਾਇੰਦਾ । ਅੰਮ੍ਰਿਤ ਆਤਮ ਰਸ ਸਾਚਾ ਮੇਵ, ਲੱਖ ਚੁਰਾਸੀ ਬੂਟਾ ਆਪ ਮਹਿਕਾਇੰਦਾ । ਆਦਿ ਜੁਗਾਦਿ ਸਦਾ ਸਦ ਨਿਹਕੇਵ, ਨਿਹਚਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਤੇਰਾ ਮਾਰਗ ਇਕ ਜਣਾਇੰਦਾ । ਸ਼ਬਦ ਸੁਤ ਚਰਨ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਹਉਂ ਬਰਦਾ ਸੇਵਕ ਦਵਾਰ, ਦਰ ਤੇਰੇ ਸੇਵ ਕਮਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈ ਪੰਜ ਮੇਲਾ ਮੇਲ ਮਿਲਾਇਆ । ਲੱਖ ਚੁਰਾਸੀ ਘਾੜਨ ਘੜ ਬਣ ਠਠਿਆਰ, ਨਿਰਗੁਣ ਸਰਗੁਣ ਰੂਪ ਧਰਾਇਆ । ਲੱਖ ਚੁਰਾਸੀ ਹੋ ਉਜਿਆਰ, ਜੋਤ ਨਿਰੰਜਣ ਡਗਮਗਾਇਆ । ਸ਼ਬਦ ਅਗੰਮੀ ਨਾਦ ਧੁੰਨਕਾਰ, ਧੁੰਨ ਆਤਮਕ ਰਾਗ ਸੁਣਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਤਿਆਰ, ਤ੍ਰੈਗੁਣ ਅਤੀਤਾ ਖੇਲ ਕਰਾਇਆ । ਭਗਤ ਭਗਵੰਤ ਖੋਲ੍ਹ ਕਿਵਾੜ, ਸਾਚਾ ਮੰਦਰ ਇਕ ਦਰਸਾਇਆ । ਸਾਚੇ ਸੰਤਾਂ ਕਰ ਪਰਕਾਸ਼ ਬਹੱਤਰ ਨਾੜ, ਨਾੜੀ ਨਾੜੀ ਰੋਗ ਗਵਾਇਆ । ਗੁਰਮੁਖ ਸਾਚੇ ਘੋੜੇ ਚਾੜ੍ਹ, ਵਾਗਾਂ


੧੦੩੫
੧੨

ਆਪਣੇ ਹੱਥ ਰਖਾਇਆ । ਗੁਰਸਿਖਾਂ ਦੇਵੇ ਇਕ ਸਹਾਰ, ਪ੍ਰੇਮ ਪਿਆਲਾ ਨਾਮ ਪਿਆਇਆ । ਦੀਨ ਦਿਆਲਾ ਏਕੰਕਾਰ, ਜੁਗ ਜੁਗ ਆਪਣਾ ਖੇਲ ਕਰਾਇਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਵਿਚ ਸੰਸਾਰ, ਅੰਤ ਲੋਕਮਾਤ ਰਹਿਣ ਨਾ ਪਾਇਆ । ਕਲਜੁਗ ਵੇਖੇ ਅੰਤਮ ਧਾਰ, ਪੁਰਖ ਅਬਿਨਾਸ਼ੀ ਖੇਲ ਕਰਾਇਆ । ਨੌਂ ਖੰਡ ਪ੍ਰਿਥਮੀ ਗਈ ਹਾਰ, ਹਾਹਾਕਾਰ ਸ੍ਰਿਸ਼ਟ ਸਬਾਇਆ । ਜੀਵ ਜੰਤ ਕਰਨ ਪੁਕਾਰ, ਉਚੀ ਕੂਕ ਕੂਕ ਅਲਾਇਆ । ਰਾਜੇ ਰਾਣੇ ਗਏ ਹਾਰ, ਰੱਯਤ ਰੂਪ ਨਾ ਕੋਇ ਵਖਾਇਆ । ਨੌਂ ਖੰਡ ਪ੍ਰਿਥਮੀ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਗੁਰ ਕਾ ਸ਼ਬਦ ਨਾ ਕਰੇ ਕੋਇ ਪਿਆਰ, ਨਾਨਕ ਗੋਬਿੰਦ ਗਏ ਭੁਲਾਇਆ । ਈਸਾ ਮੂਸਾ ਮੁਹੰਮਦ ਮਿਲੇ ਨਾ ਸੱਚਾ ਯਾਰ, ਚਾਰ ਯਾਰੀ ਨਾਤਾ ਰਹੀ ਤੁੜਾਇਆ । ਭਗਤ ਅਠਾਰਾਂ ਨਾ ਕੋਇ ਆਧਾਰ, ਧਰਨੀ ਧਰਤ ਧਵਲ ਦਏ ਦੁਹਾਇਆ । ਤੇਈ ਅਵਤਾਰ ਨਾ ਕੋਇ ਪਿਆਰ, ਚਰਨ ਪ੍ਰੀਤੀ ਨਾ ਕੋਇ ਨਿਭਾਇਆ । ਸੀਤਾ ਸੁਰਤੀ ਨਾ ਪਾਵੇ ਸਾਰ, ਰਾਮ ਮੇਲ ਨਾ ਕੋਇ ਮਿਲਾਇਆ । ਕਾਹਨਾ ਕ੍ਰਿਸ਼ਨਾ ਨਾ ਮੀਤ ਮੁਰਾਰ, ਮਧੁਰ ਬੰਸਰੀ ਰਾਗ ਨਾ ਕੋਇ ਸੁਣਾਇਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਹੋਇਆ ਨਾਰ ਵਿਭਚਾਰ, ਹਰਿ ਜੂ ਕੰਤ ਨਾ ਕੋਇ ਹੰਢਾਇਆ । ਸਰ ਸਰੋਵਰ ਨੰਗੇ ਤਾਰੀਆਂ ਰਹੇ ਮਾਰ, ਲੱਜ ਪਤ ਨਿਝ ਨਾ ਕੋਇ ਜਣਾਇਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਕੁਕਰਮੀ ਕਰਮ ਕਰੇ ਅਕਿਰਤਘਣ ਗੁਰ ਨਾਉਂ ਨਾ ਕੋਇ ਵਿਚਾਰ, ਹਰਿ ਸ਼ਬਦ ਵਿਚਾਰ ਵਿਚ ਨਾ ਆਇਆ । ਕਲਜੁਗ ਖੇਲ ਕਰੇ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਇਕ ਵਰ, ਆਦਿ ਅੰਤ ਸ੍ਰੀ ਭਗਵੰਤ ਤੇਰੇ ਹੱਥ ਫੜਾਇਆ । ਸ਼ਬਦ ਸੁਤ ਵਡ ਬਲਵਾਨਾ, ਬਲ ਆਪਣਾ ਆਪ ਧਰਾਈਆ । ਕਲਜੁਗ


੧੦੩੬

ਵੇਖੇ ਕੂੜ ਨਿਸ਼ਾਨਾ, ਜੂਠ ਝੂਠ ਦਏ ਦੁਹਾਈਆ । ਹਰਿ ਕਾ ਨਾਮ ਨਾ ਕਿਸੇ ਵਖਾਨਾ, ਭਰਮੇ ਭੁੱਲੀ ਸਰਬ ਲੋਕਾਈਆ । ਅੰਮ੍ਰਿਤ ਆਤਮ ਮਿਲੇ ਨਾ ਪੀਣਾ ਖਾਣਾ, ਤ੍ਰਿਸਨਾ ਭੁੱਖ ਨਾ ਕੋਇ ਗਵਾਈਆ । ਅਨਹਦ ਨਾਦ ਨਾ ਕੋਇ ਗਾਨਾ, ਛੱਤੀ ਰਾਗ ਭੇਵ ਕੋਇ ਨਾ ਪਾਈਆ । ਗੋਬਿੰਦ ਗੁਰ


੧੨

ਨਾ ਮਿਲੇ ਕਾਇਆ ਸਚ ਮਕਾਨਾ, ਨਿਝ ਨੇਤਰ ਨਜ਼ਰ ਕਿਸੇ ਨਾ ਆਈਆ । ਨਾਨਕ ਨਾਮ ਸਤਿ ਨਾ ਸੁਣਾਏ ਕਿਸੇ ਤਰਾਨਾ, ਬੈਠਾ ਆਪਣਾ ਮੁਖ ਛੁਪਾਈਆ । ਈਸਾ ਮੂਸਾ ਮੁਹੰਮਦ ਹੋਏ ਹੈਰਾਨਾ, ਹਰਿ ਕਾ ਭੇਵ ਕੋਇ ਨਾ ਪਾਈਆ । ਚੌਦਾਂ ਤਬਕ ਦਿਸਣ ਵੈਰਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਸੁਤ ਇਕ ਵਡਿਆਈਆ । ਸ਼ਬਦ ਸੁਤ ਸੂਰਾ ਸਰਬੰਗ, ਜੁਗ ਜੁਗ ਵੇਖ ਵਖਾਇੰਦਾ । ਸਾਚੇ ਅਸਵ ਕਸ ਕਸ ਤੰਗ, ਸੋਲਾਂ ਕਲੀਆਂ ਆਸਣ ਪਾਇੰਦਾ । ਸ਼ਾਹਸਵਾਰਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾ ਵੇਖੇ ਲੰਘ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਨਰ ਨਿਰੰਕਾਰਾ ਵਜਾਏ ਇਕ ਮਰਦੰਗ, ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਇੰਦਾ । ਕਲਜੁਗ ਔਧ ਰਹੀ ਲੰਘ, ਵੇਲਾ ਅੰਤ ਗਿਆ ਹੱਥ ਨਾ ਆਇੰਦਾ । ਕੂੜੀ ਕਿਰਿਆ ਢਹਿਣੀ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਸ਼ਾਹ ਸੁਲਤਾਨਾਂ ਨੰਗੀ ਕਰੇ ਕੰਡ, ਸੀਸ ਤਾਜ ਨਾ ਕੋਇ ਰਖਾਇੰਦਾ । ਚਾਰ ਵਰਨ ਹੋਏ ਭੰਗ, ਅਠਾਰਾਂ ਬਰਨ ਨਾ ਕੋਇ ਵਡਿਆਇੰਦਾ । ਨੌਂ ਖੰਡ ਪ੍ਰਿਥਮੀ ਹੋਣਾ ਖੰਡ ਖੰਡ, ਹਰਿ ਜੂ ਖੰਡਾ ਇਕ ਖੜਕਾਇੰਦਾ । ਫਿਰੇ ਦਰੋਹੀ ਵਿਚ ਬ੍ਰਹਿਮੰਡ, ਕਰੋੜ ਤੇਤੀਸਾ ਨੀਰ ਵਹਾਇੰਦਾ । ਪਰਗਟ ਹੋਏ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਜਣਾਇੰਦਾ । ਸ਼ਬਦ ਗੁਰ ਹਰਿ ਬੋਲ ਜੈਕਾਰਾ, ਜੈ ਜੈਕਾਰ ਸੁਣਾਈਆ ।

ਕਲਜੁਗ ਅੰਤਮ ਦਿਸੇ ਕਿਨਾਰਾ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਪਰਗਟ ਹੋਏ ਮਹਾਬਲੀ ਅਵਤਾਰਾ, ਬਲ ਆਪਣਾ ਆਪ ਪਰਗਟਾਈਆ । ਨਾਉਂ ਰਖਾਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਆਪਣਾ ਆਸਣ ਲਾਈਆ । ਦੋ ਜਹਾਨਾਂ ਕਰੇ ਖ਼ਬਰਦਾਰਾ, ਪੀਰ ਪੈਗ਼ੰਬਰ ਲਏ ਉਠਾਈਆ । ਆਦਿ ਜੁਗਾਦੀ ਹੋ ਤਿਆਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਬੇਪਰਵਾਹੀਆ । ਸਚਖੰਡ ਨਿਵਾਸੀ ਏਕਾ ਔਣਾ, ਚੌਥਾ ਯੁਗ ਧਿਆਨ ਲਗਾਈਆ । ਨਿਹਕਲੰਕ ਨਾਉਂ ਰਖੌਣਾ, ਨਾ ਕੋਇ ਪਿਤਾ ਨਾ ਕੋਈ ਮਾਈਆ । ਰੂਪ ਰੰਗ ਨਾ ਕੋਇ ਵਖੌਣਾ, ਭੇਖ ਵੇਸ ਨਾ ਕੋਇ ਵਟਾਈਆ । ਸ਼ਬਦ ਅਗੰਮੀ ਢੋਲਾ ਇਕੋ ਗੌਣਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਕਲਜੁਗ ਲਹਿਣਾ ਝੋਲੀ ਪੌਣਾ, ਪੂਰਬ ਲੇਖਾ ਦਏ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਵਿਚ ਛੁਪੌਣਾ, ਜੋਤੀ ਜੋਤ ਜੋਤ ਮਿਲਾਈਆ । ਪੁਰਖ ਅਕਾਲ ਇਕੋ ਇਸ਼ਟ ਸਰਬ ਦਰਸੌਣਾ, ਦ੍ਰਿਸ਼ਟੀ ਸਭ ਦੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਵਾਰ ਜਣਾਈਆ । ਪੁਰਖ ਅਬਿਨਾਸ਼ੀ ਆਵੇ ਜਗ, ਕਲਜੁਗ ਅੰਤਮ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਬੁਝਾਏ ਅੱਗ, ਤਤੀ ਵਾ ਨਾ ਲਾਗੇ ਰਾਈਆ । ਗੁਰਮੁਖਾਂ ਪਾਰ ਕਰਾਏ ਹੱਦ, ਮੰਝਧਾਰ ਨਾ ਕੋਇ ਡੁਬਾਈਆ । ਪਿਤਾ ਪੂਤ ਕਰਾਏ ਲਡ, ਗੋਦੀ ਗੋਦ ਆਪ ਬਹਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਸਤਿ ਸਤਿਵਾਦੀ ਗਾਏ ਇਕੋ ਛੰਦ, ਸੋਹੰ ਢੋਲਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਬੇਪਰਵਾਹੀਆ । ਸਚਖੰਡ ਨਿਵਾਸੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਕਲਜੁਗ ਅੰਤਮ ਹੋ ਪਰਧਾਨਾ, ਸਚ ਪਰਧਾਨਗੀ ਆਪ ਕਮਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਹੁਕਮ ਹਾਕਮ ਆਪ ਸਮਝਾਇੰਦਾ । ਕਲਜੁਗ ਮਿਟੇ ਕੂੜ ਨਿਸ਼ਾਨਾ, ਕੂੜਾ ਨਾਤਾ ਤੋੜ ਤੁੜਾਇੰਦਾ । ਗੋਬਿੰਦ ਸੂਰਾ ਵਡ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਨਾਮ ਖੰਡਾ ਇਕ ਉਠਾਨਾ, ਚੰਡ ਪਰਚੰਡ ਆਪ ਚਮਕਾਇੰਦਾ । ਲੱਖ ਚੁਰਾਸੀ ਅੰਤਰ ਆਤਮ ਵੇਖੇ ਮਾਰ ਧਿਆਨਾ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਫੋਲ ਫੋਲਾਇੰਦਾ । ਸਤਿਜੁਗ ਵਖਾਏ ਸਚ ਨਿਸ਼ਾਨਾ, ਆਪ ਉਠਾਏ ਸ੍ਰੀ ਭਗਵਾਨਾ, ਸਤਿ ਸਤਿਵਾਦੀ ਰਾਹ ਜਣਾਇੰਦਾ । ਨਵ ਨੌਂ ਗਾਏ ਇਕ ਤਰਾਨਾ, ਪੁਰਖ ਅਕਾਲ ਇਕ ਮਨਾਨਾ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਦਰਵਾਜ਼ਾ ਗ਼ਰੀਬ ਨਿਵਾਜਾ ਅੰਤਮ ਇਕੋ ਇਕ ਖੁਲ੍ਹਾਇੰਦਾ । ਦਰ ਦਰਵਾਜ਼ਾ ਜਾਏ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਸਚਖੰਡ ਨਿਵਾਸੀ ਸਚ ਦਵਾਰੇ ਤੋਲੇ ਪੂਰੇ ਤੋਲ, ਨਾਮ ਕੰਡਾ ਹੱਥ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਬੈਠਾ ਰਿਹਾ ਅਡੋਲ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾਈਆ । ਕਲਜੁਗ ਅੰਤਮ ਸੱਦੇ ਸਾਰੇ ਕੋਲ, ਲੋਕਮਾਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਸੁਤ ਸਤਿਗੁਰ ਇਕੋ ਰੂਪ ਪਰਗਟਾਈਆ । ਸ਼ਬਦ ਗੁਰੂ ਗੁਰ ਵਡ ਬਲਕਾਰਾ, ਬਲ ਆਪਣਾ ਆਪ ਧਰਾਇੰਦਾ । ਕਲਜੁਗ ਵੇਖੇ ਕੂੜ ਪਸਾਰਾ, ਚਾਰ ਕੁੰਟ ਖੋਜ ਖੋਜਾਇੰਦਾ । ਭਗਤਾਂ ਦੇਵੇ ਇਕ ਆਧਾਰਾ, ਨਾਮ ਪਿਆਰਾ ਵਣਜ ਕਰਾਇੰਦਾ । ਨੌਂ ਖੰਡ ਪ੍ਰਿਥਮੀ ਲੱਗਾ ਅਖਾੜਾ, ਜੂਠ ਝੂਠ ਨਾਚ ਨਚਾਇੰਦਾ । ਵਰਨ ਬਰਨ ਅੱਗ ਲੱਗੀ


੧੦੩੧
੧੨

ਤਤੀ ਹਾੜਾ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੂਰ ਜ਼ਹੂਰ ਆਪ ਦਰਸਾਇੰਦਾ । ਨੂਰ ਜ਼ਹੂਰ ਗੁਪਤ ਜ਼ਾਹਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਿਫ਼ਤੀ ਸਿਫ਼ਤ ਸਾਲਾਹ ਤੇ ਵਸੇ ਬਾਹਰ, ਸਿਫ਼ਤ ਵਿਚ ਕਦੇ ਨਾ ਆਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਬਣੇ ਸੱਜਣ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਕਾਇਆ ਮੰਦਰ ਅੰਦਰ ਵੜ ਵੜ ਕਰੇ ਪਿਆਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸੋਈ ਸੁਰਤੀ ਲਏ ਉਠਾਲ, ਅਕਾਲ ਮੂਰਤ ਚਲੇ ਨਾਲ ਨਾਲ, ਨਾਦ ਤੂਰਤ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਤ ਵਖਾਏ ਸਾਚਾ ਘਰ, ਘਰ ਘਰ ਵਿਚ ਆਪ ਪਰਗਟਾਈਆ । ਘਰ ਮੰਦਰ ਠਾਕਰ ਵਸੇ ਸਵਾਮੀ, ਗੁਰੂਦਵਾਰਾ ਇਕੋ ਨਜ਼ਰੀ ਆਇੰਦਾ । ਪਰਮ ਪੁਰਖ ਪਤਿਪਰਮੇਸ਼ਵਰ ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਖੋਜ ਖੋਜਾਇੰਦਾ । ਬੋਧ ਅਗਾਧ ਸ਼ਬਦ ਨਾਦ ਅਨਹਦ ਧੁੰਨ ਆਤਮਕ ਸੁਣਾਏ ਸਾਚੀ ਬਾਣੀ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਲੇਖਾ ਚੁਕੇ ਚਾਰ ਖਾਣੀ, ਸੁਰਤੀ ਮਿਲੇ ਸ਼ਬਦ ਹਾਣੀ, ਅੰਮ੍ਰਿਤ ਮਿਲੇ ਠੰਡਾ ਪਾਣੀ, ਅਠਸਠ ਤੀਰਥ ਕਿਸੇ ਕੰਮ ਨਾ ਆਇੰਦਾ । ਸਤਿਗੁਰ ਸੱਚਾ ਵਡ ਮਿਹਰਵਾਨੀ ਏਕਾ ਦੇਵੇ ਪਦ ਨਿਰਬਾਣੀ, ਸਚਖੰਡ ਦੀ ਸਚ ਨਿਸ਼ਾਨੀ, ਦਰਗਹਿ ਸਾਚੀ ਧਾਮ ਸੁਹਾਇੰਦਾ । ਸਤਿਜੁਗ ਦੀ ਸਚ ਕਹਾਣੀ, ਸੋਹੰ ਸ਼ਬਦ ਇਕ ਨਿਸ਼ਾਨੀ, ਆਤਮ ਪਰਮਾਤਮ ਦਿਤਾ ਦਾਨੀ, ਦਾਤਾ ਦਾਨੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਰਾਸੀ ਲਹਿਣਾ ਦੇਣਾ ਨੇਤਰ ਨੈਣਾਂ ਸਰਬ ਚੁਕਾਇੰਦਾ ।

## ✳ ੧੪ ਅੱਸੂ ੨੦੧੯ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਿਹ ਨਵਾਂ ਪਿੰਡ ✳

ਆਦਿ ਜੁਗਾਦਿ ਗੁਰਦੇਵ ਸਵਾਮੀ, ਹਰਿ ਕਰਤਾ ਖੇਲ ਕਰਾਇੰਦਾ । ਜੁਗਾ ਜੁਗੰਤਰ ਅਕਥ ਕਹਾਣੀ, ਪਾਰਬ੍ਰਹਮ ਪ੍ਰਭ ਆਪ ਪੜ੍ਹਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਲੇਖਾ ਜਾਣੇ ਚਾਰ ਖਾਣੀ, ਚਾਰੋਂ ਕੁੰਟ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਇਕ ਨਿਸ਼ਾਨੀ, ਨਾਉਂ ਨਿਰੰਕਾਰਾ ਇਕ ਪੜ੍ਹਾਇੰਦਾ । ਪਦ ਵਖਾਏ ਇਕ ਨਿਰਬਾਣੀ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਚਰਨ ਸਰਨ ਸਰਨ ਚਰਨ ਦੇਵੇ ਸਚ ਧਿਆਨੀ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਅੰਮ੍ਰਿਤ ਸਰੋਵਰ ਦੇਵੇ ਠੰਡਾ ਪਾਣੀ, ਤਟ ਤੀਰਥ ਇਕ ਵਖਾਇੰਦਾ । ਨਾਤਾ ਤੋੜ ਮਾਣ ਅਭਿਮਾਨੀ, ਨਿਵਣ ਸੁ ਅੱਖਰ ਆਪ ਜਣਾਇੰਦਾ । ਸਰਬ ਜੀਆਂ ਘਟ ਜਾਣ ਜਾਣੀ, ਲੱਖ ਚੁਰਾਸੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਗੁਰ ਸਤਿਗੁਰ ਇਕ ਅਖਵਾਇੰਦਾ । ਆਦਿ ਜੁਗਾਦੀ ਗੁਰ ਗੁਰਦੇਵ, ਹਰਿ ਕਰਤਾ ਆਪ ਅਖਵਾਈਆ । ਸਦਾ ਸੁਹੇਲਾ ਅਲੱਖ ਅਭੇਵ, ਅਲੱਖ ਅਗੋਚਰ ਬੇਪਰਵਾਹੀਆ । ਨਿਰਗੁਣ ਨਿਰਾਕਾਰ ਸਦਾ ਨਿਹਕੇਵ, ਨਿਹਚਲ ਆਪਣਾ ਡੇਰਾ ਲਾਈਆ । ਹਰਿਜਨ ਲਾਏ ਸਾਚੀ ਸੇਵ, ਗੁਰਮੁਖ ਇਕੋ ਸੇਵ ਬੁਝਾਈਆ । ਨਾਉਂ ਨਿਰੰਕਾਰਾ ਜਣਾਏ ਰਸਨਾ ਜਿਹਵ, ਜਿਹਵਾ ਰਸਨਾ ਹਰਿ ਗੁਣ ਗਾਈਆ । ਆਤਮ ਪਰਮਾਤਮ ਦੇਵੇ ਸਾਚਾ ਮੇਵ, ਅੰਮ੍ਰਿਤ ਫਲ ਮੁੱਖ ਖੁਆਈਆ । ਦਰਸ ਕਰਾਏ ਵਡ ਦੇਵੀ ਦੇਵ, ਦੇਵ ਆਤਮਾ ਲਏ ਮਿਲਾਈਆ ।

੧੦੩੯
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਬੇਪਰਵਾਹੀਆ । ਗੁਰਦੇਵ ਸਵਾਮੀ ਹਰਿ ਹਰਿ ਠਾਕਰ, ਸਚਖੰਡ ਸਾਚੇ ਸੋਭਾ ਪਾਇੰਦਾ । ਜੁਗ ਚੌਕੜੀ ਬਣ ਸੌਦਾਗਰ, ਦੋ ਜਹਾਨਾਂ ਵਣਜ ਕਰਾਇੰਦਾ । ਲੱਖ ਚੁਰਾਸੀ ਵੇਖੇ ਕਾਇਆ ਗਾਗਰ, ਨੌਂ ਖੰਡ ਪ੍ਰਿਥਮੀ ਫੋਲ ਫੋਲਾਇੰਦਾ । ਜੋਧਾ ਸੂਰਾ ਬਲੀ ਬਹਾਦਰ, ਬਲ ਆਪਣਾ ਆਪ ਜਣਾਇੰਦਾ । ਕਰਤਾ ਕਰੀਮ ਹਰਿ ਹਰਿ ਕਾਦਰ, ਕੁਦਰਤ ਕਾਦਰ ਵੇਖ ਵਖਾਇੰਦਾ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੋ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਗੁਰਦੇਵ ਸਵਾਮੀ ਸ੍ਰੀ ਭਗਵੰਤ, ਹਰਿ ਸੱਜਣ ਖੇਲ ਕਰਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਵੇਸ ਵਟਾਇੰਦਾ । ਲੱਖ ਚੁਰਾਸੀ ਜੀਵ ਜੰਤ, ਘਟ ਘਟ ਅੰਦਰ ਡੇਰਾ ਲਾਇੰਦਾ । ਨਾਉਂ ਨਿਰੰਕਾਰਾ ਮਣੀਆ ਮੰਤ, ਮਨ ਮਣਕਾ ਆਪ ਭੁਆਇੰਦਾ । ਤੋੜਨਹਾਰਾ ਗੜ੍ਹ ਹਉਮੇਂ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਬੋਧ ਅਗਾਧਾ ਇਕੋ ਪੰਡਤ, ਅੱਖਰ ਵੱਖਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਗੁਰਦੇਵ ਸਵਾਮੀ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਪੁਰੀ ਲੋ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਗਿਆਤਾ ਇਕੋ ਇਕ ਕਰੇ ਪੜ੍ਹਾਈਆ । ਲੱਖ ਚੁਰਾਸੀ ਕਰ ਪਰਧਾਨ, ਨਾਮ ਪਰਧਾਨਗੀ ਇਕ ਰਖਾਈਆ । ਨਵ ਨੌਂ ਖੇਲ ਕਰੇ ਸ੍ਰੀ ਭਗਵਾਨ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਲੇਖਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਗੁਰਦੇਵ ਸਵਾਮੀ ਪੁਰਖ ਅਗੰਮ, ਅਲੱਖ ਅਗੋਚਰ ਖੇਲ ਕਰਾਇੰਦਾ । ਆਦਿ ਜੁਗਾਦੀ ਬੇੜਾ ਬੰਨ੍ਹ, ਜੁਗ ਜੁਗ ਆਪਣੇ ਕੰਧ ਉਠਾਇੰਦਾ । ਵਸਤ ਅਮੋਲਕ ਨਾਮ ਧੰਨ, ਜਨ ਭਗਤਾਂ ਆਪ ਵਰਤਾਇੰਦਾ । ਏਕੰਕਾਰਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਲੇਖਾ ਜਾਣੇ ਜਨਣੀ ਜਨ, ਜਨ ਜਣੇਂਦੀ ਆਪਣੇ ਰੰਗ ਰੰਗਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਘੜਨ ਭੰਨਣਹਾਰ ਖੇਲ ਕਰਾਇੰਦਾ । ਭਾਗ ਲਗਾਏ ਗੁਰਮੁਖ ਤਨ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਕਰੇ ਵਸੇਰਾ ਬਿਨ ਛੱਪਰ ਛੰਨ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਗੁਰਦੇਵ ਸਵਾਮੀ ਹਰਿ ਭਗਵਾਨਾ, ਭਗਵਨ ਆਪਣਾ ਖੇਲ ਵਖਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਪਰਗਟਾਈਆ । ਵਸਣਹਾਰਾ ਸਚਖੰਡ ਸਚ ਮਕਾਨਾ, ਸਚ ਸਮਗਰੀ ਇਕ ਜਣਾਈਆ । ਬੋਲਣਹਾਰਾ ਰਾਗ ਤਰਾਨਾ, ਤੁਰੀਆ ਰਾਗ ਆਪੇ ਗਾਈਆ । ਆਦਿ ਜੁਗਾਦੀ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਜੁਗ ਚੌਕੜੀ ਖੇਲੇ ਖੇਲ ਮਹਾਨਾ, ਖ਼ਾਲਕ ਖ਼ਲਕ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਦਾਨਾ, ਦਾਤਾ ਦਾਨੀ ਨਾਉਂ ਧਰਾਈਆ । ਗੁਰ ਅਵਤਾਰ ਦੇਵੇ ਮਾਣਾ, ਪੀਰ ਪੈਗ਼ੰਬਰ ਚਰਨ ਸਰਨ ਸਰਨਾਈਆ । ਏਕਾ ਰਾਗ ਸੁਣਾਏ ਕਾਨਾ, ਬਿਨ ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਗੁਰਦੇਵ ਸਵਾਮੀ ਪਾਰਬ੍ਰਹਮ, ਬ੍ਰਹਮ ਲੇਖਾ ਆਪ ਜਣਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਭਾਗ

ਲਗਾਏ ਕਾਇਆ ਪੰਜ ਤਤ ਤਨ, ਤਤਵ ਤਤ ਵੇਖ ਵਖਾਇੰਦਾ । ਵਸਤ ਅਮੋਲਕ ਇਕ ਧੰਨ, ਨਾਮ ਖ਼ਜ਼ਾਨਾ ਹੱਟ ਚਲਾਇੰਦਾ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਹਰਿ ਜੂ ਆਪਣੇ ਕੰਧ ਉਠਾਇੰਦਾ । ਜੁਗ ਚੌਕੜੀ ਦੇਵਣਹਾਰਾ ਡੰਨ, ਏਕਾ ਡੰਕਾ ਨਾਮ ਵਜਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਇੰਦਾ । ਲੇਖਾ ਜਾਣੇ ਸੂਰਜ ਚੰਨ, ਚੰਦ ਚਾਂਦਨੀ ਆਪ ਚਮਕਾਇੰਦਾ । ਕਰੇ ਪਰਕਾਸ਼ ਨੇਤਰ ਅੰਨ੍ਹ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰਦੇਵ ਸਵਾਮੀ ਸਾਹਿਬ ਸੁਲਤਾਨਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਲੇਖਾ ਜਾਣੇ ਸੀਤਾ ਰਾਮਾ, ਆਦਿ ਜੁਗਾਦੀ ਬੇਪਰਵਾਹੀਆ । ਭੇਵ ਖੁਲ੍ਹਾਏ ਗੋਪੀ ਕਾਨ੍ਹਾ, ਮੰਡਲ ਮੰਡਪ ਰਾਸ ਰਚਾਈਆ । ਪੀਰ ਪੈਗ਼ੰਬਰ ਖੇਲ ਮਹਾਨਾ, ਹਰਿ ਖ਼ਾਲਕ ਖ਼ਲਕ ਵਖਾਈਆ । ਕਾਗਦ ਕਲਮ ਦਏ ਪਰਵਾਨਾ, ਲਿਖ ਲਿਖ ਲੇਖਾ ਝੋਲੀ ਪਾਈਆ । ਬੋਧ ਅਗਾਧੀ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਈਆ । ਠਾਂਡਾ ਸੀਤਾ ਮਰਦ ਮਰਦਾਨਾ, ਸਚਖੰਡ ਵਸੇ ਸਾਚਾ ਮਾਹੀਆ । ਜੁਗ ਚੌਕੜੀ ਗਾਏ ਗਾਣਾ, ਗੀਤ ਗੋਬਿੰਦ ਅਲਾਈਆ । ਖਾਣੀ ਬਾਣੀ ਜਗਤ ਨਿਸ਼ਾਨਾ, ਸਚ ਨਿਸ਼ਾਨੀ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਗੁਰਦੇਵ ਸਵਾਮੀ ਉਚ ਮੁਨਾਰਾ, ਹਰਿ ਇਕੋ ਇਕ ਸੁਹਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਗੁਰ ਅਵਤਾਰ ਭੇਵ ਨਾ ਪਾਇੰਦਾ । ਅਲਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰਾ, ਹੱਕ ਹਕੀਕਤ ਖੋਜ ਖੋਜਾਇੰਦਾ । ਲਾਸ਼ਰੀਕ ਸਾਂਝਾ ਯਾਰਾ, ਸ਼ਿਰਕਤ ਵੰਡ ਨਾ ਕੋਇ ਵੰਡਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਕਲਜੁਗ ਅੰਤਮ ਪਾਵੇ ਸਾਰਾ, ਨਵ ਨੌਂ ਖੋਜ ਖੋਜਾਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਮ ਡੰਕਾ ਇਕ ਵਜਾਇੰਦਾ । ਪੀਰ ਪੈਗ਼ੰਬਰ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਵੇਖੇ ਹਾਹਾਕਾਰਾ, ਹਰਿ ਜੂ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਗੁਰਦੇਵ ਸਵਾਮੀ ਹਰਿ ਗੋਬਿੰਦ, ਮਹਿਮਾ ਅਕਥ ਕਥੀ ਨਾ ਜਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਆਦਿ ਜੁਗਾਦੀ ਸਾਗਰ ਸਿੰਧ, ਭਰਪੂਰ ਰਿਹਾ ਸਭ ਠਾਂਈਆ । ਭਗਤ ਭਗਵਾਨ ਉਪਜਾਏ ਆਪਣੀ ਬਿੰਦ, ਸੁਤ ਅਨਾਦੀ ਵਡ ਵਡਿਆਈਆ । ਆਤਮ ਪਰਮਾਤਮ ਮੇਟੇ ਚਿੰਦ, ਦੂਈ ਦਵੈਤੀ ਦੁੱਖੜਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰਦੇਵ ਸਵਾਮੀ ਠਾਂਡਾ ਸੀਤਾ, ਸੀਤਲ ਏਕਾ ਧਾਰ ਵਖਾਇੰਦਾ । ਆਦਿ ਜੁਗਾਦੀ ਜੁਗ ਜੁਗ ਰੀਤਾ, ਲੱਖ ਚੁਰਾਸੀ ਵੇਸ ਵਟਾਇੰਦਾ । ਨਿਰਗੁਣ ਸਰਗੁਣ ਪੱਤਤ ਪੁਨੀਤਾ, ਪਤਿਤ ਪਾਵਣ ਦਇਆ ਕਮਾਇੰਦਾ । ਲੇਖਾ ਜਾਣੇ ਹਸਤ ਕੀਟਾ, ਊਚਾਂ ਨੀਚਾਂ ਵੇਖ ਵਖਾਇੰਦਾ । ਵਸਣਹਾਰਾ ਧਾਮ ਅਨਡੀਠਾ, ਕਲਜੁਗ ਅੰਤਮ ਫੇਰੀ ਪਾਇੰਦਾ । ਜਨ ਭਗਤਾਂ ਕਰੇ ਸਚ ਪ੍ਰੀਤਾ, ਪ੍ਰੀਤੀਵਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਗੁਰਦੇਵ ਸਵਾਮੀ ਸਦਾ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਦੇਵਣਹਾਰਾ ਬ੍ਰਹਮਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਆਤਮ ਪਰਮਾਤਮ ਜੋੜੇ ਨਾਤ, ਨਾਤਾ ਬਿਧਾਤਾ ਇਕ ਰਖਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ

੧੦੪੧ ੧੨

ਸਾਚਾ ਚੰਦ ਕਰੇ ਰੁਸ਼ਨਾਈਆ । ਸੋਹੰ ਅੱਖਰ ਸੁਣਾਏ ਗਾਥ, ਸ੍ਰਿਸ਼ਟ ਸਬਾਈ ਦਏ ਸਮਝਾਈਆ । ਲਹਿਣਾ ਚੁੱਕੇ ਤ੍ਰਿਲੋਕੀ ਨਾਥ, ਨਾਥ ਅਨਾਥਾਂ ਦਏ ਵਡਿਆਈਆ । ਦੋ ਜਹਾਨਾਂ ਇਕੋ ਪੂਜਾ ਪਾਠ, ਪਾਠਸ਼ਾਲਾ ਇਕੋ ਦਏ ਜਣਾਈਆ । ਇਕ ਸਰੋਵਰ ਤੀਰਥ ਤਾਟ, ਤਟ ਕਿਨਾਰਾ ਇਕ ਵਡਿਆਈਆ । ਚੌਦਾਂ ਲੋਕ ਵਖਾਏ ਹਾਟ, ਬਣ ਵਣਜਾਰਾ ਫੇਰੀ ਪਾਈਆ । ਚੌਦਾਂ ਤਬਕ ਵਸੇ ਸਾਥ, ਸਗਲਾ ਸੰਗ ਨਿਭਾਈਆ । ਕਲਜੁਗ ਅੰਤ ਵੇਖੇ ਖੇਲ ਤਮਾਸ਼, ਨਿਰਗੁਣ ਆਪਣਾ ਵੇਸ ਵਟਾਈਆ । ਸਤਿਜੁਗ ਸਾਚੀ ਦੇਵੇ ਦਾਤ, ਸੋਹੰ ਨਾਮ ਝੋਲੀ ਪਾਈਆ । ਮੇਟੇ ਰੈਣ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭਗਤਾਂ ਬਣੇ ਸੱਚਾ ਸਾਥ, ਭਗਵਨ ਆਪਣਾ ਸੰਗ ਰਖਾਈਆ । ਆਤਮ ਪਰਮਾਤਮ ਇਕੋ ਗਾਥ, ਸਾਚਾ ਢੋਲਾ ਦਏ ਜਣਾਈਆ । ਅੰਤਮ ਮੁੱਕੇ ਝੂਠੀ ਵਾਟ, ਕੂੜੀ ਕੰਧ ਰਹਿਣ ਨਾ ਪਾਈਆ । ਗੁਰਮੁਖਾਂ ਪੂਰਾ ਕਰੇ ਘਾਟ, ਪੂਰਬ ਲੇਖਾ ਦਏ ਮੁਕਾਈਆ । ਨਾਤਾ ਤੁਟੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਮੇਲ ਮਿਲਾਏ ਕਮਲਾਪਾਤ, ਨਰ ਨਰਾਇਣ ਦਇਆ ਕਮਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਆਤਮ ਸੇਜਾ ਵਖਾਏ ਖਾਟ, ਸੇਜ ਸੁਹੰਜਣੀ ਇਕ ਸੁਹਾਈਆ । ਨਿਰਮਲ ਜੋਤ ਜਗੇ ਲਿਲਾਟ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਜਾਣੇ ਪੁਰਖ ਸਮਰਾਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਮੇਲ ਮਿਲਾਏ ਨੱਠ ਨੱਠ, ਲੱਖ ਚੁਰਾਸੀ ਖੋਜ ਖੋਜਾਈਆ । ਗੁਰਮੁਖ ਸੱਜਣ ਕਰ ਇਕੱਠ, ਹਰਿ ਸੰਗਤ ਰੂਪ ਵਟਾਈਆ । ਨਾਤਾ ਤੁਟੇ ਮੰਦਰ ਮੱਠ, ਸ਼ਿਵਦਵਾਲਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਬ੍ਰਹਮ ਗਾਏ ਸਾਚਾ ਜਸ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਜਨ ਭਗਤਾਂ ਅੰਦਰ ਜਾਏ ਵਸ, ਨਿਰਗੁਣ ਆਪਣਾ ਡੇਰਾ ਲਾਈਆ । ਸਤਿਜੁਗ ਸਾਚਾ ਮਾਰਗ ਦੇਵੇ ਦੱਸ, ਮਿਹਰ ਨਜ਼ਰ ਇਕ ਉਠਾਈਆ । ਤੀਰ ਅਣਿਆਲਾ ਮਾਰੇ ਕਸ, ਤਿੱਖੀ ਮੁਖੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਗੁਰਦੇਵ ਸਵਾਮੀ ਸਾਚਾ ਸੱਜਣ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਗੁਰਮੁਖਾਂ ਕਰਾਏ ਇਕੋ ਮਜਣ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਕਲਜੁਗ ਅੰਤਮ ਏਕੰਕਾਰਾ ਆਇਆ ਸੱਦਣ, ਨਿਰਗੁਣ ਆਪਣਾ ਫੇਰਾ ਪਾਇੰਦਾ । ਆਦਿ ਨਿਰੰਜਣ ਰੱਖਣਹਾਰਾ ਲੱਜਣ, ਸਿਰ ਆਪਣਾ ਹੱਥ ਟਿਕਾਇੰਦਾ । ਅਬਿਨਾਸ਼ੀ ਕਰਤਾ ਏਕਾ ਨਾਮ ਰਖਾਏ ਲਗਨ, ਦੂਸਰ ਓਟ ਨਾ ਕੋਇ ਜਣਾਇੰਦਾ । ਸ੍ਰੀ ਭਗਵਾਨ ਮੇਲ ਮਿਲਾਵਾ ਸਾਚੇ ਸੱਜਣ, ਸਗਲਾ ਸੰਗ ਆਪ ਨਿਭਾਇੰਦਾ । ਪਾਰਬ੍ਰਹਮ ਪ੍ਰਭ ਪਰਦੇ ਕੱਜਣ, ਨਾਮ ਦੁਸ਼ਾਲਾ ਹੱਥ ਉਠਾਇੰਦਾ । ਸਤਿ ਸਤਿਵਾਦੀ ਆਇਆ ਨਾਮ ਵੰਡਣ, ਵਸਤ ਅਮੋਲਕ ਝੋਲੀ ਪਾਇੰਦਾ । ਲੱਖ ਚੁਰਾਸੀ ਵਿਚੋਂ ਫੜ ਫੜ ਆਇਆ ਕੱਢਣ, ਹਰਿਜਨ ਆਪਣੀ ਗੋਦ ਬਹਾਇੰਦਾ । ਕੂੜੀ ਕਿਰਿਆ ਭਾਂਡੇ ਆਇਆ ਭੰਨਣ, ਜੋ ਘੜਿਆ ਭੰਨ ਵਖਾਇੰਦਾ । ਗੁਰਮੁਖ ਸਾਚਾ ਨਿਰਮਲ ਚੰਨਣ, ਨਿਮ ਵਾਸ ਨਾ ਕੋਇ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰਦੇਵ ਸਵਾਮੀ ਨੀਕਨ ਨੀਕਾ, ਨਜ਼ਰ ਕਿਸੇ ਨਾ ਆਈਆ । ਲੇਖਾ ਜਾਣੇ ਜੀਵ ਜੀ ਕਾ, ਘਟ ਘਟ ਰਿਹਾ ਸਮਾਈਆ । ਕਲਜੁਗ ਫਲ ਵੇਖੇ ਫੀਕਾ, ਨਵ ਨੌਂ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀਆਂ ਰੱਖ ਕੇ ਗਏ ਉਡੀਕਾਂ, ਸੋ ਸਤਿਗੁਰ ਵੇਸ ਵਟਾਈਆ । ਸਭ ਦੀਆਂ ਅੰਤ ਨੇੜੇ ਆਈਆਂ ਤਰੀਕਾਂ, ਹਰਿ ਜੂ ਫੈਸਲਾ ਦਏ ਸੁਣਾਈਆ । ਕੂੜੀ ਕਿਰਿਆ ਵੇਲਾ ਬੀਤਾ, ਬੀਤੀ ਕਹਾਣੀ ਨਾ ਕੋਇ ਜਣਾਈਆ ।

ਸਤਿਜੁਗ ਚਲਾਏ ਸਾਚੀ ਰੀਤਾ, ਰੀਤੀਵਾਨ ਦਇਆ ਕਮਾਈਆ । ਗੁਰਮੁਖਾਂ ਰੰਗ ਰੰਗਾਏ ਇਕ ਮਜੀਠਾ, ਚੜ੍ਹਿਆ ਰੰਗ ਉਤਰ ਨਾ ਜਾਈਆ । ਕਲਜੁਗ ਤ੍ਰੈਗੁਣ ਤਪੇ ਅੰਗੀਠਾ, ਲੱਖ ਚੁਰਾਸੀ ਅਗਨੀ ਲਾਈਆ । ਨਾ ਕੋਈ ਸੱਜਣ ਨਾ ਕੋਈ ਮੀਤਾ, ਭੈਣ ਭਾਈ ਨਾ ਕੋਇ ਸਹਾਈਆ । ਝੂਠੀ ਨਜ਼ਰ ਆਏ ਪ੍ਰੀਤਾ, ਅੰਤ ਸੰਗ ਕੋਇ ਨਾ ਜਾਈਆ । ਕਰੇ ਖੇਲ ਸਾਹਿਬ ਅਨਡੀਠਾ, ਅਨਡਿਠੜੀ ਧਾਰ ਵਹਾਈਆ । ਗੁਰਮੁਖ ਸੱਚਾ ਨਾ ਮਰਿਆ ਨਾ ਜੀਤਾ, ਜੀਵਣ ਮਰਨ ਵਿਚ ਕਦੇ ਨਾ ਆਈਆ । ਨਾਮ ਨਿਧਾਨ ਜਿਸ ਜਨ ਪੀਤਾ, ਅੰਮ੍ਰਿਤ ਰਸ ਰਸ ਵਖਾਈਆ । ਆਦਿ ਜੁਗਾਦਿ ਠਾਂਡਾ ਸੀਤਾ, ਅਗਨੀ ਤਤ ਨਾ ਲਾਗੇ ਰਾਈਆ । ਹਰਿ ਚਰਨ ਧਿਆਨ ਇਕੋ ਕੀਤਾ, ਦੂਜੀ ਓਟ ਨਾ ਕੋਇ ਰਖਾਈਆ । ਨਾਉਂ ਨਿਰੰਕਾਰਾ ਕਰਿਆ ਮੀਠਾ, ਜਗਤ ਰਸ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰਦੇਵ ਸਵਾਮੀ ਇਕ ਅਨੰਦ, ਅਨੰਦ ਆਤਮ ਆਪ ਜਣਾਇੰਦਾ । ਘਰ ਵਿਚ ਘਰ ਵਖਾਏ ਪਰਮਾਨੰਦ, ਪਰਮ ਪੁਰਖ ਖੇਲ ਕਰਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਚੰਦ ਚਾਂਦਨੀ ਨੂਰ ਚਮਕਾਇੰਦਾ । ਕਲਜੁਗ ਅੰਤਮ ਵੰਡੇ ਇਕੋ ਵੰਡ, ਵੰਡਣਹਾਰਾ ਫੇਰੀ ਪਾਇੰਦਾ । ਕੂੜੀ ਕਿਰਿਆ ਨਾਤਾ ਤੋੜ ਭੇਖ ਪਖੰਡ, ਗੁਰਮੁਖ ਸਾਚੇ ਮਾਰਗ ਲਾਇੰਦਾ । ਜਨਮ ਜੁਗ ਦੀ ਟੁੱਟੀ ਗੰਢ, ਗੁਰ ਸ਼ਬਦੀ ਜੋੜ ਜੁੜਾਇੰਦਾ । ਆਵਣ ਜਾਵਣ ਮੁੱਕੇ ਪੰਧ, ਲੱਖ ਚੁਰਾਸੀ ਫੰਦ ਕਟਾਇੰਦਾ । ਗੀਤ ਸੁਹਾਗੀ ਸੱਚਾ ਛੰਦ, ਸੋਹੰ ਸੋਹਲਾ ਆਪ ਜਣਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਖਾਇੰਦਾ । ਗੁਰਦੇਵ ਸਵਾਮੀ ਵਸਤ ਅਪਾਰ, ਹਰਿ ਸਤਿਗੁਰ ਆਪ ਜਣਾਈਆ । ਸਤਿਜੁਗ ਦੇਵੇ ਕਰ ਪਿਆਰ, ਪਰਮ ਪੁਰਖ ਪ੍ਰਭ ਝੋਲੀ ਪਾਈਆ । ਨਿਰਗੁਣ ਸਰਗੁਣ ਦਏ ਆਧਾਰ, ਸਰਗੁਣ ਮਿਲੇ ਮਾਣ ਵਡਿਆਈਆ । ਭਗਤ ਭਗਵੰਤ ਲਏ ਉਠਾਲ, ਆਪਣਾ ਭਾਗ ਵੰਡ ਵੰਡਾਈਆ । ਲੇਖਾ ਜਾਣ ਸ਼ਾਹ ਕੰਗਾਲ, ਊਚ ਨੀਚ ਦਇਆ ਕਮਾਈਆ । ਗੁਰ ਸ਼ਬਦ ਸੱਚਾ ਬਣ ਦਲਾਲ, ਪੰਜ ਤਤ ਮੇਲਾ ਸਹਿਜ ਸੁਭਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸਤਿ ਸਤਿਵਾਦੀ ਸਾਚੀ ਧਰਮਸਾਲ, ਧਰਮ ਦਵਾਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਲਹਿਣਾ ਦਏ ਚੁਕਾਈਆ । ਗੁਰਦੇਵ ਸਵਾਮੀ ਲਹਿਣਾ ਦੇਣਾ, ਜੁਗ ਚੌਕੜੀ ਆਪ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਖਾਏ ਨੈਣਾਂ, ਨੇਤਰ ਅੱਖ ਸਰਬ ਖੁਲ੍ਹਾਇੰਦਾ । ਲੱਖ ਚੁਰਾਸੀ ਕੂੜੀ ਕਿਰਿਆ ਵਹਿਣ ਵਹਿਣਾ, ਸ਼ੌਹ ਦਰਯਾਏ ਆਪ ਰੁੜ੍ਹਾਇੰਦਾ । ਗੁਰਮੁਖ ਵਿਰਲੇ ਗੁਰ ਚਰਨ ਬਹਿਣਾ, ਗੁਰਮੁਖ ਸਾਚੇ ਆਪ ਜਗਾਇੰਦਾ । ਮੁਰੀਦ ਮੁਰਸ਼ਦ ਮੰਨੇ ਕਹਿਣਾ, ਮੰਨ ਮੰਨ ਸ਼ੁਕਰ ਮਨਾਇੰਦਾ । ਗੁਰ ਚੇਲਾ ਧਾਮ ਇਕੱਠੇ ਇਕੋ ਰਹਿਣਾ, ਧਾਮ ਅਵੱਲੜਾ ਆਪ ਪਰਗਟਾਇੰਦਾ । ਸਾਹਿਬ ਸਤਿਗੁਰ ਭਾਣਾ ਸਹਿਣਾ, ਸਿਰ ਸਿਰ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਗੁਰਦੇਵ ਸਵਾਮੀ ਖੇਲੇ ਖੇਲ, ਖੇਲਣਹਾਰਾ ਨਜ਼ਰ ਨਾ ਆਈਆ । ਹਰਿਜਨ ਸਾਚੇ ਰਿਹਾ ਮੇਲ, ਮੇਲ ਮਿਲਾਵਾ ਆਪ ਕਰਾਈਆ । ਕਰੇ ਪਰਕਾਸ਼ ਬਿਨ ਬਾਤੀ ਤੇਲ, ਦੀਪਕ ਇਕੋ ਜੋਤ ਰੁਸ਼ਨਾਈਆ । ਆਦਿ ਜੁਗਾਦੀ ਸੱਜਣ ਸੁਹੇਲ, ਹਰਿ ਸਤਿਗੁਰ ਵੇਖ ਵਖਾਈਆ । ਕਲਜੁਗ ਅੰਤਮ ਅਚਰਜ ਰਚਿਆ ਖੇਲ, ਭੇਵ ਅਭੇਦ ਨਾ ਕੋਇ ਪਾਈਆ । ਸਾਧ ਸੰਤ ਕੀਤੇ ਫੇਲ,

੧੦੪੨
੧੨

ਹਲ ਸਵਾਲ ਨਾ ਕੋਇ ਕਰਾਈਆ । ਅੰਤਮ ਘੱਲੇ ਰਾਏ ਧਰਮ ਦੀ ਜੇਲ, ਬੰਦੀਖਾਨਾ ਇਕ ਬਣਾਈਆ । ਫੜ ਬਾਂਹੋਂ ਦੇਵੇ ਠੇਲ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰਦੇਵ ਸਵਾਮੀ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਚਾਰ ਵਰਨਾਂ ਦਏ ਆਧਾਰ, ਜੋ ਜਨ ਸਰਨਾਈ ਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਇੰਦਾ । ਦੂਈ ਦਵੈਤੀ ਦਏ ਨਿਕਾਲ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਸਾਚਾ ਮੰਤਰ ਦਏ ਸਿਖਾਲ, ਸੋਹੰ ਢੋਲਾ ਆਪ ਸੁਣਾਇੰਦਾ । ਨੇੜ ਆਏ ਅੰਤ ਨਾ ਕਾਲ, ਮਹਾਕਾਲ ਭੈ ਚੁਕਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਆਪ ਵਖਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਧਰਮ ਦਵਾਰ ਇਕ ਪਰਗਟਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਇੰਦਾ । ਅੰਮ੍ਰਿਤ ਜਾਮ ਦਏ ਪਿਆਲ, ਮਧੁਰ ਪਿਆਲਾ ਹੱਥ ਉਠਾਇੰਦਾ । ਏਕਾ ਜੋਤ ਦੇਵੇ ਬਾਲ, ਨੂਰ ਨੁਰਾਨਾ ਡਗਮਗਾਇੰਦਾ । ਆਤਮ ਸੇਜਾ ਦਏ ਸੁਖਾਲ, ਆਸਾ ਤ੍ਰਿਸਨਾ ਭੁੱਖ ਗਵਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤ ਬਣ ਦਲਾਲ, ਨਿਰਗੁਣ ਆਪਣੀ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੋ ਗੁਰਮੁਖ ਘਾਲਣਾ ਆਏ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਆਪਣੀ ਕਿਰਪਾ ਸਭ ਦਾ ਹੱਲ ਕਰੇ ਸਵਾਲ, ਫਿਕਰਾ ਨਾਲ ਨਾ ਕੋਇ ਮਿਲਾਇੰਦਾ । ਬਿਨ ਅੱਖਾਂ ਲੱਖ ਚੁਰਾਸੀ ਵਿਚੋਂ ਲਏ ਭਾਲ, ਭਾਲਿਆਂ ਆਪ ਹੱਥ ਕਿਸੇ ਨਾ ਆਇੰਦਾ । ਇਕੱਠੇ ਕੀਤੇ ਸ਼ਾਹ ਕੰਗਾਲ, ਸ਼ਾਹ ਕੰਗਾਲ ਆਪਣਾ ਰੂਪ ਵਖਾਇੰਦਾ । ਕਲਜੁਗ ਚਲੀ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਗੁਰਸਿਖ ਵੇਖੇ ਸਾਚੇ ਲਾਲ, ਲਾਲਨ ਆਪਣੀ ਗੋਦ ਬਹਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਅੰਦਰ ਬਾਹਰ ਚਲੇ ਨਾਲ ਨਾਲ, ਆਤਮ ਪਰਮਾਤਮ ਜੋੜ ਜੁੜਾਇੰਦਾ । ਏਥੇ ਓਥੇ ਰਹੇ ਖ਼ੁਸ਼ਹਾਲ, ਖ਼ੁਸ਼ੀ ਗ਼ਮ ਨਾ ਰੂਪ ਵਟਾਇੰਦਾ । ਹਰਿਜਨ ਅੰਤ ਨਾ ਖਾਏ ਕਾਲ, ਹਰਿ ਜੂ ਆਪਣੀ ਗੋਦ ਬਹਾਇੰਦਾ । ਜੋਤੀ ਜਾਤਾ ਜੋਤ ਬੇਮਿਸਾਲ, ਬੇਨਜ਼ੀਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰੰਗ ਰੰਗਾਇੰਦਾ । ਗੁਰਦੇਵ ਸਵਾਮੀ ਰੰਗੇ ਰੰਗ, ਰੰਗਣਹਾਰਾ ਇਕ ਅਖਵਾਈਆ । ਆਤਮ ਸੇਜਾ ਸਤਿ ਪਲੰਘ, ਪਰਮ ਪੁਰਖ ਪ੍ਰਭ ਆਪ ਹੰਢਾਈਆ । ਹਰਿ ਮੰਦਰ ਵਜਾਏ ਸਚ ਮਰਦੰਗ, ਗੁਰਮੁਖ ਗ੍ਰਹਿ ਹੋਵੇ ਸ਼ਨਵਾਈਆ । ਆਤਮ ਪਰਮਾਤਮ ਦੇਵੇ ਇਕ ਅਨੰਦ, ਨਿਜਾਨੰਦ ਦਏ ਚਖਾਈਆ । ਜਨਮ ਜਨਮ ਦੇ ਵਿਛੜਿਆਂ ਪਾਵੇ ਠੰਡ, ਅਗਨੀ ਤਤ ਤਤ ਮਿਟਾਈਆ । ਆਤਮ ਪਰਮਾਤਮ ਸੁਰਤੀ ਸ਼ਬਦੀ ਦੇਵੇ ਗੰਢ, ਬਿਨ ਤੰਦੀ ਡੋਰ ਬੰਧਾਈਆ । ਮੁੱਕੇ ਰੰਡੇਪਾ ਰੰਡ, ਕੰਤ ਸੁਹਾਗ ਇਕ ਵਖਾਈਆ । ਰਲ ਮਿਲ ਸਖ਼ੀਆਂ ਗੀਤ ਗਾਇਣ ਗੋਬਿੰਦ ਛੰਦ, ਛੰਤ ਇਕੋ ਇਕ ਪੜ੍ਹਾਈਆ । ਸਾਹਿਬ ਦਿਆਲ ਠਾਕਰ ਸਵਾਮੀ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਪਾਰ ਕਰਾਈਆ । ਗੁਰਦੇਵ ਸਵਾਮੀ ਪਾਰ ਕਿਨਾਰਾ, ਗੁਰਮੁਖ ਗੁਰ ਗੁਰ ਆਪ ਜਣਾਇੰਦਾ । ਡੂੰਘਾ ਸਾਗਰ ਵੇਖਣਹਾਰਾ ਕਾਇਆ ਭਵਰੀ ਕਵਰੀ ਖੋਜ ਖੋਜਾਇੰਦਾ । ਦੇਵਣਹਾਰਾ ਸਚ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਪਰਮ ਪੁਰਖ ਦਇਆ ਕਮਾਇੰਦਾ । ਲੱਖ ਚੁਰਾਸੀ ਪਾਰ ਉਤਰਨ ਦਾ ਇਕ ਵਿਹਾਰਾ, ਹਰਿ ਜੂ

ਇਕੋ ਵਾਰ ਸਮਝਾਇੰਦਾ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲੇ ਜੈਕਾਰਾ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਏਥੇ ਓਥੇ ਮੇਲ ਮਿਲਾਏ ਆਪ ਨਿਰੰਕਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਦੇਵ ਸਵਾਮੀ ਵਸੇ ਸਾਚੇ ਘਰ, ਘਰ ਮੰਦਰ ਇਕ ਸੁਹਾਇੰਦਾ ।

ਬੇਗ਼ਮਪੁਰੀ ਬੇ ਗ਼ਮ, ਚਿੰਤਾ ਦੁੱਖ ਨਾ ਕੋਇ ਰਖਾਈਆ । ਹੱਡ ਮਾਸ ਨਾੜੀ ਨਾ ਕੋਈ ਚਮ, ਚੰਮ ਦ੍ਰਿਸ਼ਟੀ ਨਾ ਕੋਇ ਜਣਾਈਆ । ਮਹੱਲ ਅਟੱਲ ਮੁਨਾਰ ਨਾ ਕੋਈ ਛੱਪਰ ਛੰਨ, ਸੂਰਜ ਚੰਦ ਨਾ ਕੋਇ ਚੜ੍ਹਾਈਆ । ਬੁਧ ਮਤ ਨਾ ਕੋਇ ਮਨ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾ ਕੋਇ ਜਨਨੀ ਨਾ ਕੋਈ ਜਨ, ਧੰਨ ਜਣੇਂਦੀ ਨਾ ਕੋਇ ਮਾਈਆ । ਨਾ ਕੋਈ ਰਾਗ ਨਾ ਕੋਈ ਕੰਨ, ਨਾਦ ਧੁੰਨ ਨਾ ਕੋਇ ਵਜਾਈਆ । ਨਾ ਕੋਈ ਬੇੜਾ ਰਿਹਾ ਬੰਨ੍ਹ, ਚੱਪੂ ਹੱਥ ਨਾ ਕੋਇ ਉਠਾਈਆ । ਨਾ ਕੋਈ ਦੇਵਣਹਾਰਾ ਡੰਨ, ਰਾਜ ਭੂਪ ਨਾ ਕੋਇ ਅਖਵਾਈਆ । ਤਿਸ ਦਵਾਰੇ ਵਸੇ ਇਕੋ ਇਕ ਸ੍ਰੀ ਭਗਵਨ, ਪਰਮ ਪੁਰਖ ਪ੍ਰਭ ਆਸਣ ਲਾਈਆ । ਜਿਸ ਜਨ ਉਪਰ ਸਾਹਿਬ ਜਾਏ ਮੰਨ, ਤਿਸ ਬੇਗ਼ਮ ਪੁਰਾ ਦਏ ਵਖਾਈਆ । ਬੇਗ਼ਮ ਪੁਰਾ ਬੇ ਬੁਨਿਆਦ, ਬੁਨਿਆਦ ਨਜ਼ਰ ਕਿਸੇ ਨਾ ਆਈਆ । ਜਿਸ ਘਰ ਸੁਣੇ ਸਰਬ ਫਰਿਯਾਦ, ਪਰਮ ਪੁਰਖ ਵਸੇ ਸੱਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੇਵੇ ਆਪਣੀ ਦਾਦ, ਨਾਮ ਭੰਡਾਰਾ ਇਕ ਵਰਤਾਈਆ । ਨਾ ਕੋਈ ਓਥੇ ਸੰਤ ਨਾ ਕੋਈ ਸਾਧ, ਸਤਿਗੁਰ ਇਕੋ ਵਸੇ ਸੱਚਾ ਸ਼ਹਿਨਸ਼ਾਹੀਆ । ਗੁਰਮੁਖਾਂ ਕਰੇ ਸੱਚਾ ਲਾਡ, ਪ੍ਰੇਮ ਪਿਆਰ ਇਕ ਵਖਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੇ ਚਰਨ ਦਏ ਸਰਨਾਈਆ । ਇਕੋ ਜਣਾਏ ਆਪਣੀ ਯਾਦ, ਪਿਛਲੀ ਯਾਦਦਾਸ਼ਤ ਦਏ ਭੁਲਾਈਆ । ਇਕੋ ਆਏ ਸਚ ਸਵਾਦ, ਸਤਿ ਸਤਿਵਾਦੀ ਏਕਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਬੇਗ਼ਮ ਪੁਰਾ ਹਰਿ ਕਾ ਰੂਪ ਨਜ਼ਰੀ ਆਈਆ । ਬੇਗ਼ਮ ਪੁਰਾ ਸਚਖੰਡ, ਹਰਿ ਸਾਚੇ ਆਪ ਬਣਾਇਆ । ਜਿਥੇ ਦੂਸਰ ਨਾ ਕੋਈ ਵੰਡ, ਵੰਡਣਹਾਰਾ ਨਜ਼ਰ ਕੋਇ ਨਾ ਆਇਆ । ਨਾ ਕੋਈ ਭੇਖ ਨਾ ਪਖੰਡ, ਕੂੜੀ ਕਿਰਿਆ ਨਾ ਕੋਇ ਰਖਾਇਆ । ਨਾ ਕੋਈ ਗਾਏ ਬੱਤੀ ਦੰਦ, ਤੀਸ ਬਤੀਸ ਨਾ ਕੋਇ ਸਾਲਾਹਿਆ । ਤਿਸ ਘਰ ਵਸੇ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਆਸਣ ਲਾਇਆ । ਗੁਰਮੁਖ ਗੁਰ ਗੁਰ ਹਰਿਜਨ ਹਰਿਭਗਤ ਜਿਸ ਜਨ ਵਖਾਏ ਆਪਣਾ ਅਨੰਦ, ਅਨੰਦ ਅਨੰਦ ਵਿਚ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਲਾਏ ਆਪਣੇ ਘਰ, ਤਿਸ ਬੇਗ਼ਮ ਪੁਰਾ ਦਏ ਸਮਝਾਇਆ । ਬੇਗ਼ਮ ਪੁਰਾ ਹਰਿ ਕਾ ਦਵਾਰ, ਦੂਸਰ ਹੋਰ ਨਾ ਕੋਇ ਜਣਾਈਆ । ਅੱਠੇ ਪਹਿਰ ਨਿਰਮਲ ਜੋਤ ਉਜਿਆਰ, ਦੀਵਾ ਬਾਤੀ ਨਾ ਕੋਈ ਰੁਸ਼ਨਾਈਆ । ਸਚਖੰਡ ਨਿਵਾਸ ਸਚਖੰਡ ਬੈਠੇ ਆਪ ਨਿਰੰਕਾਰ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਸਾਚਾ ਘਰ, ਜਿਸ ਘਰ ਵੜਿਆਂ ਗ਼ਮ ਰਹੇ ਨਾ ਰਾਈਆ । ਬੇਗ਼ਮ ਪੁਰਾ ਸਚ ਦਰਵਾਜ਼ਾ, ਬਾਢੀ ਬਣਤ ਨਾ ਕੋਇ ਬਣਾਇੰਦਾ । ਜਿਸ ਘਰ ਵਸੇ ਗ਼ਰੀਬ ਨਿਮਾਜ਼ਾ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ


੧੦੪੪ ੧੨

ਆਪਣਾ ਖੇਲ ਕਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਆਤਮ ਪਰਮਾਤਮ ਰਚ ਰਚ ਕਾਜਾ, ਗੁਰ ਅਵਤਾਰ ਪੀਰ ਪੈਗ਼ੰਬਰ ਖੇਲ ਕਰਾਇੰਦਾ । ਬੋਧ ਅਗਾਧ ਸ਼ਬਦ ਅਗੰਮੀ ਵਜਾਏ ਵਾਜਾ, ਤਾਰ ਸਤਾਰ ਨਾ ਕੋਇ ਹਿਲਾਇੰਦਾ । ਭਗਤ ਭਗਵੰਤ ਆਪ ਆਪਣਾ ਸਾਜਣ ਸਾਜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਇੰਦਾ । ਸਤਿਗੁਰ ਸੱਚੇ ਗੁਰਮੁਖ ਸੱਚਾ ਜੋ ਮਾਤ ਲਾਧਾ, ਤਿਸ ਖੁਲ੍ਹਾਏ ਘਰ ਦਰਵਾਜਾ, ਬੇਗ਼ਮ ਪੁਰਾ ਹਰਿ ਆਪ ਨਿਵਾਜਾ, ਨਿਵਾਜ਼ਸ਼ ਆਪਣੇ ਹੱਥ ਰਖਾਇੰਦਾ । ਬੇਗ਼ਮ ਪੁਰਾ ਨਾ ਹੋਏ ਬੇਜ਼ਾਰ, ਨੇਤਰ ਨੀਰ ਨਾ ਕੋਇ ਵਹਾਈਆ । ਜਿਸ ਘਰ ਵਸੇ ਪਰਵਰਦਿਗਾਰ, ਬੇਪਰਵਾਹ ਆਸਣ ਲਾਈਆ । ਮੁਕਾਮੇ ਹੱਕ ਨੂਰ ਉਜਿਆਰ, ਹਜ਼ਰਤ ਬੈਠਾ ਸੱਚਾ ਸ਼ਹਿਨਸ਼ਾਹੀਆ । ਬੇਨਜ਼ੀਰ ਸ਼ਾਹ ਹਕੀਰ ਕਰ ਕਿਰਪਾ ਜਿਸ ਆਪਣਾ ਹੁਜਰਾ ਦਏ ਵਖਾਲ, ਬੰਦ ਕਿਵਾੜਾ ਤਾਕੀ ਕੁੰਡਾ ਲਾਹੀਆ । ਏਕਾ ਜਲਵਾ ਨੂਰ ਜਲਾਲ, ਜੋਤੀ ਜਾਤਾ ਜੋਤ ਰੁਸ਼ਨਾਈਆ । ਤਿਸ ਬੇਗ਼ਮ ਪੁਰੇ ਮੁਰੀਦ ਮੁਰਸ਼ਦ ਮੁਰਸ਼ਦ ਮੁਰੀਦਾਂ ਹੱਲ ਕਰੇ ਸਵਾਲ, ਆਪਣਾ ਲੇਖਾ ਆਪ ਜਣਾਈਆ । ਬੇਗ਼ਮ ਪੁਰੇ ਵਸੇ ਬੇਗ਼ਮ, ਗੁਰਮੁਖ ਸੁਰਤੀ ਬੇਗ਼ਮ ਰੂਪ ਵਟਾਈਆ । ਹਰਿ ਖ਼ੌਂਤ ਮਿਲੇ ਇਕੋ ਏਕਮ, ਏਕੰਕਾਰ ਦਇਆ ਕਮਾਈਆ । ਚਰਨ ਲੱਗ ਕਰੇ ਸਲਾਮਾਂ ਅਲੈਕਮ, ਆਲਮੀਨ ਤੇਰੀ ਵਡਿਆਈਆ । ਤੇਰਾ ਧਾਮ ਮੁਕਦੱਸ ਬੈਤਲ, ਬੇਪਰਵਾਹ ਤੇਰੀ ਸ਼ਹਿਨਸ਼ਾਹੀਆ । ਮੈਂ ਦੂਰੋਂ ਆਈ ਵੇਖ ਕੇ ਤੇਰੀ ਸ਼ੈਨਤ, ਤੇਰਾ ਨਾਮ ਇਸ਼ਾਰਾ ਮੇਰੀ ਅੱਖਾਂ ਨਾਲੋਂ ਲੱਥੀਆ ਐਨਕ, ਮੇਰਾ ਆਈਨਾ ਹੋਇਆ ਰੁਸ਼ਨਾਈਆ । ਖ਼ੁਦਾਵੰਦ ਕਰੀਮ ਮਿਲਿਆ ਅਚਾਨਕ, ਭਿਆਨਕ ਰੂਪ ਦਏ ਗਵਾਈਆ । ਮੈਂ ਕੋਝੀ ਕਮਲੀ ਨਾ ਸਕੀ ਪਛਾਣਤ, ਅੱਗੇ ਬੈਠਾ ਸੱਚਾ ਮਾਹੀਆ । ਵੇਲੇ ਅੰਤ ਕਿਸੇ ਦੀ ਨਾ ਮੰਗੇ ਜ਼ਮਾਨਤ, ਗੁਰਮੁਖ ਸਾਚੇ ਫੜ ਕੇ ਬਾਂਹੋਂ ਬਰੀ ਕਰਾਈਆ । ਲਾ ਕੇ ਬੈਠਾ ਇਕ ਅਦਾਲਤ, ਅਦਲ ਸੱਚਾ ਰਿਹਾ ਕਮਾਈਆ । ਨਾ ਕੋਈ ਵੁਕਲਾ ਨਾ ਵਕਾਲਤ, ਵਕੀਲ ਸੰਗ ਨਾ ਕੋਇ ਰਖਾਈਆ । ਸਚਖੰਡ ਦੀ ਸਚ ਅਮਾਨਤ, ਗੁਰਮੁਖ ਬੇਗ਼ਮ ਰੂਪ ਵਟਾਈਆ । ਏਥੇ ਓਥੇ ਸਹੀ ਸਲਾਮਤ, ਦੁਖ ਪੋਹ ਨਾ ਸਕੇ ਰਾਈਆ । ਤ੍ਰੈਗੁਣ ਮਾਇਆ ਨਾ ਕੋਇ ਅਲਾਮਤ, ਪੰਚ ਵਿਕਾਰ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਗ਼ਮ ਪੁਰਾ ਸ਼ਹਿਰ ਗੁਰਮੁਖਾਂ ਬਣਾ ਬੇਗ਼ਮ ਲਏ ਵਖਾਈਆ । ਬੇਗ਼ਮ ਬਣਾਏ ਹਰਿ ਜੂ ਨਾਰ ਕੰਤ, ਕੰਤ ਕੰਤੂਹਲ ਦਇਆ ਕਮਾਇੰਦਾ । ਪਹਿਲੋਂ ਕਾਇਆ ਚੋਲੀ ਫੜ ਫੜ ਚਾੜ੍ਹੇ ਰੰਗ ਬਸੰਤ, ਦੁਰਮਤ ਮੈਲ ਧੁਵਾਇੰਦਾ । ਅੰਤਰ ਆਤਮ ਪਰਮਾਤਮ ਜਪਾਏ ਆਪਣਾ ਮੰਤ, ਮੰਤਰ ਇਕੋ ਨਾਮ ਦ੍ਰਿੜਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਬੋਧ ਗਿਆਨ ਗਿਆਨ ਬੋਧ ਹੋਏ ਪੰਡਤ, ਸਾਚੀ ਵਿਦਿਆ ਇਕ ਸਮਝਾਇੰਦਾ । ਨਾਤਾ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਵਖਾਇੰਦਾ । ਗ਼ਰੀਬ ਨਿਮਾਣਿਆਂ ਫੜ ਫੜ ਮੇਲ ਆਪਣੀ ਸੰਗਤ, ਸੱਚਾ ਸੰਗ ਨਿਭਾਇੰਦਾ । ਲੇਖਾ ਜਾਣ ਆਦਿ ਅੰਤ, ਮਧ ਆਪਣਾ ਖੇਲ ਵਖਾਇੰਦਾ । ਪੰਜ ਤਤ ਕਾਇਆ ਰੂਪ ਬਣਾਏ ਸਾਚੀ ਬਣਤ, ਅੰਦਰ ਭਗਵੰਤ ਡੇਰਾ ਲਾਇੰਦਾ । ਤਨ ਮਾਟੀ ਕਾਚੀ ਬਣਾ ਬਣਤ, ਫੜ ਆਪਣੀ ਗੋਦ ਬਹਾਇੰਦਾ । ਨਾਤਾ ਤੋੜ ਬਹਿਸ਼ਤ ਜਨਤ, ਚਰਨ ਕਵਲਾਂ ਵਿਚ ਰਖਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਇਕੋ ਧਾਮ ਸੁਹੰਤ, ਜਿਸ ਧਾਮ ਬੇਗ਼ਮ ਪੁਰ ਨਾਉਂ ਰਖਾਇੰਦਾ । ਨਾ ਕੋਈ ਮਨ ਨਾ ਕੋਈ ਮੰਤ, ਨਾ ਕੋਈ ਰਸਨਾ ਨਾ ਕੋਈ ਜਿਹਵਾ ਨਾ ਕੋਈ ਮੂੰਹ ਨਾ ਕੋਈ ਨੱਕ, ਪੁਰਖ ਅਕਾਲ ਇਕ ਪਰਤੱਖ ਨਜ਼ਰੀ ਆਇੰਦਾ । ਰਲ ਮਿਲ ਦੋਵੇਂ ਗੁਰ ਗੁਰਸਿਖ ਜਾਇਣ ਵਸ,

ਤਿਸ ਦਵਾਰ ਨਾਉਂ ਬੇਗ਼ਮ ਪੁਰਾ ਅਖਵਾਇੰਦਾ । ਬੇਗ਼ਮ ਪੁਰਾ ਨਿੱਕੀ ਖੱਡ, ਘਰ ਘਰ ਵਿਚ ਟਿਕਾਈਆ । ਆਪਣੇ ਨਾਲੋਂ ਕਰ ਕਰ ਅੱਡ, ਪਾਰਬ੍ਰਹਮ ਲੱਖ ਚੁਰਾਸੀ ਵੰਡ ਵੰਡਾਈਆ । ਲੁਕਾ ਕੇ ਰੱਖੀ ਵਿਚ ਕਾਇਆ ਮਾਟੀ ਹੱਡ, ਚਮੜੀ ਉਪਰ ਪਰਦਾ ਪਾਈਆ । ਗੁਰਮੁਖ ਖੇਲ ਵੇਖੇ ਅੰਦਰ ਹੱਟ, ਬਾਹਰ ਢੂੰਡਣ ਕਿਤੇ ਨਾ ਜਾਈਆ । ਦੂਈ ਦਵੈਤੀ ਖੋਲ੍ਹੇ ਫਟ, ਆਪਣਾ ਫਟਾ ਦਏ ਉਠਾਈਆ । ਵਿਚੋਂ ਪਰਗਟ ਹੋਵੇ ਝੱਟ, ਨਿਰਮਲ ਜੋਤ ਕਰ ਰੁਸ਼ਨਾਈਆ । ਗੁਰਮੁਖ ਚਰਨ ਜਾਏ ਢੱਠ, ਵਾਹ ਵਾ ਤੇਰੀ ਵਡ ਵਡਿਆਈਆ । ਜਿਸ ਤਨ ਦਿਤਾ ਪੰਜ ਤਤ ਮਨ ਮਤ ਬੁਧ ਨਾਲ ਰੱਤ, ਰੱਤੀ ਰੱਤ ਰੱਤ ਨਾਲ ਮਿਲਾਈਆ । ਸੋ ਸਤਿਗੁਰ ਮਾਰਗ ਦੇਵੇ ਦੱਸ, ਆਪਣਾ ਘਰ ਦਏ ਵਖਾਈਆ । ਰਲ ਮਿਲ ਅੰਦਰ ਜਾਈਏ ਵਸ, ਗਲਵਕੜੀ ਇਕੋ ਪਾਈਆ । ਪ੍ਰੇਮ ਪਿਆਰ ਜਾਈਏ ਫਸ, ਨਾ ਕੋਈ ਸਕੇ ਤੋੜ ਤੁੜਾਈਆ । ਇਕ ਦੂਜੇ ਦਾ ਦਰਸ਼ਨ ਕਰੀਏ ਹੱਸ ਹੱਸ, ਗੁਰਸਿਖ ਗੁਰ ਗੁਰ ਗੋਬਿੰਦ ਵਿਚ ਸਮਾਈਆ । ਬਿਨ ਰਸਨਾ ਬਿਨ ਜਿਹਵਾ ਗਾਈਏ ਜਸ, ਬਿਨ ਕੰਨਾਂ ਰਾਗ ਸੁਣਾਈਆ । ਮਾਣ ਅਭਿਮਾਨ ਤੋੜ ਜਾਈਏ ਢੱਠ, ਗੜ੍ਹ ਹੰਕਾਰ ਨਾ ਕੋਇ ਵਖਾਈਆ । ਨਜ਼ਰੀ ਆਏ ਘਟ ਘਟ, ਮੇਰਾ ਵਸੇ ਸੱਚਾ ਮਾਹੀਆ । ਬੇਗ਼ਮ ਪੁਰੇ ਦਾ ਰਾਹ ਦੇਵੇ ਦੱਸ, ਜਿਸ ਜਾਂਦਿਆਂ ਰਾਹ ਵਿਚ ਨਾ ਕੋਇ ਅਟਕਾਈਆ । ਮਾਇਆ ਛਾਇਆ ਪ੍ਰੇਮ ਪਿਆਰ ਅੰਦਰ ਗਏ ਜੇ ਫਸ, ਕਦਮ ਕਦਮ ਚਲੇ ਨਾ ਕੋਇ ਰਾਹੀਆ । ਸਤਿਗੁਰ ਪੂਰਾ ਦੂਰ ਦੁਰਾਡੇ ਜਾਏ ਨੱਠ, ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੇਗ਼ਮ ਪੁਰ ਕਾਇਆ ਮੰਦਰ ਅੰਦਰ ਰੱਖੀ ਖਾਟ, ਪਾਵਾ ਚੂਲ ਨਾ ਕੋਇ ਰਖਾਈਆ । ਜਗਤ ਨੇਤਰ ਵੇਖੇ ਆਕਾਰ, ਨਿਜ ਨੇਤਰ ਨਿਰਾਕਾਰ ਵਿਚ ਸਮਾਈਆ । ਜਿਸ ਧਾਮ ਵਸੇ ਨਿਰੰਕਾਰ, ਸੋ ਸਾਕਾਰ ਨਜ਼ਰ ਨਾ ਆਈਆ । ਆਪਣਾ ਰੱਖੇ ਆਪ ਇਖ਼ਤਿਆਰ, ਹੁਕਮ ਅਗੰਮੀ ਇਕ ਸੁਣਾਈਆ । ਜੋਤੀ ਸ਼ਬਦੀ ਸ਼ਬਦੀ ਜੋਤੀ ਸਾਚੀ ਧਾਰ, ਤਤਵ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ ।

## ✳ ੧੪ ਅੱਸੂ ੨੦੧੯ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ✳

ਨਿਰਗੁਣ ਨਿਰੰਕਾਰ ਲਏ ਅਵਤਾਰਾ, ਗੁਰ ਸ਼ਬਦ ਦਏ ਵਡਿਆਈਆ । ਗੁਰ ਸ਼ਬਦ ਸੱਜਣ ਮੀਤ ਮੁਰਾਰਾ, ਆਦਿ ਜੁਗਾਦਿ ਸੰਗ ਨਿਭਾਈਆ । ਸਗਲਾ ਸਾਥੀ ਵਿਚ ਸੰਸਾਰਾ, ਭਗਤ ਭਗਵੰਤ ਲਏ ਉਠਾਈਆ । ਭਗਤਾਂ ਦੇਵੇ ਨਾਮ ਅਧਾਰਾ, ਆਤਮ ਪਰਮਾਤਮ ਬੂਝ ਬੁਝਾਈਆ । ਆਤਮ ਪਰਮਾਤਮ ਖੇਲ ਨਿਆਰਾ, ਹਰਿ ਸੰਤਨ ਦਏ ਵਖਾਈਆ । ਸੰਤਨ ਸੋਹੇ ਸਚ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹੀਆ । ਗੁਰਮੁਖਾਂ ਕਰੇ ਸਚ ਪਿਆਰਾ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਘਰ ਵਿਚ ਘਰ ਘਰ ਉਜਿਆਰਾ, ਗ੍ਰਿਹ ਮੰਦਰ ਦਏ ਵਖਾਈਆ । ਨਿਰਮਲ ਦੀਆ ਜੋਤੀ ਜਾਤਾ ਕਰ ਪਸਾਰਾ, ਸਤਿ ਸਰੂਪੀ ਵੇਖ ਵਖਾਈਆ । ਸਦਾ ਸੁਹੇਲਾ ਵਸਣਹਾਰਾ ਠਾਂਡੇ ਦਰਬਾਰਾ, ਸਚ ਸਿੰਘਾਸਣ ਇਕ ਸੁਹਾਈਆ । ਗੁਰਮੁਖ ਮੇਲੇ ਮੇਲਣਹਾਰਾ, ਗੁਰਸਿਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਹਰਿ ਨਿਰੰਕਾਰਾ, ਗੁਰ ਸ਼ਬਦੀ ਵੇਸ ਵਟਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਪਾਰ ਕਿਨਾਰਾ, ਕਲਜੁਗ ਆਪਣਾ ਰੰਗ ਵਖਾਇੰਦਾ । ਭਗਤ ਭਗਵਾਨ ਦਏ ਅਧਾਰਾ, ਸਤਿ ਸੰਤੋਖ ਇਕ ਦ੍ਰਿੜਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਘਰ ਮੰਦਰ ਖੋਜ ਖੋਜਾਇੰਦਾ । ਪੂਰਬ ਲਹਿਣਾ ਵੇਖੇ ਵੇਖਣਹਾਰਾ, ਦੇਣਾ ਆਪਣੇ ਹੱਥ ਰਖਾਇੰਦਾ । ਨਾਮੇ ਤੇਰੀ ਸੁਣੀ ਪੁਕਾਰਾ, ਕਾਮਾ ਆਪਣੀ ਕਾਰ ਕਮਾਇੰਦਾ । ਬਹੱਤਰ ਜਾਮੇ ਕਰ ਪਸਾਰਾ, ਪਸਰ ਪਸਾਰੀ ਵੇਖ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜੁਗ ਚੌਕੜੀ ਰੋਵਣ ਜ਼ਾਰੋ ਜ਼ਾਰਾ, ਹਰਿ ਕਾ ਅੰਤ ਨਾ ਕੋਇ ਪਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰਾ, ਪੀਰ ਪੈਗ਼ੰਬਰ ਸੀਸ ਨਿਵਾਇੰਦਾ । ਕਲਜੁਗ ਅੰਤਮ ਜਨ ਭਗਤਾਂ ਦੇਵੇ ਇਕ ਅਧਾਰਾ, ਆਤਮ ਪਰਮਾਤਮ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਪੁਰਖ ਅਬਿਨਾਸ਼ਾ, ਗੁਰ ਗੁਰ ਖੇਲ ਕਰਾਈਆ । ਗੁਰ ਗੁਰ ਖੇਲ ਸ਼ਬਦ ਗੁਰ ਵਡ ਪਰਕਾਸ਼ਾ, ਪਰਕਾਸ਼ਵਾਨ ਸਰਬ ਲੋਕਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼ਾ, ਆਕਾਸ਼ ਆਕਾਸ਼ਾਂ ਖੋਜ ਖੋਜਾਈਆ । ਜਨ ਭਗਤਾਂ ਹੋਏ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਪੂਰੀ ਕਰੇ ਇਕੋ ਆਸਾ, ਆਸਾ ਤ੍ਰਿਸਨਾ ਦਏ ਮਿਟਾਈਆ । ਨਿਰਗੁਣ ਸਰਗੁਣ ਚਲੇ ਸਾਥਾ, ਸਗਲਾ ਸੰਗ ਨਿਭਾਈਆ । ਸਤਿਜੁਗ ਪੜ੍ਹਾਏ ਆਪਣੀ ਗਾਥਾ, ਬੋਧ ਗਿਆਨ ਇਕ ਦ੍ਰਿੜਾਈਆ । ਭਾਗ ਚੁਕਾਏ ਮਸਤਕ ਮਾਥਾ, ਜੋਤ ਲਿਲਾਟੀ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਬੰਨ੍ਹੇ ਨਾਤਾ, ਬਿਧਾਤਾ ਆਪਣਾ ਜੋੜ ਜੁੜਾਈਆ । ਅੰਮ੍ਰਿਤ ਜਾਮ ਪਿਆਏ ਸੱਚਾ ਬਾਟਾ, ਭਰ ਪਿਆਲਾ ਹੱਥ ਰਖਾਈਆ । ਅਨਹਦ ਨਾਦ ਸੁਣਾਏ ਅਗੰਮੀ ਗਾਥਾ, ਗਾ ਗਾ ਆਪਣਾ ਨਾਉਂ ਵਡਿਆਈਆ । ਉਤਮ ਰੱਖੇ ਹਰਿਜਨ ਜਾਤਾ, ਜ਼ਾਤ ਪਾਤ ਨਾ ਕੋਇ ਸਮਝਾਈਆ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸੰਗ ਨਿਭਾਈਆ । ਗੁਰ ਸ਼ਬਦੀ ਸੱਜਣ ਸਾਚਾ ਮੀਤਾ, ਮਿੱਤਰ ਪਿਆਰਾ ਆਪ ਅਖਵਾਇੰਦਾ । ਸਚਖੰਡ ਨਿਵਾਸੀ ਠਾਂਡਾ ਸੀਤਾ, ਥਿਰ ਘਰ ਆਪਣਾ ਹੁਕਮ ਵਰਤਾਇੰਦਾ । ਤ੍ਰੈਭਵਣ ਧਨੀ ਤ੍ਰੈਗੁਣ ਅਤੀਤਾ, ਤ੍ਰੈ ਤ੍ਰੈ ਲੇਖਾ ਆਪ ਜਣਾਇੰਦਾ । ਸਮਰਥ ਪੁਰਖ ਕਰੇ ਖੇਲ ਇਕ ਅਨਡੀਠਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਆਪ ਵਡਿਆਇੰਦਾ । ਗੁਰ ਸ਼ਬਦ ਦੇਵੇ ਹਰਿ ਹਰਿ ਬਲ, ਬਲ ਆਪਣਾ ਆਪ ਜਣਾਈਆ । ਆਦਿ ਜੁਗਾਦੀ ਅਛਲ ਅਛਲ, ਵਲ ਛਲ ਧਾਰੀ ਖੇਲ ਕਰਾਈਆ । ਕਲਜੁਗ ਅੰਤਮ ਜੋਤੀ ਸ਼ਬਦੀ ਆਪੇ ਰਲ, ਰਲ ਮਿਲ ਆਪਣਾ ਵੇਸ ਵਟਾਈਆ । ਵਸਣਹਾਰਾ ਨਿਹਚਲ ਧਾਮ ਅਟਲ, ਅਟਲ ਮਹੱਲ ਕਰੇ ਰੁਸ਼ਨਾਈਆ । ਬਿਨ ਤੇਲ ਬਾਤੀ ਦੀਪਕ ਗਿਆ ਬਲ, ਅਗਿਆਨ ਅੰਧੇਰ ਦਏ ਗਵਾਈਆ । ਸਚ ਸੰਦੇਸਾ ਰਿਹਾ ਘਲ, ਸਤਿਜੁਗ ਸਾਚੀ ਕਰੇ ਪੜ੍ਹਾਈਆ । ਲੱਖ ਚੁਰਾਸੀ ਦੇਵਣਹਾਰਾ ਫਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਇਕ ਵਡਿਆਈਆ । ਸ਼ਬਦ ਗੁਰ ਵਡ ਬਲਵਾਨਾ, ਬਲ ਆਪਣਾ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨਾ, ਹਰਿ ਜੂ ਆਪਣੀ ਦਇਆ ਕਮਾਇੰਦਾ । ਬਣ ਵਿਚੋਲਾ ਸ੍ਰੀ ਭਗਵਾਨਾ, ਸਾਚਾ ਮਾਰਗ ਆਪੇ ਲਾਇੰਦਾ । ਕਲਜੁਗ ਮੇਟੇ ਕੂੜ ਨਿਸ਼ਾਨਾ,

ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਧਿਆਨਾ, ਸਰਨ ਇਕੋ ਇਕ ਵਖਾਇੰਦਾ । ਸਾਚੇ ਸੰਤਾਂ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖ ਬਣਾਏ ਚਤੁਰ ਸੁਘੜ ਸੁਜਾਨਾ, ਮੂਰਖ ਮੂੜ੍ਹ ਨਜ਼ਰ ਕੋਇ ਨਾ ਆਇੰਦਾ । ਗੁਰਸਿਖਾਂ ਕਰੇ ਬਦਲੀ ਜਾਮਾ, ਜਨਮ ਜਨਮ ਵਿਚ ਬਦਲਾਇੰਦਾ । ਜਿਉਂ ਨਾਮੇ ਦਰ ਸੇਵਾ ਕਰੇ ਬਣ ਬਣ ਕਾਮਾ, ਤਿਉਂ ਭਗਤਾਂ ਭਗਵਾਨ ਤਰਸ ਕਰਾਇੰਦਾ । ਨਿਰਵੈਰ ਪਹਿਰਿਆ ਜਾਮਾ, ਨਿਹਕਲੰਕਾ ਨਾਉਂ ਰਖਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਲੱਖ ਚੁਰਾਸੀ ਅੰਤਰਜਾਮਾ, ਘਟ ਘਟ ਆਪਣਾ ਖੋਜ ਖੋਜਾਇੰਦਾ । ਗੁਰਮੁਖ ਵੇਖੇ ਬਾਲ ਅਵਾਣਾ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਸਲਾਹਿੰਦਾ । ਸ਼ਬਦ ਗੁਰ ਆਦਿ ਅਵਤਾਰਾ, ਹਰਿ ਸਤਿਗੁਰ ਨਾਉਂ ਵਡਿਆਈਆ । ਨਾਮ ਸਤਿ ਸਤਿ ਭੰਡਾਰਾ, ਸਤਿ ਪੁਰਖ ਨਿਰੰਜਣ ਝੋਲੀ ਪਾਈਆ । ਓਅੰ ਸੋਹੰ ਖੇਲ ਨਿਆਰਾ, ਹੰ ਬ੍ਰਹਮ ਸੋ ਪੁਰਖ ਨਿਰੰਜਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਗੰਮ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸ਼ਬਦ ਗੁਰੂ ਗੁਰ ਬੇੜਾ ਬੰਨ੍ਹ, ਦੇਵ ਦੇਵਾ ਦਇਆ ਕਮਾਇੰਦਾ । ਭਾਗ ਲਗਾਏ ਸਾਚੇ ਤਨ, ਤਨ ਮੰਦਰ ਆਪ ਸੁਹਾਇੰਦਾ । ਲੇਖਾ ਜਾਣੇ ਜਨਣੀ ਜਨ, ਜਨ ਜਨਣੀ ਵੇਖ ਵਖਾਇੰਦਾ । ਨਿਰਗੁਣ ਸਰਗੁਣ ਬੇੜਾ ਬੰਨ੍ਹ, ਪੁਰਖ ਅਬਿਨਾਸ਼ੀ ਆਪਣੇ ਕੰਧ ਉਠਾਇੰਦਾ । ਜਨ ਭਗਤਾਂ ਕਹੇ ਧੰਨ ਧੰਨ, ਧੰਨ ਧੰਨ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਿਫ਼ਤ ਸਲਾਹਿੰਦਾ । ਸ਼ਬਦ ਗੁਰੂ ਗੁਰ ਸਾਚਾ ਮੀਤਾ, ਮਿੱਤਰ ਪਿਆਰਾ ਇਕ ਅਖਵਾਇੰਦਾ । ਵਸਣਹਾਰਾ ਧਾਮ ਅਨਡੀਠਾ, ਮੰਦਰ ਮਸਜਦ ਮੱਠ ਸ਼ਿਵਦਵਾਲੇ ਹੱਥ ਕਿਸੇ ਨਾ ਆਇੰਦਾ । ਚਾਰ ਵੇਦ ਜਿਸ ਬਣਾਈ ਰੀਤਾ, ਸ਼ਾਸਤਰ ਸਿਮਰਤ ਆਪ ਪੜ੍ਹਾਇੰਦਾ । ਗੀਤਾ ਗਿਆਨ ਦੇਵੇ ਠਾਂਡਾ ਸੀਤਾ, ਅੱਖਰ ਅੱਖਰ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਸਲਾਹਿੰਦਾ । ਸਤਿਗੁਰ ਸ਼ਬਦ ਵੱਡਾ ਹਿਤਕਾਰੀ, ਹਿਤ ਆਪਣਾ ਆਪ ਜਣਾਈਆ । ਨਿਰਗੁਣ ਰੂਪ ਨਰ ਨਿਰੰਕਾਰੀ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਵਸਣਹਾਰਾ ਥਿਰ ਘਰ ਧਾਮ ਅਟੱਲ ਅਟਾਰੀ, ਸਚਖੰਡ ਧਿਆਨ ਲਗਾਈਆ । ਪੁਰਖ ਅਗੰਮ ਅਥਾਹ ਬੇਪਰਵਾਹ ਵੇਖੇ ਵਿਗਸੇ ਏਕੰਕਾਰੀ, ਨਰ ਨਿਰੰਕਾਰੀ ਨੈਣ ਉਠਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਪਾਵੇ ਸਾਰੀ, ਮਹਾਸਾਰਥੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲਾ ਇਕ ਇਕੇਲਾ ਲੇਖਾ ਜਾਣੇ ਗੁਰੂ ਗੁਰ ਚੇਲਾ, ਭਗਤ ਭਗਵੰਤ ਮੇਲ ਮਿਲਾਈਆ । ਸ਼ਬਦ ਗੁਰੂ ਗੁਰ ਸੱਚਾ ਸੱਜਣ, ਹਰਿ ਸਤਿਗੁਰ ਆਪ ਬਣਾਇੰਦਾ । ਨਿਰਗੁਣ ਸਰਗੁਣ ਕਰਾਏ ਮਜਣ, ਧੂੜੀ ਮਸਤਕ ਟਿੱਕਾ ਲਾਇੰਦਾ । ਡੂੰਘੀ ਗਾਰੋਂ ਆਏ ਕੱਢਣ, ਫੜ ਬਾਂਹੋਂ ਪਾਰ ਕਰਾਇੰਦਾ । ਘਰ ਆਪਣੇ ਆਏ ਸੱਦਣ, ਸੱਦਾ ਏਕੋ ਵਾਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਸੇਵਾ ਇਕ ਲਗਾਇੰਦਾ । ਸ਼ਬਦ ਗੁਰ ਸੇਵਾ ਗਿਆ ਲੱਗ, ਹਰਿ ਸਤਿਗੁਰ ਆਪ ਲਗਾਇੰਦਾ । ਕਰੇ ਖੇਲ ਸੂਰਾ ਸਰਬੱਗ, ਦੂਸਰ ਸੰਗ ਨਾ ਕੋਇ ਰਖਾਇੰਦਾ । ਫਿਰੇ ਦਰੋਹੀ ਸਾਰੇ ਜਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਨਵ ਨੌਂ ਲੱਗੇ

ਅੱਗ, ਲੱਗੀ ਅੱਗ ਨਾ ਕੋਇ ਬੁਝਾਇੰਦਾ । ਗੁਰਮੁਖ ਗੁਰ ਗੁਰ ਸੰਤ ਸੁਹੇਲੇ ਸੱਜਣ ਸੱਦ, ਆਪ ਆਪਣਾ ਪਰਦਾ ਲਾਹਿੰਦਾ । ਇਕ ਪਿਆਏ ਸਾਚੀ ਮਦਿ, ਮਧੁਰ ਰਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਇਆ ਕਮਾਇੰਦਾ । ਸ਼ਬਦ ਗੁਰੂ ਗੁਰ ਦਿਆਲ ਦੀਨਨ, ਆਪਣੀ ਦਇਆ ਕਮਾਈਆ । ਏਕਾ ਰੰਗ ਚਾੜ੍ਹੇ ਭੀਨਣ, ਭਿੰਨੜੀ ਰੈਣ ਨਾਲ ਰਲਾਈਆ । ਨਾਤਾ ਜੋੜੇ ਜਿਉਂ ਜਲ ਮੀਨਨ, ਜਲ ਮੀਨ ਰੂਪ ਵਟਾਈਆ । ਲੇਖਾ ਜਾਣੇ ਲੋਕ ਤੀਨਨ, ਤ੍ਰੈ ਤ੍ਰੈ ਲਹਿਣਾ ਰਿਹਾ ਮੁਕਾਈਆ । ਜਨ ਭਗਤਾਂ ਕਰੇ ਠਾਂਡਾ ਸੀਨਨ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਸ਼ਬਦ ਗੁਰੂ ਗੁਰ ਸਾਂਝਾ ਯਾਰ, ਯਾਰੜਾ ਸੱਥਰ ਇਕ ਹੰਢਾਇੰਦਾ । ਗ਼ਰੀਬ ਨਿਮਾਣਿਆਂ ਕਰੇ ਪਿਆਰ, ਨਿਤਾਣਿਆਂ ਆਪਣੇ ਰੰਗ ਰੰਗਾਇੰਦਾ । ਬੇ ਮੁਹਾਣਿਆਂ ਲਾਏ ਪਾਰ, ਬੇੜਾ ਆਪਣੇ ਕੰਧ ਉਠਾਇੰਦਾ । ਡੂੰਘੀ ਭਵਰੀ ਕੱਢੇ ਬਾਹਰ, ਕਾਇਆ ਕਵਰੀ ਖੋਜ ਖੋਜਾਇੰਦਾ । ਰਾਤੀਂ ਸੁੱਤਿਆਂ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਏਕਾ ਨਾਮ ਦਏ ਖ਼ੁਮਾਰ, ਸਚ ਖ਼ੁਮਾਰੀ ਇਕ ਵਖਾਇੰਦਾ । ਜਨ ਭਗਤਾਂ ਪੈਜ ਜਾਏ ਸਵਾਰ, ਸਮਰਥ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਕਰ ਪਿਆਰ, ਭਗਤ ਭਗਵੰਤ ਮੇਲ ਮਿਲਾਇੰਦਾ । ਜਨਮ ਜਨਮ ਦਾ ਦੁਖੜਾ ਦਏ ਨਿਵਾਰ, ਲੱਖ ਚੁਰਾਸੀ ਫੰਦ ਕਟਾਇੰਦਾ । ਉਜਲ ਮੁਖ ਕਰੇ ਕਰਤਾਰ, ਦੁਰਮਤ ਮੈਲ ਧੁਆਇੰਦਾ । ਸੋਹੰ ਨਾਮ ਸਚ ਜੈਕਾਰ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਪੁਰਖ ਅਬਿਨਾਸ਼ੀ ਮਿਲੇ ਸੱਚਾ ਯਾਰ, ਮਿੱਤਰ ਪਿਆਰਾ ਵਿਛੜ ਕਦੇ ਨਾ ਜਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਧੂੜੀ ਟਿੱਕਾ ਮਸਤਕ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਵਿਆਪੀ ਦੇਵੇ ਇਕੋ ਦਾਨ, ਵਡ ਪਰਤਾਪੀ ਵਖਾਏ ਸਚ ਨਿਸ਼ਾਨ, ਨਾਮ ਨਿਸ਼ਾਨਾ ਇਕ ਰਖਾਇੰਦਾ ।



੧੦੪੯ ੧੨

✳ ੧੪ ਅੱਸੂ ੨੦੧੯ ਬਿਕ੍ਰਮੀ ਤੇਜ ਕੌਰ ਦੇ ਗ੍ਰਿਹਿ ਰੁੜਕਾ ਕਲਾਂ ਜ਼ਿਲਾ ਜਲੰਧਰ ✳

ਹਰਿ ਦਾਤਾ ਸ਼ਬਦ ਭਿਖਾਰ, ਗੁਰ ਮਾਂਗਣਹਾਰ ਅਖਵਾਈਆ । ਦੇਵਣਹਾਰ ਏਕੰਕਾਰ, ਆਦਿ ਅੰਤ ਵਰਤਾਈਆ । ਕਲਜੁਗ ਅੰਤ ਭਰੇ ਸਚ ਭੰਡਾਰ, ਸਤਿ ਭੰਡਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੀ ਆਪ ਕਮਾਈਆ । ਆਪਣੀ ਕਰਨੀ ਕਰੇ ਹਰਿ ਕਰਤਾਰਾ, ਕਲਜੁਗ ਅੰਤਮ ਵੇਸ ਵਟਾਇੰਦਾ । ਸ਼ਬਦ ਵਸਤ ਸਚ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਇੰਦਾ । ਗ਼ਰੀਬ ਨਿਮਾਣਿਆਂ ਦੇ ਅਧਾਰਾ, ਅੰਤਰ ਆਤਮ ਮੇਲ ਮਿਲਾਇੰਦਾ । ਜਗਤ ਨਿਥਾਵਿਆਂ ਸਚ ਸਹਾਰਾ, ਬਣ ਸੱਜਣ ਆਪ ਰਖਾਇੰਦਾ । ਡੂੰਘੀ ਭਵਰੀ ਪਾਰ ਕਿਨਾਰਾ, ਬੇ ਸਬਰੀ ਸਬਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਆਪ ਵਰਤਾਇੰਦਾ । ਸਚ ਵਸਤ ਦੇਵੇ ਦਾਨੀ, ਦਾਤਾ ਆਪਣੀ ਦਇਆ ਕਮਾਇੰਦਾ । ਅਤੋਟ ਅਤੁਟ ਇਕ ਨਿਸ਼ਾਨੀ, ਨਿਰਗੁਣ ਨਿਰਾਕਾਰ ਆਪ ਵਖਾਇੰਦਾ । ਮੰਤਰ ਨਾਮ ਨਮੋ ਸਤਿ ਕਹਾਣੀ, ਸਤਿ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਉਤਮ ਸ੍ਰੇਸ਼ਟ ਇਕੋ ਬਾਣੀ, ਵਿਸ਼ੇਸ਼ ਆਪਣੇ ਰੰਗ ਰੰਗਾਇੰਦਾ । ਚਰਨ ਕਵਲ

ਪਦ ਨਿਰਾਬਾਣੀ, ਨਿਰਬਾਣ ਪਦ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤ ਗ਼ਰੀਬ ਨਿਵਾਜ਼, ਨਿਰਗੁਣ ਨਿਰਧਨ ਵੇਖ ਵਖਾਈਆ । ਨਿਰਧਨ ਸਰਧਨ ਰੱਖਣਹਾਰਾ ਲਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਮਾਣ ਨਿਮਾਣਿਆਂ ਰਚ ਰਚ ਕਾਜ, ਕਰਤਾ ਪੁਰਖ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਪਾਤਸ਼ਾਹ ਹੋ ਕੇ ਬਣਿਆ ਮੰਗਤਾਂ, ਦਰ ਦਰ ਫੇਰੀ ਪਾਇੰਦਾ । ਆਪੇ ਬਣਿਆ ਭੁੱਖਾ ਨੰਗਤਾ, ਗੁਰਮੁਖਾਂ ਭਰਪੂਰ ਆਪ ਕਰਾਇੰਦਾ । ਚੌਥੇ ਜੁਗ ਗੁਰਸਿਖਾਂ ਅੱਗੇ ਕਰੇ ਆਪ ਮਿੰਨਤਾਂ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਨਿਰਗੁਣ ਕਰਕੇ ਆਇਆ ਆਪਣੀ ਹਿੰਮਤਾ, ਬਲ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਵਖਾਇੰਦਾ । ਬਣ ਸ਼ਹਿਨਸ਼ਾਹ ਹੋਇਆ ਗੋਲਾ, ਕਲਜੁਗ ਅੰਤਮ ਸੇਵ ਕਮਾਈਆ । ਨਿਰੰਕਾਰ ਨਿਰਗੁਣ ਬਦਲਿਆ ਚੋਲਾ, ਚੋਲਾ ਤਨ ਨਾ ਕੋਇ ਵਖਾਈਆ । ਮਾਣਸ ਜਨਮ ਬਣਿਆ ਭਾਲਾ ਭੋਲਾ, ਭਾਓ ਆਪਣਾ ਨਾ ਕਿਸੇ ਜਣਾਈਆ । ਕਲਜੁਗ ਅੰਤਮ ਗੁਰਸਿਖਾਂ ਅੰਦਰ ਵੜ ਵੜ ਪਾਏ ਰੌਲਾ, ਸੋਹੰ ਆਪਣਾ ਨਾਮ ਜਪਾਈਆ । ਸਚ ਦਵਾਰਾ ਇਕੋ ਖੋਲ੍ਹਾ, ਜਿਸ ਦਵਾਰੇ ਗ਼ਰੀਬ ਨਿਮਾਣੇ ਲਏ ਤਰਾਈਆ । ਆਪ ਚੁਕਾਏ ਪਰਦਾ ਓਹਲਾ, ਮੁੱਖ ਆਪਣੇ ਲਏ ਪਰਗਟਾਈਆ । ਗੁਰਮੁਖ ਤੇਰੇ ਪ੍ਰੇਮ ਦਾ ਗਾਏ ਸੋਹਲਾ, ਗਾ ਗਾ ਆਪਣਾ ਸ਼ੁਕਰ ਮਨਾਈਆ । ਨਿਰਗੁਣ ਹੋ ਕੇ ਬਣਿਆ ਵਿਚੋਲਾ, ਵਿਚਲਾ ਲੇਖਾ ਰਿਹਾ ਮੁਕਾਈਆ । ਆਪਣੀ ਹੱਥੀਂ ਗੁਰਮੁਖਾਂ ਪਿਛਲਾ ਪਰਦਾ ਫੋਲਾ, ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੰਗ ਸਮਾਈਆ ।

## ✳ ੧੪ ਅੱਸੂ ੨੦੧੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਿਹ ਰੁੜਕਾ ਕਲਾਂ ਜ਼ਿਲਾ ਜਲੰਧਰ ✳

ਸ਼ਾਹ ਪਾਤਸ਼ਾਹ ਤੇਰੀ ਉਡੀਕ, ਗੁਰ ਅਵਤਾਰ ਧਿਆਨ ਲਗਾਈਆ । ਪਰਵਰਦਿਗਾਰ ਆਵੇ ਲਾਸ਼ਰੀਕ, ਪੀਰ ਪੈਗ਼ੰਬਰ ਨੈਣ ਉਠਾਈਆ । ਦੋ ਜਹਾਨਾਂ ਦੱਸੇ ਸਚ ਪ੍ਰੀਤ, ਪ੍ਰੀਤੀਵਾਨ ਸੱਚਾ ਮਾਹੀਆ । ਬ੍ਰਹਿਮੰਡ ਖੰਡ ਸੁਣਾਏ ਸਾਚਾ ਗੀਤ, ਸਤਿ ਸਤਿਵਾਦੀ ਢੋਲਾ ਗਾਈਆ । ਲੱਖ ਚੁਰਾਸੀ ਪਰਖੇ ਨੀਤ, ਘਰ ਘਰ ਆਪਣਾ ਫੇਰਾ ਪਾਈਆ । ਲਹਿਣਾ ਦੇਣਾ ਚੁਕਾਏ ਹਸਤ ਕੀਟ, ਊਚ ਨੀਚ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਤੱਕਣ ਤੇਰਾ ਰਾਹ, ਗੁਰ ਅਵਤਾਰ ਨੈਣ ਉਠਾਇਆ । ਪੀਰ ਪੈਗ਼ੰਬਰ ਰਹੇ ਧਿਆ, ਧਿਆਨ ਧਿਆਨ ਵਿਚ ਰਖਾਇਆ । ਕਵਣ ਕੂਟੇ ਪਰਗਟ ਹੋਵੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਵੇਸ ਵਟਾਇਆ । ਮੁਖ ਨਕ਼ਾਬ ਪਰਦਾ ਦੇਵੇ ਲਾਹ, ਜਲਵਾ ਨੂਰ ਕਰੇ ਰੁਸ਼ਨਾਇਆ । ਸਿਫ਼ਤ ਸਾਲਾਹੀ ਦੇਵੇ ਸਚ ਸਲਾਹ, ਸਲਾਹਗੀਰ ਫੇਰਾ ਪਾਇਆ । ਸ਼ਾਹ ਹਕੀਰ ਲਏ ਉਠਾ, ਦਸਤਗੀਰ ਆਪਣਾ ਦਸਤ ਮਿਲਾਇਆ । ਸ਼ਰਅ ਜ਼ੰਜੀਰ ਦਏ ਤੁੜਾ, ਦੀਨ ਮਜ਼੍ਹਬ ਨਾ ਕੋਇ ਰਖਾਇਆ । ਆਤਮ ਪਰਮਾਤਮ ਦਏ ਮਿਲਾ, ਸਚ ਮਿਲਾਵਾ ਇਕ ਜਣਾਇਆ । ਜੂਠੀ ਝੂਠੀ ਕੰਧ ਦੇਵੇ ਢਾਹ, ਭਾਂਡਾ ਭਰਮ ਭੌ ਭੰਨਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਫੜ

ਬਾਂਹੋਂ ਕੱਠੇ ਦਏ ਬਹਾ, ਸਾਚੀ ਸਿਖਿਆ ਇਕ ਸਮਝਾਇਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰ ਘਰ ਦਏ ਉਠਾ, ਗੁਰ ਸਤਿਗੁਰ ਫੇਰਾ ਪਾਇਆ । ਨਾਮ ਮਰਦੰਗਾ ਦਏ ਵਜਾ, ਡੰਕਾ ਏਕਾ ਸ਼ਬਦ ਲਗਾਇਆ । ਰਾਉ ਰੰਕਾਂ ਦਏ ਜਗਾ, ਨੇਤਰ ਨੈਣ ਅੱਖ ਖੁਲ੍ਹਾਇਆ । ਸਾਚਾ ਮਾਰਗ ਦੇਵੇ ਲਾ, ਰਹਿਬਰ ਆਪਣਾ ਫੇਰਾ ਪਾਇਆ । ਚੌਦਾਂ ਤਬਕ ਦਏ ਹਿਲਾ, ਚੌਦਾਂ ਲੋਕ ਕੁੰਡਾ ਲਾਹਿਆ । ਤ੍ਰੈਭਵਣ ਵੇਖੇ ਥਾਉਂ ਥਾਂ, ਅਵਨ ਗਵਨ ਖੋਜ ਖੋਜਾਇਆ । ਰਵ ਸਸ ਸੂਰਜ ਚੰਦ ਲਹਿਣਾ ਦੇਣਾ ਦਏ ਮੁਕਾ, ਬਾਕੀ ਕੋਇ ਰਹਿਣ ਨਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਦਏ ਸਮਝਾ, ਸਚ ਸੰਦੇਸਾ ਇਕ ਸੁਣਾਇਆ । ਚੌਦਾਂ ਵਿਦਿਆ ਪੰਧ ਦਏ ਮੁਕਾ, ਪਾਂਧੀ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇਆ । ਸਚਖੰਡ ਨਿਵਾਸੀ ਤੇਰੀ ਓਟ, ਗੁਰ ਅਵਤਾਰ ਰਹੇ ਤਕਾਈਆ । ਪੀਰ ਪੈਗ਼ੰਬਰ ਤੇਰਾ ਨੂਰੀ ਜਲਵਾ ਨਿਰਮਲ ਜੋਤ, ਜੋਤੀ ਨੂਰ ਨੂਰ ਦਰਸਾਈਆ । ਮੁਕਾਮੇ ਹੱਕ ਧਾਮ ਨਿਆਰ ਸਚਖੰਡ ਤੇਰਾ ਕਿਲਾ ਕੋਟ, ਚਾਰ ਦੀਵਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਨਿਵਾਸੀ ਤੇਰੀ ਆਸ, ਗੁਰ ਅਵਤਾਰ ਰਹੇ ਧਿਆਈਆ । ਪੀਰ ਪੈਗ਼ੰਬਰ ਹੋ ਕੇ ਬੈਠੇ ਨਿਰਾਸ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਕੋਇ ਨਾ ਦਿਸੇ ਸਚ ਪਰਕਾਸ਼, ਪਰਕਾਸ਼ਵਾਨ ਨਾ ਕੋਇ ਖ਼ੁਦਾਈਆ । ਮੁੱਲਾ ਸ਼ੇਖ਼ ਮਸਾਇਕ ਹੋਏ ਬੇਆਬ, ਆਬ ਹਯਾਤ ਨਾ ਕੋਇ ਪਿਆਈਆ । ਚੌਦਾਂ ਸਦੀਆਂ ਲੈ ਕੇ ਥੱਕੇ ਖ਼ਵਾਬ, ਸੋਇਆਂ ਰੈਣ ਗਈ ਵਹਾਈਆ । ਤੇਰੀ ਝੱਲ ਨਾ ਸਕੇ ਕੋਈ ਤਾਬ, ਬੇਤਾਬ ਦੇਣ ਦੁਹਾਈਆ । ਕਵਣ ਵੇਲਾ ਪਰਗਟ ਹੋਵੇ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਸ਼ਾਹ ਸਵਾਰਾ ਚਰਨ ਘੋੜੇ ਦਏ ਰਕਾਬ, ਸਚ ਸਿੰਘਾਸਣ ਸੋਭਾ ਪਾਈਆ । ਅਜ਼ੀਮ ਦੇਵੇ ਸਰਬ ਅਜ਼ਾਬ, ਨਾ ਸਕੇ ਕੋਇ ਬਚਾਈਆ । ਮੁਰੀਦ ਮੁਰਸ਼ਦ ਦੇਵੇ ਖਿਤਾਬ, ਦੀਨਨ ਦਇਆ ਨਿਧ ਆਪ ਹੋਏ ਸਹਾਈਆ । ਦਰੋਹੀ ਖ਼ੁਦਾਏ ਸਾਰੇ ਹੋਏ ਲਾਜਵਾਬ, ਨੇਤਰ ਨੈਣ ਰਹੇ ਸ਼ਰਮਾਈਆ । ਕੋਇ ਨਾ ਦਿਸੇ ਸੱਚਾ ਪਾਕ, ਪਾਕ ਰਸੂਲ ਨਾ ਕੋਇ ਵਖਾਈਆ । ਕੂੜੀ ਕਿਰਿਆ ਛਾਣੀ ਖ਼ਾਕ, ਅੰਤਮ ਖ਼ਾਕ ਮੇਲ ਮਿਲਾਈਆ । ਚਾਰ ਯਾਰੀ ਮੁੱਕਿਆ ਸਾਕ, ਸੈਣ ਕੋਇ ਨਜ਼ਰ ਨਾ ਆਈਆ । ਚੌਦਾਂ ਤਬਕ ਖ਼ਾਲੀ ਹਾਟ, ਸਾਚਾ ਹੱਟ ਨਾ ਕੋਇ ਵਖਾਈਆ । ਬੁੱਢੇ ਸ਼ੇਖ਼ ਕਾਲਾ ਚੀਥੜ ਗਿਆ ਪਾਟ, ਬਸਤਰ ਤਨ ਨਾ ਕੋਇ ਸੁਹਾਈਆ । ਅੰਤਮ ਨੇੜੇ ਆਈ ਵਾਟ, ਬੈਠਾ ਪੰਧ ਮੁਕਾਈਆ । ਨਾ ਕੋਈ ਲੇਫ ਨਾ ਕੋਈ ਖਾਟ, ਨਾ ਕੋਈ ਤਕੀਆ ਰਿਹਾ ਵਖਾਈਆ । ਕਲਜੁਗ ਅੰਤਮ ਆਈ ਰਾਤ, ਜੰਗਲ ਜੂਹ ਉਜਾੜ ਪਹਾੜ ਦੇਣ ਦੁਹਾਈਆ । ਕਿਸੇ ਕੰਮ ਨਾ ਆਏ ਪੰਜ ਵਕਤ ਨਿਮਾਜ਼, ਰੋਜ਼ਾ ਬਾਂਗ ਨਾ ਕੋਇ ਸਹਾਈਆ । ਪਰਵਰਦਿਗਾਰ ਬੇਪਰਵਾਹ ਪਰਦਾਨਸ਼ੀਂ ਆਪਣਾ ਵਟਾਏ ਸਵਾਂਗ, ਸਵਾਂਗੀ ਆਪਣਾ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਨਿਵਾਸੀ ਤੇਰਾ ਸਹਾਰਾ, ਗੁਰ ਅਵਤਾਰ ਇਕ ਤਕਾਈਆ । ਕਲਜੁਗ ਆਇਆ ਅੰਤ ਕਿਨਾਰਾ, ਸਗਲਾ ਸੰਗ ਨਾ ਕੋਇ ਨਿਭਾਈਆ । ਨੇਤਰ ਰੋਵਣ ਤੇਈ ਅਵਤਾਰਾ, ਭਗਤ ਅਠਾਰਾਂ ਦੇਣ ਦੁਹਾਈਆ । ਸਾਡਾ ਚਲਿਆ ਨਾ ਕੋਈ ਚਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਜੀਵ ਜੰਤ ਹੋਇਆ ਗਵਾਰਾ, ਮਨਮਤ ਕਰੀ ਕੁੜਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਪਿਆਰਾ, ਖਾਣੀ ਬਾਣੀ ਸੰਗ ਨਾ ਕੋਇ ਰਖਾਈਆ । ਮਨ ਮਮਤਾ ਭਰੇ ਹੰਕਾਰਾ, ਕਾਮ ਕਰੋਧ ਲੋਭ

ਮੋਹ ਹੰਕਾਰ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਗੁਰ ਗੁਰ ਬੂਝ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਉਪਰ ਇਕੋ ਓਟ ਤਕਾਈਆ । ਗੁਰ ਅਵਤਾਰ ਵੇਖਣ ਸ੍ਰੀ ਭਗਵਾਨ, ਕਵਣ ਵੇਲਾ ਖੇਲ ਕਰਾਇੰਦਾ । ਕਲਜੁਗ ਅੰਤਮ ਪੁੱਜਾ ਆਣ, ਨਵ ਨੌਂ ਚਾਰ ਪੰਧ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕੁਰਲਾਣ, ਕਰੋੜ ਤੇਤੀਸਾ ਨੇਤਰ ਨੈਣਾਂ ਨੀਰ ਵਹਾਇੰਦਾ । ਤ੍ਰੈਗੁਣ ਮਾਇਆ ਹੋਈ ਪਰਧਾਨ, ਪੰਚਮ ਤਤ ਡੰਕ ਵਜਾਇੰਦਾ । ਘਰ ਘਰ ਵੜਿਆ ਜਗਤ ਸ਼ੈਤਾਨ, ਝੂਠੀ ਕਿਰਿਆ ਨਾਚ ਨਚਾਇੰਦਾ । ਨਜ਼ਰ ਨਾ ਆਏ ਨੌਜਵਾਨ, ਪੁਰਖ ਅਬਿਨਾਸ਼ੀ ਮੁੱਖ ਛੁਪਾਇੰਦਾ । ਪੰਡਤ ਪਾਂਧੇ ਸਰਬ ਪਛਤਾਣ, ਤਿਲਕ ਲਲਾਟੀ ਨਾ ਕੋਇ ਲਗਾਇੰਦਾ । ਗਲ ਜੰਞੂ ਨਾ ਕੋਇ ਨਿਸ਼ਾਨ, ਏਕਾ ਬੰਧਨ ਨਾ ਕੋਇ ਪਾਇੰਦਾ । ਸੀਤਾ ਸੁਰਤੀ ਨਾ ਮਿਲੇ ਰਾਮ, ਗੋਪੀ ਕਾਹਨ ਨਾ ਕੋਇ ਪਰਨਾਇੰਦਾ । ਨਾਮ ਬੰਸਰੀ ਨਾ ਕੋਇ ਗਾਣ, ਮਧੁਰ ਧੁੰਨ ਨਾ ਕੋਇ ਸੁਣਾਇੰਦਾ । ਗੋਕਲ ਮਥਰਾ ਨਾ ਕੋਇ ਮਾਣ, ਘਨੱਯਾ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਵੇਸ ਧਰਾਇੰਦਾ । ਗੁਰ ਗੁਰ ਮੰਗੇ ਸਾਚੀ ਮੰਗ, ਗੁਰੂ ਦੱਸ ਧਿਆਨ ਲਗਾਈਆ । ਪਾਰਬ੍ਰਹਮ ਸੂਰੇ ਸਰਬੰਗ, ਤੁਧ ਬਿਨ ਅਵਰ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਹੋਈ ਰੰਡ, ਸੱਤ ਦੀਪ ਹਰਿ ਕੰਤ ਨਾ ਕੋਇ ਮਨਾਈਆ । ਸਾਧਾ ਸੰਤਾਂ ਨੰਗੀ ਹੋਈ ਕੰਡ, ਉਪਰ ਪਰਦਾ ਕੋਇ ਨਾ ਪਾਈਆ । ਵਰਭੰਡੀ ਕੂੜੀ ਕਿਰਿਆ ਪਾਏ ਡੰਡ, ਭੇਖ ਪਖੰਡ ਕਰੇ ਲੜਾਈਆ । ਕਿਸੇ ਹੱਥ ਨਾ ਆਏ ਸਚ ਅਨੰਦ, ਅਨੰਦ ਵਿਚ ਨਾ ਕੋਇ ਸਮਾਈਆ । ਮਦਿਰਾ ਮਾਸ ਖਾਣ ਗੰਦ, ਆਤਮ ਅੰਤਰ ਨਿਝਰ ਝਿਰਨਾ ਨਾ ਕੋਇ ਝਿਰਾਈਆ । ਜੋਤ ਨਿਰੰਜਣ ਚੜ੍ਹਾਏ ਨਾ ਕੋਇ ਚੰਦ, ਸਚ ਪਰਕਾਸ਼ ਨਾ ਕੋਇ ਕਰਾਈਆ । ਬੰਦੀਖਾਨਾ ਨਾ ਤੋੜੇ ਕੋਇ ਬੰਦ, ਲੱਖ ਚੁਰਾਸੀ ਨਾ ਕੋਇ ਛੁਡਾਈਆ । ਵਿਦਵਾਨ ਹੋਏ ਨੇਤਰ ਅੰਧ, ਨਿਝ ਨੇਤਰ ਨਾ ਕੋਇ ਖੁਲ੍ਹਾਈਆ । ਰਸਨਾ ਗੌਂਦੇ ਢੋਲੇ ਛੰਦ, ਅਨਹਦ ਨਾਦ ਨਾ ਕੋਇ ਵਜਾਈਆ । ਸਾਚੇ ਮੰਦਰ ਕੋਇ ਨਾ ਜਾਏ ਲੰਘ, ਹਰਿ ਮੰਦਰ ਹਰਿ ਕਾ ਦਰਸ ਕੋਇ ਨਾ ਪਾਈਆ । ਜਨਮ ਜੁਗ ਦੀ ਟੁੱਟੀ ਕੋਇ ਨਾ ਸਕੇ ਗੰਢ, ਗੰਢਣਹਾਰ ਗੋਪਾਲ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਗੁਰ ਬੈਠੇ ਸੀਸ ਝੁਕਾਈਆ । ਗੁਰ ਗੁਰ ਝੁਕਿਆ ਇਕੋ ਸੀਸ, ਨਾਨਕ ਗੋਬਿੰਦ ਖੇਲ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਜਗਦੀਸ, ਜਗਦੀਸ਼ਰ ਆਪਣਾ ਵੇਸ ਵਟਾਇੰਦਾ । ਹਰਿ ਪੁਰਖ ਨਿਰੰਜਣ ਪੀਸਣ ਲਏ ਪੀਸ, ਏਕੰਕਾਰਾ ਚੱਕੀ ਆਪ ਚਲਾਇੰਦਾ । ਆਦਿ ਨਿਰੰਜਣ ਦਏ ਹਦੀਸ, ਸ੍ਰੀ ਭਗਵਾਨ ਸਾਚੀ ਸਿਖਿਆ ਆਪ ਸਮਝਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਬੀਸ ਇਕੀਸ, ਬੀਸ ਬੀਸਾ ਨਾਉਂ ਵਡਿਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਤਾਜ ਰਖਾਏ ਸੀਸ, ਸਹੰਸ ਮੁਖ ਭੇਵ ਕੋਇ ਨਾ ਪਾਇੰਦਾ । ਨਾਤਾ ਤੋੜ ਰਾਗ ਛਤੀਸ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਧਿਆਨ ਲਗਾਇੰਦਾ । ਗੁਰ ਅਵਤਾਰ ਇਕ ਧਿਆਨ, ਪ੍ਰਭ ਉਤੇ ਰਹੇ ਲਗਾਈਆ । ਤੂੰ ਦਾਤਾ ਵਡ ਮਿਹਰਵਾਨ, ਬੇਅੰਤ ਤੇਰੀ ਵਡਿਆਈਆ । ਹਉਂ ਬਾਲਕ ਬਾਲ ਅਵਾਣ, ਤੇਰੀ ਸਾਰ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖੇ ਆਣ, ਨਿਤ ਨਵਿਤ ਵੇਸ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ

ਕੁਰਾਨ ਖਾਣੀ ਬਾਣੀ ਸਾਰੇ ਗਾਣ, ਗਾ ਗਾ ਤੇਰਾ ਸ਼ੁਕਰ ਮਨਾਈਆ । ਤੂੰ ਵਸੇਂ ਸਚ ਮਕਾਨ, ਸਚਖੰਡ ਬੈਠਾ ਆਸਣ ਲਾਈਆ । ਝੁੱਲਦਾ ਰਹੇ ਇਕ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਦੀਨਾਂ ਨਾਥਾਂ ਦੇਵੇਂ ਦਾਨ, ਦੀਨਨ ਆਪਣੀ ਦਇਆ ਕਮਾਈਆ । ਕਲਜੁਗ ਅੰਤ ਸਾਰੇ ਹੋਏ ਹੈਰਾਨ, ਤੇਰਾ ਭੇਵ ਕੋਇ ਨਾ ਆਈਆ । ਲੇਖਾ ਲਿਖ ਲਿਖ ਲਿਖਦੇ ਗਏ ਵਿਚ ਜਹਾਨ, ਗੁਰੂ ਇਸ਼ਟ ਦੇਵ ਸਮਝਾਈਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਬਲੀ ਬਲਵਾਨ, ਸਭ ਦਾ ਲੇਖਾ ਦਏ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਪਕੜੇ ਆਣ, ਚਾਰ ਯੁਗ ਦੇ ਵਿਛੜੇ ਆਪਣੇ ਨਾਲ ਮਿਲਾਈਆ । ਸਾਚੀ ਸਿਖਿਆ ਦੇਵੇ ਚਰਨ ਕਵਲ ਧਿਆਨ, ਚਰਨ ਸਰਨ ਸਰਨ ਚਰਨ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਆਪਣੀ ਬੂਝ ਬੁਝਾਈਆ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਸਚ ਸੰਦੇਸਾ ਇਕ ਸੁਣਾਇੰਦਾ । ਸਚਖੰਡ ਨਿਵਾਸੀ ਕਰੇ ਪਿਆਰਾ, ਪ੍ਰੇਮ ਪਿਆਰ ਇਕ ਜਣਾਇੰਦਾ । ਕਲਜੁਗ ਅੰਤਮ ਨਿਰਗੁਣ ਆਵੇ ਆਪਣੀ ਧਾਰਾ, ਧਾਰ ਧਾਰ ਵਿਚੋਂ ਪਰਗਟਾਇੰਦਾ । ਗੁਰ ਅਵਤਾਰਾਂ ਦਏ ਸਹਾਰਾ, ਪੀਰ ਪੈਗ਼ੰਬਰਾਂ ਨਾਲ ਮਿਲਾਇੰਦਾ । ਚਾਰ ਯੁਗ ਦਾ ਦੁੱਖੜਾ ਕੱਟੇ ਵਿਚ ਸੰਸਾਰਾ, ਸੁਕੜਾ ਬੂਟਾ ਹਰਾ ਕਰਾਇੰਦਾ । ਮੇਲ ਮਿਲਾਏ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਖੇਲ ਵਖਾਇੰਦਾ । ਕਲਜੁਗ ਮੇਟੇ ਧੂਆਂਧਾਰਾ, ਅਗਿਆਨ ਅੰਧੇਰ ਚੁਕਾਇੰਦਾ । ਸਤਿ ਸਤਿਵਾਦੀ ਬੋਲ ਜੈਕਾਰਾ, ਜੈ ਜੈਕਾਰਾ ਇਕੋ ਨਾਮ ਸੁਣਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਕਰੇ ਪਾਰ ਕਿਨਾਰਾ, ਰਾਉ ਰੰਕ ਏਕਾ ਘਰ ਬਹਾਇੰਦਾ । ਚੌਦਾਂ ਲੋਕ ਚੌਦਾਂ ਤਬਕ ਵਣਜ ਕਰਾਏ ਬਣ ਵਣਜਾਰਾ, ਸਤਿ ਪੁਰਖ ਨਿਰੰਜਣ
ਇਕੋ ਹੱਟ ਖੁਲ੍ਹਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਬੇਅੰਤ ਬੇਪਰਵਾਹ ਪਰਵਰਦਿਗਾਰਾ, ਪਾਰਬ੍ਰਹਮ ਪ੍ਰਭ ਆਪਣਾ ਖੇਲ ਕਰਾਇੰਦਾ । ਕਲ ਕਲਕੀ ਲੈ ਅਵਤਾਰਾ, ਸੰਬਲ ਵਸੇ ਧਾਮ ਨਿਆਰਾ, ਉਚੇ ਟਿੱਲੇ ਪਰਬਤ ਡੂੰਘੇ ਸਾਗਰ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਏਕੰਕਾਰਾ, ਏਕਾ ਵਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਤ੍ਰੈਗੁਣ ਨੇਤਰ ਨੈਣ ਖੁਲ੍ਹਾਈਆ । ਪੰਜ ਤਤ ਤੇਰਾ ਵੇਖੇ ਅਖਾੜਾ, ਲੱਖ ਚੁਰਾਸੀ ਖੋਜ ਖੋਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਵਖਾਏ ਸਚ ਦਵਾਰਾ, ਦਰ ਦਰਵਾਜ਼ਾ ਆਪ ਜਣਾਈਆ । ਸਾਚਾ ਮਾਰਗ ਲਾਏ ਵਿਚ ਸੰਸਾਰਾ, ਮਹਾਸਾਰਥੀ ਫੇਰਾ ਪਾਈਆ । ਭਗਤ ਭਗਵਾਨ ਵਖਾਏ ਇਕ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਸਾਚਾ ਖੇਲ ਕਰੇ ਕਰਤਾਰ, ਕਲਜੁਗ ਅੰਤ ਅੰਤ ਜਣਾਈਆ । ਭਗਤ ਭਗਵੰਤ ਲਏ ਉਠਾਲ, ਭਗਵਨ ਆਪਣੀ ਬੂਝ ਬੁਝਾਈਆ । ਗੁਰਮੁਖ ਵੇਖੇ ਗੁਰ ਗੁਰ ਲਾਲ, ਗੁਰਸਿਖ ਦੇਵੇ ਮਾਣ ਵਡਿਆਈਆ । ਨਾਤਾ ਤੋੜ ਸ਼ਾਹ ਕੰਗਾਲ, ਹਸਤ ਕੀਟ ਲਏ ਜਗਾਈਆ । ਸ਼ਬਦ ਸਰੂਪੀ ਬਣ ਦਲਾਲ, ਘਰ ਘਰ ਆਪਣਾ ਵਣਜ ਕਰਾਈਆ । ਹਕੀਕ਼ਤ ਵੇਖੇ ਹੱਕ ਹਲਾਲ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਨਵ ਨੌਂ ਜਣਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਹਰਿ ਨਿਰੰਕਾਰਾ, ਹਰਿ ਏਕਾ ਏਕ ਜਣਾਇੰਦਾ । ਕਲਜੁਗ ਅੰਤਮ ਪਰਗਟ ਹੋ ਅਗੰਮ ਅਪਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ ।

ਭਗਤ ਵਖਾਏ ਇਕ ਦਵਾਰਾ, ਸ੍ਰੀ ਭਗਵਾਨ ਆਪ ਬਣਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਨਿਰਗੁਣ ਜੋਤ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਕਲਜੁਗ ਅੰਤਮ ਰਾਹ ਚਲੌਣਾ, ਹਰਿ ਸਤਿਗੁਰ ਆਪ ਜਣਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਮਿਹਰਵਾਨ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਏਕਾ ਧਾਮ ਬਹੌਣਾ, ਸੰਤ ਸੱਜਣ ਨਾਲ ਮਿਲਾਈਆ । ਲੱਖ ਚੁਰਾਸੀ ਢੋਲਾ ਇਕੋ ਗੌਣਾ, ਸੋਹੰ ਸੋ ਕਰੇ ਪੜ੍ਹਾਈਆ । ਆਤਮ ਪਰਮਾਤਮ ਬੀਜ ਆਪ ਬਿਜੌਣਾ, ਬਣ ਕਿਰਸਾਣਾ ਹਲ ਚਲਾਈਆ । ਅੰਮ੍ਰਿਤ ਮੇਵਾ ਫਲ ਲਗੌਣਾ, ਰਸ ਮਿੱਠਾ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਉਤਰੇ ਪਾਰ ਕਿਨਾਰ, ਸਤਿਜੁਗ ਵੇਖੇ ਚਾਈਂ ਚਾਈਆ । ਦੋ ਜਹਾਨਾਂ ਵਿਚੋਲਾ ਸਿਰਜਣਹਾਰ, ਨਿਰਗੁਣ ਆਪਣਾ ਖੇਲ ਕਰਾਈਆ । ਭਗਤ ਭਗਵੰਤ ਲਏ ਉਠਾਲ, ਉਠ ਉਠ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸ਼ਬਦ ਵਡਿਆਈਆ । ਨਾਮ ਸ਼ਬਦ ਗੁਰਦੇਵ ਸਵਾਮੀ, ਹਰਿ ਸਤਿਗੁਰ ਆਪ ਜਣਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਗੁਰ ਗੁਰ ਨਾਦ ਵਜਾਇੰਦਾ । ਸਚਖੰਡ ਦੀ ਸਾਚੀ ਰਾਣੀ, ਜਨ ਭਗਤਾਂ ਨਾਲ ਪਰਨਾਇੰਦਾ । ਆਤਮ ਪਰਮਾਤਮ ਅਕੱਥ ਕਹਾਣੀ, ਬਿਨ ਰਸਨਾ ਜਿਹਵਾ ਗਾਇੰਦਾ । ਅੰਮ੍ਰਿਤ ਸਰੋਵਰ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਰਗੁਣ ਜੋਤ ਨੂਰ ਨੁਰਾਨੀ, ਨੂਰ ਨੁਰਾਨਾ ਡਗਮਗਾਇੰਦਾ । ਕਰੇ ਖੇਲ ਸ੍ਰੀ ਭਗਵਾਨੀ, ਆਪਣਾ ਭੇਵ ਚੁਕਾਇੰਦਾ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਇੰਦਾ । ਪਰਾ ਪਸੰਤੀ ਮਧਮ ਬੈਖਰੀ ਗਾਏ ਗਾਣੀ, ਗਾ ਗਾ ਆਪਣਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸ੍ਰੀ ਭਗਵੰਤ, ਏਕਾ ਏਕ ਜਣਾਈਆ । ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਦਏ ਵਡਿਆਈਆ । ਆਤਮ ਪਰਮਾਤਮ ਮਣੀਆ ਮੰਤ, ਮਨ ਕਾ ਮਣਕਾ ਦਏ ਭੁਵਾਈਆ । ਗੁਰਮੁਖ ਉਪਾਏ ਸਾਚੇ ਸੰਤ, ਸੰਤ ਸਤਿਗੁਰ ਮੇਲ ਮਿਲਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਨਾਤਾ ਤੋੜ ਭੁੱਖ ਨੰਗਤ, ਨਾਮ ਖ਼ਜ਼ਾਨਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰ ਕਰ, ਗੁਰ ਅਵਤਾਰ ਰਿਹਾ ਵਡਿਆਈਆ । ਨਿਰਗੁਣ ਨੂਰ ਧਰ ਧਰ, ਧਰਨੀ ਧਰਤ ਧਵਲ ਦਏ ਸੁਹਾਈਆ । ਭਗਤ ਭਗਵਾਨ ਆਪੇ ਵਰ ਵਰ, ਪੱਲੂ ਏਕਾ ਗੰਢ ਪੁਵਾਈਆ । ਸਵੱਛ ਸਰੂਪ ਦਰਸ ਦਿਖਾਏ ਅੱਗੇ ਖੜ ਖੜ, ਬਜਰ ਕਪਾਟੀ ਕੁੰਡਾ ਲਾਹੀਆ । ਲਹਿਣਾ ਦੇਣਾ ਚੁਕਾਏ ਸੀਸ ਧੜ ਧੜ, ਨਿਧੜਕ ਆਪਣਾ ਫੇਰਾ ਪਾਈਆ । ਗੁਰਮੁਖ ਮੇਲੇ ਬਾਂਹੋਂ ਫੜ ਫੜ, ਲੱਖ ਚੁਰਾਸੀ ਖੋਜ ਖੋਜਾਈਆ । ਅੰਦਰ ਮੰਦਰ ਸਾਚੇ ਪੌੜੇ ਚੜ੍ਹ ਚੜ੍ਹ, ਚੜ੍ਹ ਚੜ੍ਹ ਆਪਣਾ ਰੰਗ ਵਖਾਈਆ । ਨਿਸ਼ਅੱਖਰ ਅੱਖਰ ਵੱਖਰ ਬਾਣੀ ਪੜ੍ਹ ਪੜ੍ਹ, ਬੋਧ ਅਗਾਧ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਜਨਮੇ ਮਰ ਮਰ, ਮਰ ਮਰ ਜੰਮੇ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਕਰਨੀ ਕਰੇ ਕਰਤਾ ਠਾਕਰ, ਗੁਰ ਅਵਤਾਰ ਆਪ ਜਣਾਇੰਦਾ । ਕਲਜੁਗ ਵੇਖੇ ਡੂੰਘਾ ਸਾਗਰ, ਦੋ ਜਹਾਨਾਂ ਖੋਜ

ਖੋਜਾਇੰਦਾ । ਚੋਦਾਂ ਲੋਕਾਂ ਵਣਜ ਕਰੇ ਬਣ ਸੌਦਾਗਰ, ਸਾਚਾ ਹੱਟ ਆਪ ਚਲਾਇੰਦਾ । ਗੁਰਸਿਖ ਕਰੇ ਕਰਮ ਉਜਾਗਰ, ਨਿਰਮਲ ਨੀਰ ਆਪ ਪਿਆਇੰਦਾ । ਕਲਜੁਗ ਅੰਤਮ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਇੰਦਾ । ਮਿਹਰਵਾਨ ਮਿਹਰਵਾਨ ਕਰੀਮ ਕਰਤਾ ਕਾਦਰ, ਬੇਨਜ਼ੀਰ ਨਜ਼ਰ ਆਪਣੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਸੰਦੇਸਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਪਰਗਟ ਹੋਵੇ ਨਰ ਨਰੇਸ਼ਾ, ਨਰ ਨਰਾਇਣ ਵੇਸ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਚਲੇ ਕੋਇ ਨਾ ਪੇਸ਼ਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਫਿਰੇ ਦਰੋਹੀ ਦੇਸ ਪਰਦੇਸਾ, ਦੋ ਜਹਾਨਾਂ ਆਪ ਜਗਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤਾ, ਮਿੱਤਰ ਪਿਆਰਾ ਬਣ ਬਣ ਗਲੇ ਲਗਾਇੰਦਾ । ਚਾਰ ਯੁਗ ਦਾ ਭੁੱਲ ਨਾ ਜਾਏ ਚੇਤਾ, ਜੁਗ ਵਿਛੜੇ ਮੇਲ ਕਰਾਇੰਦਾ । ਸਦ ਰੱਖੇ ਸਾਇਆ ਹੇਠਾਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਆਪਣੀ ਗੋਦ ਬਹਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜਾਣਾ ਸੌਂ, ਹਰਿ ਸਾਚਾ ਸਚ ਜਣਾਈਆ । ਅਬਿਨਾਸ਼ੀ ਕਰਤਾ ਦੋ ਜਹਾਨਾਂ ਰਿਹਾ ਭੌਂ, ਅਧਵਿਚਕਾਰ ਨਾ ਕੋਇ ਅਟਕਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਘਰ ਘਰ ਕਰੇ ਰੌਂ, ਆਪਣਾ ਰਵੱਯਾ ਨਾ ਕਿਸੇ ਸਮਝਾਈਆ । ਕਲਜੁਗ ਅੰਤਮ ਜਨ ਭਗਤ ਮਿਲਣ ਦਾ ਰੱਖੇ ਗੌਂ, ਪੂਤ ਸਪੂਤਾ ਬ੍ਰਹਿਮਣ ਗੌੜਾ, ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਵੇਖ ਵਖਾਈਆ । ਵੇਖਣਹਾਰਾ ਨਵ ਨੌਂ, ਚਾਰ ਚਾਰ ਫੇਰਾ ਪਾਈਆ । ਆਪਣੇ ਜੇਹਾ ਆਪੇ ਹੋ, ਨਿਰਗੁਣ ਆਪਣਾ ਰੂਪ ਧਰਾਈਆ । ਮਾਣ ਰਖਾਏ ਛੱਬੀ ਪੋਹ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਚਾਰ ਯੁਗ ਦੀ ਪਿਛਲੀ ਸਮਗਰੀ ਸਭ ਦੇ ਕੋਲੋਂ ਲਵੇ ਖੋਹ, ਖਾਲੀ ਹੱਥ ਸਰਬ ਫਿਰਾਈਆ । ਈਸਾ ਮੂਸਾ ਮੁਹੰਮਦ ਨੇਤਰ ਨੈਣ ਪੈਣ ਰੋ, ਨੀਰ ਨੀਰ ਨਾਲ ਵਹਾਈਆ । ਸਚ ਅਮਾਮ ਚਰਨ ਨਾ ਸਕੇ ਕੋਈ ਛੋਹ, ਛੋਹਰੇ ਬਾਲੇ ਪਰਾਂ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਿਖ ਮਤ ਇਕ ਸਮਝਾਈਆ । ਸਿਖ ਮਤ ਸੱਚੀ ਸਰਕਾਰ, ਨਿਰਗੁਣ ਸਰਗੁਣ ਆਪ ਜਣਾਇੰਦਾ । ਪਰਮ ਪੁਰਖ ਦਾ ਸਚ ਵਿਹਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਲੇਖਾ ਲਿਖਿਆ ਵਰਕਾ ਦਿਤਾ ਪਾੜ, ਦੂਜੀ ਸਾਰ ਕਲਮ ਸ਼ਾਹੀ ਕੋਇ ਨਾ ਪਾਇੰਦਾ । ਨੌਂ ਖੰਡ ਪ੍ਰਿਥਮੀ ਇਕੋ ਨਜ਼ਰੀ ਆਏ ਏਕੰਕਾਰ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਤੋਬਾ ਤੋਬਾ ਕਰੇ ਮੁਹੰਮਦ ਯਾਰ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਈਸਾ ਕਹੇ ਤੇਰੀ ਸੱਚੀ ਗੁਫ਼ਤਾਰ, ਗੁਫ਼ਤ ਸ਼ੁਨੀਦ ਸੰਗ ਰਖਾਇੰਦਾ । ਮੂਸਾ ਕਹੇ ਮੈਂ ਧੂੜੀ ਮੰਗਾਂ ਚਰਨ ਛਾਰ, ਮਸਤਕ ਟਿੱਕਾ ਇਕੋ ਲਾਇੰਦਾ । ਤੂੰ ਮਹਿਬੂਬ ਸੱਚਾ ਯਾਰ, ਮੁਹੱਬਤ ਤੇਰੇ ਨਾਲ ਪਰਨਾਇੰਦਾ । ਚਾਰ ਯਾਰੀ ਧਾਹਾਂ ਰਹੀ ਮਾਰ, ਚਾਰੋਂ ਕੁੰਟ ਸੰਗ ਕੋਇ ਨਾ ਆਇੰਦਾ । ਅੱਲਾ ਰਾਣੀ ਹੋਈ ਸ਼ਰਮਸਾਰ, ਨੇਤਰ ਕੱਜਲ ਧਾਰ ਨਾ ਕੋਇ ਬੰਨ੍ਹਾਇੰਦਾ । ਨੱਥ ਸੁਹਾਗ ਨਾ ਦਿਸੇ ਵਿਚ ਸੰਸਾਰ, ਖੁਲ੍ਹੀ ਮੀਂਢੀ ਚਾਰੇ ਕੁੰਟ ਭੁਵਾਇੰਦਾ । ਮਹਿੰਦੀ ਰੰਗ ਨਾ ਕੋਇ ਦੇਵੇ ਚਾੜ੍ਹ, ਲਾਲਨ ਰੂਪ ਨਾ ਕੋਇ ਵਖਾਇੰਦਾ । ਨੌਂ ਖੰਡ ਪ੍ਰਿਥਮੀ ਫਿਰੇ ਦਰੋਹੀ ਦੁਹਾਗਣ ਨਾਰ, ਨਰ ਹਰਿ ਕੰਤ ਨਾ ਨਜ਼ਰੀ ਆਇੰਦਾ । ਅੰਦਰ ਵੜ ਵੜ ਰੋਵੇ ਜ਼ਾਰੋ ਜ਼ਾਰ, ਚੌਦਾਂ ਤਬਕਾਂ ਬੰਦ ਨਾ ਕੋਇ ਕਰਾਇੰਦਾ । ਪਰਗਟ ਹੋਇਆ ਪਰਵਰਦਿਗਾਰ, ਪਾਰਬ੍ਰਹਮ ਆਪਣਾ ਖੇਲ ਵਖਾਇੰਦਾ । ਸਦੀ ਚੌਧਵੀਂ ਕਰੇ ਖ਼ੁਵਾਰ, ਅੱਗੇ ਹੋ ਨਾ

ਕੋਇ ਬਚਾਇੰਦਾ । ਨਾਨਕ ਗੋਬਿੰਦ ਮਿਲੇ ਮੀਤ ਮੁਰਾਰ, ਮਿੱਤਰ ਪਿਆਰਾ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਮ ਡੰਕਾ ਇਕ ਵਜਾਇੰਦਾ । ਨਾਮ ਡੰਕਾ ਵੱਜੇ ਜੱਗ, ਸੋ ਪੁਰਖ ਨਿਰੰਜਣ ਆਪ ਵਜਾਈਆ । ਹਰਿ ਪੁਰਖ ਨਿਰੰਜਣ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਦੋ ਜਹਾਨਾਂ ਵੇਖੇ ਲੰਘ, ਰੂਪ ਅਨੂਪ ਆਪ ਵਟਾਈਆ । ਆਦਿ ਨਿਰੰਜਣ ਦਰ ਦਰਵੇਸ਼ ਮੰਗੇ ਮੰਗ, ਨਰ ਨਰੇਸ਼ ਅੱਗੇ ਝੋਲੀ ਡਾਹੀਆ । ਅਬਿਨਾਸ਼ੀ ਕਰਤਾ ਆਪਣੀ ਵਸਤ ਦੇਵੇ ਵੰਡ, ਵੰਡਣਹਾਰਾ ਦਇਆ ਕਮਾਈਆ । ਸ੍ਰੀ ਭਗਵਾਨ ਗਾਏ ਛੰਦ, ਗੀਤ ਗੋਬਿੰਦ ਇਕ ਅਲਾਈਆ । ਪਾਰਬ੍ਰਹਮ ਬ੍ਰਹਮ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਈਆ । ਕਲਜੁਗ ਅੰਤਮ ਖੇਲ ਕਰਨਾ, ਹਰਿ ਕਰਤਾ ਆਪ ਜਣਾਇੰਦਾ । ਭੇਵ ਚੁਕਾਏ ਬਰਨਾਂ ਵਰਨਾਂ, ਵਰਨ ਗੋਤ ਨਾ ਕੋਇ ਰਖਾਇੰਦਾ । ਜਨ ਭਗਤਾਂ ਨੇਤਰ ਖੋਲ੍ਹੇ ਹਰਨਾ ਫਰਨਾ, ਨਿਝ ਨੇਤਰ ਪਰਦਾ ਲਾਹਿੰਦਾ । ਦੇਵੇ ਵਡਿਆਈ ਵਿਚ ਚਰਨਾਂ, ਚਰਨ ਚਰਨੋਦਕ ਮੁੱਖ ਚੁਆਇੰਦਾ । ਨਾਤਾ ਤੁੱਟੇ ਡਰਨਾ ਮਰਨਾ, ਜੀਵਣ ਮੁਕਤ ਆਪ ਕਰਾਇੰਦਾ । ਦਰਗਹਿ ਸਾਚੀ ਫੜ ਬਾਂਹੋਂ ਖੜਨਾ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਸੋਹੰ ਅੱਖਰ ਜਿਸ ਜਨ ਪੜ੍ਹਨਾ, ਤਿਸ ਜਮ ਨੇੜ ਨਾ ਆਇੰਦਾ । ਪੁਰਖ ਅਬਿਨਾਸ਼ੀ ਘਾੜਨ ਘੜਨਾ, ਘੜ ਭਾਂਡੇ ਵੇਖ ਵਖਾਇੰਦਾ । ਮਹੱਲ ਅਟੱਲ ਉਚ ਮੁਨਾਰੇ ਗੁਰਸਿਖ ਚੜ੍ਹਨਾ, ਉਪਰ ਚੜ੍ਹ ਚੜ੍ਹ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਇਕ ਗਿਆਨ, ਧਿਆਨ ਧਿਆਨ ਵਿਚ ਰਖਾਇੰਦਾ । ਧਿਆਨ ਵਿਚ ਰੱਖ ਧਿਆਨ, ਧੀਰਜ ਸਤਿ ਸੰਤੋਖ ਦ੍ਰਿੜਾਈਆ । ਮਤ ਮਤਵਾਲੀ ਨਾ ਹੋਏ ਹੈਰਾਨ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਪੰਚ ਵਿਕਾਰ ਨਾ ਲੜੇ ਕੋਇ ਸ਼ੈਤਾਨ, ਛੁਰੀ ਕੂੜ ਨਾ ਕੋਇ ਚਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ, ਸ਼ਬਦ ਅਨਾਦੀ ਦੇਵੇ ਇਕ ਗਿਆਨ, ਗੋਝ ਗਿਆਨ ਦਏ ਸਮਝਾਈਆ । ਭਗਤ ਭਗਵਾਨ ਮਿਲੇ ਆਣ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਜਨਮ ਜਨਮ ਦੀ ਚੁੱਕੇ ਕਾਣ, ਜਿਸ ਪ੍ਰਭ ਮਿਲੇ ਸੱਚਾ ਮਾਹੀਆ । ਦੇਵੇ ਵਡਿਆਈ ਵਿਚ ਦੋ ਜਹਾਨ, ਉਜਲ ਮੁਖ ਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਵਰ, ਸੋਹੰ ਢੋਲਾ ਇਕ ਸੁਣਾਈਆ । ਕਾਇਆ ਅੰਦਰ ਬਹੱਤਰ ਨਾੜ, ਅਗਨੀ ਤਤ ਤਤ ਤਪਾਈਆ । ਕਾਇਆ ਅੰਦਰ ਮਨ ਮਤ ਬੁਧ ਕਰੇ ਵਿਚਾਰ, ਮਨ ਮਨਸਾ ਨਾਲ ਮਿਲਾਈਆ । ਕਾਇਆ ਅੰਦਰ ਆਸਾ ਤ੍ਰਿਸਨਾ ਕਰੇ ਵਿਚਾਰ, ਮੋਹ ਮਮਤਾ ਰਹੀ ਸਮਾਈਆ । ਕਾਇਆ ਅੰਦਰ ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਫਿਰੇ ਬੇਤਾਲ, ਆਪਣਾ ਤਾਲ ਵਜਾਈਆ । ਕਾਇਆ ਅੰਦਰ ਪਵਣ ਸਵਾਸੀ ਖੇਲ ਨਿਰਾਲ, ਸਵਾਸ ਸਵਾਸਾਂ ਨਾਲ ਰਖਾਈਆ । ਕਾਇਆ ਅੰਦਰ ਸੁਰਤੀ ਹੋਏ ਬੇਹਾਲ, ਹਰਿ ਕਾ ਭੇਵ ਨਾ ਜਾਣੇ ਰਾਈਆ । ਕਾਇਆ ਅੰਦਰ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਈਆ । ਕਾਇਆ ਅੰਦਰ ਸੱਚੀ ਧਰਮਸਾਲ, ਸਤਿਗੁਰ ਵਸੇ ਸੱਚਾ ਮਾਹੀਆ । ਕਾਇਆ ਅੰਦਰ ਸ਼ਾਹ ਕੰਗਾਲ, ਕੰਗਾਲੋਂ ਸ਼ਾਹ ਰੂਪ ਵਟਾਈਆ । ਕਾਇਆ ਅੰਦਰ ਖ਼ਜ਼ੀਨਾ ਧਨ ਮਾਲ, ਧਨ ਦੌਲਤ ਦਏ ਵਖਾਈਆ । ਕਾਇਆ ਅੰਦਰ ਮਿਲੇ ਪੀਣ ਖਾਣ, ਤ੍ਰਿਸਨਾ ਤ੍ਰਿਖਾ


੧੦੫੬ ੧੨

ਭੁੱਖ ਗਵਾਈਆ । ਕਾਇਆ ਅੰਦਰ ਸਚ ਮਕਾਨ, ਮਹਿਫਲ ਹਰਿ ਜੂ ਰਿਹਾ ਲਗਾਈਆ । ਕਾਇਆ ਅੰਦਰ ਜਗਤ ਸ਼ੈਤਾਨ, ਅੱਠੇ ਪਹਿਰ ਕਰੇ ਲੜਾਈਆ । ਕਾਇਆ ਅੰਦਰ ਮਿਲੇ ਭਗਵਾਨ, ਘਰ ਮੇਲਾ ਸਹਿਜ ਸੁਭਾਈਆ । ਗੁਰਮੁਖ ਸਿਖਿਆ ਸਾਚੀ ਜਾਣ, ਘਰ ਸਤਿਗੁਰ ਆਪ ਜਣਾਈਆ । ਜੋ ਜਨ ਚਰਨੀ ਡਿਗੇ ਆਣ, ਤਿਸ ਦੇ ਘਾਟੇ ਪੂਰੇ ਦਏ ਕਰਾਈਆ । ਦੁੱਖ ਦਰਦ ਰਹੇ ਨਾ ਵਿਚ ਜਹਾਨ, ਜ਼ਹਿਮਤ ਨੇੜੇ ਕੋਇ ਨਾ ਆਈਆ । ਨਾਤਾ ਤੋੜੇ ਪਵਣ ਮਸਾਣ, ਸੀਸ ਚੱਕਰ ਨਾ ਕੋਇ ਭੁਆਈਆ । ਟੂਣਾ ਜਾਦੂ ਨਾ ਕੋਇ ਨਿਸ਼ਾਨ, ਮੜੀ ਗੋਰ ਨਾ ਕੋਇ ਵਖਾਈਆ । ਬੀਰ ਬੇਤਾਲੇ ਹੋਣ ਸ਼ਰਮਸਾਨ, ਰਿਧ ਸਿਧ ਨਾ ਕੋਇ ਚਤੁਰਾਈਆ । ਕਰ ਕਿਰਪਾ ਦੁੱਖ ਮੇਟੇ ਵਿਚ ਜਹਾਨ, ਚਿੰਤਾ ਚਿਖਾ ਰੋਗ ਸੋਗ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਅੰਦਰ ਸਾਚੇ ਮੰਦਰ ਤਿੰਨ ਸੌ ਸੱਠ ਹੱਡੀ ਵੇਖ ਵਖਾਈਆ ।

### ✳ ੧੫ ਅੱਸੂ ੨੦੧੯ ਬਿਕ੍ਰਮੀ ਪਿੰਡ ਸਮਰਾ ✳

ਆਦਿ ਜੁਗਾਦੀ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਏਕੰਕਾਰਾ ਨਿਰਗੁਣ ਨੂਰ ਜੋਤ ਆਪੇ ਰਲਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਸੰਦੇਸ ਏਕਾ ਘੱਲਾ, ਨਿਸ਼ਅੱਖਰ ਵੱਖਰ ਆਪ ਪੜ੍ਹਾਇੰਦਾ । ਸ੍ਰੀ ਭਗਵਾਨ ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਨੂਰ ਫੜਾਏ ਪੱਲਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਪਾਰਬ੍ਰਹਮ ਸ਼ਾਹੋ ਭੂਪ ਸਤਿ ਸਤਿਵਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਚਖੰਡ ਨਿਵਾਸੀ ਵਸਣਹਾਰਾ ਸਚ ਦਵਾਰ, ਦਰਗਹਿ ਸਾਚੀ ਆਸਣ ਲਾਈਆ । ਸ਼ਾਹੋ ਭੂਪ ਵਡ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਧਰਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਅਪਾਰਾ, ਇਕ ਇਕੱਲਾ ਆਪ ਕਰਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰਾ, ਮੁਕਾਮੇ ਹੱਕ ਡੇਰਾ ਲਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸਾ ਦੇਵਣਹਾਰਾ, ਧੁਰਦਰਗਾਹੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਪ ਜਣਾਈਆ । ਆਦਿ ਪੁਰਖ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਚਖੰਡ ਦਵਾਰਾ ਸਚ ਮਕਾਨ, ਬਿਨ ਛੱਪਰ ਛੰਨ ਛੁਹਾਈਆ । ਦੀਆ ਬਾਤੀ ਇਕ ਮਹਾਨ, ਕਮਲਾਪਾਤੀ ਨੂਰ ਰੁਸ਼ਨਾਈਆ । ਤਖ਼ਤ ਨਿਵਾਸੀ ਨੌਜਵਾਨ, ਸਚ ਸਿੰਘਾਸਣ ਡੇਰਾ ਲਾਈਆ । ਨਿਰਗੁਣ ਰਾਜਾ ਭੂਪ ਬਣ ਰਾਜਾਨ, ਦਰ ਦਰਵੇਸ ਆਪਣਾ ਖੇਲ ਕਰਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਦੇਵਣਹਾਰਾ ਦਾਨੀ ਦਾਨ, ਵਸਤ ਅਮੋਲਕ ਆਪ ਵਰਤਾਈਆ । ਕਰੇ ਖੇਲ ਦੋ ਜਹਾਨ, ਅਨਭਵ ਪਰਕਾਸ਼ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ੍ਰੀ ਭਗਵਾਨਾ, ਹਰਿ ਜੂ ਅਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਲੇਖਾ ਜਾਣੇ ਦੋ


੧੦੫੭ ੧੨

ਜਹਾਨਾਂ, ਦੋਏ ਦੋਏ ਆਪਣੀ ਕਲ ਵਰਤਾਇੰਦਾ । ਸਚਖੰਡ ਅੰਦਰ ਖੋਲ੍ਹ ਦੁਕਾਨਾ, ਥਿਰ ਘਰ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦ ਸ੍ਰੀ ਭਗਵੰਤ, ਆਪਣਾ ਆਪ ਜਣਾਈਆ । ਆਦਿ ਜੁਗਾਦੀ ਨਾਰ ਕੰਤ, ਸੇਜ ਸੁਹੰਜਣੀ ਇਕ ਹੰਢਾਈਆ । ਨਿਰਗੁਣ ਨਿਰਗੁਣ ਬਣਾਏ ਬਣਤ, ਨਾ ਕੋਈ ਪਿਤਾ ਨਾ ਕੋਇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਸਾਚਾ ਖੇਲ ਪਾਰਬ੍ਰਹਮ, ਪ੍ਰਭ ਏਕਾ ਏਕ ਕਰਾਇੰਦਾ । ਨਿਰਗੁਣ ਧਾਰ ਨਿਰਗੁਣ ਜੰਮ, ਨਿਰਗੁਣ ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਸਤਿ ਸਤਿਵਾਦੀ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਦੇਵੇ ਲਾਹ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਸਚਖੰਡ ਨਿਵਾਸੀ ਬਣ ਮਲਾਹ, ਖੇਵਟ ਖੇਟਾ ਆਪ ਹੋ ਜਾਈਆ । ਆਪਣੀ ਰਚਨਾ ਆਪ ਰਚਾ, ਆਪੇ ਵੇਖੇ ਥਾਉਂ ਥਾਈਂਆ । ਥਿਰ ਘਰ ਸਾਚੇ ਦਏ ਵਡਿਆ, ਹਰਿ ਵੱਡਾ ਵਡ ਵਡਿਆਈਆ । ਪੂਤ ਸਪੂਤਾ ਏਕਾ ਜਾ, ਜਨ ਜਣੇਂਦੀ ਬਣੇ ਮਾਈਆ । ਦਾਈ ਦਾਇਆ ਸੇਵ ਕਮਾ, ਸਾਚੀ ਸੇਵਾ ਇਕ ਸਮਝਾਈਆ । ਬਾਲ ਅਵਾਣਾ ਲਏ ਉਠਾ, ਸ਼ਬਦੀ ਆਪਣੇ ਅੰਗ ਲਗਾਈਆ । ਥਿਰ ਘਰ ਦਵਾਰੇ ਦਏ ਬਹਾ, ਸਿਰ ਆਪਣਾ ਹੱਥ ਰਖਾਈਆ । ਸਾਚਾ ਲੇਖਾ ਦਏ ਸਮਝਾ, ਪਾਰਬ੍ਰਹਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣਾ ਭੇਵ ਆਪ ਜਣਾਈਆ । ਆਦਿ ਪੁਰਖ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸ਼ਬਦੀ ਸ਼ਬਦ ਸੁਤ ਦੁਲਾਰਾ, ਹਰਿ ਸਾਚਾ ਆਪ ਪਰਗਟਾਇੰਦਾ । ਏਕਾ ਵਣਜ ਇਕ ਵਾਪਾਰਾ, ਏਕਾ ਹੱਟ ਖੁਲ੍ਹਾਇੰਦਾ । ਏਕਾ ਵਸਤ ਦੇਵੇ ਹਰਿ ਥਾਰਾ, ਥਿਰ ਘਰ ਸਾਚੇ ਆਪ ਬਹਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਰੂਪ ਰੰਗ ਤੇ ਵਸੇ ਬਾਹਰਾ, ਰੇਖ ਭੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸੁਤ ਦੁਲਾਰਾ ਛੋਟਾ ਬਾਲ, ਸਤਿਗੁਰ ਪੂਰਾ ਆਪ ਉਠਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ ਨਾਲ, ਸਗਲਾ ਸੰਗ ਨਿਭਾਈਆ । ਸਾਚੀ ਸਿਖਿਆ ਦਏ ਸਿਖਾਲ, ਬਿਨ ਅੱਖਰ ਕਰ ਪੜ੍ਹਾਈਆ । ਵਸਤ ਅਮੋਲਕ ਦੇਵੇ ਨਾਮ ਧੰਨ ਮਾਲ, ਨਾਉਂ ਨਿਰੰਕਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੇ ਹੱਥ ਰੱਖੇ ਵਡਿਆਈਆ । ਸੁਤ ਦੁਲਾਰਾ ਏਕਾ ਜਾ, ਹਰਿ ਸਾਚੇ ਸਗਣ ਮਨਾਇਆ । ਥਿਰ ਘਰ ਸਾਚੇ ਦਏ ਬਹਾ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਆਪਣੀ ਸੇਵਾ ਦਏ ਲਗਾ, ਸੇਵਕ ਸੇਵਾ ਰੂਪ ਵਟਾਇਆ । ਨਿਰਗੁਣ ਨੂਰ ਜੋਤ ਪਰਕਾਸ਼ ਦਏ ਵਖਾ, ਤਤਵ ਤਤ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਸਮਝਾਇਆ । ਸਤਿਗੁਰ ਸ਼ਬਦ ਕਰ ਪਿਆਰ, ਹਰਿ ਹਰਿ ਦਇਆ ਕਮਾਇੰਦਾ । ਪੂਤ ਸਪੂਤੇ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਜਣਾਇੰਦਾ । ਨਿਰਗੁਣ ਬੰਨ੍ਹੇ ਤੇਰੀ ਧਾਰ, ਨਿਰਵੈਰ ਵੇਸ ਵਟਾਇੰਦਾ । ਮੂਰਤ ਅਕਾਲ ਮੀਤ ਮੁਰਾਰ, ਅਜੂਨੀ ਰਹਿਤ ਧਾਰ ਵਖਾਇੰਦਾ । ਏਕੰਕਾਰਾ ਦਏ ਅਧਾਰ, ਅਕਲ ਕਲ ਆਪਣਾ ਭੇਵ ਖੁਲ੍ਹਾਇੰਦਾ । ਸਚਖੰਡ ਦਵਾਰੇ ਖੇਲ ਅਪਾਰ, ਥਿਰ ਘਰ ਆਪਣਾ

ਨਾਉਂ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਰਚਨਾ ਆਪ ਜਣਾਇੰਦਾ । ਆਪਣੀ ਰਚਨਾ ਆਪੇ ਰਚ, ਆਪੇ ਵੇਖ ਵਖਾਈਆ । ਨਿਰਗੁਣ ਰੂਪ ਸਤਿ ਸੱਚ, ਸੱਚਾ ਸਚ ਸਮਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਆਪ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜਾਤਾ ਹੋ ਪਰਗਟ, ਪਰਗਟ ਆਪਣਾ ਰੂਪ ਧਰਾਈਆ । ਸਚਖੰਡ ਦਵਾਰੇ ਅੰਦਰ ਥਿਰ ਘਰ ਖੋਲ੍ਹ ਹੱਟ, ਪੂਤ ਸਪੂਤਾ ਦਏ ਬਹਾਈਆ । ਸਤਿ ਸਤਿਵਾਦੀ ਮਾਰਗ ਦੱਸ, ਸਾਚੇ ਧੰਦੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਆਦਿ ਨਿਰੰਜਣ, ਆਦਿ ਆਪਣੀ ਦਇਆ ਕਮਾਇੰਦਾ । ਸੁਤ ਦੁਲਾਰੇ ਕਰਾਏ ਸਾਚਾ ਮਜਣ, ਸਰੋਵਰ ਇਕੋ ਇਕ ਵਖਾਇੰਦਾ । ਨਾਮ ਨਿਧਾਨਾ ਪਾਏ ਅੰਜਣ, ਅਗਿਆਨ ਅੰਧੇਰ ਮਿਟਾਇੰਦਾ । ਆਦਿ ਜੁਗਾਦਿ ਬਣੇ ਸੱਚਾ ਸੱਜਣ, ਸਗਲਾ ਸੰਗ ਆਪ ਨਿਭਾਇੰਦਾ । ਨਿਰਗੁਣ ਨਿਰਗੁਣ ਹੋਏ ਪਰਦੇ ਕੱਜਣ, ਸਰਗੁਣ ਰੂਪ ਨਾ ਕੋਇ ਵਖਾਇੰਦਾ । ਦਾਤਾ ਦਾਨੀ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਕਰ ਪਿਆਰਾ, ਹਰਿ ਸ਼ਬਦੀ ਆਪ ਵਡਿਆਇੰਦਾ । ਸ਼ਬਦ ਗੁਰ ਹਰਿ ਦੇਵੇ ਮਾਣ, ਗੁਰ ਇਕੋ ਇਕ ਜਣਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਧੁਰਦਰਗਾਹੀ ਆਪ ਸੁਣਾਈਆ । ਤੇਰਾ ਖੇਲੇ ਖੇਲ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾਏ ਆਣ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਪੰਚਮ ਤਤ ਖੋਲ੍ਹ ਦੁਕਾਨ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਈਆ । ਨਿਰਗੁਣ ਸਰਗੁਣ ਕਰੇ ਪਰਧਾਨ, ਰਕਤ ਬੂੰਦ ਜੋੜ ਜੁੜਾਈਆ । ਹੱਡ ਮਾਸ ਨਾੜੀ ਰੱਤ ਕਰ ਪਰਵਾਨ, ਕਰੇ ਖੇਲ ਬੇਪਰਵਾਹੀਆ । ਮਨ ਮਤ ਬੁਧ ਖੇਲ ਮਹਾਨ, ਖ਼ਾਲਕ ਖ਼ਲਕ ਵਿਚ ਸਮਾਈਆ । ਨੌਂ ਦਵਾਰੇ ਖੋਲ੍ਹ ਦੁਕਾਨ, ਜਗਤ ਤ੍ਰਿਸਨਾ ਦਏ ਮਿਲਾਈਆ । ਕਰੇ ਖੇਲ ਸ੍ਰੀ ਭਗਵਾਨ, ਘਰ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕੋ ਇਕ ਅਖਵਾਈਆ । ਗੁਰ ਸ਼ਬਦ ਸੱਚਾ ਦਾਤਾ, ਹਰਿ ਸ਼ਬਦੀ ਆਪ ਪਰਗਟਾਇੰਦਾ । ਆਪੇ ਪਿਤਾ ਆਪੇ ਮਾਤਾ, ਬਾਲਕ ਆਪਣੀ ਗੋਦ ਬਹਾਇੰਦਾ । ਆਪੇ ਰੱਖੇ ਸਾਚਾ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਆਪ ਸੁਣਾਏ ਸਾਚੀ ਗਾਥਾ, ਬੋਧ ਅਗਾਧਾ ਗਿਆਨ ਦ੍ਰਿੜਾਇੰਦਾ । ਆਪੇ ਪੂਜਾ ਆਪੇ ਪਾਠਾ, ਮੰਤਰ ਨਾਮ ਦੇਉ ਆਪ ਅਖਵਾਇੰਦਾ । ਆਪੇ ਜਾਣੇ ਸਰ ਸਰੋਵਰ ਤੀਰਥ ਤਾਟਾ, ਸਰ ਇਕੋ ਇਕ ਵਖਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਆਪ ਵਡਿਆਇੰਦਾ । ਸਾਚਾ ਗੁਰ ਸ਼ਬਦ ਰੰਗ, ਰੇਖ ਨਜ਼ਰ ਕੋਇ ਨਾ ਆਈਆ । ਥਿਰ ਘਰ ਬੈਠਾ ਚੜ੍ਹ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਦੋ ਜਹਾਨਾਂ ਵਜਾਏ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਈਆ । ਆਦਿ ਜੁਗਾਦਿ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਗੀਤ ਸੁਹਾਗੀ ਗਾਏ ਛੰਦ, ਸੋਹਲਾ ਏਕਾ ਢੋਲਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਵੇਖੇ ਚਾਈਂ ਚਾਈਂਆ । ਚਾਉਂ ਘਨੇਰਾ ਸਤਿ ਸਤਿਵਾਦ, ਸੋ ਪੁਰਖ ਨਿਰੰਜਣ ਇਕ ਰਖਾਇੰਦਾ । ਸੁਤ ਦੁਲਾਰੇ ਦੇਵੇ ਦਾਦ, ਗੁਰ ਸ਼ਬਦੀ ਨਾਉਂ ਧਰਾਇੰਦਾ । ਆਪਣੇ ਵਿਚੋਂ ਆਪ

੧੦੫੯ ੧੨

ਕਾਢ, ਥਿਰ ਘਰ ਦਵਾਰੇ ਆਪ ਬਹਾਇੰਦਾ । ਆਦਿ ਜੁਗਾਦਿ ਕਰਾਏ ਲਾਡ, ਨਿਤ ਨਿਤ ਵੇਖ ਵਖਾਇੰਦਾ । ਮੇਲ ਮਿਲਾਵਾ ਮਾਧਵ ਮਾਧ, ਮਿਲ ਮਿਲ ਆਪਣੀ ਖ਼ੁਸ਼ੀ ਜਣਾਇੰਦਾ । ਪੰਜ ਤਤ ਨਾ ਕੋਇ ਹਾਡ, ਰੱਤੀ ਰੱਤ ਨਾ ਕੋਇ ਰਖਾਇੰਦਾ । ਤਾਰ ਸਿਤਾਰ ਨਾ ਕੋਇ ਨਾਦ, ਬੋਧ ਅਗਾਧ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਇਕ ਸਮਝਾਇੰਦਾ । ਛੋਟਾ ਬਾਲਾ ਸ਼ਬਦੀ ਸੁਤ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਪਰਮੇਸ਼ਵਰ ਅਚੁੱਤ, ਤੇਰੇ ਹੱਥ ਮੇਰੀ ਵਡਿਆਈਆ । ਥਿਰ ਘਰ ਮੌਲੀ ਮੇਰੀ ਰੁੱਤ, ਰੁੱਤੜੀ ਤੇਰਾ ਰੰਗ ਮਹਿਕਾਈਆ । ਤੇਰੀ ਕੁੱਖੋਂ ਪਿਆ ਉਠ, ਮੋਹੇ ਦੁੱਖ ਨਾ ਲਾਗੇ ਰਾਈਆ । ਮੈਂ ਨਿੱਕਾ ਬਾਲਾ ਤੇਰਾ ਪੁੱਤ, ਤੇਰੀ ਓਟ ਇਕ ਤਕਾਈਆ । ਤੇਰਾ ਨੂਰ ਨਿਰਮਲ ਜੋਤ, ਮੇਰਾ ਰੰਗ ਵਖਾਈਆ । ਤੇਰਾ ਬੰਸ ਚਲੇ ਓਤ ਪੋਤ, ਵਿਸ਼ਨ ਬ੍ਰਹਮਾ ਸ਼ਿਵ ਮਿਲੇ ਵਡਿਆਈਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਰਚ ਰਚ ਵੇਖਾਂ ਤੇਰਾ ਕੋਟ, ਬੰਕ ਦਵਾਰੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਮੋਹੇ ਵਡਿਆਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨਾ, ਆਪਣੀ ਦਇਆ ਕਮਾਇੰਦਾ । ਸੁਤ ਦੁਲਾਰੇ ਸਤਿ ਪਰਵਾਨਾ, ਤੇਰੇ ਹੱਥ ਫੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਣਾ ਦਾਨਾ, ਖਾਲੀ ਝੋਲੀ ਸਰਬ ਭਰਾਇੰਦਾ । ਲੱਖ ਚੁਰਾਸੀ ਕਰ ਪਰਧਾਨਾ, ਜੇਰਜ ਅੰਡਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਬਾਣੀ ਬੋਲ ਤਰਾਨਾ, ਪਰਾ ਪਸੰਤੀ ਮਧਮ ਬੈਖਰੀ ਤੇਰਾ ਰਾਗ ਅਲਾਇੰਦਾ । ਮਾਣਸ ਮਾਨੁਖ ਚਤੁਰ ਸੁਜਾਨਾ, ਪੰਜ ਤਤ ਕਾਇਆ ਚੋਲਾ ਖੋਜ ਖੋਜਾਇੰਦਾ । ਕਰੇ ਖੇਲ ਨੌਂਜਵਾਨਾ, ਨੌਂ ਨੌਂ ਆਪਣਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਇੰਦਾ । ਸਾਚਾ ਮਾਰਗ ਜਾਏ ਲੱਗ, ਹਰਿ ਸਾਚਾ ਸਚ ਜਣਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ੍ਰਿਸ਼ਟ ਸਬਾਈ ਵੇਖੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਨਿਰਗੁਣ ਨਾਦ ਜਾਏ ਵੱਜ, ਦੋ ਜਹਾਨਾਂ ਆਪ ਸੁਣਾਈਆ । ਕਰੇ ਖੇਲ ਪੁਰਖ ਸਮਰਥ, ਸਰਗੁਣ ਆਪਣਾ ਰੂਪ ਵਟਾਈਆ । ਸ਼ਬਦ ਸੁਤ ਤੇਰੀ ਰੱਖੇ ਪਤਿ, ਪਤਿਪਰਮੇਸ਼ਵਰ ਵੇਖ ਵਖਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਜਲਾਈਆ । ਸਰਗੁਣ ਮਾਰਗ ਇਕੋ ਦੱਸ, ਗੁਰ ਗੁਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਗੁਰ ਸ਼ਬਦ ਤੇਰਾ ਸਤਿ ਪਸਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਜੋਤੀ ਜੋਤ ਡਗਮਗਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਇੰਦਾ । ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਅਨਹਦ ਨਾਦ ਸੱਚੀ ਧੁੰਨਕਾਰਾ, ਆਤਮਕ ਰਾਗ ਸੁਣਾਇੰਦਾ । ਪੀਰ ਪੈਗ਼ੰਬਰ ਬਰਖ਼ੁਰਦਾਰਾ, ਬਾਲੇ ਤੇਰੀ ਸੇਵ ਕਮਾਇੰਦਾ । ਚੌਦਾਂ ਲੋਕ ਹੱਟ ਵਣਜਾਰਾ, ਵਸਤ ਇਕੋ ਇਕ ਵਖਾਇੰਦਾ । ਚੌਦਾਂ ਤਬਕਾਂ ਦਏ ਹੁਲਾਰਾ, ਹੁਲਾਰਾ ਆਪਣੇ ਹੱਥ ਰਖਾਇੰਦਾ । ਹੱਕ ਹਕ਼ੀਕ਼ਤ ਬੋਲ ਨਾਅਰਾ, ਲਾਸ਼ਰੀਕ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨਾਉਂ ਧਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਉਜਿਆਰਾ, ਗੀਤਾ ਗਿਆਨ ਆਪ ਦ੍ਰਿੜਾਇੰਦਾ । ਅੰਜੀਲ ਕੁਰਾਨਾ ਦਏ ਸਹਾਰਾ, ਤੀਸ ਬਤੀਸਾ ਆਪੇ ਗਾਇੰਦਾ । ਖਾਣੀ ਬਾਣੀ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਅਬਿਨਾਸ਼ੀ ਅਚੁੱਤ,

੧੦੬੦
੧੨

ਗੁਰ ਸਤਿਗੁਰ ਇਕ ਵਡਿਆਇੰਦਾ । ਸ਼ਬਦ ਗੁਰ ਆਦਿ ਅੰਤ, ਜੁਗ ਜੁਗ ਵੇਸ ਵਟਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਹਰਿਜਨ ਵੇਖੇ ਸਾਚੇ ਸੰਤ, ਸਾਂਤਕ ਸਤਿ ਸਤਿ ਵਖਾਈਆ । ਗੁਰਮੁਖਾਂ ਦੇਵੇ ਨਾਮ ਮੰਤ, ਅੰਤਰ ਮੰਤਰ ਕਰੇ ਪੜ੍ਹਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਘਟ ਘਟ ਰਿਹਾ ਸਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣਾਏ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸਿਫ਼ਤ ਸਲਾਹੀਆ । ਸ਼ਬਦ ਗੁਰੂ ਵਡ ਡੂੰਘਾ ਸਾਗਰ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਭਾਗ ਲਗਾਏ ਕਾਇਆ ਗਾਗਰ, ਆਪ ਆਪਣੀ ਦਇਆ ਕਮਾਇੰਦਾ । ਨਾਮ ਵਣਜਾਰਾ ਬਣ ਸੌਦਾਗਰ, ਸਾਚਾ ਵਣਜ ਆਪ ਵਖਾਇੰਦਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੇਵੇ ਆਦਰ, ਆਪਣਾ ਦਰਸ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਖੇਲ ਵਖਾਇੰਦਾ । ਜੁਗ ਚੌਕੜੀ ਖੇਲ ਅਪਾਰਾ, ਨਿਰਗੁਣ ਸਰਗੁਣ ਧਾਰ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਲੇਖਾ ਜਾਣੇ ਤੇਈ ਅਵਤਾਰਾ, ਭਗਤ ਅਠਾਰਾਂ ਕੁੰਡਾ ਲਾਹੀਆ । ਈਸਾ ਮੂਸਾ ਮੁਹੰਮਦ ਦੇਵਣਹਾਰ ਸਚ ਨਜ਼ਾਰਾ, ਮਿਹਰ ਨਜ਼ਰ ਆਪ ਉਠਾਈਆ । ਕਾਗਦ ਕਲਮ ਨਾ ਲਿਖਣਹਾਰਾ, ਵੇਦ ਕਤੇਬ ਭੇਵ ਨਾ ਆਈਆ । ਜੁਗਾ ਜੁਗੰਤਰ ਕਰੇ ਖੇਲ ਗੁਪਤ ਜ਼ਾਹਰਾ, ਅੰਦਰ ਬਾਹਰ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਵੱਡਾ ਵਡ ਵਡਿਆਈਆ । ਗੁਰ ਸ਼ਬਦ ਵਡਾ ਸੂਰਬੀਰ, ਬਲ ਆਪਣਾ ਆਪ ਜਣਾਇੰਦਾ । ਆਦਿ ਜੁਗਾਦੀ ਲੋਕਮਾਤ ਆਏ ਘੱਤ ਵਹੀਰ, ਦੋ ਜਹਾਨਾਂ ਪੈਂਡਾ ਆਪ ਮੁਕਾਇੰਦਾ । ਨਾਮ ਨਿਰਾਲਾ ਅਣਿਆਲਾ ਮਾਰੇ ਤੀਰ, ਸਚ ਨਿਸ਼ਾਨਾ ਆਪ ਰਖਾਇੰਦਾ । ਭਗਤ ਭਗਵੰਤ ਚੋਟੀ ਚੜ੍ਹ ਕੇ ਮੇਲੇ ਆਪ ਅਖੀਰ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਤੋੜਨਹਾਰਾ ਸ਼ਰਅ ਜੰਜੀਰ, ਬੰਧਨ ਬੰਧ ਨਾ ਕੋਇ ਪੁਆਇੰਦਾ । ਵੇਖਣਹਾਰਾ ਪੀਰ ਫਕੀਰ, ਫਿਕਰਾ ਆਪਣਾ ਨਾਉਂ ਸੁਣਾਇੰਦਾ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗੰਭੀਰ ਖੇਲ ਕਰਾਇੰਦਾ । ਬਾਹਰੋਂ ਦਿਸੇ ਪੰਜ ਤਤ ਕਾਇਆ ਚੀਰ, ਅੰਦਰ ਨਿਰਗੁਣ ਜੋਤੀ ਜੋਤ ਜਗਾਇੰਦਾ । ਜੁਗਾ ਜੁਗੰਤਰ ਕੱਟਣਹਾਰਾ ਭੀੜ, ਨਿਤ ਨਵਿਤ ਵੇਸ ਵਟਾਇੰਦਾ । ਕਲਮ ਸ਼ਾਹੀ ਲਿਖ ਲਿਖ ਲੇਖਾ ਜਗਤ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਬਦਲਣਹਾਰਾ ਆਪ ਤਕਸੀਰ, ਤਾਲਬ ਤੁਲਬਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਸਲਾਹਿੰਦਾ । ਸ਼ਬਦ ਗੁਰ ਵਡ ਸੂਰਾ ਸੂਰ, ਸੂਰਬੀਰ ਨਾਉਂ ਧਰਾਈਆ । ਸਰਬ ਕਲਾ ਹਰਿ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਕੀਤਾ ਦੂਰ, ਕਲਜੁਗ ਅੰਤਮ ਦਏ ਵਿਹਾਈਆ । ਨਾਨਕ ਨਿਰਗੁਣ ਮਿਲਿਆ ਸਾਚਾ ਨੂਰ, ਨੂਰ ਨੂਰ ਵਿਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸਮਰਥ, ਸਚਖੰਡ ਸਾਚੇ ਆਸਣ ਲਾਇੰਦਾ । ਆਦਿ ਜੁਗਾਦੀ ਮਹਿਮਾ ਅਕੱਥ, ਜੁਗ ਜੁਗ ਆਪਣਾ ਨਾਉਂ ਦ੍ਰਿੜ੍ਹਾਇੰਦਾ । ਨਾਨਕ ਨਿਰਗੁਣ ਸਰਗੁਣ ਹੋਇਆ ਵਸ, ਸਰਗੁਣ ਨਾਨਕ ਨਿਰਗੁਣ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਦਰ ਦਵਾਰੇ ਸਾਚੇ ਸਦ, ਸਦਾ ਇਕੋ ਨਾਮ ਲਗਾਇੰਦਾ । ਦੋ ਜਹਾਨਾਂ ਪਾਰ ਹੱਦ, ਸਚਖੰਡ ਦਵਾਰਾ ਸੋਭਾ ਪਾਇੰਦਾ । ਆਪਣੇ ਵਿਚੋਂ ਆਪਣਾ ਨਾਉਂ ਕੱਢ, ਨਾਮ ਸਤਿ ਆਪ ਵਰਤਾਇੰਦਾ । ਸ੍ਰਿਸ਼ਟ ਸਬਾਈ ਦੇਣੀ ਬ੍ਰਹਮ ਮਤ, ਬ੍ਰਹਮ ਵਿਦਿਆ ਇਕ

ਪੜ੍ਹਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਜਲਾਇੰਦਾ । ਆਤਮ ਪਰਮਾਤਮ ਜੋੜੇ ਨੱਤ, ਸੋਹੰ ਢੋਲਾ ਇਕ ਪੜ੍ਹਾਇੰਦਾ । ਲੱਖ ਚੁਰਾਸੀ ਬੀਜਣਾ ਬੀਜ ਸਾਚੇ ਵਤ, ਅੰਮ੍ਰਿਤ ਬੂਟਾ ਆਪ ਲਗਾਇੰਦਾ । ਦੂਈ ਦਵੈਤੀ ਮੇਟੇ ਫਟ, ਨਾਮ ਪੱਟੀ ਹੱਥ ਫੜਾਇੰਦਾ । ਗੁਰਦੇਵ ਸ਼ਬਦ ਸਵਾਮੀ ਮਾਰਗ ਦੱਸ, ਨਿਹਕਾਮੀ ਨਿਹਕਰਮੀ ਆਪਣਾ ਕਰਮ ਜਣਾਇੰਦਾ । ਹਿਰਦੇ ਅੰਦਰ ਹਰਿ ਜੂ ਵਸ, ਹਰਿ ਆਪਣਾ ਪਰਦਾ ਲਾਹਿੰਦਾ । ਪੁਰਖ ਅਬਿਨਾਸ਼ੀ ਗਾਏ ਜਸ, ਰਸਨਾ ਜਿਹਵਾ ਨਾਨਕ ਇਕ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਹਰਿ ਸਤਿਗੁਰ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਨਿਤ ਨਵਿਤ ਵੇਸ ਵਟਾਈਆ । ਨਿਰਗੁਣ ਨਿਰਗੁਣ ਕਰੇ ਪਰਖ, ਸਰਗੁਣ ਪਰਖ ਕਰੇ ਨਾ ਕੋਇ ਰਾਈਆ । ਜਿਸ ਜਨ ਕਰ ਕਿਰਪਾ ਦੇਵੇ ਆਪਣਾ ਦਰਸ, ਸੋ ਜਨ ਨਿਉਂ ਨਿਉਂ ਲਾਗੇ ਪਾਈਆ । ਲੇਖਾ ਜਾਣੇ ਅਰਸ਼ ਫਰਸ਼, ਦੋ ਜਹਾਨਾਂ ਵੇਖ ਵਖਾਈਆ । ਨਾਨਕ ਗੋਬਿੰਦ ਕੋਈ ਨਾ ਫਰਕ, ਇਕੋ ਜੋਤ ਨੂਰ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਨਾਨਕ ਬਾਣੀ ਪਦ ਨਿਰਬਾਣ, ਨਰ ਨਿਰੰਕਾਰਾ ਆਪ ਜਣਾਇੰਦਾ । ਏਕੰਕਾਰਾ ਹੋ ਪਰਧਾਨ, ਮੰਤਰ ਸਤਿਨਾਮ ਦ੍ਰਿੜਾਇੰਦਾ । ਕਰਤਾ ਪੁਰਖ ਵਡਿ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸ੍ਰਿਸ਼ਟ ਸਬਾਈ ਦਏ ਗਿਆਨ, ਆਤਮ ਪਰਮਾਤਮ ਪਰਦਾ ਲਾਹਿੰਦਾ । ਨਾਤਾ ਤੁਟੇ ਜੀਵ ਜਹਾਨ, ਜੀਵਨ ਜੁਗਤ ਆਪ ਜਣਾਇੰਦਾ । ਅੰਗਦ ਅੰਗ ਕਰ ਪਰਵਾਨ, ਅਮਰਦਾਸ ਝੋਲੀ ਪਾਇੰਦਾ । ਰਾਮਦਾਸ ਹਰਿ ਮੰਦਰ ਵਖਾਏ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰ ਅਰਜਨ ਮਾਰੇ ਅਣਿਆਲਾ ਬਾਣ, ਬਾਣ ਨਿਰਾਲਾ ਇਕ ਚਲਾਇੰਦਾ । ਸ਼ਬਦ ਅਨਾਦਿ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸਮਝਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਇਕਵੰਜਾ ਬਵੰਜਾ ਇਕੱਠੇ ਕੀਤੇ ਆਣ, ਗੁਰੂ ਗ੍ਰੰਥ ਗੁਰਦੇਵ ਇਕ ਵਡਿਆਇੰਦਾ । ਨਾਨਕ ਨਿਰਗੁਣ ਪਾਰਬ੍ਰਹਮ ਪ੍ਰਭ ਅੱਗੇ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹਿੰਦਾ । ਗੋਬਿੰਦ ਕਹੇ ਮੇਰਾ ਪਿਤਾ ਪੁਰਖ ਅਕਾਲ, ਸਚ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਸਾਚਾ ਦਾਨ, ਗੁਰ ਸ਼ਬਦੀ ਹੱਥ ਫੜਾਇੰਦਾ । ਨਾਨਕ ਸਤਿਗੁਰ ਗੁਰ ਸ਼ਬਦੀ ਧਾਰ, ਪੰਜ ਤਤ ਨਾ ਕੋਇ ਵਡਿਆਈਆ । ਰਸਨਾ ਜਿਹਵਾ ਕਰੇ ਨਿਰੰਕਾਰ, ਨਿਰੰਕਾਰ ਨਿਰੰਕਾਰ, ਅੰਤਰ ਨਿਰੰਕਾਰ ਰਿਹਾ ਸਮਾਈਆ । ਗੋਬਿੰਦ ਮੇਲਾ ਦਰ ਦਰਬਾਰ, ਦਰਗਹਿ ਸਾਚੀ ਵੱਜੀ ਵਧਾਈਆ । ਪੁਰਖ ਅਕਾਲ ਕਰੇ ਪਿਆਰ, ਪਿਤਾ ਪੂਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਵੇਖ ਵਖਾਈਆ । ਦੋ ਜਹਾਨਾਂ ਨਾਨਕ ਸਤਿਗੁਰ, ਗੁਰ ਸ਼ਬਦੀ ਸ਼ਬਦ ਜਣਾਇਆ । ਆਦਿ ਜੁਗਾਦੀ ਲੇਖਾ ਜਾਣੇ ਧੁਰ ਧੁਰ, ਲੱਖ ਚੁਰਾਸੀ ਧੁਰ ਮਸਤਕ ਵੇਖ ਵਖਾਇਆ । ਨਿਰਗੁਣ ਨਿਰਗੁਣ ਨਾਲ ਜੁੜ ਜੁੜ, ਸਰਗੁਣ ਇਕੋ ਮਾਣ ਵਧਾਇਆ । ਠਾਕਰ ਸਵਾਮੀ ਜੁਗਾ ਜੁਗੰਤਰ ਆਵੇ ਜਾਵੇ ਜਨ ਭਗਤਾਂ ਬਹੁੜ ਬਹੁੜ, ਮਿਲ ਮਿਲ ਆਪਣਾ ਬੰਧਨ ਪਾਇਆ । ਰਸ ਵੇਖੇ ਮਿੱਠਾ ਕੌੜ ਕੌੜ, ਕੂੜੀ ਕਿਰਿਆ ਦਏ ਖਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਹਰਿ ਜੂ ਆਪ ਸੁਣਾਇਆ । ਧੁਰ ਫ਼ਰਮਾਨਾ ਕਲਜੁਗ ਧਾਰ, ਹਰਿ ਧਰਨੀ

੧੦੬੩
੧੨

ਧਰਤ ਧਵਲ ਵਡਿਆਈਆ । ਨਾਨਕ ਨਿਰਗੁਣ ਕਰ ਪਿਆਰ, ਪੁਰਖ ਅਕਾਲ ਰਿਹਾ ਜਸ ਗਾਈਆ । ਗੁਰੂ ਗ੍ਰੰਥ ਗੁਰ ਕਰ ਤਿਆਰ, ਗਿਆਨ ਗੁਰੂ ਸਮਝਾਈਆ । ਪੁਰਖ ਅਕਾਲ ਸਭ ਤੋਂ ਵਸੇ ਬਾਹਰ, ਸਚਖੰਡ ਵਸੇ ਸੱਚਾ ਮਾਹੀਆ । ਜਿਸ ਦੀ ਸਿਫ਼ਤ ਕਰੇ ਗੁਰੂ ਅਵਤਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਮਿਹਬਾਨ ਬੀਦੋ ਸਾਂਝਾ ਯਾਰ, ਇਲਾਹੀ ਨੂਰ ਨੂਰ ਰੁਸ਼ਨਾਈਆ । ਜੁਗਾ ਜੁਗੰਤਰ ਜੁਗ ਚੌਕੜੀ ਵੇਖੇ ਵੇਖਣਹਾਰ, ਵੇਖਣਹਾਰਾ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰੂ ਗ੍ਰੰਥ ਗੁਰ ਬਾਣੀ, ਸਤਿਗੁਰ ਗੁਰੂ ਨਾਨਕ ਮੋਹਰ ਲਗਾਈਆ । ਆਦਿ ਜੁਗਾਦਿ ਅਕੱਥ ਕਹਾਣੀ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸ਼ੁਕਰ ਮਨਾਈਆ । ਸੁਰਤ ਸ਼ਬਦ ਮਿਲੇ ਸੱਚਾ ਹਾਣੀ, ਘਰ ਸਾਚੇ ਵੱਜੇ ਵਧਾਈਆ । ਅੰਮ੍ਰਿਤ ਆਤਮ ਰਸ ਨਿਝਰ ਮਿਲੇ ਠੰਡਾ ਪਾਣੀ, ਅਗਨੀ ਤਤ ਨਾ ਲਾਗੇ ਰਾਈਆ । ਆਵਣ ਜਾਵਣ ਜੰਮ ਕੀ ਚੁੱਕੇ ਕਾਣੀ, ਜੋ ਗੁਰ ਚਰਨ ਧਿਆਨ ਲਗਾਈਆ । ਹਰਿ ਕਾ ਖੇਲ ਸਦਾ ਮਹਾਨੀ, ਮਹਿਮਾ ਅਕੱਥ ਕਥੀ ਨਾ ਜਾਈਆ । ਜਨ ਭਗਤਾਂ ਦੇਵੇ ਇਕ ਨਿਸ਼ਾਨੀ, ਧੁਰਦਰਗਾਹੀ ਲੈ ਕੇ ਆਈਆ । ਆਦਿ ਨਿਰੰਜਣ ਨੂਰ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੋਹਰ ਲਾਈ ਗਈ ਲੱਗ, ਗੁਰ ਸਤਿਗੁਰ ਆਪ ਲਗਾਇੰਦਾ । ਚਾਰ ਵਰਨਾਂ ਮਾਰਗ ਦੱਸ, ਊਚ ਨੀਚ ਭੇਵ ਚੁਕਾਇੰਦਾ । ਲਹਿਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਹੱਥੋ ਹੱਥ ਹੱਟ ਆਪ ਖੁਲ੍ਹਾਇੰਦਾ । ਪੰਚ ਵਿਕਾਰਾ ਪਾਏ ਨੱਥ, ਜੋ ਜਨ ਰਸਨਾ ਜਿਹਵਾ ਗਾਇੰਦਾ । ਅੰਦਰ ਕਾਇਆ ਮੰਦਰ ਮਿਲੇ ਪੁਰਖ ਸਮਰਥ, ਸਮਰਥ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਹੋਏ ਵਸ, ਦੂਜਾ ਬੰਧਨ ਨਾ ਕੋਇ ਰਖਾਇੰਦਾ । ਕਲਜੁਗ ਕੂੜੀ ਕਿਰਿਆ ਨੌਂ ਖੰਡ ਪ੍ਰਿਥਮੀ ਹੋਇਆ ਅੰਧੇਰਾ ਮਸ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਜੀਆਂ ਜੰਤਾਂ ਹੋ ਗਈ ਬਸ, ਕਾਇਆ ਬਸਤਾ ਖੋਲ੍ਹ ਨਾ ਕੋਇ ਵਖਾਇੰਦਾ । ਜਗਤ ਤ੍ਰਿਸਨਾ ਰਹੇ ਨੱਠ, ਗੁਰ ਕਾ ਸ਼ਬਦ ਨਾ ਕੋਇ ਸੁਣਾਇੰਦਾ । ਸਾਧਾਂ ਸੰਤਾਂ ਤੁਟਾ ਧੀਰਜ ਜਤ, ਸਤਿ ਸੰਤੋਖ ਨਾ ਕੋਇ ਕਮਾਇੰਦਾ । ਗੁਰੂਦਵਾਰੇ ਨਾ ਕੋਇ ਗੁਰਮਤ, ਮਨਮਤ ਸਰਬ ਕਰਾਇੰਦਾ । ਨਾਨਕ ਗੋਬਿੰਦ ਹਿਰਦੇ ਕਿਸੇ ਨਾ ਗਿਆ ਵਸ, ਲੱਖ ਚੁਰਾਸੀ ਖ਼ਾਲੀ ਭਾਂਡਾ ਨਜ਼ਰੀ ਆਇੰਦਾ । ਗੁਰੂ ਗ੍ਰੰਥ ਗੁਰ ਜੋ ਮਾਰਗ ਗਿਆ ਦੱਸ, ਕਲਜੁਗ ਜੀਵ ਰਾਹ ਨਾ ਕੋਇ ਚਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਵਸਣਹਾਰਾ ਘਟ ਘਟ, ਜੀਵ ਜੰਤ ਵੇਖ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਰ ਦਵਾਰੇ ਆਪਣੇ ਸਦ, ਸਦੀ ਚੌਧਵੀਂ ਪੁੱਛ ਪੁਛਾਇੰਦਾ । ਕਲਜੁਗ ਵੇਖੇ ਅੰਤਮ ਹੱਦ, ਹੱਦ ਹਦੂਦ ਇਕ ਸਮਝਾਇੰਦਾ । ਚਾਰ ਵਰਨ ਡਿਗੇ ਡੂੰਘੀ ਖਡ, ਬਾਂਹੋਂ ਫੜ ਪਾਰ ਨਾ ਕੋਇ ਕਢਾਇੰਦਾ । ਗੁਰਸਿਖ ਗੁਰਮੁਖ ਸੀਸ ਕੇਸ ਰਹੇ ਵੱਢ, ਮੁੱਛ ਦਾੜ੍ਹੀ ਨਾ ਕੋਇ ਰਖਾਇੰਦਾ । ਗੋਬਿੰਦ ਸਾਬਤ ਰਹੀ ਨਾ ਕੋਈ ਯੱਦ, ਗੋਬਿੰਦ ਏਕਾ ਹਿਰਖ ਮਨਾਇੰਦਾ । ਜਿਨ੍ਹਾਂ ਪਿਛੇ ਬਾਲੇ ਨੀਹਾਂ ਹੇਠਾਂ ਆਇਆ ਦੱਬ, ਪੁਰਖ ਅਕਾਲ ਝੋਲੀ ਪਾਇੰਦਾ । ਸੋ ਸੱਜਣ ਮੈਨੂੰ ਗਏ ਛੱਡ, ਮੇਰਾ ਸੰਗ ਨਾ ਕੋਇ ਨਿਭਾਇੰਦਾ । ਖ਼ਾਲੀ ਦਿਸਣ ਹੱਡ, ਬਿਨ ਹਰਿ ਨਾਮੇ ਤਨ ਕੋਇ ਨਾ ਭਾਇੰਦਾ । ਪੁਰਖ ਅਬਿਨਾਸ਼ੀ ਅੱਗੇ ਸਾਰੇ ਰਹੇ ਦੱਸ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਖੇੜਾ ਕਰਨਾ ਭੱਠ, ਨੌਂ ਖੰਡ ਪ੍ਰਿਥਮੀ ਤੇਰਾ ਰਾਹ ਤਕਾਇੰਦਾ । ਵੇਦ ਵਿਆਸਾ ਕਹੇ ਮੈਂ ਲਿਖ ਲਿਖ ਆਇਆ ਦੱਸ, ਪੂਤ ਸਪੂਤਾ ਬ੍ਰਹਿਮਣ ਗੌੜਾ ਕਲਜੁਗ ਅੰਤਮ ਫੇਰਾ

ਪਾਇੰਦਾ । ਈਸਾ ਕਹੇ ਮੈਂ ਲੋਕਮਾਤ ਵਿਚੋਂ ਆਇਆ ਨੱਠ, ਪਰਵਰਦਿਗਾਰ ਤੇਰਾ ਅੰਤ ਰਾਹ ਤਕਾਇੰਦਾ । ਮੁਹੰਮਦ ਚਰਨ ਦਵਾਰੇ ਰਿਹਾ ਢੱਠ, ਦੋਏ ਦੋਏ ਜੋੜ ਵਾਸਤਾ ਪਾਇੰਦਾ । ਸਚ ਅਮਾਮ ਮੇਰਾ ਚਲੇ ਨਾ ਕੋਇ ਵਸ, ਚੌਦਾਂ ਤਬਕ ਸਰਬ ਕੁਰਲਾਇੰਦਾ । ਨਾਨਕ ਗੋਬਿੰਦ ਮਾਰਗ ਦਿਤਾ ਦੱਸ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਤੁਧ ਬਿਨ ਖੇਲ ਨਾ ਕਰੇ ਕੋਈ ਸਮਰਥ, ਕਲਜੁਗ ਬੇੜਾ ਨਾ ਪਾਰ ਕਰਾਇੰਦਾ । ਦੋ ਜਹਾਨ ਵੇਖੇ ਨੱਠ ਨੱਠ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਚਲੇ ਰਾਹ ਜਗ, ਹਰਿ ਸਤਿਗੁਰ ਆਪ ਜਣਾਈਆ । ਚਾਰ ਕੁੰਟ ਕਲਜੁਗ ਲੱਗੀ ਅੱਗ, ਬਿਨ ਹਰਿ ਸਕੇ ਨਾ ਕੋਇ ਬੁਝਾਈਆ । ਪਰਗਟ ਹੋਏ ਪੁਰਖ ਸਮਰਥ, ਨਿਹਕਲੰਕਾ ਨਾਉਂ ਰਖਾਈਆ । ਆਪਣੀ ਮਹਿਮਾ ਗਾਏ ਅਕੱਥ, ਦੂਜੀ ਓਟ ਨਾ ਕੋਇ ਤਕਾਈਆ । ਭਗਤ ਭਗਵਾਨ ਮੇਲੇ ਹੱਸ ਹੱਸ, ਨਿਰਗੁਣ ਨਿਰਗੁਣ ਬੰਧਨ ਪਾਈਆ । ਜਗਤ ਵਿਕਾਰ ਵਿਚ ਨਾ ਜਾਏ ਫਸ, ਤ੍ਰੈਗੁਣ ਪੋਹ ਨਾ ਸਕੇ ਰਾਈਆ । ਸੰਤ ਸੁਹੇਲੇ ਕਰ ਇਕੱਠ, ਇਕੋ ਮੰਤਰ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅੰਤ, ਕਲਜੁਗ ਹਰਿ ਹਰਿ ਆਪ ਕਰਾਇੰਦਾ । ਪਰਗਟ ਹੋ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਜਣਾਇੰਦਾ । ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਆਪ ਵਖਾਇੰਦਾ । ਭੇਵ ਨਾ ਜਾਣੇ ਕੋਈ ਪੰਡਤ, ਜਗਤ ਵਿਦਿਆ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰ ਸ਼ਬਦੀ ਇਕੋ ਡੰਕ ਵਜਾਇੰਦਾ । ਗੁਰ ਸ਼ਬਦੀ ਡੰਕ ਵੱਜੇ ਸੰਸਾਰ, ਹਰਿ



ਸਾਚਾ ਆਪ ਵਜਾਈਆ । ਨਾ ਕੋਈ ਮੇਟੇ ਮੇਟਣਹਾਰ, ਪੁਰਖ ਅਬਿਨਾਸ਼ੀ ਖੇਲ ਰਚਾਈਆ । ਨਾਨਕ ਗੋਬਿੰਦ ਕਰੇ ਪਿਆਰ, ਸਤਿ ਸਤਿਵਾਦੀ ਰਾਹ ਜਣਾਈਆ । ਗੁਰੂ ਗ੍ਰੰਥ ਗੁਰ ਸਚ ਵਿਹਾਰ, ਗੁਰ ਮੰਤਰ ਨਾਮ ਦ੍ਰਿੜਾਈਆ । ਸ੍ਰਿਸ਼ਟ ਸਬਾਈ ਭੁੱਲ ਜੋ ਹੋਈ ਖਵਾਰ, ਫੜ ਫੜ ਮਾਰਗ ਦਏ ਲਗਾਈਆ । ਨਜ਼ਰੀ ਆਏ ਇਕੋ ਏਕੰਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਪੁਰਖ ਅਕਾਲ ਕਰਨ ਜੈਕਾਰ, ਜੈ ਜੈਕਾਰਾ ਇਕ ਅਲਾਈਆ । ਫਤਹ ਡੰਕਾ ਵੱਜੇ ਸੰਸਾਰ, ਡੌਰੂ ਇਕੋ ਇਕ ਉਠਾਈਆ । ਰਾਓ ਰੰਕ ਦਏ ਅਧਾਰ, ਊਚਾਂ ਨੀਚਾਂ ਲਏ ਮਿਲਾਈਆ । ਸਤਿਜੁਗ ਸਾਚਾ ਦੱਸੇ ਵਿਹਾਰ, ਸੋ ਪੁਰਖ ਨਿਰੰਜਣ ਆਪਣੀ ਮੋਹਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਰੰਗ ਵਖਾਈਆ । ਬ੍ਰਹਿਮਣ ਇਸਤਰੀ ਕਲਜੁਗ ਆਸ਼ਾ, ਕੂੜੀ ਕਿਰਿਆ ਜਨਣੀ ਰੂਪ ਵਖਾਈਆ । ਜਿਸ ਅੰਤਰ ਹੋਏ ਹਰਿ ਪਰਕਾਸ਼ਾ, ਮਨ ਹੰਕਾਰ ਸੀਸ ਕਟਾਈਆ । ਨਿਰਗੁਣ ਰੂਪ ਸਾਖਿਆਤਾ, ਪੂਤ ਸਪੂਤਾ ਬ੍ਰਹਿਮਣ ਗੌੜਾ ਦਏ ਸਮਝਾਈਆ । ਉਤਮ ਰੱਖੇ ਆਪਣੀ ਜ਼ਾਤਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਾ ਕੋਈ ਬਣਾਏ ਪਿਤਾ ਮਾਤਾ, ਸ਼ਬਦੀ ਧਾਰ ਧਾਰ ਵਖਾਈਆ । ਆਪੇ ਜਾਣੇ ਆਪਣੀ ਗਾਥਾ, ਜਗਤ ਕਰ ਕਰ ਥੱਕੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚਾ ਟਿੱਲਾ ਪਰਬਤ ਦਏ ਸਮਝਾਈਆ । ਕਾਇਆ ਅੰਦਰ ਉਚਾ ਟਿੱਲਾ ਪਰਬਤ ਦਿਸੇ, ਘਰ ਘਰ ਵਿਚ ਆਪ ਬਣਾਈਆ । ਬਜਰ ਕਪਾਟੀ ਉਤੇ ਵਸੇ, ਥੱਲੇ ਨਜ਼ਰ ਕਿਸੇ ਨਾ ਆਈਆ । ਜਗਤ ਜੀਵ ਨੌਂ ਦਵਾਰੇ ਫਿਰ ਫਿਰ ਥੱਕੇ, ਸਾਚਾ ਨੂਰ ਨਜ਼ਰ ਕਿਸੇ ਨਾ ਆਈਆ । ਜਗਤ ਕਤੇਬਾਂ ਪੜ੍ਹ ਪੜ੍ਹ ਥੱਕੇ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਸਤਿ ਸਰੂਪ

੧੦੬੪ ੧੨

ਨਰ ਨਿਰੰਕਾਰ ਚਾਰ ਦੀਵਾਰੀ ਅੰਦਰ ਕੋਇ ਨਾ ਡੱਕੇ, ਫੜ ਬਾਂਹੋਂ ਕਤਲ ਨਾ ਕੋਇ ਕਰਾਈਆ । ਜਿਸ ਪੀਰ ਪੈਗ਼ੰਬਰ ਗੁਰ ਅਵਤਾਰ ਹੁਕਮੇ ਅੰਦਰ ਬੱਧੇ, ਭਗਤ ਭਗਵਾਨ ਸਾਧ ਸੰਤ ਆਪਣਾ ਹੁਕਮ ਮਨਾਈਆ । ਤਿਸ ਬ੍ਰਹਿਮਣ ਰੂਪ ਕੋਈ ਨਾ ਦੇਵੇ ਧੱਕੇ, ਬ੍ਰਹਿਮਣੀ ਮਾਂ ਨਾ ਕੋਇ ਅਖਵਾਈਆ । ਨਾਨਕ ਗੋਬਿੰਦ ਇਕ ਘਰ ਇਕ ਪਿਤਾ ਦੇ ਭਾਈ ਸਕੇ, ਸੱਜਣ ਇਕੋ ਨਜ਼ਰੀ ਆਈਆ । ਸੂਰਾ ਸਰਬੰਗ ਸ਼ਾਹ ਸੁਲਤਾਨ ਸਚਖੰਡ ਨਿਵਾਸੀ ਇਕੋ ਗੱਜੇ, ਗਰਜ ਆਪਣੀ ਇਕ ਲਗਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਫਿਰਨ ਭੱਜੇ, ਅੱਗੇ ਸੀਸ ਨਾ ਕੋਇ ਉਠਾਈਆ । ਸੰਬਲ ਨਗਰੀ ਸਚ ਦਵਾਰ ਬਹਿ ਬਹਿ ਸਜੇ, ਜਿਸ ਗ੍ਰਹਿ ਅੰਦਰ ਆਪਣਾ ਨੂਰ ਕਰੇ ਰੁਸ਼ਨਾਈਆ । ਬਿਨ ਤਾਰ ਸਿਤਾਰੋਂ ਤਾਰ ਅਗੰਮੀ ਵੱਜੇ, ਸੋ ਪੁਰਖ ਨਿਰੰਜਣ ਆਪ ਵਜਾਈਆ । ਨਿਹਕਲੰਕ ਸੂਰਾ ਸਰਬੰਗ, ਦੋ ਜਹਨਾਂ ਸ੍ਰੀ ਭਗਵਾਨਾ ਜਨ ਭਗਤਾਂ ਫਿਰੇ ਸੱਜੇ ਖੱਬੇ, ਅੱਗੇ ਪਿਛੇ ਆਪਣਾ ਫੇਰਾ ਪਾਈਆ । ਲੱਭਣ ਗਿਆਂ ਕਿਸੇ ਨਾ ਲੱਭੇ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਫੜ ਫੜ ਕੱਢੇ, ਆਪ ਆਪਣਾ ਮੇਲ ਮਿਲਾਈਆ । ਮਾਂ ਪਿਤ ਪੁੱਤਰ ਜਿਸ ਜਗਤ ਕੁੜਾਵੇ ਛੱਡੇ, ਪੁਰਖ ਅਕਾਲ ਇਕ ਮਨਾਈਆ । ਸੋ ਗੋਬਿੰਦ ਹਰ ਘਟ ਅੰਦਰ ਸਜੇ, ਘਟ ਘਟ ਆਪਣਾ ਆਸਣ ਲਾਈਆ । ਕਲਜੁਗ ਅੰਤਮ ਮੇਟੇ ਫਟੇ, ਦੂਈ ਦਵੈਤ ਦਏ ਮਿਟਾਈਆ । ਲੱਖ ਚੁਰਾਸੀ ਅੰਮ੍ਰਿਤ ਰਸ ਇਕੋ ਚੱਟੇ, ਗੁਰ ਗੋਬਿੰਦ ਜਾਮ ਪਿਆਲਾ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰਾਣੀ ਆਪੇ ਰਾਜਾ, ਆਪੇ ਕਰੇ ਆਪਣਾ ਕਾਜਾ, ਪਿਤਾ ਪੂਤ ਮਾਤ ਦਾਈ ਦਾਇਆ ਆਪ ਅਖਵਾਈਆ । ਗੁਰੂ ਗ੍ਰੰਥ ਗੁਰ ਕਹੇ ਬਾਣੀ, ਪੁਰਖ ਅਕਾਲ ਸਦਾ ਜਸ ਗਾਈਆ । ਸਚਖੰਡ ਦੀ ਸਚ ਨਿਸ਼ਾਨੀ, ਸਚ ਸਚ ਜਣਾਈਆ । ਜੁਗ ਜੁਗ ਖੇਲੇ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਨਾ ਮੇਟੀ ਨਿਸ਼ਾਨੀ, ਜਿਸ ਵੇਲੇ ਗੁਰੂ ਗ੍ਰੰਥ ਬਣਾਈਆ । ਜੁਗ ਚੌਕੜੀ ਸਭਦਾ ਲੇਖਾ ਜਾਣੇ ਜਾਣ ਜਾਣੀ, ਜਾਣਨਹਾਰ ਇਕ ਹੋ ਜਾਈਆ । ਕਲਜੁਗ ਅੰਤਮ ਨਿਹਕਲੰਕ ਮਹਿਮਾ ਮਹਿਮਾ ਅਕੱਥ ਆਪੇ ਗਾਏ ਆਪਣਾ ਦਏ ਬਿਆਨੀ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਗੁਰੂ ਗ੍ਰੰਥ ਗੁਰਬਾਣੀ ਪੜ੍ਹੋ, ਗੁਰ ਗੁਰ ਆਪ ਜਣਾਇਆ । ਨੌਂ ਦਵਾਰੇ ਤਜ ਅੰਦਰ ਵੜੋ, ਘਰ ਸਾਚਾ ਵੇਖ ਵਖਾਇਆ । ਅੰਗਦ ਵਾਲੇ ਮੰਦਰ ਚੜ੍ਹੋ, ਹਰਿ ਮੰਦਰ ਗੁਰ ਅਮਰਦਾਸ ਸਮਝਾਇਆ । ਸਤਿਗੁਰ ਪੂਰੇ ਲੜ ਫੜੋ, ਫੜਿਆ ਲੜ ਛੁਟ ਨਾ ਜਾਇਆ । ਤ੍ਰੈਗੁਣ ਮਾਇਆ ਕਦੇ ਨਾ ਸੜੋ, ਅੰਮ੍ਰਿਤ ਰਸ ਮੁਖ ਚੁਆਇਆ । ਪੁਰਖ ਅਬਿਨਾਸ਼ੀ ਇਕੋ ਵਰੋ, ਜਿਸ ਮਿਲਿਆ ਪੂਜਾ ਪਾਠ ਰਹਿਣ ਨਾ ਪਾਇਆ । ਸੰਸਾ ਰੋਗ ਦੁੱਖ ਸੰਤਾਪ ਸਭ ਹਰੋ, ਹਰਿ ਜੂ ਇਕੋ ਨਜ਼ਰੀ ਆਇਆ । ਇਸ ਗਲ ਤੋਂ ਮੂਲ ਨਾ ਡਰੋ, ਪੁਰਖ ਅਬਿਨਾਸ਼ੀ ਕਿਉਂ ਆਪਣੀ ਸਿਫ਼ਤ ਰਿਹਾ ਲਿਖਾਇਆ । ਨਾਨਕ ਗੋਬਿੰਦ ਗੁਰੂ ਗ੍ਰੰਥ ਗੁਰਬਾਣੀ ਯਾਦ ਕਰੋ ਘਰੋ ਘਰੋ, ਘਰ ਘਰ ਵਿਚ ਪਰਦਾ ਲਾਹਿਆ । ਕੂੜੀ ਕਿਰਿਆ ਵਿਚ ਨਾ ਅੜੋ, ਸਾਚੀ ਸਿਖਿਆ ਇਕ ਸਮਝਾਇਆ । ਜੀਵਤ ਜੀਵ ਜੀਵਤ ਮਰੋ, ਮਰਨ ਨੇੜ ਕਦੇ ਨਾ ਆਇਆ । ਸਰਨ ਸਰਨਾਈ ਸਾਚੀ ਸੀਸ ਧਰੋ, ਜਗਦੀਸ਼ ਇਕੋ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਮਹਿਮਾ ਅਕੱਥ, ਸਦਾ ਸਦਾ ਸਦ ਜਸ ਗਾਇਆ ।


੧੦੬੫
੧੨

## ✳ ੧੫ ਅੱਸੂ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਜੰਡਿਆਲਾ ਜ਼ਿਲਾ ਜਲੰਧਰ ✳

ਆਦਿ ਜੁਗਾਦੀ ਠਾਂਡਾ ਸੀਤਾ, ਹਰਿ ਠਾਕਰ ਖੇਲ ਕਰਾਇੰਦਾ । ਸਚਖੰਡ ਨਿਵਾਸੀ ਇਕ ਅਤੀਤਾ, ਤ੍ਰੈਭਵਨ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਜਣਾਏ ਸਚ ਪ੍ਰੀਤਾ, ਪ੍ਰੀਤੀਵਾਨ ਪਰਦਾ ਲਾਹਿੰਦਾ । ਆਦਿ ਜੁਗਾਦਿ ਜੁਗ ਜੁਗ ਜਾਣੇ ਆਪਣੀ ਰੀਤਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਵਸਣਹਾਰਾ ਧਾਮ ਅਨਡੀਠਾ, ਦਰਗਹਿ ਸਾਚੀ ਸੋਭਾ ਪਾਇੰਦਾ । ਭੇਵ ਚੁਕਾਏ ਹਸਤ ਕੀਟਾ, ਊਚਾਂ ਨੀਚਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਆਦਿ ਜੁਗਾਦੀ ਸਾਚਾ ਸੱਜਣ, ਹਰਿ ਵੱਡਾ ਵਡ ਵਡਿਆਈਆ । ਦੋ ਜਹਾਨ ਕਰਾਏ ਇਕੋ ਮਜਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕੋ ਸਰ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਨਿਰਗੁਣ ਨਿਰਾਕਾਰ ਆਏ ਸੱਦਣ, ਸਤਿ ਸਤਿਵਾਦੀ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਹੋਏ ਪਰਦੇ ਕੱਜਣ, ਸਮਰਥ ਪੁਰਖ ਬੇਪਰਵਾਹੀਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਜਣਾਈਆ । ਸਾਚੀ ਰੀਤ ਸ੍ਰੀ ਭਗਵਾਨ, ਸਤਿ ਸਤਿਵਾਦੀ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਆਣ, ਕਲਜੁਗ ਨਿਰਗੁਣ ਵੇਸ ਵਟਾਇੰਦਾ । ਲੇਖਾ ਜਾਣੇ ਸੀਤਾ ਰਾਮ, ਗੋਪੀ ਕਾਹਨ ਨਾਚ ਨਚਾਇੰਦਾ । ਪੀਰ ਪੈਗ਼ੰਬਰ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਪਰਗਟਾਇੰਦਾ । ਲੇਖਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਇੰਦਾ । ਸਾਚੀ ਰੀਤੀ ਸ੍ਰੀ ਭਗਵੰਤ, ਨਿਰਗੁਣ ਸਰਗੁਣ ਆਪ ਜਣਾਈਆ । ਜੁਗ ਚੌਕੜੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਹਰਿਜਨ ਮੇਲੇ ਸਾਚੇ ਸੰਤ, ਸੰਤ ਸੱਜਣ ਲਏ ਉਠਾਈਆ । ਬੋਧ ਅਗਾਧ ਸ਼ਬਦ ਜਣਾਏ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਨਾਤਾ ਜੋੜੇ ਨਾਰ ਕੰਤ, ਕੰਤ ਸੁਹਾਗ ਵਡੀ ਵਡਿਆਈਆ । ਸ਼ਬਦ ਜਣਾਏ ਮਣੀਆਂ ਮੰਤ, ਅੱਖਰ ਵੱਖਰ ਕਰ ਪੜ੍ਹਾਈਆ । ਆਪਣੇ ਹੱਥ ਲੇਖਾ ਰੱਖੇ ਅੰਤ, ਅੰਤ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਚਲਾਏ ਰਾਹ, ਰਹਿਬਰ ਆਪਣੀ ਦਇਆ ਕਮਾਇੰਦਾ । ਨਿਤ ਨਵਿਤ ਵੇਸ ਵਟਾ, ਵੇਸ ਅਵੱਲਾ ਆਪ ਜਣਾਇੰਦਾ । ਪੰਜ ਤਤ ਕਾਇਆ ਮਹੱਲਾ ਦਏ ਵਸਾ, ਜਿਸ ਗ੍ਰਿਹਿ ਆਪਣਾ ਆਸਣ ਲਾਇੰਦਾ । ਨਿਹਚਲ ਧਾਮ ਅਟੱਲਾ ਦਏ ਸੁਹਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਅਗਿਆਨ ਅੰਧੇਰਾ ਦਏ ਚੁਕਾ, ਦੀਆ ਬਾਤੀ ਇਕ ਜਗਾਇੰਦਾ । ਕਮਲਾਪਾਤੀ ਸਾਚਾ ਖੇਲ ਦਏ ਸਮਝਾ, ਸਾਚੀ ਸਿਖਿਆ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਕਰੇ ਕਰਤਾਰ, ਕਲਜੁਗ ਅੰਤਮ ਵੇਖ ਵਖਾਈਆ । ਲੇਖਾ ਜਾਣ ਗੁਰ ਅਵਤਾਰ, ਗੁਰ ਗੁਰ ਬੂਝ ਬੁਝਾਈਆ । ਨਾਨਕ ਗੋਬਿੰਦ ਸੁਣ ਪੁਕਾਰ, ਸਚਖੰਡ ਨਿਵਾਸੀ ਲਏ ਅੰਗੜਾਈਆ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਭਗਤ ਭਗਵਾਨ ਅੱਗੇ ਕਰਨ ਗਿਰਿਆਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਧਰਨੀ ਧਾਹਾਂ ਰਹੀ ਮਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਨੇਤਰ ਰੋਵੇ ਸੂਰਜ ਚੰਦ

ਸਿਤਾਰ, ਮੰਡਲ ਮੰਡਪ ਦਏ ਦੁਹਾਈਆ । ਚਾਰੋਂ ਕੁੰਟ ਰੈਣ ਅੰਧਿਆਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਕਲਜੁਗ ਕੂੜ ਹੋਇਆ ਪਰਧਾਨ, ਸਚ ਸੁੱਚ ਨਾ ਕੋਇ ਪੜ੍ਹਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਸਕੇ ਕੋਇ ਪਹਿਚਾਨ, ਨਿਜ਼ ਨੇਤਰ ਨਾ ਕੋਇ ਖੁਲ੍ਹਾਈਆ । ਬੱਤੀ ਦੰਦ ਬਣਿਆ ਗਾਣ, ਅਨਹਦ ਰਾਗ ਨਾ ਕੋਇ ਸੁਣਾਈਆ । ਅਠ ਸਠ ਤੀਰਥ ਫਿਰਨ ਅਵਾਣ, ਆਤਮ ਸਰੋਵਰ ਨਾਵਣ ਕੋਇ ਨਾ ਜਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੀਪਕ ਰਹੇ ਬਾਲ, ਘਰ ਮੰਦਰ ਨਿਰਗੁਣ ਜੋਤ ਕਰੇ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਆਸਾ ਤ੍ਰਿਸਨਾ ਬਣਿਆ ਪੀਣ ਖਾਣ, ਸਤਿ ਸੰਤੋਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਕਲਜੁਗ ਵੇਖੇ ਵੇਖਣਹਾਰਾ, ਬੇਅੰਤ ਫੇਰਾ ਪਾਇੰਦਾ । ਸ੍ਰਿਸ਼ਟ ਸਬਾਈ ਧੂੰਆਂਧਾਰਾ, ਨੂਰ ਨੁਰਾਨਾ ਚੰਦ ਨਾ ਕੋਇ ਚੜ੍ਹਾਇੰਦਾ । ਲੱਖ ਚੁਰਾਸੀ ਲਗਾ ਅਖਾੜਾ, ਜ਼ਾਤ ਪਾਤ ਨਾਚ ਨਚਾਇੰਦਾ । ਦੀਨ ਮਜ਼੍ਹਬ ਮੰਗਣ ਵਾੜਾ, ਪੁਰਖ ਅਬਿਨਾਸ਼ੀ ਦਿਸ ਕਿਸੇ ਨਾ ਆਇੰਦਾ । ਗ਼ਰੀਬ ਨਿਮਾਣੇ ਪਾਰਬ੍ਰਹਮ ਅੱਗੇ ਕੱਢਣ ਹਾੜਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤ੍ਰੈਗੁਣ ਮਾਇਆ ਲੱਗੀ ਤਤੀ ਹਾੜਾ, ਅਗਨੀ ਤਤ ਨਾ ਕੋਇ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਧਰਾਇੰਦਾ । ਸਾਚਾ ਵੇਸ ਕਰੇ ਭਗਵਾਨ, ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਵ ਨੌਂ ਆਪੇ ਖੋਜ ਖੋਜਾਈਆ । ਚਾਰ ਚਾਰ ਜਾਣੇ ਸਚ ਨਿਸ਼ਾਨ, ਪੰਚਮ ਪੰਚਮ ਪੰਚਮ ਪਰਦਾ ਲਾਹੀਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਕਲ ਵਰਤਾਈਆ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਆਦਿ ਜੁਗਾਦਿ ਨੌਜਵਾਨ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਜਗ, ਜਗਜੀਵਣ ਦਾਤਾ ਦਇਆ ਕਮਾਇੰਦਾ । ਕਲਜੁਗ ਮੇਟੇ ਲੱਗੀ ਅੱਗ, ਅਗਨੀ ਤਤ ਨਾ ਕੋਇ ਰਖਾਇੰਦਾ । ਸੰਤ ਸੁਹੇਲੇ ਸਾਚੇ ਸਦ, ਅੱਖਰ ਵੱਖਰ ਨਾਮ ਪੜ੍ਹਾਇੰਦਾ । ਦਰਸ ਕਰਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਕੂੜ ਕੁੜਿਆਰਾ ਪਾਰ ਹੱਦ, ਸਚ ਸੁੱਚ ਨਾਮ ਦ੍ਰਿੜਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣਾ ਬੰਧਨ ਪਾਇੰਦਾ । ਨਾਮ ਨਿਸ਼ਾਨਾ ਦੇਵੇ ਗੱਡ, ਸ੍ਰੀ ਭਗਵਾਨ ਆਪ ਝੁਲਾਇੰਦਾ । ਜਨ ਭਗਤਾਂ ਕਰੇ ਪੱਖ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਮਾਰਗ ਦੇਵੇ ਦੱਸ, ਸੋਹੰ ਅੱਖਰ ਇਕ ਸਮਝਾਇੰਦਾ । ਸਾਚਾ ਨਾਮ ਅੰਮ੍ਰਿਤ ਰਸ, ਰਸ ਰਸਨਾ ਸਰਬ ਮਿਟਾਇੰਦਾ । ਦਰਸ ਕਰਾਏ ਹੱਸ ਹੱਸ, ਅੰਦਰ ਬਾਹਰ ਗੁਪਤ ਜ਼ਾਹਰ ਖੋਜ ਖੋਜਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਮੱਸ, ਜਗਤ ਉਜਾਲਾ ਇਕ ਵਖਾਇੰਦਾ । ਸ੍ਰਿਸ਼ਟ ਸਬਾਈ ਦੇਵੇ ਧੀਰਜ ਜਤ, ਸਤਿ ਸੰਤੋਖ ਝੋਲੀ ਪਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਰੱਤ ਸੁਕਾਇੰਦਾ । ਆਤਮ ਪਰਮਾਤਮ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸਰਬ ਜੀਆਂ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਸਤਿਜੁਗ ਸਤਿ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣੇ ਤਤ ਅਠ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁਧ ਖੋਜ ਖੋਜਾਇੰਦਾ । ਨਿਰਗੁਣ ਰੂਪ ਹੋ ਪਰਗਟ, ਨੌਂ ਖੰਡ ਪ੍ਰਿਥਮੀ ਨੌਂ ਦਰ ਵੇਖ ਵਖਾਇੰਦਾ । ਸਤਿ ਸਤਿਵਾਦੀ ਸਤਿ

ਪੁਰਖ ਨਿਰੰਜਣ ਸਾਚਾ ਖੋਲ੍ਹੇ ਇਕੋ ਹੱਟ, ਬਜਰ ਕਪਾਟੀ ਕੁੰਡਾ ਲਾਹਿੰਦਾ । ਗੁਰਸਿਖਾਂ ਅੰਦਰ ਆਪੇ ਵਸ, ਆਪ ਆਪਣਾ ਭੇਵ ਚੁਕਾਇੰਦਾ । ਬਿਨ ਰਸਨਾ ਜਿਹਵਾ ਗਾਏ ਜਸ, ਨਾਦ ਅਨਾਦੀ ਧੁੰਨ ਸੁਣਾਇੰਦਾ । ਤੀਰ ਅਣਿਆਲਾ ਮਾਰੇ ਕਸ, ਮਨ ਕਾ ਮਣਕਾ ਆਪ ਭੁਆਇੰਦਾ । ਕਲਜੁਗ ਕੂੜੀ ਕਿਰਿਆ ਕਰੇ ਭੱਠ, ਭੱਠ ਖੇੜਾ ਆਪ ਵਖਾਇੰਦਾ । ਉਲਟੀ ਗੇੜਨਹਾਰਾ ਲੱਠ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਸਮਰਥ ਪੁਰਖ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਜਣਾਇੰਦਾ । ਸਾਚੀ ਰੀਤੀ ਸਤਿਜੁਗ ਧਾਰ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਹੰ ਬ੍ਰਹਮ ਕਰ ਪਿਆਰ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਪਾਰਬ੍ਰਹਮ ਬ੍ਰਹਮ ਦਏ ਆਧਾਰ, ਈਸ਼ ਜੀਵ ਕਰੇ ਕੁੜਮਾਈਆ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਨਰ ਨਿਰੰਕਾਰਾ ਵਸੇ ਸਭ ਤੋਂ ਬਾਹਰ, ਸਚਖੰਡ ਬੈਠਾ ਆਸਣ ਲਾਈਆ । ਤਤਵ ਤਤ ਕਰੇ ਵਿਹਾਰ, ਬਿਵਹਾਰੀ ਆਪਣੀ ਖੇਲ ਕਰਾਈਆ । ਭਗਤ ਭਗਵੰਤ ਕਰ ਪਿਆਰ, ਦਰ ਘਰ ਮੇਲਾ ਲਏ ਮਿਲਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸੱਜਣ ਸੁਹੇਲਾ ਏਕੰਕਾਰ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਆਣ ਕਲਜੁਗ ਭੇਖ ਪਖੰਡਾ ਕਰੇ ਖ਼ੁਵਾਰ, ਆਤਮ ਰੰਡੀ ਰਹਿਣ ਨਾ ਪਾਈਆ । ਸਚ ਸੁਗੰਧੀ ਆਵੇ ਵਿਚ ਸੰਸਾਰ, ਨਵ ਨੌਂ ਚਾਰ ਦਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਤ ਆਪਣੀ ਆਪਣੇ ਹੱਥ ਰਖਾਈਆ । ਜੁਗਤ ਆਪਣੀ ਹੱਥ ਸਮਰਥ, ਦੂਜਾ ਘਟ ਨਾ ਕੋਇ ਰਖਾਇੰਦਾ । ਕਲਜੁਗ ਅੰਤ ਹੋ ਪਰਗਟ, ਨਿਹਕਲੰਕਾ ਨਾਉਂ ਰਖਾਇੰਦਾ । ਚੌਦਾਂ ਲੋਕਾਂ ਪਾਏ ਨੱਥ, ਚੌਦਾਂ ਤਬਕਾਂ ਡੇਰਾ ਢਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਘਰ ਲਏ ਸੱਦ, ਦੀਨ ਮਜ਼੍ਹਬ ਨਾ ਕੋਇ ਵਖਾਇੰਦਾ । ਜ਼ਾਤ ਪਾਤ ਜਾਏ ਲਦ, ਸਭ ਦੇ ਸਿਰ ਤੇ ਭਾਰ ਚੁਕਾਇੰਦਾ । ਕਲਜੁਗ ਪਾਰ ਕਿਨਾਰ ਹੋਵੇ ਹੱਦ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਤਿਜੁਗ ਸੱਚਾ ਧਰਤ ਮਾਤ ਦੀ ਗੋਦੀ ਬਹੇ ਸਜ, ਹਰਿ ਸੱਜਣ ਆਪ ਬਹਾਇੰਦਾ । ਦੋ ਜਹਾਨਾਂ ਏਕਾ ਡੰਕਾ ਜਾਏ ਵੱਜ, ਨਰ ਨਿਰੰਕਾਰਾ ਆਪ ਵਜਾਇੰਦਾ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਜਨ ਭਗਤਾਂ ਪਰਦਾ ਦੇਵੇ ਕਜ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਜੋ ਘੜਿਆ ਸੋ ਰਿਹਾ ਭੱਜ, ਘੜਨ ਭੰਨਣਹਾਰ ਆਪਣਾ ਖੇਲ ਆਪ ਵਖਾਇੰਦਾ । ਪੰਜ ਤਤ ਕਾਇਆ ਚੋਲਾ ਸਭ ਦਾ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇੰਦਾ । ਮਨ ਵਾਸਨਾ ਰਿਹਾ ਨੱਚ, ਮਤ ਮਤਵਾਲੀ ਸੰਗ ਰਖਾਇੰਦਾ । ਸਤਿਗੁਰ ਕਾ ਸ਼ਬਦ ਨਾ ਜਾਣੇ ਸੱਚ, ਕੂੜੀ ਕਿਰਿਆ ਮੋਹ ਵਧਾਇੰਦਾ । ਅੰਤਮ ਕਲਜੁਗ ਮਾਇਆ ਜਾਏ ਮੱਚ, ਪੰਜ ਤਤ ਹੱਡੀਆਂ ਬਾਲਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਜੁਗ ਚੌਕੜੀ ਸਾਚਾ ਰਾਣਾ, ਹੁਕਮੀ ਹੁਕਮ ਆਪ ਜਣਾਈਆ । ਕਲਜੁਗ ਦੇਵੇ ਧੁਰ ਫ਼ਰਮਾਨਾ, ਸਚ ਸੰਦੇਸਾ ਰਿਹਾ ਸੁਣਾਈਆ । ਨੌਂ ਖੰਡ ਪ੍ਰਿਥਮੀ ਹੋਏ ਵੈਰਾਨਾ, ਧੀਰਜ ਧੀਰ ਨਾ ਕੋਇ ਧਰਾਈਆ । ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਭੁੱਲਿਆ ਗਾਣਾ, ਰਸਨਾ ਜਿਹਵਾ ਰਹੀ ਕੁਰਲਾਈਆ । ਸਤਿ ਸਤਿ ਨਾ ਮਿਲਿਆ ਪੀਣਾ ਖਾਣਾ, ਤ੍ਰਿਸਨਾ ਭੁੱਖ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੀਤੀ ਆਪਣੀ ਇਕ ਰਖਾਈਆ । ਸਾਚੀ ਰੀਤੀ ਸ੍ਰੀ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਅੰਤ ਚਲਾਇੰਦਾ । ਲੇਖਾ ਜਾਣੇ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨ, ਪੰਚਮ ਝੋਲੀ ਆਪ ਭਰਾਇੰਦਾ । ਲੱਖ ਚੁਰਾਸੀ ਖੇਲ ਮਹਾਨ, ਜੇਰਜ ਅੰਡਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਖਾਣੀ ਕਰ ਪਰਧਾਨ, ਚਾਰੇ ਬਾਣੀ ਰੰਗ ਰੰਗਾਇੰਦਾ । ਪਰਾ ਪਸੰਤੀ ਮਧਮ ਬੈਖਰੀ ਬੋਲ ਜ਼ਬਾਨ, ਜ਼ਿਮੀਂ ਅਸਮਾਨ ਖੋਜ ਖੋਜਾਇੰਦਾ । ਦੀਨ ਮਜ਼੍ਹਬ ਰੱਖ ਈਮਾਨ, ਅਮਨ ਆਪਣਾ ਇਕ ਸਮਝਾਇੰਦਾ । ਵੇਦ ਸ਼ਾਸਤਰ ਸਿਮਰਤ ਮੇਲ ਪੁਰਾਨ, ਪੁਰਾਨ ਪੁਰਾਨੀ ਆਪ ਵਖਾਇੰਦਾ । ਦਸ ਅਠ ਭੇਵ ਮਹਾਨ, ਅਠ ਦਸ ਗੀਤਾ ਗਿਆਨ ਦ੍ਰਿੜਾਇੰਦਾ । ਈਸਾ ਮੂਸਾ ਸੰਗ ਮੁਹੰਮਦ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਤੀਸ ਬਤੀਸਾ ਏਕਾ ਗਾਣ, ਅੰਜੀਲ ਕੁਰਾਨਾ ਵੰਡ ਵੰਡਾਇੰਦਾ । ਮੁਕਾਮੇ ਹੱਕ ਨੌਜਵਾਨ, ਲਾਸ਼ਰੀਕ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਸ਼ਬਦ ਅਗੰਮੀ ਇਕ ਧੁੰਨਕਾਨ, ਨਿਰਗੁਣ ਸਰਗੁਣ ਆਪ ਵਜਾਇੰਦਾ । ਸਚ ਸੰਦੇਸਾ ਦੇਵੇ ਏਕਾ ਕਾਨ, ਬਿਨ ਕੰਨਾਂ ਆਪ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਏ ਮਹਾਬਲੀ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਨਿਹਕਲੰਕ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਤਿਜੁਗ ਮਾਰਗ ਲਾਵੇ ਆਣ, ਕਲਜੁਗ ਕੂੜੀ ਕਿਰਿਆ ਮੇਟ ਮਿਟਾਇੰਦਾ । ਸ਼ਬਦ ਅਗੰਮੀ ਗਾਏ ਗਾਣ, ਸੋਹੰ ਢੋਲਾ ਆਪ ਸੁਣਾਇੰਦਾ । ਬਣੇ ਵਿਚੋਲਾ ਸ੍ਰੀ ਭਗਵਾਨ, ਆਤਮ ਪਰਮਾਤਮ ਜੋੜ ਜੁੜਾਇੰਦਾ । ਭਾਗ ਲਗਾਏ ਕਾਇਆ ਸਚ ਮਕਾਨ, ਹਰਿ ਮੰਦਰ ਇਕੋ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਰੀਤੀ ਆਪ ਚਲਾਇੰਦਾ । ਕਲਜੁਗ ਚਲੇ ਸਾਚੀ ਰੀਤ, ਸਤਿਜੁਗ ਸਾਚੇ ਮਾਣ ਦਿਵਾਈਆ । ਅੰਤਮ ਲਹਿਣਾ ਦੇਣਾ ਚੁੱਕੇ ਮੰਦਰ ਮਸੀਤ, ਮੁੱਲਾਂ ਸ਼ੇਖ਼ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਸੋਵੇ ਦੇ ਕਰ ਪੀਠ, ਆਪਣੀ ਕਰਵਟ ਨਾ ਲਏ ਬਦਲਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਸੁਣਾਏ ਇਕੋ ਗੀਤ, ਸਾਚਾ ਢੋਲਾ ਏਕਾ ਗਾਈਆ । ਆਤਮ ਪਰਮਾਤਮ ਕਰੇ ਪ੍ਰੀਤ, ਪਰਮ ਪੁਰਖ ਹੁਕਮ ਮਨਾਈਆ । ਲੇਖਾ ਚੁਕੇ ਹਸਤ ਕੀਟ, ਊਚ ਨੀਚ ਨਾ ਕੋਇ ਜਣਾਈਆ । ਸਰਬ ਜੀਆਂ ਦਾ ਇਕੋ ਗੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਈਆ । ਸਾਚਾ ਰਾਹ ਲੱਗੇ ਮਾਤ, ਲੱਗ ਮਾਤਰ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਬੰਧੇ ਨਾਤ, ਨਾਤਾ ਕੋਇ ਨਾ ਤੋੜ ਤੁੜਾਇੰਦਾ । ਲਹਿਣਾ ਦੇਣਾ ਚੁਕੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਬਣਾਏ ਏਕਾ ਘਾਟ, ਪੱਤਣ ਇਕੋ ਨਜ਼ਰੀ ਆਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਲਹਿਣਾ ਦੇਣਾ ਮੇਟ ਕਲਜੁਗ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਪਾਰਬ੍ਰਹਮ ਪ੍ਰਭ ਇਕੋ ਪੂਜਾ ਪਾਠ, ਮੰਤਰ ਆਪਣਾ ਨਾਮ ਵਡਿਆਇੰਦਾ । ਸਤਿ ਸਤਿਵਾਦੀ ਖੋਲ੍ਹੇ ਹਾਟ, ਬਣ ਵਣਜਾਰਾ ਸੇਵ ਕਮਾਇੰਦਾ । ਭਗਤ ਭਗਵੰਤ ਹੋਵੇ ਦਾਸ, ਦਾਸੀ ਆਪਣਾ ਰੂਪ ਵਟਾਇੰਦਾ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੋਜਾਇੰਦਾ । ਗੁਰਮੁਖ ਅੰਦਰ ਕਰ ਕਰ ਵਾਸ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਮਲ ਜੋਤ ਕਰ ਪਰਕਾਸ਼ ਆਪਣਾ ਨਿਰਗੁਣ ਲੇਖਾ ਜਾਣ ਪਵਣ ਸਵਾਸ, ਪਵਣ ਪਵਣੀ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਚਲਾਏ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਇਣ, ਸਯਦਾ ਇਕੋ ਇਕ ਕਰਾਈਆ । ਨਾਤਾ ਤੁਟੇ ਅੰਜੀਲ ਕੁਰਾਨ, ਸ਼ਰੀਅਤ ਵੰਡ

ਨਾ ਕੋਇ ਵੰਡਾਈਆ । ਸੋਹੰ ਢੋਲਾ ਸਾਰੇ ਗਾਣ, ਗਾ ਗਾ ਆਪਣਾ ਸ਼ੁਕਰ ਮਨਾਈਆ । ਨਜ਼ਰੀ ਆਏ ਇਕੋ ਰਾਮ, ਘਟ ਘਟ ਰਮਿਆ ਸਰਬ ਠਾਈਆ । ਦਰਸ ਦਿਖਾਏ ਸੱਚਾ ਕਾਹਨ, ਨਾਮ ਬੰਸਰੀ ਇਕ ਵਜਾਈਆ । ਈਸਾ ਮੂਸਾ ਸਚ ਪੈਗ਼ਾਮ ਦੇਵੇ ਆਣ, ਨਬੀ ਰਸੂਲ ਕਰੇ ਪੜ੍ਹਾਈਆ । ਮੁਹੰਮਦ ਦੱਸੇ ਇਕ ਈਮਾਨ, ਏਕਾ ਘਰ ਵੱਜੇ ਵਧਾਈਆ । ਨਾਨਕ ਗੋਬਿੰਦ ਸ਼ੁਕਰ ਮਨਾਣ, ਸੰਸਾ ਕੋਇ ਰਹਿਣ ਨਾ ਪਾਈਆ । ਸਰਬ ਜੀਆਂ ਦਾ ਇਕ ਭਗਵਾਨ, ਇਕ ਇਕੱਲਾ ਸਾਚਾ ਮਾਹੀਆ । ਸਤਿਜੁਗ ਸਾਚਾ ਮਾਰਗ ਦੱਸੇ ਆਣ, ਨਿਹਕਲੰਕ ਵਡੀ ਵਡਿਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਚਰਨੀ ਡਿਗਣ ਆਣ, ਸੀਸ ਤਾਜ ਨਾ ਕੋਇ ਰਖਾਈਆ । ਚਰਨ ਧੂੜੀ ਮੰਗਣ ਦਾਨ, ਮਸਤਕ ਟਿੱਕਾ ਇਕੋ ਲਾਈਆ । ਬਾਲੀ ਬੁਧ ਬਣ ਅੰਞਾਣ, ਸਾਚੀ ਸੁਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਰੀਤੀ ਆਪ ਚਲਾਈਆ । ਸਾਚੀ ਰੀਤੀ ਸਚ ਸੁਲਤਾਨ, ਸਚਖੰਡ ਨਿਵਾਸੀ ਆਪ ਚਲਾਇੰਦਾ । ਥਿਰ ਘਰ ਵਸੇ ਨੌਜਵਾਨ, ਨੌਬਤ ਆਪਣੇ ਨਾਮ ਸੁਣਾਇੰਦਾ । ਸੁੰਨ ਅਗੰਮੀ ਖੇਲ ਮਹਾਨ, ਧੂੰਆਂਧਾਰ ਪਰਦਾ ਲਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਬਾਲ ਅਞਾਣ, ਫੜ ਬਾਂਹੋਂ ਆਪ ਉਠਾਇੰਦਾ । ਕਰੋੜ ਤੇਤੀਸਾ ਦੇਵੇ ਗਿਆਨ, ਸੁਰਪਤ ਇੰਦ ਆਪ ਪੜ੍ਹਾਇੰਦਾ । ਤ੍ਰੈਗੁਣ ਮਾਇਆ ਤੋੜੇ ਮਾਣ, ਪੰਜ ਤਤ ਅਭਿਮਾਨ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਗੁਰਮੁਖ ਸੱਜਣ ਆਪ ਜਗਾਇੰਦਾ । ਗੁਰਸਿਖਾਂ ਦੇਵੇ ਇਕ ਧਿਆਨ, ਚਰਨ ਕਵਲ ਸਮਝਾਇੰਦਾ । ਸੰਤ ਕੰਤ ਮਿਲੇ ਆਣ, ਸੇਜ ਸੁਹੰਜਣੀ ਸੋਭਾ ਪਾਇੰਦਾ । ਭਗਤ ਭਗਵੰਤ ਹੋ ਪਰਧਾਨ, ਸਚ ਪਰਵਾਨਾ ਹੱਥ ਫੜਾਇੰਦਾ । ਸੋਹੰ ਢੋਲਾ ਸਾਰੇ ਗਾਣ, ਗਾਵਣਹਾਰ ਆਪ ਜਣਾਇੰਦਾ । ਪਤਿਤ ਪੁਨੀਤ ਸਰਬ ਹੋ ਜਾਣ, ਪਾਪੀ ਰੂਪ ਨਾ ਕੋਇ ਵਟਾਇੰਦਾ । ਜੂਠ ਝੂਠ ਮਿਟੇ ਨਿਸ਼ਾਨ, ਸਚ ਸੁੱਚ ਆਪ ਜਣਾਇੰਦਾ । ਆਤਮ ਪਰਮਾਤਮ ਮਿਲੇ ਆਣ, ਦੂਈ ਦਵੈਤੀ ਪੰਧ ਮੁਕਾਇੰਦਾ । ਸਤਿ ਸਤਿਵਾਦੀ ਸਤਿ ਝੁਲਾਏ ਨਿਸ਼ਾਨ, ਦੋ ਜਹਾਨਾਂ ਆਪ ਉਠਾਇੰਦਾ । ਤੇਈ ਅਵਤਾਰ ਕਰਨ ਧਿਆਨ, ਨਿਉਂ ਨਿਉਂ ਚਰਨ ਧਿਆਨ ਲਗਾਇੰਦਾ । ਭਗਤ ਅਠਾਰਾਂ ਬਿਨ ਰਸਨਾ ਜਿਹਵਾ ਗਾਣ, ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਨਾਨਕ ਗੋਬਿੰਦ ਖੇਲ ਮਹਾਨ, ਹਰਿ ਖ਼ਾਲਕ ਖ਼ਲਕ ਰੂਪ ਵੇਖ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਸਤਿਜੁਗ ਸਾਚੀ ਸਭ ਨੂੰ ਮੰਨਣੀ ਪਏ ਆਣ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਰੀਤੀ ਆਪਣੇ ਹੱਥ ਚਲਾਇੰਦਾ । ਜੁਗ ਰੀਤੀ ਹੱਥ ਕਰੇ ਕਰਤਾਰ, ਕੁਦਰਤ ਕਾਦਰ ਖੇਲ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਉਤਰੇ ਪਾਰ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜ਼ਿਮੀਂ ਅਸਮਾਨ ਹਾਹਾਕਾਰ, ਮੰਡਲ ਮੰਡਪ ਦੇਣ ਦੁਹਾਈਆ । ਰਵ ਸਸ ਕਰਨ ਪੁਕਾਰ ਨੇਤਰ ਰੋਵਣ ਜ਼ਾਰੋ ਜ਼ਾਰ, ਅਗਨੀ ਤਤ ਤਤ ਜਲਾਈਆ । ਵਿਸ਼ਨੂੰ ਖਾਲੀ ਦਿਸੇ ਭੰਡਾਰ, ਬ੍ਰਹਮੇ ਬ੍ਰਹਮ ਨਾ ਕੋਇ ਪਿਆਰ, ਸ਼ੰਕਰ ਤ੍ਰਿਸੂਲ ਰਿਹਾ ਸੁਟਾਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਸੇਵਾ ਕਰਦੇ ਰਹੇ ਜੁਗ ਚੌਕੜੀ ਚਾਰ, ਚਾਰ ਚਾਰ ਰੰਗ ਰੰਗਾਈਆ । ਅੰਤਮ ਸਾਰੇ ਗਏ ਹਾਰ, ਬਲਹੀਣ ਦੇਣ ਦੁਹਾਈਆ । ਸਾਡੀ ਸਾਹਿਬ ਸੁਣ ਪੁਕਾਰ, ਨਿਉਂ ਨਿਉਂ ਸੀਸ ਝੁਕਾਈਆ । ਆਈ ਅੰਤਮ ਤੇਰੀ ਵਾਰ, ਤੁਧ ਬਿਨ ਅਵਰ ਨਾ ਕੋਇ ਸਹਾਰ, ਜਿਉਂ ਭਾਵੇ ਤਿਉਂ ਲੈਣਾ ਤਾਰ, ਸਮਰਥ ਪੁਰਖ ਤੇਰੀ ਵਡਿਆਈਆ । ਤੇਰਾ ਦਰ ਠਾਂਡਾ ਦਰਬਾਰ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਸੌਣਾ ਸਾਚਾ ਘਰ ਘਰ ਮੰਦਰ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਲਜੁਗ ਖੇਲ ਕਰੇ ਨਿਆਰਾ, ਨਿਰਾਕਾਰਾ ਵੇਸ ਵਟਾਇੰਦਾ । ਤ੍ਰੈਗੁਣ ਸਦਾ ਵਸੇ ਬਾਹਰਾ, ਤ੍ਰੈਭਵਣ ਧਨੀ ਆਪਣਾ ਭੇਵ ਜਣਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲੇਖਾ ਲਿਖ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਸੁਣੇ ਪੁਕਾਰਾ, ਸਚਖੰਡ ਵਾਸੀ ਦਇਆ ਕਮਾਇੰਦਾ । ਭਗਤ ਭਗਵੰਤ ਦਏ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਟ ਘਟ ਅੰਦਰ ਖੋਜ ਖੋਜਾਇੰਦਾ । ਨਿਰਗੁਣ ਨਿਰਗੁਣ ਲੈ ਅਵਤਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਚੰਡ ਪਰਚੰਡਾ ਆਪ ਚਮਕਾਇੰਦਾ । ਦੋ ਜਹਾਨਾਂ ਕਰੇ ਖ਼ੁਵਾਰਾ, ਕਲਜੁਗ ਖ਼ੁਵਾਰੀ ਮੇਟ ਮਿਟਾਇੰਦਾ । ਤਿਖਾ ਰੱਖੇ ਇਕੋ ਆਰਾ, ਦੋ ਜਹਾਨਾਂ ਚੀਰ ਪੁਵਾਇੰਦਾ । ਲਹਿਣਾ ਦੇਣਾ ਜਾਣੇ ਚੰਗਾ ਮਾੜਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਕੂੜੀ ਕਿਰਿਆ ਲੱਗਾ ਅਖਾੜਾ, ਧੀਆਂ ਭੈਣਾਂ ਨਾਚ ਨਚਾਇੰਦਾ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਜਿਸ ਦੀਆਂ ਗੌਂਦੇ ਆਏ ਵਾਰਾਂ, ਚਾਰ ਯੁਗ ਸਿਫ਼ਤੀ ਸਿਫ਼ਤ ਸਾਲਾਹਿੰਦਾ । ਖਾਣੀ ਬਾਣੀ ਅੰਜੀਲ ਕੁਰਾਨੀ ਅੱਖਰ ਅੱਖਰ ਜਿਸ ਦਾ ਮਿਲਿਆ ਸਹਾਰਾ, ਵੱਖਰ ਵੱਖਰ ਰੂਪ ਵਟਾਇੰਦਾ । ਮਹਾਬਲੀ ਉਤਰੇ ਆਪਣੀ ਧਾਰਾ, ਧਾਰ ਧਾਰ ਵਿਚੋਂ ਪਰਗਟਾਇੰਦਾ । ਸਾਚਾ ਮਾਰਗ ਲਾਏ ਵਿਚ ਸੰਸਾਰਾ, ਸੰਸਾ ਰੋਗ ਸਰਬ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸੋਹੰ ਸ਼ਬਦ ਕਰਨ ਜੈ ਜੈਕਾਰਾ, ਜੈ ਜੈਕਾਰ ਸਰਬ ਅਲਾਇੰਦਾ । ਤੇਰੀ ਕੁਦਰਤ ਤੇਰਾ ਖੇਲ ਨਿਆਰਾ, ਕਾਦਰ ਕਰੀਮ ਰਹੀਮ ਰਹਿਮਤ ਰਹਿਮਾਨ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਮਾਰਗ ਆਪੇ ਲਾਇੰਦਾ । ਸਤਿਜੁਗ ਸਾਚਾ ਮਾਰਗ ਲਾ, ਸਤਿ ਸਤਿਵਾਦੀ ਦਇਆ ਕਮਾਈਆ । ਨਿਰਗੁਣ ਸਰਗੁਣ ਬਣੇ ਮਲਾਹ, ਸਾਚਾ ਬੇੜਾ ਆਪ ਚਲਾਈਆ । ਏਕਾ ਨਾਉਂ ਦਏ ਪੜ੍ਹਾ, ਨਵ ਖੰਡ ਵੱਜੇ ਵਧਾਈਆ । ਏਕਾ ਮੰਦਰ ਦਏ ਵਖਾ, ਗੁਰ ਇਸ਼ਟ ਦੇਵ ਮਨਾਈਆ । ਸ੍ਰਿਸ਼ਟ ਸਬਾਈ ਭਾਂਡਾ ਭਰਮ ਦਏ ਭੰਨਾ, ਭੌ ਆਪਣਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਨੇਯੋਗ, ਹਰਿ ਸਤਿਗੁਰ ਖੇਲ ਕਰਾਇੰਦਾ । ਏਕਾ ਮੇਲੇ ਧੁਰ ਸੰਜੋਗ, ਬਣ ਸੰਜੋਗੀ ਵੇਸ ਵਟਾਇੰਦਾ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕ ਪਰਦਾ ਲਾਹਿੰਦਾ । ਦੋ ਜਹਾਨ ਸੁਣਾਏ ਇਕ ਸਲੋਕ, ਸੋਹੰ ਢੋਲਾ ਆਪੇ ਗਾਇੰਦਾ । ਆਤਮ ਪਰਮਾਤਮ ਦੇਵੇ ਮੋਖ, ਮੁਕਤੀ ਚਰਨਾਂ ਹੇਠ ਦਬਾਇੰਦਾ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਕਾਇਆ ਵੇਖੇ ਕਿਲਾ ਕੋਟ, ਗੁਰਮੁਖ ਬੰਕ ਇਕ ਵਡਿਆਇੰਦਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਸਤਿ ਪੁਰਖ ਨਿਰੰਜਣ ਦੱਸੇ ਸਾਚੀ ਓਟ, ਪੁਰਖ ਅਕਾਲ ਇਸ਼ਟ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਆਪੇ ਲਾਇੰਦਾ । ਸਤਿਜੁਗ ਮਾਰਗ ਲਾਏ ਭਗਵਾਨ, ਸ੍ਰੀ ਭਗਵਾਨ ਆਪਣੀ ਦਇਆ ਕਮਾਈਆ । ਸਤਿ ਸਤਿਵਾਦੀ ਝੁਲਾਏ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਸ਼ਹਿਨਸ਼ਾਹੀਆ । ਗੁਰਮੁਖ ਗੁਰਸਿਖ ਗੁਰ ਗੁਰ ਦੇਵੇ ਗਿਆਨ, ਅੰਤਰ ਮੰਤਰ ਕਰ ਪੜ੍ਹਾਈਆ । ਸੰਤ ਸੱਜਣ ਕਰਾਏ ਚਤੁਰ ਸੁਜਾਨ, ਮੂਰਖ

੧੦੭੧ ੧੨

ਮੂੜ੍ਹੇ ਧੰਦੇ ਲਾਈਆ । ਭਗਤ ਭਗਵੰਤ ਮਿਲੇ ਆਣ, ਘਰ ਸਾਚੇ ਵੱਜੇ ਵਧਾਈਆ । ਨਾਤਾ ਤੁਟੇ ਜੀਵ ਜਹਾਨ, ਜੀਵਣ ਜੁਗਤ ਦਏ ਜਣਾਈਆ । ਦਿਵਸ ਰੈਣ ਏਕੋ ਗਾਣ, ਅੱਠੇ ਪਹਿਰ ਨਾਦ ਧੁੰਨ ਸ਼ਨਵਾਈਆ । ਅੰਮ੍ਰਿਤ ਆਤਮ ਪੀਣ ਖਾਣ, ਅੰਮਿਉਂ ਰਸ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਲਗਾਈਆ । ਸਾਚਾ ਮਾਰਗ ਸਤਿਜੁਗ, ਜੁਗ ਕਰਤਾ ਆਪ ਲਗਾਇੰਦਾ । ਕਲਜੁਗ ਔਧ ਗਈ ਪੁੱਗ, ਵੇਲਾ ਅੰਤਮ ਨੇੜੇ ਆਇੰਦਾ । ਪਾਰਬ੍ਰਹਮ ਨਿਰਗੁਣ ਰੂਪ ਸਰਗੁਣ ਅੰਦਰ ਜੋ ਬੈਠਾ ਛੁਪ, ਪਰਗਟ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦਿ ਰਿਹਾ ਚੁੱਪ, ਗੁਰ ਅਵਤਾਰ ਸੇਵ ਲਗਾਇੰਦਾ । ਕਲਜੁਗ ਅੰਤਮ ਜਾਏ ਉਠ, ਦੀਨਨ ਆਪਣੀ ਦਇਆ ਕਮਾਇੰਦਾ । ਨਿਰਮਲ ਨੂਰ ਜੋਤ ਪਰਕਾਸ਼, ਪਰਕਾਸ਼ ਜੋਤ ਆਪ ਵਖਾਇੰਦਾ । ਖੇਲੇ ਖੇਲ ਖੇਲ ਤਮਾਸ਼, ਦੋ ਜਹਾਨਾਂ ਵੇਖ ਵਖਾਇੰਦਾ । ਜਨ ਭਗਤਾਂ ਪਤ ਲਏ ਰਾਖ, ਰੱਖਕ ਆਪਣੀ ਦਇਆ ਕਮਾਇੰਦਾ । ਬੋਧ ਅਗਾਧੀ ਸ਼ਬਦ ਅਗੰਮੀ ਰਿਹਾ ਭਾਖ, ਭਾਖਿਆ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਰੀਤੀ ਆਪ ਜਣਾਇੰਦਾ । ਜੁਗ ਰੀਤੀ ਪਾਰਬ੍ਰਹਮ, ਬ੍ਰਹਮ ਆਪਣਾ ਰੂਪ ਵਖਾਈਆ । ਸਤਿਜੁਗ ਜਣਾਏ ਸਾਚਾ ਧਰਮ, ਧਰਮੀ ਧਰਮ ਵੰਡ ਵੰਡਾਈਆ । ਲੱਖ ਚੁਰਾਸੀ ਜਾਣੇ ਕਰਮ, ਨਿਹਕਰਮੀ ਫੇਰਾ ਪਾਈਆ । ਨਾਤਾ ਤੁੱਟੇ ਬਰਨ ਵਰਨ, ਵਰਨ ਗੋਤ ਨਾ ਕੋਇ ਵਡਿਆਈਆ । ਸਚ ਦਵਾਰਾ ਸਤਿਗੁਰ ਚਰਨ, ਦੂਜੀ ਮਿਲੇ ਨਾ ਕੋਇ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਕੋਲੋਂ ਸਾਰੇ ਡਰਨ, ਦਰ ਬੈਠੇ ਸੀਸ ਝੁਕਾਈਆ । ਸੋਹੰ ਢੋਲਾ ਜਗਤ ਵਿਚੋਲਾ ਨਿਸ਼ਅੱਖਰ ਵੱਖਰ ਸਾਰੇ ਪੜ੍ਹਣ, ਪੜ੍ਹ ਪੜ੍ਹ ਰਹੇ ਸੁਣਾਈਆ । ਕਰਤਾ ਪੁਰਖ ਕਰਨੀ ਕਰਨ, ਜੁਗ ਜੁਗ ਕੀਮਤ ਆਪੇ ਪਾਈਆ । ਆਦਿ ਜੁਗਾਦੀ ਆਏ ਤਰਨੀ ਤਰਨ, ਤਾਰਨਹਾਰਾ ਇਕ ਰਘੁਰਾਈਆ । ਲੱਖ ਚੁਰਾਸੀ ਘਾੜਨ ਘੜਨ, ਘੜ ਘੜ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਉਪਾਈਆ । ਸਾਚਾ ਮਾਰਗ ਆਦਿ ਅੰਤ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਨਿਰਗੁਣ ਸਰਗੁਣ ਬਣਾਏ ਬਣਤ, ਕਰ ਕਿਰਪਾ ਖੇਲ ਕਰਾਇੰਦਾ । ਅੰਤਰ ਆਤਮ ਇਕੋ ਮੰਤ, ਅੰਤਰ ਅੰਤਰ ਆਪ ਦ੍ਰਿੜਾਇੰਦਾ । ਹਰਿਜਨ ਵਿਰਲਾ ਜਾਣੇ ਸੰਤ, ਜਿਸ ਸਤਿਗੁਰ ਬੂਝ ਬੁਝਾਇੰਦਾ । ਭੇਵ ਨਾ ਪਾਏ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਭਰਮੇ ਭੁੱਲੇ ਜੀਵ ਜੰਤ, ਜਾਗਰਤ ਜੋਤ ਨਾ ਕੋਇ ਜਗਾਇੰਦਾ । ਗੁਰਮੁਖ ਵਿਰਲੇ ਮੇਲਾ ਨਾਰ ਕੰਤ, ਹਰਿ ਕੰਤ ਸੇਜ ਸੁਹੰਜਣੀ ਆਪ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਚੜ੍ਹਿਆ ਰੰਗ ਉਤਰ ਨਾ ਜਾਇੰਦਾ । ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਨਾਤਾ ਤੁਟੇ ਦੋਜ਼ਖ਼ ਜੰਨਤ, ਬਹਿਸ਼ਤ ਸਵਰਗ ਆਸ ਨਾ ਕੋਇ ਕਰਾਇੰਦਾ । ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕੁਰਾ ਖੋਜ ਖੋਜਾਇੰਦਾ । ਜਿਸ ਜਨ ਦੇਵੇ ਆਪਣਾ ਦਰਸ, ਹਰਿ ਦਰਸੀ ਮੇਲ ਮਿਲਾਇੰਦਾ । ਏਥੇ ਓਥੇ ਕਰੇ ਤਰਸ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਮਿਲਾਏ ਫੇਰ ਨਾ ਆਏ ਪਰਤ, ਮਾਤ ਗਰਭ ਨਾ ਫੇਰਾ ਪਾਇੰਦਾ । ਸਾਚੇ ਭਗਤਾਂ ਅੰਮ੍ਰਿਤ ਮੇਘ ਦੇਵੇ ਬਰਸ, ਮੇਘ ਮੇਘ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਡਿਆਈ ਧਰਨੀ ਧਰਤ, ਧਵਲ ਆਪਣੇ ਰੰਗ ਰੰਗਾਇੰਦਾ ।


੧੦੭੨ ੧੨

## ✳ ੧੫ ਅੱਸੂ ੨੦੧੯ ਬਿਕ੍ਰਮੀ ਮਹਿੰਗਾ ਸਿੰਘ ਦੇ ਗ੍ਰਿਹ ਪਿੰਡ ਪਬਮ ✳

ਹਰਿ ਡੰਕਾ ਨਾਮ ਮਰਦੰਗ, ਮਰਦ ਮਰਦਾਨਾ ਆਪ ਵਜਾਇੰਦਾ । ਸ਼ਹਿਨਸ਼ਾਹ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਸਾਚੇ ਅਸਵ ਕਸ ਤੰਗ, ਸਚ ਸਿੰਘਾਸਣ ਸੋਭਾ ਪਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋ ਆਪੇ ਲੰਘ, ਲੋਕ ਪਰਲੋਕ ਖੋਜ ਖੋਜਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤਨ ਰੱਖੇ ਸਦਾ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗਏ ਲੰਘ, ਕਲਜੁਗ ਅੰਤਮ ਵੇਲਾ ਆਇੰਦਾ । ਸ੍ਰਿਸ਼ਟ ਸਬਾਈ ਦਿਸੇ ਭੇਖ ਪਖੰਡ, ਪਰਮ ਪੁਰਖ ਨਾ ਕੋਇ ਮਨਾਇੰਦਾ । ਆਤਮ ਅੰਤਰ ਨਾ ਕੋਇ ਅਨੰਦ, ਰਸਨਾ ਜਿਹਵਾ ਸਰਬ ਹਲਕਾਇੰਦਾ । ਜਗਤ ਵਿਕਾਰਾ ਵੇਖੇ ਤੇਜ ਚੰਡ ਪਰਚੰਡ, ਸਤਿ ਖੰਡ ਖੰਡ ਖੰਡ ਕਰਾਇੰਦਾ । ਬਿਨ ਪਰਮਾਤਮ ਆਤਮ ਹੋਈ ਰੰਡ, ਨਰ ਹਰਿ ਕੰਤ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਜ਼ਿਮੀਂ ਅਸਮਾਨ, ਜ਼ੱਰਾ ਜ਼ੱਰਾ ਆਪ ਜਣਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਧਾਰ ਵੇਖ ਵਖਾਈਆ । ਪਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਸਚ ਮਾਰਗ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਸਾਚੀ ਕਰਨੀ ਸਚ ਘਰ, ਹਰਿ ਸਾਚਾ ਸਚ ਜਣਾਇੰਦਾ । ਆਦਿ ਜੁਗਾਦੀ ਦੇਵਣਹਾਰਾ ਵਰ, ਵਰ ਦਾਤਾ ਖੇਲ ਕਰਾਇੰਦਾ । ਪੁਰਖ ਅਬਿਨਾਸ਼ੀ ਨਰਾਇਣ ਨਰ, ਨਰ ਆਪਣਾ ਨਾਉਂ ਧਰਾਇੰਦਾ । ਆਦਿ ਜੁਗਾਦਿ ਲੱਖ ਚੁਰਾਸੀ ਘਾੜਨ ਘੜ, ਨਿਤ ਨਵਿਤ ਵੇਖ ਵਖਾਇੰਦਾ । ਸਚ ਦਵਾਰ ਹਰਿ ਨਿਰੰਕਾਰ ਨਿਰਗੁਣ ਰੂਪ ਆਪੇ ਖੜ, ਸਰਗੁਣ ਆਪਣਾ ਨਾਮ ਦ੍ਰਿੜਾਇੰਦਾ । ਮਹੱਲ ਅਟੱਲ ਉਚ ਮੁਨਾਰ ਬੈਠਾ ਚੜ੍ਹ, ਜੋਤੀ ਜਾਤਾ ਪੁਰਖ ਬਿਧਾਤਾ ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਵੇਖਣਹਾਰਾ ਖੇਲ ਤਮਾਸ਼ਾ, ਲੋਆਂ ਪੁਰੀਆਂ ਪਾਵੇ ਰਾਸਾ, ਗੋਪੀ ਕਾਹਨ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਧੁਰ ਫ਼ਰਮਾਨਾ, ਧੁਰਦਰਗਾਹੀ ਆਪ ਸੁਣਾਈਆ । ਭੂਪਤ ਭੂਪ ਰਾਜ ਰਾਜਾਨਾ, ਸ਼ਹਿਨਸ਼ਾਹ ਦਾਤਾ ਬੇਪਰਵਾਹੀਆ । ਨਿਰਗੁਣ ਸਰਗੁਣ ਹੋ ਪਰਧਾਨਾ, ਸਚ ਪਰਧਾਨਗੀ ਇਕ ਕਮਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਸ੍ਰਿਸ਼ਟ ਸਬਾਈ ਜਣਾਏ ਇਕੋ ਗਾਣਾ, ਗਾ ਗਾ ਅੱਖਰ ਆਪ ਪੜ੍ਹਾਈਆ । ਕਲਜੁਗ ਅੰਤਮ ਮੰਨਣਾ ਸਭ ਨੇ ਭਾਣਾ, ਭਾਣੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਮਾਹੀਆ । ਮਾਹੀਗੀਰ ਆਇਆ ਮਾਹੀ, ਬੇਪਰਵਾਹ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਮੇਟੇ ਕੂੜੀ ਸ਼ਾਹੀ, ਸ਼ਹਿਨਸ਼ਾਹ ਏਕਾ ਹੁਕਮ ਜਣਾਇੰਦਾ । ਗੁਰਮੁਖ ਵੇਖੇ ਭੁੱਲੇ ਰਾਹੀ, ਫੜ ਬਾਂਹੋਂ ਮਾਰਗ ਪਾਇੰਦਾ । ਏਕਾ ਮੰਤਰ ਰਿਹਾ ਦ੍ਰਿੜਾਈ, ਦ੍ਰਿੜ ਨਿਸਚਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਭਗਤ ਭਗਵਾਨ, ਨਿਰਗੁਣ ਸਰਗੁਣ ਆਪ ਜਣਾਈਆ । ਕਲਜੁਗ ਅੰਤਮ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਈਆ । ਮੁਰੀਦ ਮੁਰਸ਼ਦ ਲਏ ਭਾਲ, ਦੀਦ ਈਦ ਚੰਦ ਚੜ੍ਹਾਈਆ । ਲੇਖਾ ਜਾਣ ਜ਼ਿਮੀਂ ਅਸਮਾਨ, ਕਾਇਆ ਕੁਰਾ

ਖੋਜ ਖੋਜਾਈਆ । ਸਚ ਮਹਿਰਾਬੇ ਬੈਠੇ ਆਣ, ਮਹਿਬੂਬ ਬੇਪਰਵਾਹੀਆ । ਜਿਸ ਦੀ ਸਿਫ਼ਤ ਕਰੇ ਅੰਜੀਲ ਕੁਰਾਨ, ਤੀਸ ਬਤੀਸਾ ਢੋਲਾ ਗਾਈਆ । ਸੋ ਸਾਹਿਬ ਪਰਗਟ ਹੋਵੇ ਮਿਹਬਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਚੌਦਾਂ ਤਬਕਾਂ ਵੇਖੇ ਆਣ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਚੌਦਸ ਚੰਦ ਚੜ੍ਹੇ ਨਾ ਕੋਇ ਜਹਾਨ, ਜਗਤ ਅੰਧੇਰਾ ਇਕੋ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਆਇਆ, ਕਰਨਹਾਰ ਕਰਤਾਰਾ । ਸਾਚਾ ਹੁਕਮ ਸੁਨਾਵਣ ਆਇਆ, ਧੁਰਦਰਗਾਹੀ ਹੋ ਉਜਿਆਰਾ । ਸਾਚਾ ਮੰਤਰ ਪੜ੍ਹਾਵਣ ਆਇਆ, ਆਤਮ ਪਰਮਾਤਮ ਇਕ ਜੈਕਾਰਾ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲਾਵਣ ਆਇਆ, ਦੀਨ ਮਜ਼੍ਹਬ ਕਰੇ ਪਾਰ ਕਿਨਾਰਾ । ਸਹੀ ਸਲਾਮਤ ਇਕੋ ਨੂਰ ਰਿਹਾ ਦਰਸਾਇਆ, ਜਨਮ ਮਰਨ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹੀ ਬੇਪਰਵਾਹ, ਹਰਿ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਾਚੀ ਸੇਵਾ ਆਪ ਕਮਾਇੰਦਾ । ਚੌਥੇ ਜੁਗ ਫੇਰਾ ਪਾ, ਚਾਰ ਵਰਨ ਡੇਰਾ ਢਾਹਿੰਦਾ । ਚਾਰੇ ਖਾਣੀ ਲੇਖਾ ਦਏ ਮੁਕਾ, ਚਾਰੇ ਬਾਣੀ ਰੰਗ ਰੰਗਾਇੰਦਾ । ਚਾਰ ਕੁੰਟਾਂ ਡੰਕਾ ਦਏ ਵਜਾ, ਚਾਰ ਯਾਰੀ ਆਪ ਉਠਾਇੰਦਾ । ਚਾਰੇ ਵੇਦ ਲੇਖਾ ਝੋਲੀ ਦੇਵੇ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਚਾਰ ਚਾਰ, ਹਰਿ ਸਾਚਾ ਆਪ ਕਰਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਬਾਣ ਲਗਾਈਆ । ਕਲਜੁਗ ਅੰਤਮ ਕਰੇ ਖ਼ੁਆਰ, ਖ਼ੁਆਰੀ ਸਭ ਦੀ ਦਏ ਵਖਾਈਆ । ਗੁਰਸਿਖ ਗੁਰ ਗੁਰ ਲਏ ਉਠਾਲ, ਹਰਿ ਹਰਿ ਆਪਣੀ ਬੂਝ ਬੁਝਾਈਆ । ਗੁਰਮੁਖ ਚਲੇ ਨਾਲ ਨਾਲ, ਚਾਲ ਨਿਰਾਲੀ ਇਕ ਜਣਾਈਆ । ਸੰਤ ਸੁਹੇਲੇ ਸਾਚੇ ਲਾਲ, ਸੋ ਪੁਰਖ ਨਿਰੰਜਣ ਆਪਣੀ ਗੋਦ ਬਹਾਈਆ । ਭਗਤ ਭਗਵਾਨ ਕਰ ਪਰਵਾਨ, ਨਾਮ ਪਰਵਾਨਾ ਹੱਥ ਉਠਾਈਆ । ਕਲਜੁਗ ਦਾ ਅੰਤ ਨਿਸ਼ਾਨ, ਸਤਿਗੁਰ ਸਾਚਾ ਆਪ ਪਰਗਟਾਈਆ । ਨਿਹਕਲੰਕ ਬਲੀ ਬਲਵਾਨ, ਬਲੀ ਆਪਣੀ ਆਪ ਚੜ੍ਹਾਈਆ । ਗੋਬਿੰਦ ਲੇਖਾ ਵਿਚ ਜਹਾਨ, ਜੀਵਨ ਜੁਗਤ ਦਏ ਵਡਿਆਈਆ । ਸਤਿ ਧਰਨੀ ਦੇਵੇ ਦਾਨ, ਧਰਤ ਧਵਲ ਖ਼ੁਸ਼ੀ ਮਨਾਈਆ । ਪ੍ਰਭ ਮਿਲਿਆ ਸੱਚਾ ਕਾਹਨ, ਘਰ ਬੰਸਰੀ ਨਾਮ ਸੁਣਾਈਆ । ਲੇਖਾ ਚੁਕਾ ਸੀਆ ਰਾਮ, ਸੀਤਾ ਸੁਰਤੀ ਲਏ ਪਰਨਾਈਆ । ਨਿਰਗੁਣ ਨੂਰ ਕਰਾਏ ਸਾਚਾ ਭਾਨ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰ ਕਰ, ਕਰਨੀ ਆਪਣੀ ਆਪ ਜਣਾਇੰਦਾ । ਨਿਰਗੁਣ ਸਰਗੁਣ ਰੂਪ ਧਰ ਧਰ, ਧਰਤ ਧਵਲ ਵੇਖ ਵਖਾਇੰਦਾ । ਅੱਖਰ ਵੱਖਰ ਆਪੇ ਪੜ੍ਹ ਪੜ੍ਹ, ਬੋਧ ਅਗਾਧ ਗਿਆਨ ਦ੍ਰਿੜ੍ਹਾਇੰਦਾ । ਸਚ ਮਹੱਲੇ ਆਪੇ ਚੜ੍ਹ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਫੜ ਫੜ, ਫੜ ਬਾਂਹੋਂ ਹੁਕਮ ਮਨਾਇੰਦਾ । ਲੇਖਾ ਜਾਣੇ ਸੀਸ ਧੜ ਧੜ, ਨਿਧੜਕ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਅੰਤਮ ਕਲ, ਹਰਿ ਕਰਤਾ ਆਪ ਜਣਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲ, ਵਲ ਛਲ ਧਾਰੀ ਭੇਵ ਨਾ ਰਾਈਆ । ਨਿਰਗੁਣ ਜੋਤੀ ਬੈਠਾ ਰਲ, ਸ਼ਬਦੀ ਆਪਣਾ ਡੰਕ ਵਜਾਈਆ । ਸਚ ਸੰਦੇਸਾ ਸਾਚਾ ਘਲ, ਗੁਰਮੁਖ ਸੱਜਣ ਲਏ ਜਗਾਈਆ । ਨੌਂ ਖੰਡ ਪ੍ਰਿਥਮੀ ਚਲਾਵਣਹਾਰਾ ਹਲ, ਤਿਖਾ ਫਾਲਾ



੧੦੭੪
੧੨

੧੦੭੫ ੧੨

ਮੁੱਖ ਕਰਾਈਆ । ਇਕੋ ਧਾਰ ਵਹਾਏ ਜਲ ਥਲ, ਜਲ ਥਲ ਮਹੀਅਲ ਆਪਣਾ ਰੂਪ ਵਟਾਈਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲ, ਸਮੁੰਦ ਸਾਗਰ ਖੋਜ ਖੋਜਾਈਆ । ਲੱਖ ਚੁਰਾਸੀ ਕਾਇਆ ਲੱਗਾ ਵੇਖੇ ਫਲ, ਪਤ ਡਾਲ੍ਹੀ ਪਰਦਾ ਲਾਹੀਆ । ਘਟ ਘਟ ਅੰਦਰ ਜੀਵ ਜੰਤ ਸਾਧ ਸੰਤ ਵੇਖੇ ਕਵਣ ਦਵਾਰੇ ਦੀਪਕ ਜੋਤੀ ਰਿਹਾ ਬਲ, ਬੰਦ ਕਿਵਾੜੀ ਕੁੰਡਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਵਣ ਦਵਾਰਾ ਬੈਠੇ ਮਲ, ਹਰਿ ਜੂ ਭੇਵ ਅਭੇਦ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਸ਼ਬਦੀ ਸੁਤ ਸਚ ਸਰਕਾਰ, ਧੁਰ ਫ਼ਰਮਾਨਾ ਹੁਕਮ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਤ੍ਰੈਗੁਣ ਧਾਹਾਂ ਰਹੀ ਮਾਰ, ਸਤਿ ਸੰਤੋਖ ਨਾ ਕੋਇ ਦ੍ਰਿੜਾਇੰਦਾ । ਪੰਜ ਤਤ ਹੋਇਆ ਖ਼ਵਾਰ, ਜਗਤ ਖ਼ਵਾਰੀ ਨਾ ਕੋਇ ਮਿਟਾਇੰਦਾ । ਲੱਖ ਚੁਰਾਸੀ ਕਰੇ ਗਿਰਿਆਜ਼ਾਰ, ਗਿਰਿਆਜ਼ਾਰੀ ਸਭ ਦੀ ਆਪ ਵਖਾਇੰਦਾ । ਗੁਰ ਅਵਤਾਰ ਗਏ ਹਾਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਪੀਰ ਪੈਗ਼ੰਬਰ ਹੋਏ ਸ਼ਰਮਸਾਰ, ਨੇਤਰ ਨੈਣ ਨਾ ਕੋਇ ਉਠਾਇੰਦਾ । ਮਹਿਬੂਬ ਨਜ਼ਰ ਨਾ ਆਏ ਸਾਂਝਾ ਯਾਰ, ਹੁਜ਼ਰਾ ਹੱਕ ਨਾ ਕੋਇ ਵਖਾਇੰਦਾ । ਜਲਵਾ ਨੂਰ ਨਾ ਕੋਇ ਉਜਿਆਰ, ਹਜ਼ਰਤ ਫੇਰਾ ਨਾ ਕੋਇ ਪਾਇੰਦਾ । ਸਾਚੀ ਰਬਾਬ ਅਹਿਬਾਬ ਨਾ ਵਜਾਏ ਕੋਇ ਸਤਾਰ, ਤੰਦੀ ਤੰਦ ਨਾ ਕੋਇ ਹਲਾਇੰਦਾ । ਮੁਕਾਮੇ ਹੱਕ ਨਾ ਪਰਵਰਦਿਗਾਰ, ਮੁਖ ਨਕਾਬ ਪੜਦਾ ਨਾ ਕੋਇ ਉਠਾਇੰਦਾ । ਰਾਤੀਂ ਸੁੱਤਿਆਂ ਨਾ ਕੋਇ ਦੀਦਾਰ, ਦਿਨੇ ਨਜ਼ਰ ਕੋਇ ਨਾ ਆਇੰਦਾ । ਸਦੀ ਚੌਧਵੀਂ ਹੋਣ ਬੇਹਾਲ, ਬਿਹਬਲ ਸੰਗ ਨਾ ਕੋਇ ਨਿਭਾਇੰਦਾ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਘਟ ਘਟ ਵਾਸੀ ਚਲੀ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਸੰਤ ਸੁਹੇਲੇ ਗੁਰਮੁਖ ਗੁਰ ਗੁਰ ਲਏ ਭਾਲ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਕਲਜੁਗ ਅੰਤਮ ਨਿਰਗੁਣ ਰੂਪ ਬਣ ਦਲਾਲ, ਸ਼ਬਦੀ ਗੁਰ ਸੇਵ ਕਮਾਇੰਦਾ । ਲੇਖਾ ਜਾਣ ਹੱਕ ਹਲਾਲ, ਮੁਰੀਦ ਮੁਰਸ਼ਦ ਆਪ ਉਠਾਇੰਦਾ । ਸਾਚਾ ਮਾਰਗ ਇਕ ਸਿਖਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਪੜ੍ਹਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਮਸਜਦ ਸ਼ਿਵਦਵਾਲਾ ਮੱਠ ਇਕੋ ਰੰਗ ਰੰਗਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸਚ ਸੰਦੇਸਾ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਆਦਿ ਜੁਗਾਦੀ ਨਰ ਨਰੇਸ਼ਾ, ਨਿਰਗੁਣ ਦਾਤਾ ਸੱਚਾ ਮਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਰੂਪ ਅਨੂਪ ਧਾਰੇ ਭੇਖਾ, ਰੰਗ ਨਜ਼ਰ ਕੋਇ ਨਾ ਆਈਆ । ਵਸਣਹਾਰਾ ਦੇਸ ਪਰਦੇਸਾ, ਦੋ ਜਹਾਨਾਂ ਖੋਜ ਖੋਜਾਈਆ । ਪਾਵੇ ਸਾਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਗਣਪਤ ਆਪਣਾ ਹੁਕਮ ਸੁਣਾਈਆ । ਚਤੁਰਭੁਜ ਇਕ ਆਦੇਸਾ, ਆਦਿ ਸ਼ਕਤ ਸੀਸ ਝੁਕਾਈਆ । ਨਿਰਗੁਣ ਸਰਗੁਣ ਨਿਝ ਨੇਤਰ ਏਕਾ ਪੇਖਾ, ਪੇਖਤ ਪੇਖਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰ, ਆਦਿ ਅੰਤ ਕਰਾਇੰਦਾ । ਕਲਜੁਗ ਕੂਕ ਸੁਣ ਪੁਕਾਰ, ਆਪਣੀ ਅੱਖ ਆਪ ਖੁਲ੍ਹਾਇੰਦਾ । ਭਗਤ ਰੋਵਣ ਜ਼ਾਰੋ ਜ਼ਾਰ, ਸੰਤਨ ਧੀਰ ਨਾ ਕੋਇ ਧਰਾਇੰਦਾ । ਗੁਰਮੁਖ ਰਾਹ ਤੱਕਣ ਸਾਂਝੇ ਯਾਰ, ਯਾਰ

ਨਜ਼ਰ ਕੋਇ ਨਾ ਆਇੰਦਾ । ਗੁਰਸਿਖ ਚਰਨ ਧੂੜੀ ਮੰਗਣ ਛਾਰ, ਖ਼ਾਕ ਮਸਤਕ ਟਿੱਕਾ ਕੋਇ ਨਾ ਲਾਇੰਦਾ । ਰਸਨਾ ਪੜ੍ਹ ਪੜ੍ਹ ਥੱਕਾ ਸੰਸਾਰ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਕਲਮ ਸ਼ਾਹੀ ਗਈ ਹਾਰ, ਮੇਰਾ ਨੂਰ ਨਾ ਕੋਇ ਵਖਾਇੰਦਾ । ਵਰਨ ਬਰਨ ਰੋਵਣ ਜ਼ਾਰੋ ਜ਼ਾਰ, ਸਾਚੀ ਸਰਨ ਨਾ ਕੋਇ ਜਣਾਇੰਦਾ । ਰਵ ਸਸ ਨਾ ਕੋਇ ਉਜਿਆਰ, ਚੰਦ ਨੂਰ ਨਾ ਡਗਮਗਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਪ੍ਰਭ ਚਰਨ ਦਵਾਰੇ ਬਹਿ ਬਹਿ ਕਰਨ ਵਿਚਾਰ, ਵਿਚਾਰ ਵਿਚ ਹਰਿ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੇ ਹੁਕਮੇ ਅੰਦਰ ਕੱਟ ਕੇ ਆਏ ਵਗਾਰ, ਸੋ ਸਾਹਿਬ ਖੇਲ ਕਰਾਇੰਦਾ । ਜਿਸ ਨੂੰ ਕਹਿੰਦੇ ਬੇਪਰਵਾਹ ਪਰਵਰਦਿਗਾਰ, ਪਰਦਾਨਸ਼ੀਂ ਆਪਣਾ ਪਰਦਾ ਆਪ ਉਠਾਇੰਦਾ । ਜਿਸ ਨੂੰ ਮੰਨਦੇ ਰਹੇ ਏਕੰਕਾਰ, ਸੋ ਅਕਲ ਕਲ ਆਪਣਾ ਖੇਲ ਵਖਾਇੰਦਾ । ਜਿਸ ਨੂੰ ਕਹਿੰਦੇ ਰਹੇ ਰਾਮ ਰਮਿਆ ਸਰਬ ਸੰਸਾਰ, ਸੋ ਰੱਮਯਾ ਵੇਸ ਵਟਾਇੰਦਾ । ਜਿਸ ਨੂੰ ਮੰਨਦੇ ਰਹੇ ਕਾਹਨ ਬੰਸਰੀ ਸੁਣਾਏ ਨਾਮ ਧੁੰਨਕਾਰ, ਧੁੰਨ ਆਤਮਕ ਰਾਗ ਅਲਾਇੰਦਾ । ਜਿਸ ਨੂੰ ਮੰਨਦੇ ਰਹੇ ਸਚਖੰਡ ਵਸੇ ਸਚ ਦਰਬਾਰ, ਨਿਰਗੁਣ ਜੋਤ ਡਗਮਗਾਇੰਦਾ । ਸੋ ਸਾਹਿਬ ਕਲਜੁਗ ਅੰਤਮ ਪਰਗਟ ਹੋਇਆ ਆਣ, ਪਰਮ ਪੁਰਖ ਵੇਸ ਵਟਾਇੰਦਾ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਇੰਦਾ । ਸਭ ਨੂੰ ਮੰਨਣੀ ਪਏ ਆਣ, ਬਚਿਆ ਕੋਇ ਰਹਿਣ ਨਾ ਪਾਇੰਦਾ । ਨਾ ਕੋਇ ਚਿੱਲਾ ਤੀਰ ਕਮਾਨ, ਸ਼ਸਤਰ ਹੱਥ ਨਾ ਕੋਇ ਉਠਾਇੰਦਾ । ਏਕਾ ਹੁਕਮ ਤੀਰ ਨਿਸ਼ਾਨ, ਅਣਿਆਲਾ ਆਪ ਚਲਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਚਰਨੀ ਡਿਗਣ ਆਣ, ਸੀਸ ਜਗਦੀਸ ਅੱਗੇ ਨਾ ਕੋਇ ਉਠਾਇੰਦਾ । ਲੇਖਾ ਜਾਣੇ ਪਵਣ ਮਸਾਣ, ਪਵਣ ਪਵਣੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਲ ਆਪ ਰਖਾਇੰਦਾ । ਸਾਚਾ ਬਲ ਆਪੇ ਰੱਖ, ਬਲ ਬਾਵਣ ਲਏ ਜਗਾਈਆ । ਗੁਰਮੁਖ ਗੁਰ ਗੁਰ ਕਰ ਪਰਤੱਖ, ਪਰੀਖਿਆ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਰੱਖਿਆ ਵੱਖ, ਕਲਜੁਗ ਅੰਤਮ ਮੇਲ ਮਿਲਾਈਆ । ਸਚਖੰਡ ਦਾ ਸੱਚਾ ਹੱਟ, ਲੋਕਮਾਤ ਖੁਲ੍ਹਾਈਆ । ਵਸਤ ਅਮੋਲਕ ਇਕੋ ਘੱਤ, ਹਰਿ ਨਾਮ ਰਿਹਾ ਵਰਤਾਈਆ । ਭਗਤ ਭਗਵਾਨ ਮਾਰਗ ਦੱਸ, ਰਹਿਬਰ ਇਕੋ ਰਾਹ ਵਖਾਈਆ । ਦੋ ਜਹਾਨਾਂ ਪੰਧ ਮੁਕਾਇਆ ਨੱਸ ਨੱਸ, ਬਣ ਪਾਂਧੀ ਰਾਹੀ ਫੇਰਾ ਪਾਈਆ । ਜਨ ਭਗਤਾਂ ਅੰਦਰ ਹਰਿ ਜੂ ਵਸ, ਹੱਸ ਹੱਸ ਆਪਣੀ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਗਾਵੇ ਜਸ, ਆਪਣਾ ਲੇਖਾ ਲਿਖਤ ਵਖਾਈਆ । ਗਾ ਜਸ ਕਰੇ ਨਾ ਬਸ, ਬਸਤਾ ਸਭ ਦਾ ਦਏ ਬੰਧਾਈਆ । ਨਿਰਗੁਣ ਨਿਰਾਕਾਰ ਨਿਰੰਕਾਰ ਅੰਤਮ ਗੋਦੀ ਲਏ ਚੁੱਕ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਥਿਰ ਘਰ ਸਾਚੇ ਦਏ ਰੱਖ, ਹਰਿ ਸੱਜਣ ਸੱਚਾ ਮਾਹੀਆ । ਦੀਨ ਦਿਆਲ ਕਰੇ ਪੱਖ, ਪਰਮ ਪੁਰਖ ਵੇਖ ਵਖਾਈਆ । ਫੜ ਬਾਹੋਂ ਪੁਰਖ ਸਮਰਥ, ਆਪਣੀ ਉਂਗਲੀ ਲਏ ਲਗਾਈਆ । ਸਚਖੰਡ ਦਵਾਰੇ ਜਾਏ ਵਸ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨਿਰਗੁਣ ਜੋਤ ਕਰ ਪਰਕਾਸ਼, ਗੁਰਮੁਖ ਸਾਚੇ ਵਿਚ ਮਿਲਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਆਸਾ ਆਪਣੇ ਵਿਚ ਖਪਾਈਆ । ਆਤਮ ਪਰਮਾਤਮ ਸੇਜ ਸੁਹੰਜਣੀ ਇਕੋ ਭੋਗ ਬਲਾਸ, ਭਸਮੜ ਰੂਪ ਨਾ ਕੋਇ ਵਟਾਈਆ । ਕਰੇ ਖੇਲ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਪਰਗਟੌਂਦਾ ਰਿਹਾ ਨਿੱਕੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਪੀਰ ਪੈਗ਼ੰਬਰ ਦੇਂਦਾ ਰਿਹਾ ਦਾਤ, ਕਲਮਾ ਨਬੀ ਆਪ ਪੜ੍ਹਾਈਆ । ਸਿਫ਼ਤ ਸਾਲਾਹੀ ਸੱਚੀ ਦੱਸੇ

੧੦੭੭
੧੨

ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਨਿੱਕੇ ਨਿੱਕੇ ਬਾਲੇ ਗੁਰ ਅਵਤਾਰ ਪੀਰ ਪੈਗ਼ੰਬਰ ਹੱਥ ਵਿਚ ਫੜਾ ਕਲਮ ਦਵਾਤ, ਆਪਣੀ ਸਿਫ਼ਤ ਸਿਫ਼ਤ ਸਮਝਾਈਆ । ਅੰਦਰ ਵੇਖਣ ਮਾਰ ਝਾਤ, ਝਾਕੀ ਆਪਣੀ ਦਏ ਦਰਸਾਈਆ । ਪ੍ਰਭ ਨਜ਼ਰੀ ਆਏ ਪਾਕੀ ਪਾਕ, ਨਿਰਮਲ ਨੂਰ ਨੂਰ ਰੁਸ਼ਨਾਈਆ । ਬੰਕ ਦਵਾਰੀ ਸੋਹੇ ਸਾਚੀ ਖਾਟ, ਆਤਮ ਸੇਜਾ ਡੇਰਾ ਲਾਈਆ । ਨਾਮ ਨਿਧਾਨ ਸੁਣਾਏ ਗਾਥ, ਬੋਧ ਅਗਾਧ ਕਰੇ ਪੜ੍ਹਾਈਆ । ਚਰਨੀ ਡਿਗਣ ਤ੍ਰਿਲੋਕੀ ਨਾਥ, ਕੋਟਨ ਕੋਟ ਸੀਸ ਝੁਕਾਈਆ । ਕੋਟਨ ਕੋਟ ਰਾਮ ਬੇਟੇ ਦਸਰਾਥ, ਦਰ ਘਰ ਬੈਠੇ ਅਲਖ ਜਗਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਆਪਣਾ ਨਾਉਂ ਧਰਾਈਆ । ਕਲਜੁਗ ਅੰਤਮ ਹੋ ਪਰਗਟ, ਭਗਤ ਭਗਵੰਤ ਲਏ ਮਿਲਾਈਆ । ਵੇਖੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਰਚਾਈਆ । ਸ੍ਰਿਸ਼ਟ ਸਬਾਈ ਲੱਗਾ ਫਟ, ਪੱਟੀ ਨਾਮ ਨਾ ਕੋਇ ਬੰਧਾਈਆ । ਨੌਂ ਖੰਡ ਪ੍ਰਿਥਮੀ ਸੱਥਰ ਬੈਠੀ ਘੱਤ, ਯਾਰੜਾ ਸੱਥਰ ਨਾ ਕੋਇ ਹੰਢਾਈਆ । ਨਾੜ ਬਹੱਤਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੇ ਦਰੋਹੀ ਮਨਮਤ, ਮਨ ਵਾਸਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨੇ ਆਇਆ, ਕਲ ਕਲਕੀ ਲੈ ਅਵਤਾਰ । ਤ੍ਰੈਗੁਣ ਮਾਇਆ ਮੇਟਣ ਆਇਆ, ਮਹਾਬਲੀ ਹੋ ਤਿਆਰ । ਸ੍ਰਿਸ਼ਟ ਸਬਾਈ ਵੇਖਣ ਆਇਆ, ਨਿਰਗੁਣ ਸਰਗੁਣ ਪਾਵੇ ਸਾਰ । ਸ੍ਰਿਸ਼ਟ ਸਬਾਈ ਦ੍ਰਿਸ਼ਟੀ ਇਕ ਖੁਲਾਵਣ ਆਇਆ, ਇਸ਼ਟ ਜਣਾਏ ਇਕ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਚ ਵਿਹਾਰ । ਸਚ ਵਿਹਾਰਾ ਸਤਿਗੁਰ ਮੀਤਾ, ਮਿੱਤਰ ਪਿਆਰਾ ਆਪ ਕਰਾਇੰਦਾ । ਜਨ ਭਗਤਾ ਖੇਲ ਵਖਾਏ ਇਕ ਅਨਡੀਠਾ, ਲੱਖ ਚੁਰਾਸੀ ਗੂੜ੍ਹੀ ਨੀਂਦ ਸੁਵਾਇੰਦਾ । ਗੁਰਮੁਖ ਵਿਰਲੇ ਨਾਮ ਨਿਧਾਨ ਪੀਤਾ, ਅੰਮ੍ਰਿਤ ਰਸ ਇਕ ਚਖਾਇੰਦਾ । ਲੱਖ ਚੁਰਾਸੀ ਤ੍ਰੈਗੁਣ ਤਤ ਤਪੇ ਅੰਗੀਠਾ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਪੀਸਣ ਪੀਸਾ, ਸਾਚੀ ਵਸਤ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਰਾਜ ਰਾਜਾਨਾ ਸ਼ਾਹ ਸੁਤਲਾਨਾਂ ਖ਼ਾਲੀ ਕਰੇ ਖੀਸਾ, ਦਰ ਦਰ ਘਰ ਘਰ ਇਕੋ ਅਲਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਗਤ ਭਗਵਾਨ ਆਪ ਮਿਲਾਇੰਦਾ ।

## ❈ ੧੬ ਅੱਸੂ ੨੦੧੯ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹਿ ਚੀਮਾਂ ਜ਼ਿਲਾ ਜਲੰਧਰ ❈

ਪਰਵਰਦਿਗਾਰ ਲਾਸ਼ਰੀਕ, ਸ਼ਹਿਨਸ਼ਾਹ ਤੇਰੀ ਸਰਨਾਈਆ । ਆਦਿ ਜੁਗਾਦੀ ਮੁਰਸ਼ਦ ਮੁਰੀਦ ਰਫ਼ੀਕ, ਸਹੀ ਸਲਾਮਤ ਤੇਰੀ ਵਡਿਆਈਆ । ਦੋ ਜਹਾਨਾਂ ਚੌਦਾਂ ਤਬਕ ਵੇਖਣਹਾਰਾ ਚਾਂਦਨੀ ਤਾਰੀਕ, ਅੰਧ ਅੰਧੇਰਾ ਰਿਹਾ ਸਮਾਈਆ । ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮਸਾਇਕ ਤੇਰੀ ਕਰਦੇ ਰਹੇ ਉਡੀਕ, ਨੇਤਰ ਜ਼ਿਮੀਂ ਅਸਮਾਨ ਉਠਾਈਆ । ਕਮਲਾ ਨਬੀ ਰਸੂਲ ਦੱਸਦੇ ਰਹੇ ਠੀਕ, ਠੀਕਰ ਆਪਣਾ ਤਨ ਗਵਾਈਆ । ਨੂਰ ਇਲਾਹੀ ਨਿਰਾਕਾਰ ਵਸੇ ਸਦਾ ਨਜ਼ਦੀਕ, ਨਿਜ ਘਰ ਬੈਠਾ ਡੇਰਾ ਲਾਈਆ । ਸਤਿ ਸਤਿਵਾਦੀ ਪਾਰਬ੍ਰਹਮ ਬੀਠਲੋ ਬੀਠ, ਬੇਪਰਵਾਹ ਭੇਵ ਨਾ ਰਾਈਆ । ਉਚੋ ਊਚ ਨੀਕਨ ਨੀਕ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚਾ ਮੀਤ, ਮਿੱਤਰ ਪਿਆਰਾ ਮਿਲੇ ਮਾਹੀਆ ।

ਆਤਮ ਅੰਤਰ ਰੂਹ ਬੁੱਤ ਜਣਾਏ ਸਚ ਪ੍ਰੀਤ, ਪ੍ਰੀਤੀਵਾਨ ਵਡ ਵਡਿਆਈਆ । ਕਰੇ ਖੇਲ ਆਪ ਅਨਡੀਠ, ਚੌਦਾਂ ਵਿਦਿਆ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਲਾਸ਼ਰੀਕ ਤੇਰਾ ਸਹਾਰਾ, ਮਿਹਰਵਾਨ ਤੇਰੀ ਵਡਿਆਈਆ । ਬੇਐਬ ਤੇਰਾ ਕਿਨਾਰਾ, ਕਾਦਰ ਨਜ਼ਰ ਕਿਸੇ ਨਾ ਆਈਆ । ਪੀਰ ਪੈਗ਼ੰਬਰ ਮੰਗਦੇ ਰਹੇ ਭਿਖਾਰਾ, ਦਰ ਦਰਵੇਸ਼ ਅਲਖ ਜਗਾਈਆ । ਕਲਮਾ ਨਬੀ ਇਕ ਉਚਾਰਾ, ਕਾਇਨਾਤ ਨਾਤ ਸੁਣਾਈਆ । ਮਿਹਬਾਨ ਬੀਦੋ ਬੋਲ ਜੈਕਾਰਾ, ਜੈਕਾਰ ਕਰੇ ਲੋਕਾਈਆ । ਸਚ ਤੌਫ਼ੀਕ ਤੋਹੇ ਪਰਵਰਦਿਗਾਰਾ, ਲਾਸਾਨੀ ਤੇਰੇ ਹੱਥ ਤੇਰੀ ਵਡਿਆਈਆ । ਜੁਗ ਚੌਕੜੀ ਖੇਲ ਨਿਆਰਾ, ਨਿਰਗੁਣ ਸਰਗੁਣ ਦਏ ਸਮਝਾਈਆ । ਈਸਾ ਮੂਸਾ ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਦਰ ਬੈਠੇ ਸੀਸ ਝੁਕਾਈਆ । ਕਾਲਾ ਸੂਸਾ ਤੁੱਟਾ ਸ਼ਿੰਗਾਰਾ, ਅਲਫੀ ਨਜ਼ਰ ਕੋਇ ਨਾ ਆਈਆ । ਮਸਤੀ ਸੂਫੀ ਨਾ ਕੋਇ ਵਿਚਾਰਾ, ਮਹਿਰੂਮ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਸੱਚੀ ਵਡਿਆਈਆ । ਪਰਵਰਦਿਗਾਰ ਸਚ ਸੁਲਤਾਨ, ਤਖ਼ਤ ਨਿਵਾਸੀ ਬੇਪਰਵਾਹੀਆ । ਧੁਰ ਦਰਗਾਹੀ ਦਇਆਵਾਨ, ਦਰਦੀ ਦਰਦੀਆਂ ਦਰਦ ਵੰਡਾਈਆ । ਜ਼ਿਮੀਂ ਅਸਮਾਨ ਸਰਬ ਕੁਰਲਾਣ, ਨੈਣਾਂ ਨੀਰ ਵਹਾਈਆ । ਤੋਬਾ ਤੋਬਾ ਸਾਰੇ ਕਹਿ ਕਹਿ ਮੁਖ ਸ਼ਰਮਾਣ, ਅੱਲਾ ਰਾਣੀ ਘੁੰਗਟ ਮੁੱਖ ਪਾਈਆ । ਦੁਆ ਸਲਾਮ ਕਰੇ ਨਾ ਕੋਇ ਅਵਾਣ, ਅਲੈਕਮ ਰੂਪ ਨਾ ਕੋਇ ਵਟਾਈਆ । ਸਯਦਾ ਝੁਕੇ ਨਾ ਕੋਇ ਮਿਹਰਵਾਨ, ਸਰਨ ਮਿਲੇ ਨਾ ਕੋਇ ਸਰਨਾਈਆ । ਨਾਤਾ ਤੁੱਟਾ ਅੰਜੀਲ ਕੁਰਾਨ, ਤੀਸ ਬਤੀਸਾ ਨਾ ਕੋਇ ਵਡਿਆਈਆ । ਅਲਫ ਯੇ ਖਾਲੀ ਦਿਸੇ ਮਕਾਨ, ਅੰਤਮ ਮਕਬਰਾ ਰਿਹਾ ਜਣਾਈਆ । ਤੇਰੇ ਬਰਦੇ ਬਣੇ ਗ਼ੁਲਾਮ, ਪੀਰ ਪੈਗ਼ੰਬਰ ਬੈਠੇ ਮਾਣ ਗਵਾਈਆ । ਤੂੰ ਸਾਹਿਬ ਸੱਚਾ ਅਮਾਮ, ਤੇਰੇ ਹੱਥ ਸੱਚੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਵਿਗੜ ਗਿਆ ਨਿਜ਼ਾਮ, ਨੌਬਤ ਨਾਮ ਨਾ ਕੋਇ ਵਜਾਈਆ । ਘਰ ਘਰ ਦਿਸੇ ਕੂੜੀ ਕਿਰਿਆ ਹਰਾਮ, ਮਹਿਰਮ ਨਜ਼ਰ ਕੋਇ ਨਾ ਆਈਆ । ਤੇਰਾ ਨਾਉਂ ਨਿਰੰਕਾਰ ਭੁੱਲਿਆ ਕਲਾਮ, ਕਲਮਾ ਨਬੀ ਨਾ ਕੋਇ ਵਡਿਆਈਆ । ਸਾਚਾ ਨੂਰ ਨਾ ਕੋਇ ਭਾਨ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਦਿਸਣ ਬੇਈਮਾਨ, ਸ਼ਰਅ ਸ਼ਰੀਅਤ ਪਈ ਲੜਾਈਆ । ਸਚ ਸੰਦੇਸਾ ਕੋਇ ਨਾ ਸੁਣੇ ਕਾਨ, ਜੂਠ ਝੂਠ ਦਏ ਦੁਹਾਈਆ । ਅੰਤਮ ਦਿਸੇ ਫਨਾਹ ਮਕਾਨ, ਫਾਤਿਆ ਸਭ ਦਾ ਨਜ਼ਰੀ ਆਈਆ । ਨੇਤਰ ਰੋਵਣ ਬੇਜ਼ਬਾਨ, ਜ਼ਿਬਾ ਛੁਰੀ ਰਹੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸਰਨ ਮਿਲੇ ਵਡਿਆਈਆ । ਪੀਰ ਪੈਗ਼ੰਬਰ ਨੇਤਰ ਰੋ, ਨੈਣਾਂ ਨੀਰ ਵਹਾਇਆ । ਤੇਰੇ ਚਰਨ ਕਵਲ ਨਾ ਸਕੇ ਛੋਹ, ਛੋਹਰੇ ਬਾਂਕੇ ਧੀਰ ਨਾ ਕੋਇ ਧਰਾਇਆ । ਦਰਗਹਿ ਸਾਚੀ ਮਿਲੇ ਨਾ ਢੋਆ ਢੋ, ਦਰ ਦਰਵੇਸ਼ ਬੈਠੇ ਅਲਖ ਜਗਾਇਆ । ਤੁਧ ਬਿਨ ਨਜ਼ਰ ਨਾ ਆਏ ਕੋ, ਉਚੀ ਕੂਕ ਕੂਕ ਅਲਾਇਆ । ਪਰਵਰਦਿਗਾਰ ਬੇਪਰਵਾਹ ਤੇਰਾ ਤੁਟਾ ਮੋਹ, ਮੋਹ ਮੁਹੱਬਤ ਜਗਤ ਵਿਚ ਫਸਾਇਆ । ਅੱਲਾ ਰਾਣੀ ਖੁਲ੍ਹੀ ਮੀਂਡੀ ਰਹੀ ਖੋਹ, ਸੀਸ ਪੱਟੀ ਨਾ ਕੋਇ ਗੁੰਦਾਇਆ । ਮਹਿੰਦੀ ਲਾਲ ਰੰਗ ਨਾ ਵੇਖੇ ਕੋ, ਰੰਗਣ ਏਕਾ ਨਾਮ ਨਾ ਕੋਇ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਇਆ । ਪੀਰ ਪੈਗ਼ੰਬਰ ਦੋਏ ਜੋੜ, ਸਯਦਾ ਸੀਸ ਝੁਕਾਈਆ । ਸ਼ਾਹ ਸਵਾਰ ਜਾਈਂ ਬੌਹੜ, ਬੌਹੜੀ ਬੌਹੜੀ ਰਹੇ ਕੁਰਲਾਈਆ । ਉਮਤ ਉਮਤੀ ਬੂਟਾ ਹੋਇਆ ਕੌੜ, ਰਸ ਮਿਠਾ ਨਾ ਕੋਇ

ਰਖਾਈਆ । ਚੌਦਾਂ ਤਬਕਾਂ ਦਿਸੇ ਲੱਗਾ ਪੌੜ, ਡੰਡਾ ਕੋਇ ਰਹਿਣ ਨਾ ਪਾਈਆ । ਮੁਰੀਦ ਮੁਰਸ਼ਦ ਵੇਖੀ ਕਰਕੇ ਗ਼ੌਰ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਈਆ । ਆਬ ਹਯਾਤ ਦੇਣਾ ਕਰਬਲਾ ਲੱਗੀ ਔੜ, ਔਕੜ ਅੰਤਮ ਪੂਰ ਕਰਾਈਆ । ਨੌਂ ਖੰਡ ਪ੍ਰਿਥਮੀ ਵੇਖਿਆ ਦੌੜ ਦੌੜ, ਪਾਂਧੀ ਪੰਧ ਨਾ ਕੋਇ ਮੁਕਾਈਆ । ਤੇਰਾ ਅਸਵ ਮਾਰੇ ਇਕੋ ਪੌੜ, ਚੌਥੇ ਜੁਗ ਡੇਰਾ ਢਾਹੀਆ । ਸਾਹਿਬ ਸੁਲਤਾਨ ਹੱਥ ਤੇਰੇ ਡੋਰ, ਜਿਉਂ ਭਾਵੇ ਲਵੇਂ ਚਲਾਈਆ । ਤੇਰੇ ਬਰਦੇ ਤੇਰੇ ਦਰ ਖਾਲੀ ਦੇਣਾ ਨਾ ਮੋੜ, ਦੋਏ ਜੋੜ ਸੀਸ ਝੁਕਾਈਆ । ਅੰਤ ਅੰਤ ਪ੍ਰਭ ਤੇਰੀ ਲੋੜ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਨਿਰਗੁਣ ਸਰਗੁਣ ਜਾਣਾ ਨਾ ਛੋੜ, ਬੰਧਨ ਆਪਣਾ ਏਕਾ ਪਾਈਆ । ਨਿੱਕੇ ਬਾਲੇ ਛੋਟੇ ਛੋਹਰ, ਸ਼ਰਅ ਹੱਥ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਇਕ ਸਲਾਮ, ਦੂਸਰ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਇਕੋ ਰਾਮ, ਰਹੀਮ ਰਹਿਮਾਨ ਦਇਆ ਕਮਾਈਆ । ਜੁਗਾ ਜੁਗੰਤਰ ਸਾਚਾ ਕਾਹਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਦਏ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਸਾਚੀ ਦਰਗਹਿ ਸਚ ਅਮਾਮ, ਸਿਰ ਅਮਾਮਾਂ ਡੇਰਾ ਲਾਈਆ । ਮੰਤਰ ਦੇਵਣਹਾਰਾ ਸਤਿਨਾਮ, ਨਾਨਕ ਨਾਨਕਿ ਨਾਨਕੁ ਕਰੇ ਪੜ੍ਹਾਈਆ । ਗੋਬਿੰਦ ਮੇਲਾ ਚਰਨ ਧਿਆਨ, ਗੁਰ ਚੇਲਾ ਰੂਪ ਵਟਾਈਆ । ਸਚਖੰਡ ਨਿਵਾਸੀ ਤੇਰਾ ਸਚ ਨਿਸ਼ਾਨ, ਸਚ ਟਿਕਾਣਾ ਇਕ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖੇ ਵਿਚ ਜਹਾਨ, ਦੋਏ ਦੋਏ
੧੦੭੯ ਆਪਣਾ ਰੂਪ ਵਟਾਈਆ । ਪੀਰ ਪੈਗ਼ੰਬਰ ਦੇਵਣਹਾਰਾ ਦਾਨ, ਦਾਤਾ ਦਾਨੀ ਨਾਉਂ ਧਰਾਈਆ । ਸੇਜ ਸੁਹੰਜਣੀ ਕਰੇਂ ਬਿਸਰਾਮ, ਆਸ਼੍ਰਮ ਆਪਣਾ ੧੦੭੯
ਨਾ ਕਿਸੇ ਵਖਾਈਆ । ਜੰਨਤ ਬਹਿਸ਼ਤ ਸਰਬ ਕੁਰਲਾਣ, ਸਵਰਗ ਨੈਣਾਂ ਨੀਰ ਵਹਾਈਆ । ਤੁਧ ਬਿਨ ਥਿਰ ਕੋਇ ਨਾ ਦਿਸੇ ਮਕਾਨ, ਮਕਬਰਾ
੧੨ ਸਰਬ ਨਜ਼ਰੀ ਆਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਸ਼ਹਿਨਸ਼ਾਹ ਤੇਰੀ ਸੱਚੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੨
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਮੰਗ ਮੰਗਾਈਆ । ਦਰ ਤੇਰਾ ਇਕੋ ਲਿਆ ਮੰਗ, ਮੰਗਤ ਬੈਠੇ ਡੇਰਾ ਲਾਈਆ । ਸਾਹਿਬ ਸਤਿਗੁਰ ਚਾੜ੍ਹੇ ਰੰਗ, ਰੰਗ ਉਤਰ ਕਦੇ ਨਾ ਜਾਈਆ । ਨੌਬਤ ਨਾਮ ਵੱਜੇ ਮਰਦੰਗ, ਦੋ ਜਹਾਨਾਂ ਕਰੇ ਸ਼ਨਵਾਈਆ । ਲੱਖ ਚੁਰਾਸੀ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਲੇਖਾ ਜਾਣ ਖੰਡ ਬ੍ਰਹਿਮੰਡ, ਬ੍ਰਹਿਮਾਂਡ ਕਰੇ ਪੜ੍ਹਾਈਆ । ਭੇਵ ਚੁਕਾਵੇ ਜੇਰਜ ਅੰਡ, ਉਤਭੁਜ ਸੇਤਜ ਖੋਜ ਖੋਜਾਈਆ । ਲੇਖਾ ਜਾਣੇ ਨੌ ਖੰਡ, ਸੱਤ ਦੀਪ ਵੇਸ ਵਟਾਈਆ । ਨਾਤਾ ਤੋੜੇ ਲੱਖ ਚੁਰਾਸੀ ਨਾਰ ਰੰਡ, ਦੁਹਾਗਣ ਕੋਇ ਰਹਿਣ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸੁਣਾਏ ਸਾਚਾ ਛੰਦ, ਅੱਖਰ ਵੱਖਰ ਕਰ ਪੜ੍ਹਾਈਆ । ਜੁਗ ਚੌਕੜੀ ਟੁੱਟੀ ਗੰਢ, ਗੰਢਣਹਾਰ ਗੋਪਾਲ ਤੇਰੀ ਇਕੋ ਇਕ ਸਰਨਾਈਆ । ਨਾਮ ਨਿਧਾਨਾ ਸਾਚਾ ਵੰਡ, ਵਰਭੰਡ ਦਏ ਦੁਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਪੈ ਜਾਏ ਠੰਡ, ਦੀਨ ਮਜ਼੍ਹਬ ਨਜ਼ਰ ਕੋਇ ਨਾ ਆਈਆ । ਕੂੜ ਕੁੜਿਆਰੇ ਢਾਹ ਕੰਧ, ਦੂਈ ਤਵੈਤੀ ਮੇਟ ਮਿਟਾਈਆ । ਇਕੋ ਨਾਮ ਚੰਡ ਪਰਚੰਡ, ਪਰਚੰਡਕਾ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਸਾਚਾ ਵਰ ਦੇ ਭਗਵਾਨ, ਪਰਵਰਦਿਗਾਰ ਤੇਰੇ ਹੱਥ ਵਡਿਆਈਆ । ਹਉਂ ਬਾਲਕ ਬਾਲੀ ਬੁਧ ਅੰਞਾਣ, ਦਰ ਤੇਰੇ ਚਲੇ ਨਾ ਕੋਇ ਚਤੁਰਾਈਆ । ਪੀਰ ਪੈਗ਼ੰਬਰ

੧੦੮੦
੧੨

ਸਰਬ ਕੁਰਲਾਣ, ਆਪ ਆਪਣਾ ਮਾਣ ਗਵਾਈਆ । ਤੇਰੀ ਸਰਨੀ ਡਿਗੇ ਆਣ, ਡਿਗਿਆਂ ਬਾਂਹੋਂ ਪਕੜ ਲਏ ਉਠਾਈਆ । ਸਤਿ ਪੁਰਖ ਨਿਰੰਜਣ
ਇਕੋ ਦੇਣਾ ਸਚ ਗਿਆਨ, ਆਪ ਆਪਣਾ ਨਾਮ ਸਮਝਾਈਆ । ਕਲਜੁਗ ਅੰਤਮ ਲੇਖਾ ਚੁਕੇ ਵਿਚ ਜਹਾਨ, ਲੋਕਮਾਤ ਰਹਿਣ ਨਾ ਪਾਈਆ ।
ਦੀਨ ਮਜ਼੍ਹਬ ਜ਼ਾਤ ਪਾਤ ਸ਼ਰਅ ਸ਼ਰੀਅਤ ਸਰਬ ਮਿਟ ਜਾਣ, ਮੇਟਣਹਾਰੇ ਤੇਰੇ ਹੱਥ ਵਡਿਆਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਲਮਾ ਨਬੀ
ਰਸੂਲ ਰਾਮ ਕ੍ਰਿਸ਼ਨ ਨਾਨਕ ਗੋਬਿੰਦ ਏਕਾ ਗਾਣ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਇਸ਼ਟ ਦੇਵ ਆਤਮ, ਪਰਮਾਤਮ ਬ੍ਰਹਮ ਪਾਰਬ੍ਰਹਮ ਕਰੇ
ਕੁੜਮਾਈਆ । ਉਤਮ ਰੱਖੇ ਆਪਣੀ ਜ਼ਾਤਨ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਵਖਾਏ ਸੱਚਾ ਘਾਟਨ, ਘਾਟਾ ਪਿਛਲਾ
ਦਏ ਮੁਕਾਈਆ । ਨਿਰਗੁਣ ਸਰਗੁਣ ਵਖਾਏ ਹਾਟਨ, ਸਾਚਾ ਹੱਟ ਇਕ ਖੁਲ੍ਹਾਈਆ । ਲੇਖਾ ਜਾਣੇ ਜ਼ਾਹਰ ਬਾਤਨ, ਬਾਤ ਆਪਣੀ ਦਏ ਸਮਝਾਈਆ ।
ਭੇਵ ਚੁਕਾਏ ਮਕਤੂਲ ਕਾਤਲ, ਕਾਤਲਾ ਆਪਣਾ ਨਾਉਂ ਰਖਾਈਆ । ਨੌਂ ਖੰਡ ਪ੍ਰਿਥਮੀ ਚਰਨ ਦਵਾਰ ਧਾਮ ਬਣਾਏ ਮੁਕਦੱਸ ਬਾਤਲ, ਸਰ ਸਰੋਵਰ
ਇਕ ਵਡਿਆਈਆ । ਆਪੇ ਬੈਠਾ ਰਹੇ ਪਾਤਣ, ਕੰਢੀ ਆਪਣਾ ਡੇਰਾ ਲਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੀ ਖੇਲ ਰਚਾਈਆ ।
ਨਿਰਗੁਣ ਸਰਗੁਣ ਬਣੇ ਸਾਥਣ, ਗੁਰ ਅਵਤਾਰ ਪੀਰ ਪੈਗ਼ੰਬਰ ਦਏ ਸਮਝਾਈਆ । ਲਹਿਣਾ ਚੁਕਾਏ ਤ੍ਰਿਲੋਕੀ ਨਾਥਣ, ਨਾਥ ਅਨਾਥਾਂ ਵੇਖ ਵਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ, ਘਰ ਸਾਚਾ ਸਚ ਜਣਾਈਆ ।
ਵਾਹਵਾ ਤੇਰੀ ਕੁਦਰਤ ਸੱਚੇ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਬੇਅੰਤ ਬੇਪਰਵਾਹ ਪਰਵਰਦਿਗਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹੁਕਮ
ਹਾਕਮ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਧੁਰ ਫ਼ਰਮਾਣਾ ਵਡ ਵਡਿਆਈਆ । ਲੇਖਾ ਲਿਖੇ ਕਾਤਬ ਬਣ ਲਿਖਾਰ, ਲਿਖ ਲਿਖ ਲੇਖਾ ਦਏ ਸਮਝਾਈਆ ।
ਪੀਰ ਪੈਗ਼ੰਬਰ ਗੁਰ ਅਵਤਾਰ ਕਰ ਮੁਖ਼ਾਤਬ ਸੁਣਾਏ ਇਕ ਜੈਕਾਰ, ਨਾਅਰਾ ਆਪਣਾ ਨਾਮ ਲਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪਿਛੇ
ਕਰੇ ਤੁਆਕਬ, ਅਭੁੱਲ ਭੁੱਲ ਕਦੇ ਨਾ ਜਾਈਆ । ਵੇਖਣਹਾਰਾ ਸਚ ਇਬਾਦਤ, ਇਬਰਤ ਵੇਖੇ ਥਾਉਂ ਥਾਈਂਆ । ਦੇਵਣਹਾਰਾ ਸਚ ਸਦਾਕਤ,
ਸਦਾ ਸਦਾ ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਨਿੰਦਕ ਸਾਕਤ, ਦੂਤੀ ਦੁਸ਼ਟ ਦਏ ਖਪਾਈਆ । ਬਿਨ ਆਪਣੇ ਆਦਿ ਅੰਤ ਕਿਸੇ
ਨਾ ਦੇਵੇ ਇਜਾਜ਼ਤ, ਗੁਰ ਪੀਰ ਅਵਤਾਰ ਆਪਣੇ ਹੁਕਮੇ ਵਿਚ ਫਿਰਾਈਆ । ਜੁਗ ਚੌਕੜੀ ਚਰਨ ਕਵਲਾਂ ਵਿਚ ਰੱਖੇ ਅਮਾਨਤ, ਅਮਾਨਤ ਇਕੋ
ਇਕ ਟਿਕਾਈਆ । ਕਰ ਸਕੇ ਨਾ ਕੋਇ ਖ਼ਿਆਨਤ, ਲੇਖਾ ਸਭ ਦਾ ਦਏ ਜਣਾਈਆ । ਘਟ ਘਟ ਅੰਤਰ ਕਰੇ ਪਛਾਨਤ, ਬੇਪਹਿਚਾਨ ਨਜ਼ਰ
ਕਿਸੇ ਨਾ ਆਈਆ । ਆਪ ਬਣਿਆ ਰਹੇ ਅਣਜਾਣਤ, ਭੋਲਾ ਭਾਓ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਬੇਪਰਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਹੋ ਇਕੱਠੇ, ਇਕੋ ਆਸ ਲਗਾਈਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਕੱਟੇ ਰੱਸੇ, ਬੰਧਨ
ਕੋਇ ਨਜ਼ਰ ਨਾ ਆਈਆ । ਪਰਮ ਪੁਰਖ ਤੇਰੇ ਪਿਆਰ ਅੰਦਰ ਫਸੇ, ਫਾਸੀ ਅਵਰ ਨਾ ਕੋਇ ਜਣਾਈਆ । ਕਲਜੁਗ ਅੰਤਮ ਸਾਰੇ ਥੱਕੇ, ਆਪਣਾ
ਪੰਧ ਨਾ ਸਕੇ ਕੋਇ ਮੁਕਾਈਆ । ਸਿਖਿਆ ਦੇ ਦੇ ਜਗਤ ਥੱਕੇ, ਸਾਡੀ ਵਾਹ ਨਾ ਚਲੇ ਰਾਈਆ । ਫਿਰ ਫਿਰ ਆਏ ਮਦੀਨੇ ਮੱਕੇ, ਸਾਚੇ ਹੁਜਰੇ
ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਕੂੜੀ ਕਿਰਿਆ ਪਾਣੀ ਭਰਿਆ ਹੁੱਕੇ, ਹੱਕ ਹਕ਼ੀਕ਼ਤ ਨਾ ਕੋਇ ਰਖਾਈਆ । ਤੈਥੋਂ ਡਰਦੇ ਸਾਰੇ ਲੁਕੇ, ਲੁਕ

ਲੁਕ ਲੁਕ ਆਪਣਾ ਵਕ਼ਤ ਲੰਘਾਈਆ । ਕਵਣ ਵੇਲਾ ਪਰਵਰਦਿਗਾਰ ਸਿੰਘ ਸ਼ੇਰ ਏਕਾ ਬੁੱਕੇ, ਕਲਜੁਗ ਭਬਕ ਦਏ ਲਗਾਈਆ । ਬੇਈਮਾਨ ਫੜ ਫੜ ਟੰਗੇ ਪੁੱਠੇ, ਦੋਹਰੀ ਖਲ ਦਏ ਲੁਹਾਈਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕੇ, ਤੀਰ ਨਿਰਾਲਾ ਇਕ ਚਲਾਈਆ । ਦਰੋਹੀ ਖ਼ੁਦਾਏ ਬੂਟੇ ਅੰਤਮ ਸੁੱਕੇ, ਆਬ ਹਯਾਤ ਨਾ ਕੋਇ ਪਿਆਈਆ । ਹੱਕ ਹਕ਼ੀਕਤ ਸਭ ਤੋਂ ਪੁੱਛੇ, ਲਾਸ਼ਰੀਕ ਫੇਰਾ ਪਾਈਆ । ਬਾਂਹੋਂ ਫੜ ਫੜ ਸਾਰੇ ਕੁੱਟੇ, ਬਚਿਆ ਕੋਇ ਰਹਿਣ ਨਾ ਪਾਈਆ । ਕੂੜੀ ਕਿਰਿਆ ਜੜ ਹੱਥੀਂ ਪੁੱਟੇ, ਬੂਟਾ ਫੇਰ ਨਾ ਕੋਇ ਲਗਾਈਆ । ਦਿਨ ਦਿਹਾੜੇ ਸ਼ਾਹ ਪਾਤਸ਼ਾਹ ਰਾਜ ਰਾਜਾਨ ਲੁੱਟੇ, ਖਾਲੀ ਹੱਥ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਕਰ ਸਲਾਹ, ਸੰਸਾ ਸਾਰੇ ਰਹੇ ਚੁਕਾਈਆ । ਕਲਜੁਗ ਅੰਤਮ ਵੇਲਾ ਗਿਆ ਆ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਗਟ ਹੋਵੇ ਬੇਪਰਵਾਹ, ਬੇਪਰਵਾਹ ਧਾਰ ਚਲਾਈਆ । ਪੂਰਬ ਲੇਖਾ ਦਏ ਮੁਕਾ, ਬਾਕੀ ਕੋਇ ਨਜ਼ਰ ਨਾ ਆਈਆ । ਨੌਂ ਖੰਡ ਪ੍ਰਿਥਮੀ ਵੇਖੇ ਥਾਂ ਥਾਂ, ਦੋ ਜਹਾਨਾਂ ਖੋਜ ਖੋਜਾਈਆ । ਜੋ ਜੀਵ ਭੁੱਲ ਗਏ ਨਾਂ, ਤਿਨ੍ਹਾਂ ਫੜ ਫੜ ਦਏ ਸਜ਼ਾਈਆ । ਨਾ ਕੋਇ ਸਹਾਈ ਪਿਤਾ ਮਾਂ, ਭੈਣ ਭਾਈ ਕੰਮ ਕਿਸੇ ਨਾ ਆਈਆ । ਲਹਿਣਾ ਦੇਣਾ ਚੁਕਾਵੇ ਜਿਸ ਖਾਦੀ ਸੂਰ ਗਾਂ, ਏਥੇ ਓਥੇ ਦਏ ਸਜ਼ਾਈਆ । ਗੁਰ ਪੀਰ ਕੋਇ ਨਾ ਪਕੜੇ ਬਾਂਹ, ਸਾਰੇ ਪੱਲੂ ਰਹੇ ਛੁਡਾਈਆ । ਕੋਈ ਨਾ ਕਰੇ ਅੱਗੋਂ ਹਾਂ, ਨੇਤਰ ਨੈਣ ਗਏ ਭੁਵਾਈਆ । ਕਲਜੁਗ ਅੰਤਮ ਮਾਰੇ ਧਾਹ, ਧਰਨੀ ਧਰਤ ਧਵਲ ਹਿਲਾਈਆ । ਮੇਰਾ ਮੁਖ ਕਾਲਾ ਹੋਇਆ ਸਿਆਹ, ਸ਼ਾਹੀ ਸਕੇ ਨਾ ਕੋਇ ਲਾਹੀਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਜੀਵ ਜੰਤਾਂ ਦਿਤਾ ਫਾਹ, ਫਾਂਸੀ ਲੋਕਮਾਤ ਲਟਕਾਈਆ । ਚੌਦਾਂ ਸਦੀਆਂ ਅੱਲਾ ਰਾਣੀ ਹੋਣ ਨਾ ਦਿਤਾ ਨਕਾਹ, ਕੁਵਾਰ ਕੰਨਿਆ ਰਹੀ ਕੁਰਲਾਈਆ । ਅੰਤਮ ਧੱਕਾ ਦੇਵੇ ਲਾ, ਮੂੰਹ ਦੇ ਭਾਰ ਸੁਟਾਈਆ । ਕਲਜੁਗ ਚੌਧਵੀਂ ਸਦੀ ਸੁੱਕਾ ਸਾਹ, ਸਵਾਸ ਸਵਾਸ ਦਏ ਦੁਹਾਈਆ । ਮੈਨੂੰ ਮਿਲੇ ਨਾ ਕੋਈ ਥਾਂ, ਥਨੰਤਰ ਨਜ਼ਰ ਕੋਇ ਨਾ ਆਈਆ । ਪਿਛਾ ਅੱਗਾ ਕੋਈ ਜਾਣੇ ਨਾ, ਏਥੇ ਓਥੇ ਨਾ ਕੋਇ ਸਹਾਈਆ । ਬੁੱਧੀ ਕਾਗ ਰਹੀ ਕੁਰਲਾ, ਕੂੰਜ ਵਿਛੜੀ ਡਾਰ ਦਏ ਦੁਹਾਈਆ । ਪਰਗਟ ਹੋਵੇ ਬੇਪਰਵਾਹ, ਸਭ ਦਾ ਲੇਖਾ ਦਏ ਮੁਕਾਈਆ । ਗ਼ਰੀਬ ਨਿਮਾਣੇ ਗਲੇ ਲਏ ਲਗਾ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਸਿਖਿਆ ਦਏ ਸਮਝਾ, ਸਾਖਿਆਤ ਨਜ਼ਰੀ ਆਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਧਿਆ, ਸੋ ਆਪਣਾ ਧਿਆਨ ਦਏ ਲਗਾਈਆ । ਰਹਿਬਰ ਬਣੇ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਸਬਰ ਪਿਆਲਾ ਦਏ ਪਿਆ, ਜਾਮ ਹਕ਼ੀਕ਼ੀ ਹੱਥ ਉਠਾਈਆ । ਨੌਬਤ ਨਾਮ ਦਏ ਵਜਾ, ਡੰਕਾ ਇਕੋ ਇਕ ਲਗਾਈਆ । ਕੋਝੇ ਕਮਲੇ ਗਲੇ ਲਏ ਲਗਾ, ਦੁਖੀਆਂ ਦਰਦ ਦਏ ਗਵਾਈਆ । ਜਿਸ ਆਪਣਾ ਦਰਸ ਦਏ ਕਰਾ, ਤਿਸ ਦੋ ਜਹਾਨਾਂ ਮਿਲੇ ਵਡਿਆਈਆ । ਸ਼ਰਅ ਕਰਦ ਨਾ ਦੇਵੇ ਕੋਈ ਚਲਾ, ਤਿਖੀ ਧਾਰ ਨਾ ਕੋਇ ਰਖਾਈਆ । ਸਾਚਾ ਮੰਤਰ ਦਏ ਪੜ੍ਹਾ, ਮਨ ਮਨਸਾ ਕਰੇ ਸਫ਼ਾਈਆ । ਅੰਤਰ ਆਤਮ ਬੂਝ ਦਏ ਬੁਝਾ, ਦੂਈ ਦਵੈਤ ਡੇਰਾ ਢਾਹੀਆ । ਸੁਖ ਸਿਹਜੇ ਮੇਲਾ ਲਏ ਮਿਲਾ, ਨਾਰ ਕੰਤ ਖ਼ੁਸ਼ੀ ਮਨਾਈਆ । ਜੋਤੀ ਸ਼ਬਦੀ ਖੇਲ ਖਲਾ, ਸੋਈ ਸੁਰਤੀ ਲਏ ਉਠਾਈਆ । ਕਾਇਆ ਕੋਟ ਗੜ੍ਹ ਦਏ ਵਸਾ, ਸਾਢੇ ਤਿੰਨ ਹੱਥ ਮਾਣ ਦਵਾਈਆ । ਨਿਰਗੁਣ ਜੋਤ ਦਏ ਟਿਕਾ, ਤੇਲ ਬਾਤੀ ਨਾ ਕੋਇ ਰਖਾਈਆ । ਅੰਮ੍ਰਿਤ ਜਾਮ ਦਏ ਪਿਆ, ਨਿਝਰ ਝਿਰਨਾ ਆਪ

ਝਿਰਾਈਆ । ਅਨਹਦ ਰਾਗ ਦਏ ਸੁਣਾ, ਛੱਤੀ ਰਾਗ ਨਾ ਕੋਇ ਪੜ੍ਹਾਈਆ । ਮੱਕਾ ਕਾਅਬਾ ਦਏ ਵਖਾ, ਸਾਚੇ ਹੁਜਰੇ ਫੇਰਾ ਪਾਈਆ । ਨੂਰੋ ਨੂਰ ਜਲਵਾ ਆਪ ਧਰਾ, ਜ਼ਾਹਰ ਜ਼ਹੂਰ ਖੇਲ ਕਰਾਈਆ । ਅੱਲਾ ਮੀਆਂ ਵੇਸ ਵਟਾ, ਮੁਹੱਬਤ ਇਕੋ ਇਕ ਸਮਝਾਈਆ । ਸੁਹਬਤ ਜਾਣੇ ਦੋ ਜਹਾਨ, ਸਾਹਿਬ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਰਹਿਮਤ ਕਰੇ ਆਪ ਖ਼ੁਦਾ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੂਫ਼ੀ ਸਹੀ ਸਲਾਮਤ ਲਏ ਬਚਾ, ਆਰਫ਼ ਉਰਫ਼ਾ ਨਾ ਕਰੇ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਖੇਲ ਮਹਾਨ, ਜੁਗਾ ਜੁਗੰਤਰ ਹੋ ਪਰਧਾਨ, ਨਿਰਗੁਣ ਸਰਗੁਣ ਵੇਖੇ ਆਣ, ਗੁਰਮੁਖ ਗੁਰਸਿਖ ਸੰਤ ਭਗਤ ਭਗਵੰਤ ਕੱਠੇ ਕਰੇ ਆਣ, ਜੁਗ ਚੌਕੜੀ ਜਗਤ ਵਿਛੋੜਾ ਕੱਟਣਹਾਰਾ ਸ਼ਾਹਸਵਾਰਾ ਚੜ੍ਹ ਕੇ ਘੋੜਾ, ਦੋ ਜਹਾਨਾਂ ਸ੍ਰੀ ਭਗਵਾਨ ਸਚ ਨਿਸ਼ਾਨਾ ਵਡ ਮਿਹਰਵਾਨਾ ਜ਼ਿਮੀਂ ਅਸਮਾਨਾਂ ਆਪ ਝੁਲਾਇੰਦਾ । ਪੀਰ ਪੈਗ਼ੰਬਰਾਂ ਦੇ ਪੈਗ਼ਾਮਾ, ਗੁਰ ਅਵਤਾਰ ਜਪਾਏ ਨਾਮਾ, ਭਗਤ ਭਗਵਾਨਾ ਕਰੇ ਪਛਾਨਾ, ਸੰਤਨ ਦੇਵੇ ਸਤਿ ਨਿਸ਼ਾਨਾ, ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਗੁਰਸਿਖਾਂ ਦੇਵੇ ਇਕ ਗਿਆਨਾ, ਅੱਖਰ ਵੱਖਰ ਆਪਣਾ ਨਾਮ ਪੜ੍ਹਾਇੰਦਾ । ਸਤਿਜੁਗ ਸਾਚਾ ਰਾਹ ਚਲਾਨਾ, ਸੋਹੰ ਢੋਲਾ ਸਭ ਨੇ ਗਾਣਾ, ਪੀਰ ਪੈਗ਼ੰਬਰ ਗੁਰ ਅਵਤਾਰਾਂ ਸ਼ੁਕਰ ਮਨਾਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਚ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣੀ ਕਲ ਜਣਾਈਆ ।



✳ ੧੬ ਅੱਸੂ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਗਾਂਧਰਾਂ ✳



ਪਰਵਰਦਿਗਾਰ ਤੇਰੀ ਆਸ, ਪੀਰ ਪੈਗ਼ੰਬਰ ਧਿਆਨ ਲਗਾਈਆ । ਚੌਦਾਂ ਤਬਕ ਹੋਏ ਬੇਆਸ, ਆਬੇ ਹਯਾਤ ਨਾ ਕੋਇ ਪਿਆਈਆ । ਸਦੀ ਚੌਧਵੀਂ ਹੋਏ ਨਿਰਾਸ, ਸਾਚਾ ਸੰਗ ਨਾ ਕੋਇ ਨਿਭਾਈਆ । ਨੇਤਰ ਰੋਵੇ ਪ੍ਰਿਥਮੀ ਆਕਾਸ਼, ਦੀਪ ਲੋਅ ਦੇਣ ਦੁਹਾਈਆ । ਅੰਦਰ ਬਾਹਰ ਨਾ ਕੋਇ ਸਾਥ, ਸਾਚਾ ਸੰਗ ਨਾ ਕੋਇ ਨਿਭਾਈਆ । ਉਮਤ ਉਮਤੀ ਦਿਸੇ ਘਾਟ, ਘਾਟਾ ਪੂਰ ਨਾ ਕੋਇ ਕਰਾਈਆ । ਅੰਤਮ ਨੇੜੇ ਆਈ ਵਾਟ, ਪਾਂਧੀ ਰਹੇ ਪੰਧ ਮੁਕਾਈਆ । ਤੇਰੀ ਨਜ਼ਰ ਨਾ ਆਏ ਸਾਚੀ ਜ਼ਾਤ, ਪਾਕ ਰਸੂਲ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਗੁਰ ਅਵਤਾਰ ਤੱਕਣ ਰਾਹ, ਨੇਤਰ ਨੈਣ ਨੈਣ ਉਠਾਇਆ । ਪੁਰਖ ਅਬਿਨਾਸ਼ੀ ਤੁਧ ਬਿਨ ਦਿਸੇ ਨਾ ਕੋਇ ਮਲਾਹ, ਸਾਚਾ ਬੇੜਾ ਲਏ ਚਲਾਇਆ । ਜੁਗ ਚੌਕੜੀ ਦੇਵੇ ਕਵਣ ਸਲਾਹ, ਸਲਾਹਗੀਰ ਨਾ ਕੋਇ ਅਖਵਾਇਆ । ਚਾਰ ਕੁੰਟ ਹੋਈ ਹੈਰਾਨ, ਦਹਿ ਦਿਸ਼ਾ ਰਹੀ ਕੁਰਲਾਇਆ । ਦੋ ਜਹਾਨ ਨਾ ਪਕੜੇ ਕੋਈ ਬਾਂਹ, ਸਿਰ ਹੱਥ ਨਾ ਕੋਇ ਟਿਕਾਇਆ । ਲੱਖ ਚੁਰਾਸੀ ਰਸਨਾ ਜਿਹਵਾ ਰਹੀ ਗਾ, ਨਾਉਂ ਨਿਰੰਕਾਰਾ ਨਜ਼ਰ ਕਿਸੇ ਨਾ ਆਇਆ । ਕੋਈ ਖਾਏ ਸੂਰ ਕੋਈ ਖਾਏ ਗਾਂ, ਛੁਰੀ ਜ਼ਬਾਹ ਹੱਥ ਉਠਾਇਆ । ਨਿਥਾਵਿਆਂ ਦੇਵੇ ਨਾ ਕੋਇ ਥਾਂ, ਨਿਮਾਣਿਆਂ ਦੇਵੇ ਨਾ ਕੋਇ ਸਰਨਾਇਆ । ਨਾਤਾ ਤੁਟਾ ਭੈਣਾਂ ਭਾਈ ਭਰਾ, ਸਗਲਾ ਸੰਗ ਨਾ ਕੋਇ ਨਿਭਾਇਆ । ਹੰਸ ਬੁੱਧੀ ਹੋਈ ਕਾਂ, ਕਾਗ ਵਾਂਗ ਰਹੇ ਕੁਰਲਾਇਆ । ਸ਼ਾਹ ਪਾਤਸ਼ਾਹ ਦੇਵੇ ਨਾ ਕੋਇ ਠੰਡੀ ਛਾਂ, ਅਗਨੀ ਤਤ ਨਾ ਕਿਸੇ

ਬੁਝਾਇਆ । ਚਾਰੋਂ ਕੁੰਟ ਅੰਧੇਰ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਹਰਿ ਕਾ ਸ਼ਬਦ ਗਏ ਭੁਲਾ, ਗੁਰ ਕਾ ਨਾਉਂ ਨਾ ਕੋਇ ਸੁਣਾਇਆ । ਮੰਦਰ ਮਸਜਦ ਸ਼ਿਵਦਵਾਲੇ ਉਚੀ ਰੋਵਣ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਇਆ । ਤੀਰਥ ਤਟ ਰਹੇ ਕੁਰਲਾ, ਅਠਸਠ ਨੇਤਰ ਨੈਣ ਸ਼ਰਮਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਚਰਨ ਧਿਆਨ ਰਹੇ ਲਗਾ, ਚਰਨ ਕਵਲ ਮਿਲੇ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੇਰੀ ਓਟ ਤਕਾਇਆ । ਭਗਤ ਮੰਗਣ ਇਕੋ ਦਾਨ, ਭਗਵਨ ਅੱਗੇ ਝੋਲੀ ਡਾਹੀਆ । ਕਿਰਪਾ ਕਰ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨੌਂ ਖੰਡ ਪ੍ਰਿਥਮੀ ਸ਼ਰਅ ਹੋਈ ਸ਼ੈਤਾਨ, ਘਰ ਘਰ ਪਈ ਲੜਾਈਆ । ਸਾਚਾ ਦਿਸੇ ਨਾ ਕੋਇ ਈਮਾਨ, ਸਤਿ ਧਰਮ ਨਾ ਕੋਇ ਵਖਾਈਆ । ਸਾਚਾ ਨਾਦ ਨਾ ਸੁਣੇ ਕੋਈ ਨਾਮ, ਰਸਨਾ ਜਿਹਵਾ ਹੋਈ ਹਲਕਾਈਆ । ਆਤਮ ਮਿਲੇ ਨਾ ਪੀਣ ਖਾਣ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਨਿਰਗੁਣ ਜੋਤ ਪਰਕਾਸ਼ ਨਾ ਹੋਏ ਕੋਇ ਭਾਨ, ਰਵ ਸਸ ਅਗਨੀ ਤਤ ਰਹੇ ਤਪਾਈਆ । ਬ੍ਰਹਮ ਪਾਰਬ੍ਰਹਮ ਦੇਵੇ ਨਾ ਕੋਇ ਮਾਣ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਕਾਇਆ ਦਿਸੇ ਸੁੰਞ ਮਕਾਨ, ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਦਿਸੇ ਵੈਰਾਨ, ਵੈਰਾਗੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਸੰਤ ਰੋਵਣ ਕਰਨ ਪੁਕਾਰ, ਉਚੀ ਕੂਕ ਦੇਣ ਦੁਹਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਚੰਦ ਚਾਂਦਨਾ ਨਾ ਕੋਇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਹੋਏ ਵਿਭਚਾਰ, ਸ੍ਰਿਸ਼ਟ ਸਬਾਈ ਹਰਿ ਜੂ ਕੰਤ ਨਾ ਕੋਇ ਹੰਢਾਈਆ । ਸਾਚੇ ਮੰਦਰ ਅੰਦਰ ਨਿਰਗੁਣ

੧੦੮੩ ਸਰਗੁਣ ਕਰੇ ਨਾ ਕੋਇ ਪਿਆਰ, ਸਾਖਿਆਤ ਰੂਪ ਨਾ ਕੋਇ ਵਖਾਈਆ । ਕਾਗ਼ਜ਼ ਕਲਮ ਗਏ ਹਾਰ, ਲਿਖ ਲਿਖ ਥੱਕੀ ਸ਼ਾਹੀਆ । ਸੱਤ ੧੦੮੩

੧੨ ਸਮੁੰਦਰ ਰੋਵਣ ਜ਼ਾਰੋ ਜ਼ਾਰ, ਬਨਾਸਪਤ ਉਚੀ ਕੂਕ ਦਏ ਦੁਹਾਈਆ । ਕਿਸੇ ਮਿਲਿਆ ਨਾ ਸਾਂਝਾ ਯਾਰ, ਸਗਲਾ ਸੰਗ ਨਾ ਕੋਇ ਨਿਭਾਈਆ । ੧੨

ਭਰਮੇ ਭੁੱਲਾ ਜੀਵ ਗਵਾਰ, ਭਰਮ ਗੜ੍ਹ ਨਾ ਕੋਇ ਤੁੜਾਈਆ । ਬਜਰ ਕਪਾਟੀ ਨਾ ਖੁਲਾ ਕਿਵਾੜ, ਆਤਮ ਤਾਕੀ ਕੁੰਡਾ ਨਾ ਕੋਇ ਲਾਹੀਆ । ਤੇਲ ਬਾਤੀ ਦੀਵੇ ਲਏ ਬਾਲ, ਘਰ ਘਰ ਦੀਵਾਲੀ ਰਹੇ ਜਗਾਈਆ । ਨਾਤਾ ਤੋੜੇ ਨਾ ਕੋਇ ਸ਼ਾਹ ਕੰਗਾਲ, ਸ਼ਹਿਨਸ਼ਾਹ ਨਾ ਕੋਇ ਮਿਲਾਈਆ । ਨਾ ਕੋਇ ਸੁਣਾਏ ਮੁਰੀਦਾਂ ਹਾਲ, ਮੁਰਸ਼ਦ ਮਿਲਿਆ ਨਾ ਸੱਚਾ ਮਾਹੀਆ । ਫਲ ਦਿਸੇ ਨਾ ਕਿਸੇ ਡਾਲ, ਲੱਖ ਚੁਰਾਸੀ ਸਿਮਲ ਬੂਟਾ ਨਜ਼ਰੀ ਆਈਆ । ਤੁਧ ਬਿਨ ਕਵਣ ਕਰੇ ਪ੍ਰਿਤਪਾਲ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਤੇਰੀ ਘਾਲਣ ਰਹੇ ਘਾਲ, ਕੀਤੀ ਘਾਲ ਲੇਖੇ ਪਾਈਆ । ਇਕੋ ਮੰਨ ਸਤਿ ਸਵਾਲ, ਬਣ ਸਵਾਲੀ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਸਰਨਾਈਆ । ਗੁਰਮੁਖ ਵੇਖਣ ਤੇਰਾ ਰਾਹ, ਨੇਤਰ ਨੈਣ ਨੈਣ ਉਠਾਇਆ । ਕਵਣ ਕੂਟੇ ਫੇਰਾ ਲਏ ਪਾ, ਪਾਰਬ੍ਰਹਮ ਪ੍ਰਭ ਬੇਪਰਵਾਹਿਆ । ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਇਆ । ਸਾਚੀ ਸਿਖਿਆ ਦਏ ਸਮਝਾ, ਵਰਨ ਬਰਨ ਨਾਤਾ ਤੋੜ ਤੁੜਾਇਆ । ਏਕਾ ਮੰਤਰ ਲਏ ਪੜ੍ਹਾ, ਆਤਮ ਪਰਮਾਤਮ ਰੰਗ ਰੰਗਾਇਆ । ਲੱਗੀ ਬਸੰਤਰ ਦਏ ਬੁਝਾ, ਅੰਮ੍ਰਿਤ ਮੇਘ ਇਕ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਕਵਲ ਮਿਲੇ ਸਰਨਾਇਆ । ਗੁਰਸਿਖ ਰਾਹ ਰਹੇ ਤੱਕ, ਧਿਆਨ ਧਿਆਨ ਵਿਚ

ਲਗਾਈਆ । ਜੰਗਲ ਜੂਹ ਉਜਾੜ ਪਹਾੜ ਫਿਰ ਫਿਰ ਗਏ ਥੱਕ, ਤੇਰਾ ਨੂਰ ਨਜ਼ਰ ਨਾ ਆਈਆ । ਤੇਰਾ ਨੂਰ ਕਰੇ ਨਬੇੜਾ ਹੱਕ, ਹਕੀਕਤ ਤੇਰੇ ਹੱਥ ਵਡਿਆਈਆ । ਤੇਰਾ ਖੇਲ ਪੁਰਖ ਸਮਰਥ, ਜਿਉਂ ਭਾਵੇਂ ਰਿਹਾ ਭੁਵਾਈਆ । ਅਸੀਂ ਸੱਥਰ ਬੈਠੇ ਘਤ, ਯਾਰੜਾ ਨਜ਼ਰ ਕੋਇ ਨਾ ਆਈਆ । ਭਰਮੇ ਭੁੱਲੇ ਮਨਮਤ, ਗੁਰਮਤ ਸੰਗ ਨਾ ਕੋਇ ਰਖਾਈਆ । ਅੰਤਮ ਖੇੜਾ ਦਿਸੇ ਭੱਠ, ਖੰਡਾ ਨਾਮ ਨਾ ਕੋਇ ਚਮਕਾਈਆ । ਚੌਦਾਂ ਤਬਕ ਖ਼ਾਲੀ ਹੱਟ, ਤੇਰਾ ਨਾਉਂ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਪੀਰ ਪੈਗ਼ੰਬਰ ਕਰਨ ਉਡੀਕ, ਨੇਤਰ ਨੈਣ ਨੈਣ ਉਠਾਇਆ । ਕਵਣ ਵੇਲਾ ਪਰਗਟ ਹੋਏ ਲਾਸ਼ਰੀਕ, ਬੇਪਰਵਾਹ ਬੇਪਰਵਾਹਿਆ । ਮੇਟੇ ਅੰਤ ਅੰਧੇਰ ਤਾਰੀਕ, ਸਾਚਾ ਨੂਰ ਕਰੇ ਰੁਸ਼ਨਾਇਆ । ਆਲਮ ਦੱਸੇ ਇਕ ਪ੍ਰੀਤ, ਉਲਮਾ ਕਰੇ ਸਚ ਪੜ੍ਹਾਇਆ । ਸਚ ਨਿਸ਼ਾਨਾ ਮਾਰੇ ਠੀਕ, ਠੀਕਰ ਕੂੜਾ ਭੰਨ ਵਖਾਇਆ । ਮਾਰਗ ਦੱਸੇ ਇਕ ਬਾਰੀਕ, ਦੋਏ ਦੋਏ ਲੋਚਣ ਨਜ਼ਰ ਨਾ ਆਇਆ । ਲੇਖਾ ਜਾਣੇ ਹਸਤ ਕੀਟ, ਊਚ ਨੀਚਾਂ ਵੇਖ ਵਖਾਇਆ । ਜੁਗ ਚੌਕੜੀ ਰਿਹਾ ਜੀਤ, ਬਲ ਆਪਣਾ ਆਪ ਧਰਾਇਆ । ਆਦਿ ਜੁਗਾਦੀ ਠਾਂਡਾ ਸੀਤ, ਸੀਤਲ ਏਕਾ ਧਾਰ ਵਖਾਇਆ । ਕਰੇ ਖੇਲ ਆਪ ਅਨਡੀਠ, ਹਰਿ ਅਨਡਿਠੜੀ ਕਾਰ ਕਮਾਇਆ । ਮੁਕਾਮੇ ਹੱਕ ਗਾਵੇ ਗੀਤ, ਦਰਗਹਿ ਸਾਚੀ ਨਾਅਰਾ ਇਕੋ ਲਾਇਆ । ਇਕੋ ਘਰ ਵਖਾਏ ਮੰਦਰ ਮਸੀਤ, ਸਾਚੇ ਹੁਜਰੇ ਫੇਰਾ ਪਾਇਆ । ਪਰਖਣਹਾਰਾ ਸਭ ਦੀ ਨੀਤ, ਉਮਤ ਉਮਤੀ ਵੇਖ ਵਖਾਇਆ । ਕਰਵਟ ਲੈ ਜੋ ਸੁੱਤਾ ਦੇ ਕਰ ਪੀਠ, ਆਪਣਾ ਪਾਸਾ ਲਏ ਬਦਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖੌਣਾ ਸਾਚਾ ਘਰ, ਘਰ ਸੱਚਾ ਇਕੋ ਪਾਇਆ । ਗੁਰ ਅਵਤਾਰ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਸੋ ਪੁਰਖ ਨਿਰੰਜਣ ਨਾਉਂ ਸਾਰੇ ਰਹੇ ਬੋਲ, ਸਚਖੰਡ ਦਵਾਰੇ ਵੱਜੇ ਵਧਾਈਆ । ਹਰਿ ਪੁਰਖ ਨਿਰੰਜਣ ਤੋਲਣਹਾਰਾ ਤੋਲ, ਏਕਾ ਕੰਡਾ ਹੱਥ ਉਠਾਈਆ । ਏਕੰਕਾਰ ਰਹੇ ਅਡੋਲ, ਡੋਲ ਕਦੇ ਨਾ ਜਾਈਆ । ਆਦਿ ਨਿਰੰਜਣ ਨਿਰਗੁਣ ਜੋਤ ਵਜਾਏ ਢੋਲ, ਢੋਲਾ ਆਪਣਾ ਨਾਉਂ ਰਖਾਈਆ । ਅਬਿਨਾਸ਼ੀ ਕਰਤਾ ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾਏ ਉਪਰ ਧੌਲ, ਧਰਨੀ ਧਰਤ ਦਏ ਵਡਿਆਈਆ । ਪਾਰਬ੍ਰਹਮ ਪ੍ਰਭ ਅੰਤਮ ਕਰੇ ਭਾਰ ਹੌਲ, ਹੌਲਾ ਭਾਰ ਦਏ ਵਖਾਈਆ । ਸਦਾ ਸੁਹੇਲਾ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਅੰਦਰ ਵੜ ਵੜ ਕਰੇ ਚੋਲ, ਪ੍ਰੇਮ ਪ੍ਰੀਤੀ ਇਕ ਨਿਭਾਈਆ । ਰਸਨਾ ਜਿਹਵਾ ਨਾ ਬੋਲੇ ਬੋਲ, ਬੱਤੀ ਦੰਦ ਨਾ ਕੋਇ ਸਾਲਾਹੀਆ । ਸਚ ਦਵਾਰਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਦਏ ਮਿਲਾਈਆ । ਮਾਣਕ ਮੋਤੀ ਲਏ ਵਰੋਲ, ਕਿਰਪਾ ਕਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਭਗਵਾਨ ਮੰਗਣ ਮੰਗ, ਇਕੋ ਆਸ ਰਖਾਈਆ । ਸਾਹਿਬ ਸੁਲਤਾਨ ਦੇ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਨਿਰਗੁਣ ਨੂਰ ਚੜ੍ਹੇ ਚੰਦ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਗੀਤ ਸੁਹਾਗੀ ਇਕੋ ਛੰਦ, ਸੋਹੰ ਢੋਲਾ ਲਈਏ ਗਾਈਆ । ਨੰਗੀ ਹੋਵੇ ਨਾ ਸਾਡੀ ਕੰਡ, ਏਥੇ ਓਥੇ ਹੋ ਸਹਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਤੇਰੀ ਵਡਿਆਈਆ । ਨਾਤਾ ਤੁਟੇ ਦੁਹਾਗਣ ਰੰਡ, ਘਰ ਮਿਲੇ ਸੱਚਾ ਮਾਹੀਆ । ਦਾਤਾ ਦਾਨੀ ਸੂਰਾ ਸਰਬੰਗ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਕਵਣ ਵੇਲਾ ਘਰ ਨਿਮਾਣੀ ਆਏ ਲੰਘ, ਪ੍ਰੀਤੀ ਕਵਲ ਕਵਲ ਚਰਨ ਇਕ ਤਕਾਈਆ । ਆਤਮ ਸੇਜਾ

ਬੈਠਾ ਪਲੰਘ, ਸਚ ਸੁਹਾਗ ਦਏ ਵਖਾਈਆ । ਜਨਮ ਜੁਗ ਦੀ ਟੁੱਟੀ ਗੰਢ, ਏਕਾ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਭਾਈਆ । ਗੁਰਸਿਖ ਸੋਹੇ ਚਰਨ ਦਵਾਰ, ਚਰਨ ਕਵਲ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਮਿਲੇ ਸਾਂਝਾ ਯਾਰ, ਮਿਲ ਮਿਲ ਆਪਣਾ ਖੇਲ ਵਖਾਇਆ । ਨੌਂ ਸੌ ਚੁਰਾਨਵੇ ਚੌਕੜੀ ਗਈ ਹਾਰ, ਕਲਜੁਗ ਵੇਲਾ ਅੰਤਮ ਆਇਆ । ਸੱਚਾ ਦਿਸੇ ਨਾ ਕੋਇ ਯਾਰ, ਮਿੱਤਰ ਪਿਆਰਾ ਸੰਗ ਨਾ ਕੋਇ ਨਿਭਾਇਆ । ਨਾਰੀ ਕਰੇ ਨਾ ਕੰਤ ਪਿਆਰ, ਸੇਜ ਸੁਹੰਜਣੀ ਨਾ ਕੋਇ ਸੁਹਾਇਆ । ਘਰ ਘਰ ਦਿਸੇ ਜਗਤ ਵਿਭਚਾਰ, ਕੂੜੀ ਕਿਰਿਆ ਰੰਗ ਰੰਗਾਇਆ । ਜੂਠ ਝੂਠ ਵਣਜ ਵਪਾਰ, ਕਲਜੁਗ ਆਪਣਾ ਹੱਟ ਚਲਾਇਆ । ਨੌਂ ਖੰਡ ਪ੍ਰਿਥਮੀ ਗਈ ਹਾਰ, ਸਤਿ ਸੰਤੋਖ ਨਾ ਕੋਇ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਰਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਧਿਆਨ ਧਿਆਨ ਵਿਚ ਲਗਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਅੰਤਮ ਤੁੱਟਾ ਸਾਡਾ ਮਾਣ, ਅਭਿਮਾਨ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਹੁੰਦੀ ਦਿਸੇ ਵੈਰਾਨ, ਸਿਰ ਹੱਥ ਨਾ ਕੋਇ ਟਿਕਾਈਆ । ਬੇਪਰਵਾਹ ਤੇਰਾ ਭੁੱਲਿਆ ਗਾਨ, ਗਾ ਗਾ ਸ਼ੁਕਰ ਨਾ ਕੋਇ ਮੰਨਾਈਆ । ਭਰਮੇ ਭੁੱਲੇ ਰਾਜ ਰਾਜਾਨ, ਸ਼ਹਿਨਸ਼ਾਹ ਸ਼ਾਹ ਸ਼ਾਹੀ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਵਖਾਏ ਖੁਲੜੇ ਕੇਸ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਮੇਰਾ ਅੰਤਮ ਲੱਥਾ ਵੇਸ, ਕੂੜੀ ਕਿਰਿਆ ਮੇਰੇ ਭਾਰ ਦਬਾਈਆ । ਸਾਹਿਬ ਸਤਿਗੁਰ ਸਚ ਸਵਾਣੀ ਵੇਖ, ਨਿਹਕਾਮੀ ਨਿਹਕਰਮੀ ਤੇਰੇ ਹੱਥ ਵਡਿਆਈਆ । ਮੇਰੀ ਚਲੇ ਨਾ ਕੋਇ ਪੇਸ, ਬਲਹੀਣ ਦਏ ਦੁਹਾਈਆ । ਸੰਦੇਸਾ ਦੇ ਕੇ ਗਿਆ ਦਸ ਦਸ਼ਮੇਸ਼, ਪੁਰਖ ਨਿਰੰਜਣ ਆਵੇ ਸੱਚਾ ਮਾਹੀਆ । ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡ ਮੁੰਡਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਵੇਖਣਹਾਰਾ ਨੇਤਨ ਨੇਤ, ਆਪਣਾ ਵੇਸ ਵਟਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖੇ ਖੇਡ, ਬਣ ਕਿਰਸਾਣਾ ਫੇਰਾ ਪਾਈਆ । ਮੈਂ ਕੋਝੀ ਕਮਲੀ ਕਰੇ ਹੇਤ, ਮੇਰਾ ਦੁਖੜਾ ਦਏ ਗਵਾਈਆ । ਮੇਰੇ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਖੇਡ, ਮੇਰਾ ਦੁੱਖ ਨਾ ਕੋਇ ਵੰਡਾਈਆ । ਰੁੱਤ ਬਸੰਤੀ ਨਾ ਮੌਲੇ ਚੇਤ, ਕਲਜੁਗ ਆਪਣੀ ਖ਼ਿਜ਼ਾਂ ਵਖਾਈਆ । ਚਾਰੋਂ ਕੁੰਟ ਅਗਨੀ ਤਪੇ ਜੇਠ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਕਰ ਸਲਾਮ, ਅਲੈਕਮ ਏਕਾ ਵਾਰ ਜਣਾਈਆ । ਪਰਵਰਦਿਗਾਰ ਤੇਰਾ ਸਚ ਪੈਗ਼ਾਮ, ਕਾਇਨਾਤ ਪੜ੍ਹਾਈਆ । ਸ਼ਾਹ ਸੁਲਤਾਨ ਤੂੰ ਵਡ ਅਮਾਮ, ਈਮਾਨ ਤੇਰੇ ਉਤੇ ਰਖਾਈਆ । ਹਉਂ ਬਰਦੇ ਬਣੇ ਗ਼ੁਲਾਮ, ਗ਼ੁਰਬਤ ਕੋਇ ਰਹਿਣ ਨਾ ਪਾਈਆ । ਚੌਦਾਂ ਸਦੀਆਂ ਬਣੇ ਰਹੇ ਅਣਜਾਣ, ਤੇਰਾ ਅੰਤ ਨਜ਼ਰ ਨਾ ਆਈਆ । ਉਮਤ ਉਮਤੀ ਨਾ ਸਕੇ ਪਛਾਣ, ਅੱਲਾ ਰਾਣੀ ਨਾ ਪਰਦਾ ਲਾਹੀਆ । ਨੇਤਰ ਨੈਣ ਸਰਬ ਸ਼ਰਮਾਣ, ਅੱਖ ਪਰਤੱਖ ਨਾ ਕੋਇ ਵਖਾਈਆ । ਕਲਮਾ ਨਬੀ ਨਾ ਕੋਇ ਗਾਣ, ਤੀਸ ਬਤੀਸ ਨਾ ਕੋਇ ਪੜ੍ਹਾਈਆ । ਅਲਫ਼ ਯੇ ਨਾ ਕੋਇ ਕਲਾਮ, ਕਲਮਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤਮ


੧੦੮੫
੧੨

੧੦੯੬
੧੨

ਮੇਲਾ ਲੈ ਮਿਲਾਈਆ । ਗੁਰ ਅਵਤਾਰ ਰਖ ਆਸ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ । ਕਲਜੁਗ ਅੰਤ ਬੁਝਾਏ ਪਿਆਸ, ਪੁਰਖ ਅਬਿਨਾਸ਼ੀ ਫੇਰਾ ਪਾਇਆ । ਰਾਹ ਤੱਕੇ ਗੋਪੀ ਕਾਹਨ ਮੰਡਲ ਰਾਸ, ਰਾਮ ਰਮੱਯਾ ਧਿਆਨ ਲਗਾਇਆ । ਕਵਣ ਵੇਲਾ ਦੇਵੇ ਸਾਥ, ਸਮਰਥ ਆਪਣਾ ਸੰਗ ਨਿਭਾਇਆ । ਵੇਖੇ ਖੇਲ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਇਆ । ਪਰਗਟ ਹੋਏ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਬਿਨ ਦੂਜਾ ਅਵਰ ਨਾ ਕੋਇ ਸਹਾਇਆ । ਭਗਤ ਭਗਵਾਨ ਓਟ ਲਈ ਰੱਖ, ਦੂਸਰ ਆਸ ਨਾ ਕੋਇ ਤਕਾਈਆ । ਕਵਣ ਵੇਲਾ ਹੋਏ ਪਰਤੱਖ, ਪਾਰਬ੍ਰਹਮ ਬੇਪਰਵਾਹੀਆ । ਜੁਗ ਜੁਗ ਭਗਤਾਂ ਕਰਦਾ ਆਇਆ ਪੱਖ, ਨਿਤ ਨਵਿਤ ਵੇਖ ਵਖਾਈਆ । ਕਲਜੁਗ ਅੰਤਮ ਮਾਰਗ ਦੇਵੇ ਦੱਸ, ਬਣ ਰਹਿਬਰ ਫੇਰਾ ਪਾਈਆ । ਹਿਰਦੇ ਅੰਦਰ ਜਾਣਾ ਵਸ, ਦੂਜਾ ਦਰ ਨਾ ਕੋਇ ਵਖਾਈਆ । ਇਕੋ ਤੀਰ ਨਿਰਾਲਾ ਮਾਰ ਕਸ, ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਦੀ ਦਰਦੀਆਂ ਦਰਦ ਵੰਡਾਈਆ । ਗੁਰਸਿਖ ਮੰਗਣ ਚਰਨ ਧੂੜ, ਨੇਤਰ ਨੈਣ ਉਠਾਇਆ । ਕਲਜੁਗ ਨਾਤਾ ਦਿਸੇ ਕੂੜ, ਕੂੜੀ ਕਿਰਿਆ ਬੰਧਨ ਪਾਇਆ । ਮਾਇਆ ਮਮਤਾ ਕੀਤੇ ਮੂੜ੍ਹ, ਅਗਿਆਨ ਅੰਧੇਰ ਵਧਾਇਆ । ਕੋਈ ਨਾ ਬਖ਼ਸ਼ੇ ਤੇਰਾ ਨੂਰ, ਕੋਟਨ ਕੋਟ ਸਾਧ ਸੰਤ ਬੈਠੇ ਆਸਣ ਲਾਇਆ । ਕੋਇ ਨਾ ਹੋਏ ਆਸਾ ਪੂਰ, ਮਨਸਾ ਮਨਸਾ ਦਏ ਖਪਾਇਆ । ਦੀਨ ਮਜ਼੍ਹਬ ਰਹੇ ਘੂਰ, ਦਰ ਦਵਾਰ ਰਹੇ ਡਰਾਇਆ । ਸ਼ਰਾ ਸ਼ਰੀਅਤ ਪਾਇਆ ਜੂੜ, ਫੰਦ ਸਕੇ ਨਾ ਕੋਇ ਕਟਾਇਆ । ਪੁਰਖ ਅਬਿਨਾਸ਼ੀ ਪਰਗਟ ਹੋ ਜ਼ਰੂਰ, ਤੁਧ ਬਿਨ ਬੇੜਾ ਪਾਰ ਨਾ ਕੋਇ ਕਰਾਇਆ । ਸਾਡਾ ਮੁੱਕਾ ਅੰਤ ਸ਼ਊਰ, ਸ਼ਹਿਨਸ਼ਾਹ ਸਿਰ ਹੱਥ ਨਾ ਕੋਇ ਟਿਕਾਇਆ । ਕਰ ਕਿਰਪਾ ਬਖ਼ਸ਼ ਕਸੂਰ, ਦੀਨਾਂ ਨਾਥ ਹੋ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਮੰਗ ਮੰਗਾਇਆ । ਦਰ ਮੰਗੇ ਵਿਸ਼ਨ ਬ੍ਰਹਮਾ ਸ਼ਿਵ, ਦੋਏ ਜੋੜ ਚਰਨ ਕਵਲ ਸੀਸ ਝੁਕਾਈਆ । ਕਲਜੁਗ ਅੰਤਮ ਤੇਰੀ ਲੋੜ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਦੋ ਜਹਾਨਾਂ ਆਪੇ ਬੌਹੜ, ਬੌਹੜੀ ਬੌਹੜੀ ਦੇਣ ਸੁਣਾਈਆ । ਕਲਜੁਗ ਰੀਠਾ ਹੋਇਆ ਕੌੜ, ਮਿਠਾ ਰਸ ਨਾ ਕੋਇ ਭਰਾਈਆ । ਸਚ ਦਵਾਰੇ ਦਿਸੇ ਨਾ ਲੱਗਾ ਪੌੜ, ਪੌੜਾ ਨਾਮ ਹੱਥ ਨਾ ਕੋਇ ਫੜਾਈਆ । ਭੇਵ ਨਾ ਪਾਏ ਬ੍ਰਹਿਮਣ ਗੌੜ, ਪੂਤ ਸਪੂਤਾ ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਤੇਰੇ ਨਾਮ ਦੀ ਲੱਗੀ ਔੜ, ਸਤਿ ਪਿਆਲਾ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਤ੍ਰੈਗੁਣ ਮਾਇਆ ਪਈ ਹੱਸ, ਹੰਸ ਮੁਖ ਰਹੀ ਜਣਾਈਆ । ਲੱਖ ਚੁਰਾਸੀ ਹੋਈ ਮੇਰੇ ਵਸ, ਪੱਲੂ ਸਕੇ ਨਾ ਕੋਇ ਛੁਡਾਈਆ । ਮੈਂ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ, ਚਰਨਾਂ ਹੇਠਾਂ ਦੇਵਾਂ ਝੱਸ, ਖ਼ਾਕੀ ਖ਼ਾਕ ਮਿਲਾਈਆ । ਅਜੇ ਨਾ ਕਰਾਂ ਆਪਣੀ ਬੱਸ, ਸਾਧਾਂ ਸੰਤਾਂ ਮਤ ਗਵਾਈਆ । ਘਰ ਘਰ ਵੇਖਾਂ ਨੱਸ ਨੱਸ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਦਵਾਰ ਮੰਦਰ ਮਸਜਦ ਮਠ ਸ਼ਿਵਦਵਾਲੇ ਰਹਿਣ ਨਾ ਦੇਣੀ ਗੁਰਮਤ, ਮਨਮਤ ਕਰਾਂ ਲੜਾਈਆ । ਨਾੜ ਬਹੱਤਰ ਉਬਲੇ ਰੱਤ, ਰੱਤੀ ਰੱਤ ਰੱਤ ਸੁਕਾਈਆ । ਕਿਸੇ ਦਾ ਰਹਿਣ ਨਾ ਦੇਵਾਂ ਧੀਰਜ ਜਤ, ਸਤਿ ਸੰਤੋਖ ਨਾ ਕੋਇ ਵਖਾਈਆ । ਮਾਂ ਪੁੱਤਰ ਰਲ ਬਹੇ ਜਗ, ਭੈਣ ਭਈਆ

ਸੰਗ ਨਿਭਾਈਆ । ਕਲਜੁਗ ਬੂਟਾ ਰਿਹਾ ਪੱਕ, ਗੋਬਿੰਦ ਬਾਲੇ ਨੀਹਾਂ ਹੇਠ ਦਬਾਈਆ । ਕਲਜੁਗ ਅੰਤਮ ਕਿਸੇ ਨਾ ਰਹੇ ਸ਼ਕ, ਹਰਿ ਜੂ ਸ਼ਿਕਵਾ ਸਭ ਦਾ ਦਏ ਗਵਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਿਖਿਆ ਦੇ ਦੇ ਗਏ ਅੱਕ, ਸਿਖਿਆ ਸਮਝ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵਣਹਾਰਾ ਨੱਥ, ਡੋਰੀ ਇਕੋ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੇਰਾ ਲਹਿਣਾ ਦੇ ਮੁਕਾਈਆ । ਪੰਜ ਤਤ ਕਰੇ ਵਿਚਾਰ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਧਿਆਨ ਲਗਾਈਆ । ਚਾਰੋਂ ਕੁੰਟ ਤਪੇ ਅੰਗਿਆਰ, ਦਹਿ ਦਿਸ਼ਾ ਏਕਾ ਅਗਨ ਵਖਾਈਆ । ਹਰ ਘਟ ਹੋਇਆ ਕਾਮ ਕਰੋਧ ਲੋਭ ਮੋਹ ਹੰਕਾਰ, ਆਪਣਾ ਬਲ ਜਣਾਈਆ । ਆਸਾ ਤ੍ਰਿਸਨਾ ਕਰੇ ਪਿਆਰ, ਹਉਮੇ ਹੰਗਤਾ ਸੰਗ ਨਿਭਾਈਆ । ਮਾਇਆ ਮਮਤਾ ਵਿਚ ਸੰਸਾਰ, ਜੂਠ ਝੂਠ ਕਰੀ ਕੁੜਮਾਈਆ । ਕੂੜੀ ਕਿਰਿਆ ਜਗਤ ਸ਼ੰਗਾਰ, ਨਾਮ ਨੇਤਰ ਕੱਜਲ ਨਾ ਪਾਈਆ । ਸਾਚੀ ਸੇਜਾ ਮਿਲੇ ਨਾ ਕੰਤ ਭਤਾਰ, ਲੱਖ ਚੁਰਾਸੀ ਭੋਗ ਬਲਾਸ ਕਰਾਈਆ । ਇਕੋ ਭੁੱਲਿਆ ਹਰਿ ਕਰਤਾਰ, ਪੰਜ ਤਤ ਰੋਵੇ ਦਏ ਦੁਹਾਈਆ । ਮਨ ਮਤ ਬੁਧ ਨਾ ਸਕੇ ਕੁਛ ਵਿਚਾਰ, ਨਾ ਕੋਈ ਚਲੇ ਅੰਤ ਚਤੁਰਾਈਆ । ਬਿਨ ਸਤਿਗੁਰ ਕਿਰਪਾ ਕੋਇ ਨਾ ਉਤਰੇ ਪਾਰ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਸਚ ਸੰਦੇਸਾ ਇਕ ਅਲਾਇੰਦਾ । ਤ੍ਰੈਗੁਣ ਤੇਰਾ ਤੋੜੇ ਮਾਣ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਪੰਜ ਤਤ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਤੇਈ ਅਵਤਾਰ ਉਠਾਏ ਆਣ, ਸੋਇਆ ਕੋਇ ਰਹਿਣ ਨਾ ਪਾਇੰਦਾ । ਈਸਾ ਮੂਸਾ ਦੇਵੇ ਇਕ ਈਮਾਨ, ਚਰਨ ਦਵਾਰ ਇਕ ਜਣਾਇੰਦਾ । ਚਾਰ ਯਾਰੀ ਕਰੇ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਏਕਾ ਸਤਿ ਦਏ ਗਿਆਨ, ਨਾਨਕ ਗੋਬਿੰਦ ਰਾਹ ਚਲਾਇੰਦਾ । ਪੰਚਮ ਮੇਲਾ ਵਿਚ ਜਹਾਨ, ਪੰਚਮ ਦਰਗਹਿ ਸਾਚੀ ਧਾਮ ਸੁਹਾਇੰਦਾ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਸਮਝਾਇੰਦਾ । ਕਲਜੁਗ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਲੱਖ ਚੁਰਾਸੀ ਪਕੜੇ ਆਣ, ਭੰਡੀ ਸਰਬ ਜਣਾਇੰਦਾ । ਲੇਖਾ ਚੁੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ, ਅੰਜੀਲ ਕੁਰਾਨ ਆਪਣੇ ਖਾਤੇ ਪਾਇੰਦਾ । ਮਿਹਬਾਨ ਬੀਦੋ ਬੀ ਖ਼ੈਰ ਇਲਾਹੀ ਨੂਰ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਹੱਕ ਮੁਕਾਮੇ ਸਚ ਨਿਸ਼ਾਨ, ਲਾਸ਼ਰੀਕ ਆਪ ਝੁਲਾਇੰਦਾ । ਹੱਕ ਹਕ਼ੀਕ਼ਤ ਦੋ ਜਹਾਨ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਵਸਣਹਾਰਾ ਇਕ ਮਕਾਨ, ਇਕੋ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਜਣਾਇੰਦਾ । ਸਚ ਸੰਦੇਸਾ ਹਰਿ ਨਾਮ ਵੈਰਾਗ, ਵੈਰਾਗੀ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਣਾ ਜਾਗ, ਜਾਗਰਤ ਜੋਤ ਰਿਹਾ ਜਗਾਈਆ । ਗੁਰ ਅਵਤਾਰਾਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਪੀਰ ਪੈਗ਼ੰਬਰ ਲਏ ਨਿਵਾਜ, ਨਿਵਾਜ਼ਸ਼ ਇਕੋ ਇਕ ਸਮਝਾਈਆ । ਮੁਰੀਦ ਮੁਰਸ਼ਦ ਪੂਰਾ ਕਰੇ ਕਾਜ, ਕਰਤਾ ਆਪਣਾ ਫੇਰਾ ਪਾਈਆ । ਨਜ਼ਰੀ ਆਏ ਇਕ ਨਵਾਬ, ਨੌਬਤ ਨਾਮ ਦਏ ਸੁਣਾਈਆ । ਸਚ ਅਹਿਬਾਬ ਵਜਾਏ ਰਬਾਬ, ਤਾਰ ਸਤਾਰ ਨਾ ਕੋਇ ਹਲਾਈਆ । ਸਭ ਨੂੰ ਦੇਵਣਹਾਰਾ ਅਜ਼ਾਬ,

੧੦੮੮ ੧੨

ਵੇਖਣਹਾਰ ਜਗਤ ਲੋਕਾਈਆ । ਦੋ ਜਹਾਨਾਂ ਇਕ ਜਨਾਬ, ਏਕਾ ਹਰਫ਼ ਕਰੇ ਪੜ੍ਹਾਈਆ । ਅਲਫ਼ ਯੇ ਜਿਸ ਦਿਤਾ ਖ਼ਤਾਬ, ਮੁਖ਼ਾਤਬ ਆਪਣੇ ਨਾਲ ਕਰਾਈਆ । ਆਪੇ ਰੱਖਣਹਾਰਾ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਈਆ । ਗੁਰ ਅਵਤਾਰ ਖੋਲ੍ਹੋ ਅੱਖ, ਹਰਿ ਆਖ਼ਰ ਸਭ ਜਣਾਇੰਦਾ । ਨਿਰਗੁਣ ਨਿਰੰਕਾਰ ਹੋ ਪਰਤੱਖ, ਪਰਤੱਖ ਆਪਣਾ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਰਹੇ ਜੋ ਵਖ ਵਖ, ਅੰਤਮ ਏਕਾ ਬੰਧਨ ਪਾਇੰਦਾ । ਦੋ ਜਹਾਨ ਬ੍ਰਹਿਮੰਡਾਂ ਖੰਡਾਂ ਨਾਉਂ ਨਿਰੰਕਾਰਾ ਦੇਵੇ ਦੱਸ, ਦਹਿ ਦਿਸ਼ਾ ਹੁਕਮ ਮਨਾਇੰਦਾ । ਘਟ ਘਟ ਅੰਦਰ ਰਿਹਾ ਵਸ, ਗ੍ਰਹਿ ਗ੍ਰਹਿ ਨਜ਼ਰੀ ਆਇੰਦਾ । ਅੱਗੇ ਕਿਸੇ ਦਾ ਚਲੇ ਨਾ ਕੋਇ ਵਸ, ਸਭ ਦਾ ਲੇਖਾ ਆਪ ਮੁਕਾਇੰਦਾ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣਾ ਰਾਹ ਚਲਾਇੰਦਾ । ਸਾਚਾ ਮਾਰਗ ਦੇਵੇ ਦੱਸ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਜਣਾਇੰਦਾ । ਭਗਤ ਭਗਵਾਨ ਠਾਂਡਾ ਸੀਤਾ, ਮਿੱਤਰ ਪਿਆਰਾ ਦਇਆ ਕਮਾਈਆ । ਜੁਗ ਚੌਕੜੀ ਚਲਾਈ ਰੀਤਾ, ਰੀਤੀਵਾਨ ਫੇਰਾ ਪਾਈਆ । ਦਰਸ ਦਿਖਾਏ ਇਕ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਨਾਤਾ ਤੋੜੇ ਮੰਦਰ ਮਸੀਤਾ, ਕਾਇਆ ਮੰਦਰ ਇਕ ਵਖਾਈਆ । ਧਾਮ ਵਖਾਏ ਸਾਹਿਬ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਪਰਮ ਪੁਰਖ ਪੱਤਤ ਪੁਨੀਤਾ, ਪੱਤਤ ਪਾਵਣ ਪਾਰ ਕਰਾਈਆ । ਲਹਿਣਾ ਦੇਣ ਚੁਕਾਏ ਹਸਤ ਕੀਟਾ, ਊਚ ਨੀਚ ਨਾ ਕੋਇ ਰਖਾਈਆ । ਮਿੱਠਾ ਕਰੇ ਕੌੜਾ ਰੀਠਾ, ਅੰਮ੍ਰਿਤ ਰਸ ਇਕ ਭਰਾਈਆ । ਏਕਾ ਰਖਾਵੇ ਮਾਣ ਅਠਾਰਾਂ ਧਿਆਏ ਗੀਤਾ, ਗੁਰ ਗਿਆਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਰਿਹਾ ਸਮਝਾਈਆ । ਸਾਚੇ ਸੰਤੋ ਰੱਖੋ ਯਾਦ, ਹਰਿ ਸਾਚਾ ਸਚ ਜਣਾਇੰਦਾ । ਸਦਾ ਸੁਹੇਲਾ ਦੇਵਣਹਾਰਾ ਦਾਦ, ਨਾਮ ਅਮੋਲਕ ਝੋਲੀ ਪਾਇੰਦਾ । ਆਪਣੇ ਵਿਚੋਂ ਆਪਾ ਕਾਢ, ਅੰਤਰ ਆਤਮ ਆਪ ਧਰਾਇੰਦਾ । ਨਿਰਗੁਣ ਸਰਗੁਣ ਕਰੇ ਲਾਡ, ਗੋਦੀ ਗੋਦ ਗੋਦ ਸੁਹਾਇੰਦਾ । ਖੇਲੇ ਖੇਲ ਮੋਹਣ ਮਾਧਵ ਮਾਧ, ਮਧੁਰ ਧੁੰਨ ਆਪਣਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਆਪ ਜਣਾਇੰਦਾ । ਗੁਰਮੁਖ ਸਾਚੇ ਵੇਖੋ ਉਠ, ਹਰਿ ਸਤਿਗੁਰ ਆਪ ਜਣਾਈਆ । ਦੀਨ ਦਿਆਲ ਠਾਕਰ ਸਵਾਮੀ ਗਿਆ ਤੁਠ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਰਸਨਾ ਨਾ ਕੋਇ ਚਖਾਈਆ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਰਹੇ ਨਾ ਰਾਈਆ । ਕੂੜੀ ਕਿਰਿਆ ਜੜ ਦੇਵੇ ਪੁੱਟ, ਜੂਠ ਝੂਠ ਦਏ ਮਿਟਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਜਣਾਈਆ । ਕਾਇਆ ਮੌਲੇ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਗੁਰਮੁਖ ਉਠਾਏ ਸਾਚੇ ਸੁਤ, ਜਨ ਜਨਨੀ ਬਣੇ ਪਿਤਾ ਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗਏ ਰੁੱਠ, ਵੇਲੇ ਅੰਤ ਲਏ ਮਿਲਾਈਆ । ਗਲਵਕੜੀ ਪਾਏ ਇਕੋ ਵਾਰ ਘੁੱਟ, ਜੋਤੀ ਸ਼ਬਦੀ ਸ਼ਬਦੀ ਜੋਤੀ ਏਕਾ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਸਮਝਾਈਆ । ਗੁਰਸਿਖ ਸਾਚੇ ਉਠ ਬਲ ਧਾਰ, ਬਲਧਾਰੀ ਆਪ ਜਣਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਪ੍ਰੇਮ ਪ੍ਰੀਤੀ ਇਕ ਵਖਾਇੰਦਾ । ਨਾਤਾ ਤੋੜ ਨੌਂ ਦਵਾਰ, ਬਜਰ ਕਪਾਟੀ ਕੁੰਡਾ ਲਾਹਿੰਦਾ । ਸੁਖਮਨ ਟੇਢੀ ਕਰੇ ਪਾਰ, ਈੜਾ

ਪਿੰਗਲ ਮੂੰਹ ਦੇ ਭਾਰ ਸੁਟਾਇੰਦਾ । ਨਿਰਮਲ ਜੋਤ ਕਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਨਾਭੀ ਕਵਲ ਆਪ ਉਲਟਾਇੰਦਾ । ਸ਼ਬਦ ਧਾਰ ਸੱਚੀ ਧੁੰਨਕਾਰ, ਅਨਹਦ ਰਾਗੀ ਰਾਗ ਸੁਣਾਇੰਦਾ । ਆਤਮ ਸੇਜਾ ਕਰੇ ਪਿਆਰ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਬੋਧ ਅਗਾਧੀ ਬੋਲ ਜੈਕਾਰ, ਸੋਹੰ ਸ਼ਬਦ ਰੂਪ ਵਟਾਇੰਦਾ । ਬੰਸ ਸਰਬੰਸਾ ਕਰ ਤਿਆਰ, ਸਹੰਸ ਸਹੰਸਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੀ ਆਸਾ ਪੂਰ ਕਰਾਇੰਦਾ । ਧਰਨੀ ਧਰਤ ਧਵਲ ਤੇਰੀ ਰੱਖੇ ਪੱਤ, ਪਾਤਰ ਆਪਣਾ ਦਏ ਘਲਾਈਆ । ਸ੍ਰਿਸ਼ਟ ਸਬਾਈ ਦੇਵੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਬੰਨ੍ਹਾਏ ਇਕੋ ਨੱਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਤਿ ਸਤਿਵਾਦੀ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਈਆ । ਸਤਿਜੁਗ ਮਹਿਮਾ ਗਾਏ ਅਕਥ, ਕਲਜੁਗ ਲੇਖਾ ਅੰਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਆਸ ਕਰਾਈਆ । ਪੀਰ ਪੈਗ਼ੰਬਰ ਕਰੋ ਤਿਆਰੀ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਗੁਰ ਅਵਤਾਰ ਵੇਖੋ ਜੋਤ ਨਿਰੰਕਾਰੀ, ਹਰਿ ਪੁਰਖ ਨਿਰੰਜਣ ਨੂਰ ਧਰਾਇੰਦਾ । ਭਗਤ ਲਾਓ ਸਚ ਉਡਾਰੀ, ਨਰ ਨਿਰੰਕਾਰਾ ਆਪ ਉਡਾਇੰਦਾ । ਗੁਰਮੁਖ ਵੇਖੋ ਆਦਿ ਨਿਰੰਜਣ ਜੋਤ ਉਜਿਆਰੀ, ਘਰ ਘਰ ਆਪ ਜਗਾਇੰਦਾ । ਗੁਰਸਿਖ ਮੇਲਾ ਵਾਰੋ ਵਾਰੀ, ਸ੍ਰੀ ਭਗਵਾਨ ਆਪ ਕਰਾਇੰਦਾ । ਸਾਚੇ ਸੰਤ ਸਾਚੇ ਘੋੜੇ ਰਿਹਾ ਚਾੜ੍ਹੀ, ਅਬਿਨਾਸ਼ੀ ਕਰਤਾ ਸੇਵ ਕਮਾਇੰਦਾ । ਪਾਰਬ੍ਰਹਮ ਬ੍ਰਹਮ ਮੀਤਾ ਤੇਰਾ ਦਰਬਾਰੀ, ਕਲਜੁਗ ਅੰਤਮ ਫੇਰਾ ਪਾਇੰਦਾ । ਜੁਗ ਚੌਕੜੀ ਜੋ ਬਣਿਆ ਰਿਹਾ ਜਵਾਰੀ, ਸਾਰ ਪਾਸ਼ ਖੇਲ ਖਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਗਾਏ ਜਿਸ ਸਾਚੀ ਸੇਵਾ ਸੇਵਾਦਾਰੀ, ਸੋ ਸਹਿਬ ਫੇਰਾ ਪਾਇੰਦਾ । ਧਰਤ ਧਵਲ ਤੇਰੀ ਪੈਜ ਦਏ ਸਵਾਰੀ, ਅੰਤਮ ਹੌਲਾ ਭਾਰ ਕਰਾਇੰਦਾ । ਅੱਲਾ ਰਾਣੀ ਨਾ ਫਿਰੇ ਕੁਵਾਰੀ, ਖ਼ਾਵੰਦ ਇਕੋ ਵੇਖ ਵਖਾਇੰਦਾ । ਚੌਦਾਂ ਤਬਕ ਵੱਜੇ ਨਗਾਰੀ, ਚੌਦਾਂ ਲੋਕ ਨਾਅਰਾ ਇਕੋ ਲਾਇੰਦਾ । ਤ੍ਰੈਭਵਣ ਅਵਣ ਗਵਣ ਵੇਖੇ ਵਡ ਬਲਕਾਰੀ, ਦੋ ਜਹਾਨਾਂ ਫੇਰਾ ਪਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠਾਂ ਰਿਹਾ ਲਤਾੜੀ, ਅੱਗੇ ਸੀਸ ਨਾ ਕੋਇ ਉਠਾਇੰਦਾ । ਕਰੇ ਖੇਲ ਮਹਾਬਲੀ ਨਰ ਨਰਾਇਣ ਇਕ ਅਵਤਾਰੀ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਕਾਗ਼ਜ਼ ਕਲਮ ਲਿਖ ਨਾ ਸਕੇ ਕੋਇ ਲਿਖਾਰੀ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਉਠ ਉਠ ਕਰਨ ਨਿਮਸਕਾਰੀ, ਨਿਊਂ ਨਿਊਂ ਸਜਦਾ ਸੀਸ ਝੁਕਾਇੰਦਾ । ਮਹੱਲ ਅਟੱਲ ਤੇਰੀ ਅਟਾਰੀ, ਮਹਿਫਲ ਇਕੋ ਇਕ ਵਖਾਇੰਦਾ । ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹ ਦਰਬਾਰੀ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਏਕੋ ਏਕ, ਏਕੰਕਾਰਾ ਆਪ ਜਣਾਈਆ । ਪੀਰ ਪੈਗ਼ੰਬਰ ਰੱਖੋ ਟੇਕ, ਸਮਰਥ ਪੁਰਖ ਵਡੀ ਵਡਿਆਈਆ । ਗੁਰ ਅਵਤਾਰ ਲਓ ਵੇਖ, ਬਿਨ ਨੇਤਰ ਰਿਹਾ ਵਖਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਅਜੂਨੀ ਰਹਿਤ ਅਨਭਵ ਪਰਕਾਸ਼ ਕਰੇ ਭੇਖ, ਰੇਖ ਰੂਪ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਜਨ ਭਗਤਾਂ ਕਰਨ ਆਇਆ ਹੇਤ, ਦਰ ਦਰਵੇਸ਼ ਫੇਰਾ ਪਾਈਆ । ਗ਼ਰੀਬ ਨਿਮਾਣਿਆਂ ਅੰਦਰ ਰਲ ਰਲ ਰਿਹਾ ਖੇਲ, ਆਪਣੀ ਖੇਲ ਨਾ ਕਿਸੇ ਸਮਝਾਈਆ । ਕਰ ਕਿਰਪਾ ਜਿਸ ਖੋਲ੍ਹਿਆ ਭੇਤ, ਭਗਤ ਭਗਵਾਨ ਇਕੋ ਨਜ਼ਰੀ ਆਈਆ । ਕਿਸੇ ਹੱਥ ਨਾ

ਆਇਆ ਮਸਾਇਕ ਮੁੱਲਾਂ ਸ਼ੇਖ਼, ਸ਼ਰਅ ਸਾਰ ਕੋਇ ਨਾ ਪਾਈਆ । ਪੰਡਤ ਪਾਂਧਾ ਕੋਇ ਨਾ ਸਕਿਆ ਵੇਖ, ਬਾਰਾਂ ਰਾਸ ਕੁੰਡਲੀ ਅੰਦਰ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਹਿਬ ਸੱਚਾ ਦੇਵੇ ਵਰ, ਸਭ ਦਾ ਲਹਿਣਾ ਦਏ ਮੁਕਾਈਆ । ਪੁਰਖ ਅਬਿਨਾਸ਼ੀ ਸਚ ਜਣਾ, ਏਕਾ ਹੁਕਮ ਸੁਣਾਈਆ । ਪੀਰ ਪੈਗ਼ੰਬਰ ਲਹਿਣਾ ਦਏ ਮੁਕਾ, ਦੇਣਾ ਕੋਇ ਨਜ਼ਰ ਨਾ ਆਈਆ । ਗੁਰ ਅਵਤਾਰਾਂ ਭਾਣਾ ਸਹਿਣਾ ਦਏ ਸਮਝਾ, ਸਦ ਭਾਣੇ ਵਿਚ ਰਖਾਈਆ । ਭਗਤਾਂ ਭਗਵਾਨ ਕੋਲ ਬਹਿਣਾ ਦਏ ਵਖਾ, ਫੜ ਬਾਂਹੋਂ ਲਏ ਉਠਾਈਆ । ਸਾਚੇ ਸੰਤਾਂ ਨੇਤਰ ਨੈਣਾਂ ਦਰਸ ਦਏ ਕਰਾ, ਨਿਝ ਨੇਤਰ ਆਪ ਖੁਲ੍ਹਾਈਆ । ਗੁਰਮੁਖਾਂ ਕਹਿਣਾ ਲਏ ਮਨਾ, ਗੁਰਮਤ ਇਕ ਦ੍ਰਿੜਾਈਆ । ਗੁਰਸਿਖਾਂ ਚਰਨੀ ਦੇਵੇ ਸਾਚਾ ਥਾਂ, ਸਚਖੰਡ ਮਿਲੇ ਵਡਿਆਈਆ । ਧਰਨੀ ਧਰਤ ਧਵਲ ਪਕੜੇ ਬਾਂਹ, ਬਾਂਹੋਂ ਫੜ ਲਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣਾਏ ਸੱਚਾ ਨਾਂ, ਸੋਹੰ ਢੋਲਾ ਇਕੋ ਗਾਈਆ । ਬਣੇ ਵਿਚੋਲਾ ਬੇਪਰਵਾਹ, ਨਿਰਗੁਣ ਨਿਰਗੁਣ ਫੇਰਾ ਪਾਈਆ । ਪਰਦਾ ਉਹਲਾ ਦਏ ਉਠਾ, ਮੁਖ ਨਕ਼ਾਬ ਨਾ ਕੋਇ ਰਖਾਈਆ । ਮੌਲਾ ਰੂਪ ਨਜ਼ਰੀ ਜਾਏ ਆ, ਮਿਹਰਵਾਨ ਮਿਹਰਵਾਨ ਮਿਹਰਵਾਨ ਇਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਲਾਈਆ । ਸਾਚਾ ਲੇਖਾ ਲੇਖੇ ਲੌਣਾ, ਅਲੱਖ ਨਿਰੰਜਣ ਆਪ ਸਮਝਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਏਕਾ ਧਾਮ ਬਹੌਣਾ, ਦੂਈ ਦਵੈਤੀ ਕੰਧ ਨਾ ਕੋਇ ਰਖਾਇੰਦਾ । ਭਗਤ ਭਗਵਾਨ ਗੋਪੀ ਕਾਹਨ ਸੰਤ ਸੱਜਣ ਮੇਲ ਮਿਲੌਣਾ, ਮਿਲ ਮਿਲ ਆਪਣਾ ਰੰਗ ਰੰਗਾਇੰਦਾ । ਗੁਰਮੁਖ ਗੁਰਸਿਖ ਗੋਦ ਬਹੌਣਾ, ਘਰ ਘਰ ਵਿਚ ਸੋਭਾ ਪਾਇੰਦਾ । ਤ੍ਰੈਗੁਣ ਮਾਇਆ ਪੰਜ ਤਤ ਤਤਵ ਤਤ ਇਕ ਦ੍ਰਿੜੌਣਾ, ਅਗਨੀ ਤਤ ਨਾ ਕੋਇ ਰਖਾਇੰਦਾ । ਸੱਤ ਚਾਰ ਮਿਲ ਮਿਲ ਗੌਣਾ, ਚੁਹੱਤਰਾਂ ਏਕਾ ਬੰਧਨ ਪਾਇੰਦਾ । ਸੱਤ ਦੋ ਧਾਰ ਵਖੌਣਾ, ਸਾਚਾ ਮੰਦਰ ਇਕ ਸੁਹੌਣਾ, ਬਹੱਤਰਾਂ ਏਕਾ ਅੰਕ ਜੋੜ ਜੁੜਾਇੰਦਾ । ਸਾਤਾ ਸਿਫ਼ਰਾ ਅੰਕ ਜਣੌਣਾ, ਜੇਰਜ ਅੰਡ ਪਰਦਾ ਲੌਹਣਾ, ਉਤਭੁਜ ਸੇਤਜ ਵੇਖ ਵਖੌਣਾ, ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਗੌਣਾ, ਚਾਰ ਜੁਗ ਚਾਰ ਕੁੰਟ ਚਾਰ ਯਾਰ ਚਾਰ ਵੇਦ ਲੇਖ ਲਿਖੌਣਾ, ਲੇਖਾ ਆਪਣਾ ਦਏ ਜਣਾਈਆ । ਨਵ ਨੌਂ ਚਾਰ ਆਪਣਾ ਬੰਧਨ ਪੌਣਾ, ਪਾਰਬ੍ਰਹਮ ਪ੍ਰਭ ਭੇਵ ਖੁਲੌਣਾ, ਆਤਮ ਪਰਮਾਤਮ ਮੇਲ ਮਿਲੌਣਾ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਸੋਹੰ ਢੋਲਾ ਸਭ ਨੇ ਗੌਣਾ, ਪੁਰਖ ਅਕਾਲ ਸ਼ਬਦ ਵਿਚੋਲਾ ਇਕ ਬਣੌਣਾ, ਰੌਲਾ ਪਿਛਲਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦੇਵੇ ਨਿਰਗੁਣ ਵਰ, ਸਰਗੁਣ ਆਸਾ ਪੂਰ ਕਰਾਈਆ । ਨਿਰਗੁਣ ਦਾਤਾ ਨਿਰਗੁਣ ਦਾਨੀ, ਦਇਆਵਾਨ ਨਿਰਗੁਣ ਅਖਵਾਇੰਦਾ । ਨਿਰਗੁਣ ਪਰਮ ਪੁਰਖ ਪਾਰਬ੍ਰਹਮ ਵਾਲੀ ਦੋ ਜਹਾਨੀ, ਨਿਰਗੁਣ ਵੇਸ ਅਨੇਕ ਵਟਾਇੰਦਾ । ਨਿਰਗੁਣ ਨਾਦ ਧੁੰਨ ਬੋਧ ਅਗਾਧ ਅਕਥ ਕਹਾਣੀ, ਨਿਰਗੁਣ ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਪੰਜ ਤਤ ਲੱਖ ਚੁਰਾਸੀ ਕਰੇ ਪਰਧਾਨੀ, ਸਚ ਪਰਧਾਨਗੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਧਾਰਾ ਆਪ ਚਲਾਇੰਦਾ । ਨਿਰਗੁਣ ਧਾਰਾ ਚੌਕੜੀ ਜੁਗ, ਜੁਗ ਕਰਤਾ ਆਪ ਜਣਾਈਆ । ਨਿਰਗੁਣ ਖੇਲ ਚੌਦਾਂ ਲੋਕ, ਪਰਲੋਕ ਵੱਜੇ ਵਧਾਈਆ । ਨਿਰਗੁਣ ਗਾਏ ਸਚ ਸਲੋਕ, ਸੋਹਲਾ ਏਕਾ ਨਾਮ ਸਮਝਾਈਆ । ਨਿਰਗੁਣ ਆਦਿ ਜੁਗਾਦਿ ਇਕੋ ਓਟ,

੧੦੯੦
੧੨

੧੦੯੧ ੧੨

ਦੂਸਰੀ ਓਟ ਨਾ ਕੋਇ ਤਕਾਈਆ । ਨਿਰਗੁਣ ਨੂਰ ਸਤਿ ਸਰੂਪੀ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਜੂ ਕਿਸੇ ਨਾ ਆਵੇ ਵਿਚ ਸੋਚ, ਸੋਚ ਕੋਈ ਨਾ ਸਕੇ ਰਾਈਆ । ਪ੍ਰਭ ਦਰਸ਼ਨ ਕੋ ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਲੋਚ, ਲੋਚਾ ਸਭ ਦੀ ਪੂਰ ਕਰਾਈਆ । ਭਗਤ ਭਗਵਾਨ ਵਿਚ ਜਹਾਨ ਲਹਿਣਾ ਲੈਣ ਮਾਨਣ ਮੌਜ, ਕਲਜੁਗ ਅੰਤਮ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਜਗਾਈਆ । ਹਰਿਜਨ ਸਾਚਾ ਗਿਆ ਜਾਗ, ਹਰਿ ਸਤਿਗੁਰ ਆਪ ਜਗਾਈਆ । ਪੰਜ ਤਤ ਕਾਇਆ ਲੱਗਾ ਭਾਗ, ਪ੍ਰਭ ਭਾਗੀ ਮਿਲਿਆ ਚਾਈਂ ਚਾਈਂਆ । ਦੁਰਮਤ ਮੈਲ ਧੋਵੇ ਦਾਗ਼, ਨਿਰਮਲ ਨੀਰ ਸੀਰ ਵਖਾਈਆ । ਹੰਸ ਬਣਾਏ ਫੜ ਫੜ ਕਾਗ, ਕਾਗ ਹੰਸ ਰੂਪ ਵਟਾਈਆ । ਦੀਪਕ ਜੋਤ ਜਗੇ ਚਿਰਾਗ਼, ਅੰਧ ਅੰਧੇਰਾ ਦਏ ਗਵਾਈਆ । ਪ੍ਰਭ ਮਿਲਿਆ ਸੱਜਣ ਸਾਕ, ਜਗ ਨਾਤਾ ਦਏ ਤੁੜਾਈਆ । ਧੂੜੀ ਦੇਵੇ ਮਸਤਕ ਖ਼ਾਕ, ਟਿੱਕਾ ਇਕੋ ਨਾਮ ਲਗਾਈਆ । ਪਰਵਰਦਿਗਾਰ ਪਾਕੀ ਪਾਕ, ਪੱਤਤ ਪੁਨੀਤ ਦਏ ਕਰਾਈਆ । ਪਾਰ ਕਿਨਾਰਾ ਦੱਸੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਕਲਜੁਗ ਅੰਤਮ ਮੁੱਕੀ ਵਾਟ, ਪੁਰਖ ਅਬਿਨਾਸ਼ੀ ਪੰਧ ਮੁਕਾਈਆ । ਗੁਰਸਿਖਾਂ ਦੇਵੇ ਸੱਚਾ ਸਾਥ, ਸਗਲਾ ਸੰਗ ਆਪ ਨਿਭਾਈਆ । ਇਕ ਜਪਾਏ ਪੂਜਾ ਪਾਠ, ਪੁਸਤਕ ਹੋਰ ਨਾ ਕੋਇ ਪੜ੍ਹਾਈਆ । ਅਠਸਠ ਸਰੋਵਰ ਮਾਰੇ ਠਾਠ, ਘਰ ਅੰਮ੍ਰਿਤ ਦਏ ਵਖਾਈਆ । ਨਾਤਾ ਤੋੜੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਵਡਿਆਈਆ । ਨਾਮ ਵਿਕਾਏ ਇਕੋ ਹਾਟ, ਸਾਚਾ ਹੱਟ ਦਏ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਇਣ ਗਾਥ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਸ ਗਾਈਆ । ਜਿਸ ਦੀ ਆਦਿ ਜੁਗਾਦਿ ਕਿਸੇ ਨਾ ਆਈ ਹਾਥ, ਬੇਅੰਤ ਕਹਿ ਕਰ ਗਏ ਪੱਲੂ ਛੁਡਾਈਆ । ਸੋ ਸਾਹਿਬ ਪਰਗਟ ਹੋਇਆ ਆਪ ਸਮਰਾਥ, ਸਮਰਥ ਆਪਣਾ ਫੇਰਾ ਪਾਈਆ । ਗੁਰਸਿਖ ਸਗਲ ਵਿਸੂਰੇ ਜਾਇਣ ਲੱਥ, ਜਿਸ ਜਨ ਆਪਣੀ ਦਇਆ ਕਮਾਈਆ । ਹਰ ਘਟ ਦੇਵੇ ਸਾਚੀ ਵਥ, ਵਸਤ ਅਮੋਲਕ ਝੋਲੀ ਪਾਈਆ । ਜੋਤ ਜਗਾਏ ਲਟ ਲਟ, ਅੰਧ ਅੰਧੇਰ ਦਏ ਗਵਾਈਆ । ਸ਼ਬਦ ਅਗੰਮੀ ਮਾਰੇ ਸੱਟ, ਬਜਰ ਕਪਾਟੀ ਤੋੜ ਤੁੜਾਈਆ । ਸਤਿਗੁਰ ਨਜ਼ਰੀ ਆਏ ਝੱਟ, ਘਰ ਘਰ ਵਿਚ ਮੇਲ ਮਿਲਾਈਆ । ਸ੍ਰਿਸ਼ਟ ਸਬਾਈ ਬੈਠੀ ਸੱਥਰ ਘੱਤ, ਕਲਜੁਗ ਗੂੜ੍ਹੀ ਨੀਂਦ ਸੁਵਾਈਆ । ਵੇਲੇ ਅੰਤ ਰੱਖੇ ਨਾ ਕੋਇ ਪਤ, ਪ੍ਰਭ ਭੁੱਲਿਆ ਇਕੋ ਮਾਹੀਆ । ਨੱਕ ਸੁਹਾਗ ਨਾ ਕੋਈ ਨੱਥ, ਖੁਲ੍ਹੀ ਗੁਤ ਰਹੀ ਵਖਾਈਆ । ਸਾਢੇ ਤਿੰਨ ਹੱਥ ਮੁਨਾਰਾ ਜਾਣਾ ਢੱਠ, ਥਿਰ ਕੋਇ ਰਹਿਣ ਨਾ ਪਾਈਆ । ਚਾਰੇ ਕੁੰਟ ਲੈਣਾ ਨੱਠ, ਭੱਜਿਆਂ ਬਚ ਕੋਇ ਨਾ ਜਾਈਆ । ਪ੍ਰਭ ਮਾਰਨ ਆਇਆ ਸੱਟ, ਨਾਮ ਖੰਡਾਂ ਹੱਥ ਉਠਾਈਆ । ਵਾਰ ਕਰੇ ਝੱਟ ਪੱਟ, ਰਾਜ ਰਾਜਾਨ ਸਾਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦੀ ਸਰਨੀ ਗਏ ਢੱਠ, ਦਰ ਬੈਠੇ ਸੀਸ ਝੁਕਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰੇ ਹੱਥ ਤੇਰੀ ਲੋਕਾਈਆ । ਅਸੀਂ ਤੇਰੇ ਹੁਕਮੇ ਅੰਦਰ ਮਾਰਗ ਆਏ ਦੱਸ, ਲਿਖ ਲਿਖ ਲੇਖਾ ਜਗਤ ਸਮਝਾਈਆ । ਕਲਜੁਗ ਕੂੜੀ ਕਿਰਿਆ ਅੰਦਰ ਗਏ ਫੱਸ, ਹਰਿ ਜੂ ਤੇਰਾ ਨਾਮ ਭੁਲਾਈਆ । ਸਾਰੇ ਬਿਨ ਢਾਇਆਂ ਗਏ ਢੱਠ, ਆਪਣਾ ਬਲ ਨਾ ਕੋਇ ਪਰਗਟਾਈਆ । ਤੂੰ ਵਸਣਹਾਰਾ ਘਟ ਘਟ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਖੇਲ ਕਰ, ਕਰਤੇ ਕਾਦਰ ਕੁਦਰਤ ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰੇਸ਼ ਆਪਣਾ ਹੁਕਮ ਵਰਤਾਈਆ ।

### ✳ ੧੭ ਅੱਸੂ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਹੇਰ ਜ਼ਿਲਾ ਜਲੰਧਰ ✳

ਭਗਤ ਵਛਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਏਕੰਕਾਰਾ ਦੇਵੇ ਦਾਨ, ਦਾਤਾ ਦਾਨੀ ਝੋਲੀ ਭਰਾਈਆ । ਆਦਿ ਨਿਰੰਜਣ ਹੋ ਪਰਧਾਨ, ਨੂਰੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਸ੍ਰੀ ਭਗਵਾਨ ਝੁਲਾਏ ਨਿਸ਼ਾਨ, ਸਚ ਨਿਸ਼ਾਨਾ ਇਕ ਉਠਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਜਣਾਈਆ । ਸਚਖੰਡ ਨਿਵਾਸੀ ਵਸਣਹਾਰਾ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਈਆ । ਸ਼ਾਹੋ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣੀ ਖੇਲ ਰਚਾਈਆ । ਤਖ਼ਤ ਨਿਵਾਸੀ ਨੌਜਵਾਨ, ਬਲ ਆਪਣਾ ਆਪ ਪਰਗਟਾਈਆ । ਦਰ ਦਰਵੇਸ਼ ਬਣ ਦਰਬਾਨ, ਘਰ ਸਾਚੇ ਅਲਖ ਜਗਾਈਆ । ਦੇਵਣਹਾਰਾ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਵਛਲ ਸ੍ਰੀ ਭਗਵੰਤ, ਮਹਿਮਾ ਅਕੱਥ ਕਥੀ ਨਾ ਜਾਈਆ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਆਪਣੀ ਧਾਰ ਚਲਾਈਆ । ਵਸਤ ਅਮੋਲਕ ਮਣੀਆ ਮੰਤ, ਨਾਉਂ ਨਿਰੰਕਾਰਾ ਝੋਲੀ ਪਾਈਆ । ਨਿਰਗੁਣ ਸਰਗੁਣ ਬਣਾਏ ਬਣਤ, ਘੜਨ ਭੰਨਣਹਾਰ ਸੱਚਾ ਸ਼ਹਿਨਸ਼ਾਹੀਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਦਏ ਜਣਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਭਗਤ ਵਛਲ ਪਾਰਬ੍ਰਹਮ, ਪ੍ਰਭ ਆਪਣੀ ਖੇਲ ਕਰਾਇੰਦਾ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਮਾਇੰਦਾ । ਲੱਖ ਚੁਰਾਸੀ ਪਵਣ ਸਵਾਸੀ ਵੇਖੇ ਦਮ, ਘਟ ਘਟ ਆਪਣਾ ਆਸਣ ਲਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਜਣਾਇੰਦਾ । ਆਤਮ ਪਰਮਾਤਮ ਬੇੜਾ ਦੇਵੇ ਬੰਨ੍ਹ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਨ, ਨੂਰੋ ਨੂਰ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਭਗਤ ਵਛਲ ਹਰਿ ਨਿਰੰਕਾਰਾ, ਹਰਿ ਜੂ ਆਪਣੀ ਖੇਲ ਕਰਾਈਆ । ਆਦਿ ਜੁਗਾਦੀ ਲਏ ਅਵਤਾਰਾ, ਨਿਤ ਨਵਿਤ ਵੇਸ ਵਟਾਈਆ । ਲੇਖਾ ਜਾਣੇ ਜੁਗ ਚੌਕੜੀ ਵਿਚ ਸੰਸਾਰਾ, ਕੋਟਨ ਕੋਟ ਵੇਸ ਵਟਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਪਾਵੇ ਸਾਰਾ, ਉਤਭੁਜ ਸੇਤਜ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਵਛਲ ਆਦਿ ਨਿਰੰਜਣ, ਆਦਿ ਪੁਰਖ ਵਡੀ ਵਡਿਆਈਆ । ਜੁਗਾ ਜੁਗੰਤਰ ਸਾਚਾ ਸੱਜਣ, ਸਤਿਗੁਰ ਸੱਚਾ ਸੱਚਾ ਮਾਹੀਆ । ਨੇਤਰ ਨਾਮ ਪਾਏ ਅੰਜਨ, ਅਗਿਆਨ ਅੰਧੇਰ ਚੁਕਾਈਆ । ਚਰਨ ਧੂੜ ਕਰਾਏ ਮਜਨ, ਸਰ ਸਰੋਵਰ ਇਕ ਨੁਹਾਈਆ । ਦੋ ਜਹਾਨਾਂ ਹੋਏ ਪਰਦਾ ਕੱਜਣ, ਨਿਰਗੁਣ ਸਰਗੁਣ ਵੇਖੇ ਚਾਈਂ ਚਾਈਆ । ਜੁਗਾ ਜੁਗੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਲਗਾਏ ਸਾਚੀ ਲਗਨ, ਦਰ ਸਾਚਾ ਇਕ ਵਖਾਈਆ । ਭਗਤ ਵਛਲ ਹਰਿ ਗਿਰਧਾਰਾ, ਗਿਰਵਰ ਆਪਣਾ ਖੇਲ ਕਰਾਇੰਦਾ । ਜੁਗ ਚੌਕੜੀ ਵੇਖਣਹਾਰਾ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਕਰੇ ਖੇਲ ਅਪਾਰਾ, ਅਪਰੰਪਰ

ਆਪਣਾ ਵੇਸ ਵਟਾਇੰਦਾ । ਨਾਮ ਨਿਧਾਨਾ ਬੋਲ ਜੈਕਾਰਾ, ਜੈ ਜੈਕਾਰ ਆਪਣਾ ਨਾਉਂ ਸੁਣਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿੰਦਾ । ਨਿਰਮਲ ਦੀਆ ਕਰ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਹਰਿ ਭਗਤ ਆਪ ਪਰਗਟਾਇੰਦਾ । ਜੁਗ ਜੁਗ ਪਰਗਟਾਏ ਹਰਿ ਜੂ ਭਗਤ, ਭਗਵਨ ਆਪਣੀ ਦਇਆ ਕਮਾਈਆ । ਸਤਿ ਪੁਰਖ ਨਿਰੰਜਣ ਜਾਣੇ ਆਪਣਾ ਵਕ਼ਤ, ਥਿਤ ਵਾਰ ਨਾ ਵੰਡ ਵੰਡਾਈਆ । ਲੇਖਾ ਜਾਣੇ ਬੂੰਦ ਰਕਤ, ਪੰਜ ਤਤ ਦਏ ਵਡਿਆਈਆ । ਨਾਮ ਖ਼ੁਮਾਰੀ ਦੇਵੇ ਮਸਤ, ਮਸਤੀ ਇਕੋ ਇਕ ਚੜ੍ਹਾਈਆ । ਭੇਵ ਚੁਕਾਏ ਕੀਟ ਹਸਤ, ਹਸਤ ਕੀਟ ਏਕਾ ਘਰ ਵਡਿਆਈਆ । ਲਹਿਣਾ ਦੇਵੇ ਦਸਤ ਬਦਸਤ, ਦਸਤਯਾਬ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਪੈਜ ਰਖਾਈਆ । ਜੁਗ ਜੁਗ ਮੇਲਾ ਭਗਤ ਭਗਵਾਨ, ਨਿਰਗੁਣ ਸਰਗੁਣ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਦੇਂਦਾ ਆਇਆ ਦਾਨ, ਕਲਜੁਗ ਅੰਤਮ ਵੇਖ ਵਖਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਲੱਖ ਚੁਰਾਸੀ ਸਾਚਾ ਕਾਹਨ, ਗਹਿਰ ਗੰਭੀਰ ਵੇਸ ਵਟਾਇੰਦਾ । ਆਤਮ ਪਰਮਾਤਮ ਕਰੇ ਪਹਿਚਾਨ, ਬੇਪਹਿਚਾਨ ਆਪਣਾ ਭੇਵ ਖੁਲ੍ਹਾਇੰਦਾ । ਲੇਖਾ ਜਾਣੇ ਧੁਰਦਰਗਾਹੀ ਧੁਰ ਫ਼ਰਮਾਨ, ਧੁਰ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਭਗਤ ਭਗਵਾਨ, ਆਪਣੀ ਖੇਲ ਕਰਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਕਲਜੁਗ ਅੰਤਮ ਹੋ ਪਰਧਾਨ, ਪਰਮ ਪੁਰਖ ਵੇਸ ਵਟਾਈਆ । ਸਚ ਵਡਿਆਈ ਦੇਵੇ ਸਚ ਮਕਾਨ, ਗੁਰਮੁਖ ਕਾਇਆ ਬੰਕ ਸੁਹਾਈਆ । ਨਿਰਗੁਣ ਨੂਰ ਨਜ਼ਰ ਆਏ ਸ੍ਰੀ ਭਗਵਾਨ, ਸਰਗੁਣ ਵੇਖੇ ਚਾਈਂ ਚਾਈਂਆ । ਏਕਾ ਨਾਦ ਸੁਣਾਏ ਸੱਚੀ ਧੁੰਨਕਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਪੀਣ ਖਾਣ, ਤ੍ਰਿਸਨਾ ਭੁੱਖ ਨਾ ਲਾਗੇ ਰਾਈਆ । ਕਰੇ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਗਵਾਈਆ । ਲੇਖਾ ਜਾਣ ਦੋਏ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਸਚ ਸੰਦੇਸਾ ਦੇਵੇ ਆਣ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਬ੍ਰਹਮ ਮੇਲੇ ਆਣ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਦੇਵੇ ਮਾਣ ਵਡਿਆਈਆ । ਭਗਤ ਦਵਾਰ ਸੋਹੇ ਭਗਤ, ਭਗਵਨ ਆਪਣੀ ਖੇਲ ਕਰਾਇੰਦਾ । ਨਿਰਗੁਣ ਨੂਰ ਨਿਰਾਕਾਰ ਆਦਿ ਨਿਰੰਜਣ ਇਕੋ ਸ਼ਕਤ, ਸ਼ਖ਼ਸੀਅਤ ਆਪਣੀ ਆਪ ਪਰਗਟਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤਮ ਕੱਢਣਹਾਰਾ ਫ਼ਰਕ, ਫ਼ਿਕਰਾ ਆਪਣਾ ਆਪ ਸੁਣਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਆਇਆ ਪਰਤ, ਪ੍ਰਤੀਨਿਧ ਨਾ ਕੋਇ ਬਣਾਇੰਦਾ । ਲੇਖਾ ਜਾਣੇ ਧਰਨੀ ਧੌਲ ਧਰਤ, ਧੁਰਦਰਗਾਹੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣੇ ਰੰਗ ਰੰਗਾਇੰਦਾ । ਭਗਵਨ ਰੰਗ ਰੰਗੀਲਾ, ਹਰਿ ਭਗਤਨ ਆਪ ਰੰਗਾਈਆ । ਸੋ ਪੁਰਖ ਨਿਰੰਜਣ ਛੈਲ ਛਬੀਲਾ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਸਰਗੁਣ ਬਣਾਏ ਇਕ ਕਬੀਲਾ, ਆਪ ਆਪਣਾ ਬੰਧਨ ਪਾਈਆ । ਸੱਤ ਦੋ ਕੀਤਾ ਮੇਲਾ, ਅੰਕ ਅੰਕ ਨਾਲ ਜੁੜਾਈਆ । ਲੇਖਾ ਜਾਣੇ ਸੂਹਾ ਕੰਚਨ ਲਾਲ ਚਿੱਟਾ ਪੀਲਾ ਨੀਲਾ, ਕਾਲੀ ਆਪਣੀ ਧਾਰ ਬੰਧਾਈਆ । ਏਥੇ ਕੋਇ ਨਾ ਦਏ ਦਲੀਲਾ, ਦਲੀਲ ਵਿਚ ਕਦੇ ਨਾ ਆਈਆ । ਜੁਗਾ ਜੁਗੰਤਰ ਆਪੇ ਜਾਣੇ ਆਪਣਾ

ਅਸੂਲਾ, ਸਾਚਾ ਮਾਰਗ ਆਪ ਜਣਾਈਆ । ਆਦਿ ਪੁਰਖ ਆਦਿ ਨਿਰੰਜਣ ਅਬਿਨਾਸ਼ੀ ਕਰਤਾ ਕਦੇ ਨਾ ਭੂਲਾ, ਅਭੁੱਲ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਦੇਵੇ ਮਾਣ ਵਡਿਆਈਆ । ਭਗਤ ਦਵਾਰ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਵੇਖਣਹਾਰਾ ਇਕ ਇਕੱਲਾ, ਏਕੰਕਾਰਾ ਖੇਲ ਖਲਾਇੰਦਾ । ਸ਼ਬਦੀ ਸੁਰਤ ਫੜਾਏ ਪੱਲਾ, ਪੱਲੂ ਏਕਾ ਗੰਢ ਬੰਧਾਇੰਦਾ । ਆਪੇ ਜੋਤੀ ਨਿਰਗੁਣ ਰੱਲਾ, ਨੂਰ ਨੁਰਾਨਾ ਵੇਖ ਵਖਾਇੰਦਾ । ਸਚ ਸੰਦੇਸਾ ਏਕਾ ਘੱਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਖੇਲ ਕਰਾਇੰਦਾ । ਭਗਵਨ ਖੇਲੇ ਖੇਲ ਅਪਾਰਾ, ਨਜ਼ਰ ਕਿਸੇ ਨਾ ਆਈਆ । ਭਗਤਾਂ ਕਰੇ ਸਚ ਪਿਆਰਾ, ਪਿਆਰ ਪਿਆਰ ਨਾਲ ਮਿਲਾਈਆ । ਸਚਖੰਡ ਨਿਵਾਸੀ ਵਜਾਏ ਸਚ ਨਗਾਰਾ, ਨੌਬਤ ਆਪਣੇ ਨਾਮ ਵਜਾਈਆ । ਗੁਰ ਅਵਤਾਰ ਕਰੇ ਖ਼ਬਰਦਾਰਾ, ਪੀਰ ਪੈਗ਼ੰਬਰ ਆਪ ਉਠਾਈਆ । ਚਲ ਕੇ ਵੇਖੇ ਸਚ ਨਜ਼ਾਰਾ, ਹਰਿ ਸਤਿਗੁਰ ਆਪ ਵਖਾਈਆ । ਲੋਕਮਾਤ ਲਗਾਏ ਅਖਾੜਾ, ਬ੍ਰਹਿਮੰਡ ਖੰਡ ਨਾਚ ਨਚਾਈਆ । ਕਲਜੁਗ ਆਈ ਅੰਤਮ ਵਾਰਾ, ਨਿਹਕਲੰਕਾ ਵੇਸ ਵਟਾਈਆ । ਭਗਤ ਸੁਹਾਏ ਇਕ ਦਵਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਲੱਖ ਚੁਰਾਸੀ ਸੋਏ ਪੈਰ ਪਸਾਰਾ, ਨੇਤਰ ਗਿਆਨ ਨਾ ਕੋਇ ਖੁਲ੍ਹਾਈਆ । ਗੁਰਮੁਖ ਵਿਰਲੇ ਦਏ ਹੁਲਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਇਕ ਸੁਣਾਏ ਸਾਚਾ ਨਾਅਰਾ, ਸੋਹੰ ਅੱਖਰ ਕਰੇ ਪੜ੍ਹਾਈਆ । ਵਿਸ਼ਨੂੰ ਉਠ ਉਠ ਨੈਣ ਉਘਾੜਾ, ਬ੍ਰਹਮਾ ਵੇਖੇ ਚਾਰ ਦੀਵਾਰਾ, ਭੋਲਾ ਨਾਥ ਧਿਆਨ ਲਗਾਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਭਗਤ ਤੁਧ ਬਿਨ ਰਿਹਾ ਕੁਵਾਰਾ, ਸਾਚਾ ਕੰਤ ਨਾ ਕੋਇ ਹੰਢਾਈਆ । ਕਲਜੁਗ ਅੰਤਮ ਧੂੰਆਂਧਾਰ, ਭਰਮੇ ਭੁੱਲਾ ਸਰਬ ਸੰਸਾਰ, ਗੁਰ ਕਾ ਸ਼ਬਦ ਨਾ ਕਿਸੇ ਵਿਚਾਰ, ਹਰਿ ਹਰਿ ਨਾਮ ਨਾ ਕੋਇ ਧਿਆਈਆ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਨਾ ਕੋਇ ਪਿਆਰਾ, ਭਗਤਾਂ ਮਿਲੇ ਨਾ ਕੋਇ ਕਿਨਾਰਾ, ਕਬੀਰਾ ਕੂਕ ਕੂਕ ਅਲਾਈਆ । ਵੇਦ ਸ਼ਾਸਤਰ ਆਈ ਹਾਰਾ, ਪੁਰਾਨ ਅਠਾਰਾਂ ਕਰੇ ਗਿਰਿਆਜ਼ਾਰਾ, ਅੰਜੀਲ ਕੁਰਾਨਾਂ ਨਾ ਦੇਵੇ ਕੋਈ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਤੀਰਥ ਤਟ ਨਾ ਕੋਈ ਜਲ ਠੰਡਾ ਠਾਰਾ, ਅਠਸਠ ਤਪੇ ਅਗਨੀ ਹਾੜਾ, ਅੰਮ੍ਰਿਤ ਜਾਮ ਪਿਆਏ ਨਾ ਕੋਇ ਵਿਚ ਸੰਸਾਰਾ, ਚਾਰੋਂ ਕੁੰਟ ਅਗਨੀ ਅੱਗ ਰਹੀ ਤਪਾਈਆ । ਚਾਰ ਵਰਨ ਨਾ ਕੋਇ ਪਿਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਾਮ ਕਰੋਧ ਲੋਭ ਮੋਹ ਹੰਕਾਰਾ, ਚਾਰੇ ਬਾਣੀ ਨਾ ਕੋਇ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਨਾ ਕੋਇ ਗਾਈਆ । ਚਾਰੇ ਖਾਣੀ ਨਾ ਕੋਇ ਵਿਚਾਰਾ, ਚਾਰੇ ਵੇਦ ਨਾ ਕੋਇ ਸਹਾਰਾ, ਚਾਰ ਯਾਰ ਰੋਵਣ ਜ਼ਾਰੋ ਜ਼ਾਰਾ, ਯਾਰੀ ਯਾਰਾਂ ਨਾਲ ਨਾ ਕੋਇ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ ਕਿਨਾਰਾ, ਕਲਜੁਗ ਅੰਤਮ ਵੇਖੇ ਪਰਵਰਦਿਗਾਰਾ, ਪਾਰਬ੍ਰਹਮ ਤੇਰੀ ਚਰਨ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੀ ਪੂਰੀ ਆਸ ਕਰਾਈਆ । ਸੋ ਪੁਰਖ ਨਿਰੰਜਣ ਠਾਂਡਾ ਸੀਤਾ, ਹਰਿ ਜੂ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਜਣਾਏ ਸਾਚੀ ਰੀਤਾ, ਰੀਤੀਵਾਨ ਫੇਰਾ ਪਾਇੰਦਾ । ਭਗਤ ਦਵਾਰ ਇਕ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਮਾਣਸ ਜਨਮ ਗੁਰਮੁਖ ਜੀਤਾ, ਜੀਵਣ ਜੁਗਤ ਹਰਿ ਜਣਾਇੰਦਾ । ਲੱਖ ਚੁਰਾਸੀ ਵਿਚੋਂ ਪਰਖੇ ਨੀਤਾ, ਨਾਮ ਕਸੌਟੀ ਹੱਥ ਰਖਾਇੰਦਾ । ਦਰਸ ਦਿਖਾਏ ਇਕ ਅਨਡੀਠਾ,

ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਤ੍ਰੈਗੁਣ ਅਗਨੀ ਠਾਂਡਾ ਕਰੇ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਨਾਮ ਨਿਧਾਨ ਅੰਮਿਉਂ ਰਸ ਪੀਤਾ, ਜਲ ਇਕੋ ਇਕ ਵਖਾਇੰਦਾ । ਸਚ ਜਣਾਏ ਸਚ ਪ੍ਰੀਤਾ, ਪ੍ਰੀਤੀਵਾਨ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਆਪ ਜਣਾਇੰਦਾ । ਸਾਰੇ ਜਾਣੇ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਭਗਤ ਫੜਾਏ ਆਪਣਾ ਪੱਲਾ, ਭਗਵਾਨ ਗੰਢ ਪੁਆਈਆ । ਨਿਰਗੁਣ ਸਰਗੁਣ ਅੰਦਰ ਰੱਲਾ, ਰਲ ਮਿਲ ਆਪਣੀ ਖ਼ੁਸ਼ੀ ਵਖਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਕਹੇ ਲਾਲ ਝੱਲਾ, ਲਾਲਨ ਲਾਲ ਆਪਣੇ ਰੰਗ ਰੰਗਾਈਆ । ਦੀਪਕ ਜੋਤੀ ਏਕਾ ਬਲਾ, ਬਲਿਆ ਦੀਪਕ ਬੁਝ ਕਦੇ ਨਾ ਜਾਈਆ । ਏਥੇ ਓਥੇ ਫਲਿਆ ਫੁਲਾ, ਫਲ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰੇ ਦਏ ਵਡਿਆਈਆ । ਭਗਤ ਦਵਾਰ ਰਿਹਾ ਸਜ, ਹਰਿ ਸੱਜਣ ਆਪ ਸਜਾਇੰਦਾ । ਕਲਜੁਗ ਅੰਤਮ ਰੱਖਣਹਾਰਾ ਲੱਜ, ਸਿਰ ਆਪਣਾ ਹੱਥ ਟਿਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਭੱਜ ਭੱਜ, ਬਣ ਪਾਂਧੀ ਪੰਧ ਮੁਕਾਇੰਦਾ । ਭਗਤ ਭਗਵਾਨ ਤੇਰਾ ਜੈਕਾਰਾ ਗਾਇਣ ਗੱਜ, ਸੋਹਲਾ ਢੋਲਾ ਇਕ ਸੁਣਾਇੰਦਾ । ਕੂੜੀ ਕਿਰਿਆ ਪਾਰ ਹੱਦ, ਜੂਠਾ ਝੂਠਾ ਨਾਤਾ ਤੋੜ ਤੁੜਾਇੰਦਾ । ਸੰਤ ਸੁਹੇਲੇ ਆਪੇ ਸੱਦ, ਆਪ ਆਪਣਾ ਬੰਧਨ ਪਾਇੰਦਾ । ਲੱਖ ਚੁਰਾਸੀ ਨਾਲੋਂ ਕਰੇ ਅੱਡ, ਵੱਖਰੀ ਹਰਿ ਜੂ ਧਾਰ ਬੰਧਾਇੰਦਾ । ਗੋਦ ਸੁਹੰਜਣੀ ਸੁਹਾਏ ਲੱਡ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸੇਵ ਆਪ ਕਮਾਇੰਦਾ । ਭਗਤ ਤੇਰਾ ਸੋਹੇ ਬੰਕ, ਗੁਰ ਅਵਤਾਰ ਰਹੇ ਜਸ ਗਾਈਆ । ਜਿਸ ਦਵਾਰੇ ਰਾਓ ਰੰਕ, ਇਕੋ ਰੰਗ ਵਖਾਈਆ । ਤੁਟਾ ਮਾਣ ਅੰਤਮ ਜਨਕ, ਜਨਕ ਬੈਠਾ ਸੀਸ ਝੁਕਾਈਆ । ਹਰਿ ਜੂ ਮਿਲਿਆ ਅੰਤ, ਪਤਿਪਰਮੇਸ਼ਵਰ ਫੇਰਾ ਪਾਈਆ । ਸੋ ਸਤਿਗੁਰ ਮਿਲਿਆ ਸੰਤ, ਮਿਲ ਸਤਿਗੁਰ ਖ਼ੁਸ਼ੀ ਮਨਾਈਆ । ਨਾਰੀ ਮਿਲਿਆ ਨਰਾਇਣ ਕੰਤ, ਸੇਜ ਸੁਹੰਜਣੀ ਇਕ ਹੰਢਾਈਆ । ਚਾੜ੍ਹੇ ਕਾਇਆ ਚੋਲੀ ਰੰਗ ਬਸੰਤ, ਰੰਗ ਬਸੰਤੀ ਉਤਰ ਕਦੇ ਨਾ ਜਾਈਆ । ਨਾਮ ਜਣਾਏ ਮਣੀਆ ਮੰਤ, ਮਨ ਮਣਕਾ ਦਏ ਭੁਆਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤ ਦਵਾਰਾ ਸਦ ਅਨਡਿਠ, ਜਗਤ ਨੇਤਰ ਨਜ਼ਰ ਕਿਸੇ ਨਾ ਆਇਆ । ਨਿਰਗੁਣ ਸਰਗੁਣ ਕਰੇ ਹਿਤ, ਨਿਤ ਨਵਿਤ ਵੇਸ ਵਟਾਇਆ । ਆਪੇ ਜਾਣੇ ਆਪਣੀ ਵਾਰ ਥਿਤ, ਜਗਤ ਵੰਡ ਨਾ ਕੋਇ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਇਆ । ਭਗਤ ਮਿਲਾਵਾ ਸਚ ਘਰ, ਘਰ ਸਾਚੇ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਖੜ, ਪੁਰਖ ਅਬਿਨਾਸ਼ੀ ਖਿੜਕੀ ਰਿਹਾ ਖੁਲ੍ਹਾਈਆ । ਡੂੰਘੀ ਕੰਦਰ ਕਾਇਆ ਮੰਦਰ ਜਾਏ ਚੜ੍ਹ, ਅਉਂਦਾ ਜਾਂਦਾ ਨਜ਼ਰ ਨਾ ਆਈਆ । ਆਤਮ ਪਰਮਾਤਮ ਲਏ ਫੜ, ਡੋਰੀ ਇਕੋ ਨਾਮ ਬੰਧਾਈਆ । ਕਿਲਾ ਤੋੜ ਹੰਕਰੀ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਸਚ ਨੁਹਾਏ ਸਾਚੇ ਸਰ, ਅੰਮ੍ਰਿਤ ਸਰੋਵਰ ਇਕ ਵਖਾਈਆ । ਕਾਗੋਂ ਹੰਸ ਦੇਵੇ ਕਰ, ਕਾਗ ਹੰਸ ਰੂਪ ਵਟਾਈਆ । ਸਮਰਥ ਪੁਰਖ ਜਿਸ ਉਪਰ ਹੱਥ ਦੇਵੇ ਧਰ, ਧਰਨੀ ਧਰਤ ਧਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਲੇਖਾ

੧੦੯੫
੧੨

ਆਪਣੇ ਹੱਥ ਰਖਾਈਆ । ਭਗਤਨ ਲੇਖਾ ਰੱਖੇ ਹੱਥ, ਆਦਿ ਜੁਗਾਦਿ ਵਡੀ ਵਡਿਆਈਆ । ਜੁਗ ਜੁਗ ਮਾਰਗ ਦੇਵੇ ਦੱਸ, ਰਹਿਬਰ ਬਣੇ ਸੱਚਾ ਮਾਹੀਆ । ਅੰਤਰ ਆਤਮ ਏਕਾ ਰਸ, ਰਸਨਾ ਪਰਦਾ ਦਏ ਉਠਾਈਆ । ਕਰ ਪਰਕਾਸ਼ ਕੋਟਨ ਰਵ ਸਸ, ਨੂਰ ਨੁਰਾਨਾ ਨੂਰ ਧਰਾਈਆ । ਤੀਰ ਨਿਰਾਲਾ ਮਾਰੇ ਕਸ, ਸ਼ਬਦ ਅਣਿਆਲਾ ਬਾਣ ਉਠਾਈਆ । ਸਰਗੁਣ ਅੰਦਰ ਨਿਰਗੁਣ ਹੋ ਪਰਗਟ, ਪਰਗਟ ਆਪਣੀ ਧਾਰ ਜਣਾਈਆ । ਚੌਦਾਂ ਲੋਕ ਚਲਾਏ ਹੱਟ, ਘਰ ਮੰਦਰ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਚਾਈਂ ਚਾਈਂਆ । ਭਗਤਨ ਅੰਦਰ ਭਗਤੀ ਰੰਗ, ਹਰਿ ਸਤਿਗੁਰ ਆਪ ਚੜ੍ਹਾਇੰਦਾ । ਆਤਮ ਸੇਜਾ ਸਚ ਪਲੰਘ, ਸਤਿ ਸਤਿਵਾਦੀ ਆਪ ਸੁਹਾਇੰਦਾ । ਅੱਠੇ ਪਹਿਰ ਨਾਮ ਮਰਦੰਗ, ਅਨਹਦ ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਸਰੋਵਰ ਇਕੋ ਗੰਗ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਰਤੀ ਸ਼ਬਦੀ ਇਕ ਅਨੰਦ, ਮਿਲ ਮਿਲ ਸਖ਼ੀਆਂ ਮੰਗਲ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਸੰਗ ਨਿਭਾਇੰਦਾ । ਭਗਤਾਂ ਅੰਦਰ ਸੱਚਾ ਸਾਥ, ਹਰਿ ਸਤਿਗੁਰ ਆਪ ਨਿਭਾਈਆ । ਖੇਲੇ ਖੇਲ ਅਨਾਥਾਂ ਨਾਥ, ਨਾਥ ਅਨਾਥੀ ਵੇਸ ਵਟਾਈਆ । ਨਿਰਗੁਣ ਬਣੇ ਨਿਰਗੁਣ ਸਾਕ, ਸਰਗੁਣ ਸੱਜਣ ਰੂਪ ਵਖਾਈਆ । ਆਤਮ ਪਰਮਾਤਮ ਮੇਲਾ ਪਾਕੀ ਪਾਕ, ਪਰਵਰਦਿਗਾਰ ਹੋਏ ਸਹਾਈਆ । ਲੇਖਾ ਜਾਣੇ ਪੰਜ ਤਤ ਮਾਟੀ ਖਾਕ, ਖਾਕੀ ਖਾਕ ਆਪਣੇ ਰੰਗ ਰੰਗਾਈਆ । ਮਾਹੀ ਪੱਤਣ ਮਿਲੇ ਘਾਟ, ਘਾਟਾ ਪਿਛਲਾ ਪੂਰ ਕਰਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਮਰਥ ਪੁਰਖ ਨਿਭਾਏ ਆਪਣਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਮਾਣ ਵਡਿਆਈਆ । ਭਗਤਾਂ ਦੇਵੇ ਹਰਿ ਜੂ ਮਾਣ, ਅਭਿਮਾਣ ਰੂਪ ਨਾ ਕੋਇ ਵਖਾਇੰਦਾ । ਚਰਨ ਕਵਲ ਦਏ ਧਿਆਨ, ਧਿਆਨ ਧਿਆਨ ਵਿਚ ਮਿਲਾਇੰਦਾ । ਏਕਾ ਰਾਗ ਸੁਣਾਏ ਕਾਨ, ਬਿਨ ਰਸਨਾ ਜਿਹਵਾ ਗਾਇੰਦਾ । ਏਕਾ ਮੰਦਰ ਸੋਹੇ ਮਕਾਨ, ਘਰ ਘਰ ਵਿਚ ਡੇਰਾ ਲਾਇੰਦਾ । ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਕੋਇ ਨਾ ਪਾਇੰਦਾ । ਅੱਠੇ ਪਹਿਰ ਇਕ ਧੁੰਨਕਾਨ, ਧੁੰਨ ਆਤਮਕ ਰਾਗ ਅਲਾਇੰਦਾ । ਪਵਣ ਉਨੰਜਾ ਸੇਵ ਕਮਾਣ, ਸੇਵਕ ਆਪਣਾ ਹੁਕਮ ਮਨਾਇੰਦਾ । ਆਤਮ ਸੇਜਾ ਕਰ ਪਰਵਾਨ, ਸੇਜ ਸੁਹੰਜਣੀ ਆਪ ਸੁਹਾਇੰਦਾ । ਖੇਲੇ ਖੇਲ ਨੌਜਵਾਨ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਪਰਵਰਦਿਗਾਰ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਮੁਕਾਮੇ ਹੱਕ ਸਚ ਨਿਸ਼ਾਨ, ਲਾਸ਼ਰੀਕ ਆਪ ਝੁਲਾਇੰਦਾ । ਕਲਮਾ ਨਬੀ ਰਸੂਲ ਪੜ੍ਹਾਏ ਆਣ, ਕਾਇਨਾਤ ਹੁਕਮ ਮਨਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਮੁਰੀਦ ਮੁਰਸ਼ਦ ਮੇਲੇ ਆਣ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਣਹਾਰਾ ਭੂਮਕਾ ਅਸਥਾਨ, ਸਾਚੇ ਮੰਦਰ ਆਪ ਬਹਾਇੰਦਾ । ਨਿਰਗੁਣ ਦਾਤਾ ਵਡ ਮਿਹਰਵਾਨ, ਘਰ ਘਰ ਆਪਣਾ ਖੇਲ ਕਰਾਇੰਦਾ । ਭਗਤਨ ਮੇਲਾ ਵਿਚ ਜਹਾਨ, ਗੁਰ ਚੇਲਾ ਏਕਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਭਗਤੀ ਇਕ ਦ੍ਰਿੜਾਇੰਦਾ । ਭਗਤਾਂ ਅੰਦਰ ਭਗਤੀ ਰੱਖ, ਭਗਵਾਨ ਆਪਣੀ ਖੇਲ ਕਰਾਈਆ । ਭਾਂਡੇ ਭਰੇ ਆਪੇ ਸੱਖ, ਸੱਖਣੇ ਭਾਂਡੇ ਆਪ ਭਰਾਈਆ । ਕਰਨਹਾਰਾ ਕੱਖੋਂ ਲੱਖ, ਲੱਖੋਂ ਕੱਖ ਦਏ ਬਣਾਈਆ ।

੧੦੯੬ ੧੨

ਲੱਖ ਚੁਰਾਸੀ ਪਾਵਣਹਾਰਾ ਨੱਥ, ਸ਼ਬਦੀ ਡੋਰੀ ਹੱਥ ਉਠਾਈਆ । ਜੁਗ ਚੌਕੜੀ ਮਾਰਗ ਦੱਸ, ਸਾਚੇ ਧੰਦੇ ਦਏ ਲਗਾਈਆ । ਨਿਰਗੁਣ ਸਰਗੁਣ ਹੋ ਪਰਗਟ, ਗੁਰ ਅਵਤਾਰ ਨਾਉਂ ਧਰਾਈਆ । ਪੀਰ ਪੈਗ਼ੰਬਰ ਖੋਲ੍ਹ ਹੱਟ, ਚੌਦਾਂ ਤਬਕਾਂ ਮਾਣ ਵਡਿਆਈਆ । ਭਗਤ ਭਗਵਾਨ ਖੇਲ ਅਕਥ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਨਿਰਗੁਣ ਸਰਗੁਣ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਸਰਗੁਣ ਕਰੇ ਇਕੱਠ, ਘਰ ਮੇਲਾ ਚਾਈਂ ਚਾਈਂਆ । ਪੰਧ ਮੁਕਾਏ ਨੱਠ ਨੱਠ, ਦੋ ਜਹਾਨਾਂ ਚਰਨਾਂ ਹੇਠ ਦਬਾਈਆ । ਵਸਣਹਾਰਾ ਘਟ ਘਟ, ਹਰਿ ਭਗਤਨ ਲਏ ਉਠਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਘਰ ਵਿਚ ਘਰ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਪੁਰਖ ਅਬਿਨਾਸ਼ੀ ਵਸੇ ਸਾਥ, ਘਰ ਸਾਚਾ ਸੰਗ ਨਿਭਾਈਆ । ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਕਰੇ ਕਰਤਾਰਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਦਏ ਸਹਾਰਾ, ਸ੍ਰੀ ਭਗਵਾਨ ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਪ੍ਰਭ ਬਣ ਵਣਜਾਰਾ, ਲੱਖ ਚੁਰਾਸੀ ਬ੍ਰਹਮ ਹੱਟ ਖੁਲ੍ਹਾਇੰਦਾ । ਪੰਜ ਤਤ ਕਾਇਆ ਖੇਲ ਨਿਆਰਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਇੰਦਾ । ਰਜੋ ਤਮੋ ਸਤੋ ਦਏ ਸਹਾਰਾ, ਸਤਿ ਸਤਵਾਦੀ ਸਾਚੀ ਕਾਰ ਕਮਾਇੰਦਾ । ਭਗਤ ਵਛਲ ਬਣ ਕਰਤਾਰਾ, ਕੁਦਰਤ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਆਪ ਪ੍ਰਭ, ਪ੍ਰਭ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲਏ ਲੱਭ, ਫੋਲਣਹਾਰਾ ਥਾਉਂ ਥਾਈਂਆ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨੱਭ, ਨਾਭੀ ਕਵਲ ਫੁੱਲ ਖਲਾਈਆ । ਅੰਮ੍ਰਿਤ ਜਾਮ ਪਿਆਏ ਮਦਿ, ਸਚ ਸਰੋਵਰ ਇਕ ਵਖਾਈਆ । ਨਿਰਗੁਣ ਸਰਗੁਣ ਪਾਰ ਕਰਾਏ ਹੱਦ, ਅਧਵਿਚਕਾਰ ਨਾ ਕੋਇ ਅਟਕਾਈਆ । ਭਗਵਾਨ ਭਗਤ ਬਣਾਏ ਆਪਣੀ ਯੱਦ, ਸਾਚਾ ਬੰਸ ਮਾਤ ਚਲਾਈਆ । ਨਿਰਗੁਣ ਵਿਚੋਂ ਨਿਰਗੁਣ ਕੱਢ, ਸਰਗੁਣ ਚੋਲਾ ਲਏ ਹੰਢਾਈਆ । ਲੱਖ ਚੁਰਾਸੀ ਜੀਵ ਜੰਤ ਦੇਵੇ ਛੱਡ, ਜਨ ਭਗਤ ਦਵਾਰੇ ਫੇਰਾ ਪਾਈਆ । ਆਤਮ ਸਿੰਘਾਸਣ ਬਹੇ ਸਜ, ਸਾਚੇ ਮੰਦਰ ਸੋਭਾ ਪਾਈਆ । ਭਗਤ ਜੈਕਾਰਾ ਲਾਏ ਗੱਜ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਚਾਈਂ ਚਾਈਂਆ । ਭਗਤ ਮਿਲਣ ਦਾ ਚਾਓ ਘਨੇਰਾ, ਹਰਿ ਆਦਿ ਜੁਗਾਦਿ ਰਖਾਇੰਦਾ । ਕਲਜੁਗ ਅੰਤਮ ਆਇਆ ਨੇਰਾ, ਨੇਰਨ ਨੇਰਾ ਫੇਰਾ ਪਾਇੰਦਾ । ਕੂੜੀ ਕਿਰਿਆ ਚੁਕਾਵਣਹਾਰਾ ਗੇੜਾ, ਗੇੜਾ ਗੇੜੇ ਵਿਚ ਭੁਆਇੰਦਾ । ਗੁਰਸਿਖ ਤੇਰਾ ਵੱਸੇ ਖੇੜਾ, ਖੇੜਾ ਹਰਿ ਜੂ ਆਪ ਵਸਾਇੰਦਾ । ਆਪੇ ਬੰਨਣਹਾਰਾ ਬੇੜਾ, ਬੇੜਾ ਆਪਣੇ ਕੰਧ ਉਠਾਇੰਦਾ । ਭੇਵ ਚੁਕਿਆ ਮੇਰਾ ਤੇਰਾ, ਤੇਰਾ ਮੇਰਾ ਇਕੋ ਰੰਗ ਨਜ਼ਰੀ ਆਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖਦਾ ਰਿਹਾ ਕਰ ਕਰ ਜੇਰਾ, ਕਲਜੁਗ ਅੰਤਮ ਫੇਰਾ ਪਾਇੰਦਾ । ਹੱਕੋ ਹੱਕ ਕਰੇ ਨਬੇੜਾ, ਹਕੀਕਤ ਆਪਣੇ ਹੱਥ ਰਖਾਇੰਦਾ । ਨਾਮ ਰਖਾਏ ਸਿੰਘ ਸ਼ੇਰਾ, ਆਪਣੀ ਭਬਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣਾ ਘਰ ਵਖਾਇੰਦਾ । ਭਗਵਨ


੧੦੯੭
੧੨

ਵੇਖ ਹਰਿ ਕਾ ਘਰ, ਹਰਿ ਸਤਿਗੁਰ ਆਪ ਖੁਲ੍ਹਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਡਿਆਈਆ । ਬਿਨ ਕਰਮਾਂ ਉਪਰ ਜਾਣਾ ਚੜ੍ਹ, ਨਿਹਕਰਮੀ ਲਏ ਚੜ੍ਹਾਈਆ । ਬਿਨ ਵਿਦਿਆ ਪੜ੍ਹਿਆਂ ਇਕੋ ਅੱਖਰ ਜਾਣਾ ਪੜ੍ਹ, ਸਚਖੰਡ ਕਰੇ ਪੜ੍ਹਾਈਆ । ਬਿਨ ਮਰਿਆ ਜਗਤ ਜਾਣਾ ਮਰ, ਜੀਵਣ ਮੁਕਤ ਰਿਹਾ ਕਰਾਈਆ । ਬਿਨ ਤੀਰਥ ਨਹਾਵਣ ਸਾਚੇ ਸਰ, ਚਰਨ ਧੂੜੀ ਰਿਹਾ ਨੁਹਾਈਆ । ਆਤਮ ਪਰਮਾਤਮ ਵਖਾਏ ਇਕੋ ਘਰ, ਘਰ ਮੰਦਰ ਦਏ ਖੁਲ੍ਹਾਈਆ । ਭਗਤ ਤੇਰਾ ਭਗਵਾਨ ਫੜਿਆ ਲੜ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਲੋਕਮਾਤ ਦੀ ਸਾਚੀ ਜੜ, ਹਰਿ ਭਗਤ ਇਕ ਪਰਗਟਾਈਆ । ਜਿਸ ਦਵਾਰੇ ਦਰਸ ਦਿਖਾਏ ਅੱਗੇ ਖੜ, ਸੋ ਦਵਾਰਾ ਸਚ ਰੂਪ ਵਖਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਭਗਤੀ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਸਾਢੇ ਤਿੰਨ ਹੱਥ ਵੇਖੇ ਸੱਚੀ ਧਰਮਸਾਲ, ਜਿਸ ਦਵਾਰੇ ਵਸੇ ਸੱਚਾ ਮਾਹੀਆ । ਪੋਹ ਨਾ ਸਕੇ ਕਾਲ ਮਹਾਕਾਲ, ਮਹਾਕਾਲ ਸੀਸ ਝੁਕਾਈਆ । ਗੁਰ ਸ਼ਬਦੀ ਬਣਿਆ ਇਕ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਵੇਖਣਹਾਰ ਪੱਤ ਡਾਲ, ਫੁਲ ਫੁਲਵਾੜੀ ਸੋਭਾ ਪਾਈਆ । ਆਪੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਈਆ । ਜੁਗ ਚੌਕੜੀ ਘਾਲਣ ਆਏ ਘਾਲ, ਕਲਜੁਗ ਅੰਤਮ ਲੇਖੇ ਲਾਈਆ । ਭਗਤਾਂ ਕਰੇ ਹੱਲ ਸਵਾਲ, ਪੱਟੀ ਇਕੋ ਨਾਮ ਪੜ੍ਹਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਏਥੇ ਓਥੇ ਚਲੇ ਨਾਲ ਨਾਲ, ਸਤਿਗੁਰ ਪੂਰਾ ਵਿਛੜ ਕਦੇ ਨਾ ਜਾਈਆ । ਪ੍ਰਿਤਪਾਲਕ ਬਣ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਥਾਉਂ ਥਾਈਆ । ਭਗਤ ਦਵਾਰਾ ਡੂੰਘਾ ਸਾਗਰ, ਨਜ਼ਰ ਕਿਸੇ ਨਾ ਆਇੰਦਾ । ਪ੍ਰਭ ਆਪ ਰਖਾਏ ਕਾਇਆ ਗਾਗਰ, ਪੰਜ ਤਤ ਪਰਦਾ ਉਪਰ ਪਾਇੰਦਾ । ਨਿਰਮਲ ਜੋਤ ਜਗੇ ਉਜਾਗਰ, ਜੋਤ ਉਜਾਲਾ ਇਕ ਕਰਾਇੰਦਾ । ਨਾਮ ਵਣਜਾਰਾ ਇਕ ਸੌਦਾਗਰ, ਹਰਿ ਜੂ ਸਾਚਾ ਹੱਟ ਖੁਲ੍ਹਾਇੰਦਾ । ਅੰਦਰੇ ਅੰਦਰ ਦੇਵੇ ਆਦਰ, ਬਾਹਰੋਂ ਭੇਵ ਕੋਇ ਨਾ ਪਾਇੰਦਾ । ਮਿਲਿਆ ਮੇਲ ਕਰੀਮ ਕਾਦਰ, ਕਰਤਾ ਆਪਣਾ ਰੰਗ ਚੜ੍ਹਾਇੰਦਾ । ਸਿਦਕ ਸਬੂਰੀ ਦੇਵੇ ਸਾਬਰ, ਸਤਿ ਸੰਤੋਖ ਗਿਆਨ ਦ੍ਰਿੜ੍ਹਾਇੰਦਾ । ਮਨ ਮਨੂਆ ਨਾ ਰਹੇ ਜਾਬਰ, ਮਨ ਮਨਸਾ ਆਪ ਮਿਟਾਇੰਦਾ । ਇਕੋ ਰਾਗ ਸੁਣਾਏ ਦਾਦਰ, ਹਜ਼ਾਰਾ ਦਰੂਦ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲੇਖਾ ਆਪ ਜਣਾਇੰਦਾ । ਭਗਵਨ ਲੇਖਾ ਕਾਇਆ ਅੰਦਰ ਰੱਖ, ਰੱਖਿਆ ਆਪਣੀ ਆਪ ਜਣਾਈਆ । ਨਿਰਗੁਣ ਸਰਗੁਣ ਹੋ ਪਰਤੱਖ, ਪਰਗਟ ਰੂਪ ਵਟਾਈਆ । ਇਕ ਜਣਾਏ ਆਪਣਾ ਜਸ, ਜਸ ਵੇਦ ਪੁਰਾਨ ਗਾ ਨਾ ਸਕਣ ਰਾਈਆ । ਆਤਮ ਪਰਮਾਤਮ ਮਾਰਗ ਦਏ ਦੱਸ, ਔਝੜ ਰਾਹ ਕੋਇ ਨਾ ਜਾਈਆ । ਅੱਗੋਂ ਮਿਲੇ ਨੱਠ ਨੱਠ, ਦੋ ਜਹਾਨਾਂ ਪੰਧ ਮੁਕਾਈਆ । ਲੋਕਮਾਤ ਦਸਮ ਦਵਾਰੀ ਚੌਥੇ ਘਰ ਕਰੇ ਇਕੱਠ, ਅੱਗੇ ਆਪਣੀ ਉਂਗਲੀ ਲਾਈਆ । ਜਗਤ ਵਿਕਾਰ ਏਕੰਕਾਰ ਪਿਆਰ ਜਾਏ ਢੱਠ, ਪੰਜ ਤਤ ਨਾਤਾ ਦਏ ਤੁੜਾਈਆ । ਅੱਗੇ ਕੋਈ ਨਾ ਉਬਲੇ ਬਹੱਤਰ ਨਾੜੀ ਰੱਤ, ਰੱਤੀ ਰੱਤ ਨਾ ਕੋਇ ਜਣਾਈਆ । ਨਜ਼ਰ ਨਾ ਆਏ ਬੁਧ ਮਨ ਮਤ, ਮਤੀ ਮਤ ਨਾ ਕੋਇ ਸਮਝਾਈਆ । ਸਤਿਗੁਰ ਪੂਰਾ ਹੋ ਪਰਗਟ, ਨਿਰਗੁਣ ਨਿਰਗੁਣ ਅੰਗ ਲਗਾਈਆ । ਜੋਤ ਉਜਾਲਾ

ਨੂਰ ਨੁਰਾਨਾ ਲਟ ਲਟ, ਸ਼ਬਦ ਧੁੰਨ ਨਾ ਕੋਇ ਸ਼ਨਵਾਈਆ । ਥਿਰ ਘਰ ਦਵਾਰ ਖੋਲ੍ਹ ਹੱਟ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਕੁੰਡਾ ਲਾਹੀਆ । ਸਚਖੰਡ ਦਵਾਰੇ ਆਪੇ ਵਸ, ਸਾਚੀ ਕਾਰ ਕਮਾਈਆ । ਜੁਗ ਜੁਗ ਜਨ ਭਗਤਾਂ ਗਾਏ ਜਸ, ਨਿਰਗੁਣ ਸਰਗੁਣ ਵੇਸ ਵਟਾਈਆ । ਕਲਜੁਗ ਅੰਤ ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਚ ਦਵਾਰ ਜਿਥੇ ਵਸੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਈਆ । ਗ਼ਰੀਬ ਨਿਵਾਜਾ ਵਸੇ ਸਚਖੰਡ, ਸਚ ਦਵਾਰ ਸੋਭਾ ਪਾਈਆ । ਜ਼ਾਤ ਪਾਤ ਨਾ ਕੋਇ ਵੰਡ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਰਬ ਜੀਆਂ ਦਾ ਇਕੋ ਛੰਦ, ਆਤਮ ਪਰਮਾਤਮ ਕਰੇ ਪੜ੍ਹਾਈਆ । ਵਸਤ ਅਮੋਲਕ ਇਕੋ ਵੰਡ, ਲੱਖ ਚੁਰਾਸੀ ਝੋਲੀ ਪਾਈਆ । ਨਾ ਕੋਈ ਭੇਖ ਨਾ ਪਖੰਡ, ਕੂੜੀ ਕਿਰਿਆ ਨਾ ਕੋਇ ਵਖਾਈਆ । ਮਦਿਰਾ ਮਾਸ ਨਾ ਕੋਇ ਗੰਦ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਚਿੱਲਾ ਤੀਰ ਨਾ ਕੋਇ ਕਮੰਦ, ਸ਼ਸਤਰ ਬਸਤਰ ਨਾ ਕੋਇ ਲੜਾਈਆ । ਰਸਨਾ ਜਿਹਵਾ ਨਾ ਬੱਤੀ ਦੰਦ, ਕਾਗ਼ਜ਼ ਕਲਮ ਨਾ ਕੋਇ ਉਠਾਈਆ । ਇਕ ਇਕੱਲਾ ਵਸੇ ਸੂਰਾ ਸਰਬੰਗ, ਸਤਿਗੁਰ ਆਪਣਾ ਆਸਣ ਲਾਈਆ । ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜਨਮ ਜਨਮ ਦੀ ਟੁੱਟੀ ਗੰਢ, ਆਪਣੇ ਅੰਗ ਲਗਾਈਆ । ਭਗਤ ਦਵਾਰ ਭਗਵਨ ਲੰਘ, ਭਾਗਵਤ ਏਕਾ ਕਥਾ ਸਮਝਾਈਆ । ਆਦਿ ਸ਼ਕਤ ਚਾੜ੍ਹੇ ਰੰਗ, ਨੂਰੋ ਨੂਰ ਨੂਰ ਰੁਸ਼ਨਾਈਆ । ਚਤੁਰਭੁਜ ਵਜਾਏ ਮਰਦੰਗ, ਮਰਦੰਗਾ ਇਕੋ ਹੱਥ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਸਣ ਸੰਗ, ਸੰਗ ਇਕੋ ਨਜ਼ਰੀ ਆਈਆ । ਜਿਸ ਦਵਾਰੇ ਭਗਤ ਜਾਏ ਲੰਘ, ਤਿਸ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇਵੇ ਸਾਚਾ ਦਾਨ, ਗੁਰਮੁਖ ਵੇਖੇ ਸਾਚਾ ਲਾਲ, ਨਿਰਗੁਣ ਸਰਗੁਣ ਬਣ ਦਲਾਲ, ਨਾਤਾ ਤੋੜ ਕਾਲ ਮਹਾਕਾਲ, ਇਕ ਵਖਾਏ ਸੱਚੀ ਧਰਮਸਾਲ, ਜੋਤੀ ਜਲਵਾ ਨੂਰ ਜਲਾਲ, ਨਜ਼ਰੀ ਆਏ ਪਰਵਰਦਿਗਾਰ ਬੇਐਬ ਖ਼ੁਦਾਈ ਸਾਂਝਾ ਯਾਰ, ਮੁਕਾਮੇ ਹੱਕ ਖੇਲ ਅਪਾਰ, ਸਚਖੰਡ ਖੋਲ੍ਹ ਆਪ ਨਿਰੰਕਾਰ, ਜਨ ਭਗਤਾਂ ਅੰਦਰ ਲਏ ਬਿਠਾਲ, ਮੁਖ ਪੂੰਜੇ ਪ੍ਰੇਮ ਨਾਲ ਰੁਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਲਏ ਫੜ, ਭਗਤਾਂ ਅੰਦਰ ਆਪੇ ਵੜ, ਸਾਚੇ ਪੌੜੇ ਜਾਏ ਚੜ੍ਹ, ਸੋਹੰ ਅੱਖਰ ਇਕੋ ਪੜ੍ਹ, ਆਤਮ ਪਰਮਾਤਮ ਲਾਏ ਲੜ, ਫੜਿਆ ਲੜ ਛੁੱਟ ਕਦੇ ਨਾ ਜਾਈਆ । ਹਰਿ ਕਾ ਲੜ ਕਦੇ ਨਾ ਛੁੱਟੇ, ਸਤਿਗੁਰ ਸਾਚਾ ਆਪ ਬੰਧਾਇੰਦਾ । ਲੱਖ ਚੁਰਾਸੀ ਫੜ ਫੜ ਕੁੱਠੇ, ਨਾਮ ਖੰਡਾ ਇਕ ਚਮਕਾਇੰਦਾ । ਜਨ ਭਗਤਾਂ ਅੰਮ੍ਰਿਤ ਜਾਮ ਪਿਆਏ ਘੁੱਟੇ, ਘੁੱਟ ਆਪਣੇ ਨਾਲ ਲਗਾਇੰਦਾ । ਲੋਕਮਾਤ ਦੇ ਸਾਚੇ ਬੂਟੇ ਆਪਣੀ ਹੱਥੀਂ ਪੁੱਟੇ, ਦਰਗਹਿ ਸਾਚੀ ਸਚਖੰਡ ਆਪ ਲਗਾਇੰਦਾ । ਗੁਰਸਿਖ ਲਾਲ ਕਦੇ ਨਾ ਲੁੱਟੇ, ਕੱਖੋਂ ਲੱਖ ਵਖਾਇੰਦਾ । ਆਵਣ ਜਾਵਣ ਮਾਤ ਗਰਭ ਲੱਖ ਚੁਰਾਸੀ ਪੈਂਡੇ ਪਾਂਧੀ ਮੁੱਕੇ, ਹਰਿ ਪਾਂਧੀ ਆਪ ਮੁਕਾਇੰਦਾ । ਭਗਤ ਭਗਵੰਤ ਆਪਣੀ ਰੱਖੇ ਕੁੱਖੇ, ਬਣ ਜਨਣੀ ਜਨ ਸੇਵ ਕਮਾਇੰਦਾ । ਲੋਕਮਾਤ ਜੋ ਰਹੇ ਲੁਕੇ, ਕਰ ਕਿਰਪਾ ਪਰਦਾ ਲਾਹਿੰਦਾ । ਕਲਜੁਗ ਅੰਤ ਸ੍ਰੀ ਭਗਵਾਨ ਆਪਣੀ ਡੋਰੀ ਭਗਤਾਂ ਉਤੇ ਸੁੱਟੇ, ਆਪਣੇ ਹੱਥ ਨਾ ਕੁਛ ਰਖਾਇੰਦਾ । ਘਰ ਘਰ ਦਰ ਦਰ ਜਾ ਜਾ ਪੁੱਛੇ, ਬਣ ਰਾਹੀ ਪਾਂਧੀ ਫੇਰਾ ਪਾਇੰਦਾ । ਨਿਉਂ ਨਿਉਂ ਸਜਦਾ ਕਰ ਕਰ ਝੁਕੇ, ਜਨ ਭਗਤਾਂ ਸੀਸ

ਝੁਕਾਇੰਦਾ । ਭਗਤ ਵਿਰਲਾ ਲੋਕਮਾਤ ਉਠੇ, ਜਿਸ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਖੇਲ ਵਖਾਇੰਦਾ । ਭਗਤ ਭਗਵਾਨ ਦੋਵੇਂ ਰਹੇ ਹੱਸ, ਕਲਜੁਗ ਅੰਤਮ ਖ਼ੁਸ਼ੀ ਮਨਾਈਆ । ਇਕ ਦੂਜੇ ਦੇ ਪਿਆਰ ਅੰਦਰ ਗਏ ਫਸ, ਨਾਤਾ ਸਕੇ ਨਾ ਕੋਇ ਤੁੜਾਈਆ । ਰਲ ਮਿਲ ਗਾਉਂਦੇ ਇਕ ਦੂਜੇ ਦਾ ਜਸ, ਘਰ ਵੱਜਦੀ ਰਹੇ ਵਧਾਈਆ । ਪੁਰਖ ਅਬਿਨਾਸ਼ੀ ਆਪਣਾ ਮਾਰਗ ਦੱਸ, ਮਾਰਗ ਭਗਤਾਂ ਕੋਲੋਂ ਪੁਛ ਪੁਛ ਆਪਣਾ ਰਾਹ ਚਲਾਈਆ । ਲੱਖ ਚੁਰਾਸੀ ਕੋਲੋਂ ਬਚ, ਲੁਕ ਲੁਕ ਭਗਤ ਦਵਾਰੇ ਫੇਰਾ ਪਾਈਆ । ਜੇ ਕੋਈ ਪੁਛੇ ਸੱਚ, ਬਿਨ ਭਗਤਾਂ ਸਚ ਨਾ ਕਿਸੇ ਸਮਝਾਈਆ । ਲੱਖ ਚੁਰਾਸੀ ਨੌਂ ਦਵਾਰੇ ਰਹੀ ਨੱਚ, ਨੌਂ ਖੰਡ ਪ੍ਰਿਥਮੀ ਪਈ ਦੁਹਾਈਆ । ਅੰਤਮ ਭਾਂਡਾ ਦਿਸੇ ਕੱਚ, ਥਿਰ ਕੋਇ ਨਜ਼ਰ ਨਾ ਆਈਆ । ਜਿਸ ਹਿਰਦੇ ਅੰਦਰ ਗਿਆ ਰਚ, ਤੇਰਾ ਮੇਰਾ ਮੇਰਾ ਤੇਰਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਮਿਲਾਵਾ ਆਪਣੇ ਹੱਥ ਰਖਾਈਆ । ਹਰਿ ਭਗਤ ਤੇਰਾ ਸਚ ਮੁਨਾਰਾ, ਮੁਨੀ ਰਿਖੀ ਭੇਵ ਨਾ ਰਾਇਆ । ਚਾਰੋਂ ਕੁੰਟ ਹੋਏ ਉਜਿਆਰਾ, ਗੁਰ ਅਵਤਾਰ ਦਰਸਨ ਪਾਇਆ । ਜਿਸ ਘਰ ਵੱਸੇ ਨਿਰੰਕਾਰਾ, ਸਚਖੰਡ ਰੂਪ ਵਟਾਇਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਇਆ । ਸਿਫ਼ਤ ਸਲਾਹੀ ਬੇਪਰਵਾਹੀ ਸਿਫ਼ਤਾਂ ਵਿਚੋਂ ਵਸੇ ਬਾਹਰਾ, ਸਿਫ਼ਤ ਵਿਚ ਕਦੇ ਨਾ ਆਇਆ । ਜਨ ਭਗਤ ਦਵਾਰੇ ਬਣੇ ਭਿਖਾਰਾ, ਜੁਗ ਜੁਗ ਆਪਣਾ ਫੇਰਾ ਪਾਇਆ । ਦਰ ਦਰਵੇਸ਼ ਨਰ ਨਰੇਸ਼ ਇਕੋ ਅਲਖ ਬੋਲ ਜੈਕਾਰਾ, ਜੈ ਜੈਕਾਰ ਦਏ ਸੁਣਾਇਆ । ਦਰੋਹੀ ਦਰੋਹੀ ਬਿਨ ਭਗਤ ਮੋਹੇ ਕਰੇ ਨਾ ਕੋਇ ਪਿਆਰਾ, ਬਿਨ ਭਗਤਾਂ ਪਿਆਰ ਕਿਸੇ ਘਰੋਂ ਹੱਥ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਜਗਤ ਵਣਜਾਰਾ, ਹਰਿ ਕਾ ਨਾਮ ਹੱਟ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਥਾਉਂ ਥਾਈਂਆ । ਵੇਖਣਹਾਰਾ ਥਾਨ ਥਨੰਤਰ, ਥਿਰ ਘਰ ਵਾਸੀ ਦਇਆ ਕਮਾਇੰਦਾ । ਚਾਰ ਕੁੰਟ ਲੱਗੀ ਬਸੰਤਰ, ਅਗਨੀ ਤਤ ਤਤ ਜਲਾਇੰਦਾ । ਫਿਰੀ ਦਰੋਹੀ ਗਗਨ ਗਗਨੰਤਰ, ਮੰਡਲ ਮੰਡਪ ਸਰਬ ਕੁਰਲਾਇੰਦਾ । ਜੀਵ ਜੰਤ ਭੁੱਲੇ ਗੁਰੂ ਕਾ ਮੰਤਰ, ਗੁਰਦੇਵ ਨਜ਼ਰ ਕਿਸੇ ਨਾ ਆਇੰਦਾ । ਕੂੜੀ ਕਿਰਿਆ ਕੂੜਾ ਮੰਤਰ, ਕਲਜੁਗ ਆਪਣਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਭਗਤ ਭਗਵਾਨ ਖੋਲ੍ਹੇ ਜਾਗ, ਜਾਗਰਤ ਜੋਤ ਇਕ ਜਗਾਈਆ । ਸਚ ਦਵਾਰੇ ਲੱਗੇ ਭਾਗ, ਸ੍ਰੀ ਭਗਵਾਨ ਆਪ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜਿਸ ਦੀ ਕਰਦੇ ਰਹੇ ਯਾਦ, ਸੋ ਸਾਹਿਬ ਫੇਰਾ ਪਾਈਆ । ਜਿਸ ਦੀ ਕੋਈ ਨਾ ਜਾਣੇ ਬੁਨਿਯਾਦ, ਆਦਿ ਅੰਤ ਨਾ ਕਿਸੇ ਵਖਾਈਆ । ਜਿਸ ਦੀ ਹੱਥ ਨਾ ਆਈ ਹਾਦ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਪੱਲੂ ਛੁਡਾਈਆ । ਜਿਸ ਨੂੰ ਕਹਿੰਦੇ ਵਾਹਦ ਲਾਸ਼ਰੀਕ ਗਾਡ, ਸਰਕਤ ਆਪਣੀ ਨਾ ਕੋਇ ਰਖਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਦੇ ਰਹੇ ਨਾਦ, ਅਨਾਦ ਅਨਾਦੀ ਆਪ ਵਜਾਈਆ । ਜਿਸ ਨੇ ਖੇਲ ਰਚਾਈ ਕੋਟਨ ਕੋਟੀ ਬ੍ਰਹਮ ਬ੍ਰਹਿਮਾਂਡ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਂਆ । ਜਿਸ ਸਾਹਿਬ ਰਚਨਾ ਰਚੀ ਆਦਿ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸੋ ਸਤਿਗੁਰ ਭਗਤਾਂ ਰੱਖੇ ਯਾਦ, ਜੁਗ ਜੁਗ ਭੁੱਲ ਕਦੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਉਂਦਾ ਆਇਆ ਜਹਾਜ਼, ਬਣ ਖੇਵਟ ਖੇਟਾ ਸੇਵ ਕਮਾਈਆ । ਕਲਜੁਗ ਅੰਤ ਸੁਣੇ ਫਰਿਯਾਦ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ ।

ਗ਼ਰੀਬ ਨਿਮਾਣਿਆਂ ਕਰੇ ਲਾਡ, ਰਾਜੇ ਰਾਣਿਆਂ ਖ਼ਾਕ ਮਿਲਾਈਆ । ਸੋ ਗੁਰਮੁਖ ਗੁਰਸਿਖ ਸੱਚਾ ਸਾਧ, ਜਿਸ ਸਾਧਨਾ ਹਰਿ ਸਮਝਾਈਆ । ਭਗਤ ਭਗਵੰਤ ਰੱਖੇ ਲਾਜ, ਲਾਜਾਵੰਤ ਸੱਚਾ ਮਾਹੀਆ । ਕਲਜੁਗ ਅੰਤਮ ਜਨ ਭਗਤਾਂ ਨਾਲ ਰਚਿਆ ਕਾਜ, ਕਾਰਜ ਅਨੰਦ ਇਕ ਵਖਾਈਆ । ਸਾਹਿਬ ਸਤਿਗੁਰ ਸਤਿ ਪੁਰਖ ਦਾ ਇਕੋ ਇਕ ਸਮਾਜ, ਆਤਮ ਪਰਮਾਤਮ ਪਰਮਾਤਮ ਆਤਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਾਰੇ ਆਪ ਆਵਾਜ਼, ਹਰਿ ਭਗਤ ਲੱਭਣ ਕਿਸੇ ਥਾਂ ਨਾ ਜਾਈਆ ।

## ✳ ੧੮ ਅੱਸੂ ੨੦੧੯ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹਿ ਪਿੰਡ ਬੋਪਾਰਾਏ ਜ਼ਿਲਾ ਜਲੰਧਰ ✳

ਦਾਸੀ ਦਾਸ ਸ੍ਰੀ ਭਗਵਾਨ, ਸੇਵਕ ਸੇਵਕ ਸੇਵ ਕਮਾਈਆ । ਜੋਤ ਪਰਕਾਸੀ ਵਿਚ ਜਹਾਨ, ਪ੍ਰਭ ਅਬਿਨਾਸ਼ੀ ਦਇਆ ਕਮਾਈਆ । ਬੰਦ ਖ਼ੁਲਾਸੀ ਕਰੇ ਆਣ, ਗੁਰਮੁਖ ਭਗਤ ਦਏ ਵਡਿਆਈਆ । ਮਾਣਸ ਜਨਮ ਰਾਸੀ ਕਰੇ ਵਿਚ ਜਹਾਨ, ਜੀਵਣ ਜੁਗਤ ਦਏ ਜਣਾਈਆ । ਪ੍ਰਿਥਮੀ ਆਕਾਸੀ ਖੇਲ ਮਹਾਨ, ਮਹਿਮਾ ਅਕਥ ਕਥ ਜਣਾਈਆ । ਸਤਿਜੁਗ ਦਾ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਵਖਾਈਆ । ਕਾਗਦ ਕਲਮ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਦਾਤਾ ਦਾਨੀ ਫੇਰਾ ਪਾਈਆ । ਗੁਰਮੁਖ ਬਣਾਏ ਸਾਚੇ ਕਾਹਨ, ਸੁਰਤੀ ਸੀਤਾ ਲਏ ਪਰਨਾਈਆ । ਅੱਠੇ ਪਹਿਰ ਦਿਵਸ ਰੈਣ ਅੰਦਰ ਬਾਹਰ ਕਰੇ ਧਿਆਨ, ਨਿਝ ਨੇਤਰ ਵੇਖ ਵਖਾਈਆ । ਸ਼ਬਦ ਅਗੰਮੀ ਸੋਹੰ ਢੋਲਾ ਬਣ ਵਿਚੋਲਾ ਦੇਵੇ ਗਾਣ, ਗਾਵਤ ਗਾਵਤ ਆਪਣਾ ਰੰਗ ਵਖਾਈਆ । ਚਰਨ ਕਵਲ ਉਪਰ ਧਵਲ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਵਟਾਈਆ । ਆਵਣ ਜਾਵਣ ਜਮ ਕੀ ਚੁੱਕੇ ਕਾਣ, ਲੱਖ ਚੁਰਾਸੀ ਰਿਹਾ ਤੁੜਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਮਿਟੇ ਤੂਫ਼ਾਨ, ਤੋਹਫ਼ਾ ਆਪਣਾ ਨਾਮ ਝੋਲੀ ਪਾਈਆ । ਨਾਮ ਖੰਡਾ ਤੇਜ਼ ਪਰਚੰਡਾ ਤਿਖੀ ਧਾਰ ਹਰਿ ਕਰਤਾਰ ਆਪ ਟਿਕਾਏ ਕਾਇਆ ਵਿਚ ਮਿਆਨ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਸਤਿ ਸਰੋਵਰ ਆਤਮ ਅੰਤਰ ਅੰਮ੍ਰਿਤ ਦੇਵੇ ਪੀਣ ਖਾਣ, ਮਿਠਾ ਰਸ ਇਕ ਭਰਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਦਾਤਾ ਪੁਰਖ ਬਿਧਾਤਾ ਜਗਾਏ ਆਣ, ਤੇਲ ਬਾਤੀ ਕੋਇ ਨਾ ਪਾਈਆ । ਇਕ ਇਕਾਂਤੀ ਸ਼ਾਹੋ ਸ਼ਾਬਾਸੀ ਮੰਡਲ ਮੰਡਪ ਪਾਵੇ ਰਾਸੀ ਗੁਰਮੁਖ ਲੇਖਾ ਜਾਣੇ ਸ੍ਰੀ ਭਗਵਾਨ, ਦੂਸਰ ਹੱਥ ਨਾ ਕੋਇ ਵਡਿਆਈਆ । ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਾ ਆਪ ਕਮਾਈਆ । ਦਾਸੀ ਦਾਸ ਸ੍ਰੀ ਭਗਵੰਤਾ, ਸੇਵਾ ਸਾਚੀ ਸਚ ਕਮਾਇੰਦਾ । ਲੇਖਾ ਜਾਣੇ ਆਦਿਨ ਅੰਤਾ, ਨਿਤ ਨਵਿਤ ਵੇਸ ਵਟਾਇੰਦਾ । ਭੇਵ ਖੁਲ੍ਹਾਏ ਜੁਗਾ ਜੁਗੰਤਾ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਸਾਚਾ ਧਾਮ ਇਕ ਸੁਹੰਤਾ, ਸੋਭਾਵੰਤ ਸੋਭਾ ਪਾਇੰਦਾ । ਮਹਿਮਾ ਅਕੱਥ ਸੁਣਾਏ ਅਗਣਤਾ, ਲੇਖਾ ਲਿਖਤ ਵਿਚ ਨਾ ਆਇੰਦਾ । ਭਗਤ ਭਗਵੰਤ ਮੇਲਾ ਨਾਰ ਕੰਤਾ, ਕੰਤ ਕੰਤੂਹਲ ਸੇਜ ਹੰਢਾਇੰਦਾ । ਇਕ ਦ੍ਰਿੜ੍ਹਾਏ ਸਾਚਾ ਮੰਤਾ, ਮੰਤਰ ਆਪਣਾ ਨਾਮ ਦ੍ਰਿੜ੍ਹਾਇੰਦਾ । ਰੂਪ

ਵਟਾਏ ਸਾਚੇ ਸੰਤਾ, ਸਤਿਗੁਰ ਆਪਣਾ ਖੇਲ ਕਰਾਇੰਦਾ । ਵੇਖਣਹਾਰਾ ਲੇਖਾ ਜੁਗਾ ਜੁਗੰਤਾ, ਗ਼ਰੀਬ ਨਿਮਾਣਾ ਹੋ ਹੋ ਫੇਰਾ ਪਾਇੰਦਾ । ਗੁਰਮੁਖ ਲਗਾਏ ਅੰਗ ਜਿਉਂ ਨਾਨਕ ਅੰਗਦਾ, ਅੰਗੀਕਾਰ ਆਪ ਹੋ ਜਾਇੰਦਾ । ਕਰੇ ਖੇਲ ਸੂਰੇ ਸਰਬੰਗ ਦਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣਾ ਵੇਸ ਵਟਾਇੰਦਾ । ਭਗਤ ਦਵਾਰਾ ਇਕੋ ਮੰਗ ਦਾ, ਦੂਜੇ ਦਰ ਨਾ ਅਲੱਖ ਜਗਾਇੰਦਾ । ਸਰਗੁਣ ਅੰਦਰ ਨਿਰਗੁਣ ਲੰਘਦਾ, ਆਪਣਾ ਮਾਰਗ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੇਵਾ ਆਪ ਕਮਾਇੰਦਾ । ਦਾਸੀ ਦਾਸਾ ਪੁਰਖ ਅਬਿਨਾਸ਼ਾ, ਸੇਵਕ ਬੈਠਾ ਕਾਰ ਕਮਾਈਆ । ਨਿਰਗੁਨ ਸਰਗੁਣ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਰੂਪ ਵਟਾਈਆ । ਮੰਡਲ ਮੰਡਪ ਬ੍ਰਹਿਮੰਡ ਖੰਡ ਪਾਏ ਰਾਸਾ, ਗੁਰ ਅਵਤਾਰ ਪੀਰ ਪੈਗ਼ੰਬਰ ਨਾਚ ਨਚਾਈਆ । ਲੱਖ ਚੁਰਾਸੀ ਗ੍ਰਹਿ ਗ੍ਰਹਿ ਮੰਦਰ ਘਟ ਘਟ ਕਰ ਵਾਸਾ, ਨਿਝ ਨੇਤਰ ਨਿਝ ਆਤਮ ਪਰਮਾਤਮ ਵੇਖੇ ਚਾਈਂ ਚਾਈਆ । ਲੇਖਾ ਜਾਣੇ ਪਵਣ ਸਵਾਸਾ, ਸਵਾਸ ਸਵਾਸਾਂ ਰਿਹਾ ਸਮਾਈਆ । ਸ਼ਬਦ ਅਗੰਮੀ ਭੇਵ ਖੁਲ੍ਹਾਏ ਸਚ ਖ਼ੁਲਾਸਾ, ਸਾਚੀ ਸਿਖਿਆ ਕਰੇ ਪੜ੍ਹਾਈਆ । ਨਿਰਮਲ ਨੂਰ ਜੋਤ ਪਰਕਾਸ਼ਾ, ਪਰਕਾਸ਼ਵਾਨ ਇਕ ਹੋ ਆਈਆ । ਜੁਗਾ ਜੁਗੰਤਰ ਨਾ ਕਦੇ ਵਿਨਾਸਾ, ਅਬਿਨਾਸ਼ੀ ਆਪਣਾ ਰੂਪ ਵਖਾਈਆ । ਭਗਤਾਂ ਕਦੇ ਨਾ ਆਵੇ ਹਾਰ ਪਾਸਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਤੁੱਟੇ ਫਾਸਾ, ਫਾਸੀ ਜਮ ਨਾ ਕੋਇ ਲਟਕਾਈਆ । ਤੋਲਣਹਾਰਾ ਬਿਨ ਤੋਲੇ ਮਾਸਾ, ਰੱਤੀ ਰੱਤ ਨਾ ਕੋਇ ਰਖਾਈਆ । ਜਿਸ ਦਰਸ ਦਿਖਾਏ ਸਾਖਿਆਤਾ, ਸਖ਼ੀ ਸਰਵਰ ਫੇਰਾ ਪਾਈਆ । ਪਾਰ ਕਰਾਏ ਕਾਇਨਾਤਾ, ਦੋ ਜਹਾਨਾਂ ਪੰਧ ਮੁਕਾਈਆ । ਦਰਸ ਦਿਖਾਏ ਸ਼ਾਹ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣਾ ਰੂਪ ਵਟਾਈਆ । ਨਿਰਗੁਣ ਸਰਗੁਣ ਪੂਰੀ ਕਰੇ ਪੂਰਬ ਆਸਾ, ਆਸਾ ਤ੍ਰਿਸਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸਾਚੀ ਸੇਵ ਕਮਾਈਆ । ਦਾਸੀ ਦਾਸ ਸ੍ਰੀ ਭਗਵਾਨ, ਸੇਵਾ ਆਪਣੇ ਹੱਥ ਰਖਾਈਆ । ਚਰਨ ਕਵਲ ਕਵਲ ਚਰਨ ਦੇਵੇ ਇਕ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਬੋਧ ਅਗਾਧਾ ਨਾਮ ਗਿਆਨ, ਬਿਨ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਸਤਿ ਨਿਸ਼ਾਨ, ਸਤਿ ਸਤਿਵਾਦੀ ਦਏ ਵਖਾਈਆ । ਏਕਾ ਮੰਦਰ ਸੁਹਾਏ ਸਚ ਮਕਾਨ, ਘਰ ਘਰ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਇਕੋ ਇਕ ਸਮਝਾਈਆ । ਦਾਸੀ ਦਾਸ ਸੇਵਕ ਸੇਵਾ ਘਾਲ, ਘਾਲੀ ਘਾਲ ਲੇਖੇ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਇੰਦਾ । ਨਿਰਗੁਣ ਸਰਗੁਣ ਚਲੇ ਨਾਲ ਨਾਲ, ਜਗਤ ਵਿਛੋੜਾ ਨਾ ਕੋਇ ਰਖਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਗੁਰਮੁਖ ਆਪਣੀ ਗੋਦ ਬਹਾਇੰਦਾ । ਫਲ ਲਗਾਏ ਕਾਇਆ ਡਾਲ, ਪੱਤ ਡਾਲੀ ਆਪ ਮਹਿਕਾਇੰਦਾ । ਲੇਖਾ ਜਾਣੇ ਹੱਕ ਹਲਾਲ, ਹਕ਼ੀਕ਼ਤ ਆਪਣੇ ਹੱਥ ਰਖਾਇੰਦਾ । ਨਾਤਾ ਤੋੜ ਕਾਲ ਮਹਾਕਾਲ, ਮਹਿਮਾ ਆਪਣੀ ਆਪ ਸੁਣਾਇੰਦਾ । ਜੁਗ ਚੌਕੜੀ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪਰਗਟਾਇੰਦਾ । ਭਗਤ ਵਛਲ ਹਰਿ ਦੀਨ ਦਿਆਲ, ਦੀਨਨ ਆਪਣਾ ਰੰਗ ਰੰਗਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਸੱਜਣ ਆਪ ਉਠਾਇੰਦਾ । ਇਕੋ ਚਾੜ੍ਹੇ ਰੰਗ ਗੁਲਾਲ, ਗੁਲਸ਼ਨ ਆਪਣਾ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚੀ ਸੇਵਾ ਆਪ ਕਮਾਇੰਦਾ । ਦਾਸੀ ਦਾਸ ਸਾਚੀ ਸੇਵਾ, ਬਣ ਸੇਵਕ ਆਪ ਕਮਾਈਆ । ਅਲਖ ਅਗੋਚਰ ਅਗੰਮ ਅਥਾਹ ਅਭੇਦ ਅਭੇਵਾ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਮੁਖ ਗੁਰਸਿਖ ਹਰਿਜਨ ਮੇਲਾ ਵਡ ਦੇਵੀ ਦੇਵਾ, ਦੇਵ ਆਤਮ ਪਰਦਾ ਲਾਹੀਆ । ਅੰਮ੍ਰਿਤ ਰਸ ਅਨਡਿਠ ਖੁਵਾਏ ਸੱਚਾ ਮੇਵਾ, ਅਮਿਉਂ ਰਸ ਆਪਣਾ ਜਾਮ ਪਿਆਈਆ । ਆਦਿ ਜੁਗਾਦਿ ਸਦਾ ਨਿਹਕੇਵਾ, ਨਿਹਚਲ ਧਾਮ ਦਏ ਵਡਿਆਈਆ । ਕੌਸਤਕ ਮਣੀਆਂ ਮਸਤਕ ਲਾਏ ਥੇਵਾ, ਚੌਦਾਂ ਰਤਨ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਸਾਚੀ ਸੇਵ ਕਮਾਈਆ । ਦਾਸੀ ਦਾਸ ਹਰਿ ਸੇਵਕ ਠਾਕਰ, ਆਪਣਾ ਖੇਲ ਕਰਾਇੰਦਾ । ਵਣਜ ਵਪਾਰੀ ਬਣ ਸੌਦਾਗਰ, ਸੌਦਾ ਇਕੋ ਹੱਟ ਵਿਕਾਇੰਦਾ । ਭਗਤ ਭਗਵਾਨ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਇੰਦਾ । ਕਿਰਪਾ ਕਰੇ ਕਰੀਮ ਕਾਦਰ, ਕੁਦਰਤ ਕਾਦਰ ਵੇਸ ਵਟਾਇੰਦਾ । ਵੇਖਣਹਾਰਾ ਕਾਇਆ ਗਾਗਰ, ਸਾਢੇ ਤਿੰਨ ਹੱਥ ਮੰਦਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਸੇਵਾ ਖ਼ੁਸ਼ੀ ਮਨਾਇੰਦਾ । ਦਾਸੀ ਦਾਸ ਸੇਵਕ ਖ਼ੁਸ਼ਹਾਲ, ਖ਼ੁਸ਼ੀ ਇਕੋ ਇਕ ਰਖਾਈਆ । ਆਦਿ ਜੁਗਾਦਿ ਜੁਗ ਜੁਗ ਗੁਰਮੁਖ ਸੱਜਣ ਸੱਚੇ ਭਾਲ, ਭੱਲ ਆਪਣੀ ਦਏ ਵਡਿਆਈਆ । ਏਕਾ ਵਸਤ ਨਾਮ ਧੰਨ ਮਾਲ, ਸਚ ਖ਼ਜ਼ੀਨਾ ਝੋਲੀ ਪਾਈਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੇ ਸੰਗ ਰਖਾਈਆ । ਬਣ ਵਿਚੋਲਾ ਦੀਨ ਦਿਆਲ, ਦੀਨਨ ਸਾਚੀ ਸੇਵ ਕਮਾਈਆ । ਗੁਰਮੁਖ ਕਦੇ ਨਾ ਹੋਏ ਬੇਹਾਲ, ਬਿਹਬਲ ਹੋ ਨਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ ਸੱਚਾ ਮਾਹੀਆ । ਦਾਸੀ ਦਾਸ ਸੇਵਕ ਸੇਵਾ ਕਰੇ ਮਾਹੀ, ਮਹਾਬਲੀ ਨਾਉਂ ਧਰਾਇੰਦਾ । ਆਦਿ ਜਗਾਦਿ ਜੁਗ ਜੁਗ ਬਣਿਆ ਰਹੇ ਰਾਹੀ, ਬਣ ਪਾਂਧੀ ਫੇਰਾ ਪਾਇੰਦਾ । ਲੋਕਮਾਤ ਮਾਰ ਝਾਤ, ਤ੍ਰੈਗੁਣ ਮਾਇਆ ਤੋੜਨਹਾਰਾ ਜਗਤ ਫਾਹੀ, ਸਚ ਸੰਦੇਸਾ ਇਕ ਸੁਣਾਇੰਦਾ । ਗ਼ਰੀਬ ਨਿਮਾਣੇ ਭਗਤ ਭਗਵੰਤ ਉਠਾਏ ਫੜ ਫੜ ਬਾਂਹੀ, ਫੜ ਬਾਂਹੋਂ ਗਲੇ ਲਗਾਇੰਦਾ । ਦੁਰਮਤ ਮੈਲ ਦੀਨਾਂ ਨਾਥ ਆਪਣੀ ਹੱਥੀਂ ਧੋਵੇ ਸ਼ਾਹੀ, ਨਿਰਮਲ ਉਜਲ ਮੁਖ ਕਰਾਇੰਦਾ । ਏਥੇ ਓਥੇ ਦੋ ਜਹਾਨ ਬਣੇ ਪਿਤਾ ਮਾਈ, ਬਾਲਕ ਆਪਣੀ ਗੋਦ ਸੁਹਾਇੰਦਾ । ਵੇਖਣਹਾਰਾ ਥਾਉਂ ਥਾਈਂ, ਨਿਰਗੁਣ ਸਰਗੁਣ ਮੇਲਾ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਬਣ ਚਾਕਰ ਆਪ ਕਮਾਇੰਦਾ । ਦਾਸੀ ਦਾਸ ਸੇਵਕ ਸੇਵਾ ਚਾਕਰ ਚਾਕ, ਚਾਰੋਂ ਕੁੰਟ ਵੇਖ ਵਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਉਚ ਮਹੱਲੇ ਬੈਠਾ ਰਿਹਾ ਝਾਕ, ਨੇਤਰ ਨੈਣ ਨੈਣ ਉਠਾਈਆ । ਕਵਣ ਦਵਾਰੇ ਸਚ ਦਲਾਰੇ ਗੁਰਮੁਖ ਬੈਠੇ ਸਾਚੇ ਸਾਕ, ਸੱਜਣ ਆਪਣੇ ਵੇਖ ਵਖਾਈਆ । ਅਸਵ ਘੋੜੇ ਸਚ ਪਲਾਣੇ ਸੋਲਾਂ ਕਲੀਆਂ ਉਪਰ ਮਾਰ ਪਲਾਕ, ਦੋ ਜਹਾਨਾਂ ਵੇਖ ਵਖਾਈਆ । ਸ਼ਬਦ ਅਗੰਮੀ ਨਾਮ ਨਿਰੰਕਾਰਾ ਸਤਿ ਸਤਿਵਾਦੀ ਦੇਵੇ ਡਾਕ, ਬਿਨ ਤਾਰ ਸਤਾਰ ਹਿਲਾਈਆ । ਅੰਤਮ ਅੰਤ ਸ੍ਰੀ ਭਗਵੰਤ ਗੁਰ ਅਵਤਾਰ ਪੀਰ ਪੈਗ਼ੰਬਰ ਪੂਰਾ ਕਰੇ ਭਵਿਖਤ ਵਾਕ, ਕੀਤਾ ਕੌਲ ਭੁੱਲ ਨਾ ਜਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਉਤਮ ਰੱਖੇ ਜ਼ਾਤ, ਜ਼ਾਤ ਆਪਣੀ ਦਏ ਸਮਝਾਈਆ । ਸਤਿ ਸਰੂਪੀ ਚਰਨ ਕਵਲ ਬੰਧਾਏ ਨਾਤ, ਨਾਤਾ ਇਕੋ ਇਕ ਜੁੜਾਈਆ । ਸਚ ਸਿੰਘਾਸਣ ਸੁਹਾਏ ਆਤਮ ਖਾਟ, ਸੇਜ ਸੁਹੰਜਣੀ ਡੇਰਾ ਲਾਈਆ । ਦੂਰ ਦੁਰਾਡਾ ਪੰਧ ਮੁਕਾਏ ਵਾਟ, ਨੇਰਨ ਨੇਰਾ ਫੇਰਾ ਪਾਈਆ । ਰਾਹ ਤੱਕੇ ਬੈਠਾ ਪੱਤਣ ਘਾਟ, ਮਾਹੀਗੀਰ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸੇਵਾ ਕਰ ਕਰ ਖ਼ੁਸ਼ੀ ਮਨਾਈਆ । ਦਾਸੀ ਦਾਸ ਸੇਵਕ ਸੇਵਾ ਕਰ ਕਰ, ਹਰਿ ਜੂ ਆਪਣੀ ਖ਼ੁਸ਼ੀ ਮਨਾਇੰਦਾ । ਦਰ ਦਰਵੇਸ਼ ਫਿਰੇ ਦਰ ਦਰ, ਘਰ ਘਰ ਆਪਣੀ ਅਲਖ ਜਗਾਇੰਦਾ । ਭਗਤ ਭਗਵਾਨ ਸਾਚੇ ਫੜ ਫੜ, ਫੜ ਫੜ ਬਾਂਹੋਂ ਗਲੇ ਲਗਾਇੰਦਾ । ਡੂੰਘੀ ਕੰਦਰ ਕਾਇਆ ਮੰਦਰ ਅੰਦਰ ਵੜ ਵੜ, ਆਪ ਆਪਣਾ ਪਰਦਾ ਲਾਹਿੰਦਾ । ਲੇਖਾ ਜਾਣੇ ਸੀਸ ਧੜ ਧੜ, ਨਿਧੜਕ ਆਪਣਾ ਵੇਸ ਵਟਾਇੰਦਾ । ਪੰਚ ਵਿਕਾਰੇ ਨਾਲ ਲੜ ਲੜ, ਕੂੜੀ ਕਿਰਿਆ ਮੋਹ ਚੁਕਾਇੰਦਾ । ਗੁਰਸਿਖ ਪ੍ਰੇਮ ਪ੍ਰੀਤੀ ਅਗਨੀ ਸੜ ਸੜ, ਆਪਣਾ ਤਨ ਨਾ ਕੋਇ ਰਖਾਇੰਦਾ । ਸ਼ਬਦ ਅਗੰਮੀ ਇਕੋ ਪੜ੍ਹ ਪੜ੍ਹ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਦਰਸ ਦਿਖਾਏ ਅੱਗੇ ਖੜ ਖੜ, ਖੰਡਾ ਖੜਗ ਹੱਥ ਉਠਾਇੰਦਾ । ਕਰੇ ਖੇਲ ਨਰਾਇਣ ਨਰ ਨਰ, ਨਰ ਨਰ ਆਪਣਾ ਰੂਪ ਵਟਾਇੰਦਾ । ਆਪੇ ਜਨਮੇ ਮਰ ਮਰ, ਮਰ ਮਰ ਜਨਮ ਆਪਣੇ ਹੱਥ ਰਖਾਇੰਦਾ । ਆਪ ਨੁਹਾਏ ਸਾਚੇ ਸਰ ਸਰ, ਸਰ ਸਰੋਵਰ ਇਕ ਵਡਿਆਇੰਦਾ । ਲੇਖਾ ਜਾਣੇ ਚੋਟੀ ਜੜ ਜੜ, ਅਧਵਿਚਕਾਰੇ ਫੇਰਾ ਪਾਇੰਦਾ । ਤੋੜਨਹਾਰ ਹੰਕਾਰੀ ਗੜ੍ਹ ਗੜ੍ਹ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਗ਼ਰੀਬ ਨਿਮਾਣਿਆਂ ਨਾਮ ਭੰਡਾਰੇ ਆਪੇ ਭਰ ਭਰ, ਭਰ ਭੰਡਾਰ ਵੇਖ ਵਖਾਇੰਦਾ । ਨਿਰਗੁਣ ਭੌ ਚੁਕਾਏ ਭੈ ਡਰ ਡਰ, ਭਿਆਨਕ ਰੂਪ ਨਾ ਕੋਇ ਰਖਾਇੰਦਾ । ਨਿਰਗੁਣ ਨਿਰੰਕਾਰ ਨਿਰਵੈਰ ਬਿਨ ਪੈਰਾਂ ਆਏ ਚਲ ਚਲ, ਬਿਨ ਹੱਥਾਂ ਹੱਥ ਮਿਲਾਇੰਦਾ । ਆਦਿ ਜੁਗਾਦੀ ਅਛਲ ਅਛੱਲ ਛਲ, ਵਲ ਛਲ ਧਾਰੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤਨ ਸੇਵਾ ਆਪ ਕਮਾਇੰਦਾ । ਦਾਸੀ ਦਾਸ ਸੇਵਕ ਸੇਵਾ ਕਰੇ ਏਕੰਕਾਰ, ਓਅੰਕਾਰ ਦਇਆ ਕਮਾਈਆ । ਆਪੇ ਵੇਖੇ ਸਚ ਪਸਾਰ, ਬਣ ਪਸਾਰੀ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਆਧਾਰ, ਅੱਖਰ ਅੱਖਰ ਕਰ ਸਮਝਾਈਆ । ਲੇਖਾ ਜਾਣ ਗੁਰ ਅਵਤਾਰ, ਪੀਰ ਪੈਗ਼ੰਬਰ ਰਿਹਾ ਜਗਾਈਆ । ਸੇਵਾ ਕਰਨੇ ਆਇਆ ਆਪ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾਮ ਖੰਡਾ ਤੇਜ਼ ਕਟਾਰ, ਪਰਚੰਡਾ ਰਿਹਾ ਚਮਕਾਈਆ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਖੋਜ ਖੋਜਾਈਆ । ਰਵ ਸਸ ਦਏ ਉਠਾਲ, ਮੰਡਲ ਮੰਡਪ ਨਾਲ ਰਲਾਈਆ । ਲੱਖ ਚੁਰਾਸੀ ਕਰੇ ਵੀਚਾਰ, ਅਭੁਲ ਭੁਲ ਕਦੇ ਨਾ ਜਾਈਆ । ਭਗਤਨ ਦੇਵੇ ਆਪ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਾਚਾ ਮਾਰਗ ਇਕ ਸਿਖਾਲ, ਸਾਚੀ ਸਿਖਿਆ ਦਏ ਸਮਝਾਈਆ । ਸੇਵਕ ਰੂਪ ਬਣ ਦਲਾਲ, ਜਗਤ ਦਲਾਲੀ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ, ਆਦਿ ਜੁਗਾਦੀ ਜਾਣੇ ਰੀਤਾ, ਜੁਗ ਜੁਗ ਆਪਣੀ ਕਾਰ ਕਮਾਈਆ । ਦਾਸੀ ਦਾਸ ਦੇਸ ਦੇਸੰਤਰ, ਸੇਵਕ ਸਾਚੀ ਸੇਵ ਕਮਾਈਆ । ਆਦਿ ਨਮੋ ਨਿਮਸਕਾਰ ਜਣਾਏ ਸਾਚਾ ਮੰਤਰ, ਨਰ ਨਿਰੰਕਾਰਾ ਕਰੇ ਪੜ੍ਹਾਈਆ । ਵਸਣਹਾਰਾ ਦੇਸ ਦਸੰਤਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਆਪਣਾ ਡੇਰਾ ਲਾਈਆ । ਲਹਿਣਾ ਦੇਣ ਚੁਕਾਏ ਗਗਨ ਗਗਨੰਤਰ, ਜ਼ਿਮੀਂ ਅਸਮਾਨ ਬਣਾਈ ਜਿਸ ਬਣਤਰ, ਘੜਨ ਭੰਨਣਹਾਰ ਪੁਰਖ ਸਮਰਥ ਮਹਿਮਾ ਅਕਥ ਆਪ ਸਮਝਾਈਆ । ਆਦਿ ਜੁਗਾਦਿ ਨਿਰਗੁਣ ਰੂਪ ਸਦਾ ਨਿਰੰਤਰ, ਮਾਇਆ ਬ੍ਰਹਮ ਨਾ ਕੋਇ ਸਮਾਈਆ । ਸ੍ਰਿਸ਼ਟ ਸਬਾਈ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਗੁਰਦੇਵ ਦੇਵਾ ਦੇਵੇ ਇਕੋ ਮੰਤਰ, ਮੰਤਰ ਆਪਣਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਘਰ ਦਏ ਵਡਿਆਈਆ ।

ਭਗਤ ਨਾਮ ਨਮੋ ਸਤਿ, ਸਤਿ ਸਤਿਵਾਦੀ ਆਪ ਜਣਾਇੰਦਾ । ਏਕੰਕਾਰ ਹੋ ਪਰਗਟ, ਓਅੰਕਾਰ ਆਪਣੀ ਕਰਨੀ ਆਪ ਜਣਾਇੰਦਾ । ਸਚਖੰਡ ਨਿਵਾਸੀ ਖੋਲ੍ਹ ਹੱਟ, ਸੌਦਾ ਇਕੋ ਇਕ ਵਿਕਾਇੰਦਾ । ਆਤਮ ਪਰਮਾਤਮ ਦੇਵੇ ਮਤ, ਬ੍ਰਹਮ ਮਤ ਇਕ ਸਮਝਾਇੰਦਾ । ਸਤਿ ਸਤਿਵਾਦੀ ਸਾਚਾ ਨਤ, ਸੋਹੰ ਆਪਣੇ ਰੰਗ ਰੰਗਾਇੰਦਾ । ਭਗਤ ਭਗਵਾਨ ਇਕੋ ਨਤ, ਨਾਤਾ ਆਪਣੇ ਨਾਲ ਜੋੜਾਇੰਦਾ । ਏਕਾ ਮੰਦਰ ਜਾਇਣ ਵਸ, ਸਚ ਮੰਦਰ ਇਕ ਵਡਿਆਇੰਦਾ । ਇਕੋ ਅੰਮ੍ਰਿਤ ਇਕੋ ਰਸ, ਰਸ ਰਸੀਆ ਇਕ ਪਿਆਇੰਦਾ । ਇਕੋ ਪਰਕਾਸ਼ ਕਰੇ ਪੁਰਖ ਸਮਰਥ, ਸਮਰਥ ਆਪਣੀ ਧਾਰ ਵਖਾਇੰਦਾ । ਇਕ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਇਕੋ ਮਾਰਗ ਦੇਵੇ ਦੱਸ, ਦੋ ਜਹਾਨਾਂ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਭਗਤ ਭਗਵਾਨ ਏਕਾ ਨਾਉਂ, ਨਰ ਨਿਰੰਕਾਰਾ ਆਪ ਜਣਾਈਆ । ਏਕਾ ਪਿਤਾ ਏਕਾ ਮਾਉਂ, ਏਕਾ ਮੰਦਰ ਸੋਭਾ ਪਾਈਆ । ਏਕਾ ਪਕੜਨਹਾਰਾ ਬਾਹੋਂ, ਏਕਾ ਮਾਰਗ ਰਿਹਾ ਲਾਈਆ । ਏਕਾ ਦੇਵੇ ਠੰਡੀ ਛਾਉਂ, ਸ਼ਹਿਨਸ਼ਾਹ ਇਕੋ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਾ ਆਪਣੇ ਹੱਥ ਰਖਾਈਆ । ਸੇਵਾ ਕਰੇ ਹਰਿ ਗੋਪਾਲ, ਗੋਬਿੰਦ ਆਪਣਾ ਖੇਲ ਕਰਾਇੰਦਾ । ਜੁਗ ਚੌਕੜੀ ਕਰ ਕਰ ਭਾਲ, ਨਵ ਨੌਂ ਚਾਰ ਖੋਜ ਖੋਜਾਇੰਦਾ । ਚਾਰ ਚਾਰ ਬਣ ਦਲਾਲ, ਪੰਚਮ ਪੰਚ ਪੰਚ ਮੇਲ ਮਿਲਾਇੰਦਾ । ਲੇਖਾ ਜਾਣ ਹੱਕ ਹਲਾਲ, ਹਕੀਕਤ ਆਪਣੇ ਰੰਗ ਰੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਜਨ ਭਗਤਾਂ ਫਿਰਦਾ ਰਿਹਾ ਨਾਲ ਨਾਲ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਇੰਦਾ । ਕਲਜੁਗ ਅੰਤਮ ਸੇਵਕ ਬਣਿਆ ਆਪ, ਪ੍ਰਭ ਆਪਣੀ ਦਇਆ ਕਮਾਈਆ । ਧੁਰਦਰਗਾਹੀ ਧੁਰ ਦਾ ਲੈ ਕੇ ਆਇਆ ਜਾਪ, ਆਪੇ ਢੋਲਾ ਰਿਹਾ ਗਾਈਆ । ਪਹਿਲੋਂ ਗੁਰਸਿਖਾਂ ਗੁਰਮੁਖਾਂ ਜਨਮ ਜਨਮ ਦਾ ਉਤਾਰੇ ਪਾਪ, ਫੇਰ ਆਪਣੀ ਬੂਝ ਬੁਝਾਈਆ । ਇਕੋ ਇਕ ਸੁਣਾਏ ਪੂਜਾ ਪਾਠ, ਮੰਤਰ ਇਕੋ ਨਾਮ ਵਡਿਆਈਆ । ਬਣ ਸੇਵਕ ਪਾਰ ਲੰਘਾਏ ਘਾਟ, ਬੇੜਾ ਆਪਣਾ ਆਪ ਚਲਾਈਆ । ਨਾਤਾ ਤੋੜ ਜ਼ਾਤ ਪਾਤ, ਸ਼ਰਅ ਮਜ਼੍ਹਬ ਦਏ ਮਿਟਾਈਆ । ਨਿਰਗੁਣ ਸਰਗੁਣ ਪੁੱਛਣਹਾਰਾ ਵਾਤ, ਦੁਖੀਆਂ ਦੁੱਖ ਦਏ ਗੁਆਈਆ । ਭਗਤ ਭਗਵੰਤ ਵੇਖੇ ਖੇਲ ਤਮਾਸ਼, ਹਰਿ ਖ਼ਾਲਕ ਆਪ ਵਖਾਈਆ । ਆਪਣੀ ਪੂਰੀ ਕਰਨ ਆਇਆ ਆਸ, ਮਿਲ ਭਗਤਾਂ ਖ਼ੁਸ਼ੀ ਮਨਾਈਆ । ਜਨ ਭਗਤਾਂ ਰੱਖੇ ਆਪਣੇ ਪਾਸ, ਆਪਣਾ ਪਾਸਾ ਭਗਤਾਂ ਵਲ ਬਦਲਾਈਆ । ਇਕੋ ਕੰਮ ਹਰਿ ਜੂ ਅੰਤਮ ਰੱਖਿਆ ਖਾਸ, ਗੁਰ ਅਵਤਾਰਾਂ ਪੂਰੀ ਖ਼ਾਹਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਮੇਲਾ ਚਾਈਂ ਚਾਈਂਆ । ਸੇਵਕ ਬਣ ਕੇ ਆਇਆ ਰਾਮ, ਰਮਈਆ ਆਪਣੀ ਖੇਲ ਕਰਾਇੰਦਾ । ਦਾਸੀ ਦਾਸ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਉਠਾਇੰਦਾ । ਕਲਜੁਗ ਅੰਤਮ ਵਿਗੜ ਗਿਆ ਨਿਜ਼ਾਮ, ਸ਼ਹਿਨਸ਼ਾਹ ਕੋਇ ਨਜ਼ਰ ਨਾ ਆਇੰਦਾ । ਝੂਠੀ ਮਸਤੀ ਪੀਤਾ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਗੁਰ ਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਹੋਇਆ ਹਰਾਮ, ਮਸਤਕ ਟਿੱਕਾ ਨਾ ਕੋਇ ਲਗਾਇੰਦਾ । ਸੋਹੇ ਧਾਮ ਨਾ ਕੋਇ ਭੂਮਿਕਾ ਅਸਥਾਨ, ਤਟ ਕਿਨਾਰਾ ਨਾ ਕੋਇ ਵਡਿਆਇੰਦਾ । ਫਿਰੀ ਦਰੋਹੀ ਗਾਉਂ ਗਰਾਮ, ਨਗਰ ਖੇੜਾ ਸੋਭਾ ਕੋਇ ਨਾ ਪਾਇੰਦਾ । ਸਚ ਪਰਕਾਸ਼ ਨਾ ਕੋਇ ਭਾਨ, ਕਲਜੁਗ

ਅੰਤ ਅੰਧੇਰਾ ਛਾਇੰਦਾ । ਸਚ ਸੁੱਚ ਧਰਮ ਨਾ ਕੋਇ ਨਿਸ਼ਾਨ, ਕੂੜੀ ਕਿਰਿਆ ਰੰਗ ਰੰਗਾਇੰਦਾ । ਆਤਮ ਪਰਮਾਤਮ ਗੀਤ ਗੋਬਿੰਦ ਕੋਇ ਨਾ
ਗਾਣ, ਰਸਨਾ ਜਿਹਵਾ ਜੀਵ ਜੰਤ ਸਰਬ ਕੁਰਲਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਿਸੇ ਨਾ ਮਿਲਿਆ ਆਣ, ਸਾਧ ਸੰਤ ਨੇਤਰ ਨੈਣਾਂ
ਨੀਰ ਵਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬਿਨ ਭਗਤਾਂ ਪ੍ਰਭ ਜੂ ਕਿਸੇ ਨਾ ਦੇਵੇ ਦਾਨ, ਸਾਚਾ ਹੱਟ ਨਜ਼ਰ ਕਿਸੇ ਨਾ ਆਇੰਦਾ । ਕਲਜੁਗ
ਅੰਤਮ ਸੇਵਕ ਸੇਵਾ ਕਰੇ ਸ੍ਰੀ ਭਗਵਾਨ, ਬਣ ਨਿਮਾਣਾ ਵੇਸ ਵਟਾਇੰਦਾ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਆਪਣੀ ਸੋਝੀ ਆਪ ਜਣਾਇੰਦਾ ।
ਦਰ ਦਰ ਘਰ ਘਰ ਫਿਰੇ ਬਣ ਬਾਲ ਅਵਾਣ, ਬੁਧ ਅਵਾਣੀ ਆਪ ਜਣਾਇੰਦਾ । ਗੁਰਮੁਖ ਵੇਖ ਸਚ ਮਕਾਨ, ਬਣ ਨਿਮਾਣਾ ਅੰਦਰ ਡੇਰਾ ਲਾਇੰਦਾ ।
ਖ਼ਾਲੀ ਝੋਲੀ ਅੱਗੇ ਰੱਖ ਮੰਗੇ ਦਾਨ, ਧੰਨ ਗੁਰਮੁਖ ਜੋ ਪ੍ਰੇਮ ਏਕਾ ਝੋਲੀ ਨਾਲ ਭਰਾਇੰਦਾ । ਜੁਗ ਜਨਮ ਦਾ ਵਿਛੋੜਾ ਕੱਟੇ ਆਣ, ਦੋਹਰਾ ਆਪਣਾ
ਆਪ ਸੁਣਾਇੰਦਾ । ਹਨੇਰਾ ਦੇਵੇ ਸਰਬ ਜਹਾਨ, ਬਾਂਕਾ ਛੋਹਰਾ ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਢੋਰਾਂ ਢੋਵੇ ਰਵਦਾਸ ਚਮਾਰਾ ਹੋ ਮਿਹਰਵਾਨ,
ਮਿਹਰਵਾਨ ਆਪਣੀ ਮਿਹਰ ਨਜ਼ਰ ਇਕ ਉਠਾਇੰਦਾ । ਕਲਜੁਗ ਅੰਤ ਕਰ ਪਰਵਾਨ, ਭਗਤ ਭਗਵਾਨ ਵੇਖੇ ਆਣ, ਨਿਰਗੁਣ ਸਰਗੁਣ ਮੇਲ ਮਿਲਾਇੰਦਾ ।
ਰਲ ਮਿਲ ਸਖ਼ੀਆਂ ਮੰਗਲ ਗਾਣ, ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਘਰ ਘਰ ਮੰਦਰ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਾਸੀ ਦਾਸ ਆਪਣਾ ਨਾਉਂ ਧਰਾਇੰਦਾ । ਦਾਸੀ ਦਾਸ ਠਾਂਡਾ ਸੀਤਾ, ਹਰਿ ਸਤਿਗੁਰ ਸੇਵ ਕਮਾਈਆ ।
ਜਨ ਭਗਤ ਦਵਾਰ ਪੀਸਣ ਪੀਠਾ, ਆਤਮ ਪਰਮਾਤਮ ਏਕਾ ਝੋਲੀ ਰਿਹਾ ਭਰਾਈਆ । ਸਤਿ ਸਤਿਵਾਦੀ ਸਚ ਚਲਾਈ ਰੀਤਾ, ਰੀਤੀਵਾਨ ਦਏ
ਸਮਝਾਈਆ । ਊਚ ਨੀਚ ਰਾਓ ਰੰਕ ਲੇਖਾ ਜਾਣ ਹਸਤ ਕੀਟਾ, ਇਕੋ ਭੋਜਨ ਨਾਮ ਛਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਸਖ਼ੀ ਪੁੱਛੇ ਹਾਲ, ਪ੍ਰਭ ਆਪਣੀ ਦਇਆ ਕਮਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ
ਆਪਣਾ ਫੇਰਾ ਪਾਇੰਦਾ । ਜਨਮ ਜਨਮ ਦਾ ਵਿਛੋੜਾ ਕੱਟੇ ਕਾਲ, ਕਾਲ ਨਗਾਰਾ ਨਾ ਕੋਇ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚੀ ਸੇਵਾ ਆਪ ਕਮਾਇੰਦਾ । ਸਾਚੀ ਸੇਵਾ ਗੁਰਮੁਖ ਦਵਾਰ, ਦਰ ਦਰਬਾਰੀ ਆਪ ਕਰਾਈਆ । ਨਿਰਗੁਣ ਬਣੇ ਦਰ ਭਿਖਾਰ,
ਲੇਖਾ ਏਕੋ ਮੰਗ ਮੰਗਾਈਆ । ਗੁਰਸਿਖ ਗੁਰਮੁਖ ਦਰਸ਼ਨ ਦੇਣਾ ਵਖਾਲ, ਪੇਖਤ ਪੇਖਤ ਆਪਣੀ ਖ਼ੁਸ਼ੀ ਜਣਾਈਆ । ਤੁਧ ਬਿਨ ਕਿਸੇ ਦਵਾਰੇ
ਹਰਿ ਜੂ ਨਾ ਹੋਏ ਨਿਹਾਲ, ਨਿਹਚਲ ਆਪਣਾ ਆਵਣ ਜਾਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ
ਬੇਪਰਵਾਹੀਆ । ਭਗਤ ਭਗਵਾਨ ਰਿਹਾ ਦੱਸ, ਸੁਣ ਸਾਹਿਬ ਮੇਰੇ ਗੋਸਾਈਆਂ । ਤੂੰ ਮੇਰਾ ਮੈਂ ਤੇਰੇ ਵਸ, ਜਿਉਂ ਭਾਵੇ ਤਿਉਂ ਚਲਾਂ ਤੇਰੀ ਰਜ਼ਾਈਆ ।
ਜੁਗ ਚੌਕੜੀ ਛਿਨ ਮਾਤਰ ਦਰਸ ਦੇ ਦੇ ਜਨ ਭਗਤਾਂ ਕੋਲੋਂ ਗਿਆ ਨੱਸ, ਜਗਤ ਜੀਵ ਦੇਣ ਦੁਹਾਈਆ । ਕਲਜੁਗ ਅੰਤਮ ਸਾਚਾ ਮਾਰਗ ਦੱਸ,
ਜਿਸ ਬਿਧ ਹੋਣ ਨਾ ਤੇਰੀਆਂ ਜੁਦਾਈਆਂ । ਪੁਰਖ ਅਬਿਨਾਸ਼ੀ ਅੱਗੋਂ ਦੋਵੇ ਜੋੜ ਕਹੇ ਹੱਥ, ਸਾਚੇ ਭਗਤ ਤੇਰੀਆਂ ਵਡਿਆਈਆਂ । ਤੇਰੇ ਕੋਲੋਂ
ਕਦੇ ਨਾ ਜਾਵਾਂ ਨੱਠ, ਦੋ ਜਹਾਨਾਂ ਤੇਰੇ ਚਰਨਾਂ ਹੇਠ ਦਬਾਈਆਂ । ਮੈਂ ਤੇਰੇ ਅੰਦਰ ਗਿਆ ਵਸ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇਆ ।
ਤੇਰੀ ਕਰਨੀ ਅੰਦਰ ਗਿਆ ਫਸ, ਕਰਤਾ ਆਪਣੀ ਕਰਨੀ ਨਾ ਕੋਇ ਕਮਾਇਆ । ਤੇਰੇ ਪ੍ਰੇਮ ਪਾਈ ਨੱਥ, ਸਚਖੰਡ ਦਵਾਰ ਲੋਕਮਾਤ ਸੁਹਾਇਆ ।

੧੧੦੬
੧੨

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭੁੱਲ ਰਿਹਾ ਬਖ਼ਸ਼ਾਇਆ । ਪੁਰਖ ਅਬਿਨਾਸ਼ੀ ਹੋ ਨਿਮਾਣਾ, ਭਗਤ ਅੱਗੇ ਕਰੇ ਅਰਜ਼ੋਈਆ । ਚਾਰ ਜੁਗ ਦਾ ਖੇਲ ਮਹਾਨਾ, ਪੂਰਬ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਿਚ ਜਹਾਨਾ, ਨਿਤ ਨਵਿਤ ਵੇਸ ਵਟਾਈਆ । ਨਿਰਗੁਣ ਨਿਰਗੁਣ ਗਉਂਦਾ ਰਿਹਾ ਗਾਣਾ, ਬੋਧ ਗਿਆਨ ਕਰ ਪੜ੍ਹਾਈਆ । ਕਲਜੁਗ ਅੰਤਮ ਹੋ ਪਰਧਾਨਾ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਹਰਿ ਭਗਤ ਦਵਾਰ ਤੇਰਾ ਵਡ, ਹਰਿ ਵੱਡਾ ਵਡ ਵਡਿਆਇੰਦਾ । ਦੋ ਜਹਾਨਾਂ ਆਏ ਛੱਡ, ਘਰ ਸਾਚੇ ਜੋਤ ਜਗਾਇੰਦਾ । ਲੱਖ ਚੁਰਾਸੀ ਨਾਲੋਂ ਕਰ ਕਰ ਅੱਡ, ਆਪ ਆਪਣਾ ਮੇਲ ਮਿਲਾਇੰਦਾ । ਪਾਰ ਕਿਨਾਰਾ ਕਰ ਕਰ ਹੱਦ, ਹੱਦ ਆਪਣੀ ਆਪ ਸਮਝਾਇੰਦਾ । ਜੁਗ ਵਿਛੜੇ ਚਰਨ ਦਵਾਰੇ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਲੇਖਾ ਜਾਣੇ ਅੰਧੇਰੀ ਡੂੰਘੀ ਖੱਡ, ਕੁੰਡਾ ਖਿੜਕੀ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਵਸਾਇੰਦਾ । ਸਚ ਦਵਾਰ ਵਸੇ ਮਾਤ, ਮਾਤਰ ਭੂਮੀ ਦਏ ਵਡਿਆਈਆ । ਜਿਸ ਦਵਾਰੇ ਸਾਹਿਬ ਸਤਿਗੁਰ ਹੋਇਆ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜੁਗ ਜਨਮ ਦੀ ਪੂਰੀ ਕਰ ਆਸ, ਆਸਾ ਤ੍ਰਿਸਨਾ ਦਏ ਮਿਟਾਈਆ । ਦਰਸ ਦਿਖਾਏ ਸਾਖਿਆਤ, ਸਖ਼ੀ ਕਾਹਨ ਮੇਲ ਮਿਲਾਈਆ । ਗੁਰਮੁਖ ਬਣਾਏ ਪਾਰਜਾਤ, ਪਰਮ ਪੁਰਖ ਬੇਪਰਵਾਹੀਆ । ਲਹਿਣਾ ਦੇਣਾ ਚੁਕਾਏ ਹੱਥੋ ਹਾਥ, ਸੌਦਾ ਇਕ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਦੇਵੇ ਮਾਣ ਵਡਿਆਈਆ । ਭਗਤ ਦਵਾਰ ਸਚ ਮੁਨਾਰਾ, ਮੋਹ ਮੁਹੱਬਤ ਇਕ ਜਣਾਈਆ । ਜਿਸ ਗ੍ਰਿਹ ਵਸੇ ਆਪ ਨਿਰੰਕਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਦਿ ਜੁਗਾਦਿ ਸ਼ਬਦ ਧੁੰਨਕਾਰਾ, ਰਾਗ ਅਗੰਮੀ ਰਿਹਾ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਨਣਹਾਰਾ, ਸੁਣਾ ਆਪੇ ਆਪਣਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣ ਰੋਵਣ ਜ਼ਾਰੋ ਜ਼ਾਰਾ, ਗਿਰਿਆਜ਼ਾਰ ਕਰ ਕੁਰਲਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਨਿਆਰਾ, ਨਿਰਗੁਣ ਆਪਣੀ ਧਾਰ ਚਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰਾ, ਕਲਜੁਗ ਅੰਤਮ ਫੇਰਾ ਪਾਈਆ । ਲੱਖ ਚੁਰਾਸੀ ਖੋਲ੍ਹ ਕਿਵਾੜਾ, ਆਪਣਾ ਮੰਦਰ ਦਏ ਪਰਗਟਾਈਆ । ਗੁਰਮੁਖ ਗੁਰ ਗੁਰ ਕਰ ਪਿਆਰਾ, ਗੁਰਸਿਖ ਸੰਗ ਨਿਭਾਈਆ । ਸੰਤਾਂ ਦੇਵੇ ਸਤਿ ਸਹਾਰਾ, ਸਾਚੀ ਸਿਖਿਆ ਕਰ ਪੜ੍ਹਾਈਆ । ਭਗਤਾਂ ਮਿਲਿਆ ਆਪ ਨਿਰੰਕਾਰਾ, ਭਗਵਨ ਆਪਣੀ ਦਇਆ ਕਮਾਈਆ । ਮਹੱਲ ਅਟੱਲ ਵੇਖੇ ਸਚ ਮੁਨਾਰਾ, ਸਤਿ ਸਤਿਵਾਦੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਸਾਚੇ ਮੰਦਰ ਹਰਿ ਜੂ ਵੜਿਆ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਸਾਚੇ ਪੌੜੇ ਆਪੇ ਚੜ੍ਹਿਆ, ਡੰਡਾ ਹੱਥ ਨਾ ਕਿਸੇ ਵਖਾਇੰਦਾ । ਆਪਣੀ ਕਰਨੀ ਆਪੇ ਕਰਿਆ, ਕਰਤਾ ਪੁਰਖ ਖੇਲ ਵਖਾਇੰਦਾ । ਭਗਤ ਭਗਵਾਨ ਆਪੇ ਫੜਿਆ, ਫੜ ਫੜ ਆਪਣੇ ਅੰਗ ਲਗਾਇੰਦਾ । ਗੁਰਸਿਖ ਨਸੀਬਾਂ ਅੰਦਰ ਆਪੇ ਸੜਿਆ, ਗੁਰਮੁਖ ਨਸੀਬ ਆਪਣੇ ਹੱਥ ਰਖਾਇੰਦਾ । ਬੇਨਜ਼ੀਰ ਸ਼ਾਹ ਹਕੀਰ ਪੀਰਨ ਪੀਰ ਗਹਿਰ ਗੰਭੀਰ ਸਚ ਮਹੱਲੇ ਆਪੇ ਖੜਿਆ, ਖੜ ਖੜ ਆਪਣਾ ਦਰਸ ਦਿਖਾਇੰਦਾ । ਅਧਵਿਚਕਾਰ ਕਦੇ ਨਾ ਅੜਿਆ, ਅੱਗੇ ਹੋ ਕਿਸੇ ਨਾ ਫੜਿਆ, ਬਿਨ ਕਿਰਪਾ ਹੱਥ ਕਿਸੇ ਨਾ ਆਇੰਦਾ । ਸਚ ਭੰਡਾਰਾ ਇਕੋ

ਭਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਣ ਸੇਵਕ ਆਪ ਵਰਤਾਇੰਦਾ । ਸੇਵਕ ਸੇਵਾ ਕਰੇ ਸਵਾਮੀ, ਸੋਭਾ ਆਪਣੇ ਹੱਥ ਰਖਾਈਆ । ਸਰਬ ਜੀਆਂ ਘਟ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਜੁਗ ਚੌਕੜੀ ਸ਼ਬਦ ਅਗੰਮੀ ਗਾਏ ਬਾਣੀ, ਸਤਿਜੁਗ ਸਾਚਾ ਸੋਹੰ ਢੋਲਾ ਰਿਹਾ ਸੁਣਾਈਆ । ਆਤਮ ਪਰਮਾਤਮ ਰਾਜਾ ਰਾਣੀ, ਤਖ਼ਤ ਨਿਵਾਸੀ ਏਕਾ ਘਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਹਿਮਾ ਅਕੱਥ ਗਾਇਣ ਕਹਾਣੀ, ਕਹਿ ਕਹਿ ਆਪਣੀ ਖ਼ੁਸ਼ੀ ਮਨਾਈਆ । ਪਰਵਰਦਿਗਾਰ ਬੇਪਰਵਾਹ ਪਰਗਟ ਹੋਇਆ ਇਕ ਲਾਸ਼ਾਨੀ, ਨਿਸ਼ਾਨੀ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਚੜ੍ਹਿਆ ਆਪ ਜਵਾਨੀ, ਜੋਬਨ ਆਪਣਾ ਆਪ ਰਿਹਾ ਹੰਢਾਈਆ । ਨਾ ਕੋਈ ਪੁਰਖ ਨਾਰ ਜਨਾਨੀ, ਰੂਪ ਰੰਗ ਨਾ ਕੋਇ ਰਖਾਈਆ । ਆਪੇ ਮਰਦ ਮਰਦਾਨੀ, ਸਚ ਮਰਦਾਨਗੀ ਰਿਹਾ ਕਮਾਈਆ । ਕਰੇ ਖੇਲ ਸ੍ਰੀ ਭਗਵਾਨੀ, ਭਗਵਨ ਆਪਣਾ ਰੰਗ ਰੰਗਾਈਆ । ਨਾ ਕੋਈ ਅਲਫੀ ਨਾ ਕੋਈ ਸ਼ੇਰਵਾਨੀ, ਬਸਤਰ ਇਕੋ ਨਾਮ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰਾ ਕਰੇ ਪਰਵਾਨੀ, ਪਰਮ ਪੁਰਖ ਏਕਾ ਫੇਰਾ ਪਾਈਆ । ਗੁਰਸਿਖ ਗੁਰਮੁਖ ਮਿਲਿਆ ਇਕੋ ਹਾਣੀ, ਮਿਲ ਹਾਣੀਆਂ ਆਪਣੀ ਖੇਲ ਖਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਿਤਾ ਇਕੋ ਪਦ ਨਿਰਬਾਣੀ, ਨਿਰਬਾਣ ਪਦ ਇਕੋ ਇਕ ਰਖਾਈਆ ।



੧੧੦੮ ੧੨

## ✳ ੧੮ ਅੱਸੂ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹਿ ਲਲੀਆਂ ਕਲਾਂ ਜ਼ਿਲਾ ਜਲੰਧਰ ✳

ਸੋ ਪੁਰਖ ਨਿਰੰਜਣ ਸਚ ਸੁਲਤਾਨ, ਹਰਿ ਸਤਿਗੁਰ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਖੇਲ ਮਹਾਨ, ਅਲਖ ਅਗੋਚਰ ਅਗੰਮ ਅਥਾਹ ਆਪ ਕਰਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਅਬਿਨਾਸ਼ੀ ਕਰਤਾ ਖੇਲ ਮਹਾਨ, ਹਰਿ ਖ਼ਾਲਕ ਆਪ ਕਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ ਵਡ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਚਖੰਡ ਦਵਾਰ ਸਚ ਮਕਾਨ, ਸੋਭਾਵੰਤ ਆਪ ਸੁਹਾਇੰਦਾ । ਮੁਕਾਮੇ ਹੱਕ ਨੂਰ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਪਰਵਰਦਿਗਾਰ ਬੇਮੁਕਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪਰਵਰਦਿਗਾਰ, ਬੇਐਬ ਆਪ ਕਰਾਈਆ । ਵਸਣਹਾਰਾ ਧਾਮ ਨਿਆਰ, ਦਰਗਹਿ ਸਾਚੀ ਆਸਣ ਲਾਈਆ । ਸਚਖੰਡ ਦਵਾਰ ਖੋਲ੍ਹ ਕਿਵਾੜ, ਘਰ ਵਸੇ ਸਾਚਾ ਮਾਹੀਆ । ਥਿਰ ਘਰ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਮਾਈਆ । ਨਿਰਗੁਣ ਨਿਰਗੁਣ ਕਰ ਪਸਾਰ, ਨਿਰਵੈਰ ਵੇਖੇ ਚਾਈਂ ਚਾਈਂਆ । ਮੂਰਤ ਅਕਾਲ ਹੋ ਉਜਿਆਰ, ਅਜੂਨੀ ਰਹਿਤ ਡਗਮਗਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਨਾਉਂ ਰਖਾਈਆ । ਧੁਰ ਫ਼ਰਮਾਨਾ ਦੇਵਣਹਾਰ, ਸਚ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰ, ਸਰਗੁਣ ਨਿਰਗੁਣ ਵੇਸ

ਵਟਾਇੰਦਾ । ਦੋ ਜਹਾਨਾਂ ਖੋਲ੍ਹ ਕਿਵਾੜ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਰਦਾ ਲਾਹਿੰਦਾ । ਸ਼ਬਦ ਅਗੰਮੀ ਇਕ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਸੁਤ ਦੁਲਾਰਾ ਸੇਵਾਦਾਰ, ਸਾਚੀ ਸੇਵਾ ਇਕ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰ, ਆਪ ਆਪਣਾ ਬੰਧਣ ਪਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਸ਼ਬਦ ਸੁਤ ਦੱਸਣਹਾਰ, ਸਤਿ ਸਤਿਵਾਦੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਕਰਨੀ ਕਰੇ ਹਰਿ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਚੌਦਾਂ ਲੋਕਾਂ ਨੂਰ ਉਜਿਆਰਾ, ਚੌਦਾਂ ਤਬਕਾਂ ਕੁੰਡਾ ਲਾਹੀਆ । ਚੌਦਾਂ ਵਿਦਿਆ ਦੇ ਹੁਲਾਰਾ, ਚੌਦਸ ਨੂਰ ਚੰਦ ਰੁਸ਼ਨਾਈਆ । ਏਕਾ ਚੌਕਾ ਕਰ ਪਿਆਰਾ, ਘਰ ਸਾਚਾ ਮੇਲ ਮਿਲਾਈਆ । ਚੌਥੇ ਘਰ ਵਸੇ ਆਪ ਨਿਰੰਕਾਰਾ, ਏਕ ਓਅੰਕਾਰ ਏਕਾ ਆਪਣਾ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਗੰਮ, ਅਲਖ ਅਗੋਚਰ ਅਥਾਹ ਚਲਾਇੰਦਾ । ਸਚਖੰਡ ਨਿਵਾਸੀ ਆਪੇ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਇੰਦਾ । ਪਰਵਰਦਿਗਾਰ ਬੇੜਾ ਬੰਨ੍ਹ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੇ ਕੰਧ ਉਠਾਇੰਦਾ । ਵਸਣਹਾਰਾ ਬਿਨ ਛੱਪਰੀ ਛੰਨ, ਸਚ ਦਵਾਰਾ ਇਕ ਸੁਹਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਆਪੇ ਕਰ, ਹਰਿ ਕਰਤਾ ਖੇਲ ਕਰਾਈਆ । ਨਿਰਗੁਣ ਜੋਤ ਆਪੇ ਧਰ, ਨੂਰ ਨੁਰਾਨਾ ਡਗਮਗਾਈਆ । ਸਰਗੁਣ ਰੂਪ ਅੰਦਰ ਵੜ, ਸਤਿ ਸਤਿਵਾਦੀ ਵੇਸ ਵਟਾਈਆ । ਲੱਖ ਚੁਰਾਸੀ ਭਾਂਡੇ ਘੜ, ਘੜ ਘੜ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਆਦਿ ਪੁਰਖ ਕਰਾਇਆ । ਸਚਖੰਡ ਨਿਵਾਸੀ ਹੋ ਉਜਿਆਰਾ, ਥਿਰ ਘਰ ਆਪਣਾ ਬੰਕ ਸੁਹਾਇਆ । ਜਨਣੀ ਜਣੇ ਸੁਤ ਦੁਲਾਰਾ, ਪੂਤ ਸਪੂਤਾ ਗੋਦ ਉਠਾਇਆ । ਵਣਜ ਕਰਾਏ ਇਕ ਵਪਾਰਾ, ਦਰਗਹਿ ਸਾਚੀ ਹੱਟ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਇਆ । ਸਾਚੀ ਕਰਨੀ ਹਰਿ ਕਰਤਾਰ, ਆਦਿ ਆਦਿ ਜਣਾਈਆ । ਸੁਤ ਦੁਲਾਰੇ ਕਰ ਪਿਆਰ, ਸਾਚੀ ਸੇਵਾ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰ, ਆਦਰਸ਼ ਇਕ ਵਖਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਘਾੜਨ ਘੜ ਬਣ ਠਠਿਆਰ, ਰਕਤ ਬੂੰਦ ਮੇਲ ਮਿਲਾਈਆ । ਤਤਵ ਤਤ ਕਰ ਪਸਾਰ, ਬ੍ਰਹਮ ਮਤ ਇਕ ਜਣਾਈਆ । ਮਨ ਮਤ ਬੁਧ ਖੇਲ ਅਪਾਰ, ਹਰਿ ਖ਼ਾਲਕ ਖ਼ਲਕ ਵਖਾਈਆ । ਨੌਂ ਦਵਾਰੇ ਖੋਲ੍ਹ ਕਿਵਾੜ, ਜਗਤ ਤ੍ਰਿਸਨਾ ਵਿਚ ਸਮਾਈਆ । ਲੇਖਾ ਜਾਣ ਬਹੱਤਰ ਨਾੜ, ਰੱਤੀ ਰੱਤ ਰੱਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸੁਤ ਦੁਲਾਰੇ ਸਾਚੀ ਸੇਵ ਲਗਾਈਆ । ਸੁਤ ਦੁਲਾਰਾ ਸੇਵਾ ਘਾਲ, ਹਰਿ ਅੱਗੇ ਸੀਸ ਝੁਕਾਇੰਦਾ । ਜੁਗ ਚੌਕੜੀ ਖੇਲ ਨਿਰਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਿਰਗੁਣ ਸਰਗੁਣ ਕਰ ਪ੍ਰਿਤਪਾਲ, ਬਣ ਪ੍ਰਿਤਪਾਲਕ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਜਗਤ ਜਣਾਇੰਦਾ । ਕਰ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਸਚ ਵਖਾਏ ਇਕ ਨਿਸ਼ਾਨ, ਧਰਮ

ਦਵਾਰੇ ਇਕ ਝੁਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਨਾਮ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੰਗ ਵਟਾਇੰਦਾ । ਨਰ ਨਰੇਸ਼ਾ ਨੌਜਵਾਨ, ਬ੍ਰਹਮਾ ਵਿਸ਼ਨ ਮਹੇਸ਼ਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਵਡ ਸੰਸਾਰਾ, ਹਰਿ ਸਤਿਗੁਰ ਆਪ ਕਰਾਈਆ । ਆਦਿ ਜੁਗਾਦੀ ਲੈ ਅਵਤਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਗੁਰ ਗੁਰ ਦੇਵੇ ਨਾਮ ਆਧਾਰਾ, ਨਾਮ ਅਮੋਲਕ ਝੋਲੀ ਪਾਈਆ । ਸ਼ਬਦੀ ਨਾਦ ਧੁੰਨ ਜੈਕਾਰਾ, ਅਨਹਦ ਰਾਗ ਸੁਣਾਈਆ । ਅੰਮ੍ਰਿਤ ਸਰੋਵਰ ਠੰਡਾ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਦੀਆ ਬਾਤੀ ਕਰ ਉਜਿਆਰਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਬੰਦ ਕਿਵਾੜੀ ਖੋਲ੍ਹੇ ਤਾਲਾ, ਆਪਣੀ ਹੱਥੀਂ ਕੁੰਡਾ ਲਾਹੀਆ । ਸਤਿ ਸਰੂਪੀ ਬਣ ਦਲਾਲਾ, ਲੋਕਮਾਤ ਵੇਖ ਵਖਾਈਆ । ਲੇਖਾ ਜਾਣ ਸ਼ਾਹ ਕੰਗਾਲਾ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਗੁਰ ਅਵਤਾਰਾਂ ਦੇਵੇ ਨਾਮ ਸੱਚਾ ਧੰਨ ਮਾਲਾ, ਸਚ ਖ਼ਜ਼ਾਨਾ ਇਕ ਲੁਟਾਈਆ । ਆਪੇ ਸੁਣੇ ਮੁਰੀਦਾਂ ਹਾਲਾ, ਮੁਰਸ਼ਦ ਆਪਣਾ ਫੇਰਾ ਪਾਈਆ । ਜੁਗ ਚੌਕੜੀ ਚਲੇ ਅਵੱਲੜੀ ਚਾਲਾ, ਵੇਦ ਕਤੇਬ ਭੇਵ ਨਾ ਰਾਈਆ । ਲੱਖ ਚੁਰਾਸੀ ਵੇਖੇ ਫਲ ਲੱਗਾ ਡਾਲਾ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਖੇਲ ਮਹਾਨ, ਜੁਗ ਕਰਤਾ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਦੇਵੇ ਦਾਨ, ਆਤਮ ਪਰਮਾਤਮ ਝੋਲੀ ਪਾਇੰਦਾ । ਲੇਖਾ ਜਾਣ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਨਾਚ ਨਚਾਇੰਦਾ । ਰਵ ਸਸ ਕਰ ਭਾਨ, ਨੂਰੀ ਜੋਤ ਜੋਤ ਜਗਾਇੰਦਾ । ਸਚ ਸੰਦੇਸਾ ਧੁਰ ਫ਼ਰਮਾਨ, ਬੋਧ ਅਗਾਧ ਆਪ ਪੜ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਲਿਖ ਲਿਖ ਲੇਖਾ ਆਪ ਦ੍ਰਿੜਾਇੰਦਾ । ਪਰਾ ਪਸੰਤੀ ਮਧਮ ਬੈਖਰੀ ਬੋਲ ਜ਼ਬਾਨ, ਜ਼ੇਰ ਜ਼ਬਰ ਮੇਲ ਮਿਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਬਣਾਏ ਵਿਧਾਨ, ਸਾਚੀ ਸਿਖਿਆ ਇਕ ਸਮਝਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਦੇਵੇ ਇਕ ਗਿਆਨ, ਅਗਿਆਨ ਅੰਧੇਰ ਮਿਟਾਇੰਦਾ । ਨਾਮ ਸਤਿ ਸ੍ਰੀ ਭਗਵਾਨ, ਸ਼ਬਦ ਸ਼ਬਦੀ ਸਚ ਨਿਸ਼ਾਨ, ਦੋ ਜਹਾਨਾਂ ਆਪ ਫੜਾਇੰਦਾ । ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖੇ ਆਣ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ਼ਹਿਨਸ਼ਾਹ ਆਪਣਾ ਰੂਪ ਵਟਾਇੰਦਾ । ਸ਼ਹਿਨਸ਼ਾਹ ਹਰਿ ਰੂਪ ਨਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਜੁਗ ਚੌਕੜੀ ਖੇਲ ਰਚਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰਾ, ਕਲਜੁਗ ਅੰਤਮ ਫੇਰਾ ਪਾਈਆ । ਲੇਖਾ ਜਾਣੇ ਤੇਈ ਅਵਤਾਰਾ, ਦਰ ਦਵਾਰੇ ਲਏ ਬਹਾਈਆ । ਭਗਤ ਅਠਾਰਾਂ ਦਏ ਸਹਾਰਾ, ਭਗਵਨ ਸਾਚੀ ਬੂਝ ਬੁਝਾਈਆ । ਈਸਾ ਮੂਸਾ ਮੁਹੰਮਦ ਦਏ ਹੁਲਾਰਾ, ਸਾਚਾ ਹੁਜਰਾ ਦਏ ਵਖਾਈਆ । ਨਾਨਕ ਗੋਬਿੰਦ ਕਰ ਪਿਆਰਾ, ਸਚਖੰਡ ਮੇਲਾ ਸਹਿਜ ਸੁਭਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਰਿਹਾ ਜਣਾਈਆ । ਆਦਿ ਜੁਗਾਦੀ ਇਕ ਅਵਤਾਰਾ, ਗੁਰ ਗੁਰ ਰੂਪ ਵਟਾਈਆ । ਨਾਉਂ ਧਰਾ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਪਰਗਟ ਹੋਏ ਅਲੱਖ ਅਗੋਚਰ ਅਗੰਮ ਅਪਾਰਾ, ਆਪਣਾ ਪਰਦਾ ਦਏ ਉਠਾਈਆ ।

ਹੱਕ ਹਕ਼ੀਕਤ ਲਾਸ਼ਰੀਕ ਬੋਲ ਜੈਕਾਰ, ਜੈ ਜੈਕਾਰ ਕਰੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਕਾਰ ਕਮਾਈਆ । ਨਿਰਗੁਣ ਕਾਰ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਏਕੰਕਾਰਾ ਖੋਲ੍ਹ ਕਿਵਾੜ, ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਆਦਿ ਨਿਰੰਜਣ ਕਰ ਉਜਿਆਰ, ਨਿਰਗੁਣ ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਦਰ ਦਵਾਰਾ ਇਕ ਵਡਿਆਈਆ । ਸ੍ਰੀ ਭਗਵਾਨ ਪਾਵੇ ਸਾਰ, ਪਰਮ ਪੁਰਖ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਬਣ ਬਣ ਸੇਵਾਦਾਰ, ਸਾਚੀ ਸੇਵਾ ਆਪ ਕਮਾਈਆ । ਬ੍ਰਹਮ ਲੇਖਾ ਜਾਣੇ ਜੁਗ ਚਾਰ, ਜੁਗ ਚੌਕੜੀ ਵੇਖ ਵਖਾਈਆ । ਆਤਮ ਪਰਮਾਤਮ ਦਏ ਆਧਾਰ, ਪਾਰਬ੍ਰਹਮ ਪ੍ਰਭ ਮੇਲਾ ਸਹਿਜ ਸੁਭਾਈਆ । ਈਸ਼ ਜੀਵ ਕਰੇ ਸ਼ੰਗਾਰ, ਜਗਦੀਸ਼ ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਗਏ ਹਾਰ, ਥਿਰ ਕੋਇ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਨਜ਼ਰ ਨਾ ਆਏ ਪਰਵਰਦਿਗਾਰ, ਪਰਦਾ ਸਭ ਤੇ ਰਿਹਾ ਪਾਈਆ । ਏਕਾ ਭੁਲਿਆ ਏਕੰਕਾਰ, ਘਰ ਘਰ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਆਪਣੇ ਹੱਥ ਰਖਾਈਆ । ਅੰਤਮ ਲੇਖਾ ਆਪਣੇ ਹੱਥ, ਸ੍ਰੀ ਭਗਵਾਨ ਆਪ ਰਖਾਇੰਦਾ । ਨਿਰਗੁਣ ਰੂਪ ਹੋ ਪਰਤੱਖ, ਦੋ ਜਹਾਨਾਂ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦਵਾਰੇ ਆਪੇ ਸੱਦ, ਸੱਦਾ ਨਾਮ ਇਕ ਦਿਵਾਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਪਾਰ ਕਿਨਾਰ ਹੱਦ, ਹਦੂਦ ਅਰਬਾ ਨਾ ਕੋਇ ਵੰਡਾਇੰਦਾ । ਨਿਰਗੁਣ ਨਿਰਗੁਣ ਉਪਜਾਏ ਸਾਚੀ ਯੱਦ, ਵਿਸ਼ਵ ਆਪਣਾ ਹੁਕਮ ਵਰਤਾਇੰਦਾ । ਕੂੜ ਕੁੜਿਆਰਾ ਵਿਚ ਸੰਸਾਰ ਲੋਕਮਾਤ ਅੰਤਮ ਜਾਣਾ ਛੱਡ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜੋ ਬੈਠੇ ਰਹੇ ਅੱਡ, ਅੱਡ ਫੜ ਬਾਂਹੋਂ ਮੇਲ ਮਿਲਾਇੰਦਾ । ਲਹਿਣਾ ਜਣਾਏ ਸ਼ਬਦ ਅਕੱਥ, ਸੋਹੰ ਢੋਲਾ ਆਪੇ ਗਾਇੰਦਾ । ਗੜ ਹੰਕਾਰੀ ਬੁਰਜ ਜਾਣਾ ਢੱਠ, ਪੁਰਖ ਅਬਿਨਾਸ਼ੀ ਆਪੇ ਢਾਇੰਦਾ । ਲੇਖਾ ਜਾਣੇ ਸ਼ਿਵਦਵਾਲਾ ਮੰਦਰ ਮਸਜਦ ਮੱਠ, ਗੁਰਦਵਾਰ ਆਪਣਾ ਰੰਗ ਰੰਗਾਇੰਦਾ । ਨਜ਼ਰੀ ਆਵੇ ਘਟ ਘਟ, ਘਟ ਘਟ ਆਪਣੀ ਜੋਤ ਜਗਾਇੰਦਾ । ਦੇਵਣਹਾਰਾ ਬ੍ਰਹਮ ਮਤ, ਮਨਮਤ ਦੂਰ ਕਰਾਇੰਦਾ । ਨਾਮ ਜਪਾਏ ਇਕੋ ਸੱਚ, ਸਚ ਸਮਗਰੀ ਝੋਲੀ ਪਾਇੰਦਾ । ਨਾਤਾ ਤੋੜੇ ਕਾਇਆ ਮਾਟੀ ਝੂਠੇ ਕੱਚ, ਕੰਚਨ ਰੂਪ ਆਪ ਵਖਾਇੰਦਾ । ਮਨ ਮਨੂਆ ਨਾ ਜਾਏ ਨੱਚ, ਨੱਟੂਆ ਸਾਂਗ ਨਾ ਕੋਇ ਵਰਤਾਇੰਦਾ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਕਲਜੁਗ ਅੰਤਮ ਸੱਥਰ ਗਿਆ ਲੱਥ, ਸਫ਼ਾ ਸਭ ਦੀ ਆਪ ਉਠਾਇੰਦਾ । ਨਾਮ ਮਧਾਣੇ ਦੇਵੇ ਮਥ, ਲੱਖ ਚੁਰਾਸੀ ਗੇੜੇ ਵਿਚ ਭੁਵਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਸਾਧ ਸੰਤ ਸ੍ਰੀ ਭਗਵੰਤ ਇਕ ਦਵਾਰੇ ਕਰ ਇਕੱਠ, ਸਾਚੀ ਸਿਖਿਆ ਇਕ ਸਮਝਾਇੰਦਾ । ਸਚ ਸੰਦੇਸਾ ਨਰ ਨਰੇਸਾ ਇਕੋ ਦੇਵੇ ਬ੍ਰਹਮ ਮਤ, ਤਤਵ ਤਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਲਹਿਣਾ ਆਪ ਚੁਕਾਇੰਦਾ । ਜੁਗ ਲਹਿਣਾ ਚੁੱਕੇ ਮਾਤ, ਹਰਿ ਸਤਿਗੁਰ ਆਪ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦਿਤੀ ਦਾਤ, ਸੋ ਵੇਖੇ ਸੱਚਾ ਮਾਹੀਆ ।

ਜਿਸ ਬਣਾਈ ਜ਼ਾਤ ਪਾਤ, ਸੋ ਅੰਤਮ ਲੇਖਾ ਦਏ ਮੁਕਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਗਾਥ, ਚਰਨ ਕਵਲ ਧਿਆਨ ਲਗਾਈਆ । ਜਿਸ ਨੂੰ ਮੰਨਦੇ ਗਏ ਤ੍ਰਿਲੋਕੀ ਨਾਥ, ਕੋਟਨ ਕੋਟ ਸੇਵ ਲਗਾਈਆ । ਜਿਸ ਦੀ ਸੇਵਾ ਰਾਮ ਬੇਟਾ ਦਸਰਾਥ, ਦਹਿ ਦਿਸ਼ਾ ਵੇਖ ਵਖਾਈਆ । ਜਿਸ ਦੀ ਚਰਨ ਧੂੜੀ ਮੰਗੇ ਆਦਿ, ਆਦਿ ਸ਼ਕਤ ਸਾਹਿਬ ਸੂਰਾ ਝਾਕੀ ਰਿਹਾ ਵਖਾਈਆ । ਜਿਸ ਤੋਂ ਈਸਾ ਮੂਸਾ ਮੰਗਦੇ ਰਹੇ ਨਜ਼ਾਤ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਜਿਸ ਨੂੰ ਮੁਹੰਮਦ ਕਹੇ ਮੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਜਿਸ ਦਾ ਸਚ ਸੰਦੇਸਾ ਕਲਮਾ ਇਲਾਹੀ ਕਾਇਨਾਤ, ਨਬੀ ਰਸੂਲ ਕਰਨ ਪੜ੍ਹਾਈਆ । ਜਿਸ ਦਾ ਲੱਖ ਚੁਰਾਸੀ ਬਾਗ਼ੀਚਾ ਬਾਗ਼ਾਤ, ਸੋ ਬਾਗ਼ਵਾਨ ਫੇਰਾ ਪਾਈਆ । ਜਿਸ ਦੀ ਅੰਜੀਲ ਕੁਰਾਨ ਸ਼ਰਅ ਸ਼ਰੀਅਤ ਕਰੇ ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਜਿਸ ਦੀ ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਇਕ ਜਮਾਤ, ਇਕੋ ਅਲਫ਼ ਰਿਹਾ ਪੜ੍ਹਾਈਆ । ਯੇ ਯੁਕਤੀ ਰੱਖੇ ਆਪਣੇ ਹਾਥ, ਪਰਦਾ ਸਕੇ ਨਾ ਕੋਇ ਉਠਾਈਆ । ਅੰਤਮ ਬੈਠਾ ਆਪਣੇ ਘਾਟ, ਘਾਟੇ ਸਭ ਦੇ ਵੇਖ ਵਖਾਈਆ । ਕਰੇ ਖੇਲ ਪੁਰਖ ਸਮਰਾਥ, ਸਮਰਥ ਆਪਣਾ ਫੇਰਾ ਪਾਈਆ । ਜੁਗ ਚੌਕੜੀ ਚਲਾਵਣਹਾਰਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਆਪਣੀ ਕਰਨੀ ਕਰੇ ਜਗ, ਜਗ ਜੀਵਣ ਦਾਤਾ ਖੇਲ ਖਲਾਇੰਦਾ । ਪਰਗਟ ਹੋ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣਾ ਨਾਉਂ ਧਰਾਇੰਦਾ । ਲੱਖ ਚੁਰਾਸੀ ਜੀਵ ਜੰਤ ਹੋਏ ਹੰਸ ਕੱਗ, ਕਾਗ ਹੰਸ ਨਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਰਹੀ ਮਚ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਮਨ ਵਾਸਨਾ ਸ੍ਰਿਸ਼ਟ ਸਬਾਈ ਰਹੀ ਨੱਚ, ਕਲਜੁਗ ਡੌਰੂ ਡੰਕ ਵਜਾਇੰਦਾ । ਹਉਮੇਂ ਹੰਗਤਾ ਮਾਇਆ ਮਮਤਾ ਕੋਲੋਂ ਕੋਈ ਨਾ ਸਕਿਆ ਬਚ, ਸ਼ਾਹ ਸ਼ਹਿਨਸ਼ਾਹ ਮੂੰਹ ਦੇ ਭਾਰ ਸੁਟਾਇੰਦਾ । ਸਾਧ ਸੰਤ ਬਿਨ ਢਾਇਉਂ ਗਏ ਢੱਠ, ਆਪਣਾ ਬਲ ਨਾ ਕੋਇ ਧਰਾਇੰਦਾ । ਸਭ ਦਾ ਤੁੱਟਾ ਧੀਰਜ ਜਤ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਬਹੱਤਰ ਨਾੜੀ ਉਬਲੇ ਰੱਤ, ਕਾਮ ਕਰੋਧ ਲੋਭ ਮੋਹ ਹੰਕਾਰ ਅਗਨੀ ਰੂਪ ਵਟਾਇੰਦਾ । ਕੋਇ ਨਾ ਰੱਖੇ ਕਿਸੇ ਪੱਤ, ਗੁਰ ਅਵਤਾਰ ਪੀਰ ਪੈਗ਼ੰਬਰ ਮੁਖ ਪਰਦਾ ਆਪਣਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੇਖਾ ਜਾਣੇ ਰਾਣੀ ਅੱਲਾ, ਆਲਮੀਨ ਨੂਰ ਖ਼ੁਦਾਈਆ । ਬਿਸਮਲ ਰੂਪ ਆਪੇ ਮਿਲਾ, ਮਿਲ ਮਿਲ ਖ਼ੁਸ਼ੀ ਮਨਾਈਆ । ਆਪੇ ਨਾਉਂ ਜਣਾਏ ਇਲ ਲਿੱਲਾ, ਇਸਮ ਆਜ਼ਮ ਕਰ ਪੜ੍ਹਾਈਆ । ਆਪੇ ਤੀਰ ਚੜ੍ਹਾ ਚਿੱਲਾ, ਸਚ ਕਮਾਨ ਹੱਥ ਉਠਾਈਆ । ਆਪੇ ਬਸਤਰ ਪਹਿਨੇ ਨੀਲਾ, ਨੀਲੀ ਧਾਰ ਪਾਰ ਕਰਾਈਆ । ਆਪੇ ਹੋਏ ਛੈਲ ਛਬੀਲਾ, ਸ਼ਾਹਸਵਾਰ ਵਡੀ ਵਡਿਆਈਆ । ਆਪੇ ਵੇਖੇ ਪੀਰ ਪੈਗ਼ੰਬਰ ਆਪਣਾ ਆਪ ਕਬੀਲਾ, ਕਰਬਲਾ ਆਪਣਾ ਫੇਰਾ ਪਾਈਆ । ਆਪੇ ਦੇਵਣਹਾਰਾ ਸਚ ਦਲੀਲਾ, ਦਲੀਲ ਇਕੋ ਇਕ ਰਖਾਈਆ । ਆਪੇ ਬਣੇ ਪੀਰ ਪੈਗ਼ੰਬਰ ਸਚ ਵਸੀਲਾ, ਵਸਲ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਰੂਪ ਵਟਾਈਆ । ਨਿਰਗੁਣ ਰੂਪ ਅਪਾਰ ਅਲੱਖ, ਨਿਰੰਕਾਰ ਖੇਲ ਖਲਾਇੰਦਾ । ਸਚ ਸਰੂਪੀ ਹੋ ਪਰਤੱਖ, ਗੁਰ ਅਵਤਾਰ ਭੇਵ ਚੁਕਾਇੰਦਾ । ਪੀਰ ਪੈਗ਼ੰਬਰ ਮਾਰਗ ਦੱਸ, ਰਹਿਬਰ ਆਪਣਾ

ਨਾਉਂ ਸਮਝਾਇੰਦਾ । ਨਵ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਵੇਖੇ ਨੱਠ ਨੱਠ, ਚੌਦਾਂ ਤਬਕ ਚਰਨਾਂ ਹੇਠ ਦਬਾਇੰਦਾ । ਦੁਰਮਤ ਮੈਲ ਜਗਤ ਅੰਧੇਰ ਰਿਹਾ ਕੱਟ, ਭਗਤ ਭਗਵੰਤ ਆਪ ਉਠਾਇੰਦਾ । ਸਾਚੇ ਸੰਤਾਂ ਦੇਵੇ ਇਕੋ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਗੁਰਮੁਖਾਂ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਗੁਰਸਿਖਾਂ ਚਰਨ ਕਵਲ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਇਕ ਸੁਣਾਏ ਪੂਜਾ ਪਾਠ, ਅੰਤਰ ਮੰਤਰ ਆਪੇ ਗਾਇੰਦਾ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਕੋਟਨ ਕੋਟ ਉਚੇ ਟਿੱਲੇ ਮੰਦਰ ਡੂੰਘੀ ਕੰਦਰ ਲੱਭਦੇ ਘਾਟ, ਅਠਸਠ ਨਜ਼ਰ ਕਿਤੇ ਨਾ ਆਇੰਦਾ । ਬਣ ਬਣ ਪਾਂਧੀ ਕੱਟ ਦੇ ਵਾਟ, ਬਣ ਖੰਡ ਫੇਰਾ ਜਗਤ ਵਖਾਇੰਦਾ । ਕਿਸੇ ਨਾ ਮਿਲੇ ਪੁਰਖ ਸਮਰਾਥ, ਖ਼ਾਲੀ ਹੱਥ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਨੂਰ ਆਪ ਧਰਾਇੰਦਾ । ਆਪਣਾ ਨੂਰ ਕਰ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਨਵ ਨੌਂ ਚਾਰ ਪਾਰ ਕਿਨਾਰਾ, ਨੱਯਾ ਕਲਜੁਗ ਰਿਹਾ ਡੁਬਾਈਆ । ਲੱਖ ਚੁਰਾਸੀ ਵੇਖੇ ਵੇਖਣਹਾਰਾ, ਬਿਨ ਨੇਤਰ ਨੈਣ ਨਜ਼ਰ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਕਰੇ ਪੁਕਾਰਾ, ਪੁਨਹਿ ਪੁਨਹਿ ਸੀਸ ਝੁਕਾਈਆ । ਪੀਰ ਪੈਗ਼ੰਬਰ ਦਰ ਦਰਵੇਸ਼ ਬਣੇ ਭਿਖਾਰਾ, ਗਲ ਅਲਫ਼ੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਬਣਤ ਆਪ ਬਣਾਈਆ । ਬਣਤ ਬਣਾਈ ਕਲਜੁਗ ਮਾਤ, ਸੋ ਪੁਰਖ ਨਿਰੰਜਣ ਖੇਲ ਖਲਾਇੰਦਾ । ਮੇਟਣਹਾਰ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਭਗਤ ਭਗਵੰਤ ਸੁਣਾਏ ਸਾਚੀ ਗਾਥ, ਸੋਹੰ ਅੱਖਰ ਆਪ ਪੜ੍ਹਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਚਲੇ ਸਾਥ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਇੰਦਾ । ਸਾਚਾ ਮਾਰਗ ਸ੍ਰੀ ਭਗਵੰਤ, ਕਲਜੁਗ ਏਕਾ ਏਕ ਜਣਾਈਆ । ਦੋ ਜਹਾਨਾਂ ਮਣੀਆ ਮੰਤ, ਮੰਤਰ ਆਪਣਾ ਨਾਮ ਦ੍ਰਿੜਾਈਆ । ਗਿਆਨ ਬੋਧ ਪਰਮਾਤਮ ਪੰਡਤ, ਸਾਚੀ ਪੱਟੀ ਦਏ ਸਮਝਾਈਆ । ਜਿਸ ਦਾ ਕੋਈ ਨਾ ਦਿਸੇ ਅੰਕ, ਅੰਕੜਾ ਰੂਪ ਨਾ ਕੋਇ ਵਟਾਈਆ । ਆਤਮ ਪਰਮਾਤਮ ਮੇਲ ਮਿਲਾਏ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਭਗਤ ਭਗਵਾਨ ਬਣਾਏ ਬਣਤ, ਸਿਰ ਆਪਣਾ ਹੱਥ ਟਿਕਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਮਾਣ ਗਵਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕੋ ਲਾਈਆ । ਸਾਚਾ ਮਾਰਗ ਸਚ ਦਵਾਰ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਜੈ ਜੈਕਾਰ, ਲੋਕ ਪਰਲੋਕ ਨਾਅਰਾ ਇਕੋ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਸੀਸ ਝੁਕਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਗੀਤ ਗੋਬਿੰਦ ਗਾਏ ਆਪਣੀ ਵਾਰ, ਵਾਰਤਾ ਆਪਣੀ ਆਪ ਜਣਾਇੰਦਾ । ਭਗਤ ਭਗਵੰਤ ਦਏ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੇ ਸੰਤਾਂ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹਿੰਦਾ । ਗੁਰਮੁਖ ਗੁਰ ਗੁਰ ਕਰ ਪਿਆਰ, ਕਾਇਆ ਘੋਰ

ਅੰਧੇਰਾ ਆਪ ਮਿਟਾਇੰਦਾ । ਗੁਰਸਿਖ ਸਾਚੇ ਲਏ ਉਠਾਲ, ਬਾਂਹੋਂ ਫੜ ਗਲੇ ਲਗਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਏਕਾ ਘਰ ਵਖਾਇੰਦਾ । ਸਤਿਗੁਰ ਸ਼ਬਦ ਬਣ ਦਲਾਲ, ਏਕੰਕਾਰਾ ਰਾਹ ਚਲਾਇੰਦਾ । ਜਲਵਾ ਨੂਰ ਨੂਰ ਜਲਾਲ, ਜੁਮਾਲ ਆਪਣਾ ਆਪ ਵਖਾਇੰਦਾ । ਸਤਿ ਸਤਿਵਾਦੀ ਸਚ ਵਖਾਏ ਸੱਚੀ ਧਰਮਸਾਲ, ਧਰਮ ਦਵਾਰ ਇਕ ਖੁਲ੍ਹਾਇੰਦਾ । ਨੇੜ ਨਾ ਆਏ ਕਾਲ ਮਹਾਕਾਲ, ਰਾਏ ਧਰਮ ਮੁੱਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਰਾਹ ਸਮਝਾਇੰਦਾ । ਸਤਿਜੁਗ ਸਾਚਾ ਰਾਹ ਏਕੰਕਾਰ, ਏਕਾ ਏਕ ਜਣਾਈਆ । ਜਿਸ ਘਰ ਵਸਣ ਗੁਰ ਅਵਤਾਰ, ਸੋ ਮੰਦਰ ਦਏ ਵਖਾਈਆ । ਜਿਥੇ ਆਦਿ ਜੁਗਾਦਿ ਏਕਾ ਨਾਦ ਵੱਜੇ ਧੁੰਨਕਾਰ, ਤਾਲ ਤਲਵਾੜਾ ਨਾ ਕੋਇ ਵਜਾਈਆ । ਛੱਤੀ ਰਾਗਾਂ ਵਸੇ ਬਾਹਰ, ਵੇਦ ਕਤੇਬ ਮਹਿਮਾ ਕਥਨ ਨਾ ਪਾਈਆ । ਜੁਗਾ ਜੁਗੰਤਰ ਕਰੇ ਕਰਾਏ ਸਚ ਵਿਹਾਰ, ਬਿਵਹਾਰੀ ਆਪਣੀ ਕਾਰ ਕਮਾਈਆ । ਭਗਤ ਭਗਵੰਤ ਲਏ ਉਠਾਲ, ਫੜ ਬਾਂਹੋਂ ਗਲੇ ਲਗਾਈਆ । ਸਾਚਾ ਮੰਦਰ ਦਏ ਵਖਾਲ, ਜਿਸ ਘਰ ਵਸੇ ਸੱਚਾ ਮਾਹੀਆ । ਆਪੇ ਸੁਣੇ ਮੁਰੀਦਾਂ ਹਾਲ, ਬੇਪਰਵਾਹ ਬੇਪਰਵਾਹੀਆ । ਜਿਸ ਘਰ ਕਬੀਰ, ਜੋਲਾਹਾ ਵਜਾਏ ਤਾਲ, ਨਾਨਕ ਨਾਨਕ ਰਿਹਾ ਧਿਆਈਆ । ਨਾਨਕ ਮੇਲਾ ਮਿਲੇ ਆਣ, ਨਿਰਗੁਣ ਨਾਨਕ ਨਜ਼ਰ ਕੋਇ ਨਾ ਪਾਈਆ । ਗੋਬਿੰਦ ਮੇਲਾ ਪੁਰਖ ਅਕਾਲ, ਅਕਾਲ ਪੁਰਖ ਵਿਚ ਸਮਾਈਆ । ਤਿਸ ਦਵਾਰੇ ਗੁਰਮੁਖ ਸੱਜਣ ਲਏ ਬਹਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਵਿਚੋਂ ਕਰ ਕਰ ਭਾਲ, ਗ਼ਰੀਬ ਨਿਮਾਣਿਆਂ ਮੇਲ ਮਿਲਾਈਆ । ਕਲਜੁਗ ਚਲੀ ਅਵੱਲੜੀ ਚਾਲ, ਵੇਦ ਕਤੇਬ ਸ਼ਾਸਤਰ ਸਿਮਰਤ ਪੁਰਾਨ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸੱਚਾ ਏਕਾ ਏਕ, ਹਰਿ ਸਤਿਗੁਰ ਆਪ ਜਣਾਇੰਦਾ । ਪੁਰਖ ਅਕਾਲ ਸਾਚੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਗੁਰ ਗੋਬਿੰਦ ਸੂਰਾ ਮੇਟੇ ਲੇਖ, ਭਗਤ ਭਗਵਾਨ ਖ਼ੁਸ਼ੀ ਮਨਾਇੰਦਾ । ਨਾਨਕ ਲੇਖਾ ਜਾਣੇ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਹਰਿ ਕਾ ਰੂਪ ਮੁਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਇੰਦਾ । ਦਰ ਬੈਠੇ ਆਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਬਣ ਦਰਵੇਸ਼ ਸੀਸ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਚਲੇ ਕੋਈ ਪੇਸ਼, ਹੁਕਮੇ ਅੰਦਰ ਸਰਬ ਫਿਰਾਇੰਦਾ । ਸਦਾ ਸਦਾ ਸਦ ਕਰਨ ਇਕ ਆਦੇਸ, ਆਦੇਸ ਇਕੋ ਘਰ ਵਖਾਇੰਦਾ । ਵਿਸ਼ਨੂੰ ਕਰੇ ਧਿਆਨ ਉਤੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਰੂਪ ਵਟਾਇੰਦਾ । ਸਚ ਸੰਦੇਸਾ ਨਰ ਨਰੇਸ਼ਾ ਨਿਰਗੁਣ ਨਿਰਾਕਾਰ ਰਿਹਾ ਭੇਜ, ਸੋਹੰ ਢੋਲਾ ਏਕਾ ਗਾਇੰਦਾ । ਪਾਰਬ੍ਰਹਮ ਬ੍ਰਹਮ ਖੋਲ੍ਹੇ ਆਪਣਾ ਭੇਵ, ਦੂਈ ਪਰਦਾ ਨਾ ਕੋਇ ਰਖਾਇੰਦਾ । ਸ਼ੰਕਰ ਕਰਨਾ ਸਾਚਾ ਹੇਤ, ਹਿਤ ਆਪਣਾ ਰੂਪ ਵਖਾਇੰਦਾ । ਜਨ ਭਗਤਾਂ ਵਸੇ ਨੇਤਨ ਨੇਤ, ਨਿਝ ਘਰ ਆਪਣਾ ਡੇਰਾ ਲਾਇੰਦਾ । ਕਲਜੁਗ ਅੰਤਮ ਖੇਡਣ ਆਇਆ ਖੇਡ, ਖੇਡਣਹਾਰਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰਨੇ ਯੋਗ, ਸੋ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਜੁਗ ਚੌਕੜੀ ਕਰ ਸੰਜੋਗ, ਆਪਣਾ ਵਿਛੋੜਾ ਦਏ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਤਮ ਸੇਜਾ ਭੋਗੇ ਭੋਗ, ਭਸਮੜ ਆਪਣਾ ਰੂਪ ਧਰਾਈਆ । ਲੇਖਾ ਜਾਣੇ ਚੌਦਾਂ ਲੋਕ, ਪਰਲੋਕ ਆਪਣਾ ਹੁਕਮ ਜਣਾਈਆ । ਬ੍ਰਹਿਮੰਡਾਂ ਖੰਡਾਂ ਸੁਣਾਏ ਸਚ ਸਲੋਕ, ਨਾਉਂ ਨਿਰੰਕਾਰਾ ਆਪ

ਪਰਗਟਾਈਆ । ਪਤਿਪਰਮੇਸ਼ਵਰ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਆਦਿ ਪੁਰਖ ਆਦਿ ਜੁਗਾਦੀ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਸਚਖੰਡ ਵਸੇ ਸਾਚੇ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਆਪਣਾ ਫੇਰਾ ਪਾ, ਕਲਜੁਗ ਅੰਤਮ ਵੇਖ ਵਖਾਇੰਦਾ । ਜਨ ਭਗਤਾਂ ਬਣੇ ਆਪ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਸਾਚੀ ਸਿਖਿਆ ਦਏ ਸਮਝਾ, ਸੋਹੰ ਢੋਲਾ ਇਕ ਸੁਣਾਇੰਦਾ । ਆਤਮ ਪਰਮਾਤਮ ਮੇਲਾ ਦਏ ਮਿਲਾ, ਗੁਰ ਚੇਲਾ ਰੰਗ ਰੰਗਾਇੰਦਾ । ਸੱਜਣ ਸੁਹੇਲਾ ਸਾਚੇ ਮੰਦਰ ਦਏ ਬਹਾ, ਕਾਇਆ ਅੰਦਰ ਕੁੰਡਾ ਲਾਹਿੰਦਾ । ਵਕਤ ਵੇਲਾ ਇਕੋ ਦਏ ਜਣਾ, ਵਾਰ ਥਿਤ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਵੇਖੇ ਸਾਚੇ ਸੰਤ, ਸਤਿਗੁਰ ਆਪਣਾ ਫੇਰਾ ਪਾਈਆ । ਸ਼ਬਦ ਜਣਾਏ ਮਹਿਮਾ ਅਗਣਤ, ਹਰਿ ਮੰਤਰ ਨਾਮ ਦ੍ਰਿੜਾਈਆ । ਪਾਰ ਕਿਨਾਰ ਲੱਖ ਚੁਰਾਸੀ ਜੀਵ ਜੰਤ, ਸਰਨਗਤ ਦਏ ਸਮਝਾਈਆ । ਮੇਲ ਮਿਲਾਏ ਆਦਿ ਅੰਤ, ਜੁਗ ਜੁਗ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਲੇਖੇ ਲਾਈਆ । ਕਲਜੁਗ ਲੇਖਾ ਅੰਤਮ ਲੌਣਾ, ਬਾਕੀ ਕੋਇ ਰਹਿਣ ਨਾ ਪਾਈਆ । ਸਚ ਦਵਾਰ ਇਕ ਸੁਹੌਣਾ, ਧੁਰ ਦਰਬਾਰ ਵੱਜੇ ਵਧਾਈਆ । ਲੋਕਮਾਤ ਭੇਵ ਖੁਲੌਣਾ, ਪਰਦਾ ਆਪਣਾ ਦਏ ਉਠਾਈਆ । ਜੋਤੀ ਨੂਰਾ ਇਕ ਜਗੌਣਾ, ਨੂਰੋ ਨੂਰ ਕਰੇ ਰੁਸ਼ਨਾਈਆ । ਸਾਚਾ ਖੇੜਾ ਇਕ ਵਸੌਣਾ, ਸੰਬਲ ਆਪਣਾ ਡੇਰਾ ਲਾਈਆ । ਗੋਬਿੰਦ ਪੂਤ ਸਪੂਤਾ ਆਪ ਉਠੌਣਾ, ਘਰ ਸਾਚੇ ਵੱਜੇ ਵਧਾਈਆ । ਸਚਖੰਡ ਦਵਾਰ ਆਪ ਸੁਹੌਣਾ, ਸੋਭਾਵੰਤ ਆਸਣ ਲਾਈਆ । ਮਹਿਮਾ ਅਗਣਤ ਸਾਚਾ ਢੋਲਾ ਆਪੇ ਗੌਣਾ, ਗਾ ਗਾ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਲ, ਹਰਿ ਆਪਣੀ ਦਇਆ ਕਮਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰਦਾ ਰਿਹਾ ਵਲ ਛਲ, ਅਛਲ ਅਛੱਲ ਭੇਵ ਕੋਇ ਨਾ ਆਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਅੰਤਮ ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਦੀਪਕ ਗਿਆ ਬਲ, ਅਗਿਆਨ ਅੰਧੇਰ ਨਾ ਕੋਇ ਰਖਾਇੰਦਾ । ਸਚ ਸਿੰਘਾਸਣ ਬੈਠਾ ਮੱਲ, ਸੋਭਾਵੰਤ ਆਪ ਸੁਹਾਇੰਦਾ । ਜੋਤੀ ਸ਼ਬਦੀ ਆਪੇ ਰਲ, ਰਲ ਮਿਲ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਕਲਜੁਗ ਕਾਰ, ਹਰਿ ਕਰਤਾ ਆਪ ਕਰਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਅਵਤਾਰੀ ਵੇਸ ਵਟਾਈਆ । ਲਹਿਣਾ ਦੇਣਾ ਮੁਕਾਏ ਸਰਬ ਸੰਸਾਰ, ਲੱਖ ਚੁਰਾਸੀ ਜੀਵ ਜੰਤ ਆਪਣੀ ਝੋਲੀ ਪਾਈਆ । ਭਗਤ ਭਗਵੰਤ ਲਏ ਉਠਾਲ, ਸਾਚਾ ਮਾਰਗ ਦਏ ਸਿਖਾਲ, ਸੁਖ ਆਤਮ ਦਏ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਿਸੇ ਨਾ ਕੋਇ ਕੰਗਾਲ, ਜਗਤ ਕੰਗਾਲੀ ਦਏ ਗਵਾਈਆ । ਸ਼ਾਹ ਸੁਲਤਾਨ ਕਰੇ ਬੇਹਾਲ, ਬਿਹਬਲ ਹੋ ਹੋ ਦੇਣ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕ ਰਿਹਾ ਵਜਾਈਆ । ਨੌਂ ਖੰਡ ਪ੍ਰਿਥਮੀ ਵੱਜੇ ਤਾਲ, ਤਲਵਾੜਾ ਹੱਥ ਕਿਸੇ ਨਾ ਆਈਆ । ਮੁੱਲਾਂ ਸ਼ੇਖ਼ ਮੁਸਾਇਕ ਦਸਤਗੀਰ ਪਰਵਰਦਿਗਾਰ ਨੂਰ ਇਲਾਹੀ ਰਹੇ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਪੰਡਤ ਪਾਂਧੇ ਪੱਤਰੀ ਘਰ ਘਰ ਰਹੇ ਵਖਾਲ, ਬਾਰਾਂ ਰਾਸੀ ਕੁੰਡਲੀ ਕੁੰਡਲ ਵਿਚ ਨਾ

੧੧੧੫
੧੨

ਕੋਇ ਰਖਾਈਆ । ਭੇਵ ਅਭੇਦਾ ਅਛਲ ਅਛੇਦਾ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਵਣਹਾਰਾ ਸਰਬ ਜੰਜਾਲ, ਨਾ ਸਕੇ ਕੋਇ ਤੁੜਾਈਆ । ਪਰਗਟ ਹੋਇਆ ਦੀਨ ਦਿਆਲ, ਸਤਿ ਦਵਾਰੇ ਵਸੇ ਸੱਚੀ ਧਰਮਸਾਲ, ਦਰ ਦਰਵਾਜ਼ਾ ਇਕ ਰਖਾਈਆ । ਭਗਤ ਭਗਵੰਤ ਗੁਰਮੁਖ ਗੁਰਸਿਖ ਵੇਖੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਹਰਿ ਨਿਰੰਕਾਰਾ, ਆਪਣੀ ਖੇਲ ਕਰਾਇੰਦਾ । ਨਿਹਕਲੰਕ ਲੈ ਅਵਤਾਰਾ, ਸਚ ਦਵਾਰਾ ਇਕ ਜਣਾਇੰਦਾ । ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਜੂਠਾ ਝੂਠਾ ਮੋਹ ਤੁੜਾਇੰਦਾ । ਸਚ ਸੁੱਚ ਜਣਾਏ ਜਗਤ ਵਣਜਾਰਾ, ਚੌਦਾਂ ਲੋਕਾਂ ਹੱਟ ਖੁਲ੍ਹਾਇੰਦਾ । ਨਾਮ ਅਗੰਮੀ ਖੋਲ੍ਹ ਭੰਡਾਰਾ, ਪੁਰਖ ਅਬਿਨਾਸ਼ੀ ਆਪ ਵਰਤਾਇੰਦਾ । ਗੁਰਮੁਖ ਵਿਰਲਾ ਬਣੇ ਵਣਜਾਰਾ, ਜਿਸ ਆਪਣੀ ਬੂਝ ਬੁਝਾਇੰਦਾ । ਲੱਖ ਚੁਰਾਸੀ ਸੁੱਤੀ ਪੈਰ ਪਸਾਰਾ, ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਮੂਰਖ ਮੂੜ੍ਹ ਹੋਇਆ ਗਵਾਰਾ, ਗਿਆਨ ਧਿਆਨ ਨਾ ਕੋਇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਜਨ ਭਗਤਾਂ ਦੇਵੇ ਨਾਮ ਵੱਥ, ਵਸਤ ਅਮੋਲਕ ਝੋਲੀ ਪਾਈਆ । ਸਾਚਾ ਮਾਰਗ ਦੇਵੇ ਹੱਸ ਹੱਸ, ਸੋਹੰ ਹੰਸਾ ਜਾਪ ਜਪਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਤ੍ਰਿਸਨਾ ਦੇਵੇ ਜਗਤ ਮਿਟਾਈਆ । ਲਹਿਣਾ ਦੇਣਾ ਮੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨਾਂ ਉਪਰ ਦਏ ਸੁਹਾਈਆ । ਗੋਪੀ ਕਾਹਨ ਮਿਲ ਮਿਲ ਪਾਏ ਰਾਸ, ਮੰਡਲ ਰਾਸ ਇਕ ਨਚਾਈਆ । ਜਨ ਭਗਤਾਂ ਵਸੇ ਸਦਾ ਪਾਸ, ਹਰਿ ਜੂ ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਲੇਖੇ ਲਾਏ ਸਵਾਸ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਕੱਟਣਹਾਰਾ ਜਮ ਕਾ ਫਾਸ, ਲੱਖ ਚੁਰਾਸੀ ਫੰਦ ਕਟਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਸੇਵਕ ਆਪਣਾ ਨਾਉਂ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਭਗਤ ਭਗਵੰਤ ਪਰਗਟੌਂਦਾ ਰਿਹਾ ਆਪਣੀ ਸ਼ਾਖ਼, ਸ਼ਨਾਖਤ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਅੰਤਮ ਦਿਸੇ ਰਾਖ, ਖ਼ਾਕੀ ਖ਼ਾਕ ਖ਼ਾਕ ਸਮਾਈਆ । ਕੋਈ ਨਜ਼ਰ ਨਾ ਆਏ ਪਾਕੀ ਪਾਕ, ਪਵਿਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸੱਜਣ ਲਏ ਜਗਾਈਆ । ਗੁਰਮੁਖ ਸੱਜਣ ਅੰਤਮ ਜਾਗ, ਹਰਿ ਸਾਚਾ ਆਪ ਜਗਾਇੰਦਾ । ਲੋਕਮਾਤ ਨਿਰਗੁਣ ਸਰਗੁਣ ਲਗਾ ਭਾਗ, ਹਰਿ ਭਾਗੀ ਆਪ ਵਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਲਡਾਏ ਲਾਡ, ਸਿਰ ਆਪਣਾ ਹੱਥ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੇਵਣਹਾਰਾ ਬੋਧ ਅਗਾਧ, ਮੰਤਰ ਨਮੋ ਨਮੋ ਪੜ੍ਹਾਇੰਦਾ । ਲੇਖਾ ਜਾਣੇ ਸੰਤ ਸਾਧ, ਭਗਤ ਭਗਵੰਤ ਖੋਜ ਖੋਜਾਇੰਦਾ । ਗੁਰਮੁਖ ਗੁਰ ਗੁਰ ਆਪੇ ਲਾਧ, ਆਪ ਆਪਣੇ ਰੰਗ ਰੰਗਾਇੰਦਾ । ਗੁਰਸਿਖਾਂ ਦੇਵੇ ਸਾਚੀ ਦਾਦ, ਸੋਹੰ ਝੋਲੀ ਆਪ ਭਰਾਇੰਦਾ । ਮੇਟਣਹਾਰਾ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਗ੍ਰਿਹਿ ਮੰਦਰ ਅੰਦਰ ਧੁੰਨ ਅਨਾਦੀ ਸ਼ਬਦ ਅਗੰਮੀ ਵੱਜੇ ਨਾਦ, ਅਨਹਦ ਏਕਾ ਰਾਗ ਅਲਾਇੰਦਾ । ਆਤਮ ਪਰਮਾਤਮ ਨਿਝ ਦੇਵੇ ਸਚ ਸਵਾਦ, ਅੰਮਿਉਂ ਰਸ ਆਪਣਾ ਨੀਰ ਵਹਾਇੰਦਾ । ਆਤਮ ਪਰਮਾਤਮ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਹੰ ਬ੍ਰਹਮ ਸੋਹੰ ਸਾਚਾ ਜਾਪ, ਜੀਵਣ ਜੁਗਤ ਜਗਤ ਜਣਾਇੰਦਾ । ਕੋਟ ਜਨਮ ਦੇ ਉਤਾਰੇ ਪਾਪ, ਪਾਪੀ ਪੱਤਤ ਪੁਨੀਤ ਆਪ ਕਰਾਇੰਦਾ । ਭਗਤ ਭਗਵਾਨ


੧੧੧੬
੧੨

ਬਣਾਏ ਸੱਜਣ ਸਾਕ, ਸਗਲਾ ਬੰਧਨ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਰ ਹਰਿ ਨਰਾਇਣ ਨਿਰੰਕਾਰ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰਬ ਕਰਜ਼ਾ ਦਏ ਉਤਾਰ, ਲਹਿਣਾ ਕੋਇ ਨਜ਼ਰ ਨਾ ਆਈਆ । ਆਪਣਾ ਫ਼ਰਜ਼ ਜਾਣੇ ਵਿਚ ਸੰਸਾਰ, ਵਡ ਸੰਸਾਰੀ ਫੇਰਾ ਪਾਈਆ । ਸਾਚੀ ਗ਼ਰਜ਼ ਭਗਤਾਂ ਕਰਾਂ ਦੀਦਾਰ, ਗੁਰਮੁਖ ਗੁਰ ਗੁਰ ਲਏ ਜਗਾਈਆ । ਸਾਚੀ ਤਰਜ਼ ਬੋਲ ਜੈਕਾਰ, ਇਕੋ ਨਾਅਰਾ ਰਿਹਾ ਸੁਣਾਈਆ । ਗੁਰਸਿਖ ਤੇਰਾ ਹਰਜ ਹੋਵੇ ਨਾ ਅੰਤਮ ਵਾਰ, ਲੱਖ ਚੁਰਾਸੀ ਦਏ ਵਧਾਈਆ । ਤੇਰੀ ਵਛੋੜੇ ਵਾਲੀ ਮਰਜ਼ ਦਏ ਨਵਾਰ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਲੇਖਾ ਦਏ ਚੁਕਾਈਆ । ਹਰਿਜਨ ਲੇਖਾ ਨਰ ਨਿਰੰਕਾਰਾ, ਨਿਰਗੁਣ ਨਿਰਗੁਣ ਆਪ ਚੁਕਾਇੰਦਾ । ਵੇਖਣਹਾਰਾ ਸਾਢੇ ਤਿੰਨ ਹੱਥ ਮੁਨਾਰਾ, ਰਵਦਾਸ ਚੁਮਾਰਾ ਨਾਲ ਰਲਾਇੰਦਾ । ਪਾਵੇ ਸਾਰ ਡੂੰਘੀ ਗਾਰਾ, ਡੂੰਘੀ ਭਵਰੀ ਖੋਜ ਖੋਜਾਇੰਦਾ । ਲੇਖਾ ਜਾਣੇ ਹੱਡ ਮਾਸ ਨਾੜੀ ਨਾੜਾ, ਅਨਭਵ ਆਪਣੀ ਖੇਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਵੰਡ ਵੰਡਾਇੰਦਾ । ਸਤਿਜੁਗ ਵੰਡੇ ਸਾਚੀ ਵੰਡ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਲੇਖਾ ਜਾਣੇ ਕੋਟ ਬ੍ਰਹਿਮੰਡ, ਬ੍ਰਹਿਮਾਂਡ ਆਪਣਾ ਫੇਰਾ ਪਾਈਆ । ਏਕੰਕਾਰਾ ਦਾਤਾ ਦਾਨੀ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਨੂਰ ਨੁਰਾਨਾ ਸਤਿ ਸਤਿਵਾਦ ਦੋ ਜਹਾਨਾਂ ਇਕੋ ਚੰਦ, ਚੰਦ ਚਾਂਦਨਾ ਇਕ ਚਮਕਾਈਆ । ਅਬਿਨਾਸ਼ੀ ਕਰਤਾ ਆਦਿ ਜੁਗਾਦਿ ਜੁਗਾ ਜੁਗੰਤਰ ਸਤਿ ਸਰੂਪੀ ਪਾਵਣਹਾਰਾ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਸ੍ਰੀ ਭਗਵਾਨ ਧੁਰ ਫ਼ਰਮਾਣ ਸਚ ਸੰਦੇਸਾ ਗਾਏ ਛੰਦ, ਸੋਹਲਾ ਢੋਲਾ ਆਪ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਗੁਣ ਜਾਣੇ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਮਹੱਲੇ ਚੜ੍ਹ ਚੜ੍ਹ ਵੰਡਣਹਾਰਾ ਵੰਡ, ਥਿਰ ਘਰ ਆਪਣੀ ਘਾੜਤ ਲਏ ਘੜਾਈਆ । ਪੂਤ ਸਪੂਤਾ ਏਕਾ ਮਾਣ ਰਖਾਇਆ, ਸੁਰਤ ਸ਼ਬਦ ਹੁਲਾਰਾ ਦਏ ਲਗਾਇਆ, ਘਰ ਸਾਚੇ ਆਪ ਬਹਾਈਆ । ਨਿਰਗੁਣ ਨਿਰਗੁਣ ਕਰ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਕਰੇ ਉਜਿਆਰਾ, ਤ੍ਰੈਗੁਣ ਮੇਲਾ ਮੇਲ ਮਿਲਾਈਆ । ਪੰਜ ਤਤ ਲਗਾਏ ਅਖਾੜਾ, ਲੱਖ ਚੁਰਾਸੀ ਭਰ ਭੰਡਾਰਾ, ਲੇਖਾ ਜਾਣ ਗੁਰ ਅਵਤਾਰਾ, ਪੀਰ ਪੈਗ਼ੰਬਰ ਮਾਣ ਰਖਾਈਆ । ਨਿਸ਼ਅੱਖਰ ਵੱਖਰ ਕਰ ਤਿਆਰਾ, ਦੇਵੇ ਵਿਚ ਸੰਸਾਰੀ ਸੰਸਾਰਾ, ਬ੍ਰਹਮਾ ਵੇਤਾ ਬਣ ਲਿਖਾਰਾ, ਚਾਰੇ ਵੇਦਾਂ ਦਏ ਸਹਾਰਾ, ਚਾਰੇ ਖਾਣੀ ਕਰ ਤਿਆਰਾ, ਚਾਰੇ ਬਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਨਾਦ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਹੋ ਉਜਿਆਰਾ, ਨਿਰਗੁਣ ਸਰਗੁਣ ਲੈ ਅਵਤਾਰਾ, ਭਗਵਨ ਭਗਤਨ ਮੇਲ ਮਿਲਾਏ ਅਗੰਮ ਅਪਾਰਾ, ਸੰਤ ਦਵਾਰ ਅਲੱਖ ਜੈਕਾਰਾ, ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਗੁਰਸਿਖਾਂ ਦੇਵੇ ਧੂੜੀ ਛਾਰਾ, ਮਸਤਕ ਇਕੋ ਟਿੱਕਾ ਲਾਈਆ । ਜੁਗ ਚੌਕੜੀ ਪਾਰ ਕਿਨਾਰਾ, ਨਿਰਗੁਣ ਸਰਗੁਣ ਵੇਖੇ ਵਾਰੋ ਵਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਰਾਗੀ ਨਾਦੀ ਵਸੇ ਬਾਹਰਾ, ਰੂਪ ਰੰਗ ਰੇਖ ਨਾ ਕੋਇ ਜ਼ਾਹਰਾ, ਜ਼ਹੂਰ ਨੂਰ ਇਕ ਰੁਸ਼ਨਾਈਆ । ਆਦਿ ਜੁਗਾਦੀ ਪਰਵਰਦਿਗਾਰਾ, ਵਸਣਹਾਰਾ ਧਾਮ ਨਿਆਰਾ,


੧੧੧੭
੧੨

ਸਰਬ ਜੀਆਂ ਦਾ ਸਾਂਝਾ ਯਾਰਾ, ਮੁਕਾਮੇ ਹੱਕ ਡੇਰਾ ਲਾਈਆ । ਸਚਖੰਡ ਸੋਹੇ ਸਚ ਮੁਨਾਰਾ, ਥਿਰ ਘਰ ਖੋਲ੍ਹੇ ਆਪ ਕਿਵਾੜਾ, ਵਿਚ ਬਹਾਏ ਸੁਤ ਦੁਲਾਰਾ, ਸ਼ਬਦੀ ਸ਼ਬਦ ਨਾਉਂ ਪਰਗਟਾਈਆ । ਕਲਜੁਗ ਅੰਤ ਕਰ ਪਿਆਰਾ, ਲੋਕਮਾਤ ਕਰੇ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਕਰਨੀ ਆਪ ਕਮਾਈਆ । ਸ਼ਬਦ ਗੁਰ ਵਡ ਬਲਕਾਰੀ, ਬਲ ਧਾਰੀ ਆਪ ਉਠਾਇੰਦਾ । ਮੇਲ ਮਿਲਾਵਾ ਜੋਤ ਨਿਰੰਕਾਰੀ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਬਣ ਵਿਚੋਲਾ ਵਡ ਸੰਸਾਰੀ, ਲੋਕਮਾਤ ਫੇਰਾ ਪਾਇੰਦਾ । ਨਾਮ ਖੰਡਾ ਤੇਜ਼ ਕਟਾਰੀ, ਚੰਡ ਪਰਚੰਡ ਹੱਥ ਫੜਾਇੰਦਾ । ਤਿਖੀ ਰੱਖੇ ਦੋਵੇਂ ਧਾਰੀ, ਧਾਰ ਧਾਰ ਨਾਲ ਮਿਲਾਇੰਦਾ । ਦੋ ਜਹਾਨਾਂ ਫੇਰੇ ਵਾਰੋ ਵਾਰੀ, ਬਣ ਬਾਢੀ ਫੇਰਾ ਪਾਇੰਦਾ । ਕਰੇ ਖੇਲ ਅਗੰਮ ਅਪਾਰੀ, ਅਲੱਖ ਅਗੋਚਰ ਭੇਵ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਵੇਸ ਵਟਾਇੰਦਾ । ਨਰ ਹਰਿ ਨਰਾਇਣ ਵੇਸ ਵਟਾਇਆ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸੰਬਲ ਨਗਰ ਡੇਰਾ ਲਾਇਆ, ਗੁਰ ਗੁਰ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਏਕਾ ਘਰ ਵਸਾਇਆ, ਘਰ ਮੇਲਾ ਸਹਿਜ ਸੁਭਾਈਆ । ਆਪਣਾ ਵੇਲਾ ਨਾ ਕਿਸੇ ਜਣਾਇਆ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਧਾਮ ਨਵੇਲਾ ਇਕ ਵਡਿਆਇਆ, ਜਿਸ ਦੇਵੇ ਆਪ ਵਡਿਆਈਆ । ਇਕ ਇਕੇਲਾ ਫੇਰਾ ਪਾਇਆ, ਫਿਰ ਫਿਰ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ, ਸਤਿਜੁਗ ਆਪਣਾ ਰਾਹ ਚਲਾਈਆ । ਸਤਿਜੁਗ ਚਲੇ ਰਾਹ ਮਾਤ, ਹਰਿ ਸਤਿਗੁਰ ਆਪ ਚਲਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਦਾਤ, ਨਾਮ ਇਕੋ ਹੱਟ ਖੁਲ੍ਹਾਇੰਦਾ । ਨਾਤਾ ਤੋੜੇ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਨਜ਼ਰੀ ਆਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਦੂਈ ਦਵੈਤੀ ਪਰਦਾ ਲਾਹਿੰਦਾ । ਸੋਹੰ ਢੋਲਾ ਸੁਣਾਏ ਸਾਚੀ ਗਾਥ, ਆਤਮ ਪਰਮਾਤਮ ਮੇਲ ਮਿਲਾਇੰਦਾ । ਲਹਿਣਾ ਦੇਣਾ ਚੁੱਕੇ ਮਸਤਕ ਮਾਥ, ਧੂੜੀ ਟਿੱਕਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਾਚਾ ਕਾਹਨ, ਕਰੇ ਖੇਲ ਦੋ ਜਹਾਨ, ਨਿਰਗੁਣ ਰੂਪ ਨੌਜਵਾਨ, ਜਨਮ ਮਰਨ ਮਰਨ ਜਨਮ ਵਿਚ ਕਦੇ ਨਾ ਆਇੰਦਾ । ਨਾ ਜਨਮੇ ਨਾ ਕਦੇ ਮਰਿਆ, ਅਜੂਨੀ ਜੂਨ ਨਾ ਕੋਇ ਭੁਵਾਈਆ । ਨਿਰਭੌ ਹੋ ਕਦੇ ਨਾ ਡਰਿਆ, ਭੈ ਸਭ ਨੂੰ ਰਿਹਾ ਵਖਾਈਆ । ਅਗਨੀ ਹਵਨ ਕਦੇ ਨਾ ਸੜਿਆ, ਮੜ੍ਹੀ ਗੋਰ ਨਾ ਕੋਇ ਦਬਾਈਆ । ਸਚਖੰਡ ਦਵਾਰੇ ਸਚ ਸਿੰਘਾਸਣ ਆਪੇ ਚੜ੍ਹਿਆ, ਸਚਖੰਡ ਨਿਵਾਸੀ ਸੋਭਾ ਪਾਈਆ । ਸੀਸ ਜਗਦੀਸ ਤਾਜ ਧਰਿਆ, ਦੋ ਜਹਾਨਾਂ ਵੇਖੇ ਸੱਚੀ ਸ਼ਾਹੀਆ । ਸਤਿ ਸਰੂਪੀ ਸ਼ਾਹੋ ਭੂਪੀ ਬਿਨ ਰੰਗ ਰੂਪੀ ਆਪਣਾ ਪੱਲੂ ਆਪੇ ਫੜਿਆ, ਨਾ ਸਕੇ ਕੋਈ ਛੁਡਾਈਆ । ਆਦਿ ਅੰਤ ਜੁਗਾ ਜੁਗੰਤ ਗੁਰ ਅਵਤਾਰ ਪੀਰ ਪੈਗ਼ੰਬਰ ਅੱਖਰ ਇਕੋ ਪੜ੍ਹਿਆ, ਸੋਹੰ ਢੋਲਾ ਸਭ ਗਾਈਆ । ਨਾਨਕ ਨਿਰਗੁਣ ਭਾਣਾ ਜਰਿਆ, ਸਰਨ ਸਰਨਾਈ ਸਾਚੀ ਪੜਿਆ, ਪੁਰਖ ਅਕਾਲ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਵੇਖਣ ਆਇਆ ਜਗ, ਜਾਗਰਤ ਆਪਣੀ ਜੋਤ ਜਗਾਇੰਦਾ । ਬ੍ਰਹਿਮੰਡ ਖੰਡ ਪੁਰੀਆਂ ਲੋਆਂ ਆਇਆ

ਲੰਘ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਗੰਮ ਵਜਾਏ ਮਰਦੰਗ, ਮਰਦ ਮਰਦਾਨਾ ਨਾਦ ਸੁਣਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਜਨ ਭਗਤਾਂ ਅੰਤਮ ਦੇਵੇ ਵੰਡ, ਲੱਖ ਚੁਰਾਸੀ ਕੋਲੋਂ ਮੁਖ ਭੁਵਾਇੰਦਾ । ਮੇਟ ਮਿਟਾਏ ਭੇਖ ਪਖੰਡ, ਕੋਈ ਨਾ ਦਿਸੇ ਨਾਰ ਦੁਹਾਗਣ ਰੰਡ, ਜਗਤ ਰੰਡੇਪਾ ਆਪ ਕਟਾਇੰਦਾ । ਦੂਈ ਦਵੈਤੀ ਢਾਹ ਕੰਧ, ਗੀਤ ਗੋਬਿੰਦ ਸੁਣਾਏ ਛੰਦ, ਆਤਮ ਪਰਮਾਤਮ ਜੋੜ ਜੁੜਾਇੰਦਾ । ਨਿਝ ਘਰ ਨਿਝ ਘਰ ਵਾਸੀ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਪਰਗਟਾਇੰਦਾ । ਜੁਗ ਜਨਮ ਦੀ ਟੁੱਟੀ ਗੰਢ, ਜਨ ਭਗਤਾਂ ਹੋਏ ਆਪ ਬਖ਼ਸ਼ੰਦ, ਬਖ਼ਸ਼ਿਸ਼ ਆਪਨੀ ਆਪ ਵਖਾਇੰਦਾ । ਲੇਖਾ ਜਾਣੇ ਜੀਉ ਪਿੰਡ ਫੋਲ ਫੋਲਾਏ ਇੰਡ ਬ੍ਰਹਿਮੰਡ, ਨਵ ਦਸ ਆਪਨਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਵਾਂ ਦੇਵੇ ਇਕ ਗਿਆਨ, ਦੇਵ ਆਤਮ ਮੇਲ ਪਰਮਾਤਮ ਪਰਮ ਪੁਰਖ ਪਤਿਪਰਮੇਸ਼ਵਰ ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਵ ਜਾਏ ਖੁਲ੍ਹ, ਖ਼ਾਲਕ ਖ਼ਲਕ ਦਏ ਸਮਝਾਈਆ । ਦੇਵੇ ਵਸਤ ਨਾਮ ਅਨਮੁਲ, ਕਰਤਾ ਕੀਮਤ ਕੋਇ ਨਾ ਲਾਈਆ । ਚਰਨ ਪ੍ਰੀਤੀ ਜੋ ਜਨ ਜਾਏ ਘੁਲ, ਘੋਲ ਘੁਮਾਈ ਲਾਲਨ ਆਪਨੇ ਰੰਗ ਰੰਗਾਈਆ । ਗੁਰਮੁਖ ਗੁਰਸਿਖ ਬੂਟਾ ਕਦੇ ਨਾ ਜਾਏ ਹੁੱਲ, ਸਿਮਲ ਰੂਪ ਨਾ ਕੋਇ ਵਟਾਈਆ । ਕਰਤਾ ਕੀਮਤ ਪਾਏ ਮੁਲ, ਲਹਿਣਾ ਦੇਣਾ ਦਏ ਚੁਕਾਈਆ । ਭਾਗ ਲੱਗੇ ਸਾਚੀ ਕੁਲ, ਜਿਸ ਕੁਲ ਗੁਰਮੁਖ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਪੱਤ ਟਾਹਣੀ ਵੇਖ ਵਖਾਈਆ । ਪੱਤ ਡਾਹਣੀ ਵੇਖੇ ਤਿੰਨੇ ਡਾਹਣ, ਹਰਿ ਜੂ ਆਪਨਾ ਖੇਲ ਕਰਾਇੰਦਾ । ਜੈ ਦੇਵ ਵੇਖੇ ਮਾਰ ਧਿਆਨ, ਜੈ ਜੈਕਾਰ ਇਕ ਸਮਝਾਇੰਦਾ । ਇਕੋ ਬੂਟਾ ਫਲ ਮਹਾਨ, ਅੰਮ੍ਰਿਤ ਰਸ ਵਿਚ ਭਰਾਇੰਦਾ । ਕੋਈ ਨਾ ਜਾਣੇ ਜੀਵ ਅਵਾਣ, ਜੁਗਤੀ ਜਗਤ ਨਾ ਕੋਇ ਸਮਝਾਇੰਦਾ । ਆਦਿ ਪੁਰਖ ਹੋ ਪਰਧਾਨ, ਪਰਮ ਪੁਰਖ ਵੇਖ ਵਖਾਇੰਦਾ । ਗੁਰਮੁਖ ਗੁਰ ਗੁਰ ਚਤੁਰ ਸੁਜਾਨ, ਸੋਝੀ ਆਪਨੀ ਆਪੇ ਪਾਇੰਦਾ । ਮਨਮੁਖ ਭੁੱਲੇ ਜੀਵ ਅਵਾਣ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਖਾਣੀ ਬਾਣੀ ਕਾਗ਼ਜ਼ ਕਲਮ ਸ਼ਾਹੀ ਲਿਖ ਲਿਖ ਦੇ ਦੇ ਗਏ ਬਿਆਨ, ਬੇਅੰਤ ਬੇਅੰਤ ਕਹਿ ਕਹਿ ਪੱਲੂ ਸਰਬ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਮੇਲੇ ਆਪਨੇ ਦਰ, ਜੁਗ ਜਨਮ ਦੇ ਵਿਛੜੇ ਫੜ ਫੜ, ਆਪਨਾ ਬੰਧਨ ਪਾਇੰਦਾ । ਆਪਨਾ ਬੰਧਨ ਪਾਏ ਦਿਆਲ, ਦੀਨਨ ਆਪਨੀ ਦਇਆ ਕਮਾਈਆ । ਲੇਖਾ ਜਾਣੇ ਸਿੰਘ ਪਾਲ, ਨਾਮ ਪਾਲਕੀ ਲਏ ਬਹਾਈਆ । ਨੇੜ ਨਾ ਆਏ ਕਾਲ ਮਹਾਕਾਲ, ਮਹਾਕਾਲ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਦਰ ਬਾਹਰ ਗੁਪਤ ਜ਼ਾਹਰ ਏਥੇ ਓਥੇ ਚਲੇ ਨਾਲ ਨਾਲ, ਸਗਲਾ ਸੰਗ ਸੰਗ ਰਖਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤੀ ਦਏ ਸਮਝਾਈਆ । ਸਚਖੰਡ ਨਿਵਾਸੀ ਸਾਚੀ ਧਰਮਸਾਲ ਦਏ ਬਿਠਾਲ, ਤਤੀ ਵਾ ਨਾ ਲਾਗੇ ਰਾਈਆ । ਭਗਤ ਭਗਵੰਤ ਸਾਚਾ ਮੰਦਰ ਦਏ ਵਖਾਲ, ਬਿਨ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਈਆ । ਹਰਿਜਨ ਉਤਰੇ ਆਪਨੇ ਘਾਟ, ਸਤਿਗੁਰ ਪੂਰਾ ਪਾਰ ਕਰਾਇੰਦਾ । ਕਲਜੁਗ ਅੰਤਮ ਮੁੱਕੇ ਵਾਟ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਜਿਸ ਜਨ ਸੋਹੰ ਗਾਈ ਗਾਥ, ਤਿਸ ਜਮ ਨੇੜ ਕੋਇ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਸੇ ਸਾਥ, ਵਿਸ਼ਨੂੰ ਬਹਿ ਬਹਿ ਸੇਵ ਕਮਾਇੰਦਾ । ਭਗਵਨ

ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਜੈ ਜੈ ਜੈਕਾਰ ਕਰਨ ਤ੍ਰਿਲੋਕੀ ਨਾਥ, ਜਿਸ ਦਵਾਰੇ ਗੁਰਮੁਖ ਜਾਇੰਦਾ । ਪੀਰ ਪੈਗੰਬਰ ਗੁਰ ਅਵਤਾਰ ਸਾਰੇ ਰਲ ਮਿਲ ਸੋਹੰ ਢੋਲਾ ਗੌਣ ਗਾਥ, ਨਾਨਕ ਸਰਗੁਣ ਨਿਰਗੁਣ ਨਾਨਕ ਆਪ ਪੜ੍ਹਾਇੰਦਾ । ਮੇਲ ਮਿਲਾਵਾ ਪੁਰਖ ਸਮਰਾਥ, ਸਿਮਰਨ ਹੋਰ ਨਾ ਕੋਇ ਜਣਾਇੰਦਾ । ਇਕ ਦੂਜੇ ਦਾ ਗਾਇਣ ਜਸ, ਭਗਤ ਭਗਵੰਤ ਭਗਵਾਨ ਆਪ ਸਾਲਾਹਿੰਦਾ । ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਸ੍ਰੀ ਭਗਵਾਨ ਕਰ ਧਿਆਨ ਜਨ ਭਗਤਾਂ ਗਲਵਕੜੀ ਪਾਏ ਨੱਸ ਨੱਸ, ਦੂਰ ਦੁਰਾਡਾ ਪੰਧ ਮੁਕਾਇੰਦਾ । ਕਿਰਪਾ ਨਿਧ ਠਾਕਰ ਸਵਾਮੀ ਨਿਰਗੁਣ ਦਾਤਾ ਪੁਰਖ ਬਿਧਾਤਾ ਹੋਏ ਨਿਮਾਣਾ ਚਰਨੀ ਜਾਏ ਢੱਠ, ਭਗਤ ਦਵਾਰ ਇਕ ਸੁਹਾਇੰਦਾ । ਆਪਣੀ ਡੋਰੀ ਰੱਖੇ ਭਗਤਾਂ ਹੱਥ, ਆਪਣਾ ਮਾਣ ਨਾ ਕੋਇ ਜਣਾਇੰਦਾ । ਜੁਗ ਚੌਕੜੀ ਹੋਇਆ ਰਿਹਾ ਵਸ, ਬੇਬਸ ਹੋ ਹੋ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤ ਤਾਰ ਕਦੇ ਕਰੇ ਨਾ ਬਸ, ਜੁਗ ਜੁਗ ਅੱਗੇ ਆਪਣਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਬੰਧਾਇੰਦਾ । ਸਮਰਥ ਪੁਰਖ ਖੇਲ ਨਿਆਰਾ, ਨਿਰਗੁਣ ਨਿਰਗੁਣ ਆਪ ਕਰਾਈਆ । ਭਗਤਾਂ ਕਰੇ ਸਚ ਪਿਆਰਾ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਬਣ ਵਿਚੋਲਾ ਸਿਰਜਣਹਾਰਾ, ਸਿਰ ਸਿਰ ਹੱਥ ਟਿਕਾਈਆ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰਾ, ਸਰਗੁਣ ਵੇਖੇ ਚਾਈਂ ਚਾਈਆ । ਜੋ ਜਨ ਚਰਨ ਕਵਲ ਕਰੇ ਨਿਮਸਕਾਰਾ, ਤਿਸ ਆਪਣੀ ਗੋਦ ਬਹਾਈਆ । ਲੱਖ ਚੁਰਾਸੀ ਪਾਰ ਕਿਨਾਰਾ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਕੋਇ ਲਿਖਾਰਾ, ਲਾੜੀ ਮੌਤ ਨਾ ਲਏ ਪਰਨਾਈਆ । ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਗਾਏ ਨਾਅਰਾ, ਮਾਤ ਗਰਭ ਨਾ ਫੇਰਾ ਪਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਚਰਨ ਕਵਲ ਦੇਵੇ ਇਕ ਸਹਾਰਾ, ਦਰਗਹਿ ਸਾਚੀ ਆਪ ਸੁਹਾਈਆ । ਆਵਣ ਜਾਵਣ ਹੋਏ ਪਾਰ ਕਿਨਾਰਾ, ਦਰਗਹਿ ਸਾਚੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਭਗਤ ਭਗਵੰਤ ਸਾਚੇ ਸੰਤ ਨਾਰ ਕੰਤ ਰੂਪ ਸਮਾਈਆ । ਨਾਰ ਕੰਤ ਗੋਸਾਈਂ ਠਾਕਰ, ਗਹਿਰ ਗੰਭੀਰ ਖੇਲ ਕਰਾਇੰਦਾ । ਘਰ ਆਇਆਂ ਦਰ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਇੰਦਾ । ਸੇਵਕ ਸੇਵਾ ਕਰੇ ਨਾਮ ਦੋਸ਼ਾਲਾ ਦੇਵੇ ਚਿੱਟੀ ਚਾਦਰ, ਪਰਦਾ ਇਕੋ ਇਕ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਬਣਿਆ ਆਪ ਸੌਦਾਗਰ, ਲੱਖ ਚੁਰਾਸੀ ਹੱਟ ਵੇਖ ਵਖਾਇੰਦਾ ।

ਲੱਖ ਚੁਰਾਸੀ ਵੇਖੇ ਹੱਟ, ਘਰ ਘਰ ਫੇਰਾ ਪਾਈਆ । ਨਿਰਗੁਣ ਰੂਪ ਰਿਹਾ ਨੱਠ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਵਸਣਹਾਰਾ ਘਟ ਘਟ, ਗ੍ਰਿਹ ਗ੍ਰਿਹ ਫੇਰਾ ਪਾਈਆ । ਗੁਰਮੁਖ ਵਿਰਲੇ ਜੋ ਹਰਿ ਹਰਿ ਨਾਉਂ ਰਹੇ ਰਟ, ਆਤਮ ਅੰਤਰ ਧਿਆਨ ਲਗਾਈਆ । ਮੁੱਲਾਂ ਸ਼ੇਖ਼ ਮਸਾਇਕ ਪੀਰ ਪੰਡਤ ਪਾਂਧੇ ਗ੍ਰੰਥੀ ਲੱਗਾ ਦੂਈ ਦਵੈਤੀ ਫਟ, ਪੱਟੀ ਨਾਮ ਨਾ ਕੋਇ ਬੰਧਾਈਆ । ਮਣਕਾ ਮਣਕਾ ਮਾਲਾ ਅਠੋਤਰੀ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਜੀਵਾਂ ਜੰਤਾਂ ਰਸਨਾ ਜਿਹਵਾ ਦੇਣ ਮਤ, ਬ੍ਰਹਮ ਮਤ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕੋ ਦੱਸ, ਜਨ ਭਗਤਾਂ ਹਿਰਦੇ ਹਰਿ ਜੂ ਵਸ, ਹਰਿ ਕੇ ਪੌੜੇ ਦਏ ਚੜ੍ਹਾਈਆ ।

✳ ੧੯ ਅੱਸੂ ੨੦੧੯ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਹਿ ਅਹਿਮਦ ਪੁਰ ਜ਼ਿਲਾ ਜਲੰਧਰ ✳

ਬੇਇਤਫਾਕੀ ਸਬਾਈ ਜਗ, ਜੀਵਣ ਜੁਗਤ ਨਾ ਕੋਇ ਜਣਾਇੰਦਾ । ਨਵ ਖੰਡ ਪ੍ਰਿਥਮੀ ਸੱਤ ਦੀਪ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਹੰਸ ਰੂਪ ਹੋਏ ਕੱਗ, ਕਾਗ ਵਾਂਗ ਸਰਬ ਕੁਰਲਾਇੰਦਾ । ਸਚ ਦਵਾਰੇ ਕੋਇ ਨਾ ਬਹੇ ਸਜ, ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਕੂੜੀ ਕਿਰਿਆ ਹਉਮੇਂ ਹੰਗਤਾ ਮਾਇਆ ਮਮਤਾ ਪੀਤੀ ਮਦਿ, ਸਾਚਾ ਰਸ ਨਾ ਕੋਇ ਚਖਾਇੰਦਾ । ਨੌਂ ਦਵਾਰੇ ਪਾਰ ਨਾ ਹੋਏ ਹੱਦ, ਅਧਵਿਚਕਾਰ ਸਰਬ ਕੁਰਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਖ਼ਾਲੀ ਕਰੇ ਕੋਇ ਨਾ ਹੱਡ, ਆਸਾ ਤ੍ਰਿਸਨਾ ਪੱਲੂ ਨਾ ਕੋਇ ਛੁਡਾਇੰਦਾ । ਹਉਮੇ ਹੰਗਤਾ ਦੂਈ ਦਵੈਤੀ ਕੋਈ ਨਾ ਸਕੇ ਵੱਢ, ਨਾਮ ਖੰਡਾ ਨਾ ਕੋਇ ਚਮਕਾਇੰਦਾ । ਨਾਨਕ ਗੋਬਿੰਦ ਬਣੇ ਨਾ ਕੋਇ ਸਾਚੀ ਯੱਦ, ਵਿਸ਼ਵ ਰੂਪ ਨਾ ਕੋਇ ਵਖਾਇੰਦਾ । ਕਾਇਆ ਮੰਦਰ ਅੰਦਰ ਡਿਗੇ ਅੰਧੇਰੀ ਖੱਡ, ਦੀਪਕ ਜੋਤ ਨਾ ਕੋਇ ਜਗਾਇੰਦਾ । ਨਾਮ ਨਿਧਾਨ ਨਾ ਸੁਣੇ ਅਨਹਦ, ਨਾਦੀ ਨਾਦ ਨਾ ਕੋਇ ਜਣਾਇੰਦਾ । ਹਉਮੇ ਹੰਗਤਾ ਗੜ੍ਹ ਕਿਸੇ ਨਾ ਜਾਏ ਭੱਜ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਗ੍ਰਹਿ ਗ੍ਰਹਿ ਵੜੀ ਮਨਮਤ, ਮਨ ਕਾ ਮਣਕਾ ਨਾ ਕੋਇ ਭੁਵਾਇੰਦਾ । ਕਿਸੇ ਨਾ ਦਿਸੇ ਧੀਰਜ ਜਤ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਕਲਜੁਗ ਘਰ ਘਰ ਗ੍ਰਹਿ ਗ੍ਰਹਿ ਅੰਦਰ ਮੰਦਰ ਬੈਠਾ ਘਟ, ਆਪਣਾ ਡੌਰੂ ਡੰਕ ਵਜਾਇੰਦਾ । ਗੁਰਮੁਖ ਵਿਰਲਾ ਆਤਮ ਅੰਤਰ ਹਰਿ ਕਾ ਨਾਉਂ ਰਿਹਾ ਰਟ, ਬਿਨ ਰਸਨਾ ਜਿਹਵਾ ਗਾਇੰਦਾ । ਦੋਏ ਜੋੜ ਕਰ ਅਸੀਸ ਚਰਨੀ ਰਿਹਾ ਢੱਠ, ਮਾਣ ਮੋਹ ਨਾ ਕੋਇ ਰਖਾਇੰਦਾ । ਕਿਰਪਾ ਨਿਧ ਠਾਕਰ ਸਵਾਮੀ ਜਿਸ ਦੇਵੇ ਆਪਣੀ ਨਾਮ ਵੱਥ, ਤਿਸ ਸਤਿ ਸੰਦੇਸ ਦ੍ਰਿੜਾਇੰਦਾ । ਗੁਰਮੁਖ ਗੁਰ ਗੁਰ ਘਰ ਸਾਚੇ ਹੋਏ ਇਕੱਠ, ਦੂਜਾ ਘਰ ਨਾ ਕੋਇ ਵਸਾਇੰਦਾ । ਕਲਜੁਗ ਖੇੜਾ ਹੋਣ ਵਾਲਾ ਭੱਠ, ਭੱਠੀ ਇਕੋ ਆਪ ਤਪਾਇੰਦਾ । ਉਲਟੀ ਗੇੜਣਹਾਰਾ ਲਠ, ਜੁਗ ਜੁਗ ਗੇੜਾ ਆਪ ਦਿਵਾਇੰਦਾ । ਭਗਤ ਭਗਵਾਨ ਮਾਰਗ ਦੱਸ, ਨਿਸ਼ਅੱਖਰ ਆਪ ਪੜ੍ਹਾਇੰਦਾ । ਸੰਤਾਂ ਅੰਦਰ ਸਤਿਗੁਰ ਵਸ, ਸਾਚੇ ਮਾਰਗ ਆਪੇ ਲਾਇੰਦਾ । ਗੁਰਮੁਖਾਂ ਦੇਵੇ ਅੰਮ੍ਰਿਤ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਗੁਰਸਿਖਾਂ ਮੇਲ ਮਿਲਾਏ ਹੱਸ ਹੱਸ, ਦੂਈ ਦਵੈਤੀ ਨਾ ਕੋਇ ਰਖਾਇੰਦਾ । ਗੁਰਸਿਖ ਆਪਣੇ ਕਾਇਆ ਖੇੜੇ ਅੰਦਰ ਵੇਖੇ ਨੱਠ ਨੱਠ, ਚੋਰ ਯਾਰ ਨਜ਼ਰ ਕੋਇ ਨਾ ਆਇੰਦਾ । ਪੰਚ ਵਿਕਾਰਾ ਜਾਏ ਢੱਠ, ਅੱਗੇ ਸਿਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਗ ਖੇੜਾ ਵੇਖ ਵਖਾਇੰਦਾ । ਜਗ ਖੇੜਾ ਵੇਖੇ ਹਰਿ ਕਰਤਾਰ, ਕਰਨੀ ਆਪਣੀ ਆਪ ਕਮਾਈਆ । ਦੋ ਜਹਾਨਾਂ ਧੁੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਕੂਕ ਕੂਕ ਰਹੇ ਸੁਣਾਈਆ । ਚੌਦਾਂ ਤਬਕ ਕਰਨ ਪੁਕਾਰ, ਨੇਤਰ ਨੈਣ ਨੈਣ ਉਠਾਈਆ । ਚੋਦਾਂ ਲੋਕ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਬ੍ਰਹਿਮੰਡ ਖੰਡ ਖੇਲ ਅਪਾਰ, ਜੇਰਜ

ਅੰਡ ਆਪ ਕਰਾਈਆ । ਉਤਭੁਜ ਸੇਤਜ ਵੇਖ ਕਰੇ ਵਿਚਾਰ, ਬੇਪਰਵਾਹ ਸੱਚਾ ਬੇਪਰਵਾਹੀਆ । ਘਰ ਘਰ ਖੇੜਾ ਤਪਿਆ ਵਾਂਗ ਅੰਗਿਆਰ, ਸਾਢੇ ਤਿੰਨ ਹੱਥ ਤਤ ਨਾ ਕੋਇ ਬੁਝਾਈਆ । ਹਰਿ ਮੰਦਰ ਰੂਪ ਨਜ਼ਰ ਨਾ ਆਏ ਵਿਚ ਸੰਸਾਰ, ਸੰਸਾ ਸਾਗਰ ਨਾ ਕੋਇ ਮਿਟਾਈਆ । ਗੁਰ ਕਾ ਸ਼ਬਦ ਨਾ ਸਕੇ ਵਿਚਾਰ, ਸਤਿਗੁਰ ਮਿਲਿਆ ਨਾ ਸੱਚਾ ਮਾਹੀਆ । ਘਰ ਘਰ ਵੜਿਆ ਕੂੜ ਕੁੜਿਆਰ, ਸਚ ਸੁੱਚ ਨਾ ਕੋਇ ਵਡਿਆਈਆ । ਕਲਜੁਗ ਫੜਿਆ ਇਕੋ ਆਰ, ਤਿੱਖੀ ਧਾਰ ਜਣਾਈਆ । ਸਾਚੀ ਸਿਖਿਆ ਨਾ ਪਾਵੇ ਕੋਈ ਸਾਰ, ਧੁਰ ਦਾ ਲੇਖਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇੜਾ ਵੇਖੇ ਥਾਉਂ ਥਾਈਂਆ । ਜਗਤ ਖੇੜਾ ਚਾਰ ਦੀਵਾਰ, ਕਾਇਆ ਮਾਟੀ ਪੋਚ ਪੁਚਾਈਆ । ਇੱਟਾਂ ਗਾਰਾ ਮਹੱਲ ਪਸਾਰ, ਬਾਢੀ ਰਲ ਮਿਲ ਬਣਤ ਬਣਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵਰਨ ਬਰਨ ਵਿਚ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਦੂਈ ਦਵੈਤੀ ਕੋਈ ਨਾ ਸਕੇ ਮਾਰ, ਮਮਤਾ ਮੋਹ ਨਾ ਕੋਇ ਮਿਟਾਈਆ । ਇਕ ਦੂਜੇ ਉਤੇ ਕਰਨ ਵਾਰ, ਆਪਣਾ ਵਾਰ ਨਾ ਕੋਇ ਸਮਝਾਈਆ । ਬਿਨ ਸਤਿਗੁਰ ਕੋਈ ਨਾ ਪਾਵੇ ਸਾਰ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਇਕ ਸਮਝਾਈਆ । ਸਾਚਾ ਖੇੜਾ ਕਾਇਆ ਗੜ੍ਹ, ਹਰਿਜਨ ਹਰਿ ਹਰਿ ਆਪ ਜਣਾਇੰਦਾ । ਗੁਰਮੁਖ ਵੇਖੇ ਅੰਦਰ ਵੜ, ਬੰਦ ਤਾਕੀ ਕੁੰਡਾ ਲਾਹਿੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਇੰਦਾ । ਭਗਤ ਭਗਵਾਨ ਲਏ ਫੜ, ਫੜ ਪੱਲੂ ਗੰਢ ਪੁਵਾਇੰਦਾ । ਕੂੜੀ ਕਿਰਿਆ ਜਾਏ ਝੜ, ਮਾਇਆ ਮਮਤਾ ਮੋਹ ਮਿਟਾਇੰਦਾ । ਆਤਮ ਪਰਮਾਤਮ ਜਾਏ ਰਲ, ਦਵੈਤੀ ਰੂਪ ਨਾ ਕੋਇ ਵਖਾਇੰਦਾ । ਸਚ ਸੰਦੇਸਾ ਦੇਵੇ ਘੱਲ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਦੀਪਕ ਜੋਤੀ ਜਾਏ ਬਲ, ਅਗਿਆਨ ਅੰਧੇਰ ਚੁਕਾਇੰਦਾ । ਸੁਰਤੀ ਸ਼ਬਦੀ ਗੁਰਮੁਖ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਆਪ ਵਸਾਇੰਦਾ । ਸਾਚਾ ਖੇੜਾ ਕਾਇਆ ਬੰਕ, ਬੰਕ ਦਵਾਰੀ ਆਪ ਬਣਾਈਆ । ਨਾਤਾ ਤੁੱਟੇ ਰਾਉ ਰੰਕ, ਰਾਜ ਰਾਜਾਨ ਨਾ ਕੋਇ ਵਡਿਆਈਆ । ਆਤਮ ਪਰਮਾਤਮ ਮਿਲੇ ਹਰਿ ਜੂ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਰੰਗੀਲਾ ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਨਿਵਣ ਸੋ ਅੱਖਰ ਦਏ ਸਮਝਾਈਆ । ਗਿਆਨ ਬੋਧ ਆਤਮ ਪਰਮਾਤਮ ਮੇਲ ਮਿਲਾਵੇ ਸਾਚਾ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਈ ਦਵੈਤੀ ਦਏ ਮਿਟਾਈਆ । ਕਾਇਆ ਖੇੜਾ ਸਚ ਮੁਨਾਰ, ਹਰਿ ਸਾਚਾ ਸਚ ਜਣਾਇੰਦਾ । ਗੁਰਮੁਖ ਸੱਚਾ ਕਰੇ ਵਿਚਾਰ, ਵਿਚਾਰ ਵਿਚਾਰ ਨਾਲ ਮਿਲਾਇੰਦਾ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜ਼ਾਹਰ, ਜ਼ਾਹਰਾ ਜ਼ਹੂਰ ਵੇਖ ਵਖਾਇੰਦਾ । ਨਾਦ ਅਨਾਦੀ ਸੁਣੇ ਸੁਣਾਏ ਸੱਚੀ ਧੁੰਨਕਾਰ, ਧੁੰਨ ਆਤਮਕ ਰਾਗ ਅਲਾਇੰਦਾ । ਸੋ ਮੰਦਰ ਸੋਹੇ ਸਚ ਦਵਾਰ, ਸੋ ਖੇੜਾ ਅਪਰ ਅਪਾਰ, ਝੇੜਾ ਪੰਚ ਨਜ਼ਰ ਕੋਇ ਨਾ ਆਇੰਦਾ । ਪੰਚਮ ਮੀਤਾ ਯਾਰ ਪਿਆਰਾ, ਕਰੇ ਕਰਾਏ ਸਚ ਪਿਆਰਾ, ਆਦਿ ਜੁਗਾਦੀ ਇਕ ਅਵਤਾਰਾ, ਜੁਗ ਕਰਤਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਗਰ ਖੇੜਾ ਇਕ ਵਸਾਇੰਦਾ । ਨਗਰ ਖੇੜੇ ਸਚ ਵਸਨੀਕ, ਹਰਿ ਸਾਚਾ ਆਪ ਵਸਾਈਆ । ਗੁਰਮੁਖ ਤੇਰਾ ਕੋਈ ਨਾ ਦਿਸੇ ਸ਼ਰੀਕ, ਸ਼ਿਰਕਤ ਨਜ਼ਰ ਕੋਇ ਨਾ ਆਈਆ । ਮਿਟੇ ਅੰਧੇਰਾ ਕੂੜੀ ਤਾਰੀਕ, ਚੰਦ


੧੧੨੨
੧੨

ਚਾਂਦਨਾ ਇਕ ਰੁਸ਼ਨਾਈਆ । ਸਤਿ ਸਤਿਵਾਦੀ ਸਚ ਪ੍ਰੀਤ, ਪ੍ਰੀਤੀਵਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਸਾਚੇ ਖੇੜੇ ਦਏ ਵਡਿਆਈਆ । ਸੋ ਖੇੜਾ ਸੋਭਾਵੰਤ, ਜਿਸ ਖੇੜੇ ਹਰਿ ਜੂ ਖੇਲ ਕਰਾਇੰਦਾ । ਗੁਰਮੁਖ ਸਖ਼ੀ ਮਿਲੇ ਸਾਚਾ ਕੰਤ, ਮਿਲ ਸਖ਼ੀਆਂ
ਮੰਗਲ ਗਾਇੰਦਾ । ਮਾਣਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਆਪਣੀ ਖੇਲ ਆਪ ਸਮਝਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜੋਤੀ
ਜਾਤਾ ਜੋਤ ਜਗਾਇੰਦਾ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣਾ ਰੰਗ ਰੰਗਾਇੰਦਾ । ਨਾਮ ਅਨਮੋਲਾ ਮਣੀਆ ਮੰਤ, ਮਨ ਵਾਸਨਾ ਮੇਟ
ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇੜਾ ਇਕ ਸੁਹਾਇੰਦਾ । ਸਾਚਾ ਖੇੜਾ ਏਕਾ ਘਰ, ਘਰ ਘਰ ਵਿਚ
ਫੇਰਾ ਪਾਈਆ । ਨਿਰਗੁਣ ਦਾਤਾ ਦਰ ਦਵਾਰੇ ਪਹਿਰੇਦਾਰ, ਸਰਗੁਣ ਦਵਾਰੇ ਅਲਖ ਜਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਮੇਲੇ ਫੜ,
ਫੜ ਫੜ ਬਾਂਹੋਂ ਗੋਦ ਬਹਾਈਆ । ਇਕੋ ਅੱਖਰ ਬੋਧ ਅਗਾਧੀ ਆਤਮ ਪਰਮਾਤਮ ਪੜ੍ਹ ਪੜ੍ਹ, ਸਾਚੀ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਖੇੜੇ ਇਕੋ ਬੰਧਨ ਪਾਈਆ । ਸਾਚਾ ਖੇੜਾ ਇਕੋ ਬੰਧਨ, ਬੰਦੀਖਾਨਾ ਆਪ ਤੁੜਾਇੰਦਾ । ਜਿਸ
ਖੇੜੇ ਅੰਦਰ ਗੁਰਮੁਖ ਚੰਦਨ, ਨਿੰਮ ਵਾਸ ਸਰਬ ਮਿਟਾਇੰਦਾ । ਲੇਖਾ ਜਾਣੇ ਆਤਮ ਪਰਮਾਤਮ ਸਚ ਅਨੰਦਨ, ਨਿਜਾਨੰਦ ਰਸ ਵਖਾਇੰਦਾ । ਖੋਲ੍ਹੇ
ਭੇਵ ਬ੍ਰਹਮ ਬ੍ਰਹਿਮੰਡਨ, ਬ੍ਰਹਿਮਾਂਡ ਆਪਣਾ ਰੰਗ ਰੰਗਾਇੰਦਾ । ਦਾਤਾ ਦਾਨੀ ਸੂਰਬੀਰ ਸੂਰਾ ਸਰਬੰਗਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਆਪ ਵਡਿਆਇੰਦਾ । ਸਾਚਾ ਖੇੜਾ ਸਚ ਦਵਾਰਾ, ਹਰਿ ਸਤਿਗੁਰ ਆਪ
 ਸੁਹਾਈਆ । ਲੇਖਾ ਜਾਣੇ ਡੂੰਘੀ ਗਾਰਾ, ਘਰ ਘਰ ਫੋਲ ਫੋਲਾਈਆ । ਨਿਮਸਕਾਰ ਕਰੇ ਰਵ ਸਸ ਸੂਰਜ ਚੰਦ ਸਤਾਰਾ, ਸਤਹ ਆਪਣੀ ਨਾ ੧੧੨੩
 ਕਿਸੇ ਸਮਝਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਕਰੇ ਸਚ ਪਿਆਰਾ, ਪਰਮ ਪੁਰਖ ਪ੍ਰਭ ਫੇਰਾ ਪਾਈਆ । ਕਲਜੁਗ ਅੰਤਮ ੧੨
ਦਏ ਸਹਾਰਾ, ਸ਼ਬਦ ਅਗੰਮੀ ਬੋਲ ਜੈਕਾਰਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਬੇਪਰਵਾਹੀਆ । ਗੁਰਮੁਖ ਖੇੜਾ ਸਚ ਮਹੱਲਾ, ਹਰਿ ਮਹਿਫਲ ਨਾਮ ਲਗਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਨੂਰ ਨੂਰ ਧਰਾਇੰਦਾ ।
ਪਾਰਬ੍ਰਹਮ ਬ੍ਰਹਮ ਫੜਾਏ ਆਪਣਾ ਪੱਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਲੇਖਾ ਜਾਣੇ ਡੂੰਘੀ ਡੱਲਾ, ਸਮੁੰਦ ਸਾਗਰ ਖੋਜ ਖੋਜਾਇੰਦਾ । ਉਚੇ
ਟਿੱਲੇ ਪਰਬਤ ਬਜਰ ਕਪਾਟੀ ਅੰਦਰ ਬਾਹਰ ਫਿਰੇ ਹੋ ਹੋ ਝੱਲਾ, ਆਪਣੀ ਝਲਕ ਆਪ ਜਣਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ
ਖੇਲ ਅਛਲ ਅਛੱਲਾ, ਵਲ ਛਲ ਧਾਰੀ ਭੇਵ ਕੋਇ ਨਾ ਪਾਇੰਦਾ । ਜਿਸ ਖੇੜੇ ਅੰਦਰ ਸਚ ਸਿੰਘਾਸਣ ਸਤਿਗੁਰ ਮੱਲਾ, ਸੋ ਖੇੜਾ ਸਤਿਗੁਰ ਰੂਪ
ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਇਕ ਵਡਿਆਇੰਦਾ । ਸਾਚਾ ਖੇੜਾ ਸ੍ਰੀ ਭਗਵਾਨ, ਇਕੋ
ਇਕ ਵਸਾਈਆ । ਗੁਰਮੁਖ ਕਾਇਆ ਸਚ ਮਕਾਨ, ਬੇਮੁਕਾਮ ਦਏ ਵਡਿਆਈਆ । ਜੁਗ ਚੌਕੜੀ ਕਰ ਨਿਸ਼ਾਨ, ਨਾਮ ਨਿਸ਼ਾਨਾ ਇਕ ਲਗਾਈਆ ।
ਸਤਿ ਸਤਿਵਾਦੀ ਸਦਾ ਸਦਾ ਸਦ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਦਏ ਭਗਤੀ ਗਿਆਨ, ਭਗਵਨ ਸੱਚਾ ਨਾਮ
ਝੋਲੀ ਪਾਈਆ । ਸੰਤਾਂ ਦੇਵੇ ਸਾਚਾ ਮਾਣ, ਸਾਹਿਬ ਸਤਿਗੁਰ ਮਿਲੇ ਸਰਨਾਈਆ । ਗੁਰਮੁਖਾਂ ਰਾਗ ਸੁਣਾਏ ਕਾਨ, ਅਨਰਾਗੀ ਰਾਗ ਅਲਾਈਆ ।

ਗੁਰਸਿਖ ਬਣਾਏ ਚਤੁਰ ਸੁਘੜ ਸੁਜਾਨ, ਮੂਰਖ ਮੂੜ੍ਹੇ ਧੰਦੇ ਲਾਈਆ । ਨਗਰ ਖੇੜਾ ਕਰੇ ਪਰਵਾਨ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਾਮ ਬੰਧਨ ਡੋਰੀ ਪਾਈਆ । ਨਾਮ ਬੰਧਨ ਪਾਏ ਡੋਰ, ਡੋਰੀ ਸ਼ਬਦੀ ਹੱਥ ਉਠਾਇੰਦਾ । ਪਕੜਨਹਾਰਾ ਪੰਜ ਚੋਰ, ਚੋਰੀ ਚੋਰੀ ਖੇਲ ਕਰਾਇੰਦਾ । ਵੇਖਣਹਾਰ ਅੰਧ ਘੋਰ, ਡੂੰਘੀ ਕੰਦਰ ਫੋਲ ਫੋਲਾਇੰਦਾ । ਚੜ੍ਹਿਆ ਫਿਰੇ ਸਾਚੇ ਘੋੜ, ਸ਼ਬਦ ਅਗੰਮੀ ਘੋੜਾ ਆਪ ਦੌੜਾਇੰਦਾ । ਗੁਰਸਿਖ ਗੁਰਮੁਖ ਹਰਿ ਜੂ ਹਰਿਜਨ ਜਾਏ ਬੌਹੜ, ਦੋ ਜਹਾਨਾਂ ਪੰਧ ਮੁਕਾਇੰਦਾ । ਮਿੱਠਾ ਕਰੇ ਰੀਠਾ ਕੌੜ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇੜਾ ਇਕ ਸਾਲਾਹਿੰਦਾ । ਸਾਚਾ ਖੇੜਾ ਸਿਫ਼ਤ ਸਲਾਹ, ਗੁਰਸਿਖ ਸੱਜਣ ਮਿਲੇ ਵਡਿਆਈਆ । ਜਿਸ ਅੰਦਰ ਵਸੇ ਹਰਿ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਦਿਵਸ ਰੈਣ ਦਏ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਏਕੰਕਾਰਾ ਨਾਉਂ ਪੜ੍ਹਾ, ਨਰ ਨਿਰੰਕਾਰਾ ਦਏ ਜਣਾਈਆ । ਬਜਰ ਕਪਾਟੀ ਪਰਦਾ ਲਾਹ, ਦੂਈ ਦਵੈਤੀ ਮੇਟ ਮਿਟਾਈਆ । ਆਤਮ ਸੇਜਾ ਦਏ ਬਹਾ, ਸੇਜ ਸੁਹੰਜਣੀ ਸੋਭਾ ਪਾਈਆ । ਜੋਤ ਨਿਰੰਜਣ ਦਏ ਜਗਾ, ਜੋਤੀ ਜਾਤਾ ਡਗਮਗਾਈਆ । ਦਰਦ ਦੁੱਖ ਭੈ ਭੰਜਨ ਦਰਦੀਆਂ ਦਰਦ ਲਏ ਵੰਡਾ, ਬਣ ਸੇਵਕ ਸੇਵ ਕਮਾਈਆ । ਨੇਤਰ ਨਾਮ ਅਞਣ ਦੇਵੇ ਪਾ, ਅਗਿਆਨ ਅੰਧੇਰ ਚੁਕਾਈਆ । ਸੋ ਖੇੜਾ ਵੇਖੇ ਸੱਚਾ ਥਾਂ, ਜਿਸ ਖੇੜੇ ਚਰਨ ਟਿਕਾਈਆ । ਸਰਬ ਸ੍ਰਿਸ਼ਟੀ ਆਤਮ ਪਰਮਾਤਮ ਅੱਖਰ ਵੱਖਰ ਦਏ ਪੜ੍ਹਾ, ਨਾਮ ਨਿਧਾਨਾ ਇਕ ਸੁਣਾਈਆ । ਜੋ ਜਨ ਸੋਹੰ ਢੋਲਾ ਲਏ ਗਾ, ਪਰਦਾ ਉਹਲਾ ਦਏ ਉਠਾਈਆ । ਪੰਜ ਚੋਰ ਰੌਲਾ ਸਕੇ ਨਾ ਕੋਈ ਪਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ । ਸਾਚੇ ਸੰਤਾਂ ਸੋਭਾ ਦਏ ਦਿਵਾ, ਸੁਹਬਤ ਆਪਣੇ ਨਾਮ ਜਣਾਈਆ । ਇੱਟਾਂ ਗਾਰਾ ਮੰਦਰ ਜਗਤ ਖੇੜਾ ਦਏ ਵਸਾ, ਵਸਤੂ ਇਕੋ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਵਰ ਦਾਤਾ ਬੇਪਰਵਾਹੀਆ । ਕਿਰਪਾ ਅੰਦਰ ਵਸੇ ਠਾਕਰ, ਠੋਕਰ ਆਪਣੇ ਨਾਮ ਲਗਾਇੰਦਾ । ਕਿਰਪਾ ਅੰਦਰ ਵੇਖੇ ਡੂੰਘਾ ਸਾਗਰ, ਕਾਇਆ ਮੰਦਰ ਫੋਲ ਫੋਲਾਇੰਦਾ । ਕਿਰਪਾ ਅੰਦਰ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਵਾਇੰਦਾ । ਕਿਰਪਾ ਅੰਦਰ ਸਾਚਾ ਵਣਜ ਕਰਾਏ ਬਣ ਸੌਦਾਗਰ, ਸੌਦਾ ਸਾਚੇ ਹੱਟ ਵਖਾਇੰਦਾ । ਕਿਰਪਾ ਅੰਦਰ ਦਰ ਆਇਆ ਸਚ ਦੇਵੇ ਆਦਰ, ਆਦਰਸ਼ ਆਪਣਾ ਆਪ ਜਣਾਇੰਦਾ । ਕਿਰਪਾ ਅੰਦਰ ਮੇਲ ਮਿਲਾਏ ਕਰੀਮ ਕਾਦਰ, ਕਰਤਾ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਿਰਪਨ ਹੱਥ ਫੜਾਇੰਦਾ । ਕਿਰਪਾ ਅੰਦਰ ਵਸਤ ਅਮੋਲਕ, ਹਰਿ ਸਤਿਗੁਰ ਆਪ ਵਰਤਾਈਆ । ਗੁਰਮੁਖ ਵਿਰਲੇ ਪਾਏ ਕਾਇਆ ਗੋਲਕ, ਦੂਸਰ ਹੱਥ ਨਾ ਕਿਸੇ ਫੜਾਈਆ । ਰਾਗ ਸੁਣਾਏ ਹਰਿ ਜੂ ਅਨਬੋਲਤ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਭਗਤ ਭਗਵਾਨ ਰੱਖੇ ਅਡੋਲਤ, ਡੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਇਕੋ ਇਕ ਸਮਝਾਈਆ । ਇਕੋ ਕਿਰਪਾ ਹਰਿ ਨਿਰੰਕਾਰ, ਆਦਿ ਜੁਗਾਦਿ ਕਰਾਇੰਦਾ । ਭਗਤਾਂ ਦੇਵੇ ਨਾਮ ਭੰਡਾਰ, ਸਚ ਖ਼ਜ਼ਾਨਾ ਆਪ ਵਰਤਾਇੰਦਾ । ਸੰਤਾਂ ਖੋਲ੍ਹੇ ਬੰਦ ਕਿਵਾੜ, ਆਤਮ ਤਾਕੀ ਕੁੰਡਾ ਲਾਹਿੰਦਾ । ਗੁਰਮੁਖ ਸਾਚੇ ਪੌੜੇ ਦੇਵੇ ਚਾੜ੍ਹ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਗੁਰਸਿਖ ਫੜ ਫੜ ਬਾਂਹੋਂ ਲਾਏ ਪਾਰ, ਸ਼ਹੁ ਦਰਯਾ ਨਾ ਕੋਇ ਰੁੜ੍ਹਾਇੰਦਾ । ਦਿਵਸ ਰੈਣ

੧੧੨੪ ੧੨

ਰੈਣ ਦਿਵਸ ਦੇਵੇ ਆਪ ਦਰਸ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਸ਼ਬਦ ਅਗੰਮੀ ਬੋਧ ਅਗਾਧੀ ਨਾਦ ਅਨਾਦੀ ਬੋਲ ਧੁੰਨਕਾਰ, ਅਨਹਦ ਨਾਦੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਵਿਚ ਘਰ ਆਪ ਵਸਾਇੰਦਾ । ਕਿਰਪਾ ਅੰਦਰ ਖੇਲ ਅਵੱਲਾ, ਹਰਿ ਸਤਿਗੁਰ ਆਪ ਕਰਾਈਆ । ਕਿਰਪਾ ਅੰਦਰ ਘਰ ਵਿਚ ਘਰ ਵਖਾਏ ਸਚ ਮਹੱਲਾ, ਨਿਰਗੁਣ ਦਾਤਾ ਬੇਪਰਵਾਹੀਆ । ਕਿਰਪਾ ਅੰਦਰ ਸੁਰਤ ਸ਼ਬਦ ਫੜੇ ਪੱਲਾ, ਫੜਿਆ ਪੱਲੂ ਛੁੱਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕਿਰਪਾ ਜੁਗ ਜੁਗ ਰਿਹਾ ਵਰਤਾਈਆ । ਕਿਰਪਾ ਸਾਚੀ ਸਤਿਗੁਰ ਰੂਪ, ਦੂਜਾ ਰੰਗ ਨਾ ਕੋਇ ਵਖਾਈਆ । ਹਰਿ ਕਿਰਪਾ ਵੇਖੇ ਚਾਰੇ ਕੂਟ, ਦਹਿ ਦਿਸ਼ਾ ਫੋਲ ਫੋਲਾਈਆ । ਗੁਰ ਕਿਰਪਾ ਨਾਤਾ ਤੁਟੇ ਜੂਠ ਝੂਠ, ਸਚ ਸੁੱਚ ਮਿਲੇ ਵਡਿਆਈਆ । ਹਰਿ ਕਿਰਪਾ ਪਰਗਟ ਹੋਏ ਨਿਰਮਲ ਜੋਤ, ਜੋਤੀ ਨੂਰ ਨੂਰ ਰੁਸ਼ਨਾਈਆ । ਗੁਰ ਕਿਰਪਾ ਲੇਖਾ ਜਾਣੇ ਕਾਇਆ ਕਿਲਾ ਕੋਟ, ਬੰਕ ਦਵਾਰਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਇਕੋ ਵਸਤ ਵਰਤਾਈਆ । ਹਰਿ ਕਿਰਪਾ ਹਰਿ ਕਾ ਨਾਉਂ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਜਨ ਭਗਤਾਂ ਦੇਵੇ ਫੜ ਫੜ ਬਾਂਹੋਂ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਬਾਲਕ ਆਪਣੇ ਅੰਗ ਲਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਕਰਾਏ ਸਚ ਨਿਆਉਂ, ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਿਰਪਾ ਅੰਦਰ ਖੇਲ ਕਰਾਇੰਦਾ । ਕਿਰਪਾ ਅੰਦਰ ਗੁਰ ਅਵਤਾਰ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰੰਜਣ ਭਰ ਭੰਡਾਰ, ਏਕੰਕਾਰਾ ਦਏ ਵਰਤਾਈਆ । ਆਦਿ ਨਿਰੰਜਣ ਹੋ ਉਜਿਆਰ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਸ੍ਰੀ ਭਗਵਾਨ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਪਾਰਬ੍ਰਹਮ ਪ੍ਰਭ ਦਏ ਆਧਾਰ, ਵੇਖੇ ਪੇਖੇ ਚਾਈਂ ਚਾਈਂਆ । ਕਿਰਪਾ ਅੰਦਰ ਖੇਲ ਕਰੇ ਪਰਵਰਦਿਗਾਰ, ਪੀਰ ਪੈਗ਼ੰਬਰ ਲਏ ਪੜ੍ਹਾਈਆ । ਲੇਖਾ ਜਾਣੇ ਮੁਕਾਮੇ ਹੱਕ ਨੂਰੀ ਜਲਵਾ ਇਕ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਬੀ ਰਸੂਲ ਆਪ ਸਮਝਾਈਆ । ਕਿਰਪਾ ਅੰਦਰ ਖਾਣੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਕਿਰਪਾ ਅੰਦਰ ਅੰਮ੍ਰਿਤ ਪਾਣੀ, ਸਰ ਸਰੋਵਰ ਇਕ ਰੁੜ੍ਹਾਇੰਦਾ । ਕਿਰਪਾ ਅੰਦਰ ਜੋਤ ਨੂਰਾਨੀ, ਨੂਰੋ ਨੂਰ ਡਗਮਗਾਇੰਦਾ । ਕਿਰਪਾ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਸਚ ਨਿਸ਼ਾਨੀ, ਸਤਿ ਸਤਿਵਾਦੀ ਰੂਪ ਵਖਾਇੰਦਾ । ਕਿਰਪਾ ਅੰਦਰ ਲੇਖਾ ਜਾਣੇ ਦੋ ਜਹਾਨੀ, ਦੋਏ ਦੋਏ ਆਪਣਾ ਰੂਪ ਵਟਾਇੰਦਾ । ਜਨ ਭਗਤਾਂ ਉਪਰ ਕਰ ਕਿਰਪਾ ਕਰੇ ਮਿਹਰਵਾਨੀ, ਮਿਹਬਾਨ ਬੀਦੋ ਬੀ ਖ਼ੈਰ ਅੱਲਾ ਇਲਾਹੀ ਨੂਰ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਅੰਦਰ ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਚੌਕੜੀ ਖੇਲ ਵਖਾਇੰਦਾ ।


੧੧੨੫
੧੨

## ✳ ੧੯ ਅੱਸੂ ੨੦੧੯ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹ ਅਹਿਮਦ ਪੁਰ ਜ਼ਿਲਾ ਜਲੰਧਰ ✳

ਸਤਿਗੁਰ ਸ਼ਬਦ ਗੁਰ ਪੂਰਾ ਸਵਾਮੀ, ਆਦਿ ਜੁਗਾਦਿ ਖੇਲ ਕਰਾਇੰਦਾ । ਜੁਗਾ ਜੁਗੰਤਰ ਅਕਥ ਕਹਾਣੀ, ਬੋਧ ਅਗਾਧੀ ਨਾਮ ਦ੍ਰਿੜਾਇੰਦਾ । ਸਚਖੰਡ ਦੀ ਸਚ ਨਿਸ਼ਾਨੀ, ਸਤਿ ਸਤਿਵਾਦੀ ਆਪ ਜਣਾਇੰਦਾ । ਅੱਖਰ ਵੱਖਰ ਖੇਲ ਮਹਾਨੀ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਏਕਾ ਦੇਵੇ ਸਚ ਧਿਆਨੀ, ਧਿਆਨ ਧਿਆਨ ਨਾਲ ਮਿਲਾਇੰਦਾ । ਲੇਖਾ ਜਾਣੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਇੰਦਾ । ਅਨਾਦ ਅਨਾਦੀ ਅਗੰਮੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਖੇਲ ਕਰਾਇੰਦਾ । ਸਤਿਗੁਰ ਸ਼ਬਦ ਸਰਬ ਗੁਣਵੰਤ, ਹਰਿ ਵਡਾ ਵਡ ਵਡਿਆਈਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਵੇਸ ਵਟਾਈਆ । ਨਾਮ ਦ੍ਰਿੜਾਏ ਸਾਚਾ ਮੰਤ, ਮੰਤਰ ਇਕੋ ਇਕ ਸਮਝਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਦਏ ਜਣਾਈਆ । ਮੇਲ ਮਿਲਾਏ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਦਇਆ ਕਮਾਈਆ । ਸਤਿਗੁਰ ਸ਼ਬਦ ਦੀਨ ਦਿਆਲ, ਦਇਆ ਨਿਧ ਦਇਆ ਕਮਾਇੰਦਾ । ਆਦਿ ਜੁਗਾਦੀ ਜੁਗ ਜੁਗ ਲੇਖਾ ਜਾਣੇ ਕਾਲ, ਮਹਾਕਾਲ ਵੇਸ ਵਟਾਇੰਦਾ । ਭਗਤ ਭਗਵੰਤ ਆਪੇ ਭਾਲ, ਤ੍ਰੈਗੁਣ ਮਾਇਆ ਨਾਤਾ ਤੋੜ ਤੁੜਾਇੰਦਾ । ਸਾਚਾ ਮਾਰਗ ਇਕ ਸਿਖਾਲ, ਸਾਚੀ ਸਿਖਿਆ ਇਕ ਸਮਝਾਇੰਦਾ । ਨਾਮ ਅਨਮੁਲੜਾ ਦੇਵੇ ਲਾਲ, ਵਸਤ ਅਮੋਲਕ ਝੋਲੀ ਪਾਇੰਦਾ । ਚਲੇ ਚਲਾਏ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਖੇਲ ਖਲਾਇੰਦਾ । ਗੁਰ ਸ਼ਬਦੀ ਖੇਲ ਅਪਾਰ, ਆਦਿ ਜੁਗਾਦਿ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਪੰਜ ਤਤ ਚੋਲਾ ਜਗਤ ਹੰਢਾਈਆ । ਨਾਮ ਨਿਧਾਨਾ ਬੋਲ ਜੈਕਾਰ, ਜੈ ਜੈਕਾਰ ਦਏ ਸਮਝਾਈਆ । ਅੱਖਰ ਵੱਖਰ ਕਰ ਤਿਆਰ, ਲਿਖ ਲਿਖ ਲੇਖਾ ਦਏ ਜਣਾਈਆ । ਸਿਫ਼ਤੀ ਸਿਫ਼ਤ ਸਿਫ਼ਤ ਭੰਡਾਰ, ਸਾਚੀ ਸਿਫ਼ਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਸਤਿਗੁਰ ਬੇਪਰਵਾਹ, ਆਪਣੀ ਖੇਲ ਆਪ ਕਰਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਲੋਕਮਾਤ ਬੇੜਾ ਆਪ ਉਠਾਇੰਦਾ । ਸਤਿ ਸਤਿਵਾਦੀ ਦੇਵੇ ਸਚ ਸਲਾਹ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਅਨਾਦ ਅਨਾਦੀ ਇਕ ਸੁਣਾ, ਧੁੰਨ ਆਤਮਕ ਰਾਗ ਅਲਾਇੰਦਾ । ਦੀਵਾ ਬਾਤੀ ਇਕ ਜਗਾ, ਕਮਲਾਪਾਤੀ ਨੂਰ ਧਰਾਇੰਦਾ । ਸਾਚਾ ਜਾਮ ਦਏ ਪਿਲਾ, ਬਣ ਸਾਕੀ ਸੇਵ ਕਮਾਇੰਦਾ । ਨਿਝਰ ਝਿਰਨਾ ਦਏ ਝਿਰਾ, ਨਾਭੀ ਕਵਲ ਕਵਲ ਉਲਟਾਇੰਦਾ । ਬੰਦ ਤਾਕੀ ਦਏ ਖੁਲ੍ਹਾ, ਬਜਰ ਕਪਾਟੀ ਤੋੜ ਤੁੜਾਇੰਦਾ । ਸੰਤ ਸਾਜਨ ਲਏ ਮਿਲਾ, ਆਪ ਆਪਣੇ ਅੰਗ ਲਗਾਇੰਦਾ । ਨਿਹਕਰਮੀ ਆਪਣਾ ਕਰਮ ਲਏ ਕਮਾ, ਕਰਮ ਕਾਂਡ ਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਖੇਲ ਕਰਾਇੰਦਾ । ਗੁਰ ਸਤਿਗੁਰ ਸਾਚਾ ਸੱਜਣ, ਸੱਜਣ ਇਕੋ ਇਕ ਅਖਵਾਈਆ । ਦੋ ਜਹਾਨ ਕਰਾਏ ਸਾਚਾ ਮਜਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੀਰਥ ਇਕ ਵਖਾਈਆ । ਗੁਰ ਅਵਤਾਰ ਪੀਰ ਪੈਗੰਬਰ ਆਪੇ ਹੋਏ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ ।

੧੧੨੬ ੧੨

ਜੁਗ ਚੌਕੜੀ ਆਪੇ ਹੋਏ ਮਥਨ, ਨਾਮ ਮਧਾਣਾ ਹੱਥ ਉਠਾਈਆ । ਭਗਤ ਭਗਵੰਤ ਸਾਧ ਸੰਤ ਗੁਰਮੁਖ ਸਾਚੇ ਆਏ ਰੱਖਣ, ਨਿਤ ਨਵਿਤ ਵੇਸ ਵਟਾਈਆ । ਸਾਚਾ ਮਾਰਗ ਆਏ ਦੱਸਣ, ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਅੰਧੇਰੀ ਰੈਣ ਮੇਟੇ ਮੱਸਣ, ਸਾਚਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਗੁਰ ਸ਼ਬਦ ਸਤਿਗੁਰ ਸੂਰ, ਸੂਰਬੀਰ ਇਕ ਅਖਵਾਇੰਦਾ । ਸਰਬ ਕਲਾ ਭਰਪੂਰ, ਭਰਪੂਰੀ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਸਾਚਾ ਨੂਰ, ਨੂਰ ਨੁਰਾਨਾ ਨੂਰ ਧਰਾਇੰਦਾ । ਬੋਧ ਅਗਾਧੀ ਸਾਚੀ ਤੂਰ, ਤੁਰੀਆ ਰਾਗ ਆਪ ਸੁਣਾਇੰਦਾ । ਵਸਣਹਾਰਾ ਨੇੜੇ ਦੂਰ, ਦੋ ਜਹਾਨਾਂ ਪੰਧ ਮੁਕਾਇੰਦਾ । ਨਾਤਾ ਤੋੜੇ ਕੂੜੇ ਕੂੜ, ਸਾਚੀ ਸਿਖਿਆ ਇਕ ਸਮਝਾਇੰਦਾ । ਗੁਰਮੁਖ ਵਿਰਲੇ ਲਾਏ ਮਸਤਕ ਸਾਚੀ ਧੂੜ, ਨਾਮ ਟਿੱਕਾ ਇਕ ਵਖਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਖੇਲ ਕਰਾਇੰਦਾ । ਗੁਰ ਸ਼ਬਦੀ ਖੇਲ ਅਵੱਲਾ, ਆਲਮੀਨ ਵੇਖੇ ਸਰਬ ਲੋਕਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਟੱਲ ਮਹੱਲ ਕਰੇ ਰੁਸ਼ਨਾਈਆ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਰਿਹਾ ਸਮਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਸਮੁੰਦ ਸਾਗਰ ਖੋਜ ਖੋਜਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤ ਫੜਾਏ ਆਪਣਾ ਪੱਲਾ, ਨਾਮ ਡੋਰੀ ਬੰਧਨ ਪਾ ਨਿਰਗੁਣ ਸਰਗੁਣ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਸ਼ਬਦ ਮਾਣ ਵਡਿਆਈਆ । ਗੁਰ ਸ਼ਬਦੀ ਸਾਚੀ ਸੇਵਾ ਲਾ, ਸੇਵਾ ਆਪਣੀ ਆਪ ਜਣਾਇੰਦਾ । ਅਲਖ ਅਗੰਮ ਬੇਪਰਵਾਹ, ਆਪੇ ਵੇਖ ਵਖਾਇੰਦਾ । ਦੋ ਜਹਾਨਾਂ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਇੰਦਾ । ਜੁਗ ਚੌਕੜੀ ਆਪ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਤ੍ਰੈ ਤ੍ਰੈ ਲੇਖਾ ਆਪਣੇ ਹੱਥ ਰਖਾਇੰਦਾ । ਸਾਚਾ ਸੋਹਲਾ ਆਪੇ ਗਾ, ਢੋਲਾ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਅਲਾਇੰਦਾ । ਸ਼ਬਦੀ ਰਾਗ ਸ਼ਬਦੀ ਧੁੰਨ, ਸ਼ਬਦੀ ਸ਼ਬਦ ਸ਼ਬਦ ਸੁਣਾਈਆ । ਸ਼ਬਦੀ ਲੇਖਾ ਜਾਣੇ ਮਹਾ ਸੁੰਨ, ਸੁੰਨ ਸਮਾਧ ਰੂਪ ਵਟਾਈਆ । ਸ਼ਬਦੀ ਗੁਰ ਲੇਖਾ ਜਾਣੇ ਆਪਣੇ ਗੁਣ, ਅਵਗੁਣ ਰੂਪ ਨਾ ਕੋਇ ਵਖਾਈਆ । ਗੁਰ ਸ਼ਬਦੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੁਕਾਰ ਲਏ ਸੁਣ, ਘਟ ਘਟ ਰਿਹਾ ਸਮਾਈਆ । ਲੱਖ ਚੁਰਾਸੀ ਵਿਚੋਂ ਚੁਣ, ਗੁਰਮੁਖ ਸੱਜਣ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਤਾਰ, ਗੁਰ ਸ਼ਬਦੀ ਵੇਸ ਵਟਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਵਸਣਹਾਰਾ ਧਾਮ ਨਿਆਰ, ਸਚ ਸਿੰਘਾਸਣ ਆਪਣਾ ਆਸਣ ਲਾਇੰਦਾ । ਸਚਖੰਡ ਨਿਵਾਸੀ ਹੋ ਉਜਿਆਰ, ਸੇਜ ਸੁਹੰਜਣੀ ਆਪ ਸੁਹਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਜੈ ਜੈਕਾਰ ਇਕੋ ਘਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਸ਼ਬਦੀ ਨਾਉਂ ਧਰਾਇੰਦਾ । ਗੁਰ ਸ਼ਬਦੀ ਆਪਣਾ ਨਾਉਂ ਰੱਖ, ਸਤਿਗੁਰ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੋ ਪਰਤੱਖ,

ਪਰਤੱਖ ਆਪਣੀ ਧਾਰ ਚਲਾਈਆ । ਸੰਤ ਸੁਹੇਲੇ ਮਾਰਗ ਦੱਸ, ਦਹਿ ਦਿਸ਼ਾ ਦਏ ਖੁਲ੍ਹਾਈਆ । ਹੁਕਮੇ ਅੰਦਰ ਰੱਖੇ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹੱਟ, ਰਵ ਸਸ ਸੂਰਜ ਚੰਨ ਮੰਡਲ ਮੰਡਪ ਹੁਕਮੇ ਅੰਦਰ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਪੁਰਖ ਸਮਰਥ, ਮਹਿਮਾ ਅਕੱਥ ਆਪ ਸਮਾਈਆ । ਮਹਿਮਾ ਅਕਥ ਸਾਚੀ ਸਾਖੀ, ਹਰਿ ਸਤਿਗੁਰ ਆਪ ਜਣਾਇੰਦਾ । ਗੁਰ ਸ਼ਬਦ ਸਤਿ ਸਾਚੀ ਭਾਖੀ, ਭਾਖਿਆ ਆਪਣੀ ਆਪ ਪਰਗਟਾਇੰਦਾ । ਕਰੇ ਖੇਲ ਅਲਖਨਾ ਅਲਖ ਅਲਾਖੀ, ਲੇਖਾ ਲੇਖ ਨਾ ਕੋਇ ਗਣਾਇੰਦਾ । ਵੇਖਣਹਾਰਾ ਖੇਲ ਤਮਾਸ਼ੀ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਭੇਵ ਖੁਲ੍ਹਾਏ ਬਹੁ ਬਿਧ ਭਾਂਤੀ, ਭਾਵ ਆਪਣੇ ਹੱਥ ਰਖਾਇੰਦਾ । ਕਲਜੁਗ ਮੇਟ ਅੰਧੇਰੀ ਰਾਤੀ, ਸ਼ਬਦੀ ਚੰਦ ਗੁਰੂ ਚੜ੍ਹਾਇੰਦਾ । ਦੇਵਣਹਾਰਾ ਸਭ ਦੀ ਬਾਕੀ, ਲਹਿਣਾ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਖੋਲ੍ਹੇ ਬੰਦ ਤਾਕੀ, ਡੂੰਘੀ ਕੰਦਰ ਫੇਰਾ ਪਾਇੰਦਾ । ਮੇਲ ਮਿਲਾਏ ਕਮਲਾਪਾਤੀ, ਕਵਲ ਨੈਣ ਵੇਖ ਵਖਾਇੰਦਾ । ਆਤਮ ਪਰਮਾਤਮ ਬਣੇ ਸਾਥੀ, ਸਗਲਾ ਸੰਗ ਨਿਭਾਇੰਦਾ । ਨਾਤਾ ਤੋੜੇ ਜ਼ਾਤ ਪਾਤੀ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਸ਼ਬਦ ਗੁਰੂ ਗੁਰਦੇਵ ਸਵਾਮੀ, ਆਪੇ ਵੇਖੇ ਮਾਰ ਝਾਤੀ, ਝਾਕੀ ਆਪਣੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਸਤਿਗੁਰ ਚਰਨ, ਦੂਜੀ ਓਟ ਨਾ ਕੋਇ ਜਣਾਈਆ । ਗੁਰ ਸ਼ਬਦੀ ਖੋਲ੍ਹੇ ਹਰਨ ਫਰਨ, ਨਿਝ ਨੇਤਰ ਨੈਣ ਦਰਸ ਦਰਸਾਈਆ । ਨਾਤਾ ਤੋੜੇ ਮਰਨ ਡਰਨ, ਡਰਨ ਮਰਨ ਭੈ ਨਾ ਕੋਇ ਰਖਾਈਆ । ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਸ਼ਬਦ ਗਹਿਰ ਗੰਭੀਰ, ਗੁਣ ਆਪਣੇ ਹੱਥ ਰਖਾਇੰਦਾ । ਚੜ੍ਹ ਕੇ ਬੈਠਾ ਚੋਟੀ ਇਕ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਇੰਦਾ । ਨਾਮ ਅਣਿਆਲਾ ਮਾਰੇ ਤੀਰ, ਤੀਰ ਨਿਸ਼ਾਨਾ ਇਕ ਲਗਾਇੰਦਾ । ਦੂਈ ਦਵੈਤੀ ਸ਼ਰਅ ਸ਼ਰਅਤੀ ਕੂੜੀ ਕਿਰਿਆ ਦੇਵੇ ਚੀਰ, ਚੀਰ ਇਕੋ ਇਕ ਪਾਇੰਦਾ । ਬਦਲਣਹਾਰ ਤਕਦੀਰ, ਤਕਸੀਰ ਤਦਬੀਰ ਆਪਣੇ ਹੱਥ ਰਖਾਇੰਦਾ । ਕੱਟਣਹਾਰਾ ਤ੍ਰੈਗੁਣ ਮਾਇਆ ਜਗਤ ਜ਼ੰਜੀਰ, ਪੰਜ ਤਤ ਨਾਤਾ ਆਪ ਤੁੜਾਇੰਦਾ । ਜੁਗ ਜੁਗ ਕੱਟਣਹਾਰਾ ਭੀੜ, ਗੁਰਮੁਖ ਗੁਰਸਿਖ ਵੇਖ ਵਖਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਫੇਰਾ ਪਾਇੰਦਾ । ਚਿੱਟੇ ਉਪਰ ਕਾਲੀ ਮਾਰਨ ਵਾਲਾ ਲਕੀਰ, ਆਪਣਾ ਨਾਉਂ ਸਿਫ਼ਤ ਸਾਲਾਹਿੰਦਾ । ਆਦਿ ਜੁਗਾਦਿ ਨਾ ਹੋਏ ਕਦੇ ਦਿਲਗੀਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਦਾਤਾ ਦਾਨੀ ਵਡ ਪੀਰਨ ਪੀਰ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਕਰੇ ਖੇਲ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਇੰਦਾ । ਹੱਥ ਪਕੜੇ ਨਾਮ ਸ਼ਮਸ਼ੀਰ, ਖੰਡਾ ਖੰਡ ਬ੍ਰਹਿਮੰਡ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਖੇਲ ਕਰਾਇੰਦਾ । ਗੁਰ ਸ਼ਬਦ ਸਤਿਗੁਰ ਸਾਖਿਆਤ, ਸਖ਼ੀ ਸਰਵਰ ਵਡ ਵਡਿਆਈਆ । ਗੁਰਮੁਖ ਬਣਾਏ ਪਾਰਜਾਤ, ਪਰਮ ਪੁਰਖ ਬੇਪਰਵਾਹੀਆ । ਅੰਤਰ ਆਤਮ ਮੇਟੇ ਅੰਧੇਰੀ ਰਾਤ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਨਾਮ ਸੁਣਾਏ ਅਨਹਦ ਨਾਦ, ਧੁੰਨ ਅਨਾਦੀ ਨਾਦ ਜਣਾਈਆ । ਅੰਮ੍ਰਿਤ ਆਤਮ ਦੇਵੇ ਸਚ ਸਵਾਦ, ਬਿਨ ਰਸਨਾ ਜਿਹਵਾ ਪਿਆਈਆ । ਨੌਂ ਦਵਾਰੇ ਪਾਰ ਹਾਦ, ਸੁਖਮਨ ਟੇਢੀ ਬੰਕ ਡੂੰਘੀ ਭਵਰੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦਇਆ ਕਮਾਈਆ । ਗੁਰ ਸ਼ਬਦੀ ਦਇਆ ਨਿਧ ਦਿਆਲਾ, ਦੀਨਨ ਆਪਣੀ ਦਇਆ ਕਮਾਇੰਦਾ ।


੧੧੨੮
੧੨

ਘਰ ਘਰ ਵਿਚ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਪਰਗਟਾਇੰਦਾ । ਜੋਤੀ ਨੂਰ ਕਰ ਉਜਾਲਾ, ਨੂਰੋ ਨੂਰ ਨੂਰ ਰੁਸ਼ਨਾਈਆ । ਮੰਤਰ ਗਾਏ ਨਾਮ ਸੁਖਾਲਾ, ਸੁਖ ਸਾਗਰ ਰੂਪ ਵਟਾਇੰਦਾ । ਸੁਰਤ ਸਵਾਣੀ ਕਰੇ ਬੇਹਾਲਾ, ਬਿਹਬਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਰੰਗ ਰੰਗਾਇੰਦਾ । ਗੁਰ ਸ਼ਬਦੀ ਸਾਚਾ ਚਾੜ੍ਹੇ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਨਾਮ ਨਿਧਾਨ ਵਜਾਏ ਮਰਦੰਗ, ਮਰਦੰਗਾ ਇਕੋ ਹੱਥ ਉਠਾਈਆ । ਡੂੰਘੀ ਭਵਰੀ ਆਪੇ ਲੰਘ, ਸਚ ਸਿੰਘਾਸਣ ਵੇਖ ਵਖਾਈਆ । ਕਰ ਪਰਕਾਸ਼ ਬਿਨ ਸੂਰਜ ਚੰਦ, ਸਾਚਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਪਾਏ ਸ਼ਬਦੀ ਠੰਡ, ਸਾਚੀ ਧਾਰਾ ਆਪ ਵਹਾਈਆ । ਕੂੜੀ ਕਿਰਿਆ ਖੰਡ ਖੰਡ, ਪੰਚਮ ਨਾਤਾ ਦਏ ਤੁੜਾਈਆ । ਪੰਚਮ ਸ਼ਬਦ ਗਾਏ ਸੁਹਾਗੀ ਛੰਦ, ਸਾਚਾ ਢੋਲਾ ਆਪ ਸੁਣਾਈਆ । ਨਿਝ ਆਤਮ ਦੇਵੇ ਨਿਜਾਨੰਦ, ਨਿਝ ਘਰ ਮੇਲਾ ਸਹਿਜ ਸੁਭਾਈਆ । ਗੁਰਸਿਖ ਸੁਰਤੀ ਨਾਰ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦੀ ਲਏ ਪਰਨਾਈਆ । ਨਾਤਾ ਤੋੜ ਇੰਡ ਪਿੰਡ ਬ੍ਰਹਿਮੰਡ, ਜੀਵ ਆਪਣੇ ਲੇਖੇ ਲਾਈਆ । ਕਰੇ ਖੇਲ ਸੂਰਾ ਸਰਬੰਗ, ਸੈਭੰ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸ਼ਬਦੀ ਨਾਉਂ ਪਰਗਟਾਈਆ । ਗੁਰ ਸ਼ਬਦੀ ਨਾਉਂ ਹਰਿ ਨਿਰੰਕਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਕਰ ਪਸਾਰਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਦਏ ਸਹਾਰਾ, ਆਦਿ ਨਿਰੰਜਣ ਦੀਪ ਜਗਾਇੰਦਾ । ਅਬਿਨਾਸ਼ੀ ਕਰਤਾ ਦਏ ਹੁਲਾਰਾ, ਸ੍ਰੀ ਭਗਵਾਨ ਝੂਲਾ ਇਕ ਝੁਲਾਇੰਦਾ । ਅਬਿਨਾਸ਼ੀ ਕਰਤਾ ਬਣ ਵਣਜਾਰਾ, ਪਾਰਬ੍ਰਹਮ ਹੱਟ ਇਕ ਖੁਲ੍ਹਾਇੰਦਾ । ਆਤਮ ਪਰਮਾਤਮ ਇਕ ਕਿਨਾਰਾ, ਸਾਚੇ ਭਗਤਨ ਮੇਲ ਮਿਲਾਇੰਦਾ । ਗੁਰ ਸ਼ਬਦ ਸ਼ਬਦ ਗੁਰ ਪਾਵੇ ਸਾਰਾ, ਗ੍ਰਿਹ ਅੰਦਰ ਮੰਦਰ ਖੋਜ ਖੋਜਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜਿਸ ਗੁਰਮੁਖ ਸਤਿਗੁਰ ਗੁਰ ਸ਼ਬਦ ਮਿਲੇ ਪਿਆਰਾ, ਪ੍ਰੇਮ ਪ੍ਰੀਤੀ ਇਕ ਸਿਖਾਇੰਦਾ । ਦੋ ਜਹਾਨਾਂ ਕਰੇ ਬਾਹਰਾ, ਗੁਪਤ ਜ਼ਾਹਰਾ ਰੰਗ ਵਖਾਇੰਦਾ । ਮਹੱਲ ਅਟੱਲ ਚੜ੍ਹ ਬੋਲੇ ਸਚ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਤੂੰ ਮੇਰਾ ਮੈਂ ਤੇਰਾ ਦੂਜਾ ਅਵਰ ਨਾ ਕੋਇ ਦਵਾਰਾ, ਦਰਦੀ ਹੋਰ ਨਜ਼ਰ ਕੋਇ ਨਾ ਆਇੰਦਾ । ਬਿਨ ਭਗਵਾਨ ਭਗਤ ਰਹੇ ਕੁਵਾਰਾ, ਬਿਨ ਸਤਿਗੁਰ ਗੁਰਸਿਖ ਨਾ ਕੋਇ ਪਰਨਾਇੰਦਾ । ਲੱਖ ਚੁਰਾਸੀ ਜੀਵ ਜੰਤ ਕਲਜੁਗ ਮਾਇਆ ਕਿਸੇ ਕੰਮ ਨਾ ਆਏ ਸ਼ੰਗਾਰਾ, ਕੂੜੀ ਕਿਰਿਆ ਸਰਬ ਵਖਾਇੰਦਾ । ਜਿਸ ਜਨ ਪਾਰਬ੍ਰਹਮ ਪ੍ਰਭ ਪੁਰਖ ਪ੍ਰੀਤਮ ਮਿਲੇ ਵਿਚ ਸੰਸਾਰਾ, ਸੋ ਸੋਭਾਵੰਤ ਸੁਹਾਗਣ ਨਾਰ ਜਗਤ ਜਵਾਨੀ ਜੋਬਣ ਮਾਣੇ ਮੁਟਿਆਰਾ, ਦੋ ਜਹਾਨਾਂ ਏਥੇ ਓਥੇ ਸਾਚਾ ਸੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦੇਵੇ ਸਾਚਾ ਵਰ, ਗੁਰਮੁਖ ਮਿਲੇ ਇਕੋ ਘਰ, ਘਰ ਮੰਦਰ ਆਪ ਸੁਹਾਇੰਦਾ ।

### ❋ ੧੯ ਅੱਸੂ ੨੦੧੯ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹਿ ਝੰਗੀ ਚੱਕ ਜ਼ਿਲਾ ਜਲੰਧਰ ❋

ਪਰਵਰਦਿਗਾਰ ਸਚ ਅਮਾਮ, ਪੀਰ ਪੈਗ਼ੰਬਰ ਸੀਸ ਝੁਕਾਈਆ । ਨਿਉਂ ਨਿਉਂ ਸਯਦਾ ਕਰਨ ਸਲਾਮ, ਨੇਤਰ ਨੈਣ ਨਾ ਕੋਇ ਉਠਾਈਆ ।

ਬੇਪਰਵਾਹ ਤੇਰੇ ਬਰਦੇ ਬਣੇ ਗ਼ੁਲਾਮ, ਮਾਣ ਤਾਣ ਨਾ ਕੋਇ ਰਖਾਈਆ । ਸਤਿ ਸਤਿਵਾਦੀ ਤੇਰਾ ਸਤਿ ਈਮਾਨ, ਦਰਗਹਿ ਸਾਚੀ ਵੱਜੇ ਵਧਾਈਆ । ਜੁਗ ਚੌਕੜੀ ਖੇਲ ਖੇਲੇ ਵਿਚ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਚੌਦਾਂ ਤਬਕ ਤੇਰਾ ਨਿਸ਼ਾਨ, ਸਚ ਨਿਸ਼ਾਨੀ ਇਕ ਦ੍ਰਿੜਾਈਆ । ਚੌਦਸ ਚੰਨ ਤੇਰਾ ਭਾਨ, ਤੇਜ਼ ਤੇਜ਼ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਓਟ ਰਖਾਈਆ । ਗੁਰ ਅਵਤਾਰ ਕਹਿਣ ਸ੍ਰੀ ਭਗਵਾਨ, ਸਚਖੰਡ ਤੇਰੀ ਵਡਿਆਈਆ । ਆਦਿ ਜੁਗਾਦੀ ਸੱਚਾ ਕਾਹਨ, ਘਰ ਵਸੇ ਸੱਚਾ ਮਾਹੀਆ । ਜੁਗਾ ਜੁਗੰਤਰ ਨੂਰੀ ਰਾਮ, ਨਿਰਗੁਣ ਆਪਣਾ ਨਾਉਂ ਧਰਾਈਆ । ਸਚ ਸੰਦੇਸਾ ਦਏ ਪੈਗ਼ਾਮ, ਨਿਸ਼ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਦੇਵੇ ਦਾਨ, ਲੱਖ ਚੁਰਾਸੀ ਵੰਡ ਵੰਡਾਈਆ । ਸ਼ਬਦ ਅਗੰਮੀ ਬੋਲ ਬਿਨ ਜ਼ਬਾਨ, ਸਾਚਾ ਨਾਅਰਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਕਹੇ ਹਰਿ ਜੂ ਮੀਤਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦਿ ਠਾਂਡਾ ਸੀਤਾ, ਤਤਵ ਤਤ ਨਾ ਕੋਇ ਰਖਾਇੰਦਾ । ਨਿਰਗੁਣ ਚਲਾਏ ਸਰਗੁਣ ਰੀਤਾ, ਜੁਗ ਚੌਕੜੀ ਵੇਸ ਵਟਾਇੰਦਾ । ਲੇਖਾ ਜਾਣੇ ਹਸਤ ਕੀਟਾ, ਊਚ ਨੀਚਾਂ ਮੇਲ ਮਿਲਾਇੰਦਾ । ਧਾਮ ਪਰਗਟਾਏ ਇਕ ਅਨਡੀਠਾ, ਜਗਤ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਇੰਦਾ । ਸੰਤ ਸੱਜਣ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਬਿਨਾਸ਼ੀ ਦਰ ਤੇਰਾ ਸੱਚਾ ਦਰਬਾਰ, ਦਰਵਾਜ਼ਾ ਇਕੋ ਨਜ਼ਰੀ ਆਈਆ । ਜੁਗ ਚੌਕੜੀ ਪਾਵੇਂ ਸਾਰ, ਨਿਤ ਨਵਿਤ ਵੇਸ ਵਟਾਈਆ । ਨਾਮ ਨਿਧਾਨਾ ਭਰ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਸਤਿ ਸਤਿਵਾਦੀ ਬੋਲ ਜੈਕਾਰ, ਜੈ ਜੈਕਾਰ ਆਪਣਾ ਨਾਮ ਦ੍ਰਿੜਾਈਆ । ਲੇਖਾ ਜਾਣੇ ਅੰਦਰ ਬਾਹਰ ਗੁਪਤ ਜ਼ਾਹਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਖ਼ਾਲਕ ਖ਼ਲਕ ਵੇਖ ਵਖਾਈਆ । ਗੁਰਮੁਖ ਕਹੇ ਹਰਿ ਪਾਰਬ੍ਰਹਮ, ਬ੍ਰਹਮ ਵੇਤਾ ਆਪ ਅਖਵਾਇੰਦਾ । ਆਦਿ ਜੁਗਾਦੀ ਜਾਣੇ ਸਾਚਾ ਕਰਮ, ਨਿਹਕਰਮੀ ਕਰਮ ਕਮਾਇੰਦਾ । ਨਾ ਕੋਈ ਵਰਨ ਨਾ ਕੋਈ ਬਰਨ, ਸਾਚੀ ਸਰਨ ਇਕ ਸਮਝਾਇੰਦਾ । ਸਤਿ ਸਤਿਵਾਦੀ ਇਕੋ ਧਰਮ, ਧੁਰ ਦੀ ਧਾਰ ਆਪ ਬੰਧਾਇੰਦਾ । ਆਪੇ ਹੋਏ ਭੰਨਣ ਘੜਨ, ਘੜਨ ਭੰਨਣਹਾਰ ਪੁਰਖ ਸਮਰਥ ਆਪਣੀ ਖੇਲ ਰਚਾਇੰਦਾ । ਲੇਖਾ ਜਾਣੇ ਜਨਮ ਮਰਨ, ਮਰਨ ਜਨਮ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰਸਿਖ ਕਹੇ ਸਤਿਗੁਰ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਪਾਈਆ । ਗੁਰਸਿਖ ਵੇਖੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਬਣੇ ਦਲਾਲ, ਲੋਕਮਾਤ ਫੇਰਾ ਪਾਈਆ । ਲੇਖਾ ਜਾਣੇ ਹੱਕ ਹਲਾਲ, ਹਕ਼ੀਕਤ ਪਰਦਾ ਆਪ ਚੁਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਨਾਤਾ ਤੋੜ ਕਾਲ ਮਹਾਕਾਲ, ਮਹਿਮਾ ਆਪਣੀ ਦਏ ਸੁਣਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਮੁਰੀਦ ਮੁਰਸ਼ਦ ਮੰਗੇ ਮੰਗ, ਦਰ ਅੱਗੇ ਝੋਲੀ ਡਾਹਿੰਦਾ । ਆਦਿ ਜੁਗਾਦਿ ਤੇਰਾ

ਮਰਦੰਗ, ਨੌਬਤ ਨਾਮ ਇਕ ਵਜਾਇੰਦਾ । ਗੁਪਤ ਜ਼ਾਹਰ ਤੇਰਾ ਰੰਗ, ਦੀਦ ਸ਼ੁਨੀਦ ਖੇਲ ਕਰਾਇੰਦਾ । ਲੇਖਾ ਜਾਣ ਕੋਟ ਬ੍ਰਹਿਮੰਡ, ਬ੍ਰਹਿਮਾਂਡ ਆਪਣਾ ਵੇਸ ਵਟਾਇੰਦਾ । ਸੇਵਾ ਲਾ ਸੂਰਜ ਚੰਦ, ਮੰਡਲ ਮੰਡਪ ਆਪ ਭੁਵਾਇੰਦਾ । ਵਸਣਹਾਰਾ ਸਾਚੇ ਖੰਡ, ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਵਸਤ ਅਮੋਲਕ ਪਰਵਰਦਿਗਾਰ ਦੇਵੇ ਵੰਡ, ਸਾਚੀ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਕਹੇ ਪੀਰ, ਬੇਪਰਵਾਹ ਤੇਰੀ ਵਡਿਆਈਆ । ਤੇਰੇ ਹੱਥ ਸ਼ਰਅ ਜ਼ੰਜੀਰ, ਜੁਗ ਚੌਕੜੀ ਰਿਹਾ ਪਾਈਆ । ਬਦਲਣਹਾਰ ਤਕਦੀਰ, ਤਕਸੀਰ ਤਦਬੀਰ ਆਪਣੀ ਦਏ ਜਣਾਈਆ । ਕਲਜੁਗ ਵੇਲਾ ਅੰਤ ਅਖ਼ੀਰ, ਆਖ਼ਰ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਬੇਨਜ਼ੀਰ, ਨੇਤਰ ਨੈਣਾਂ ਦਿਸ ਕਿਸੇ ਨਾ ਪਾਈਆ । ਲੋਕਮਾਤ ਚੌਦਾਂ ਲੋਕ ਚੌਦਾਂ ਤਬਕ ਹੋਏ ਦਿਲਗੀਰ, ਦਿਲਬਰ ਮਿਲੇ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੇ ਧਾਹ, ਨੇਤਰ ਨੈਣ ਨੈਣ ਉਠਾਇੰਦਾ । ਕਲਜੁਗ ਅੰਤਮ ਮਿਲੇ ਨਾ ਕੋਇ ਮਲਾਹ, ਬੇੜਾ ਪਾਰ ਨਾ ਕੋਇ ਕਰਾਇੰਦਾ । ਸਾਚਾ ਮੰਤਰ ਨਾ ਦੇਵੇ ਕੋਇ ਦ੍ਰਿੜਾ, ਆਤਮ ਪਰਮਾਤਮ ਮੇਲ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਭਰਮੇ ਭੁੱਲੀ ਮਿਲੇ ਨਾ ਸੱਚਾ ਥਾਂ, ਮੰਦਰ ਮਸਜਦ ਮੱਠ ਸ਼ਿਵਦਵਾਲੇ ਤੇਰਾ ਰੰਗ ਨਾ ਕੋਇ ਰੰਗਾਇੰਦਾ । ਜੀਵ ਜੰਤ ਸਾਧ ਸੰਤ ਕਰ ਗਏ ਨਾ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਪੂਤ ਸਪੂਤਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇੰਦਾ । ਤ੍ਰੈਗੁਣ ਮਾਇਆ ਪਈ ਉਠ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਪੱਲੇ ਰਿਹਾ ਨਾ ਕੁਛ, ਖ਼ਾਲੀ ਪੱਲੂ ਰਹੀ ਵਖਾਈਆ । ਜੁਗ ਚੌਕੜੀ ਖੇਲ ਖੇਲਿਆ ਲੁਕ ਲੁਕ, ਕਲਜੁਗ ਅੰਤਮ ਪਰਦਾ ਲਾਹੀਆ । ਸਿੰਘ ਸ਼ੇਰ ਪਿਆ ਬੁੱਕ, ਭੈ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਈਆ । ਪੰਜ ਤਤ ਤੱਕੇ ਰਾਹ, ਰਹਿਬਰ ਨਜ਼ਰ ਕੋਇ ਨਾ ਆਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਰਹੇ ਕੁਰਲਾ, ਉਚੀ ਕੂਕ ਕੂਕ ਸੁਣਾਇੰਦਾ । ਕਵਣ ਵੇਲਾ ਮਿਲੇ ਪ੍ਰਭ ਮਲਾਹ, ਬੇੜਾ ਪਾਰ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਗੁਨਾਹ, ਸਿਰ ਹੱਥ ਨਾ ਕੋਇ ਟਿਕਾਇੰਦਾ । ਏਥੇ ਓਥੇ ਦੇਵੇ ਕੋਇ ਨਾ ਠੰਡੀ ਛਾਂ, ਪਰਦਾ ਨਾਮ ਕੋਇ ਨਾ ਪਾਇੰਦਾ । ਖਾ ਖਾ ਥੱਕੇ ਸੂਰ ਗਾਂ, ਆਪਣਾ ਆਪ ਜ਼ਬਾਹ ਨਾ ਕੋਇ ਕਰਾਇੰਦਾ । ਆਤਮ ਪਰਮਾਤਮ ਪਕੜੇ ਕੋਇ ਨਾ ਬਾਂਹ, ਪੱਲੂ ਹੱਥ ਨਾ ਕੋਇ ਫੜਾਇੰਦਾ । ਬਿਨ ਪਾਰਬ੍ਰਹਮ ਕਰੇ ਨਾ ਸਚ ਨਿਆਂ, ਸਾਚਾ ਤਖ਼ਤ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇੰਦਾ । ਧਰਨੀ ਧਰਤ ਧਵਲ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਬੌਹੜੀ ਬੌਹੜੀ ਪਰਵਰਦਿਗਾਰ, ਬੇਪਰਵਾਹ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਆਈ ਹਾਰ, ਪਾਸਾ ਜਿਤ ਨਾ ਕੋਇ ਵਖਾਈਆ । ਕੂੜੀ ਕਿਰਿਆ ਦੱਬੀ ਭਾਰ, ਮੇਰਾ ਭਾਰ ਨਾ ਕੋਇ ਵੰਡਾਈਆ । ਸ੍ਰਿਸ਼ਟ ਸਬਾਈ ਹੋਈ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਗ੍ਰਹਿ ਮੰਦਰ ਧੁੰਅਾਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨਾਤਾ ਤੁੱਟਾ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੧੩੧ ੧੨

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਸੂਰਾ ਖੋਲ੍ਹ ਅੱਖ, ਪ੍ਰਭ ਚਰਨ ਧਿਆਨ ਲਗਾਇੰਦਾ । ਪੁਰਖ ਅਬਿਨਾਸ਼ੀ ਮਾਰਗ ਦੱਸ, ਤੇਰੀ ਓਟ ਤਕਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਕੀਤੇ ਵਸ, ਬਚਿਆ ਕੋਇ ਰਹਿਣ ਨਾ ਪਾਇੰਦਾ । ਸਾਧ ਸੰਤ ਮਾਇਆ ਮਮਤਾ ਗਏ ਫਸ, ਜਗਤ ਜ਼ੰਜੀਰ ਨਾ ਕੋਇ ਤੁੜਾਇੰਦਾ । ਗੁਰ ਦਰ ਮੰਦਰ ਮਸਜਦ ਖੇੜੇ ਕੀਤੇ ਭੱਠ, ਅਗਨੀ ਤਤ ਤਤ ਤਪਾਇੰਦਾ । ਨਾਤਾ ਤੋੜਿਆ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਸ਼ਰਮਾਇੰਦਾ । ਬਹੱਤਰ ਨਾੜ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਘਰ ਘਰ ਨੱਚੇ ਮਨਮਤ, ਕਲਜੁਗ ਕੂੜਾ ਡੌਰੂ ਡੰਕ ਵਜਾਇੰਦਾ । ਕਿਸੇ ਨਾ ਛੱਡਿਆ ਧੀਰਜ ਜਤ, ਸਤਿ ਸੰਤੋਖ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਨੇਤਰ ਘੱਟਾ ਦਿਤਾ ਘੱਤ, ਇਕੋ ਅੱਖ ਨਾ ਕੋਇ ਖੁਲ੍ਹਾਇੰਦਾ । ਕੋਈ ਨਾ ਗਾਏ ਤੇਰਾ ਜਸ, ਉਲਟੀ ਮਤ ਮਤ ਕਰਾਇੰਦਾ । ਮੈਂ ਖੇਲ ਕਰਿਆ ਨੱਠ ਨੱਠ, ਤੇਰਾ ਹੁਕਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਪੀਰ ਪੈਗ਼ੰਬਰ ਕਰੋ ਧਿਆਨ, ਧੁਰਦਰਗਾਹੀ ਰਿਹਾ ਸਮਝਾਈਆ । ਗੁਰ ਅਵਤਾਰ ਦੇਵੇ ਮਾਣ, ਨਿਮਾਣਿਆਂ ਗਲੇ ਲਗਾਈਆ । ਭਗਤ ਭਗਵਾਨ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸੰਤ ਸੱਜਣ ਵੇਖੇ ਆਣ, ਨਿਰਗੁਣ ਨਿਰਗੁਣ ਵੇਸ ਵਟਾਈਆ । ਗੁਰਮੁਖਾਂ ਗੁਰ ਗੁਰ ਦਏ ਗਿਆਨ, ਆਪਣਾ ਗੋਝ ਬੁਝਾਈਆ । ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਮਸਤਕ ਧੂੜਾ ਟਿੱਕਾ ਏਕੋ ਲਾਈਆ । ਵਿਸ਼ਨੂੰ ਤੇਰਾ ਵੇਖੇ ਨਿਸ਼ਾਨ, ਵਿਸ਼ਵ ਆਪਣਾ ਰੰਗ ਰੰਗਾਈਆ । ਬ੍ਰਹਮੇ ਭੁੱਲ ਨਾ ਜਾਣਾ ਬਣ ਅਣਜਾਣ, ਬਾਲੀ ਬੁਧ ਆਪ ਸਮਝਾਈਆ । ਸ਼ੰਕਰ ਤੇਰਾ ਤ੍ਰਿਸੂਲ ਵੇਖੇ ਸ੍ਰੀ ਭਗਵਾਨ, ਤ੍ਰੈ ਤ੍ਰੈ ਮੇਲਾ ਮੇਲ ਮਿਲਾਈਆ । ਤ੍ਰੈਗੁਣ ਮਾਇਆ ਨਾ ਹੋ ਹੈਰਾਨ, ਹਰਿ ਜੂ ਬੈਠਾ ਰਾਹ ਤਕਾਈਆ । ਪੰਜ ਤਤ ਤੇਰਾ ਕਰੇ ਕਲਿਆਣ, ਕਲਮਾ ਆਪਣਾ ਆਪ ਪੜ੍ਹਾਈਆ । ਧਰਨੀ ਧਰਤ ਧਵਲ ਤੇਰਾ ਰੱਖੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਤੇਰਾ ਲੇਖਾ ਚੁਕਾਏ ਆਣ, ਚਾਰੋਂ ਕੁੰਟ ਫੇਰਾ ਪਾਈਆ । ਦਹਿ ਦਿਸ਼ਾ ਹੋਏ ਹੈਰਾਨ, ਹਰਿ ਕਾ ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਲੈਣਾ ਦੇਵੇ ਝੋਲੀ ਪਾਈਆ । ਪੀਰ ਪੈਗ਼ੰਬਰ ਰੱਖੀ ਆਸ, ਆਸਾ ਆਸਾ ਵਿਚ ਟਿਕਾਈਆ । ਸ਼ਾਹ ਸੁਲਤਾਨ ਬੁਝਾ ਪਿਆਸ, ਮਿਹਰਵਾਨ ਦਇਆ ਕਮਾਈਆ । ਮੁਕਾਮੇ ਹੱਕ ਨਾ ਕੋਇ ਹੋਏ ਨਿਰਾਸ, ਨਿਰਾਸਾ ਰੂਪ ਨਾ ਕੋਇ ਵਟਾਈਆ । ਬੇਪਰਵਾਹ ਦੇਵੇ ਸਚ ਸਲਾਹ ਕਲਜੁਗ ਅੰਤਮ ਕਰੇ ਆਪਣਾ ਕੰਮ ਖਾਸ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਗੁਰ ਅਵਤਾਰ ਦਏ ਦਿਲਾਸਾ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਪਰਗਟ ਹੋਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਲ ਵਰਤਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਜਗਤ ਤਮਾਸ਼ਾ, ਲੱਖ ਚੁਰਾਸੀ ਨਾਚ ਨਚਾਇੰਦਾ । ਆਪੇ ਬਦਲਣਹਾਰਾ ਪਾਸਾ, ਆਪਣੀ ਕਰਵਟ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਜਣਾਇੰਦਾ । ਭਗਤ ਭਗਵਾਨ ਵਖਾਏ ਨੇਤਰ, ਨਿਝ ਨੇਤਰ ਆਪ ਖੁਲ੍ਹਾਈਆ । ਰੁੱਤ ਬਸੰਤੀ ਏਕਾ ਚੇਤਰ, ਫੁਲ ਫੁਲਵਾੜੀ ਆਪ ਮਹਿਕਾਈਆ । ਭਾਗ ਲਗਾਏ ਕਾਇਆ ਖੇਤਰ, ਦਰ ਵੇਖੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਸਾਚੇ ਸੰਤਾਂ ਦੇਵੇ ਸਤਿ, ਸਤਿ ਸਤਿਵਾਦੀ ਦਇਆ ਕਮਾਇੰਦਾ । ਆਤਮ ਪਰਮਾਤਮ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਚਰਨ ਕਵਲ ਬੰਧਾਏ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਬੋਧ ਅਗਾਧ ਸੁਣਾਏ ਗਥ, ਸੋਹੰ ਅੱਖਰ ਆਪ ਪੜ੍ਹਾਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਹੱਥ, ਰਵਦਾਸ ਚੁਮਾਰਾ ਪੰਧ ਮੁਕਾਇੰਦਾ । ਵਸਣਹਾਰਾ ਘਟ ਘਟ, ਗ੍ਰਿਹ ਮੰਦਰ ਖੋਜ ਖੋਜਾਇੰਦਾ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰਮੁਖ ਸਾਚੇ ਕਰ ਵਿਚਾਰ, ਹਰਿ ਸੱਜਣ ਸਚ ਜਣਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਪਰਮ ਪੁਰਖ ਬੇਪਰਵਾਹੀਆ । ਕਲਜੁਗ ਮੇਟੇ ਕੂੜ ਕੁੜਿਆਰ, ਕੂੜੀ ਕਿਰਿਆ ਦਏ ਖਪਾਈਆ । ਹਉਮੇ ਹੰਗਤਾ ਕਰੋਧ ਨਿਵਾਰ ਹੰਕਾਰ, ਨਿਵਣ ਸੋ ਅੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਰਿਹਾ ਉਠਾਈਆ । ਗੁਰਸਿਖ ਉਠ ਉਠ ਜਾਗ, ਸੋ ਪੁਰਖ ਨਿਰੰਜਣ ਆਪ ਜਗਾਇੰਦਾ । ਲੋਕਮਾਤ ਲਗਾ ਭਾਗ, ਹਰਿ ਸਤਿਗੁਰ ਆਪ ਲਗਾਇੰਦਾ । ਦੀਪਕ ਜੋਤ ਜਗੇ ਚਿਰਾਗ਼, ਅਗਿਆਨ ਅੰਧੇਰ ਮਿਟਾਇੰਦਾ । ਖ਼ੱਤਰੀ ਬ੍ਰਿਹਮਣ ਸ਼ੂਦਰ ਵੈਸ਼ ਬਣਾਏ ਸਾਕ, ਸੱਜਣ ਆਪਣਾ ਮੇਲ ਮਿਲਾਇੰਦਾ । ਖੋਲ੍ਹਣਹਾਰਾ ਬਜਰ ਕਪਾਟ, ਡੂੰਘੀ ਤਾਕੀ ਕੁੰਡਾ ਲਾਹਿੰਦਾ । ਆਤਮ ਸੇਜ ਵਿਛਾਈ ਆਪੇ ਖਾਟ, ਸੇਜ ਸੁਹੰਜਣੀ ਸੋਭਾ ਪਾਇੰਦਾ । ਕਲਜੁਗ ਅੰਤਮ ਵੇਖੇ ਵਾਟ, ਬਣ ਪਾਂਧੀ ਫੇਰਾ ਪਾਇੰਦਾ । ਦੋ ਜਹਾਨ ਖੁਲ੍ਹਾਏ ਇਕੋ ਹਾਟ, ਚੌਦਾਂ ਤਬਕ ਪਰਦਾ ਲਾਹਿੰਦਾ । ਆਤਮ ਪਰਮਾਤਮ ਗਾਏ ਸਾਚੀ ਗਾਥ, ਸੋਹੰ ਢੋਲਾ ਆਪ ਸੁਣਾਇੰਦਾ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਮੇਲ ਮਿਲਾਏ ਕਮਲਾਪਾਤ, ਕਵਲ ਨੈਣ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਪੀਰ ਪੈਗ਼ੰਬਰ ਚੜ੍ਹਿਆ ਚਾ, ਦਰ ਘਰ ਸਾਚੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਕਰਨ ਸਲਾਹ, ਘਰ ਸਾਚੇ ਵੱਜੇ ਵਧਾਈਆ । ਭਗਤ ਭਗਵਾਨ ਧਿਆਨ ਰਹੇ ਲਗਾ, ਨਿਝ ਨੇਤਰ ਨੈਣ ਉਠਾਈਆ । ਸੰਤ ਸੱਜਣ ਸਾਚੇ ਸੋਹਲੇ ਰਹੇ ਗਾ, ਰਸਨਾ ਜਿਹਵਾ ਨਾਲ ਮਿਲਾਈਆ । ਗੁਰਮੁਖ ਚਰਨ ਕਵਲ ਧਿਆਨ ਰਹੇ ਰਖਾ, ਦੂਸਰ ਓਟ ਨਾ ਕੋਇ ਤਕਾਈਆ । ਗੁਰਸਿਖ ਖ਼ਾਲੀ ਝੋਲੀ ਰਹੇ ਭਰਾ, ਭਰ ਭਰ ਆਪਣੀ ਖ਼ੁਸ਼ੀ ਮਨਾਈਆ । ਧਰਨੀ ਧਰਤ ਧਵਲ ਧੂੜੀ ਖ਼ਾਕ ਰਹੀ ਰਮਾ, ਮਸਤਕ ਇਕੋ ਟਿੱਕਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨੀ ਡਿਗੇ ਆ, ਢਹਿ ਢਹਿ ਆਪਣਾ ਆਪ ਮਿਟਾਈਆ । ਧੰਨ ਭਾਗ ਪ੍ਰਭ ਪਰਗਟ ਹੋਵੇ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਕਲਜੁਗ ਦੇਵੇ ਪੰਧ ਮੁਕਾ, ਲੇਖਾ ਮਾਤ ਰਹਿਣ ਨਾ ਪਾਈਆ । ਜੂਠ ਝੂਠ ਦਏ ਖਪਾ, ਕੂੜੀ ਕਿਰਿਆ ਸ਼ੌਹ ਦਰਯਾ ਰੁੜ੍ਹਾਈਆ । ਸਚ ਸੁੱਚ ਦਏ ਸਮਝਾ, ਸਚ ਸਮਗਰੀ ਇਕ ਵਰਤਾਈਆ । ਰਮਜ਼ ਨਾਲ ਰਮਜ਼ ਲਏ ਮਿਲਾ, ਅਲਫ਼ ਯੇ ਹਮਜ਼ਾ ਨਾ ਕੋਇ ਪੜ੍ਹਾਈਆ । ਗ਼ਫ਼ਲਤ ਸਭ ਦੀ ਦਏ ਗੁਵਾ, ਉਲਫ਼ਤ ਆਪਣੀ ਇਕ ਸਮਝਾਈਆ । ਨਫ਼ਰਤ ਕਰੇ ਨਾ ਕੋਇ ਖ਼ੁਦਾ, ਹਰਫ਼ ਬਹਰਫ਼ ਕਰੇ ਪੜ੍ਹਾਈਆ । ਨੂਰ ਇਲਾਹੀ ਹੋਏ ਨਾ ਕਦੇ ਜੁਦਾ, ਜੁਜ਼ ਜੁਜ਼ਾ ਨਾ ਕੋਇ ਬਣਾਈਆ । ਸੂਫ਼ੀ ਜਿਸ ਨੂੰ ਮੰਨਦੇ ਰਹੇ ਖ਼ੁਦਾ, ਸੋ ਫ਼ਿਤਰਤ ਸਭ ਦੀ ਰਿਹਾ ਗਵਾ, ਮਾਰਗ ਇਕੋ ਦਏ ਲਗਾ, ਇਕੋ ਕਲਮਾ ਦਏ ਪੜ੍ਹਾਈਆ । ਇਕੋ ਹੁਜਰਾ ਦਏ ਵਖਾ, ਮੱਕਾ ਕਾਅਬਾ ਡੇਰਾ ਢਾਹੀਆ । ਪਰਵਰਦਿਗਾਰ

ਨਜ਼ਰੀ ਜਾਏ ਆ, ਨੂਰੋ ਨੂਰ ਨੂਰ ਰੁਸ਼ਨਾਈਆ । ਸਲਾਮ ਅਲੈਕਮ ਦਏ ਦਵਾ, ਦੁਆ ਇਕੋ ਇਕ ਵਖਾਈਆ । ਚੌਦਾਂ ਤਬਕਾਂ ਲੇਖਾ ਦਏ ਚੁਕਾ, ਜ਼ਿਮੀਂ ਅਸਮਾਨ ਡੇਰਾ ਢਾਹੀਆ । ਸਾਚੀ ਪੱਟੀ ਦਏ ਪੜ੍ਹਾ, ਸਿਖਿਆ ਆਪਣੇ ਹੱਥ ਰਖਾਈਆ । ਪਿਛਲਾ ਲੇਖਾ ਦਏ ਮੁਕਾ, ਅਗਲਾ ਲੇਖਾ ਦਏ ਸਮਝਾਈਆ । ਬਖ਼ਸ਼ਣਹਾਰਾ ਸਰਬ ਗੁਨਾਹ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਕਰ ਕਿਰਪਾ ਜਿਸ ਦੀ ਪਕੜੇ ਬਾਂਹ, ਚਰਨ ਕਵਲ ਦਏ ਸਰਨਾਈਆ । ਆਪੇ ਬਣੇ ਪਿਤਾ ਮਾਂ, ਬਾਲਕ ਆਪਣੀ ਗੋਦ ਸੁਹਾਈਆ । ਪੀਰ ਪੈਗ਼ੰਬਰ ਖ਼ੁਸ਼ੀਆਂ ਰਹੇ ਮਨਾ, ਮੁੱਲਾਂ ਸ਼ੇਖ਼ ਮਸਾਇਕ ਨਾਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਚੜ੍ਹਿਆ ਚਾਉ, ਚਾਉ ਘਨੇਰਾ ਇਕ ਰਖਾਈਆ । ਪਰਗਟ ਹੋਇਆ ਬੇਪਰਵਾਹੋ, ਪਰਦਾ ਆਪਣਾ ਦਏ ਚੁਕਾਈਆ । ਲੇਖਾ ਜਾਣੇ ਥਾਈਂ ਥਾਉਂ, ਥਾਨ ਥਨੰਤਰ ਖੋਜ ਖੋਜਾਈਆ । ਏਥੇ ਓਥੇ ਕਰੇ ਸਚ ਨਿਆਉਂ, ਤਖ਼ਤ ਨਿਵਾਸੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤਾਂ ਚੜ੍ਹਾਏ ਸਾਚਾ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਪਰਗਟ ਹੋਇਆ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਤਾਲ ਆਕਾਸ਼ਾਂ ਵਜਾਏ ਮਰਦੰਗ, ਮਰਦੰਗਾ ਆਪਣੇ ਹੱਥ ਉਠਾਇੰਦਾ । ਲੱਖ ਚੁਰਾਸੀ ਅੰਦਰ ਵੇਖੇ ਲੰਘ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਸੁਣਾਏ ਸਾਚਾ ਛੰਦ, ਬੱਤੀ ਦੰਦ ਨਾ ਕੋਇ ਅਲਾਇੰਦਾ । ਜਨਮ ਜਨਮ ਦੀ ਤੁੱਟੀ ਗੰਢ, ਏਕਾ ਨਾਮ ਦੇਵੇ ਵੰਡ, ਵਸਤ ਝੋਲੀ ਇਕ ਭਰਾਇੰਦਾ । ਦੀਨ ਦਿਆਲ ਠਾਕਰ ਸਵਾਮੀ ਸਦਾ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਨਿਰਗੁਣ ਨਿਰਗੁਣ ਦਏ ਸਮਝਾਈਆ । ਪੀਰ ਪੈਗ਼ੰਬਰ ਰਹਿਣਾ ਖ਼ਬਰਦਾਰ, ਨੇਤਰ ਨੈਣ ਨੈਣ ਖੁਲ੍ਹਾਈਆ । ਪਰਗਟ ਹੋਵੇ ਸਾਂਝਾ ਯਾਰ, ਯਾਰੀ ਇਕੋ ਇਕ ਵਖਾਈਆ । ਦੀਨ ਮਜ਼੍ਹਬ ਕਰ ਪਾਰ, ਪਾਰ ਕਿਨਾਰਾ ਇਕ ਦ੍ਰਿੜਾਈਆ । ਸਤਿਜੁਗ ਸਾਚਾ ਕਰੇ ਵਿਹਾਰ, ਸਤਿ ਸਤਿਵਾਦੀ ਸੱਚਾ ਮਾਹੀਆ । ਗੁਰ ਅਵਤਾਰ ਮੇਲੇ ਆਣ, ਮਿਲ ਮਿਲ ਖ਼ੁਸ਼ੀ ਮਨਾਈਆ । ਭਗਤ ਭਗਵੰਤ ਕਰੇ ਕਲਿਆਣ, ਕਲ ਆਪਣੇ ਹੱਥ ਰਖਾਈਆ । ਸੰਤ ਸਤਿਗੁਰ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਲੇਖਾ ਜਾਣੇ ਜ਼ਿਮੀਂ ਅਸਮਾਨ, ਅਰਸ਼ ਕੁਰਸ਼ ਵੇਖ ਵਖਾਈਆ । ਭੇਵ ਚੁਕਾਏ ਕਾਇਆ ਕੁਰਾ ਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਜਣਾਈਆ । ਭੇਵ ਅਭੇਦ ਹਰਿ ਜੂ ਖੋਲ੍ਹੇ, ਖ਼ਾਲਕ ਖ਼ਲਕ ਸਮਝਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਨਾਮ ਕੰਡੇ ਸਾਚੇ ਤੋਲੇ, ਏਕਾ ਕੰਡਾ ਹੱਥ ਉਠਾਇੰਦਾ । ਨੌਂ ਸੌ ਚੁਰਾਨਮੇ ਚੌਕੜੀ ਜੁਗ ਸਚਖੰਡ ਵਸਿਆ ਰਿਹਾ ਉਹਲੇ, ਕਲਜੁਗ ਅੰਤਮ ਪਰਦਾ ਲਾਹਿੰਦਾ । ਆਪਣਾ ਖੇਲ ਕਰੇ ਹੌਲੇ ਹੌਲੇ, ਅਭੇਵ ਭੇਵ ਨਾ ਕਿਸੇ ਸਮਝਾਇੰਦਾ । ਪੂਰਬ ਕਰੇ ਪੂਰੇ ਕੌਲੇ, ਕੀਤਾ ਕੌਲ ਭੁੱਲ ਨਾ ਜਾਇੰਦਾ । ਲੱਖ ਚੁਰਾਸੀ ਅੰਦਰ ਮੌਲੇ, ਮੌਲਾ ਆਪਣਾ ਨਾਉਂ ਪਰਗਟਾਇੰਦਾ । ਦੇਵੇ ਮਾਣ ਧਰਨੀ ਧੌਲੇ, ਧੌਲ ਹੌਲਾ ਭਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਪੁਰਖ

ਸਮਰਥ, ਸਤਿਗੁਰ ਵੱਡਾ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਜਿਸ ਚਲਾਇਆ ਰਥ, ਕਲਜੁਗ ਅੰਤਮ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਪਾਏ ਨੱਥ, ਨਾਮ ਡੋਰੀ ਹੱਥ ਰਖਾਈਆ । ਕੂੜੀ ਕਿਰਿਆ ਦੇਵੇ ਮੱਥ, ਚਰਨਾਂ ਹੇਠ ਦਬਾਈਆ । ਸਤਿਜੁਗ ਸਾਚਾ ਮਾਰਗ ਦੱਸ, ਸਾਚੇ ਧੰਦੇ ਲਾਈਆ । ਜਨ ਭਗਤਾਂ ਅੰਦਰ ਆਪੇ ਵਸ, ਘਰ ਸਾਚਾ ਦਏ ਵਖਾਈਆ । ਕਰ ਪਰਕਾਸ਼ ਕੋਟਨ ਰਵ ਸਸ, ਅਗਿਆਨ ਅੰਧੇਰ ਚੁਕਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਰੇ ਵਸ, ਬਚਿਆ ਕੋਇ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਕਲਜੁਗ ਲੇਖਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਕਲਜੁਗ ਅੰਤ ਅੰਤ ਜਣਾਇੰਦਾ । ਦੋ ਜਹਾਨਾਂ ਇਕ ਨਿਸ਼ਾਨ, ਨਿਰਗੁਣ ਦਾਤਾ ਆਪ ਝੁਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਵਾਰੇ ਵੇਖੇ ਆਣ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਦੇਂਦਾ ਰਿਹਾ ਜੋ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਸੇਵਾ ਲਾਏ ਜਿਸ ਕੋਟਨ ਕੋਟ ਕਾਹਨ ਕ੍ਰਿਸ਼ਨ ਰਮੱਯਾ ਰਾਮ, ਦਸਰਥ ਬੇਟਾ ਨਾਉਂ ਵਖਾਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ ਦੇਂਦਾ ਰਿਹਾ ਗਿਆਨ, ਗੀਤਾ ਗਿਆਨ ਗਿਆਨ ਦ੍ਰਿੜਾਇੰਦਾ । ਅੰਜੀਲ ਕੁਰਾਨਾਂ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਹੱਕ ਹਕ਼ੀਕ਼ਤ ਕਲਮਾ ਕਲਾਮ, ਕਾਇਨਾਤ ਆਪ ਸੁਣਾਇੰਦਾ । ਗੁਰ ਗੁਰ ਸ਼ਬਦ ਅਗੰਮੀ ਮਾਰੇ ਬਾਣ, ਤੀਰ ਅਣਿਆਲਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਸਮਝਾਇੰਦਾ । ਸਾਚੀ ਕਰਨੀ ਕਰੇ ਕਰਤਾ ਪੁਰਖ, ਪੁਰਖ ਪੁਰਖੋਤਮ ਆਪ ਜਣਾਈਆ । ਨਾ ਕੋਈ ਸੋਗ ਨਾ ਕੋਈ ਹਰਸ਼ ਚਿੰਤਾ ਦੁੱਖ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਲਏ ਪਰਖ, ਸਚ ਕਸੌਟੀ ਹੱਥ ਉਠਾਈਆ । ਸੰਤ ਸੁਹੇਲੇ ਦੇਵੇ ਆਪਣਾ ਦਰਸ, ਦਰਸੀ ਆਪਣਾ ਦਰਸ ਕਰਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਹੋਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਇਕੋ ਬਰਸ, ਅਗਨੀ ਤਤ ਦਏ ਬੁਝਾਈਆ । ਅਗਨੀ ਤਤ ਜਾਏ ਬੁਝ, ਜਿਸ ਆਪਣੀ ਦਇਆ ਕਮਾਇੰਦਾ । ਅੱਗਾ ਪਿਛਾ ਜਾਏ ਸੁਝ, ਸਤਿਗੁਰ ਪੂਰਾ ਨਜ਼ਰੀ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਹੱਥ ਨਾ ਰੱਖੇ ਕੁਛ, ਭਗਤਾਂ ਡੋਰੀ ਆਪ ਫੜਾਇੰਦਾ । ਕਾਰਜ ਕਰਦਾ ਰਿਹਾ ਲੁਕ ਲੁਕ, ਸਤਿਜੁਗ ਤ੍ਰੇਤਾ ਦੁਆਪਰ ਹੱਥ ਕਿਸੇ ਨਾ ਆਇੰਦਾ । ਤੇਈ ਅਵਤਾਰ ਧੁਰ ਸੰਦੇਸਾ ਰਹੇ ਪੁਛ, ਸਚ ਸੰਦੇਸਾ ਆਪ ਜਣਾਇੰਦਾ । ਈਸਾ ਮੂਸਾ ਮੁਹੰਮਦ ਚਰਨ ਕਵਲ ਰਹੇ ਝੁਕ, ਝੁਕ ਝੁਕ ਸੀਸ ਸਰਬ ਨਿਵਾਇੰਦਾ । ਨਾਨਕ ਗੋਬਿੰਦ ਗੁਰ ਸਤਿਗੁਰ ਸਾਹਿਬ ਤੁਠ, ਸਾਚੀ ਵਸਤ ਝੋਲੀ ਪਾਇੰਦਾ । ਨਿਰਗੁਣ ਅੰਦਰ ਨਿਰਗੁਣ ਉਠ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਨਵ ਨੌਂ ਚਾਰ, ਨਿਰਗੁਣ ਸਰਗੁਣ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵਾ ਇਕ ਸਮਝਾਈਆ । ਕਰੋੜ ਤੇਤੀਸਾ ਦਏ ਆਧਾਰ, ਸੁਰਪਤ ਮੇਲ ਮਿਲਾਈਆ । ਗਣ ਗੰਧਰਬ ਕਰ ਪਿਆਰ, ਕਿੰਨਰ ਜੱਛਪ ਵੇਖ ਵਖਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਵਾਰੋ ਵਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਬ੍ਰਹਮਾ ਵੇਤਾ ਕਰ ਪਿਆਰ, ਚਾਰੇ ਵੇਦਾਂ ਕਰੇ ਪੜ੍ਹਾਈਆ । ਚਾਰੇ ਕੁੰਟ ਪਾਵੇ ਸਾਰ, ਚਾਰੇ ਜੁਗ ਦਏ ਵਡਿਆਈਆ ।

ਚਾਰੇ ਖਾਣੀ ਦਏ ਆਧਾਰ, ਅੰਡਜ ਜੇਰਜ ਉਤਭੁਜ ਸੇਤਜ ਬੰਧਨ ਪਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਆਪੇ ਵਸਿਆ ਸਭ ਤੋਂ ਬਾਹਰ, ਆਪਣਾ ਭੇਵ ਨਾ ਕਿਸੇ ਜਣਾਈਆ । ਸੇਵਾ ਲਾ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੰਗ ਨਿਭਾਈਆ । ਭਗਤ ਅਠਾਰਾਂ ਖੋਲ੍ਹ ਕਿਵਾੜ, ਅੱਖ ਅੱਖ ਨਾਲ ਮਿਲਾਈਆ । ਪੀਰ ਪੈਗ਼ੰਬਰ ਦਏ ਆਧਾਰ, ਏਕਾ ਕਲਮਾ ਦਏ ਸਮਝਾਈਆ । ਦਸ ਦਸ ਗੁਰੂ ਕਰ ਪਿਆਰ, ਪ੍ਰੀਤੀ ਪ੍ਰੀਤਮ ਨਾਲ ਨਿਭਾਈਆ । ਸਾਚੀ ਰੀਤੀ ਵਿਚ ਸੰਸਾਰ, ਸਾਖਿਆਤ ਦਏ ਸਮਝਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਉਚੀ ਕੂਕ ਕੂਕ ਅਲਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਸੰਬਲ ਵਸੇ ਧਾਮ ਨਿਆਰ, ਸਾਚੇ ਮੰਦਰ ਸੋਭਾ ਪਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਦੋ ਜਹਾਨਾਂ ਦਏ ਸਮਝਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰ, ਬੇਖ਼ਬਰ ਆਪਣੀ ਖ਼ਬਰ ਆਪ ਜਣਾਈਆ । ਲੱਖ ਚੁਰਾਸੀ ਆਏ ਹਾਰ, ਲੇਖਾ ਸਭ ਦਾ ਦਏ ਮੁਕਾਈਆ । ਭਗਤ ਭਗਵੰਤ ਕਰ ਕਿਰਪਾ ਲਏ ਉਠਾਲ, ਲੱਖ ਚੁਰਾਸੀ ਫੋਲ ਫੋਲਾਈਆ । ਲੇਖਾ ਚੁਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਬਣ ਦਲਾਲ, ਸਾਚਾ ਵਣਜ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਉਡੀਕ, ਹਰਿ ਸਤਿਗੁਰ ਆਪ ਸੁਣਾਇਆ । ਪਰਗਟ ਹੋਏ ਲਾਸ਼ਰੀਕ, ਸਭ ਦੀ ਸ਼ਿਰਕਤ ਦਏ ਮਿਟਾਇਆ । ਲੱਖ ਚੁਰਾਸੀ ਬਖ਼ਸ਼ੇ ਇਕ ਪ੍ਰੀਤ, ਪ੍ਰੀਤੀਵਾਨ ਫੇਰਾ ਪਾਇਆ । ਸਤਿਜੁਗ ਚਲੇ ਸਾਚੀ ਰੀਤ, ਕਲਜੁਗ ਕੂੜਾ ਦਏ ਖਪਾਇਆ । ਆਤਮ ਪਰਮਾਤਮ ਗਾਏ ਸਾਚਾ ਗੀਤ, ਸੋਹੰ ਢੋਲਾ ਦਏ ਪੜ੍ਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਲੋਕਮਾਤ ਉਤਰ ਨਾ ਜਾਇਆ । ਦੇਵੇ ਨਾਮ ਇਕ ਅਨਡੀਠ, ਅਨਡਿਠੜੀ ਧਾਰ ਚਲਾਇਆ । ਮਿਠਾ ਕਰੇ ਕੌੜਾ ਰੀਠ, ਵਿਖ ਅੰਮ੍ਰਿਤ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦਏ ਲਗਾਇਆ । ਸਾਚਾ ਮਾਰਗ ਲਾਏ ਮਾਤ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਬਣਾਏ ਇਕ ਜਮਾਤ, ਇਕੋ ਅੱਖਰ ਦਏ ਪੜ੍ਹਾਈਆ । ਨਿਰਗੁਣ ਮੇਲਾ ਨਿਰਗੁਣ ਚੇਲਾ ਨਿਰਗੁਣ ਬਣੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਨਿਰਗੁਣ ਖ਼ਾਕ ਨਿਰਗੁਣ ਪਾਕ, ਨਿਰਗੁਣ ਖੋਲ੍ਹਣਹਾਰਾ ਤਾਕ, ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਦਏ ਮੁਕਾਈਆ । ਸਭ ਦਾ ਲੇਖਾ ਹਰਿ ਮੁਕੌਣਾ, ਮੋਹਰ ਆਪਣੇ ਨਾਮ ਲਗਾਈਆ । ਦੋ ਜਹਾਨਾਂ ਰਾਹ ਚਲੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਜੋਤ ਮਿਲੌਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰਮੁਖ ਸਾਚੇ ਮਾਣ ਦਿਵੌਣਾ, ਗੁਰਸਿਖਾਂ ਆਪ ਪਰਗਟਾਈਆ । ਬ੍ਰਹਮ ਵੇਤਾ ਆਪ ਬਣੌਣਾ, ਕਰ ਕਰ ਹੇਤਾ ਵੇਖੇ ਚਾਈਂ ਚਾਈਆ । ਜੇਠਾ ਸੁਤ ਇਕ ਉਪਜੌਣਾ, ਸ਼ਿਵ ਲੇਖਾ ਦਏ ਮੁਕਾਈਆ । ਇੰਦਰ ਲਹਿਣਾ ਆਪ ਚੁਕੌਣਾ, ਛੋਟੇ ਬਾਲੇ ਦਏ ਵਡਿਆਈਆ । ਧਰੂ ਪੰਧ ਆਪ ਚੁਕੌਣਾ, ਬੰਦੀਖ਼ਾਨਾ ਕੋਇ ਨਜ਼ਰ ਨਾ ਆਈਆ । ਗੁਰ ਕਾ ਲਾਲ ਗੁਰ ਆਪਣੇ ਰੰਗ ਰੰਗੌਣਾ, ਪੰਚਮ ਮੇਲਾ ਸਹਿਜ ਸੁਭਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਵਿਧਾਨ


੧੧੩੬
੧੨

ਇਕ ਬਣੌਣਾ, ਨੇਤਰ ਨਜ਼ਰ ਕਿਸੇ ਨਾ ਆਈਆ । ਪੰਚ ਪਰਵਾਨ ਸਭ ਨੇ ਗੌਣਾ, ਗਾ ਗਾ ਖ਼ੁਸ਼ੀ ਮਨਾਈਆ । ਪੰਚ ਪਰਧਾਨ ਹੁਕਮ ਵਰਤੌਣਾ, ਸਚ ਪਰਧਾਨਗੀ ਦਏ ਵਡਿਆਈਆ । ਪੰਚਾਂ ਦਰ ਇਕ ਸੁਹੌਣਾ, ਘਰ ਸਾਚੇ ਵੱਜੇ ਵਧਾਈਆ । ਸ਼ਾਹ ਪਾਤਸ਼ਾਹ ਹੁਕਮ ਚਲੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਫੜ ਫੜ ਬਾਂਹੋਂ ਏਕਾ ਘਰ ਬਹੌਣਾ, ਪਿਛਲਾ ਲੇਖਾ ਆਪ ਚੁਕਾਈਆ । ਰਲ ਮਿਲ ਢੋਲਾ ਸੋਹਲਾ ਸਭ ਨੇ ਗੌਣਾ, ਵਾਹ ਵਾ ਤੇਰੀ ਵਡੀ ਵਡਿਆਈਆ । ਦੀਨ ਮਜ਼੍ਹਬ ਰੌਲਾ ਕਿਸੇ ਨਾ ਪੌਣਾ, ਜ਼ਾਤ ਪਾਤ ਨਾ ਕੋਇ ਲੜਾਈਆ । ਧਰਨੀ ਹੌਲਾ ਭਾਰ ਕਰੌਣਾ, ਮੂਰਖ ਮੂੜ੍ਹੇ ਦਏ ਖਪਾਈਆ । ਗੁਰਮੁਖ ਸੱਚੇ ਆਪ ਉਪਜੌਣਾ, ਗੁਰ ਗੁਰ ਬੂਝ ਬੁਝਾਈਆ । ਦੀਦ ਈਦ ਚੰਦ ਆਪ ਚੜ੍ਹੌਣਾ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਸਾਚਾ ਮੰਦਰ ਆਪ ਸੁਹੌਣਾ, ਗ੍ਰਿਹ ਅੰਦਰ ਸੋਭਾ ਪਾਈਆ । ਰਾਗ ਅਨਾਦੀ ਆਪੇ ਗੌਣਾ, ਧੁੰਨ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਲੇਖਾ ਲੇਖੇ ਪਾਈਆ । ਕਲਜੁਗ ਅੰਤਮ ਦੋਏ ਜੋੜ, ਪ੍ਰਭ ਅੱਗੇ ਸੀਸ ਝੁਕਾਇੰਦਾ । ਚਾਰੋਂ ਕੁੰਟ ਕੀਤੀ ਦੌੜ, ਨੱਠ ਨੱਠ ਪੰਧ ਮੁਕਾਇੰਦਾ । ਜੀਵ ਜੰਤ ਕੀਤਾ ਰੀਠਾ ਕੌੜ, ਮਿਠਾ ਰਸ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਲਾਇਆ ਪੌੜ, ਸੱਚਾ ਡੰਡਾ ਹੱਥ ਕੋਇ ਨਾ ਪਾਇੰਦਾ । ਤੇਰੇ ਨਾਮ ਦੀ ਰੱਖੀ ਔੜ, ਸਾਚਾ ਮੇਘ ਨਾ ਕੋਇ ਬਰਸਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤੇ ਮੇਰੀ ਕਰਨੀ ਵੇਖ ਕਰ ਕੇ ਗ਼ੌਰ, ਤੇਰੀ ਕੀਤੀ ਭੁੱਲ ਨਾ ਜਾਇੰਦਾ । ਸਾਧਾਂ ਸੰਤਾਂ ਬਦਲੇ ਤੌਰ, ਤਬਅ ਸਭ ਦੀ ਆਪ ਬਦਲਾਇੰਦਾ । ਗੁਰ ਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਬੈਠੇ ਸਰਬ ਚੋਰ, ਚੋਰੀ ਗੁਰ ਗੁਰ ਸਰਬ ਕਮਾਇੰਦਾ । ਵਸਣ ਆਪੇ ਕਾਇਆ ਅੰਧੇਰੇ ਘੋਰ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਤੇਰੇ ਹੱਥ ਕਿਸੇ ਦੀ ਔਣ ਨਾ ਦਿਤੀ ਡੋਰ, ਗੁੱਡੀ ਅਧ ਵਿਚ ਉਡਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਮਚਾਏ ਸ਼ੋਰ, ਗੀਤ ਮੇਰਾ ਇਕੋ ਗਾਇੰਦਾ । ਮੈਂ ਤੇਰਾ ਬਾਲਾ ਨਿੱਕਾ ਛੋਹਰ, ਚੌਥਾ ਜੁਗ ਵਾਸਤਾ ਪਾਇੰਦਾ । ਮੈਨੂੰ ਖ਼ਾਲੀ ਹੱਥ ਨਾ ਤੋਰ, ਤੇਰੇ ਅੱਗੇ ਝੋਲੀ ਡਾਹਿੰਦਾ । ਪ੍ਰਭ ਤੇਰੀ ਸਦਾ ਲੋੜ, ਤੁਧ ਬਿਨ ਕੰਮ ਕਿਸੇ ਨਾ ਆਇੰਦਾ । ਬੌਹੜੀ ਬੌਹੜੀ ਬੌਹੜੀ ਜਾਈਂ ਬੌਹੜ, ਚਾਰ ਯਾਰੀ ਸੰਗ ਨਾ ਕੋਇ ਨਿਭਾਇੰਦਾ । ਮੁਹੰਮਦ ਨਾਤਾ ਗਿਆ ਤੋੜ, ਈਸਾ ਮੂਸਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਗਏ ਛੋੜ, ਫੜ ਗਲੇ ਨਾ ਕੋਇ ਲਗਾਇੰਦਾ । ਅੰਤ ਤੇਰੇ ਉਤੇ ਸੁੱਟੀ ਡੋਰ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਇੰਦਾ । ਮੰਗਾਂ ਵਰ ਮੇਰੇ ਭਗਵਾਨ, ਤੇਰੇ ਅੱਗੇ ਸੀਸ ਝੁਕਾਈਆ । ਨਵ ਖੰਡ ਪ੍ਰਿਥਮੀ ਝੁਲਾਇਆ ਕੂੜ ਨਿਸ਼ਾਨ, ਬਚਿਆ ਕੋਇ ਰਹਿਣ ਨਾ ਪਾਈਆ । ਘਰ ਘਰ ਵਾੜਿਆ ਪੰਜ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਕਿਸੇ ਨਜ਼ਰ ਨਾ ਆਏ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਦਏ ਦੁਹਾਈਆ । ਰਾਮ ਰਮੱਯਾ ਨਾ ਮਿਲਿਆ ਆਣ, ਸੀਤਾ ਸੁਰਤੀ ਨਾ ਕੋਇ ਪਰਨਾਈਆ । ਨਾਨਕ ਗੋਬਿੰਦ ਕਰੇ ਨਾ ਕੋਇ ਪਹਿਚਾਨ, ਭਰਮੇ ਭੁੱਲੀ ਸਰਬ ਲੋਕਾਈਆ ।

ਪੀਰ ਪੈਗ਼ੰਬਰ ਨਾ ਸਿਫ਼ਤ ਸਾਲਾਹੀਆ । ਮੱਕੇ ਮਦੀਨੇ ਹੋਇਆ ਹਰਾਮ, ਹੁਰਮਤ ਸਭ ਦੀ ਰਿਹਾ ਗਵਾਈਆ । ਸਾਬਤ ਰਹਿਣ ਨਾ ਦਿਤਾ ਕੋਇ ਅਮਾਮ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਘਰ ਘਰ ਵਧਿਆ ਕੂੜ ਕੁੜਿਆਰਾ ਕਾਮ, ਕਲਮਾ ਨਬੀ ਸਰਬ ਭੁਲਾਈਆ । ਆਪਣੀ ਮਨਾਈ ਸਭ ਨੂੰ ਆਣ, ਸਿਰ

ਸਿਰ ਹੁਕਮ ਮਨਾਈਆ । ਤੇਰਾ ਹੁਕਮ ਕਰ ਪਰਵਾਨ, ਚੌਦਾਂ ਤਬਕ ਫੇਰਾ ਪਾਈਆ । ਅੰਤ ਚਰਨੀ ਡਿਗਾ ਆਣ, ਜਿਉਂ ਭਾਵੇ ਲੈ ਚਲਾਈਆ । ਮੈਂ ਬਾਲਕ ਬਾਲ ਅਵਾਣ, ਤੇਰੀ ਸਿਫ਼ਤ ਕਹਿਣ ਨਾ ਜਾਈਆ । ਨਵ ਖੰਡ ਪ੍ਰਿਥਮੀ ਖੇਲਿਆ ਖੇਲ ਮਹਾਨ, ਖ਼ਾਲਕ ਖ਼ਲਕ ਖ਼ਾਕ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਦੇਣਾ ਇਕੋ ਵਰ, ਦਰ ਤੇਰਾ ਮੋਹੇ ਭਾਈਆ । ਤੇਰੇ ਦਰ ਮੰਗੀ ਮੰਗ, ਮੇਰੇ ਸਾਹਿਬ ਸੱਚੇ ਗੁਸਾਈਂਆ । ਲੱਖ ਚੁਰਾਸੀ ਕੀਤਾ ਨੰਗ, ਨਾਤਾ ਤੋੜਿਆ ਭੈਣਾਂ ਭਾਈਆਂ । ਤ੍ਰੈਗੁਣ ਮਾਇਆ ਮਾਰਿਆ ਡੰਗ, ਆਤਮ ਪਰਮਾਤਮ ਹੋਈ ਜੁਦਾਈਆ । ਸਚ ਦਵਾਰੇ ਵੇਖੇ ਲੰਘ, ਘਰ ਘਰ ਫੇਰੀਆਂ ਪਾਈਆ । ਸ੍ਰਿਸ਼ਟ ਸਬਾਈ ਹੋਈ ਰੰਡ, ਸੇਜ ਸੁਹੰਜਣੀ ਨਾ ਕੋਇ ਹੰਢਾਈਆ । ਨੌਂ ਖੰਡ ਪ੍ਰਿਥਮੀ ਭੇਖ ਪਖੰਡ, ਸਚ ਸੁੱਚ ਨਾ ਕੋਇ ਵਡਿਆਈਆ । ਕਰ ਕਿਰਪਾ ਅੰਤਮ ਮੋਹੇ ਦੇਵੀਂ ਨਾ ਕੋਇ ਦੰਡ, ਦਰ ਤੇਰੇ ਸੀਸ ਝੁਕਾਈਆ । ਤੇਰੇ ਚਰਨਾਂ ਮਾਣਾਂ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਰਨ ਕਵਲ ਮਿਲੇ ਸਰਨਾਈਆ । ਪੁਰਖ ਅਬਿਨਾਸ਼ੀ ਦੱਸੇ ਹਾਲ, ਅਹਿਵਾਲ ਆਪ ਜਣਾਈਆ । ਕਲਜੁਗ ਅੰਤਮ ਤੇਰਾ ਵੇਖਿਆ ਖੇਲ ਕਮਾਲ, ਅਛਲ ਅਛੱਲ ਤੇਰੀ ਵਡਿਆਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਮਨਮਤ ਦਏ ਦੁਹਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਸਚ ਦਿਸੇ ਨਾ ਕੋਇ ਦਲਾਲ, ਪੱਲੂ ਹੱਥ ਨਾ ਕੋਇ ਫੜਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਵਸਤ ਅਮੋਲਕ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਪਿਆ ਜੰਜਾਲ, ਪੱਲੂ ਸਕੇ ਨਾ ਕੋਇ ਛੁਡਾਈਆ । ਪਰਗਟ ਹੋ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਗੁਰਮੁਖ ਗੁਰਸਿਖ ਸਾਚੇ ਸੰਤ ਲਏ ਉਠਾਲ, ਭਗਤ ਭਗਵੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਕਲਜੁਗ ਸਿਖ, ਹਰਿ ਸਾਚਾ ਸਚ ਜਣਾਇੰਦਾ । ਮੇਰੇ ਭਗਤਾਂ ਕੋਲੋਂ ਮੰਗ ਭਿਖ, ਸਾਚਾ ਮਾਰਗ ਇਕ ਵਖਾਇੰਦਾ । ਤੇਰਾ ਅੰਤਮ ਵੰਡਣ ਹਿੱਸਾ ਹਿਸ, ਦਰਦੀ ਦਰਦ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਜਣਾਇੰਦਾ । ਸਾਚਾ ਰਾਹ ਦੱਸ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਕਵਣ ਦਵਾਰੇ ਦਿਸੇ ਤੇਰਾ ਨਿਸ਼ਾਨ, ਨਿਸ਼ਾਨਾ ਕਵਣ ਰਿਹਾ ਝੁਲਾਈਆ । ਕਵਣ ਸੋਹੇ ਮੰਦਰ ਮਕਾਨ, ਕਵਣ ਖੇੜਾ ਸੋਭਾ ਪਾਈਆ । ਕਵਣ ਗਾਏ ਸਾਚਾ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਕਵਣ ਰੂਪ ਕਰੇ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਭੇਵ ਚੁਕਾਈਆ । ਸਾਚੇ ਭਗਤਾਂ ਦੱਸੇ ਭੇਵ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਅਲਖ ਅਭੇਵ, ਅਗੰਮ ਅਥਾਹ ਵੇਖ ਵਖਾਇੰਦਾ । ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਲਾਏ ਸੇਵ, ਸਾਚੀ ਸੇਵਾ ਆਪ ਜਣਾਇੰਦਾ । ਜਿਨ੍ਹਾਂ ਅੰਮ੍ਰਿਤ ਰਸ ਦੇਵੇ ਸਾਚਾ ਮੇਵ, ਰਸਨਾ ਰਸ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਸਮਝਾਇੰਦਾ । ਸਾਚੇ ਭਗਤ ਸੁਣ ਲੈ ਜਗ, ਹਰਿ ਸਤਿਗੁਰ ਆਪ ਜਣਾਈਆ । ਜਿਨ੍ਹਾਂ ਮਿਲਿਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨਮ ਜਨਮ ਦੀ ਮਿਟੀ ਅੱਗ, ਤ੍ਰਿਸਨਾ ਭੁੱਖ ਮਿਟਾਈਆ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਜਾਪ ਜਪਾਈਆ । ਆਤਮ ਜੋਤੀ ਗਈ ਜਗ, ਅਗਿਆਨ ਅੰਧੇਰ ਮਿਟਾਈਆ ।

ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਮੁਕਾਈਆ । ਆਤਮ ਪਰਮਾਤਮ ਲਡਾਏ ਲਡ, ਸਾਚੀ ਗੋਦੀ ਆਪ ਸੁਹਾਈਆ । ਲੱਖ ਚੁਰਾਸੀ ਵਿਚੋਂ ਕੱਢ, ਚਰਨ ਕਵਲ ਦਏ ਸਰਨਾਈਆ । ਤਿਸ ਦਵਾਰੇ ਜਾ ਕੇ ਬੋਲ ਅਲੱਖ, ਅਲਖ ਅਲਖ ਇਕ ਸੁਣਾਈਆ । ਪ੍ਰਭ ਪਰਗਟ ਹੋਇਆ ਆਪ ਪਰਤੱਖ, ਸਵੱਛ ਸਰੂਪੀ ਰੂਪ ਵਟਾਈਆ । ਭਗਤ ਮਿਲਾਏ ਹੱਸ ਹੱਸ, ਦਸਤ ਬਦਸਤ ਦਸਤ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਰਿਹਾ ਜਣਾਈਆ । ਸਾਚਾ ਸੰਦੇਸਾ ਸੁਣ ਚੜ੍ਹਿਆ ਚਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਕਵਣ ਵੇਲਾ ਉਠ ਉਠ ਜਾਂ, ਆਪਣਾ ਪੰਧ ਮੁਕਾਇੰਦਾ । ਜਨ ਭਗਤਾਂ ਚਰਨੀ ਡਿਗਾਂ ਜਾ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਏਕੰਕਾਰ, ਏਕਾ ਵਾਰ ਸੁਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਿਰਗੁਣ ਸਰਗੁਣ ਕਰਦਾ ਰਿਹਾ ਵਿਹਾਰ, ਅੰਤਮ ਆਪਣਾ ਫੇਰਾ ਪਾਈਆ । ਭਗਤ ਭਗਵੰਤ ਲਏ ਉਠਾਲ, ਉਠ ਉਠ ਆਪਣਾ ਰੰਗ ਰੰਗਾਈਆ । ਸਾਚਾ ਮਾਰਗ ਦਏ ਸਿਖਾਲ, ਸਾਚੀ ਸਿਖਿਆ ਇਕ ਸਮਝਾਈਆ । ਦਰ ਜਾਣਾ ਬਣ ਕੰਗਾਲ, ਮਨ ਹੰਕਾਰ ਨਾ ਕੋਇ ਰਖਾਈਆ । ਗਲ ਪੱਲੂ ਲੈਣਾ ਡਾਲ, ਨੇਤਰ ਨੈਣ ਸ਼ਰਮਾਈਆ । ਜਾ ਕੇ ਦੱਸਣਾ ਆਪਣਾ ਹਾਲ, ਚੌਦਾਂ ਸਦੀਆਂ ਭੇਵ ਖੁਲ੍ਹਾਈਆ । ਨਿਰਗੁਣ ਵਸੇ ਨਾਲ ਨਾਲ, ਨਜ਼ਰ ਕਿਸੇ ਨਾ ਆਈਆ । ਤੇਰਾ ਭਗਤ ਬਣੇ ਦਲਾਲ, ਭਗਵਨ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਰਿਹਾ ਜਣਾਈਆ । ਭਗਤ ਦਵਾਰੇ ਜਾ ਕਲਜੁਗ, ਕਲਕਾਤੀ ਆਪ ਜਣਾਇੰਦਾ । ਅੰਤਮ ਔਧ ਰਹੀ ਪੁਗ, ਵੇਲਾ ਗਿਆ ਹੱਥ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਪੈਣ ਵਾਲੀ ਲੁੱਟ, ਅੱਗੇ ਹੋ ਨਾ ਕੋਇ ਬਚਾਇੰਦਾ । ਸਭ ਦੀ ਜੜ ਦੇਵੇ ਪੁਟ, ਬਚਿਆ ਕੋਇ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਭਾਗ ਗਏ ਨਿਖੁਟ, ਆਪਣਾ ਭਾਗ ਨਾ ਕੋਇ ਵੰਡਾਇੰਦਾ । ਪੰਚ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਇਕ ਚਮਕਾਇੰਦਾ । ਜਨ ਭਗਤਾਂ ਉਪਰ ਹਰਿ ਜੂ ਜਾਏ ਤੁਠ, ਅਤੁਟ ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਜਾਮ ਪਿਆਏ ਘੁਟ, ਨਿਝਰ ਝਿਰਨਾ ਆਪ ਝਿਰਾਇੰਦਾ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਮਿਟਾਇੰਦਾ । ਜਨਮ ਜਨਮ ਦਾ ਕੱਢੇ ਖੋਟ, ਸਚ ਸਮਗਰੀ ਇਕ ਵਰਤਾਇੰਦਾ । ਜਨ ਭਗਤਾਂ ਦੇਵੇ ਇਕੋ ਓਟ, ਆਸਰਾ ਸੱਚੋ ਸਚ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵੰਤ, ਹਰਿ ਸਤਿਗੁਰ ਆਪ ਜਣਾਈਆ । ਲੇਖਾ ਜਾਣੇ ਆਦਿ ਅੰਤ, ਜੁਗਾ ਜੁਗੰਤ ਵੇਖ ਵਖਾਈਆ । ਨਾਮ ਨਿਧਾਨਾ ਮਣੀਆਂ ਮੰਤ, ਸੋਹੰ ਸੋ ਕਰੇ ਪੜ੍ਹਾਈਆ । ਜਿਸ ਰਚਨਾ ਰਚੀ ਆਦਿ ਸੋ ਵੇਖਣਹਾਰਾ ਅੰਤ, ਬੇਅੰਤ ਆਪਣਾ ਨਾਉਂ ਰਖਾਈਆ । ਆਪੇ ਬਣ ਬਣ ਸਾਚਾ ਕੰਤ, ਲੱਖ ਚੁਰਾਸੀ ਨਾਰ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਮਾਰਗ ਆਪ ਲਗਾਈਆ । ਸਤਿਜੁਗ ਮਾਰਗ ਹਰਿ ਕਰਤਾਰਾ, ਕਲਜੁਗ ਅੰਤ ਅੰਤ ਲਗਾਇੰਦਾ । ਕਲਜੁਗ ਦੇਵੇ ਸਚ ਸਹਾਰਾ, ਭਗਤ ਦਵਾਰ ਇਕ ਵਖਾਇੰਦਾ । ਸਾਢੇ ਤਿੰਨ ਹੱਥ ਹੱਥ ਮੁਨਾਰਾ, ਮੁਨੀ ਰਿਖੀ ਭੇਵ ਨਾ ਆਇੰਦਾ । ਲੇਖਾ ਜਾਣੇ ਰਵਦਾਸ ਚੁਮਾਰਾ, ਕਬੀਰ ਜੋਲਾਹਾ ਰਾਹ ਤਕਾਇੰਦਾ । ਉਚੇ ਮੰਦਰ ਕਰੇ ਪੁਕਾਰਾ, ਕੂਕ ਕੂਕ ਕੂਕ ਅਲਾਇੰਦਾ । ਵਾਹ ਵਾ ਤੇਰੀ ਕੁਦਰਤ ਪਰਵਰਦਿਗਾਰਾ, ਤੇਰਾ ਖੇਲ ਨਜ਼ਰ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਨਵ ਨੌਂ ਚਾਰ ਵੇਖਿਆ ਵਾਰੋ ਵਾਰਾ, ਨਿਤ ਨਵਿਤ ਵੇਸ ਵਟਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਨਾਮ ਆਧਾਰਾ, ਨਾਮ ਹੱਟ ਇਕ ਚਲਾਇੰਦਾ । ਅੰਤਮ ਖੇਲ ਕਰੇ ਆਪ ਨਿਰੰਕਾਰਾ, ਨਿਰਗੁਣ ਆਪਣਾ ਨਾਉਂ ਪਰਗਟਾਇੰਦਾ । ਮਹੱਲ ਅਟੱਲ ਇਕ ਉਸਾਰਾ, ਸੰਬਲ ਆਸਣ ਡੇਰਾ ਲਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਸਤਿਜੁਗ ਚਲੇ ਰਾਹ ਨਿਆਰਾ, ਨਿਰਾਕਾਰਾ ਆਪ ਚਲਾਇੰਦਾ । ਭਗਤਾਂ ਵਖਾਏ ਭਗਤ ਦਵਾਰਾ, ਭਗਵਨ ਹਰਿ ਜੂ ਆਪ ਪਰਗਟਾਇੰਦਾ । ਸੇਵਾ ਕਰੇ ਬਣ ਬਣ ਸੇਵਕ ਸੇਵਾਦਾਰਾ, ਚਾਕਰ ਚਾਕ ਆਪ ਅਖਵਾਇੰਦਾ । ਨਾਮੇ ਤੇਰਾ ਕਰਜ਼ ਉਤਾਰਾ, ਸਾਤਾ ਦੂਆ ਜੋੜ ਜਣਾਇੰਦਾ । ਬਹੱਤਰਾਂ ਕਰਾਏ ਵਣਜ ਵਣਜਾਰਾ, ਹੱਟ ਇਕੋ ਇਕ ਵਖਾਇੰਦਾ । ਕਲਜੁਗ ਦੇਵੇ ਸਚ ਸਹਾਰਾ, ਹਰਿ ਸਾਚਾ ਸਚ ਸਮਝਾਇੰਦਾ । ਮਿਲ ਭਗਤਾਂ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲ ਜੈਕਾਰਾ, ਤੇਰਾ ਹੌਲਾ ਭਾਰ ਕਰਾਇੰਦਾ ।

❊ ❊ ❊ ❊ ❊
❊ ❊ ❊ ❊ ❊


੧੧੪੦ ੧੨